ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕੁੰਜੀ

ਵਾਰਾਂ
ਭਾਈ ਗੁਰਦਾਸ ਜੀ

ਸਟੀਕ



ਟੀਕਾਕਾਰ : ਪੰਡਿਤ ਨਰੈਣ ਸਿੰਘ ਜੀ ਗਿਆਨੀ

ੴ ਸਤਿਗੁਰ ਪ੍ਰਸਾਦਿ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਕੁੰਜੀ

ਵਾਰਾਂ
ਭਾਈ ਗੁਰਦਾਸ ਜੀ
ਸਟੀਕ

ਜਿਸ ਵਿਚ ਭਾਈ ਗੁਰਦਾਸ ਜੀ ਦੀਆਂ ੪੧ ਵਾਰਾਂ ਦੇ ਪਦ-ਅਰਥ, ਅਰਥ ਤੇ ਭਾਵ-ਅਰਥ ਟੀਕਾ ਬੜੀ ਸਰਲ ਤੇ ਸੁਖੈਨ ਪੰਜਾਬੀ ਭਾਸ਼ਾ ਵਿਚ ਕੀਤਾ ਗਿਆ ਹੈ।

ਟੀਕਾਕਾਰ :-

ਪੰਥ ਪ੍ਰਸਿੱਧ ਵਿਦਵਾਨ

ਪੰਡਿਤ ਨਰੈਣ ਸਿੰਘ ਜੀ ਗਿਆਨੀ

ਸੰਸੋਧਕ : ਗਜਾਨੀ ਮਹਿੰਦਰ ਸਿੰਘ 'ਰਤਨ'

ਪ੍ਰਕਾਸ਼ਕ

ਭਾ. ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ

ਟੀਕਾਕਾਰ ਵਲੋਂ ਬੇਨਤੀ

ਭਾਈ ਗੁਰਦਾਸ ਜੀ ਦੀਆਂ ਵਾਰਾਂ ਪੰਜਾਬੀ ਦੀ ਬੜੀ ਪ੍ਰਸਿੱਧ ਰਚਨਾ ਹੈ। ਇਨ੍ਹਾਂ ਵਾਰਾਂ ਦੀ ਬੋਲੀ ਪੁਰਾਤਨ ਹੋ ਜਾਣ ਕਰਕੇ ਇਨ੍ਹਾਂ ਦੇ ਅਰਥਾਂ ਨੂੰ ਸਮਝਣ ਵਿਚ ਪਾਠਕਾਂ ਨੂੰ ਕੁਝ ਕਠਿਨਾਈ ਪੇਸ਼ ਆਉਂਦੀ ਹੈ। ਸੋ ਦਾਸ ਨੇ ਗੁਰਸਿੱਖਾਂ ਦੇ ਲਾਭ ਹਿੱਤ ਇਨ੍ਹਾਂ ਵਾਰਾਂ ਦਾ ਸੁਖੈਨ ਤੇ ਸਰਲ ਪੰਜਾਬੀ ਭਾਸ਼ਾ ਵਿਚ ਟੀਕਾ ਕਰਨ ਦਾ ਉੱਦਮ ਕੀਤਾ ਹੈ। ਆਸ ਹੈ ਗੁਰਮਤਿ ਪ੍ਰੇਮੀ ਇਨ੍ਹਾਂ ਵਾਰਾਂ ਦਾ ਅਰਥ ਸਹਿਤ ਪਾਠ ਤੇ ਵੀਚਾਰ ਕਰਕੇ ਆਤਮਕ ਅਨੰਦ ਪ੍ਰਾਪਤ ਕਰਨਗੇ।

ਗੁਰੂ ਚਰਨਾਂ ਦਾ ਸੇਵਕ :
ਨਰੈਣ ਸਿੰਘ ਗਿਆਨੀ

ISBN : 81-7601-078-2

ਤੇਰ੍ਹਵੀਂ ਸੋਧੀ ਹੋਈ ਐਡੀਸ਼ਨ : ਅਗਸਤ 2003

ਚੌਦ੍ਹਵੀਂ ਐਡੀਸ਼ਨ : ਜੂਨ 2004

ਪੰਦਰਵੀਂ ਐਡੀਸ਼ਨ : ਮਾਰਚ 2005

D.T.F Publishers & Distributors
117-Soho Road Handsworth
Birmingham B21 9ST U.K.
Tel:0121-515-1183/551-7898
Fax:0121-554-2676
Email:info@dtfbooks.com
www.dtfbooks.com

ਪ੍ਰਕਾਸ਼ਕ :

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ
ਫ਼ੋਨ : (0183) 2542346, 2547974, 2557973
ਫ਼ੈਕਸ : 91-183-2547974

E-mail : csjs@vsnl.com
Visit our Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ : 2705003, 5095774

ਤਤਕਰਾ

ਵਾਰ ੧

ਵਾਰ ੨

ਵਾਰ ੩

ਵਾਰ ੪

ਵਾਰ ੫

ਵਾਰ ੬

ਵਾਰ ੭

ਵਾਰ ੮

ਵਾਰ ੯

ਵਾਰ ੧੦

ਵਾਰ ੧੧

ਵਾਰ ੧੨

ਵਾਰ ੧੩

ਵਾਰ ੧੪

ਵਾਰ ੧੫

ਵਾਰ ੧੬

ਵਾਰ ੧੭

ਵਾਰ ੧੮

ਵਾਰ ੧੯

ਵਾਰ ੨੦

ਵਾਰ ੨੧

ਵਾਰ ੨੨

ਵਾਰ ੨੩

ਵਾਰ ੨੪

ਵਾਰ ੨੫

ਵਾਰ ੨੬

ਵਾਰ ੨੭

ਵਾਰ ੨੮

ਵਾਰ ੨੯

ਵਾਰ ੩੦

ਵਾਰ ੩੧

ਵਾਰ ੩੨

ਵਾਰ ੩੩

ਵਾਰ ੩੪

ਵਾਰ ੩੫

ਵਾਰ ੩੬

ਵਾਰ ੩੭

ਵਾਰ ੩੮

ਵਾਰ ੩੯

ਵਾਰ ੪੦

ਵਾਰ ੪੧

ਸਿੱਖ ਧਰਮ ਦੇ ਮਹਾਨ ਵਿਦਵਾਨ

ਭਾਈ ਗੁਰਦਾਸ ਜੀ

ਭਾਈ ਗੁਰਦਾਸ ਜੀ ਸਿੱਖ ਪੰਥ ਦੇ ਸਭ ਤੋਂ ਪਹਿਲੇ ਮਹਾਨ ਵਿਦਵਾਨ ਤੇ ਗੁਰਮਤਿ ਦੇ ਵਿਆਖਿਆਕਾਰ ਹੋਏ ਹਨ। ਆਪ ਦਾ ਜਨਮ ੨ ਕਤਕ, ਸੰਮਤ ੧੬੧੨ ਨੂੰ ਸ੍ਰੀ ਅੰਮ੍ਰਿਤਸਰ ਦੇ ਪਿੰਡ ਬਾਸਰਕੇ ਵਿਚ ਹੋਇਆ। ਆਪ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਸਨ। ਛੋਟੀ ਅਵਸਥਾ ਵਿਚ ਹੀ ਆਪ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਚਰਣਛੁਹ ਪ੍ਰਾਪਤ ਕਰਕੇ ਸਿੱਖ ਧਰਮ ਵਿਚ ਪ੍ਰਵੇਸ਼ ਕੀਤਾ। ਆਪ ਦੀ ਪਰਵਰਿਸ਼ ਤੇ ਵਿਦਿਆ ਦਾ ਪ੍ਰਬੰਧ ਸ੍ਰੀ ਗੁਰੂ ਅਮਰਦਾਸ ਜੀ ਨੇ ਕੀਤਾ। ਸਤਿਗੁਰੂ ਜੀ ਦੀ ਚਰਣ ਸ਼ਰਨ ਵਿਚ ਰਹਿੰਦਿਆਂ ਵਿਦਿਆ ਪ੍ਰਾਪਤ ਕਰਕੇ ਆਪ ਪੰਜਾਬੀ, ਹਿੰਦੀ, ਸੰਸਕ੍ਰਿਤ ਤੇ ਬ੍ਰਿਜਭਾਸ਼ਾ ਦੇ ਮਹਾਨ ਵਿਦਵਾਨ ਬਣ ਗਏ। ਆਪ ਨੇ ਸਾਰੀ ਉਮਰ ਗੁਰਮਤਿ ਪ੍ਰਚਾਰ ਦੀ ਸੇਵਾ ਬੜੀ ਨਿਮ੍ਰਤਾ, ਸ਼ਰਧਾ ਤੇ ਪ੍ਰੇਮ ਨਾਲ ਕੀਤੀ। ਆਪ ਤੀਜੀ, ਚੌਥੀ, ਪੰਜਵੀਂ ਤੇ ਛੇਵੀਂ ਪਾਤਿਸ਼ਾਹੀ ਦੇ ਹਜ਼ੂਰੀ ਤੇ ਨਿਕਟਵਰਤੀ ਸਿੱਖ ਸਨ। ਆਪ ਨੇ ਅਨੇਕਾਂ ਪ੍ਰਾਣੀਆਂ ਨੂੰ ਸਿਮਰਨ, ਸੇਵਾ ਤੇ ਪਰਉਪਕਾਰ ਦੀ ਸਿੱਖਿਆ ਦਿੱਤੀ।

ਭਾਈ ਗੁਰਦਾਸ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਬੀੜ ਦੇ ਲਿਖਾਰੀ ਹੋਏ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਗਵਾਈ ਤੇ ਨਿਗਰਾਨੀ ਵਿਚ ਆਪ ਨੇ ਇਹ ਬੀੜ ਲਿਖਣ ਦਾ ਮਹਾਨ ਕਰਤੱਵ ਨਿਭਾਇਆ। ਇਸ ਕਾਰਜ ਦੇ ਕਰਦਿਆਂ ਆਪ ਦੇ ਅੰਦਰ ਅਗੰਮੀ ਸੂਝ, ਭਰੋਸੇ ਯੋਗ ਵਿਆਖਿਆਕਾਰੀ ਦੀ ਵਿਦਵਤਾ ਤੇ ਅਨਿੰਨ ਗੁਰੂ ਭਗਤੀ ਉਤਪੰਨ ਹੋਈ। ਆਪ ਦੀ ਸੁਤੰਤਰ ਪੰਜਾਬੀ ਰਚਨਾ ਵਾਰਾਂ ਵਿਚ ਹੈ ਤੇ ਆਪ ਦੀ ਬ੍ਰਿਜ ਰਚਨਾ ਕਬਿੱਤ ਤੇ ਸਵੱਯੀਏ ਦੇ ਰੂਪ ਵਿਚ ਹੈ। ਆਪ ਦੀ ਸਮੁੱਚੀ ਰਚਨਾ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਗੁਰਬਾਣੀ ਦੀ ਕੁੰਜੀ' ਕਿਹਾ ਹੈ। ਇਹ ਕੁੰਜੀ ਗੁਰਬਾਣੀ ਦੇ ਗੂਹਜ ਭਾਵਾਂ ਤੇ ਰਹੱਸਾਂ ਨੂੰ ਖੋਲ੍ਹਣ ਦਾ ਕਰਤੱਵ ਪਾਲਦੀ ਹੈ। ਆਪ ਨੇ ਆਪਣੀਆਂ ਵਾਰਾਂ ਵਿਚ ਗੁਰਮਤਿ ਦਰਸ਼ਨ ਜਾਂ ਫਲਸਫੇ ਦੇ ਸਿਧਾਂਤਾਂ (ਬ੍ਰਹਮ, ਸ੍ਰਿਸ਼ਟੀ ਰਚਨਾ), ਗੁਰ-ਭਗਤੀ, ਗੁਰਮੁਖ ਦੀ ਪਦਵੀ, ਮਨਮੁਖ ਦੀ ਪਛਾਣ, ਗੁਰਮਤਿ ਨੈਤਿਕਤਾ ਤੇ ਸਦਾਚਾਰ ਦੀ ਵਿਆਖਿਆ ਕੀਤੀ ਹੈ। ਇਸ ਤਰ੍ਹਾਂ ਕਰਦਿਆਂ ਆਪ ਨੇ ਗੁਰਬਾਣੀ ਦੀ ਟੇਕ ਲਈ ਹੈ ਤੇ ਆਪ ਦੀ ਕੀਤੀ ਗੁਰਮਤਿ ਵਿਆਖਿਆ ਵਿਚੋਂ ਸਹਿਜੇ ਪਤਾ ਲੱਗਦਾ ਹੈ ਕਿ ਆਪ ਗੁਰਬਾਣੀ ਦੀ ਕਿਸੇ ਤੁਕ ਨੂੰ ਆਧਾਰ ਬਣਾ ਕੇ ਆਪਣੇ ਕਥਨ ਦਾ ਸਮਰਥਨ ਕਰ ਰਹੇ ਹਨ। ਆਪ ਆਗਰਾ ਤੇ ਕਾਂਸ਼ੀ ਵਿਚ ਵੀ ਗੁਰਮਤਿ ਦਾ ਪ੍ਰਚਾਰ ਕਰਨ ਲਈ ਜਾਂਦੇ ਰਹੇ। ਇਸ ਲਈ ਗੁਰਮਤਿ ਸੰਦੇਸ਼ ਨੂੰ ਆਪ ਨੇ ਬ੍ਰਿਜ ਤੇ ਖੜੀ ਬੋਲੀ ਵਿਚ ਕਬਿੱਤ ਤੇ ਸਵੱਯੀਏ ਕਾਵਿ ਰੂਪਾਂ ਵਿਚ ਅੰਕਿਤ ਕੀਤਾ ਹੈ। ਆਪ ਦੀ ਸਾਰੀ ਰਚਨਾ ਬੜੀ ਮਹਾਨਤਾ ਵਾਲੀ ਹੈ। ਜਿਸ ਇਤਿਹਾਸਕ ਸਥਿਤੀ ਵਿਚ ਆਪ ਵਿਚਰ ਰਹੇ ਸਨ, ਉਸ ਦਾ

ਆਪ ਦੀਆਂ ਵਾਰਾਂ 'ਤੇ ਵਿਸ਼ੇਸ਼ ਪ੍ਰਭਾਵ ਪਿਆ ਹੈ। ਉਹ ਇਤਿਹਾਸਕ ਸਥਿਤੀ ਇਹ ਸੀ ਕਿ ਸੱਚੇ, ਹੱਕੀ, ਸਪਸ਼ਟ ਤੇ ਯੋਗ ਕਾਨੂੰਨੀ ਤਰੀਕੇ ਨਾਲ ਥਾਪੇ ਗਏ ਗੁਰੂ ਦੀ ਪਦਵੀ, ਗੁਰ-ਗੱਦੀ ਦੇ ਥਦੋ ਥਦੀ ਬਣ ਬੈਠੇ ਵਾਰਸਾਂ ਵੱਲੋਂ ਢਾਹ ਲੱਗ ਰਹੀ ਸੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਛਤਰ ਸਿੰਘਾਸਣ ਦਾ ਵਿਰੋਧ ਹੋ ਰਿਹਾ ਸੀ। ਇਸ ਲਈ ਭਾਈ ਗੁਰਦਾਸ ਜੀ ਦੀਆਂ ਵਾਰਾਂ ਬੜੀਆਂ ਬਲਵਾਨ ਹਨ। ਇਹਨਾਂ ਵਾਰਾਂ ਵਿਚ ਆਪ ਨੇ ਨਾਨਕ-ਜੋਤਿ ਦੀ ਮਹਾਨਤਾ, ਸੰਦੇਸ਼ ਤੇ ਕਰਤੱਵ ਦੀ ਸ੍ਰੇਸ਼ਟਤਾ, ਉਸ ਦੇ ਉਤਰਾਧਿਕਾਰੀਆਂ ਦੇ ਯੋਗਦਾਨ ਦੀ ਸਮਰੱਥਾ ਨੂੰ ਪ੍ਰਗਟ ਕੀਤਾ ਹੈ। ਜੋ ਕੁਝ ਤੇ ਜਿਸ ਜ਼ੋਰ ਨਾਲ ਨਾਨਕ-ਜੋਤਿ ਦੇ ਇਹਨਾਂ ਪੱਖਾਂ ਬਾਰੇ ਇਹਨਾਂ ਵਾਰਾਂ ਵਿਚ ਕਿਹਾ ਜਾ ਸਕਿਆ ਹੈ, ਮੁੜ ਸਿੱਖ ਵਿਦਵਤਾ ਉਥੋਂ ਤੀਕ ਨਹੀਂ ਪੁੱਜੀ। ਇਹ ਵਾਰਾਂ ਅਦੁੱਤੀ ਤੇ ਅਲੌਕਿਕ ਹਨ ਤੇ ਅੱਜ ਤਕ ਇਹ ਕੀਰਤਨ ਵਿਚ ਸਦਾ ਗੂੰਜਦੀਆਂ ਹਨ। '

ਆਪ ਚੁਹੱਤਰ ਸਾਲ ਦੀ ਆਯੂ ਭੋਗ ਕੇ ਸੰਮਤ ੧੬੮੬ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਹਜ਼ੂਰੀ ਵਿਚ ਸਤਿਗੁਰਾਂ ਦੇ ਪਵਿੱਤਰ ਦਰਸ਼ਨ ਕਰਦੇ ਹੋਏ ਗੁਰਪੁਰੀ ਪਿਆਨਾ ਕਰ ਗਏ।

ਅਗਸਤ ੧੯੯੮ ਪ੍ਰਾ—ਗਜਾਨੀ ਮਹਿੰਦਰ ਸਿੰਘ 'ਰਤਨ'

ਚੰਡੀਗੜ੍ਹ

ੴ ਸਤਿਗੁਰ ਪ੍ਰਸਾਦਿ॥

ਵਾਰਾਂ ਭਾਈ ਗੁਰਦਾਸ ਜੀ
- ਸਟੀਕ -

ਟੀਕਾਕਾਰ - ਪ੍ਰਸਿੱਧ ਵਿਦਵਾਨ ਗਿਆਨੀ ਨਰੈਣ ਸਿੰਘ ਜੀ

ਵਾਰ ੧

੧. ਮੰਗਲਾਚਰਣ

੧. ਨਮਸਕਾਰੁ ਗੁਰਦੇਵ ਕੋ ਸਤਿ ਨਾਮੁ ਜਿਸੁ ਮੰਤ੍ਰ ਸੁਣਾਇਆ।
੨. ਭਵਜਲ ਵਿਚੋਂ ਕਢਿ ਕੈ ਮੁਕਤਿ ਪਦਾਰਥਿ ਮਾਹਿ ਸਮਾਇਆ।
੩. ਜਨਮ ਮਰਣ ਭਉ ਕਟਿਆ ਸੰਸਾ ਰੋਗੁ ਵਿਯੋਗੁ ਮਿਟਾਇਆ।
੪. ਸੰਸਾ ਇਹੁ ਸੰਸਾਰੁ ਹੈ ਜਨਮ ਮਰਨ ਵਿਚਿ ਦੁਖੁ ਸਬਾਇਆ।
੫. ਜਮ ਦੰਡੁ ਸਿਰੌਂ ਨ ਉਤਰੈ ਸਾਕਤਿ ਦੁਰਜਨ ਜਨਮੁ ਗਵਾਇਆ।
੬. ਚਰਨ ਗਹੇ ਗੁਰਦੇਵ ਕੇ ਸਤਿ ਸਬਦੁ ਦੇ ਮੁਕਤਿ ਕਰਾਇਆ।
੭. ਭਾਉ ਭਗਤਿ ਗੁਰਪੁਰਬਿ ਕਰਿ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।
੮. ਜੇਹਾ ਬੀਉ ਤੇਹਾ ਫਲੁ ਪਾਇਆ॥੧॥

ਪਦ ਅਰਥ - ਭਵਜਲ=ਜਨਮ ਮਰਨ ਦਾ ਗੇੜ। ਮੁਕਤਿ ਪਦਾਰਥ=ਮੁਕਤੀ। ਭਾਉ ਭਗਤਿ=ਪ੍ਰੇਮ ਰਸ ਵਾਲੀ ਭਗਤੀ।

ਇਹ ਸ਼ੁਰੂ ਤੋਂ ਮਰਯਾਦਾ ਚਲੀ ਆ ਰਹੀ ਹੈ ਕਿ ਭਗਤੀ ਭਾਵ ਵਾਲੇ ਹਰ ਕਾਰਜ ਦੇ ਆਰੰਭ ਵਿਚ ਪ੍ਰਭੂ ਜੀ ਦਾ ਅਰਾਧਨ ਕੀਤਾ ਜਾਂਦਾ ਹੈ। ਇਸ ਲਈ ਭਾਈ ਗੁਰਦਾਸ ਜੀ ਵੀ ਸਭ ਤੋਂ ਪਹਿਲੇ ਇਹ ਮੰਗਲਾਚਰਨ ਪਉੜੀ ਦਾ ਉਚਾਰਨ ਕਰਦੇ ਹਨ।

ਅਰਥ - ੧. ਨਮਸਕਾਰ, ਭਾਵ ਬੰਦਨਾ ਹੈ ਗੁਰਦੇਵ ਨੂੰ (ਭਾਵ ਗੁਰੂ ਨਾਨਕ ਦੇਵ ਜੀ ਨੂੰ) ਜਿਨ੍ਹਾਂ ਨੇ ਸਤਿਨਾਮ ਦਾ ਮੰਤ੍ਰ ਸੁਣਾਇਆ ਹੈ। ੨. ਜਿਸ ਨਾਲ ਭਵ ਸਾਗਰ ਵਿਚ ਰੁੜ੍ਹੇ ਜਾ ਰਿਹਾਂ ਨੂੰ ਪਾਰ ਲਾ

ਕੇ ਮੁਕਤਿ ਪਦਾਰਥ ਭਾਵ ਜੀਵਨ ਮੁਕਤੀ ਦਾ ਫਲ ਪ੍ਰਦਾਨ ਕੀਤਾ ਹੈ। ੩. ਜਨਮ ਮਰਨ ਦਾ ਡਰ ਦੂਰ ਹੋ ਗਿਆ ਹੈ ਤੇ ਰੋਗ ਵਿਯੋਗ ਭੀ ਮਿਟ ਗਏ ਹਨ। ੪. ਸੰਸਾਰ ਸੰਸਿਆਂ ਦਾ (ਸਮੁੰਦਰ) ਰੂਪ ਹੈ, ਜਨਮ ਮਰਨ ਦੇ ਸਾਰੇ ਦੁੱਖ ਇਸੇ ਕਾਰਣ ਕਰਕੇ ਹਨ। ੫. ਜਮ ਦਾ ਦੰਡ ਸਾਕਤਾਂ ਤੇ ਦੁਰਜਨਾਂ ਦੇ ਸਿਰੋਂ ਉਤਰਦਾ ਹੀ ਨਹੀਂ, ਤੇ ਉਨ੍ਹਾਂ ਨੇ ਜਨਮ-ਪਦਾਰਥ (ਅਮੋਲਕ ਦੁਰਲਭ ਵਸਤ) ਨੂੰ ਐਵੇਂ ਗਵਾ ਲਿਆ ਹੈ। ੬. (ਜਿਨ੍ਹਾਂ) ਗੁਰਦੇਵ ਦੇ ਚਰਣਾਂ ਦਾ ਆਸਰਾ ਲੈ ਲਿਆ, ਉਹ, ਗੁਰਦੇਵ ਨੇ ਗੁਰ-ਉਪਦੇਸ਼ ਦੇ ਕੇ ਮੁਕਤ ਕਰ ਦਿੱਤੇ ਹਨ। ੭. (ਐਸੇ ਗੁਰੂ ਸ਼ਰਣ ਪ੍ਰਾਪਤ ਕਰਨ ਵਾਲੇ) ਪ੍ਰੇਮ-ਭਾਵਨਾ ਨਾਲ ਗੁਰਪੁਰਬ ਮਨਾਉਂਦੇ ਹਨ, ਨਾਮ ਦਾਨ ਤੇ ਇਸ਼ਨਾਨ ਆਪ ਦ੍ਰਿੜਤਾ ਨਾਲ ਕਰਦੇ ਹਨ (ਤੇ ਹੋਰਨਾਂ ਤੋਂ) ਕਰਾਉਂਦੇ ਹਨ। ੮. ਜਿਹੋ ਜਿਹਾ ਬੀਜੀਦਾ ਹੈ ਤਿਹੋ ਜਿਹਾ ਫਲ ਪਾਈਦਾ ਹੈ॥ ੧॥

੨. ਜਗਤ-ਉਤਪੱਤੀ ਦਾ ਵਰਣਨ

੧. ਪ੍ਰਿਥਮੈ ਸਾਸਿ ਨ ਮਾਸ ਸਨਿ ਅੰਧ ਧੁੰਧ ਕਛੁ ਖਬਰਿ ਨ ਪਾਈ।
੨. ਰਕਤਿ ਬਿੰਦ ਕੀ ਦੇਹਿ ਰਚਿ ਪੰਚਿ ਤਤ ਕੀ ਜੜਿਤ ਜੜਾਈ।
੩. ਪਉਣ ਪਾਣੀ ਬੈਸੰਤਰੋ ਚਉਥੀ ਧਰਤੀ ਸੰਗਿ ਮਿਲਾਈ।
੪. ਪੰਚਮਿ ਵਿਚਿ ਆਕਾਸੁ ਕਰਿ ਕਰਤਾ ਛਟਮੁ ਅਦਿਸਟੁ ਸਮਾਈ।
੫. ਪੰਚ ਤਤ ਪੰਚੀਸਿ ਗੁਨਿ ਸਤ੍ਰੂ ਮਿਤ੍ਰ ਮਿਲਿ ਦੇਹਿ ਬਣਾਈ।
੬. ਖਾਣੀ ਬਾਣੀ ਚਲਿਤੁ ਕਰਿ ਆਵਾ ਗਉਣੁ ਚਰਿਤ ਦਿਖਾਈ।
੭. ਚਉਰਾਸੀਹ ਲਖ ਜੋਨਿ ਉਪਾਈ॥ ੨॥

ਪਦ ਅਰਥ - ਸਾਸਿ, ਮਾਸ=ਸ੍ਵਾਸ ਤੇ ਮਾਸ ਦਾ ਸਰੀਰ। ਰਕਤਿ ਬਿੰਦ=ਮਾਤਾ ਦੇ ਲਹੂ ਤੇ ਪਿਤਾ ਦੇ ਬੀਰਜ ਨਾਲ। ਬੈਸੰਤਰੋ=ਅਗਨੀ। ਆਵਾ ਗਉਣੁ=ਜਨਮ ਮਰਨ ਦਾ ਚਕ੍ਰ।

ਅਰਥ - ੧. ਪਹਿਲਾਂ ਜਦੋਂ ਸਾਹ ਤੇ ਮਾਸ ਆਦਿ ਕੁਛ ਵੀ ਨਹੀਂ ਸੀ ਤਦੋਂ ਅੰਧ ਧੁੰਧ ਹੋਣ ਕਰਕੇ ਕੁਛ ਪਤਾ ਨਹੀਂ ਸੀ। ੨. (ਪ੍ਰਭੂ ਨੇ) ਮਾਤਾ ਦੇ ਲਹੂ ਤੇ ਪਿਤਾ ਦੇ ਬੀਰਜ ਤੋਂ ਇਹ ਦੇਹ ਬਣਾ ਕੇ ਪੰਜਾਂ ਤੱਤਾਂ ਦੀ ਜੜਤ ਜੜ ਦਿੱਤੀ। ੩. ਹਵਾ, ਪਾਣੀ, ਅੱਗ ਤੇ ਚੌਥੀ ਧਰਤੀ ਨੂੰ ਨਾਲ ਮੇਲ ਦਿੱਤਾ। ੪. ਪੰਜਵਾਂ ਵਿਚ ਆਕਾਸ਼ ਰਚਕੇ, ਛੇਵਾਂ ਆਪ ਕਰਤਾ ਪੁਰਖ ਗੁਪਤ ਰੂਪ ਵਿਚ ਇਸ ਸਰੀਰ ਨੂੰ ਚਲਾਉਣ ਲਈ ਬੈਠ ਗਿਆ। ੫. ਪੰਜ ਤੱਤ ਤੇ ਪੰਝੀ ਪ੍ਰਕਿਰਤੀਆਂ (ਜੋ ਆਪੋ ਵਿਚ ਵਿਰੋਧੀ ਸੁਭਾ ਵਾਲੀਆਂ ਹਨ) ਦਾ ਮੇਲ ਕਰਕੇ ਇਹ ਸਰੀਰ ਬਣਾ ਦਿੱਤਾ। ੬. ਚਾਰੇ ਖਾਣੀਆਂ ਤੇ ਚਾਰੇ ਬਾਣੀਆਂ ਨੂੰ ਚਾਲੂ ਕਰਕੇ ਆਵਾ ਗਉਣ (ਜਨਮ ਮਰਨ ਦੇ ਚੱਕਰ) ਵਾਲੇ ਸੰਸਾਰ ਦਾ ਚਰਿੱਤਰ (ਅਦਭੁਤ ਕੌਤਕ) ਰਚਾ ਦਿੱਤਾ ਭਾਵ ਦਿਖਾ ਦਿੱਤਾ (ਜਦੋਂ ਤੋਂ ਦੁਨੀਆਂ ਬਣੀ ਹੈ, ਕੋਈ ਆ ਰਿਹਾ ਹੈ, ਕੋਈ ਜਾ ਰਿਹਾ ਹੈ ਭਾਵ ਕੋਈ ਜਨਮ ਲੈ ਰਿਹਾ ਹੈ ਤੇ ਕੋਈ ਮਰ ਰਿਹਾ ਹੈ)। ੭. ਏਸੇ ਤਰੀਕੇ ਨਾਲ ੮੪ ਲੱਖ ਜੂਨਾਂ ਦੀ ਰਚਨਾ ਕਰ ਦਿੱਤੀ॥ ੨॥

੩. ਮਨੁੱਖਾ ਜਨਮ ਦੀ ਸ੍ਰੇਸ਼ਟਤਾ

੧. ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ।
੨. ਅਖੀ ਵੇਖਣੁ ਕਰਨਿ ਸੁਣਿ ਮੁਖਿ ਸੁਭ ਬੋਲਣਿ ਬਚਨ ਸਨੇਹੀ।
੩. ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗਿ ਮਿਲੇਹੀ।
੪. ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਕਾਰਿ ਕਰੇਹੀ।
੫. ਗੁਰਮੁਖਿ ਜਨਮੁ ਸਕਾਰਥਾ ਗੁਰਬਾਣੀ ਪੜ੍ਹਿ ਸਮਝਿ ਸੁਣੇਹੀ।
੬. ਗੁਰ ਭਾਈ ਸੰਤੁਸਟਿ ਕਰਿ ਚਰਣਾਮ੍ਰਿਤੁ ਲੈ ਮੁਖਿ ਪਿਵੇਹੀ।
੭. ਪੈਰੀ ਪਵਣੁ ਨ ਛੋਡੀਐ ਕਲੀ ਕਾਲਿ ਰਹਰਾਸਿ ਕਰੇਹੀ।
੮. ਆਪਿ ਤਰੇ ਗੁਰਸਿਖ ਤਰੇਹੀ॥ ੩ !!

ਪਦ ਅਰਥ - ਕਰਨਿ=ਕੰਨ। ਭਾਇ ਕਰੇਹੀ=ਪਿਆਰ ਪਾਵੇਗਾ। ਸਕਾਰਥਾ=ਸਫਲਾ। ਰਹਰਾਸਿ=ਨਿਮ੍ਰਤਾ ਤੇ ਪਿਆਰ ਦੀ ਅਰਦਾਸ।

ਅਰਥ - ੧. ੮੪ ਲੱਖ ਜੂਨਾਂ ਵਿਚ ਮਨੁਖ ਦੀ ਦੇਹੀ ਸਭ ਤੋਂ ਉੱਤਮ ਹੈ। ੨. (ਕਿਉਂਕਿ) ਮਨੁਖ ਦੇਹੀ ਵਿਚ ਅੱਖਾਂ (ਚੰਗਾ ਮੰਦਾ) ਵੇਖ ਸਕਦੀਆਂ, ਕੰਨ (ਚੰਗੀ ਮੰਦੀ) ਆਵਾਜ਼ ਸੁਣ ਸਕਦੇ, ਤੇ ਮੂੰਹ ਤੋਂ ਸੁਭ ਤੇ ਪ੍ਰੇਮ ਪਿਆਰ ਵਾਲੇ ਬਚਨ ਬੋਲ ਸਕਦੇ ਹਨ। ੩. ਹੱਥਾਂ ਨਾਲ ਕੰਮ ਕਾਰ ਕਰ ਸਕਣਾ ਤੇ ਪੈਰਾਂ ਨਾਲ (ਚੱਲ ਕੇ) ਸਤਿਸੰਗਤ ਵਿਚ ਜਾਣਾ (ਪਹੁੰਚਣਾ)। ੪. ਧਰਮ ਦੀ ਭਾਵਨਾ ਨਾਲ ਕਿਰਤ ਕਰਨੀ, ਖੱਟ ਕੇ ਖਾਣਾ ਤੇ ਖੁਆਲਣਾ। ੫. ਉਨ੍ਹਾਂ ਗੁਰਮੁਖਾਂ ਦਾ ਜਨਮ ਸਫਲਾ ਹੈ ਜੋ ਗੁਰੂ ਕੀ ਬਾਣੀ ਪੜ੍ਹਦੇ, ਸੁਣਦੇ ਤੇ ਫੇਰ ਸਮਝਦੇ ਤੇ (ਹੋਰ) ਗੁਰਸਿੱਖਾਂ ਨੂੰ ਪੜ੍ਹਾਉਂਦੇ ਤੇ ਸਮਝਾਉਂਦੇ (ਭਾਵ ਗੁਰ-ਉਪਦੇਸ਼ ਦੇ ਚਾਨਣੇ ਦੇ ਦੀਵੇ ਤੋਂ ਦੀਵਾ ਜਗਾਈ ਜਾਂਦੇ ਹਨ)। ੬. ਗੁਰਸਿੱਖ ਵੀਰਾਂ ਨੂੰ ਪ੍ਰਸੰਨ ਕਰਕੇ ਸੰਤੁਸ਼ਟ ਕਰਦੇ ਤੇ ਚਰਣ ਅੰਮ੍ਰਿਤ ਲੈ ਮੂੰਹ ਪਾਉਂਦੇ ਹਨ। ੭. ਉਹ ਪੈਰੀ ਪੈਣ (ਨਿਮ੍ਰਤਾ ਭਾਵ) ਤੋਂ ਪਿੱਛੇ ਨਹੀਂ ਹਟਦੇ, ਤੇ ਕਲਜੁਗ ਦੇ ਸਮੇਂ ਵਿਚ ਇਸ ਪ੍ਰੇਮ-ਭਾਵਨਾ ਨੂੰ ਛੱਡਦੇ ਨਹੀਂ। ੮. (ਐਸੇ ਜੋ ਗੁਰਸਿੱਖ ਹਨ) ਉਹ ਆਪ ਤਰਦੇ ਤੇ ਹੋਰਨਾਂ ਨੂੰ ਤਾਰਦੇ ਹਨ॥ ੩॥

੪. ਜਗਤ ਪਸਾਰਾ

੧. ਓਅੰਕਾਰੁ ਆਕਾਰੁ ਕਰਿ ਏਕ ਕਵਾਉ ਪਸਾਉ ਪਸਾਰਾ।
੨. ਪੰਜ ਤਤ ਪਰਵਾਣੁ ਕਰਿ ਘਟਿ ਘਟਿ ਅੰਦਰਿ ਤ੍ਰਿਭਵਣੁ ਸਾਰਾ।
੩. ਕਾਦਰੁ ਕਿਨੇ ਨ ਲਖਿਆ ਕੁਦਰਤਿ ਸਾਜਿ ਕੀਆ ਅਵਤਾਰਾ।

੪. ਇਕ ਦੂ ਕੁਦਰਤਿ ਲਖ ਕਰਿ ਲਖ ਬਿਅੰਤ ਅਸੰਖ ਅਪਾਰਾ।
੫. ਰੋਮਿ ਰੋਮਿ ਵਿਚਿ ਰਖਿਓਨਿ ਕਰਿ ਬ੍ਰਹਮੰਡਿ ਕਰੋੜਿ ਸੁਮਾਰਾ।
੬. ਇਕਸਿ ਇਕਸਿ ਬ੍ਰਹਮੰਡਿ ਵਿਚ ਦਸਿ ਦਸਿ ਕਰਿ ਅਵਤਾਰ ਉਤਾਰਾ।
੭. ਕੇਤੇ ਬੇਦਿ ਬਿਆਸ ਕਰਿ ਕਈ ਕਤੇਬ ਮੁਹੰਮਦ ਯਾਰਾ।
੮. ਕੁਦਰਤਿ ਇਕੁ ਏਤਾ ਪਾਸਾਰਾ ॥ ੪ ॥

ਪਦ ਅਰਥ - ਕਵਾਉ=ਬਚਨ। ਤ੍ਰਿਭਵਣੁ=ਤਿੰਨ ਲੋਕ। ਕਾਦਰੁ=ਕਰਤਾ। ਕੁਦਰਤਿ=ਪ੍ਰਭੂ ਸ਼ਕਤੀ।

ਅਰਥ - ੧. ਓਅੰਕਾਰ (ਪ੍ਰਭੂ) ਨੇ ਇਕੋ ਵਾਕ ਨਾਲ ਹੀ ਰਚਨਾ ਕਰ ਦਿੱਤੀ, ਸਾਰੇ ਜਗਤ ਦਾ ਪਸਾਰਾ ਪਸਾਰ ਦਿੱਤਾ। (ਭਾਵ ਪਹਿਲੇ ਉਹ ਪ੍ਰਭੂ ਇੱਕ ਆਪ ਹੀ ਸੀ ਤੇ ਇਕੋ ਵਾਕ ਨਾਲ ਉਸ ਸਾਰਾ ਪਸਾਰਾ ਪਸਾਰ ਦਿੱਤਾ। ੨. ਫਿਰ ਪੰਜਾਂ ਤੱਤਾਂ ਤੋਂ ਸਾਰਾ ਬ੍ਰਹਮੰਡ ਰਚਕੇ ਆਪ ਉਹ ਤਿੰਨ ਭਵਨਾਂ ਦਾ ਮਾਲਕ ਹਰ ਸਰੀਰ ਤੇ ਹਰ ਥਾਂ ਵਿਚ ਵਿਆਪਕ ਹੋ ਬੈਠਾ। ਪੰਜਾਂ ਤੱਤਾਂ ਨੂੰ ਇੱਕ ਤੋਲ ਤੇ ਇੱਕ ਵਜ਼ਨ ਵਿਚ ਰੱਖ ਦਿੱਤਾ। ੩. ਉਸ ਕਰਤੇ ਨੂੰ ਕਿਸੇ ਵੀ ਨਹੀਂ ਦੇਖਿਆ, ਜਿਸ ਨੇ ਆਪਣੀ ਕੁਦਰਤ ਨਾਲ ਬ੍ਰਹਮਾਦਿ ਅਵਤਾਰ ਬਣਾਏ। ੪. ਉਸ ਨੇ ਇੱਕ ਮਾਇਆ ਤੋਂ ਲੱਖਾਂ ਕਰ ਦਿੱਤੇ ਤੇ ਲੱਖਾਂ ਤੋਂ ਅਸੰਖ ਤੇ ਅਪਾਰ (ਗਿਣਤੀ ਰਹਿਤ) ਰਚਨਾ ਸਾਜ ਦਿੱਤੀ ਹੈ। ੫. ਉਸ ਨੇ ਆਪਣੇ ਇੱਕ ਇੱਕ ਰੋਮ ਵਿਚ ਕ੍ਰੋੜਾਂ ਦੀ ਗਿਣਤੀ ਵਿਚ ਬ੍ਰਹਮੰਡ ਵਸਾਏ ਹੋਏ ਹਨ। ੬. ਹਰ ਬ੍ਰਹਮੰਡ ਵਿਚ ਫਿਰ ਦਸ ਦਸ ਅਵਤਾਰ ਵੀ ਪੈਦਾ ਕੀਤੇ ਹੋਏ ਹਨ। (ਭਾਵ ਉਸ ਦੇ ਸਾਜੇ ਹੋਏ ਬੇਅੰਤ ਹੀ ਬ੍ਰਹਮੰਡ ਹਨ ਤੇ ਬੇਅੰਤ ਹੀ ਅਵਤਾਰ ਹਨ)। ੭. ਕਈ ਬੇਦਾਂ ਦੇ ਉਚਾਰਨ ਵਾਲੇ ਬਿਆਸ ਵਰਗੇ ਵਿਦਵਾਨ ਪੈਦਾ ਕੀਤੇ ਤੇ (ਕਈ) ਮੁਹੰਮਦ ਅਤੇ (ਕਈ) ਉਸ ਦੇ ਯਾਰ ਰਚ ਦਿੱਤੇ ਹਨ। ੮. (ਦੇਖੋ, ਇਤਨਾ ਕੁਝ ਕਰਨ ਵਾਲੀ ਕੇਵਲ) ਇੱਕ ਉਸਦੀ ਸ਼ਕਤੀ ਹੈ, ਜਿਸ ਤੋਂ ਏਨਾਂ ਵੱਡਾ ਪਸਾਰਾ ਪਸਰ ਗਿਆ ਹੈ॥ ੪ ॥

੫. ਜੁਗਾਂ ਦੀ ਰਚਨਾ

੧. ਚਾਰਿ ਜੁਗਿ ਕਰਿ ਥਾਪਨਾ ਸਤਿਜੁਗੁ ਤ੍ਰੇਤਾ ਦੁਆਪਰ ਸਾਜੇ।
੨. ਚਉਥਾ ਕਲਿਜੁਗੁ ਥਾਪਿਆ ਚਾਰਿ ਵਰਨਿ ਚਾਰੋਂ ਕੇ ਰਾਜੇ।
੩. ਬ੍ਰਹਮਣਿ ਛਤ੍ਰੀ ਵੈਸਿ ਸੂਦ੍ਰਿ ਜੁਗੁ ਜੁਗੁ ਏਕੋ ਵਰਨ ਬਿਰਾਜੇ।
੪. ਸਤਿਜੁਗਿ ਹੰਸੁ ਅਉਤਾਰੁ ਧਰਿ ਸੋਹੰ ਬ੍ਰਹਮੁ ਨ ਦੂਜਾ ਪਾਜੇ।
੫. ਏਕੋ ਬ੍ਰਹਮੁ ਵਖਾਣੀਐ ਮੋਹ ਮਾਇਆ ਤੇ ਬੇਮੁਹਤਾਜੇ।
੬. ਕਰਨਿ ਤਪਸਿਆ ਬਨਿ ਵਿਖੈ ਵਖਤੁ ਗੁਜਾਰਨਿ ਪਿੰਨੀ ਸਾਗੇ।
੭. ਲਖਿ ਵਰ੍ਹਿਆਂ ਦੀ ਆਰਜਾ ਕੋਠੇ ਕੋਟਿ ਨ ਮੰਦਰਿ ਸਾਜੇ।

੮. ਇਕ ਬਿਨਸੈ ਇਕ ਅਸਥਿਰੁ ਗਾਜੇ ॥ ੫ ॥

ਪਦ ਅਰਥ - ਆਰਜਾ=ਉਮਰ। ਅਸਥਿਰੁ=ਅਚਲ।

ਅਰਥ - ੧. (ਉਸ ਪ੍ਰਭੂ ਨੇ) ਚਾਰ ਜੁਗਾਂ ਦੀ ਥਾਪਨਾ ਥਾਪ ਕੇ, ਸਤਿਜੁਗ, ਤ੍ਰੇਤਾ, ਦੁਆਪਰ ਰਚ ਦਿੱਤੇ। ੨. ਚੌਥਾ ਕਲਜੁਗ ਥਾਪਿਆ ਅਰ ਚਾਰ ਵਰਣ ਚਹੁੰਆਂ ਜੁਗਾਂ ਦੇ ਰਾਜੇ ਭਾਵ ਮੁਖੀ ਬਣਾ ਦਿੱਤੇ। ੩. ਬ੍ਰਾਹਮਣ, ਛੱਤ੍ਰੀ, ਵੈਸ਼ ਤੇ ਸ਼ੂਦਰ ਵਰਣ ਬਣਾਏ, (ਪਰ ਆਪ ਉਹ ਪ੍ਰਭੂ) ਚਾਰੇ ਜੁਗਾਂ ਤੇ ਚਾਰੇ ਵਰਣਾਂ ਵਿਚ ਇੱਕ ਹੀ ਸਰੂਪ ਵਿਚ (ਸ਼ੋਭਨੀਕ ਹੋ) ਬਿਰਾਜ ਰਿਹਾ ਹੈ। ੪. ਸਤਿਜੁਗ ਵਿਚ ਹੰਸ ਅਵਤਾਰ ਧਾਰਕੇ ਸੋਹੰ ਬ੍ਰਹਮ (ਸਭ ਕੁਝ ਬ੍ਰਹਮ ਹੀ ਹੈ, ਇਸ ਗੱਲ ਦਾ ਗਿਆਨ) ਸਭ ਨੂੰ ਦ੍ਰਿੜ੍ਹ ਕਰਾ ਦਿੱਤਾ, ਕਿ ਇੱਕ ਓਹੀ ਹੈ, ਹੋਰ ਦੂਜਾ ਕੋਈ ਨਹੀਂ। ੫. (ਇਸ ਤੋਂ ਪ੍ਰਭਾਵਤ ਹੋਏ ਗਿਆਨਵਾਨ ਲੋਕੀਂ) ਕੇਵਲ ਇੱਕ ਬ੍ਰਹਮ ਦਾ ਜਾਪ ਕਰਦੇ ਸਨ, ਮੋਹ ਤੇ ਮਾਇਆ ਤੋਂ ਬੇਮੁਹਤਾਜ ਹੋ, (ਇਕੋ ਪ੍ਰਭੂ ਦਾ ਸਿਮਰਨ ਕਰਦੇ ਸਨ)। ੬. ਬਨਾਂ ਜੰਗਲਾਂ ਵਿਚ ਬੈਠ ਕੇ ਤਪਸਿਆ ਕਰਦੇ ਤੇ ਬਨਾਂ ਦੇ ਘਾਹ ਫੂਸ ਨੂੰ ਖਾ ਕੇ (ਉਦਰ-ਪੂਰਨਾ ਦਾ) ਗੁਜ਼ਾਰਾ ਕਰ ਲੈਂਦੇ ਸਨ। ੭. (ਭਾਵੇਂ ਲੱਖਾਂ ਵਰ੍ਹਿਆਂ ਦੀ ਉਮਰ ਹੁੰਦੀ, ਪਰ ਨਾ ਕੋਈ ਕਿਲ੍ਹਾ ਬਣਾਉਂਦਾ, ਨਾ ਹੀ ਮਕਾਨ (ਸਭ ਦਰਿਆਵਾਂ ਦੇ ਕਿਨਾਰਿਆਂ 'ਤੇ ਬੈਠੇ ਉਮਰਾਂ ਗੁਜ਼ਾਰ ਦਿੰਦੇ ਸਨ। ੮. ਇੱਕ ਮਰਦਾ ਸੀ, ਤਾਂ ਦੂਜਾ ਉਸ ਦੀ ਥਾਂ (ਆਪਣੇ ਆਪ ਨੂੰ) ਅਸਥਿਰ ਮੰਨ ਕੇ ਬੈਠਦਾ ਤੇ ਗੱਜਦਾ ਸੀ॥ ੫॥

੬. ਤ੍ਰੇਤੇ ਜੁਗ ਦਾ ਵਰਣਨ

੧. ਤ੍ਰੇਤੇ ਛਤ੍ਰੀ ਰੂਪ ਧਰਿ ਸੂਰਜ ਬੰਸੀ ਵਡਿ ਅਵਤਾਰਾ।
੨. ਨਉ ਹਿਸੇ ਗਈ ਆਰਜਾ ਮਾਇਆ ਮੋਹੁ ਅਹੰਕਾਰੁ ਪਸਾਰਾ।
੩. ਦੁਆਪੁਰਿ ਜਾਦਵ ਵੇਸ ਕਰਿ ਜੁਗਿ ਜੁਗਿ ਅਉਧ ਘਟੈ ਆਚਾਰਾ।
੪. ਰਿਗ ਬੇਦ ਮਹਿ ਬ੍ਰਹਮ ਕ੍ਰਿਤਿ ਪੂਰਬ ਮੁਖਿ ਸੁਭਕਰਮ ਬਿਚਾਰਾ।
੫. ਖਤ੍ਰੀ ਥਾਪੇ ਜੁਜਰੁ ਵੇਦਿ ਦਖਣ ਮੁਖਿ ਬਹੁ ਦਾਨ ਦਾਤਾਰਾ।
੬. ਵੈਸੋਂ ਥਾਪਿਆ ਸਿਆਮ ਵੇਦੁ ਪਛਮੁ ਮੁਖਿ ਕਰਿ ਸੀਸੁ ਨਿਵਾਰਾ।
੭. ਰਿਗਿ ਨੀਲੰਬਰਿ ਜੁਜਰ ਪੀਤ ਸ੍ਵੇਤੰਬਰਿ ਕਰਿ ਸਿਆਮ ਸੁਧਾਰਾ।
੮. ਤ੍ਰਿਹੁ ਜੁਗੀ ਤ੍ਰੈ ਧਰਮ ਉਚਾਰਾ ॥ ੬ ॥

ਪਦ ਅਰਥ - ਆਚਾਰਾ=ਸ੍ਰਿਸ਼ਟਾਚਾਰ। ਨੀਲੰਬਰਿ=ਨੀਲੇ ਕਪੜੇ ਵਾਲਾ ਭੇਸ।

ਅਰਥ - ੧. ਤ੍ਰੇਤੇ ਜੁਗ ਵਿਚ ਸ੍ਰੀ ਰਾਮ ਚੰਦਰ ਜੀ ਦਾ ਛੱਤ੍ਰੀ ਰੂਪ ਧਰਕੇ ਸੂਰਜ ਬੰਸ ਵਿਚ ਵੱਡਾ ਅਵਤਾਰ ਹੋਇਆ। ੨. ਨੌਂ ਹਿਸੇ ਉਮਰ ਘਟ ਗਈ (ਭਾਵ ਲੱਖ ਤੋਂ ਕੇਵਲ ੧੦ ਹਜ਼ਾਰ ਰਹਿ ਗਈ, ੯੦ ਹਜ਼ਾਰ ਘਟ ਗਈ) ਮਾਇਆ ਦਾ ਮੋਹ ਤੇ ਅਹੰਕਾਰ ਦਾ ਪਸਾਰਾ ਵਧ ਗਿਆ। ੩. ਦੁਆਪਰ ਜੁਗ ਵਿਚ ਯਦੂ (ਨਾਮੀ ਰਾਜੇ ਦੇ ਘਰ ਕ੍ਰਿਸ਼ਨ ਨਾਮ ਧਰਕੇ) ਵੇਸ ਧਾਰਿਆ। ਜੁਗਾਂ ਜੁਗਾਂ ਵਿਚ ਚੰਗੇ ਕਰਤਵ ਘਟ

ਗਏ। ੪. ਰਿਗ ਵੇਦ ਵਿਚੋਂ ਬ੍ਰਾਹਮਣ, ਪੂਰਬ ਵੱਲ ਮੂੰਹ ਕਰਕੇ ਸ਼ੁਭ ਕਰਮ (ਯੱਗ ਆਦਿ) ਕਰਾਉਂਦੇ ਸਨ, (ਉਹ ਕਹਿੰਦੇ ਸਨ ਕਿ ਪੂਰਬ ਵੱਲ ਹੀ ਪ੍ਰਭੂ ਨਿਵਾਸ ਕਰਦਾ ਹੈ)। ੫. (ਇਸ ਤੋਂ ਉਪਰੰਤ) ਖੱਤਰੀਆਂ ਨੇ ਜੁਜਰ ਵੇਦ ਦੀ ਸਿੱਖਿਆ 'ਤੇ ਚਲਣਾ ਸ਼ੁਰੂ ਕਰ ਦਿੱਤਾ। (ਇਹ ਦੁਆਪਰ ਜੁਗ ਸੀ।) ਖੱਤਰੀਆਂ ਨੇ ਦੱਖਣ ਵੱਲ ਮੂੰਹ ਕਰਕੇ ਕਰਮ ਕਾਂਡ ਕਰਨੇ ਸ਼ੁਰੂ ਕਰ ਦਿੱਤੇ। (ਇਹ ਕੇਵਲ ਦੱਖਣ ਵਾਲੇ ਪਾਸੇ ਹਰੀ ਦਾ ਨਿਵਾਸ ਸਮਝਣ ਲੱਗੇ)। ੬. ਵੈਸ਼ ਲੋਕ ਸ਼ਾਮ ਵੇਦ ਦੇ ਲੜ ਲੱਗ ਕੇ ਪੱਛਮ ਵਾਲੇ ਪਾਸੇ ਝੁਕਣ ਲੱਗ ਗਏ। (ਉਨ੍ਹਾਂ ਨੇ ਹਰੀ ਨੂੰ ਕੇਵਲ ਪੱਛਮ ਵਾਲੇ ਪਾਸੇ ਹੀ ਸਮਝ ਲਿਆ)। ੭. ਰਿਗ ਵੇਦ ਨੂੰ ਮੰਨਣ ਵਾਲੇ ਨੀਲੇ ਕਪੜੇ, ਜੁਜਰ ਵੇਦ ਦੀ ਸਿੱਖਿਆ 'ਤੇ ਚੱਲਣ ਵਾਲੇ ਪੀਲੇ ਕਪੜੇ ਤੇ ਸ਼ਾਮ ਵੇਦ ਨੂੰ ਪੜ੍ਹਨ ਵਾਲਿਆਂ ਵਿਚ ਚਿੱਟੇ ਕਪੜੇ ਪਾਉਣ ਦਾ ਰਿਵਾਜ ਹੋ ਗਿਆ। (ਭਾਵ ਤਿੰਨਾਂ ਜੁਗਾਂ ਦੇ ਵੱਖੋ ਵੱਖਰੇ ਕਰਮ ਧਰਮ ਹੋ ਗਏ)। ੮. ਤਿੰਨੇ ਜੁਗਾਂ ਦੇ ਧਰਮ ਕਰਮ ਵੱਖੋ ਵੱਖਰੇ ਉਚਾਰੇ ਗਏ॥ ੬॥

੭. ਕਲਿਜੁਗ ਦਾ ਵਰਣਨ

੧. ਕਲਿਜੁਗੁ ਚਉਥਾ ਥਾਪਿਆ ਸੂਦ੍ਰ ਬਿਰਤਿ ਜਗ ਮਹਿ ਵਰਤਾਈ।
੨. ਕਰਮ ਸੁ ਰਿਗਿ ਜੁਜਰ ਸਿਆਮ ਕੇ ਕਰੇ ਜਗਤੁ ਰਿਦਿ ਬਹੁ ਸੁਕਚਾਈ॥
੩. ਮਾਇਆ ਮੋਹੀ ਮੇਦਨੀ ਕਲਿ ਕਲਿਵਾਲੀ ਸਭਿ ਭਰਮਾਈ।
੪. ਉਠੀ ਗਿਲਾਨਿ ਜਗਤ੍ਰਿ ਵਿਚਿ ਹਉਮੈ ਅੰਦਰਿ ਜਲੈ ਲੁਕਾਈ।
੫. ਕੋਇ ਨ ਕਿਸੈ ਪੂਜਦਾ ਊਚ ਨੀਚ ਸਭਿ ਗਤਿ ਬਿਸਰਾਈ।
੬. ਭਏ ਬਿਅਦਲੀ ਪਾਤਸਾਹ ਕਲਿ ਕਾਤੀ ਉਮਰਾਇ ਕਸਾਈ।
੭. ਰਹਿਆ ਤਪਾਵਸੁ ਤ੍ਰਿਹੁ ਜੁਗੀ ਚਉਥੇ ਜੁਗਿ ਜੋ ਦੇਇ ਸੁ ਪਾਈ।
੮. ਕਰਮ ਭ੍ਰਿਸਟਿ ਸਭਿ ਭਈ ਲੋਕਾਈ॥ ੭॥

ਪਦ ਅਰਥ - ਸੂਦ੍ਰ ਬਿਰਤਿ=ਨੀਵੇਂ ਸੁਭਾਵ। ਕਲਿ ਕਲਿਵਾਲੀ=ਕਲ੍ਹਾ ਕਲੇਸ਼। ਸੁਕਚਾਈ=ਸੰਕੋਚ ਕਰਨ ਲੱਗੇ। ਗਿਲਾਨਿ=ਬਦਬੂ। ਕਲਿ ਕਾਤੀ=ਕਲਜੁਗ ਦਾ ਸਮਾਂ, ਕੈਂਚੀ ਵਰਗਾ।

ਅਰਥ - ੧. ਕਲਜੁਗ ਚੌਥਾ ਜੁਗ ਥਾਪ ਦਿੱਤਾ, ਸਭ ਪਾਸੇ ਨੀਵੀਂ ਬਿਰਤੀ ਵਰਤ ਗਈ। ੨. ਰਿਗ, ਜੁਜਰ ਤੇ ਸਿਆਮ ਵੇਦਾਂ ਦੇ ਕਰਮਾਂ ਤੋਂ ਲੋਕ ਸੰਕੋਚ ਕਰਨ ਲੱਗੇ (ਭਾਵ ਹਟ ਗਏ)। ੩. ਸਾਰੀ ਸ੍ਰਿਸ਼ਟੀ ਮਾਇਆ ਦੇ ਮੋਹ ਨੇ ਮੋਹ ਲਈ, ਤੇ ਕਲ੍ਹਾ ਕਲੇਸ਼ ਦੇ ਕਾਰਣ ਸਭ ਭਰਮਾਂ ਵਿਚ ਫਸ ਗਏ। ੪. ਸੰਸਾਰ ਵਿਚ ਹਉਮੈ ਤੇ ਹੰਕਾਰ ਦੀ ਗਿਲਾਨਿ (ਬਦਬੂ) ਫੈਲੀ, ਹੰਕਾਰ ਨਾਲ ਸਭ ਲੁਕਾਈ ਸੜਨ ਲੱਗੀ। ੫. ਨਾ ਕੋਈ ਕਿਸੇ ਨੂੰ ਮੰਨਦਾ, ਨਾ ਪੂਜਦਾ ਤੇ ਨਾ ਹੀ ਸਤਿਕਾਰ ਕਰਦਾ। ਊਚ ਨੀਚ ਦੀ ਹਾਲਤ ਦਾ ਕਿਸੇ ਨੂੰ ਗਿਆਨ ਹੀ ਨਾ ਰਿਹਾ, (ਐਸੀ ਮਾਇਆ ਦੇ ਮੋਹ ਨੇ ਮੱਤ ਮਾਰ ਦਿੱਤੀ)। ੬. ਵਕਤ ਦੇ ਹਾਕਮ ਪਾਤਸ਼ਾਹ ਅਨਿਆਂ ਕਰਨ ਲੱਗ ਗਏ। ਕਲਜੁਗੀ ਕੈਂਚੀ ਨੂੰ ਫੜ ਅਧਿਕਾਰੀ ਲੋਕ ਕਸਾਈਆਂ ਵਾਲੇ ਕਰਮ ਕਰਨ ਲੱਗ

ਗਏ। ੭. ਤਿੰਨਾਂ ਜੁਗਾਂ ਵਿਚ ਤਾਂ ਧਰਮ ਦੀ ਅੰਸ (ਕੁਝ ਨਾ ਕੁਝ) ਰਹਿ ਗਈ ਸੀ, (ਪਰ ਹੁਣ) ਚੌਥੇ ਜੁਗ (ਕਲਜੁਗ ਵਿਚ) ਜਿਹੜਾ ਦੇਵੇ ਓਹੀ ਲਵੇ, (ਖੁਦਗਰਜ਼ੀ ਨੇ ਮੂੰਹ ਅੱਡ ਲਿਆ)। ੮. ਸਭ ਦੁਨੀਆਂ ਇਸ ਰਾਹ ਚਲਕੇ ਕਰਮਾਂ ਤੋਂ ਭ੍ਰਿਸ਼ਟ ਹੋ ਗਈ ਹੈ॥ ੭॥

੮. ਛੇ ਸ਼ਾਸਤ੍ਰਾਂ ਦਾ ਵਰਣਨ

੧. ਚਹੁੰ ਬੇਦਾਂ ਕੇ ਧਰਮ ਮਥਿ ਖਟਿ ਸਾਸਤ੍ਰ ਮਥਿ ਰਿਖਿ ਸੁਣਾਵੈ।
੨. ਬ੍ਰਹਮਾਦਿਕ ਸਨਕਾਦਿਕਾ ਜਿਉ ਤਿਹਿ ਕਹਾ ਤਿਵੈ ਜਗੁ ਗਾਵੈ।
੩. ਗਾਵਨਿ ਪੜਨਿ ਬਿਚਾਰਿ ਬਹੁ ਕੋਟਿ ਮਧੇ ਵਿਰਲਾ ਗਤਿ ਪਾਵੈ।
੪. ਇਹਿ ਅਚਰਜੁ ਮਨ ਆਵਦੀ ਪੜਤਿ ਗੁਣਤਿ ਕਛੁ ਭੇਦੁ ਨ ਪਾਵੈ।
੫. ਜੁਗ ਜੁਗ ਏਕੋ ਵਰਨ ਹੈ ਕਲਿਜੁਗਿ ਕਿਉ ਬਹੁਤੇ ਦਿਖਲਾਵੈ।
੬. ਜੰਦ੍ਰੇ ਵਜੇ ਤ੍ਰਿਹੁ ਜੁਗੀ ਕਥਿ ਪੜ੍ਹਿ ਰਹੈ ਭਰਮੁ ਨਹਿ ਜਾਵੈ॥
੭. ਜਿਉ ਕਰਿ ਕਥਿਆ ਚਾਰਿ ਬੇਦਿ ਖਟਿ ਸਾਸਤ੍ਰਿ ਸੰਗਿ ਸਾਖਿ ਸੁਣਾਵੈ।
੮. ਆਪੋ ਆਪਣੇ ਮਤਿ ਸਭਿ ਗਾਵੈ॥ ੮॥

ਪਦ ਅਰਥ - ਧਰਮ ਮਥਿ=ਧਰਮਾਂ ਨੂੰ ਵਿਚਾਰ ਵਿਚਾਰ ਕੇ। ਬ੍ਰਹਮਾਦਿਕ ਸਨਕਾਦਿਕਾ=ਬ੍ਰਹਮਾਦਿਕ ਦੇਵਤੇ, ਸਨਕ, ਸਨੰਦਨ, ਸਨਾਤਨ, ਸਨਤ ਕੁਮਾਰ (ਬ੍ਰਹਮਾ ਦੇ ਪੁੱਤਰ)।

ਅਰਥ - ੧. ਚਹੁੰ ਵੇਦਾਂ ਵਿਚ ਦੱਸੇ ਧਰਮਾਂ ਨੂੰ ਵਿਚਾਰ ਘੋਖ ਕੇ, ਛੇ ਸ਼ਾਸਤ੍ਰਾਂ ਨੂੰ ਮਥਿ (ਚੰਗੀ ਤਰ੍ਹਾਂ ਨਿਚੋੜ, ਤੱਤ ਕੱਢ ਕੇ) ਬਿਆਸ ਆਦਿ ਰਿਖੀ ਸੁਣਾਉਂਦੇ ਹਨ। ੨. ਬ੍ਰਹਮਾਦਿਕ (ਦੇਵਤੇ) ਤੇ ਉਸ ਦੇ ਚਾਰੇ ਪੁੱਤਰ ਜਿਵੇਂ ਕਹਿ ਗਏ ਤਿਵੇਂ ਹੀ ਉਨ੍ਹਾਂ ਦੇ ਮਗਰ ਲੱਗ ਕੇ ਜੱਗ ਵੀ ਕਰੀ ਜਾ ਰਿਹਾ ਹੈ। ੩. ਗਾਉਂਦੇ, ਪੜ੍ਹਦੇ (ਤੇ ਭਾਵੇਂ ਕਿੰਨਾ) ਵਿਚਾਰਦੇ ਹਨ, ਪਰ ਕੋਈ ਵਿਰਲਾ ਹੀ (ਇਨ੍ਹਾਂ ਰਾਹੀਂ) ਗਤਿ (ਮੁਕਤਿ) ਪਾਉਂਦਾ ਹੈ। ੪. (ਪਰ ਇਹ ਕਿੰਨੀ) ਅਸਚਰਜਤਾ ਵਾਲੀ ਗੱਲ ਹੈ ਕਿ ਪੜ੍ਹਦੇ ਸੁਣਦੇ ਵੀ ਕਿਸੇ ਨੂੰ ਕੋਈ ਠੀਕ ਜਾਣਕਾਰੀ ਨਹੀਂ ਹੁੰਦੀ। ੫. (ਹੁਣ ਇੱਕ ਹੋਰ ਅਸਚਰਜ ਗੱਲ ਦੱਸਦੇ ਹਨ:-) ਜੁਗਾਂ ਜੁਗਾਂ ਦਾ ਇਕੋ ਵਰਣ (ਇਕੋ ਪ੍ਰਭੂ ਤੇ ਇਕੋ ਧਰਮ ਦਾ ਰੂਪ) ਹੈ ਪਰ ਕਲਜੁਗ ਵਿਚ (ਪ੍ਰਭੂ ਦੇ) ਬਹੁਤੇ ਰੂਪ ਕਿਉਂ ਦੱਸਦੇ ਹਨ ? ੬. ਕੀ ਤਿੰਨਾਂ ਜੁਗਾਂ ਵਿਚ ਇਸ ਭੇਦ (ਅਸਲੀਅਤ) ਨੂੰ ਜੰਦਰੇ ਹੀ ਵੱਜੇ ਰਹੇ ? ਕਥਨ ਕਰ ਕਰ ਤੇ ਪੜ੍ਹ ਪੜ੍ਹ ਕੇ ਵੀ ਭਰਮ ਨਹੀਂ ਜਾਂਦੇ। ੭. ਜਿਵੇਂ ਕਿ ਚਾਰ ਵੇਦਾਂ ਵਿਚ ਕਥਨ ਕੀਤਾ ਹੈ, ਤੇ ਛੇ ਸ਼ਾਸਤ੍ਰਾਂ ਦੇ ਨਾਲ ਸਾਂਖ ਵਾਲੇ ਵੀ ਸੁਣਾਉਂਦੇ ਹਨ। ੮. ਸਭ ਆਪੋ ਆਪਣੇ ਮਤਾਂ ਨੂੰ ਪਏ ਗਾਉਂਦੇ ਹਨ ਤੇ ਅਸਲੀਅਤ ਤੋਂ ਕਿਤੇ ਦੂਰ ਹਨ॥ ੮॥

੯. ਨਿਆਇ ਸ਼ਾਸਤ੍ਰ

੧. ਗੋਤਮਿ ਤਪੇ ਬਿਚਾਰਿਕੈ ਰਿਗਿ ਵੇਦ ਕੀ ਕਥਾ ਸੁਣਾਈ।
੨. ਨਿਆਇ ਸਾਸਤ੍ਰਿ ਕੌ ਮਥਿ ਕਰਿ ਸਭਿ ਬਿਧਿ ਕਰਤੇ ਹਥਿ ਜਣਾਈ।
੩. ਸਭ ਕਛੁ ਕਰਤੇ ਵਸਿ ਹੈ ਹੋਰਿ ਬਾਤਿ ਵਿਚਿ ਚਲੇ ਨ ਕਾਈ।
੪. ਦੁਹੀ ਸਿਰੀ ਕਰਤਾਰੁ ਹੈ ਆਪਿ ਨਿਆਰਾ ਕਰਿ ਦਿਖਲਾਈ।
੫. ਕਰਤਾ ਕਿਨੈ ਨ ਦੇਖਿਆ ਕੁਦਰਤਿ ਅੰਦਰਿ ਭਰਮਿ ਭੁਲਾਈ।
੬. ਸੋਹੰ ਬ੍ਰਹਮੁ ਛਪਾਇ ਕੈ ਪੜਦਾ ਭਰਮੁ ਕਰਤਾਰੁ ਸੁਣਾਈ।
੭. ਰਿਗਿ ਕਹੈ ਸੁਣਿ ਗੁਰਮੁਖਹੁ ਆਪੇ ਆਪਿ ਨ ਦੂਜੀ ਰਾਈ।
੮. ਸਤਿਗੁਰ ਬਿਨਾ ਨ ਸੋਝੀ ਪਾਈ॥ ੯॥

ਪਦ ਅਰਥ - ਸੋਹੰ ਬ੍ਰਹਮੁ=ਸਭ ਕੁਛ ਬ੍ਰਹਮ ਹੀ ਬ੍ਰਹਮ ਹੈ।

ਅਰਥ - ੧. ਗੌਤਮ ਰਿਖੀ ਨੇ ਵਿਚਾਰ ਵਿਚਾਰ ਕੇ, ਰਿਗ ਵੇਦ ਦੀ ਕਥਾ ਨੂੰ ਆਖ ਸੁਣਾਇਆ। ੨. ਨਿਆਇ ਸ਼ਾਸਤ੍ਰਾਂ ਨੂੰ ਚੰਗੀ ਤਰ੍ਹਾਂ ਘੋਖ ਵਿਚਾਰ ਕੇ ਕਿਹਾ ਕਿ ਸਭ ਬਿਧੀਆਂ (ਭੰਨਣ ਤੇ ਜੋੜਨ ਦੀਆਂ) ਉਸ ਕਰਤੇ ਦੇ ਹੀ ਹੱਥ ਵਸ ਹਨ, (ਜਿਸ ਨੇ ਇਹ ਸ੍ਰਿਸ਼ਟੀ ਰਚੀ ਹੈ)। ੩. ਸਭ ਕੁਛ ਕਰਤੇ ਦੇ ਹੀ ਵਸ ਹੈ, ਹੋਰ ਏਥੇ ਕੋਈ ਦੂਜੀ ਗੱਲ ਹੋ ਹੀ ਨਹੀਂ ਸਕਦੀ। ੪. (ਫਿਰ ਉਹ ਪ੍ਰਭੂ) ਸਭ ਪਾਸੇ ਹੁੰਦੇ ਹੋਏ ਵੀ ਉਹ ਦੋਹਾਂ ਪਾਸਿਆਂ (ਪਾਪ ਪੁੰਨ) ਤੋਂ ਨਿਆਰਾ ਹੈ। ੫. ਉਹ ਐਸਾ ਕਰਨਹਾਰ ਅਸਚਰਜ ਪ੍ਰਭੂ ਕਿਸੇ ਵੀ ਦੇਖਿਆ ਨਹੀਂ। ਸਭ ਉਸਦੀ ਕੁਦਰਤ ਵਿਚ ਹੀ ਭਰਮਦੇ ਤੇ ਭੁਲੇ ਫਿਰਦੇ ਹਨ। ੬. ਉਹ 'ਸੋਹੰ ਬ੍ਰਹਮ' ਦੇ ਮਹਾਂਵਾਕ ਨੂੰ ਲੁਕਾ ਕੇ, (ਸਭ ਦੇ ਨੇਤਰਾਂ ਅੱਗੇ) ਭਰਮ ਦਾ ਪੜਦਾ ਖੜਾ ਕਰ ਦੇਂਦਾ ਹੈ। ੭. (ਨਿਆਇ ਸ਼ਾਸਤਰ ਦਾ ਕਰਤਾ ਗੌਤਮ ਤਪਾ ਇਹ ਕਹਿ ਰਿਹਾ ਹੈ) ਕਿ ਹੇ ਗੁਰਮੁਖੋ (ਸੁਣੋ), ਰਿਗ ਵੇਦ ਕਹਿੰਦਾ ਹੈ (ਕਿ ਇੱਕ ਪ੍ਰਭੂ ਹੀ) ਸਭ ਆਪੇ ਆਪ ਹੈ, (ਹੋਰ ਕੋਈ ਨਹੀਂ)। ੮. ਸਤਿਗੁਰੂ ਦੇ ਬਿਨਾਂ ਇਸ ਗੱਲ ਦੀ (ਪੂਰੀ) ਸਮਝ ਨਹੀਂ ਆਉਂਦੀ, (ਇਹ ਗੱਲ ਭਾਈ ਗੁਰਦਾਸ ਜੀ, ਸਿੱਖਾਂ ਤਾਈਂ ਆਪਣੇ ਵੱਲੋਂ ਆਖ ਕੇ ਸੁਣਾ ਰਹੇ ਹਨ)॥ ੯॥

੧੦. ਮੀਮਾਂਸਾ ਸ਼ਾਸਤ੍ਰ ਦਾ ਵਰਣਨ

੧. ਫਿਰਿ ਜੈਮਨਿ ਰਿਖੁ ਬੋਲਿਆ ਜੁਜਰਿ ਵੇਦਿ ਮਥਿ ਕਥਾ ਸੁਣਾਵੈ।
੨. ਕਰਮਾ ਉਤੇ ਨਿਬੜੈ ਦੇਹੀ ਮਧਿ ਕਰੇ ਸੋ ਪਾਵੈ।
੩. ਥਾਪਸਿ ਕਰਮ ਸੰਸਾਰ ਵਿਚਿ ਕਰਮ ਵਾਸ ਕਰਿ ਆਵੈ ਜਾਵੈ।

੪. ਸਹਸਾ ਮਨਹੁ ਨ ਚੁਕਈ ਕਰਮਾਂ ਅੰਦਰਿ ਭਰਮਿ ਭੁਲਾਵੈ।
੫. ਭਰਮਿ ਵਰਤਣ ਜਗਤ ਕੀ ਇਕੋ ਮਾਇਆ ਬ੍ਰਹਮ ਕਹਾਵੈ।
੬. ਜੁਜਰਿ ਵੇਦਿ ਕੋ ਮਥਨਿ ਕਰਿ ਤਤ ਬ੍ਰਹਮੁ ਵਿਚਿ ਭਰਮੁ ਮਿਲਾਵੈ।
੭. ਕਰਮ ਦ੍ਰਿੜਾਇ ਜਗਤ ਵਿਚਿ ਕਰਮ ਬੰਧਿ ਕਰਿ ਆਵੈ ਜਾਵੈ।
੮. ਸਤਿਗੁਰ ਬਿਨਾ ਨ ਸਹਸਾ ਜਾਵੈ॥ ੧੦॥

ਅਰਥ - ੧. (ਮੀਮਾਂਸਾ ਸ਼ਾਸਤਰ ਦਾ ਕਰਤਾ ਜੈਮਨਿ ਰਿਖੀ ਫਿਰ ਬੋਲ ਕੇ ਆਪਣੀ ਗੱਲ ਸੁਣਾਉਂਦਾ ਹੈ ਤੇ ਜੁਜਰ ਵੇਦ ਨੂੰ ਵਿਚਾਰ ਕੇ ਕਹਿੰਦਾ ਹੈ। ੨. ਇਸ ਸਰੀਰ ਦੀ ਗੱਲ ਕਰਮਾਂ ਉਤੇ ਨਿਬੜੇਗੀ, ਜਿਹੋ ਜੇਹੇ ਕੋਈ ਕਰਮ ਕਰੇਗਾ, ਉਹੋ ਜੇਹੇ ਫਲ ਪਾਏਗਾ। ੩. ਉਸ ਪ੍ਰਭੂ ਨੇ ਕਰਮ ਸੰਸਾਰ ਵਿਚ ਥਾਪੇ ਹਨ (ਅਸਲ ਵਿਚ ਇਹ ਸੰਸਾਰ ਇੱਕ ਕਰਮ ਭੂਮੀ ਹੈ) ਕਰਮਾਂ ਦੇ ਅਧੀਨ ਹੀ ਮਨੁਖ ਆਵਾ ਗਉਣ ਦੇ ਚੱਕਰ ਵਿਚ ਪੈਂਦਾ ਹੈ, ਭਾਵ ਸੰਸਾਰ 'ਤੇ ਆਉਂਦਾ ਜਾਂਦਾ ਹੈ। ੪. (ਮਨੁੱਖ ਦੇ) ਮਨ ਵਿਚੋਂ ਸੰਸਾ ਨਾ ਨਿਕਲਿਆ (ਤੇ ਬੱਸ) ਕਰਮਾਂ ਦੇ ਚੱਕਰ ਵਿਚ ਪੈ, ਜੰਮਣ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ੫. (ਦੇਖੋ ! ਇਸ ਸਮੇਂ) ਭਰਮ ਹੀ ਜਗਤ ਦਾ ਵੱਡਾ ਵਰਤਣ-ਵਿਹਾਰ ਬਣ ਚੁੱਕਾ ਹੈ। (ਭਰਮ ਨੇ) ਮਾਇਆ ਤੇ ਬ੍ਰਹਮ ਨੂੰ ਇਕੋ ਜਿਹਾ ਵਿਖਾ ਦਿੱਤਾ ਹੈ। ੬. ਜੁਜਰ ਵੇਦ ਨੂੰ ਪੜ੍ਹ ਤੇ ਘੋਖ ਕੇ, ਤੱਤ ਬ੍ਰਹਮ ਵਿਚ ਭਰਮ ਨੂੰ ਮਿਲਾ ਦਿੱਤਾ ਹੈ। ੭. ਜਗਤ ਵਿਚ ਕਰਮ ਹੀ ਕਰਨੇ ਦ੍ਰਿੜ੍ਹਾਏ ਤੇ ਕਰਮਾਂ ਦਾ ਬੱਧਾ ਹੀ ਮਨੁੱਖ ਸੰਸਾਰ 'ਤੇ ਆਉਂਦਾ ਜਾਂਦਾ ਹੈ। ੮. (ਅਖੀਰ 'ਤੇ ਭਾਈ ਸਾਹਿਬ ਆਪਣੇ ਵੱਲੋਂ ਕਹਿੰਦੇ ਹਨ ਕਿ -) (ਪੂਰੇ) ਸਤਿਗੁਰੂ (ਦੇ ਮਿਲੇ) ਬਿਨਾਂ ਸਹਸਾ ਤੇ ਭਰਮ ਨਹੀਂ ਮਿਟ ਸਕਦਾ॥ ੧੦॥

੧੧. ਵੇਦਾਂਤ ਸ਼ਾਸਤ੍ਰ

੧. ਸਿਆਮ ਵੇਦ ਕਉ ਸੋਧਿ ਕਰਿ ਮਥਿ ਵੇਦਾਂਤੁ ਬਿਆਸਿ ਸੁਣਾਇਆ।
੨. ਕਥਨੀ ਬਦਨੀ ਬਾਹਰਾ ਆਪੇ ਅਪਣਾ ਬ੍ਰਹਮੁ ਜਣਾਇਆ।
੩. ਨਦਰੀ ਕਿਸੈ ਨ ਲਿਆਵਈ ਹਉਮੈ ਅੰਦਰਿ ਭਰਮਿ ਭੁਲਾਇਆ।
੪. ਆਪੁ ਪੁਜਾਇ ਜਗਤ ਵਿਚਿ ਭਾਉ ਭਗਤਿ ਦਾ ਮਰਮੁ ਨ ਪਾਇਆ।
੫. ਤ੍ਰਿਪਤਿ ਨ ਆਵੀ ਵੇਦਿ ਮਥਿ ਅਗਨੀ ਅੰਦਰਿ ਤਪਤਿ ਤਪਾਇਆ।
੬. ਮਾਇਆ ਡੰਡ ਨ ਉਤਰੇ ਜਮ ਡੰਡੇ ਬਹੁ ਦੁਖਿ ਰੂਆਇਆ।
੭. ਨਾਰਦਿਮੁਨਿ ਉਪਦੇਸਿਆ ਮਥਿ ਭਾਗਵਤ ਗੁਨਿ ਗੀਤ ਕਰਾਇਆ।
੮. ਬਿਨੁ ਸਰਨੀ ਨਹਿ ਕੋਇ ਤਰਾਇਆ॥ ੧੧॥

ਪਦ ਅਰਥ - ਕਥਨੀ ਬਦਨੀ=ਕਥਾ ਤੇ ਕਵੀਸ਼ਰੀ।

ਅਰਥ - ੧. ਸ਼ਾਮ ਵੇਦ ਨੂੰ ਸੋਧ ਕੇ, ਪੜ੍ਹ ਘੋਖ ਕੇ, ਉਸਦਾ ਸਾਰ ਕੱਢ ਕੇ, ਬਿਆਸ ਰਿਖੀ ਨੇ ਵੇਦਾਂਤ ਸ਼ਾਸਤਰ ਦਾ ਬਿਆਨ ਕੀਤਾ। ੨. ਕਹਿਣੀ ਤੇ ਕਥਨੀ ਤੋਂ ਬਿਨਾਂ ਆਤਮਾ ਵੱਖਰੀ ਹੈ। ਉਸ ਨੇ ਕਿਹਾ, 'ਸਭ ਬ੍ਰਹਮ ਹੈ, ਤੇ ਮੈਂ ਵੀ ਬ੍ਰਹਮ (ਆਪ ਹੀ ਸਭ ਕੁਛ) ਹਾਂ।' ੩. ਉਸ ਨੇ ਕਿਹਾ, 'ਪ੍ਰਭੂ ਕਿਸੇ ਨੂੰ ਨਜ਼ਰ ਤਾਂ ਆਉਂਦਾ ਹੀ ਨਹੀਂ।' (ਇਸ ਗਿਆਨ ਨੇ ਉਸ ਨੂੰ ਹਉਮੈ ਦਾ ਸਮੁੰਦਰ ਬਣਾ ਦਿੱਤਾ)। ਉਹ ਕਿਸੇ ਨੂੰ ਨਜ਼ਰ ਥੱਲੇ ਹੀ ਨਾ ਲਿਆਵੇ, ਐਸਾ ਹਉਮੈ ਦੇ ਭਰਮ ਵਿਚ ਭੁਲੀ ਪੈ ਗਿਆ। ੪. (ਏਥੋਂ ਤਕ ਕਿ) ਉਹ ਆਪਣੀ ਪੂਜਾ ਕਰਵਾਉਣ ਲੱਗ ਗਿਆ (ਕਿ ਬ੍ਰਹਮ ਮੈਂ ਹੀ ਹਾਂ) ਪ੍ਰੇਮਾ-ਭਗਤੀ ਦਾ ਭੇਦ ਉਸ ਨੂੰ ਬਿਲਕੁਲ ਲੱਭਾ ਹੀ ਨਾ। ੫. ਵੇਦਾਂ ਦਾ ਮਥਨ ਕਰਕੇ ਉਸਨੂੰ ਤ੍ਰਿਪਤੀ ਨਾ ਆਈ, ਇਸ ਲਈ ਹਉਮੈ ਦੀ ਅਗਨੀ ਦੇ ਤੇਜ ਨਾਲ ਤਪਣ ਲੱਗਾ। ੬. ਮਾਇਆ ਦਾ ਦੰਡ ਤੇ ਜਮ ਦਾ ਡੰਡਾ ਉਸਨੂੰ ਸਿਰ 'ਤੇ ਫਿਰਦਾ ਦਿਸਿਆ; ਜਿਸ ਕਰਕੇ ਉਹ ਵੱਡਾ ਦੁੱਖੀ ਹੋਇਆ। ਇਸ ਦੁੱਖ ਬਾਰੇ ਬਿਆਸ ਨੇ ਨਾਰਦ ਨੂੰ ਆਪਣਾ ਦੁੱਖ ਦੱਸਿਆ (ਭਾਵ ਰੋਇਆ)। ੭. ਨਾਰਦ ਨੇ ਬਿਆਸ ਨੂੰ ਸਿੱਖਿਆ ਦਿੱਤੀ ਕਿ ਤੂੰ ਭਾਗਵਤ ਨੂੰ ਪੜ੍ਹ ਘੋਖਕੇ, ਉਸਦਾ ਸਾਰ (ਗੁਣ ਜੋ ਹਨ) ਗੁਣਾਂ ਦਾ ਗੁਣਾਨਵਾਦ (ਜਸ) ਕਰ (ਭਾਵ ਪ੍ਰਭੂ ਦਾ ਲੜ ਫੜ ਕੇ ਉਸ ਦਾ ਸਿਮਰਨ ਕਰ, ਸੋ ਬਿਆਸ ਨੇ ਐਸਾ ਕਰਕੇ ਆਪਣਾ ਦੁੱਖ ਦੂਰ ਕੀਤਾ, ਮਨ ਦੀ ਤਪਸ਼ ਹਟਾਈ)। ੮. ਬਿਨਾਂ ਸ਼ਰਨ ਪੈਣ, (ਨਿਮ੍ਰਤਾ ਧਾਰਨ ਦੇ) ਕੋਈ ਨਹੀਂ ਤਰਿਆ॥ ੧੧॥

੧੨. ਸਾਂਖਜ ਸ਼ਾਸਤ੍ਰ

੧. ਦੁਆਪਰਿ ਜੁਗਿ ਬੀਤਤ ਭਏ ਕਲਜੁਗਿ ਕੇ ਸਿਰਿ ਛਤ੍ਰ ਫਿਰਾਈ।
੨. ਵੇਦ ਅਥਰਵਣਿ ਥਾਪਿਆ ਉਤਰਿ ਮੁਖਿ ਗੁਰਮੁਖਿ ਗੁਨ ਗਾਈ।
੩. ਕਪਲ ਰਿਖੀਸੁਰਿ ਸਾਂਖਿ ਮਥਿ ਅਥਰਵਣਿ ਵੇਦ ਕੀ ਰਿਚਾ ਸੁਣਾਈ।
੪. ਗਿਆਨ ਮਹਾ ਰਸ ਪੀਅ ਕੈ ਸਿਮਰੇ ਨਿਤ ਅਨਿਤ ਨਿਆਈ।
੫. ਗਿਆਨ ਬਿਨਾ ਨਹਿ ਪਾਈਐ ਜੋ ਕੋਈ ਕੋਟਿ ਜਤਨਿ ਕਰਿ ਧਾਈ।
੬. ਕਰਮਿ ਜੋਗ ਦੇਹੀ ਕਰੇ ਸੋ ਅਨਿਤ ਖਿਨ ਟਿਕੇ ਨ ਰਾਈ।
੭. ਗਿਆਨੁ ਮਤੇ ਸੁਖੁ ਊਪਜੈ ਜਨਮ ਮਰਨ ਕਾ ਭਰਮੁ ਚੁਕਾਈ।
੮. ਗੁਰਮੁਖਿ ਗਿਆਨੀ ਸਹਜਿ ਸਮਾਈ॥ ੧੨॥

ਪਦ ਅਰਥ - ਰਿਚਾ=ਸ਼੍ਰੁਤੀਆਂ। ਨਿਆਈ=ਨਿਰਣਾ। ਕਰਮਿ ਜੋਗ=ਭਗਤੀ ਦੇ ਕਰਮ। ਮਤੇ=ਮੱਤ, ਅਕਲ। ਸਹਜਿ=ਚੋਥੇ ਪਦ ਦੀ ਅਵਸਥਾ।

ਅਰਥ - ੧. ਦੁਆਪਰ ਜੁਗ ਬੀਤਣ ਪਿੱਛੋਂ, ਛਤਰ ਕਲਜੁਗ ਦੇ ਸਿਰ ਫਿਰਨ ਲੱਗ ਪਿਆ। ੨. (ਕਲਜੁਗ ਦਾ ਸਮਾਂ ਆ ਗਿਆ) ਅਥਰਬਣ ਬੇਦ ਦੀ ਰੀਤੀ ਸੰਸਾਰ 'ਤੇ ਪਸਰ ਗਈ, ਗੁਰਮੁਖ (ਭਜਨੀਕ) ਉੱਤਰ ਪਾਸੇ ਵੱਲ ਮੂੰਹ ਕਰਕੇ ਗੁਣ ਗਾਉਣ ਲੱਗੇ। ੩. ਕਪਲ ਰਿਖੀ ਨੇ ਸਾਂਖ ਸ਼ਾਸਤਰ ਰਚ ਕੇ, ਅਥਰਬਣ ਵੇਦ ਦੀਆਂ

ਰਿਦਾਂ ਉਸ ਵਿਚ ਗਾਇਨ ਕੀਤੀਆਂ। ੪. (ਉਸ ਨੇ ਕਿਹਾ ਕਿ) ਗਿਆਨ ਦਾ ਮਹਾਂ ਰਸ ਪੀ ਕੇ ਨਿੱਤ ਤੇ ਅਨਿੱਤ ਦਾ ਨਿਰਣਾ ਕਰੋ (ਭਾਵ ਨਿੱਤ ਰਹਿਣ ਵਾਲੇ ਪ੍ਰਭੂ ਦੇ) ਗੁਣ ਗਾਉ। ੫. (ਇਸ ਲਈ ਕਿ) ਗਿਆਨ ਪ੍ਰਾਪਤ ਕੀਤੇ ਬਿਨਾਂ (ਪ੍ਰਭੂ) ਪਾਇਆ ਨਹੀਂ ਜਾਂਦਾ, ਭਾਵੇਂ ਕੋਈ ਕਰੋੜਾਂ ਜਤਨ ਕਰ ਲਵੇ ਤੇ ਦੌੜ ਭੱਜ ਕਰੇ। ੬. ਕਰਮ ਤੇ ਜੋਗ (ਮੁਕਤੀ ਦੇ ਸਾਧਨ) ਦੇਹੀ ਰਾਹੀਂ ਹੁੰਦੇ ਹਨ, ਪਰ ਦੇਹੀ ਨਿੱਤ ਰਹਿਣ ਵਾਲੀ ਵਸਤੂ ਨਹੀਂ। ਰਾਈ ਭਰ ਟਿਕ ਨਹੀਂ ਸਕਦੀ। ੭. ਗਿਆਨ ਦੇ ਵਿਚਾਰਨ ਨਾਲ ਸੁਖ ਪੈਦਾ ਹੁੰਦਾ ਹੈ ਤੇ ਜਨਮ ਮਰਨ ਦਾ ਭਰਮ (ਸੰਸਾ) ਦੂਰ ਹੁੰਦਾ ਹੈ। ੮. ਗੁਰਮੁਖ, ਜੋ ਗਿਆਨੀ ਹੋ ਜਾਏ, ਉਹ ਸਹਜ ਅਵਸਥਾ ਵਿਚ ਸਮਾ (ਰਚ-ਮਿਚ) ਜਾਂਦਾ ਹੈ॥ ੧੨॥

੧੩. ਵੈਸ਼ੇਖਕ ਸ਼ਾਸਤ੍ਰ

੧. ਬੇਦ ਅਥਰਬਨੁ ਮਥਨਿ ਕਰਿ ਗੁਰਮੁਖਿ ਬਾਸੇਖਿਕ ਗੁਨ ਗਾਵੈ।
੨. ਜੇਹਾ ਬੀਜੈ ਸੋ ਲੁਣੈ ਸਮੇ ਬਿਨਾ ਫਲੁ ਹਥਿ ਨ ਆਵੈ।
੩. ਹੁਕਮੈ ਅੰਦਰਿ ਸਭੁ ਕੋ ਮੰਨੈ ਹੁਕਮੁ ਸੁ ਸਹਜਿ ਸਮਾਵੈ।
੪. ਆਪੋ ਕਛੂ ਨ ਹੋਵਈ ਬੁਰਾ ਭਲਾ ਨਹਿ ਮੰਨਿ ਵਸਾਵੈ।
੫. ਜੈਸਾ ਕਰਿ ਤੈਸਾ ਲਹੈ ਰਿਖਿ ਕਣਾਦਿਕ ਭਾਖਿ ਸੁਣਾਵੈ।
੬. ਸਤਿਜੁਗਿ ਕਾ ਅਨਿਆਇ ਸੁਣਿ ਇਕ ਫੇੜੇ ਸਭੁ ਜਗਤ ਮਰਾਵੈ।
੭. ਤ੍ਰੇਤੇ ਨਗਰੀ ਪੀੜੀਐ ਦੁਆਪਰਿ ਵੰਸੁ ਕੁਵੰਸ ਕੁਹਾਵੈ।
੮. ਕਲਿਜੁਗ ਜੋ ਫੇੜੇ ਸੋ ਪਾਵੈ॥ ੧੩॥

ਪਦ ਅਰਥ - ਸਹਜਿ=ਗਿਆਨ ਦੀ ਅਵਸਥਾ। ਫੇੜੇ=ਕਰੇ।

ਅਰਥ - ੧. ਅਥਰਬਣ ਬੇਦ ਨੂੰ ਪੜ੍ਹ ਘੋਖ ਕੇ, ਗੁਰਮੁਖ ਕਣਾਦ ਮੁਨੀ ਨੇ ਵੈਸ਼ੇਖਕ ਸ਼ਾਸਤਰ ਵਿਚ (ਪ੍ਰਭੂ ਦੇ) ਗੁਣ ਗਾਏ। ੨. (ਭਾਵ ਕਿ) ਜੋ ਜੋ ਬੀਜੇਗਾ ਉਹੋ ਹੀ ਪਾਏਗਾ, ਪਰ ਸਮੇਂ ਤੋਂ ਬਿਨਾਂ ਫਲ ਮਿਲਦਾ ਨਹੀਂ। ੩. ਸਭ ਕੁਝ ਹੁਕਮ ਦੇ ਅੰਦਰ ਹੈ ਤੇ ਜੋ ਹੁਕਮ ਮੰਨ ਲਵੇਗਾ ਉਹੀ ਗਿਆਨਵਾਨ ਹੋਏਗਾ। ੪. ਹੁਕਮ ਦਾ ਮੰਨਣਾ ਇਹੀ ਹੈ ਕਿ ਜੋ ਕੁਝ ਹੋ ਰਿਹਾ ਹੈ, ਉਹੀ ਠੀਕ ਹੈ, ਉਸ ਬਾਰੇ ਬੁਰਾ ਭਲਾ ਨਾ ਚਿਤਵੇ, ਨਾ ਮਨ ਵਿਚ ਹੀ ਲਿਆਵੇ। ੫. ਜੋ ਕੁਛ ਕੋਈ ਕਰੇਗਾ, ਉਹੀ ਪਾਏਗਾ, ਇਹੀ ਰਿਖੀ ਕਣਾਦਿਕ ਨੇ ਬੋਲ ਕੇ ਸੁਣਾਇਆ ਹੈ। ੬. ਸਤਿਜੁਗ ਦੇ ਸਮੇਂ ਦਾ ਅਨਿਆਇ ਸੁਣੋ ਕਿ ਜੇ ਕੋਈ ਇੱਕ ਭੈੜਾ ਕੰਮ ਕਰਦਾ ਸੀ, ਤਾਂ ਉਸ ਦੇ ਪਿੱਛੇ ਸਾਰਾ ਦੇਸ ਹੀ ਮਾਰਿਆ ਜਾਂਦਾ ਸੀ। ੭. ਤ੍ਰੇਤੇ ਜੁਗ ਵਿਚ ਇੱਕ ਦੇ ਭੈੜਾ ਕੰਮ ਕਰਨ ਕਰਕੇ ਸਾਰਾ ਨਗਰ ਹੀ ਪੀੜਿਆ ਜਾਂਦਾ ਸੀ ਤੇ ਦੁਆਪਰ ਵਿਚ ਇੱਕ ਦੀ ਗਲਤੀ ਦੇ ਕਾਰਣ, ਸਾਰਾ ਬੰਸ ਹੀ (ਦੋਸ਼ੀ ਜਾਣ ਕੇ) ਖਤਮ ਕਰ ਦਿੱਤਾ ਜਾਂਦਾ ਸੀ। ੮. (ਪਰ) ਕਲਜੁਗ ਵਿਚ ਜੋ ਕਰੇਗਾ ਉਹੀ ਭਰੇਗਾ॥ ੧੩॥

੧੪. ਪਾਤੰਜਲ ਸ਼ਾਸਤ੍ਰ

੧. ਸੇਖਨਾਗ ਪਾਤੰਜਲ ਮਥਿਆ ਗੁਰਮੁਖਿ ਸਾਸਤ੍ਰ ਨਾਗਿ ਸੁਣਾਈ।
੨. ਵੇਦ ਅਥਰਵਣ ਬੋਲਿਆ ਜੋਗ ਬਿਨਾ ਨਹਿ ਭਰਮੁ ਚੁਕਾਈ।
੩. ਜਿਉ ਕਰਿ ਮੈਲੀ ਆਰਸੀ ਸਿਕਲ ਬਿਨਾ ਨਹਿ ਮੁਖਿ ਦਿਖਾਈ।
੪. ਜੋਗੁ ਪਦਾਰਥ ਨਿਰਮਲਾ ਅਨਹਦ ਧੁਨਿ ਅੰਦਰਿ ਲਿਵ ਲਾਈ।
੫. ਅਸਟ ਦਸਾ ਸਿਧਿ ਨਉਨਿਧੀ ਗੁਰਮੁਖਿ ਜੋਗੀ ਚਰਨ ਲਗਾਈ।
੬. ਤ੍ਰਿਹੁ ਜੁਗਾਂ ਕੀ ਬਾਸਨਾ ਕਲਿਜੁਗ ਵਿਚਿ ਪਾਤੰਜਲਿ ਪਾਈ।
੭. ਹਥੋ ਹਥੀ ਪਾਈਐ ਭਗਤਿ ਜੋਗ ਕੀ ਪੂਰ ਕਮਾਈ।
੮. ਨਾਮ ਦਾਨੁ ਇਸਨਾਨੁ ਸੁਭਾਈ॥੧੪॥

ਪਦ ਅਰਥ - ਆਰਸੀ=ਸ਼ੀਸ਼ਾ। ਸਿਕਲ=ਸਾਫ। ਜੋਗੁ=ਭਗਤੀ।

ਅਰਥ - ੧. (ਸ਼ੇਸ਼ ਨਾਗ ਦੇ ਅਵਤਾਰ) ਗੁਰਮੁਖ ਪਾਤੰਜਲ ਰਿਖੀ ਨੇ ਨਾਗ ਪਾਤੰਜਲ (ਰਾਮ ਦੀ ਕੀਰਤੀ) —ਸ਼ਾਸਤਰ ਦਾ ਵਿਚਾਰ ਸੁਣਾਇਆ। ੨. (ਉਸ ਵਿਚ ਉਸ ਨੇ) ਅਥਰਬਣ ਵੇਦ ਦੀਆਂ ਸ੍ਰੁਤੀਆਂ ਨੂੰ ਬੋਲਿਆ ਕਿ ਜੋਗ ਬਿਨਾਂ ਭਰਮ ਨਹੀਂ ਮਿਟਦਾ। ੩. (ਕਿਸ ਤਰ੍ਹਾਂ ?) ਜਿਵੇਂ ਕਿ ਮੈਲੇ ਸ਼ੀਸ਼ੇ ਨੂੰ ਸਾਫ ਤੇ ਲਿਸ਼ਕਾਏ ਬਿਨਾਂ ਮੂੰਹ ਨਜ਼ਰ ਨਹੀਂ ਆਉਂਦਾ, ੪. (ਏਸੇ ਤਰ੍ਹਾਂ ਮਨੁਖੀ ਮਨ ਮੈਲਾ ਹੈ ਤੇ) ਜੋਗ (ਭਗਤੀ) ਰੂਪ ਪਦਾਰਥ ਨਿਰਮਲਾ (ਪਵਿਤਰ) ਹੈ, (ਜੋ) ਅਨਹਦ ਧੁਨਾਂ (ਦਸਮ ਦਵਾਰ) ਅੰਦਰ ਲਿਵ ਲਾਇਆਂ ਹੀ ਪ੍ਰਾਪਤ ਹੁੰਦਾ ਹੈ। ੫. (ਇਉਂ ਕਰਨ ਵਿਚ ਕਾਮਯਾਬ ਹੋਣ ਪਿੱਛੋਂ) ਅਠਾਰਾਂ ਸਿੱਧੀਆਂ ਤੇ ਨੌਂ ਨਿੱਧੀਆਂ, ਗੁਰਮੁਖ ਜੋਗੀ (ਲਿਵ ਲਾਉਣ ਵਾਲੇ) ਦੇ ਚਰਨੀਂ ਆ ਲੱਗਦੀਆਂ ਹਨ। ੬. (ਇਸ ਲਿਵ ਦੇ ਸਹਾਰੇ) ਪਾਤੰਜਲ ਰਿਖੀ ਕਹਿੰਦਾ ਹੈ ਕਿ ਤਿੰਨਾਂ ਜੁਗਾਂ ਦੀ ਵਾਸ਼ਨਾ (ਭਾਵ ਫਲ) ਕਲਜੁਗ ਵਿਚ ਪਾ ਲਿਆ ਹੈ। ੭. ਇਹ ਜੋਗ ਵਾਲੀ ਭਗਤੀ ਕਮਾਈ ਐਸੀ ਪੂਰੀ ਹੱਥੋ ਹੱਥ ਹੀ ਪ੍ਰਾਪਤ ਹੋ ਜਾਂਦੀ ਹੈ। ੮. ਨਾਮ (ਸਿਮਰਨ) ਤੇ ਦਾਨ ਸੁਭਾਵਕ (ਹੀ ਹੁੰਦਾ) ਹੈ॥ ੧੪॥

੧੫. ਜੀਵ ਦੇ ਜਨਮ-ਮਰਨ ਤੇ ਵਿਚਾਰ

੧. ਜੁਗਿ ਜੁਗਿ ਮੇਰੁ ਸਰੀਰ ਕਾ ਬਾਸਨਾ ਬਧਾ ਆਵੈ ਜਾਵੈ।
੨. ਫਿਰਿ ਫਿਰਿ ਫੇਰਿ ਵਟਾਈਐ ਗਿਆਨੀ ਹੋਇ ਮਰਮੁ ਕਉ ਪਾਵੈ।
੩. ਸਤਿਜੁਗਿ ਦੂਜਾ ਭਰਮੁ ਕਰਿ ਤ੍ਰੇਤੇ ਵਿਚਿ ਜੋਨੀ ਫਿਰਿ ਆਵੈ।
੪. ਤ੍ਰੇਤੇ ਕਰਮਾਂ ਬਾਂਧਤੇ ਦੁਆਪਰਿ ਫਿਰਿ ਅਵਤਾਰ ਕਰਾਵੈ।

੫. ਦੁਆਪਰਿ ਮਮਤਾ ਅਹੰਕਾਰ ਹਉਮੈ ਅੰਦਰਿ ਗਰਭ ਗਲਾਵੈ।
੬. ਤ੍ਰਿਹੁ ਜੁਗਾਂ ਕੇ ਕਰਮ ਕਰਿ ਜਨਮ ਮਰਨ ਸੰਸਾ ਨ ਚੁਕਾਵੈ।
੭. ਫਿਰਿ ਕਲਿਜੁਗ ਅੰਦਰਿ ਦੇਹਿ ਧਰਿ ਕਰਮਾਂ ਅੰਦਰਿ ਫੇਰਿ ਫਸਾਵੈ।
੮. ਅਉਸਰੁ ਚੁਕਾ ਹਥ ਨ ਆਵੈ॥੧੫॥

ਪਦ ਅਰਥ - ਮੇਰੁ=ਮਾਲਾ ਵਿਚ ਇੱਕ ਮੋਟਾ ਮਣਕਾ ਹੁੰਦਾ ਹੈ, ਜਿਥੋਂ ਮਾਲਾ ਸ਼ੁਰੂ ਹੁੰਦੀ ਹੈ। ਮਰਮੁ=ਭੇਦ। ਹਉਮੈ=ਅਹੰਕਾਰ। ਅਉਸਰੁ=ਵੇਲਾ, ਸਮਾਂ।

ਅਰਥ - ੧. ਜੁਗ ਜੁਗ ਵਿਚ ਜੀਆਂ ਦਾ ਸ਼ਿਰੋਮਣੀ ਜੀਵ (ਮਨੁਖ) ਵਾਸ਼ਨਾ ਦਾ ਬੱਧਾ ਜਨਮ-ਮਰਨ ਦੇ ਚੱਕਰ ਵਿਚ ਪੈ ਜਾਂਦਾ ਹੈ। ੨. ਫਿਰ ਫਿਰ ਦੇਹ (ਸਰੀਰ) ਬਦਲੀ ਜਾਂਦਾ ਹੈ, (ਪਰ ਕੋਈ) ਗਿਆਨਵਾਨ ਇਸ ਭੇਦ ਨੂੰ ਪਾਉਂਦਾ ਹੈ। ੩. ਸਤਿਜੁਗ ਵਿਚ ਦ੍ਵੈਤ ਤੇ ਭਰਮ ਕਰਕੇ ਅਤੇ ਫਿਰ ਤ੍ਰੇਤੇ ਵਿਚ ਜੂਨੀਆਂ ਪਾਉਂਦਾ ਹੈ। ੪. ਤ੍ਰੇਤੇ ਦੇ ਕਰਮਾਂ ਦੇ ਬੰਧਨਾਂ ਕਰਕੇ ਫਿਰ ਦੁਆਪਰ ਵਿਚ ਆ ਜਨਮ ਧਾਰਦਾ ਹੈ। ੫. ਦੁਆਪਰ ਵਿਚ ਮਮਤਾ (ਮੋਹ) ਤੇ ਅਹੰਕਾਰ ਵਿਚ ਮੈਂ ਮੈਂ ਕਰਨ ਦੇ ਕਾਰਣ ਮਾਂ ਦੇ ਗਰਭ ਵਿਚ ਹੀ ਗਲ ਜਾਂਦਾ ਹੈ। ੬. (ਫਿਰ) ਤਿੰਨਾਂ ਜੁਗਾਂ ਦੇ ਕਰਮਾਂ ਕਰਕੇ ਜਨਮ ਮਰਨ ਦਾ ਸੰਸਾ (ਭਰਮ) ਦੂਰ ਨਹੀਂ ਹੁੰਦਾ। ੭. ਫਿਰ ਕਲਜੁਗ ਵਿਚ ਆਣ ਕੇ ਦੇਹ (ਸਰੀਰ) ਧਾਰਦਾ ਹੈ। ਕਰਮਾਂ ਵਿਚ ਫੇਰ ਫਸ ਜਾਂਦਾ ਹੈ। ੮. (ਪਰ) ਸਮੇਂ ਤੋਂ ਖੁੰਝੇ ਹੋਏ ਨੂੰ (ਮੁੜ ਵੇਲਾ) ਹੱਥ ਨਹੀਂ ਆਉਂਦਾ॥੧੫॥

੧੬. ਕਲਿਜੁਗ ਨਾਮ ਦੇ ਆਸਰੇ ਹੈ

੧. ਕਲਿਜੁਗ ਕੀ ਸੁਣ ਸਾਧਨਾ ਕਰਮ ਕਿਰਤਿ ਕੀ ਚਲੈ ਨ ਕਾਈ।
੨. ਬਿਨਾ ਭਜਨ ਭਗਵਾਨ ਕੇ ਭਾਉ ਭਗਤਿ ਬਿਨੁ ਠਉੜਿ ਨ ਪਾਈ।
੩. ਲਹੇ ਕਮਾਣਾ ਏਤ ਜੁਗਿ ਪਿਛਲੀ ਜੁਗੀਂ ਕਰੀ ਕਮਾਈ।
੪. ਪਾਇਆ ਮਾਨਸ ਦੇਹਿ ਕਉ ਐਥੋਂ ਚੁਕਿਆ ਠੌਰ ਨ ਠਾਈ।
੫. ਕਲਿਜੁਗਿ ਕੇ ਉਪਕਾਰ ਸੁਣਿ ਜੈਸੇ ਬੇਦ ਅਥਰਵਣ ਗਾਈ।
੬. ਭਾਉ ਭਗਤਿ ਪਰਵਾਨ ਹੈ ਜਗ ਹੋਮ ਤੇ ਪੁਰਬ ਕਮਾਈ।
੭. ਕਰਿਕੇ ਨੀਚ ਸਦਾਵਣਾ ਤਾਂ ਪ੍ਰਭੁ ਲੇਖੈ ਅੰਦਰਿ ਪਾਈ।
੮. ਕਲਿਜੁਗਿ ਨਾਵੈ ਕੀ ਵਡਿਆਈ॥੧੬॥

ਪਦ ਅਰਥ - ਕਰਮ ਕਿਰਤਿ=ਕਰਮਾਂ ਦੀ ਸਾਧਨਾ। ਕਮਾਣਾ=ਕੀਤੀ ਕਮਾਈ ਦਾ ਫਲ। ਭਾਉ ਭਗਤਿ=ਪ੍ਰੇਮਾ-ਭਗਤੀ।

ਅਰਥ - ੧. ਕਲਿਜੁਗ ਦੀ ਘਾਲਣਾ ਦਾ ਹਾਲ ਸੁਣੋ ਕਿ ਇਸ ਵਿਚ (ਨਿਰੇ) ਕਰਮਾਂ ਦੀ ਕਮਾਈ

ਦੀ ਕੋਈ ਪੇਸ਼ ਨਹੀਂ ਜਾਂਦੀ। ੨. ਪ੍ਰਭੂ ਦੇ ਸਿਮਰਨ ਤੇ ਪ੍ਰੇਮਾ-ਭਗਤੀ ਤੋਂ ਬਿਨਾਂ, ਹੋਰ ਕੋਈ (ਐਸਾ ਆਸਰਾ) ਥਾਂ ਨਹੀਂ, (ਜਿਥੇ ਮਨੁੱਖ) ਠਹਿਰ ਸਕੇ। ੩. ਪਿਛਲੇ ਜੁਗਾਂ ਦੀ ਕੀਤੀ ਕਮਾਈ ਦਾ ਫਲ ਏਸ ਜੁਗ ਵਿਚ ਪ੍ਰਾਪਤ ਕੀਤਾ (ਭਾਵ ਜੋ) ਮਨੁਖਾ ਜਨਮ ਮਿਲਿਆ ਹੈ, (ਇਹ ਪਿਛਲੇ ਜੁਗਾਂ ਦੀ ਕਮਾਈ ਹੈ)। ੪. ਜੇ ਇਸ ਜੁਗ ਵਿਚ ਭਗਤੀ ਨਾ ਕੀਤੀ, ਤਾਂ ਫਿਰ ਇਹ ਗਿਆ (ਸਮਾਂ ਮੁੜ ਹੱਥ ਨਹੀਂ ਆਉਣਾ) ਠਹਿਰਨ ਨੂੰ ਥਾਂ ਨਹੀਂ ਮਿਲਣਾ। ੫. ਕਲਜੁਗ ਦੇ ਉਪਕਾਰ ਸੁਣੋ, ਜਿਸ ਤਰ੍ਹਾਂ ਕਿ ਅਥਰਬਣ ਵੇਦ ਭੀ ਗਾ ਕੇ ਦੱਸ ਰਿਹਾ ਹੈ। ੬. (ਏਸ ਜੁਗ) ਵਿਚ ਤਾਂ ਭਾਉ ਭਗਤੀ ਹੀ ਪਰਵਾਣ ਹੈ, ਜੱਗ ਤੇ ਹੋਮ (ਨਹੀਂ, ਜੋ) ਪਿਛਲੇ ਜੁਗਾਂ ਦੀ ਕਮਾਈ ਸੀ। ੭. (ਇਸ ਜੁਗ ਵਿਚ ਪ੍ਰੇਮਾ-ਭਗਤੀ ਕਰਕੇ ਨਿਮ੍ਰਤਾ ਵਿਚ ਰਹੇ ਤਾਂ ਪਰਮੇਸ਼ਰ (ਇਸ ਕਮਾਈ ਨੂੰ) ਲੇਖੇ ਪਾਉਂਦਾ ਹੈ। ੮. ਕਲਜੁਗ ਵਿਚ ਤਾਂ ਕੇਵਲ ਨਾਮ ਸਿਮਰਨ ਦੀ ਵਡਿਆਈ ਹੈ॥੧੬॥

੧੭. ਜੁਗ ਦੇ ਬਦਲਣ ਦਾ ਪ੍ਰਭਾਵ

੧. ਜੁਗਿ ਗਰਦੀ ਜਬ ਹੋਵਹੇ ਉਲਟੇ ਜੁਗੁ ਕਿਆ ਹੋਇ ਵਰਤਾਰਾ।
੨. ਉਠੇ ਗਿਲਾਨਿ ਜਗਤਿ ਵਿਚਿ ਵਰਤੇ ਪਾਪ ਭ੍ਰਿਸਟਿ ਸੰਸਾਰਾ।
੩. ਵਰਨਾਵਰਨ ਨ ਭਾਵਨੀ ਖਹਿ ਖਹਿ ਜਲਨ ਬਾਂਸ ਅੰਗਿਆਰਾ।
੪. ਨਿੰਦਿਆ ਚਲੇ ਵੇਦ ਕੀ ਸਮਝਨਿ ਨਹਿ ਅਗਿਆਨਿ ਗੁਬਾਰਾ।
੫. ਬੇਦ ਗਿਰੰਥ ਗੁਰ ਹਟਿ ਹੈ ਜਿਸੁ ਲਗਿ ਭਵਜਲ ਪਾਰਿ ਉਤਾਰਾ।
੬. ਸਤਿਗੁਰ ਬਾਝੁ ਨ ਬੁਝੀਐ ਜਿਚਰੁ ਧਰੇ ਨ ਪ੍ਰਭੁ ਅਵਤਾਰਾ।
੭. ਗੁਰ ਪਰਮੇਸਰੁ ਇਕੁ ਹੈ ਸਚਾ ਸਾਹੁ ਜਗਤੁ ਵਣਜਾਰਾ।
੮. ਚੜੇ ਸੂਰ ਮਿਟਿ ਜਾਇ ਅੰਧਾਰਾ॥੧੭॥

ਪਦ ਅਰਥ - ਜੁਗਿ ਗਰਦੀ=ਜੁਗ ਦਾ ਬਦਲਣਾ। ਗਿਲਾਨਿ=ਸੜ੍ਹਾਂਦ। ਗੁਰ ਹਟਿ=ਗੁਰ ਉਪਦੇਸ਼ ਦਾ ਅਸਥਾਨ। ਭ੍ਰਿਸਟਿ=ਗੰਦਾ।

ਅਰਥ - ੧. ਜਦ ਜੁਗ ਬਦਲੀ ਦਾ ਵੇਲਾ ਆਉਂਦਾ ਹੈ, ਤਾਂ ਜੁਗ ਉਲਟ ਹੋ ਜਾਂਦਾ ਹੈ। ਫੇਰ ਕੀ ਹੁੰਦਾ ਹੈ ? ੨. ਜਗਤ ਵਿਚ ਗਿਲਾਨੀ (ਵੈਰ-ਵਿਰੋਧ ਦਾ ਧੂੰਆਂ ਤੇ ਸੜ੍ਹਾਂਦ) ਉੱਠ ਖਲੋਂਦਾ ਹੈ। ਪਾਪ ਹੀ ਪਾਪ (ਧਰਮ ਤੇ ਸੱਚ ਦੇ ਉਲਟ) ਫੈਲ ਜਾਂਦਾ ਹੈ, ਜਿਸ ਨਾਲ ਸੰਸਾਰ ਭ੍ਰਿਸ਼ਟ (ਗੰਦਾ) ਹੋ ਜਾਂਦਾ ਹੈ। ੩. ਇਕ ਵਰਣ ਨੂੰ ਦੂਜਾ ਵਰਣ ਚੰਗਾ ਨਹੀਂ ਲੱਗਦਾ, ਤੇ ਬਾਂਸਾਂ ਦੇ ਜੰਗਲ ਵਾਂਗ ਖਹਿ ਖਹਿ ਸੜ ਮਰਦੇ ਹਨ। ੪. ਪ੍ਰਭੂ ਦੇ ਸੱਚੇ ਗਿਆਨ ਦੀ ਲੋਕ ਨਿੰਦਾ ਕਰਦੇ ਹਨ ਤੇ ਅਗਿਆਨਤਾ ਦੇ ਘੁੱਪ ਹਨੇਰੇ ਕਾਰਣ ਕਿਸੇ ਨੂੰ ਕੋਈ ਕੁਝ ਨਹੀਂ ਜਾਣਦਾ। ੫. ਬੇਦ ਤੇ ਗ੍ਰੰਥ ਗੁਰੂ ਦੀ ਦੁਕਾਨ ਹੈ, ਜਿਥੋਂ ਸੱਚ ਦੇ ਪ੍ਰਕਾਸ਼ ਦਾ, ਸੌਦਾ (ਉਪਦੇਸ਼) ਮਿਲਦਾ ਹੈ, ਜਿਸ ਦੇ ਸਹਾਰੇ ਭਵਜਲ ਤਰ ਸਕੀਦਾ ਹੈ। ੬. ਸੱਚੇ ਗੁਰੂ ਬਿਨਾਂ ਕੁਛ ਸਮਝ ਨਹੀਂ ਪੈਂਦੀ (ਕਿ ਠੀਕ ਕੀ ਹੈ); ਜਦ ਕਿ ਪ੍ਰਭੂ ਆਪ (ਗੁਰੂ) ਅਵਤਾਰ ਧਾਰ ਕੇ (ਇਸ ਬਿਖੜੀ ਉਲਝਣ

ਨੂੰ) ਆਪ ਨਹੀਂ ਸਮਝਾਉਂਦਾ (ਸੋ ਗੁਰੂ ਲੱਭਿਆਂ ਨਹੀਂ ਮਿਲਦਾ, ਪਰਮੇਸ਼ਰ ਆਪ ਹੀ ਮਿਲਾਉਂਦਾ ਹੈ)। ੭. (ਠੀਕ ਸਮਝ ਲੈਣਾ ਚਾਹੀਦਾ ਹੈ ਕਿ) ਗੁਰੂ ਪਰਮੇਸ਼ਰ ਦਾ ਰੂਪ ਇੱਕ ਹੀ ਹੈ (ਤੇ ਗੁਰੂ ਹੀ ਇੱਕ) ਸੱਚਾ ਸ਼ਾਹ ਹੈ, ਜਗਤ ਵਣਜਾਰਾ ਹੈ। (ਸੱਚੇ ਉਪਦੇਸ਼ ਦਾ ਸੌਦਾ ਖਰੀਦ ਕੇ ਇਸ ਸੰਸੇ ਤੇ ਭਰਮ ਦੇ ਭਵਜਲ ਸੰਸਾਰ ਤੋਂ ਪਾਰ ਹੋਈਦਾ ਹੈ)। ੮. (ਗੁਰੂ ਦਾ ਮਿਲਣਾ ਇਉਂ ਹੀ ਜਾਣੋ ਕਿ ਜਿਵੇਂ) ਸੂਰਜ ਦੇ ਚੜ੍ਹਨ ਨਾਲ ਹਨੇਰਾ ਦੂਰ ਹੋ ਜਾਂਦਾ ਹੈ, ਇਵੇਂ ਹੀ ਗੁਰੂ ਦੇ ਮਿਲਿਆਂ ਅਗਿਆਨ ਦਾ ਹਨੇਰਾ ਨਾਸ ਹੋ ਜਾਂਦਾ ਹੈ॥ ੧੭॥

੧੮. ਕਲਿਜੁਗ ਬੇਸਮਝੀ ਦਾ ਸਾਗਰ ਹੈ

੧. ਕਲਿਜੁਗਿ ਬੋਧੁ ਅਉਤਾਰੁ ਹੈ ਬੋਧੁ ਅਬੋਧੁ ਨ ਦ੍ਰਿਸਟੀ ਆਵੈ।
੨. ਕੋਇ ਨ ਕਿਸੈ ਵਰਜਈ ਸੋਈ ਕਰੇ ਜੋਈ ਮਨਿ ਭਾਵੈ।
੩. ਕਿਸੇ ਪੁਜਾਈ ਸਿਲਾ ਸੁੰਨਿ ਕੋਈ ਗੋਰੀ ਮੜ੍ਹੀ ਪੁਜਾਵੈ।
੪. ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ।
੫. ਆਪੋ ਧਾਪੀ ਹੋਇ ਕੈ ਨਿਆਰੇ ਨਿਆਰੇ ਧਰਮ ਚਲਾਵੈ।
੬. ਕੋਈ ਪੂਜੈ ਚੰਦੁ ਸੂਰੁ ਕੋਈ ਧਰਤਿ ਅਕਾਸੁ ਮਨਾਵੈ।
੭. ਪਉਣੁ ਪਾਣੀ ਬੈਸੰਤਰੋ ਧਰਮਰਾਜ ਕੋਈ ਤ੍ਰਿਪਤਾਵੈ।
੮. ਫੋਕਟਿ ਧਰਮੀ ਭਰਮਿ ਭੁਲਾਵੈ॥੧੮॥

ਪਦ ਅਰਥ - ਬੋਧੁ=ਅਗਿਆਨ। ਫੋਕਟਿ=ਨਿਕੰਮੇ।

ਅਰਥ - ੧. ਕਲਜੁਗ (ਵਿਚ ਬਹੁਗਿਣਤੀ) ਬੋਧ (ਗਿਆਨ ਤੋਂ ਹੀਣਿਆਂ ਦੇ) ਜੰਮੇ ਹੋਇਆਂ ਦੀ ਹੈ, ਜਿਨ੍ਹਾਂ ਨੂੰ ਚੰਗੇ ਮੰਦੇ ਦੀ ਕੋਈ ਪਛਾਣ (ਨਜ਼ਰ) ਨਹੀਂ। ੨. ਕੋਈ ਕਿਸੇ ਨੂੰ (ਬੁਰੇ ਜਾਂ ਵੈਰ ਵਿਰੋਧ ਵਾਲੇ ਕੰਮ ਕਰਨ ਤੋਂ) ਰੋਕਦਾ ਨਹੀਂ ਜੋ ਕਿਸੇ ਦੇ ਮਨ ਨੂੰ ਚੰਗਾ ਲੱਗੇ, ਓਹੀਓ ਕਰਦਾ ਹੈ। ੩. (ਜਿਵੇਂ) ਕੋਈ ਤਾਂ ਜੜ੍ਹ ਪੱਥਰ ਦੀ ਪੂਜਾ ਕਰਦਾ ਹੈ, ਕੋਈ ਕਬਰਾਂ ਤੇ ਮੜ੍ਹੀਆਂ ਦੀ ਪੂਜਾ ਕਰੀ ਜਾ ਰਿਹਾ ਹੈ। ੪. (ਕੋਈ) ਤੰਤ੍ਰਾਂ ਮੰਤ੍ਰਾਂ (ਟੂਣੇ ਆਦਿਕਾਂ) ਦੇ ਪਾਖੰਡ ਕਰਦਾ ਹੈ। (ਇਸ ਤਰ੍ਹਾਂ) ਕਲੇਸ਼ (ਕਲ੍ਹਾ) ਤੇ (ਕੋਈ) ਵੈਰ ਵਿਰੋਧ ਦੇ ਝਗੜਿਆਂ ਨੂੰ ਵਧਾ ਰਿਹਾ ਹੈ। ੫. ਆਪੋ ਧਾਪੀ ਲੱਗ ਕੇ, ਸਭ ਵੱਖ ਵੱਖ ਕਰਮਾਂ ਧਰਮਾਂ ਨੂੰ ਚਲਾ ਰਹੇ ਹਨ। ੬. ਕੋਈ ਚੰਦਰਮਾਂ ਨੂੰ ਪੂਜਦਾ ਹੈ, ਕੋਈ ਸੂਰਜ ਨੂੰ, ਤੇ ਕੋਈ ਧਰਤੀ ਤੇ ਆਕਾਸ਼ ਦੀ ਹੀ ਮਾਨਤਾ (ਪੂਜਾ) ਕਰੀ ਜਾ ਰਿਹਾ ਹੈ, (ਭਾਵ ਜੋ ਕੁਝ ਹੈ, ਸਭ ਇਹੋ ਹੈ, ਹੋਰ ਕੁਝ ਨਹੀਂ) ੭. ਕੋਈ ਹਵਾ, ਕੋਈ ਪਾਣੀ, ਕੋਈ ਅੱਗ ਤੇ ਕੋਈ ਧਰਮ ਰਾਜ ਦੀ ਪੂਜਾ ਕਰ ਉਸ ਨੂੰ ਰੀਝਾਉਣ ਦੇ ਜਤਨਾਂ ਵਿਚ ਲੱਗਾ ਹੋਇਆ ਹੈ। ੮. (ਭਾਈ ਸਾਹਿਬ ਕਹਿੰਦੇ ਹਨ ਕਿ ਕਲਜੁਗ ਵਿਚ ਆਪੋ ਧਾਪੀ ਪਈ ਹੋਈ ਹੈ, ਇਸ ਲਈ ਇਹ ਸਭ) ਫੋਕੇ ਤੇ ਨਿਕੰਮੇ ਧਰਮਾਂ ਦੇ ਭਰਮਾਂ ਵਿਚ ਭੁੱਲੇ ਪਏ ਹਨ, (ਅਸਲੀਅਤ ਤੋਂ ਬਹੁਤ ਦੂਰ ਹਨੇਰੇ ਵਿਚ ਟੱਕਰਾਂ ਮਾਰ ਰਹੇ ਹਨ)॥ ੧੮॥

੧੯. ਚਲ ਰਹੇ ਭੇਖਾਂ ਦਾ ਵਰਣਨ

੧. ਭਈ ਗਿਲਾਨਿ ਜਗਤ੍ਰਿ ਵਿਚਿ ਚਾਰਿ ਵਰਨਿ ਆਸ੍ਰਮ ਉਪਾਏ।
੨. ਦਸਿ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ।
੩. ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ।
੪. ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।
੫. ਖਟੁ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ।
੬. ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ।
੭. ਇਕਸਿ ਤੇ ਬਹੁ ਰੂਪਿ ਕਰਿ ਰੂਪਿ ਕੁਰੂਪੀ ਘਣੇ ਦਿਖਾਏ।
੮. ਕਲਿਜੁਗਿ ਅੰਦਰਿ ਭਰਮਿ ਭੁਲਾਏ॥੧੯॥

ਪਦ ਅਰਥ - ਗਿਲਾਨਿ=ਇੱਕ ਦੂਜੇ ਤੋਂ ਨਫਰਤ। ਦਿਗੰਬਰਿ=ਜੈਨੀ। ਤੰਤ ਮੰਤ=ਤਵੀਤ, ਧਾਗੇ।

ਅਰਥ - ੧. ਜਗਤ ਵਿਚ ਵੱਡੀ ਗਿਲਾਨੀ (ਵੈਰ ਵਿਰੋਧ ਤੇ ਭੇਖਾਂ ਦੀ ਬਹੁਗਿਣਤੀ-) ਉੱਠ ਪਈ, ਚਾਰ ਵਰਣ, (ਖੱਤ੍ਰੀ ਬ੍ਰਾਹਮਣ, ਵੈਸ਼ ਤੇ ਸ਼ੂਦਰ) ਚਾਰ ਆਸ਼੍ਰਮ (ਬ੍ਰਹਮਚਾਰੀ, ਗ੍ਰਿਹਸਥੀ, ਬਾਨਪ੍ਰਸਤੀ ਤੇ ਸੰਨਿਆਸੀ) ਪੈਦਾ ਹੋ ਗਏ। ੨. ਸੰਨਿਆਸੀਆਂ ਨੇ ੧੦ ਤੇ ਜੋਗੀਆਂ ਨੇ ਆਪਣੇ ੧੨ ਪੰਥ ਕਾਇਮ ਕਰ ਲਏ। ੩. ਜੰਗਮਾਂ (ਨਾਂਗਿਆਂ) ਸਰੇਵੜੇ ਤੇ ਜੈਨੀਆਂ ਨੇ ਝਗੜੇ ਖੜ੍ਹੇ ਕਰ ਦਿੱਤੇ। ੪. ਬ੍ਰਾਹਮਣਾਂ ਨੇ ਵੇਦਾਂ ਤੇ ਪੁਰਾਣਾਂ ਦੇ ਵੱਖੋ ਵੱਖਰੇ ਸਿਧਾਂਤਾਂ ਦੀ (ਬਹਿਸ ਤੇ ਚਰਚਾ) ਸ਼ੁਰੂ ਕਰ ਦਿੱਤੀ। ਸਾਰ ਵਸਤੂ ਤੋਂ ਸਭੇ ਖਿੜਕ ਗਏ। ੫. ਫਿਰ ਛੇ ਸ਼ਾਸਤ੍ਰਾਂ ਦੇ ਵੱਖੋ ਵੱਖਰੇ ਗਿਆਨਾਂ ਵਿਚ ਟਾਕਰਾ ਹੋ ਗਿਆ, ਜਿਨ੍ਹਾਂ ਵਿਚ ਬ੍ਰਾਹਮਣਾਂ ਨੇ ਆਪਣੇ ਕੋਲੋਂ ਛੱਤੀ ਪ੍ਰਕਾਰ ਦੇ ਪਾਖੰਡ ਰਲਾ ਦਿੱਤੇ। ੬. ਤਵੀਤ ਧਾਗੇ ਤੇ ਮੰਤਰਾਂ ਰੂਪ ਦੁਆਈਆਂ ਤੇ ਕਰਾਮਾਤਾਂ ਦੀ ਕਾਲਖ ਨੇ ਇਨ੍ਹਾਂ ਸਭ ਨੂੰ ਲਿਬੇੜ ਕੇ ਰੱਖ ਦਿੱਤਾ। ੭. ਇੱਕ ਰੂਪ (ਭਾਵ ਇਕੋ ਹੀ ਕਥਨ) ਦੇ ਕਈ ਕਈ ਭਾਵ ਤੇ ਭੇਖ, ਭਲੇ ਬੁਰੇ ਦੇ ਰੂਪ ਵਿਚ ਕਥਨ ਕਰ ਦਿੱਤੇ। (ਸਾਂਗ, ਨਕਲ ਕਰਨ ਦਾ ਰਿਵਾਜ਼ ਚਲਾ ਦਿੱਤਾ, ਕਈ ਰਾਸਧਾਰੀਏ ਬਣ ਗਏ, ਸੋ ਇਉਂ) ੮. ਕਲਜੁਗ ਵਿਚ ਸਭ ਲੋਕ ਭਰਮ-ਭੁਲੇਖਿਆਂ ਦੇ ਚੱਕਰ ਵਿਚ ਪੈ ਗਏ॥ ੧੯॥

੨੦. ਮੁਸਲਮਾਨੀ ਮਤ

੧. ਬਹੁ ਵਾਟੀ ਜਗਿ ਚਲੀਆ ਤਬ ਹੀ ਭਏ ਮੁਹੰਮਦਿ ਯਾਰਾ।
੨. ਕਉਮਿ ਬਹਤਰਿ ਸੰਗਿ ਕਰਿ ਬਹੁ ਬਿਧਿ ਵੈਰੁ ਵਿਰੋਧੁ ਪਸਾਰਾ।
੩. ਰੋਜੇ ਈਦ ਨਿਮਾਜਿ ਕਰਿ ਕਰਮੀ ਬੰਦਿ ਕੀਆ ਸੰਸਾਰਾ।

੪. ਪੀਰ ਪੈਕੰਬਰਿ ਅਉਲੀਏ ਗਉਸਿ ਕੁਤਬ ਬਹੁ ਭੇਖ ਸਵਾਰਾ।
੫. ਠਾਕੁਰ ਦੁਆਰੇ ਢਾਹਿ ਕੈ ਤਿਹਿ ਠਉੜੀ ਮਾਸੀਤਿ ਉਸਾਰਾ।
੬. ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।
੭. ਕਾਫਰਿ ਮੁਲਹਦਿ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ।
੮. ਪਾਪੇ ਦਾ ਵਰਤਿਆ ਵਰਤਾਰਾ॥੨੦॥

ਪਦ ਅਰਥ - ਬਹੁ ਵਾਟੀ=ਬਹੁਤੇ ਰਾਹ (ਭੇਖ)। ਤਿਹਿ ਠਉੜੀ=ਤਿਨ੍ਹਾਂ ਦੀ ਥਾਂ। ਮੁਲਹਦਿ=ਬੇਈਮਾਨ।

ਅਰਥ - ੧. (ਜਿਸ ਸਮੇਂ) ਹਜ਼ਰਤ ਮੁਹੰਮਦ ਤੇ ਉਸਦੇ ਯਾਰ (ਅਬੂਬਕਰ ਸਦੀਕ, ਉਮਰ ਫਾਰੂਕ, ਉਸਮਾਨ ਗਨੀ, ਹਜ਼ਰਤ ਅਲੀ) ਹੋਏ, ਉਦੋਂ (ਮੁਸਲਮਾਨੀ ਮਜ਼ਹਬ ਦੇ) ਅਨੇਕਾਂ ਰਾਹ (ਰਸਤੇ) ਚਲ ਪਏ। ੨. ੭੨ ਫਿਰਕਿਆਂ (ਕੌਮਾਂ) ਦੀ ਵੰਡ ਕੀਤੀ, ਤੇ ਬੜੀ ਤਰ੍ਹਾਂ ਦਾ ਵੈਰ-ਭਾਵ ਪੈਦਾ ਕਰ ਦਿੱਤਾ। ੩. ਰੋਜ਼ੇ, ਈਦ, (੩੦ ਰੋਜ਼ਿਆਂ ਮਗਰੋਂ ਈਦ) ਤੇ (ਪੰਜ) ਨਿਮਾਜ਼ਾਂ ਥਾਪ ਕੇ, ਇਨ੍ਹਾਂ ਕਰਮ-ਕਾਂਡਾਂ ਵਿਚ ਸੰਸਾਰ ਨੂੰ ਕੈਦ ਕਰ ਦਿੱਤਾ। ੪. ਪੀਰ, ਪੈਕੰਬਰ, ਅਉਲੀਏ, ਗਉਸ ਤੇ ਕੁਤਬ ਆਦਿ ਭੇਖਾਂ ਵਿਚ ਸਾਰੀ ਮੁਸਲਮਾਨੀ ਕੌਮ ਨੂੰ ਵੰਡ ਦਿੱਤਾ। ੫. (ਅਭਿਮਾਨ ਏਨਾ ਵਧਿਆ ਕਿ ਹਿੰਦੂਆਂ ਦੇ) ਠਾਕੁਰ ਦਵਾਰੇ ਢਾਹ ਕੇ ਉਨ੍ਹਾਂ ਦੀ ਥਾਂ ਮਸੀਤਾਂ ਉਸਾਰ ਦਿੱਤੀਆਂ (ਏਨਾ ਜ਼ੋਰ ਜ਼ਬਰ ਇਨ੍ਹਾਂ ਵੱਲੋਂ ਕੀਤਾ ਜਾਣ ਲੱਗਾ)। ੬. ਗਊ ਅਤੇ ਗਰੀਬਾਂ ਨੂੰ (ਨਿਰਦਈਆਂ ਵਾਂਗ, ਸ਼ਰਾ ਦਾ ਕਲਮਾਂ ਪੜ੍ਹਕੇ) ਕੋਹਣ ਲੱਗ ਪਏ, ਇਉਂ ਧਰਤੀ 'ਤੇ ਭਾਰਾ ਪਾਪ ਹੋਣ ਲੱਗ ਪਿਆ। ੭. ਕਾਫ਼ਰ ਤੇ ਬੇਈਮਾਨ (ਦੇ ਸ਼ਬਦ ਵਿਰੋਧੀਆਂ ਲਈ ਘੜ ਲਏ ਗਏ)। ਰੂਮੀ ਤੇ ਆਰਮੀਨੀ (ਦੇਸ਼ ਭੇਦ ਕਰ ਦਿੱਤੇ) ਤੇ ਇਸਤ੍ਰੀ ਜ਼ਾਤੀ ਦੇ ਦੁਸ਼ਮਨ ਬਣ ਗਏ, (ਔਰਤਾਂ ਦੀ ਬੇਪਤੀ ਆਮ ਹੋਣ ਲੱਗੀ, ਜਿਧਰ ਕਿਧਰ ਇਸਤ੍ਰੀਆਂ ਕੇਵਲ ਕਾਮ ਵਾਸ਼ਨਾ ਦੇ ਜ਼ੁਲਮ ਦਾ ਸ਼ਿਕਾਰ ਹੋਣ ਲੱਗੀਆਂ)। ੮. ਇਉਂ ਪਾਪ ਦਾ ਪਸਾਰਾ ਪਸਰ ਗਿਆ॥ ੨੦॥

੨੧. *ਹਿੰਦੂ ਤੇ ਮੁਸਲਮਾਨ ਦਾ ਹਾਲ*

੧. ਚਾਰਿ ਵਰਨਿ ਚਾਰਿ ਮਜਹਬਾਂ ਜਗਿ ਵਿਚਿ ਹਿੰਦੂ ਮੁਸਲਮਾਣੇ।
੨. ਖੁਦੀ ਬਖੀਲਿ ਤਕਬਰੀ ਖਿੰਚੋਤਾਣਿ ਕਰੇਨਿ ਧਿਙਾਣੇ।
੩. ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ।
੪. ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
੫. ਰਾਮ ਰਹੀਮ ਕਹਾਇਦੇ ਇਕੁ ਨਾਮੁ ਦੁਇ ਰਾਹ ਭੁਲਾਣੇ।
੬. ਬੇਦ ਕਤੇਬ ਭੁਲਾਇ ਕੈ ਮੋਹੇ ਲਾਲਚ ਦੁਨੀ ਸੈਤਾਣੇ।

੭. ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਮ੍ਹਣਿ ਮਉਲਾਣੇ।
੮. ਸਿਰੋ ਨ ਮਿਟੇ ਆਵਣਿ ਜਾਣੇ॥ ੨੧॥

ਪਦ ਅਰਥ - ਖੁਦੀ=ਹੰਕਾਰ। ਖਿੰਚੋਤਾਣਿ=ਆਪਣੇ ਪਾਸੇ ਦੀ ਖਿੱਚਾ ਖਿੱਚੀ।

ਅਰਥ - ੧. ਚਾਰ ਵਰਣ ਹਿੰਦੂਆਂ ਦੇ ਤੇ ਚਾਰ ਮਜ਼ਹਬ ਮੁਸਲਮਾਨਾਂ ਦੇ ਸੰਸਾਰ ਵਿਚ ਸਨ। ੨. ਖੁਦੀ, ਬਖੀਲੀ (ਹੰਕਾਰ ਤੇ ਈਰਖਾ) ਜ਼ੋਰ ਦਾ ਮਾਣ, (ਇਨ੍ਹਾਂ ਔਗੁਣਾਂ ਦੇ ਸ਼ਿਕਾਰ ਹੋ ਕੇ ਦੋਵੇਂ ਧਰਮ) ਖਿਚੋਤਾਣ ਤੇ ਧਿੰਗਾ ਜ਼ੋਰੀ (ਆਪੋ ਆਪਣੇ) ਲਈ ਕਰ ਰਹੇ ਸਨ। ੩. ਹਿੰਦੂਆਂ ਨੇ ਗੰਗਾ ਤੇ ਕਾਂਸ਼ੀ ਅਤੇ ਮੁਸਲਮਾਨਾਂ ਨੇ ਮੱਕੇ ਕਾਬਾ ਨੂੰ (ਆਪੋ ਆਪਣੀ ਪੂਜਾ ਦਾ ਕੇਂਦਰ) ਮੰਨ ਲਿਆ। ੪. ਮੁਸਲਮਾਨਾਂ ਵਲੋਂ ਸੁੰਨਤ ਹੋਣ ਲੱਗੀ ਤੇ ਹਿੰਦੂ ਤਿਲਕ ਜੰਞੂ ਦੇ ਹੀ ਪ੍ਰੇਮੀ ਸਨ। ੫. ਰਾਮ ਤੇ ਰਹੀਮ, ਨਾਮ ਤਾਂ ਇਹ ਇਕੋ (ਪ੍ਰਭੂ ਦਾ) ਹੀ ਸੀ, (ਪਰ ਇਨ੍ਹਾਂ ਦੋਹਾਂ ਨੇ) ਦੋ ਬਣਾ ਲਏ (ਤੇ ਭੁਲ ਵਿਚ ਪੈ ਕੇ ਇਨ੍ਹਾਂ ਨੇ) ਦੋ ਰਸਤੇ ਚਲਾ ਦਿੱਤੇ, (ਜੋ ਭਰਮ ਤੇ ਭੁਲ ਵਾਲੇ ਬਣ ਗਏ—ਵਿਰੋਧ ਤੇ ਈਰਖਾ ਨੇ ਦੋਹਾਂ ਨੂੰ ਗਲਤ ਕਰ ਦਿੱਤਾ)। ੬. ਦੋਵੇਂ ਬੇਦ ਤੇ ਕਤੇਬ ਦੀ (ਸੱਚੀ ਸਿੱਖਿਆ ਭੁਲਾ ਕੇ, ਵੈਰ ਵਿਰੋਧ ਦੀ) ਸ਼ੈਤਾਨੀ ਦੁਨੀਆਂ ਦੇ ਲਾਲਚ ਵਿਚ ਫਸ ਗਏ। ੭. ਸੱਚ (ਦੋਹਾਂ ਨਾਲੋਂ) ਇੱਕ ਪਾਸੇ ਰਹਿ ਗਿਆ, ਤੇ ਬ੍ਰਾਹਮਣ ਮਉਲਾਣੇ (ਚਰਚਾ ਤੇ ਬਹਿਸਾਂ ਕਰਦੇ) ਖਹਿ ਖਹਿ ਕੇ ਮਰਨ ਮਾਰਨ ਤਕ ਜਾਣ ਲੱਗੇ। ੮. (ਧਰਮ ਤਾਂ ਚਉਰਾਸੀ ਦੇ ਗੇੜ ਤੋਂ ਬਚ ਜਾਣ ਲਈ ਸੀ, (ਪਰ) ਇਨ੍ਹਾਂ ਦੇ ਸਿਰੋਂ ਚਉਰਾਸੀ ਦਾ ਚੱਕਰ ਕਿਸੇ ਹਾਲਤ ਵਿਚ ਵੀ ਮਿਟ ਨਾ ਸਕਿਆ॥ ੨੧॥

੨੨. ਧਰਮ ਤੇ ਧਰਤੀ ਦੀ ਪੁਕਾਰ

੧. ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਪ੍ਰਭੁ ਆਪੇ ਹੋਆ।
੨. ਆਪੇ ਪਟੀ ਕਲਮਿ ਆਪਿ ਆਪੇ ਲਿਖਣਿਹਾਰਾ ਹੋਆ।
੩. ਬਾਝੁ ਗੁਰੂ ਅੰਧੇਰੁ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ।
੪. ਵਰਤਿਆ ਪਾਪੁ ਜਗਤ੍ਰਿ ਤੇ ਧਉਲੁ ਉਡੀਣਾ ਨਿਸਿਦਿਨਿ ਰੋਆ।
੫. ਬਾਝੁ ਦਇਆ ਬਲਹੀਣ ਹੋਇ ਨਿਘਰੁ ਚਲੇ ਰਸਾਤਲਿ ਟੋਆ।
੬. ਖੜਾ ਇਕਤੇ ਪੈਰਿ ਤੇ ਪਾਪ ਸੰਗਿ ਬਹੁ ਭਾਰਾ ਹੋਆ।
੭. ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ।
੮. ਧਰਮ ਧਉਲੁ ਪੁਕਾਰੈ ਤਲੈ ਖੜੋਆ॥ ੨੨॥

ਪਦ ਅਰਥ - ਪੰਚਾਇਣੁ=ਨਿਆਉਂ ਕਰਨ ਵਾਲਾ। ਰਸਾਤਲਿ=ਪਾਤਾਲ ਰੂਪੀ ਟੋਏ ਵਿਚ।

ਅਰਥ - ੧. ਚਹੁੰ ਜੁਗਾਂ ਵਿਚ ਚਾਰੇ ਜਾਗੇ, ਤੇ ਪ੍ਰਭੂ ਜੀ ਆਪ ਹੀ ਸਭ ਨਿਆਉਂ ਕਰਨ ਵਾਲੇ ਸਨ। ੨. (ਉਹ ਪ੍ਰਭੂ) ਆਪੇ ਹੀ ਪੱਟੀ, ਆਪੇ ਕਲਮ, ਤੇ ਆਪ ਹੀ ਲਿਖਣ ਵਾਲਾ (ਭਾਵ ਕਰਨ ਕਾਰਨ)

ਸੀ। ੩. (ਹੁਣ ਕਲਜੁਗ ਵਿਚ) ਬਿਨਾਂ ਗੁਰੂ ਤੋਂ (ਸਭ ਪਾਸੇ) ਹਨੇਰਾ ਹੀ ਹਨੇਰਾ ਸੀ, ਲੋਕ ਅਨੇਕ ਤਰ੍ਹਾਂ ਨਾਲ ਖਹਿ ਖਹਿ (ਲੜਾਈ ਭੜਾਈ ਕਰਦੇ) ਮਰ ਰਹੇ ਸਨ। ੪. ਜਗਤ ਦੇ ਸਭ ਪਾਸੇ ਪਾਪ ਹੀ ਪਾਪ ਪਸਰ ਗਿਆ। ਧਰਮ ਰੂਪੀ ਧਉਲ ਰਾਤ ਦਿਨੇ ਰੋਂਦਾ ਤੇ ਕੁਰਲਾਂਦਾ ਸੀ। ੫. (ਦੁਨੀਆਂ) ਦਇਆਹੀਨ ਹੋ ਗਈ ਸੀ, (ਇਸ ਲਈ, ਦਇਆ ਤੋਂ ਬਿਨਾਂ) ਕਮਜ਼ੋਰ ਹੋ, ਰਸਾਤਲ ਵਰਗੇ ਟੋਏ ਵਿਚ ਨਿਘਰਦੀ (ਧਸਦੀ) ਜਾ ਰਹੀ ਸੀ। ੬. (ਕਲਜੁਗ ਵਿਚ ਧਰਮ ਦਾ ਇਕੋ ਪੈਰ ਸੀ ਸੋ) ਇਕੋ ਪੈਰ 'ਤੇ ਖੜੋਤਾ ਪਾਪਾਂ ਨਾਲ ਹੋਰ ਭਾਰਾ ਹੋ ਰਿਹਾ ਸੀ। ੭. (ਭਾਰਾ ਹੋ ਥੱਲੇ ਹੀ ਥੱਲੇ ਜਾ ਰਿਹਾ ਸੀ, ਜਿਥੇ) ਸਾਧੂ (ਪਰਮੇਸ਼ਰ ਦੇ ਸੱਚੇ ਸਾਧੂ) ਤੋਂ ਬਿਨਾਂ ਕੌਣ ਗਰਕ ਹੋਣੋਂ ਥੰਮ੍ਹ ਸਕਦਾ ਸੀ (ਕਿਉਂਕਿ) ਸਾਧੂ ਇਸ ਸਮੇਂ ਕੋਈ ਨਜ਼ਰ ਨਹੀਂ ਆ ਰਿਹਾ। ੮. ਇਸ ਲਈ ਧਰਮ ਰੂਪੀ ਧਉਲ ਥੱਲੇ ਨਿਘਰਦਾ (ਪ੍ਰਭੂ ਅੱਗੇ) ਪੁਕਾਰਾਂ ਕਰ ਰਿਹਾ ਸੀ (ਕਿ ਮੈਨੂੰ ਬਚਾ ਲਓ, ਮੈਨੂੰ ਪਾਪਾਂ ਦੇ ਭਾਰ ਨੇ ਬਸ ਹੁਣ ਡੋਬ ਹੀ ਦੇਣਾ ਹੈ)॥ ੨੨॥

੨੩. ਗੁਰੂ ਨਾਨਕ ਅਵਤਾਰ

੧. ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।
੨. ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤੁ ਸਿਖਾਂ ਪੀਲਾਇਆ।
੩. ਪਾਰਬ੍ਰਹਮੁ ਪੂਰਨ ਬ੍ਰਹਮੁ ਕਲਿਜੁਗਿ ਅੰਦਰਿ ਇਕੁ ਦਿਖਾਇਆ।
੪. ਚਾਰੇ ਪੈਰ ਧਰੱਮ ਦੇ ਚਾਰਿ ਵਰਨਿ ਇਕੁ ਵਰਨੁ ਕਰਾਇਆ।
੫. ਰਾਣਾ ਰੰਕੁ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ।
੬. ਉਲਟਾ ਖੇਲੁ ਪਿਰੰਮ ਦਾ ਪੈਰਾ ਉਪਰਿ ਸੀਸੁ ਨਿਵਾਇਆ।
੭. ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰੁ ਸੁਣਾਇਆ।
੮. ਕਲਿ ਤਾਰਣ ਗੁਰੁ ਨਾਨਕੁ ਆਇਆ॥ ੨੩॥

ਪਦ ਅਰਥ - ਚਰਣਾਮ੍ਰਿਤੁ=ਚਰਣਾਂ ਦਾ ਧੋਤਾ ਜਲ, ਚਰਣ ਪਾਹੁਲ। ਰਾਣਾ ਰੰਕੁ=ਅਮੀਰ, ਗਰੀਬ। ਰਹਰਾਸਿ=ਰਹੁਰੀਤੀ। ਪਿਰੰਮ=ਪ੍ਰਭੂ।

ਅਰਥ - ੧. ਦਾਤਾਰ ਪ੍ਰਭੂ ਨੇ (ਦੁੱਖੀ ਧਉਲ ਰੂਪੀ ਧਰਮ ਦੀ) ਪੁਕਾਰ ਸੁਣੀ ਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ (ਦੁਖੀਆਂ ਦੀ ਪੀੜਾ ਹਰਨ ਲਈ) ਸੰਸਾਰ 'ਤੇ ਭੇਜ ਦਿੱਤਾ। ੨. (ਗੁਰੂ ਨਾਨਕ ਦੇਵ ਜੀ ਨੇ ਸੰਸਾਰ ਵਿਚ) ਚਰਣ ਧੋਣ ਦੀ ਰੀਤੀ ਚਲਾ ਕੇ, (ਉਚੇ) ਸਿਰ ਨੂੰ (ਸਭ ਤੋਂ ਨੀਵੇਂ) ਪੈਰਾਂ 'ਤੇ ਨਿਵਣਾਂ ਸਿਖਾ ਕੇ (ਨਿਮ੍ਰਤਾ ਦੀ ਲਹਿਰ ਚਲਾ ਦਿੱਤੀ)। ੩. ਪਾਰਬ੍ਰਹਮ ਪੂਰਨ ਪਰਮੇਸ਼ਰ ਨੂੰ ਕਲਜੁਗ ਵਿਚ (ਕੇਵਲ) ਇੱਕ ਹੈ, ਦਿਖਾ ਦਿੱਤਾ। (ਭਾਵ ਅਨੇਕਤਾ ਵਿਚ ਭਰਮ ਰਹੇ ਜੀਵਾਂ ਨੂੰ ਇੱਕ ਪ੍ਰਭੂ ਦੇ ਲੜ ਲਾ ਦਿੱਤਾ। ੪. ਧਰਮ ਦੇ ਚਾਰੇ ਪੈਰ (ਮੁਕੰਮਲ ਕਰ ਦਿੱਤੇ) ਤੇ ਚਾਰੇ ਵਰਣ ਇੱਕ ਕਰ ਦਿੱਤੇ। (ਭਾਵ ਧਰਮ ਦੇ ਅਭਾਵ ਹੋਏ ਅੰਗਾਂ ਨੂੰ ਆਪਣੇ ਪਵਿਤਰ ਉਪਦੇਸ਼ਾਂ ਨਾਲ, ਉਜਾਗਰ ਕਰ ਦਿੱਤਾ)। ੫. ਗਰੀਬ ਤੇ ਅਮੀਰ

(ਪ੍ਰਭੂ ਦੇ ਇਕਸ ਜੇਹੇ ਪੈਦਾ ਕੀਤੇ ਹੋਏ ਜੀਵ ਹਨ) ਆਪਣੇ ਉਪਦੇਸ਼ਾਂ ਨਾਲ ਇੱਕ ਕਰ ਦਿੱਤੇ, ਪੈਰੀ ਪੈਣਾ ਐਸਾ ਨਿਮ੍ਰਤਾ ਦਾ ਗੁਣ ਦ੍ਰਿੜ੍ਹਾਯਾ ਕਿ ਧਰਮ ਦੇ ਨਾਲ ਭਰਾਤਰੀ ਭਾਵ ਦੀ ਲਹਿਰ ਚਲਾ ਦਿੱਤੀ। ੬. ਇਹ ਪਰਮੇਸ਼ਰ ਦਾ ਹੀ ਇੱਕ ਉਲਟਾ ਜੇਹਾ ਖੇਲ ਸਮਝੋ ਕਿ ਸਿਰ ਨੂੰ ਪੈਰਾਂ ਉਤੇ ਝੁਕਣ ਦੀ ਪ੍ਰਾਪਤੀ ਚਲ ਪਈ। ੭. ਕਲਜੁਗ (ਦੇ ਜੀਵਾਂ ਨੂੰ) ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚੇ ਨਾਮ ਦਾ ਉਪਦੇਸ਼ ਦੇ ਕੇ ਤਾਰ ਦਿੱਤਾ। ੮. (ਸੋ ਇਉਂ) ਗੁਰੂ ਨਾਨਕ ਦੇਵ ਜੀ ਕਲਜੁਗ ਦੇ (ਦੁੱਖੀ) ਜੀਵਾਂ ਦਾ ਉਧਾਰ ਕਰਨ ਲਈ ਸੰਸਾਰ ਵਿਚ ਆਏ॥ ੨੩॥

੨੪. ਗੁਰੂ ਨਾਨਕ ਜੀ ਦਾ ਘਰੋਂ ਚਲਣਾ

੧. ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋ ਦੇ ਫਿਰਿ ਘਾਲਿ ਕਮਾਈ।
੨. ਰੇਤੁ ਅੱਕੁ ਆਹਾਰੁ ਕਰਿ ਰੋੜਾਂ ਕੀ ਗੁਰ ਕਰੀ ਵਿਛਾਈ।
੩. ਭਾਰੀ ਕਰੀ ਤਪੱਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ।
੪. ਬਾਬਾ ਪੈਧਾ ਸਚਿਖੰਡਿ ਨਉਨਿਧਿ ਨਾਮੁ ਗਰੀਬੀ ਪਾਈ।
੫. ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।
੬. ਬਾਝਹੁ ਗੁਰੂ ਗੁਬਾਰੁ ਹੈ ਹੈ ਹੈ ਕਰਦੀ ਸੁਣੀ ਲੁਕਾਈ।
੭. ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।
੮. ਚੜ੍ਹਿਆ ਸੋਧਣਿ ਧਰਤਿ ਲੁਕਾਈ॥ ੨੪॥

ਪਦ ਅਰਥ - ਬਖਸੁ ਦਰਿ=ਧੁਰ ਦਰਗਾਹ ਤੋਂ। ਘਾਲਿ ਕਮਾਈ=ਮਿਹਨਤ, ਘਾਲਣਾ ਘਾਲੀ। ਪੈਧਾ=ਸਤਿਕਾਰਿਆ, ਨਿਵਾਜਿਆ ਗਿਆ, ਪਤ ਦੀ ਪੁਸ਼ਾਕ ਦਿੱਤੀ ਗਈ। ਗੁਬਾਰ=ਹਨੇਰਾ ਹੀ ਹਨੇਰਾ।

ਅਰਥ - ੧. ਗੁਰੂ ਬਾਬੇ ਨੇ ਪਹਿਲੋਂ ਪ੍ਰਭੂ ਦੇ ਦਰੋਂ ਬਖਸ਼ਿਸ਼ ਪ੍ਰਾਪਤ ਕੀਤੀ, ਤੇ ਫਿਰ ਘਾਲ ਕਮਾਈ ਕੀਤੀ। (ਭਾਵ ਪਹਿਲੇ ਪ੍ਰਭੂ ਜੀ ਨੇ ਧਰਤੀ ਨੂੰ ਸੋਧਣ ਦੀ ਥਾਪਣਾ ਦਿੱਤੀ, ਤੇ ਫਿਰ ਗੁਰੂ ਜੀ ਨੇ ਥਾਂ ਪੁਰ ਥਾਂ ਜਾਣ ਦੀ ਘਾਲਣਾ ਘਾਲੀ)। ੨. ਰੇਤ ਤੇ ਅੱਕ ਖਾਧੇ ਤੇ (ਫਿਰ ਸਫਰ ਵਿਚ) ਰੋੜਾਂ ਦੀ ਵਿਛਾਈ 'ਤੇ ਆਰਾਮ ਕਰਦੇ ਰਹੇ। ੩. (ਇਉਂ ਗੁਰੂ ਜੀ ਨੇ ਸਫਰਾਂ ਦੇ ਦੁੱਖ ਖਿੜੇ ਮੱਥੇ ਝੱਲ) ਵੱਡੀ ਤਪਸਿਆ ਕੀਤੀ, ਤੇ ਫਿਰ ਵਡੇ ਭਾਗਾਂ ਨਾਲ ਉਨ੍ਹਾਂ ਦੀ ਵਾਹਿਗੁਰੂ ਨਾਲ (ਪ੍ਰੀਤੀ) ਬਣ ਆਈ। (ਪਰਮੇਸ਼ਰ ਜੀ ਨੂੰ ਪ੍ਰਸੰਨ ਕਰਕੇ ਰੀਝਾ ਲਿਆ, ਜੋ ਡਿਊਟੀ ਲੱਗੀ ਸੀ, ਉਸ ਨੂੰ ਪੂਰੇ ਤੌਰ 'ਤੇ ਕੀਤਾ)। ੪. ਗੁਰੂ ਜੀ ਨੂੰ ਸੱਚਖੰਡ (ਪ੍ਰਭੂ ਦੇ ਦਰੋਂ) (ਸੱਚੀ) ਪਤ (ਪੁਸ਼ਾਕ) ਦੀ ਬਖਸ਼ਿਸ਼ ਹੋਈ, ਨੌਂ ਨਿੱਧੀਆਂ, ਨਾਮ ਤੇ ਗਰੀਬੀ (ਨਿਮ੍ਰਤਾ ਭਾਵ) ਪ੍ਰਾਪਤ ਹੋਈ। ੫. (ਇਹ ਕੁਝ ਪ੍ਰਾਪਤ ਕਰ) ਗੁਰੂ ਜੀ ਨੇ ਦੂਰ ਦ੍ਰਿਸ਼ਟੀ ਨਾਲ ਡਿੱਠਾ ਕਿ ਦੁਨੀਆਂ ਹਉਮੈ, ਈਰਖਾ ਤੇ ਵੈਰ ਵਿਰੋਧ, ਜ਼ਾਲਮ ਤੇ ਜ਼ੁਲਮ ਨਾਲ ਦਬਾਈ ਸੜ ਰਹੀ ਹੈ। ੬. ਗੁਰੂ ਤੋਂ ਬਿਨਾਂ ਘੁਪ ਹਨੇਰਾ ਪਸਰਿਆ ਹੋਇਆ ਹੈ ਤੇ ਸਭ ਲੁਕਾਈ ਹਾਇ ਹਾਇ ਕਰ ਰਹੀ ਹੈ। ੭. ਬਾਬੇ (ਗੁਰੂ ਨਾਨਕ), ਨੇ ਉਦਾਸੀ ਦਾ ਭੇਖ

ਬਣਾਇਆ ਤੇ ਇਹੋ ਰੀਤ (ਮਾਇਆ ਤੋਂ ਉਦਾਸ ਰਹਿਣ ਦੀ) ਤੋਰ ਦਿੱਤੀ। ੮. ਫਿਰ ਸਤਿਗੁਰੂ ਜੀ ਧਰਤੀ ਦੇ (ਲੁਕਾਈ) ਲੋਕਾਂ ਨੂੰ ਸੋਧਣ ਲਈ ਚੜ੍ਹ ਪਏ॥ ੨੪॥

੨੫. ਤੀਰਥਾਂ ਤੇ ਹਉਮੈ, ਹੰਕਾਰ

੧. ਬਾਬਾ ਆਇਆ ਤੀਰਥੈ ਤੀਰਥਿ ਪੁਰਬਿ ਸਭੇ ਫਿਰਿ ਦੇਖੈ।
੨. ਪੁਰਬ ਧਰਮਿ ਬਹੁ ਕਰਮਿ ਕਰਿ ਭਾਉ ਭਗਤਿ ਬਿਨੁ ਕਿਤੈ ਨ ਲੇਖੈ।
੩. ਭਾਉ ਨ ਬ੍ਰਹਮੈ ਲਿਖਿਆ ਚਾਰਿ ਬੇਦ ਸਿੰਮ੍ਰਿਤਿ ਪੜ੍ਹਿ ਪੇਖੈ।
੪. ਢੂੰਡੀ ਸਗਲੀ ਪ੍ਰਿਥਵੀ ਸਤਿਜੁਗਿ ਆਦਿ ਦੁਆਪਰਿ ਤ੍ਰੇਤੈ।
੫. ਕਲਿਜੁਗਿ ਧੁੰਧੂਕਾਰੁ ਹੈ ਭਰਮਿ ਭੁਲਾਈ ਬਹੁ ਬਿਧਿ ਭੇਖੈ।
੬. ਭੇਖੀ ਪ੍ਰਭੂ ਨ ਪਾਈਐ ਆਪੁ ਗਵਾਏ ਰੂਪ ਨ ਰੇਖੈ।
੭. ਗੁਰਮੁਖਿ ਵਰਨੁ ਅਵਰਨੁ ਹੋਇ ਨਿਵਿ ਚਲਣਾ ਗੁਰਸਿਖਿ ਵਿਸੇਖੈ।
੮. ਤਾ ਕਿਛੁ ਘਾਲਿ ਪਵੈ ਦਰਿ ਲੇਖੈ॥ ੨੫॥

ਪਦ ਅਰਥ - ਭਾਉ ਭਗਤਿ=ਪ੍ਰੇਮਾ-ਭਗਤੀ। ਸਿੰਮ੍ਰਿਤਿ=ਹਿੰਦੂਆਂ ਦੇ ਧਰਮ ਗ੍ਰੰਥ। ਭੇਖੀ=ਕੋਈ ਵਖਰੇ ਚਿੰਨ੍ਹ ਧਾਰਨੇ। ਵਿਸੇਖੈ=ਵਿਸ਼ੇਸ਼ਤਾਈ।

ਅਰਥ - ੧. ਬਾਬਾ ਤੀਰਥਾਂ 'ਤੇ ਆਇਆ ਤੇ ਸਭੇ ਤੀਰਥਾਂ ਦੇ ਪੁਰਬ (ਕੁੰਭ ਤੇ ਸੂਰਜ, ਚੰਦ੍ਰ ਗ੍ਰਹਿਣ ਆਦਿ) ਫਿਰ ਕੇ ਦੇਖੇ। ੨. (ਬੜੇ ਲੋਕ) ਪਿਛਲੇ ਜੁਗਾਂ ਵਾਂਗ ਕਰਮ ਧਰਮ ਤਾਂ ਬੜੇ ਕਰਦੇ ਸਨ, ਪਰ ਪ੍ਰੇਮਾ-ਭਗਤੀ ਤੋਂ ਬਿਨਾਂ ਇਹ ਕਿਸੇ ਕੰਮ ਦੇ ਵੀ ਨਹੀਂ ਸਨ। ੩. ਭਾਉ (ਪ੍ਰੇਮ) ਤਾਂ ਬ੍ਰਹਮਾ ਨੇ ਸ਼ਾਇਦ ਲਿਖਿਆ ਹੀ ਨਹੀਂ, ਚਾਰੇ ਵੇਦ ਤੇ ਸਿੰਮ੍ਰਤੀਆਂ ਪੜ੍ਹ ਦੇਖੇ ਹਨ। (ਭਾਵੇਂ ਪੰਡਿਤ ਲੋਕ, ਬੜੀਆਂ ਹੇਕਾਂ ਲਾ ਕੇ, ਸੁਰਾਂ ਨਾਲ ਸਭ ਕੁਝ ਪੜ੍ਹਦੇ ਸਨ, ਪਰ ਸਭ ਮਾਇਆ ਦੇ ਪਿਆਰੇ ਸਨ, ਇਸ ਲਈ) ਪ੍ਰੇਮਾ-ਭਗਤੀ ਤੋਂ ਬਿਨਾਂ ਇਹ ਸਭ ਕਰਮ ਧਰਮ ਬੇਅਰਥ ਸਨ। ੪. ਸਾਰੀ ਦੁਨੀਆਂ ਦੇਖੀ, ਪਿਛਲੇ ਜੁਗਾਂ ਦੇ ਧਰਮਾਂ ਦੀ ਵੀ ਪੜਤਾਲ ਕੀਤੀ। ੫. ਪਰ ਕਲਜੁਗ ਵਿਚ ਤਾਂ ਬਹੁਤਾ ਦਿਖਾਵਾ ਹੈ, ਤੇ ਦੁਨੀਆਂ ਭਰਮਾਂ ਤੇ ਬਹੁਤੇ ਭੇਖਾਂ ਵਿਚ ਭੁੱਲੀ ਹੋਈ ਹੈ। ੬. ਭੇਖਾਂ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ, ਜਦ ਤਕ ਹਉਮੈ ਤੇ ਆਪਾ ਭਾਵ ਨੂੰ ਦੂਰ ਨਹੀਂ ਕੀਤਾ ਜਾਂਦਾ। (ਸਗੋਂ ਭੇਖ ਵੀ ਆਪਾ ਭਾਵ ਜਣਾਉਣ ਦੇ ਸਾਧਨ ਬਣੇ ਹੋਏ ਹਨ)। ੭. ਗੁਰਮੁਖ ਭਾਵੇਂ ਕਿਸੇ ਵਰਣ (ਜਾਤ, ਕੁਜਾਤ, ਉਚੀ ਨੀਵੀਂ) ਦਾ ਹੋਵੇ, ਨਿਵ ਕੇ ਚਲੇਗਾ, ਤੇ ਇਹੀ ਗੁਰਮੁਖ ਤੇ ਗੁਰਸਿੱਖ ਦੀ ਵੱਡੀ ਵਡਿਆਈ ਤੇ ਵਿਸ਼ੇਸ਼ਤਾ ਹੈ। ੮. (ਨਿਵ ਚਲਣ ਨਾਲ ਹੀ) ਪ੍ਰਭੂ ਦੇ ਦਰ 'ਤੇ ਕੀਤੀ ਕਮਾਈ ਸਫਲੀ ਮੰਨੀ ਜਾਏਗੀ॥ ੨੫॥

੨੬. ਉਸ ਸਮੇਂ ਦੇ ਹਾਲਾਤ ਦਾ ਵਰਣਨ

੧. ਜਤੀ ਸਤੀ ਚਿਰੁਜੀਵਣੇ ਸਾਧਿਕ ਸਿਧ ਨਾਥ ਗੁਰੁ ਚੇਲੇ।
੨. ਦੇਵੀ ਦੇਵ ਰਿਖੀਸੁਰਾ ਭੈਰਉ ਖੇਤ੍ਰਪਾਲਿ ਬਹੁ ਮੇਲੇ।
੩. ਗਣ ਗੰਧਰਬ ਅਪਸਰਾ ਕਿੰਨਰ ਜੱਖ ਚਲਿਤਿ ਬਹੁ ਖੇਲੇ।
੪. ਰਾਕਸਿ ਦਾਨੋ ਦੈਤ ਲਖਿ ਅੰਦਰਿ ਦੂਜਾ ਭਾਉ ਦੁਹੇਲੇ।
੫. ਹਉਮੈ ਅੰਦਰਿ ਸਭਿ ਕੋ ਡੁਬੇ ਗੁਰੂ ਸਣੇ ਬਹੁ ਚੇਲੇ।
੬. ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥਿ ਜਾਤ੍ਰੀ ਮੇਲੇ।
੭. ਡਿਠੇ ਹਿੰਦੂ ਤੁਰਕਿ ਸਭਿ ਪੀਰ ਪੈਕੰਬਰਿ ਕਉਮਿ ਕਤੇਲੇ।
੮. ਅੰਧੀ ਅੰਧੇ ਖੂਹੇ ਠੇਲੇ॥ ੨੬॥

ਪਦ ਅਰਥ - ਜਤੀ ਸਤੀ=ਜਤ ਤੇ ਸਤ ਰੱਖਣ ਵਾਲੇ। ਗਣ=ਦੇਵਤਿਆਂ ਦੇ ਸੇਵਕ (ਸ਼ਿਵ ਜੀ ਦੇ ਗਣ)।

ਅਰਥ - ੧. ਜਤੀ ਸਤੀ ਤੇ ਬਹੁਤਾ ਚਿਰ ਜੀਵਣ ਦੀਆਂ ਸਾਧਨਾਂ (ਮੇਹਨਤਾਂ) ਕਰਨ ਵਾਲੇ ਸਿੱਧ ਤੇ ਨਾਥ (ਮੁੰਦਰਾਂ ਵਾਲੇ) ਜੋ ਚੇਲਿਆਂ ਸਮੇਤ ਹਨ। ੨. ਦੇਵੀ, ਦੇਵਤੇ, ਰਿਖੀਸ਼ਰ, ਖੇਤਰਪਾਲ (ਭੈਰਉ ਆਦਿਕਾਂ) ਦੀਆਂ ਪੂਜਾ ਕਰਨ ਵਾਲੇ ਵੀ ਬਥੇਰੇ ਹਨ। ੩. ਗਣ, ਗੰਧਰਬ ਅਪੱਛਰਾਂ (ਇੰਦਰ ਦੇ ਰਾਗੀ ਤੇ ਸਾਜ ਵਜਾਉਣ ਵਾਲੇ ਤੇ ਨਾਚੀਆਂ) ਤੇ ਹੋਰ ਚਲਿਤਰਾਂ (ਜਾਦੂ ਭਰੇ ਖੇਲਾਂ) ਦੇ ਖੇਲਣ ਵਾਲੇ (ਤੇ ਇਨ੍ਹਾਂ ਨੂੰ ਮੰਨਣ ਵਾਲੇ) ਅਨੇਕਾਂ ਲੋਕ ਹਨ। ੪. ਰਾਖਸ਼ (ਅਸੁਰ ਸੁਭਾਵ ਵਾਲੇ) ਦਾਨਵ ਤੇ ਦੈਂਤਾਂ ਵਾਲੇ ਦੂਜੇ ਭਾਵ ਵਿਚ ਪਏ ਦੁੱਖੀ ਹੋ ਰਹੇ ਹਨ। ਦਾਨਵ ਦਨੂ ਦੇ ਪੁਤਰ ਤੇ ਦੈਂਤ ਦਿਤੀ ਦੇ ਪੁਤਰ ਸਨ, ਜੋ ਆਪਣੇ ਕ੍ਰੂਰ ਸੁਭਾਵਾਂ ਕਰਕੇ ਪ੍ਰਸਿੱਧ ਸਨ)। ਦੂਜੇ ਭਾਉ ਵਿਚ (ਪ੍ਰਭੂ ਨੂੰ ਭੁੱਲ ਕੇ, ਹੋਰ ਹੋਰ ਰਾਹਾਂ (ਮਨੌਤਾਂ) 'ਤੇ ਚਲ ਚਲ ਦੁੱਖੀ ਹੋ ਰਹੇ ਸਨ। ੫. (ਗੱਲ ਕੀ) ਸਭ ਹਉਮੈ (ਦੇ ਸਾਗਰ) ਵਿਚ ਡੁੱਬੇ ਪਏ ਸਨ ਕੀ ਗੁਰੂ ਤੇ ਕੀ ਚੇਲੇ। ੬. ਗੁਰਮੁਖ (ਪ੍ਰਭੂ ਦਾ ਸੱਚਾ ਸੇਵਕ) ਕੋਈ ਵੀ ਨਹੀਂ ਸੀ ਲੱਭਦਾ, ਸਭ ਤੀਰਥਾਂ ਦੀ ਤੇ ਯਾਤਰਾ ਕਰਨ ਵਾਲਿਆਂ ਦੀ ਪੜਚੋਲ ਕਰ ਕਰ ਦੇਖ ਲਿਆ ਹੈ। ੭. ਹਿੰਦੂ ਦੇਖੇ, ਤੁਰਕ ਵੀ ਦੇਖੇ, ਪੀਰ ਪੈਕੰਬਰ ਤੇ ਉਨ੍ਹਾਂ ਦੀਆਂ ਕੌਮਾਂ ਦੇ ਕਤੇਲੇ ਲੋਕ ਡਿੱਠੇ। ੮. (ਪਰ ਅਖੀਰ ਇਹੋ ਸਮਝ ਪਈ ਕਿ) ਅੰਨ੍ਹਿਆਂ ਨੇ ਅੰਨ੍ਹਿਆਂ ਨੂੰ ਅੱਗੇ ਹਨੇਰੇ ਖੂਹ ਵਿਚ ਰੇੜ੍ਹਿਆ ਹੋਇਆ ਹੈ॥ ੨੬॥

੨੭. ਸੂਰਜ ਰੂਪ ਗੁਰੂ ਨਾਨਕ ਦਾ ਪ੍ਰਗਟ ਹੋਣਾ

੧. ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।

੨. ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।
੩. ਸਿੰਘੁ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੋਆ।
੪. ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ।
੫. ਸਿਧ ਆਸਣਿ ਸਭਿ ਜਗਤਿ ਦੇ ਨਾਨਕ ਆਦਿ ਮਤੇ ਜੇ ਕੋਆ।
੬. ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ।
੭. ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਮੀ ਸਚਾ ਢੋਆ।
੮. ਗੁਰਮੁਖਿ ਕਲਿ ਵਿਚਿ ਪਰਗਟੁ ਹੋਆ॥੨੭॥

ਪਦ ਅਰਥ - ਧੁੰਧੁ=ਅੰਧਕਾਰ। ਪਲੋਆ=ਦੌੜ ਗਿਆ। ਬੁਕੇ=ਭਬਕਾਰਿਆ। ਮਿਰਗਾਵਲੀ=ਹਰਨਾਂ ਦਾ ਦਲ। ਵਿਸੋਆ=ਵਿਸਾਖੀ ਦਾ ਪੁਰਬ। ਸਚਾ ਢੋਆ=ਸੱਚੀ ਸਿੱਖਿਆ (ਸੁਗਾਤ)। ਗੁਰਮੁਖਿ=ਵੱਡਾ, ਭਾਵ ਸ਼ਿਰੋਮਣੀ ਗੁਰੂ।

ਅਰਥ - ੧. (ਜਦ) ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ (ਤਾਂ ਅਗਿਆਨਤਾ) ਦੀ ਧੁੰਧ, (ਹਨੇਰਾ) ਮਿਟ ਕੇ, ਜਗ ਵਿਚ ਚਾਨਣ ਹੋ ਗਿਆ। ੨. (ਕਿਵੇਂ ?) ਜਿਵੇਂ ਸੂਰਜ ਦੇ ਨਿਕਲਣ ਨਾਲ; ਤਾਰੇ ਲੁਕ ਜਾਂਦੇ ਤੇ ਹਨੇਰਾ ਦੂਰ ਹੋ ਜਾਂਦਾ ਹੈ। ੩. (ਜਿਵੇਂ) ਸ਼ੇਰ ਦੇ ਗਰਜਣ ਨਾਲ ਹਰਨਾਂ ਦੀਆਂ ਡਾਰਾਂ ਨੂੰ (ਡਰ ਨਾਲ) ਭਾਜੜ ਪੈਂਦੀ ਹੈ, ਤੇ ਉਹ ਦੌੜਦੀਆਂ ਹੋਈਆਂ ਠਹਿਰਨ ਦਾ ਹੌਸਲਾ ਨਹੀਂ ਕਰਦੀਆਂ। ੪. ਜਿਥੇ ਵੀ ਬਾਬੇ (ਗੁਰੂ ਨਾਨਕ) ਨੇ ਪੈਰ ਰੱਖਿਆ (ਸਿੱਖਿਆ ਦਿੱਤੀ) ਉਥੇ ਹੀ ਉਸਦਾ ਆਸਣ (ਮਾਨਤਾ ਦੀ ਥਾਂ, ਗੱਦੀ) ਬਣਦਾ ਜਾਂਦਾ ਹੈ। ੫. ਜਗਤ ਦੇ ਜਿਹੜੇ ਵੀ ਕੋਈ ਪ੍ਰਸਿੱਧ ਅਸਥਾਨ ਹਨ, ਉਹ ਨਾਨਕ ਮਤੇ ਦੇ ਨਾਮ ਨਾਲ ਪ੍ਰਸਿੱਧ ਹੋਏ। (ਭਾਵ ਜਿਵੇਂ ਗੋਰਖ ਮਤਾ, ਨਾਨਕ ਮਤਾ ਬਣ ਗਿਆ)। ੬. ਇਉਂ ਘਰ ਘਰ ਵਿਚ ਗੁਰੂ ਦਾ ਅਸਥਾਨ ਧਰਮਸਾਲਾਂ ਬਣੀਆਂ, ਜਿਥੇ ਕੀਰਤਨ ਹੋਣ ਲੱਗਾ, ਮਾਨੋ ਵੈਸਾਖੀ ਦੇ ਪੁਰਬ ਲੱਗ ਗਏ। ੭. ਬਾਬੇ ਨੇ ਚਹੁੰ ਕੁੰਟਾਂ ਨੂੰ ਤਾਰ ਦਿੱਤਾ, ਨੌਂ ਖੰਡਾਂ ਵਿਚ ਪ੍ਰਿਥਵੀ ਤੇ ਸੱਚੇ (ਪ੍ਰਭੂ ਦਾ) ਮੇਲ ਹੋ ਗਿਆ। ੮. ਕਲਜੁਗ ਵਿਚ ਸ਼ਿਰੋਮਣੀ ਗੁਰੂ ਨਾਨਕ ਪ੍ਰਗਟ ਹੋ ਗਿਆ॥੨੭॥

੨੮. ਬਾਬੇ ਨੇ ਸੁਮੇਰ ਪਰਬਤ 'ਤੇ ਪਹੁੰਚਣਾ

੧. ਬਾਬੇ ਡਿੱਠੀ ਪਿਰਥਮੀ ਨਵੈ ਖੰਡਿ ਜਿਥੈ ਤਕਿ ਆਹੀ।
੨. ਫਿਰਿ ਜਾਇ ਚੜ੍ਹਿਆ ਸੁਮੇਰ ਪਰਿ ਸਿਧਿ ਮੰਡਲੀ ਦ੍ਰਿਸਟੀ ਆਈ।
੩. ਚਉਰਾਸੀਹ ਸਿਧਿ ਗੋਰਖਾਦਿ ਮਨ ਅੰਦਰਿ ਗਿਣਤੀ ਵਰਤਾਈ।
੪. ਸਿਧਿ ਪੁਛਣਿ ਸੁਣਿ ਬਾਲਿਆ ! ਕਉਣੁ ਸਕਤਿ ਤੁਹਿ ਏਥੇ ਲਿਆਈ।
੫. ਹਉ ਜਪਿਆ ਪਰਮੇਸਰੋ ਭਾਉ ਭਗਤਿ ਸੰਗਿ ਤਾੜੀ ਲਾਈ।

੬. ਆਖਨਿ ਸਿਧਿ ਸੁਣਿ ਬਾਲਿਆ ! ਅਪਨਾ ਨਾਉ ਤੁਮ ਦੇਹੁ ਬਤਾਈ।
੭. ਬਾਬਾ ਆਖੇ ਨਾਥ ਜੀ! ਨਾਨਕ ਨਾਮ ਜਪੇ ਗਤਿ ਪਾਈ।
੮. ਨੀਚੁ ਕਹਾਇ ਊਚ ਘਰਿ ਆਈ ॥੨੮॥

ਪਦ ਅਰਥ - ਗਿਣਤੀ=ਸੰਸਾ, ਸੋਚ। ਬਾਲਿਆ=ਹੇ ਛੋਟੀ ਉਮਰ ਦੇ ਬਾਲੇ।

ਅਰਥ ੧. ਸਤਿਗੁਰੂ ਨਾਨਕ ਜੀ ਨੇ ਨੌਂ ਖੰਡ ਤੇ ਸਾਰੀ ਧਰਤੀ ਫਿਰ ਕੇ ਦੇਖੀ। ੨. ਫੇਰ (ਉਹ) ਸੁਮੇਰ ਪਰਬਤ 'ਤੇ ਜਾ ਚੜ੍ਹੇ। (ਜਿਥੇ ਉਨਾਂ ਨੂੰ) ਸਿੱਧ ਮੰਡਲੀ ਨਜ਼ਰ ਆਈ। ੩. ਗੋਰਖ ਆਦਿ (ਜੋ ਮੁਖੀ) ਸਿੱਧ ਚੁਰਾਸੀ ਦੀ ਗਿਣਤੀ ਵਿਚ ਸਨ, ਉਨਾਂ ਦੇ ਮਨ ਵਿਚ ਫੁਰਨਾ ਫੁਰਿਆ ਕਿ ਇਹ ਏਥੇ ਕਿਸ ਸ਼ਕਤੀ ਨਾਲ ਆਣ ਪਹੁੰਚਾ ਹੈ। ੪. ਸਿੱਧਾਂ ਪੁੱਛਿਆ- 'ਸੁਣ ਬਾਲਿਆ! ਤੂੰ ਸਾਨੂੰ ਦੱਸ ਕਿ ਏਥੇ (ਏਨੀ ਉਚੀ ਤੇ ਡੂੰਘੀਆਂ ਖੱਡਾਂ ਵਾਲੀ ਥਾਂ 'ਤੇ ਤੂੰ) ਕਿਸ ਤਾਕਤ ਨਾਲ ਆਇਆ ਹੈਂ ?' ੫. (ਗੁਰੂ ਜੀ ਨੇ ਕਿਹਾ) 'ਮੈਂ ਪਰਮੇਸ਼ਰ ਜਪਿਆ ਹੈ, ਤੇ ਪ੍ਰੇਮਾ-ਭਗਤੀ ਵਾਲੀ ਸਮਾਧੀ (ਤਪਸਿਆ ਕੀਤੀ) ਲਾਈ ਹੈ।' ੬. ਸਿੱਧਾਂ ਕਿਹਾ, 'ਬਾਲਕਿਆ ! ਤੂੰ ਸਾਨੂੰ ਆਪਣਾ ਨਾਮ ਤਾਂ ਦੱਸ, ੭. ਬਾਬੇ ਨੇ ਕਿਹਾ , ਨਾਥ ਜੀ ! ਮੇਰਾ ਨਾਮ ਨਾਨਕ ਹੈ (ਤੇ ਮੈਂ ਪ੍ਰਭੂ ਦਾ) ਨਾਮ ਜਪ ਕੇ ਸ਼ਕਤੀ ਪ੍ਰਾਪਤ ਕੀਤੀ ਹੈ। ੮. ਨਿਮ੍ਰਤਾ ਵਿਚ ਰਹਿ ਕੇ ਹੀ ਉੱਚੀ ਵਡਿਆਈ ਪਾਈ ਦੀ ਹੈ, (ਭਾਵ ਉੱਚੇ ਦਰਜੇ 'ਤੇ ਪੁਜੀਦਾ ਹੈ)॥ ੨੮॥

੨੯. ਬਾਬੇ ਦੇ ਸਿੱਧਾਂ ਨਾਲ ਸਵਾਲ-ਜਵਾਬ

੧. ਫਿਰਿ ਪੁਛਣਿ ਸਿਧ ਨਾਨਕਾ ਮਾਤ ਲੋਕ ਵਿਚਿ ਕਿਆ ਵਰਤਾਰਾ?
੨. ਸਭ ਸਿਧੀ ਇਹ ਬੁਝਿਆ ਕਲਿ ਤਾਰਣਿ ਨਾਨਕ ਅਵਤਾਰਾ।
੩. ਬਾਬੇ ਆਖਿਆ ਨਾਥ ਜੀ! ਸਚੁ ਚੰਦ੍ਰਮਾ ਕੂੜੁ ਅੰਧਾਰਾ।
੪. ਕੂੜੁ ਅਮਾਵਸਿ ਵਰਤਿਆ ਹਉ ਭਾਲਣਿ ਚੜ੍ਹਿਆ ਸੰਸਾਰਾ।
੫. ਪਾਪਿ ਗਿਰਾਸੀ ਪਿਰਥਮੀ ਧਉਲੁ ਖੜਾ ਧਰਿ ਹੇਠ ਪੁਕਾਰਾ।
੬. ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤਿ ਕਉ ਪਾਰਿ ਉਤਾਰਾ।
੭. ਜੋਗੀ ਗਿਆਨ ਵਿਹੂਣਿਆ ਨਿਸਦਿਨਿ ਅੰਗਿ ਲਗਾਇਨਿ ਛਾਰਾ।
੮. ਬਾਝੁ ਗੁਰੂ ਡੁਬਾ ਜਗੁ ਸਾਰਾ ॥੨੯॥

ਪਦ ਅਰਥ - ਵਰਤਾਰਾ=ਵਰਤੋਂ-ਵਿਹਾਰ। ਨਿਸਦਿਨਿ=ਰਾਤ ਦਿਨ। ਛਾਰਾ=ਸੁਆਹ। ਗਿਰਾਸੀ=ਫੜੀ, ਮੂੰਹ ਵਿਚ ਪਾਈ ਹੋਈ।

ਅਰਥ - ੧. (ਗੁਰੂ ਜੀ ਦਾ ਪਿਛਲੀ ਪਉੜੀ ਵਾਲਾ ਜਵਾਬ ਸੁਣ) ਸਿੱਧਾਂ ਫੇਰ ਪੁੱਛਿਆ, 'ਨਾਨਕ ਜੀ, ਮਾਤ ਲੋਕ (ਭਾਰਤ ਖੰਡ) ਵਿਚ ਕੀ ਵਰਤ ਵਰਤਾਰਾ (ਹੋ ਰਿਹਾ) ਹੈ। ੨. (ਪਰ ਗੁਰੂ ਜੀ ਦੇ ਏਨੀ

ਉੱਚੀ ਤੇ ਗਾਹ-ਖਹਿੜੇ ਦੀ ਉੱਕਾ ਹੀ ਅਣਹੋਂਦ ਵਾਲੀ ਥਾਂ 'ਤੇ ਪੁੱਜਣ ਤੋਂ) ਸਿੱਧਾਂ ਨੂੰ ਮਨ ਵਿਚ ਗੱਲ ਜਚ ਗਈ ਕਿ (ਇਹ) ਨਾਨਕ ਕਲਜੁਗ ਦੇ ਤਾਰਨ ਵਾਲਾ ਅਵਤਾਰ ਹੈ। ੩. (ਸੋਚਾਂ ਵਿਚ ਪਏ ਸਿੱਧਾਂ ਨੂੰ) ਗੁਰੂ ਜੀ ਨੇ ਜਵਾਬ ਦਿੱਤਾ, 'ਹੇ ਨਾਥ ਜੀ ! ਸੱਚ ਤਾਂ ਚੰਦ੍ਰਮਾਂ ਹੈ ਤੇ ਕੂੜ (ਨਿਰਾ) ਹਨੇਰਾ ਹੈ। ੪. (ਧਰਤੀ 'ਤੇ ਤਾਂ) ਕੂੜ ਦਾ ਹਨੇਰਾ ਹੀ ਵਰਤ ਰਿਹਾ ਹੈ। ਮੈਂ ਇਸ ਹਨੇਰੇ ਸੰਸਾਰ ਵਿਚ (ਸੱਚ ਦੀ) ਭਾਲ ਲਈ ਚੜ੍ਹਿਆ ਹਾਂ। ੫. ਪਾਪ ਨੇ ਧਰਤੀ ਗ੍ਰਸੀ ਹੋਈ ਹੈ ਤੇ ਧੌਲ (ਧਰਮ) ਧਰਤੀ ਦੇ ਹੇਠ ਖੜੋਤਾ ਪੁਕਾਰਾਂ ਕਰ ਰਿਹਾ ਹੈ (ਕਿ ਹੇ ਪ੍ਰਭੂ! ਮੈਨੂੰ ਬਚਾ ਲਓ)। ੬. ਸਿੱਧ ਤਾਂ ਪਹਾੜਾਂ ਵਿਚ ਆਣ ਲੁਕੇ ਹਨ। (ਜੋ ਕੁਝ ਸ਼ਕਤੀ ਰੱਖਦੇ ਸਨ) ਤੇ (ਡੁੱਬ ਰਹੇ) ਜਗਤ ਨੂੰ ਪਾਰ ਕੌਣ ਕਰੇ ? ੭. ਜੋਗੀ ਲੋਕ ਅਗਿਆਨੀਆਂ ਵਾਂਗ ਕੇਵਲ ਰਾਤ ਦਿਨੇ ਸਰੀਰ 'ਤੇ ਸਵਾਹ ਮਲ ਛੱਡਣ ਨੂੰ ਹੀ ਸਭ ਕੁਝ ਸਮਝ ਰਹੇ ਹਨ। ੮. (ਭਾਈ ਸਿੱਧੋ! ਇਸ ਸਮੇਂ) ਗੁਰੂ ਤੋਂ ਬਿਨਾਂ ਡੁੱਬ ਰਹੇ ਜਗਤ ਨੂੰ ਕੌਣ ਪਾਰ ਲਾਏ, (ਭਾਵ ਗੁਰੂ ਉਪਦੇਸ਼ ਬਿਨਾਂ ਜਗ ਡੁੱਬ ਰਿਹਾ ਹੈ)॥ ੨੯॥

੩੦. ਜਗਤ ਵਿਚ ਵਰਤ ਰਹੇ ਹਨੇਰ ਦਾ ਵਰਣਨ

੧. ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
੨. ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
੩. ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ।
੪. ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।
੫. ਸੇਵਕ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀਂ ਤਿਨਾੜੇ ਜਾਈ।
੬. ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕੁ ਗਵਾਈ।
੭. ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ।
੮. ਵਰਤਿਆ ਪਾਪ ਸਭਸਿ ਜਗਿ ਮਾਂਹੀ॥ ੩੦॥

ਪਦ ਅਰਥ - ਕਲਿ=ਕਲਜੁਗ। ਕੁਤੇ ਮੁਹੀ=ਕੁੱਤੇ ਦੀ ਆਦਤ ਵਾਂਗ। ਕਾਜ਼ੀ=ਉਸ ਸਮੇਂ ਦੇ ਨਿਆਂਕਾਰ। ਦਾਮਿ ਹਿਤੁ=ਪੈਸੇ ਦੇ ਪਿਆਰ ਲਈ।

ਅਰਥ - ੧. ਕਲਜੁਗ ਦੀ ਲੁਕਾਈ ਕੁੱਤੇ ਮੁਹੀ (ਹਰ ਪਾਸੇ ਮੂੰਹ ਮਾਰਨ ਵਾਲੀ) ਹੋ ਗਈ ਹੈ, ਤੇ ਖਾਜ (ਖਾਣ ਪੀਣ) ਮੁਰਦਾਰ (ਝੂਠ ਤੇ ਥੋਹਾ ਮੋਹੀ ਦੀ ਕਮਾਈ) ਖਾਣਾ ਹੋ ਗਿਆ ਹੈ। ੨. ਰਾਜੇ ਅਨਿਆਂ ਕਰ ਰਹੇ ਹਨ, (ਉਨ੍ਹਾਂ ਦਾ ਕੰਮ ਸੀ ਪਰਜਾ ਦੀ ਰਾਖੀ ਕਰਨੀ ਪਰ ਉਹ) ਉਲਟਾ ਪਰਜਾ ਨੂੰ ਹੀ ਦੁੱਖ ਦੇ ਰਹੇ ਹਨ। ੩. ਪਰਜਾ ਵੀ ਅੰਨ੍ਹੀ, ਗਿਆਨ ਤੋਂ ਖਾਲੀ ਹੈ, ਮੂੰਹ ਵਿਚੋਂ ਕੂੜ (ਝੂਠ ਤੇ ਅਸਤਿ) ਬੋਲੀ ਜਾ ਰਹੀ ਹੈ। ੪. ਚੇਲੇ ਸਾਜ ਵਜਾ ਰਹੇ ਹਨ ਤੇ ਗੁਰੂ ਬਹੁਤ ਤਰ੍ਹਾਂ ਨਾਲ ਨਾਚ ਨੱਚ ਰਹੇ ਹਨ (ਮਾਇਆ ਪ੍ਰਾਪਤ ਕਰਨ ਲਈ)। ੫. ਸੇਵਕ ਤਾਂ ਘਰੀਂ ਬੈਠੇ ਹਨ ਪਰ ਗੁਰੂ ਆਪ ਚੱਲ ਕੇ ਉਨ੍ਹਾਂ ਦੇ ਘਰੀਂ ਜਾਂਦੇ

ਹਨ। ੬. ਕਾਜ਼ੀ (ਉਸ ਸਮੇਂ ਦੇ ਨਿਆਂਕਾਰ) ਵੱਢੀਆਂ ਲੈ ਕੇ ਹੱਕ (ਸੱਚ) ਨੂੰ ਖਤਮ ਕਰ ਰਹੇ ਹਨ। ੭. (ਇਥੋਂ ਤਕ ਸਮਾਜ ਨਿੱਘਰ ਚੁੱਕਾ ਹੈ ਕਿ) ਇਸਤ੍ਰੀ ਤੇ ਪੁਰਸ਼ ਦਾ ਸੰਬੰਧ ਕੇਵਲ ਪੈਸੇ ਦਾ ਹੀ ਰਹਿ ਗਿਆ ਹੈ, ਭਾਵੇਂ ਕੋਈ ਕਿਤੇ ਚਲਾ ਜਾਵੇ, ਭਾਵੇਂ ਆ ਜਾਏ। ੮. (ਇਸ ਤਰ੍ਹਾਂ ਦਾ ਭਿਆਨਕ) ਪਾਪ ਸਾਰੇ ਜਗਤ ਵਿਚ ਵਰਤ ਰਿਹਾ ਹੈ॥ ੩੦॥

੩੧. ਸਿੱਧਾਂ ਵੱਲੋਂ ਗੁਰੂ ਜੀ ਦੀ ਪ੍ਰੀਖਿਆ

੧. ਸਿਧੀ ਮਨੇ ਬੀਚਾਰਿਆ ਕਿਵੈ ਦਰਸਨੁ ਏ ਲੇਵੈ ਬਾਲਾ।
੨. ਐਸਾ ਜੋਗੀ ਕਲੀ ਮਹਿ ਹਮਰੇ ਪੰਥੁ ਕਰੇ ਉਜਿਆਲਾ।
੩. ਖਪਰੁ ਦਿਤਾ ਨਾਥ ਜੀ ਪਾਣੀ ਭਰਿ ਲੈਵਣਿ ਉਠਿ ਚਾਲਾ।
੪. ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।
੫. ਸਤਿਗੁਰ ਅਗਮ ਅਗਾਧਿ ਪੁਰਖੁ ਕੇਹੜਾ ਝਲੇ ਗੁਰੂ ਦੀ ਝਾਲਾ।
੬. ਫਿਰਿ ਆਇਆ ਗੁਰ ਨਾਥ ਜੀ ਪਾਣੀ ਠਉੜ ਨਹੀ ਉਸਿ ਤਾਲਾ।
੭. ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ।
੮. ਕਲਿਜੁਗਿ ਨਾਨਕ ਨਾਮੁ ਸੁਖਾਲਾ॥ ੩੧॥

ਪਦ ਅਰਥ - ਦਰਸਨੁ=(ਜੋਗੀਆਂ ਦਾ) ਭੇਖ। ਖੱਪਰ= ਚਿੱਪੀ। ਅਗਮ ਅਗਾਧਿ=ਗੰਮਤਾ ਰਹਿਤ, ਸਮਝ ਤੋਂ ਪਰੇ। ਉਜਿਆਲਾ=ਰੌਸ਼ਨ।

ਅਰਥ - ੧ ਸਿੱਧਾਂ ਨੇ ਮਨ ਵਿਚ ਵਿਚਾਰਿਆ ਕਿ ਕਿਸੇ ਤਰ੍ਹਾਂ ਇਹ ਬਾਲਾ (ਗੁਰੂ ਨਾਨਕ) ਸਾਡਾ ਜੋਗ ਮੱਤ ਧਾਰਨ ਕਰ ਲਵੇ, (ਤਾਂ ਠੀਕ ਹੈ)। ੨. ਇਹੋ ਜੇਹਾ ਜੋਗੀ ਕਲਜੁਗ ਵਿਚ ਸਾਡੇ ਜੋਗ ਮੱਤ ਨੂੰ ਹੋਰ ਚਮਕਾਏਗਾ। ੩. (ਇਹ ਵਿਚਾਰ ਕੇ) ਜੋਗੀਆਂ ਨੇ ਗੁਰੂ ਜੀ ਨੂੰ ਪਾਣੀ ਲਿਆਉਣ ਲਈ ਚਿੱਪੀ ਦਿੱਤੀ। ੪. ਬਾਬਾ ਪਾਣੀ ਲੈਣ ਚਲਾ ਗਿਆ। (ਜੋਗੀਆਂ ਨੇ ਪਾਣੀ ਦੀ ਥਾਂ) ਉਥੇ ਰਤਨ, ਲਾਲ, ਜਵਾਹਰ ਖਿਲਾਰ ਦਿੱਤੇ। (ਗੁਰੂ ਨਾਨਕ ਜੀ ਇਹ ਵੇਖ ਵਾਪਸ ਪਰਤ ਆਏ।) ੫. ਸਤਿਗੁਰੂ ਅਗਮ ਅਗਾਧ ਪੁਰਖ (ਨੂੰ ਭਲਾ ਕੌਣ ਭਰਮਾ ਸਕਦਾ ਸੀ) ਐਸੇ (ਪਰਮ ਪੁਰਖ ਗੁਰੂ ਨਾਨਕ) ਦੀ ਝਾਲ ਨੂੰ ਕੌਣ ਝੱਲੇ। ੬. ਮੁੜ ਕੇ ਆਉਂਦੇ ਹੀ ਗੁਰੂ ਜੀ ਨੇ ਕਿਹਾ, 'ਨਾਥ ਜੀ! ਉਥੇ ਤਲਾ ਵਿਚ ਪਾਣੀ ਨਹੀਂ ਹੈ। (ਸਿੱਧਾਂ ਪੁੱਛਿਆ-ਉਥੇ ਕੀ ਸੀ? ਗੁਰਾਂ ਕਿਹਾ, 'ਹੋਰ ਕਿਸੇ ਚੀਜ਼ ਵੱਲ ਅਸਾਂ ਡਿੱਠਾ ਹੀ ਨਹੀਂ')। ੭. ਇਉਂ ਗੁਰੂ ਨਾਨਕ ਦੇਵ ਜੀ ਨੇ ਸ਼ਬਦ ਦੀ ਬਰਕਤ ਨਾਲ ਸਾਰੀ ਸਿੱਧ ਮੰਡਲੀ ਨੂੰ ਨਿਰੁੱਤਰ ਕਰਕੇ, ਜਿੱਤ ਲਿਆ। ੮. ਕਲਜੁਗ ਵਿਚ ਤਾਂ ਕੇਵਲ (ਗੁਰੂ ਨਾਨਕ ਦੇਵ ਜੀ ਨੇ) ਦੱਸਿਆ (ਕਿ ਕੇਵਲ ਪ੍ਰਭੂ ਦਾ) ਨਾਮ ਹੀ ਸੁਖਾਂ ਨੂੰ ਦੇਣ ਵਾਲਾ ਹੈ, (ਹੋਰ ਐਸੀ ਕੋਈ ਵਸਤੂ ਨਹੀਂ)॥ ੩੧॥

੩੨. ਗੁਰੂ ਜੀ ਦੀ ਮੱਕੇ ਦੀ ਯਾਤਰਾ

੧. ਬਾਬਾ ਫਿਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।
੨. ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ।
੩. ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜਿ ਗੁਜਾਰੀ।
੪. ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਰਾਬੇ ਪਾਇ ਪਸਾਰੀ।
੫. ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ?
੬. ਲਤਾਂ ਵਲਿ ਖੁਦਾਇ ਦੇ ਕਿਉ ਕਰਿ ਪਇਆ ਹੋਇ ਬਜਿਗਾਰੀ।
੭. ਟੰਗੋਂ ਪਕੜਿ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ।
੮. ਹੋਇ ਹੈਰਾਨੁ ਕਰੇਨਿ ਜੁਹਾਰੀ॥ ੩੨॥

ਪਦ ਅਰਥ - ਬਨਵਾਰੀ=ਹਰੀ ਰੂਪ ਸਤਿਗੁਰੂ। ਕੂਜਾ= ਲੋਟਾ। ਮਹਰਾਬੇ=ਮੱਕੇ ਦੀ ਉਹ ਥਾਂ, ਜਿਧਰ ਸਾਰੇ ਸਿਜਦਾ ਕਰਦੇ ਹਨ। ਕੁਫਰ ਕੁਫਾਰੀ=ਖੁਦਾ ਨੂੰ ਨਾ ਮੰਨਣ ਵਾਲਾ, ਨਾਸ਼ੁਕਰਾ। ਬਜਿਗਾਰੀ=ਪਾਪੀ ਗੁਨਾਹੀ। ਜੁਹਾਰੀ=ਨਮਸਕਾਰਾਂ।

ਅਰਥ - ੧ ਬਾਬਾ ਫੇਰ (ਸਿੱਧਾਂ ਨੂੰ ਜਿੱਤ ਕੇ) ਮੱਕੇ (ਮੁਸਲਮਾਨਾਂ ਦੇ ਸਭ ਤੋਂ ਵੱਡੇ ਧਰਮ ਮੰਦਰ ਵੱਲ ਮੁਸਲਮਾਨੀ ਭੇਖ ਬਣਾ ਕੇ) ਗਿਆ। ੨. ਹੱਥ ਵਿਚ ਆਸਾ, ਕੱਛ ਵਿਚ ਕਿਤਾਬ, ਲੋਟਾ ਅਤੇ ਥੱਲੇ ਵਿਛਾ ਕੇ ਨਿਮਾਜ਼ ਪੜ੍ਹਨ ਵਾਲੀ ਫੂੜੀ ਲੈ ਲਈ। ੩. (ਮੱਕੇ ਵਿਚ ਪਹੁੰਚ ਕੇ) ਮਸੀਤ ਵਿਚ ਜਾ ਬੈਠੇ, (ਜਿਥੇ ਹੋਰ) ਹਾਜੀ ਹੱਜ ਗੁਜ਼ਾਰ ਰਹੇ (ਭਾਵ ਸਿਜਦੇ ਕਰ ਰਹੇ) ਸਨ। ੪. ਜਾਂ ਰਾਤ ਪਈ, ਤਾਂ ਸਤਿਗੁਰੂ ਜੀ ਮੱਕੇ (ਦੇ ਮਹਿਰਾਬੇ) ਵੱਲ ਲੱਤਾਂ ਕਰਕੇ ਸੌਂ ਗਏ। ੫. ਜੀਵਣ (ਨਾਮੇ ਮੁੱਲਾਂ ਨੇ ਦੇਖਿਆ, ਤਾਂ ਵੱਟ ਕੇ, ਭਾਵ ਕੱਸ ਕੇ) ਲੱਤ ਮਾਰੀ (ਤੇ ਕਿਹਾ), ਕਿਹੜਾ ਖੁਦਾ ਤੋਂ ਮੁਨਕਰ ਨਾਸ਼ੁਕਰਾ ਸੌਂ ਰਿਹਾ ਹੈ। ੬. (ਇਸ ਨੂੰ ਪਤਾ ਨਹੀਂ ਕਿ) ਲੱਤਾਂ ਖੁਦਾ ਵਾਲੇ ਪਾਸੇ ਕਰਕੇ (ਕਿਡੇ) ਗੁਨਾਹਗਾਰਾਂ (ਪਾਪੀਆਂ) ਵਾਂਗ ਪਿਆ ਹੋਇਆ ਹੈ। ੭. ਉਸ ਨੂੰ ਗੁੱਸਾ ਆਇਆ, ਦੇਰ ਨਾ ਲਾਈ (ਗੁਰੂ ਜੀ ਨੂੰ) ਲੱਤੋਂ ਫੜ ਘਸੀਟ ਕੇ ਲੱਤਾਂ ਨੂੰ ਦੂਜੇ ਪਾਸੇ ਕਰ ਦਿੱਤਾ (ਪਰ) ਬਾਬੇ ਨੇ ਇਸ ਸਮੇਂ ਐਸੀ ਕਰਾਮਾਤ ਦਿਖਾਈ ਕਿ (ਜਿਧਰ ਲੱਤਾਂ ਕੀਤੀਆਂ) ਮੱਕਾ ਉਧਰ ਹੀ ਫਿਰ ਗਿਆ। (ਕਹਿੰਦੇ ਹਨ ਕਿ ਉਸ ਨੇ ਹੈਰਾਨੀ ਨਾਲ ਲੱਤਾਂ ਨੂੰ ਦੂਜੇ ਪਾਸੇ ਕੀਤਾ ਤਾਂ ਮੱਕਾ ਫਿਰ ਉਧਰ ਹੀ ਫਿਰ ਗਿਆ। ਬਾਬੇ ਦੀਆਂ ਅੱਖਾਂ ਖੁਲ੍ਹੀਆਂ ਸਨ ਤੇ ਉਹ ਜੀਵਣ ਹਾਜੀ ਦੇ ਇਸ ਵਿਹਾਰ ਨੂੰ ਵੇਖ ਰਹੇ ਸਨ)। ਜੀਵਣ ਹੈਰਾਨ ਹੋ ਕੇ, (ਲੱਤਾਂ ਛੱਡ) ਪਿੱਛੇ ਹਟ ਗਿਆ। ੮. (ਜਿਵੇਂ ਜਿਵੇਂ ਇਸ ਗੱਲ ਦਾ ਪਤਾ ਲੱਗਾ, ਸਭ) ਬਾਬੇ ਨੂੰ ਸਿਜਦੇ ਤੇ ਨਮਸਕਾਰਾਂ ਕਰਨ ਲੱਗੇ॥ ੩੨॥

੩੩. ਕਾਜੀਆਂ ਮੁੱਲਾਂ ਨੇ ਗੁਰੂ ਜੀ ਨਾਲ ਬਹਿਸ ਕਰਨੀ

੧. ਪੁਛਨਿ ਗਲ ਈਮਾਨ ਦੀ ਕਾਜੀ ਮੁਲਾਂ ਇਕਠੇ ਹੋਈ।
੨. ਵਡਾ ਸਾਂਗ ਵਰਤਾਇਆ ਲਖਿ ਨ ਸਕੈ ਕੁਦਰਤਿ ਕੋਈ।
੩. ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ?
੪. ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।
੫. ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ।
੬. ਕਚਾ ਰੰਗੁ ਕੁਸੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ।
੭. ਕਰਨਿ ਬਖੀਲੀ ਆਪਿ ਵਿਚਿ ਰਾਮ ਰਹੀਮ ਇਕ ਥਾਇ ਖਲੋਈ।
੮. ਰਾਹਿ ਸੈਤਾਨੀ ਦੁਨੀਆ ਗੋਈ॥ ੩੩ ॥

ਪਦ ਅਰਥ - ਈਮਾਨ=ਧਰਮ। ਸਾਂਗ=ਕੌਤਕ। ਸੁਭਿ ਅਮਲਾ= ਚੰਗੇ ਕੰਮ। ਢੋਈ=ਨੇੜਤਾ, ਪ੍ਰਾਪਤੀ।

ਅਰਥ - ੧. ਕਾਜ਼ੀ ਤੇ ਮੁੱਲਾਂ ਇੱਕਠੇ ਹੋ ਕੇ ਆਪਣੇ ਈਮਾਨ (ਅਕੀਦੇ) ਦੀ ਗੱਲ ਪੁੱਛਣ ਲੱਗੇ। ੨. (ਤੁਸਾਂ) ਵੱਡਾ ਕੌਤਕ (ਸਾਂਗ) ਦਿਖਾ ਦਿੱਤਾ ਹੈ, ਜਿਸ ਕੁਦਰਤ ਨੂੰ ਕੋਈ ਜਾਣ ਨਹੀਂ ਸਕਦਾ। ੩. (ਫੇਰ ਉਹ) ਕਿਤਾਬਾਂ ਫੋਲ ਕੇ ਪੁੱਛਣ ਲੱਗੇ, (ਦੱਸੋ!) ਵੱਡਾ ਹਿੰਦੂ (ਮਜ਼ਹਬ) ਹੈ ਕਿ ਮੁਸਲਮਾਨ? ੪. ਗੁਰੂ ਜੀ ਆਖਣ ਲੱਗੇ, 'ਹੇ ਹਾਜੀਓ ! ਸ਼ੁਭ ਕਮਾਈ ਕੀਤੇ ਬਿਨਾਂ ਦੋਵੇਂ ਹੀ ਰੋਣਗੇ। ੫. (ਸ਼ੁਭ ਅਮਲਾਂ ਤੋਂ ਬਿਨਾਂ) ਹਿੰਦੂ ਤੇ ਮੁਸਲਮਾਨ ਦੋਹਾਂ ਨੂੰ ਹੀ ਦਰਗਾਹ ਵਿਚ ਆਦਰ ਨਹੀਂ ਮਿਲੇਗਾ। ੬. (ਇਹ ਦਿਖਾਵੇ ਦੇ ਕਰਮ) ਕੁਸੰਭੇ ਦੇ ਰੰਗ ਵਾਂਗ ਕੱਚੇ ਹਨ, ਜੋ ਧੋਤਿਆਂ (ਪਰਖ ਵੇਲੇ ਪੂਰੇ ਨਹੀ ਉਤਰਨੇ)। ਥਿਰ ਨਹੀਂ ਰਹਿਣੇ। ੭. (ਇਹ ਦੋਵੇਂ) ਆਪੋ ਵਿਚ ਇੱਕ ਦੂਜੇ ਦੀ ਨਿੰਦਾ (ਈਰਖਾ ਤੇ ਚੁਗਲੀ) ਕਰਦੇ ਹਨ, (ਪਰ ਜਿਸ) ਰਾਮ ਰਹੀਮ (ਦੀ ਨਿੰਦਾ ਕਰਦੇ ਹਨ, ਉਹ ਤਾਂ) ਇਕੋ ਥਾਂ ਖੜੇ ਹਨ, (ਭਾਵ ਇਕੋ ਵਸਤੂ ਹਨ)। ੮. ਪਰ ਇਹ ਦੁਨੀਆਂ ਦੇ ਲੋਕ ਸ਼ੈਤਾਨੀ (ਬਦੀਆਂ ਤੇ ਪਾਪਾਂ ਵਾਲੇ ਪਾਸੇ) ਲੱਗੇ ਹੋਏ ਹਨ॥ ੩੩ ॥

੩੪. ਗੁਰੂ ਜੀ ਦੀ ਮੱਕੇ ਵਿਚ ਭਾਰੀ ਜਿੱਤ

੧. ਧਰੀ ਨੀਸਾਨੀ ਕਉਸਿ ਦੀ ਮਕੇ ਅੰਦਰਿ ਪੂਜ ਕਰਾਈ।
੨. ਜਿਥੈ ਜਾਇ ਜਗਤਿ ਵਿਚਿ ਬਾਬੇ ਬਾਝੁ ਨ ਖਾਲੀ ਜਾਈ।
੩. ਘਰਿ ਘਰਿ ਬਾਬਾ ਪੂਜੀਐ ਹਿੰਦੂ ਮੁਸਲਮਾਨ ਗੁਆਈ?
੪. ਛਪੇ ਨਾਹਿ ਛਪਾਇਆ ਚੜਿਆ ਸੂਰਜੁ ਜਗੁ ਰੁਸਨਾਈ।

੫. ਬੁਕਿਆ ਸਿੰਘ ਉਜਾੜ ਵਿਚਿ ਸਭਿ ਮਿਰਗਾਵਲਿ ਭੰਨੀ ਜਾਈ।
੬. ਚੜਿਆ ਚੰਦੁ ਨ ਲੁਕਈ ਕਢਿ ਕੁਨਾਲੀ ਜੋਤਿ ਛਪਾਈ।
੭. ਉਗਵਣਹੁ ਤੇ ਆਥਵਣੋ ਨਉ ਖੰਡ ਪ੍ਰਿਥਮੀ ਸਭ ਝੁਕਾਈ।
੮. ਜਗਿ ਅੰਦਰਿ ਕੁਦਰਤਿ ਵਰਤਾਈ॥ ੩੪॥

ਪਦ ਅਰਥ - ਕਉਸਿ=ਖੜਾਂਵ। ਗੁਆਈ= ਆਪਾ, ਭਾਵ ਫਿਰਕੂਪੁਣਾ ਛੱਡ ਕੇ। ਉਗਵਣਹੁ ਤੇ ਆਥਵਣੋ= ਚੜ੍ਹਦੇ ਤੋਂ ਲਹਿੰਦੇ ਤਕ। ਕੁਦਰਤਿ=ਸ਼ਕਤੀ।

ਅਰਥ - ੧. ਮੱਕੇ ਵਿਚ (ਗੁਰੂ ਜੀ ਨੇ) ਆਪਣੀ ਨਿਸ਼ਾਨੀ ਖੜਾਂਵ ਰੱਖੀ ਤੇ ਆਪਣੀ ਪੂਜਾ ਕਰਵਾਈ। ੨. ਗੁਰੂ ਨਾਨਕ ਪਾਤਸ਼ਾਹ ਜਿਥੇ ਵੀ ਜਗਤ ਵਿਚ ਜਾਂਦਾ ਹੈ, (ਉਥੇ ਉਥੇ ਹੀ) ਆਪਣੇ ਸੱਚੇ ਉਪਦੇਸ਼ਾਂ ਨਾਲ ਜਗਤ ਨੂੰ ਤਾਰਦਾ ਹੈ ਤੇ ਕੋਈ ਜਗ੍ਹਾ ਐਸੀ ਨਾ ਰਹੀ ਜਿਥੇ ਗੁਰੂ ਜੀ ਨਾ ਗਏ ਹੋਣ। ੩. ਘਰ ਘਰ ਵਿਚ ਗੁਰੂ ਨਾਨਕ ਜੀ ਦੀ ਪੂਜਾ ਹੋਣ ਲੱਗੀ। ਹਿੰਦੂ ਮੁਸਲਮਾਨ ਦੋਵੇਂ ਹੀ ਆਪਣਾ ਪੱਖ-ਪਾਤ ਛੱਡ ਬੈਠੇ। ੪. ਗੁਰੂ ਜੀ ਦਾ ਤੇਜ ਪ੍ਰਤਾਪ ਲੁਕਾਇਆ ਲੁਕਦਾ ਨਹੀਂ, ਜਿਵੇਂ ਸੂਰਜ ਦੀ ਰੌਸ਼ਨੀ ਨੂੰ ਕੋਈ ਛੁਪਾ ਨਹੀਂ ਸਕਦਾ। ੫. ਜਦ ਸ਼ੇਰ ਨੇ ਜੰਗਲ ਵਿਚ ਭਬਕ ਮਾਰੀ, ਤਾਂ ਫਿਰ ਹਰਨਾਂ ਦੀਆਂ ਡਾਰਾਂ ਨੂੰ ਭਾਜੜਾਂ ਪੈ ਗਈਆਂ। ੬. ਚੜ੍ਹੇ ਚੰਦਰਮਾਂ ਦੇ ਚਾਨਣੇ ਨੂੰ ਕੋਈ ਕੁਨਾਲੀ ਹੇਠ ਦਬਾ ਕੇ ਲੁਕਾ ਨਹੀਂ ਸਕਦਾ। ੭. (ਗੁਰੂ ਜੀ ਨੇ) ਚੜ੍ਹਦੇ ਤੋਂ ਲਹਿੰਦੇ ਤਕ, ਨੌਂ ਖੰਡ ਪ੍ਰਿਥਵੀ ਸਭ ਝੁਕਾ ਦਿੱਤੀ। ੮. ਸੰਸਾਰ ਵਿਚ ਗੁਰੂ ਜੀ ਨੇ ਆਪਣੀ ਐਸੀ ਸ਼ਕਤੀ ਵਰਤਾ ਦਿੱਤੀ॥ ੩੪॥

੩੫. ਗੁਰੂ ਜੀ ਦਾ ਬਗਦਾਦ ਪਹੁੰਚਣਾ

੧. ਫਿਰਿ ਬਾਬਾ ਗਇਆ ਬਗਦਾਦਿ ਨੋ ਬਾਹਰਿ ਜਾਇ ਕੀਆ ਅਸਥਾਨਾ।
੨. ਇਕੁ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।
੩. ਦਿਤੀ ਬਾਂਗਿ ਨਿਵਾਜਿ ਕਰਿ ਸੁੰਨਿ ਸਮਾਨਿ ਹੋਆ ਜਹਾਨਾ।
੪. ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।
੫. ਵੇਖੈ ਧਿਆਨੁ ਲਗਾਇ ਕਰਿ ਇਕੁ ਫਕੀਰੁ ਵਡਾ ਮਸਤਾਨਾ।
੬. ਪੁਛਿਆ ਫਿਰਿਕੈ ਦਸਤਗੀਰ ਕਉਣ ਫਕੀਰੁ ਕਿਸ ਕਾ ਘਰਿਹਾਨਾ।
੭. ਨਾਨਕ ਕਲਿ ਵਿਚਿ ਆਇਆ ਰਬੁ ਫਕੀਰੁ ਇਕੋ ਪਹਿਚਾਨਾ।
੮. ਧਰਤਿ ਆਕਾਸ ਚਹੂ ਦਿਸਿ ਜਾਨਾ॥ ੩੫॥

ਪਦ ਅਰਥ - ਅਸਥਾਨਾ=ਬੈਠ ਗਏ। ਸੁੰਨ ਮੁੰਨਿ=ਚੁਪ ਚਾਂ ਵਰਤ ਗਈ, ਸਭ ਪਾਸੇ ਸ਼ਾਂਤੀ ਹੋ ਗਈ। ਦਸਤਗੀਰ=ਉਥੋਂ ਦੇ ਪੀਰ ਦਾ ਨਾਮ। ਘਰਿਹਾਨਾ=ਘਰਾਣਾ ਜਾਂ ਭੇਖ।

ਅਰਥ - ੧. ਫੇਰ (ਗੁਰੂ ਜੀ) ਬਗਦਾਦ ਨੂੰ ਚੱਲ ਪਏ। ਬਾਬੇ ਨੇ (ਉਥੇ) ਬਾਹਰ ਜਾ ਕੇ ਇੱਕ ਥਾਂ ਆਸਣ ਵਿਛਾ ਲਿਆ ਤੇ ਬੈਠ ਗਏ। ੨. ਇਕ ਬਾਬਾ ਅਕਾਲ (ਪ੍ਰਭੂ ਦਾ) ਰੂਪ ਤੇ ਦੂਜਾ ਮਰਦਾਨਾ (ਨਾਲ) ਸੀ। ੩. ਗੁਰੂ ਜੀ ਨੇ ਭਜਨ ਕਰਕੇ ਸਤਿਨਾਮ ਦੀ ਉੱਚੀ ਆਵਾਜ਼ ਦਿੱਤੀ। ਐਸੀ ਮਿੱਠੀ ਤੇ ਸੁਰੀਲੀ ਬਾਬੇ ਦੀ ਆਵਾਜ਼ ਕਿ ਜਿਸ ਨੇ ਵੀ ਸੁਣਿਆਂ, ਮਸਤੀ ਵਿਚ ਗੜੂੰਦ ਗਿਆ, ਮਸਤ ਹੋ ਕੇ ਉਥੇ ਹੀ ਬੈਠ ਜਾਂ ਖਲੋ ਗਿਆ। ੪. ਸਾਰੀ ਨਗਰੀ ਚੁਪ ਤੇ ਸ਼ਾਂਤ ਹੋ ਗਈ। (ਆਵਾਜ਼ ਤਕ ਵੀ ਕੋਈ ਨਾ ਕੱਢੇ)। ਨਗਰੀ ਨੂੰ ਸੁੰਨ ਮੁੰਨ ਹੋਈ ਵੇਖ (ਉਥੋਂ ਦਾ ਵੱਡਾ) ਪੀਰ ਦਸਤਗੀਰ ਹੈਰਾਨ ਪਰੇਸ਼ਾਨ ਹੋ ਗਿਆ (ਕਿ ਇਹ ਕੀ ਹੋਇਆ ਹੈ?) ੫. ਉਸ ਨੇ ਅੰਤਰ-ਆਤਮੇ ਧਿਆਨ ਵਿਚ ਹੋ ਕੇ ਦੇਖਿਆ (ਕਿ ਸ਼ਹਿਰ ਦੇ ਬਾਹਰ) ਇੱਕ ਮਸਤ ਹਾਲਤ ਵਿਚ ਫਕੀਰ ਬੈਠਾ ਹੈ। (ਜਿਸ ਦੀ ਧਿਆਨ ਸਮਾਧੀ ਲੱਗੀ ਹੋਈ ਹੈ)। ਦਸਤਗੀਰ (ਰਹਿ ਨਾ ਸਕਿਆ ਝਟ ਪਟ) ਉਥੇ ਜਾ ਪੁੱਜਾ (ਜਿਥੇ ਗੁਰੂ ਨਾਨਕ ਦੇਵ ਜੀ ਬੈਠੇ ਸਨ)। ੬. ਉਸ ਨੇ ਮਰਦਾਨੇ ਨੂੰ ਪੁੱਛਿਆ, ਇਹ ਕੌਣ ਤੇ ਕਿਸ ਘਰਾਣੇ ਦੇ ਫਕੀਰ ਹਨ। ੭. (ਮਰਦਾਨੇ ਨੇ ਜਵਾਬ ਦਿੱਤਾ:-) ਇਹ ਕਲਜੁਗ ਵਿਚ ਗੁਰੂ ਨਾਨਕ ਪ੍ਰਗਟ ਹੋਏ ਹਨ; ਜੋ ਆਪ ਹੀ ਰੱਬ ਰੂਪ ਫਕੀਰ ਹਨ, (ਇਸ ਗੱਲ ਵਿਚ ਭੇਦ ਤੇ ਫਰਕ ਨਾ ਜਾਣ, ਦੁਨੀਆਂ ਨੇ ਇਸ ਨੂੰ ਰੱਬ ਦਾ ਰੂਪ ਹੀ ਜਾਣਿਆਂ ਹੈ)। ੮. ਧਰਤੀ ਤੇ ਆਕਾਸ਼, (ਜਿਥੋਂ ਤਕ ਧਰਤੀ ਹੈ) ਸਭ ਨੇ ਇਹੀ ਜਾਣਿਆਂ ਹੈ॥ ੩੫॥

੩੬. ਬਾਬੇ ਦੀ ਜ਼ਾਹਰੀ ਕਲਾ

੧. ਪੁਛੇ ਪੀਰ ਤਕਰਾਰ ਕਰਿ ਏਹੁ ਫਕੀਰੁ ਵਡਾ ਅਤਾਈ।
੨. ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ।
੩. ਪਾਤਾਲਾ ਆਕਾਸ ਲਖਿ ਓੜਕਿ ਭਾਲੀ ਖਬਰਿ ਸੁਣਾਈ।
੪. ਫੇਰਿ ਦੁਰਾਇਣ ਦਸਤਗੀਰ ਅਸੀ ਭਿ ਵੇਖਾ ਜੋ ਤੁਹਿ ਪਾਈ।
੫. ਨਾਲਿ ਲੀਤਾ ਬੇਟਾ ਪੀਰ ਦਾ ਅਖੀ ਮੀਟਿ ਗਇਆ ਹਵਾਈ।
੬. ਲਖ ਅਕਾਸ ਪਤਾਲ ਲਖ ਅਖਿ ਫੁਰਕ ਵਿਚਿ ਸਭਿ ਦਿਖਲਾਈ।
੭. ਭਰਿ ਕਚਕੌਲ ਪ੍ਰਸਾਦਿ ਦਾ ਧੁਰੋ ਪਤਾਲੋ ਲਈ ਕੜਾਹੀ।
੮. ਜਾਹਰ ਕਲਾ ਨ ਛਪੈ ਛਪਾਈ॥ ੩੬॥

ਪਦ ਅਰਥ - ਅਤਾਈ=ਸ਼ਕਤੀ ਵਾਲਾ। ਓੜਕਿ ਭਾਲੀ=ਅੰਤ ਤੀਕ ਲੱਭੀ ਗੱਲ। ਹਵਾਈ=ਹਵਾ ਵਿਚ। ਕਚਕੌਲ=ਲੋਟਾ, ਚਿੱਪੀ।

ਅਰਥ - ੧ ਝਗੜਾ (ਭਾਵ ਬੜੇ ਸੁਆਲ ਜਵਾਬ) ਕਰਕੇ, ਪੀਰ ਨੇ ਪੁੱਛਿਆ (ਤੇ ਜਾਣ ਲਿਆ ਕਿ) ਇਹ ਵੱਡਾ ਸ਼ਕਤੀ ਵਾਲਾ ਫਕੀਰ ਹੈ। ੨. ਇਸ ਨੇ ਏਥੇ ਬਗਦਾਦ ਵਿਚ ਵੱਡੀ ਕਰਾਮਾਤ ਦਿਖਾਈ ਹੈ। ੩. (ਫੇਰ ਏਸ ਨੇ) ਇਹ ਓੜਕ ਭਾਲੀ (ਵੱਡੀ ਗਹਿਰਾਈਆਂ ਤਕ ਪੁਜੀ) ਖਬਰ ਲੱਖਾਂ ਆਕਾਸ਼ਾਂ ਤੇ

ਪਾਤਾਲਾਂ ਵਾਲੀ ਸੁਣਾਈ ਹੈ। (ਮੁਸਲਮਾਨ ਸੱਤ ਆਕਾਸ਼ ਤੇ ਸੱਤ ਪਾਤਾਲ ਮੰਨਦੇ ਹਨ)। ੪. ਫਿਰ ਦਸਤਗੀਰ ਨੇ ਦੁਹਰਾ ਕੇ ਪੁੱਛਿਆ - (ਹੇ ਫਕੀਰ ਸਾਈਂ !) ਜੋ ਤੂੰ (ਖਬਰ) ਪਾਈ ਹੈ, ਉਹ ਸਾਨੂੰ ਭੀ ਵਿਖਾ ਦੇ। ੫. (ਗੁਰੂ ਜੀ ਨੇ ਕਿਹਾ, ਜਿਸ ਉੱਤੇ ਤੈਨੂੰ ਯਕੀਨ ਹੈ, ਉਸ ਨੂੰ ਸਾਡੇ ਨਾਲ ਭੇਜ ਦੇ। ਪੀਰ ਨੇ ਪੁੱਤਰ ਨੂੰ ਜਾਣ ਵਾਸਤੇ ਕਿਹਾ)। ਗੁਰੂ ਜੀ ਨੇ ਅੱਖਾਂ ਮੀਟੀਆਂ ਤੇ ਸੁਰਤੀ ਦੇ ਮਾਰਗ ਹਵਾ ਰੂਪ ਹੋ ਪੀਰ ਦੇ ਪੁੱਤਰ ਨੂੰ ਨਾਲ ਲੈ ਗਏ। ੬. ਅੱਖ ਦੇ ਫਰਕਣ ਜਿੰਨੇ ਸਮੇਂ ਵਿਚ ਹੀ ਲੱਖਾਂ ਪਾਤਾਲ ਤੇ ਆਕਾਸ਼ ਉਸ ਨੂੰ ਦਿਖਲਾ ਦਿੱਤੇ। ੭. (ਪੀਰ ਦੇ ਪੁੱਤਰ ਕੋਲ ਲੋਟਾ ਸੀ, ਉਸ ਵਿਚ ਉਹ ਜਿਥੇ ਵੀ ਸੰਗਤ ਵਿਚ ਗਿਆ, ਉਥੋਂ ਦਾ ਪ੍ਰਸ਼ਾਦ ਪਾਈ ਗਿਆ) ਲੋਟਾ ਪ੍ਰਸ਼ਾਦ ਦਾ ਭਰ ਗਿਆ ਤੇ ਵਾਪਿਸ (ਅੱਖਾਂ ਦੇ ਖੁਲ੍ਹਦੇ ਹੀ) ਆ ਗਏ। ੮. (ਗੁਰੂ ਨਾਨਕ ਦੇਵ ਜੀ ਦੀ ਇਸ) ਜ਼ਾਹਰੀ ਕਲਾ (ਕਰਾਮਾਤ) ਨੂੰ ਹੁਣ ਕੌਣ ਛੁਪਾ ਕੇ ਰੱਖ ਸਕਦਾ ਸੀ, ਭਾਵ ਇਹ ਗੱਲ ਸਭ ਪਾਸੇ ਪ੍ਰਗਟ ਹੋ ਗਈ, ਲੋਕ ਸਿਜਦੇ ਤੇ ਨਮਸਕਾਰਾਂ ਕਰਨ ਲੱਗੇ॥ ੩੬॥

੩੭. ਸਤਿਨਾਮ ਦਾ ਚੱਕਰ

੧. ਗੜ ਬਗਦਾਦੁ ਨਿਵਾਇ ਕੈ ਮਕਾ ਮਦੀਨਾ ਸਭੇ ਨਿਵਾਇਆ।
੨. ਸਿਧ ਚਉਰਾਸੀਹ ਮੰਡਲੀ ਖਟਿ ਦਰਸਨਿ ਪਾਖੰਡਿ ਜਿਣਾਇਆ।
੩. ਪਾਤਾਲਾ ਆਕਾਸ ਲਖ ਜੀਤੀ ਧਰਤੀ ਜਗਤ ਸਬਾਇਆ।
੪. ਜੀਤੀ ਨਵ ਖੰਡ ਮੇਦਨੀ ਸਤਿਨਾਮੁ ਦਾ ਚੱਕ੍ਰ ਫਿਰਾਇਆ।
੫. ਦੇਵ ਦਾਨੋ ਰਾਕਸਿ ਦੈਤ ਸਭ ਚਿਤਿ ਗੁਪਤਿ ਸਭਿ ਚਰਨੀ ਲਾਇਆ।
੬. ਇੰਦ੍ਰਾਸਣਿ ਅਪਛਰਾ ਰਾਗ ਰਾਗਨੀ ਮੰਗਲੁ ਗਾਇਆ।
੭. ਭਇਆ ਅਨੰਦ ਜਗਤੁ ਵਿਚਿ ਕਲਿ ਤਾਰਨ ਗੁਰੁ ਨਾਨਕੁ ਆਇਆ।
੮. ਹਿੰਦੂ ਮੁਸਲਮਾਣਿ ਨਿਵਾਇਆ॥ ੩੭॥

ਪਦ ਅਰਥ - ਜਿਣਾਇਆ=ਜਿੱਤ ਆਇਆ। ਚੱਕ੍ਰ=ਡੰਕਾ ਵਜਾ ਦਿੱਤਾ। ਇੰਦ੍ਰਾਸਣਿ=ਇੰਦਰ ਦਾ ਆਸਣ।

ਅਰਥ - ੧. ਗੜ੍ਹ ਬਗਦਾਦ (ਜੋ ਮੁਸਲਮਾਨੀ ਕਰਾਮਾਤੀ ਫਕੀਰਾਂ ਦਾ ਗੜ੍ਹ ਸੀ) ਨੂੰ ਜਿੱਤ ਕੇ ਫੇਰ ਮੱਕੇ ਤੇ ਮਦੀਨੇ ਵਿਚ (ਜੋ ਮੁਸਲਮਾਨੀ ਮਤ ਦਾ ਸਭ ਤੋਂ ਵੱਡਾ ਧਰਮ ਕੇਂਦਰ ਸੀ) ਭਾਰੀ ਜਿੱਤ ਪ੍ਰਾਪਤ ਕੀਤੀ। ੨. ਚਉਰਾਸੀ (ਵੱਡੇ ਵੱਡੇ) ਸਿੱਧਾਂ ਦੀਆਂ ਮੰਡਲੀਆਂ ਤੇ ਖਟ ਦਰਸ਼ਨਾਂ ਦੇ ਪਾਖੰਡ ਆਦਿਕਾਂ ਨੂੰ ਵੀ ਜਿੱਤ ਲਿਆ (ਭਾਵ ਸਮਝਾ ਦਿੱਤਾ ਕਿ ਇੱਕ ਪ੍ਰਭੂ ਦੇ ਸੱਚੇ ਨਾਮ ਤੋਂ ਬਿਨਾਂ ਸਭ ਕੁਝ ਪਾਖੰਡ ਰੂਪ ਹੈ)। ੩. ਲੱਖਾਂ ਪਾਤਾਲ ਤੇ ਆਕਾਸ਼ ਪੀਰ ਦੇ ਪੁੱਤਰ ਨੂੰ ਦਿਖਾ ਕੇ ਸਾਰੇ ਜਗਤ ਨੂੰ ਹੀ ਜਿੱਤ ਲਿਆ। ੪. ਸਤਿਨਾਮ ਦਾ ਐਸਾ ਚੱਕਰ ਚਲਾਇਆ (ਕਿ ਗੁਰੂ ਜੀ ਦੀ ਫਤਹ ਦੇ) ਡੰਕੇ ਵੱਜ ਗਏ। ੫. ਦੇਵਤੇ (ਰੂਪ ਮਨੁਖ), ਦੈਂਤ (ਰਾਖਸ਼ ਬੁਧੀ ਵਾਲੇ), ਰਾਕਸ਼ (ਕੌੜੇ ਵਰਗੇ) ਦੈਂਤ (ਡਾਕੂ ਤੇ ਠਗ ਆਦਮ ਖਾਣੇ) ਤੇ

ਚਿੜ੍ਹ ਗੁਪਤ ਸਭ ਗੁਰੂ ਜੀ ਦੇ ਚਰਣੀਂ ਲੱਗ ਗਏ। ੬. ਇੰਦ੍ਰ ਦੇ ਆਸਣ ਅੱਗੇ ਗਾਉਣ ਵਾਲੀਆਂ ਅਪੱਛਰਾਂ ਨੇ ਵੀ (ਗੁਰੂ ਨਾਨਕ ਦੀ ਮਹਿਮਾ ਦੇ) ਗੀਤ ਗਾਏ। ੭. (ਗੁਰੂ ਨਾਨਕ ਦੇ ਸੱਚੇ ਪਰਚਾਰ ਦਾ ਸਦਕਾ ਸਭ ਪਾਸੇ) ਜਗਤ ਆਨੰਦ ਹੋ ਗਿਆ ਕਿ ਗੁਰੂ ਨਾਨਕ ਕਲਜੁਗ (ਦੇ ਸਮੇਂ) ਨੂੰ ਤਾਰਨ ਲਈ ਆਏ ਹਨ। ੮. ਹਿੰਦੂਆਂ ਤੇ ਮੁਸਲਮਾਨਾਂ ਨੇ ਆਪਣੀ ਹਉਮੈ ਨੂੰ ਛੱਡ ਕੇ ਸਤਿਗੁਰੂ ਅੱਗੇ ਸਿਰ ਨਿਵਾਇਆ॥ ੩੭॥

੩੮. ਕਰਤਾਰ ਪੁਰ ਵਾਪਸੀ

੧. ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।
੨. ਪਹਿਰਿ ਸੰਸਾਰੀ ਕ਼ਪੜੇ ਮੰਜੀ ਬੈਠਿ ਕੀਆ ਅਵਤਾਰਾ।
੩. ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ।
੪. ਪੁਤਰੀ ਕਉਲੁ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ।
੫. ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ।
੬. ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।
੭. ਸੋ ਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।
੮. ਗੁਰਮੁਖਿ ਭਾਰ਼ਿ ਅਥਰਬਣਿ ਤਾਰਾ॥ ੩੮॥

ਪਦ ਅਰਥ - ਧਾਰਾ=ਥਾਪਿਆ। ਕਉਲੁ=ਇਕਰਾਰ, ਬਚਨ। ਨਸਿਆਰਾ=ਨੱਸ ਜਾਣ ਵਾਲੇ। ਧੁਨਕਾਰਾ=ਧੁਨੀ, ਗੂੰਜ। ਅਥਰਬਣਿ=ਚੌਥਾ ਵੇਦ।

ਅਰਥ - ੧. ਫੇਰ ਗੁਰੂ ਨਾਨਕ ਜੀ ਨੇ ਕਰਤਾਰ ਪੁਰ ਆ ਕੇ ਉਦਾਸੀ ਭੇਖ ਲਾਹ ਦਿੱਤਾ। ੨. ਸੰਸਾਰੀ ਕਪੜੇ ਪਹਿਨ ਲਏ, (ਜੋ ਸਿੱਖਿਆ ਲੋਕਾਂ ਨੂੰ ਉਦਾਸੀਆਂ ਸਮੇਂ ਦੇਂਦੇ ਰਹੇ, ਉਸ ਨੂੰ ਅਮਲੀ ਤੌਰ 'ਤੇ ਪ੍ਰਚਾਰਨ ਲਈ) ਆਪ ਮੰਜੀ (ਭਾਵ ਗੱਦੀ) 'ਤੇ ਬੈਠ, (ਸੱਚੇ) ਅਵਤਾਰ (ਰੂਪ ਬਣ) ਗਏ। ੩. (ਫਿਰ ਉਸ ਸਮੇਂ) ਉਲਟੀ ਗੰਗਾ ਚਲਾ ਦਿੱਤੀ, (ਜਦੋਂ ਆਪਣੇ ਸੇਵਕ ਅੰਗਦ ਨੂੰ) ਗੁਰੂ ਅੰਗਦ ਥਾਪ ਕੇ (ਉਸ ਦੇ ਪੈਰਾਂ 'ਤੇ) ਸਿਰ ਝੁਕਾ ਦਿੱਤਾ। ੪. (ਇਸ ਲਈ ਕਿ) ਪੁੱਤਰਾਂ ਨੇ ਬਚਨਾਂ (ਹੁਕਮਾਂ) ਨੂੰ ਨਾ ਮੰਨਿਆ ਤੇ ਆਕੀ ਹੋ ਕੇ ਨੱਸ ਗਏ। ੫. (ਗੁਰੂ ਨਾਨਕ ਸਾਹਿਬ ਨੇ ਮੰਜੀ 'ਤੇ ਬੈਠ ਕੇ) ਮੁਖੋਂ ਬਾਣੀ ਉਚਾਰੀ (ਤੇ ਸੱਚੇ ਉਪਦੇਸ਼) ਨਾਲ ਅੰਧੇਰੇ ਮਨਾਂ ਵਾਲਿਆਂ, (ਦੇ ਭਰਮ ਤੇ ਸੰਸੇ ਮੇਟ ਕੇ) ਰੌਸ਼ਨ ਕਰ ਦਿੱਤਾ। ੬. ਹਰ ਸਮੇਂ (ਕਰਤਾਰ ਪੁਰ ਵਿਚ) ਗਿਆਨ ਦੀਆਂ ਗੋਸ਼ਟਾਂ ਤੇ ਚਰਚਾ (ਹੁੰਦੀ) ਤੇ ਹਰ ਵੇਲੇ ਅਨਹਦ ਸ਼ਬਦ ਦੀ ਗੂੰਜ ਉੱਠਦੀ ਰਹਿੰਦੀ। ੭. (ਸ਼ਾਮ ਵੇਲੇ) ਸੋਦਰੁ, ਆਰਤੀ ਗਾਈ ਜਾਂਦੀ, (ਅਤੇ) ਅੰਮ੍ਰਿਤ ਵੇਲੇ ਜਪੁ (ਨੂੰ) ਉਚਾਰਿਆ ਜਾਂਦਾ, (ਜੋ ਵੀ ਸਿੱਖ ਬਣਦਾ, ਉਹ ਗੁਰਬਾਣੀ ਰੂਪ ਉਪਦੇਸ਼ ਦਾ ਧਾਰਨੀ ਬਣ ਕੇ ਇਸੇ ਨੇਮ 'ਤੇ ਚਲਦਾ। ੮. ਗੁਰਮੁਖਾਂ ਨੇ ਅਥਰਬਣ ਵੇਦ ਦੇ ਭਾਰ ਨੂੰ ਆਪਣੇ ਸਿਰੋਂ ਲਾਹ ਦਿੱਤਾ ਤੇ ਗੁਰਬਾਣੀ ਦੇ ਪ੍ਰੇਮੀ ਹੋ ਗਏ॥ ੩੮॥

੩੯. ਸ਼ਿਵਰਾਤਰੀ ਦਾ ਮੇਲਾ

੧. ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ।
੨. ਦਰਸਨੁ ਵੇਖਣਿ ਕਾਰਨੇ ਸਗਲੀ ਉਲਟਿ ਪਈ ਲੋਕਾਈ।
੩. ਲਗੀ ਬਰਸਣਿ ਲਛਮੀ ਰਿਧਿ ਸਿਧਿ ਨਉ ਨਿਧਿ ਸਵਾਈ।
੪. ਜੋਗੀ ਦੇਖਿ ਚਲਿਤ੍ਰ ਨੋ ਮਨ ਵਿਚਿ ਰਿਸਕਿ ਘਨੇਰੀ ਖਾਈ।
੫. ਭਗਤੀਆ ਪਾਈ ਭਗਤਿ ਆਣਿ ਲੋਟਾਂ ਜੋਗੀ ਲਇਆ ਛਪਾਈ।
੬. ਭਗਤੀਆ ਗਈ ਭਗਤਿ ਭੁਲਿ ਲੋਟੇ ਅੰਦਰਿ ਸੁਰਤਿ ਭੁਲਾਈ।
੭. ਬਾਬਾ ਜਾਣੀ ਜਾਣ ਪੁਰਖ ਕਢਿਆ ਲੋਟਾ ਜਹਾ ਲੁਕਾਈ।
੮. ਵੇਖਿ ਚਲਿਤ੍ਰਿ ਜੋਗੀ ਖੁਣਿਸਾਈ॥ ੩੯॥

ਪਦ ਅਰਥ - ਰਿਸਕਿ=ਖੁੰਧਕ, ਤਮਕ। ਭਗਤੀਆ=ਰਾਸਧਾਰੀਆਂ। ਖੁਣਿਸਾਈ=ਮਨ ਵਿਚ ਵੈਰ-ਭਾਵ।

ਅਰਥ - ੧. ਸ਼ਿਵਰਾਤ ਦਾ ਮੇਲਾ ਸੁਣ ਬਾਬਾ (ਆਪਣੇ ਸੱਚੇ ਪ੍ਰਚਾਰ ਲਈ) ਅਚਲ ਵਟਾਲੇ ਆਣ ਪੁਜਾ। ੨. (ਗੁਰੂ ਜੀ ਦਾ) ਦਰਸ਼ਨ ਕਰਨ ਵਾਸਤੇ ਦੁਨੀਆਂ (ਗੁਰੂ ਜੀ ਵੱਲ) ਉਲਟ ਪਈ। ੩. ਗੁਰੂ ਜੀ ਦੇ ਅੱਗੇ (ਦਰਸ਼ਨ-ਭੇਟਾ ਵਜੋਂ, ਲੋਕਾਂ ਵੱਲੋਂ) ਲੱਛਮੀ ਦੀ ਬਰਖਾ ਹੋਣ ਲੱਗੀ। (ਐਨੀ ਮਾਇਆ ਇਕੱਠੀ ਹੋ ਗਈ ਕਿ ਜਿਵੇਂ) ਰਿੱਧੀਆਂ ਸਿੱਧੀਆਂ ਤੇ ਨਉ-ਨਿੱਧੀਆਂ (ਗੁਰੂ ਜੀ ਦੇ ਹਜ਼ੂਰ) ਆ ਗਈਆਂ ਹਨ। ੪. ਜੋਗੀ ਇਸ ਕੌਤਕ ਨੂੰ ਵੇਖ ਖਾਰ ਖਾਣ ਲੱਗੇ। ੫. ਕੁਝ ਰਾਸਧਾਰੀਏ ਰਾਸ ਪਾ ਪਾ ਕੇ (ਆਪਣੇ ਕਰਤਬਾਂ ਨਾਲ) ਲੋਟਾ (ਅੱਗੇ ਰੱਖ ਪੈਸੇ ਉਗਰਾਹੀ ਜਾਂਦੇ ਸਨ)। ਜੋਗੀਆਂ ਨੇ ਲੋਟਾ (ਚੁੱਕ ਕੇ) ਲੁਕਾ ਦਿੱਤਾ। ੬. (ਵਿਚਾਰੇ) ਰਾਸਧਾਰੀਆਂ ਨੂੰ (ਲੋਟਾ ਚੁੱਕਿਆ ਗਿਆ ਵੇਖ ਕੇ) ਲੋਟੇ ਕਾਰਣ ਰਾਸ ਪਾਉਣੀ ਭੁੱਲ ਗਈ। ੭. ਬਾਬਾ (ਗੁਰੂ ਨਾਨਕ) ਜਾਣੀ ਜਾਣ ਪੁਰਖ ਸੀ (ਉਨ੍ਹਾਂ ਰਾਸਧਾਰੀਆਂ ਦੀ ਹਾਲਤ 'ਤੇ ਤਰਸ ਖਾ ਕੇ) ਜੋਗੀਆਂ ਨੇ ਜਿਥੇ ਲੋਟਾ ਲੁਕਾਇਆ ਸੀ, ਲਭਾ (ਕਢਾ) ਦਿੱਤਾ। ੮. ਜੋਗੀਆਂ ਨੂੰ ਇਸ ਗੱਲ ਤੋਂ ਬੜੀ ਤਮਕ ਲੱਗੀ, ਗੁੱਸੇ ਵਿਚ ਆ ਗਏ, ਕਰਾਮਾਤ ਦੀ ਹਉਮੈ ਨੇ ਉਨ੍ਹਾਂ ਨੂੰ ਲਾਂਬੂ ਲਾ ਦਿੱਤੇ॥ ੩੯॥

੪੦. ਜੋਗੀਆਂ ਨਾਲ ਚਰਚਾ

੧. ਖਾਧੀ ਖੁਣਸਿ ਜੋਗੀਸਰਾਂ ਗੋਸਟਿ ਕਰਨਿ ਸਭੇ ਉਠਿ ਆਈ।
੨. ਪੁਛੇ ਜੋਗੀ ਭੰਗਰ ਨਾਥੁ 'ਤੁਹਿ ਦੁਧ-ਵਿਚਿ ਕਿਉਂ ਕਾਂਜੀ ਪਾਈ।
੩. ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣੁ ਹਥਿ ਨ ਆਈ।

੪. ਭੇਖ ਉਤਾਰਿ ਉਦਾਸਿ ਦਾ ਵਤਿ ਕਿਉਂ ਸੰਸਾਰੀ ਰੀਤਿ ਚਲਾਈ?
੫. ਨਾਨਕ ਆਖੇ 'ਭੰਗਰਿਨਾਥ! ਤੇਰੀ ਮਾਉ ਕੁਚਜੀ ਆਹੀ।
੬. ਭਾਂਡਾ ਧੋਇ ਨ ਜਾਤਿਓਨਿ ਭਾਇ ਕੁਚਜੇ ਫੁਲੁ ਸੜਾਈ।
੭. ਹੋਇ ਅਤੀਤੁ ਗ੍ਰਿਹਸਤਿ ਤਜਿ ਫਿਰਿ ਉਨਹੂੰ ਕੇ ਘਰਿ ਮੰਗਣ ਜਾਈ।
੮. ਬਿਨੁ ਦਿਤੇ ਕਛੁ ਹਥਿ ਨ ਆਈ' ॥੪੦॥

ਪਦ ਅਰਥ - ਖੁਣਸਿ=ਖਾਰ, ਖੁੰਧਕ। ਗੋਸਟਿ=ਬਹਿਸ। ਵਤਿ=ਮੁੜ ਕੇ। ਅਤੀਤੁ=ਫਕੀਰ।

ਅਰਥ - ੧. ਜੋਗੀ ਖੁੰਧਕ (ਤਮਕ) ਖਾ ਕੇ ਬਹਿਸ ਕਰਨ ਲਈ (ਗੁਰੂ ਨਾਨਕ ਜੀ ਦੇ) ਨੇੜੇ ਆ ਗਏ। ੨. ਭੰਗਰ ਨਾਥ ਨੇ (ਆਉਂਦੇ ਹੀ) ਕਿਹਾ, 'ਤੂੰ ਦੁੱਧ ਵਿਚ ਕਾਂਜੀ (ਪਾਉਣ ਵਾਲਾ ਕੰਮ) ਕਿਉਂ ਕੀਤਾ ਹੈ ?' ੩. 'ਚਾਟਾ ਦੁੱਧ ਦਾ ਜੇ ਫਿਟ ਜਾਏ, ਤਾਂ ਉਸ ਵਿਚੋਂ ਮੱਖਣ ਕਿਵੇਂ ਨਿਕਲ ਸਕਦਾ ਹੈ ?' (ਭਾਵ ਫਕੀਰੀ ਧਾਰਕੇ, ਫਕੀਰੀ ਰੂਪ ਦੁੱਧ ਦੇ ਚਾਟੇ ਵਿਚ ਮੁੜ ਗ੍ਰਿਹਸਥੀ ਬਣ ਕੇ ਕਾਂਜੀ ਕਿਉਂ ਪਾਈ ਹੈ, ਹੁਣ ਤਾਂ ਮੱਖਣ, ਭਾਵ ਮੁਕਤੀ ਤੇ ਗਿਆਨ ਦੋਵੇਂ ਹੀ ਤੇਰੇ ਗੁਆਚ ਗਏ ਸਮਝੋ)। ੪. 'ਫਕੀਰੀ (ਉਦਾਸੀ) ਭੇਖ ਲਾਹ ਕੇ, ਫਿਰ ਗ੍ਰਿਹਸਥ ਧਾਰਨ ਦੀ ਸੰਸਾਰੀ ਰੀਤੀ ਕਿਉਂ ਚਲਾ ਦਿੱਤੀ ਹੈ ?' ੫. ਗੁਰੂ ਜੀ ਨੇ ਕਿਹਾ, 'ਤੇਰੀ ਮਾਂ (ਬੁੱਧ) ਕੁਚੱਜੀ ਹੈ, ੬. (ਜਿਸ ਬੁਧੀ ਨੇ) ਭਾਂਡਾ (ਹਿਰਦਾ) ਧੋਤਾ ਨਹੀਂ, ਤੇ ਕੁਚੱਜੇ ਢੰਗ ਕਾਰਣ ਹਿਰਦੇ ਵਿਚਲੇ ਦੁੱਧ (ਬੁਧੀ) ਨੂੰ ਖਰਾਬ ਕਰ ਲਿਆ ਹੈ। ੭. ਫਕੀਰੀ ਧਾਰ ਕੇ ਤੁਸੀਂ ਫਿਰ ਗ੍ਰਿਹਸਥੀਆਂ ਦੇ ਘਰ ਹੀ ਮੰਗਣ ਤੁਰ ਜਾਂਦੇ ਹੋ, (ਕਦੀ ਏਸ ਗੱਲ ਨੂੰ ਵਿਚਾਰਿਆ ਜੇ ? ਫੇਰ ਉਨ੍ਹਾਂ ਗ੍ਰਿਹਸਥੀਆਂ ਦੀ ਹੀ ਨਿੰਦਾ ਕਰਦੇ ਹੋ)। ੮. ਬਿਨਾਂ ਦਿੱਤਿਆਂ ਕੁਝ ਵੀ ਮਿਲਦਾ ਨਹੀਂ, (ਕਦੀ ਇਹ ਗੱਲ ਸੋਚੀ ਜੇ?)॥ ੪੦॥

ਗੁਰਵਾਕ :- 'ਇਸੁ ਭੇਖੈ ਥਾਵਹੁ ਗਿਰਹੋ ਭਲਾ ਜਿਥਹੁ ਕੋ ਵਰਸਾਇ॥

੪੧. ਸਿੱਧਾਂ ਨੇ ਕਰਾਮਾਤਾਂ ਦਿਖਾਉਣੀਆਂ

੧. ਇਹਿ ਸੁਣਿ ਬਚਨਿ ਜੋਗੀਸਰਾਂ ਮਾਰਿ ਕਿਲਕ ਬਹੁ ਰੂਇ ਉਠਾਈ।
੨. ਖਟਿ ਦਰਸਨ ਕਉ ਖੇਦਿਆ ਕਲਿਜੁਗਿ ਨਾਨਕ ਬੇਦੀ ਆਈ।
੩. ਸਿਧਿ ਬੋਲਨਿ ਸਭਿ ਅਵਖਧੀਆ ਤੰਤ੍ਰ ਮੰਤ੍ਰ ਕੀ ਧੁਨੋ ਚੜ੍ਹਾਈ।
੪. ਰੂਪ ਵਟਾਏ ਜੋਗੀਆਂ ਸਿੰਘ ਬਾਘਿ ਬਹੁ ਚਲਿਤਿ ਦਿਖਾਈ।
੫. ਇਕਿ ਪਰਿ ਕਰਿਕੈ ਉਡਰਨਿ ਪੰਖੀ ਜਿਵੈ ਰਹੇ ਲੀਲਾਈ।
੬. ਇਕ ਨਾਗ ਹੋਇ ਪਉਣ ਛੋੜਿਆ ਇਕਨਾ ਵਰਖਾ ਅਗਨਿ ਵਸਾਈ।
੭. ਤਾਰੇ ਤੋੜੇ ਭੰਗਰਿਨਾਥ ਇਕ ਚੜਿ ਮਿਰਗਾਨੀ ਜਲੁ ਤਰਿ ਜਾਈ।

੮. ਸਿਧਾ ਅਗਨਿ ਨ ਬੁਝੈ ਬੁਝਾਈ ॥ ੪੧ ॥

ਪਦ ਅਰਥ - ਕਿਲਕ=ਚੀਕਾਂ ਤੇ ਚਾਂਗਰਾਂ ਮਾਰਦੇ। ਰੁਇ=ਰੋਹ, ਗੁੱਸਾ। ਖੇਦਿਆ=ਨਿਖੇਧੀ। ਧੁਨੋ=ਆਵਾਜ਼ਾਂ। ਲੀਲਾਈ=ਉੱਡਣ ਦੀ ਤਾਰੀ।

ਅਰਥ - ੧. (ਬਾਬੇ ਦੇ) ਬਚਨ ਸੁਣ ਫਿਰ ਜੋਗੀਆਂ ਨੇ ਚਾਂਗਰਾਂ ਤੇ ਕਿਲਕਾਂ ਮਾਰੀਆਂ, ਬੜਾ ਰੋਹ ਤੇ ਗੁੱਸਾ ਪ੍ਰਗਟ ਕੀਤਾ। ੨. ਕਹਿੰਦੇ-ਕਲਜੁਗ ਵਿਚ ਨਾਨਕ ਬੇਦੀ ਨੇ ਆ ਕੇ ਖਟ ਦਰਸ਼ਨਾਂ (ਛੇਆਂ ਪ੍ਰਚਲਤ) ਧਰਮਾਂ ਦੀ ਨਿਖੇਧੀ ਕੀਤੀ ਹੈ। ੩. ਸਿੱਧ ਸਭ ਤੰਤ੍ਰ ਮੰਤ੍ਰਾਂ ਦੀਆਂ ਧੁਨਾਂ ਉਚਾਰ ਕੇ ਔਸ਼ਧੀਆਂ ਦੱਸਣ ਲੱਗੇ। ੪. ਜੋਗੀਆਂ ਨੇ ਸਤਿਗੁਰੂ ਨੂੰ ਡਰਾਉਣ ਵਾਸਤੇ ਰੂਪ ਵਟਾ ਲਏ। ਕੋਈ ਸ਼ੇਰ, ਬਘਿਆੜ, (ਬਣ ਕੇ) ਚਲਿਤਰ ਦਿਖਾਉਣ ਲੱਗੇ। ੫. ਇੱਕ ਪਰਾਂ ਵਾਲੇ ਪੰਛੀ ਬਣ ਪੰਛੀਆਂ ਵਾਂਗ ਅਸਮਾਨ ਵਿਚ ਉਡਾਰੀਆਂ ਲਾਉਣ ਲੱਗੇ। ੬. ਇੱਕ ਫਨੀਅਰ ਨਾਗ ਬਣ ਫੁੰਕਾਰੇ ਮਾਰਨ ਲੱਗੇ। ਕਿਸੇ ਨੇ ਅੱਗ ਦੀ ਵਰਖਾ ਵਸਾ ਦਿੱਤੀ। ੭. ਭੰਗਰ ਨਾਥ ਨੇ ਤਾਰੇ ਜਾ ਤੋੜੇ, ਇੱਕ ਮਿਰਗਾਨੀ 'ਤੇ ਬੈਠ (ਤਲਾ ਦੇ) ਜਲ ਵਿਚ ਤਰਨ ਲੱਗੇ। ੮. (ਪਰ ਇਹ ਸਭ ਕੁਝ ਕਰਕੇ ਵੀ) ਸਿੱਧਾਂ ਦੀ ਹਉਮੈ ਦੀ ਅੱਗ ਮੱਠੀ ਨਾ ਹੋਈ ॥ ੪੧ ॥

੪੨. ਸਿੱਧਾਂ ਨੇ ਫਿਰ ਸਵਾਲ-ਜਵਾਬ ਕਰਨੇ

੧. ਸਿਧਿ ਬੋਲਨਿ 'ਸੁਣਿ ਨਾਨਕਾ! ਤੁਹਿ ਜਗ ਨੋ ਕਰਾਮਾਤਿ ਦਿਖਾਈ।
੨. ਕੁਝ ਵਿਖਾਲੇਂ ਅਸਾਂ ਨੋ ਤੁਹਿ ਕਿਉਂ ਢਿਲ ਅਵੇਹੀ ਲਾਈ'?
੩. ਬਾਬਾ ਬੋਲੇ, 'ਨਾਥ ਜੀ, ਅਸਿ ਵੇਖਣਿ ਜੋਗੀ ਵਸਤੁ ਨ ਕਾਈ।
੪. ਗੁਰੁ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀ ਹੈ ਰਾਈ।
੫. ਸਿਵ ਰੂਪੀ ਕਰਤਾ ਪੁਰਖੁ ਚਲੇ ਨਾਹੀ ਧਰਤਿ ਚਲਾਈ।'
੬. ਸਿਧਿ ਤੰਤ੍ਰ ਮੰਤ੍ਰਿ ਕਰਿ ਝੜਿ ਪਏ ਸਬਦਿ ਗੁਰੂ ਕੇ ਕਲਾ ਛਪਾਈ।
੭. ਦਦੇ ਦਾਤਾ ਗੁਰੂ ਹੈ ਕਕੇ ਕੀਮਤਿ ਕਿਨੈ ਨ ਪਾਈ।
੮. ਸੋ ਦੀਨ ਨਾਨਕ ਸਤਿਗੁਰੁ ਸਰਣਾਈ ॥ ੪੨ ॥

ਪਦ ਅਰਥ - ਸੋ ਦੀਨ=ਉਹ ਹਾਰ ਕੇ।

ਪਦ ਅਰਥ - ੧. (ਸਾਰਾ ਜ਼ੋਰ ਲਾ) ਸਿੱਧ (ਹਾਰ ਕੇ) ਗੁਰੂ ਨਾਨਕ ਨੂੰ ਪੁੱਛਣ ਲੱਗੇ, ਤੁਸਾਂ ਜਗ ਨੂੰ ਕੀ ਕਰਾਮਾਤ ਦਿਖਾਈ ਹੈ ? ੨. (ਜਗ ਨੂੰ ਤਾਂ ਦਿਖਾਈ ਹੈ, ਪਰ) ਕੋਈ ਸਾਨੂੰ ਵੀ ਐਸੀ ਵਸਤੂ (ਦਾ ਨਮੂਨਾ) ਦਿਖਾ। ਤੂੰ ਢਿੱਲ ਕਿਉਂ ਲਾਈ ਹੈ ? ੩. ਗੁਰੂ ਨਾਨਕ ਜੀ ਬੋਲੇ, 'ਨਾਥ ਜੀ'! ਸਾਡੇ ਕੋਲ ਵੇਖਣ ਤੇ ਵਿਖਾਉਣ ਯੋਗ ਕੋਈ ਐਸੀ ਵਸਤੂ ਨਹੀਂ। ੪. (ਸਾਡੇ ਕੋਲ) ਗੁਰ ਸੰਗਤ ਤੇ (ਗੁਰ ਸ਼ਬਦ) ਬਾਣੀ ਬਿਨਾਂ, ਹੋਰ ਕੋਈ ਓਟ (ਆਸਰਾ) ਰਤਾ ਭਰ ਵੀ ਨਹੀਂ ਹੈ। ੫. ਕਰਨ-ਕਾਰਨ ਤਾਂ ਕੇਵਲ ਓਹੀ (ਸ਼ਿਵ ਰੂਪ) ਕਰਤਾ ਪੁਰਖ ਆਪ ਹੀ ਹੈ। (ਓਹ) ਚਲਾਇਮਾਨ ਕਿਸੇ ਦੇ ਕੀਤਿਆਂ ਨਹੀਂ ਹੁੰਦਾ। (ਭਾਵ ਗੁਰੂ ਜੀ ਸਿੱਧਾਂ ਦੇ

ਕਿਸੇ ਵੀ ਚਲਿਤਰ ਤੋਂ ਚਲਾਏਮਾਨ ਨਾ ਹੋਏ)। ਜਿਵੇਂ ਧਰਤੀ ਕਿਸੇ ਦੇ ਹਿਲਾਇਆਂ ਨਹੀਂ ਹਿਲਦੀ। ੬. ਸਿੱਧ ਤੰਤ੍ਰ ਮੰਤ੍ਰ ਕਰ ਕਰਕੇ ਹਾਰ ਗਏ, ਗੁਰੂ ਦੇ ਸ਼ਬਦ ਨੇ ਉਨ੍ਹਾਂ ਦੀ ਕਲਾ (ਤਾਕਤ ਜਾਂ ਕਰਾਮਾਤ) ਇਉਂ ਛੁਪਾ (ਭਾਵ ਖਤਮ ਕਰਕੇ ਰੱਖ) ਦਿੱਤੀ। ੭. ਦੱਦੇ ਦਾਤਾ (ਰੂਪ ਕੇਵਲ ਗੁਰੂ) ਆਪ ਹੀ ਹੈ, (ਤੇ ਉਸ ਗੁਰੂ ਦੀ) ਕੱਕੇ ਕੀਮਤ ਕਿਸੇ ਨਹੀਂ ਪਾਈ। (ਭਾਵ ਅਗਮ ਅਗਾਧ ਪ੍ਰਭੂ ਰੂਪ ਧੁਰੋਂ ਭੇਜੇ ਤੇ ਪ੍ਰਭੂ ਦੀ ਵਡਿਆਈ ਗੁਰੂ ਨਾਨਕ ਦੀ ਵਡਿਆਈ (ਕੀਮਤ) ਨੂੰ ਇਹ ਜਪਾਂ ਤਪਾਂ ਦੇ ਆਸਰੇ 'ਤੇ ਸਿੱਧ ਲੋਕ ਕੀ ਜਾਣ ਸਕਦੇ ਸਨ)। ੮. ਸੋ ਅਖੀਰ ਉਹ ਦੀਨ (ਨਿੰਮੋਝੂਣੇ ਹੋ, ਹਾਰ ਕੇ) ਗੁਰੂ ਨਾਨਕ ਦੀ ਸ਼ਰਣੀ ਪੈ ਗਏ॥ ੪੨॥

੪੩. ਸੱਚੇ ਸ਼ਬਦ (ਨਾਮ) ਦਾ ਪ੍ਰਤਾਪ

੧. ਬਾਬਾ ਬੋਲੇ ਨਾਥ ਜੀ! ਸਬਦੁ ਸੁਨਹੁ ਸਚੁ ਮੁਖਹੁ ਅਲਾਈ।
੨. ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ।
੩. ਬਸਤਰਿ ਪਹਿਰੋ ਅਗਨਿ ਕੈ ਬਰਫ ਹਿਮਾਲੇ ਮੰਦਰੁ ਛਾਈ।
੪. ਕਰੌ ਰਸੋਈ ਸਾਰਿ ਦੀ ਸਗਲੀ ਧਰਤੀ ਨਥਿ ਚਲਾਈ।
੫. ਏਵਡੁ ਕਰੀ ਵਿਥਾਰਿ ਕਉ ਸਗਲੀ ਧਰਤੀ ਹਕੀ ਜਾਈ।
੬. ਤੋਲੀ ਧਰਤਿ ਅਕਾਸਿ ਦੁਇ ਪਿਛੇ ਛਾਬੇ ਟੰਕੁ ਚੜਾਈ।
੭. ਇਹਿ ਬਲੁ ਰਖਾ ਆਪਿ ਵਿਚਿ ਜਿਸੁ ਆਖਾ ਤਿਸੁ ਪਾਸਿ ਕਰਾਈ।
੮. ਸਤਿਨਾਮੁ ਬਿਨੁ ਬਾਦਰਿ ਛਾਈ॥ ੪੩॥

ਪਦ ਅਰਥ - ਸਾਰਿ=ਲੋਹਾ। ਵਿਥਾਰਿ=ਵਧ ਜਾਣ। ਹਕੀ=ਧੱਕ ਦੇਣਾ। ਟੰਕੁ=ਵੱਟਾ।

ਅਰਥ - ੧. (ਗੁਰੂ) ਬਾਬਾ ਜੀ ਬੋਲੇ - ਨਾਥ ਜੀ ! (ਅਸੀਂ ਤਾਂ ਕੇਵਲ) ਸ਼ਬਦ ਹੀ ਸੁਣਦੇ ਤੇ ਮੁੱਖ ਤੋਂ ਸ਼ਬਦ ਹੀ ਬੋਲਦੇ ਹਾਂ। ੨. ਸੱਚੇ ਨਾਮ ਤੋਂ ਬਗੈਰ ਹੋਰ ਕੋਈ ਕਰਾਮਾਤ ਸਾਡੇ ਪਾਸ ਨਹੀਂ ਹੈ। (ਸਾਡੇ ਕੰਮ ਤੇ ਸਾਡੀ ਰਖਵਾਲੀ ਕੇਵਲ ਸੱਚਾ ਨਾਮ ਹੀ ਹੈ, ਤੇ ਇਹੋ ਹੀ ਸਾਡੀ ਕਰਾਮਾਤ ਹੈ)। ੩. ਬਸਤ੍ਰ (ਜੇ ਮੈਂ) ਅੱਗ ਦੇ ਪਾ ਲਵਾਂ, ਬਰਫ ਦੇ ਘਰ ਬਣਾ ਕੇ ਹਿਮਾਲੇ (ਪਰਬਤ) 'ਤੇ ਜਾ ਰਹਾਂ। ੪. ਲੋਹੇ ਨੂੰ ਰਸੋਈ (ਭਾਵ ਖਾਣਾ) ਬਣਾ ਲਵਾਂ, (ਤੇ ਏਨਾ ਬਲ ਹੋਵੇ ਕਿ) ਧਰਤੀ ਨੂੰ ਨੱਥ ਕੇ ਚਲਾ ਲਵਾਂ, (ਭਾਵ ਵਸ ਵਿਚ ਕਰ ਲਵਾਂ)। ੫. ਏਨਾ ਵੱਡਾ (ਕੱਦ ਵਾਲਾ) ਬਣ ਜਾਵਾਂ ਕਿ ਸਾਰੀ ਧਰਤੀ ਨੂੰ ਧੱਕ ਕੇ (ਅੱਗੇ ਅੱਗੇ) ਤੋਰ ਲਵਾਂ। ੬. ਧਰਤੀ ਤੇ ਆਕਾਸ਼ ਨੂੰ ਤਕੜੀ ਵਿਚ ਪਾ ਕੇ ਪਿੱਛੇ ਟੰਕ (ਛੋਟਾ ਜਿਹਾ ਵੱਟਾ) ਚੜ੍ਹਾ ਤੋਲ ਦਿਆਂ। ੭. ਏਨਾ ਬਲ ਆਪਣੇ ਵਿਚ ਰੱਖਦਾ ਹੋਵਾਂ ਕਿ ਜਿਸ (ਜੋ ਕੁਛ) ਆਖਾਂ, (ਉਸ ਤੋਂ ਉਹੀ ਕੁਝ) ਕਰਵਾ ਲਵਾਂ। ੮. (ਪਰ ਏਨੀ ਸ਼ਕਤੀ ਤੇ ਏਨੀ ਤਾਕਤ) ਸੱਚੇ ਨਾਮ (ਸਤਿਨਾਮ) ਤੋਂ ਬਿਨਾਂ ਬੱਦਲ ਦੀ ਛਾਂ (ਵਰਗੀ ਖਿਨ ਵਿਚ ਹੀ ਦੂਰ ਹੋ ਜਾਣ ਵਾਲੀ ਵਸਤੂ) ਹੈ॥ ੪੩॥

੪੪. ਸਿੱਧਾਂ ਨੂੰ ਜਿੱਤਣਾ ਤੇ ਫਿਰ ਮੁਲਤਾਨ ਜਾਣਾ

੧. ਬਾਬੇ ਕੀਤੀ ਸਿਧਿ ਗੋਸਟਿ ਸਬਦਿ ਸਾਂਤਿ ਸਿਧਾਂ ਵਿਚਿ ਆਈ।
੨. ਜਿਣਿ ਮੇਲਾ ਸਿਵਰਾਤਿ ਦਾ ਖਟ ਦਰਸਨਿ ਆਦੇਸਿ ਕਰਾਈ।
੩. ਸਿਧਿ ਬੋਲਨਿ ਸੁਭਿ ਬਚੰਨ ਧਨੁ ਨਾਨਕ ਤੇਰੀ ਵਡੀ ਕਮਾਈ।
੪. ਵਡਾ ਪੁਰਖੁ ਪਰਗਟਿਆ ਕਲਿਜੁਗਿ ਅੰਦਰਿ ਜੋਤਿ ਜਗਾਈ।
੫. ਮੇਲਿਓ ਬਾਬਾ ਉਠਿਆ ਮੁਲਤਾਨੇ ਦੀ ਜਾਰਤਿ ਜਾਈ।
੬. ਅੱਗੋਂ ਪੀਰ ਮੁਲਤਾਨ ਦੇ ਦੁਧਿ ਕਟੋਰਾ ਭਰਿ ਲੈ ਆਈ।
੭. ਬਾਬੇ ਕਢਿ ਕਰਿ ਬਗਲ ਤੇ ਚੰਬੇਲੀ ਦੂਧ ਵਿਚਿ ਮਿਲਾਈ।
੮. ਜਿਉ ਸਾਗਰ ਵਿਚਿ ਗੰਗ ਸਮਾਈ॥ ੪੪ ॥

ਪਦ ਅਰਥ - ਜਿਣਿ=ਜਿੱਤ ਕੇ। ਆਦੇਸਿ=ਪਰਨਾਮ। ਜਾਰਤਿ=ਯਾਤਰਾ, (ਜ਼ਿਆਰਤ)

ਅਰਥ - ੧. ਬਾਬੇ ਨੇ ਸਿੱਧਾਂ ਨਾਲ ਚਰਚਾ ਕੀਤੀ, (ਤਾਂ ਸ਼ਬਦ ਦੀ ਬਰਕਤ ਨਾਲ) ਸਿੱਧਾਂ ਦੇ ਮਨਾਂ ਵਿਚ ਸ਼ਾਂਤੀ ਵਰਤ ਗਈ। ੨. (ਇਉਂ) ਸ਼ਿਵਰਾਤ ਦੇ ਮੇਲੇ ਨੂੰ ਜਿੱਤ ਲਿਆ ਤੇ ਖਟ ਦਰਸ਼ਨਾਂ (ਭਾਵ ਸਭ ਧਰਮਾਂ) ਦੇ ਲੋਕਾਂ ਨੇ ਗੁਰੂ ਜੀ ਨੂੰ ਨਮਸਕਾਰਾਂ ਕੀਤੀਆਂ। ੩. ਸਿੱਧ ਵੀ ਸ਼ੁਭ ਬਚਨ ਬੋਲੇ, (ਤੇ ਉਨ੍ਹਾਂ ਕਿਹਾ, ਨਾਨਕ ਜੀ ! ਤੁਸੀਂ ਧੰਨ ਹੋ ਤੇ ਤੁਹਾਡੀ ਕਮਾਈ (ਕਰਨੀ) ਬੜੀ ਵੱਡੀ ਹੈ। ੪. ਵੱਡਾ ਪੁਰਖ ਕਲਜੁਗ ਵਿਚ (ਆਪ ਜ਼ਾਹਰ) ਪ੍ਰਗਟ ਹੋਏ ਹੋ (ਤੇ ਸੱਚ ਦੀ) ਜੋਤਿ ਜਗਾਈ ਹੈ। ੫. (ਅਚਲ ਵਟਾਲੇ ਦੇ) ਮੇਲੇ ਨੂੰ ਜਿੱਤ ਕੇ (ਮਹਾਨ ਫਤਹ ਉਪਰੰਤ) ਬਾਬਾ ਮੇਲਿਓਂ ਤੁਰ ਮੁਲਤਾਨ ਦੀ ਯਾਤਰਾ ਲਈ ਚੱਲ ਪਿਆ। ੬. (ਇਹ ਸ਼ਹਿਰ ਪੀਰਾਂ ਦਾ ਸ਼ਹਿਰ ਸੀ। ਗੁਰੂ ਨਾਨਕ ਦਾ ਆਉਣਾ ਸੁਣ, ਉਹ) ਅੱਗੋਂ ਪੀਰ ਦੁੱਧ ਦਾ ਕਟੋਰਾ ਲੈ ਗੁਰੂ ਜੀ ਨੂੰ ਆ ਮਿਲੇ। (ਭਾਵ ਏਥੇ ਤਾਂ ਅੱਗੇ ਹੀ ਪੀਰਾਂ ਫਕੀਰਾਂ ਦੀ ਭਰਮਾਰ ਹੈ, ਤੁਸੀਂ ਕੀ ਲੈਣ ਆਏ ਹੋ ? ਇਹ ਦੁੱਧ ਦਾ ਕਟੋਰਾ ਇਸ ਪ੍ਰਸ਼ਨ ਦਾ ਸੂਚਕ ਸੀ, ਪਰ ਸਤਿਗੁਰੂ ਜੀ ਵੀ ਅੱਗੋਂ ਅੰਤਰਯਾਮੀ ਸਨ)। ੭. ਉਨ੍ਹਾਂ ਕੱਛ ਵਿਚ ਲਪੇਟਿਆ ਚੰਬੇਲੀ ਦਾ ਫੁੱਲ ਦੁੱਧ ਦੇ ਉਪਰ ਟਿਕਾ ਦਿੱਤਾ। (ਭਾਵ ਅਸੀਂ ਤੁਹਾਡੇ ਵਿਚ ਟਿਕਣ ਲਈ ਨਹੀਂ ਆਏ, ਜਾਂ ਕਿਸੇ ਨੂੰ ਦੁੱਖ ਦੇਣ ਨਹੀਂ ਆਏ, ਸਗੋਂ ਚੰਬੇਲੀ ਵਾਂਗ ਮਹਿਕ ਦਿਆਂਗੇ)। ੮. ਗੁਰੂ ਜੀ ਦਾ ਫੁੱਲ ਇਉਂ ਟਿਕ ਗਿਆ ਜਿਵੇਂ ਸਮੁੰਦਰ ਵਿਚ ਨਦੀ ਗੰਗਾ ਜਾ ਸਮਾਉਂਦੀ ਹੈ॥ ੪੪ ॥

੪੫. ਦੂਸਰੇ ਸਤਿਗੁਰੂ, ਗੁਰੂ ਅੰਗਦ ਦੇਵ ਜੀ

੧. ਜਾਰਤਿ ਕਰਿ ਮੁਲਤਾਨ ਦੀ ਫਿਰਿ ਕਰਤਾਰਿ ਪੁਰੇ ਨੋ ਆਇਆ।
੨. ਚੜ੍ਹੇ ਸਵਾਈ ਦਿਹਿ ਦਿਹੀ ਕਲਿਜੁਗਿ ਨਾਨਕ ਨਾਮੁ ਧਿਆਇਆ।

੩. ਵਿਣੁ ਨਾਵੈ ਹੋਰੁ ਮੰਗਣਾ ਸਿਰਿ ਦੁਖਾਂ ਦੇ ਦੁਖ ਸਬਾਇਆ।
੪. ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।
੫. ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।
੬. ਜੋਤੀ ਜੋਤਿ ਮਿਲਾਇ ਕੈ ਸਤਿਗੁਰ ਨਾਨਕਿ ਰੂਪੁ ਵਟਾਇਆ।
੭. ਲਖਿ ਨ ਕੋਈ ਸਕਈ ਆਚਰਜੇ ਆਚਰਜੁ ਦਿਖਾਇਆ।
੮. ਕਾਇਆ ਪਲਟਿ ਸਰੂਪੁ ਬਣਾਇਆ॥ ੪੫॥

ਪਦ ਅਰਥ - ਦਿਹਿ ਦਿਹੀ=ਰੋਜ਼ ਬਰੋਜ਼। ਸਬਾਇਆ=ਬਹੁਤਾ। ਮਾਰਿਆ ਸਿਕਾ=ਹੁਕਮ ਦਾ ਸਿੱਕਾ, ਅਟੱਲ ਹੁਕਮ।

ਪਦ ਅਰਥ - ੧. (ਸਤਿਗੁਰੂ ਜੀ) ਮੁਲਤਾਨ ਦੀ ਯਾਤਰਾ ਕਰਕੇ ਤੇ ਮੁਲਤਾਨ ਦੇ ਫਕੀਰਾਂ ਦੀ ਨਿਸ਼ਾ ਕਰਕੇ ਵਾਪਸ ਕਰਤਾਰ ਪੁਰ ਨੂੰ ਆ ਗਏ। ੨. (ਸਤਿਗੁਰੂ ਦੀ ਮਹਿਮਾ) ਦਿਨੋ ਦਿਨ ਵੱਧ ਰਹੀ ਸੀ ਕਿ ਕਲਜੁਗ ਵਿਚ (ਗੁਰੂ) ਨਾਨਕ ਨੇ ਹੀ (ਦੁਨੀਆਂ ਨੂੰ) ਨਾਮ ਜਪਾਇਆ ਤੇ ਧਿਆਇਆ ਹੈ। ੩. (ਕਿਉਂਕਿ) ਨਾਮ ਤੋਂ ਬਿਨਾਂ (ਹੋਰ ਜੋ ਵੀ ਸੰਸਾਰੀ ਸੁਖ) ਮੰਗੋਗੇ ਉਨ੍ਹਾਂ ਨਾਲ ਦੁੱਖ ਹੀ ਵਧਣਗੇ। ੪. (ਗੁਰੂ ਨਾਨਕ ਸਾਹਿਬ ਨੇ) ਜਗਤ ਵਿਚ ਐਸਾ ਸਿੱਕਾ ਮਾਰਿਆ (ਲਹਿਰ ਚਲਾਈ) ਇੱਕ ਨਿਰਮਲ (ਸੱਚਾ ਤੇ ਸੁੱਚਾ) ਪੰਥ (ਸਿੱਖ ਧਰਮ) ਚਲਾ ਦਿੱਤਾ। ੫. (ਆਪਣੇ) ਜੀਉਂਦੇ ਹੀ ਲਹਿਣਾ ਜੀ ਨੂੰ (ਆਪਣੀ ਥਾਂ) ਥਾਪ ਦਿੱਤਾ। ਗੁਰਿਆਈ ਦੇ ਕੇ (ਉਨ੍ਹਾਂ ਦੇ) ਸਿਰ 'ਤੇ (ਗੁਰਤਾ ਦਾ) ਛਤਰ ਝੁਲਾ ਦਿੱਤਾ। ੬. ਜੋਤੀ ਨਾਲ ਜੋਤਿ ਮਿਲਾ ਕੇ, ਗੁਰੂ ਨਾਨਕ ਦੇਵ ਜੀ ਨੇ ਨਵਾਂ ਰੂਪ ਵਟਾ ਲਿਆ। (ਭਾਵ ਗੁਰੂ ਜੀ ਆਪ ਸਾਖਿਆਤ ਅੰਗਦ ਦੇਵ ਜੀ ਦਾ ਰੂਪ ਬਣ ਗਏ)। ੭. ਇਸ (ਕੌਤਕ) ਨੂੰ ਕੋਈ ਜਾਣ ਬੁਝ ਨਹੀਂ ਸਕਦਾ, ਐਸਾ ਅਸਚਰਜਤਾ ਭਰਿਆ, ਅਸਚਰਜ ਕੌਤਕ ਵਰਤਾ ਦਿੱਤਾ। ੮. ਆਪਣਾ ਸਰੀਰ ਬਦਲਕੇ ਨਵਾਂ ਸਰੂਪ (ਗੁਰੂ ਅੰਗਦ ਜੀ ਦਾ) ਬਣਾ ਲਿਆ॥ ੪੫॥

੪੬. ਤੀਜੇ ਸਤਿਗੁਰੂ, ਸ੍ਰੀ ਗੁਰੂ ਅਮਰਦਾਸ ਜੀ

੧. ਸੋ ਟਿਕਾ ਸੋ ਛਤ੍ਰ ਸਿਰਿ ਸੋਈ ਸਚਾ ਤਖਤੁ ਟਿਕਾਈ।
੨. ਗੁਰ ਨਾਨਕ ਹੰਦੀ ਮੁਹਰਿ ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।
੩. ਦਿਤਾ ਛੋੜਿ ਕਰਤਾਰ ਪੁਰੁ ਬੈਠਿ ਖਡੂਰੇ ਜੋਤਿ ਜਗਾਈ।
੪. ਜੰਮੇ ਪੂਰਬਿ ਬੀਜਿਆ ਵਿਚਿ ਵਿਚਿ ਹੋਰੁ ਕੂੜੀ ਚਤੁਰਾਈ।
੫. ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।
੬. ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ।

੭. ਫੇਰਿ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ ਨ ਲਖਿਆ ਜਾਈ।
੮. ਦਾਤਿ ਜੋਤਿ ਖਸਮੈ ਵਡਿਆਈ॥ ੪੬ ॥

ਪਦ ਅਰਥ - ਸੋ ਟਿਕਾ=ਓਹੀ ਤਿਲਕ (ਪ੍ਰਭੁਤਾ)। ਟਿਕਾਈ=ਟਿਕਾ ਦਿੱਤੀ। ਹੰਦੀ=ਦੀ। ਪੂਰਬਿ=ਪਿਛਲਾ।

ਅਰਥ - ੧. ਓਹੀ ਟਿੱਕਾ (ਤਿਲਕ) ਤੇ ਓਹੀ ਸਿਰ 'ਤੇ ਛਤਰ ਸੀ ਤੇ ਓਹੀਓ ਸੱਚਾ ਤਖ਼ਤ (ਗੁਰਤਾ ਦਾ) ਸੀ। ੨. ਗੁਰੂ ਅੰਗਦ ਦੇਵ ਜੀ ਦੇ ਪ੍ਰਤਾਪ ਦੀ ਦੋਹੀ (ਦੁਹਾਈ) ਫਿਰ ਗਈ, (ਕਿਉਂਕਿ ਗੁਰੂ ਅੰਗਦ ਦੇਵ ਜੀ ਦੇ) ਹੱਥ ਵਿਚ ਓਹੀ ਗੁਰੂ ਨਾਨਕ ਦੇਵ ਵਾਲੀ ਮੋਹਰ ਸੀ। (ਭਾਵ ਗੁਰੂ ਨਾਨਕ ਵਾਂਗ ਓਹਨਾਂ ਦੇ ਸੱਚੇ ਉਪਦੇਸ਼ ਵੀ ਲੋਕਾਂ ਦੇ ਦਿਲਾਂ ਵਿਚ ਵੱਸਦੇ ਜਾਂਦੇ ਸਨ)। ੩. ਕਰਤਾਰ ਪੁਰ ਛੱਡ ਕੇ, ਖਡੂਰ ਵਿਚ (ਗੁਰੂ-ਪ੍ਰਤਾਪ ਦੀ) ਜੋਤਿ ਆ ਜਗਾਈ। ੪. ਓਹੀਓ (ਫਲ) ਜੰਮਦਾ ਹੈ, ਜੋ ਪਹਿਲੇ (ਪੂਰਬ) ਬੀਜਿਆ ਜਾਵੇ। ਹੋਰ ਕਿਸੇ ਦੀਆਂ ਕੂੜੀਆਂ ਚਤੁਰਾਈਆਂ ਨਾ ਚਲ ਸਕੀਆਂ। ੫. ਲਹਿਣਾ ਜੀ ਨੇ (ਸੇਵਾ ਕਰਕੇ ਗੁਰਤਾ) ਗੁਰੂ ਨਾਨਕ ਜੀ ਤੋਂ ਪ੍ਰਾਪਤ ਕੀਤੀ, ਪਰ ਹੁਣ (ਮਹਾਨ ਸੇਵਾ, ਪਿਆਰ, ਅਦਬ, ਸਤਿਕਾਰ ਵੇਖਕੇ) ਗੁਰੂ ਅਮਰਦਾਸ ਜੀ ਨੂੰ ਸੌਂਪਣੀ ਪਈ। ੬. ਗੁਰੂ ਅਮਰਦਾਸ ਜੀ (ਜੋਤਿ ਰੂਪ ਹੋ) ਅਮਰ ਸਰੂਪ ਗੁਰੂ ਬਣ ਗਏ, (ਆਪਣੀ) ਗੁਰਮੁਖਤਾਈ ਦੇ ਕਾਰਣ ਇਲਾਹੀ ਦਾਤ (ਉਨ੍ਹਾਂ ਨੂੰ) ਮਿਲ ਗਈ। ੭. (ਗੁਰੂ ਨਾਨਕ ਦੇਵ ਜੀ ਦੇ ਹੁਕਮ ਨਾਲ ਗੁਰੂ-ਜੋਤਿ ਖਡੂਰ ਵਿਖੇ ਜਗੀ, ਤੇ ਹੁਣ ਗੁਰੂ ਅੰਗਦ ਦੇਵ ਜੀ ਦੇ ਹੁਕਮ ਨਾਲ) ਗੋਇੰਦਵਾਲ ਵਸਾ ਕੇ, ਉਥੇ ਆ ਜਗੀ, ਇਸ ਅਸਚਰਜ ਖੇਡ ਨੂੰ ਜਾਣਿਆਂ ਨਹੀਂ ਜਾਂਦਾ। ੮. ਜੋਤਿ ਦੀ ਦਾਤ ਤੇ ਵਡਿਆਈ ਖਸਮ (ਪ੍ਰਭੂ ਰੂਪ ਸਤਿਗੁਰੂ ਜੀ) ਦੇ ਹੱਥ ਵਸ ਹੀ ਹੈ॥ ੪੬॥

੪੭. ਚੌਥੇ ਤੇ ਪੰਜਵੇਂ ਸਤਿਗੁਰੂ

੧. ਦਿਚੈ ਪੂਰਬਿ ਦੇਵਣਾ ਜਿਸ ਦੀ ਵਸਤੁ ਤਿਸੈ ਘਰਿ ਆਵੈ।
੨. ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ।
੩. ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ।
੪. ਉਲਟਾ ਖੇਲੁ ਖਸੰਮ ਦਾ ਉਲਟੀ ਗੰਗ ਸਮੁੰਦ੍ਰਿ ਸਮਾਵੈ।
੫. ਦਿਤਾ ਲਈਐ ਆਪਣਾ ਅਣਿਦਿਤਾ ਕਛੁ ਹਥਿ ਨ ਆਵੈ।
੬. ਫਿਰਿ ਆਈ ਘਰਿ ਅਰਜਣੇ ਪੁਤੁ ਸੰਸਾਰੀ ਗੁਰੂ ਕਹਾਵੈ।
੭. ਜਾਣਿ ਨ ਦੇਸਾਂ ਸੋਢੀਓਂ ਹੋਰਸਿ ਅਜਰੁ ਨ ਜਰਿਆ ਜਾਵੈ।
੮. ਘਰ ਹੀ ਕੀ ਵਥੁ ਘਰੇ ਰਹਾਵੈ॥ ੪੭॥

ਪਦ ਅਰਥ - ਜੋਤਿ=ਪ੍ਰਕਾਸ਼, ਭਾਵ ਨੂਰਾਨੀ ਜੋਤਿ। ਦਿਚੈ=ਦੇਣਾ, ਬਕਾਇਆ। ਖੇਲੁ=ਕੌਤਕ। ਪੁਤੁ ਸੰਸਾਰੀ=ਬਿੰਦੀ ਪੁੱਤਰ।

ਅਰਥ - ੧. ਦੇਣਾ (ਭਾਵ ਕਰਜਾ ਰੂਪ ਵਸਤੂ) ਪਹਿਲਾਂ ਹੀ ਜਿਸਦਾ ਦੇਣਾ ਹੋਵੇ, ਉਹ ਉਸੇ ਦੇ ਹੀ ਘਰ (ਮੁੜ ਕੇ) ਆ ਜਾਂਦੀ ਹੈ। ੨. (ਸੋ ਹੁਣ ਉਹੀ ਵਸਤੂ ਗੁਰਤਾ) ਸੋਢੀ ਪਾਤਸ਼ਾਹ ਦੇ ਕੋਲ ਆ ਗਈ, ਤੇ ਉਹ ਗੱਦੀ 'ਤੇ ਸ਼ੋਭਨੀਕ ਹੋ ਕੇ, ਸਤਿਗੁਰੂ ਰਾਮਦਾਸ ਜੀ ਅਖਵਾਉਣ ਲੱਗੇ। ੩. ਅੰਮ੍ਰਿਤਸਰ ਵਿਚ ਸਰੋਵਰ ਦੀ ਪੂਰਨਤਾ ਕੀਤੀ, (ਤੇ ਗੁਰੂ ਰੂਪ) ਜਾਗਦੀ ਜੋਤਿ (ਪ੍ਰਗਟ) ਹੋ ਗਏ। ੪. ਖਸਮ (ਪ੍ਰਭੂ) ਸਮੁੰਦਰ ਦਾ ਖੇਲ ਉਲਟਾ ਹੈ ਕਿ ਉਹ ਉਲਟ ਕੇ ਗੰਗਾ ਵਿਚ ਸਮਾ ਗਈ। (ਭਾਵ ਸੇਵਕ ਦੇ ਹਿਰਦੇ ਵਿਚੋਂ ਹੋ ਕੇ ਗੁਰੂ-ਜੋਤ ਪ੍ਰਗਟ ਹੋਈ)। ੫. (ਪਰ ਇਹ ਗੱਲ ਵੀ ਪ੍ਰਭੂ ਦੀ ਹੀ ਖੇਡ ਹੈ ਕਿ) ਆਪਣਾ ਦਿੱਤਾ ਹੋਇਆ ਹੀ ਲਈਦਾ ਹੈ, ਬਿਨਾਂ ਦਿੱਤਿਆਂ ਕੁਝ ਹੱਥ ਨਹੀਂ ਆਉਂਦਾ। ੬. ਫਿਰ ਗੁਰੂ ਜੋਤ ਗੁਰੂ ਅਰਜਨ ਦੇਵ ਜੀ ਨੂੰ ਪ੍ਰਾਪਤ ਹੋਈ, (ਜੋ ਸੰਸਾਰੀ ਨੁਕਤੇ ਤੋਂ) ਸੰਸਾਰੀ ਪੁੱਤਰ ਰੂਪ ਵਿਚ ਸਨ, (ਇਹ ਅਸਚਰਜ ਇਸ ਲਈ ਵੀ ਸੀ ਕਿ ਚਾਰ ਪੀੜ੍ਹੀਆਂ ਗੁਰਤਾ, ਸੇਵਕਾਂ ਨੂੰ ਮਿਲਦੀ ਰਹੀ ਪਰ ਪੰਜਵੀਂ ਵੇਰ ਗੁਰ-ਜੋਤਿ ਪੁੱਤਰ ਨੂੰ ਮਿਲੀ)। ੭. ਗੁਰਤਾ ਸੋਢੀਆਂ ਦੇ ਘਰੋਂ ਜਾਣ ਨਹੀਂ ਦੇਣੀ, ਹੋਰਨਾਂ ਕੋਲੋਂ ਇਹ ਅਜਰ ਵਸਤੂ ਜਰੀ ਨਹੀਂ ਜਾਣੀ (ਜੋ ਦੁੱਖ ਅਗੋਂ ਗੁਰਤਾ 'ਤੇ ਆਉਣੇ ਸਨ, ਉਹ ਮਾਤਾ ਭਾਨੀ ਨੂੰ ਗੁਰੂ ਅਮਰ ਦਾਸ ਜੀ ਨੇ ਵਰ ਵੇਲੇ ਦੱਸੇ ਸਨ, ਮਾਤਾ ਜੀ ਨੇ ਕਿਹਾ, ਹੋਰ ਕਿਸੇ ਕੋਲੋਂ ਇਹ ਸਹੇ ਨਹੀਂ ਜਾਣੇ, ਇਹ ਮੇਰੇ ਬੰਸ ਨੂੰ ਹੀ ਦੇ ਦਿਓ)। ੮. ਘਰ ਦੀ ਵਸਤੂ ਘਰ ਵਿਚ ਹੀ ਰਹੇ॥ ੪੭॥

੪੮. ਛੇਵੇਂ ਸਤਿਗੁਰੂ, ਗੁਰੂ ਹਰਿਗੋਬਿੰਦ ਸਾਹਿਬ

੧. ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
੨. ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।
੩. ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।
੪. ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।
੫. ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਲਾਂ ਤਕਿ ਦਰਸੁ ਨਿਹਾਰੀ।
੬. ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ।
੭. ਕਲਿਜੁਗੁ ਪੀੜੀ ਸੋਢੀਆਂ ਨਿਹਚਲ ਨੀਂਵ ਉਸਾਰਿ ਖਲਾਰੀ।
੮. ਜੁਗਿ ਜੁਗਿ ਸਤਿਗੁਰੁ ਧਰੇ ਅਵਤਾਰੀ॥ ੪੮॥

ਪਦ ਅਰਥ - ਪੀੜੀ=ਗੁਰ-ਗੱਦੀ ਦੀ ਸੰਪਰਦਾ। ਦਲਿ ਭੰਜਨ=(ਜ਼ਾਲਮ) ਦਲਾਂ ਨੂੰ ਭੰਨ ਤੋੜ ਦੇਣ ਵਾਲਾ। ਅਗਮ ਅਗੋਚਰ=ਮਨ ਬਾਣੀ ਦੀ ਪਹੁੰਚ ਤੋਂ ਪਰੇ।

ਅਰਥ - ੧. ਜਦੋਂ ਪੰਜ ਪੀਰ ਭਾਵ ਪੰਜੇ ਗੁਰੂ ਸੱਚਖੰਡ ਪਿਆਨੇ ਕਰ ਗਏ ਅਰਥਾਤ ਗੁਰ-ਪੁਰੀ ਸਿਧਾਰ ਗਏ। ਪਿਆਨੇ=ਚਲੇ ਗਏ। ਸਹੀ ਪਾਠ 'ਪਿਆਨੇ' ਹੈ ਦੇਖੋ ਦਸਮ ਗ੍ਰੰਥ ਪੰਨਾ ੫੪ ਤੇ ੫੯। 'ਮੁਰ ਪਿਤ ਪੂਰਬ ਕੀਯਸਿ ਪਯਾਨਾ' ਤਥਾ-ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਆ ਪਯਾਨ।

੨. ਸ੍ਰੀ ਗੁਰੂ ਅਰਜਨ ਦੇਵ ਸਤਿਗੁਰੂ ਜੀ ਦੀ ਕਾਂਇਆਂ (ਸਰੀਰ) ਬਦਲਕੇ (ਹੁਣ) ਮੂਰਤਿ ਗੁਰੂ ਹਰਿਗੋਬਿੰਦ ਜੀ ਨੇ ਸਵਾਰੀ (ਤੇ ਬਦਲੀ)। ੩. ਸੋਢੀਆਂ ਦੀ ਪੀੜ੍ਹੀ ਚੱਲ ਪਈ, ਜੋ ਵਾਰੀ ਵਾਰੀ (ਵੱਖੋ ਵੱਖ) ਰੂਪ ਦਿਖਾਵਣ ਲੱਗੇ। ੪. ਦਲਾਂ ਨੂੰ ਭੰਨ ਤੋੜ (ਦੇਣ ਵਾਲਾ) ਸੂਰਮਾ ਗੁਰੂ ਬੜਾ ਜੋਧਾ ਤੇ ਪਰਉਪਕਾਰੀ (ਗੁਰੂ ਗੱਦੀ 'ਤੇ) ਬੈਠਾ। ੫. ਸਿੱਖਾਂ ਨੇ ਅਰਦਾਸ ਕਰਕੇ ਪੁੱਛਿਆ ਕਿ ਛੇ ਗੁਰੂਆਂ ਤਕ ਤਾਂ ਦਰਸ਼ਨ ਕਰ ਲਏ ਹਨ ਤੇ ਅੱਗੋਂ ਕਿੰਨੇ ਕੁ ਹੋਣਗੇ ? ੬. ਅਗਮ ਅਗੋਚਰ (ਮਨ ਬਾਣੀ ਦੀ ਪਹੁੰਚ ਤੋਂ ਪਰੇ) ਸਤਿਗੁਰੂ ਜੀ ਨੇ (ਭਵਿੱਖ ਵਾਕ) ਮੁੱਖ ਤੋਂ ਬੋਲੇ (ਕਿ) ਹੇ ਸੰਸਾਰੀ ਲੋਕੋ, ਸੁਣੋ! ੭. ਕਲਜੁਗ ਵਿਚ ਸੋਢੀਆਂ ਦੀ ਪੀੜ੍ਹੀ ਨਿਹਚਲ (ਅਚਲ) ਹੈ। ੮. ਪਰ ਜੁਗ ਜੁਗ ਵਿਚ ਹੋਰ ਸਤਿਗੁਰੂ ਜੀ ਵੀ ਸਰੀਰ ਧਾਰਨਗੇ॥ ੪੮॥

੪੯. ਵਾਹਿਗੁਰੂ ਮੰਤ੍ਰ ਦਾ ਵਰਣਨ

੧. ਸਤਿਜੁਗਿ ਸਤਿਗੁਰ ਵਾਸਦੇਵ ਵਵਾ ਵਿਸਨਾ ਨਾਮੁ ਜਪਾਵੈ।
੨. ਦੁਆਪਰਿ ਸਤਿਗੁਰ ਹਰੀ ਕ੍ਰਿਸ਼ਨ ਹਾਹਾ ਹਰਿ ਹਰਿ ਨਾਮੁ ਜਪਾਵੈ।
੩. ਤ੍ਰੇਤੇ ਸਤਿਗੁਰ ਰਾਮ ਜੀ ਰਾਰਾ ਰਾਮ ਜਪੇ ਸੁਖੁ ਪਾਵੈ।
੪. ਕਲਿਜੁਗਿ ਨਾਨਕ ਗੁਰਗੋਬਿੰਦ ਗਗਾ ਗੋਬਿੰਦ ਨਾਮੁ ਅਲਾਵੈ।
੫. ਚਾਰੇ ਜਾਗੇ ਚਹੁ ਜੁਗੀ ਪੰਚਾਇਣ ਵਿਚਿ ਜਾਇ ਸਮਾਵੈ।
੬. ਚਾਰੋ ਅਛਰ ਇਕੁ ਕਰਿ ਵਾਹਗੁਰੂ ਜਪੁ ਮੰਤ੍ਰ ਸੁਣਾਵੈ।
੭. ਜਹਾ ਤੇ ਉਪਜਿਆ ਫਿਰਿ ਤਹਾ ਸਮਾਵੈ॥ ੪੯॥ ੧॥

ਪਦ ਅਰਥ - ਪੰਚਾਇਣ=ਸਰਬ ਸਾਂਝਾ ਗੁਰੂ ਗ੍ਰੰਥ ਸਾਹਿਬ, ਸ੍ਰੀ ਵਾਹਿਗੁਰੂ।

ਅਰਥ - ੧. ਵਾਹਿਗੁਰੂ ਸ਼ਬਦ ਦਾ ਸੰਬੰਧ ਚਾਰੇ ਜੁਗਾਂ ਨਾਲ ਕਰਦੇ ਹਨ, ਜਿਵੇਂ - ਸਤਿਜੁਗ ਵਿਚ ਸਤਿਗੁਰ ਨਾਨਕ ਦੇਵ ਜੀ ਵਾਸਦੇਵ ਅਵਤਾਰ ਹੋਏ, ਤੇ ਵਵਾ ਅੱਖਰ ਲੀਤਾ। ਵਿਸ਼ਨੂੰ ਦਾ (ਨਾਮ) ਜਪਣ ਲੱਗੇ। ੨. ਫੇਰ ਦੁਆਪਰ ਵਿਖੇ ਸਤਿਗੁਰੂ ਨਾਨਕ ਜੀ ਹਰੀ (ਅਰਥਾਤ ਕ੍ਰਿਸ਼ਨ) ਦਾ ਅਵਤਾਰ ਹੋਏ। ਏਥੋਂ ਹਾਹਾ ਅੱਖਰ ਲੀਤਾ, (ਲੋਕ) ਹਰੀ ਹਰੀ ਜਪਣ ਲੱਗੇ। ੩. ਤ੍ਰੇਤੇ ਜੁਗ ਵਿਖੇ ਸਤਿਗੁਰੂ (ਨਾਨਕ ਜੀ) ਰਾਮ ਜੀ (ਦਾ ਰੂਪ) ਹੋਏ, ਉਥੋਂ ਰਾਰਾ ਅੱਖਰ ਲੀਤਾ। (ਲੋਕੀਂ) ਰਾਮ ਰਾਮ (ਉਚਾਰਕੇ) ਸੁਖ ਪ੍ਰਾਪਤ ਕਰਨ ਲੱਗੇ। ੪. ਕਲਜੁਗ ਵਿਖੇ ਗੁਰੂ ਨਾਨਕ ਗੋਬਿੰਦ ਹੋ ਪ੍ਰਗਟੇ, ਇਸ ਲਈ ਲੋਕ ਗੋਬਿੰਦ ਗੋਬਿੰਦ ਜਪਣ ਲੱਗੇ, ਇਥੋਂ ਗੱਗਾ ਅੱਖਰ ਲੀਤਾ। ੫. ਚਹੁੰ ਜੁਗਾਂ ਦੇ (ਉੱਪਰ ਦੱਸੇ ਇਕੱਠੇ ਹੀ ਜਾਗੇ) ਭਾਵ ਵਾਹਿਗੁਰੂ ਵਿਚ ਜਾ ਸਮਾਏ ਹਨ। ੬. (ਸੋ ਮਤਲਬ ਇਹ ਕਿ) ਚਾਰੇ ਅੱਖਰ ਇਕੱਠੇ ਕਰਕੇ ਵਾਹਿਗੁਰੂ (ਪੰਜਵਾਂ) ਜਪੁ ਮੰਤ੍ਰ (ਸਿੱਖਾਂ ਨੂੰ ਗੁਰੂ ਜੀ ਨੇ) ਜਪਣ ਲਈ ਦਿੱਤਾ ਹੈ। ੭. (ਕਿਉਂਕਿ) ਮੰਤ੍ਰ ਜਿਥੋਂ ਉਪਜਿਆ ਹੈ, ਫਿਰ ਉਥੇ ਹੀ ਜਾ ਸਮਾਉਂਦਾ ਹੈ। (ਭਾਵ ਵਾਹਿਗੁਰੂ ਮੰਤ੍ਰ ਵਾਹਿਗੁਰੂ ਤੋਂ ਉਤਪੰਨ ਹੋਇਆ, ਤੇ ਫਿਰ ਵਾਹਿਗੁਰੂ ਵਿਚ ਜਾ ਸਮਾਉਂਦਾ ਹੈ, ਤੇ ਵਾਹਿਗੁਰੂ ਜਪਣ ਵਾਲਿਆਂ ਦੀ ਏਥੇ ਓਥੇ ਸਹਾਇਤਾ ਕਰਨ ਦੀ ਸ਼ਕਤੀ ਰੱਖਦਾ ਹੈ)॥ ੪੯॥ ੧॥

ਵਾਰ ੨

ੴ ਸਤਿਗੁਰ ਪ੍ਰਸਾਦਿ॥

੧. ਕਰਨਹਾਰ ਪ੍ਰਭੂ ਦਾ ਮੰਗਲ

੧. ਆਪਨੜੈ ਹਥਿ ਆਰਸੀ ਆਪੇ ਹੀ ਦੇਖੈ।
੨. ਆਪੇ ਦੇਖਿ ਦਿਖਾਇਦਾ ਛਿਅ ਦਰਸਨਿ ਭੇਖੈ।
੩. ਜੇਹਾ ਮੂਹੁ ਕਰਿ ਭਾਲਿਦਾ ਤੇਵੇਹੈ ਲੇਖੈ।
੪. ਹਸਦੇ ਹਸਦਾ ਦੇਖੀਐ ਸੋ ਰੂਪ ਸਰੇਖੈ।
੫. ਰੋਦੈ ਦਿਸੈ ਰੋਵਦਾ ਹੋਇ ਨਿਮਖ ਨਿਮੇਖੈ।
੬. ਆਪੇ ਆਪਿ ਵਰੱਤਦਾ ਸਤਿਸੰਗਿ ਵਿਸੇਖੈ॥ ੧॥

ਪਦ ਅਰਥ - ਆਰਸੀ=ਸ਼ੀਸ਼ਾ। ਸਰੇਖੈ=ਵਰਗਾ। ਨਿਮੇਖੈ=ਪਲਕ। ਵਿਸੇਖੈ=ਵਿਸ਼ੇਸ਼।

ਅਰਥ - ੧. (ਪ੍ਰਭੂ, ਸਰਬ ਵਿਆਪਕ) ਦੇ ਹੱਥ ਵਿਚ ਹੀ (ਆਪਣੇ ਰਚੇ ਸੰਸਾਰ ਦਾ) ਸ਼ੀਸ਼ਾ ਹੈ, ਆਪ ਹੀ (ਉਸਨੂੰ) ਦੇਖਣ ਵਾਲਾ ਹੈ। ੨. ਆਪ ਹੀ (ਉਹ) ਛੇ ਦਰਸ਼ਨਾਂ (ਧਰਮਾਂ) ਦੇ ਭੇਖਾਂ ਨੂੰ ਦੇਖਦਾ (ਤੇ ਧਰਮਾਂ ਦੇ ਲੋਕਾਂ ਨੂੰ) ਦਿਖਾਉਂਦਾ ਹੈ। ੩. (ਇਸੇ ਕਾਰਨ) ਜੇਹੋ ਜੇਹਾ (ਸੰਸਾਰ ਵਿਚ ਕੋਈ) ਮੂੰਹ ਕਰਕੇ (ਭਾਵ ਹਿਰਦੇ ਦੀ ਧਾਰਨਾ ਧਾਰ ਕੇ ਉਸਨੂੰ) ਦੇਖਦਾ ਹੈ, ਤਿਹੋ ਜੇਹਾ ਲੇਖੈ (ਭਾਵ ਨਜ਼ਰੀ) ਪੈਂਦਾ ਹੈ। ੪. ਹੱਸਦੇ ਨੂੰ ਹੱਸਦਾ ਹੀ ਨਜ਼ਰ ਆਉਂਦਾ ਹੈ। ੫. ਰੋਂਦੇ ਨੂੰ ਰੋਂਦਾ ਪ੍ਰਤੀਤ ਹੁੰਦਾ ਹੈ। (ਭਾਵ ਸ਼ੀਸ਼ੇ ਵਿਚ ਜਿਹੋ ਜਿਹਾ ਦ੍ਰਿਸ਼ ਆਵੇ, ਉਹੋ ਜਿਹਾ ਹੀ ਦਿਸਦਾ ਹੈ)। ੬. (ਉਹ ਪ੍ਰਭੂ) ਆਪ ਹੀ ਆਪੇ ਵਰਤ ਰਿਹਾ ਹੈ, (ਤੇ ਉਸਦੀ ਇਹ) ਵਿਸ਼ੇਸ਼ਤਾ (ਖੂਬੀ) ਸਤਿਸੰਗ ਵਿਚ ਹੀ (ਦੇਖੀ ਜਾ ਸਕਦੀ) ਹੈ॥ ੧॥

੨. ਵਾਜਾ ਵਜਾਉਣ ਵਾਲੇ ਦਾ ਦ੍ਰਿਸ਼ਟਾਂਤ

੧. ਜਿਉ ਜੰਤ੍ਰੀ ਹਥਿ ਜੰਤ੍ਰ ਲੈ ਸਭਿ ਰਾਗ ਵਜਾਏ।
੨. ਆਪੇ ਸੁਣਿ ਸੁਣਿ ਮਗਨੁ ਹੋਇ ਆਪੇ ਗੁਣ ਗਾਏ।
੩. ਸਬਦਿ ਸੁਰਤਿ ਲਿਵਲੀਣੁ ਹੋਇ ਆਪਿ ਰੀਝਿ ਰੀਝਾਏ।
੪. ਕਥਤਾ ਬਕਤਾ ਆਪਿ ਹੈ ਸੁਰਤਾ ਲਿਵ ਲਾਏ।

੫. ਆਪੇ ਆਪਿ ਵਿਸਮਾਦੁ ਹੋਇ ਸਰਬੰਗਿ ਸਮਾਏ।
੬. ਆਪੇ ਆਪਿ ਵਰੱਤਦਾ ਗੁਰਮੁਖਿ ਪਤੀਆਏ॥ ੨॥

ਪਦ ਅਰਥ - ਜੰਤ੍ਰੀ=ਸਾਜ ਵਜਾਉਣ ਵਾਲਾ। ਜੰਤ੍ਰ=ਸਾਜ, ਵਾਜਾ ਆਦਿ। ਮਗਨੁ=ਲਿਵਲੀਨ, ਮਸਤ। ਲਿਵਲੀਣੁ=ਅਟੰਕ ਸਮਾਧੀ। ਸੁਰਤਾ=ਸ੍ਰੋਤਾ।

ਅਰਥ - ੧. ਜਿਵੇਂ ਸਾਜ ਵਜਾਉਣ ਵਾਲਾ ਹੱਥ ਵਿਚ ਸਾਜ (ਵਾਜਾ) ਲੈ ਕੇ, (ਸਿਆਣਪ ਨਾਲ) ਸਭ ਰਾਗਾਂ ਨੂੰ ਵਜਾਉਂਦਾ ਹੈ। ੨. (ਇਤਨੇ ਸੁਰੀਲੇ ਤੇ ਸ਼ੁਧ ਰੂਪ ਵਿਚ ਵਜਾਉਂਦਾ ਹੈ ਕਿ) ਆਪ ਹੀ ਸੁਣ ਸੁਣ ਮਗਨ (ਮਸਤ) ਹੁੰਦਾ ਤੇ ਆਪ ਹੀ (ਉਸਦੇ) ਗੁਣ ਗਾਉਂਦਾ (ਸਲਾਹੁਤਾ ਕਰਦਾ) ਹੈ। ੩. (ਫਿਰ ਆਪੇ ਹੀ) ਸ਼ਬਦ ਸੁਰਤ (ਵਿਚ ਲਿਵ ਜੁੜ ਜਾਣ ਨਾਲ) ਲਿਵਲੀਨ ਹੋ ਕੇ (ਆਪ) ਰੀਝਦਾ ਤੇ (ਹੋਰਨਾਂ ਨੂੰ) ਰੀਝਾਉਂਦਾ (ਪ੍ਰਸੰਨ ਕਰਦਾ ਹੈ)। ੪. ਆਪ ਹੀ ਉਹ ਕਥਤਾ (ਕਥਾ ਕਰਨ ਵਾਲਾ) ਆਪ ਹੀ ਬਕਤਾ (ਬੋਲਣ ਵਾਲਾ) ਤੇ ਆਪ ਹੀ ਸੁਰਤਾ (ਸੁਰਤ ਵਿਚ ਲਿਵਲੀਨ ਹੋ) ਸਮਾਧੀ ਵਾਲਾ ਹੈ। ੫. ਉਹ ਆਪ ਹੀ ਆਪ ਅਸਚਰਜ (ਰੂਪਾਂ ਤੇ ਸ਼ਕਲਾਂ ਵਿਚ) ਸਾਰੇ ਸਰੀਰਾਂ ਦੇ ਅੰਗਾਂ ਵਿਚ ਸਮਾਇਆ ਹੈ। ੬. (ਉਹ ਪ੍ਰਭੂ) ਆਪੇ ਹੀ ਆਪ (ਸਭ ਪਾਸੇ) ਵਰਤ ਰਿਹਾ ਹੈ (ਪਰ ਇਸ ਗੱਲ 'ਤੇ ਭਰੋਸਾ) ਤੇ ਪ੍ਰਤੀਤੀ ਕੇਵਲ ਗੁਰਮੁਖ (ਪ੍ਰਭੂ ਤੇ ਸਤਿਗੁਰੂ ਨਾਲ ਅਭੇਦ ਹੋ ਜਾਣ ਵਾਲੇ ਹੀ) ਕਰਦੇ ਹਨ॥ ੨॥

੩. ਆਪੇ ਆਪ ਵਰਤਦਾ ਪ੍ਰਭੂ

੧. ਆਪੇ ਭੁਖਾ ਹੋਇ ਕੈ ਆਪਿ ਜਾਇ ਰਸੋਈ।
੨. ਭੋਜਨੁ ਆਪਿ ਬਣਾਇਦਾ ਰਸ ਵਿਚਿ ਰਸ ਗੋਈ।
੩. ਆਪੇ ਖਾਇ ਸਲਾਹਿ ਕੈ ਹੋਇ ਤ੍ਰਿਪਤਿ ਸਮੋਈ।
੪. ਆਪੇ ਰਸੀਆ ਆਪਿ ਰਸੁ ਰਸੁ ਰਸਨਾ ਭੋਈ।
੫. ਦਾਤਾ ਭੁਗਤਾ ਆਪਿ ਹੈ ਸਰਬੰਗੁ ਸਮੋਈ।
੬. ਆਪੇ ਆਪਿ ਵਰੱਤਦਾ ਗੁਰਮੁਖਿ ਸੁਖੁ ਹੋਈ॥ ੩॥

ਪਦ ਅਰਥ - ਸਮੋਈ=ਸਮਾ ਜਾਂਦਾ ਹੈ। ਰਸਨਾ=ਜੀਭ। ਗੋਈ=ਇੱਕ ਮਿਕ। ਸਰਬੰਗ=ਸਭ ਅੰਗ। ਭੁਗਤਾ=ਭੋਗਣ ਵਾਲਾ। ਤ੍ਰਿਪਤਿ ਸਮੋਈ=ਆਨੰਦਤਾ ਵਿਚ ਸਮਾ ਜਾਣਾ।

ਅਰਥ - ੧. ਆਪ ਹੀ ਭੁੱਖਾ ਹੋ ਕੇ, ਆਪ ਹੀ ਖਾਣ ਲਈ ਰਸੋਈ ਵੱਲ ਜਾਂਦਾ ਹੈ। ੨. (ਫਿਰ) ਭੋਜਨ ਵੀ ਬਣਾਉਣ ਵਾਲਾ ਆਪ ਹੀ ਹੈ। (ਭੋਜਨ ਵਿਚ) ਜੋ ਰਸ ਤੇ ਸੁਆਦ ਹੈ, (ਉਸ ਵਿਚ ਵੀ ਉਹ ਆਪ ਹੀ) ਸਮਾਇਆ ਹੋਇਆ ਹੈ। ੩. ਆਪੇ ਹੀ ਖਾ ਕੇ ਸਲਾਹੁੰਦਾ ਤੇ ਤ੍ਰਿਪਤ ਹੋ ਕੇ (ਆਨੰਦ ਹੋ ਕੇ) ਉਸ (ਆਨੰਦ) ਵਿਚ ਵੀ ਉਹ ਆਪ ਹੀ ਹੈ। ੪. ਆਪੇ ਹੀ ਰਸੀਆ (ਰਸ ਲੈਣ ਵਾਲਾ) ਹੈ ਤੇ ਆਪ ਹੀ ਰਸ ਤੇ ਰਸਨਾ (ਜੀਭਾ) ਦੇ ਸੁਆਦ ਵਿਚ ਹੈ। ੫. ਦਾਤਾਂ (ਦੇਣ ਵਾਲਾ) ਵੀ ਆਪ ਹੀ ਹੈ, ਆਪ

ਹੀ ਭੁਗਤਾ (ਭੋਗਣ, ਪ੍ਰਾਪਤ ਕਰਨ ਵਾਲਾ) ਹੈ, ਤੇ ਸਰੀਰ ਦੇ ਸਭ ਅੰਗਾਂ (ਸਰਬੰਗ) ਵਿਚ ਸਮਾ (ਵਿਆਪਕ ਹੋ) ਰਿਹਾ ਹੈ। ੬. (ਉਹ ਪ੍ਰਭੂ) ਆਪ ਹੀ ਸਭ ਪਾਸੇ ਵਰਤ ਰਿਹਾ ਹੈ, ਇਸ ਪ੍ਰਤੀਤੀ ਦਾ ਸੁਖ ਗੁਰਮੁਖਾਂ ਨੂੰ ਹੀ ਪ੍ਰਾਪਤ ਹੁੰਦਾ ਹੈ॥ ੩॥

੪. ਫਿਰ ਉਹੀ ਦ੍ਰਿਸ਼ਟਾਂਤ

੧. ਆਪੇ ਪਲੰਘੁ ਵਿਛਾਇ ਕੈ ਆਪਿ ਅੰਦਰਿ ਸਉਂਦਾ।
੨. ਸੁਹਣੇ ਅੰਦਰਿ ਜਾਇ ਕੈ ਦੇਸੰਤਰਿ ਭਉਂਦਾ।
੩. ਰੰਕੁ ਰਾਉ ਰਾਉ ਰੰਕੁ ਹੋਇ ਦੁਖ ਸੁਖ ਵਿਚਿ ਪਉਂਦਾ।
੪. ਤਤਾ ਸੀਅਰਾ ਹੋਇ ਜਲੁ ਆਵਟਣੁ ਖਉਂਦਾ।
੫. ਹਰਖ ਸੋਗ ਵਿਚਿ ਧਾਂਵਦਾ ਚਾਵਾਏ ਚਉਂਦਾ।
੬. ਆਪੇ ਆਪਿ ਵਰੱਤਦਾ ਗੁਰਮੁਖਿ ਸੁਖੁ ਰਉਂਦਾ॥ ੪॥

ਪਦ ਅਰਥ - ਪਲੰਘੁ=ਮੰਜਾ ਰੂਪ ਦੇਹ (ਸਰੀਰ)। ਸੁਹਣੇ ਅੰਦਰਿ=ਸੁਫਨੇ ਵਿਚ। ਰੰਕੁ ਰਾਉ=ਕੰਗਾਲ ਤੇ ਰਾਜਾ। ਸੀਅਰਾ=ਠੰਡਾ। ਆਵਟਣੁ=ਕਾੜ੍ਹਾ ਭਾਵ ਦੁੱਖ। ਖਉਂਦਾ=ਸਹਾਰਦਾ। ਚਉਂਦਾ=ਬੋਲਦਾ।

ਅਰਥ - ੧. (ਜਿਵੇਂ ਕੋਈ ਮਨੁੱਖ) ਆਪੇ ਹੀ ਪਲੰਘ ਡਾਹ ਕੇ ਅੰਦਰ ਵੜ ਕੇ ਸੌਂਦਾ ਹੈ। ੨. (ਪਰ ਸੁਤੇ ਸੁਤੇ) ਸੁਫਨੇ ਵਾਲੀ ਹਾਲਤ ਵਿਚ ਉਹ ਦੇਸ-ਦੇਸ਼ਾਂਤਰਾਂ ਵਿਚ (ਭਉਂਦਾ) ਜਾਂਦਾ ਹੈ। ੩. ਗਰੀਬ ਤੋਂ ਅਮੀਰ ਤੇ ਅਮੀਰ ਤੋਂ ਗਰੀਬ ਹੋ ਕੇ, ਦੁੱਖਾਂ ਸੁਖਾਂ ਦੇ ਚੱਕਰ ਵਿਚ ਪੈ ਜਾਂਦਾ ਹੈ। ੪. ਜਲ (ਪਾਣੀ) ਵਾਂਗ ਕਦੇ ਠੰਢਾ ਤੇ ਕਦੇ ਤੱਤਾ (ਗਰਮ) ਹੋ ਕੇ ਕੜ੍ਹਨ (ਕ੍ਰਿਝਣ) ਦਾ ਦੁੱਖ ਸੁਖ ਸਹਾਰਦਾ ਹੈ। ੫. (ਭਾਵ ਕਦੇ) ਹਰਖ ਤੇ ਕਦੇ ਸੋਗ (ਦੀ ਲਹਿਰ) ਵਿਚ ਦੌੜ ਪੈਂਦਾ ਹੈ। (ਜਦ ਕੋਈ ਪੁੱਛੇ ਤਾਂ) ਪੁੱਛਣ 'ਤੇ ਕਹਿੰਦਾ ਹੈ ਕਿ ਸੁਪਨੇ ਵਿਚ ਬੜੇ ਹੀ ਦੁੱਖ ਦੇਖੇ ਹਨ ਪਰ ਜਦ ਜਾਗ ਖੁਲ੍ਹੀ ਤਾਂ ਕੁਛ ਵੀ ਨਹੀਂ। ਭਾਵ ਦੁਨੀਆਂ ਵਿਚ ਆ ਕੇ ਬੇਖਬਰੀ ਦੇ ਆਲਮ ਵਿਚ, ਵਾਹਿਗੁਰੂ ਨੂੰ ਭੁੱਲ ਮਾਇਆ ਦੇ ਮੋਹ (ਪਿਆਰ-ਫਾਹੀ) ਰੂਪ ਸੁਪਨੇ ਵਿਚ ਪੈ ਕੇ ਸੰਸਾਰ ਵਿਚ ਬੜੇ ਦੁੱਖ ਸੁਖ ਉਠਾਏ, ਪਰ ਜਦ ਮੌਤ, ਭਾਵ ਜੀਵਨ ਦਾ ਅੰਤ ਹੋਇਆ, ਤਾਂ ਫਿਰ ਪਤਾ ਲੱਗਦਾ, ਕਿ ਇਹ ਅਮੋਲਕ ਜੀਵਨ ਬਿਰਥਾ ਚਲਾ ਗਿਆ ਹੈ, ਪਛਤਾਉਂਦਾ ਹੈ। (ਪਰ) ੬. ਗੁਰਮੁਖ (ਸਤਿਗੁਰੂ ਦੇ ਪੂਰਨ ਗੁਰਸਿੱਖਾਂ ਵਿਚ) ਉਹ (ਪ੍ਰਭੂ) ਆਪੇ ਹੀ ਵਰਤਦਾ ਹੈ, ਤੇ (ਇਹ ਸਾਰਾ ਭੇਦ ਸਮਝਾ ਕੇ) ਸੁਖ ਵਿਚ ਰੱਖਦਾ ਹੈ॥ ੪॥

੫. ਪ੍ਰਭੂ ਨਿਰਲੇਪ ਹੈ

੧. ਸਮਸਰਿ ਵਰਸੈ ਸ੍ਵਾਂਤ ਬੂੰਦ ਜਿਉ ਸਭਨੀ ਥਾਈ।
੨. ਜਲ ਅੰਦਰਿ ਜਲੁ ਹੋਇ ਮਿਲੈ ਧਰਤੀ ਬਹੁ ਭਾਈ।
੩. ਕਿਰਖ ਬਿਰਖ ਰਸ ਕਸ ਘਣੇ ਫਲੁ ਫੁਲੁ ਸੁਹਾਈ।

੪. ਕੇਲੇ ਵਿਚਿ ਕਪੂਰੁ ਹੋਇ ਸੀਤਲੁ ਸੁਖੁਦਾਈ।
੫. ਮੋਤੀ ਹੋਵੈ ਸਿਪ ਮੁਹਿ ਬਹੁ ਮੋਲ ਮੁਲਾਈ।
੬. ਬਿਸੀਅਰ ਦੇ ਮੁਹਿ ਕਾਲਕੂਟ ਚਿਤਵੇ ਬੁਰਿਆਈ।
੭. ਆਪੇ ਆਪਿ ਵਰੱਤਦਾ ਸਤਿਸੰਗਿ ਸੁਭਾਈ॥ ੫॥

ਪਦ ਅਰਥ - ਸਮਸਰਿ=ਇਕਸ ਜੇਹਾ। ਕਿਰਖ=ਖੇਤੀ। ਬਿਸੀਅਰ=ਸੱਪ। ਕਾਲਕੂਟ=ਜ਼ਹਿਰ। ਸੁਭਾਈ=ਸ਼ੋਭਨੀਕ, ਸੁੱਤੇ ਸਿੱਧ।

ਅਰਥ - ੧. ਜਿਵੇਂ ਸ੍ਵਾਂਤੀ ਬੂੰਦ ਸਭ ਪਾਸੇ ਇਕਸ ਜੇਹੀ ਵਰਸਦੀ ਹੈ। ੨. ਪਾਣੀ ਨਾਲ ਪਾਣੀ ਵਾਂਗ ਹੋ ਕੇ, ਜ਼ਮੀਨ ਵਿਚ ਹੀ ਘੁਲ-ਮਿਲ ਜਾਂਦੀ ਹੈ। ੩. (ਕਿਸੇ ਪਾਸੇ) ਖੇਤੀ, ਬ੍ਰਿਛ, ਰਸ (ਮਿੱਠੇ), ਰਸ (ਕੌੜੇ) ਫੁੱਲਾਂ ਫਲਾਂ ਵਿਚ (ਮਿਲ ਕੇ) ਸ਼ੋਭ ਰਹੀ ਹੈ। ੪. (ਉਹ ਸ੍ਵਾਂਤੀ ਬੂੰਦ ਜੇ) ਕੇਲੇ ਵਿਚ ਪਵੇ ਤਾਂ ਕਪੂਰ ਬਣ ਕੇ ਠੰਢੀ ਤੇ ਸੁਖ (ਦੇਣ ਵਾਲੀ ਵਸਤੂ) ਹੈ। ੫. ਸਿੱਪ ਵਿਚ ਪਵੇ ਤਾਂ ਮੋਤੀ ਬਣ ਵੱਡਾ ਮੁੱਲ ਪੁਆਉਂਦੀ ਹੈ। ੬. ਸੱਪ ਦੇ ਮੂੰਹ ਵਿਚ (ਪੈ ਜਾਏ) ਤਾਂ ਜ਼ਹਿਰ ਬਣ ਜਾਂਦੀ ਹੈ, (ਜੋ ਸਦਾ ਹੀ) ਬੁਰਾ ਚਿਤਵਦੀ ਹੈ (ਭਾਵ ਲੋਕਾਂ ਨੂੰ ਮਾਰਨ ਵਾਲੀ ਹੈ)। ੭. (ਪਰ ਉਹ ਪ੍ਰਭੂ ਜਿਸ ਦੀ ਇਹ ਲੀਲ੍ਹਾ ਹੈ, ਉਹ) ਆਪੇ ਹੀ ਆਪ (ਸਭਸ ਵਿਚ) ਵਰਤਦਾ ਹੈ, (ਪਰ) ਸਤਿਸੰਗਤਿ (ਗੁਰੂ ਦੀ ਸੱਚੀ ਸੰਗਤ, ਜਿਥੇ ਪ੍ਰਭੂ ਦੀ ਸਿਫਤ ਸਲਾਹ ਹੁੰਦੀ ਹੈ) ਵਿਚ ਉਹ ਪ੍ਰਭੂ ਸੁੱਤੇ-ਸਿੱਧ ਹੀ ਸ਼ੋਭਨੀਕ ਹੋ ਰਿਹਾ ਹੈ॥ ੫॥

੬. ਸੰਗਤ ਦਾ ਫਲ

੧. ਸੋਈ ਤਾਂਬਾ ਰੰਗ ਸੰਗਿ ਜਿਉ ਕੈਹਾਂ ਹੋਈ।
੨. ਸੋਈ ਤਾਂਬਾ ਜਿਸਤ ਮਿਲਿ ਪਿਤਲ ਅਵਲੋਈ।
੩. ਸੋਈ ਸੀਸੇ ਸੰਗਤੀ ਭੰਗਾਰ ਭੁਲੋਈ।
੪. ਤਾਂਬਾ ਪਾਰਸਿ ਪਰਸਿਆ ਹੋਇ ਕੰਚਨ ਸੋਈ।
੫. ਸੋਈ ਤਾਂਬਾ ਭਸਮ ਹੋਇ ਅਉਖਧ ਕਰਿ ਭੋਈ।
੬. ਆਪੇ ਆਪਿ ਵਰੱਤਦਾ ਸੰਗਤਿ ਗੁਣ ਗੋਈ॥ ੬॥

ਪਦ ਅਰਥ - ਰੰਗ=ਕਲੀ। ਅਵਲੋਈ=ਦੇਖਿਆ ਜਾਂਦਾ ਹੈ। ਸੀਸੇ=ਸਿੱਕਾ। ਭੰਗਾਰ=ਭਰਤ।

ਅਰਥ - ੧. (ਇੱਕ੍ਰ ਤਾਂਬੇ ਦੀ ਧਾਂਤ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ ਜਿਵੇਂ ਓਹੀ ਤਾਂਬਾ ਜੇ) ਕਲੀ ਨਾਲ ਮਿਲੇ (ਤਾਂ ਉਸ ਤੋਂ) ਕੈਹਾਂ (ਧਾਤ) ਬਣ ਜਾਂਦਾ ਹੈ। ੨. (ਜੇ ਓਹੋ ਤਾਂਬਾ) ਜਿਸਤ ਨਾਲ ਮਿਲੇ, ਤਾਂ ਪਿੱਤਲ ਰੂਪ (ਵਿਚ) ਨਜ਼ਰ ਆਉਂਦਾ ਹੈ। ੩. ਓਹੀ ਤਾਂਬਾ ਜੇ ਸਿੱਕੇ ਨਾਲ ਮਿਲੇ ਤਾਂ ਭਰਤ ਦੀ ਧਾਤ ਬਣ ਜਾਂਦਾ ਹੈ। ੪. ਓਹੀ ਤਾਂਬਾ ਜੇ ਪਾਰਸ ਨੂੰ ਛੁਹ ਜਾਵੇ, ਤਾਂ ਸੋਨਾ ਬਣ ਜਾਂਦਾ ਹੈ। ੫. ਓਹੀ

ਤਾਂਬਾ ਜੇ ਭਸਮ ਕਰ ਦੇਈਏ ਤਾਂ ਉਹ (ਕਈ ਬੀਮਾਰੀਆਂ ਨੂੰ ਕੱਟਣ ਵਾਲੀ) ਦਵਾਈ (ਬਣ ਜਾਂਦੀ) ਹੈ। ੬. (ਇਸੇ ਤਰ੍ਹਾਂ) ਪਰਮੇਸ਼ਰ ਘਟਾਂ ਘਟਾਂ ਵਿਚ ਵਿਆਪਕ ਹੋ ਕੇ (ਹਰ ਪਾਸੇ, ਜਿਵੇਂ ਜਿਵੇਂ ਦਾ ਕੋਈ ਹੈ, ਉਵੇਂ ਹੀ) ਦਿਖਾਈ ਦਿੰਦਾ ਹੈ ਤੇ ਸੰਗਤ ਦੇ ਗੁਣਾਂ ਅਨੁਸਾਰ ਹੀ ਗੁਣਾਂ ਵਾਲਾ ਅਖਵਾ ਰਿਹਾ ਹੈ॥ ੬॥

੭. ਪਾਣੀ ਦੀ ਮਿਸਾਲ

੧. ਪਾਣੀ ਕਾਲੇ ਰੰਗਿ ਵਿਚਿ ਜਿਉ ਕਾਲਾ ਦਿਸੈ।
੨. ਰਤਾ ਰਤੇ ਰੰਗਿ ਵਿਚਿ ਮਿਲਿ ਮੇਲਿ ਸਲਿਸੈ।
੩. ਪੀਲੈ ਪੀਲਾ ਹੋਇ ਮਿਲੈ ਹਿਤੁ ਜੇਹੀ ਵਿਸੈ।
੪. ਸਾਵਾ ਸਾਵੇ ਰੰਗਿ ਮਿਲਿ ਸਭਿ ਰੰਗ ਸਰਿਸੈ।
੫. ਤਤਾ ਠੰਢਾ ਹੋਇ ਕੈ ਹਿਤ ਜਿਸੈ ਤਿਸੈ।
੬. ਆਪੇ ਆਪਿ ਵਰੱਤਦਾ ਗੁਰਮੁਖਿ ਸੁਖੁ ਜਿਸੈ॥ ੭॥

ਪਦ ਅਰਥ - ਸਲਿਸੈ=ਬਰਾਬਰ। ਵਿਸੈ=ਉਹੋ ਜਿਹਾ ਹੀ। ਸਰਿਸੈ=ਵਰਗਾ। ਜਿਸੈ ਤਿਸੈ=ਜਿਹਾ ਤਿਹਾ।

ਅਰਥ - ੧. ਜਿਵੇਂ ਪਾਣੀ ਕਾਲੇ ਰੰਗ ਵਿਚ ਕਾਲਾ ਹੀ ਪ੍ਰਤੀਤ ਹੁੰਦਾ ਹੈ। ੨. ਜੇ ਲਾਲ ਰੰਗ (ਹੋਵੇ ਤਾਂ ਉਸ) ਵਿਚ ਲਾਲ ਹੀ ਦਿਸਦਾ ਹੈ। ੩. ਪੀਲੇ ਰੰਗ ਵਿਚ ਮਿਲ ਕੇ ਪੀਲਾ, (ਭਾਵ ਜਿਹੋ ਜੇਹੇ ਵਾਤਾਵਰਨ ਵਿਚ ਹੋਵੇ, ਉਹੋ ਜਿਹਾ ਹੀ) ਦਿਸਦਾ ਹੈ। ੪. ਸਾਵੇ ਰੰਗ ਵਿਚ ਮਿਲੇ ਤਾਂ ਸਾਵਾ (ਹਰਾ) ਦਿਸਦਾ ਹੈ। (ਭਾਵ) ਜਿਸ ਰੰਗ ਵਿਚ ਵੀ ਮਿਲੇ, ਉਹੋ ਜਿਹਾ ਹੀ ਹੋ ਜਾਂਦਾ ਹੈ। ੫. (ਫੇਰ) ਤੱਤਾ ਤੇ ਠੰਢਾ, ਜਿਹੋ ਜਿਹਾ ਵੀ ਕਾਰਣ ਬਣ ਜਾਵੇ, ਉਹ (ਪਾਣੀ) ਉਹੋ ਜਿਹਾ ਹੀ ਹੋ ਜਾਂਦਾ ਹੈ। (ਉਸੇ ਨਾਲ ਹੀ ਆਪਣਾ ਪਿਆਰ ਪਾ ਲੈਂਦਾ ਹੈ)। ੬. (ਇਸੇ ਤਰ੍ਹਾਂ ਸਭ ਪਾਸੇ ਪ੍ਰਭੂ ਦਾ ਆਪਣਾ ਹੀ ਪਸਾਰਾ ਹੈ, ਪਾਣੀ ਵਾਂਗ ਠੰਢਾ, ਤੱਤਾ, ਪੀਲਾ, ਹਰਾ ਸਭ ਵਿਚ ਉਹ (ਪਾਣੀ) ਇੱਕ ਸਮਾਨ ਹੀ ਹੈ, ਇਸ ਲਈ) ਪ੍ਰਭੂ ਦਾ ਆਪਣੇ ਆਪ ਦਾ ਹੀ ਪਸਾਰਾ (ਵਰਤਦਾ) ਹੈ, ਤੇ (ਇਸ ਗੱਲ ਨੂੰ ਠੀਕ ਜਾਣ ਕੇ), ਗੁਰਮੁਖ (ਕੇਵਲ ਗੁਰੂ ਦੇ ਹੁਕਮ ਤੇ ਸ਼ਬਦਾਂ ਵਿਚ ਲਿਵਲੀਨ ਹੋਣ ਵਾਲਾ) ਹੀ (ਇਸ ਵਾਤਾਵਰਣ ਤੋਂ ਉੱਚਾ ਹੋ ਕੇ, ਸਭ ਕੁਝ ਪ੍ਰਭੂ ਦੀ ਖੇਡ ਸਮਝ ਕੇ) ਸੁਖ ਪਾਉਂਦਾ ਤੇ ਸੁਖੀ ਰਹਿੰਦਾ ਹੈ॥ ੭॥

੮. ਦੀਵੇ ਦਾ ਦ੍ਰਿਸ਼ਟਾਂਤ

੧. ਦੀਵਾ ਬਲੈ ਬੈਸੰਤਰਹੁ ਚਾਨਣੁ ਅਨ੍ਹੇਰੇ।
੨. ਦੀਪਕ ਵਿਚਹੁੰ ਮਸੁ ਹੋਇ ਕੰਮ ਆਇ ਲਿਖੇਰੇ।
੩. ਕਜਲੁ ਹੋਵੈ ਕਾਮਣੀ ਸੰਗਿ ਭਲੇ ਭਲੇਰੇ।

੪. ਮਸਵਾਣੀ ਹਰਿ ਜਸੁ ਲਿਖੈ ਦਫਤਰ ਅਗਲੇਰੇ।
੫. ਆਪੇ ਆਪਿ ਵਰੱਤਦਾ ਗੁਰਮੁਖਿ ਚਉਫੇਰੇ॥ ੮॥

ਪਦ ਅਰਥ - ਮਸੁ=ਸ਼ਾਹੀ। ਕਜਲੁ=ਸੁਰਮਾ। ਕਾਮਣੀ=ਇਸਤ੍ਰੀ। ਲਿਖੇਰੇ=ਲਿਖਾਰੀ, ਲੇਖਕ।

ਅਰਥ - ੧. ਦੀਵਾ ਅੱਗ ਨਾਲ ਬਲ ਕੇ, ਹਨੇਰੇ ਵਿਚ ਚਾਨਣ ਕਰਦਾ ਹੈ। ੨. ਦੀਵੇ ਦੀ ਲਾਟ ਨਾਲ, ਉਪਰ ਜੋ ਸ਼ਾਹੀ (ਕਾਲਖ) ਲੱਗਦੀ ਹੈ, ਉਹ ਲਿਖਣ ਵਾਲੇ (ਲਿਖਾਰੀ) ਦੇ ਕੰਮ ਆਉਂਦੀ ਹੈ। ੩. (ਜਾਂ ਫਿਰ ਉਹ ਕਾਲਖ ਨੂੰ ਲਾਹ ਕੇ) ਇਸਤ੍ਰੀ (ਅੱਖਾਂ ਵਿਚ ਪਾਕੇ) ਕੱਜਲ ਬਣਾ ਲੈਂਦੀ ਹੈ। ਭਲਿਆਂ ਦੇ ਸੰਗ (ਵਿਚ ਮਿਲ ਕੇ) ਭਲੇ ਹੀ ਬਣੀਦਾ ਹੈ। ੪. (ਉਸ) ਕਾਲਖ ਨੂੰ (ਦਵਾਤ ਵਿਚ ਪਾ ਕੇ) ਲਿਖਾਰੀ ਹਰੀ ਦਾ ਜੱਸ (ਸਿਫਤ ਸਲਾਹ) ਲਿਖਦਾ.(ਤੇ ਮੁਨੀਮ ਆਪਣੇ) ਦਫਤਰ ਦਾ ਵੱਡਾ (ਅਗਲੇਰਾ) ਲੇਖਾ ਜੋਖਾ ਲਿਖਦਾ ਹੈ। ੫. (ਇਹ ਸਭ ਕੁਝ ਉਸ ਕਰਤੇ ਦਾ) ਆਪੇ ਆਪ ਦਾ ਖੇਲ (ਵਰਤਾਵਾ) ਹੈ (ਜੋ ਉਚ ਨੀਚ ਤੇ ਭਲੇ ਬੁਰੇ ਵਿਚ ਵੱਖ ਵੱਖ ਤਰੀਕਿਆਂ ਨਾਲ) ਸਭ ਪਾਸੇ ਵਰਤ-ਵਰਤਾ ਕਰ ਰਿਹਾ ਹੈ॥ ੮॥

੯. ਉਹ ਆਪ ਹੀ ਅਨੇਕ ਤੇ ਫਿਰ ਆਪ ਹੀ ਏਕ ਹੈ

੧. ਬਿਰਖੁ ਹੋਵੈ ਬੀਉ ਬੀਜੀਐ ਕਰਦਾ ਪਾਸਾਰਾ।
੨. ਜੜ ਅੰਦਰਿ ਪੇਡ ਬਾਹਰਾ ਬਹੁ ਡਾਲ ਬਿਸਥਾਰਾ।
੩. ਪਤ ਫੁਲ ਫਲ ਫਲੀਦਾ ਰਸ ਰੰਗ ਸਵਾਰਾ।
੪. ਵਾਸੁ ਨਿਵਾਸੁ ਉਲਾਸੁ ਕਰਿ ਹੋਇ ਵਡ ਪਰਵਾਰਾ।
੫. ਫਲ ਵਿਚਿ ਬੀਉ ਸੰਜੀਉ ਹੋਇ ਫਲ ਫਲੇ ਹਜਾਰਾ।
੬. ਆਪੇ ਆਪਿ ਵਰੱਤਦਾ ਗੁਰਮੁਖਿ ਨਿਸਤਾਰਾ॥ ੯॥

ਪਦ ਅਰਥ - ਪਾਸਾਰਾ=ਫੈਲਾਅ। ਪੇਡ=ਬ੍ਰਿਛ ਦਾ ਤਣਾ। ਡਾਲ=ਛੋਟੀਆਂ ਟਾਹਣੀਆਂ। ਉਲਾਸੁ=ਵਾਧਾ, ਪ੍ਰਕਾਸ਼। ਸੰਜੀਉ=ਪੱਕਣਾ।

ਅਰਥ - ੧. (ਜਿਵੇਂ ਇੱਕ) ਬੀਜ ਦੇ ਬੀਜਣ ਨਾਲ, ਵੱਡੇ ਪਸਾਰ ਵਾਲਾ (ਦਰਖਤ ਪੈਦਾ) ਹੋ ਜਾਂਦਾ ਹੈ। ੨. ਜੜ (ਧਰਤੀ ਦੇ) ਵਿਚ ਤੇ ਪੇੜ (ਤਣਾ) ਬਾਹਰ ਹੁੰਦਾ (ਤੇ ਫਿਰ ਉਸ ਤਣੇ 'ਤੇ) ਅਨੇਕਾਂ ਟਾਹਣੀਆਂ ਦਾ ਵਿਸਥਾਰ (ਵਾਧਾ) ਹੋ ਜਾਂਦਾ ਹੈ। ੩. ਪੱਤੇ, ਫੁੱਲ, ਫਲ ਤੇ ਫਲੀਆਂ (ਤੇ ਇਨ੍ਹਾਂ ਸਭਨਾਂ ਵਿਚ) ਰਸ ਤੇ ਰੰਗ ਭਰੇ (ਆਪ ਤੋਂ ਆਪ ਸਵਾਰੇ) ਜਾਂਦੇ ਹਨ। ੪. ਫੁੱਲ ਤੇ ਫਲਾਂ ਵਿਚ (ਅਗੋਂ ਕਈ ਤਰ੍ਹਾਂ ਦੀਆਂ) ਵਾਸ਼ਨਾ ਪੈਦਾ ਹੋ, ਉਸ ਵਿਚ ਪ੍ਰਕਾਸ਼ (ਵਾਧਾ) ਕਰਦੀਆਂ ਹਨ। (ਤੇ ਦਰਖਤ ਦੇ ਟਾਹਣ ਤੇ ਪੱਤੇ ਆਦਿ) ਵੱਡਾ ਪਰਿਵਾਰ ਹੋ ਜਾਂਦਾ ਹੈ। ੫. ਫਲਾਂ ਵਿਚ ਬੀਜ ਪੱਕਦੇ ਤੇ (ਫਿਰ ਅੱਗੋਂ ਉਨ੍ਹਾਂ ਤੋਂ) ਹਜ਼ਾਰਾਂ ਹੋਰ ਫਲ (ਤੇ ਦਰਖਤ ਆਦਿ) ਬਣ ਜਾਂਦੇ ਹਨ। ੬. (ਇਸੇ ਤਰ੍ਹਾਂ ਬੀਜ ਰੂਪ ਵਿਚ) ਸਾਰੇ ਪਾਸੇ ਇੱਕ ਈਸ਼ਵਰ ਹੀ ਆਪਦੇ ਨਿਰਗੁਣ ਰੂਪ ਵਿਚ ਪਸਰ ਰਿਹਾ ਹੈ। ਇਹ ਗੱਲ ਸਮਝ ਲੈਣ ਵਾਲੇ ਗੁਰਮੁਖਾਂ ਦਾ ਨਿਸਤਾਰਾ ਹੁੰਦਾ ਹੈ॥ ੯॥

੧੦. ਕਪਾਹ ਤੇ ਸੂਤਰ ਦਾ ਦ੍ਰਿਸ਼ਟਾਂਤ

੧. ਹੋਵੈ ਸੂਤੁ ਕਪਾਹ ਦਾ ਕਰਿ ਤਾਣਾ ਵਾਣਾ।
੨. ਸੂਤਹੁ ਕਪੜੁ ਜਾਣੀਐ ਆਖਾਣ ਵਖਾਣਾ।
੩. ਚਉਸੀ ਤੈ ਚਉਤਾਰ ਹੋਇ ਗੰਗਾ ਜਲੁ ਜਾਣਾ।
੪. ਖਾਸਾ ਮਲਮਲ ਸਿਰੀਸਾਫੁ ਤਨ ਸੁਖ ਮਨਿ ਭਾਣਾ।
੫. ਪਗ ਦੁਪਟਾ ਚੋਲਣਾ ਪਟੁਕਾ ਪਰਵਾਣਾ।
੬. ਆਪੇ ਆਪਿ ਵਰੱਤਦਾ ਗੁਰਮੁਖਿ ਰੰਗ ਮਾਣਾ॥ ੧੦॥

ਪਦ ਅਰਥ - ਵਾਣਾ=ਪੇਟਾ। ਆਖਾਣ=ਨਾਮ। ਗੰਗਾ ਜਲੁ=ਕਪੜੇ ਦੀ ਕਿਸਮ। ਸਿਰੀਸਾਫ=ਇਹ ਵੀ ਕਪੜੇ ਦੀ ਕਿਸਮ ਦਾ ਨਾਂ ਹੈ।

ਅਰਥ - ੧. ਕਪਾਹ ਤੋਂ ਸੂਤਰ ਬਣਦਾ, ਜੋ ਤਾਣਾ ਪੇਟਾ ਕਰਕੇ ਬਣਦਾ ਹੈ। ੨. ਸੂਤਰ ਤੋਂ (ਹੀ ਫੇਰ) ਕੱਪੜਾ ਬਣਦਾ ਹੈ, ਜਿਸ ਦੇ ਕਈ (ਕਿਸਮਾਂ ਦੇ) ਨਾਮ ਬਣ ਜਾਂਦੇ ਹਨ। ੩. ਚਉਸੀ (ਚਾਰ ਤਾਰਾਂ ਵਾਲੇ) ਕੱਪੜੇ ਨੂੰ ਚਉਤਾਰ ਕਹਿੰਦੇ ਹਨ, ਗੰਗਾ ਜਲ ਨਾਮੀ ਕੱਪੜਾ ਜਾਣਿਆਂ ਜਾਂਦਾ ਹੈ। ੪. ਖਾਸਾ ਤੇ ਮਲਮਲ ਅਤੇ ਸਿਰੀਸਾਫ ਆਦਿ ਕੱਪੜੇ ਸਰੀਰ ਨੂੰ ਸੁਖ ਦੇਣ ਵਾਲੇ, ਮਨ ਭਾਉਂਦੇ ਬਣਦੇ ਹਨ। ੫. ਪੱਗਾਂ, ਦੁਪੱਟੇ, ਤੇ ਚੋਲੇ, ਪਟਕੇ ਆਦਿਕ (ਜੋ ਸਭ ਪਾਸੇ ਪਰਵਾਣ) ਮੰਨੇ ਜਾਂਦੇ ਹਨ। ੬.(ਇਸੇ ਤਰ੍ਹਾਂ ਸੂਤਰ ਤੋਂ ਵੱਖ ਵੱਖ ਕਿਸਮ ਦੇ ਕੱਪੜੇ ਦਾ ਦ੍ਰਿਸ਼ਟਾਂਤ ਦੇ ਕੇ ਦੱਸਦੇ ਹਨ, ਕਿ ਇਸੇ ਤਰ੍ਹਾਂ ਹੀ ਇੱਕ ਪ੍ਰਭੂ, ਸੂਤਰ ਦੀ ਨਿਆਈਂ) ਸਭ ਪਾਸੇ ਆਪੇ ਹੀ ਆਪ ਵਰਤ ਰਿਹਾ। (ਜੋ ਇਸ ਭੇਦ ਨੂੰ ਗੁਰੂ ਦੁਆਰਾ ਪ੍ਰਾਪਤ ਕਰਕੇ, ਦ੍ਰਿੜ ਕਰ ਲੈਂਦੇ ਹਨ ਉਹ) ਗੁਰਮੁਖ ਹੀ ਇਸ ਅਨੇਕਤਾ (ਤੋਂ ਅਲੋਪ ਹੋ ਇੱਕ ਪ੍ਰਭੂ ਦੇ ਰਸ) ਵਿਚ ਰੰਗ ਮਾਣਦੇ ਹਨ॥ ੧੦॥

੧੧. ਸੋਨੇ ਦਾ ਦ੍ਰਿਸ਼ਟਾਂਤ ਦੇਂਦੇ ਹਨ

੧. ਸੁਨਿਆਰਾ ਸੁਇਨਾ ਘੜੈ ਗਹਣੇ ਸਾਵਾਰੇ।
੨. ਪਿਪਲ ਵਤਰੇ ਵਾਲੀਆ ਤਾਨਉੜੇ ਤਾਰੇ।
੩. ਵੇਸਰਿ ਨਥਿ ਵਖਾਣੀਐ ਕੰਠ ਮਾਲਾ ਧਾਰੇ।
੪. ਟੀਕਤਿ ਮਣੀਆ ਮੋਤਿਸਰ ਗਜਰੇ ਪਾਸਾਰੇ।
੫. ਦੁੱਰ ਬਹੁੱਟਾ ਗੋਲ ਛਾਪ ਕਰਿ ਬਹੁ ਪਰਕਾਰੇ।
੬. ਆਪੇ ਆਪਿ ਵਰੱਤਦਾ ਗੁਰਮੁਖਿ ਵੀਚਾਰੇ॥ ੧੧॥

ਪਦ ਅਰਥ - ਵੇਸਰਿ=ਨੱਥ। ਕੰਠ ਮਾਲਾ=ਕੈਂਠਾ ਜਾਂ ਮਾਲਾ। ਦੁੱਰ=ਕੰਨ ਦੀਆਂ ਬੀਰਬਲੀਆਂ। ਗਜਰੇ=ਵੱਡੀਆਂ ਚੂੜੀਆਂ, ਗੋਖੜੂ।

ਅਰਥ - ੧. ਸੁਨਿਆਰਾ ਸੋਨੇ ਨੂੰ ਘੜ ਘੜ ਸੁੰਦਰ ਗਹਿਣੇ ਬਣਾਉਂਦਾ ਹੈ। ੨. ਪਿੱਪਲ ਵੱਤਰੇ, ਵਾਲੀਆਂ, ਤਨੌੜੇ, (ਕੰਨਾਂ ਦੇ ਗਹਿਣੇ) ਸਿਤਾਰੇ ਆਦਿ। ੩. ਨੱਕ ਵਿਚ ਪਾਉਣ ਵਾਲੀ ਨੱਥ ਸੋਨੇ ਦੀ ਹੀ ਅਖਵਾਉਂਦੀ ਹੈ। ਕੰਠੀਆਂ (ਕੈਂਠਾ) ਤੇ ਗਲ ਦੀ ਮਾਲਾ ਇਸੇ ਸੋਨੇ ਦੇ ਹੀ ਘੜੇ ਜਾਂਦੇ ਹਨ। ੪. ਟਿੱਕਾ ਮਣੀਆਂ ਵਾਲਾ, ਮੋਤੀਆਂ ਦੀ ਮਾਲਾ ਤੇ ਗੋਖੜੂ ਆਦਿ ਦਾ ਪਸਾਰ ਸੁਨਿਆਰਾ ਕਰਦਾ ਹੈ। ੫. ਬੀਰਬਲੀਆਂ, ਬਾਹਾਂ ਵਾਲੇ ਬੁਹੱਟੇ, ਗੋਲ ਮੁੰਦਰੀਆਂ ਤੇ ਛੱਲੇ ਕਈ ਕਿਸਮ ਦੇ ਘੜਦਾ ਹੈ। ੬.(ਇਸੇ ਤਰ੍ਹਾਂ ਹੀ ਪ੍ਰਭੂ ਇੱਕ ਸੋਨੇ ਵਾਂਗ ਸਭ ਪਾਸੇ, ਅਨੇਕਾਂ ਰੂਪਾਂ ਵਿਚ) ਆਪੇ ਆਪ ਹੀ ਵਰਤ ਰਿਹਾ ਹੈ। (ਕੋਈ ਵਿਰਲਾ ਹੀ ਇਸ ਭੇਦ ਨੂੰ ਸਮਝਦਾ ਤੇ ਦ੍ਰਿੜ ਕਰਦਾ ਹੈ, ਪਰ) ਗੁਰਮੁਖ (ਗੁਰੂ ਦੇ ਉਪਦੇਸ਼ਾਂ ਨੂੰ ਆਪਣੇ ਜੀਵਨ ਦੇ ਹਰ ਕੰਮ ਵਿਚ ਦਾਖਲ ਕਰ ਲੈਣ ਵਾਲਾ) ਹੀ ਇਸ (ਪ੍ਰਭੂ ਦੀ ਖੇਡ ਦੀ) ਵਿਚਾਰ ਕਰਦਾ (ਤੇ ਸਮਝਦਾ) ਹੈ॥ ੧੧॥

੧੨. ਗੰਨੇ ਦੇ ਰਸ ਦਾ ਦ੍ਰਿਸ਼ਟਾਂਤ

੧. ਗੰਨਾ ਕੋਲੂ ਪੀੜੀਐ ਰਸੁ ਦੇ ਦਰਹਾਲਾ।
੨. ਕੋਈ ਕਰੇ ਗੁੜੁ ਭੇਲੀਆਂ ਕੋ ਸਕਰ ਵਾਲਾ।
੩. ਕੋਈ ਖੰਡ ਸਵਾਰਦਾ ਮੱਖਣ ਮੱਸਾਲਾ।
੪. ਹੋਵੈ ਮਿਸਰੀ ਕਲੀਕੰਦ ਮਿਠਿਆਈ ਢਾਲਾ।
੫. ਖਾਵੈ ਰਾਜਾ ਰੰਕੁ ਕਰਿ ਰਸ ਭੋਗ ਸੁਖਾਲਾ।
੬. ਆਪੇ ਆਪਿ ਵਰੱਤਦਾ ਗੁਰਮੁਖਿ ਸੁਖਾਲਾ॥ ੧੨॥

ਪਦ ਅਰਥ - ਰਸੁ=ਰਹੁ। ਦਰਹਾਲਾ=ਬਿਨਾਂ ਦੇਰੀ ਦੇ। ਮੱਖਣ ਮੱਸਾਲਾ=ਮਖਾਣੇ, ਲਾਚੀਆਂ ਤੇ ਛੋਲਿਆਂ ਵਾਲੇ। ਕਲੀਕੰਦ=ਬਰਫੀ ਦੀਆਂ ਟੁਕੜੀਆਂ ਵਾਂਗ।

ਅਰਥ - ੧. ਗੰਨਾ ਜਦੋਂ ਕੋਹਲੂ ਵਿਚ ਪੀੜਿਆ ਜਾਂਦਾ ਹੈ, ਤਾਂ ਤਤਕਾਲ ਹੀ ਉਸ ਵਿਚੋਂ ਰਸ ਨਿਕਲ ਆਉਂਦਾ ਹੈ। ੨. (ਕੋਈ ਰਸ ਨੂੰ ਕਾੜ੍ਹ ਕੇ) ਗੁੜ ਦੀਆਂ ਢੇਲੀਆਂ ਬਣਾਉਂਦਾ, ਕੋਈ ਬਰੀਕ ਸ਼ੱਕਰ ਬਣਾ ਲੈਂਦਾ ਹੈ। ੩. ਕੋਈ (ਮਹੀਨ ਸ਼ੱਕਰ ਤੋਂ ਅੱਗੇ ਵਧ) ਖੰਡ ਬਣਾਉਂਦਾ ਤੇ ਕੋਈ ਮਖਾਣੇ, ਮਸਾਲੇ ਵਾਲੇ। ੪. ਕਿਤੇ (ਓਹੀ ਗੰਨੇ ਦਾ ਰਸ) ਮਿਸ਼ਰੀ ਤੇ ਕਲਾਕੰਦ ਬਣਾਉਂਦਾ ਹੈ ਤੇ ਕੋਈ ਖੰਡ ਨੂੰ ਢਾਲ ਕੇ ਮਿਠਿਆਈਆਂ (ਪੇਠਾ ਆਦਿ) ਬਣਾਉਂਦਾ ਹੈ। ੫. ਰਾਜੇ (ਅਮੀਰ ਲੋਕ (ਮਠਿਆਈਆਂ ਤੇ ਰੰਕ (ਗਰੀਬ ਸ਼੍ਰੇਣੀ ਗੁੜ ਸ਼ੱਕਰ ਆਦਿ) ਖਾ ਕੇ (ਇਹਨਾਂ ਦੇ) ਰਸਾਂ ਨੂੰ ਸੁਖ ਆਨੰਦ ਤੇ ਖੁਸ਼ੀ ਨਾਲ ਖਾਂਦੇ ਹਨ)। ੬. (ਇਸੇ ਤਰ੍ਹਾਂ ਗੰਨੇ ਵਾਂਗ, ਉਹ ਇਹ ਧੁਵੇ ਰੂਪ ਪ੍ਰਭੂ ਸਭ ਪਾਸੇ, ਵੱਖੋ ਵੱਖ ਰੰਗਾਂ ਵਿਚ) ਆਪ ਹੀ ਆਪ ਵਰਤ ਰਿਹਾ ਹੈ, (ਪਰ ਇਸ ਭੇਦ ਨੂੰ ਗੁਰੂ ਤੋਂ ਵਰੋਸਾਇਆ ਗੁਰਮੁਖ ਹੀ ਜਾਣਦਾ ਹੈ ਤੇ ਉਹ) ਪ੍ਰਭੂ ਦੀ ਇਸ ਅਨੇਕਤਾ-ਮਈ ਲੀਲ੍ਹਾ ਵਿਚ ਸੁਖ ਤੇ ਆਨੰਦ ਮਾਣ ਰਿਹਾ ਹੈ॥ ੧੨॥

੧੩. ਗਾਂ ਦੇ ਦੁੱਧ ਦੀ ਅਨੇਕਤਾ ਦਾ ਦ੍ਰਿਸ਼ਟਾਂਤ

੧. ਗਾਈ ਰੰਗ ਬਿਰੰਗ ਬਹੁ ਦੁਧੁ ਉਜਲੁ ਵਰਨਾ।
੨. ਦੂਧਹੁ ਦਹੀ ਜਮਾਈਐ ਕਰਿ ਨਿਹਚਲੁ ਧਰਨਾ।
੩. ਦਹੀ ਵਿਲੋਇ ਅਲੋਈਐ ਛਾਹਿ ਮਖਣ ਤਰਨਾ।
੪. ਮਖਣੁ ਤਾਇ ਅਉਟਾਇ ਕੈ ਘਿਉ ਨਿਰਮਲ ਕਰਨਾ।
੫. ਹੋਮ ਜਗ ਨਈਵੇਦ ਕਰਿ ਸਭ ਕਾਰਜ ਸਰਨਾ।
੬. ਆਪੇ ਆਪਿ ਵਰੱਤਦਾ ਗੁਰਮੁਖਿ ਹੋਇ ਜਰਨਾ॥੧੩॥

ਪਦ ਅਰਥ - ਵਿਲੋਇ=ਰਿੜਕਣਾ। ਅਲੋਈਐ=ਦੇਖਣਾ। ਅਉਟਾਇ=ਕਾਹੜ ਲੈਣਾ। ਨਈਵੇਦ=ਪੂਜਾ ਦੀ ਭੇਟ। ਸਰਨਾ=ਸਰਦਾ, ਸਉਰਦਾ।

ਅਰਥ - ੧. ਗਊਆਂ ਅਨੇਕਾਂ ਰੰਗਾਂ ਦੀਆਂ ਹੁੰਦੀਆਂ ਹਨ, ਪਰ ਉਨ੍ਹਾਂ ਦਾ ਦੁੱਧ ਤਾਂ ਚਿੱਟਾ ਹੀ ਵਰਣਨ ਕੀਤਾ ਜਾਂਦਾ ਹੈ। ੨. ਦੁੱਧ ਤੋਂ ਦਹੀਂ ਜਮਾਈਦਾ ਹੈ, (ਤਾਂ) ਅਡੋਲ (ਕਰਕੇ) ਟਿਕਾ ਦੇਈਦਾ ਹੈ, (ਤਾਂਕਿ ਨਿਹਚਲ ਹੋ ਕੇ ਜੰਮ ਜਾਏ)। ੩. ਦਹੀਂ ਨੂੰ ਰਿੜਕ ਕੇ ਜਦ ਦੇਖੀਦਾ ਹੈ ਤਾਂ ਮੱਖਣ ਨਿਕਲ ਆਉਂਦਾ ਹੈ। ਜਿਸ ਨੂੰ ਨਿਤਾਰ ਕੇ (ਲੱਸੀ ਵਿਚੋਂ) ਕੱਢ ਲਈਦਾ ਹੈ। ੪. ਮੱਖਣ ਨੂੰ ਗਰਮ ਕਰ ਕੇ ਕਾੜ੍ਹ ਕੇ (ਉਸ ਵਿਚੋਂ) ਨਿਰਮਲ (ਸ਼ੁੱਧ ਰੂਪ ਵਿਚ) ਘਿਉ ਨਿਕਲ ਆਉਂਦਾ ਹੈ। ੫. (ਫਿਰ ਇਸੇ ਨਿਰਮਲ ਘਿਉ ਤੋਂ ਹੀ) ਹੋਮ, ਜੱਗ ਤੇ ਪੂਜਾ ਦੀ ਭੇਟਾ (ਦੇਣ ਦੇ) ਕੰਮ ਸਰਦੇ (ਜਾਂ ਸਵਾਰੇ ਜਾਂਦੇ) ਹਨ। ੬. (ਇਸੇ ਤਰ੍ਹਾਂ, ਦੁੱਧ ਵਾਂਗ ਹੀ, ਉਸ ਵਿਸ਼ਾਲ ਤੇ ਕਰਣ ਕਾਰਣ ਪ੍ਰਭੂ ਜੀ) ਆਪ ਤੋਂ ਆਪ ਹੀ (ਸਭ ਪਾਸੇ) ਵਰਤ ਰਹੇ। (ਕੌਤਕ ਕਰ ਰਹੇ) ਹਨ। ਗੁਰਮੁਖ (ਗੁਰੂ ਤੋਂ ਗਿਆਨ ਪ੍ਰਾਪਤ ਤੇ ਨਿਸ਼ਚੈ ਕਰਨ ਵਾਲੇ ਕਿ ਇਹ ਸਭ ਪ੍ਰਭੂ ਦਾ ਹੀ ਪਸਾਰਾ ਹੈ)। ਇਸ ਭੇਦ ਨੂੰ ਜਾਣਦੇ ਤੇ ਜਰਦੇ ਹਨ॥ ੧੩॥

੧੪. ਸੂਰਜ ਏਕੋ ਰੁੱਤ ਅਨੇਕ

੧. ਪਲ ਘੜੀਆ ਮੂਰਤਿ ਪਹਰਿ ਥਿਤ ਵਾਰ ਗਣਾਏ।
੨. ਦੁਇ ਪਖ ਬਾਰਹ ਮਾਹ ਕਰਿ ਸੰਜੋਗ ਬਣਾਏ।
੩. ਛਿਅ ਰੁਤੀ ਵਰਤਾਈਆਂ ਬਹੁ ਚਲਿਤ ਬਣਾਏ।
੪. ਸੂਰਜੁ ਇਕੁ ਵਰਤਦਾ ਲੋਕੁ ਵੇਦ ਅਲਾਏ।
੫. ਚਾਰਿ ਵਰਨ ਛਿਅ ਦਰਸਨਾਂ ਬਹੁ ਪੰਥਿ ਚਲਾਏ।
੬. ਆਪੇ ਆਪਿ ਵਰੱਤਦਾ ਗੁਰਮੁਖਿ ਸਮਝਾਏ॥ ੧੪॥

ਪਦ ਅਰਥ - ਮੁਰਤਿ=ਮਹੂਰਤ। ਅਲਾਏ=ਆਖਣਾ, ਕਹਿਣਾ।

ਅਰਥ - ੧. ਪਲ ਘੜੀਆਂ, ਮਹੂਰਤ, ਪਹਿਰ, ਥਿੱਤਾਂ ਤੇ ਵਾਰਾਂ ਦੀ ਗਿਣਤੀ ਕੀਤੀ ਜਾਂਦੀ ਹੈ। ੨. ਦੋ ਪੱਖ (ਉਤਰਾਇਣ ਤੇ ਦਖਨਾਇਣ) ਅਤੇ ੧੨ ਮਹੀਨਿਆਂ ਦਾ ਸੰਜੋਗ ਕਰਕੇ ਬਣਾ ਦਿੱਤੇ ਹਨ। ੩. ਛੇ ਰੁੱਤਾਂ ਵਰਤਾ ਦਿੱਤੀਆਂ ਹਨ ਤੇ ਇਉਂ ਕੌਤਕ ਕਰ ਦਿੱਤੇ ਹਨ। ੪. ਇਕੱਲੇ ਸੂਰਜ ਦਾ ਇਹ ਪਸਾਰਾ (ਵਰਤਾਰਾ) ਹੈ, (ਬਹੁਤੇ) ਲੋਕੀਂ ਤੇ ਵੇਦਾਂ ਦੇ ਗਿਆਨੀਆਂ ਦਾ (ਇਹੋ ਹੀ) ਆਖਣਾ ਹੈ। ੫. ਛੇ ਦਰਸ਼ਨ (ਧਰਮ) ਤੇ ਚਾਰ ਵਰਨਾਂ ਦੇ ਅਨੇਕਾਂ ਪੰਥ (ਰਸਤੇ, ਆਪ ਲੋਕਾਂ ਨੇ ਹੀ) ਚਲਾਏ ਹਨ, (ਪ੍ਰਭੂ ਦੀ ਕ੍ਰਿਤ ਨਹੀਂ)। ੬. (ਇਹ ਅਸਲੀਅਤ) ਗੁਰਮੁਖ ਹੀ (ਸਮਝ ਸਕਦੇ ਤੇ) ਸਮਝਾਉਂਦੇ ਹਨ (ਕਿ ਇਹ ਸਭ ਇੱਕ) ਆਪੇ ਆਪ (ਸਭ ਪਾਸੇ) ਪ੍ਰਭੂ ਜੀ ਦੀ ਹੀ ਵਿਆਪਕਤਾ ਹੈ॥ ੧੪॥

੧੫. ਇਕੋ ਇੱਕ ਦਾ ਹੋਰ ਦ੍ਰਿਸ਼ਟਾਂਤ

੧. ਇਕੁ ਪਾਣੀ ਇਕ ਧਰਤਿ ਹੈ ਬਹੁ ਬਿਰਖ ਉਪਾਏ।
੨. ਅਫਲ ਸਫਲ ਪਰਕਾਰ ਬਹੁ ਫਲ ਫੁਲ ਸੁਹਾਏ।
੩. ਬਹੁ ਰਸ ਰੰਗ ਸੁਵਾਸਨਾ ਪਰਕਿਰਤਿ ਸੁਭਾਏ।
੪. ਬੈਸੰਤਰੁ ਇਕੁ ਵਰਨ ਹੋਇ ਸਭ ਤਰਵਰ ਛਾਏ।
੫. ਗੁਪਤਹੁ ਪਰਗਟ ਹੋਇ ਕੈ ਭਸਮੰਤ ਕਰਾਏ।
੬. ਆਪੇ ਆਪਿ ਵਰੱਤਦਾ ਗੁਰਮੁਖਿ ਸੁਖ ਪਾਏ॥ ੧੫॥

ਪਦ ਅਰਥ - ਅਫਲ=ਫਲ ਤੋਂ ਵਾਂਝਾ। ਸਫਲ=ਫਲ ਸਹਿਤ। ਤਰਵਰ=ਦਰਖਤ। ਭਸਮੰਤ=ਭਸਮ, ਸੜ ਕੇ ਸੁਆਹ ਹੋ ਜਾਣਾ।

ਅਰਥ - ੧. ਇਕੋ ਹੀ ਧਰਤੀ ਹੈ, ਇਕੋ ਹੀ ਪਾਣੀ ਹੈ, ਜਿਸ ਤੋਂ ਕਈ ਤਰ੍ਹਾਂ ਦੇ ਦਰਖ਼ਤ ਪੈਦਾ ਹੋਏ ਹਨ। ੨. (ਕਈ) ਫਲਾਂ ਤੋਂ ਸੱਖਣੇ (ਤੇ ਕਈ) ਫਲਾਂ ਵਾਲੇ, (ਅਨੇਕਾਂ ਹੀ) ਫਲ ਤੇ ਫੁੱਲ ਸ਼ੋਭ ਰਹੇ ਹਨ। ੩. ਅਨੇਕਾਂ (ਬੜੀ ਤਰ੍ਹਾਂ ਦੇ) ਰਸ ਤੇ ਰੰਗ ਤੇ ਸੁਹਣੀਆਂ ਸੁਗੰਧੀਆਂ ਤੇ ਸੁੰਦਰ ਪ੍ਰਕਿਰਤੀ ਵਾਲੇ ਸ਼ੋਭਾਇਮਾਨ ਹੋ ਰਹੇ ਹਨ। ੪. (ਪਰ ਪ੍ਰਭੂ ਜੀ ਦੀ ਕੁਦਰਤ ਵੇਖੋ ਕਿ ਇਨ੍ਹਾਂ ਸਭ ਤਰ੍ਹਾਂ ਦੇ) ਫੈਲੇ ਹੋਏ ਬ੍ਰਿਛਾਂ ਵਿਚੋਂ ਅਗਨੀ ਇੱਕ ਰੂਪ ਵਿਚ ਹੀ ਹੋ ਕੇ ਨਿਕਲਦੀ (ਪ੍ਰਕਾਸ਼ ਹੁੰਦੀ ਹੈ)। ੫. ਬ੍ਰਿਛਾਂ ਵਿਚੋਂ ਗੁਪਤ (ਰੂਪ ਤੋਂ) ਪ੍ਰਗਟ ਹੋ ਕੇ, (ਉਨ੍ਹਾਂ ਸਭ ਬ੍ਰਿਛਾਂ ਦੀਆਂ ਲੱਕੜਾਂ ਦੇ ਢੇਰਾਂ ਨੂੰ ਸਾੜ ਕੇ) ਸੁਆਹ ਕਰ ਦੇਂਦੀ ਹੈ। ਭਾਵ ਅਗਨੀ ਬ੍ਰਿਛਾਂ ਵਿਚ ਗੁਪਤ ਸੀ, ਦਿਸਦੀ ਨਹੀਂ ਸੀ ਪਰ ਅਣ-ਦਿਸਦੇ ਰੂਪ ਭਾਵ ਲੱਕੜਾਂ ਵਿਚੋਂ ਹੀ ਨਿਕਲ ਕੇ ਗੁਪਤ ਹੋ ਪ੍ਰਗਟ ਹੋ ਕੇ, ਸਭ ਨੂੰ ਛਿਨ ਵਿਚ ਹੀ ਭਸਮਾ-ਭੂਤ ਕਰ ਦੇਂਦੀ ਹੈ। ੬. ਇਹੀ ਪ੍ਰਕਾਸ਼ ਰੂਪ ਪ੍ਰਭੂ ਜੀ ਦੀ ਗੱਲ ਹੈ। ਉਹ ਪ੍ਰਭੂ ਆਪੇ ਆਪ ਹੀ ਸਭ ਪਾਸੇ ਤੇ ਹਰ ਵਸਤੂ ਵਿਚ ਵਿਆਪਕ ਹੋ ਕੇ ਵਰਤ ਰਿਹਾ ਹੈ, (ਪਰ ਇਸ ਕੌਤਕ ਦਾ ਭੇਦ) ਗੁਰਮੁਖ-ਜਨ ਜਾਣਦੇ ਹਨ ਤੇ ਸੁਖ ਪਾ ਰਹੇ ਹਨ॥ ੧੫॥

੧੬. ਬਿਰਦ ਪਾਲਣ ਦਾ ਦ੍ਰਿਸ਼ਟਾਂਤ

੧. ਚੰਦਨ ਵਾਸ ਵਣਾਸਪਤਿ ਸਭ ਚੰਦਨ ਹੋਵੈ।
੨. ਅਸਟ ਧਾਤੁ ਇਕ ਧਾਤੁ ਹੋਇ ਸੰਗਿ ਪਾਰਸਿ ਢੋਵੈ।
੩. ਨਦੀਆ ਨਾਲੇ ਵਾਹੜੇ ਮਿਲਿ ਗੰਗ ਗੰਗੋਵੈ।
੪. ਪਤਿਤ ਉਧਾਰਣੁ ਸਾਧਸੰਗੁ ਪਾਪਾਂ ਮਲੁ ਧੋਵੈ।
੫. ਨਰਕ ਨਿਵਾਰ ਅਸੰਖ ਹੋਇ ਲਖ ਪਤਿਤ ਸੰਗੋਵੈ।
੬. ਆਪੇ ਆਪਿ ਵਰੱਤਦਾ ਗੁਰਮੁਖਿ ਅਲੋਵੈ॥ ੧੬॥

ਪਦ ਅਰਥ - ਢੋਵੈ=ਪਰਸ ਕੇ। ਵਾਹੜੇ=ਨਦੀਆਂ ਨਾਲਿਆਂ ਦਾ ਪਾਣੀ। ਗੰਗੋਵੈ=ਗੰਗਾ ਵਰਗਾ ਜਲ ਹੋ ਜਾਣਾ। ਸੰਗੋਵੈ=ਸੰਗੀ, ਸਾਥੀ। ਅਲੋਵੈ=ਅਲਾਪਦੇ, ਕਹਿੰਦੇ ਜਾਂ ਵੇਖਦੇ।

ਅਰਥ - ੧. (ਜੰਗਲ ਵਿਚ) ਚੰਦਨ (ਦੇ ਰੁਖ) ਦੀ ਵਾਸ਼ਨਾ ਨਾਲ, ਬਾਕੀ ਦੇ ਰੁਖ (ਜੋ ਨੇੜੇ ਨੇੜੇ ਹੁੰਦੇ ਹਨ, ਭਾਵ ਸਾਰੀ) ਵਨਾਸਪਤੀ ਚੰਦਨ ਦੀ ਸੁਗੰਧ ਵਾਲੀ ਹੀ ਹੋ ਜਾਂਦੀ ਹੈ। ੨. ਅੱਠ ਧਾਤਾਂ ਵਿਚੋਂ ਕੋਈ ਧਾਤ ਹੋਵੇ, ਉਹ ਪਾਰਸ ਨਾਲ ਛੋਹੇ ਤਾਂ ਸੋਨਾ ਬਣ ਜਾਂਦੀ ਹੈ। ੩. ਨਦੀਆਂ ਨਾਲਿਆਂ ਦਾ ਪਾਣੀ, ਗੰਗਾ ਵਿਚ ਮਿਲ ਕੇ, ਗੰਗਾ ਦੇ ਪਾਣੀ ਵਰਗਾ ਹੀ ਪਵਿੱਤਰ ਹੋ ਜਾਂਦਾ ਹੈ, (ਉਸ ਨੂੰ ਕੋਈ ਫਿਰ ਵੱਖਰੇ ਰੂਪ ਵਿਚ ਵੇਖ ਨਹੀਂ ਸਕਦਾ)। ੪. (ਇਸੇ ਤਰ੍ਹਾਂ ਇੱਕ) ਸਾਧ ਸੰਗਤ (ਐਸੀ ਥਾਂ) ਹੈ, ਜੋ ਪਾਪੀਆਂ ਦਾ ਉਧਾਰ ਕਰ ਦਿੰਦੀ ਹੈ ਤੇ ਪਾਪਾਂ ਦੀ ਮੈਲ ਧੋ ਦਿੰਦੀ ਹੈ। ੫. (ਸਾਧ ਸੰਗਤ) ਕਰਨ ਨਾਲ ਅਸੰਖਾਂ ਪਾਪੀਆਂ ਦੇ ਨਰਕ ਟਲ ਜਾਂਦੇ ਹਨ। ੬. ਉਹ ਪ੍ਰਭੂ ਆਪੇ ਆਪ ਹੀ ਸਭ ਵਿਚ ਵਰਤ ਰਿਹਾ ਹੈ, (ਜਿਸ ਨੂੰ) ਗੁਰਮੁਖ ਹੀ ਦੇਖਦੇ ਹਨ॥ ੧੬॥

੧੭. ਪ੍ਰਭੂ ਲਈ ਪ੍ਰੇਮ ਕਿਹੋ ਜਿਹਾ ਹੋਵੇ ?

੧. ਦੀਪਕ ਹੇਤੁ ਪਤੰਗ ਦਾ ਜਲ ਮੀਨ ਤਰੰਦਾ।
੨. ਮਿਰਗੁ ਨਾਦ ਵਿਸਮਾਦੁ ਹੈ ਭਵਰ ਕਵਲਿ ਵਸੰਦਾ।
੩. ਚੰਦ ਚਕੋਰ ਪਰੀਤਿ ਹੈ ਦੇਖਿ ਧਿਆਨੁ ਧਰੰਦਾ।
੪. ਚਕਵੀ ਸੂਰਜ ਹੇਤੁ ਹੈ ਸੰਜੋਗੁ ਬਣੰਦਾ।
੫. ਨਾਰਿ ਭਤਾਰ ਪਿਆਰੁ ਹੈ ਮਾਂ ਪੁਤੁ ਮਿਲੰਦਾ।
੬. ਆਪੇ ਆਪਿ ਵਰੱਤਦਾ ਗੁਰਮੁਖਿ ਪਰਚੰਦਾ॥ ੧੭॥

ਪਦ ਅਰਥ - ਪਤੰਗ=ਪਤੰਗਾ। ਮੀਨ=ਮੱਛੀ। ਵਿਸਮਾਦੁ=ਮਸਤ। ਨਾਰਿ ਭਤਾਰ=ਇਸਤ੍ਰੀ ਤੇ ਪਤੀ

ਅਰਥ - ੧. ਦੀਵੇ ਨਾਲ ਪਤੰਗੇ ਨੂੰ ਪਿਆਰ ਹੈ, ਤੇ ਮੱਛੀ ਜਲ ਨਾਲ ਪ੍ਰੇਮ ਕਰਦੀ ਹੈ। ੨. ਹਿਰਨ ਨਾਦ (ਦੀ ਆਵਾਜ਼ 'ਤੇ) ਮਸਤ ਹੈ, ਤੇ ਭੌਰਾ ਕੰਵਲ ਫੁੱਲ ਦਾ ਪ੍ਰੇਮੀ ਹੈ। ੩. ਚੰਦ ਨਾਲ ਚਕੋਰ ਦੀ ਪ੍ਰੀਤੀ ਹੈ, ਚੰਦਰਮਾ ਨੂੰ ਵੇਖ ਕੇ ਉਹ ਉਧਰ ਹੀ ਧਿਆਨ ਧਰਦਾ ਹੈ। ੪. ਚਕਵੀ ਨੂੰ ਸੂਰਜ ਨਾਲ ਪਿਆਰ ਹੈ, (ਕਿਉਂਕਿ ਕੁਦਰਤ ਵੱਲੋਂ ਐਸਾ ਹੀ) ਸੰਜੋਗ ਬਣ ਗਿਆ ਹੈ। ੫. ਇਸਤ੍ਰੀ ਤੇ ਪਤੀ ਵਿਚ ਪਿਆਰ ਹੈ, ਮਾਂ ਪੁੱਤਰ ਨੂੰ ਪਿਆਰ ਨਾਲ ਮਿਲਦੀ ਹੈ। ੬. (ਪਰ ਇਹਨਾਂ ਸਭਨਾਂ ਵਿਚ ਓਹ ਪ੍ਰਭੂ) ਆਪੇ ਹੀ ਆਪ ਵਰਤ ਰਿਹਾ ਹੈ, ਗੁਰਮੁਖ (ਇਸ ਖੇਡ ਨੂੰ ਸਮਝਦਾ ਤੇ) ਪਰਚਦਾ (ਪਤੀਜ ਜਾਂਦਾ) ਹੈ॥ ੧੭॥

੧੮. ਪ੍ਰਭੂ ਹਰ ਅੰਗ ਵਿਚ ਵਿਆਪਕ ਹੈ

੧. ਅਖੀ ਅੰਦਰਿ ਦੇਖਦਾ ਸਭ ਚੋਜ ਵਿਡਾਣਾ।
੨. ਕੰਨੀ ਸੁਣਦਾ ਸੁਰਤਿ ਕਰਿ ਆਖਾਣਿ ਵਖਾਣਾ।
੩. ਜੀਭੈ ਅੰਦਰਿ ਬੋਲਦਾ ਬਹੁ ਸਾਦ ਲੁਭਾਣਾ।
੪. ਹਥੀਂ ਕਿਰਤਿ ਕਮਾਂਵਦਾ ਪਗਿ ਚਲੈ ਸੁਜਾਣਾ।
੫. ਦੇਹੀ ਅੰਦਰਿ ਇਕੁ ਮਨੁ ਇੰਦ੍ਰੀ ਪਰਵਾਣਾ।
੬. ਆਪੇ ਆਪਿ ਵਰੱਤਦਾ ਗੁਰਮੁਖਿ ਸੁਖੁ ਮਾਣਾ॥ ੧੮॥

ਪਦ ਅਰਥ - ਚੋਜ ਵਿਡਾਣਾ=ਅਸਚਰਜ ਖੇਡ। ਆਖਾਣਿ=ਪ੍ਰਸੰਗ। ਲੁਭਾਣਾ=ਮੋਹਿਤ ਹੋਣਾ। ਸੁਜਾਣਾ=ਸਿਆਣਾ।

ਅਰਥ - ੧. (ਹਰ ਮਨੁੱਖ) ਅੱਖਾਂ ਨਾਲ ਸਾਰੇ ਵੱਡੇ ਵੱਡੇ ਕੌਤਕ ਦੇਖਦਾ ਹੈ। ੨. ਕੰਨਾਂ ਨਾਲ ਸਾਰੇ ਪ੍ਰਸੰਗ ਧਿਆਨ ਨਾਲ ਸੁਣਦਾ ਹੈ। ੩. ਜੀਭ ਦੇ ਅੰਦਰੋਂ ਬੋਲਦਾ ਹੈ, ਤੇ ਜੀਭਾ ਦੇ ਸੁਆਦ (ਰਸ) ਵਿਚ ਲੁਭਾਇਮਾਨ ਹੁੰਦਾ ਹੈ। ੪. ਹੱਥਾਂ ਨਾਲ ਕਿਰਤ ਕਰਦਾ ਹੈ ਤੇ ਪੈਰਾਂ ਨਾਲ ਤੁਰਦਾ ਹੈ। ੫. (ਇਸ ਮਨੁੱਖਾ) ਦੇਹੀ ਵਿਚ ਇੱਕ ਮਨ (ਰੂਪ, ਸਭ ਦਾ ਪ੍ਰਧਾਨ ਇੰਦਰਾ) ਹੈ, (ਜਿਸ ਦੇ ਹੁਕਮ ਜਾਂ ਸਲਾਹ ਨੂੰ ਹੋਰ ਸਭ) ਇੰਦਰੇ ਪ੍ਰਵਾਨ ਕਰਦੇ ਹਨ। ੬. ਇਨ੍ਹਾਂ ਸਭਨਾਂ ਵਿਚ ਉਹ ਪ੍ਰਭੂ ਆਪੇ ਆਪ ਹੀ ਵਰਤਦਾ ਹੈ। ਪ੍ਰਭੂ ਦੀ ਇਸ ਅਸਚਰਜ ਕੌਤਕਾਂ ਭਰੀ ਅਵਸਥਾ ਨੂੰ, ਗੁਰੂ ਤੋਂ ਵਰੋਸਾਇਆ ਗੁਰਮੁਖ ਹੀ ਠੀਕ ਤੌਰ 'ਤੇ ਅਨੁਭਵ ਕਰਦਾ ਹੈ, ਇਸ ਲਈ ਇਸ ਅਜਬ ਵਰਤਾਰੇ ਨੂੰ ਵੇਖ ਕੇ ਗੁਰਮੁਖ ਸੁਖ ਮਾਣਦਾ ਹੈ॥ ੧੮॥

੧੯. ਸ੍ਰਿਸ਼ਟੀ ਤੇ ਕਰਤੇ ਦਾ ਸੰਬੰਧ ਤੇ ਪ੍ਰਬੰਧ

੧. ਪਵਣ ਗੁਰੂ ਗੁਰੁ ਸਬਦੁ ਹੈ ਰਾਗ ਨਾਦ ਵੀਚਾਰਾ।
੨. ਮਾਤ ਪਿਤਾ ਜਲੁ ਧਰਤਿ ਹੈ ਉਤਪਤਿ ਸੰਸਾਰਾ।
੩. ਦਾਈ ਦਾਇਆ ਰਾਤਿ ਦਿਹੁ ਵਰਤੇ ਵਰਤਾਰਾ।

੪. ਸਿਵ ਸਕਤੀ ਦਾ ਖੇਲੁ ਮੇਲੁ ਪਰਕਿਰਤਿ ਪਸਾਰਾ।
੫. ਪਾਰਬ੍ਰਹਮ ਪੂਰਨ ਬ੍ਰਹਮੁ ਘਟਿ ਚੰਦੁ ਅਕਾਰਾ।
੬. ਆਪੇ ਆਪਿ ਵਰੱਤਦਾ ਗੁਰਮੁਖਿ ਨਿਰਧਾਰਾ॥ ੧੯॥

ਪਦ ਅਰਥ - ਗੁਰ ਸਬਦੁ=ਗੁਰੂ-ਬਚਨ (ਉਪਦੇਸ਼)। ਸਿਵ ਸਕਤੀ=ਪ੍ਰਭੂ ਦੀ ਚੇਤਨ ਸ਼ਕਤੀ।

ਅਰਥ - ੧. ਪਵਣ (ਹਵਾ) ਗੁਰੂ ਹੈ, ਗੁਰ ਸ਼ਬਦ (ਗੁਰੂ ਦਾ ਉਪਦੇਸ਼) ਹੈ, (ਜਿਸ ਨਾਲ) ਰਾਗ ਨਾਦ ਦਾ ਵਿਚਾਰ (ਸਮਝ) ਪੈਂਦਾ ਹੈ। ੨. ਧਰਤੀ ਮਾਤਾ ਤੇ ਜਲ ਪਿਤਾ ਹੈ। (ਇਹਨਾਂ ਤੱਤਾਂ ਤੋਂ ਅੱਗੋਂ) ਸ੍ਰਿਸ਼ਟੀ ਦੀ ਉਤਪੱਤੀ ਹੁੰਦੀ ਹੈ। ੩. (ਇਸ ਪੈਦਾ ਹੋਈ ਸ੍ਰਿਸ਼ਟੀ ਦੀ) ਖਿਡਾਵੀ ਰਾਤ ਹੈ ਤੇ ਦਿਨ ਖਿਡਾਵਾ ਹੈ। (ਬਸ ਇਨ੍ਹਾਂ ਦੋਹਾਂ ਦੇ) ਵਰਤਾਰੇ ਵਿਚ ਹੀ ਜੀਵ ਵਰਤਦਾ ਹੈ। ੪. ਸ਼ਿਵ ਸ਼ਕਤੀ (ਭਾਵ ਚੇਤਨ ਤੇ ਜੜ ਰੂਪ ਸ਼ਕਤੀਆਂ) ਦੇ ਮੇਲ ਨਾਲ ਸੰਸਾਰ ਰਚਾ ਦਿੱਤਾ ਹੈ। ੫. (ਇਸ ਸਾਰੀ ਰਚਨਾ ਵਿਚ) ਪਾਰਬ੍ਰਹਮ (ਪ੍ਰਭੂ ਜੀ ਐਉਂ) ਪੂਰਨ ਰੂਪ ਵਿਚ ਰਮੇ ਹੋਏ ਹਨ, ਜਿਵੇਂ ਘੜੇ ਦੇ ਪਾਣੀ ਵਿਚ ਚੰਦਰਮਾਂ ਦਾ ਪ੍ਰਤੀਬਿੰਬ ਲਿਸ਼ਕਦਾ ਹੈ। ੬. (ਸੋ ਇਉਂ ਉਹ ਪ੍ਰਭੂ) ਆਪੇ ਆਪ ਹੀ (ਸਭ ਪਾਸੇ) ਵਰਤ ਰਿਹਾ ਹੈ, (ਪਰ) ਗੁਰਮੁਖਾਂ (ਗੁਰੂ ਤੋਂ ਵਰੋਸਾਏ ਸ੍ਰੇਸ਼ਟ ਜਨਾਂ) ਦਾ ਆਧਾਰ (ਆਸਰਾ) ਰੂਪ (ਬਣ ਰਿਹਾ) ਹੈ॥ ੧੯॥

੨੦. ਸਭ ਵਿਚ ਉਹ ਪ੍ਰਭੂ ਆਪੇ ਹੀ ਆਪ ਹੈ

੧. ਫੁਲਾਂ ਅੰਦਰਿ ਵਾਸੁ ਹੈ ਹੋਇ ਭਵਰੁ ਲੁਭਾਣਾ।
੨. ਅੰਬਾਂ ਅੰਦਰਿ ਰਸ ਧਰੇ ਕੋਇਲ ਰਸੁ ਮਾਣਾ।
੩. ਮੋਰ ਬਬੀਹਾ ਹੋਇ ਕੈ ਘਣ ਵਰਸ ਸਿਞਾਣਾ।
੪. ਖੀਰ ਨੀਰ ਸੰਜੋਗ ਹੋਇ ਕਲੀਕੰਦ ਵਖਾਣਾ।
੫. ਓਅੰਕਾਰੁ ਆਕਾਰੁ ਕਰਿ ਹੋਇ ਪਿੰਡ ਪਰਾਣਾ।
੬. ਆਪੇ ਆਪਿ ਵਰੱਤਦਾ ਗੁਰਮੁਖਿ ਪਰਵਾਣਾ॥ ੨੦॥ ੨॥

ਪਦ ਅਰਥ - ਵਾਸੁ=ਵਾਸ਼ਨਾ। ਰਸ=ਮਿਠਾਸ। ਖੀਰ=ਦੁੱਧ। ਕਲੀਕੰਦ=ਮਿਠਾਈ ਜਾਂ ਕਲੀ ਤੇ ਫਲ।

ਅਰਥ - ੧. ਫੁੱਲਾਂ ਅੰਦਰ ਵਾਸ਼ਨਾ (ਵੀ ਆਪ ਹੀ) ਹੈ, ਪਰ ਭੌਰਾ (ਬਣ ਕੇ ਉਹ ਆਪ ਹੀ ਉਸਦੀ ਵਾਸ਼ਨਾ ਦਾ) ਲੋਭੀ ਹੈ। ੨. ਅੰਬਾਂ ਵਿਚ ਰਸ (ਮਿਠਾਸ ਵੀ ਆਪ ਹੀ) ਧਰਦਾ ਹੈ (ਤੇ ਆਪ ਹੀ) ਕੋਇਲ (ਰੂਪ ਹੋ) ਰਸ ਮਾਣਦਾ ਹੈ। ੩. ਮੋਰ ਬਬੀਹਾ ਬਣ (ਆਪ ਹੀ ਆਪਣੇ ਵਰ੍ਹਾਏ) ਘਣੇ ਵਸ ਰਹੇ (ਮੀਂਹ) ਵਿਚ (ਆਪਣੇ ਆਪ ਨੂੰ) ਪਛਾਣਦਾ ਹੈ। ੪. (ਜਿਵੇਂ) ਦੁੱਧ ਤੇ ਪਾਣੀ ਦਾ ਸੰਜੋਗ (ਮੇਲ ਹੁੰਦਾ) ਹੈ ਤੇ ਕਲੀਕੰਦ (ਬਰਫੀ ਜਾਂ ਪੇਠੇ ਦੀ ਮਠਿਆਈ ਦਾ) ਸੰਜੋਗ ਹੁੰਦਾ ਹੈ। ੫. (ਇਵੇਂ ਹੀ) ਓਅੰਕਾਰ (ਪ੍ਰਭੂ ਆਪਣਾ) ਅਕਾਰ ਬਣਾ, (ਉਨ੍ਹਾਂ ਵਿਚ) ਸਰੀਰ ਤੇ ਪ੍ਰਾਣ ਧਣ ਜਾਂਦਾ ਹੈ। ੬. (ਉਹ) ਆਪੇ ਹੀ ਆਪ ਵਰਤ ਰਿਹਾ ਹੈ। (ਜਿਸ ਨੂੰ) ਗੁਰਮੁਖਾਂ ਨੇ ਹੀ ਪਰਵਾਣ (ਭਾਵ ਜ਼ਾਹਰਾ ਰੂਪ ਪ੍ਰਤੱਖ ਕਰਕੇ ਜਾਣਿਆਂ) ਹੈ॥ ੨੦॥ ੨॥

ਵਾਰ ੩

ੴ ਸਤਿਗੁਰ ਪ੍ਰਸਾਦਿ॥

੧. ਆਦਿ ਪੁਰਖ ਪ੍ਰਤੀ ਆਦੇਸ ਦਾ ਮੰਗਲਾਚਰਣ

੧. ਆਦਿ ਪੁਰਖ ਆਦੇਸੁ ਆਦਿ ਵਖਾਣਿਆ।
੨. ਸੋ ਸਤਿਗੁਰੁ ਸਚਾ ਵੇਸੁ ਸਬਦਿ ਸਿਞਾਣਿਆ।
੩. ਸਬਦਿ ਸੁਰਤਿ ਉਪਦੇਸੁ ਸਚਿ ਸਮਾਣਿਆ।
੪. ਸਾਧਸੰਗਤਿ ਸਚੁ ਦੇਸੁ ਘਰੁ ਪਰਵਾਣਿਆ।
੫. ਪ੍ਰੇਮ ਭਗਤਿ ਆਵੇਸੁ ਸਹਜਿ ਸੁਖਾਣਿਆ।
੬. ਭਗਤਿਵਛਲੁ ਪਰਵੇਸੁ ਮਾਣੁ ਨਿਮਾਣਿਆ।
੭. ਬ੍ਰਹਮਾ ਬਿਸਨੁ ਮਹੇਸੁ ਅੰਤੁ ਨ ਜਾਣਿਆ।
੮. ਸਿਮਰਿ ਸਹਸਿ ਫਣ ਸੇਸੁ ਤਿਲੁ ਨ ਪਛਾਣਿਆ।
੯. ਗੁਰਮੁਖਿ ਦਰ ਦਰਵੇਸੁ ਸਚੁ ਸੁਹਾਣਿਆ॥ ੧॥

ਪਦ ਅਰਥ - ਆਦੇਸੁ=ਨਮਸਕਾਰ। ਦਰ=ਦਰਵਾਜ਼ਾ। ਸੁਹਾਣਿਆ=ਸੋਹਣਾ ਲੱਗਾ।

ਅਰਥ - ੧. ਆਦਿ ਪੁਰਖ (ਪ੍ਰਭੂ, ਪਰਮੇਸ਼ਰ) ਨੂੰ ਬੰਦਨਾ ਹੈ, ਜੋ ਸਭ ਦਾ ਆਦਿ (ਮੁੱਖ, ਭਾਵ ਕਰਤਾ) ਕਿਹਾ ਜਾਂਦਾ ਹੈ। ੨. ਉਹੋ ਸਤਿਗੁਰੂ ਜੀ ਸੱਚੇ ਸਰੂਪ (ਸੱਚੇ ਵੇਸ, ਪਹਿਰਾਵੇ) ਵਾਲੇ ਹਨ, (ਜਿਨ੍ਹਾਂ ਨੇ ਧੁਰੋਂ ਆਏ) ਸ਼ਬਦ (ਉਪਦੇਸ਼) ਨਾਲ (ਉਸ ਆਦਿ ਪੁਰਖ, ਪ੍ਰਭੂ) ਨੂੰ ਜਾਣ ਪਛਾਣ ਲਿਆ ਹੈ। ੩. (ਜਿਸ ਸਤਿਗੁਰੂ ਜੀ ਨੇ) ਸ਼ਬਦ (ਉਪਦੇਸ਼ ਨੂੰ) ਸੁਰਤ (ਧਿਆਨ ਵਿਚ) ਬਿਠਾ ਕੇ (ਆਪਣੇ ਸਿੱਖਾਂ, ਜਗਿਆਸੂਆਂ ਨੂੰ) (ਸੱਚੇ ਪ੍ਰਭੂ ਦੇ ਧਿਆਨ) ਵਿਚ ਲਗਾ ਦਿੱਤਾ (ਭਾਵ, ਲਿਵਲੀਨ ਕਰ ਦਿੱਤਾ) ਹੈ। ੪. ਸਾਧ ਸੰਗਤ (ਹੀ) ਸੱਚਾ ਉਪਦੇਸ਼ (ਗੁਰ-ਸਿੱਖਿਆ ਪ੍ਰਾਪਤ ਕਰਨ ਦਾ ਸੱਚਾ ਅਸਥਾਨ) ਹੈ, (ਤੇ ਇਹੀ ਅਸਥਾਨ ਭਾਵ) ਘਰ ਪ੍ਰਮਾਣੀਕ ਸੱਚੇ ਸਤਿਗੁਰੂ ਦਾ ਪ੍ਰਵਾਣ ਹੁੰਦਾ) ਹੈ। ੫. ਜਿਥੋਂ ਜਗਿਆਸੂ ਦਾ ਪ੍ਰੇਮਾ-ਭਗਤੀ ਵਿਖੇ ਪ੍ਰਵੇਸ਼ (ਹੋ ਕੇ) ਸਹਿਜ-ਸੁਖ (ਦੀ ਪ੍ਰਾਪਤੀ ਹੁੰਦੀ) ਹੈ। ੬. (ਜਿਨ੍ਹਾਂ ਜਗਿਆਸੂਆਂ ਜਾਂ ਸਿੱਖਾਂ ਦਾ ਗੁਰ ਸ਼ਬਦ ਉਪਦੇਸ਼ ਨਾਲ) ਭਗਤ ਵਛਲ (ਪ੍ਰਭੂ) ਨਾਲ ਪਰਵੇਸ਼ (ਮਿਲਾਪ) ਹੈ, (ਉਹ) ਨਿਮਾਣਿਆਂ ਦੇ ਮਾਣ (ਬਣ ਜਾਂਦੇ) ਹਨ, ਜਿਵੇਂ ਕਿ (ਸ੍ਰੀ ਗੁਰੂ ਅੰਗਦ ਦੇਵ ਜਾਂ ਗੁਰੂ ਅਮਰਦਾਸ ਜੀ ਤੇ ਬਾਕੀ ੭ ਸਤਿਗੁਰੂ ਸਾਹਿਬਾਨ)। ੭. ਬ੍ਰਹਮਾ, ਵਿਸ਼ਨੂੰ ਤੇ ਸ਼ਿਵ (ਵਰਗੇ ਵੱਡੇ ਦੇਵਤਿਆਂ ਨੇ ਵੀ) ਅੰਤ ਨਹੀਂ ਪਾਇਆ, ਤੇ ੮. ਸ਼ੇਸ਼ ਨਾਗ

ਹਜ਼ਾਰਾਂ ਫਣਾਂ ਵਾਲਾ (ਰੋਜ਼ਾਨਾ) ਸਿਮਰਦਾ ਹੈ, ਪਰ ਰਤਾ ਭਰ (ਵੀ ਅੰਤ) ਨਹੀਂ ਜਾਣ ਸਕਿਆ, ੯. (ਪਰ ਜਿਹੜੇ) ਗੁਰਮੁਖ (ਸਾਧ ਸੰਗਤ ਦੇ) ਦਰ ਦੇ ਦਰਵੇਸ਼ (ਉਸਦੇ ਆਸਰੇ ਪਰਨੇ) ਹੋ ਗਏ, (ਉਨ੍ਹਾਂ ਨੂੰ ਹੀ ਸੱਚ ਤੇ ਸੱਚ ਦਾ ਪ੍ਰਤੀਕ ਪ੍ਰਭੂ ਜਾਂ ਪ੍ਰਭੂ-ਰੂਪ ਸਤਿਗੁਰੂ ਜੀ) ਸੋਹਣੇ ਲੱਗੇ॥ ੧॥

੨. ਗੁਰੂ-ਚੇਲੇ ਦੀ ਨੇੜਤਾ ਤੇ ਵਡਿਆਈ

੧. ਗੁਰੁ ਚੇਲੇ ਰਹਰਾਸਿ ਅਲਖੁ ਅਭੇਉ ਹੈ।
੨. ਗੁਰੁ ਚੇਲੇ ਸਾਬਾਸਿ ਨਾਨਕ ਦੇਉ ਹੈ।
੩. ਗੁਰਮਤਿ ਸਹਜਿ ਨਿਵਾਸੁ ਸਿਫਤਿ ਸਮੇਉ ਹੈ।
੪. ਸਬਦਿ ਸੁਰਤਿ ਪਰਗਾਸ ਅਛਲ ਅਛੇਉ ਹੈ।
੫. ਗੁਰਮੁਖਿ ਆਸ ਨਿਰਾਸ ਮਤਿ ਅਰਖੇਉ ਹੈ।
੬. ਕਾਮ ਕਰੋਧ ਵਿਣਾਸੁ ਸਿਫਤਿ ਸਮੇਉ ਹੈ।
੭. ਸਤਿ ਸੰਤੋਖ ਉਲਾਸ ਸਕਤਿ ਨ ਸੇਉ ਹੈ।
੮. ਘਰ ਹੀ ਵਿਚਿ ਉਦਾਸੁ ਸਚੁ ਸੁਚੇਉ ਹੈ।
੯. ਵੀਹ ਇਕੀਹ ਅਭਿਆਸੁ ਗੁਰ ਸਿਖ ਦੇਉ ਹੈ॥ ੨॥

ਪਦ ਅਰਥ - ਰਹਰਾਸਿ=ਰਹੁਰੀਤ, ਗੁਰੂ-ਚੇਲੇ ਦੀ ਏਕਤਾ, (ਦੋ ਤੋਂ ਇੱਕ ਰੂਪ ਹੋ ਜਾਣਾ)। ਅਲਖੁ ਅਭੇਉ=ਦਿਸਣ ਤੇ ਭੇਦ ਤੋਂ ਰਹਿਤ। ਸਮੇਉ=ਇੱਕ ਮਿੱਕ ਹੋ ਜਾਣਾ। ਅਰਖੇਉ=ਉੱਚੀ ਤੇ ਅਤਿ ਬਰੀਕ। ਉਲਾਸ=ਖੇੜਾ, ਪ੍ਰਸੰਨਤਾ। ਸੇਉ=ਸ਼ਿਵ।

ਅਰਥ - ੧. ਗੁਰੂ ਤੇ ਚੇਲੇ ਦੀ ਏਕਤਾ (ਦੋ ਤੋਂ ਇੱਕ ਰੂਪ ਬਣ ਜਾਣਾ) ਤੇ ਰਹੁਰੀਤੀ, (ਐਸੀ ਹੈ) ਜੋ ਨਾ (ਆਮ) ਦਿਸਦੀ ਹੈ, ਨਾ ਜਾਣੀ (ਭੇਦ ਰਹਿਤ) ਜਾਂਦੀ ਹੈ। ੨. ਗੁਰੂ ਤੇ ਚੇਲਾ ਧੰਨਤਾ ਯੋਗ ਹਨ, (ਜੋ ਦੋ ਰੂਪਾਂ ਤੋਂ ਇੱਕ-ਰੂਪ) ਨਾਨਕ ਦੇਉ (ਦੋ ਨਾਮਾਂ ਤੋਂ ਇੱਕ ਨਾਮ ਦਾ ਹੀ ਸਰੂਪ ਧਰ ਗਏ) ਹਨ। ੩. (ਚੇਲੇ, ਗੁਰੂ ਅੰਗਦ ਦੇਵ ਜੀ ਦਾ) ਗੁਰੂ ਦੀ ਮੱਤ (ਉਪਦੇਸ਼) ਦੁਆਰਾ ਸਹਿਜ (ਅਵਸਥਾ) ਵਿਖੇ ਨਿਵਾਸ (ਹੋ ਗਿਆ) ਹੈ (ਤੇ) ਸਿਫਤ (ਸਲਾਹ) ਵਿਖੇ ਹੀ ਸਮਾ (ਲਿਵਲੀਨ) ਗਏ ਹਨ, ੪. ਸ਼ਬਦ ਦਾ ਸੁਰਤ (ਵਿਚ) ਪ੍ਰਗਾਸ (ਹੁੰਦੇ ਹੀ ਉਹ) ਅਛਲ (ਨਾ ਛਲੇ ਜਾਣ ਵਾਲੇ) ਅਭੇਉ (ਭੇਦ ਰਹਿਤ, ਭਾਵ ਸਮਝ ਵਿਚ ਨਾ ਆ ਸਕਣ ਵਾਲੀ ਅਵਸਥਾ ਦੇ ਮਾਲਕ ਬਣ ਗਏ) ਹਨ। ੫. ਗੁਰਮੁਖ (ਗੁਰੂ ਤੋਂ ਵਰੋਸਾ ਕੇ ਉਹ) ਆਸ਼ਾ ਤੇ ਨਿਰਾਸ਼ਾ (ਵਿਚ ਇੱਕ ਸਮਾਨ ਰਹਿਣ ਵਾਲੀ) ਉਚੀ (ਤੇ ਨਾ ਸਮਝ ਆ ਸਕਣ ਵਾਲੀ ਤੇ (ਸੂਖਮ ਮੱਤ (ਬੁਧੀ ਦੇ ਮਾਲਕ, ਚੜ੍ਹਦੀ-ਕਲਾ ਦੇ ਪ੍ਰਤੀਕ) ਵਾਲੇ ਹਨ। ੬. (ਉਨ੍ਹਾਂ ਦੇ ਅੰਦਰੋਂ) ਕਾਮ, ਕ੍ਰੋਧ ਦਾ ਨਾਸ (ਹੋ ਚੁਕਾ ਹੈ) ਉਹ ਸੱਚੇ ਪ੍ਰਭੂ ਦੀ (ਸੱਚੀ) ਸਿਫਤ (ਸਲਾਹ ਵਿਚ) ਲਿਵਲੀਨ ਹੋ ਗਏ ਹਨ। ੭. (ਜਿਨ੍ਹਾਂ ਦੇ ਮਨ ਵਿਚ ਹਰ ਸਮੇਂ) ਸਤਿ, ਸੰਤੋਖ ਤੇ ਪ੍ਰਸੰਨਤਾ ਹੈ, (ਅਤੇ) ਸ਼ਿਵ ਸ਼ਕਤੀ (ਦੋਹਾਂ) ਦਾ ਅਭਾਵ ਹੈ। ੮. (ਉਹ)

ਘਰ (ਭਾਵ ਗ੍ਰਿਹਸਥ) ਵਿਚ ਹੀ ਉਦਾਸ (ਤੇ ਤਨ ਮਨ ਦੇ) ਸੱਚੇ ਸੁੱਚੇ ਹਨ। ੯. ਗੁਰਦੇਵ ਤੇ ਸਿੱਖ ਦਾ ਵੀਹ ਵਿਸਵੇ (ਪੂਰਨ ਤੌਰ 'ਤੇ ਵੈਰਾਗਵਾਨ ਹੋ ਕੇ ਅਗਲੀ ਮੰਜ਼ਲ ਇਕੀਹ (ਇੱਕ ਈਸ਼ਵਰ ਦਾ ਹੀ ਆਸਰਾ ਤੇ) ਅਭਿਆਸ ਹੈ, (ਭਾਵ ਇਸੇ ਅਵਸਥਾ ਵਿਚ ਹੀ ਉਹ ਦ੍ਰਿੜ੍ਹ ਰਹਿੰਦੇ ਹਨ, ਪਰ ਫੇਰ ਵੀ ਇਸੇ ਅਵਸਥਾ ਵਿਚ ਰਹਿਣ ਦਾ ਅਭਿਆਸ ਵੀ ਕਰੀ ਜਾਂਦੇ ਹਨ, ਦੂਜੇ ਪਾਸੇ ਉਨ੍ਹਾਂ ਦਾ ਧਿਆਨ ਜਾਂਦਾ ਹੀ ਨਹੀਂ)॥ ੨॥

੩. ਗੁਰੂ-ਚੇਲੇ ਦੀ ਏਕਤਾ ਦਾ ਹੋਰ ਵਿਸਥਾਰ

੧. ਗੁਰ ਚੇਲਾ ਪਰਵਾਣੁ ਗੁਰਮੁਖਿ ਜਾਣੀਐ।
੨. ਗੁਰਮੁਖਿ ਚੋਜਿ ਵਿਡਾਣੁ ਅਕੱਥ ਕਥਾਣੀਐ।
੩. ਕੁਦਰਤਿ ਨੋ ਕੁਰਬਾਣੁ ਕਾਦਰੁ ਜਾਣੀਐ।
੪. ਗੁਰਮੁਖਿ ਜਗਿ ਮਿਹਮਾਣੁ ਜਗੁ ਮਿਹਮਾਣੀਐ।
੫. ਸਤਿਗੁਰ ਸਤਿ ਸੁਹਾਣੁ ਆਖਿ ਵਖਾਣੀਐ।
੬. ਦਰਿ ਢਾਢੀ ਦਰਵਾਣੁ ਚਵੈ ਗੁਰਬਾਣੀਐ।
੭. ਅੰਤਰਿਜਾਮੀ ਜਾਣੁ ਹੇਤੁ ਪਛਾਣੀਐ।
੮. ਸਚੁ ਸਬਦੁ ਨੀਸਾਣੁ ਸੁਰਤਿ ਸਮਾਣੀਐ।
੯. ਇਕੋ ਦਰਿ ਦੀਬਾਣੁ ਸਬਦਿ ਸਿਞਾਣੀਐ॥ ੩॥

ਪਦ ਅਰਥ - ਚੋਜਿ ਵਿਡਾਣੁ=ਅਸਚਰਜ ਕੌਤਕ। ਕੁਦਰਤਿ=ਪ੍ਰਭੂ ਦੀ ਨਾ ਸਮਝ ਆਉਣ ਵਾਲੀ ਲੀਲ੍ਹਾ। ਕਾਦਰੁ=ਸ੍ਰਿਸ਼ਟੀ ਦਾ ਕਰਤਾ। ਮਿਹਮਾਣੀਐ=ਪ੍ਰਾਹੁਣੇ ਵਾਂਗਰ। ਚਵੈ=ਬੋਲਣਾ। ਦੀਬਾਣੁ=ਆਸਰਾ।

ਅਰਥ - ੧ ਗੁਰੂ ਦਾ ਚੇਲਾ ਪ੍ਰਮਾਣੀਕ (ਮੰਨਿਆ ਪ੍ਰਮੰਨਿਆ) ਗੁਰਮੁਖਿ (ਗੁਰੂ ਤੋਂ ਵਰੋਸਾਇਆ ਹੋਇਆ, ਪੱਕਾ ਚੇਲਾ) ਜਾਣਿਆਂ ਜਾਂਦਾ ਹੈ। ੨. (ਫਿਰ ਉਸ) ਗੁਰਮੁਖ ਦੇ ਕੰਮ (ਚੋਜ) ਵੀ (ਗੁਰੂ ਵਾਂਗ) ਅਸਚਰਜ ਹੁੰਦੇ ਹਨ, ਜੋ ਬਿਆਨ ਨਹੀਂ ਕੀਤੇ ਜਾ ਸਕਦੇ (ਭਾਵ ਕਥਨ ਕਰਕੇ ਠੀਕ ਤਰ੍ਹਾਂ ਨਾਲ ਦੱਸੇ ਨਹੀਂ ਜਾ ਸਕਦੇ)। ੩. ਕੁਦਰਤਿ (ਪ੍ਰਭੂ ਦੀ ਰਚਨਾ ਰੂਪ ਲੀਲ੍ਹਾ) ਤੋਂ ਬਲਿਹਾਰ ਜਾਈਏ, (ਜਿਸ ਨੂੰ ਵੇਖ ਕੇ) ਕਾਦਰ (ਦੀ ਮਹੱਤਤਾ ਤੇ ਵਡਿਆਈ ਨੂੰ) ਜਾਣਿਆਂ ਜਾਂਦਾ ਹੈ। ੪. ਗੁਰਮੁਖ ਜਗਤ ਵਿਚ ਪ੍ਰਾਹੁਣੇ (ਵਾਂਗ ਰਹਿੰਦੇ, ਭਾਵ ਪ੍ਰਾਹੁਣੇ ਵਾਂਗ ਸਮਝਦੇ ਹਨ ਕਿ ਏਥੇ ਦੋ ਜਾਂ ਚਾਰ ਦਿਨ ਹੀ ਠਹਿਰਨਾ ਹੈ) ਪਰ ਸੰਸਾਰੀਆਂ ਵੱਲੋਂ ਜੋ ਸਤਿਕਾਰ ਹੁੰਦਾ, ਉਹ ਮਹਿਮਾਨਾਂ ਵਾਲਾ ਹੈ, (ਭਾਵ ਗੁਰਮੁਖ ਮਹਿਮਾਨਾਂ ਵਾਂਗ ਸਤਿਕਾਰੇ ਜਾਂਦੇ ਹਨ)। ੫. ਸਤਿਗੁਰੂ ਜੀ ਨੂੰ ਸੱਚ ਹੀ ਸੋਹਣਾ ਲੱਗਦਾ ਹੈ, (ਗੁਰਮੁਖ ਇਹੋ ਗੱਲ) ਆਖਦੇ ਤੇ ਕਥਨ ਕਰਕੇ ਦਸਦੇ ਹਨ। ੬. ਗੁਰਮੁਖ, (ਸਤਿਗੁਰੂ ਦੇ) ਦਰ ਦਾ ਢਾਢੀ (ਦਰਵਾਣੁ) ਬਣ ਕੇ, ਗੁਰਬਾਣੀ ਹੀ ਬੋਲਦਾ (ਭਾਵ ਗੁਰੂ ਦੇ ਸ਼ਬਦ (ਉਪਦੇਸ਼) ਦਾ ਜ਼ਿਕਰੋ-ਜ਼ਕਾਰ ਕਰਦਾ ਹੈ)। ਭਾਵ ਗੁਰੂ ਦਾ ਚੇਲਾ। ੭. (ਗੁਰਮੁਖ ਅੰਤਰਜਾਮੀ (ਅਕਾਲ ਪੁਰਖ) ਦੇ ਹਿੱਤ (ਭਾਵ ਉਸਦੇ ਪੱਖ) ਨੂੰ ਪਛਾਣਦਾ (ਜਾਣਦਾ) ਹੈ। ੮. (ਗੁਰਮੁਖ ਕੋਲ) ਨੀਸ਼ਾਨੀ (ਹੀ) ਸੱਚੇ ਤੇ ਸੱਚ ਦੇ ਸ਼ਬਦ (ਦੀ ਹੀ)

ਹੁੰਦੀ ਹੈ, (ਜਿਸ ਰਾਹੀਂ ਉਸਦੀ) ਸੁਰਤ (ਪ੍ਰਭੂ ਦੀ ਪ੍ਰੀਤੀ) ਵਿਚ ਹੀ ਲਿਵਲੀਨ ਹੋ (ਭਾਵ ਸਮਾ) ਜਾਂਦੀ ਹੈ। ੯. (ਗੁਰਮੁਖ ਨੂੰ) ਇੱਕ (ਸਾਧ ਸੰਗਤ ਦੇ) ਦਰ ਦਾ ਹੀ ਆਸਰਾ (ਤੇ ਓਟ) ਹੈ, (ਜਿਥੋਂ ਗੁਰਬਾਣੀ ਦੇ) ਸ਼ਬਦ ਦੇ ਸਹਾਰੇ (ਇੱਕ ਬ੍ਰਹਮ ਪਰਮੇਸ਼ਰ ਨੂੰ) ਪਛਾਣਦਾ (ਭਾਵ ਜਾਣ ਲੈਂਦਾ) ਹੈ॥ ੩॥

੪. ਗੁਰੂ-ਚੇਲੇ ਪ੍ਰਥਾਇ ਹੋਰ ਆਖਦੇ ਹਨ

੧. ਸਬਦੁ ਗੁਰੂ ਗੁਰੁ ਵਾਹੁ ਗੁਰਮੁਖਿ ਪਾਇਆ।
੨. ਚੇਲਾ ਸੁਰਤਿ ਸਮਾਹੁ ਅਲਖੁ ਲਖਾਇਆ।
੩. ਗੁਰ ਚੇਲੇ ਵੀਵਾਹੁ ਤੁਰੀ ਚੜਾਇਆ।
੪. ਗਹਿਰ ਗੰਭੀਰ ਅਥਾਹੁ ਅਜਰੁ ਜਰਾਇਆ।
੫. ਸਚਾ ਬੇਪਰਵਾਹੁ ਸਚਿ ਸਮਾਇਆ।
੬. ਪਾਤਿਸਾਹਾ ਪਾਤਿਸਾਹੁ ਹੁਕਮੁ ਚਲਾਇਆ।
੭. ਲਉਬਾਲੀ ਦਰਗਾਹੁ ਭਾਣਾ ਭਾਇਆ।
੮. ਸਚੀ ਸਿਫਤਿ ਸਲਾਹੁ ਅਪਿਉ ਪੀਆਇਆ।
੯. ਸਬਦੁ ਸੁਰਤਿ ਅਸਗਾਹੁ ਅਘੜ ਘੜਾਇਆ॥ ੪॥

ਪਦ ਅਰਥ - ਵੀਵਾਹੁ=ਮੇਲ-ਮਿਲਾਪ। ਤੁਰੀ=ਤੁਰੀਆ ਪਦ, ਸਹਜ ਅਵਸਥਾ। ਲਉਬਾਲੀ=ਬੇਪਰਵਾਹ। ਅਪਿਉ=ਅੰਮ੍ਰਿਤ। ਅਸਗਾਹੁ=ਅਥਾਹ। ਅਘੜ=ਮੂਰਖਾਂ ਵਾਲੀ ਦਸ਼ਾ।

ਅਰਥ - ੧ ਗੁਰੂ-ਸ਼ਬਦ ਦੇਣ ਵਾਲਾ ਗੁਰੂ, ਧੰਨਤਾ ਯੋਗ ਹੈ ਅਤੇ ਉਹ ਗੁਰਮੁਖ ਵੀ ਧੰਨ ਹੈ, (ਜਿਸ ਨੇ ਗੁਰ-ਸ਼ਬਦ) ਪ੍ਰਾਪਤ ਕੀਤਾ ਹੈ। ੨. ਚੇਲੇ (ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ ਤੇ ਬਾਕੀ ਗੁਰੂਆਂ ਦੇ ਪੂਰੇ ਗੁਰੂ, ਗੁਰੂ ਨਾਨਕ ਦੇ ਚੇਲੇ ਅਖਵਾਏ, (ਉਨ੍ਹਾਂ ਨੇ) ਸ਼ਬਦ ਨੂੰ (ਆਪਣੀ) ਸੁਰਤ ਵਿਚ ਮੇਲ ਕੇ (ਭਾਵ ਸ਼ਬਦ-ਸੁਰਤ ਵਿਚ ਇੱਕ ਮਿੱਕ ਹੋ ਆਪ) ਅਲਖ (ਨਾ ਲਖੇ ਜਾਣ ਵਾਲੇ ਪ੍ਰਭੂ) ਨੂੰ ਲਖਿਆ (ਦੇਖਿਆ, ਪਛਾਣਿਆਂ) ਤੇ ਹੋਰਨਾਂ ਨੂੰ ਦਿਖਾਇਆ। ੩. ਜਦ (ਗੁਰੂ ਅੰਗਦ) ਚੇਲੇ ਦਾ ਗੁਰੂ ਨਾਨਕ ਦੇਵ ਜੀ ਨਾਲ ਵੀਵਾਹ (ਭਾਵ ਮੇਲ) ਹੋਇਆ (ਤਾਂ ਗੁਰੂ ਨੇ ਚੇਲੇ ਨੂੰ) ਤੁਰੀ (ਤੁਰੀਆ ਪਦ, ਸਹਜ ਅਵਸਥਾ) ਦੀ ਘੋੜੀ 'ਤੇ ਚੜ੍ਹਾ ਦਿੱਤਾ। ੪. (ਫਲ ਸਰੂਪ ਚੇਲੇ ਨੂੰ ਫਿਰ ਗੁਰੂ ਨੇ) ਗਹਿਰ, ਗੰਭੀਰ ਤੇ ਅਥਾਹ ਬਣਾ ਕੇ, (ਐਸੀ ਅਵਸਥਾ ਵਿਚ ਪੁਚਾ ਦਿੱਤਾ ਕਿ ਜਿਸ ਵਿਚ ਚੇਲੇ ਦੇ ਹਿਰਦੇ ਅੰਦਰ) ਨਾ ਜਰੇ ਜਾਣ ਵਾਲੇ ਹਾਲਾਤ ਨੂੰ ਜਰਨ ਦੀ ਸ਼ਕਤੀ ਪੈਦਾ ਕਰ ਦਿੱਤੀ। ੫. (ਚੇਲਾ, ਗੁਰੂ ਅੰਗਦ ਦੇਵ ਫਿਰ ਐਵੇਂ ਕੁ ਐਵੇਂ ਦੇ ਨਹੀਂ, ਸਗੋਂ) ਸੱਚੇ ਬੇਪਰਵਾਹ (ਹੋ ਕੇ, ਪ੍ਰਭੂ ਦੇ) ਸੱਚ ਵਿਚ ਸਮਾ ਗਏ, (ਭਾਵ ਸੱਚ ਦਾ ਰੂਪ ਹੀ ਬਣ ਗਏ)। ੬. ਪਾਤਸ਼ਾਹਾਂ ਦੇ ਪਾਤਸ਼ਾਹ (ਭਾਵ ਵੱਡੇ ਪ੍ਰਭੂ ਦੇ ਪ੍ਰਬੰਧਕਾਂ, ਬ੍ਰਹਮਾ, ਸ਼ਿਵ ਆਦਿਕਾਂ 'ਤੇ) ਭੀ ਉਨ੍ਹਾਂ ਦਾ ਹੁਕਮ ਚਲਣ ਲੱਗ ਗਿਆ। ੭. (ਪਰ ਏਨੀ ਵੱਡੀ ਤਾਕਤ ਦੇ ਮਾਲਕ ਹੋ ਕੇ ਵੀ

ਉਹ) ਬੇਪਰਵਾਹ ਪਰਮੇਸ਼ਰ ਦੇ ਭਾਣੇ ਨੂੰ ਚੰਗਾ (ਭਾਵ ਮਿੱਠਾ ਕਰਕੇ) ਮੰਨਦੇ ਹਨ। ੮. (ਵਾਹਿਗੁਰੂ ਦੀ) ਸੱਚੀ ਸਿਫਤ ਸਲਾਹ ਦੇ ਅੰਮ੍ਰਿਤ ਨੂੰ (ਆਪ ਪੀਤਾ ਤੇ ਪਰਉਪਕਾਰੀ ਸਤਿਗੁਰੂ ਜੀ ਨੇ ਅੱਗੋਂ) ਹੋਰਨਾਂ ਨੂੰ ਪਿਆਇਆ। ੯. ਸ਼ਬਦ ਦੀ ਅਥਾਹ ਸੁਰਤ (ਸ਼ਬਦ ਦੀ ਲਿਵ ਵਿਚ ਜੋੜ ਕੇ ਅਨੇਕਾਂ) ਅਘੜਾਂ (ਬੇਸਮਝਾਂ ਤੇ ਮੂਰਖਾਂ ਨੂੰ) ਅਕਲ ਵਾਲੇ ਤੇ ਨਾਮ ਜਪਣ ਵਾਲੇ (ਘੜਾਇਆ) ਬਣਾ ਦਿੱਤਾ॥ ੪॥

੫. ਗੁਰਸਿੱਖੀ ਗੁਰਮੁਖਾਂ ਦਾ ਪੰਥ

੧. ਮੁਲਿ ਨ ਮਿਲੈ ਅਮੋਲੁ ਨ ਕੀਮਤਿ ਪਾਈਐ।
੨. ਪਾਇ ਤਰਾਜੂ ਤੋਲੁ ਨ ਅਤੁਲੁ ਤੁਲਾਈਐ।
੩. ਨਿਜ ਘਰਿ ਤਖਤੁ ਅਡੋਲੁ ਨ ਡੋਲਿ ਡੁਲਾਈਐ।
੪. ਗੁਰਮੁਖਿ ਪੰਥ ਨਿਰੋਲੁ ਨ ਰਲੇ ਰਲਾਈਐ।
੫. ਕਥਾ ਅਕਥ ਅਬੋਲੁ ਨ ਬੋਲ ਬੁਲਾਈਐ।
੬. ਸਦਾ ਅਭੁਲੁ ਅਭੋਲੁ ਨ ਭੋਲਿ ਭੁਲਾਈਐ।
੭. ਗੁਰਮੁਖਿ ਪੰਥੁ ਅਲੋਲੁ ਸਹਜਿ ਸਮਾਈਐ।
੮. ਅਮਿਉ ਸਰੋਵਰ ਝੋਲੁ ਗੁਰਮੁਖਿ ਪਾਈਐ।
੯. ਲਖ ਟੋਲੀ ਇਕ ਟੋਲੁ ਨ ਆਪੁ ਗਣਾਈਐ॥ ੫॥

ਪਦ ਅਰਥ - ਤਰਾਜੂ=ਤੱਕੜੀ। ਤੋਲੁ=ਵੱਟਾ। ਨਿਰੋਲੁ=ਸ਼ੁੱਧ। ਅਭੁਲੁ=ਗਲਤੀ ਰਹਿਤ। ਅਲੋਲੁ=ਸਥਿਰ। ਝੋਲੁ=ਨਿਤਾਰ ਕੇ। ਆਪੁ ਗਣਾਈਐ=ਆਪਾ ਨ ਜਣਾਉਣਾ, ਹੰਕਾਰ ਨਾ ਕਰਨਾ।

ਅਰਥ - ੧. (ਗੁਰਸਿੱਖੀ ਦਾ ਪੰਥ) ਅਮੋਲਕ ਹੈ, ਇਹ ਕਿਸੇ ਮੁੱਲ ਤੋਂ ਨਹੀਂ ਮਿਲ ਸਕਦਾ ਨਾ ਇਸਦੀ ਕੀਮਤ ਹੀ ਪੈ ਸਕਦੀ ਹੈ। ੨. (ਇਹ ਵਸਤੂ) ਤੱਕੜੀ ਵਿਚ ਵੱਟੇ ਪਾ ਕੇ ਤੋਲੀ ਵੀ ਨਹੀਂ ਜਾ ਸਕਦੀ (ਭਾਵ ਤੋਲ ਰਹਿਤ ਹੈ)। ੩. (ਇਸ ਪੰਥ ਦੇ ਪੰਥੀ) ਆਪਣੇ ਘਰ (ਹਿਰਦੇ) ਦੇ ਤਖਤ ਉਤੇ (ਥਿਰ) ਅਡੋਲ ਰਹਿੰਦੇ ਹਨ, ਡੋਲਦੇ ਨਹੀਂ। ੪. ਗੁਰਮੁਖਾਂ ਦਾ ਪੰਥ ਨਿਰੋਲ (ਸ਼ੁਧ) ਹੈ ਕਿ ਕਿਸੇ ਨਾਲ ਰਲਾਇਆਂ ਰਲਦਾ ਵੀ ਨਹੀਂ। ੫. (ਇਸ ਦੀ) ਕਥਾ (ਵਿਆਖਿਆ) ਅਕਥ ਹੈ, ਬੋਲਿਆਂ ਬੋਲੀ ਨਹੀਂ ਜਾ ਸਕਦੀ। (ਕਥਨ ਰਹਿਤ ਹੈ)। ੬. ਇਹ ਹਮੇਸ਼ਾਂ ਭੁੱਲ ਤੋਂ ਰਹਿਤ, ਸੁਘੜ (ਦਾਨਿਆਂ ਦੀ) ਗਤੀ ਵਾਲੀ ਹੈ, ਭੁਲਾਇਆਂ ਵੀ ਭੁਲਣ ਵਾਲੀ ਨਹੀਂ ਹੁੰਦੀ। ੭. (ਇਹ) ਗੁਰਮੁਖ ਅਡੋਲ (ਸਥਿਰ) ਰਹਿੰਦਾ ਤੇ ਸਹਜ ਪਦ ਦੀ ਹੋਂਦ ਵਿਚ (ਟਿਕਣ ਵਾਲਾ) ਹੈ। ੮. ਅੰਮ੍ਰਿਤ (ਅਕਥ ਕਥਾ) ਦੇ ਸਰੋਵਰ ਨੂੰ ਝੋਲ (ਝੋਲ ਪੀਂਦੇ, ਸਹਿਜ ਅਵਸਥਾ ਨੂੰ) ਗੁਰਮੁਖ (ਸਹਿਜੇ ਹੀ) ਪ੍ਰਾਪਤ ਕਰ ਲੈਂਦੇ ਹਨ। ੯. ਲੱਖਾਂ (ਅਮੋਲਕ) ਪਦਾਰਥਾਂ ਵਰਗਾ ਪਦਾਰਥ (ਇਨ੍ਹਾਂ ਦੇ ਪਾਸ ਇਹ ਹੈ ਕਿ) ਇਹ ਲੱਖ ਪਦਾਰਥ ਹੁੰਦੇ ਵੀ ਆਪਾ ਨਹੀਂ ਜਣਾਉਂਦੇ, (ਭਾਵ ਹੰਕਾਰ ਤੋਂ ਰਹਿਤ ਰਹਿੰਦੇ ਹਨ)॥ ੫॥

੬. ਗੁਰਸਿੱਖੀ, ਪੂਰੇ ਸਤਿਗੁਰੂ ਦਾ ਬਖਸ਼ਿਆ ਸੌਦਾ

੧. ਸਉਦਾ ਇਕਤੁ ਹਟਿ ਸਬਦਿ ਵਿਸਾਹੀਐ।
੨. ਪੂਰਾ ਪੂਰੇ ਵਟਿ ਕਿ ਆਖਿ ਸਲਾਹੀਐ।
੩. ਕਦੇ ਨ ਹੋਵੈ ਘਟਿ ਸਚੀ ਪਤਿਸਾਹੀਐ।
੪. ਪੂਰੇ ਸਤਿਗੁਰ ਖਟਿ ਅਖੁਟੁ ਸਮਾਹੀਐ।
੫. ਸਾਧ ਸੰਗਤਿ ਪਰਗਟਿ ਸਦਾ ਨਿਬਾਹੀਐ।
੬. ਚਾਵਲ ਇਕਤੇ ਸਟਿ ਨ ਦੂਜੀ ਵਾਹੀਐ।
੭. ਜਮ ਦੀ ਫਾਹੀ ਕਟਿ ਦਾਦਿ ਇਲਾਹੀਐ।
੮. ਪੰਜੇ ਦੂਤ ਸੰਘਟਿ ਸੁ ਢੇਰੀ ਢਾਹੀਐ।
੯. ਪਾਣੀ ਜਿਉ ਹਰਿਹਟਿ ਸੁ ਖੇਤਿ ਉਮਾਹੀਐ॥ ੬॥

ਪਦ ਅਰਥ - ਹਟਿ=ਦੁਕਾਨ। ਅਖੁਟੁ=ਨਾ ਮੁਕਣ ਵਾਲਾ। ਹਰਿਹਟਿ=ਟਿੰਡਾਂ ਵਾਲਾ ਹਰਟ।

ਅਰਥ - ੧. ਸੌਦਾ (ਨਾਮ ਰੂਪੀ ਪਦਾਰਥ) ਇਕੋ ਹੱਟ (ਸਾਧ ਸੰਗਤਿ ਤੋਂ ਹੀ) ਮਿਲ ਸਕਦਾ ਹੈ। ੨. ਪੂਰੇ (ਸਤਿਗੁਰੂ) ਦਾ ਪੂਰਾ (ਬਚਨ, ਭਾਵ ਉਪਦੇਸ਼ ਰੂਪ ਵੱਟਾ) ਵੱਟ (ਪੂਰਾ) ਹੈ, (ਤੇ ਉਸ ਪੂਰੇ ਨੂੰ) ਕੀ ਕਹਿ ਕੇ ਸਲਾਹੀਏ (ਭਾਵ ਪੂਰੇ ਸਤਿਗੁਰੂ ਦੇ ਉਪਦੇਸ਼ ਦੀ) ਸਿਫਤ ਹੋ ਨਹੀਂ ਸਕਦੀ। ੩. (ਇਹ ਪੂਰੇ ਦਾ) ਤੋਲ ਕਦੇ ਘਟ ਨਹੀਂ ਸਕਦਾ, (ਕਿਉਂਕਿ ਪੂਰੇ ਦੀ) ਸੱਚੀ ਪਾਤਸ਼ਾਹੀ ਦਾ ਜੋ ਹੈ। ੪. ਪੂਰੇ ਸਤਿਗੁਰੂ (ਨਾਲ ਮਿਲ ਕੇ, ਜੋ ਇਸ ਸੌਦੇ ਦਾ ਲਾਭ) ਖੱਟਦੇ ਹਨ, (ਉਹ ਨਾ ਖਤਮ ਹੋਣ ਵਾਲੇ) ਸਹਿਜ ਆਨੰਦ ਵਿਖੇ ਸਮਾ (ਭਾਵ ਲਿਵਲੀਨ ਹੋ) ਜਾਂਦੇ ਹਨ। ੫. (ਇਸ ਸੌਦੇ ਦੀ ਹੱਟੀ) ਸਾਧ ਸੰਗਤ ਪਰਗਟਿ (ਮਸ਼ਹੂਰ) ਹੈ, (ਜਿਸ ਦੇ ਨਾਲ) ਸਦਾ ਹੀ ਨਿਬਾਹ ਕਰੀਏ (ਭਾਵ ਨਿਭੀਏ, ਪਿੱਛੇ ਨਾ ਹਟੀਏ)। ੬. ਚੌਲਾਂ ਨੂੰ ਇਕੋ ਹੀ ਸੱਟ ਛੜ ਦੇਂਦੀ ਹੈ। (ਇਸੇ ਤਰਾਂ ਸਾਧ ਸੰਗਤ ਦਾ ਇੱਕ ਵੇਰਾਂ ਹੀ ਐਸਾ ਲੜ ਫੜੋ, ਐਸੀ ਪ੍ਰੀਤੀ ਪਾਓ ਕਿ ਮੁੜ ਦੂਜੀ ਵੇਰ ਵਿਛੜਨ ਭਾਵ) ਸੱਟ ਮਾਰਨ ਦੀ ਲੋੜ ਹੀ ਨਾ ਪਵੇ, (ਇਸ ਤਰ੍ਹਾਂ ਸਾਧ ਸੰਗਤ ਵਿਚ ਰਚ ਜਾਏ)। ੭. ਜਮ ਦੀ ਫਾਹੀ ਨੂੰ (ਜੋ ਹਰ ਸਮੇਂ ਸਿਰ 'ਤੇ ਲਟਕ ਰਹੀ ਹੈ) ਰੱਬੀ ਬਖਸ਼ਿਸ਼ ਪ੍ਰਾਪਤ ਕਰਕੇ (ਸਦਾ ਲਈ ਕੱਟ ਦਿਓ)। ੮. ਕਾਮ ਕ੍ਰੋਧ ਆਦਿ ਪੰਜਾਂ ਦੂਤਾਂ ਨੂੰ ਘੇਰ ਕੇ (ਐਸਾ ਮਾਰੋ ਕਿ) ਉਹਨਾਂ ਦਾ ਨਾਮੋ ਨਿਸ਼ਾਨ ਹੀ ਮਿਟਾ ਦਿਓ। ੯. ਜਿਵੇਂ ਟਿੰਡਾਂ ਵਾਲੇ ਖੂਹ ਦਾ ਪਾਣੀ ਖੇਤ ਨੂੰ ਹਰਾ ਭਰਾ ਕਰਦਾ ਹੈ, ਇਸੇ ਤਰ੍ਹਾਂ ਸਾਧ ਸੰਗਤ ਦੇ ਜ਼ੋਰ ਨਾਲ ਸੁਰਤ ਦੇ ਖੇਤ ਨੂੰ ਹਰਾ ਭਰਾ ਰੱਖੋ॥ ੬॥

੭. ਪੂਰੇ ਸਤਿਗੁਰੂ ਦੀ ਮਹਿਮਾ

੧. ਪੂਰਾ ਸਤਿਗੁਰੁ ਆਪਿ ਨ ਅਲਖੁ ਲਖਾਵਈ।
੨. ਦੇਖੈ ਥਾਪਿ ਉਥਾਪਿ ਜਿਉ ਤਿਸੁ ਭਾਵਈ।
੩. ਲੇਪੁ ਨ ਪੁੰਨਿ ਨ ਪਾਪਿ ਉਪਾਇ ਸਮਾਵਈ।
੪. ਲਾਗੂ ਵਰੁ ਨ ਸਰਾਪ ਨ ਆਪ ਜਣਾਵਈ।
੫. ਗਾਵੈ ਸਬਦੁ ਅਲਾਪਿ ਅਕਥੁ ਸੁਣਾਵਈ।
੬. ਅਕਥ ਕਥਾ ਜਪੁ ਜਾਪਿ ਨ ਜਗਤੁ ਕਮਾਵਈ।
੭. ਪੂਰੈ ਗੁਰ ਪਰਤਾਪਿ ਆਪੁ ਗਵਾਵਈ।
੮. ਲਾਹੇ ਤਿੰਨੇ ਤਾਪਿ ਸੰਤਾਪ ਘਟਾਵਈ।
੯. ਗੁਰਬਾਣੀ ਮਨ ਧ੍ਰਾਪਿ ਨਿਜ ਘਰਿ ਆਵਈ॥ ੭॥

ਪਦ ਅਰਥ - ਥਾਪਿ ਉਥਾਪਿ=ਸਾਜਣ ਤੇ ਨਾਸ ਕਰਨ ਵਾਲਾ। ਲਾਗੂ=ਲਗਣਾ। ਧ੍ਰਾਪਿ=ਰੱਜਣਾ।

ਅਰਥ - ੧. ਪੂਰਾ ਸਤਿਗੁਰੂ ਆਪ (ਪਰਮੇਸ਼ਰ ਦਾ ਰੂਪ) ਅਲਖ (ਨਾ ਜਾਣੇ ਜਾ ਸਕਣ ਵਾਲਾ) ਹੈ, (ਨਾ ਹੀ ਉਹ ਕਿਸੇ ਨੂੰ) ਆਪਾ ਜਣਾਉਂਦਾ ਹੈ, (ਭਾਵ ਆਪਣੀ ਮਹੱਤਤਾ ਨੂੰ ਐਵੇਂ ਫੋਕੇ ਗੁਰੂਆਂ ਵਾਂਗ, ਆਪਣੇ ਮੂੰਹੋਂ ਨਹੀਂ ਕਹਿੰਦਾ, ਸਗੋਂ ਇਹ ਮਹੱਤਤਾ ਤੇ ਵਡਿਆਈ, ਪੂਰੇ ਗੁਰੂ ਦੇ ਨਿੱਤ ਕਰਮ-ਅਭਿਆਸ ਤੋਂ ਆਪਣੇ ਆਪ ਹੀ ਪ੍ਰਗਟ ਹੋ ਜਾਂਦੀ ਹੈ। ੨. ਦੇਖਦਾ, (ਹੈ ਪ੍ਰਭੂ ਤੇ ਜਗਤ ਨੂੰ ਉਹ ਆਪ ਹੀ) ਸਾਜਦਾ (ਤੇ ਫਿਰ) ਖਤਮ ਕਰਦਾ ਹੈ, (ਪਰ ਇਸ ਕੰਮ ਵਿਚ ਉਹ ਕਿਸੇ ਦੀ ਸਲਾਹ ਨਹੀਂ ਲੈਂਦਾ) ਜਿਵੇਂ ਉਸ ਨੂੰ ਭਾਉਂਦਾ ਹੈ (ਤਿਵੇਂ ਹੀ ਕਰਦਾ) ਹੈ। ੩. (ਪਰਮੇਸ਼ਰ ਨੂੰ ਜਗਤ ਦੇ) ਸਾਜਣ ਤੇ ਢਾਹ ਦੇਣ ਦਾ ਕੋਈ ਪਾਪ ਨਹੀਂ ਲੱਗਦਾ, ੪. ਨਾ ਉਸਨੂੰ ਕੋਈ ਵਰ ਤੇ ਸਰਾਪ ਹੀ ਲੱਗਦਾ ਹੈ, (ਕਿਉਂਕਿ ਇਸ ਕੰਮ ਵਿਚ ਉਹ) ਆਪਣਾ ਆਪ ਪ੍ਰਗਟ ਨਹੀਂ ਕਰਦਾ। ੫. ਗਾਉਂਦਾ ਹੈ (ਪੂਰਾ ਸਤਿਗੁਰੂ) ਸ਼ਬਦ, ਤੇ ਅਲਾਪ ਕਰਕੇ ਅਕਥ (ਪ੍ਰਭੂ ਦੇ ਗੁਣਾਂ ਨੂੰ) ਸੁਣਾਉਂਦਾ ਹੈ। ੬. ਅਕਥ ਕਥਾ (ਪਰਮੇਸ਼ਰ ਦੀ ਕਰਦਾ ਤੇ) ਜਪੁ ਜਾਪੁ (ਕਰਦਿਆਂ) ਜਗਤ ਦੀ (ਕਾਰ, ਚੁਗਲੀ ਨਿੰਦਾ ਜਾਂ ਹੰਕਾਰ ਆਦਿ ਵਾਲੀ) ਕਾਰ ਨੂੰ ਨਹੀਂ ਕਮਾਉਂਦਾ। ੭. (ਅਜਿਹੇ) ਪੂਰੇ ਸਤਿਗੁਰੂ ਦਾ ਐਸਾ ਪਰਤਾਪ ਹੈ (ਕਿ ਉਹ ਆਪਣੇ ਜਗਿਆਸੂਆਂ, ਗੁਰਸਿੱਖਾਂ ਦੀ ਹੰਗਤਾ ਤੇ) ਹਉਮੈ ਨੂੰ ਵੀ ਖਤਮ ਕਰ ਦੇਂਦਾ ਹੈ। ੮. (ਪੂਰੇ ਗੁਰੂ ਦਾ ਇਹ ਪਰਤਾਪ ਹੈ ਕਿ ਉਹ ਆਪਣੀ ਸੰਗਤ ਵਿਚ ਆਉਣ ਵਾਲਿਆਂ ਦੇ) ਤਿੰਨੇ ਤਾਪ (ਦੁੱਖ, ਰੋਗ, ਸੰਤਾਪ) ਉਤਾਰ ਦਿੰਦਾ ਹੈ ਅਜੇਹੇ ਦੁੱਖਾਂ ਨੂੰ ਉਕਾ ਹੀ) ਘਟਾ ਦਿੰਦਾ ਹੈ, (ਭਾਵ ਕਈਆਂ ਦੇ ਇਕ ਦਮੇ ਤੇ ਕਈਆਂ ਦੇ ਆਹਿਸਤਾ ਆਹਿਸਤਾ, ਭਾਵ ਉਸਦੇ ਅਭਿਆਸ ਅਨੁਸਾਰ ਮੇਟਦਾ ਹੈ)। ੯. ਗੁਰਬਾਣੀ (ਗੁਰੂ ਦੇ ਉਪਦੇਸ਼ਾਂ ਨੂੰ ਕਮਾ ਕਮਾ ਕੇ) ਮਨ ਰੱਜ ਜਾਂਦਾ, ਤੇ ਉਹ ਆਪਣੇ ਘਰ ਵਿਚ ਟਿਕ ਜਾਂਦਾ ਹੈ॥ ੭॥

੮. ਗੁਰਸਿੱਖਾਂ ਲਈ ਘਾਲ ਕਮਾਈ ਦਾ ਵਰਣਨ

੧. ਪੂਰਾ ਸਤਿਗੁਰ ਸਤਿ ਗੁਰਮੁਖਿ ਭਾਲੀਐ।
੨. ਪੂਰੀ ਸਤਿਗੁਰ ਮਤਿ ਸਬਦਿ ਸਮ੍ਹਾਲੀਐ।
੩. ਦਰਗਹ ਧੋਈਐ ਪਤਿ ਹਉਮੈ ਜਾਲੀਐ।
੪. ਘਰ ਹੀ ਜੋਗ ਜੁਗਤਿ ਬੈਸਣਿ ਧਰਮਸਾਲੀਐ।
੫. ਪਾਵਣ ਮੋਖ ਮੁਕਤਿ ਗੁਰ ਸਿਖਿ ਪਾਲੀਐ।
੬. ਅੰਤਰਿ ਪ੍ਰੇਮ ਭਗਤਿ ਨਦਰਿ ਨਿਹਾਲੀਐ।
੭. ਪਾਤਿਸਾਹੀ ਇਕ ਛਤਿ ਖਰੀ ਸੁਖਾਲੀਐ।
੮. ਪਾਣੀ ਪੀਹਣੁ ਘਤਿ ਸੇਵਾ ਘਾਲੀਐ।
੯. ਮਸਕੀਨੀ ਵਿਚਿ ਵਤਿ ਚਾਲ ਨਿਰਾਲੀਐ॥ ੮॥

ਪਦ ਅਰਥ - ਇਕ ਛਤਿ=ਉਹ ਬਾਦਸ਼ਾਹੀ ਜਿਸਦਾ ਇਕੋ ਛਤਰ ਹੈ ਭਾਵ ਕੋਈ ਦੂਜਾ ਨਹੀਂ। ਮਸਕੀਨੀ=ਗਰੀਬੀ (ਹਿਰਦੇ ਦੀ)।

ਅਰਥ - ੧. ਪੂਰਾ ਸਤਿਗੁਰੂ (ਹੀ ਸੱਚਾ) ਸਤਿ (ਸਰੂਪ) ਹੈ, (ਜਿਸ ਨੂੰ) ਗੁਰਮੁਖ (ਭਾਵ ਗੁਰੂ ਦੇ ਆਸਰੇ 'ਤੇ ਗੁਰੂ ਸਿੱਖਿਆ ਦੇ ਸਹਾਰੇ) ਬਣ ਕੇ ਢੂੰਡੀਏ। ੨. (ਪੂਰੇ) ਸਤਿਗੁਰੂ ਦੀ ਪੂਰੀ ਮੱਤ (ਸਿੱਖਿਆ ਇਹੀ ਹੈ ਕਿ ਬਸ ਸੱਚੇ) ਸ਼ਬਦ ਦੀ ਸੰਭਾਲ ਕਰੀਏ। ੩. ਦਰਗਾਹ (ਵਿਚ ਢੋਈ ਪਾਉਣ ਲਈ ਆਪਣੀ) ਪਤ ਨੂੰ ਧੋਈਏ, (ਭਾਵ ਸਵਾਰੀਏ ਤੇ) ਹਉਮੈ (ਆਪਾ-ਭਾਵ, ਹੰਗਤਾ ਹੰਕਾਰ ਨੂੰ) ਸਾੜ ਘੱਤੀਏ। ੪. (ਬਸ) ਘਰ ਵਿਚ ਜੋਗ (ਸੁਰਤ ਵਿਚ ਲਿਵਲੀਨ ਹੋਣ ਦੀ) ਜੁਗਤ ਸਤਿ ਸੰਗਤ (ਧਰਮਸਾਲ) ਵਿਚ ਬਹਿ ਕੇ ਸਿੱਖ ਲਈਏ। ੫. ਜੋ ਗੁਰੂ ਦੀ ਸਿੱਖਿਆ ਨੂੰ ਇਸ ਬਿਧਿ ਪਾਲਦੇ (ਭਾਵ ਕਮਾਉਂਦੇ ਹਨ) ਉਹ ਮੋਖ ਤੇ ਮੁਕਤੀ ਪ੍ਰਾਪਤ ਕਰ ਲੈਂਦੇ ਹਨ। ੬. (ਜਿਨ੍ਹਾਂ ਦੇ) ਅੰਦਰ ਪ੍ਰੇਮਾ-ਭਗਤੀ (ਹੋਵੇਗੀ), ਉਹ ਨਦਰੀ ਨਦਰ ਨਿਹਾਲ ਹੋਣਗੇ। (ਭਾਵ ਪ੍ਰਭੂ ਦੀ ਬਖਸ਼ਿਸ਼ ਪਾਉਣਗੇ)। ੭. ਇੱਕ ਛਤਰ ਵਾਲੀ ਪਾਤਸ਼ਾਹੀ (ਭਾਵ ਪ੍ਰਭੂ ਨਾਲ ਅਭੇਦਤਾ) ਉਨ੍ਹਾਂ ਨੂੰ ਸੁਖੈਨ ਹੀ ਪ੍ਰਾਪਤ ਹੋ ਜਾਂਦੀ ਹੈ। ੮.(ਅਜੇਹੀ ਮਸਤ ਦਸ਼ਾ ਵਿਚ ਪੁਜ ਕੇ (ਉਹ ਪਾਣੀ ਢੋਂਦੇ, ਚੱਕੀ ਪੀਂਹਦੇ ਤੇ ਵਧ ਵਧ ਕੇ ਸੇਵਾ ਦੀ ਘਾਲਣਾ ਘਾਲਦੇ ਹਨ। ੯. (ਐਸੀ ਦਸ਼ਾ ਵਿਚ ਪੁਜ ਕੇ ਹੀ ਉਹ) ਐਸੀ ਨਿਰਾਲੀ ਚਾਲ ਤੇ ਗਰੀਬੀ (ਨਿਰਮਾਣਤਾ) ਵਾਲੇ ਰੰਗ ਢੰਗ ਵਿਚ ਜੀਵਨ ਬਿਤਾਉਂਦੇ ਹਨ॥ ੮॥

੯. ਗੁਰਮੁਖਾਂ ਦੀ ਨਿਸ਼ਾਨੀ ਤੇ ਕਰਮ

੧. ਗੁਰਮੁਖਿ ਸਚਾ ਖੇਲੁ ਗੁਰ ਉਪਦੇਸਿਆ।

੨. ਸਾਧ ਸੰਗਤਿ ਦਾ ਮੇਲੁ ਸਬਦਿ ਅਵੇਸਿਆ।
੩. ਫੁਲੀਂ ਤਿਲੀਂ ਫੁਲੇਲ ਸੰਗਿ ਸਲੇਸਿਆ।
੪. ਗੁਰ ਸਿਖ ਨਕ ਨਕੇਲ ਮਿਟੈ ਅੰਦੇਸਿਆ।
੫. ਨ੍ਹਾਵਣੁ ਅੰਮ੍ਰਿਤ ਵੇਲ ਵਸਣ ਸੁਦੇਸਿਆ।
੬. ਗੁਰ ਜਪੁ ਰਿਦੈ ਸੁਹੇਲੁ ਗੁਰ ਪਰਵੇਸਿਆ।
੭. ਭਾਉ ਭਗਤਿ ਭਉ ਭੇਲੁ ਸਾਧ ਸਰੇਸਿਆ।
੮. ਨਿਤ ਨਿਤ ਨਵਲ ਨਵੇਲ ਗੁਰਮੁਖਿ ਭੇਸਿਆ।
੯. ਖੈਰ ਦਲਾਲ ਦਲੇਲ ਸੇਵ ਸਹੇਸਿਆ॥ ੯॥

ਪਦ ਅਰਥ - ਅਵੇਸਿਆ=ਧੁਰਾ ਬਣਾਉਣਾ। ਸਲੇਸਿਆ=ਉੱਤਮ ਤੇ ਮਹਿਕ ਭਿੰਨਾ। ਸੁਦੇਸਿਆ=ਭਲਾ ਦੇਸ਼। ਖੈਰ=ਭਿੱਛਿਆ। ਸਹੇਸਿਆ=ਪ੍ਰਭੂ ਨਾਲ ਮਿਲੇ ਹੋਏ।

ਅਰਥ - ੧. ਜਿਨ੍ਹਾਂ ਗੁਰਮੁਖਾਂ ਨੂੰ ਗੁਰੂ-ਉਪਦੇਸ਼ ਪ੍ਰਾਪਤ ਹੋਇਆ ਹੈ, (ਉਨ੍ਹਾਂ ਦਾ ਹਰ ਕਰਮ, ਨਿਤ-ਜੀਵਨ) ਸੱਚਾ ਖੇਲ ਹੈ। ੨. (ਉਹ) ਸਾਧ ਸੰਗਤ ਦੇ ਮੇਲ ਵਿਚ ਮਿਲ ਕੇ (ਹਰ ਸਮੇਂ) ਸ਼ਬਦ ਦੀ ਵਿਚਾਰ (ਵਰਤੋਂ) ਕਰਦੇ ਹਨ। ੩. (ਜਿਵੇਂ) ਫੁੱਲਾਂ ਨਾਲ ਮਿਲ ਕੇ, ਤਿਲ (ਵੀ ਫੁੱਲਾਂ ਵਰਗੀ) ਮਹਿਕ ਵਾਲੇ ਬਣ ਜਾਂਦੇ ਹਨ, ਤਿਵੇਂ ਹੀ ਸਾਧ ਸੰਗਤ ਦੇ ਸੰਗ ਵਿਚ ਗੁਰਮੁਖ ਵੀ ਮਹਿਕ ਵਾਲੇ (ਭਾਵ ਪ੍ਰਭੂ ਦੇ ਰੰਗ ਵਿਚ ਰੰਗੇ ਜਾਂਦੇ) ਹਨ। ੪. ਗੁਰਸਿੱਖਾਂ ਦੇ ਨੱਕ ਵਿਚ (ਗੁਰਮੁਖਤਾਈ ਦੀ) ਨਕੇਲ (ਹੈ, ਜਿਸ ਨਾਲ ਉਨ੍ਹਾਂ ਦੇ) ਅੰਦੇਸ਼ੇ (ਭਰਮ ਤੇ ਮੋਹ ਦੇ ਜਾਲ) ਮਿਟ ਜਾਂਦੇ ਹਨ। ੫. (ਉਹ) ਅੰਮ੍ਰਿਤ ਵੇਲੇ ਇਸ਼ਨਾਨ ਕਰਦੇ (ਤੇ ਗੁਰੂ ਦੇ ਸ਼ਬਦ ਵਿਚ ਲਿਵਲੀਨ ਹੋ ਕੇ ਉਸ) ਅਗੰਮੀ ਦੇਸ ਦੇ ਵਾਸੀ ਬਣਦੇ ਹਨ, ਜੋ ਅਤਿ (ਨਿਰਮਲ ਤੇ) ਸ੍ਰੇਸ਼ਟ ਹੈ। ੬. ਗੁਰੂ ਦੇ ਜਪ ਦਾ ਜਾਪ ਹਿਰਦੇ ਵਿਚ ਜਪ ਕੇ ਸੁਹੇਲੇ (ਸੁਖੀ) ਹੁੰਦੇ, ਤੇ ਗੁਰੂ ਵਿਚ ਪਰਵੇਸ਼ (ਅਭੇਦ) ਹੋ ਜਾਂਦੇ ਹਨ। ੭. ਉਨ੍ਹਾਂ ਦਾ ਚੂੰਕਿ ਭੈ ਤੇ ਭਾਉ-ਭਗਤੀ ਨਾਲ ਮੇਲ (ਹੋਇਆ ਰਹਿੰਦਾ ਹੈ, ਇਸ ਕਰਕੇ ਉਹੀ) ਸੱਚੇ ਸਾਧੂ (ਦੀ ਪਦਵੀ ਦੇ) ਮਾਲਕ ਹਨ। ੮. ਗੁਰਮੁਖਾਂ ਨੂੰ ਨਿੱਤ ਨਿੱਤ (ਦਿਨ ਬਦਿਨ) ਨਵੇਂ ਤੋਂ ਨਵਾਂ (ਜੀਵਨ-ਰੰਗ ਚੜ੍ਹਦਾ) ਹੈ, ਉਹ ਪ੍ਰੇਮਾ-ਭਗਤੀ ਦੇ ਰਸ ਵਿ ਲਿਵਲੀਨ ਹੁੰਦੇ ਜਾਂਦੇ ਹਨ ਤੇ ਉਹ) ੯. ਖੈਰ (ਸੁਖ ਦੇ) ਦਾਤੇ ਹਨ। (ਗੁਰਮੁਖ, ਗੁਰਸਿੱਖ) ਸੇਂਵਦੇ (ਭਾਵ ਪ੍ਰਭੂ ਨੂੰ ਜਪਦੇ ਹਨ ਇਸ ਲਈ ਉਹ) ਪ੍ਰਭੂ ਨਾਲ ਆਪ ਮਿਲੇ ਹੋਏ ਤੇ ਹੋਰਨਾਂ ਨੂੰ ਮੇਲ ਦੇਣ ਦੇ (ਦਲੇਲ) ਵੱਡੇ ਖੁਲ੍ਹ-ਦਿਲੇ ਦਾਤੇ (ਦਲਾਲ) ਹਨ॥ ੯॥

੧੦. ਗੁਰ ਮੂਰਤਿ ਤੇ ਗੁਰਸ਼ਬਦ

੧. ਗੁਰ ਮੂਰਤਿ ਕਰਿ ਧਿਆਨ ਸਦਾ ਹਜੂਰ ਹੈ।
੨. ਗੁਰਮੁਖਿ ਸਬਦੁ ਗਿਆਨੁ ਨੇੜਿ ਨ ਦੂਰ ਹੈ।

੩. ਪੂਰਬ ਲਿਖਤੁ ਨੀਸਾਣੁ ਕਰਮ ਅੰਕੂਰ ਹੈ।
੪. ਗੁਰ ਸੇਵਾ ਪਰਧਾਨੁ ਸੇਵਕ ਸੂਰ ਹੈ।
੫. ਪੂਰਨ ਪਰਮ ਨਿਧਾਨ ਸਦ ਭਰਪੂਰ ਹੈ।
੬. ਸਾਧਸੰਗਤਿ ਅਸਥਾਨੁ ਜਗਮਗ ਨੂਰ ਹੈ।
੭. ਲਖ ਲਖ ਸਸੀਅਰ ਭਾਨੁ ਕਿਰਣਿ ਠਰੂਰ ਹੈ।
੮. ਲਖ ਲਖ ਬੇਦ ਪੁਰਾਣਿ ਕੀਰਤਨ ਚੂਰ ਹੈ।
੯. ਭਗਤਿ ਵਛਲ ਪਰਵਾਣੁ ਚਰਣਾ ਧੂਰ ਹੈ॥ ੧੦॥

ਪਦ ਅਰਥ - ਨੀਸਾਣੁ=ਨਿਸ਼ਾਨੀ। ਅੰਕੂਰ=ਅੰਗੂਰ, ਕਰੂੰਮਲਾਂ ਫੁਟਣੀਆਂ। ਸੂਰ=ਸੂਰਮਾ। ਨੂਰ=ਪ੍ਰਕਾਸ਼। ਠਰੂਰ=ਠੰਢਾ ਠਾਰ। ਚੂਰ=ਮਾਤ ਕਰਨਾ।

ਅਰਥ - ੧. ਗੁਰੂ ਦੀ ਮੂਰਤ ਦਾ ਧਿਆਨ ਕਰੋ, (ਉਹ ਗੁਰੂ) ਸਦਾ ਹੀ ਹਾਜ਼ਰਾ ਹਜ਼ੂਰ ਹੈ। ੨. ਗੁਰਮੁਖਾਂ (ਗੁਰੂ ਤੋਂ ਵਰੋਸਾਇਆਂ) ਨੂੰ ਸ਼ਬਦ ਦਾ ਗਿਆਨ (ਚਾਨਣਾ, ਐਸਾ ਹੋਇਆ ਕਿ ਉਨ੍ਹਾਂ ਨੂੰ ਪਰਮੇਸ਼ਰ (ਹਰ ਥਾਂ) ਦਿਸਦਾ ਹੈ, ਦੂਰ ਨਹੀਂ ਜਾਪਦਾ। ੩. (ਪਰ ਜਦ) ਪਿਛਲੇ ਕੀਤੇ ਕਰਮਾਂ ਦਾ ਨਿਸ਼ਾਨ ਅੰਗੂਰ (ਜਿਵੇਂ ਪੌਦੇ ਦੀਆਂ ਕਰੂੰਮਲਾਂ) ਫੁਟਦੀਆਂ ਹਨ, ਇਵੇਂ ਪੂਰਬਲੇ ਕਰਮਾਂ ਦਾ ਨਿਸ਼ਾਨ ਪ੍ਰਗਟ ਹੋ ਜਾਂਦਾ ਹੈ। ੪. (ਫੇਰ ਕੀ ਹੁੰਦਾ ?) ਸੇਵਕ ਸੂਰਮਾ (ਬਣ ਕੇ) ਗੁਰੂ ਦੀ ਸੇਵਾ (ਵਧ ਚੜ੍ਹ ਕੇ ਕਰਨ ਵਿਚ) ਪਰਧਾਨ (ਭਾਵ ਮੁਖੀ ਹੋ ਜਾਂਦਾ) ਹੈ। ੫. (ਬਖਸ਼ਿਸ਼ਾਂ ਤੇ ਰਹਿਮਤਾਂ ਕਰਨ ਵਾਲਾ ਪ੍ਰਭੂ) ਸਦਾ ਹੀ ਪੂਰਨ ਤੇ ਵੱਡਾ ਭੰਡਾਰ ਹੈ, (ਜੋ ਕਦੇ ਵੀ ਖਾਲੀ ਨਹੀਂ ਹੁੰਦਾ)। ੬. ਸਾਧ ਸੰਗਤ ਜਿਸ ਥਾਂ ਹੁੰਦੀ ਹੈ ਉਥੇ ਹੀ (ਜ਼ਾਹਰਾ ਜ਼ਹੂਰ ਪ੍ਰਭੂ) ਦਾ ਨੂਰ ਜਗਮਗ ਕਰ ਰਿਹਾ ਹੁੰਦਾ ਹੈ। ੭. (ਇਸ ਨੂਰੀ ਸਾਧ ਸੰਗਤ ਦੇ ਪ੍ਰਕਾਸ਼ ਸਾਹਮਣੇ) ਲੱਖਾਂ ਸੂਰਜ ਤੇ ਚੰਦਰਮਾਂ (ਦੇ ਪ੍ਰਕਾਸ਼ ਦੀਆਂ) ਕਿਰਨਾਂ ਮਾਤ ਹਨ, (ਭਾਵ ਪ੍ਰਭੂ ਦੀ ਸੱਚੀ-ਸਿਫਤ ਸਲਾਹ ਦੇ ਮੁਕਾਬਲੇ ਕੁਝ ਵੀ ਨਹੀਂ ਹਨ)। ੮. ਲੱਖਾਂ ਬੇਦ ਤੇ ਲੱਖਾਂ ਹੀ ਪੁਰਾਣ (ਸਤਿਸੰਗ ਵਿਚ ਪ੍ਰਭੂ ਦੀ ਸਿਫਤ ਦੇ) ਕੀਰਤਨ ਸਾਹਮਣੇ ਚੂਰ (ਭਾਵ ਹੇਚ) ਹਨ। ੯. (ਸੋ ਐਸੇ ਪ੍ਰਭੂ ਦੇ ਪਿਆਰਿਆਂ ਦੀ) ਚਰਣ ਧੂੜੀ ਭਗਤ-ਵਛਲ (ਭਗਤਾਂ ਦੀ ਪੈਜ ਰੱਖਣ ਵਾਲੇ ਪ੍ਰਭੂ ਦੀ ਨਿਗਾਹ ਵਿਚ) ਪਰਵਾਣ ਹੈ॥ ੧੦॥

੧੧. *ਸਿੱਖ ਤੇ ਗੁਰੂ ਦੀ ਅਭੇਦਤਾ*

੧. ਗੁਰਸਿਖੁ ਸਿਖੁ ਗੁਰ ਸੋਇ ਅਲਖੁ ਲਖਾਇਆ।
੨. ਗੁਰ ਦੀਖਿਆ ਲੈ ਸਿਖਿ ਸਿਖੁ ਸਦਾਇਆ।
੩. ਗੁਰ ਸਿਖ ਇੱਕੋ ਹੋਇ ਜੋ ਗੁਰ ਭਾਇਆ।
੪. ਹੀਰਾ ਕਣੀ ਪਰੋਇ ਹੀਰੁ ਬਿਧਾਇਆ।

੫. ਜਲ ਤਰੰਗੁ ਅਵਲੋਇ ਸਲਿਲ ਸਮਾਇਆ।
੬. ਜੋਤੀ ਜੋਤਿ ਸਮੋਇ ਦੀਪੁ ਦੀਪਾਇਆ।
੭. ਅਚਰਜ ਅਚਰਜੁ ਢੋਇ ਚਲਿਤੁ ਬਣਾਇਆ।
੮. ਦੁਧਹੁ ਦਹੀ ਵਿਲੋਇ ਘਿਉ ਕਢਾਇਆ।
੯. ਇਕੁ ਚਾਨਣੁ ਤ੍ਰਿਹੁ ਲੋਇ ਪ੍ਰਗਟੀ ਆਇਆ॥ ੧੧॥

ਪਦ ਅਰਥ - ਅਵਲੋਇ=ਦੇਖਣਾ ਕਰੋ, ਭਾਵ ਦੇਖੋ। ਸਲਿਲ=ਜਲ ਦੀਆਂ ਲਹਿਰਾਂ। ਢੋਇ=ਮਿਲਣਾ। ਵਿਲੋਇ=ਰਿੜਕ ਕੇ।

ਅਰਥ - ੧. ਗੁਰਸਿੱਖ ਨੇ ਪਹਿਲੇ ਸਿੱਖੀ ਪ੍ਰਾਪਤ ਕੀਤੀ ਫੇਰ ਓਹੀ ਗੁਰੂ ਹੋਇਆ ਤੇ (ਉਸ ਨੇ) ਅਲਖ (ਨਾ ਜਾਣੇ ਜਾਣ ਵਾਲੇ, ਪ੍ਰਭੂ ਨੂੰ ਜਾਣਿਆਂ ਤੇ ਜਣਾਇਆ)। ੨. (ਜਿਵੇਂ ਸਿੱਖ ਹੋ, ਗੁਰੂ ਅੰਗਦ ਨੇ ਗੁਰੂ ਨਾਨਕ ਤੋਂ ਸਿੱਖੀ ਪ੍ਰਾਪਤ ਕੀਤੀ, ਭਾਵ) ਗੁਰੂ ਦੀ ਸਿੱਖਿਆ ਲੈ ਸਿੱਖ ਬਣੇ ਤੇ ਸਿੱਖ ਸਦਾਏ, ੩. (ਪਰ ਜਦੋਂ ਸੇਵਾ ਕਰ ਕਰ ਕੇ) ਗੁਰੂ ਕੀ ਨਜ਼ਰੇ ਭਾ ਗਏ, (ਭਾਵ ਚੰਗੇ ਲੱਗ ਗਏ) ਤਾਂ ਗੁਰੂ ਤੇ ਸਿੱਖ ਇਕੋ ਹੋ ਗਏ, (ਲਹਿਣੇ ਤੋਂ, ਗੁਰੂ ਨਾਨਕ ਦਾ ਦੂਜਾ ਰੂਪ, ਗੁਰੂ ਅੰਗਦ ਬਣ ਗਏ)। ੪. ਹੀਰੇ ਦੀ ਕਣੀ ਨੇ ਹੀਰੇ ਨੂੰ ਵਿੰਨ੍ਹ ਕੇ ਪਰੋ ਦਿੱਤਾ। ੫. (ਉਸੇ ਤਰ੍ਹਾਂ, ਜਿਵੇਂ) ਜਲ ਦੀਆਂ ਤਰੰਗਾਂ (ਜਾਂ ਲਹਿਰਾਂ ਜਲ ਵਿਚੋਂ ਹੀ ਨਿਕਲਦੀਆਂ ਤੇ ਫਿਰ) ਜਲ ਵਿਚ ਹੀ ਲੀਨ ਹੋ ਜਾਂਦੀਆਂ ਹਨ। ੬. (ਉਵੇਂ ਹੀ ਜਿਵੇਂ) ਦੀਵੇ ਤੋਂ ਦੀਵਾ ਜਗ ਜਾਂਦਾ, (ਇਵੇਂ ਗੁਰੂ ਜੋਤ) ਜੋਤਿ ਵਿਚ ਸਮਾ ਜਾਂਦੀ ਹੈ। ੭. (ਇਵੇਂ ਹੀ ਗਹਿਰ-ਗੰਭੀਰ ਸਤਿਗੁਰੂ ਜੀ ਨੇ) ਅਸਚਰਜਤਾ ਨੂੰ ਅਸਚਰਜ ਢੰਗ ਨਾਲ ਮੇਲ ਅਸਚਰਜ ਹੀ ਚਰਿੱਤਰ ਬਣਾ ਦਿੱਤਾ। ੮. (ਜਿਵੇਂ) ਦੁੱਧ ਤੋਂ ਦਹੀਂ (ਬਣਾ ਕੇ, ਫਿਰ ਉਸ ਨੂੰ) ਰਿੜਕ ਕੇ (ਉਸ ਵਿਚੋਂ) ਘਿਓ ਕੱਢ ਲਈਦਾ ਹੈ। ੯. (ਇਉਂ ਇਸ ਪ੍ਰਭੂ ਦੇ ਸਰੂਪ ਗੁਰੂ ਦੇ ਗਿਆਨ ਦਾ) ਚਾਨਣ ਤਿੰਨਾਂ ਲੋਕਾਂ ਵਿਚ ਪ੍ਰਗਟ (ਪ੍ਰਕਾਸ਼) ਹੋ ਗਿਆ॥ ੧੧॥

੧੨. ਪਹਿਲੇ ਭਾਵ ਨੂੰ ਹੀ ਫਿਰ ਦੁਹਰਾਉਂਦੇ ਹਨ

੧. ਸਤਿਗੁਰ ਨਾਨਕ ਦੇਉ ਗੁਰਾ ਗੁਰੁ ਹੋਇਆ।
੨. ਅੰਗਦੁ ਅਲਖੁ ਅਭੇਉ ਸਹਜਿ ਸਮੋਇਆ।
੩. ਅਮਰਹੁ ਅਮਰ ਸਮੇਉ ਅਲਖੁ ਅਲੋਇਆ।
੪. ਰਾਮ ਨਾਮ ਅਰਿਖੇਉ ਅੰਮ੍ਰਿਤੁ ਚੋਇਆ।
੫. ਗੁਰ ਅਰਜਨ ਕਰਿ ਸੇਉ ਢੋਐ ਢੋਇਆ।
੬. ਗੁਰ ਹਰਿਗੋਬਿੰਦ ਅਮੇਉ ਅਮਿਉ ਵਿਲੋਇਆ।
੭. ਸਚਾ ਸਚਿ ਸੁਚੇਉ ਸਚਿ ਖਲੋਇਆ।

੮. ਆਤਮ ਅਗਹ ਅਗੇਉ ਸਬਦੁ ਪਰੋਇਆ।
੯. ਗੁਰਮੁਖ ਅਭਰ ਭਰੇਉ ਭਰਮ ਭਉ ਖੋਇਆ॥ ੧੨॥

ਪਦ ਅਰਥ - ਸਮੋਇਆ=ਸਮਾ ਦਿੱਤਾ। ਰਾਮ ਨਾਮ=ਗੁਰੂ ਰਾਮ ਦਾਸ ਜੀ। ਅਰਿਖੇਉ=ਪ੍ਰੇਮ। ਢੋਐ ਢੋਇਆ=ਦਾਤ ਨਾਲ ਵਰੋਸਾਏ ਗਏ। ਅਗੇਉ=ਅਗਾਧ। ਅਭਰ=ਸੱਖਣਾ।

ਅਰਥ - ੧. ਸਤਿਗੁਰੂ ਨਾਨਕ ਦੇਵ ਜੀ (ਕਲਜੁਗ ਵਿਚ ਵੱਡੇ) ਗੁਰੂਆਂ ਦੇ ਗੁਰਦੇਵ ਹੋਏ। ੨. (ਉਨ੍ਹਾਂ ਵੱਲੋਂ ਗੁਰੂ) ਅੰਗਦ (ਜੀ ਨੂੰ) ਅਲਖ ਅਭੇਉ (ਨਾ ਜਾਣੇ ਜਾ ਸਕਣ ਵਾਲੇ ਭੇਦ ਰਹਿਤ ਪ੍ਰਭੂ) ਨਾਲ, ਸਹਜ ਪਦ ਵਿਚ ਸਮੋ ਦਿੱਤਾ। ੩. (ਗੁਰੂ ਅੰਗਦ ਦੇਵ ਜੀ ਨੇ ਗੁਰੂ) ਅਮਰਦਾਸ ਨੂੰ ਅਮਰ (ਅਵਸਥਾ ਭਾਵ ਪ੍ਰਭੂ ਦੀ ਪ੍ਰੇਮਾ-ਭਗਤੀ ਵਿਖੇ ਪਹੁੰਚਾ ਕੇ) ਪ੍ਰਭੂ ਨੂੰ ਲਖਾ ਦਿੱਤਾ। ੪. ਰਾਮਦਾਸ (ਗੁਰੂ ਜੀ ਦੇ ਹਿਰਦੇ ਵਿਚ, ਗੁਰੂ ਅਮਰਦਾਸ ਜੀ ਨੇ) ਪ੍ਰੇਮ ਰਸ ਦਾ ਅੰਮ੍ਰਿਤ ਚੋ ਦਿੱਤਾ। ੫. (ਫੇਰ) ਗੁਰੂ ਅਰਜਨ ਦੇਵ ਜੀ ਨੇ ਸੇਵਾ ਕੀਤੀ (ਤੇ ਉਹ ਪਿਤਾ ਗੁਰੂ ਵੱਲੋਂ ਇਸ ਈਸ਼ਵਰੀ) ਦਾਤ ਨਾਲ ਨਿਵਾਜੇ (ਤੇ ਸਤਿਕਾਰੇ) ਗਏ। ੬. (ਗੁਰੂ) ਹਰਿਗੋਬਿੰਦ ਜੀ ਨੇ (ਗੁਰ ਸ਼ਬਦ ਨੂੰ) ਰਿੜਕਿਆ (ਕਮਾਈ ਕੀਤੀ, ਉਹ ਪਿਤਾ ਗੁਰੂ ਦੀ ਬਖਸ਼ਿਸ਼ ਨਾਲ) ਅਮੇਉ (ਮਿਣਤੀ ਤੋਂ ਰਹਿਤ, ਅਗਾਧ) ਹੋ ਗਏ। ੭. (ਪ੍ਰਭੂ) ਸੱਚੇ ਦੀ (ਸੱਚੀ ਕਿਰਪਾ) ਸੱਚੇ (ਸਤਿਗੁਰਾਂ ਦੇ ਹਿਰਦੇ ਥਾਣੀ ਹੁੰਦੀ ਆਪਣੇ ਅਸਲੀ) ਸੱਚ (ਦੇ ਨਿਸ਼ਾਨੇ 'ਤੇ ਹੀ) ਆ ਖਲੋਤੀ (ਤੇ ਸਿੱਖਾਂ ਦੇ ਹਿਰਦਿਆਂ ਵਿਚ ਭੀ ਇਹ ਸੱਚ) ਆ ਖਲੋਤਾ। ੮. (ਸਿੱਖਾਂ ਦੇ) ਆਤਮਾ (ਮਨ ਤੇ ਹਿਰਦੇ) ਨੂੰ ਅਥਾਹ ਤੇ ਅਗਾਧ (ਗੁਰੂ) ਸ਼ਬਦ ਨਾਲ ਪਰੋ, (ਭਾਵ ਜੋੜ) ਦਿੱਤਾ। ੯. ਗੁਰਮੁਖ (ਗੁਰਸਿੱਖਾਂ ਨੇ ਫਿਰ) ਅਭਰ (ਨਾ ਭਰੇ ਜਾਣ ਵਾਲੇ ਹਿਰਦਿਆਂ) ਨੂੰ (ਗੁਰੂ ਸ਼ਬਦ ਨਾਲ ਜੁੜ ਕੇ ਆਪਣੇ) ਭਰਮ ਤੇ ਡਰਾਂ ਨੂੰ ਖਤਮ ਕਰ ਦਿੱਤਾ। ਭਾਵ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਮਗਰੋਂ ਜੋ ਡਰ ਤੇ ਸਹਿਮ ਸਿੱਖ ਹਿਰਦਿਆਂ ਵਿਚ ਉਤਪੰਨ ਹੋ ਗਿਆ ਸੀ, ਉਹ ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰਤਾ-ਗੱਦੀ 'ਤੇ ਬੈਠਦਿਆਂ ਹੀ ਦੂਰ ਹੋ ਗਏ, ਡਰ ਤੇ ਸਹਿਮ ਦੀ ਥਾਂ ਨਿਰਭੈਤਾ ਤੇ ਗੁੱਸੇ ਭਰੇ ਜੋਸ਼ ਦਾ ਉਭਾਰ ਆ ਗਿਆ, ਜਿਸ ਨੇ ਦੁਸ਼ਮਨਾਂ, ਜ਼ਾਲਮਾਂ ਦੇ ਭੁਲੇਖੇ ਤੇ ਭਰਮ ਦੂਰ ਕਰ ਦਿੱਤੇ॥ ੧੨॥

੧੩. ਗੁਰਮੁਖ ਤੇ ਸਾਧ ਸੰਗਤ

੧. ਸਾਧਸੰਗਤਿ ਭਉ ਭਾਉ ਸਹਜੁ ਬੈਰਾਗੁ ਹੈ।
੨. ਗੁਰਮੁਖਿ ਸਹਜਿ ਸੁਭਾਉ ਸੁਰਤਿ ਸੁ ਜਾਗੁ ਹੈ।
੩. ਮਧੁਰ ਬਚਨ ਆਲਾਉ ਹਉਮੈ ਤਿਆਗੁ ਹੈ।
੪. ਸਤਿਗੁਰ ਮਤਿ ਪਰਥਾਉ ਸਦਾ ਅਨੁਰਾਗੁ ਹੈ।
੫. ਪਿਰਮ ਪਿਆਲੇ ਸਾਉ ਮਸਤਕਿ ਭਾਗੁ ਹੈ।
੬. ਬ੍ਰਹਮ ਜੋਤਿ ਬ੍ਰਹਮਾਉ ਗਿਆਨੁ ਚਰਾਗੁ ਹੈ।

੭. ਅੰਤਰਿ ਗੁਰਮਤਿ ਚਾਉ ਅਲਿਪਤੁ ਅਦਾਗੁ ਹੈ।
੮. ਵੀਹ ਇਕੀਹ ਚੜ੍ਹਾਉ ਸਦਾ ਸੁਹਾਗੁ ਹੈ॥ ੧੩॥

ਪਦ ਅਰਥ-ਆਲਾਉ=ਬੋਲਣਾ। ਪਰਥਾਉ=ਅਨੁਸਾਰ, ਅਨੁਕੂਲ। ਅਨੁਰਾਗੁ=ਪ੍ਰੇਮ। ਸਾਉ=ਸੁਆਦ।

ਅਰਥ - ੧. ਸਾਧ ਸੰਗਤ (ਵਿਚੋਂ) ਭਉ (ਅਦਬ ਵਾਲੇ ਡਰ) ਤੇ ਭਾਉ (ਪ੍ਰੇਮ ਦੀ ਸਿੱਖਿਆ ਮਿਲਦੀ ਹੈ, ਜਿਸ ਨਾਲ) ਸਹਿਜੇ ਹੀ (ਪ੍ਰਭੂ ਦੇ ਪ੍ਰੇਮ ਵਿਚ) ਵੈਰਾਗੀ ਹੋਈਦਾ ਹੈ। ੨. ਗੁਰਮੁਖ ਸਹਿਜ ਸੁਭਾਅ ਹੀ ਸੁਰਤੀ ਵਿਚ ਇੱਕ-ਰਸ ਜੁੜੇ ਵੀ ਸਾਵਧਾਨ ਰਹਿੰਦੇ ਹਨ। ੩. ਮਿੱਠੇ ਬਚਨ ਬੋਲਦੇ ਤੇ ਹਉਮੈ ਦਾ ਤਿਆਗ (ਕਰਦੇ ਹਨ)। ੪. ਸਤਿਗੁਰਾਂ ਦੀ ਮੱਤ (ਸਿੱਖਿਆ) ਦੇ ਮੁਤਾਬਿਕ ਸਦਾ ਹੀ ਪ੍ਰੇਮ ਵਿਚ ਰਹਿੰਦੇ ਹਨ। ੫. (ਉਨ੍ਹਾਂ ਨੂੰ) ਅੰਮ੍ਰਿਤ ਦੇ ਰਸ ਦਾ ਸੁਆਦ ਆਉਂਦਾ ਹੈ, ਇਹ ਉਨ੍ਹਾਂ ਦੇ ਮੱਥੇ ਦਾ ਭਾਗ ਹੈ। ੬. ਬ੍ਰਹਮ (ਪ੍ਰਭੂ) ਦੀ ਜੋਤ ਬਣ ਕੇ, (ਉਹ) ਬ੍ਰਹਮਾ ਵਰਗੇ ਦੇਵਤਿਆਂ ਲਈ ਵੀ ਗਿਆਨ ਦਾ ਦੀਵਾ ਬਣ ਜਾਂਦੇ ਹਨ। ੭. (ਕਿਉਂਕਿ ਉਨ੍ਹਾਂ ਦੇ) ਅੰਦਰ ਗੁਰੂ ਦੀ ਸਿੱਖਿਆ ਦਾ ਚਾਉ ਹੁੰਦਾ ਹੈ। ਉਹ (ਮਾਇਆ ਤੋਂ) ਅਲੇਪ ਅਤੇ ਵਿਸ਼ਿਆਂ ਤੋਂ ਅਦਾਗ ਹਨ। ੮. (ਗੁਰਮੁਖ) ਵੀਹ (ਆਪਣੀ ਹਾਲਤ ਤੋਂ ਉੱਠ ਕੇ) ਇਕੀਹ (ਇੱਕ ਈਸ਼ਵਰ ਵਿਖੇ) ਟਿਕਾਉ ਕਰਦੇ ਹਨ ਤੇ ਫਿਰ ਪ੍ਰਭੂ ਦੀ ਬਖਸ਼ਿਸ਼ ਨਾਲ ਸਦੀਵੀ ਆਨੰਦ ਪ੍ਰਾਪਤ ਕਰ ਲੈਂਦੇ ਹਨ॥ ੧੩॥

੧੪. ਪਿਛਲੀ ਪਉੜੀ ਵਾਲੇ ਖਿਆਲ

੧. ਗੁਰਮੁਖਿ ਸਬਦ ਸਮ੍ਹਾਲ ਸੁਰਤਿ ਸਮਾਲੀਐ।
੨. ਗੁਰਮੁਖਿ ਨਦਰਿ ਨਿਹਾਲ ਨੇਹ ਨਿਹਾਲੀਐ।
੩. ਗੁਰਮੁਖਿ ਸੇਵਾ ਘਾਲਿ ਵਿਰਲੇ ਘਾਲੀਐ।
੪. ਗੁਰਮੁਖਿ ਦੀਨ ਦਇਆਲ ਹੇਤੁ ਹਿਆਲੀਐ।
੫. ਗੁਰਮੁਖਿ ਨਿਬਹੈ ਨਾਲਿ ਗੁਰ ਸਿਖ ਪਾਲੀਐ।
੬. ਰਤਨ ਪਦਾਰਥ ਲਾਲ ਗੁਰਮੁਖਿ ਭਾਲੀਐ।
੭. ਗੁਰਮੁਖਿ ਅਕਲ ਅਕਾਲ ਭਗਤਿ ਸੁਖਾਲੀਐ।
੮. ਗੁਰਮੁਖਿ ਹੰਸਾ ਢਾਲਿ ਰਸਿਕ ਰਸਾਲੀਐ॥ ੧੪॥

ਪਦ ਅਰਥ - ਨਿਹਾਲੀਐ=ਵੇਖਦੇ ਹਨ। ਹੇਤੁ ਹਿਆਲੀਐ=ਦਿਲੀ ਪ੍ਰੇਮ। ਹੰਸਾ ਢਾਲ=ਹੰਸਾਂ ਦੀ ਨਿਆਈਂ। ਰਸਿਕ ਰਸਾਲੀਐ=ਰਸਾਂ ਦਾ ਘਰ।

ਅਰਥ - ੧ ਜੋ ਗੁਰਮੁਖ (ਗੁਰੂ ਦੇ) ਉਪਦੇਸ਼ ਨੂੰ ਦ੍ਰਿੜ੍ਹ ਕਰ ਲੈਂਦੇ ਹਨ, (ਉਹ ਫਿਰ) ਸੁਰਤ ਵਿਚ ਸਮਾ ਜਾਂਦੇ ਹਨ। ੨. ਗੁਰਮੁਖਾਂ ਦੀ ਨਦਰ (ਬਖਸ਼ਿਸ਼) ਨਿਹਾਲ (ਕਰ ਦੇਂਦੀ ਹੈ ਤੇ) ਫਿਰ ਪ੍ਰੇਮ ਵਿਚ ਪ੍ਰੇਮ

ਹੀ ਨਦਰੀ ਆਉਂਦਾ ਹੈ। ੩. ਗੁਰਮੁਖਾਂ ਵਰਗੀ ਸੇਵਾ ਤੇ ਘਾਲ ਕੋਈ ਵਿਰਲਾ ਹੀ ਕਮਾਉਂਦਾ ਹੈ। ੪. ਗੁਰਮੁਖਾਂ ਦੀ ਰਹਿਤ ਦਸਦੇ ਹਨ ਕਿ ਉਹ ਸਦਾ ਹੀ ਨਿਮਾਣੇ ਤੇ ਮਜ਼ਲੂਮਾਂ ਦੇ ਉਤੇ ਦਿਆਲੂ ਰਹਿੰਦੇ, ਤੇ ਦਿਲੋਂ ਪਿਆਰ ਰੱਖਦੇ ਹਨ। ੫. ਗੁਰਮੁਖ ਨਾਲ ਹੀ ਨਿਭਦੇ ਤੇ ਨਿਭਾਹੁੰਦੇ ਭਾਵ ਗੁਰਸਿੱਖੀ ਨੂੰ ਅੰਤ ਤੀਕਰ ਪਾਲਦੇ ਹਨ। ੬. ਗੁਰਮੁਖਾਂ ਪਾਸੋਂ ਰਤਨ ਪਦਾਰਥ (ਵਾਹਿਗੁਰੂ ਦਾ ਪ੍ਰੇਮ ਤੇ ਵੈਰਾਗ) ਮਿਲਦੇ ਹਨ ਤੇ ਉਨ੍ਹਾਂ ਕੋਲੋਂ ਹੀ ਇਹ ਲੱਭਣੇ ਚਾਹੀਦੇ ਹਨ। (ਭਾਵ ਨਕਲੀ ਗੁਰਮੁਖਾਂ, ਗੁਰੂਆਂ ਤੋਂ ਨਹੀਂ ਲੱਭ ਸਕਦੇ)। ੭. ਗੁਰਮੁਖ (ਸੰਸਾਰੀ ਮਤ ਤੋਂ ਉੱਚੀ) ਅਕਲ ਵਾਲੇ ਤੇ ਅਕਾਲ (ਅਮਰ) ਹੁੰਦੇ ਹਨ ਤੇ ਉਹ ਸੁਤੇ ਹੀ ਭਗਤੀ ਵਿਚ ਜੁੜੇ ਰਹਿੰਦੇ ਹਨ। ੮. ਗੁਰਮੁਖ (ਹੰਸਾਂ) ਵਾਂਗੂ ਤੱਤ ਤੇ ਅਤੱਤ ਦਾ ਨਿਖੇੜ ਕਰਕੇ ਮਿੱਠੀ ਤੇ ਰਸ ਵਾਲੀ ਭਗਤੀ ਦੇ ਰੰਗ ਵਿਚ ਰੰਗੇ ਹੁੰਦੇ ਹਨ॥ ੧੪॥

੧੫. ਮੂਲ ਮੰਤ੍ਰ ਦੇ ਗੁਹਝ ਅਰਥ ਭੇਦ

੧. ਏਕਾ ਏਕੰਕਾਰੁ ਲਿਖਿ ਦੇਖਾਲਿਆ।
੨. ਊੜਾ ਓਅੰਕਾਰੁ ਪਾਸਿ ਬਹਾਲਿਆ।
੩. ਸਤਿਨਾਮੁ ਕਰਤਾਰੁ ਨਿਰਭਉ ਭਾਲਿਆ।
੪. ਨਿਰਵੈਰਹੁ ਜੈਕਾਰੁ ਅਜੂਨਿ ਅਕਾਲਿਆ।
੫. ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ।
੬. ਪੰਜ ਅਖਰ ਉਪਕਾਰ ਨਾਮੁ ਸਮਾਲਿਆ।
੭. ਪਰਮੇਸੁਰ ਸੁਖੁ ਸਾਰੁ ਨਦਰਿ ਨਿਹਾਲਿਆ।
੮. ਨਉ ਅੰਗਿ ਸੁੰਨ ਸੁਮਾਰੁ ਸੰਗਿ ਨਿਰਾਲਿਆ।
੯. ਨੀਲ ਅਨੀਲ ਵੀਚਾਰਿ ਪਿਰਮ ਪਿਆਲਿਆ॥ ੧੫॥

ਪਦ ਅਰਥ - ਏਕੰਕਾਰੁ=ਪ੍ਰਭੂ ਦਾ ਇਕ ਸਰੂਪ। ਭਾਲਿਆ=ਲੱਭਾ ਭਾਵ ਜਾਣਿਆਂ।

ਅਰਥ - ੧. ਏਕਾ ਲਿਖ ਕੇ ਇੱਕ ਦਾ ਇਕੋ ਸਰੂਪ ਦਿਖਾਇਆ ਹੈ। ੨. ਊੜੇ ਨਾਲ ਓਅੰਕਾਰ (੧ਓ) ਉਸ ਦਾ ਪਸਾਰਾ ਉਸ ਦੇ ਨਾਲ ਹੀ ਬਹਾ ਦਿੱਤਾ ਹੈ। ੩. ਸਤਿਨਾਮ (ਸੱਚੇ ਪ੍ਰਭੂ ਦਾ ਨਾਮ) ਤੇ ਕਰਤਾਰ (ਕਰਤਾ ਪੁਰਖ) (ਸਾਰੀ ਰਚਨਾ ਦਾ ਕਰਤਾ ਜੋ) ਭਉ ਤੋਂ ਬਿਨਾਂ ਹੈ, ਉਸ ਨੂੰ ਵੀ ਨਾਲ ਹੀ ਜਾਣਿਆਂ ਹੈ। ੪. ਉਹ ਨਿਰਵੈਰ ਤੇ ਜੈਕਾਰ (ਸਦਾ ਥਿਰ) ਹੈ। ਉਹ ਅਜੂਨੀ (ਸੁਤੇ ਪ੍ਰਕਾਸ਼, ਸੈਭੰ) ਤੇ ਮੌਤ ਰਹਿਤ ਹੈ। ੫. (ਉਸਦਾ) ਨੀਸਾਣ ਸੱਚਾ ਤੇ ਪਾਰਾਵਾਰ ਤੋਂ ਰਹਿਤ ਹੈ। (ਸਾਰੇ ਪਾਸੇ, ਉਸੇ ਦੀ) ਜੋਤੀ ਦਾ ਪ੍ਰਕਾਸ਼ ਹੈ। ੬. (ਉਹ) ਪੰਜ ਅੱਖਰਾਂ (੧ ਓਅੰਕਾਰ ਪ੍ਰਭੂ ਜਿਸ 'ਤੇ) ਉਪਕਾਰ (ਭਾਵ ਮਿਹਰ) ਕਰਦਾ ਹੈ, (ਉਹੀ ਉਸ ਦੇ) ਨਾਮ ਨੂੰ ਸਮ੍ਹਾਲਦਾ (ਭਾਵ ਜਪਦਾ) ਹੈ। ੭. (ਫੇਰ ਉਹ ਨਾਮ ਜਪਣ ਵਾਲਾ) ਪਰਮੇਸ਼ਰ ਸੁਖ ਸਾਰ ਦੀ ਨਜ਼ਰ (ਮੇਹਰ) ਨਾਲ ਤਰ ਜਾਂਦਾ (ਭਾਵ ਮੁਕਤ ਹੋ ਜਾਂਦਾ) ਹੈ। ੮. (ਇਹ ਇਉਂ ਹੀ ਹੈ,

ਜਿਵੇਂ) ਨਉ ਅੰਗ (ਅੰਕੜੇ) ਬਿੰਦੀ ਦੇ ਨਾਲ ਲੱਗ ਕੇ ਅਨੇਕਾਂ ਹੋ ਜਾਂਦੇ ਹਨ, (ਇਉਂ ਹੀ ਗੁਰਮੁਖ ਪ੍ਰਭੂ ਨਾਲ ਜੁੜ) ਨਿਰਾਲੇ ਹੋ ਜਾਂਦੇ ਹਨ। ੮. ਗੁਰਮੁਖ ਅਰਬਾਂ ਖਰਬਾਂ ਦੀ ਗਿਣਤੀ ਤੀਕ ਦੀ ਵਿਚਾਰ ਵਾਂਗ ਵਧ ਕੇ ਪ੍ਰਭੂ ਦੀ ਬੇਅੰਤਤਾਈ ਵਿਚ ਸਮਾ ਜਾਂਦੇ ਹਨ ਭਾਵ ਪ੍ਰੇਮ ਦਾ ਰੂਪ ਹੋ ਜਾਂਦੇ ਹਨ॥ ੧੫॥

੧੬. ਸਤਿਸੰਗ ਵਿਚ ਚਾਰੇ ਵਰਣ ਇੱਕੋ ਹਨ

੧. ਚਾਰ ਵਰਨ ਸਤਿਸੰਗੁ ਗੁਰਮੁਖਿ ਮੇਲਿਆ।
੨. ਜਾਣ ਤੰਬੋਲਹੁ ਰੰਗੁ ਗੁਰਮੁਖਿ ਚੇਲਿਆ।
੩. ਪੰਜੇ ਸਬਦ ਅਭੰਗ ਅਨਹਦ ਕੇਲਿਆ।
੪. ਸਤਿਗੁਰ ਸਬਦਿ ਤਰੰਗ ਸਦਾ ਸੁਹੇਲਿਆ।
੫. ਸਬਦ ਸੁਰਤਿ ਪਰਸੰਗ ਗਿਆਨ ਸੰਗ ਮੇਲਿਆ।
੬. ਰਾਗ ਨਾਦ ਸਰਬੰਗ ਅਹਿਨਿਸਿ ਭੇਲਿਆ।
੭. ਸਬਦ ਅਨਾਹਦੁ ਰੰਗ ਸੁਝ ਇਕੇਲਿਆ।
੮. ਗੁਰਮੁਖਿ ਪੰਥੁ ਨਿਪੰਗੁ ਬਾਰਹ ਖੇਲਿਆ॥ ੧੬॥

ਪਦ ਅਰਥ - ਤੰਬੋਲਹੁ=ਪਾਨਾਂ ਦਾ ਬੀੜਾ। ਪੰਥੁ=ਰਸਤਾ। ਨਿਪੰਗੁ=ਸ਼ੁੱਧ। ਬਾਰਹ ਖੇਲਿਆ=ਪੰਜ ਕਰਮ ਇੰਦ੍ਰੇ, ਪੰਜ ਗਿਆਨ ਇੰਦ੍ਰੇ, ਮਨ ਤੇ ਬੁੱਧ।

ਅਰਥ - ੧. ਚਾਰੇ ਵਰਣਾਂ ਦੇ ਲੋਕ ਸਤਿਸੰਗ ਵਿਚ ਮਿਲ ਕੇ ਗੁਰਮੁਖ (ਹੋ ਕੇ ਨਿਕਲਦੇ ਹਨ)। ੨. ਪਾਨਾਂ ਦੇ ਤੰਬੋਲ ਵਰਗਾ ਰੰਗ (ਇਹ) ਗੁਰਮੁਖਾਂ ਦਾ ਚਾਲਾ ਹੈ। (ਭਾਵ ਗੁਰਮੁਖ ਪ੍ਰਭੂ ਦੇ ਪ੍ਰੇਮ ਦੇ ਲਾਲ ਰੰਗ ਵਿਚ ਰੰਗੇ ਜਾਂਦੇ ਹਨ। ੩. ਪੰਜ ਅਨਾਹਦ ਸ਼ਬਦ (ਗੁਰਮੁਖ ਨੂੰ) ਇੱਕ-ਰਸ ਖੇਡ ਵਿਚ ਖਿਡਾਉਂਦੇ (ਤੇ ਆਨੰਦ ਪ੍ਰਸੰਨ ਚਿਤ ਰੱਖਦੇ) ਹਨ। ੪. ਸਤਿਗੁਰੂ ਦੇ ਸ਼ਬਦ ਦੀ ਤਰੰਗ (ਲਹਿਰ) ਵਿਚ (ਗੁਰਮੁਖ) ਸਦਾ ਹੀ ਸੁਖੀ ਤੇ ਸੁਹੇਲੇ ਰਹਿੰਦੇ ਹਨ। ੫. ਸ਼ਬਦ ਤੇ ਸੁਰਤ ਦੇ ਮੇਲ ਨਾਲ ਗਿਆਨ ਦੀ ਅਵਸਥਾ ਵਿਚ ਜੁੜੇ ਰਹਿੰਦੇ ਹਨ। ੬. (ਗੁਰੂ-ਸ਼ਬਦ ਦੇ) ਰਾਗ ਤੇ ਨਾਦ ਨਾਲ ਇੱਕ-ਰਸ ਦਿਨ ਰਾਤ ਮਿਲੇ ਰਹਿੰਦੇ ਹਨ। ੭. ਸ਼ਬਦ ਦੀ ਅਨਾਹਦ ਧੁਨੀ ਨਾਲ ਰੰਗੇ ਹੋਏ ਇੱਕ ਪ੍ਰਭੂ ਨੂੰ ਸਮਝ ਤੇ ਜਾਣ ਲੈਂਦੇ ਹਨ (ਭਾਵ ਉਨ੍ਹਾਂ ਨੂੰ ਸਭ ਪਾਸੇ ਇੱਕ ਪ੍ਰਭੂ ਰਮਿਆ ਨਜ਼ਰ ਆ ਜਾਂਦਾ ਹੈ)। ੮. (ਇਹ) ਗੁਰਮੁਖਾਂ ਦਾ ਪੰਥ ਸ਼ੁਧ, ਮੈਲ ਤੋਂ ਰਹਿਤ ਹੈ। ਉਹ ਬਾਰਹ ਅੰਗਾਂ ਦੇ ਨਿਪੁੰਨ ਹੋ ਕੇ ਉਨ੍ਹਾਂ ਵਿਚ ਵਰਤਦੇ ਭਾਵ ਖੇਡਦੇ ਹਨ। ਪੰਜਾਂ ਤੱਤਾਂ ਦੇ ਪੰਜ ਗੁਣ, ਧੀਰਜ, ਸੰਤੋਖ, ਦਇਆ, ਧਰਮ ਤੇ ਸਤ—ਪੰਜ ਇਹ ਗੁਣ, ਗਿਆਨ ਤੇ ਵੈਰਾਗ ਦੋ ਇਹ ਗੁਣ, ਇਹ ਸਾਰੇ ਮਿਲ ਕੇ ੧੨ ਹੁੰਦੇ ਹਨ। ਭਾਵ ਗੁਰਮੁਖ ਦੈਵੀ ਗੁਣਾਂ ਵਿਚ ਹੀ ਖੇਡਦੇ ਤੇ ਰੰਗੇ ਰਹਿੰਦੇ ਹਨ॥ ੧੬॥

੧੭. ਗੁਰਮੁਖ ਤੇ ਨਿਰੰਜਨ ਪ੍ਰਭੂ

੧. ਹੋਈ ਆਗਿਆ ਆਦਿ ਆਦਿ ਨਿਰੰਜਨੋ।
੨. ਨਾਦੈ ਮਿਲਿਆ ਨਾਦੁ ਹਉਮੈ ਭੰਜਨੋ।
੩. ਬਿਸਮਾਦੈ ਬਿਸਮਾਦੁ ਗੁਰਮੁਖਿ ਅੰਜਨੋ।
੪. ਗੁਰਮਤਿ ਗੁਰ ਪ੍ਰਸਾਦਿ ਭਰਮੁ ਨਿਖੰਜਨੋ।
੫. ਆਦਿ ਪੁਰਖੁ ਪਰਮਾਦਿ ਅਕਾਲ ਅਗੰਜਨੋ।
੬. ਸੇਵਕ ਸਿਵ ਸਨਕਾਦਿ ਕ੍ਰਿਪਾ ਕਰੰਜਨੋ।
੭. ਜਪੀਐ ਜੁਗਹੁ ਜੁਗਾਦਿ ਗੁਰਸਿਖ ਮੰਜਨੋ।
੮. ਪਿਰਮ ਪਿਆਲੇ ਸਾਦੁ ਪਰਮ ਪੁਰੰਜਨੋ।
੯. ਆਦਿ ਜੁਗਾਦਿ ਅਨਾਦਿ ਸਰਬ ਸੁਰੰਜਨੋ॥ ੧੭॥

ਪਦ ਅਰਥ - ਨਿਰੰਜਨੋ=ਮਾਇਆ ਤੋਂ ਰਹਿਤ। ਨਾਦੁ=ਸ਼ਬਦ। ਨਿਖੰਜਨੋ=ਕੱਟੇ ਜਾਂਦੇ ਹਨ। ਕਰੰਜਨੋ=ਕਰਤਾ ਪੁਰਖ। ਮੰਜਨੋ=ਇਸ਼ਨਾਨ। ਪੁਰੰਜਨੋ=ਪ੍ਰਕਾਸ਼ ਰੂਪ ਪ੍ਰਭੂ। ਸੁਰੰਜਨੋ=ਪ੍ਰਕਾਸ਼ ਦਾ ਕਰਤਾ।

ਅਰਥ - ੧. ਸਭ ਤੋਂ ਪਹਿਲੋਂ ਮਾਇਆ ਤੋਂ ਰਹਿਤ ਆਦਿ ਪ੍ਰਭੂ ਦੀ ਆਗਿਆ ਹੋਈ, ੨. ਤਦ (ਗੁਰੂ ਦੇ ਬਖਸ਼ੇ ਸ਼ਬਦ ਨਾਲ) ਸ਼ਬਦ (ਸੁਰਤੀ ਦੇ) ਸ਼ਬਦ ਬ੍ਰਹਮ ਵਿਚ ਆਣ ਮਿਲਿਆ, ਜੋ ਹਉਮੈ ਨੂੰ ਦੂਰ ਕਰਨ ਵਾਲਾ ਹੈ। ੩. (ਇਸ ਲਈ ਇਹ) ਗੁਰਮੁਖਾਂ ਦਾ ਅੰਜਨ (ਸੁਰਮਾ) ਅਸਚਰਜ ਤੋਂ ਅਸਚਰਜ ਹਾਲਤ ਵਾਲਾ ਹੈ, (ਜਿਸ ਦੀ ਗੁਰੂ ਕਿਰਪਾ ਨਾਲ ਹੀ ਸੋਝੀ ਹੁੰਦੀ ਹੈ)। ੪. ਗੁਰੂ ਦੀ ਮੱਤ (ਸਿੱਖਿਆ) ਗੁਰੂ ਦੀ ਕਿਰਪਾ ਨਾਲ ਪ੍ਰਾਪਤੀ ਹੁੰਦੀ ਹੈ ਜਿਸ ਨਾਲ ਸਭ ਭਰਮ ਦੂਰ ਹੁੰਦੇ, ਭਾਵ ਕੱਟੇ ਜਾਂਦੇ ਹਨ। ੫. ਆਦਿ ਪੁਰਖ (ਪ੍ਰਭੂ) ਸਭ ਦਾ ਮੁੱਢ ਅਕਾਲ (ਮੌਤ ਰਹਿਤ) ਤੇ ਅਗੰਜ (ਨਾ ਟੁੱਟਣ ਵਾਲਾ) ਹੈ। ੬. ਇਹ ਸੇਵਕਾਂ ਲਈ ਕਲਿਆਣ ਰੂਪ ਤੇ ਸਨਕਾਦਿਕਾਂ ਆਦਿ ਉਤੇ ਕਿਰਪਾ ਕਰਨ ਵਾਲਾ ਹੈ। ੭. ਜੁਗਾਂ ਜੁਗਾਂ ਤੀਕਰ (ਭਾਵ ਜਿੰਨਾ ਕੁ ਵੀ ਜੀਵਨ ਸਮਾਂ ਹੈ) ਹੇ ਉੱਤਮ ਗੁਰਸਿੱਖੋ! (ਪ੍ਰਭੂ ਨੂੰ) ਜਪੀ ਚੱਲੋ, (ਸਿਮਰਨ ਕਰੀ ਜਾਓ) ਇਹ ਕਰਤੱਵ ਸਿੱਖਾਂ ਲਈ ਸੱਚਾ ਇਸ਼ਨਾਨ ਹੈ। ੮. ਮਿੱਠੀ (ਪ੍ਰਭੂ ਦੀ ਪ੍ਰੀਤੀ) ਦੇ ਪਿਆਲੇ ਦਾ ਜਦ ਸੁਆਦ ਆਇਆ, ਤਦ ਸਾਰੇ ਹੀ ਪ੍ਰਭੂ ਰਮਿਆ ਨਜ਼ਰ ਆਉਂਦਾ ਹੈ। ੯. (ਉਹ ਇਸ ਗਿਆਨ ਨੂੰ ਦ੍ਰਿੜ੍ਹ ਕਰ ਲੈਂਦੇ ਹਨ) ਕਿ (ਇੱਕ ਅਕਾਲ ਪੁਰਖ ਹੀ) ਆਦਿ ਜੁਗਾਦਿ ਤੇ ਮੁਢੋਂ (ਅਨਾਦਿ) ਸਭ (ਜੀਵ ਜੰਤੂਆਂ ਤੇ ਸ੍ਰਿਸ਼ਟੀ ਦੀ) ਰਚਨਾ ਦਾ ਕਰਨਹਾਰ ਹੈ॥ ੧੭॥

੧੮. ਮੁਰੀਦ ਦੇ ਲੱਛਣ

੧. ਮੁਰਦਾ ਹੋਇ ਮੁਰੀਦੁ ਨ ਗਲੀ ਹੋਵਣਾ।
੨. ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।
੩. ਗੋਲਾ ਮੁਲ ਖਰੀਦੁ ਕਾਰੇ ਜੋਵਣਾ।
੪. ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।
੫. ਪੀਹਣਿ ਹੋਇ ਜਦੀਦ ਪਾਣੀ ਢੋਵਣਾ।
੬. ਪਖੇ ਦੀ ਤਾਗੀਦ ਪਗ ਮਲਿ ਧੋਵਣਾ।
੭. ਸੇਵਕ ਹੋਇ ਸੰਜੀਦੁ ਨ ਹਸਣੁ ਰੋਵਣਾ।
੮. ਦਰ ਦਰਵੇਸ ਰਸੀਦੁ ਪਿਰਮ ਰਸੁ ਭੋਵਣਾ।
੯. ਚੰਦ ਮੁਮਾਰਖਿ ਈਦ ਪੁਗਿ ਖਲੋਵਣਾ॥ ੧੮॥

ਪਦ ਅਰਥ - ਮੁਰੀਦੁ=ਸ਼ਿਸ਼। ਸਾਬਰੁ=ਸੰਤੋਖੀ। ਸਹੀਦੁ=ਗੁਰੂ ਲਈ ਖਿੜੇ ਮੱਥੇ ਜਾਨ ਦੇਣ ਵਾਲਾ। ਕਾਰੇ ਜੋਵਣਾ=ਸੇਵਾ ਵਿਚ ਲੱਗਣਾ। ਜਦੀਦ=ਹਰ ਸਮੇਂ ਨਵੇਂ ਤੇ ਖਿੜੇ ਰੂਹ ਵਾਲਾ, ਤਿਆਰ ਬਰ ਤਿਆਰ। ਸੰਜੀਦੁ=ਗੰਭੀਰ। ਰਸੀਦੁ=ਪੁੱਜਾ ਹੋਇਆ। ਮੁਮਾਰਖਿ=ਮੁਬਾਰਕ, ਵਧਾਈਆਂ। ਪੁਗਿ=ਪਾਸ ਹੋਣਾ।

ਅਰਥ - ੧. (ਸੰਸਾਰੀ ਖਾਹਸ਼ਾਂ ਮਾਰਨਾ ਜਾਂ ਸੰਸਾਰ ਨਾਲੋਂ ਨਿਹੁੰ ਤੋੜਨਾ, ਭਾਵ) ਮੁਰਦੇ ਵਾਂਗ ਹੋ ਕੇ ਹੀ ਚੇਲਾ (ਮੁਰੀਦ) ਬਣਿਆ ਜਾਂਦਾ ਹੈ, ਨਿਰੀਆਂ ਗੱਲਾਂ ਨਾਲ ਨਹੀਂ। ੨. ਸੰਤੋਖੀ ਤੇ ਸਿਦਕੀ ਹੀ (ਆਪਾ ਵਾਰ ਦੇਣ ਵਾਲੇ) ਸ਼ਹੀਦ (ਆਪੇ ਨੂੰ ਗਵਾ ਕੇ ਆਪਣੇ) ਭਰਮ ਤੇ ਭਉ ਨੂੰ ਖਤਮ ਕਰਦਾ ਹੈ। ੩. ਮੁਲ ਖਰੀਦੀ ਗੋਲੇ ਵਾਂਗ (ਹਰ ਸਮੇਂ ਆਪਣੇ ਆਪ ਨੂੰ, ਕਾਰ) ਸੇਵਾ ਦੇ ਕੰਮ ਵਿਚ ਲਾਈ ਰੱਖੇ, ਜੁੱਟਿਆ ਹੀ ਰਹੇ। ੪. ਨਾ ਉਸ ਨੂੰ ਭੁੱਖ, ਨਾ ਨੀਂਦਰ, ਨਾ ਖਾਣ ਦੀ ਖਿੱਚ, ਨਾ ਹੀ ਸੌਣ (ਅਰਾਮ ਕਰਨ) ਦਾ ਚੇਤਾ ਹੈ। ੫. (ਚੱਕੀ 'ਤੇ) ਹੱਥੀਂ ਆਟਾ ਪੀਂਹਦਾ, (ਤੇ ਥਕਾਵਟ ਮੰਨਦਾ ਹੀ ਨਹੀਂ), ਪਾਣੀ ਵੀ ਢੋਂਦਾ ਹੈ। ੬. ਪੱਖਾ ਕਰਨ ਦੀ (ਭਾਵ ਝੱਲਣ) ਉਸ ਨੂੰ ਤਾਕੀਦ ਹੈ, ਚਰਨ ਧੋਣ ਦੀ ਸੇਵਾ (ਵੀ ਪ੍ਰੇਮ ਨਾਲ) ਕਰਦਾ ਹੈ। ੭. ਸੇਵਕੀ ਸੰਜੀਦਾ (ਗਹਿਰ-ਗੰਭੀਰ) ਹੋ ਕੇ ਹੁੰਦੀ ਹੈ, ਨਾ ਕਰੜੀ ਘਾਲਣਾ ਤੋਂ ਘਬਰਾਉਂਦਾ ਤੇ ਨਾ ਹੀ (ਗੁਰੂ ਦੀ ਖੁਸ਼ੀ ਪ੍ਰਾਪਤ ਕਰਕੇ) ਹੱਸਦਾ (ਭਾਵ ਹੰਕਾਰ ਕਰਦਾ) ਹੈ। ੮. (ਇਸ ਤਰ੍ਹਾਂ ਹਰ ਹਾਲ ਦੇ ਭਾਣੇ ਮੰਨ ਕੇ ਗੁਰੂ ਦੇ ਦਰ ਦਾ) ਦਰਵੇਸ਼ ਬਣ ਕੇ ਸੇਵਾ ਕਰਕੇ ਮਨਜ਼ੂਰ ਹੁੰਦਾ, ਭਾਵ ਪੁੱਗ ਜਾਂਦਾ ਹੈ। ੯. (ਐਸੇ ਸੇਵਕ ਨੂੰ ਫਿਰ ਜਿਵੇਂ) ਚੰਦ ਦੇ ਚੜ੍ਹਨ 'ਤੇ ਈਦ ਦੀਆਂ ਮੁਬਾਰਕਾਂ (ਵਧਾਈਆਂ) ਮਿਲਦੀਆਂ ਹਨ, (ਇਸੇ ਤਰ੍ਹਾਂ ਸੇਵਕ ਨੂੰ ਵੀ) ਪੁੱਗ ਖਲੋਣ ਮਗਰੋਂ ਵਧਾਈਆਂ ਮਿਲਦੀਆਂ ਹਨ॥ ੧੮॥

੧੯. ਮੁਰੀਦ ਦੀ ਘਾਲਣਾ ਦਾ ਹੋਰ ਹਾਲ

੧. ਪੈਰੀ ਪੈ ਪਾ-ਖਾਕੁ ਮੁਰੀਦੈ ਥੀਵਣਾ।
੨. ਗੁਰ ਮੂਰਤਿ ਮੁਸਤਾਕੁ ਮਰਿ ਮਰਿ ਜੀਵਣਾ।
੩. ਪਰਹਰਿ ਸਭੇ ਸਾਕ ਸੁਰੰਗ ਰੰਗੀਵਣਾ।
੪. ਹੋਰ ਨ ਝਖਣੁ ਝਾਕ ਸਰਣਿ ਮਨੁ ਸੀਵਣਾ।
੫. ਪਿਰਮ ਪਿਆਲਾ ਪਾਕ ਅਮਿਅ ਰਸੁ ਪੀਵਣਾ।
੬. ਮਸਕੀਨੀ ਅਉਤਾਕ ਅਸਥਿਰੁ ਥੀਵਣਾ।
੭. ਦਸ ਅਉਰਾਤਿ ਤਲਾਕ ਸਹਜਿ ਅਲੀਵਣਾ।
੮. ਸਾਵਧਾਨ ਗੁਰ ਵਾਕ ਨ ਮਨ ਭਰਮੀਵਣਾ।
੯. ਸਬਦ ਸੁਰਤਿ ਹੁਸਨਾਕ ਪਾਰਿ ਪਰੀਵਣਾ॥ ੧੯॥

ਪਦ ਅਰਥ - ਪਾ-ਖਾਕੁ=ਚਰਣ ਧੂੜੀ। ਮੁਸਤਾਕੁ=ਅਭਿਲਾਖੀ। ਝਾਕ=ਕਿਸੇ ਹੋਰ ਵੱਲ ਤੱਕਣਾ। ਅਉਤਾਕ=ਵਸੇਬਾ। ਦਸ ਅਉਰਾਤਿ=ਦਸ ਇੰਦ੍ਰੀਆਂ। ਅਲੀਵਣਾ=ਸਮਾ ਜਾਣਾ। ਹੁਸਨਾਕ=ਹੁਸ਼ਿਆਰ।

ਅਰਥ - ੧. ਮੁਰੀਦ ਐਸਾ ਹੋਵੇ ਕਿ ਗੁਰੂ ਦੀ ਚਰਣੀਂ ਲੱਗ, ਉਸੇ ਦੇ ਚਰਣਾਂ ਦੀ ਧੂੜੀ ਬਣ ਜਾਏ, ਜੇ ਕੋਈ ਮੁਰੀਦੀ ਚਾਹੁੰਦਾ ਹੈ। ੨. ਗੁਰੂ ਮੂਰਤਿ, (ਭਾਵ ਗੁਰੂ ਦੇ ਦਰਸ਼ਨਾਂ ਦਾ ਹੀ) ਪ੍ਰੇਮੀ ਬਣ ਜਾਏ, (ਸੰਸਾਰ ਵੱਲੋਂ) ਮਰੇ ਤੇ ਮਰ ਕੇ (ਫਿਰ ਗੁਰੂ ਲਈ ਹੀ) ਜੀਵੇ। ੩. ਸਾਕਾਂ ਸੰਬੰਧੀਆਂ, ਸਭਨਾਂ ਨੂੰ ਛੱਡ ਕੇ (ਇੱਕ ਗੁਰੂ-ਭਗਤੀ ਦੇ) ਸੋਹਣੇ ਰੰਗ ਵਿਚ ਰੰਗਿਆ ਜਾਵੇ। ੪. ਹੋਰ ਪਾਸੇ ਤਾਂਘ ਰੱਖਣ ਦੀਆਂ ਝਖਾਂ ਨਾ ਮਾਰੇ, (ਬਸ, ਇੱਕ ਪ੍ਰਭੂ ਤੇ ਗੁਰਦੇਵ ਦੀ) ਸ਼ਰਨ ਵਿਚ ਮਨ ਨੂੰ ਸੀਉਂ ਭਾਵ ਜੋੜ ਦੇਵੇ। ੫. ਪਿਰੀ (ਪ੍ਰਭੂ) ਦੇ ਪ੍ਰੇਮ ਰਸ ਦੇ ਪਿਆਲੇ ਦਾ ਪਵਿੱਤਰ ਅੰਮ੍ਰਿਤ ਰਸ ਹੀ ਪੀਂਦਾ ਰਹੇ। ੬. ਗਰੀਬੀ ਧਾਰ ਕੇ, ਬਸ ਗਰੀਬੀ (ਨਿਰਮਾਣਤਾ) ਵਿਚ ਹੀ ਰਹੇ, (ਉਸ ਨੂੰ ਭਰੋਸਾ ਹੋਵੇ ਕਿ ਉਹ ਮੁਰੀਦੀ ਵਿਚ ਨਿਰਮਾਣਤਾ ਵਿਚ ਰਹਿਕੇ) ਹੀ ਪੱਕਾ ਹੋ ਸਕੇਗਾ। ੭. ਦਸ ਔਰਤਾਂ (ਭਾਵ ਇੰਦ੍ਰੀਆਂ ਦੇ ਰਸ) ਨੂੰ ਤਲਾਕ ਦੇਵੇ, ਛੱਡ ਦੇਵੇ, ਤਾਂ ਸਹਿਜ-ਅਵਸਥਾ ਵਿਖੇ ਜਾ ਰਹੇਗਾ। ੮. ਗੁਰੂ ਦੇ ਵਾਕਾਂ ਭਾਵ ਗੁਰ-ਉਪਦੇਸ਼ ਨੂੰ ਸਾਵਧਾਨੀ ਨਾਲ ਕਮਾਵੇ ਤੇ ਮਨ ਨੂੰ ਭਰਮਾਂ ਵਿਚ ਨਾ ਪੈਣ ਦੇਵੇ। ੯. (ਇਸ ਤਰ੍ਹਾਂ) ਸ਼ਬਦ ਤੇ ਸੁਰਤ ਦੇ ਮੇਲ ਨੂੰ ਹੁਸ਼ਿਆਰੀ ਨਾਲ ਫੜੇ, (ਫੇਰ ਇਹ ਮੁਰੀਦੀ ਉਸ ਮੁਰੀਦ ਨੂੰ) ਸੰਸਾਰ ਸਮੁੰਦਰ ਤੋਂ ਪਾਰ ਕਰ ਦੇਵੇਗੀ॥ ੧੯॥

੨੦. ਪੂਰਨ ਸਿੱਖ ਦੀ ਤਸਵੀਰ

੧. ਸਤਿਗੁਰ ਸਰਣੀ ਜਾਇ ਸੀਸੁ ਨਿਵਾਇਆ।

੨. ਗੁਰ ਚਰਣੀ ਚਿਤੁ ਲਾਇ ਮਥਾ ਲਾਇਆ।
੩. ਗੁਰਮਤਿ ਰਿਦੈ ਵਸਾਇ ਆਪੁ ਗਵਾਇਆ।
੪. ਗੁਰਮੁਖਿ ਸਹਜਿ ਸੁਭਾਇ ਭਾਣਾ ਭਾਇਆ।
੫. ਸਬਦਿ ਸੁਰਤਿ ਲਿਵ ਲਾਇ ਹੁਕਮੁ ਕਮਾਇਆ।
੬. ਸਾਧਸੰਗਤਿ ਭੈ ਭਾਇ ਨਿਜ ਘਰੁ ਪਾਇਆ।
੭. ਚਰਣਕਵਲ ਪਤੀਆਇ ਭਵਰੁ ਲੁਭਾਇਆ।
੮. ਸੁਖ ਸੰਪਟ ਪਰਚਾਇ ਅਪਿਉ ਪੀਆਇਆ।
੯. ਧੰਨੁ ਜਣੇਦੀ ਮਾਇ ਸਹਿਲਾ ਆਇਆ॥ ੨੦॥ ੩॥

ਪਦ ਅਰਥ - ਨਿਜ ਘਰੁ=ਸ੍ਵੈ ਸ੍ਵਰੂਪ। ਪਤੀਆਇ=ਪਤੀਜ ਕੇ, ਠੀਕ ਜਾਣ ਕੇ। ਪਰਚਾਇ=ਪ੍ਰੇਮ ਸਹਿਤ। ਸਹਿਲਾ=ਸਫਲ।

ਅਰਥ - ੧. (ਜਿਸ ਸਿੱਖ ਨੇ) ਗੁਰੂ ਦੀ ਸ਼ਰਣ ਵਿਚ ਪੁੱਜ ਕੇ ਸੀਸ ਨਿਵਾਇਆ, (ਐਵੇਂ ਕੁ ਐਵੇਂ, ਰਸਮੀ ਤੌਰ 'ਤੇ ਨਹੀਂ, ਸਗੋਂ) ੨. ਗੁਰੂ ਚਰਣਾਂ 'ਤੇ ਚਿੱਤ ਨਾਲ ਮੱਥਾ ਰੱਖਿਆ, ਡੰਡਉਤ ਕੀਤੀ। ੩. (ਫਿਰ ਗੁਰ ਸ਼ਬਦ, ਭਾਵ) ਗੁਰੂ ਦੀ ਸਿੱਖਿਆ ਨੂੰ ਹਿਰਦੇ ਵਿਚ ਵਸਾ ਕੇ ਆਪਣੀ ਹੰਗਤਾ ਵਾਲੀ ਮੱਤ ਗੁਆ ਦਿੱਤੀ। ੪. (ਇਸ ਤਰ੍ਹਾਂ ਕਰਨ ਨਾਲ) ਗੁਰਸਿੱਖ ਨੂੰ ਸਹਿਜ ਸੁਭਾਅ ਹੀ ਪ੍ਰਭੂ ਦਾ ਭਾਣਾ ਮਿੱਠਾ ਲੱਗਾ। ੫. (ਫਿਰ ਉਸ ਨੇ) ਸ਼ਬਦ ਨੂੰ ਸੁਰਤ ਵਿਚ ਰੱਖ ਕੇ, ਗੁਰੂ-ਹੁਕਮ ਦੀ ਕਮਾਈ ਕੀਤੀ (ਨਾਮ ਜਪਿਆ, ਸਿਮਰਨ ਕੀਤਾ)। ੬. ਸਾਧ ਸੰਗਤ ਵਿਚ (ਪ੍ਰਭੂ ਦੇ) ਭੈ ਤੇ ਪ੍ਰੇਮ ਨਾਲ ਸੰਗਤ ਕਰਕੇ, ਆਪਣਾ ਸ੍ਵੈ ਸ੍ਵਰੂਪ ਲੱਭ ਲਿਆ। ੭. (ਪ੍ਰਭੂ ਪਰਮੇਸ਼ਰ ਦੇ) ਚਰਣ ਕਵਲਾਂ 'ਤੇ (ਯਕੀਨ ਲਿਆ ਕੇ ਫਿਰ) ਭੰਵਰੇ ਵਾਂਗ (ਫੁੱਲ ਤੇ ਲੁਭਾਇਮਾਨ ਹੋਣ ਵਾਂਗ) ਸਿੱਖ ਵੀ ਪ੍ਰੇਮ-ਭੌਰਾ ਬਣ ਗਿਆ। ੮. ਸੁਖਾਂ ਦੇ ਸੰਪਟ (ਖਜ਼ਾਨੇ) ਵਿਚ ਪਰਚ ਕੇ, (ਗੁਰੂ-ਸ਼ਬਦ ਦੇ ਰਸ ਦਾ) ਅੰਮ੍ਰਿਤ ਪੀਤਾ। ੯. (ਉਸ ਐਸੇ ਸਿੱਖ ਦੀ) ਜੰਮਣ ਵਾਲੀ ਮਾਤਾ ਧੰਨ ਹੈ ਤੇ ਉਸਦਾ ਜਨਮ ਸਫਲਾ ਹੋ ਗਿਆ॥ ੨੦॥ ੩॥

ਵਾਰ ੪

ੴ ਸਤਿਗੁਰ ਪ੍ਰਸਾਦਿ॥

੧. ਪ੍ਰਭੂ ਦਾ ਮੰਗਲ ਤੇ ਮਨੁਖਾ ਦੇਹ ਦੀ ਸਫਲਤਾ ਦਾ ਵਰਣਨ

੧. ਓਅੰਕਾਰਿ ਅਕਾਰੁ ਕਰਿ ਪਉਣੁ ਪਾਣੀ ਬੈਸੰਤਰੁ ਧਾਰੇ।
੨. ਧਰਤਿ ਅਕਾਸ ਵਿਛੋੜਿਅਨੁ ਚੰਦੁ ਸੂਰੁ ਦੁਇ ਜੋਤਿ ਸਵਾਰੇ।
੩. ਖਾਣੀ ਚਾਰਿ ਬੰਧਾਨ ਕਰਿ ਲਖ ਚਉਰਾਸੀਹ ਜੂਨਿ ਦੁਆਰੇ।
੪. ਇਕਸ ਇਕਸ ਜੂਨਿ ਵਿਚਿ ਜੀਅ ਜੰਤੁ ਅਣਗਣਤ ਅਪਾਰੇ।
੫. ਮਾਣਸ ਜਨਮੁ ਦੁਲੰਭੁ ਹੈ ਸਫਲ ਜਨਮੁ ਗੁਰ ਸਰਣਿ ਉਧਾਰੇ।
੬. ਸਾਧਸੰਗਤਿ ਗੁਰ ਸਬਦਿ ਲਿਵ ਭਾਇ ਭਗਤਿ ਗੁਰ ਗਿਆਨ ਵੀਚਾਰੇ।
੭. ਪਰਉਪਕਾਰੀ ਗੁਰੂ ਪਿਆਰੇ॥੧॥

ਪਦ ਅਰਥ - ਦੁਲੰਭੁ=ਦੁਰਲੱਭ। ਬੰਧਾਨ ਕਰਿ=ਬਣਾ ਕੇ।

ਅਰਥ - ੧. ਓਅੰਕਾਰ ਤੋਂ ਅਕਾਰ ਬਣਾ ਕੇ (ਪਰਮੇਸ਼ਰ ਨੇ) ਪੌਣ, ਪਾਣੀ, ਅਗਨੀ (ਆਦਿ ਪੰਜ ਤੱਤ) ਬਣਾਏ। ੨. ਧਰਤੀ ਤੇ ਆਕਾਸ਼ ਨੂੰ ਫਿਰ ਵਿਛੋੜ ਦਿੱਤਾ (ਭਾਵ ਧਰਤੀ ਥੱਲੇ ਤੇ ਉਪਰ ਆਕਾਸ਼ ਬਣਾ ਕੇ) ਚੰਦ ਤੇ ਸੂਰਜ (ਇਨ੍ਹਾਂ ਲਈ) ਦੋ ਜੋਤਾਂ ਬਣਾ ਦਿੱਤੀਆਂ। ੩. (ਇਸ ਪਿੱਛੋਂ) ਚਾਰ ਖਾਣੀਆਂ ਦੇ ਨਿਯਮ ਬਣਾ ਕੇ ਚੁਰਾਸੀ ਲੱਖ ਜੂਨਾਂ ਦੇ ਸਰੀਰ ਬਣਾ ਦਿੱਤੇ। ੪. ਇੱਕ ਇੱਕ ਜੂਨ ਵਿਚ ਅਪਾਰ, ਅਨਗਿਣਤ ਜੀਵ ਜੰਤੂ ਪੈਦਾ ਕਰ ਦਿੱਤੇ। ੫. (ਪਰ ਸਭਨਾਂ ਵਿਚੋਂ) ਮਨੁਖਾ ਜਨਮ ਦੁਰਲੱਭ ਹੈ, (ਪਰ ਫਿਰ ਵੀ) ਜੇ ਗੁਰ ਸ਼ਰਨੀ ਲੱਗ ਕੇ ਆਪਣੇ ਆਪ ਦਾ ਉਧਾਰ ਕਰੇ, ਤਾਂ ਸਫਲਾ ਹੈ, (ਤਾਂ ਹੀ ਦੁਰਲੱਭ ਹੈ)। ੬. ਸਾਧ ਸੰਗਤ ਵਿਚ ਜਾ ਕੇ, ਗੁਰ ਸ਼ਬਦ ਦਾ ਧਿਆਨ ਕਰੇ, ਚਿੱਤ ਜੋੜੇ, ਪ੍ਰੇਮ-ਭਾਵਨਾ ਗੁਰੂ ਦੇ ਬਖਸ਼ੇ ਗਿਆਨ (ਸ਼ਬਦ) ਦੀ ਵਿਚਾਰ ਕਰੇ। (ਭਾਵ ਦੁਰਲੱਭ ਮਨੁਖਾ ਜਨਮ ਨੂੰ ਸਫਲ ਕਰਨ ਲਈ, ਗੁਰੂ ਦੀ ਸ਼ਰਨੀ ਲੱਗ ਕੇ ਸਾਧ ਸੰਗਤ ਵਿਚੋਂ, ਗੁਰੂ ਦੇ ਗਿਆਨ ਦੀ ਵਿਚਾਰ ਕਰੇ, ਉਸਦੀ ਕਮਾਈ ਕਰੇ, ਘਾਲਣਾ ਘਾਲੇ)। ੭. ਪਰਉਪਕਾਰੀ ਸਤਿਗੁਰੂ ਨਾਲ ਪਿਆਰ ਕਰੇ ਤੇ ਆਪ ਵੀ ਉਪਕਾਰ ਕਰਨ ਵਾਲਾ ਜੀਵਨ ਬਣਾਵੇ॥੧॥

੨. ਨਿਮ੍ਰਤਾ ਦੀ ਵਿਸ਼ੇਸ਼ਤਾ

੧. ਸਭ ਦੂੰ ਨੀਵੀ ਧਰਤਿ ਹੈ ਆਪੁ ਗਵਾਇ ਹੋਈ ਓਡੀਣੀ।
੨. ਧੀਰਜੁ ਧਰਮੁ ਸੰਤੋਖੁ ਦ੍ਰਿੜੁ ਪੈਰਾਂ ਹੇਠਿ ਰਹੈ ਲਿਵ ਲੀਣੀ।
੩. ਸਾਧ ਜਨਾਂ ਦੇ ਚਰਣ ਛੁਹਿ ਆਢੀਣੀ ਹੋਈ ਲਾਖੀਣੀ।
੪. ਅੰਮ੍ਰਿਤ ਬੂੰਦ ਸੁਹਾਵਣੀ ਛਹਬਰ ਛਲਕ ਰੇਣੁ ਹੋਇ ਰੀਣੀ।
੫. ਮਿਲਿਆ ਮਾਣੁ ਨਿਮਾਣੀਐ ਪਿਰਮ ਪਿਆਲਾ ਪੀਇ ਪਤੀਣੀ।
੬. ਜੋ ਬੀਜੈ ਸੋਈ ਲੁਣੈ ਸਭ ਰਸ ਕਸ ਬਹੁ ਰੰਗ ਰੰਗੀਣੀ।
੭. ਗੁਰਮੁਖਿ ਸੁਖ ਫਲੁ ਹੈ ਮਸਕੀਣੀ ॥ ੨ ॥

ਪਦ ਅਰਥ - ਓਡੀਣੀ=ਨਿਮਾਣੀ। ਲਿਵ ਲੀਣੀ=ਪ੍ਰੇਮ ਵਿਚ ਲਿਵ ਲੱਗਣੀ। ਆਢੀਣੀ=ਅੱਧੇ ਮੁੱਲ ਦੀ। ਲਾਖੀਣੀ=ਲੱਖਾਂ ਦੀ। ਛਹਬਰ ਛਲਕ=ਲਗਾਤਾਰ ਝੜੀ ਲੱਗ ਜਾਣੀ। ਰੇਣੁ=ਧਰਤੀ।

ਅਰਥ - ੧. ਸਭ ਤੋਂ ਨੀਵੀਂ ਧਰਤੀ ਹੈ, ਜੋ ਆਪਾ ਗਵਾ ਕੇ, ਨਿਮਾਣੀ ਬਣੀ ਰਹਿੰਦੀ ਹੈ। ੨. ਧੀਰਜ, ਸੰਤੋਖ ਦੇ ਧਰਮ ਵਿਚ ਸਦਾ ਦ੍ਰਿੜ ਹੋ, ਪੈਰਾਂ ਹੇਠ ਰਹਿਣ ਵਿਚ ਹੀ ਪ੍ਰੀਤੀ ਲਾਈ ਰੱਖਦੀ ਹੈ। ੩. ਸੰਤਾਂ ਦੇ ਚਰਨਾਂ ਦੀ ਛੂਹ ਨਾਲ ਉਹ ਬੇਮੁਲੀ ਲੱਖਾਂ ਦੇ ਮੁਲ ਵਾਲੀ ਬਣ ਜਾਂਦੀ ਹੈ। ੪. ਨਿਰਮਲ ਅੰਮ੍ਰਿਤ ਰੂਪ ਮੀਂਹ ਦੀ ਛਹਬਰ ਤੇ ਛਲਕਾਂ ਨਾਲ, (ਭਾਵ ਇੱਕ-ਰਸ ਬਰਖਾ ਨਾਲ) ਧਰਤੀ ਰੱਜਦੀ ਹੈ। ੫. ਨਿਮਾਣੀ ਨੂੰ ਮਾਣ ਮਿਲਦਾ ਹੈ, (ਜਦ ਈਸ਼ਵਰ ਦੇ ਭੇਜੇ ਪਿਰਮ ਪਿਆਲੇ (ਮੀਂਹ ਨਾਲ ਸਰਸਬਜ਼ ਹੋ ਕੇ) ਪਤੀਜਦੀ ਭਾਵ ਤ੍ਰਿਪਤ ਹੁੰਦੀ ਹੈ। ੬. (ਇਸ ਸਮੇਂ) ਜੋ ਕੁਝ ਵੀ ਇਸ ਵਿਚ ਬੀਜਿਆ ਜਾਂਦਾ ਹੈ ਉਹੀ ਮਿਲਦਾ ਹੈ। ੭. ਵੱਡੇ ਰਸਾਂ ਕਸਾਂ ਦੇ ਰਸ ਨਾਲ ਰੰਗ ਰੰਗੀਨ (ਧਰਤੀ) ਵਿਚੋਂ ਗੁਰਮੁਖ ਸੁਖਾਂ ਦੇ ਫਲ (ਧਰਤੀ ਵਾਂਗ) ਗਰੀਬੀ (ਨਿਮ੍ਰਤਾ ਵਿਖੇ) ਸਮਝਦੇ ਹਨ ॥ ੨ ॥

੩. ਸਭ ਤੋਂ ਨੀਵੇਂ ਚਰਣ ਹਨ

੧. ਮਾਣਸ ਦੇਹ ਸੁ ਖੇਹ ਹੈ ਤਿਸੁ ਵਿਚਿ ਜੀਭੈ ਲਈ ਨਕੀਬੀ।
੨. ਅਖੀ ਦੇਖਨਿ ਰੂਪ ਰੰਗ ਰਾਗ ਨਾਦ ਕੰਨ ਕਰਨਿ ਰਕੀਬੀ।
੩. ਨਕਿ ਸੁਵਾਸੁ ਨਿਵਾਸੁ ਹੈ ਪੰਜੇ ਦੂਤ ਬੁਰੀ ਤਰਤੀਬੀ।
੪. ਸਭ ਦੂੰ ਨੀਵੇ ਚਰਣ ਹੋਇ ਆਪੁ ਗਵਾਇ ਨਸੀਬੁ ਨਸੀਬੀ।
੫. ਹਉਮੈ ਰੋਗੁ ਮਿਟਾਇਦਾ ਸਤਿਗੁਰ ਪੂਰਾ ਕਰੈ ਤਬੀਬੀ।

੬. ਪੈਰੀ ਪੈ ਰਹਰਾਸਿ ਕਰਿ ਗੁਰ ਸਿਖ ਸੁਣਿ ਗੁਰ ਸਿਖ ਮਨੀਬੀ।
੭. ਮੁਰਦਾ ਹੋਇ ਮੁਰੀਦੁ ਗਰੀਬੀ॥ ੩ ॥

ਪਦ ਅਰਥ - ਨਕੀਬੀ=ਉਹ ਸੇਵਾਦਾਰ ਜੋ ਅੰਦਰ ਦੀ ਗੱਲ ਬਾਹਰ ਆ ਕੇ ਦੱਸੇ। ਰਕੀਬੀ= ਨਿਗਹਬਾਨੀ, ਰਖਵਾਲੀ ਕਰਨ ਵਾਲਾ। ਤਰਤੀਬੀ=ਬਾਕਾਇਦਗੀ। ਨਸੀਬ ਨਸੀਬੀ=ਵੱਡੇ ਭਾਗਾਂ ਵਾਲੇ। ਤਬੀਬੀ=ਹਕੀਮੀ। ਮਨੀਬੀ=ਮੰਨ ਲੈਣਾ।

ਅਰਥ - ੧. ਮਨੁੱਖ ਦੇਹ ਮਿੱਟੀ ਦੀ ਹੈ, (ਪਰ ਪਰਮੇਸ਼ਰ ਦੀ ਬਖਸ਼ੀ ਸਤਾ ਨਾਲ) ਉਸ ਵਿਚ ਜੀਭ ਨੇ ਨਕੀਬੀ ਦਾ ਕੰਮ ਸਾਂਭਿਆ ਹੈ। ੨. ਅੱਖਾਂ ਰੂਪ ਰੰਗ ਦੇਖਦੀਆਂ ਹਨ ਤੇ ਕੰਨ ਰਾਗ ਨਾਦ (ਆਵਾਜ਼) ਸੁਣਾਉਣ ਵਾਲੇ ਜੰਤਰ ਦਾ ਕੰਮ ਸਾਂਭ ਲੈਂਦੇ ਹਨ। ੩. ਨੱਕ ਦਾ ਵਾਸ਼ਨਾ ਵਿਚ ਵਾਸਾ ਹੈ, ਤੇ ਪੰਜੇ ਦੂਤ (ਭਾਵ ਸ਼ਬਦ, ਸਪਰਸ਼, ਰੂਪ, ਰਸ, ਗੰਧ ਇਹ) ਬੁਰੀ ਸੋਹਬਤ ਦੀਆਂ ਤਦਬੀਰਾਂ ਦੱਸਣ ਵਾਲੇ (ਭੈੜੇ ਸਲਾਹਕਾਰ) ਹਨ। (ਮਤਲਬ ਇਹ ਕਿ ਕੰਨ ਮਿੱਠੀ ਆਵਾਜ਼, ਸਰੀਰ ਸਪਰਸ਼ਤਾ ਨੂੰ, ਨੇਤਰ ਰੂਪ ਨੂੰ, ਜੀਭ ਰਸ ਨੂੰ ਤੇ ਨੱਕ ਸੁਗੰਧੀ ਲਈ ਲੋਚਦੇ ਰਹਿੰਦੇ ਹਨ)। ੪. ਇਨ੍ਹਾਂ (ਗਿਆਨ ਇੰਦ੍ਰਿਆਂ) ਨਾਲੋਂ ਪੈਰ ਸਭ ਤੋਂ ਨੀਵੇਂ (ਥੱਲੇ) ਹਨ, ਉਹ ਆਪਾ ਭਾਵ ਗਵਾ ਕੇ (ਨਸੀਬ) ਉਚੇ ਭਾਗਾਂ ਨਾਲ ਭਾਗਾਂ ਵਾਲੇ ਹਨ, ੫. (ਜੇ ਉਹ) ਸਤਿਗੁਰੂ (ਦੀ ਸ਼ਰਨ ਵਿਚ ਜਾਣ, ਕਿਉਂਕਿ ਸਤਿਗੁਰੂ ਜੀ) ਪੂਰੇ ਵੈਦ ਹਨ, ਜੋ ਹਉਮੈ ਦੇ ਭਿਆਨਕ ਰੋਗ ਨੂੰ ਮਿਟਾ ਦਿੰਦੇ ਹਨ। ੬. ਪੈਰੀ ਪੈਣ ਦੀ ਰਹੁਰੀਤ 'ਤੇ ਚੱਲ ਕੇ, ਗੁਰੂ ਦੀ ਸਿੱਖਿਆ ਨੂੰ ਸਿਖ ਮੰਨ ਕੇ (ਉਸ 'ਤੇ) ਅਮਲ ਕਰਦੇ ਹਨ। ੭. ਗੁਰਸਿੱਖ ਲਈ ਇਹ ਵੱਡੀ ਸਿੱਖਿਆ ਹੈ ਕਿ ਉਹ ਪੈਰਾਂ ਦੇ ਨੀਵੇਂ ਹੋਣ ਵਾਂਗ) ਮੁਰਦਾ (ਭਾਵ ਨਿਮ੍ਰਤਾ) ਧਾਰਨ ਕਰੇ, ਫੇਰ ਮੁਰੀਦੀ (ਗੁਰਸਿੱਖੀ) ਦਾ ਧਾਰਨੀ ਸਮਝੋ॥ ੩ ॥

੪. ਛੋਟੀਆਂ ਚੀਜ਼ਾਂ ਦੇ ਵੱਡੇ ਗੁਣਾਂ ਦੀ ਮਿਸਾਲ

੧. ਲਹੁੜੀ ਹੋਇ ਚੀਚੁੰਗਲੀ ਪੈਧੀ ਛਾਪਿ ਮਿਲੀ ਵਡਿਆਈ।
੨. ਲਹੁੜੀ ਘਨਹਰ ਬੂੰਦ ਹੁਇ ਪਰਗਟੁ ਮੋਤੀ ਸਿਪ ਸਮਾਈ।
੩. ਲਹੁੜੀ ਬੂਟੀ ਕੇਸਰੈ ਮਥੈ ਟਿਕਾ ਸੋਭਾ ਪਾਈ।
੪. ਲਹੁੜੀ ਪਾਰਸ ਪਥਰੀ ਅਸਟ ਧਾਤੁ ਕੰਚਨੁ ਕਰਵਾਈ।
੫. ਜਿਉ ਮਣਿ ਲਹੁੜੇ ਸਪ ਸਿਰਿ ਦੇਖੈ ਲੁਕਿ ਲੁਕਿ ਲੋਕ ਲੁਕਾਈ।
੬. ਜਾਣਿ ਰਸਾਇਣੁ ਪਾਰਿਅਹੁ ਰਤੀ ਮੁਲਿ ਨ ਜਾਇ ਮੁਲਾਈ।
੭. ਆਪੁ ਗਵਾਇ ਨ ਆਪੁ ਗਣਾਈ॥ ੪ ॥

ਪਦ ਅਰਥ - ਲਹੁੜੀ=ਛੋਟੀ ਜਿਹੀ। ਸੋਭਾ=ਵੱਡੀ ਵਡਿਆਈ। ਪਥਰੀ=ਛੋਟਾ ਜਿਹਾ ਪੱਥਰ ਦਾ ਟੁਕੜਾ। ਲੁਕਾਈ=ਖਲਕਤ।

ਅਰਥ - ੧. ਨਿੱਕੀ ਉਂਗਲੀ ਚੀਚੀ ਨੂੰ (ਜਿਵੇਂ) ਮੁੰਦਰੀ ਪਾਉਣ ਦੀ ਵਡਿਆਈ ਮਿਲਦੀ ਹੈ।

੨. ਨਿੱਕੀ ਜਹੀ (ਸ੍ਵਾਂਤੀ) ਬੱਦਲ ਦੀ ਬੂੰਦ, (ਜਦੋਂ) ਸਿੱਪੀ ਵਿਚ ਆ ਪੈਂਦੀ ਹੈ, (ਤਾਂ ਉਹ ਬੂੰਦ ਸੁੱਚਾ) ਮੋਤੀ ਬਣ ਪ੍ਰਗਟ ਹੁੰਦੀ ਹੈ। ੩. ਨਿੱਕੀ ਜੇਹੀ ਕੇਸਰ ਦੀ ਬੂਟੀ (ਦੀ ਕਿੰਨੀ ਮਹੱਤਤਾ ਹੈ ਕਿ ਉਹ ਸ਼ੁਭ ਸਮਿਆਂ 'ਤੇ) ਮੱਥੇ 'ਤੇ ਲੱਗ ਕੇ, ਟਿੱਕਾ ਬਣ ਸ਼ੋਭਾ ਪਾਉਂਦੀ ਹੈ। ੪. ਨਿੱਕੀ ਪਾਰਸ ਦੀ ਪੱਥਰ ਦੀ ਟੁਕੜੀ, ਅੱਠਾਂ ਧਾਤਾਂ (ਨੂੰ ਛੂਹ ਜਾਵੇ ਤਾਂ) ਸੋਨਾ ਕਰ ਦੇਂਦੀ ਹੈ। ੫. ਜਿਵੇਂ ਸੱਪ ਦੇ ਸਿਰ ਵਿਚ ਨਿਕੀ ਜਹੀ ਮਣੀ ਹੁੰਦੀ ਹੈ ਜਿਸ ਨੂੰ ਲੁਕਾਈ (ਖਲਕਤ) ਲੁਕ ਲੁਕ ਕੇ ਪਈ ਵੇਖਦੀ ਹੈ। ੬. (ਇਸੇ ਤਰ੍ਹਾਂ) ਪਾਰੇ ਦੀ ਰਸਾਇਣ ਤੋਂ ਨਿੱਕੀ ਜੇਹੀ ਰੱਤ ਬਣਦੀ ਹੈ, (ਉਸਦਾ ਕਿਸੇ) ਮੁੱਲ ਨਾਲ ਵੀ ਮੁਕਾਬਲਾ ਨਹੀਂ ਕੀਤਾ ਜਾ ਸਕਦਾ (ਭਾਵ ਦੁਰਲੱਭ ਚੀਜ਼ ਹੋ ਜਾਂਦੀ ਹੈ)। ੭. (ਇਉਂ ਹੀ) ਜੋ ਆਪਾ ਭਾਵ (ਹੰਗਤਾ ਭਾਵ ਮੈਂ-ਮੇਰੀ) ਨੂੰ ਗਵਾ ਲੈਂਦੇ ਹਨ, (ਨਿਮ੍ਰਤਾ ਧਾਰਨ ਕਰ ਲੈਂਦੇ ਹਨ, ਉਹ) ਫਿਰ ਕਿਸੇ ਨੂੰ ਆਪਾ ਨਹੀਂ ਜਣਾਉਂਦੇ॥ ੪॥

੫. ਅੱਗ ਦੀ ਤਪਸ਼ ਅਤੇ ਜਲ ਦੀ ਨਿਮ੍ਰਤਾ

੧. ਅਗਿ ਤਤੀ ਜਲੁ ਸੀਅਰਾ ਕਿਤੁ ਅਵਗੁਣਿ ਕਿਤੁ ਗੁਣ ਵੀਚਾਰਾ।
੨. ਅਗੀ ਧੂਆ ਧਉਲਹਰੁ ਜਲੁ ਨਿਰਮਲ ਗੁਰ ਗਿਆਨ ਸੁਚਾਰਾ।
੩. ਕੁਲ ਦੀਪਕੁ ਬੈਸੰਤਰਹੁ ਜਲ ਕੁਲ ਕਵਲੁ ਵਡੇ ਪਰਵਾਰਾ।
੪. ਦੀਪਕ ਹੇਤੁ ਪਤੰਗ ਦਾ ਕਵਲ ਭਵਰ ਪਰਗਟੁ ਪਾਹਾਰਾ।
੫. ਅਗੀ ਲਾਟ ਉਚਾਟ ਹੈ ਸਿਰੁ ਉਚਾ ਕਰਿ ਕਰੈ ਕੁਚਾਰਾ।
੬. ਸਿਰੁ ਨੀਵਾ ਨੀਵਾਣਿ ਵਾਸੁ ਪਾਣੀ ਅੰਦਰਿ ਪਰਉਪਕਾਰਾ।
੭. ਨਿਵ ਚਲੈ ਸੋ ਗੁਰੂ ਪਿਆਰਾ॥ ੫॥

ਪਦ ਅਰਥ - ਸੀਅਰਾ=ਠੰਢਾ। ਧਉਲਹਰਿ=ਮਹਿਲ ਮਾੜੀਆਂ। ਕੁਲ=ਸਾਰੇ ਹੀ। ਪਾਹਾਰਾ=ਸੰਸਾਰ। ਉਚਾਟ=ਉਚਾਪਣ।

ਅਰਥ - ੧. ਅੱਗ ਤੱਤੀ ਅਤੇ ਪਾਣੀ ਠੰਢਾ ਹੈ, (ਇਹ) ਕਿਨ੍ਹਾਂ ਗੁਣਾਂ ਤੇ ਅਵਗੁਣਾਂ ਕਰਕੇ ਹੈ, ਇਸ ਗੱਲ ਦੀ ਵਿਚਾਰ ਕਰੋ। ੨. ਅੱਗ ਦੇ ਧੂੰਏਂ ਨਾਲ ਮਕਾਨਾਂ ਵਿਚ ਕਾਲਖ ਲੱਗਦੀ ਹੈ ਤੇ ਪਾਣੀ (ਉਸਨੂੰ) ਸਾਫ ਕਰਦਾ ਹੈ। ਗੁਰੂ ਦੇ (ਬਖਸ਼ੇ) ਗਿਆਨ ਨਲ ਇਸ (ਭੇਦ) ਨੂੰ ਚੰਗੀ ਤਰ੍ਹਾਂ ਵਿਚਾਰੋ। ੩. ਅੱਗ ਦੀ ਕੁਲ (ਬਲਦਾ ਦੀਵਾ) ਤੇ ਜਲ ਦੀ ਕੁਲ ਦਾ ਕੰਵਲ ਫੁੱਲ ਵੱਡੇ ਪਰਿਵਾਰ ਵਾਲੇ ਹਨ। ੪. ਦੀਵੇ ਦੀ ਲਾਟ ਨਾਲ ਪਤੰਗੇ ਦਾ ਤੇ ਕੰਵਲ ਨਾਲ ਭੰਵਰੇ ਦਾ ਪਿਆਰ ਹੈ, (ਪਰ ਪਤੰਗਾ ਲਾਟ ਨਾਲ ਸੜ ਮਰਦਾ ਤੇ ਭੌਰਾ ਫੁੱਲ 'ਤੇ ਮਸਤ ਹੋ, ਉਸੇ ਵਿਚ ਹੀ ਮਸਤ ਹੋ, ਫੁੱਲ ਦੀਆਂ ਪੰਖੜੀਆਂ ਵਿਚ ਹੀ ਬੰਦ ਹੋ ਕੇ ਮਰ ਜਾਂਦਾ ਹੈ)। ਇਹ ਗੱਲ ਸੰਸਾਰ ਤੇ ਪ੍ਰਗਟ (ਭਾਵ ਪ੍ਰਸਿੱਧ) ਹੈ। ੫. ਅੱਗ ਦੀ ਲਾਟ ਉੱਚੀ ਉੱਠਦੀ ਹੈ, ਤੇ ਜਿਸ ਨੂੰ ਵੀ ਲੱਗੇ, ਉਸੇ ਨੂੰ ਹੀ ਸਾੜ ਕੇ ਸੁਆਹ ਕਰ ਦੇਣ ਦਾ ਖੋਟਾ ਕੰਮ ਕਰਦੀ ਹੈ। ੬. ਪਾਣੀ (ਵਿਚ ਨਿਮ੍ਰਤਾ ਹੈ, ਉਹ) ਨੀਵਾਂ ਸਿਰ ਕਰਕੇ ਹੀ ਤੁਰਦਾ, ਤੇ ਨੀਵੀਆਂ ਥਾਵਾਂ 'ਤੇ ਹੀ ਨਿਵਾਸ ਰੱਖਦਾ ਹੈ (ਇਉਂ) ਪਾਣੀ ਵਿਚ ਪਰਉਪਕਾਰ (ਦੀ ਰੁਚੀ) ਹੈ। ੭.(ਇਸੇ ਤਰ੍ਹਾਂ ਉਹੀ ਸਿੱਖ) ਗੁਰੂ ਨੂੰ ਪਿਆਰਾ ਹੈ, ਜੋ ਨਿਵ ਕੇ ਚਲਦਾ ਹੈ॥ ੫॥

੬. ਮਜੀਠ ਤੇ ਕਸੁੰਭ ਦਾ ਕੱਚਾ ਪੱਕਾ ਰੰਗ

੧. ਰੰਗੁ ਮਜੀਠ ਕਸੁੰਭ ਦਾ ਕਚਾ ਪਕਾ ਕਿਤੁ ਵੀਚਾਰੇ।
੨. ਧਰਤੀ ਉਖਣਿ ਕਢੀਐ ਮੂਲ ਮਜੀਠ ਜੜੀ ਜੜਤਾਰੇ।
੩. ਉਖਲ ਮੁਹਲੇ ਕੁਟੀਐ ਪੀਹਣਿ ਪੀਸੈ ਚਕੀ ਭਾਰੇ।
੪. ਸਹੈ ਅਵੱਟਣੁ ਅੱਗਿ ਦਾ ਹੋਇ ਪਿਆਰੀ ਮਿਲੈ ਪਿਆਰੇ।
੫. ਪੋਹਲੀਅਹੁ ਸਿਰੁ ਕਢਿ ਕੈ ਫੁਲੁ ਕਸੁੰਭ ਚਲੁੰਭ ਖਿਲਾਰੇ।
੬. ਖਟ ਤੁਰਸੀ ਦੇ ਰੰਗੀਐ ਕਪਟ ਸਨੇਹੁ ਰਹੈ ਦਿਹ ਚਾਰੇ।
੭. ਨੀਵਾ ਜਿਣੈ ਉਚੇਰਾ ਹਾਰੇ ॥ ੬ ॥

ਪਦ ਅਰਥ - ਉੱਖਣ ਪੁਟਣਾ। ਉੱਖਲ=ਚੱਟੂ। ਅਵੱਟਣ=ਅੱਗ ਦਾ ਸੇਕ। ਪੋਟਲੀਅਹੁੰ=ਡੋਡੀ। ਚੁਲੁੰਭ=ਗਾੜ੍ਹਾ।

ਅਰਥ - ੧. ਮਜੀਠ ਤੇ ਕਸੁੰਭੇ ਦੇ ਕੱਚੇ ਪੱਕੇ ਰੰਗ ਦਾ ਨਿਰਣਾ, ਕਿਵੇਂ ਵੀਚਾਰੋਗੇ (ਭਾਵ ਕਿਵੇਂ ਸਮਝੋਗੇ ?) ੨. ਧਰਤੀ ਨੂੰ ਖੋਦ ਕੇ (ਮਜੀਠ) ਨੂੰ ਵਿਚੋਂ ਕੱਢੀਦਾ ਹੈ। ਮਜੀਠ ਦਾ ਮੁੱਢ ਬੂਟੇ ਦੀਆਂ ਸ਼ਾਖਾਂ ਨਾਲ ਜੜਿਆ ਹੁੰਦਾ ਹੈ। ੩. (ਧਰਤੀ ਵਿਚੋਂ ਕੱਢ ਕੇ ਇਸ ਨੂੰ ਫਿਰ) ਚੱਟੂ ਵਿਚ ਪਾ ਮੋਹਲੇ ਨਾਲ ਕੁੱਟੀਦਾ ਹੈ, ਚੱਕੀ ਦੇ ਭਾਰੇ ਚੱਕਾਂ ਨਾਲ ਫਿਰ ਇਸ ਨੂੰ ਬਰੀਕ ਕਰੀਦਾ ਹੈ। ੪. (ਫੇਰ ਇਹ ਮਜੀਠ) ਅੱਗ ਉਤੇ ਉਬਾਲੀ ਜਾਂਦੀ ਹੈ, (ਫੇਰ ਇਸ ਦੇ ਪੱਕੇ ਰੰਗ ਨੂੰ ਲਾ ਕੇ) ਪਿਆਰੀ, ਪਿਆਰੇ ਨੂੰ ਮਿਲਦੀ ਹੈ। (ਉਸ ਸਮੇਂ ਮਜੀਠ ਦੇ ਰੰਗ ਨਾਲ ਹੀ ਇਸਤ੍ਰੀਆਂ ਦੇ ਦੁਪੱਟੇ ਜਾਂ ਪੱਗਾਂ ਰੰਗੀਆਂ ਜਾਂਦੀਆਂ ਸਨ, ਜੋ ਨਵੇਂ ਵਿਆਹੇ ਜੋੜੇ ਦੀ ਨਿਸ਼ਾਨੀ ਹੁੰਦੀ ਸੀ)। ੫. ਡੋਡੀਆਂ ਤੋਂ ਸਿਰ ਕੱਢਦਾ ਸੀ। ਕਸੁੰਭੇ ਦਾ ਫੁੱਲ ਗੂੜ੍ਹਾ ਲਾਲ ਪ੍ਰਤੀਤ ਹੁੰਦਾ ਹੈ। ੬. (ਪਰ ਜਦੋਂ ਪਾਣੀ ਵਿਚ ਖਟਿਆਈ ਪਾ ਕੇ, ਕਾਹੜ ਕੇ (ਕੋਈ ਕੱਪੜਾ) ਰੰਗੀਦਾ ਹੈ, ਤਾਂ ਫਿਰ ਇਸ ਦੇ ਝੂਠੇ ਪ੍ਰੇਮ (ਕੱਚੇ ਰੰਗ) ਦਾ ਪਤਾ ਲੱਗਦਾ ਹੈ ਜੋ ਚਹੁੰ ਦਿਨਾਂ ਵਿਚ ਹੀ ਮੁੱਕ ਜਾਂਦਾ ਹੈ। ੭. ਨਿਮ੍ਰਤਾ ਵਾਲਾ ਜਿੱਤ ਜਾਂਦਾ ਹੈ, ਤੇ ਉੱਚਾ ਹਾਰ ਜਾਂਦਾ ਹੈ। (ਭਾਵ ਮਜੀਠ ਤਾਂ ਧਰਤੀ ਵਿਚੋਂ ਪੁੱਟ ਕੇ ਕੱਢੀਦੀ ਹੈ, ਤੇ ਕਸੁੰਭੇ ਦਾ ਫੁੱਲ ਧਰਤੀ ਤੋਂ ਬਾਹਰ ਹੁੰਦਾ ਹੈ। ਇਹਨਾਂ ਦੇ ਰੰਗ ਵਿਚਲੇ ਫਰਕ ਦਾ ਦ੍ਰਿਸ਼ਟਾਂਤ ਦੇ ਕੇ ਨਿਮ੍ਰਤਾ ਦੀ ਵਡਿਆਈ ਤੇ ਹੰਕਾਰ ਦੀ ਨਿਖੇਧੀ ਕੀਤੀ ਹੈ॥ ੬ ॥

੭. ਕੀੜੀ ਤੇ ਮੱਕੜੀ ਦਾ ਦ੍ਰਿਸ਼ਟਾਂਤ

੧. ਕੀੜੀ ਨਿਕੜੀ ਚਲਿਤ ਕਰਿ ਭ੍ਰਿੰਗੀ ਨੋ ਮਿਲਿ ਭ੍ਰਿੰਗੀ ਹੋਵੈ।
੨. ਨਿਕੜੀ ਦਿਸੈ ਮਕੜੀ ਸੂਤੁ ਮੁਹਹੁ ਕਢਿ ਫਿਰਿ ਸੰਗੋਵੈ।

੩. ਨਿਕੜੀ ਮਖਿ ਵਖਾਣੀਐ ਮਾਖਿਓ ਮਿਠਾ ਭਾਗਠੁ ਹੋਵੈ।
੪. ਨਿਕੜਾ ਕੀੜਾ ਆਖੀਐ ਪਟ ਪਟੋਲੇ ਕਰਿ ਢੰਗ ਢੋਵੈ।
੫. ਗੁਟਕਾ ਮੁਹ ਵਿਚਿ ਪਾਇ ਕੈ ਦੇਸ ਦਿਸੰਤਰਿ ਜਾਇ ਖੜੋਵੈ।
੬. ਮੋਤੀ ਮਾਣਕ ਹੀਰਿਆ ਪਾਤਿਸਾਹੁ ਲੈ ਹਾਰੁ ਪਰੋਵੈ।
੭. ਪਾਇ ਸਮਾਇਣੁ ਦਹੀ ਬਿਲੋਵੈ॥ ੭॥

ਪਦ ਅਰਥ - ਮੱਕੜੀ=ਉਹ ਕੀੜਾ, ਜੋ ਰੇਸ਼ਮ ਬਣਾਉਂਦਾ ਹੈ। ਭਾਗਠੁ=ਧਨਵਾਨ, ਭਾਗਾਂ ਵਾਲਾ। ਢੰਗ ਢੋਵੈ=ਵਿਆਹ ਸ਼ਾਦੀਆਂ ਸਮੇਂ। ਸਮਾਇਣੁ=ਜਾਗ ਲਾਉਣੀ। ਬਿਲੋਵੈ=ਰਿੜਕਣਾ।

ਅਰਥ - ੧. ਨਿੱਕੀ ਕੀੜੀ (ਜਦ) ਭ੍ਰਿੰਗੀ ਕੀੜੇ ਨਾਲ ਮਿਲਦੀ ਹੈ, (ਤਾਂ ਐਸਾ) ਕੌਤਕ ਹੁੰਦਾ ਹੈ ਕਿ ਕੀੜੀ ਭ੍ਰਿੰਗੀ ਦਾ ਰੂਪ ਹੋ ਜਾਂਦੀ ਹੈ। ੨. ਮੱਕੜੀ, ਦੇਖਣ ਵਿਚ ਨਿੱਕਾ ਜਿਹਾ ਕੀੜਾ ਹੈ, (ਜੋ ਸੈਂਕੜੇ ਗਜ਼) ਸੂਤ ਮੂੰਹ 'ਚੋਂ ਕਢਦਾ ਹੈ, ਤੇ ਫੇਰ ਉਸ ਨੂੰ ਨਿਗਲ ਜਾਂਦਾ ਹੈ। ੩. ਸ਼ਹਿਦ ਦੀ ਮੱਖੀ ਨਿੱਕੀ ਜੇਹੀ ਹੁੰਦੀ ਹੈ, ਪਰ (ਉਸ ਦਾ ਇੱਕਠਾ ਕੀਤਾ ਸ਼ਹਿਦ) ਧਨ ਵਾਲਿਆਂ ਦੇ ਘਰੀਂ ਪੁੱਜ ਜਾਂਦਾ ਹੈ। ੪. (ਏਸੇ ਤਰ੍ਹਾਂ) ਰੇਸ਼ਮ ਦਾ ਨਿੱਕਾ ਜਿਹਾ ਕੀੜਾ ਆਖੀਦਾ ਹੈ, ਪਰ ਉਸ ਦੀ ਬਦੌਲਤ ਬਣੇ ਰੇਸ਼ਮ ਤੇ ਜ਼ਰੀ ਦੇ ਕੱਪੜੇ ਵਿਆਹਾਂ 'ਤੇ (ਵਰੀ ਤੇ ਦਾਜਾਂ ਵਿਚ) ਢੋਂਦੇ ਹਨ। ੫. ਮੂੰਹ ਵਿਚ ਗੁਟਕਾ (ਮਣਕਾ) ਰੱਖਕੇ (ਜੋਗੀ ਤੇ ਸਪੇਰੇ ਲੋਕ) ਦੇਸ਼ ਦੇਸ਼ਾਂਤਰਾਂ ਵਿਚ ਜਾ ਵਿਚਰਦੇ ਹਨ। ੬. (ਏਸੇ ਤਰ੍ਹਾਂ) ਮੋਤੀ ਤੇ ਮਾਣਕ (ਹੀਰਿਆਂ) ਦੇ ਹਾਰ ਬਾਦਸ਼ਾਹਾਂ ਦੇ ਗਲ ਵਿਚ ਹਾਰ ਬਣ ਕੇ ਪੈਂਦੇ ਹਨ। ੭. ਥੋੜ੍ਹੀ ਜੇਹੀ ਜਾਗ ਲਾ ਕੇ (ਮਟਕਾ ਦੁੱਧ ਦਾ) ਦਹੀਂ ਬਣਾ ਕੇ ਰਿੜਕਿਆ ਜਾਂਦਾ ਹੈ। (ਏਸੇ ਨਿੱਕੀਆਂ ਚੀਜ਼ਾਂ ਦੇ ਵੱਡੇ ਫਲ ਦੱਸ ਕੇ, ਸਮਝਾਇਆ ਹੈ ਕਿ ਨਿੱਕੇ ਬਣੋ, ਭਾਵ ਨਿਮ੍ਰਤਾ ਧਾਰਨ ਕਰੋ, ਨਿਮ੍ਰਤਾ ਨਾਲ ਵੱਡੇ ਵੱਡੇ ਫਲ ਪ੍ਰਾਪਤ ਕੀਤੇ ਜਾ ਸਕਦੇ ਹਨ)॥ ੭॥

੮. ਮਾਮੂਲੀ ਘਾਹ ਕਿੰਨੇ ਕੰਮ ਕਰਦਾ ਹੈ

੧. ਲਤਾਂ ਹੇਠਿ ਲਤਾੜੀਐ ਘਾਹੁ ਨ ਕਢੈ ਸਾਹੁ ਵਿਚਾਰਾ।
੨. ਗੋਰਸੁ ਦੇ ਖੜੁ ਖਾਇ ਕੈ ਗਾਇ ਗਰੀਬੀ ਪਰਉਪਕਾਰਾ।
੩. ਦੁਧਹੁ ਦਹੀ ਜਮਾਈਐ ਦਹੀਅਹੁ ਮਖਣੁ ਛਾਹਿ ਪਿਆਰਾ।
੪. ਘਿਅ ਤੇ ਹੋਵਨਿ ਹੋਮ ਜਗ ਢੰਗ ਸੁਆਰਥ ਚਜ ਅਚਾਰਾ।
੫. ਧਰਮ ਧਉਲੁ ਪਰਗਟੁ ਹੋਇ ਧੀਰਜਿ ਵਹੈ ਸਹੈ ਸਿਰਿ ਭਾਰਾ।
੬. ਇਕੁ ਇਕੁ ਜਾਉ ਜਣੇਦਿਆਂ ਚਹੁ ਚਕਾਂ ਵਿਚਿ ਵਗ ਹਜਾਰਾ।
੭. ਤ੍ਰਿਣ ਅੰਦਰਿ ਵਡਾ ਪਾਸਾਰਾ॥ ੮॥

ਪਦ ਅਰਥ - ਗੋਰਸੁ=ਦੁੱਧ ਤੇ ਮੱਖਣ। ਖੜੁ=ਘਾਹ, ਪੱਠੇ। ਢੰਗ ਸੁਆਰਥ=ਵਿਆਹ ਆਦਿ ਖੁਸ਼ੀ ਦੇ ਕਾਰਜ। ਜਾਉ=ਵੱਛਾ, ਵੱਛੀ। ਪਾਸਾਰਾ=ਫੈਲਾਉ।

ਅਰਥ - ੧. ਘਾਹ, ਲੱਤਾਂ ਹੇਠ ਲਿਤਾੜਿਆ ਜਾਂਦਾ ਹੈ, ਸਾਹ ਲੈਣਾ ਵੀ ਵਿਚਾਰੇ ਲਈ ਔਖਾ ਹੁੰਦਾ ਹੈ। ੨. ਗਊ ਦੀ ਗਰੀਬੀ ਦੇਖੋ (ਜਿਥੇ ਕੋਈ ਚਾਹੇ, ਲੈ ਜਾਏ ਜਿਥੇ ਮਰਜ਼ੀ ਬੰਨ੍ਹ ਰੱਖੇ) ਪਰ ਉਸ ਦਾ ਉਪਕਾਰ ਦੇਖੋ ਕਿ ਘਾਹ-ਪੱਠਾ ਖਾ ਕੇ (ਅੰਮ੍ਰਿਤ ਵਰਗੀ ਵਸਤੂ) ਦੁੱਧ ਦੇਂਦੀ ਹੈ। ੩. ਦੁੱਧ ਤੋਂ ਦਹੀਂ ਜਮਾ ਕੇ, ਦਹੀਂ (ਨੂੰ ਰਿੜਕ ਕੇ, ਉਸ ਤੋਂ) ਮੱਖਣ ਤੇ ਲੱਸੀ ਬਣਦੇ ਹਨ, ਜੋ (ਸਭ ਨੂੰ) ਪਿਆਰੇ ਲੱਗਦੇ ਹਨ। (ਭਾਵ ਸਭ ਦੇ ਮਨਭਾਉਂਦੀ ਖੁਰਾਕ ਹੈ)। ੪. ਘਿਉ ਨਾਲ ਹੋਮ, ਜਗ, ਵਿਆਹ ਢੰਗਾਂ ਦੇ ਕਾਰਜ, ਤੇ ਹੋਰ ਏਸੇ ਤਰ੍ਹਾਂ ਦੇ ਕੰਮ ਕੀਤੇ ਜਾਂਦੇ ਹਨ। ੫. (ਗਾਂ ਤੋਂ ਜਨਮਿਆ ਵੱਛਾ) ਬਲਦ ਬਣਦਾ ਹੈ, ਜਿਸ ਦਾ ਕੰਮ (ਧਰਮ) ਹੀ ਇਹ ਬਣ ਜਾਂਦਾ ਹੈ ਕਿ ਉਹ ਪਿੱਠ 'ਤੇ ਭਾਰ ਚੁੱਕੇ, ਜਾਂ ਗਲ ਵਿਚ ਹਲ ਦੀ ਪੰਜਾਲੀ ਪਾ ਕੇ ਖਿੱਚੇ। ੬. ਇਸ ਤਰ੍ਹਾਂ ਗਾਵਾਂ ਦੇ ਜਣੇ ਵੱਛਿਆਂ ਦੇ ਹਜ਼ਾਰਾਂ ਵਗ ਚਾਰ ਚਕਾਂ ਵਿਖੇ (ਭਾਵ ਸਭ ਪਾਸੇ ਹੋ ਜਾਂਦੇ) ਹਨ ? ੭. ਇਸ ਤਰ੍ਹਾਂ ਘਾਹ ਦੇ ਤਿਣਾਂ ਨਾਲ ਵੱਡਾ ਫੈਲਾਉ (ਪਸਾਰਾ) ਹੋ ਜਾਂਦਾ ਹੈ। (ਏਥੇ ਵੀ ਘਾਹ ਤੋਂ ਨਿਮ੍ਰਤਾ ਧਾਰਨ ਦਾ ਹੀ ਉਪਦੇਸ਼ ਹੈ)॥ ੮॥

੯. ਨਿੱਕੇ ਜਿਹੇ ਤਿਲ ਦੀ ਮਿਸਾਲ

੧. ਲਹੁੜਾ ਤਿਲੁ ਹੋਇ ਜੰਮਿਆ ਨੀਚਹੁ ਨੀਚੁ ਨ ਆਪੁ ਗਣਾਇਆ।
੨. ਫੁਲਾਂ ਸੰਗਤਿ ਵਸਿਆ ਹੋਇ ਨਿਰਗੰਧੁ ਸੁਗੰਧੁ ਸੁਹਾਇਆ।
੩. ਕੋਲੂ ਪਾਇ ਪੀੜਾਇਆ ਹੋਇ ਫੁਲੇਲੁ ਖੇਲੁ ਵਰਤਾਇਆ।
੪. ਪਤਿਤੁ ਪਵਿਤ੍ਰ ਚਲਿਤ੍ਰ ਕਰਿ ਪਾਤਿਸਾਹ ਸਿਰਿ ਧਰਿ ਸੁਖੁ ਪਾਇਆ।
੫. ਦੀਵੈ ਪਾਇ ਜਲਾਇਆ ਕੁਲ ਦੀਪਕੁ ਜਗਿ ਬਿਰਦੁ ਸਦਾਇਆ।
੬. ਕਜਲੁ ਹੋਆ ਦੀਵਿਅਹੁ ਅਖੀ ਅੰਦਰਿ ਜਾਇ ਸਮਾਇਆ।
੭. ਬਾਲਾ ਹੋਇ ਨ ਵਡਾ ਕਹਾਇਆ॥ ੯॥

ਪਦ ਅਰਥ - ਲਹੁੜਾ=ਨਿੱਕਾ ਜਿਹਾ। ਨਿਰਗੰਧੁ=ਵਾਸ਼ਨਾ ਰਹਿਤ। ਸੁਗੰਧੁ=ਭਲੀ ਵਾਸ਼ਨਾ। ਬਾਲਾ=ਵੱਡਾ।

ਅਰਥ - ੧. ਨਿੱਕਾ ਜਿਹਾ ਤਿਲ ਹੋ ਕੇ ਜੰਮਿਆ, ਨੀਵੇਂ ਤੋਂ ਨੀਵਾਂ ਹੋ, ਉਸ ਨੇ ਆਪਣੇ ਗੁਣ ਨੂੰ ਨਾ ਜਣਾਇਆ। ੨. ਫੁੱਲਾਂ ਵਿਚ ਜਦੋਂ ਇਸ ਨਿਰਵਾਸ਼ਨਾ ਨੇ ਵਾਸਾ ਕੀਤਾ, ਤਾਂ ਚੰਗੀ ਵਾਸ਼ਨਾ ਨਾਲ ਸੁਭਾਇਮਾਨ ਹੋ ਪਿਆ। ੩. (ਇਥੋਂ ਉਤਾਰ ਕੇ, ਜਦ ਇਹ) ਕੋਹਲੂ ਵਿਚ ਪੀੜਿਆ ਗਿਆ ਤਾਂ ਫੁਲੇਲ ਬਣ ਕੇ ਚੰਗਾ ਖੇਲ ਖੇਲਿਆ। ੪. ਪਤਿਤਾਂ ਨੂੰ ਪਵਿੱਤਰ ਕਰਨ ਵਾਲੇ ਪ੍ਰਭੂ ਨੇ (ਫਿਰ ਐਸਾ) ਕੌਤਕ ਵਰਤਾਇਆ ਕਿ ਇਸੇ ਫੁਲੇਲ ਨੂੰ ਬਾਦਸ਼ਾਹਾਂ ਨੇ ਸਿਰ ਵਿਚ ਲਾ ਕੇ ਸੁਖ ਪ੍ਰਾਪਤ ਕੀਤਾ। (ਤਿਲ ਦੇ ਤੇਲ ਨੇ ਦੁਖਦੇ ਤੇ ਥੱਕੇ ਦਿਮਾਗ

ਨੂੰ ਸ਼ਾਂਤੀ ਦਿੱਤੀ। ਭਾਵ ਤਿਲ ਵਰਗੇ ਕਾਲੇ ਪਾਪੀਆਂ ਨੂੰ ਪਾਤਸ਼ਾਹਾਂ ਨੂੰ ਸੁਖ ਦੇਣ ਵਾਲੀ ਵਸਤੂ ਫੁਲੇਲ ਬਣਾ ਦਿੱਤਾ)। ੫. ਇਹੋ ਤੇਲ ਜਦੋਂ ਦੀਵੇ ਵਿਚ ਪੈ ਕੇ ਸੜਿਆ, ਤਾਂ ਇਹ ਕੁਲ ਦੀਪਕ ਕਹਾਇਆ, ਭਾਵ ਕੁਲ ਦਾ ਦੀਪਕ (ਬਿਰਦ) ਬਣਿਆ। ੬. (ਫਿਰ ਦੀਵੇ ਤੋਂ) ਕੱਜਲ (ਸੁਰਮਾ) ਬਣ ਕੇ ਕੋਮਲ ਅੱਖਾਂ ਵਿਚ ਜਾ ਬੈਠਾ। ੭. ਇਉਂ ਇੰਨੀਆਂ ਖੂਬੀਆਂ ਦੇ ਮਾਲਕ ਹੁੰਦੇ ਨੇ, ਆਪਣਾ ਆਪ ਨ ਜਣਾਇਆ॥ ੯॥

੧੦. ਵੜੇਵੇਂ ਦੇ ਵਿਸਥਾਰ ਦੀ ਕਹਾਣੀ

੧. ਹੋਇ ਵੜੇਵਾਂ ਜਗ ਵਿਚਿ ਬੀਜੇ ਤਨੁ ਖੇਹ ਨਾਲਿ ਰਲਾਇਆ।
੨. ਬੂਟੀ ਹੋਇ ਕਪਾਹ ਦੀ ਟੀਂਡੇ ਹਸਿ ਹਸਿ ਆਪੁ ਖਿੜਾਇਆ।
੩. ਦੂਹੁ ਮਿਲਿ ਵੇਲਣੁ ਵੇਲਿਆ ਲੂੰ ਲੂੰ ਕਰਿ ਤੁੰਬੁ ਤੁੰਬਾਇਆ।
੪. ਪਿੰਵਣਿ ਪਿੰਵ ਉਡਾਇਆ ਕਰਿ ਕਰਿ ਗੋੜੀ ਸੂਤ ਕਤਾਇਆ।
੫. ਤਣਿ ਵੁਣਿ ਖੁੰਬਿ ਚੜਾਇ ਕੈ ਦੇ ਦੇ ਦੁਖੁ ਧੁਆਇ ਰੰਗਾਇਆ।
੬. ਕੈਚੀ ਕਟਣਿ ਕਟਿਆ ਸੂਈ ਧਾਗੇ ਜੋੜਿ ਸੀਵਾਇਆ।
੭. ਲੱਜਣੁ ਕੱਜਣੁ ਹੋਇ ਕਜਾਇਆ॥੧੦॥

ਪਦ ਅਰਥ - ਵੜੇਵਾਂ=ਕਪਾਹ ਦਾ ਬੀਜ। ਲੂੰ ਲੂੰ=ਵਾਲਾਂ ਵਾਂਗ। ਗੋੜੀ=ਗੋਹੜੇ। ਪਿੰਵਣਿ=ਪਿੰਜਣ ਵਾਲਾ ਪੇਂਜਾ।

ਅਰਥ - ੧. ਜੱਗ ਵਿਚ ਵੜੇਵੇਂ ਨੇ ਪੈਦਾ ਹੋ ਕੇ, (ਧਰਤੀ ਵਿਚ ਬੀਜਿਆ ਜਾ ਕੇ) ਮਿੱਟੀ ਵਿਚ ਆਪਣੇ ਆਪ ਨੂੰ ਮਿੱਟੀ ਕਰ ਦਿੱਤਾ। ੨. (ਇਸ ਦੀ ਇਸ ਘਾਲਣਾ ਤੋਂ) ਕਪਾਹ ਦਾ ਬੂਟਾ ਉਗਿਆ, ਜਿਸ ਨਾਲ (ਕਪਾਹ ਦੇ) ਟੀਂਡਿਆਂ ਨੇ ਲੱਗ ਹੱਸ ਹੱਸ ਆਪਣੇ ਆਪ ਨੂੰ ਖੇੜਾ ਦਿੱਤਾ। ੩. ਦੋਹਾਂ ਨੂੰ ਬੂਟੇ ਤੋਂ ਲਾਹ ਕੇ, ਵੇਲਣੇ ਵਿਚ ਵੇਲਿਆ ਗਿਆ, ਕਪਾਹ ਕੱਢੀ ਤੇ ਤੁੰਬਿਆ, ਫਿਰ (ਪੇਂਜੇ ਨੇ) ਪਿੰਜਿਆ। ਇਸ ਦਾ ਲੂੰ ਲੂੰ ਉਡਾ ਦਿੱਤਾ। ੪. ਫਿਰ (ਘਰਾਂ ਵਿਚ ਆ ਕੇ) ਗੋਹੜੇ ਕਰ ਕਰ ਸੂਤ ਕੱਤਿਆ ਗਿਆ। ੫. ਤਣਿਆ, ਫੇਰ ਉਣਿਆ ਤੇ ਫਿਰ ਖੁੰਬੇ ਚੜ੍ਹਾ ਕੇ, ਵੱਡੇ ਵੱਡੇ ਦੁੱਖ ਦੇ ਕੇ ਧੁਆਇਆ ਤੇ ਰੰਗਾਇਆ ਗਿਆ। ੬. (ਕੱਪੜੇ ਨੂੰ) ਕੈਂਚੀ ਨੇ ਕੱਟਿਆ, (ਫਿਰ) ਕੱਟ ਕੇ ਮੇਚੇ ਦੇ ਤਿਆਰ ਹੋਏ ਕੱਪੜੇ ਨੂੰ ਸੂਈ ਨੇ ਧਾਗੇ ਨਾਲ ਜੁੜ ਕੇ ਸੀਤਾ ਤੇ ਜੋੜ ਦਿੱਤਾ। ੭. (ਵੜੇਵੇਂ ਦੀ ਇਸ ਨਿਮ੍ਰਤਾ ਨਾਲ) ਅਖੀਰ ਕੱਪੜੇ ਨੇ ਪਾਉਣ ਵਾਲੇ ਦਾ ਕੱਜਣ ਕੱਜਿਆ। ਇਸ ਤਰ੍ਹਾਂ ਇਹ ਸਾਧਾਰਨ ਜਿਹਾ ਵੜੇਂਵਾ ਲੋਕਾਂ ਦੇ ਸਰੀਰਾਂ ਨੂੰ ਢੱਕਣ ਵਾਲਾ (ਪਰਉਪਕਾਰੀ) ਬਣਿਆਂ॥ ੧੦॥

੧੧. ਅਨਾਰਦਾਣੇ ਦਾ ਦ੍ਰਿਸ਼ਟਾਂਤ

੧. ਦਾਣਾ ਹੋਇ ਅਨਾਰ ਦਾ ਹੋਇ ਧੂੜ ਧੂੜੀ ਵਿਚ ਧੱਸੈ।

੨. ਹੋਇ ਬਿਰਖੁ ਹਰੀਆਵਲਾ ਲਾਲ ਗੁਲਾਲਾ ਫਲ ਵਿਗੱਸੈ।
੩. ਇਕਤੁ ਬਿਰਖ ਸਹਸ ਫੁਲ, ਫੁਲ ਫਲ ਇਕ ਦੂ ਇਕ ਸਰੱਸੈ।
੪. ਇਕ ਦੂ ਦਾਣੇ ਲਖ ਹੋਇ ਫਲ ਫਲ ਦੇ ਮਨ ਅੰਦਰਿ ਵੱਸੈ।
੫. ਤਿਸੁ ਫਲ ਤੋਟਿ ਨ ਆਵਈ ਗੁਰਮੁਖਿ ਸੁਖੁ ਫਲੁ ਅੰਮ੍ਰਿਤੁ ਰੱਸੈ।
੬. ਜਿਉ ਜਿਉ ਲੱਯਨਿ ਤੋੜਿ ਫਲਿ ਤਿਉ ਤਿਉ ਫਿਰਿ ਫਿਰਿ ਫਲੀਐ ਹੱਸੈ।
੭. ਨਿਵ ਚਲਣੁ ਗੁਰ ਮਾਰਗੁ ਦੱਸੈ॥ ੧੧॥

ਪਦ ਅਰਥ - ਵਿਗੱਸੈ = ਖਿੜਦਾ ਹੈ। ਸਰੱਸੈ = ਸਹਿਤ ਰਸ ਦੇ। ਲਾਲ ਗੁਲਾਲਾ= ਗੂਹੜਾ ਲਾਲ ਰੰਗ।

ਅਰਥ - ੧. ਅਨਾਰ ਦਾ ਦਾਣਾ, ਧਰਤੀ ਵਿਚ ਧੂੜ ਬਣ ਧਸ ਜਾਂਦਾ ਹੈ। ੨. ਇਸ ਇੱਕ ਦਾਣੇ ਤੋਂ ਫੇਰ ਹਰਾ ਭਰਾ ਬੂਟਾ, ਬ੍ਰਿਛ ਬਣਦਾ ਹੈ, ਜਿਸ ਨੂੰ ਪਹਿਲੇ ਲਾਲ ਗੁਲਾਲਾ (ਗੂਹੜੇ ਲਾਲ ਰੰਗ ਦੇ) ਫੁੱਲ ਲੱਗਦੇ ਹਨ। ੩. ਇੱਕ ਬ੍ਰਿਛ ਤੋਂ ਹੀ ਹਜ਼ਾਰਾਂ ਫਲ ਤੇ ਫੁੱਲ, ਇੱਕ ਤੋਂ ਵਧੀਕ ਹੋ ਵਧਦੇ ਫੁਲਦੇ ਹਨ। ੪. ਇੱਕ ਦਾਣੇ ਤੋਂ ਲੱਖਾਂ ਦਾਣੇ ਬਣ ਫਲਾਂ ਦੇ ਢਿਡਾਂ ਭਾਵ ਮਨਾਂ ਵਿਚ ਵਸ ਜਾਂਦੇ ਹਨ। ੫. ਬ੍ਰਿਛ ਦੇ ਉਨ੍ਹਾਂ ਫਲਾਂ ਨੂੰ ਫਿਰ ਤੋਟ ਨਹੀਂ ਆਉਂਦੀ, (ਜਿਸ ਤਰ੍ਹਾਂ) ਗੁਰਮੁਖਾਂ ਨੂੰ ਅੰਮ੍ਰਿਤ ਰੂਪ (ਨਾਮ) ਰਸ ਦੀ ਤੋਟ ਨਹੀਂ ਆਉਂਦੀ। ੬. ਜਿਉਂ ਜਿਉਂ ਫਲ ਤੋੜੇ ਜਾਂਦੇ ਹਨ, ਤਿਉਂ ਤਿਉਂ ਫਲ ਹੋਰ ਤੇ ਹੋਰ ਲੱਗਦੇ ਜਾਂਦੇ ਭਾਵ ਫੁੱਲ ਖਿੜ ਖਿੜ ਹੱਸਦੇ ਤੇ ਵਧਦੇ ਜਾਂਦੇ ਹਨ। ੭. (ਇਉਂ) ਸਤਿਗੁਰੂ ਜੀ ਨਿਉਂ ਕੇ ਚਲਣ ਦਾ (ਸੁਖਦਾਈ) ਮਾਰਗ ਦਸਦੇ ਹਨ॥ ੧੧॥

੧੨. ਸ਼ੁੱਧ ਸੋਨੇ ਦੀ ਵਿਸ਼ੇਸ਼ਤਾ

੧. ਰੇਣਿ ਰਸਾਇਣ ਸਿਝੀਐ ਰੇਤੁ ਹੇਤੁ ਕਰਿ ਕੰਚਨੁ ਵਸੈ।
੨. ਧੋਇ ਧੋਇ ਕਣੁ ਕਢੀਐ ਰਤੀ ਮਾਸਾ ਤੋਲਾ ਹਸੈ।
੩. ਪਾਇ ਕੁਠਾਲੀ ਗਾਲੀਐ ਰੈਣੀ ਕਰਿ ਸੁਨਿਆਰਿ ਵਿਗਸੈ।
੪. ਘੜਿ ਘੜਿ ਪਤ੍ਰ ਪਖਾਲੀਅਨਿ ਲੂਣੀ ਲਾਇ ਜਲਾਇ ਰਹਸੈ।
੫. ਬਾਰਹ ਵੰਨੀ ਹੋਇ ਕੈ ਲਗੈ ਲਵੈ ਕਸਉਟੀ ਕਸੈ।
੬. ਟਕਸਾਲੈ ਸਿਕਾ ਪਵੈ ਘਣ ਅਹਰਣਿ ਵਿਚਿ ਅਚਲੁ ਸਰਸੈ।
੭. ਸਾਲੁ ਸੁਨਈਆ ਪੋਤੈ ਪਸੈ॥ ੧੨॥

ਪਦ ਅਰਥ - ਰੇਣਿ=ਕਿਣਕਾ। ਹਸੈ=ਚਮਕਦਾ ਹੈ। ਰੈਣੀ=ਭੇਲੀ, ਭਾਵ ਡਲੀ। ਪਖਾਲੀਅਨਿ=ਧੋਤੇ ਜਾਣਾ। ਲੂਣੀ=ਮਸਾਲੇ। ਰਹਸੈ=ਪ੍ਰਸੰਨ ਹੋਣਾ। ਸਾਲੁ ਸੁਨਈਆ=ਸ਼ੁਧ ਮੋਹਰ। ਪੋਤੈ=ਖਜ਼ਾਨਾ।

ਅਰਥ - ੧. (ਸੋਨਾ ਰੇਤ ਵਿਚੋਂ ਨਿਕਲਦਾ ਹੈ, ਇਸ ਰੇਤ ਦੇ) ਕਿਣਕਿਆਂ ਤੋਂ ਰਸਾਇਣ ਮਿਲਦੀ ਹੈ। ਕਿਉਂਕਿ ਸੋਨਾ ਰੇਤ ਵਿਚ ਹੀ ਵਸਦਾ ਹੈ। ੨. ਧੋ ਧੋ ਕੇ ਕਿਣਕੇ ਕੱਢੀਦੇ ਹਨ, (ਪਰ ਜਦੋਂ) ਰਤੀ, ਮਾਸਾ ਜਾਂ ਤੋਲੇ ਦੇ ਰੂਪ ਵਿਚ ਇਕੱਠਾ ਹੋ ਜਾਵੇ, ਤਾਂ ਫਿਰ ਉਹ ਆਪਣੀ ਚਮਕ ਦਰਸਾਉਂਦਾ ਹੈ। ੩. ਉਸ ਨੂੰ (ਪਰਖਣ ਲਈ) ਕੁਠਾਲੀ ਵਿਚ ਪਾ ਕੇ ਢਾਲੀਦਾ ਹੈ। ਉਸ ਦੀ ਡਲੀ ਬਣਾ ਕੇ ਸੁਨਿਆਰਾ ਖੁਸ਼ ਹੁੰਦਾ ਹੈ। ੪. ਪੱਤਰੇ ਕਰ ਕਰ ਧੋਂਦਾ ਹੈ, ਤੇ ਮਸਾਲੇ ਲਾ ਲਾ (ਉਸ ਨੂੰ ਬਿਲਕੁਲ ਸ਼ੁੱਧ ਕਰਨ ਲਈ) ਅੱਗਾਂ ਦੇਂਦਾ ਤੇ ਖੁਸ਼ ਹੁੰਦਾ ਹੈ (ਕਿ ਮੇਰੀ ਮੇਹਨਤ ਸਫਲ ਹੋ ਰਹੀ ਹੈ)। ੫. ਜਦੋਂ (ਇਉਂ ਕਰਦੇ ਕਰਦੇ) ਸੋਨਾ ੧੨ ਵੰਨੀਆਂ ਦਾ ਸ਼ੁੱਧ ਹੋਇਆ ਦੇਖਦਾ ਹੈ, ਤਾਂ ਫੇਰ ਵੀ ਕੱਸ 'ਤੇ ਲਾ ਕੇ, ਰਸ ਲਾ ਕੇ ਪਰਖਦਾ ਹੈ। ੬. ਫੇਰ ਇਹੋ ਸੋਨਾ ਟਕਸਾਲ ਵਿਚ ਪੈ ਕੇ (ਬਾਦਸ਼ਾਹੀ) ਸਿੱਕਾ ਬਣਦਾ ਹੈ। ਵਦਾਣ ਤੇ ਅਹਰਣ ਵਿਚ (ਪਰਖਣ 'ਤੇ) ਉਸ ਦੀ ਚਮਕ ਕਾਇਮ ਰਹਿੰਦੀ ਹੈ। ੭. ਇਉਂ ਸੋਨੇ ਦੀ ਸ਼ੁੱਧ ਮੋਹਰ ਬਣ ਕੇ ਪਾਤਸ਼ਾਹੀ ਖਜ਼ਾਨੇ ਵਿਚ ਪੈਂਦੀ ਹੈ॥ ੧੨ ॥

੧੩. ਖਸਖਾਸ ਦੇ ਦਾਣੇ ਦੀ ਮਿਸਾਲ

੧. ਖਸਖਸ ਦਾਣਾ ਹੋਇ ਕੈ ਖਾਕ ਅੰਦਰਿ ਹੋਇ ਖਾਕ ਸਮਾਵੈ।
੨. ਦੋਸਤੁ ਪੋਸਤੁ ਬੂਟੁ ਹੋਇ ਰੰਗ ਬਿਰੰਗੀ ਫੁੱਲ ਖਿੜਾਵੈ।
੩. ਹੋਡਾ ਹੋਡੀ ਡੋਡੀਆ ਇਕ ਦੂੰ ਇਕ ਚੜ੍ਹਾਉ ਚੜ੍ਹਾਵੈ।
੪. ਸੂਲੀ ਉਪਰਿ ਖੇਲਣਾ ਪਿਛੋਂ ਦੇ ਸਿਰਿ ਛਤ੍ਰੁ ਧਰਾਵੈ।
੫. ਚੁਖੁ ਚੁਖੁ ਹੋਇ ਮਲਾਇ ਕੈ ਲੋਹੂ ਪਾਣੀ ਰੰਗਿ ਰੰਗਾਵੈ।
੬. ਪਿਰਮ ਪਿਆਲਾ ਮਜਲਸੀ ਜੋਗ ਭੋਗ ਸੰਜੋਗ ਬਣਾਵੈ।
੭. ਅਮਲੀ ਹੋਇ ਸੁ ਮਜਲਸ ਆਵੈ॥ ੧੩ ॥

ਪਦ ਅਰਥ - ਹੋਡਾ ਹੋਡੀ=ਰੀਸੋ ਰੀਸੀ। ਸੂਲੀ=ਡੋਡੀ। ਚੁਖੁ ਚੁਖੁ=ਮਲ ਮਲ ਕੇ ਟੁਕੜੇ ਕਰਨ।

ਅਰਥ - ੧. ਖਸਖਾਸ ਦਾ ਦਾਣਾ ਬੀਜ ਬਣ ਕੇ ਮਿੱਟੀ ਵਿਚ ਮਿਲ ਜਾਂਦਾ ਹੈ। ੨. ਪਿਆਰੇ ਦੋਸਤ ਪੋਸਤ ਦਾ ਪੋਦਾ ਬਣ ਕੇ ਤਰ੍ਹਾਂ ਤਰ੍ਹਾਂ ਦੇ ਫੁੱਲ ਪੈਦਾ ਕਰਦਾ (ਖਿੜਾਉਂਦਾ) ਹੈ। ੩. ਰੀਸੋ ਰੀਸੀ (ਇਸ ਪੋਦੇ ਦੀਆਂ) ਡੋਡੀਆਂ (ਜਿਨ੍ਹਾਂ 'ਤੇ ਫੁੱਲ ਲੱਗਦੇ ਹਨ) ਇੱਕ ਤੋਂ ਅੱਗੇ ਹੋ ਹੋ ਆਪਣਾ ਆਪ ਪ੍ਰਗਟਾਉਂਦੀਆਂ ਹਨ। ੪. ਸੂਲੀ (ਭਾਵ ਡੰਡੀ) ਉਪਰ ਪੋਸਤ ਹੁੰਦਾ ਹੈ, ਜਿਸ ਦਾ ਸਿਰ ਮਗਰੋਂ ਛਤਰ ਵਾਂਗੂੰ ਬਣਦਾ ਹੈ। ੫. (ਫਿਰ ਇਸੇ) ਛਤਰ ਰੂਪ ਡੋਡੀ ਨੂੰ ਮਲ ਮਲ ਕੇ ਨਿੱਕੇ ਨਿੱਕੇ ਟੁਕੜੇ ਕਰ ਦਿੰਦੇ ਹਨ। ਧੋਣ 'ਤੇ ਪਾਣੀ ਲਹੂ ਵਰਗਾ ਲਾਲ ਹੁੰਦਾ ਹੈ। ੬. ਏਹੀ ਪਾਣੀ ਫਿਰ ਪਿਆਲਿਆਂ ਵਿਚ ਪਾ ਕੇ ਜੋਗੀ ਤੇ ਭੋਗੀ (ਜੋਗੀ ਜੋਗ ਦੀ ਸਮਾਧੀ ਲਈ ਤੇ ਭੋਗੀ ਭੋਗ ਦਾ ਰਸ ਮਾਨਣ ਲਈ) ਪੀਂਦੇ ਤੇ ਮਸਤੀ ਦਾ ਸੰਜੋਗ ਪ੍ਰਾਪਤ ਕਰਦੇ ਹਨ। ੭. ਇਸ ਦੀ ਮਜਲਸ (ਪੋਸਤੀਆਂ ਦੀ ਸਭਾ) ਵਿਚ ਓਹੀ ਆਉਂਦਾ ਹੈ, ਜੋ ਇਸ ਦਾ ਅਮਲੀ ਹੁੰਦਾ ਹੈ॥ ੧੩ ॥

੧੪. ਗੰਨੇ ਦੀ ਕਮਾਈ ਦਾ ਦ੍ਰਿਸ਼ਟਾਂਤ

੧. ਰਸ ਭਰਿਆ ਰਸੁ ਰਖਦਾ ਬੋਲਣ ਅਣਬੋਲਣ ਅਭਿਰਿਠਾ।
੨. ਸੁਣਿਆ ਅਣਸੁਣਿਆ ਕਰੈ ਕਰੇ ਵੀਚਾਰਿ ਡਿਠਾ ਅਣਡਿਠਾ।
੩. ਅਖੀ ਧੂੜਿ ਅਟਾਈਆ ਅਖੀ ਵਿਚਿ ਅੰਗੂਰੁ ਬਹਿਠਾ।
੪. ਇਕ ਦੂ ਬਾਹਲੇ ਬੂਟ ਹੋਇ ਸਿਰ ਤਲਵਾਇਆ ਇਠਹੁ ਇਠਾ।
੫. ਦੁਹੁ ਖੁੰਢਾ ਵਿਚਿ ਪੀੜੀਐ ਟੋਟੇ ਲਾਹੇ ਇਤੁ ਗੁਣਿ ਮਿਠਾ।
੬. ਵੀਹ ਇਕੀਹ ਵਰਤਦਾ ਅਵਗੁਣਿਆਰੇ ਪਾਪ ਪਣਿਠਾ।
੭. ਮੰਨੈ ਗੰਨੈ ਵਾਂਗ ਸੁਧਿਠਾ ॥ ੧੪ ॥

ਪਦ ਅਰਥ – ਅਭਿਰਿਠਾ=ਨਿਮ੍ਰਤਾ ਧਾਰਨ ਵਾਲਾ ਪਿਆਰਾ। ਅਖੀ=ਗੰਢਾਂ। ਇਠਹੁ ਇਠਾ= ਪਿਆਰੇ ਤੋਂ ਪਿਆਰਾ। ਖੁੰਢਾ=ਵੇਲਣੇ ਦੇ ਚੱਕੇ। ਵੀਹ ਇਕੀਹ=ਸੰਸਾਰ ਅਤੇ ਸਤਿਸੰਗ। ਪਣਿਠਾ=ਨਾਸ ਹੋਣਾ। ਸੁਧਿਠਾ=ਦ੍ਰਿੜ੍ਹ।

ਅਰਥ – ੧. (ਗੰਨਾ) ਰਸ ਦਾ ਭਰਿਆ (ਆਪਣੇ ਵਿਚ) ਰਸ ਰੱਖਦਾ ਹੈ, ਬੋਲਣ ਜਾਂ ਨਾ ਬੋਲਣ (ਦੋਹਾਂ ਹਾਲਤਾਂ ਵਿਚ) ਮਿੱਠਾ ਹੈ। (ਕਿਸੇ ਤਰ੍ਹਾਂ ਵੀ ਰਸ ਕੱਢੋ ਚੂਪ ਕੇ ਜਾਂ ਪੀੜ ਕੇ, ਰਸ ਕੱਢ ਕੇ ਛਕੋ, ਉਹ ਮਿੱਠਾ ਹੀ ਰਹਿੰਦਾ ਹੈ)। ੨. ਗਾੜ੍ਹੀ ਗੰਨਿਆਂ ਦੀ ਖੇਤੀ ਵਿਚੋਂ ਆਵਾਜ਼ ਨਹੀਂ ਸੁਣਦੀ, ਨਾ ਲੁਕਿਆ ਕੋਈ ਦਿਸਦਾ ਹੀ ਹੈ, (ਭਾਵ ਸੁਣੇ ਨੂੰ ਅਣਸੁਣਿਆਂ ਤੇ ਡਿੱਠੇ ਨੂੰ ਅਣਡਿਠਿਆਂ ਕਰਨ ਦੀਆਂ ਸਿਫਤਾਂ ਵਾਲਾ ਕਮਾਦ ਦਾ ਖੇਤ ਹੈ)। ੩. ਜਦੋਂ (ਇਸ ਦੀਆਂ) ਅੱਖਾਂ (ਭਾਵ ਗੰਢਾਂ, ਬੀਜ ਰੂਪ ਬਣਾ ਕੇ, ਧਰਤੀ ਦੀ) ਮਿੱਟੀਆਂ ਵਿਚ ਗੱਡੀਆਂ, ਬੀਜੀਆਂ ਤਾਂ ਅੱਖਾਂ (ਗੰਢਾਂ) ਵਿਚੋਂ ਹੀ ਅੰਗੂਰ (ਕਰੂੰਮਲਾਂ) ਪੈਦਾ ਹੁੰਦੀਆਂ ਹਨ। ੪. ਫਿਰ ਇੱਕ ਪੌਦੇ ਤੋਂ ਹੀ ਕਈ ਪੌਦੇ, ਸਿਰ ਹੇਠਾਂ ਤੇ ਪੈਰ ਉਤੇ ਕਰਕੇ (ਉੱਗ ਪੈਂਦੇ ਹਨ, ਜੋ ਸਭ ਨੂੰ) ਪਿਆਰੇ ਤੋਂ ਪਿਆਰੇ (ਸੋਹਣੇ) ਲੱਗਦੇ ਹਨ। ੫. (ਫੇਰ ਗੰਨਾ) ਵੇਲਣੇ ਵਿਚ ਪੀੜਿਆ ਜਾਂਦਾ ਤੇ ਟੋਟੇ ਟੋਟੇ ਕਰ ਦਿੱਤਾ ਜਾਂਦਾ ਹੈ, ਇਸ ਕਰਕੇ ਕਿ ਇਹ (ਪਿਆਰਾ ਲੱਗਦਾ) ਮਿੱਠਾ ਹੈ। ੬. (ਇਸ ਤਰ੍ਹਾਂ) ਵੀਹ ਸੰਸਾਰ (ਹੈ ਤੇ) ਇਕੀਹ (ਸਤਿਸੰਗਤ) ਹੋ ਕੇ ਵਰਤਦਾ ਹੈ। (ਇਸੇ ਗੰਨੇ ਦੀ ਰਸ ਤੋਂ ਗੁੜ ਬਣਦਾ ਹੈ, ਜੋ ਵਿਆਹਾਂ ਸ਼ਾਦੀਆਂ ਜਾਂ ਧਰਮ-ਕਾਰਜਾਂ ਸਮੇਂ ਕੜਾਹ ਪ੍ਰਸ਼ਾਦ ਆਦਿ ਵਿਚ ਵਰਤਿਆ ਜਾਂਦਾ ਹੈ, ਪਰ ਬੇਸਮਝ ਤੇ ਪਾਪੀ ਲੋਕ ਇਸ ਨੂੰ ਸ਼ਰਾਬ ਜਾਂ ਹੋਰ ਭੈੜੇ ਕੰਮਾਂ ਵਿਚ ਵਰਤ ਕੇ ਆਪ ਵੀ ਨਾਸ ਹੋਣ ਵਾਲਾ ਕੰਮ ਕਰਦੇ ਤੇ ਇਸ ਦੇ ਮਿੱਠੇ ਨੂੰ ਵੀ ਜ਼ਾਇਆ ਕਰਦੇ ਹਨ)। ੭. ਜੋ ਗੰਨੇ ਦੀ ਮਿਠਾਸ ਦੇ ਗੁਣ ਤੋਂ ਸਿੱਖਿਆ ਲੈਂਦੇ ਤੇ ਮਿਠੇ ਸੁਭਾਵ ਵਾਲੇ ਬਣ ਕੇ ਭਲੇ ਕੰਮ ਕਰਦੇ ਹਨ, ਉਹ ਸੰਸਾਰ ਤੋਂ ਤਰ ਜਾਂਦੇ ਹਨ ਤੇ ਕੌੜੇ (ਪਾਪ-ਕਰਮੀ) ਡੁੱਬ ਡੁੱਬ ਜਾਂਦੇ ਹਨ॥ ੧੪ ॥

੧੫. ਸ੍ਵਾਂਤੀ ਬੂੰਦ, ਸਿੱਪੀ ਤੇ ਮਰਜੀਵੜਾ

੧. ਘਣਹਰ ਬੂੰਦ ਸੁਹਾਵਣੀ ਨੀਵੀ ਹੋਇ ਅਗਾਸਹੁ ਆਵੈ।
੨. ਆਪੁ ਗਵਾਇ ਸਮੁੰਦੁ ਵੇਖਿ ਸਿਪੈ ਦੇ ਮੁਹਿ ਵਿਚਿ ਸਮਾਵੈ।
੩. ਲੈਦੋ ਹੀ ਮੁਹਿ ਬੂੰਦ ਸਿਪੁ ਚੁੰਭੀ ਮਾਰਿ ਪਤਾਲਿ ਲੁਕਾਵੈ।
੪. ਫੜਿ ਕਢੈ ਮਰੁਜੀਵੜਾ ਪਰ ਕਾਰਜ ਨੋ ਆਪੁ ਫੜਾਵੈ।
੫. ਪਰਵਸਿ ਪਰਉਪਕਾਰ ਨੋ ਪਰ ਹਥਿ ਪਥਰ ਦੰਦ ਭਨਾਵੈ।
੬. ਭੁਲਿ ਅਭੁਲਿ ਅਮੁਲੁ ਦੇ ਮੋਤੀ ਦਾਨ ਨ ਪਛੋਤਾਵੈ।
੭. ਸਫਲ ਜਨਮੁ ਕੋਈ ਵਰੁਸਾਵੈ॥ ੧੫॥

ਪਦ ਅਰਥ - ਮਰੁਜੀਵੜਾ=ਜੋ ਸਮੁੰਦਰ ਦੇ ਡੂੰਘੇ ਪਾਣੀਆਂ ਤਕ ਚਲਾ ਜਾਂਦਾ ਹੈ। ਵਰੁਸਾਵੈ=ਵਰਸਾਉਣਾ, ਲਾਭ ਪ੍ਰਾਪਤ ਕਰਨਾ।

ਅਰਥ - ੧. ਬੱਦਲ ਦੀ ਸੁਹਾਵਣੀ (ਸ਼ੋਭਾ ਵਾਲੀ) ਬੂੰਦ ਆਕਾਸ਼ ਤੋਂ ਨੀਵਾਣ ਵੱਲ ਆਉਂਦੀ ਹੈ। ੨. (ਪਰ ਅੱਗੋਂ) ਆਪਾ ਗਵਾ ਕੇ ਉਹ ਸਮੁੰਦਰ ਦੇ ਅਥਾਹ ਪਾਣੀਆਂ ਵਿਚ ਰਲ ਕੇ, ਸਿੱਪੀ ਦੇ ਮੂੰਹ ਵਿਚ ਜਾ ਪੈਂਦੀ ਹੈ। ੩. ਸਿੱਪੀ (ਸ੍ਵਾਂਤੀ) ਬੂੰਦ ਨੂੰ ਆਪਣੇ ਕੋਲ ਆਈ ਦੇਖ, ਉਸੇ ਵੇਲੇ ਮੂੰਹ ਬੰਦ ਕਰ ਲੈਂਦੀ, ਤੇ ਸਮੁੰਦਰ ਦੇ ਡੂੰਘੇ ਪਾਣੀਆਂ ਵਿਚ ਜਾ ਲੁਕਦੀ ਹੈ। ੪. ਮਰਜੀਵੜਾ (ਟੁੱਭੀ ਮਾਰ ਕੇ) ਸਿੱਪੀ ਨੂੰ ਫੜ ਬਾਹਰ ਕੱਢਦਾ ਹੈ, ਤੇ ਸਿੱਪੀ ਪਰ ਕਾਰਜ ਨੂੰ ਫੜੀ ਜਾਂਦੀ ਹੈ। ੫. (ਸਿੱਪੀ ਨੇ ਪਰਉਪਕਾਰ ਕੀਤਾ, ਬੂੰਦ ਨੂੰ ਬੰਦ ਕਰ ਸੁੱਚਾ ਦੁਰਲੱਭ ਕੀਮਤੀ ਮੋਤੀ ਬਣਾ ਦਿੱਤਾ, ਪਰ ਹੁਣ) ਪਰਾਏ ਵਸ ਵਿਚ ਪੈ ਕੇ ਆਪਣੇ ਦੰਦ ਤੁੜਵਾਉਂਦੀ, (ਭਾਵ ਸਿੱਪੀ ਨੂੰ ਤੋੜ ਕੇ ਉਸ ਵਿਚੋਂ ਮੋਤੀ ਕੱਢ ਲਿਆ ਜਾਂਦਾ ਹੈ)। ੬. ਭੁੱਲ ਜਾਂ ਅਭੁੱਲ (ਚੇਤੇ ਰੱਖਣ ਵਾਲੀ) ਬਣ ਕੇ, ਸਿੱਪੀ ਦਾਨ ਦੇਣ ਪਿੱਛੋਂ ਪਛੋਤਾਵਾ ਨਹੀਂ ਕਰਦੀ (ਕਿ ਇਹ ਕੀਮਤੀ ਮੋਤੀ ਦਾ ਦਾਨ ਮੈਂ ਕਿਉਂ ਕੀਤਾ, ਤੇ ਦਾਨ ਕਰਕੇ ਦੁੱਖ ਪਾਇਆ)। ੭. (ਭਾਈ ਗੁਰਦਾਸ ਜੀ ਫਰਮਾਉਂਦੇ ਹਨ ਕਿ) ਜੀਵਨ ਉਸੇ ਦਾ ਹੀ ਸਫਲਾ ਹੈ, ਜਿਸ ਦਾ ਕਿਸੇ ਨੂੰ ਕੋਈ ਲਾਭ ਹੋਵੇ॥ ੧੫॥

੧੬. ਹੀਰੇ ਦਾ ਦ੍ਰਿਸ਼ਟਾਂਤ, ਗੁਰੂ ਤੇ ਸਿੱਖ ਦਾ ਮਿਲਾਪ

੧. ਹੀਰੇ ਹੀਰਾ ਬੇਧੀਐ ਬਰਮੇ ਕਣੀ ਅਣੀ ਹੋਇ ਹੀਰੈ।
੨. ਧਾਗਾ ਹੋਇ ਪਰੋਈਐ ਹੀਰੈ ਮਾਲ ਰਸਾਲ ਗਹੀਰੈ।
੩. ਸਾਧਸੰਗਤਿ ਗੁਰੁ ਸਬਦ ਲਿਵ ਹਉਮੈ ਮਾਰਿ ਮਰੈ ਮਨ ਧੀਰੈ।
੪. ਮਨਜਿਣਿ ਮਨੁ ਦੇ ਲਏ ਮਨ ਗੁਣਿ ਵਿਚਿ ਗੁਣ ਗੁਰਮੁਖਿ ਸਰੀਰੈ।

੫. ਪੈਰੀ ਪੈ ਪਾ ਖਾਕੁ ਹੋਇ ਕਾਮਧੇਨੁ ਸੰਤ ਰੇਣੁ ਨ ਨੀਰੈ।
੬. ਸਿਲਾ ਅਲੂਣੀ ਚਟਣੀ ਲਖ ਅੰਮ੍ਰਿਤ ਰਸ ਤਰਸਨ ਸੀਰੈ।
੭. ਵਿਰਲਾ ਸਿਖ ਸੁਣੈ ਗੁਰ ਪੀਰੈ॥ ੧੬॥

ਪਦ ਅਰਥ - ਅਣੀ=ਤਿੱਖੀ ਨੋਕ। ਰਸਾਲ ਗਹੀਰੈ=ਬਹੁਤ ਖੂਬਸੂਰਤ। ਮਨ=ਸਰੀਰਕ ਇੰਦ੍ਰੀਆਂ ਦਾ ਰਾਜਾ ਜਾਂ ਜੀਵ-ਆਤਮਾ। ਨ ਨੀਰੈ=ਨਹੀਂ ਹੁੰਦੀ। ਸੀਰੈ=ਰਸਾਂ ਦਾ ਰਸ।

ਅਰਥ - ੧. ਵਰਮੇ ਦੀ ਨੋਕ ਨਾਲ ਹੀਰੇ ਦੀ ਤਿੱਖੀ ਅਣੀ ਲਗਾ ਕੇ, ਹੀਰਾ ਹੌਲੀ ਹੌਲੀ ਵਿੰਨ੍ਹਿਆ ਜਾਂਦਾ ਹੈ। (ਹੀਰਾ ਹੀਰੇ ਦੀ ਅਣੀ ਬਿਨਾਂ ਵਿੰਨ੍ਹਿਆ ਨਹੀਂ ਜਾ ਸਕਦਾ, ਇਸੇ ਤਰ੍ਹਾਂ ਗੁਰੂ ਸ਼ਬਦ ਰੂਪ ਹੀਰੇ ਦੀ ਅਣੀ ਗੁਰਸਿੱਖ ਦੇ ਹੀਰੇ ਮਨ ਨੂੰ ਵਿੰਨ੍ਹਿਆ ਜਾਂਦਾ ਹੈ)। ੨. ਧਾਗੇ (ਪ੍ਰੇਮ ਡੋਰੀ) ਨਾਲ ਹੀਰਿਆਂ ਦੀ ਸੁੰਦਰ ਮਾਲਾ ਪਰੋ ਸਕਦੀ ਹੈ। ੩. ਸਾਧ ਸੰਗਤਿ ਗੁਰੂ ਦੇ ਸ਼ਬਦ ਨਾਲ ਮਨ ਜੋੜ ਕੇ (ਮੈਂ-ਮੇਰੀ ਦੀ) ਹੰਗਤਾ ਨੂੰ ਮਾਰ ਕੇ ਮਨ ਨੂੰ ਸਥਿਰ ਕਰੇ। ੪. (ਇਸੇ ਤਰ੍ਹਾਂ ਗੁਰਸਿੱਖ ਆਪਣਾ) ਮਨ ਗੁਰੂ ਨੂੰ ਦੇਂਦਾ ਹੈ, ਤੇ ਗੁਰੂ ਕੋਲੋਂ ਮੰਤਰ (ਗੁਰਮਤਿ) ਲੈਂਦਾ ਤੇ ਮਨ ਨੂੰ ਜਿੱਤਦਾ ਹੈ। (ਇਹ ਵੱਡਾ) ਗੁਣਾਂ ਦਾ ਗੁਣ ਗੁਰਮੁਖਾਂ ਦੇ ਸਰੀਰਾਂ ਵਿਚ ਪੈਦਾ ਹੋ ਜਾਂਦਾ ਹੈ। ੫. ਗੁਰਮੁਖ ਨਿਮ੍ਰਤਾ ਦਾ ਗੁਣ ਧਾਰਨ ਕਰਕੇ ਚਰਣਾਂ ਦੀ ਧੂੜੀ ਬਣ (ਗੁਰੂ ਸੰਤ ਦੀ) ਚਰਣੀਂ ਲੱਗ ਗਏ। ਉਸ ਚਰਣ ਧੂੜੀ ਦੀ ਸੰਮਤਾ ਕਾਮਧੇਨ ਗਊ ਵੀ ਨਹੀਂ ਕਰ ਸਕਦੀ। ੬. ਇਹ ਅਲੂਣੀ ਸਿਲਾ ਦੇ ਚੱਟਣ ਵਾਲੀ ਤਪਸਿਆ ਹੈ, ਜਿਸ ਦੇ ਅੰਮ੍ਰਿਤ ਰਸ ਨੂੰ ਪ੍ਰਾਪਤ ਕਰਨ ਲਈ ਲੱਖਾਂ ਤਰਸਦੇ ਹਨ, ਪਰ ਪ੍ਰਾਪਤ ਨਹੀਂ ਹੁੰਦਾ। ੭. (ਕਿਉਂਕਿ) ਗੁਰ-ਪੀਰਾਂ ਦੀ ਸਿੱਖਿਆ ਨੂੰ (ਪੂਰੇ ਤੌਰ 'ਤੇ) ਕੋਈ ਵਿਰਲਾ ਹੀ ਸੁਣਦਾ (ਤੇ ਕਮਾਉਂਦਾ) ਹੈ॥ ੧੬॥

੧੭. ਪੁੱਗੇ ਹੋਏ ਗੁਰਸਿੱਖ ਦੀ ਕਰਨੀ

੧. ਗੁਰ ਸਿਖੀ ਗੁਰ ਸਿਖ ਸੁਣਿ ਅੰਦਰਿ ਸਿਆਣਾ ਬਾਹਰਿ ਭੋਲਾ।
੨. ਸਬਦਿ ਸੁਰਤਿ ਸਾਵਧਾਨ ਹੋਇ ਵਿਣੁ ਗੁਰਸਬਦਿ ਨ ਸੁਣਈ ਬੋਲਾ।
੩. ਸਤਿਗੁਰ ਦਰਸਨੁ ਦੇਖਣਾ ਸਾਧਸੰਗਤਿ ਵਿਣੁ ਅੰਨ੍ਹਾ ਖੋਲਾ।
੪. ਵਾਹਗੁਰੂ ਗੁਰੁ ਸਬਦੁ ਲੈ ਪਿਰਮ ਪਿਆਲਾ ਚੁਪਿ ਚਬੋਲਾ।
੫. ਪੈਰੀ ਪੈ ਪਾ ਖਾਕ ਹੋਇ ਚਰਣਿ ਧੋਇ ਚਰਣੋਦਕ ਝੋਲਾ।
੬. ਚਰਣ ਕਵਲ ਚਿਤੁ ਭਵਰੁ ਕਰਿ ਭਵਜਲ ਅੰਦਰਿ ਰਹੈ ਨਿਰੋਲਾ।
੭. ਜੀਵਣਿ ਮੁਕਤਿ ਸਚਾਵਾ ਚੋਲਾ॥ ੧੭॥

ਪਦ ਅਰਥ - ਭੋਲਾ=ਸਿੱਧਾ, ਸਾਦਾ। ਅੰਨ੍ਹਾ ਬੋਲਾ=ਅੱਖੋਂ ਅੰਨ੍ਹਾ ਤੇ ਕੰਨੋਂ ਬੋਲਾ। ਚਬੋਲਾ=ਪੀ ਜਾਂਦਾ ਹੈ। ਚੋਲਾ=ਜਾਮਾ।

ਅਰਥ - ੧. ਗੁਰੂ ਦੀ ਸਿੱਖਿਆ ਨੂੰ ਸੁਣ ਕੇ, (ਜੋ) ਗੁਰੂ ਕਾ ਸਿੱਖ (ਉਸਦਾ ਮੰਨਨ ਕਰਦਾ ਹੈ) ਉਹ ਅੰਦਰੋਂ (ਗੁਰੂ ਦੀ ਸਿੱਖਿਆ 'ਤੇ ਅਮਲ ਕਰਕੇ) ਸਿਆਣਾ ਤੇ ਬਾਹਰੋਂ ਸਾਦ-ਮੁਰਾਦੀ (ਹਾਲਤ ਵਾਲਾ) ਭੋਲਾ ਭਾਲਾ ਲੱਗਦਾ ਹੈ। ੨. ਸ਼ਬਦ ਨੂੰ ਸੁਰਤੀ (ਧਿਆਨ) ਵਿਚ ਰੱਖਦਾ ਹੈ, ਤੇ ਇਸ ਤੋਂ ਬਿਨਾਂ ਉਹ ਹੋਰ ਕੁਝ ਸੁਣਨਾ ਹੀ ਨਹੀਂ ਚਾਹੁੰਦਾ (ਭਾਵ ਹੋਰ ਕਿਸੇ ਸ਼ਬਦ ਨੂੰ ਉਹ ਸੁਣਦਾ ਹੀ ਨਹੀਂ)। ੩. ਉਹ ਸਤਿਗੁਰੂ ਦੇ ਦਰਸ਼ਨ ਕਰਦਾ ਹੈ ਤੇ ਸਾਧ ਸੰਗਤ ਵਿਚੋਂ ਗੁਰਮਤਿ ਦੀਆਂ ਵਿਚਾਰਾਂ ਸੁਣਦਾ ਹੈ ਤੇ ਹੋਰ ਕੁਝ ਦੇਖਣ ਵੱਲੋਂ ਉਹ ਅੰਨ੍ਹਿਆਂ ਵਾਂਗ ਤੇ ਸੁਣਨ ਵੱਲੋਂ ਬੋਲਿਆਂ ਵਾਂਗ ਹੋ ਜਾਂਦਾ ਹੈ। ੪. ਵਾਹਿਗੁਰੂ ਮੰਤਰ ਦਾ ਪ੍ਰੇਮ ਪਿਆਲਾ ਗੁਰਾਂ ਥੀਂ ਪ੍ਰਾਪਤ ਕਰਕੇ, ਉਹ ਬਸ ਉਸੇ ਨੂੰ ਹੀ ਹੌਲੀ ਹੌਲੀ ਪੀਂਦਾ ਜਾਂਦਾ ਹੈ। ੫. ਚਰਨਾਂ ਦੀ ਧੂੜੀ ਬਣ ਕੇ, ਚਰਨਾਂ 'ਤੇ ਮੱਥੇ ਟੇਕਦਾ, ਚਰਨਾਂ ਦਾ ਧੋਣ (ਚਰਨਾਂਮ੍ਰਿਤ) ਹੀ ਲੈ ਲੈ ਅੰਮ੍ਰਿਤ ਵਾਂਗ ਮੂੰਹ ਲਾਉਂਦਾ ਹੈ। ੬. ਭੰਵਰੇ ਵਾਂਗੂ ਚਰਣ ਕੰਵਲਾਂ ਦਾ ਨਿਰੋਲ ਪ੍ਰੇਮੀ ਬਣ ਕੇ, ਉਹ ਹੋਰ ਪਾਸਿਆਂ (ਸੰਸਾਰੀ ਖਿੱਚਾਂ ਤੋਂ) ਬਿਲਕੁਲ ਨਿਰਲੇਪ ਹੋ ਅਛੋਹ ਬਣ ਜਾਂਦਾ ਹੈ। ੭. ਜੀਵਨ-ਮੁਕਤੀ ਦਾ ਇਹ ਸਚਾ ਚੋਲਾ (ਜਾਮਾ) ਹੈ। ਭਾਵ ਇਹ ਸਰੀਰ ਰੂਪੀ ਚੋਲਾ, ਇਸੇ ਭਾਂਤ ਗੁਰਸਿੱਖੀ 'ਤੇ ਚੱਲ ਕੇ, ਸਫਲਾ ਹੁੰਦਾ ਹੈ॥ ੧੭॥

੧੮. ਵਾਲ ਦੀ ਬਰੀਕੀ ਦਾ ਦ੍ਰਿਸ਼ਟਾਂਤ

੧. ਸਿਰਿ ਵਿਚਿ ਨਿਕੇ ਵਾਲ ਹੋਇ ਸਾਧੂ ਚਰਣ ਚਵਰ ਕਰਿ ਢਾਲੈ।
੨. ਗੁਰ ਸਰ ਤੀਰਥ ਨਾਇ ਕੈ ਅੰਝੂ ਭਰਿ ਭਰਿ ਪੈਰਿ ਪਖਾਲੈ।
੩. ਕਾਲੀ ਹੂੰ ਧਉਲੇ ਕਰੇ ਚਲਣਾ ਜਾਣਿ ਨੀਸਾਣੁ ਸਮ੍ਹਾਲੈ।
੪. ਪੈਰੀ ਪੈ ਪਾ ਖਾਕ ਹੋਇ ਪੂਰਾ ਸਤਿਗੁਰੁ ਨਦਰਿ ਨਿਹਾਲੈ।
੫. ਕਾਗ ਕੁਮੰਤਹੁੰ ਪਰਮ ਹੰਸੁ ਉਜਲ ਮੋਤੀ ਖਾਇ ਖਵਾਲੈ।
੬. ਵਾਲਹੁ ਨਿਕੀ ਆਖੀਐ ਗੁਰ ਸਿਖੀ ਸੁਣਿ ਗੁਰਸਿਖ ਪਾਲੈ।
੭. ਗੁਰਸਿਖੁ ਲੰਘੈ ਪਿਰਮ ਪਿਆਲੈ॥ ੧੮॥

ਪਦ ਅਰਥ - ਨਿਕੇ=ਬਰੀਕ, ਮਹਾਨ।

ਅਰਥ - ੧. ਸਿਰ ਦੇ ਵਾਲ ਨਿੱਕੇ (ਬੜੇ ਪਤਲੇ) ਹਨ, (ਜਿਨ੍ਹਾਂ ਦਾ) ਚਵਰ ਬਣਾ ਕੇ ਸੰਤਾਂ ਦੇ (ਚਰਨਾਂ ਨੂੰ) ਸਾਫ ਕਰੇ, (ਜਾਂ ਚਵਰ ਵਾਂਗੂੰ ਉਨ੍ਹਾਂ ਉਤੇ ਝੁਲਾਵੇ)। ੨. ਗੁਰੂ ਦੇ (ਸ਼ਬਦ ਉਪਦੇਸ਼ ਰੂਪ) ਤੀਰਥ ਵਿਚ ਨਾਏ ਤੇ (ਪ੍ਰੇਮ ਦੀ) ਹੰਝੂਆਂ ਨਾਲ ਛਲਕ ਛਲਕ ਕੇ, ਗੁਰੂ-ਚਰਣਾਂ ਨੂੰ ਧੋਵੇ। ੩. (ਜਦੋਂ ਕੁਦਰਤ ਵੱਲੋਂ) ਕਾਲੇ ਵਾਲ ਚਿੱਟੇ ਕਰ ਦਿੱਤੇ ਜਾਣ, ਤਾਂ ਇਹ ਨਿਸ਼ਾਨੀ ਜਾਣੋ ਕਿ (ਹੁਣ ਸੰਸਾਰ ਤੋਂ) ਚਲਣ ਦਾ ਸਮਾਂ ਆ ਗਿਆ ਹੈ। ੪. ਚਰਣੀਂ ਲੱਗ ਲੱਗ ਕੇ ਚਰਣ ਦੀ ਧੂੜੀ ਹੀ ਬਣ ਜਾਏ, (ਤਾਂ ਇਸ ਸਮੇਂ) ਪੂਰਾ ਸਤਿਗੁਰੂ ਆਪਣੀ ਨਦਰ (ਮੇਹਰ) ਕਰਕੇ ਨਿਹਾਲ ਕਰੇ ਜਾਂ ਕਿਰਪਾ ਦੀ ਨਦਰ ਸਿੱਖ ਉਤੇ ਸੁੱਟ ਕੇ ਉਸ ਨੂੰ ਨਿਹਾਲ ਕਰ ਦੇਵੇਗਾ)। ੫. ਕਾਂ ਵਰਗੇ ਕਾਲੇ ਕੁਮੱਤੀ ਮਨ ਨਿਰਮਲ (ਹੰਸ ਵਰਗਾ ਚਿੱਟਾ) ਕਰੇ, ਜੋ

ਉਜਲ ਮੋਤੀ ਬਣ (ਉੱਤਮ ਗੁਣ) ਆਪ ਵਿਹਾਝੇ (ਭਾਵ ਖਾਵੇ) ਤੇ ਹੋਰਨਾਂ ਨੂੰ ਖੁਆਵੇ। ੬. (ਇਹ ਸਿੱਖੀ) ਵਾਲ ਤੋਂ ਵੀ ਨਿੱਕੀ (ਭਾਵ ਕਠਿਨ ਘਾਲਣਾ ਵਾਲੀ) ਕਹੀਦੀ ਹੈ, ਪਰ ਗੁਰਸਿੱਖ ਇਨ੍ਹਾਂ ਨੂੰ ਘਾਲਦਾ ਤੇ ਸਿੱਖੀ (ਦੇ ਨਿਯਮਾਂ ਨੂੰ ਹਰ ਹਾਲਤ ਵਿਚ) ਪਾਲਦਾ ਹੈ। ੭. ਗੁਰਸਿੱਖ (ਇਸ ਸੰਸਾਰ ਭਵਜਲ ਨੂੰ) ਗੁਰੂ ਦੇ ਬਖਸ਼ੇ ਸ਼ਬਦ ਦੇ ਪ੍ਰੇਮ-ਰਸ ਨਾਲ ਪਾਰ ਕਰਦਾ ਹੈ॥ ੧੮॥

੧੯. ਗੁੱਲਰ ਦਾ ਬ੍ਰਿਛ ਤੇ ਉਸ ਵਿਚਲਾ ਕੀੜਾ

੧. ਗੁਲਰ ਅੰਦਰਿ ਭੁਣਹਣਾ ਗੁਲਰ ਨੋਂ ਬ੍ਰਹਮੰਡੁ ਵਖਾਣੈ।
੨. ਗੁਲਰ ਲਗਣਿ ਲਖ ਫਲ ਇਕ ਦੂ ਲਖ ਅਲਖ ਨ ਜਾਣੈ।
੩. ਲਖ ਲਖ ਬਿਰਖ ਬਗੀਚਿਅਹੁ ਲਖ ਬਗੀਚੇ ਬਾਗ ਵਖਾਣੈ।
੪. ਲਖ ਬਾਗ ਬ੍ਰਹਮੰਡ ਵਿਚਿ ਲਖ ਬ੍ਰਹਮੰਡ ਲੂਅ ਵਿਚਿ ਆਣੈ।
੫. ਮਿਹਰ ਕਰੇ ਜੇ ਮਿਹਰਵਾਨੁ ਗੁਰਮੁਖਿ ਸਾਧਸੰਗਤਿ ਰੰਗੁ ਮਾਣੈ।
੬. ਪੈਰੀ ਪੈ ਪਾ ਖਾਕੁ ਹੋਇ ਸਾਹਿਬੁ ਦੇ ਚਲੈ ਓਹੁ ਭਾਣੈ।
੭. ਹਉਮੈ ਜਾਇ ਤ ਜਾਇ ਸਿਞਾਣੈ॥ ੧੯॥

ਪਦ ਅਰਥ - ਭੁਣਹਣਾ=ਮੱਛਰ ਦੀ ਸ਼ਕਲ ਦਾ ਕੀੜਾ। ਲੂਅ=ਰੋਮ।

ਅਰਥ - ੧. ਗੁੱਲਰ ਦੇ ਬ੍ਰਿਛ ਵਿਚ ਭੁਣਹਣਾ ਕੀੜਾ ਹੁੰਦਾ ਹੈ। ਉਹ ਗੁੱਲਰ (ਬ੍ਰਿਛ) ਨੂੰ ਹੀ ਬ੍ਰਹਮੰਡ (ਸਾਰਾ ਸੰਸਾਰ) ਕਹਿੰਦਾ ਹੈ। ੨. ਗੁੱਲਰ ਨੂੰ ਲੱਖਾਂ ਫਲ ਲੱਗਦੇ ਹਨ, ਪਰ ਫਲਾਂ ਦੇ ਲੱਥਣ (ਵੱਖ ਹੋਣ) ਮਗਰੋਂ ਉਹ ਲੱਖਾਂ ਵਾਲਾ ਹੋ ਕੇ ਫੇਰ ਇਕੱਲੇ ਦਾ ਇਕੱਲਾ ਰਹਿ ਜਾਂਦਾ ਹੈ। ੩. ਇੱਕ ਬਗੀਚੇ ਵਿਚ ਲੱਖਾਂ ਬ੍ਰਿਛ ਹੁੰਦੇ ਹਨ ਤੇ ਲੱਖਾਂ ਬਗੀਚਿਆਂ ਦੇ ਬ੍ਰਿਛ ਇੱਕ ਬਾਗ ਕਹੀਦੇ ਹਨ। ੪. (ਇਉਂ) ਬ੍ਰਹਮੰਡ (ਸੰਸਾਰ ਵਿਚ ਲੱਖਾਂ ਬਾਗ ਹਨ, ਪਰ ਐਸੇ ਲੱਖਾਂ ਬ੍ਰਹਮੰਡ (ਪਰਮੇਸ਼ਰ ਦੇ ਇੱਕ) ਲੂੰਅ ਵਿਚ ਸਮਾਏ ਹੋਏ ਹਨ। ੫. ਜਿਸ ਉਤੇ ਮਿਹਰਵਾਨ (ਪ੍ਰਭੂ) ਕਿਰਪਾ ਕਰੇ, ਉਹ ਗੁਰਮੁਖਾਂ ਦੀ ਸਾਧ ਸੰਗਤ ਵਿਚ ਮਿਲਕੇ ਆਨੰਦ ਮਾਣਦਾ ਹੈ। ੬. (ਉਹ) ਚਰਣੀਂ ਲੱਗ, ਚਰਣਾਂ ਦੀ ਧੂੜੀ ਬਣ ਜਾਂਦਾ ਹੈ, ਤੇ ਮਾਲਕ (ਪ੍ਰਭੂ) ਦੇ ਭਾਣੇ (ਹੁਕਮ) ਵਿਚ ਚਲਦਾ ਹੈ। ੭. (ਪਰ ਇਸ ਵਿਚ ਇੱਕ ਸ਼ਰਤ ਹੈ, ਜੋ ਇਸ ਰੰਗ ਦੇ ਮਾਨਣ ਵਾਲਿਆਂ ਦੀ ਨਿਸ਼ਾਨੀ ਜਾਣ ਲਵੋ, ਭਾਵ) ਹਉਮੈ ਦੂਰ ਹੋ ਜਾਏ, ਤਾਂ (ਉਸ) ਜਾਇ (ਭਾਵ ਸ੍ਵੈ-ਸਰੂਪ) ਦੀ ਪਛਾਣ ਹੁੰਦੀ ਹੈ। (ਭਾਵ ਨਿਮ੍ਰਤਾ ਨਾਲ ਹੀ ਇਸ ਸਹਿਜ-ਪਦ ਨੂੰ ਪਹੁੰਚੀਦਾ ਹੈ)॥ ੧੯॥

੨੦. ਦੂਜ ਦੇ ਚੰਦ੍ਰਮਾਂ ਦਾ ਦ੍ਰਿਸ਼ਟਾਂਤ

੧. ਦੁਇ ਦਿਹਿ ਚੰਦੁ ਅਲੋਪੁ ਹੋਇ ਤੀਐ ਦਿਹ ਚੜ੍ਹਦਾ ਹੋਇ ਨਿਕਾ।

੨. ਉਠਿ ਉਠਿ ਜਗਤੁ ਜੁਹਾਰਦਾ ਗਗਨ ਮਹੇਸੁਰ ਮਸਤਕਿ ਟਿਕਾ।
੩. ਸੋਲਹ ਕਲਾ ਸੰਘਾਰੀਐ ਸਫਲੁ ਜਨਮੁ ਸੋਹੈ ਕਲ ਇਕਾ।
੪. ਅੰਮ੍ਰਿਤ ਕਿਰਣਿ ਸੁਹਾਵਣੀ ਨਿਝਰੁ ਝਰੈ ਸਿੰਜੈ ਸਹਸਿਕਾ।
੫. ਸੀਤਲੁ ਸਾਂਤਿ ਸੰਤੋਖੁ ਦੇ ਸਹਜ ਸੰਜੋਗੀ ਰਤਨ ਅਮਿਕਾ।
੬. ਕਰੈ ਅਨੇਰਹੁ ਚਾਨਣਾ ਡੋਰ ਚਕੋਰ ਧਿਆਨੁ ਧਰਿ ਛਿਕਾ।
੭. ਆਪੁ ਗਵਾਇ ਅਮੋਲ ਮਣਿਕਾ ॥ ੨੦ ॥

ਪਦ ਅਰਥ - ਜੁਹਾਰਦਾ=ਨਮਸਕਾਰਾਂ ਕਰਦਾ। ਮਹੇਸੁਰ=ਸ਼ਿਵ ਜੀ। ਸੰਘਾਰੀਐ=ਖਤਮ ਹੋਵੇ। ਕਲ ਇੱਕਾ=ਏਕਮ ਦਾ।

ਅਰਥ - ੧. ਦੋ ਦਿਨ (ਮਸਿਆ ਅਤੇ ਏਕਮ) ਨੂੰ ਚੰਦ੍ਰਮਾਂ ਅਲੋਪ ਰਹਿੰਦਾ ਹੈ, ਦੂਜ ਵਾਲੇ ਦਿਨ ਨਿੱਕਾ ਜਿਹਾ ਹੋ ਕੇ ਨਿਕਲਦਾ ਹੈ। ੨. ਉੱਠ ਉੱਠ ਕੇ ਸੰਸਾਰ ਦੇ ਲੋਕ ਵੇਖਦੇ ਤੇ ਨਮਸਕਾਰਾਂ ਕਰਦੇ ਹਨ। (ਦੂਜ ਦਾ ਚੰਦ) ਅਸਮਾਨ ਵਿਚ ਐਉਂ ਹੁੰਦਾ ਹੈ, ਜਿਵੇਂ ਸ਼ਿਵਜੀ ਦੇ ਮੱਥੇ ਦਾ ਤਿਲਕ ਹੁੰਦਾ ਹੈ। ੩. (ਇੱਕ ਇੱਕ ਕਰਕੇ ਜਿਵੇਂ ਚੰਦ ਦੀਆਂ) ਸੋਲਾਂ ਕਲਾਂ ਖਤਮ ਹੋਈਆਂ, ਪਰ ਏਕਮ ਨੂੰ ਇੱਕ ਕਲਾ ਵਾਲਾ (ਨਵਾਂ) ਜਨਮ ਹੋਣ ਕਰਕੇ ਫੇਰ ਸ਼ੋਭਦਾ (ਸਫਲ ਹੁੰਦਾ) ਹੈ। ੪. ਚੰਦ੍ਰਮਾਂ ਆਪਣੀਆਂ ਸੋਹਣੀਆਂ ਕਿਰਨਾਂ ਨਾਲ ਖੇਤਾਂ ਤੇ ਬ੍ਰਿਛਾਂ ਦੇ ਪੱਤਿਆਂ ਨੂੰ ਸਿੰਜਦਾ ਹੈ। ੫. (ਚੰਦ੍ਰਮਾਂ) ਸੀਤਲਤਾ, ਸ਼ਾਂਤੀ ਤੇ ਸੰਤੋਖ ਦਿੰਦਾ, ਤੇ ਸਹਿਜ ਦੇ ਸੰਜੋਗ ਦਾ ਅਮੋਲਕ ਰਤਨ ਹੈ। ੬. ਹਨੇਰੇ ਵਿਚ (ਚੰਦ੍ਰਮਾਂ) ਚਾਨਣਾ ਕਰਦਾ ਹੈ ਤੇ ਚਕੋਰ, ਪਿਆਰ ਸੁਰਤੀ ਦੀ ਡੋਰ ਨਾਲ (ਚੰਦ ਵੱਲ) ਖਿੱਚਿਆ ਰਹਿੰਦਾ ਹੈ। ੭. ਆਪਾ ਗਵਾਇ ਕੇ ਹੀ ਇਹ ਅਮੋਲਕ ਮਾਣਕ ਵਰਗਾ ਹੁੰਦਾ ਹੈ ॥ ੨੦ ॥

੨੧. ਧ੍ਰੂਅ ਨਿਮਾਣੇ ਨੂੰ ਮਾਣ

੧. ਹੋਇ ਨਿਮਾਣਾ ਭਗਤਿ ਕਰਿ ਗੁਰਮੁਖਿ ਧ੍ਰੂ ਹਰਿ ਦਰਸਨੁ ਪਾਇਆ।
੨. ਭਗਤਿ ਵਛਲੁ ਹੋਇ ਭੇਟਿਆ ਮਾਣੁ ਨਿਮਾਣੇ ਆਪਿ ਦਿਵਾਇਆ।
੩. ਮਾਤ ਲੋਕ ਵਿਚਿ ਮੁਕਤਿ ਕਰਿ ਨਿਹਚਲੁ ਵਾਸੁ ਅਗਾਸਿ ਚੜਾਇਆ।
੪. ਚੰਦੁ ਸੂਰਜ ਤੇਤੀਸ ਕਰੋੜਿ ਪਰਦਖਣਾ ਚਉਫੇਰਿ ਫਿਰਾਇਆ।
੫. ਵੇਦ ਪੁਰਾਣ ਵਖਾਣਦੇ ਪਰਗਟੁ ਕਰਿ ਪਰਤਾਪੁ ਜਣਾਇਆ।
੬. ਅਬਿਗਤਿ ਗਤਿ ਅਤਿ ਅਗਮ ਹੈ ਅਕਥ ਕਥਾ ਵੀਚਾਰੁ ਨ ਆਇਆ।
੭. ਗੁਰਮੁਖਿ ਸੁਖ ਫਲੁ ਅਲਖੁ ਲਖਾਇਆ ॥ ੨੧ ॥ ੪ ॥

ਪਦ ਅਰਥ - ਨਿਹਚਲੁ ਵਾਸੁ=ਪੱਕਾ ਨਿਵਾਸ। ਅਕਥ ਕਥਾ=ਕਥਨ ਵਿਚ ਨਾ ਆ ਸਕਣ ਵਾਲੀ।

ਅਰਥ - ੧. ਧ੍ਰੂਅ ਨੇ ਨਿਮਾਣਿਆਂ ਹੋ ਕੇ ਭਗਤੀ ਕੀਤੀ, ਗੁਰਮੁਖ ਬਣ ਕੇ ਹਰੀ ਪ੍ਰਭੂ ਦਾ ਦਰਸ਼ਨ ਪ੍ਰਾਪਤ ਕੀਤਾ। ੨. (ਪਰਮੇਸ਼ਰ ਨੇ) ਭਗਤ ਵਛਲ ਬਣ ਕੇ ਨਿਮਾਣੇ (ਧ੍ਰੂਅ ਜੀ) ਨੂੰ ਆਪ ਮਾਣ ਦਿੱਤਾ। ੩. (ਇਸੇ ਧਰਤੀ) ਮਾਤ ਲੋਕ ਵਿਚ ਹੀ ਮੁਕਤ ਕਰਕੇ ਆਕਾਸ਼ ਵਿਚ ਚੜ੍ਹਾ (ਉਚੀ ਥਾਂ) ਨਿਹਚਲ (ਪੱਕਾ) ਨਿਵਾਸ ਦੇ ਦਿੱਤਾ। ੪. (ਉਦੋਂ ਤੇ ਹੁਣ ਵੀ) ਚੰਦ, ਸੂਰਜ ਤੇ ਤੇਤੀ ਕਰੋੜ ਦੇਵਤੇ (ਆਕਾਸ਼ ਵਿਚ) ਧ੍ਰੂਅ ਤਾਰੇ ਦੀ ਪਰਕਰਮਾ ਕਰਦੇ ਹਨ। ੫. (ਇਸ ਕਥਾ ਦੇ ਪ੍ਰਸੰਗ ਨੂੰ) ਪਰਮੇਸ਼ਰ ਦੇ ਇਸ ਪ੍ਰਗਟ (ਜ਼ਾਹਰਾ) ਪਰਤਾਪ ਨੂੰ ਵੇਦ ਤੇ ਪੁਰਾਣ ਬਿਆਨ ਕਰਦੇ ਹਨ। ੬. (ਪਰ ਪਰਮੇਸ਼ਰ ਦਾ ਇਹ ਵਡਿਆਈ ਭਰਿਆ ਕਰਤੱਵ) ਵਿਸਥਾਰ (ਗਤੀ) ਤੋਂ ਪਰੇ ਹੈ ਤੇ ਗੰਮਤਾ (ਪਹੁੰਚ) ਤੋਂ ਪਰੇ ਹੈ, ਕਥਨ ਤੋਂ ਬਾਹਰ ਤੇ ਵਿਚਾਰ (ਸਮਝ) ਦੇ ਘੇਰੇ ਵਿਚ ਵੀ ਨਹੀਂ ਆਉਂਦਾ (ਕਿ ਪ੍ਰਭੂ ਨੇ ਧ੍ਰੂਅ ਤਾਰੇ ਨੂੰ ਅਸਥਾਨ (ਗਗਨ) ਵਿਚ ਉਦੋਂ ਦਾ ਕਿਵੇਂ ਇਕੋ ਥਾਂ, ਨਿਹਚਲ ਅਸਥਾਨ 'ਤੇ ਰੱਖਿਆ ਹੋਇਆ ਹੈ। ਅਨੇਕਾਂ ਨਵੇਂ ਤਾਰੇ ਨਿਕਲਦੇ ਤੇ ਮਿਟਦੇ, ਪਰ ਧ੍ਰੂਅ ਤਾਰਾ ਓਵੇਂ ਦਾ ਓਵੇਂ, ਇੱਕ ਥਾਂ ਇਸਥਿਤ ਹੈ)। ੭. ਪਰ (ਐਸੇ ਅਸਚਰਜ ਪ੍ਰਭੂ ਨੇ) ਗੁਰਮੁਖਾਂ ਨੂੰ ਇਸ ਅਲਖ (ਨਾ ਜਾਣੇ ਜਾ ਸਕਣ ਵਾਲੇ) ਸੁਖ ਨੂੰ ਸਮਝਾ ਦਿੱਤਾ ਹੈ॥ ੨੧॥ ੪॥

ਵਾਰ ੫

ੴ ਸਤਿਗੁਰ ਪ੍ਰਸਾਦਿ॥

੧. ਗੁਰਮੁਖ ਦੀ ਭਗਤੀ ਦੇ ਲੱਛਣ

੧. ਗੁਰਮੁਖਿ ਹੋਵੈ ਸਾਧਸੰਗੁ ਹੋਰਤੁ ਸੰਗਿ ਕੁਸੰਗਿ ਨ ਰਚੈ।
੨. ਗੁਰਮੁਖਿ ਪੰਥੁ ਸੁਹੇਲੜਾ ਬਾਰਹ ਪੰਥ ਨ ਖੇਚਲ ਖਚੈ!
੩. ਗੁਰਮੁਖਿ ਵਰਨ ਅਵਰਨ ਹੋਇ ਰੰਗ ਸੁਰੰਗੁ ਤੰਬੋਲ ਪਰਚੈ।
੪. ਗੁਰਮੁਖਿ ਦਰਸਨੁ ਦੇਖਣਾ ਛਿਅ ਦਰਸਨ ਪਰਸਣ ਨ ਸਰਚੈ।
੫. ਗੁਰਮੁਖਿ ਨਿਹਚਲ ਮਤਿ ਹੈ ਦੂਜੇ ਭਾਇ ਲੁਭਾਇ ਨ ਪਚੈ।
੬. ਗੁਰਮੁਖਿ ਸਬਦੁ ਕਮਾਵਣਾ ਪੈਰੀ ਪੈ ਰਹਰਾਸਿ ਨ ਹਚੈ।
੭. ਗੁਰਮੁਖਿ ਭਾਇ ਭਗਤਿ ਚਹਮਚੈ॥ ੧॥

ਪਦ ਅਰਥ - ਰਚੈ=ਰਚ ਜਾਣਾ। ਸੁਹੇਲੜਾ=ਸੁਹਾਵਾ, ਸੁੰਦਰ। ਖਚੈ=ਖਚਿਤ ਹੋਣਾ। ਸਰਚੈ=ਨਹੀਂ ਲੱਗਦੇ। ਚਹ ਮਚੈ=ਖੁਸ਼ੀਆਂ ਵਿਚ ਮਸਤ ਹੁੰਦਾ।

ਅਰਥ - ੧. ਸਾਧਾਂ, ਗੁਰਮੁੱਖ ਪੁਰਸ਼ਾਂ ਦੀ ਸੰਗਤ ਕਰਕੇ ਜੋ ਗੁਰਮੁੱਖ ਬਣਦਾ ਹੈ ਉਹ ਹੋਰ ਕਿਸੀ ਦੇ ਸੰਗਿ ਜਾਂ ਕੁਸੰਗ ਵਿਚ ਨਹੀਂ ਲੱਗਦਾ। ੨. ਗੁਰਮੁਖਾਂ ਦਾ ਪੰਥ (ਰਸਤਾ) ਸੁਹੇਲੜਾ ਤੇ ਸੌਖਾ ਹੈ, ਉਹ (ਜੋਗੀਆਂ ਦੇ) ਬਾਰਾਂ ਪੰਥਾਂ ਦੀਆਂ ਖੇਚਲ ਵਾਲੀਆਂ ਕਰਨੀਆਂ ਵਿਚ ਖਚਿਤ ਨਹੀਂ ਹੁੰਦੇ। ੩. ਗੁਰਮੁਖ ਭਾਵੇਂ ਵਰਣ ਜਾਤੀਆ ਤੇ ਭਾਵੇਂ ਅਵਰਣ (ਉਚ ਜਾਂ ਨੀਚ) ਕਿਸੇ ਜਾਤੀ ਦਾ ਵੀ ਹੋਵੇ, ਉਹ ਪਾਨ ਦੇ ਬੀੜੇ ਦੇ ਗੂਹੜੇ ਸੋਹਣੇ ਰੰਗ (ਭਾਵ ਸਤਿਸੰਗ ਦੇ ਰੰਗ) ਵਿਚ ਪਰਚ (ਅਭੇਦ ਹੋ) ਜਾਂਦਾ ਹੈ। ੪. ਜਿਨ੍ਹਾਂ ਨੇ ਗੁਰਮੁਖਾਂ ਦੇ ਦਰਸ਼ਨ (ਸੰਗਤ) ਕਰ ਲੀਤੇ, ਉਹ ਪ੍ਰਚਲਿਤ ਛੇ ਦਰਸ਼ਨਾਂ (ਧਰਮਾਂ) ਦੇ ਭਰਮਾਂ ਨੂੰ ਨਹੀਂ ਪਰਸਦੇ। ੫. ਗੁਰਮੁਖਾਂ ਦੀ ਮਤ ਦ੍ਰਿੜਤਾ ਵਾਲੀ ਅਚਲ ਹੋ ਜਾਂਦੀ ਹੈ, ਉਹ ਦੂਜੇ ਭਾਵ ਦੇ ਕਿਸੇ ਲੋਭ ਵਿਚ ਫਸ ਕੇ ਸ਼ਰਮਿੰਦੇ ਨਹੀਂ ਹੁੰਦੇ। ੬. ਗੁਰਮੁਖ, ਜਿਨ੍ਹਾਂ ਨੇ ਸ਼ਬਦ ਦੀ ਕਮਾਈ ਕੀਤੀ ਹੈ, ਉਹ ਗੁਰਮੁਖਤਾਈ ਦੀਆਂ ਲੀਹਾਂ 'ਤੇ ਹੀ ਤੁਰਦੇ, ਭਾਵ ਪੈਰੀ ਪਾਉਣਾ, ਜਾਂ ਹੋਰ ਗੁਰਮੁਖਾਂ ਦੀ ਰਹੁਰੀਤੀ ਤੋਂ ਪਿੱਛੇ ਨਹੀਂ ਹਟਦੇ। ੭. ਉਹ ਤਾਂ ਪ੍ਰੇਮਾ-ਭਗਤੀ ਦੇ ਰਸ ਵਿਚ ਆਨੰਦ ਤੇ ਮਗਨ ਹੋਏ ਰਹਿੰਦੇ ਹਨ॥ ੧॥

੨. ਗੁਰਮੁਖਤਾਈ

੧. ਗੁਰਮੁਖਿ ਇਕੁ ਅਰਾਧਣਾ ਇਕੁ ਮਨ ਹੋਇ ਨ ਹੋਇ ਦੁਚਿਤਾ।
੨. ਗੁਰਮੁਖਿ ਆਪੁ ਗਵਾਇਆ ਜੀਵਨੁ ਮੁਕਤਿ ਨ ਤਾਮਸ ਪਿਤਾ।
੩. ਗੁਰ ਉਪਦੇਸੁ ਅਵੇਸੁ ਕਰਿ ਸਣੁ ਦੂਤਾ ਵਿਖੜਾ ਗੜੁ ਜਿਤਾ।
੪. ਪੈਰੀ ਪੈ ਪਾ ਖਾਕੁ ਹੋਇ ਪਾਹੁਨੜਾ ਜਗਿ ਹੋਇ ਅਥਿਤਾ।
੫. ਗੁਰਮੁਖਿ ਸੇਵਾ ਗੁਰ ਸਿਖਾ ਗੁਰਸਿਖ ਮਾ ਪਿਉ ਭਾਈ ਮਿਤਾ।
੬. ਦੁਰਮਤਿ ਦੁਬਿਧਾ ਦੂਰਿ ਕਰਿ ਗੁਰਮਤਿ ਸਬਦ ਸੁਰਤਿ ਮਨੁ ਸਿਤਾ।
੭. ਛਡਿ ਕੁਫਕੜੁ ਕੂੜੁ ਕੁਪਿਤਾ॥ ੨॥

ਪਦ ਅਰਥ - ਤਾਮਸ ਪਿਤਾ=ਕ੍ਰੋਧੀ ਦਿਲ। ਅਵੇਸੁ=ਦਾਖਲ ਹੋਣਾ। ਅਥਿਤਾ=ਪੂਜਨੀਕ। ਕੁਫਕੜੁ=ਕੁਬੁਧੀ।

ਅਰਥ - ੧. ਗੁਰਮੁਖ ਇੱਕ ਚਿੱਤ ਹੋ ਕੇ ਇੱਕ (ਪ੍ਰਭੂ) ਦੀ ਅਰਾਧਨਾ ਕਰਦੇ ਹਨ, (ਉਨ੍ਹਾਂ ਨੂੰ) ਦੁਚਿੱਤੀ ਨਹੀਂ ਹੁੰਦੀ। ੨. ਗੁਰਮੁਖ ਆਪਾ (ਮੈਂ-ਮੇਰੀ) ਨੂੰ ਖਤਮ ਕਰਕੇ, ਜੀਵਨ-ਮੁਕਤ ਹੁੰਦੇ ਹਨ, ਨਾ ਉਨ੍ਹਾਂ (ਦੇ ਮਨ ਵਿਚ) ਤਾਮਸੀ (ਕ੍ਰੋਧ) ਆਉਂਦਾ ਹੈ। ੩. ਗੁਰੂ ਦੇ ਉਪਦੇਸ਼ ਨੂੰ ਦ੍ਰਿੜਤਾ ਨਾਲ ਧਾਰਨ ਕਰਕੇ, ਪੰਜਾਂ ਦੂਤਾਂ ਸਮੇਤ, ਮਨ ਦੇ ਬਿਖਮ ਗੜ੍ਹ (ਕਿਲ੍ਹੇ) ਨੂੰ ਜਿੱਤ ਲੈਂਦੇ ਹਨ। ੪. ਪੈਰੀ ਪੈਣਾ ਦੀ ਰੀਤ 'ਤੇ ਚਲ ਕੇ, ਉਹ ਚਰਣਾਂ ਦੀ ਧੂੜੀ ਬਣ, ਜਗਤ ਵਿਚ ਪ੍ਰਾਹੁਣੇ (ਮੁਸਾਫਰ) ਦੀ ਨਿਆਈਂ ਜੀਵਨ ਬਿਤਾਉਂਦੇ

ਹਨ। ੫. ਗੁਰਮੁਖ, ਗੁਰਸਿੱਖਾਂ ਦੀ ਸੇਵਾ ਕਰਦੇ, ਤੇ ਗੁਰਸਿੱਖਾਂ ਨੂੰ ਮਾਤਾ, ਪਿਤਾ, ਭਾਈ ਤੇ ਮਿੱਤਰ ਵਾਂਗੂੰ ਜਾਣਦੇ ਹਨ। ੬. ਖੋਟੀ ਮਤ ਜੋ (ਸਦਾ ਹੀ) ਦੁਬਿਧਾ (ਦ੍ਵੈਤ) ਖੜੀ ਰੱਖਦੀ ਹੈ, (ਉਸ ਨੂੰ ਦੂਰ ਕਰਕੇ) ਗੁਰਮੁਖ ਸ਼ਬਦ ਵਿਚ ਸੁਰਤ ਨੂੰ ਜੋੜ ਕੇ, ਮਨ ਨੂੰ ਉਸ ਦੇ ਨਾਲ ਸਿਉਂ ਦੇਂਦੇ ਹਨ, (ਤਾਂ ਕਿ ਮਨ ਸੁਰਤ ਤੋਂ ਵੱਖਰਾ ਹੋ ਹੀ ਨਾ ਸਕੇ)। ੭. ਖੋਟੇ ਕੰਮ ਲਈ ਮਨ ਵੱਲੋਂ ਜੋ ਹੁਜਤਾਂ ਤੇ ਬਹਾਨੇ ਹੁੰਦੇ ਹਨ, ਗੁਰਮੁਖ ਉਨ੍ਹਾਂ ਨੂੰ ਛੱਡ ਦਿੰਦਾ ਹੈ॥ ੨॥

੩. ਆਪੋ ਆਪਣੇ ਖਿਆਲਾਂ ਦਾ ਮੇਲ

੧. ਅਪਣੇ ਅਪਣੇ ਵਰਨ ਵਿਚਿ ਚਾਰਿ ਵਰਨ ਕੁਲ ਧਰਮ ਧਰੰਦੇ।
੨. ਛਿਅ ਦਰਸਨ ਛਿਅ ਸਾਸਤ੍ਰਾ ਗੁਰ ਗੁਰਮਤਿ ਖਟੁ ਕਰਮ ਕਰੰਦੇ।
੩. ਅਪਣੇ ਅਪਣੇ ਸਾਹਿਬੈ ਚਾਕਰ ਜਾਇ ਜੁਹਾਰ ਜੁੜੰਦੇ।
੪. ਅਪਣੇ ਅਪਣੇ ਵਣਜ ਵਿਚਿ ਵਾਪਾਰੀ ਵਾਪਾਰ ਮਚੰਦੇ।
੫. ਅਪਣੇ ਅਪਣੇ ਖੇਤ ਵਿਚਿ ਬੀਉ ਸਭੈ ਕਿਰਸਾਣਿ ਬੀਜੰਦੇ।
੬. ਕਾਰੀਗਰਿ ਕਾਰੀਗਰਾਂ ਕਾਰਿਖਾਨੇ ਵਿਚਿ ਜਾਇ ਮਿਲੰਦੇ।
੭. ਸਾਧਸੰਗਤਿ ਗੁਰਸਿਖ ਪੁਜੰਦੇ॥ ੩॥

ਪਦ ਅਰਥ - ਵਰਨ=ਜਾਤਾਂ (ਖੜ੍ਹੀ, ਬ੍ਰਾਹਮਣ, ਸ਼ੂਦਰ ਤੇ ਵੈਸ਼)। ਖਟੁ ਕਰਮ=ਛੇ ਕਿਸਮ ਦੇ ਕਰਮ ਧਰਮ। (ਜਪ, ਹੋਮ, ਸੰਧਿਆ, ਸ਼ਨਾਨ, ਅਤਿਥੀ ਸੇਵਾ, ਦੇਵ ਪੂਜਾ)।

ਅਰਥ - ੧. ਆਪਣੇ ਆਪਣੇ ਵਰਣ (ਜਾਤੀ) ਵਿਚ, ਚਾਰੇ ਜਾਤੀਆਂ ਵਾਲੇ, ਆਪੋ ਆਪਣੇ ਕੁਲ ਦੇ ਧਰਮ ਅਨੁਸਾਰ ਵਰਤਦੇ ਹਨ। ੨. ਛੇ ਦਰਸ਼ਨ (ਧਰਮ) ਛੇ ਸ਼ਾਸਤਰ—ਗੁਰੂਆਂ ਦੀ ਦੱਸੀ ਗੁਰਮਤਿ (ਭਾਵ ਸਿੱਖਿਆ) ਅਨੁਸਾਰ ਖਟ ਕਰਮ ਕਰਦੇ ਹਨ। ੩. ਨੌਕਰ (ਜੋ ਵੀ ਕੰਮ 'ਤੇ ਜਾਂਦਾ ਹੈ), ਜਾ ਕੇ ਆਪੋ ਆਪਣੇ ਮਾਲਕ (ਤੇ ਅਫਸਰ) ਨੂੰ ਨਮਸਕਾਰ ਕਰਦੇ ਹਨ। ੪. ਵਪਾਰੀ, ਆਪਣੇ ਨਾਲ ਸੰਬੰਧਤ ਵਪਾਰੀਆਂ ਨੂੰ ਮਿਲਦੇ ਤੇ ਵਪਾਰ ਚਲਾਉਂਦੇ ਹਨ। ੫. ਕਿਰਸਾਨ ਆਪੋ ਆਪਣੇ ਖੇਤ ਵਿਚ (ਜੋ ਵੀ ਚਾਹੁੰਦਾ ਹੈ) ਜਾ ਕੇ ਬੀਜ ਬੀਜਦਾ ਹੈ। ੬. ਕਾਰੀਗਰ (ਤੇ ਮਜ਼ਦੂਰ) ਕਾਰੀਗਰਾਂ ਨੂੰ ਜਾ ਕੇ ਕਾਰਖਾਨੇ ਵਿਚ ਮਿਲ ਪੈਂਦੇ ਹਨ। ੭. (ਇਸੇ ਤਰ੍ਹਾਂ) ਗੁਰਸਿੱਖ ਸਿੱਖਾਂ ਦੇ ਦਰਸ਼ਨ ਕਰਨ (ਤੇ ਗੁਰ-ਉਪਦੇਸ਼ ਸੁਣਨ ਲਈ) ਸਾਧ ਸੰਗਤ ਵਿਚ ਪੁਜਦੇ ਹਨ॥ ੩॥

੪. ਆਪੋ ਆਪਣੇ ਮੇਲੀਆਂ ਦਾ ਮੇਲ

੧. ਅਮਲੀ ਰਚਨਿ ਅਮਲੀਆ ਸੋਫੀ ਸੋਫੀ ਮੇਲੁ ਕਰੰਦੇ।

੨. ਜੂਆਰੀ ਜੂਆਰੀਆਂ ਵੇਕਰਮੀ ਵੇਕਰਮ ਰਚੰਦੇ।
੩. ਚੋਰਾ ਚੋਰਾ ਪਿਰਹੜੀ ਠਗ ਠਗ ਮਿਲਿ ਦੇਸ ਠਗੰਦੇ।
੪. ਮਸਕਰਿਆ ਮਿਲਿ ਮਸਕਰੇ ਚੁਗਲਾ ਚੁਗਲ ਉਮਾਹਿ ਮਿਲੰਦੇ।
੫. ਮਨਤਾਰੂ ਮਨਤਾਰੂਆਂ ਤਾਰੂ ਤਾਰੂ ਤਾਰ ਤਰੰਦੇ।
੬. ਦੁਖਿਆਰੇ ਦੁਖਿਆਰਿਆਂ ਮਿਲਿ ਮਿਲਿ ਅਪਣੇ ਦੁਖ ਰੁਵੰਦੇ।
੭. ਸਾਧਸੰਗਤਿ ਗੁਰਸਿਖੁ ਵਸੰਦੇ॥ ੪॥

ਪਦ ਅਰਥ - ਸੋਫੀ=ਅਮਲ ਨਾ ਕਰਨ ਵਾਲਾ। ਪਿਰਹੜੀ=ਪ੍ਰੀਤੀ। ਮਸਕਰੇ=ਮਖੌਲੀਏ। ਮਨਤਾਰੂ=ਅਨਤਾਰੂ।

ਅਰਥ - ੧. ਅਮਲੀ ਅਮਲੀਆਂ ਨਾਲ ਮਿਲ ਬਹਿੰਦੇ ਤੇ ਸੋਫੀ (ਜੋ ਅਮਲ ਤੋਂ ਪ੍ਰਹੇਜ਼ ਕਰਦੇ ਹਨ) ਸੋਫੀਆਂ ਨਾਲ ਮਿਲਦੇ ਹਨ। ੨. ਜੂਆ ਖੇਡਣ ਵਾਲੇ ਜੂਆ ਖੇਡਣ ਵਾਲਿਆਂ ਨਾਲ ਤੇ ਕੁਕਰਮੀ ਕੁਕਰਮ ਕਰਨ ਵਾਲਿਆਂ ਨਾਲ ਹੀ ਮਿਲਦੇ ਮਿਲਾਂਦੇ ਹਨ। ੩. ਚੋਰਾਂ ਦੀ ਪ੍ਰੀਤੀ ਤੇ ਪਿਆਰ ਚੋਰੀ ਕਰਨ ਵਾਲਿਆਂ ਨਾਲ ਹੀ ਹੁੰਦਾ ਹੈ, ਤੇ ਠੱਗਾਂ ਦੀ ਠੱਗਾਂ ਨਾਲ, ਜੋ ਲੋਕਾਂ ਨੂੰ ਠੱਗ ਕੇ ਲੁਟਦੇ ਹਨ। ੪. ਮਖੌਲੀਏ (ਹਾਸਾ ਠੱਠਾ ਕਰਨ ਵਾਲੇ) ਲੋਕ ਮਖੌਲੀਆਂ ਨੂੰ ਮਿਲ (ਕੇ ਪ੍ਰਸੰਨ ਹੁੰਦੇ) ਹਨ ਤੇ ਨਿੰਦਕ (ਚੁਗਲ) ਨਿੰਦਕਾਂ ਨਾਲ ਹੀ ਮਿਲ ਕੇ ਖੁਸ਼ ਹੁੰਦੇ ਹਨ। ੫. ਜਿਹੜੇ ਨਹੀਂ ਤਰ ਸਕਦੇ, ਉਹ ਅਨਤਾਰੂਆਂ ਨਾਲ ਮੇਲ ਰੱਖਦੇ ਤੇ ਤਰ ਸਕਣ ਵਾਲੇ ਤਰਨ ਵਾਲਿਆਂ ਨਾਲ ਮਿਲ ਕੇ ਤਰਨ ਦਾ ਆਨੰਦ ਲੈਂਦੇ ਹਨ। ੬. ਦੁਖੀਏ ਨੂੰ ਦੁਖਿਆਰਿਆਂ ਦੀ ਗੱਲ ਬਾਤ ਚੰਗੀ ਲੱਗਦੀ ਹੈ, ਤੇ ਉਹ ਆਪੋ ਵਿਚ ਮਿਲ ਕੇ ਆਪੋ ਆਪਣੇ ਦੁੱਖਾਂ ਦੀਆਂ ਕਹਾਣੀਆਂ ਕਰਦੇ ਹਨ। ੭. (ਪਰ) ਗੁਰਸਿੱਖ (ਦੀ ਪ੍ਰੀਤੀ ਸਾਧ ਸੰਗਤ ਨਾਲ ਹੁੰਦੀ ਹੈ ਇਸ ਲਈ ਉਹ) ਸਾਧ ਸੰਗਤ ਵਿਚ ਹੀ ਵੱਸਦੇ ਹਨ (ਭਾਵ ਉਹ ਸਾਧ ਸੰਗਤ ਦੇ ਰੱਬੀ ਖਿਆਲਾਂ ਤੇ ਵਿਚਾਰਾਂ ਵਿਚ ਹੀ ਲੱਗੇ ਰਹਿੰਦੇ ਹਨ, ਉਹਨਾਂ ਨੂੰ ਹੋਰ ਕੋਈ ਗੱਲ ਚੰਗੀ ਲੱਗਦੀ ਹੀ ਨਹੀਂ)॥ ੪॥

੫. ਆਪੋ ਆਪਣੀ ਲਗਨ ਵਿਚ ਮਸਤ

੧. ਕੋਈ ਪੰਡਿਤੁ ਜੋਤਿਕੀ ਕੋ ਪਾਧਾ ਕੋ ਵੈਦੁ ਸਦਾਏ।
੨. ਕੋਈ ਰਾਜਾ ਰਾਉ ਕੋ ਕੋ ਮਹਤਾ ਚਉਧਰੀ ਅਖਾਏ।
੩. ਕੋਈ ਬਜਾਜੁ ਸਰਾਫੁ ਕੋ ਕੋ ਜਉਹਰੀ ਜੜਾਉ ਜੜਾਏ।
੪. ਪਾਸਾਰੀ ਪਰਚੂਨੀਆ ਕੋਈ ਦਲਾਲੀ ਕਿਰਸਿ ਕਮਾਏ।
੫. ਜਾਤਿ ਸਨਾਤ ਸਹੰਸ ਲਖ ਕਿਰਤਿ ਵਿਰਤਿ ਕਰਿ ਨਾਉ ਗਣਾਏ।

੬. ਸਾਧਸੰਗਤਿ ਗੁਰਸਿਖਿ ਮਿਲਿ ਆਸਾ ਵਿਚਿ ਨਿਰਾਸੁ ਜਮਾਏ।
੭. ਸਬਦੁ ਸੁਰਤਿ ਲਿਵ ਅਲਖੁ ਲਖਾਏ ॥ ੫ ॥

ਪਦ ਅਰਥ - ਪਾਧਾ=ਉਸਤਾਦ। ਮਹਤਾ=ਪਟਵਾਰੀ। ਕਿਰਸਿ=ਬਚਤ। ਅਲਖੁ=ਨ ਜਾਣੇ ਜਾਣ ਵਾਲਾ।

ਅਰਥ - ੧. ਕੋਈ ਪੰਡਿਤ, ਕੋਈ ਜੋਤਸ਼ੀ, ਕੋਈ ਪਾਂਧਾ ਤੇ ਕੋਈ ਵੈਦ ਸਦੱਵਾਉਂਦਾ ਹੈ। ੨. ਕੋਈ ਰਾਜਾ, ਕੋਈ ਰਾਉ, ਕੋਈ ਪਟਵਾਰੀ ਤੇ ਕੋਈ ਆਪਣੇ ਆਪ ਨੂੰ ਚੌਧਰੀ ਅਖਵਾਉਂਦਾ ਹੈ। ੩. ਕੋਈ ਬਜਾਜ (ਕੱਪੜਾ ਵੇਚਣ ਵਾਲਾ), ਕੋਈ ਸਰਾਫ (ਸੋਨੇ ਦੇ ਗਹਿਣੇ ਵੇਚਣ ਵਾਲਾ) ਤੇ ਕੋਈ ਜੌਹਰੀ (ਹੀਰੇ ਮੋਤੀ ਵੇਚਣ ਵਾਲਾ) ਤੇ ਜੜਤ ਦਾ ਕੰਮ ਕਰਨ ਵਾਲਾ, ਸੁਨਿਆਰਾ ਹੈ। ੪. ਕੋਈ ਪੰਸਾਰੀ ਤੇ ਪਰਚੂਨੀਆਂ ਹੈ ਤੇ ਕੋਈ ਦਲਾਲੀ ਦੀ ਕਿਰਸ ਦੀ ਕਮਾਈ ਕਰਦਾ ਹੈ। ੫. ਹਜ਼ਾਰਾਂ ਹੀ ਉਚ ਤੇ ਨੀਚ ਜਾਤਾਂ ਵਾਲੇ, ਹਜ਼ਾਰਾਂ ਕਿਸਮ ਦੀ ਕਿਰਤ ਕਮਾਈ ਤੇ ਵਖੋ ਵੱਖ ਨਾਵਾਂ ਨਾਲ ਗਿਣੇ ਜਾਂਦੇ ਹਨ। ੬. (ਪਰ) ਗੁਰੂ ਕੇ ਸਿੱਖ ਸਾਧ ਸੰਗਤਿ ਵਿਚ ਮਿਲ ਕੇ ਆਸ਼ਾ (ਦੇ ਭਰੇ ਸੰਸਾਰ) ਵਿਚ (ਸੰਸਾਰ ਦੀਆਂ ਵਡਿਆਈਆਂ ਤੋਂ ਉਪ੍ਰਾਮ ਹੋ ਕੇ) ਨਿਰਾਸ਼ਾ ਨੂੰ ਜਮਾਉਂਦੇ ਹਨ, (ਭਾਵ ਇਸ ਖਿਆਲ ਨੂੰ ਦ੍ਰਿੜ੍ਹ ਕਰਦੇ ਹਨ ਕਿ ਸੰਸਾਰੀ ਪਦਾਰਥ ਨਾਸ਼ਵੰਤ ਹਨ, ਇਨ੍ਹਾਂ ਨਾਲ ਪ੍ਰੀਤੀ ਕਰਨੀ ਝੂਠੀ ਹੈ। ਇੱਕ ਪ੍ਰਭੂ ਦਾ ਨਾਮ ਏਥੇ ਓਥੇ ਸਹਾਈ ਹੋਣ ਵਾਲਾ ਹੈ)। ੭. (ਇਸ ਤਰ੍ਹਾਂ) ਸਾਧ ਸੰਗਤ ਵਿਚੋਂ ਗੁਰਸਿੱਖ ਸ਼ਬਦ ਦੀ ਸੁਰਤ ਵਿਚ ਲਿਵ ਜੋੜ ਕੇ, ਉਸ ਅਲਖ, (ਨਾ ਲਖੇ ਜਾਣ ਵਾਲੇ ਪ੍ਰਭੂ) ਨੂੰ ਜਾਣ ਲੈਂਦੇ ਹਨ॥ ੫॥

੬. ਫਿਰ ਉਸੇ ਸਿਧਾਂਤ ਦੇ ਦ੍ਰਿਸ਼ਟਾਂਤ

੧. ਜਤੀ ਸਤੀ ਚਿਰੁ ਜੀਵਣੇ ਸਾਧਿਕ ਸਿਧ ਨਾਥ ਗੁਰ ਚੇਲੇ।
੨. ਦੇਵੀ ਦੇਵ ਰਿਖੀਸੁਰਾ ਭੈਰਉ ਖੇਤ੍ਰਪਾਲ ਬਹੁ ਮੇਲੇ।
੩. ਗਣ ਗੰਧਰਬ ਅਪਛਰਾ ਕਿੰਨਰ ਜਛ ਚਲਿਤ ਬਹੁ ਖੇਲੇ।
੪. ਰਾਖਸ ਦਾਨੋਂ ਦੈਤ ਲਖ ਅੰਦਰਿ ਦੂਜਾ ਭਾਉ ਦੁਹੇਲੇ।
੫. ਹਉਮੈ ਅੰਦਰਿ ਸਭ ਕੋ ਗੁਰਮੁਖਿ ਸਾਧਸੰਗਤਿ ਰਸ ਕੇਲੇ।
੬. ਇਕ ਮਨ ਇਕੁ ਅਰਾਧਣਾ ਗੁਰਮਤਿ ਆਪੁ ਗਵਾਇ ਸੁਹੇਲੇ।
੭. ਚਲਣੁ ਜਾਣਿ ਪਏ ਸਿਰਿ ਤੇਲੇ ॥ ੬ ॥

ਪਦ ਅਰਥ - ਜਤੀ ਸਤੀ=ਜਤ ਤੇ ਸਤ ਰੱਖਣ ਵਾਲੇ। ਗਣ, ਗੰਧਰਬ ਅਪੱਛਰਾਂ, ਕਿੰਨਰ, ਜੱਛ=ਦੇਵਤਿਆਂ ਦੇ ਰਾਗੀ, ਇੰਦਰ ਦੇ ਦਰਬਾਰ ਦੀਆਂ ਨਾਚੀਆਂ ਤੇ ਸਾਜ ਵਜਾਉਣ ਵਾਲੇ।

ਅਰਥ - ੧. ਜਤੀ ਸਤੀ, ਚਿਰਜੀਵਣੇ (ਲੰਮੀ ਉਮਰ ਵਾਲੇ) ਸਾਧਨਾ ਕਰ ਕਰ ਕੇ ਬਣੇ ਸਿੱਧ ਤੇ ਨਾਥ (ਕੰਨ ਪਾਟੇ ਜੋਗੀ) ਆਦਿ ਅਨੇਕਾਂ ਗੁਰੂ ਤੇ ਚੇਲੇ ਹਨ। ੨. ਅਨੇਕਾਂ ਦੇਵੀ ਦੇਵਤੇ, ਰਿਖੀਸ਼ਰ, ਭੈਰੋਂ

ਤੇ ਖੇਤਰਪਾਲ ਆਦਿ ਦੇ ਬਹੁਤ ਮੇਲੇ ਲੱਗਦੇ ਹਨ। ੩. ਗਣ, ਗੰਧਰਬ, ਅਪੱਛਰਾਂ, ਕਿੰਨਰ ਤੇ ਜੱਛ ਆਦਿਕਾਂ ਦੇ ਅਸਚਰਜਤਾ ਭਰੇ ਵਡੇ ਖੇਲ ਹਨ। ੪. (ਇਸੇ ਤਰ੍ਹਾਂ) ਲੱਖਾਂ ਹੀ ਰਾਕਸ਼, ਦੇਵਤੇ ਤੇ ਦੈਂਤ ਹਨ ਇਹ ਸਭ ਵਿਰੋਧੀ ਭਾਵਾਂ (ਦ੍ਵੈਸ਼) ਦੇ ਕਾਰਣ ਦੁਖੀ ਹਨ। ੫. ਸਾਰੇ ਹੀ ਆਪੋ ਆਪਣੀ ਹਉਮੈ (ਹੰਕਾਰ) ਵਿਚ ਹਨ, (ਕੇਵਲ) ਗੁਰਮੁਖ (ਗੁਰੂ ਦੇ ਪੂਰਨ ਸਿੱਖ) ਸਾਧ ਸੰਗਤ ਦੇ ਰਸ ਨਾਲ ਆਨੰਦ ਮਾਣਦੇ ਹਨ। ੬. (ਉਹ ਕੇਵਲ) ਇੱਕ ਮਨ ਹੋ ਕੇ, ਇੱਕ ਪ੍ਰਭੂ ਦੀ ਅਰਾਧਨਾ ਕਰਦੇ ਹਨ ਤੇ ਗੁਰੂ ਦੀ ਮੱਤ ਨਾਲ ਆਪਾ ਭਾਵ ਨੂੰ ਗਵਾ ਕੇ ਸੁੱਖੀ ਰਹਿੰਦੇ ਹਨ। ੭. ਗੁਰਮੁਖਾਂ ਨੂੰ ਏਥੋਂ ਚਲੇ ਜਾਣਾ ਹੈ, ਇਸ ਗੱਲ ਦਾ ਸਿਰ ਵਿਚ ਤੇਲ ਮਲਨ ਵਾਂਗ ਗਿਆਨ ਹੋ ਚੁਕਾ ਹੈ॥ ੬॥

੭. ਫੋਕਟ ਕਰਮਾਂ ਦੇ ਕੂੜ ਭੁਲਾਵੇ

੧. ਜਤ ਸਤ ਸੰਜਮ ਹੋਮ ਜਗ ਜਪੁ ਤਪੁ ਦਾਨ ਪੁੰਨ ਬਹੁਤੇਰੇ।
੨. ਰਿਧਿ ਸਿਧਿ ਨਿਧਿ ਪਾਖੰਡ ਬਹੁ ਤੰਤ੍ਰ ਮੰਤ੍ਰ ਨਾਟਕ ਅਗਲੇਰੇ।
੩. ਵੀਰਾਰਾਧਣ ਜੋਗਣੀ ਮੜ੍ਹੀ ਮਸਾਣ ਵਿਡਾਣ ਘਨੇਰੇ।
੪. ਪੂਰਕ ਕੁੰਭਕ ਰੇਚਕਾ ਨਿਵਲੀ ਕਰਮ ਭੁਇਅੰਗਮ ਘੇਰੇ।
੫. ਸਿਧਾਸਣ ਪਰਚੇ ਘਣੇ ਹਠ ਨਿਗ੍ਰਹ ਕਉਤਕ ਲਖ ਹੇਰੇ।
੬. ਪਾਰਸ ਮਣੀ ਰਸਾਇਣਾ ਕਰਾਮਾਤ ਕਾਲਖ ਆਨ੍ਹੇਰੇ।
੭. ਪੂਜਾ ਵਰਤ ਉਪਾਰਣੇ ਵਰ ਸਰਾਪ ਸਿਵ ਸਕਤਿ ਲਵੇਰੇ।
੮. ਸਾਧਸੰਗਤਿ ਗੁਰ ਸਬਦ ਵਿਣੁ ਥਾਉ ਨ ਪਾਇਨਿ ਭਲੇ ਭਲੇਰੇ।
੯. ਕੂੜ ਇਕ ਗੰਢੀ ਸਉ ਫੇਰੇ॥ ੭॥

ਪਦ ਅਰਥ - ਹਠ ਨਿਗ੍ਰਹ=ਹਠੀ ਕਰਮ। ਆਨ੍ਹੇਰੇ=ਅਗਿਆਨ ਦਾ। ਲਵੇਰੇ=ਚਾਹ ਸਹਿਤ। ਫੇਰੇ=ਫਰੇਬ।

ਅਰਥ - ੧. ਜਤ, ਸਤ, ਸੰਜਮ, ਹੋਮ, ਜਗ, ਜਪ, ਤਪ, ਤੇ ਦਾਨ ਪੁੰਨ ਆਦਿ ਦੇ ਅਨੇਕਾਂ ਕਰਮ ਹਨ। ੨. ਰਿੱਧੀਆਂ ਸਿੱਧੀਆਂ ਤੇ ਨਿਧੀਆਂ ਦੇ ਪਾਖੰਡ ਬਹੁਤੇ ਹਨ, ਤੰਤਰ ਮੰਤਰ ਤੇ ਜੰਤਰ ਵੀ ਵਧ ਚੜ੍ਹ ਕੇ ਹਨ। ੩. ਬੀਰਾਂ ਦਾ ਸਿਮਰਨ, ਜੋਗਣੀਆਂ ਤੇ ਮੜ੍ਹੀਆਂ ਮਸਾਣਾਂ (ਦੀ ਪੂਜਾ) ਦੇ ਅਸਚਰਜ ਕੌਤਕ ਹਨ। ੪. ਪੂਰਕ (ਸ੍ਵਾਸ ਚਾੜ੍ਹਨੇ) ਕੁੰਭਕ (ਠਹਿਰਾਣੇ) ਤੇ ਰੇਚਕ (ਸ੍ਵਾਸ ਉਤਾਰਨੇ) ਇਹ ਜੋਗੀਆਂ ਦੇ ਮੁਖ ਸਾਧਨ ਹਨ। ਫਿਰ ਨਿਵਲੀ ਕਰਮ (ਦੋਵੇਂ ਕੰਨ੍ਹੇ ਨੀਵੇਂ ਕਰ), ਕੰਡ ਨੂੰ ਸਿੱਧਾ ਰੱਖ ਕੇ ਬੈਠਣਾ, ਸ੍ਵਾਸਾਂ ਦੇ ਜ਼ੋਰ ਨਾਲ ਪੇਟ ਨੂੰ ਉਪਰ ਹੇਠਾਂ ਤੇ ਸੱਜੇ ਖੱਬੇ ਇਸ ਢੰਗ ਨਾਲ ਐਉਂ ਹਲਾਣਾ, ਜਿਵੇਂ ਦਹੀਂ ਦੀ ਚਾਟੀ ਵਿਚ ਮਧਾਣੀ ਫਿਰਦੀ ਹੈ। (ਜੋਗੀ ਇਸ ਤਰ੍ਹਾਂ ਕਰਦੇ ਹਨ)। ਫਿਰ ਭੁਯੰਗਮਾ (ਕੁੰਡਲਨੀ) ਨਾੜੀ (ਜੋ ਦਸਮ ਦੁਆਰ ਨੂੰ ਜਾਂਦੀ, ਸੁਖਮਨਾ ਨਾੜੀ ਦੇ ਬੂਹੇ ਨੂੰ (ਘੇਰੇ ਵਿਚ) ਬੰਦ ਰੱਖਦੀ ਹੈ, ਜੋਗੀ ਲੋਕ ਇਸ ਬੂਹੇ ਨੂੰ ਆਪਣੇ ਸ੍ਵਾਸਾਂ

ਦੀ ਹਵਾ ਦੇ ਬਲ ਨਾਲ ਖੋਲ੍ਹਦੇ ਤੇ ਦਸਮ ਦ੍ਵਾਰ ਤੀਕ ਪਹੁੰਚਦੇ ਹਨ। ੫. ਜੋਗੀ ਲੋਕ ਸਿੱਧਾਂ ਦੇ ੮੪ ਆਸਣਾਂ ਵਿਚ ਕਾਮਯਾਬ ਹੋਣ ਲਈ ਬੜੇ ਡੂੰਘੇ ਲੱਗੇ ਹੋਏ ਹਨ, ਤੇ ਹਠ ਕਰਮਾਂ ਦੇ ਲੱਖਾਂ ਤਮਾਸ਼ਿਆਂ ਵਿਚ ਲੱਗੇ ਹੋਏ ਦੇਖਣ ਵਿਚ ਆ ਰਹੇ ਹਨ। ੬. ਪਾਰਸ (ਪਾਰਸੀ ਬਾਬਾ) ਮਣੀ ਤੇ ਰਸਾਇਣ (ਸੋਨਾ ਬਣਾਉਣ) ਦੀਆਂ ਕਰਾਮਾਤਾਂ ਦੀ ਕਾਲਖ ਦੇ ਹਨੇਰੇ ਵਿਚ ਹਨ। ੭. (ਦੂਜੇ ਪਾਸੇ ਆਮ ਹਿੰਦੂ ਜਨਤਾ ਦੇ ਮੁਖੀ ਬਣ ਕੇ) ਪੂਜਾ, ਵਰਤ ਰੱਖਣੇ ਤੇ ਖੋਲ੍ਹਣੇ, ਕਈ ਵਰ ਤੇ ਸਰਾਪ (ਦੀ ਸਿੱਧੀ ਲਈ) ਸ਼ਿਵ ਤੇ ਪਾਰਬਤੀ ਦੀ ਪੂਜਾ ਚਾਹਨਾ ਨਾਲ ਕਰ ਰਹੇ ਹਨ। ੮. (ਪਰ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ ਕਿ ਇਸ ਕਲਜੁਗ ਦੇ ਸਮੇਂ ਵਿਚ ਕੇਵਲ) ਸਾਧ ਸੰਗਤ ਤੇ ਗੁਰੂ ਸ਼ਬਦ (ਦੀ ਵਿਚਾਰ) ਬਿਨਾਂ ਕਿਸੇ ਨੂੰ ਥਾਂ ਨਹੀਂ ਮਿਲੇਗੀ, ਭਾਵੇਂ ਆਪਣੇ ਤੌਰ 'ਤੇ ਕੋਈ ਕਿੰਨੇ ਭਲੇ ਕਰਮ ਪਿਆ ਕਰੇ। ੯. (ਭਾਵ ਲੋਕੀ ਭਾਵੇਂ) ਕੂੜ ਦੀ ਇੱਕ ਗੱਲ (ਨੂੰ ਸੱਚੀ ਬਣਾਉਣ ਲਈ) ਸੌ ਵਲ (ਛਲ ਪਏ) ਕਰਨ। (ਉਹਨਾਂ ਦੀ ਚੁਤਰਾਈ-ਭਰੀ ਭਗਤੀ ਜਾਂ ਹਉਮੈ ਭਰਿਆ ਪੁੰਨ ਦਾਨ ਕਿਸੇ ਅਰਥ ਨਹੀਂ ਹੈ)॥ ੭॥

੮. ਸ਼ਗਨ ਅਪਸ਼ਗਨ ਦੀ ਵਿਚਾਰ

੧. ਸਉਣ ਸਗੁਨ ਵੀਚਾਰਣੇ ਨਉ ਗ੍ਰਿਹ ਬਾਰਹ ਰਾਸਿ ਵੀਚਾਰਾ।
੨. ਕਾਮਣ ਟੂਣੇ ਅਉਸੀਆ ਕਣਸੋਈ ਪਾਸਾਰ ਪਸਾਰਾ।
੩. ਗਦਹੁ ਕੁਤੇ ਬਿਲੀਆ ਇਲ ਮਲਾਲੀ ਗਿਦੜ ਛਾਰਾ।
੪. ਨਾਰਿ ਪੁਰਖੁ ਪਾਣੀ ਅਗਨਿ ਛਿਕ ਪਦ ਹਿਡਕੀ ਵਰਤਾਰਾ।
੫. ਥਿਤਿ ਵਾਰ ਭਦ੍ਰਾ ਭਰਮ ਦਿਸਾਸੂਲ ਸਹਸਾ ਸੈਸਾਰਾ।
੬. ਵਲਛਲ ਕਰਿ ਵਿਸਵਾਸ ਲਖ ਬਹੁ ਚੁਖੀ ਕਿਉ ਰਵੈ ਭਤਾਰਾ।
੭. ਗੁਰਮੁਖਿ ਸੁਖ ਫਲੁ ਪਾਰ ਉਤਾਰਾ॥ ੮॥

ਪਦ ਅਰਥ - ਸਉਣ=ਜੋਤਸ਼। ਮਲਾਲੀ=ਮੈਨਾ। ਛਾਰਾ=ਤੇਜ਼ ਹਵਾ ਦਾ ਬੁੱਲਾ।

ਅਰਥ - ੧. (ਸਉਣ) ਜੋਤਸ਼ ਰਾਹੀਂ ਸ਼ਗਨ ਵਿਚਾਰਨੇ, ਨੌਂ ਗ੍ਰੈਹਾਂ (ਚੰਦ, ਸੂਰਜ, ਰਾਹੂ, ਕੇਤੂ, ਮੰਗਲ, ਬੁਧ, ਬ੍ਰਹਸਪਤ, ਸ਼ੁਕਰ ਤੇ ਛਨੀਚਰ) ਅਤੇ ੧੨ ਰਾਸ਼ਾਂ (ਮੇਖ, ਮੀਨ, ਬ੍ਰਿਖ, ਸਿੰਘ, ਕਰਕ, ਮਿਥਨ, ਕੰਨਿਆ, ਕੁੰਭ, ਮਕਰ, ਤੁਲਾ, ਧਨ ਤੇ ਬ੍ਰਿਸਚਕ) ਆਦਿ ਦੇ ਵਿਚਾਰ ਕਰਨੇ। ੨. ਟੂਣੇ ਕਰਨ ਵਾਲੀਆਂ ਇਸਤ੍ਰੀਆਂ ਟੂਣੇ ਅਉਸੀਆਂ (ਲਕੀਰਾਂ ਵਾਲੇ ਮੰਤਰ) ਦੀਆਂ ਕਣਸੋਆਂ (ਐਧਰੋਂ ਓਧਰੋਂ ਇਹੋ ਜੇਹੀਆਂ ਗੱਲਾਂ ਦੀ ਖ਼ਬਰ ਰੱਖਣੀ) ਆਦਿ ਦਾ ਪਸਾਰਾ ਪਸਰਿਆ ਹੋਇਆ ਹੈ। ੩. ਕਈ ਖੋਤੇ, ਕੁੱਤੇ, ਬਿੱਲੀਆਂ, ਇੱਲਾਂ ਤੇ ਮਲਾਲੀ (ਮੈਨਾ) ਗਿੱਦੜਾਂ ਤੇ ਹਨੇਰੀ ਦੇ (ਸ਼ਗਨ, ਅਪਸ਼ਗਨਾਂ ਦੀਆਂ ਵਿਚਾਰਾਂ ਵਿਚ ਫਸੇ ਪਏ ਹਨ)। ੪. ਇਸਤ੍ਰੀ, ਆਦਮੀ (ਤੁਰਨ ਲੱਗੇ ਜੇ ਅੱਗੋਂ) ਪਾਣੀ ਜਾਂ ਅੱਗ (ਲੈ ਕੇ ਮਿਲੇ ਜਾਂ) ਨਿੱਛ, ਪੱਦ, ਹਿੜਕੀ (ਉਬਾਸੀ) ਲਵੇ (ਤਾਂ ਇਸ ਦਾ ਸ਼ਗਨ ਤੇ ਅਪਸ਼ਗਨ ਮੰਨਦੇ ਹਨ)। ੫. ਥਿੱਤ, ਵਾਰ, ਭੱਦ੍ਰਾਂ ਦਾ ਸੰਸਾ ਅੱਠ ਦਿਸ਼ਾ ਸੂਲ ਦਾ ਭਰਮ ਜਗਤ ਨੂੰ ਲੱਗਾ ਹੋਇਆ ਹੈ। ੬. ਹੇਰੀਆਂ ਫੇਰੀਆਂ ਕਰਨ ਉਤੇ ਭਰੋਸਾ ਰੱਖ ਕੇ ਲੱਖਾਂ

ਧਨ ਜੋੜਨ ਤੇ ਬਹੁ-ਚੁਖੀ (ਬਹੁਤੇ ਸਵਾਦਾਂ ਤੇ ਫੈਸ਼ਨ ਵਾਲੀ ਵੇਸਵਾ) ਪਤੀ ਦਾ ਮਿਲਾਪ ਕਿਉਂ ਕਰ ਪਾ ਸਕੇਗੀ। ੭. ਗੁਰਮੁਖ ਸਭ ਸੰਸਿਆਂ, ਭਰਮਾਂ, ਸ਼ਗਨਾਂ, ਅਪਸ਼ਗਨਾਂ ਤੋਂ ਅੱਗੇ ਲੰਘ ਕੇ ਕੇਵਲ ਇੱਕ ਪ੍ਰਭੂ ਤੇ ਸਤਿਗੁਰੂ 'ਤੇ ਭਰੋਸਾ ਰੱਖਦੇ ਹਨ, ਇਸੇ ਲਈ ਉਹਨਾਂ ਨੂੰ ਸੁਖ ਫਲ ਮਿਲਦਾ ਹੈ, ਤੇ ਇਸੇ ਦੀ ਬਦੌਲਤ ਉਹ ਭਵ ਸਾਗਰ ਤਰਦੇ ਹਨ॥ ੮॥

੯. ਗੁਰਮੁਖਾਂ ਦੇ ਮਾਰਗ ਦੀ ਮਹਾਨਤਾ

੧. ਨਦੀਆ ਨਾਲੇ ਵਾਹੜੇ ਗੰਗਿ ਸੰਗਿ ਗੰਗੋਦਕ ਹੋਈ।
੨. ਅਸਟ ਧਾਤੁ ਇਕ ਧਾਤੁ ਹੋਇ ਪਾਰਸ ਪਰਸੈ ਕੰਚਨੁ ਸੋਈ।
੩. ਚੰਦਨ ਵਾਸੁ ਵਣਾਸਪਤਿ ਅਫਲ ਸਫਲ ਕਰ ਚੰਦਨੁ ਗੋਈ।
੪. ਛਿਅ ਰੁਤਿ ਬਾਰਹ ਮਾਹ ਕਰਿ ਸੁਝੈ ਸੁਝ ਨ ਦੂਜਾ ਕੋਈ।
੫. ਚਾਰਿ ਵਰਨਿ ਛਿਅ ਦਰਸਨਾ ਬਾਰਹ ਵਾਟ ਭਵੈ ਸਭੁ ਲੋਈ।
੬. ਗੁਰਮੁਖਿ ਦਰਸਨੁ ਸਾਧਸੰਗੁ ਗੁਰਮੁਖਿ ਮਾਰਗਿ ਦੁਬਿਧਾ ਖੋਈ।
੭. ਇਕ ਮਨਿ ਇਕੁ ਅਰਾਧਨਿ ਓਈ॥ ੯॥

ਪਦ ਅਰਥ - ਵਾਹੜੇ=ਬਰਸਾਤੀ ਨਾਲੇ। ਗੰਗੋਦਕ=ਗੰਗਾ ਦਾ ਪਾਣੀ। ਸੁਝ=ਸੂਰਜ। ਦਰਸਨੁ=ਧਰਮ, ਮੱਤ।

ਅਰਥ - ੧. ਨਦੀਆਂ ਨਾਲੇ ਵਹਿੰਦੇ ਹੋਏ ਗੰਗਾ ਵਿਚ ਮਿਲ ਕੇ, ਗੰਗਾ ਦੇ ਜਲ ਦਾ ਹੀ ਰੂਪ ਬਣ ਜਾਂਦੇ ਹਨ। ੨. ਅੱਠੇ ਧਾਤਾਂ ਇੱਕ ਧਾਤ (ਸੋਨਾ) ਬਣ ਜਾਂਦੀਆਂ ਹਨ, ਜਦੋਂ ਉਹ ਪਾਰਸ ਨੂੰ ਪਰਸਦੀਆਂ ਹਨ। ੩. ਚੰਦਨ (ਆਪਣੇ ਨੇੜੇ ਜੋ ਵੀ) ਬਨਾਸਪਤੀ ਹੋਵੇ, ਭਾਵੇਂ ਫਲ ਵਾਲੀ, ਜਾਂ ਫਲ ਤੋਂ ਬਗੈਰ, ਉਹ ਉਸਨੂੰ (ਚੰਦਨ ਦੀ) ਖੁਸ਼ਬੂ ਵਾਲੀ ਬਣਾ ਦੇਂਦਾ ਹੈ। ੪. ਛੇ ਰੁੱਤਾਂ ਤੇ ਬਾਰਾਂ ਮਹੀਨਿਆਂ ਨੂੰ ਬਣਾਉਣ ਵਾਲਾ ਸੂਰਜ ਤਾਂ ਇਕੋ ਹੈ, ਹੋਰ ਕੋਈ ਨਹੀਂ। ੫. ਚਾਰੇ ਵਰਣ (ਖੱਤ੍ਰੀ, ਬ੍ਰਾਹਮਣ, ਸ਼ੂਦਰ ਤੇ ਵੈਸ਼) ਤੇ ਛਿਅ ਦਰਸ਼ਨ (ਛੇ ਸ਼ਾਸਤਰਾਂ ਦੇ ਧਰਮ) ੧੨ ਰਸਤਿਆਂ 'ਤੇ ਹੀ ਸਾਰੀ ਲੋਕਾਈ ਫਿਰ ਰਹੀ ਹੈ। ੬. ਗੁਰਮੁਖਾਂ ਦਾ ਦਰਸ਼ਨ (ਧਰਮ ਤਾਂ ਕੇਵਲ) ਸਾਧ ਸੰਗਤ ਹੀ ਹੈ, ਤੇ ਗੁਰਮੁਖਾਂ ਦਾ ਇਹ ਰਸਤਾ ਹਉਮੈ ਤੇ ਦੁਬਿਧਾ (ਦੂਈ ਦ੍ਵੈਤ) ਨੂੰ ਖਤਮ ਕਰ ਦਿੰਦਾ ਹੈ। ੭. (ਉਹ) ਇੱਕ ਮਨ ਹੋ ਕੇ ਇੱਕ (ਪ੍ਰਭੂ ਦਾ ਹੀ) ਸਿਮਰਨ (ਅਰਾਧਨ) ਕਰਦੇ ਹਨ, (ਹੋਰ ਕਿਸੇ ਵੀ ਭਰਮ ਜਾਲ ਵਿਚ ਉਹ ਨਹੀਂ ਫਸਦੇ)॥ ੯॥

੧੦. ਕੁਲ ਦਾ ਧਰਮ ਤੇ ਗੁਰਮੁਖ ਮਾਰਗ

੧. ਨਾਨਕ ਦਾਦਕ ਸਾਹੁਰੈ ਵਿਰਤੀਸੁਰ ਲਗਾਇਤ ਹੋਏ।

੨. ਜੰਮਣਿ ਭਦਣਿ ਮੰਗਣੈ ਮਰਣੈ ਪਰਣੇ ਕਰਦੇ ਢੋਏ।
੩. ਰੀਤੀ ਰੂੜੀ ਕੁਲ ਧਰਮ ਚਜੁ ਅਚਾਰ ਵੀਚਾਰ ਵਿਖੋਏ।
੪. ਕਰਿ ਕਰਤੂਤਿ ਕੁਸੂਤ ਵਿਚਿ ਪਾਇ ਦੁਲੀਚੇ ਗੈਣ ਚੰਦੋਏ।
੫. ਜੋਧ ਜਠੇਰੇ ਮੰਨੀਅਨਿ ਸਤੀਆਂ ਸਉਤ ਟੋਭੜੀ ਟੋਏ।
੬. ਸਾਧਸੰਗਤਿ ਗੁਰ ਸਬਦ ਵਿਣੁ ਮਰਿ ਮਰਿ ਜੰਮਨਿ ਦਈ ਵਿਗੋਏ।
੭. ਗੁਰਮੁਖਿ ਹੀਰੇ ਹਾਰ ਪਰੋਏ ॥ ੧੦ ॥

ਪਦ ਅਰਥ - ਵਿਰਤੀਸੁਰ=ਪ੍ਰੋਹਤ। ਲਗਾਇਤ=ਲਾਗੀ ਆਦਿ। ਭਦਣਿ=ਸਿਰ ਮੁੰਡਨ। ਵਿਖੋਏ=ਵਿਖਾਵੇ।

ਅਰਥ - ੧. (ਹੁਣ ਸਮਾਂ ਬਦਲ ਗਿਆ ਹੈ, ਪਰ ਪਹਿਲੇ ਸਮਿਆਂ ਵਿਚ ਹਰ) ਨਾਨਕੇ ਦਾਦਕੇ ਤੇ ਸਹੁਰੇ ਘਰਾਂ ਵਿਚ ਪ੍ਰੋਹਤ ਤੇ ਲਾਗੀ ਹੁੰਦੇ ਸਨ। ੨. (ਜਿਹੜੇ) ਜੰਮਣ, ਮੁੰਡਣ, ਕੁੜਮਾਈ ਤੇ ਮਰਣੇ-ਪਰਨੇ ਸਮੇਂ, (ਇੱਕ ਦੂਜੇ ਵੱਲ ਸੁਨੇਹੇ ਪੱਤਰ ਤੇ) ਢੋਏ ਆਦਿ ਭੇਜਣ ਦੇ ਕੰਮ ਆਉਂਦੇ ਹਨ। ੩. (ਇਸ ਤਰ੍ਹਾਂ ਸਭ ਲੋਕ) ਕੂੜੀਆਂ ਰੀਤਾਂ ਤੇ ਕੁਲ-ਧਰਮ, ਚੱਜ-ਆਚਾਰ ਆਦਿ ਦੇ ਵਿਖਾਵਿਆਂ ਦੇ ਭੁਲੇਖੇ ਵਿਚ ਹੀ ਭਰਮੇ ਤੇ ਭੁੱਲੇ ਰਹਿੰਦੇ ਹਨ। ੪. ਜਨੇਊ ਤੇ ਹੋਰ ਸੂਤਕ ਪਾਤਕਾਂ ਦੇ ਉਤਸਵ ਸਮੇਂ ਹੇਠਾਂ ਗਲੀਚੇ ਤੇ ਹੋਰ ਸੁੰਦਰ ਕਪੜੇ ਵਿਛਾਉਂਦੇ ਤੇ ਉਪਰ ਚੰਦੋਏ ਆਦਿ ਤਾਣਦੇ ਹਨ। ੫. ਜੋਧਿਆਂ ਤੇ (ਆਪਣੇ) ਵਡਕਿਆਂ ਨੂੰ ਮੰਨਦੇ (ਭਾਵ ਉਨ੍ਹਾਂ ਦੀ ਯਾਦ ਵਿਚ ਸਮਾਗਮ ਕਰਦੇ) ਹਨ, ਸਤੀਆਂ ਤੇ ਸੌਕਣਾਂ ਦਾ ਧਰਮ ਵੀ ਮੰਨਦੇ ਹਨ, ਛੱਪੜਾਂ ਤੇ ਟੋਭਿਆਂ ਦੀ ਵੀ ਪੂਜਾ ਕਰਦੇ (ਭਾਵ ਮੰਨਤਾਂ ਮੰਨਦੇ ਹਨ)। ੬. (ਪਰ ਇਹ ਸਭ ਕੁਝ ਕਰਦੇ ਹੋਏ ਉਹ) ਸਾਧ ਸੰਗਤਿ ਅਤੇ ਗੁਰੂ ਸ਼ਬਦ ਦੀ ਸੋਝੀ ਬਿਨਾਂ ਮਰ ਮਰ ਕੇ ਜੰਮਦੇ ਤੇ ਫਿਰ ਮਰਦੇ, ਵਾਹਿਗੁਰੂ ਦੀ ਯਾਦ ਤੋਂ ਬਿਨਾਂ ਭੁੱਲੇ ਹੋਏ ਲੋਕ (ਬਸ ਇਸੇ ਜੰਮਣ-ਮਰਨ ਦੇ ਚੱਕਰ ਵਿਚ ਪਏ ਹੋਏ ਹਨ)। ੭. ਪਰ ਗੁਰਮੁਖ (ਗੁਰੂ ਤੋਂ ਵਰੋਸਾਏ ਸਤਿ-ਪੁਰਸ਼) ਹੀਰੇ ਹਨ, ਤੇ ਉਹਨਾਂ ਨੂੰ ਹੀਰਿਆਂ ਦੇ ਹਾਰ ਵਿਚ ਪਰੁਚੇ ਹੋਏ ਜਾਣੋ ॥ ੧੦ ॥

੧੧. ਸ਼ਾਹਜ਼ਾਦੇ ਤੇ ਰਾਜ ਕੁਮਾਰਾਂ ਦੇ ਸੁਖ

੧. ਲਸਕਰ ਅੰਦਰਿ ਲਾਡੁਲੇ ਪਾਤਿਸਾਹਾ ਜਾਏ ਸਾਹਜਾਦੇ।
੨. ਪਾਤਿਸਾਹ ਅਗੈ ਚੜਨਿ ਪਿਛੈ ਸਭ ਉਮਰਾਉ ਪਿਆਦੇ।
੩. ਬਣਿ ਬਣਿ ਆਵਣਿ ਤਾਇਫੇ ਓਇ ਸਹਜਾਦੇ ਸਾਦ ਮੁਰਾਦੇ।
੪. ਖਿਜਮਤਿਗਾਰ ਵਡੀਰੀਅਨਿ ਦਰਗਹ ਹੋਨਿ ਖੁਆਰ ਕੁਵਾਦੇ।
੫. ਅੱਗੈ ਢੋਈ ਸੇ ਲਹਨਿ ਸੇਵਾ ਅੰਦਰਿ ਕਾਰ ਕੁਸਾਦੇ।

੬. ਪਾਤਿਸਾਹਾਂ ਪਾਤਿਸਾਹੁ ਸੋ ਗੁਰਮੁਖਿ ਵਰਤੈ ਗੁਰ ਪਰਸਾਦੇ।
੭. ਸਾਹ ਸੁਹੇਲੇ ਆਦਿ ਜੁਗਾਦੇ॥ ੧੧॥

ਪਦ ਅਰਥ - ਲਾਡਲੇ=ਲਾਡਾਂ ਨਾਲ ਪਲੇ। ਤਾਇਫੇ=ਵੇਸ਼ਵਾਵਾਂ, ਨਾਚੀਆਂ। ਦਰਗਹ=ਪ੍ਰਭੂ ਦੀ ਕਚਹਿਰੀ। ਕੁਵਾਦੇ=ਗੁਨਾਹਗਾਰਾਂ ਵਰਗੇ ਜਵਾਬਦੇਹ।

ਅਰਥ - ੧. ਫੌਜਾਂ ਵਿਚ (ਚੜ੍ਹਾਈ ਸਮੇਂ) ਬਾਦਸ਼ਾਹ ਦੇ ਲਾਡਾਂ ਨਾਲ ਜੰਮੇ ਪਲੇ ਕੰਵਰ ਤੇ ਸ਼ਾਹਜ਼ਾਦੇ ਭੀ ਹੁੰਦੇ ਹਨ। ੨. ਬਾਦਸ਼ਾਹ ਅੱਗੇ ਚੜ੍ਹਦੇ ਤੇ ਪਿੱਛੇ ਪਿੱਛੇ ਲੱਗ ਸਭ ਉਮਰਾਵ (ਫੌਜਦਾਰ, ਅਮੀਰ ਤੇ) ਪਿਆਦੇ ਚੜ੍ਹਦੇ ਹਨ। ੩. ਇਹ ਚੜ੍ਹੇ ਹੋਏ ਮਨੁੱਖ ਨੂੰ ਅੱਗੋਂ ਵੇਸ਼ਵਾਵਾਂ ਦੇ ਟੋਲੇ (ਵਿਕਾਰ ਰੂਪ ਧਾਰ) ਤੁਹਫ਼ੇ ਮਿਲਦੇ, (ਪਰ ਅਸਲ) ਸ਼ਾਹਜ਼ਾਦੇ ਓਹੀ ਹਨ, ਜੋ ਇਨ੍ਹਾਂ ਵਿਸ਼ੇ-ਵਿਕਾਰਾਂ ਤੇ ਤਾਇਫ਼ਿਆਂ ਤੋਂ ਬਚ ਜਾਂਦੇ ਹਨ ਤੇ ਸਾਦ-ਮੁਰਾਦੇ ਰਹਿੰਦੇ ਹਨ। ੪. ਖਿਦਮਤਗਾਰ (ਭਾਵ ਪ੍ਰਭੂ ਤੇ ਸਤਿਗੁਰੂ ਦਾ ਭੈ ਮੰਨਣ ਵਾਲੇ) ਤਾਂ ਸਤਿਕਾਰੇ ਤੇ ਵਡਿਆਏ ਜਾਂਦੇ ਹਨ, ਪਰ ਕੁਵਾਦੇ (ਪ੍ਰਭੂ ਤੇ ਸਤਿਗੁਰੂ ਦੀ ਪਰਵਾਹ ਨਾ ਕਰਨ ਵਾਲੇ) ਉਤਰਦੇਹ ਹੋਣਗੇ (ਉਹਨਾਂ ਨੂੰ ਦਰਗਾਹ ਵਿਚ ਜਮ ਖੁਆਰ ਕਰੇਗਾ)। ੫. ਅੱਗੇ ਤਾਂ ਢੋਈ (ਵਸੇਬਾ) ਉਨ੍ਹਾਂ ਨੂੰ ਹੀ ਮਿਲੇਗਾ, ਜੋ (ਗੁਰੂ ਪ੍ਰਭੂ ਦੀ) ਸੇਵਾ (ਸਿਮਰਨ) ਵਿਚ ਹਿਤ ਨਾਲ ਚਿੱਤ ਲਾਉਣਗੇ (ਭਾਵ ਚੰਗੀ ਕਾਰ ਕਮਾਉਣਗੇ)। ੬. ਜੋ ਗੁਰਮੁਖ ਗੁਰੂ ਦੀ ਕਿਰਪਾ (ਭਾਵ ਭਾਣੇ) ਵਿਚ ਰਹਿਣਗੇ, ਉਹੋ ਹੀ ਅਸਲ ਵਿਚ ਪਾਤਸ਼ਾਹਾਂ ਦੇ ਪਾਤਸ਼ਾਹ ਹਨ। ੭. ਉਹ ਸਦਾ ਹੀ ਆਦਿ (ਮੁੱਢੋਂ) ਹਰ ਜੁਗ ਵਿਚ ਸ਼ਾਹ ਤੇ ਸੁਹੇਲੇ (ਸੁਖੀ) ਰਹਿੰਦੇ ਹਨ॥ ੧੧॥

੧੨. ਇਸੇ ਭਾਵ ਦੇ ਹੋਰ ਦ੍ਰਿਸ਼ਟਾਂਤ

੧. ਤਾਰੇ ਲਖ ਅਨ੍ਹੇਰ ਵਿਚਿ ਚੜ੍ਹਿਐ ਸੁਝਿ ਨ ਸੁਝੈ ਕੋਈ।
੨. ਸੀਹਿ ਬੁਕੇ ਮਿਰਗਾਵਲੀ ਭੰਨੀ ਜਾਇ ਨ ਆਇ ਖੜੋਈ।
੩. ਬਿਸੀਅਰ ਗਰੜੈ ਡਿਠਿਆ ਖੁਡੀ ਵੜਿਦੇ ਲਖ ਪਲੋਈ।
੪. ਪੰਖੇਰੂ ਸਾਂਹਬਾਜ ਦੇਖਿ ਢੁਕਿ ਨ ਹੰਘਨਿ ਮਿਲੈ ਨ ਢੋਈ।
੫. ਚਾਰ ਵੀਚਾਰ ਸੰਸਾਰ ਵਿਚਿ ਸਾਧਸੰਗਤਿ ਮਿਲਿ ਦੁਰਮਤਿ ਖੋਈ।
੬. ਸਤਿਗੁਰ ਸਚਾ ਪਾਤਿਸਾਹੁ ਦੁਬਿਧਾ ਮਾਰਿ ਮਵਾਸਾ ਗੋਈ।
੭. ਗੁਰਮੁਖਿ ਜਾਤਾ ਜਾਣੁ ਜਣੋਈ॥ ੧੨॥

ਪਦ ਅਰਥ - ਸੁਝੈ=ਸੂਰਜ। ਬਿਸੀਅਰ=ਸੱਪ। ਪਲੋਈ=ਨੱਸਦਾ ਹੈ। ਮਵਾਸਾ=ਆਕੀ। ਗੋਈ=ਭੱਜਣਾ।

ਅਰਥ - ੧. ਹਨੇਰੇ ਵਿਚ ਲੱਖਾਂ ਤਾਰੇ ਹੁੰਦੇ ਹਨ, ਪਰ ਸੂਰਜ ਦੇ ਚੜ੍ਹਿਆਂ ਕੋਈ ਵੀ ਨਹੀਂ ਦਿਸਦਾ। ੨. (ਇਸੇ ਤਰ੍ਹਾਂ) ਸ਼ੇਰ ਗਰਜਣ (ਭਾਵ ਭਬਕ ਮਾਰਨ) ਨਾਲ ਹਰਨਾਂ ਦੀਆਂ ਡਾਰਾਂ ਭੱਜ ਜਾਂਦੀਆਂ (ਡਰ ਦੇ ਮਾਰੇ) ਖੜੋ ਨਹੀਂ ਸਕਦੀਆਂ। ੩. ਗਰੜ ਨੂੰ ਵੇਖ ਕੇ ਸੱਪ, ਭਾਵੇਂ ਲੱਖਾਂ ਹੋਣ, ਭੱਜ ਕੇ ਖੁੱਡਾਂ ਵਿਚ ਵੜ ਕੇ

ਲੁਕ ਜਾਣਾ ਚਾਹੁੰਦੇ ਹਨ। ੪. ਪੰਛੀ ਬਾਜ ਨੂੰ ਵੇਖਦੇ ਹੀ ਦੂਰ ਭੱਜਦੇ ਹਨ, ਨੇੜੇ ਹੋਣ ਦੀ ਉਨ੍ਹਾਂ ਵਿਚ ਹਿੰਮਤ ਨਹੀਂ ਹੁੰਦੀ, ਪਰ ਭੱਜਦਿਆਂ ਨੂੰ (ਅਸਮਾਨ ਵਿਚ) ਲੁਕਣ ਦੀ ਥਾਂ (ਢੋਈ) ਨਹੀਂ ਮਿਲਦੀ। ੫. ਸੰਸਾਰ ਵਿਚ ਸੁੰਦਰ ਵਿਚਾਰ ਬਸ ਇਹੀ ਹੈ ਕਿ ਸਾਧ ਸੰਗਤਿ ਵਿਚ ਮਿਲੇ ਜਿਥੇ ਦੀ ਗੂੜ੍ਹ-ਵਿਚਾਰ ਦੁਰਮਤਿ (ਖੋਟੀ) ਮੱਤ ਨੂੰ ਦੂਰ ਕਰ ਦਿੰਦੀ ਹੈ। (ਸਾਧ ਸੰਗਤ ਸੱਚੇ ਸਤਿਗੁਰੂ ਜੀ ਦੀ ਕਾਇਮ ਕੀਤੀ ਹੋਈ ਹੈ। ੬. ਸਤਿਗੁਰੂ ਸੱਚੇ ਪਾਤਸ਼ਾਹ ਦੇ ਉਪਦੇਸ਼ਾਂ ਨਾਲ ਦੁਬਿਧਾ ਨਾਸ ਹੋ ਜਾਂਦੀ ਹੈ ਤੇ ਵਿਕਾਰ ਖਤਮ ਹੋ ਜਾਂਦੇ ਹਨ। ੭. ਇਸ ਗੱਲ ਨੂੰ ਕੇਵਲ ਗੁਰਮੁਖ ਹੀ ਜਾਣਦੇ ਹਨ ਤੇ ਉਹ ਅੱਗੋਂ ਹੋਰਨਾਂ ਨੂੰ ਜਣਾ ਦਿੰਦੇ ਹਨ॥ ੧੨॥

੧੩. ਸਤਿਗੁਰੂ ਜੀ ਦਾ ਗੁਰਮੁਖ ਗਾਡੀ-ਰਾਹੁ

੧. ਸਤਿਗੁਰ ਸਚਾ ਪਾਤਿਸਾਹੁ ਗੁਰਮੁਖਿ ਗਾਡੀ ਰਾਹੁ ਚਲਾਇਆ।
੨. ਪੰਜਿ ਦੂਤਿ ਕਰਿ ਭੂਤ ਵਸਿ ਦੁਰਮਤਿ ਦੂਜਾ ਭਾਉ ਮਿਟਾਇਆ।
੩. ਸਬਦ ਸੁਰਤਿ ਲਿਵਿ ਚਲਣਾ ਜਮੁ ਜਾਗਾਤੀ ਨੇੜਿ ਨ ਆਇਆ।
੪. ਬੇਮੁਖਿ ਬਾਰਹ ਵਾਟ ਕਰਿ ਸਾਧਸੰਗਤਿ ਸਚੁ ਖੰਡੁ ਵਸਾਇਆ।
੫. ਭਾਉ ਭਗਤਿ ਭਉ ਮੰਤ੍ਰੁ ਦੇ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।
੬. ਜਿਉ ਜਲ ਅੰਦਰਿ ਕਮਲ ਹੈ ਮਾਇਆ ਵਿਚਿ ਉਦਾਸੁ ਰਹਾਇਆ।
੭. ਆਪੁ ਗਵਾਇ ਨ ਆਪੁ ਗਣਾਇਆ॥ ੧੩॥

ਪਦ ਅਰਥ - ਗੁਰਮੁਖਿ ਗਾਡੀ ਰਾਹੁ=ਗੁਰਮੁਖਾਂ ਦੇ ਚਲਣ ਲਈ ਸੌਖਾ ਰਸਤਾ। ਜਾਗਾਤੀ=ਮਸੂਲ ਲੈਣ ਵਾਲਾ ਮਸੂਲੀਆ। ਬਾਰਹ ਵਾਟ=ਜੋਗੀਆਂ ਦੇ ਬਾਰਾਂ ਰਸਤੇ।

ਅਰਥ - ੧. ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਗੁਰਮੁਖਾਂ (ਦੇ ਚਲਣ ਲਈ ਗੁਰਸਿੱਖੀ ਦਾ) ਸੌਖਾ ਮਾਰਗ ਚਲਾ ਦਿੱਤਾ ਹੈ। ੨. (ਉਨ੍ਹਾਂ ਨੇ) ਭੂਤਾਂ ਵਰਗੇ (ਲੋਕਾਈ ਨੂੰ ਚੰਬੜੇ ਹੋਏ) ਪੰਜੇ ਦੂਤ (ਕਾਮ ਕ੍ਰੋਧ ਆਦਿ) ਵੱਸ ਵਿਚ ਕਰਕੇ, ਖੋਟੀ ਮੱਤ ਤੇ ਦੂਜੇ ਭਾਵ ਦਾ ਨਾਮੋ-ਨਿਸ਼ਾਨ ਹੀ ਮਿਟਾ ਦਿੱਤਾ ਹੈ। ੩. (ਗੁਰਮੁਖ ਗੁਰਸਿੱਖ ਗੁਰੂ ਦੇ) ਸ਼ਬਦ ਨੂੰ ਸੁਰਤ ਵਿਚ ਰੱਖ, ਲਿਵ ਲਾਉਂਦੇ ਹਨ, ਇਸ ਭਾਂਤ ਚਲਣ ਵਾਲਿਆਂ ਦੇ ਨੇੜੇ ਜਮ ਜਾਗਾਤੀ (ਜਮ ਦਾ ਮਸੂਲੀਆ) ਨਹੀਂ ਆਉਂਦਾ। ੪. ਬੇਮੁਖ (ਸੱਚੇ ਪ੍ਰਭੂ ਦੇ ਰਸਤੇ ਵੱਲੋਂ ਭੁੱਲ ਕੇ) ਜੋਗੀ ਬਣ, ਕੰਨ ਪੜਵਾ, ਉਨ੍ਹਾਂ ਦੇ ੧੨ ਪੰਥਾਂ (ਔਖੀਆਂ ਰਹੁਰੀਤਾਂ) 'ਤੇ ਚਲ ਚਲ ਕੇ ਖੁਆਰ ਹੁੰਦੇ ਫਿਰਦੇ ਹਨ, (ਪਰ ਜੋ ਗੁਰਮੁਖ ਗੁਰਸਿੱਖ ਬਣ ਸਤਿਗੁਰੂ ਦੀ ਸਾਧ ਸੰਗਤ ਵਿਚ ਆਉਣ ਲੱਗ ਗਏ) ਉਨ੍ਹਾਂ ਲਈ ਸਾਧ ਸੰਗਤ ਸੱਚਖੰਡ ਰੂਪ ਬਣ ਗਿਆ ਹੈ। ੫. (ਸਾਧ ਸੰਗਤਿ ਵਿਚੋਂ ਪ੍ਰਭੂ ਦਾ) ਭਉ, ਪ੍ਰੇਮ ਤੇ ਭਗਤੀ-ਭਾਵ ਦਾ ਮੰਤਰ (ਉਪਦੇਸ਼) ਮਿਲਦਾ ਹੈ, (ਜਿਸ ਨਾਲ ਸਾਧ ਸੰਗਤ ਵਿਚ ਜਾਣ ਵਾਲਿਆਂ ਨੂੰ) ਨਾਮ, ਦਾਨ ਤੇ ਇਸ਼ਨਾਨ ਦੇ ਗੁਣ ਦ੍ਰਿੜ ਹੁੰਦੇ ਹਨ। ੬. (ਇਨ੍ਹਾਂ ਗੁਣਾ ਦੇ ਸਦਕੇ ਉਹ ਸੰਸਾਰ ਵਿਖੇ) ਮਾਇਆ ਤੋਂ ਇਉਂ ਅਲਿਪਤ ਰਹਿੰਦੇ ਹਨ, ਜਿਵੇਂ ਕੰਵਲ ਜਲ ਵਿਚ ਹੁੰਦਾ ਹੋਇਆ ਜਲ ਤੋਂ ਉੱਚਾ (ਨਿਰਲੇਪ) ਰਹਿੰਦਾ ਹੈ। ੭. (ਇਉਂ ਗੁਰਮੁਖਾਂ ਨੇ) ਆਪਾ-ਭਾਵ ਨੂੰ ਮੇਟ ਕੇ, ਫਿਰ (ਇਸ ਸਹਿਜ-ਪਦ ਦੀ ਅਵਸਥਾ ਦਾ ਮਾਣ) ਕਿਸੇ ਨੂੰ ਦੱਸਣ ਦਾ ਯਤਨ ਨਹੀਂ ਕੀਤਾ॥ ੧੩॥

੧੪. ਸੱਚਾ ਸੁਖ ਤੇ ਖੁਸ਼ੀ

੧. ਰਾਜਾ ਪਰਜਾ ਹੋਇ ਕੈ ਚਾਕਰ ਕੂਕਰ ਦੇਨਿ ਦੁਹਾਈ।
੨. ਜੰਮਦਿਆ ਰੁਣਿਝੁੰਝਣਾ ਨਾਨਕ ਦਾਦਕ ਹੋਇ ਵਧਾਈ।
੩. ਵੀਵਾਹਾਂ ਨੋ ਸਿਠਣੀਆਂ ਦੁਹੀ ਵਲੀ ਦੁਇ ਤੂਰ ਵਜਾਈ।
੪. ਰੋਵਣੁ ਪਿਟਣੁ ਮੁਇਆ ਨੋ ਵੈਣੁ ਅਲਾਹਣਿ ਧੁਮ ਧੁਮਾਈ।
੫. ਸਾਧਸੰਗਤਿ ਸਚੁ ਸੋਹਿਲਾ ਗੁਰਮੁਖਿ ਸਾਧਸੰਗਤਿ ਲਿਵ ਲਾਈ।
੬. ਬੇਦ ਕਤੇਬਹੁ ਬਾਹਰਾ ਜੰਮਣਿ ਮਰਣਿ ਅਲਿਪਤੁ ਰਹਾਈ।
੭. ਆਸਾ ਵਿਚਿ ਨਿਰਾਸੁ ਵਲਾਈ॥ ੧੪॥

ਪਦ ਅਰਥ - ਚਾਕਰ ਕੂਕਰ=ਰਾਜਿਆਂ ਦੇ ਨੌਕਰ ਹੋ, ਕੁੱਤਿਆਂ ਵਾਂਗ ਦੁਹਾਈ ਦੇਣ ਵਾਲੇ। ਰਾਜੇ ਦੀ ਦੋਹੀ ਫੇਰਨ ਵਾਲੇ। ਰੁਣਿਝੁੰਝਣਾ=ਖੁਸ਼ੀ ਦੇ ਮੰਗਲ, ਵਾਜੇ। ਤੂਰ=ਤੁਰੀ। ਅਲਾਹਣਿ=ਮੌਤ ਦੇ ਕੀਰਨੇ।

ਅਰਥ - ੧. (ਸੰਸਾਰ ਵਿਚ) ਪਰਜਾ ਤੇ ਰਾਜਾ ਦੇ ਰੂਪ ਵਿਚ (ਸ੍ਰਿਸ਼ਟੀ ਦੀ ਖੇਡ ਹੈ)। ਰਾਜੇ ਦੇ ਨੌਕਰ ਬਣ ਅਹਿਲਕਾਰ ਕੁੱਤਿਆਂ ਵਾਂਗ ਰਾਜੇ ਦੇ ਦੋਹੀ ਫੇਰਦੇ ਹਨ। ੨. ਜੰਮਣ ਸਮੇਂ ਖੁਸ਼ੀ ਦੇ ਗੀਤ ਗਾਉਂਦੇ ਹਨ, ਨਾਨਕੇ ਦਾਦਕੇ ਦੁਹਾਂ ਵੱਲੋਂ ਇੱਕ ਦੂਜੇ ਨੂੰ ਵਧਾਈਆਂ ਦੇਂਦੇ ਹਨ। ੩. ਵਿਆਹਾਂ 'ਤੇ ਦੁਵੱਲੀਓਂ ਸਿਠਣੀਆਂ ਦੇਂਦੇ, ਤੇ ਦੋਵੇਂ ਪਾਸੇ ਖੁਸ਼ੀ ਦੇ ਗੀਤ ਤੇ ਵਾਜੇ ਵਜਾਏ ਜਾਂਦੇ ਹਨ। ੪. (ਸੰਸਾਰ ਦੀ ਇਹ ਖੁਸ਼ੀ ਦੇ ਪਾਸੇ ਦੀ ਹਾਲਤ ਦੱਸ ਕੇ ਫਿਰ ਦੁਖਦਾਈ ਹਾਲਤ ਦਾ ਵਰਣਨ ਕਰਦੇ ਹਨ,•ਕਿ ਜਿਵੇਂ ਜੰਮਣ 'ਤੇ ਸੰਸਾਰੀ ਲੋਕ ਖੁਸ਼ੀਆਂ ਮਨਾਉਂਦੇ, ਇਸੇ ਤਰ੍ਹਾਂ ਮੌਤ ਹੋਣ 'ਤੇ) ਮੋਇਆਂ ਨੂੰ ਰੋਂਦੇ, ਪਿੱਟਦੇ, ਤੇ ਵੈਣ ਪਾਉਂਦੇ। ਨੈਣ ਅਲਾਹਣੀਆਂ ਦੇ ਦੇ ਸਭ ਨੂੰ ਪਿਟਾਉਂਦੀ ਤੇ ਹਾਏ ਹਾਏ ਕਰਾਉਂਦੀ (ਧੁੰਮ ਧੁਮਾਉਂਦੀ ਹੈ)। ੫. (ਪਰ) ਸਾਧ ਸੰਗਤ ਵਿਚ ਸਦਾ ਹੀ ਸੱਚਾ ਆਨੰਦ ਹੁੰਦਾ ਹੈ, ਜਿਸ ਕਰਕੇ ਗੁਰਮੁਖ ਸਚਾ ਹੀ ਸਾਧ ਸੰਗਤ ਵਿਚ ਜੁੜਦੇ ਹਨ ਤੇ ਸ਼ਬਦ ਵਿਚ ਸੁਰਤੀ ਜੋੜ ਕੇ, (ਸੰਸਾਰ ਦੀਆਂ ਇਨ੍ਹਾਂ ਦੋਹਾਂ ਹਾਲਤਾਂ ਖੁਸ਼ੀ ਤੇ ਗਮੀ ਤੋਂ) ਦੂਰ ਰਹਿੰਦੇ ਹਨ। ੬. (ਗੁਰਮੁਖ ਦੀ ਆਤਮਾ) ਬੇਦ ਕਤੇਬਾਂ ਵਿਚ ਖੱਚਤ ਨਹੀਂ ਹੁੰਦੀ, ਤੇ ਉਹ ਜੰਮਣ ਮਰਨ (ਦੋਹਾਂ ਅਵਸਥਾਂ ਤੋਂ) ਨਿਰਲੇਪ ਰਹਿੰਦੇ ਹਨ। ੭. ਉਹ (ਸੰਸਾਰ ਦੀਆਂ) ਆਸਾਂ ਵਿਚ ਨਿਰਾਸ ਰਹਿੰਦੇ ਹਨ॥ ੧੪॥

੧੫. ਗੁਰਮੁਖ ਤੇ ਮਨਮੁਖ ਦੀ ਦਸ਼ਾ

੧. ਗੁਰਮੁਖਿ ਪੰਥੁ ਸੁਹੇਲੜਾ ਮਨਮੁਖ ਬਾਰਹ ਵਾਟ ਫਿਰੰਦੇ।
੨. ਗੁਰਮੁਖਿ ਪਾਰਿ ਲੰਘਾਇਦਾ ਮਨਮੁਖ ਭਵਜਲ ਵਿਚਿ ਡੁਬੰਦੇ।
੩. ਗੁਰਮੁਖਿ ਜੀਵਨ ਮੁਕਤਿ ਕਰਿ ਮਨਮੁਖ ਫਿਰਿ ਫਿਰਿ ਜਨਮਿ ਮਰੰਦੇ।

੪. ਗੁਰਮੁਖਿ ਸੁਖ ਫਲੁ ਪਾਇਦੇ ਮਨਮੁਖਿ ਦੁਖ ਫਲੁ ਦੁਖ ਲਹੰਦੇ।
੫. ਗੁਰਮੁਖਿ ਦਰਗੰਹ ਸੁਰਖਰੂ ਮਨਮੁਖਿ ਜਮ ਪੁਰਿ ਡੰਡੁ ਸਹੰਦੇ।
੬. ਗੁਰਮੁਖਿ ਆਪੁ ਗਵਾਇਆ ਮਨਮੁਖਿ ਹਉਮੈ ਅਗਨਿ ਜਲੰਦੇ।
੭. ਬੰਦੀ ਅੰਦਰਿ ਵਿਰਲੇ ਬੰਦੇ॥ ੧੫॥

ਪਦ ਅਰਥ - ਪੰਥੁ ਸੁਹੇਲੜਾ=ਸੌਖਾ ਰਸਤਾ। ਬਾਰਹ ਵਾਟ=ਜੋਗੀਆਂ ਦੇ ੧੨ ਪੰਥ ਜਾਂ ਹੋਰ ਅਨੇਕਾਂ ਮਤ-ਮਤਾਂਤਰਾਂ ਦੇ ਰਾਹਾਂ ਪੁਰ ਬਿਨਾਂ ਸੋਚੇ ਸਮਝੇ ਚਲਣਾ। ਸੁਰਖ-ਰੂ=ਨਿਰਦੋਸ਼, ਬਰੀ ਹੋਣ ਵਾਂਗ, ਜ਼ਿੰਮੇਵਾਰੀ ਮੁਕ ਜਾਣੀ।

ਅਰਥ - ੧. ਗੁਰਮੁਖ ਆਪਣੇ ਗੁਰਮੁਖੀ ਰਸਤੇ 'ਤੇ ਚਲ ਕੇ ਬੜੇ ਸੁਖੀ ਹੁੰਦੇ ਹਨ ਤੇ ਮਨਮੁਖ ਹੋਰ ਹੋਰ ਮਤ-ਮਤਾਂਤਰਾਂ ਵਿਚ ਫਿਰਦੇ, ਭਟਕਦੇ ਤੇ ਖੁਆਰ ਹੁੰਦੇ ਹਨ। ੨. ਗੁਰਮੁਖ ਦੀ ਸੰਗਤ ਜਗਜਾਸੂ (ਸਿੱਖਿਆ ਲੈਣ ਵਾਲੇ ਨੂੰ) ਪਾਰ ਲਾਉਂਦੀ ਹੈ, ਪਰ ਮਨਮੁਖ (ਆਪਣੀ ਮੱਤ ਨੂੰ ਮੁਖ ਰੱਖਣ ਵਾਲੇ ਬਿਨਾਂ ਪ੍ਰਭੂ ਦੇ ਸੱਚੇ ਸਹਾਰੇ ਤੋਂ) ਭਵਜਲ (ਚਿੰਤਾਂ ਫਿਕਰਾਂ ਤੇ ਭਰਮਾਂ) ਦੇ ਵਿਚ ਹੀ ਖਤਮ ਹੋ ਜਾਂਦੇ ਹਨ। ੩. ਗੁਰਮੁਖ ਦੀ ਸੰਗਤ ਤੇ ਉਪਦੇਸ਼ ਜਗਜਾਸੂ ਨੂੰ ਜੀਵਨ-ਮੁਕਤੀ ਦੀ ਪਦਵੀ 'ਤੇ ਪਹੁੰਚਾਉਂਦਾ ਹੈ, ਪਰ ਮਨਮੁਖ ਮਰ ਮਰ ਕੇ ਜੰਮਣ ਤੇ ਮਰਨ ਦੇ ਚੱਕਰ ਵਿਚ ਪੈ ਜਾਂਦਾ ਹੈ। ੪. ਗੁਰਮੁਖ (ਆਪਣੀ ਸੱਚੀ ਕਰਨੀ ਨਾਲ) ਸੁਖ-ਫਲ ਪ੍ਰਾਪਤ ਕਰਦਾ ਹੈ ਤੇ ਮਨਮੁਖ ਨੂੰ (ਉਸਦੇ ਕਰਮਾਂ ਦਾ ਫਲ) ਦੁੱਖ ਹੀ ਪ੍ਰਾਪਤ ਹੁੰਦਾ ਹੈ। ੫. ਗੁਰਮੁਖ (ਪ੍ਰਭੂ ਦੀ) ਦਰਗਾਹ ਵਿਚ ਨਿਰਦੋਸ਼ (ਸੁਰਖ-ਰੂ) ਸਾਬਤ ਹੁੰਦੇ ਹਨ, ਤੇ ਮਨਮੁਖ (ਗੁਨਾਹਗਾਰ ਸਾਬਤ ਹੋ ਕੇ) ਜਮਾਂ ਦੇ ਦੰਡ (ਸਜ਼ਾਵਾਂ) ਪਾਉਂਦੇ ਹਨ। ੬. ਗੁਰਮੁਖ ਆਪਾ-ਭਾਵ ਗਵਾ ਕੇ (ਸ਼ੁਭ ਗੁਣਾਂ ਦੇ ਧਾਰਨੀ ਹੁੰਦੇ ਹਨ) ਤੇ ਮਨਮੁਖ ਹੰਕਾਰੀ ਬਣ ਕੇ ਹਉਮੈ ਦੀ ਅੱਗ ਨਾਲ ਸੰਸਾਰ ਵਿਚ ਕ੍ਰਿਝਦੇ ਤੇ ਸੜਦੇ ਰਹਿੰਦੇ ਹਨ ਤੇ ਅੱਗੋਂ ਦਰਗਾਹ ਵਿਚ ਵੀ ਸਜ਼ਾਵਾਂ ਪਾਉਂਦੇ ਹਨ। ੭. ਪ੍ਰਭੂ ਦੀ ਬੰਦਗੀ ਵਿਚ ਵਿਰਲੇ ਬੰਦੇ ਹੀ ਲੱਗਦੇ ਹਨ॥ ੧੫॥

੧੬. ਗੁਰਸਿੱਖ ਦੀ ਤੁੱਲਨਾ ਸੱਚੀ ਸੁਹਾਗਣ ਨਾਲ

੧. ਪੇਵਕੜੈ ਘਰਿ ਲਾਡੁਲੀ ਮਾਊ ਪੀਊ ਖਰੀ ਪਿਆਰੀ।
੨. ਵਿਚਿ ਭਿਰਾਵਾਂ ਭੈਨੜੀ ਨਾਨਕ ਦਾਦਕ ਸਪਰਵਾਰੀ।
੩. ਲਖਾਂ ਖਰਚ ਵਿਆਹੀਐ ਗਹਣੇ ਦਾਜੁ ਸਾਜੁ ਅਤਿ ਭਾਰੀ।
੪. ਸਾਹੁਰੜੈ ਘਰਿ ਮੰਨੀਐ ਸਣਖਤੀ ਪਰਵਾਰ ਸਧਾਰੀ।
੫. ਸੁਖ ਮਾਣੈ ਪਿਰੁ ਸੇਜੜੀ ਛਤੀਹ ਭੋਜਨ ਸਦਾ ਸੀਗਾਰੀ।

੬. ਲੋਕ ਵੇਦ ਗੁਣੁ ਗਿਆਨ ਵਿਚਿ ਅਰਧ ਸਰੀਰੀ ਮੋਖ ਦੁਆਰੀ।
੭. ਗੁਰਮੁਖਿ ਸੁਖ ਫਲ ਨਿਹਚਉ ਨਾਰੀ॥੧੬॥

ਪਦ ਅਰਥ - ਮਾਊ ਪੀਊ=ਮਾਤਾ ਪਿਤਾ। ਭੈਨੜੀ=ਭੈਣ। ਸਣਖਤੀ=ਭਾਗਾਂ ਵਾਲੀ ਸੁਹਾਗਣੀ ਨੂੰਹ। ਨਿਹਚਉ ਨਾਰੀ=ਪਤੀਬ੍ਰਤ ਧਰਮ ਵਾਲੀ ਇਸਤ੍ਰੀ।

ਅਰਥ - ੧. ਪੇਕਿਆਂ ਦੇ ਘਰ ਵਿਚ ਲਾਡਾਂ ਨਾਲ ਪਲੀ ਤੇ ਮਾਤਾ ਪਿਤਾ ਦੀ ਖਰੀ (ਠੀਕ) ਪਿਆਰੀ ਧੀ। (ਪੇਕਾ ਘਰ ਸੰਸਾਰ ਹੈ, ਗੁਰਮੁਖਾਂ ਦੇ ਸੁਹਾਗ ਦਾ ਏਥੇ ਵੀ ਉਹ ਸੁਖ ਤੇ ਆਦਰ ਪਾਉਂਦੇ ਹਨ)। ੨. ਉਹ (ਗੁਰਮੁਖ) ਭਰਾਵਾਂ ਦੀ (ਚੰਗੀ) ਭੈਣ ਤੇ ਨਾਨਕੇ ਦਾਦਕੇ ਪਰਿਵਾਰਾਂ ਦੇ ਸਹਿਤ ਸੁਖ ਪਾਉਂਦੀ ਹੈ। (ਭਰਾ ਹਨ ਗਿਆਨ ਅਤੇ ਨਾਨਕੇ ਦਾਦਕੇ, ਸ਼ਰਧਾ ਤੇ ਅਭਿਆਸ, ਇਸ ਪਰਿਵਾਰ ਦੇ ਸਹਿਤ ਗੁਰਮੁਖ ਸੰਸਾਰ ਰੂਪ ਪੇਕੇ ਘਰ ਵਿਚ ਵੀ ਸੁਖ ਹੀ ਮਾਣਦੇ ਹਨ)। ੩. ਲੱਖਾਂ ਖਰਚ ਕੇ ਭੈਣ ਨੂੰ ਭਰਾ ਤੇ ਮਾਪੇ ਦਾਜ ਤੇ ਸਾਜ ਦੇ ਕੇ ਵਿਆਹ ਦੇਂਦੇ ਹਨ। ੪. ਸਾਹੁਰੇ ਘਰ (ਸਤਿਸੰਗ ਜਾਂ ਪ੍ਰਲੋਕ ਵਿਚ) ਉਹ (ਆਪਣੇ ਸ਼ੁਭ ਗੁਣਾਂ ਕਰਕੇ) ਮੰਨੀ ਜਾਂਦੀ ਹੈ, ਤੇ ਸਹੁਰੇ ਘਰ ਦੇ ਪਰਿਵਾਰ ਨੂੰ ਵੀ ਸੁਆਰ ਦੇਂਦੀ (ਭਾਵ ਸਫਲ ਕਰ ਦੇਂਦੀ) ਹੈ। (ਸਹੁਰਿਆਂ ਵੱਲੋਂ ਸਲਾਹੀ ਜਾਂਦੀ ਹੈ ਕਿ ਇਹ ਭਲੇ ਕੁਲ-ਘਰ ਦੀ ਧੀ ਅਤੇ ਬਹੂ ਹੈ)। ੫. ਪਿਰ ਦੇ ਸੰਗ ਦੀ ਸੇਜਾ 'ਤੇ ਸੁਖ ਮਾਣਦੀ ਹੈ। ਛੱਤੀ ਪਰਕਾਰ ਦੇ ਭੋਜਨ ਤੇ ਗਹਿਣਿਆਂ ਨਾਲ ਸ਼ਿੰਗਾਰੀ ਜਾਂਦੀ ਹੈ। ੬. ਗੁਣੀ ਲੋਕਾਂ ਦੇ ਵਿਚਾਰ ਤੇ ਵੇਦਾਂ ਦੇ ਗਿਆਨ ਅਨੁਸਾਰ ਇਸਤ੍ਰੀ ਅਰਧ ਸਰੀਰੀ ਹੈ ਤੇ ਇਸੇ (ਪਤੀਬ੍ਰਤ ਇਸਤ੍ਰੀ ਦੇ ਸੰਗ ਕਰਕੇ ਹੀ ਮਨੁੱਖ) ਮੁਕਤ ਹੁੰਦਾ ਹੈ (ਭਾਵ ਐਸੀ ਸੁਹਾਗਣ ਨੂੰ ਮੁਕਤੀ ਦਾ ਦੁਆਰਾ ਜਾਣਨਾ ਚਾਹੀਦਾ ਹੈ)। ੭. ਗੁਰਮੁਖ ਪਤੀਬ੍ਰਤਾ ਇਸਤ੍ਰੀ ਵਾਂਗ ਹਨ, ਜੋ ਆਤਮਕ ਸੁੱਖ ਮਾਣਦੇ ਹਨ॥੧੬॥

੧੭. ਮਨਮੁਖਾਂ ਦਾ ਜੀਵਨ ਵੇਸਵਾ ਸਮਾਨ ਹੈ

੧. ਜਿਉ ਬਹੁ ਮਿਤੀ ਵੇਸੁਆ ਸਭਿ ਕੁਲਖਣ ਪਾਪ ਕਮਾਵੈ।
੨. ਲੋਕਹੁ ਦੇਸਹੁ ਬਾਹਰੀ ਤਿਹੁ ਪਖਾਂ ਨੋ ਕਾਲੰਕ ਲਗਾਵੈ।
੩. ਡੁਬੀ ਡੋਬੈ ਹੋਰਨਾ ਮਹੁਰਾ ਮਿਠਾ ਹੋਇ ਪਚਾਵੈ।
੪. ਘੰਡਾ ਹੇੜਾ ਮਿਰਗ ਜਿਉ ਦੀਪਕ ਹੋਇ ਪਤੰਗ ਜਲਾਵੈ।
੫. ਦੁਹੀ ਸਰਾਈ ਜਰਦਰੂ ਪਥਰ ਬੇੜੀ ਪੂਰ ਡੁਬਾਵੈ।
੬. ਮਨਮੁਖ ਮਨੁ ਅਠ ਖੰਡ ਹੋਇ ਦੁਸਟਾ ਸੰਗਤਿ ਭਰਮਿ ਭੁਲਾਵੈ।
੭. ਵੇਸੁਆ ਪੁਤੁ ਨਿਨਾਉ ਸਦਾਵੈ॥੧੭॥

ਪਦ ਅਰਥ - ਬਹੁ ਮਿਤੀ=ਬਹੁਤੇ ਮਿੱਤਰਾਂ ਨਾਲ ਪਿਆਰ ਕਰਨ ਵਾਲੀ ਵੇਸਵਾ। ਕਾਲੰਕ=ਕਾਲਖ ਦਾ ਟਿੱਕਾ। ਪੂਰ=ਭਰੀ ਹੋਈ ਬੇੜੀ।

ਅਰਥ - ੧. ਜਿਵੇਂ ਬਹੁਤੇ ਮਿੱਤਰਾਂ ਵਾਲੀ ਵੇਸਵਾ, ਹਰ ਤਰ੍ਹਾਂ ਨਾਲ ਭੈੜੇ ਲੱਛਣਾਂ ਵਾਲੀ ਤੇ ਪਾਪ

ਹੀ ਪਾਪ ਕਮਾਉਣ ਵਾਲੀ ਹੈ। ੨. ਲੋਕਾਂ ਅਤੇ ਦੇਸ ਦੀ ਰੀਤੀ ਤੋਂ ਬਾਹਰ ਹੈ ਤੇ (ਉਹ ਵੇਸਵਾ) ਤਿੰਨੇ ਪੱਖਾਂ (ਨਾਨਕੇ, ਦਾਦਕੇ ਤੇ ਸਹੁਰਿਆਂ) ਨੂੰ ਕਲੰਕਿਤ ਕਰਨ ਵਾਲੀ ਹੈ। ੩. (ਉਹ ਆਪ ਤਾਂ ਕਾਮ, ਵਿਸ਼ੇ ਦੀ) ਨਦੀ ਵਿਚ ਡੁੱਬੀ ਪਈ ਹੈ, (ਪਰ ਨਾਲ) ਹੋਰਨਾਂ (ਸੰਗ ਕਰਨ ਵਾਲਿਆਂ) ਨੂੰ ਡੋਬੀ ਜਾਂਦੀ ਹੈ। (ਵਿਸ਼ੇ ਦਾ) ਮਹੁਰਾ ਮਿੱਠਾ ਕਰਕੇ ਖਾਈ ਤੇ ਪਚਾਈ ਜਾਂਦੀ ਹੈ। ੪. (ਉਹ ਸ਼ਿੰਗਾਰ ਲਾ ਲਾ ਕੇ ਸ਼ਿਕਾਰੀ ਵਾਂਗ) ਘੰਡੇਹੇੜੇ ਵਾਂਗ ਮਿਰਗਾਂ (ਮਨੁਖਾਂ) ਨੂੰ, ਤੇ ਦੀਵੇ ਦੀ ਲਾਟ (ਸੁੰਦਰਤਾ ਦੀ ਖਿੱਚ ਨਾਲ) ਪਤੰਗੇ ਵਾਂਗ (ਮਨੁੱਖਾਂ ਨੂੰ ਕਾਮ ਦੀ ਅੱਗ ਵਿਚ) ਸਾੜੀ ਜਾਂਦੀ ਹੈ। ੫. (ਉਹ ਇਸ ਪਾਪ ਕਰਮ ਦੇ ਫਲ ਸਰੂਪ) ਦੁਹੀਂ ਸਰਾਈਂ (ਏਥੇ ਤੇ ਅੱਗੇ ਦਰਗਾਹ ਵਿਚ) ਮੂੰਹ ਕਾਲਾ ਕਰਵਾਉਂਦੀ ਹੈ, (ਤੇ ਆਪਣੇ ਪਾਪ-ਕਰਮ ਨਾਲ ਸੰਗ ਕਰਨ ਵਾਲਿਆਂ ਦੇ) ਪੱਥਰ ਵਾਂਗ ਭਾਰੀ ਹੋ ਬੇੜੀਆਂ ਦੇ ਪੂਰਾਂ ਦੇ ਪੂਰ ਡੋਬੀ ਜਾ ਰਹੀ ਹੈ। ੬. ਮਨਮੁਖ ਦੇ ਮਨ (ਦੀ ਹਾਲਤ ਇਹ ਹੈ ਕਿ ਉਹ) ਅੱਠ ਹਿੱਸਿਆਂ ਵਿਚ ਟੁਕੜੇ ਟੁਕੜੇ ਹੋ ਕੇ ਭਰਮ ਵਿਚ ਪੈ ਭੁੱਲਾਂ ਕਰੀ ਜਾਂਦਾ ਹੈ। ੭. ਵੇਸਵਾ ਜਿਹੜਾ ਕੋਈ ਪੁੱਤ ਜਾਂ ਧੀ ਜੰਮਦੀ ਹੈ, ਉਹ ਨਿਨਾਵਾਂ ਹੀ ਰਹਿੰਦਾ ਹੈ। ਉਹ ਕਿਸ ਦਾ ਪੁੱਤਰ ਹੈ, ਇਹ ਨਾ ਵੇਸਵਾ ਜਾਣਦੀ ਹੈ, ਨਾ ਕੋਈ ਹੋਰ। ਉਹ ਪਿਉ ਦੇ ਨਾਮ ਵੱਲੋਂ ਨਿਨਾਵਾਂ (ਬੇਨਾਵਾਂ) ਹੀ ਰਹਿੰਦਾ ਹੈ। (ਇਸੇ ਤਰ੍ਹਾਂ ਮਨਮੁਖ ਦੀ ਕੋਈ ਠਾਹਰ ਨਹੀਂ)॥ ੧੭॥

੧੮. ਬਾਲਕ, ਜੁਬਾ ਤੇ ਬਿਰਧ ਅਵਸਥਾ ਦਾ ਹਾਲ

੧. ਸੁਧਿ ਨ ਹੋਵੈ ਬਾਲ ਬੁਧਿ ਬਾਲਕ ਲੀਲਾ ਵਿਚਿ ਵਿਹਾਵੈ।
੨. ਭਰ ਜੋਬਨਿ ਭਰਮਾਈਐ ਪਰ ਤਨ ਧਨ ਪਰ ਨਿੰਦ ਲੁਭਾਵੈ।
੩. ਬਿਰਧਿ ਹੋਆ ਜੰਜਾਲ ਵਿਚਿ ਮਹਾ ਜਾਲੁ ਪਰਵਾਰੁ ਫਹਾਵੈ।
੪. ਬਲ ਹੀਣਾ ਮਤਿ ਹੀਣੁ ਹੋਇ ਨਾਉ ਬਹਤਰਿਆ ਬਰੜਾਵੈ।
੫. ਅੰਨ੍ਹਾ ਬੋਲਾ ਪਿੰਗਲਾ ਤਨੁ ਥਕਾ ਮਨੁ ਦਹ ਦਿਸੁ ਧਾਵੈ।
੬. ਸਾਧਸੰਗਤਿ ਗੁਰ ਸਬਦ ਵਿਣੁ ਲਖ ਚਉਰਾਸੀਹ ਜੂਨਿ ਭਵਾਵੈ।
੭. ਅਉਸਰੁ ਚੁਕਾ ਹਥਿ ਨ ਆਵੈ॥ ੧੮॥

ਪਦ ਅਰਥ - ਸੁਧਿ=ਸੋਝੀ। ਵਿਹਾਵੈ=ਬੀਤਣਾ, ਲੰਘ ਜਾਣਾ। ਅਉਸਰੁ=ਸਮਾਂ, ਜ਼ਿੰਦਗੀ ਦੇ ਦਿਨ।

ਅਰਥ - ੧. ਬਾਲ-ਪੁਣੇ ਦੇ ਦਿਨਾਂ ਵਿਚ ਕੋਈ ਸਮਝ ਨਹੀਂ ਹੁੰਦੀ, ਤੇ ਇਹ ਸਮਾਂ ਬਾਲ-ਖੇਡ ਵਿਚ ਹੀ ਬੀਤ ਜਾਂਦਾ ਹੈ। ੨. ਜਦ ਜੋਬਨ ਅਵਸਥਾ (ਜਵਾਨੀ ਦੀ ਉਮਰ) ਹੁੰਦੀ ਹੈ ਤਾਂ (ਮਨੁੱਖ) ਪਰ ਤਨ (ਦੀ ਸੁੰਦਰਤਾ), ਧਨ (ਪਰਾਇਆ ਮਾਲ-ਦੌਲਤ) ਤੇ ਪਰ ਨਿੰਦਾ (ਚੁਗਲੀਆਂ) ਵਿਚ ਦਿਲਚਸਪੀਆਂ ਲੈਣ ਲੱਗ ਜਾਂਦਾ ਹੈ। ੩. ਇਸ ਦੇ ਮਗਰੋਂ (ਬ੍ਰਿਧ ਅਵਸਥਾ) ਬੁੱਢਾ ਹੋ ਕੇ ਮਨੁੱਖ (ਫਿਰ ਸੰਸਾਰੀ ਵਿਹਾਰਾਂ ਦੇ) ਜੰਜਾਲਾਂ ਵਿਚ (ਘੇਰਿਆ ਜਾਂਦਾ) ਤੇ (ਧੀਆਂ, ਪੁੱਤਾਂ, ਪੋਤਰਿਆਂ, ਦੋਹਤਰਿਆਂ ਦੇ) ਵੱਡੇ ਮੋਹ ਜਾਲਾਂ ਵਿਚ ਫਸ ਜਾਂਦਾ ਹੈ। ੪. ਬਲ-ਹੀਣਾ ਹੋ ਜਾਂਦਾ ਹੈ ਤੇ ਮੱਤ (ਅਕਲ ਵੀ) ਘਟ ਜਾਂਦੀ (ਭਾਵ ਜਵਾਬ ਦੇ ਜਾਂਦੀ) ਹੈ, ਰਾਤ ਸਮੇਂ ਬਰੜਾ ਬਰੜਾ ਉੱਠਦਾ, ਤੇ ਲੋਕਾਂ ਕੋਲੋਂ ਸੱਤਰਿਆ ਬਹੱਤਰਿਆ (ਮੱਤ-ਹੀਣ ਹੋਣ) ਦਾ ਨਾਉਂ

ਧਰਾਉਂਦਾ ਹੈ। ੫. ਨਜ਼ਰ ਘਟ ਜਾਂਦੀ ਹੈ, ਕੰਨਾਂ ਤੋਂ ਘਟ ਸੁਣਦਾ ਤੇ ਸਰੀਰ ਬਲ-ਹੀਣ ਕਰਕੇ ਪਿੰਗਲਿਆਂ ਵਾਂਗ ਹੋ ਜਾਂਦਾ ਹੈ, ਸਰੀਰ ਥੱਕ ਜਾਂਦਾ ਹੈ, ਪਰ ਮਨ ਨਹੀਂ ਥੱਕਦਾ, ਉਹ ਸਗੋਂ ਤੇਜ਼ ਹੋ ਕੇ ਦਸਾਂ ਪਾਸਿਆਂ ਵੱਲ ਦੌੜਦਾ ਹੈ। ੬. ਸਾਧ ਸੰਗਤਿ ਤੇ ਗੁਰ ਸ਼ਬਦ ਦੀ ਸੋਝੀ ਬਿਨਾਂ, ਚਉਰਾਸੀਹ ਲੱਖ ਜੂਨਾਂ ਦੇ ਚੱਕਰ ਵਿਚ ਭਟਕਦਾ ਫਿਰਦਾ ਹੈ। ੭. ਮਨੁੱਖਾ ਜਨਮ ਦਾ ਸਮਾਂ ਬੀਤ ਜਾਣ 'ਤੇ ਫਿਰ ਹੱਥ ਨਹੀਂ ਆਉਂਦਾ॥ ੧੮॥

੧੯. ਹੰਸ (ਗੁਰਮੁਖ) ਤੇ ਬਗਲਾ (ਮਨਮੁਖ) ਦਾ ਫਰਕ

੧. ਹੰਸੁ ਨ ਛਡੈ ਮਾਨਸਰ ਬਗੁਲਾ ਬਹੁ ਛਪੜ ਫਿਰਿ ਆਵੈ।
੨. ਕੋਇਲ ਬੋਲੈ ਅੰਬ ਵਣਿ ਵਣਿ ਵਣਿ ਕਾਉ ਕੁਥਾਉ ਸੁਖਾਵੈ।
੩. ਵਗ ਨ ਹੋਵਨਿ ਕੁਤੀਆਂ ਗਾਂਈਂ ਗੋਰਸੁ ਵੰਸੁ ਵਧਾਵੈ।
੪. ਸਫਲ ਬਿਰਖ ਨਿਹਚਲ ਮਤੀ ਨਿਹਫਲ ਮਾਣਸ ਦਹ ਦਿਸਿ ਧਾਵੈ।
੫. ਅਗਿ ਤਤੀ ਜਲੁ ਸੀਅਲਾ ਸਿਰੁ ਉਚਾ ਨੀਵਾਂ ਦਿਖਲਾਵੈ।
੬. ਗੁਰਮੁਖਿ ਆਪੁ ਗਵਾਇਆ ਮਨਮੁਖੁ ਮੂਰਖਿ ਆਪੁ ਗਣਾਵੈ।
੭. ਦੂਜਾ ਭਾਉ ਕੁਦਾਉ ਹਰਾਵੈ॥ ੧੯॥

ਪਦ ਅਰਥ - ਵਗ=ਗਊਆਂ ਦਾ ਸਮੂਹ। ਗੋਰਸੁ=ਦੁੱਧ, ਮੱਖਣ ਤੇ ਘਿਉ। ਨਿਹਚਲ ਮਤੀ=ਅਡੋਲ ਮੱਤ ਵਾਲੇ।

ਅਰਥ - ੧. ਹੰਸ (ਰੂਪ ਗੁਰਮੁਖ) ਮਾਨ ਸਰੋਵਰ (ਸਾਧ ਸੰਗਤ) ਨੂੰ ਨਹੀਂ ਛੱਡਦੇ, (ਪਰ ਦੂਜੇ ਪਾਸੇ) ਬਗਲਾ (ਮੱਛੀਆਂ ਨੂੰ ਤਾੜ ਲਾਉਂਦਾ) ਬਹੁਤੇ ਛੱਪੜਾਂ 'ਤੇ ਫਿਰ ਆਉਂਦਾ ਹੈ। (ਭਾਵ ਮਨਮੁਖ ਥਾਂ ਕੁ ਥਾਂ ਟੱਕਰਾਂ ਮਾਰਦੇ ਫਿਰਦੇ ਹਨ, ਤੇ ਗੁਰਮੁਖ ਕੇਵਲ ਸਾਧ ਸੰਗਤ ਵਿਚ ਹੀ ਟਿਕਦੇ ਹਨ, ਉਸ ਨੂੰ ਛੱਡਦੇ ਨਹੀਂ)। ੨. ਕੋਇਲ ਕੇਵਲ ਅੰਬ ਦੇ ਦਰਖ਼ਤ 'ਤੇ ਹੀ ਬੈਠਦੀ ਹੈ, ਪਰ ਕਾਂ ਬਹੁਤ ਬ੍ਰਿਛਾਂ 'ਤੇ ਉੱਡਦਾ ਫਿਰਦਾ ਹੈ, ਉਸ ਨੂੰ ਭਟਕਣਾ ਹੀ ਚੰਗਾ ਲੱਗਦਾ ਹੈ। ੩. ਕੁੱਤੀਆਂ ਦੇ ਵੱਗ ਨਹੀਂ ਹੁੰਦੇ, ਪਰ ਗਾਵਾਂ ਘਿਉ ਦੁੱਧ ਦੇ ਕੇ ਆਪਣੇ ਵੰਸ ਨੂੰ ਵਧਾਉਂਦੀਆਂ ਹਨ। ੪. ਬ੍ਰਿਛ ਉਹੀ ਸਫਲ ਹਨ, ਜੋ ਨਿਹਚਲ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਹੀ ਫਲ ਲੱਗਦੇ ਹਨ, ਪਰ ਦਸਾਂ ਦਿਸ਼ਾਂ ਨੂੰ ਦੌੜਨ ਵਾਲਾ ਮਨੁੱਖੀ-ਮਨ ਨਿਹਫਲ ਰਹਿੰਦਾ ਹੈ, (ਉਮਰ ਦਾ ਕੀਮਤੀ ਸਮਾਂ ਅੰਜਾਈ ਗਵਾ ਲੈਂਦਾ ਹੈ)। ੫. ਅੱਗ ਗਰਮ ਤੇ ਪਾਣੀ ਠੰਢਾ ਹੈ, (ਇਹ ਦੋਵੇਂ ਉਲਟ ਸੁਭਾਵਾਂ ਵਾਲੇ ਹਨ, ਜਿਵੇਂ) ਅੱਗ ਦੀ ਲਾਟ ਉੱਚੀ ਉੱਠਦੀ ਹੈ, ਤੇ ਪਾਣੀ ਨੀਵਾਣ ਵੱਲ ਜਾਂਦਾ ਹੈ, ਭਾਵ ਉਹ ਨੀਵੇਂ ਥਾਂ ਜਾ ਵੱਸਦਾ ਹੈ (ਅੱਗ ਉੱਚਾ ਉੱਠਦੀ ਹੈ ਤਾਂ ਉਹ ਗਰਮ ਹੈ ਤੇ ਪਾਣੀ ਸਿਰ ਨੀਵਾਂ ਰੱਖਦਾ, ਨੀਵਾਣ ਵੱਲ ਜਾਂਦਾ ਹੈ, ਤਾਂ ਉਹ ਠੰਢਾ ਹੈ)। ੬. ਇਸੇ ਤਰ੍ਹਾਂ ਗੁਰਮੁਖ ਆਪਾ ਭਾਵ ਨੂੰ ਛੱਡ ਦਿੰਦੇ ਹਨ ਭਾਵ ਨਿਮ੍ਰਤਾ ਦਾ ਗੁਣ ਧਾਰਨ ਕਰਦੇ ਹਨ, ਇਸ ਲਈ ਉਹ ਉੱਤਮ ਹਨ ਤੇ ਮਨਮੁਖ

ਆਪਾ ਜਤਾਉਂਦੇ ਹਨ (ਇਸੇ ਲਈ ਉਹ ਜੀਵਨ ਵਿਅਰਥ ਗੁਆ ਲੈਂਦੇ ਹਨ)। ੭. ਦੂਜਾ ਭਾਉ (ਮੈਂ-ਮੇਰੀ) ਖੋਟੀ ਆਦਤ ਹੈ, (ਇਸ ਨਾਲ) ਹਾਰ ਹੀ ਪੱਲੇ ਪੈਂਦੀ ਹੈ॥ ੧੯॥

੨੦. ਪੰਜਾਂ ਰੋਗਾਂ ਵਾਲੀ ਮਨੁਖਾ ਦੇਹੀ

੧. ਗਜ ਮ੍ਰਿਗ ਮੀਨ ਪਤੰਗ ਅਲਿ ਇਕਤੁ ਇਕਤੁ ਰੋਗਿ ਪਚੰਦੇ।
੨. ਮਾਣਸ ਦੇਹੀ ਪੰਜਿ ਰੋਗ ਪੰਜੇ, ਦੂਤ ਕੁਸੂਤੁ ਕਰੰਦੇ।
੩. ਆਸਾ ਮਨਸਾ ਡਾਇਣੀ ਹਰਖ ਸੋਗ ਬਹੁ ਰੋਗ ਵਧੰਦੇ।
੪. ਮਨਮੁਖ ਦੂਜੈ ਭਾਇ ਲਗਿ ਭੰਭਲਭੂਸੇ ਖਾਇ ਭਵੰਦੇ।
੫. ਸਤਿਗੁਰ ਸਚਾ ਪਾਤਸਾਹ ਗੁਰਮੁਖਿ ਗਾਡੀ ਰਾਹੁ ਚਲੰਦੇ।
੬. ਸਾਧ ਸੰਗਤਿ ਮਿਲਿ ਚਲਣਾ ਭਜਿ ਗਏ ਠਗ ਚੋਰ ਡਰੰਦੇ।
੭. ਲੈ ਲਾਹਾ ਨਿਜਿ ਘਰਿ ਨਿਬਹੰਦੇ॥ ੨੦॥

ਪਦ ਅਰਥ - ਅਲਿ=ਭੌਰਾ। ਪਚੰਦੇ=ਖਪ ਜਾਂਦੇ। ਕੁਸੂਤੁ=ਕੁਕਰਮ। ਭੰਭਲਭੂਸੇ=ਸ਼ਸ਼ੋਪਨ, ਸੰਸਿਆਂ ਵਿਚ ਡੁੱਬ ਜਾਣਾ।

ਅਰਥ - ੧. ਹਾਥੀ, ਹਿਰਨ, ਮੱਛੀ, ਪਤੰਗਾ ਤੇ ਭੌਰਾ ਇੱਕ ਇੱਕ ਰੋਗ ਨਾਲ ਹੀ ਮਾਰੇ ਜਾਂਦੇ ਹਨ। (ਹਾਥੀ ਨੂੰ ਕਾਮ ਦਾ, ਮਿਰਗ ਨੂੰ ਨਾਦ (ਆਵਾਜ਼) ਦਾ, ਮੱਛੀ ਨੂੰ ਜੀਭਾ ਦੇ ਸੁਆਦ ਦਾ, ਪਤੰਗੇ ਨੂੰ ਸੁਹਪਣ ਦੇਖਣ ਦਾ, ਤੇ ਭੌਰੇ ਨੂੰ ਵਾਸ਼ਨਾ, ਸੁਗੰਧੀ ਲੈਣ ਦਾ ਰੋਗ ਲੱਗਾ ਹੋਇਆ ਹੈ)। ੨. ਪਰ ਮਨੁੱਖੀ ਦੇਹ ਨੂੰ ਇਹ ਪੰਜੇ ਰੋਗ ਹੀ ਲੱਗ ਰਹੇ ਹਨ। ਪੰਜੇ ਦੂਤ (ਵਿਕਾਰ) ਮਾਰਾ ਬਕਾਰਾ ਕਰ ਰਹੇ ਹਨ। ੩. ਇਨ੍ਹਾਂ ਰੋਗਾਂ ਦੇ ਨਾਲ ਹੀ, ਮਨੁਖ ਵਿਚ ਆਸਾ ਤੇ ਮਨਸਾ ਡਾਇਣਾਂ ਹਨ, ਤੇ ਹਰਖ ਸੋਗ ਹੋਰ ਬਹੁਤੇ ਰੋਗਾਂ ਨੂੰ ਪੈਦਾ ਕਰਨ ਵਾਲੇ ਹਨ। ੪. (ਮਨੁਖ ਏਨੇ ਦੂਤਾਂ ਦੇ ਘੇਰੇ ਵਿਚ ਘਿਰਿਆ ਹੋਇਆ ਹੈ, ਪਰ) ਮਨਮੁਖ ਦੂਜੇ-ਭਾਵ (ਮੈਂ-ਮੇਰੀ) ਵਿਚ ਲੱਗ ਕੇ (ਇਨ੍ਹਾਂ ਦੂਤਾਂ ਦੇ ਢਹੇ ਚੜ੍ਹ) ਭੰਭਲ ਭੂਸੇ ਖਾਂਦੇ ਫਿਰਦੇ ਹਨ (ਕਦੀ ਕਿਸੇ ਗੱਲ ਦੀ ਚਿੰਤਾ, ਕਦੇ ਕਿਸੇ ਹੋਰ ਦੀ)। ੫. ਸਤਿਗੁਰੂ ਸੱਚੇ ਪਾਤਸ਼ਾਹ (ਦੇ ਦਰਸਾਏ) ਗੁਰਮੁਖ ਗਾਡੀ ਰਾਹ 'ਤੇ (ਕੇਵਲ ਸਤਿਗੁਰੂ ਦੇ ਵਰੋਸਾਏ ਗੁਰਮੁਖ ਹੀ) ਚਲਦੇ ਹਨ। ੬. (ਉਹ) ਸਾਧ ਸੰਗਤ ਵਿਚ ਮਿਲ ਕੇ (ਉਥੇ ਦੱਸੇ ਹੋਏ ਗੁਰਮੁਖ ਗਾਡੀ ਰਾਹੁ 'ਤੇ ਹੀ) ਚਲਦੇ ਹਨ। ਪੰਜੇ ਠਗ ਤੇ ਚੋਰ (ਵਿਸ਼ੇ ਵਿਕਾਰ ਗੁਰਮੁਖ ਦੀ ਇਸ ਕਾਰ (ਸਾਧ ਸੰਗਤ) ਤੋਂ ਡਰ ਕੇ ਦੂਰ ਭੱਜ ਜਾਂਦੇ ਹਨ, (ਉਸਦੇ ਨੇੜੇ ਨਹੀਂ ਆਉਂਦੇ)। ੭. ਇਸ ਤਰ੍ਹਾਂ ਗੁਰਮੁਖ ਜਨਮ ਦਾ ਲਾਹਾ ਪ੍ਰਾਪਤ ਕਰਕੇ ਆਪਣੇ ਘਰ (ਨਿਜ ਸ੍ਰੂਪ) ਵਿਚ ਜਾ ਟਿਕਦੇ ਹਨ॥ ੨੦॥

੨੧. ਸਤਿਗੁਰ ਸੱਚੇ ਮਲਾਹ ਹਨ

੧. ਬੇੜੀ ਚਾੜਿ ਲੰਘਾਇਦਾ ਬਾਹਲੇ ਪੂਰ ਮਾਣਸ ਮੋਹਾਣਾ।
੨. ਆਗੂ ਇਕੁ ਨਿਬਾਹਿਦਾ ਲਸਕਰ ਸੰਗ ਸਾਹ ਸੁਲਤਾਣਾ।
੩. ਫਿਰੈ ਮਹਲੈ ਪਾਹਰੂ ਹੋਇ ਨਿਚਿੰਦ ਸਵਨਿ ਪਰਧਾਣਾ।
੪. ਲਾੜਾ ਇਕੁ ਵੀਵਾਹੀਐ ਬਾਹਲੇ ਜਾਵੀਂ ਕਰਿ ਮਿਹਮਾਣਾ।
੫. ਪਾਤਿਸਾਹੁ ਇਕੁ ਮੁਲਕ ਵਿਚਿ ਹੋਰੁ ਪ੍ਰਜਾ ਹਿੰਦੂ ਮੁਸਲਮਾਣਾ।
੬. ਸਤਿਗੁਰੁ ਸਚਾ ਪਾਤਿਸਾਹੁ ਸਾਧਸੰਗਤਿ ਗੁਰੁ ਸਬਦੁ ਨੀਸਾਣਾ।
੭. ਸਤਿਗੁਰ ਪਰਣੈ ਤਿਨ ਕੁਰਬਾਣਾ॥ ੨੧ ॥ ੫ ॥

ਪਦ ਅਰਥ - ਪੂਰ=ਬੇੜੀ ਦੇ ਸਵਾਰਾਂ ਦਾ ਸਮੂਹ। ਮੋਹਾਣਾ=ਮਲਾਹ। ਨਿਬਾਹਿਦਾ=ਤੋੜ ਤੀਕ ਪਹੁੰਚਾਣਾ। ਪਰਧਾਣਾ=ਮੁਖੀ, ਆਗੂ।

ਅਰਥ - ੧. ਮਲਾਹ ਬੇੜੀ 'ਤੇ ਚੜ੍ਹਾ ਕੇ, ਬਹੁਤ ਸਾਰੇ ਮਨੁੱਖਾਂ ਨੂੰ ਨਦੀ ਜਾਂ ਦਰਿਆ ਤੋਂ ਪਾਰ ਕਰਦਾ ਹੈ। ੨. ਇਕੋ ਆਗੂ, ਇਕੋ ਬਾਦਸ਼ਾਹ, ਜਾਂ ਸੁਲਤਾਨ ਹੀ ਹੁੰਦਾ ਹੈ ਜੋ ਸਭ ਮਾਮਲਿਆਂ ਵਿਚ ਪੂਰਾ ਨਿਭਦਾ, ਜਾਂ ਨਿਭਾਉਂਦਾ ਹੈ। ੩. ਮਹੱਲੇ ਵਿਚ ਇੱਕ ਪਹਿਰੇਦਾਰ ਹੁੰਦਾ ਹੈ, ਤੇ ਬਾਕੀ ਮੁਖੀ, ਅਮੀਰ ਤੇ ਗਰੀਬ ਸਭ ਨਿਸਚਿੰਤ ਹੋ ਕੇ ਸੌਂ ਜਾਂਦੇ ਹਨ। ੪. ਇੱਕ ਲਾੜਾ ਹੁੰਦਾ ਹੈ ਜਿਸ ਦਾ ਵਿਆਹ ਹੁੰਦਾ ਹੈ, ਪਰ ਬਹੁਤੇ ਜਾਂਞੀ ਨਾਲ ਜਾਂਦੇ ਹਨ, ਜੋ ਮਹਿਮਾਨ ਬਣ ਕੇ ਆਦਰ ਪਾਉਂਦੇ ਹਨ। ੫. (ਜਿਵੇਂ) ਦੇਸ ਦਾ ਬਾਦਸ਼ਾਹ ਤਾਂ ਇੱਕ ਹੀ ਹੁੰਦਾ ਹੈ ਤੇ ਹੋਰ ਪਰਜਾ ਬਥੇਰੀ ਹਿੰਦੂ, ਮੁਸਲਮਾਨਾਂ ਦੀ ਹੁੰਦੀ ਹੈ। ੬. (ਇਸੇ ਤਰ੍ਹਾਂ) ਇੱਕ ਸਤਿਗੁਰੂ ਸੱਚਾ ਪਾਤਸ਼ਾਹ ਹੈ, ਜਿਸ ਦੀ ਸਾਧ ਸੰਗਤਿ ਹੈ, ਜਿਥੇ ਉਹ ਸਿੱਖ ਨੂੰ ਗੁਰ ਸ਼ਬਦ ਦਾ ਪਰਵਾਨਾ (ਮਾਣ-ਪੱਤਰ ਦੇ ਕੇ, ਸੰਸਾਰ ਭਵਜਲ ਵਿਚੋਂ ਪਾਰ ਕਰ ਦੇਂਦੇ ਹਨ)। ੭. ਜਿਹੜੇ ਗੁਰਮੁਖ ਸਤਿਗੁਰੂ ਜੀ ਦਾ ਆਸਰਾ ਲੈਂਦੇ ਹਨ, ਮੈਂ ਉਹਨਾਂ ਤੋਂ ਬਲਿਹਾਰ ਜਾਂਦਾ ਹਾਂ॥ ੨੧ ॥ ੫ ॥

ਵਾਰ ੬

ੴ ਸਤਿਗੁਰ ਪ੍ਰਸਾਦਿ॥

੧. ਪੂਰੇ ਸਤਿਗੁਰੂ ਜੀ ਨੂੰ ਨਮਸਕਾਰ ਹੈ

੧. ਪੂਰਾ ਸਤਿਗੁਰੁ ਜਾਣੀਐ ਪੂਰੇ ਪੂਰਾ ਥਾਟੁ ਬਣਾਇਆ।

੨. ਪੂਰੇ ਪੂਰਾ ਸਾਧਸੰਗੁ ਪੂਰੇ ਪੂਰਾ ਮੰਤ੍ਰ ਦ੍ਰਿੜਾਇਆ।
੩. ਪੂਰੇ ਪੂਰਾ ਪਿਰਮ ਰਸੁ ਪੂਰਾ ਗੁਰਮੁਖਿ ਪੰਥੁ ਚਲਾਇਆ।
੪. ਪੂਰੇ ਪੂਰਾ ਦਰਸਣੋ ਪੂਰੇ ਪੂਰਾ ਸਬਦੁ ਸੁਣਾਇਆ।
੫. ਪੂਰੇ ਪੂਰਾ ਬੈਹਣਾ ਪੂਰੇ ਪੂਰਾ ਤਖਤੁ ਰਚਾਇਆ।
੬. ਸਾਧਸੰਗਤਿ ਸਚੁ ਖੰਡੁ ਹੈ ਭਗਤਿ ਵਛਲੁ ਹੋਇ ਵਸਗਤਿ ਆਇਆ।
੭. ਸਚੁ ਰੂਪੁ ਸਚੁ ਨਾਉ ਗੁਰ ਗਿਆਨੁ ਧਿਆਨੁ ਸਿਖਾਂ ਸਮਝਾਇਆ।
੮. ਗੁਰ ਚੇਲੇ ਪਰਚਾ ਪਰਚਾਇਆ ॥ ੧ ॥

ਪਦ ਅਰਥ - ਬਾਣੂ=ਬਣਤਰ। ਪਿਰਮ ਰਸੁ=ਅੰਮ੍ਰਿਤ-ਰਸ। ਬੈਹਣਾ=ਬਹਿਣ ਵਾਲੀ ਥਾਂ, ਭਾਵ ਸਿੰਘਾਸਣ। ਪਰਚਾ=ਪ੍ਰੇਮ ਦੀ ਖੇਡ।

ਅਰਥ - ੧. ਪੂਰੇ ਸਤਿਗੁਰੂ ਨੂੰ ਜਾਣੋ, ਪੂਰੇ ਨੇ ਪੂਰੀ (ਮੁੰਕਮਲਤਾਈ ਵਾਲੀ) ਬਣਤ ਨੂੰ ਬਣਾਇਆ ਹੈ। ੨. ਪੂਰੇ (ਸਤਿਗੁਰੂ ਜੀ ਨੇ) ਪੂਰਨ ਸਾਧ ਸੰਗ ਕਾਇਮ ਕੀਤਾ, (ਜਿਸ ਵਿਚ) ਪੂਰੇ (ਗੁਰੂ ਨੇ) ਪੂਰਾ ਮੰਤਰ (ਸਤਿਨਾਮ, ਵਾਹਿਗੁਰੂ) ਦ੍ਰਿੜ ਕਰਾ ਦਿੱਤਾ ਹੈ। ੩. ਪੂਰੇ (ਸਤਿਗੁਰੂ ਨੇ) ਪੂਰਾ ਪਿਰਮ ਰਸ (ਦੇ ਕੇ) ਪੂਰਨ (ਤੌਰ ਤੇ) ਗੁਰਮੁਖ ਪੰਥ ਚਲਾਇਆ ਹੈ। ੪. ਪੂਰੇ (ਸਤਿਗੁਰੂ ਦਾ) ਧਰਮ (ਦਾ ਰਸਤਾ) ਵੀ ਪੂਰਨ ਹੈ, ਪੂਰੇ ਨੇ ਪੂਰਾ ਸ਼ਬਦ (ਮੰਤਰ) ਸੁਣਾਇਆ ਹੈ। ੫. ਪੂਰੇ (ਸਤਿਗੁਰੂ ਜੀ) ਨੇ ਪੂਰਾ ਬੈਠਣ ਵਾਲਾ ਅਸਥਾਨ (ਗੁਰਤਾ-ਗੱਦੀ) ਬਣਾਈ ਹੈ, ਤੇ ਪੂਰੇ ਨੇ ਪੂਰਾ ਤਖ਼ਤ (ਗੁਰਤਾ ਦਾ) ਰਚ ਦਿੱਤਾ ਹੈ। ੬. (ਪੂਰੇ ਸਤਿਗੁਰੂ ਦਾ) ਸਾਧ ਸੰਗਤ (ਦਾ ਦਰਬਾਰ) ਸੱਚਖੰਡ ਹੈ। (ਉਹ) ਭਗਤਵਛਲ (ਦੇ ਬਿਰਦ ਨੂੰ ਪਾਲਣ ਵਾਲਾ) ਹੋਣ ਕਰਕੇ (ਪੂਰਨ ਭਗਤਾਂ, ਤੇ ਪੂਰਨ ਗੁਰਸਿੱਖਾਂ) ਦੇ ਵਸ ਵਿਚ ਆ ਗਿਆ ਹੈ। ੭. ਪੂਰੇ ਗੁਰੂ ਜੀ ਨੇ ਸਾਧ ਸੰਗਤਿ ਵਿਚ ਹੀ ਸੱਚਾ ਨਾਮ (ਉਪਦੇਸ਼), ਸੱਚਾ ਗਿਆਨ ਤੇ ਧਿਆਨ ਸਿੱਖਾਂ ਨੂੰ ਸਮਝਾਇਆ ਹੈ। ੮. ਗੁਰੂ ਨੇ ਚੇਲੇ ਨੂੰ ਪਰਚਾ ਪਾ ਕੇ (ਇਮਤਿਹਾਨ ਲੈ ਕੇ) ਪਾਸ ਕੀਤਾ ਹੈ। ਭਾਵ ਪੂਰੇ ਸਤਿਗੁਰੂ ਨੇ ਆਪਣਾ ਆਪ ਚੇਲੇ ਪ੍ਰਤੀ ਸਮਝਾ ਕੇ, ਫਿਰ ਉਸ ਨੂੰ ਇਸ ਗੁਰਮੁਖਤਾਈ ਦੀ ਖੇਡ ਵਿਚ ਲਾ ਦਿੱਤਾ ਹੈ॥ ੧॥

੨. ਸਾਧ ਸੰਗਤ ਦੀ ਮਹਿਮਾ

੧. ਕਰਣ ਕਾਰਣ ਸਮਰਥੁ ਹੈ ਸਾਧਸੰਗਤਿ ਦਾ ਕਰੈ ਕਰਾਇਆ।
੨. ਭਰੈ ਭੰਡਾਰ ਦਾਤਾਰੁ ਹੈ ਸਾਧਸੰਗਤਿ ਦਾ ਦੇਇ ਦਿਵਾਇਆ।
੩. ਪਾਰਬ੍ਰਹਮ ਗੁਰ ਰੂਪੁ ਹੋਇ ਸਾਧਸੰਗਤਿ ਗੁਰ ਸਬਦਿ ਸਮਾਇਆ।
੪. ਜਗ ਭੋਗ ਜੋਗ ਧਿਆਨੁ ਕਰਿ ਪੂਜਾ ਪਰੈ ਨ ਦਰਸਨੁ ਪਾਇਆ।
੫. ਸਾਧਸੰਗਤਿ ਪਿਉ ਪੁਤੁ ਹੋਇ ਦਿਤਾ ਖਾਇ ਪੈਨੈ ਪੈਨ੍ਹਾਇਆ।

੬. ਘਰਬਾਰੀ ਹੋਇ ਵਰਤਿਆ ਘਰਬਾਰੀ ਸਿਖ ਪੈਰੀ ਪਾਇਆ।
੭. ਮਾਇਆ ਵਿਚਿ ਉਦਾਸੁ ਰਖਾਇਆ॥ ੨॥

ਪਦ ਅਰਥ - ਸਮਰਥੁ=ਸ਼ਕਤੀ ਵਾਲਾ। ਘਰਬਾਰੀ=ਗ੍ਰਿਹਸਥੀ।

ਪਦ ਅਰਥ - ੧. (ਗੁਰਦੇਵ ਜੀ) ਕਰਨ ਕਾਰਨ ਸਮਰੱਥ ਹਨ, ਪਰ ਉਹ ਸਾਧ ਸੰਗਤ ਦੇ ਕਰਾਇਆਂ ਹੀ ਕੁਝ ਕਰਦੇ ਹਨ। ੨. (ਸਤਿਗੁਰੂ ਜੀ) ਭਰੇ ਭੰਡਾਰਾਂ ਦੇ ਦਾਤੇ ਹਨ, ਪਰ ਸਾਧ ਸੰਗਤ ਜਿਸ ਨੂੰ ਦਾਤ ਦਿਵਾਵੇ, ਉਸੇ ਨੂੰ ਦਿੰਦੇ ਹਨ। ੩. (ਕਿਉਂਕਿ ਆਪ) ਪਾਰਬ੍ਰਹਮ ਵੱਲੋਂ ਗੁਰੂ ਰੂਪ ਹੋ ਕੇ ਪ੍ਰਗਟੇ ਹਨ ਤੇ ਸਾਧ ਸੰਗਤ ਵਿਚ ਗੁਰੂ ਸ਼ਬਦ ਹੋ ਕੇ ਸਮਾਏ ਹੋਏ ਹਨ। ੪. (ਉਸ ਪ੍ਰਭੂ ਦੇ) ਜਗ, ਭੋਗ, ਜੋਗ (ਪ੍ਰਾਣਾਯਾਮ) ਦੇ ਧਿਆਨ ਕਰਕੇ ਜਾਂ ਪੂਜਾ ਆਦਿ ਨਾਲ ਦਰਸ਼ਨ ਨਹੀਂ ਹੁੰਦੇ, (ਉਸ ਦੇ ਸਾਧ ਸੰਗਤ ਵਿਚ ਪ੍ਰਤੱਖ ਦਰਸ਼ਨ ਹੁੰਦੇ ਹਨ)। ੫. ਗੁਰੂ ਤੇ ਸਾਧ ਸੰਗਤ ਪਿਉ ਪੁੱਤਰ ਦੇ ਨਾਤੇ ਵਾਂਗ ਸੰਬੰਧਿਤ ਹਨ, (ਭਾਵ ਸਿੱਖ) ਪਿਤਾ ਗੁਰੂ ਦਾ ਦਿੱਤਾ ਹੀ ਖਾਂਦੇ ਤੇ ਪਹਿਨਾਇਆ ਪਹਿਨਦੇ ਹਨ (ਏਨੀ ਨੇੜਤਾ ਹੈ ਗੁਰੂ ਅਤੇ ਸਾਧ ਸੰਗਤ ਦੀ)। ੬. ਜਿਵੇਂ ਗੁਰੂ ਨਾਨਕ ਦੇਵ ਜੀ ਉਦਾਸੀਆਂ ਖਤਮ ਕਰਨ ਮਗਰੋਂ, ਫਿਰ ਘਰ ਬਾਰੀ (ਗ੍ਰਿਹਸਥੀਆਂ) ਵਾਂਗ ਆਪਣੇ ਗੁਰੂ-ਆਦਰਸ਼ ਦੇ ਉਲੀਕੇ ਕੰਮ ਨੂੰ ਚਲਾਉਂਦੇ ਰਹੇ, ਇਵੇਂ ਹੀ ਅੱਗੋਂ ਘਰ ਬਾਰੀ (ਗ੍ਰਿਹਸਥੀ) ਸਿੱਖ (ਗੁਰੂ ਅੰਗਦ ਦੇਵ ਜੀ) ਨੂੰ ਪੈਰੀਂ ਪਾਇਆ। ੭. ਮਾਇਆ ਵਿਚ ਉਦਾਸ (ਰਹਿਣ ਦਾ ਸਿਧਾਂਤ ਦ੍ਰਿੜ੍ਹ ਕਰਾ ਕੇ) ਰਖਾਇਆ। (ਭਾਵ ਉਨ੍ਹਾਂ ਨੇ ਗੁਰੂ ਨਾਨਕ ਦੇਵ ਜੀ ਵਰਗੇ ਮਹਾਨ ਪਰਤਾਪੀ ਸਤਿਗੁਰੂ ਦੀ ਥਾਂ 'ਤੇ ਬੈਠ ਕੇ ਵੀ, ਆਪਣੀ ਬਿਰਤੀ ਵਿਚ ਇਸ ਪਦਵੀ ਪ੍ਰਾਪਤ ਹੋਣ ਦਾ ਹੁਲਾਸ ਨਹੀਂ ਲਿਆਂਦਾ, ਉਹ ਪਹਿਲੀ ਹਾਲਤ ਵਿਚ ਹੀ ਉਦਾਸ ਰਹੇ, ਭਾਵ ਗੁਰੂ ਨਾਨਕ ਦੇਵ ਜੀ ਵਾਂਗ ਮਾਇਆ ਤੋਂ ਬਿਲਕੁਲ ਨਿਰਲੇਪ ਰਹੇ)॥ ੨॥

੩. ਗੁਰਮੁਖਾਂ ਦੀ ਨਿੱਤ ਕਿਰਿਆ

੧. ਅੰਮ੍ਰਿਤ ਵੇਲੇ ਉਠਿ ਕੈ ਜਾਇ ਅੰਦਰਿ ਦਰੀਆਉ ਨ੍ਹਵੰਦੇ।
੨. ਸਹਜਿਸਮਾਧਿ ਅਗਾਧਿ ਵਿਚਿ ਇਕ ਮਨਿ ਹੋਇ ਗੁਰ ਜਾਪੁ ਜਪੰਦੇ।
੩. ਮਥੈ ਟਿਕੇ ਲਾਲ ਲਾਇ ਸਾਧਸੰਗਤਿ ਚਲਿ ਜਾਇ ਬਹੰਦੇ।
੪. ਸਬਦੁ ਸੁਰਤਿ ਲਿਵ ਲੀਣੁ ਹੋਇ ਸਤਿਗੁਰ ਬਾਣੀ ਗਾਇ ਸੁਣੰਦੇ।
੫. ਭਾਇ ਭਗਤਿ ਭੈ ਵਰਤਮਾਨਿ ਗੁਰ ਸੇਵਾ ਗੁਰਪੁਰਬ ਕਰੰਦੇ।
੬. ਸੰਝੈ ਸੋਦਰੁ ਗਾਵਣਾ ਮਨ ਮੇਲੀ ਕਰਿ ਮੇਲਿ ਮਿਲੰਦੇ।
੭. ਰਾਤੀ ਕੀਰਤਿ ਸੋਹਿਲਾ ਕਰਿ ਆਰਤੀ ਪਰਸਾਦੁ ਵੰਡੰਦੇ।
੮. ਗੁਰਮੁਖਿ ਸੁਖ ਫਲੁ ਪਿਰਮ ਚਖੰਦੇ॥ ੩॥

ਪਦ ਅਰਥ - ਸਹਜਿ ਸਮਾਧਿ=ਸ਼ਾਂਤ ਅਵਸਥਾ ਦੀ ਸਮਾਧੀ। ਸੰਝੈ=ਸੰਧਿਆ ਸਮੇਂ।

ਅਰਥ - ੧. ਗੁਰੂ ਦੇ ਸਿੱਖ ਸਵੇਰੇ ਤਾਰਿਆਂ ਦੇ ਹੁੰਦਿਆਂ ਉੱਠ ਕੇ, ਨਦੀ (ਜਾਂ ਖੂਹ, ਤਲਾਬ ਆਦਿ) ਦੇ ਜਲ ਵਿਚ ਇਸ਼ਨਾਨ ਕਰਦੇ ਹਨ। ੨. ਫਿਰ ਅਗਾਧ ਪ੍ਰਭੂ ਦੀ ਲਿਵ ਵਿਚ ਜੁੜ ਕੇ ਸਹਜ ਸਮਾਧ ਵਿਖੇ ਇੱਕ ਮਨ ਹੋ, ਗੁਰ ਮੰਤਰ ਦਾ ਜਾਪ ਜਪਦੇ ਹਨ। ੩. ਮੱਥੇ 'ਤੇ ਗੁਰੂ ਦੀ ਬਖਸ਼ਿਸ਼ (ਭਾਵ ਚੜ੍ਹਦੀ ਕਲਾ) ਦਾ ਟਿੱਕਾ ਲਾਲਾਂ ਵਾਂਗੂੰ ਦਘਦਾ ਹੈ, ਜਦੋਂ ਸਾਧ ਸੰਗਤ ਵਿਚ ਚਲ ਕੇ ਜਾ ਬੈਠਦੇ ਹਨ। ੪. ਸ਼ਬਦ ਨੂੰ ਸੁਰਤ ਵਿਚ ਲਿਜਾ ਲਿਵਲੀਨ (ਮਗਨ) ਹੋ ਕੇ ਸਤਿਗੁਰੂ ਦੀ ਬਾਣੀ ਗਾਉਂਦੇ ਤੇ ਸੁਣਦੇ ਹਨ। ੫. ਪ੍ਰੇਮਾ-ਭਗਤੀ ਅਤੇ ਭੈ-ਭਾਉਨੀ ਵਿਚ ਵਰਤਦੇ ਹਨ ਤੇ ਗੁਰੂ ਦੀ ਸੇਵਾ ਅਤੇ ਗੁਰਪੁਰਬ ਕਰਦੇ, ਭਾਵ ਮਨਾਉਂਦੇ ਹਨ। ੬. ਸ਼ਾਮ ਵੇਲੇ ਸੋਦਰ (ਰਹਰਾਸਿ) ਪੜ੍ਹਦੇ ਤੇ ਗਾਉਂਦੇ ਹਨ, ਮਨ-ਮੇਲੀਆਂ (ਭਾਵ ਗੁਰੂ-ਪ੍ਰੇਮੀਆਂ) ਨਾਲ ਮੇਲ ਰੱਖਦੇ (ਮਿਲਦੇ ਮਿਲਾਉਂਦੇ) ਹਨ। ੭. ਰਾਤ ਨੂੰ (ਸੌਣ ਲੱਗੇ) ਕੀਰਤਨ ਸੋਹਿਲੇ ਦਾ ਪਾਠ ਕਰਦੇ ਹਨ। ਆਰਤੀ ਕਰਕੇ ਪ੍ਰਸ਼ਾਦ ਵਰਤਾਉਂਦੇ ਹਨ। ੮. ਗੁਰਮੁਖ (ਪ੍ਰੇਮੀ-ਜਨ, ਇਸ ਨਿੱਤ ਕਿਰਿਆ ਦੇ) ਸੁਖ ਫਲ ਦੇ ਪ੍ਰੇਮ-ਰਸ ਨੂੰ ਚੱਖਦੇ (ਭਾਵ ਪੀਂਦੇ ਹਨ)॥ ੩ ॥

੪. ਸਾਧ ਸੰਗਤ ਸੱਚਖੰਡ ਰੂਪ ਹੈ

੧. ਇਕ ਕਵਾਉ ਪਸਾਉ ਕਰਿ ਓਅੰਕਾਰਿ ਅਕਾਰੁ ਪਸਾਰਾ।
੨. ਪਉਣ ਪਾਣੀ ਬੈਸੰਤਰੋ ਧਰਤਿ, ਅਗਾਸੁ ਧਰੇ ਨਿਰਧਾਰਾ।
੩. ਰੋਮ ਰੋਮ ਵਿਚਿ ਰਖਿਓਨੁ ਕਰਿ ਵਰਭੰਡ ਕਰੋੜਿ ਅਕਾਰਾ।
੪. ਪਾਰਬ੍ਰਹਮੁ ਪੂਰਨ ਬ੍ਰਹਮੁ ਅਗਮ ਅਗੋਚਰੁ ਅਲਖ ਅਪਾਰਾ।
੫. ਪਿਰਮ ਪਿਆਲੈ ਵਸਿ ਹੋਇ ਭਗਤਿ ਵਛਲ ਹੋਇ ਸਿਰਜਣਹਾਰਾ।
੬. ਬੀਉ ਬੀਜਿ ਅਤਿ ਸੂਖਮੋ ਤਿਦੂੰ ਹੋਇ ਵਡ ਬਿਰਖ ਵਿਥਾਰਾ।
੭. ਫਲ ਵਿਚਿ ਬੀਉ ਸਮਾਇ ਕੈ ਇਕ ਦੂੰ ਬੀਅਹੁ ਲਖ ਹਜਾਰਾ।
੮. ਗੁਰਮੁਖਿ ਸੁਖ ਫਲ ਪਿਰਮ ਰਸੁ ਗੁਰਸਿਖਾਂ ਸਤਿਗੁਰੂ ਪਿਆਰਾ।
੯. ਸਾਧਸੰਗਤਿ ਸਚੁ ਖੰਡ ਵਿਚਿ ਸਤਿਗੁਰ ਪੁਰਖੁ ਵਸੈ ਨਿਰੰਕਾਰਾ।
੧੦. ਭਾਇ ਭਗਤਿ ਗੁਰਮੁਖਿ ਨਿਸਤਾਰਾ ॥ ੪ ॥

ਪਦ ਅਰਥ - ਕਵਾਉ=ਆਵਾਜ਼। ਓਅੰਕਾਰਿ=ਕਰਤਾ ਪੁਰਖ। ਨਿਰਧਾਰਾ=ਆਸਰੇ ਤੋਂ ਬਿਨਾਂ। ਵਰਭੰਡ=ਬ੍ਰਹਮੰਡ। ਨਿਸਤਾਰਾ=ਉਧਾਰ, ਮੁਕਤਿ।

ਪਦ ਅਰਥ - ੧. ਕਰਤਾ ਪੁਰਖ ਜੀ ਨੇ ਇਕੋ ਬੋਲ ਤੋਂ ਰੂਪ ਧਾਰ ਕੇ, (ਇਸ ਸ੍ਰਿਸ਼ਟੀ ਦਾ) ਪਸਾਰਾ ਪਸਾਰ (ਰਚ) ਦਿੱਤਾ। ੨. ਪੌਣ, ਪਾਣੀ, ਅਗਨੀ, ਧਰਤ ਤੇ ਆਕਾਸ਼ ਨੂੰ ਬਿਨਾਂ ਸਹਾਰੇ ਦੇ (ਕੇਵਲ ਆਪਣੇ

ਆਸਰੇ) ਖੜ੍ਹਾ ਕਰ ਦਿੱਤਾ। ੩. ਰੋਮ ਰੋਮ ਵਿਚ (ਉਸ ਪ੍ਰਭੂ ਜੀ ਨੇ) ਕਰੋੜਾਂ ਬ੍ਰਹਮੰਡਾਂ ਦੇ ਅਕਾਰ ਬਣਾ ਰੱਖੇ ਹਨ। ੪. ਪਾਰਬ੍ਰਹਮ ਆਪ ਪੂਰਨ ਬ੍ਰਹਮ ਹੈ, ਜੋ ਅਗਮ ਹੈ ਤੇ (ਪਹੁੰਚ ਤੋਂ ਪਰੇ) ਤੇ ਮਨੁਖੀ ਇੰਦ੍ਰਿਆਂ ਦੀ ਸਮਝ ਵਿਚ ਨਹੀਂ ਆਉਂਦਾ। ਉਹ ਅਲਖ (ਨਜ਼ਰ ਨਹੀਂ ਆਉਂਦਾ) ਤੇ ਉਸਦਾ ਪਾਰਾਵਾਰ ਵੀ ਨਹੀਂ ਪਾਇਆ ਜਾ ਸਕਦਾ। ੫. ਪ੍ਰਭੂ ਸਿਰਜਣਹਾਰ ਭਗਤਿ ਵਛਲ (ਭਗਤਾਂ ਦਾ ਰੱਖਵਾਲਾ) ਹੈ, (ਇਸ ਲਈ ਜਿਸ ਨੇ ਵੀ ਉਸ ਦੇ) ਨਾਮ ਰਸ ਅੰਮ੍ਰਿਤ ਨੂੰ ਪੀਤਾ ਹੈ, ਉਹ ਉਨ੍ਹਾਂ ਦੇ ਵਸ ਹੋ ਜਾਂਦਾ ਹੈ। ੬. ਬੀਜ ਨਿੱਕਾ ਤੇ ਸੂਖਮ ਜੇਹੀ ਚੀਜ਼ ਹੈ, ਪਰ ਬੀਜਣ ਮਗਰੋਂ ਵੱਡੇ ਵੱਡੇ ਬ੍ਰਿਛਾਂ ਦਾ ਵਿਸਤਾਰਕ ਰੂਪ ਧਾਰ ਜਾਂਦਾ ਹੈ। ੭. ਫਲ ਵਿਚ ਬੀਜ ਸਮਾਕੇ ਇਕ ਬੀਜ ਤੋਂ ਲੱਖਾਂ ਹਜ਼ਾਰਾਂ (ਬ੍ਰਿਛ ਬਣ ਜਾਂਦੇ ਹਨ)। ੮. ਗੁਰਮੁਖ (ਪ੍ਰਭੂ ਦੇ) ਪ੍ਰੇਮ ਰਸ ਨੂੰ ਪੀਣ ਵਾਲਿਆਂ ਨੇ ਇਸ ਸੁਖ ਫਲ (ਪ੍ਰਭੂ ਭਗਤੀ) ਨੂੰ ਪ੍ਰਾਪਤ ਕੀਤਾ ਹੈ, ਕਿਉਂਕਿ ਗੁਰਮੁਖਾਂ ਨੂੰ (ਗਿਆਨ-ਦਾਤਾ) ਸਤਿਗੁਰੂ ਪਿਆਰਾ ਹੈ। ੯. (ਅਜੇਹੇ ਪੁਰਸ਼) ਦੀ ਸਾਧ ਸੰਗਤ ਹੀ ਸੱਚ-ਖੰਡ ਹੈ, ਜਿਥੇ ਨਿਰੰਕਾਰ ਤੇ ਸਤਿਗੁਰੂ ਪੁਰਖ ਦਾ ਵਾਸਾ ਹੈ। ੧੦. ਗੁਰਮੁਖਾਂ ਦਾ ਪ੍ਰੇਮਾ-ਭਗਤੀ ਵਿਚ ਲੱਗੇ ਹੋਣ ਕਰਕੇ ਪਾਰ ਉਤਾਰਾ ਹੋ ਜਾਂਦਾ ਹੈ॥ ੪॥

੫. ਜਪੁਜੀ ਸਾਹਿਬ ਦੇ ਅਖੀਰਲੇ ਸਲੋਕ ਦਾ ਅਰਥ

੧. ਪਉਣੁ ਗੁਰੂ ਗੁਰ ਸਬਦੁ ਹੈ ਵਾਹਗੁਰੂ ਗੁਰ ਸਬਦੁ ਸੁਣਾਇਆ।
੨. ਪਾਣੀ ਪਿਤਾ ਪਵਿਤ੍ਰੁ ਕਰਿ ਗੁਰਮੁਖਿ ਪੰਥਿ ਨਿਵਾਣਿ ਚਲਾਇਆ।
੩. ਧਰਤੀ ਮਾਤ ਮਹਤੁ ਕਰਿ ਓਤਿ ਪੋਤਿ ਸੰਜੋਗੁ ਬਣਾਇਆ।
੪. ਦਾਈ ਦਾਇਆ ਰਾਤਿ ਦਿਹੁ ਬਾਲ ਸੁਭਾਇ ਜਗਤ੍ਰੁ ਖਿਲਾਇਆ।
੫. ਗੁਰਮੁਖਿ ਜਨਮੁ ਸਕਾਰਥਾ ਸਾਧਸੰਗਤਿ ਵਸਿ ਆਪੁ ਗਵਾਇਆ।
੬. ਜੰਮਣ ਮਰਣਹੁ ਬਾਹਰੇ ਜੀਵਨ ਮੁਕਤਿ ਜੁਗਤਿ ਵਰਤਾਇਆ।
੭. ਗੁਰਮਤਿ ਮਾਤਾ ਮਤਿ ਹੈ ਪਿਤਾ ਸੰਤੋਖ ਮੋਖ ਪਦੁ ਪਾਇਆ।
੮. ਧੀਰਜੁ ਧਰਮੁ ਭਿਰਾਵ ਦੁਇ ਜਪੁ ਤਪੁ ਜਤੁ ਸਤੁ ਪੁਤ ਜਣਾਇਆ।
੯. ਗੁਰ ਚੇਲਾ ਚੇਲਾ ਗੁਰੂ ਪੁਰਖਹੁ ਪੁਰਖ ਚਲਤੁ ਵਰਤਾਇਆ।
੧੦. ਗੁਰਮੁਖਿ ਸੁਖ ਫਲੁ ਅਲਖੁ ਲਖਾਇਆ॥ ੫॥

ਪਦ ਅਰਥ - ਨਿਵਾਣਿ=ਨਿਮ੍ਰਤਾ। ਮਹਤੁ=ਵਡਿਆਈ ਦੇ ਕੇ। ਓਤਿ ਪੋਤਿ=ਤਾਣੇ ਪੇਟੇ ਵਾਂਗ।

ਅਰਥ - ੧. ਪੌਣ (ਸਵਾਸ) ਗੁਰੂ ਹੈ, ਗੁਰ-ਸ਼ਬਦ ਹੈ, (ਭਾਵ) ਵਾਹਿਗੁਰੂ ਦਾ ਸ਼ਬਦ (ਬੋਲ, ਸਵਾਸਾਂ ਦੀ ਹਵਾ ਨਾਲ ਬੋਲ ਕੇ) ਸੁਣਾਇਆ ਹੈ। ੨. ਪਾਣੀ (ਸਭ ਦਾ) ਪਿਤਾ ਹੈ, ਜੋ (ਲੋਕਾਂ ਨੂੰ) ਪਵਿਤ੍ਰਤਾਈ (ਪ੍ਰਦਾਨ) ਕਰਦਾ ਹੈ, (ਇਸੇ ਤਰ੍ਹਾਂ) ਗੁਰਮੁਖ (ਮੁਖੀ ਗੁਰੂ ਨਾਨਕ ਦੇਵ ਜੀ ਨੇ ਸਿੱਖ) ਪੰਥ ਚਲਾਇਆ, ਜੋ ਨਿਵਾਣ (ਨਿਮ੍ਰਤਾ) ਦਾ ਧਾਰਨੀ ਹੈ। ੩. ਧਰਤੀ ਨੂੰ ਭਾਰੀਆਂ ਵਡਿਆਈਆਂ ਦੇ ਕੇ ਮਾਤਾ ਦਾ ਦਰਜਾ

ਦਿੱਤਾ ਹੈ, ਜੋ ਧਰਤੀ ਨੂੰ ਮਾਤਾ ਦੇ ਸ਼ਬਦ ਨਾਲ ਓਤ ਪੋਤ (ਬਿਲਕੁਲ) ਜੋੜ ਦਿੱਤਾ ਹੈ। (ਧਰਤੀ ਮਾਤਾ ਵਾਂਗ ਸਹਾਰਾ ਦੇਂਦੀ ਹੈ, ਮਾਤਾ ਵਾਂਗ ਖਾਣ ਪੀਣ ਨੂੰ ਦੇਂਦੀ ਹੈ, ਭਾਵ ਸਭ ਕੁਝ ਧਰਤੀ ਤੋਂ ਹੀ ਪ੍ਰਾਪਤ ਹੁੰਦਾ ਹੈ, ਇਸ ਲਈ ਉਹ ਮਾਤਾ ਹੈ)। ੪. ਰਾਤ ਦਿਨ ਖਿਡਾਵੇ ਹਨ, ਜਿਸ ਨੇ ਬਾਲਾਂ ਵਾਂਗ ਜਗਤ ਨੂੰ ਖੇਡਣ ਵਿਚ ਲਾ ਰੱਖਿਆ ਹੈ। (ਰਾਤ ਸੁਆਉਂਦੀ ਤੇ ਅਰਾਮ ਦੇਂਦੀ ਹੈ, ਦਿਨ ਰੋਜ਼ੀ ਕਮਾਉਣ ਦਾ ਸਮਾਂ ਦੇਂਦਾ ਹੈ)। ੫. ਗੁਰਮੁਖਾਂ ਦਾ ਜਨਮ ਸਫਲਾ ਹੈ, ਜਿਨ੍ਹਾਂ ਨੇ ਸਾਧ ਸੰਗਤ ਵਿਚ ਵਸ ਕੇ (ਭਾਵ ਸਾਧ ਸੰਗਤ ਵਿਚ ਵਿਚਾਰੇ ਪ੍ਰਭੂ ਦੇ ਗੁਣਾਂ ਤੇ ਵਡਿਆਈ ਨੂੰ ਹਿਰਦੇ ਵਿਚ ਵਸਾ ਕੇ) ਆਪਾ-ਭਾਵ ਦੀ ਹੰਗਤਾ ਨੂੰ ਮਿਟਾ ਦਿੱਤਾ ਹੈ। ੬. (ਇਸ ਕਰਕੇ ਹੀ ਉਹ) ਜੀਵਨ ਮੁਕਤ ਦੀ ਜੁਗਤ ਵਿਚ ਹੋ ਕੇ, ਜਨਮ-ਮਰਨ ਦੇ ਚੱਕਰ ਤੋਂ ਦੂਰ ਹੋ ਜਾਂਦੇ ਹਨ। ੭. (ਐਸੇ ਜੀਵਨ ਮੁਕਤਿ, ਗੁਰਮੁਖਾਂ ਦੀ) ਗੁਰੂ ਦੀ ਸਿੱਖਿਆ ਮਾਤਾ ਦੇ ਸਮਾਨ, ਸੰਤੋਖ ਪਿਤਾ ਦੀ ਨਿਆਈਂ ਹੈ, ਇਨ੍ਹਾਂ ਗੁਣਾਂ ਦੀ ਬਰਕਤ ਨਾਲ ਉਹ ਮੋਖ ਪਦਵੀ ਪ੍ਰਾਪਤ ਕਰ ਲੈਂਦੇ ਹਨ। ੮. ਧੀਰਜ ਤੇ ਧਰਮ (ਐਸੇ ਗੁਰਮੁਖਾਂ ਦੇ) ਭਰਾਵਾਂ ਵਾਂਗ (ਸਕੇ ਵੀਰ ਤੇ) ਜਪ ਤਪ ਜਤ ਸਤ (ਉਨ੍ਹਾਂ ਦੇ) ਪੁਤਰਾਂ ਵਾਂਗ ਜੰਮੇ (ਪਿਆਰੇ ਹੋ ਜਾਂਦੇ) ਹਨ। ੯. ਗੁਰੂ ਚੇਲਾ, ਤੇ ਚੇਲਾ ਗੁਰੂ, ਪੂਰੇ ਪੁਰਖਾਂ ਨੇ (ਚੇਲੇ ਨੂੰ) ਪੁਰਖ (ਆਪਣੇ ਵਰਗਾ) ਥਾਪ ਦੇਣ ਦਾ ਕੌਤਕ ਵਰਤਾਇਆ। ੧੦. ਗੁਰਮੁਖਾਂ ਨੇ ਇਸ ਸੁਖ ਨੂੰ ਜੋ ਅਲਖ (ਅਣਦਿਸਦਾ) ਹੈ, ਉਸ ਨੂੰ ਜਾਣਿਆ ਤੇ ਪ੍ਰਤੱਖ ਵੇਖ ਲਿਆ ਹੈ॥ ੫॥

੬. ਗੁਰਮੁਖਾਂ ਦੀ ਨਿਰਲੇਪਤਾ ਦੀ ਵਿਸ਼ੇਸ਼ਤਾ

੧. ਪਰ ਘਰ ਜਾਇ ਪਰਾਹੁਣਾ ਆਸਾ ਵਿਚਿ ਨਿਰਾਸੁ ਵਲਾਏ।
੨. ਪਾਣੀ ਅੰਦਰਿ ਕਵਲ ਜਿਉ ਸੂਰਜ ਧਿਆਨੁ ਅਲਿਪਤੁ ਰਹਾਏ।
੩. ਸਬਦ ਸੁਰਤਿ ਸਤਿਸੰਗਿ ਮਿਲਿ ਗੁਰ ਚੇਲੇ ਦੀ ਸੰਧਿ ਮਿਲਾਏ।
੪. ਚਾਰਿ ਵਰਨ ਗੁਰਸਿਖ ਹੋਇ ਸਾਧਸੰਗਤਿ ਸਚ ਖੰਡ ਵਸਾਏ।
੫. ਆਪੁ ਗਵਾਇ ਤੰਬੋਲ ਰਸੁ ਖਾਇ ਚਬਾਇ ਸੁ ਰੰਗ ਚੜ੍ਹਾਏ।
੬. ਛਿਅ ਦਰਸਨ ਤਰਸਨ ਖੜੇ ਬਾਰਹ ਪੰਥਿ ਗਿਰੰਥ ਸੁਣਾਏ।
੭. ਛਿਅ ਰੁਤਿ ਬਾਰਹ ਮਾਸ ਕਰਿ ਇਕੁ ਇਕੁ ਸੂਰਜੁ ਚੰਦੁ ਦਿਖਾਏ।
੮. ਬਾਰਹ ਸੋਲਹ ਮੇਲਿ ਕੈ ਸਸੀਅਰ ਅੰਦਰਿ ਸੂਰ ਸਮਾਏ।
੯. ਸਿਵ ਸਕਤੀ ਨੋ ਲੰਘਿ ਕੈ ਗੁਰਮੁਖਿ ਇਕੁ ਮਨੁ ਇਕੁ ਧਿਆਏ।
੧੦. ਪੈਰੀ ਪੈ ਜਗੁ ਪੈਰੀ ਪਾਏ॥ ੬॥

ਪਦ ਅਰਥ - ਤਾਏ=ਬਿਤਾਉਂਦਾ ਹੈ। ਅਲਿਪਤ=ਅਲੇਪ। ਸੰਧਿ=ਮਿਲਾਪ। ਸਿਵ ਸਕਤੀ=ਸ਼ਾਂਤੀ ਤੇ ਤਾਮਸੀ।

ਅਰਥ - ੧. ਜਿਵੇਂ ਓਪਰੇ ਘਰ ਵਿਚ ਪਰਾਹੁਣਾ ਜਾਂਦਾ ਹੈ (ਜਿਸ ਆਸ਼ੇ ਨਾਲ ਜਾਂਦਾ ਹੈ, ਉਸ

ਤੋਂ) ਨਿਰਾਸਾ ਹੋ ਕੇ ਰਾਤ ਬਿਤਾਉਂਦਾ ਹੈ। ੨. ਜਿਵੇਂ ਕੰਵਲ ਪਾਣੀ ਵਿਚੋਂ ਸੂਰਜ ਵੱਲ ਧਿਆਨ ਟਿਕਾਉਂਦਾ, ਪਾਣੀ ਤੋਂ ਅਲੇਪ ਰਹਿੰਦਾ ਹੈ। ੩. (ਇਸੇ ਤਰ੍ਹਾਂ) ਸ਼ਬਦ ਤੇ ਸੁਰਤ ਦੀ ਸਤਿਸੰਗ ਵਿਚ ਮਿਲ ਕੇ, ਗੁਰੂ ਚੇਲੇ ਦੀ ਸੰਧੀ (ਮਿਲਾਪ) ਹੁੰਦੀ ਹੈ। (ਭਾਵ ਸ਼ਬਦ ਗੁਰੂ ਤੇ ਸੁਰਤ ਚੇਲਾ ਹੈ, ਜਿਨ੍ਹਾਂ ਦਾ ਸਤਿਸੰਗਤ ਵਿਚ ਮਿਲਾਪ ਦ੍ਰਿੜ੍ਹ ਹੁੰਦਾ ਹੈ)। ੪. ਚਾਰੇ ਵਰਣ ਗੁਰਸਿੱਖ ਬਣ ਕੇ, ਸਾਧ ਸੰਗਤ ਰੂਪ ਸੱਚਖੰਡ ਵਿਚ ਵਾਸਾ ਕਰਦੇ ਹਨ। ੫. ਤੰਬੋਲ (ਪਾਨਾਂ ਦਾ ਬੀੜਾ) ਆਪ ਗੁਆ ਕੇ (ਭਾਵ ਖਾ ਕੇ, ਚਿੱਥਿਆ ਜਾ ਕੇ, ਖਤਮ ਹੋ ਕੇ) ਰੰਗ ਨੂੰ ਚੜ੍ਹਾਉਂਦਾ ਹੈ। ੬. ਛੇ ਦਰਸ਼ਨ (ਛੇ ਸ਼ਾਸਤਰਾਂ ਦੇ) ਅਤੇ ਬਾਰਾਂ ਪੰਥ (ਜੋਗੀਆਂ ਦੇ) ਆਪਣੇ ਗ੍ਰੰਥਾਂ ਨੂੰ ਪੜ੍ਹਦੇ ਸੁਣਦੇ ਹਨ, (ਪਰ ਜਿਸ ਉੱਤਮ ਪਦਵੀ ਲਈ ਸੁਣਦੇ ਪੜ੍ਹਦੇ ਹਨ) ਉਸ ਨੂੰ ਪ੍ਰਾਪਤ ਕਰਨ ਲਈ ਖੜ੍ਹੇ ਤਰਸਦੇ ਹਨ। ੭. ਛੇ ਰੁਤਾਂ ਤੇ ਬਾਰਾਂ ਮਹੀਨਿਆਂ ਵਿਚ ਇਕੋ ਸੂਰਜ ਤੇ ਇਕੋ ਚੰਦ ਦਿਸਦੇ ਹਨ। ੮. ਬਾਰਾਂ ਸੂਰਜ ਦੀਆਂ ਤੇ ਸੋਲਾਂ (ਕਲਾਂ) ਚੰਦਰਮਾਂ ਦੀਆਂ ਮੇਲ ਕੇ (ਗੁਰਮੁਖਾਂ ਨੇ) ਚੰਦ ਸੂਰਜ ਨੂੰ ਏਕੋ ਕਰ ਦਿੱਤਾ ਹੈ। ੯. ਸ਼ਾਂਤੀ ਤੇ ਤਾਮਸੀ ਦੋਹਾਂ ਹਾਲਤਾਂ ਨੂੰ ਲੰਘ ਕੇ, ਗੁਰਮੁਖ ਇੱਕ ਮਨ ਹੋ ਕੇ, ਇੱਕ (ਪ੍ਰਭੂ) ਦਾ ਸਿਮਰਨ ਕਰਦੇ ਹਨ। ੧੦. (ਉਨ੍ਹਾਂ ਨੇ ਨਿਮ੍ਰਤਾ-ਭਾਵ ਧਾਰਨ ਕਰਕੇ ਸਭ ਨੂੰ) ਪੈਰੀ ਪਾਉਣਾ ਕਰਕੇ (ਆਪਣੇ ਗੁਣਾਂ ਦੀ ਤੁਫੈਲ) ਸਭ ਜਗ ਨੂੰ ਚਰਨੀਂ ਲਾ ਲਿਆ ਹੈ॥ ੬॥

੭. ਗੁਰਮੁਖਾਂ ਦੀ ਰਹਿਣੀ ਬਹਿਣੀ

੧. ਗੁਰ ਉਪਦੇਸ ਅਵੇਸੁ ਕਰਿ ਪੈਰੀ ਪੈ ਰਹਰਾਸਿ ਕਰੰਦੇ।
੨. ਚਰਣ ਸਰਣਿ ਮਸਤਕੁ ਧਰਨਿ ਚਰਨ ਰੇਣੁ ਮੁਖਿ ਤਿਲਕ ਸੁਹੰਦੇ।
੩. ਭਰਮ ਕਰਮ ਦਾ ਲੇਖੁ ਮੇਟਿ ਲੇਖੁ ਅਲੇਖ ਵਿਸੇਖ ਬਣੰਦੇ।
੪. ਜਗਮਗ ਜੋਤਿ ਉਦੋਤੁ ਕਰਿ ਸੂਰਜ ਚੰਦ ਨ ਲਖ ਪੁਜੰਦੇ।
੫. ਹਉਮੈ ਗਰਬੁ ਨਿਵਾਰਿ ਕੈ ਸਾਧਸੰਗਤਿ ਸਚ ਮੇਲਿ ਮਿਲੰਦੇ।
੬. ਸਾਧਸੰਗਤਿ ਪੂਰਨ ਬ੍ਰਹਮੁ ਚਰਣ ਕਵਲ ਪੂਜਾ ਪਰਚੰਦੇ।
੭. ਸੁਖ ਸੰਪਟਿ ਹੋਇ ਭਵਰ ਵਸੰਦੇ॥ ੭॥

ਪਦ ਅਰਥ - ਅਵੇਸੁ=ਘਰ। ਅਲੇਖ=ਲੇਖੇ ਰਹਿਤ। ਪਰਚੰਦੇ=ਪਰਚ ਜਾਂਦੇ ਹਨ।

ਅਰਥ - ੧. ਗੁਰੂ ਉਪਦੇਸ਼ ਵਿਚ ਵਸ ਕੇ (ਭਾਵ ਮਨ ਵਿਚ ਵਸਾ ਕੇ ਗੁਰਮੁਖ) ਪੈਰੀ ਪੈਂਦੇ ਤੇ ਇਸੇ ਰਹੁਰੀਤੀ ਨੂੰ ਕਰਦੇ ਹਨ। ੨. ਗੁਰੂ-ਚਰਣਾਂ ਦੀ ਸ਼ਰਣ ਵਿਚ ਜਾਂਦੇ ਦੇ ਮੱਥਾ ਟੇਕਦੇ, ਗੁਰ- ਚਰਣਾਂ ਦੀ ਧੂੜੀ ਮੁੱਖ ਤੇ ਮੱਥੇ 'ਤੇ ਲਾਉਂਦੇ (ਜੋ ਧੂੜ) ਤਿਲਕ ਵਾਂਗੂ ਸ਼ੋਭਾ ਪਾਉਂਦੀ ਹੈ। ੩. (ਇਸ ਤਰ੍ਹਾਂ ਕਰਕੇ ਉਨ੍ਹਾਂ ਨੇ ਮੱਥੇ ਦੇ) ਕਰਮਾਂ ਤੇ ਭਰਮਾਂ ਦੇ ਜੋ ਲੇਖ ਸੀ ਉਹ ਮੇਟ ਦਿੱਤੇ, ਤੇ ਉਹ ਵਿਸ਼ੇਸ਼ ਲੇਖ ਜੋ ਅਲੇਖ (ਪ੍ਰਭੂ ਦੀ ਲਖਤਾ, ਜਾਣਕਾਰੀ ਦੇ ਸਨ) ਉਹ (ਮੱਥੇ 'ਤੇ) ਉਘਾੜ ਲਏ। ੪. ਜਿਥੇ ਲੱਖਾਂ ਚੰਦ ਤੇ ਸੂਰਜ ਨਹੀਂ ਪੁਜ ਸਕਦੇ, (ਉਸ ਪ੍ਰਭੂ ਦੀ) ਜਗਮਗ ਜੋਤ ਨੂੰ ਹਿਰਦੇ ਵਿਚ ਪ੍ਰਗਟ ਕਰਦੇ ਹਨ। ੫. ਹਉਮੈ ਤੇ ਹੰਕਾਰ ਨੂੰ ਮੇਟ 'ਕੇ ਸਾਧ ਸੰਗਤ ਦੇ ਸੱਚੇ ਮੇਲ ਵਿਚ ਮਿਲੇ ਰਹਿੰਦੇ ਹਨ। ੬. (ਉਨ੍ਹਾਂ ਨੂੰ ਦ੍ਰਿੜ੍ਹ ਹੋ ਜਾਂਦਾ

ਹੈ ਕਿ) ਸਾਧ ਸੰਗਤ ਵਿਚ ਪੂਰਨ ਬ੍ਰਹਮ (ਅਕਾਲ ਪੁਰਖ ਦਾ ਨਿਵਾਸ) ਹੈ, ਇਸ ਲਈ ਉਹ ਸਾਧ ਸੰਗਤ ਦੇ ਚਰਨਾਂ ਦੀ ਪੂਜਾ ਵਿਚ ਹੀ ਪਰਚਦੇ ਹਨ। ੭. (ਉਹ ਇਉਂ) ਸੁੱਖਾਂ ਦੇ ਸੰਪਟ ਰੂਪ ਡੱਬੇ ਵਿਚ, ਭੌਰਾਂ ਵਾਂਗ ਜਾਂਦੇ ਹਨ॥ ੭॥

੮. ਸਾਧ ਸੰਗਤ ਦੇ ਮੇਲ ਦੀ ਵਿਸ਼ੇਸ਼ਤਾ

੧. ਗੁਰ ਦਰਸਨੁ ਪਰਸਣੁ ਸਫਲੁ ਛਿਅ ਦਰਸਨੁ ਇਕ ਦਰਸਨੁ ਜਾਣੈ।
੨. ਦਿਬ ਦਿਸਟਿ ਪਰਗਾਸੁ ਕਰਿ ਲੋਕ ਵੇਦ ਗੁਰ ਗਿਆਨੁ ਪਛਾਣੈ।
੩. ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣ ਵਖਾਣੈ।
੪. ਪਰ ਧਨੁ ਸੂਅਰ ਗਾਇ ਜਿਉ ਮਕਰੂਹ ਹਿੰਦੂ ਮੁਸਲਮਾਣੈ।
੫. ਘਰ ਬਾਰੀ ਗੁਰ ਸਿਖੁ ਹੋਇ ਸਿਖਾ ਸੂਤ੍ਰ ਮਲ ਮੂਤ੍ਰ ਵਿਡਾਣੈ।
੬. ਪਾਰਬ੍ਰਹਮੁ ਪੂਰਨ ਬ੍ਰਹਮੁ ਗਿਆਨੁ ਧਿਆਨੁ ਗੁਰਸਿਖ ਸਿਞਾਣੈ।
੭. ਸਾਧਸੰਗਤਿ ਮਿਲਿ ਪਤਿ ਪਰਵਾਣੈ॥ ੮॥

ਪਦ ਅਰਥ - ਪਰਸਣੁ=ਹੱਥਾਂ ਨਾਲ ਫੜਨਾ। ਦਿਬ ਦ੍ਰਿਸਟਿ=ਹਿਰਦੇ ਦੇ ਨੇਤਰ ਖੁਲ੍ਹਣੇ। ਮਕਰੂਹ=ਬੰਦਸ਼, ਮਨਾਹੀ। ਵਿਡਾਣੈ=ਤਿਆਗਣਾ।

ਅਰਥ - ੧. (ਗੁਰਸਿੱਖ) ਗੁਰੂ ਦੇ ਦਰਸ਼ਨ ਤੇ ਚਰਣ ਛੋਹ ਕੇ ਸਫਲਾ ਹੁੰਦਾ ਹੈ, ਉਹ ਛੇਆਂ ਦਰਸ਼ਨਾਂ (ਧਰਮਾਂ) ਨੂੰ ਇਕੋ ਗੁਰੂ ਦੇ ਧਰਮ ਨੂੰ ਮੁਢਲਾ ਆਦਿ ਧਰਮ ਸਮਝਦਾ ਹੈ। ੨. (ਕਿਉਂਕਿ ਗੁਰੂ ਉਸਦੀ) ਦਿੱਬ ਦ੍ਰਿਸ਼ਟ (ਗਿਆਨ ਦੇ ਨੇਤਰਾਂ) ਨੂੰ ਖੋਹਲ ਦੇਂਦਾ ਹੈ, (ਜਿਸ ਨਾਲ ਗੁਰਸਿੱਖ) ਲੋਕਾਂ ਦੇ ਤੇ ਵੇਦਾਂ ਦੇ ਗਿਆਨ (ਭਾਵ ਸਭ ਕੁਛ) ਗੁਰੂ ਦੇ ਗਿਆਨ ਵਿਚ ਹੀ ਜਾਣਦਾ ਹੈ, (ਗੁਰੂ ਦੇ ਗਿਆਨ ਤੋਂ ਵੱਧ ਕੇ ਹੋਰ ਕਿਸੇ ਗਿਆਨ ਨੂੰ ਨਹੀਂ ਸਮਝਦਾ)। ੩. ਇਕੋ ਨਾਰੀ ਵਾਲਾ ਜਤੀ ਹੁੰਦਾ ਹੈ। ਪਰਾਈ ਇਸਤ੍ਰੀ ਨੂੰ ਧੀ ਭੈਣ ਸਮਝਦਾ ਹੈ। ੪. ਪਰਾਏ ਧਨ ਨੂੰ ਸੂਰ ਤੇ ਗਾਂ ਦੇ ਖਾਣ ਵਾਂਗ ਜਾਣਦਾ ਹੈ, ਜਿਹੜੇ ਹਿੰਦੂ ਤੇ ਮੁਸਲਮਾਨ ਧਰਮਾਂ ਵਿਚ ਮਨ੍ਹਾ ਹਨ। ੫. ਗ੍ਰਿਹਸਥੀ ਸਿੱਖ ਜੋ ਹੁੰਦਾ ਹੈ, ਉਹ ਨਿਰੀ ਬੋਦੀ ਰੱਖਣ ਤੇ ਜਨੇਊ ਪਾਉਣ ਨੂੰ ਇਉਂ ਤਿਆਗ ਦੇਂਦਾ ਹੈ, ਜਿਵੇਂ ਮਲ-ਮੂਤਰ ਨੂੰ ਮਾੜਾ ਤੇ ਬਦਬੂ ਵਾਲਾ ਸਮਝ ਕੇ, ਛੱਡ ਦੇਈਦਾ ਹੈ। ੬. ਪਾਰਬ੍ਰਹਮ ਪ੍ਰਭੂ ਹੀ ਸਭ ਪਾਸੇ ਪੂਰਨ ਤੌਰ 'ਤੇ ਵਿਆਪਕ ਹੈ, ਗੁਰਸਿੱਖ ਇਸ ਭਾਵ ਨੂੰ ਗੁਰੂ ਦੇ ਦੱਸੇ ਗਿਆਨ ਧਿਆਨ ਨਾਲ ਦ੍ਰਿੜ੍ਹ ਕਰਕੇ ਜਾਣ ਜਾਂਦਾ ਹੈ। ੭. ਐਸੇ ਗਿਆਨ ਧਿਆਨ ਵਾਲੇ ਸਿੱਖਾਂ ਦੀ ਸੰਗਤ ਵਿਚ ਜੋ ਵੀ ਆ ਕੇ ਮਿਲਦਾ ਹੈ, ਉਹ ਪ੍ਰਮਾਣੀਕ ਪਤਿ (ਇਜ਼ਤ, ਮਾਣ) ਵਾਲਾ ਹੋ ਜਾਂਦਾ ਹੈ॥ ੮॥

੯. ਪ੍ਰਭੂ ਦੀ ਪ੍ਰਭਤਾ ਦੇ ਰੰਗ

੧. ਗਾਈ ਬਾਹਲੇ ਰੰਗ ਜਿਉ ਖੜ ਚਰਿ ਦੁਧੁ ਦੇਨਿ ਇਕ ਰੰਗੀ।

੨. ਬਾਹਲੇ ਬਿਰਖ ਵਣਾਸਪਤਿ ਅਗਨੀ ਅੰਦਰਿ ਹੈ ਬਹੁ ਰੰਗੀ।
੩. ਰਤਨਾ ਵੇਖੈ ਸਭੁ ਕੋ ਰਤਨ ਪਾਰਖੂ ਵਿਰਲਾ ਸੰਗੀ।
੪. ਹੀਰੇ ਹੀਰਾ ਬੇਧਿਆ ਰਤਨ ਮਾਲ ਸਤਿਸੰਗਤਿ ਚੰਗੀ।
੫. ਅੰਮ੍ਰਿਤੁ ਨਦਰਿ ਨਿਹਾਲਿਓਨੁ ਹੋਇ ਨਿਹਾਲੁ ਨ ਹੋਰ ਸੁ ਮੰਗੀ।
੬. ਦਿਬ ਦੇਹ ਦਿਬ ਦਿਸਟਿ ਹੋਇ ਪੂਰਨ ਬ੍ਰਹਮ ਜੋਤਿ ਅੰਗ ਅੰਗੀ।
੭. ਸਾਧਸੰਗਤਿ ਸਤਿਗੁਰ ਸਹਲੰਗੀ ॥ ੯ ॥

ਪਦ ਅਰਥ - ਖੜ੍ਹ=ਘਾਹ, ਚਾਰਾ। ਸਹਲੰਗੀ=ਮੇਲੀ।

ਅਰਥ - ੧. ਗਊਆਂ ਦੇ ਬੜੇ ਰੰਗ ਹੁੰਦੇ ਹਨ, ਪਰ ਉਹ ਘਾਹ ਬੂਟ ਚਰ ਕੇ ਇਕੋ ਰੰਗ ਦਾ (ਚਿੱਟਾ) ਦੁੱਧ ਦੇਂਦੀਆਂ ਹਨ। ੨. ਤਰ੍ਹਾਂ ਤਰ੍ਹਾਂ ਦੇ ਬ੍ਰਿਛ ਤੇ ਬਨਾਸਪਤੀ ਹੈ, ਪਰ ਉਨ੍ਹਾਂ ਵਿਚ ਅੱਗ ਇਕੋ ਜੇਹੀ ਹੈ। ੩. ਰਤਨਾਂ (ਲਾਲਾਂ) ਨੂੰ ਦੇਖਣ ਵਾਲੇ ਸਾਰੇ ਹਨ, ਪਰ ਪਾਰਖੂ (ਪਛਾਣਨ ਵਾਲੇ) ਉਨ੍ਹਾਂ ਵਿਚ ਵਿਰਲੇ ਹੀ ਹਨ। ੪. ਹੀਰੇ ਨੂੰ ਹੀਰਾ ਹੀ ਬੇਧਦਾ ਹੈ, (ਇਸੇ ਤਰ੍ਹਾਂ) ਮਨ ਹੀਰੇ ਨੂੰ ਗੁਰੂ ਸ਼ਬਦ (ਉਪਦੇਸ਼) ਦਾ ਹੀਰਾ ਹੀ ਵਿੰਨ੍ਹਦਾ ਹੈ, ਤੇ ਉਹ (ਮਨ) ਵਿੰਨ੍ਹਿਆ ਜਾ ਕੇ ਸਾਧ ਸੰਗਤ ਰੂਪ ਚੰਗੀ ਰਤਨ ਮਾਲਾ ਵਿਚ ਪਰੋਇਆ ਜਾਂਦਾ ਹੈ। ੫. (ਐਸੇ ਪ੍ਰੇਮੀ ਗੁਰਸਿੱਖ) ਗੁਰੂ ਦੀ ਅੰਮ੍ਰਿਤ-ਭਿੰਨੀ ਨਦਰ ਦੇਖਣ ਨਾਲ ਨਿਹਾਲ ਹੋ ਜਾਂਦੇ ਹਨ, ਤੇ ਨਿਹਾਲ ਹੋ, ਫਿਰ ਉਹ ਹੋਰ ਕੋਈ ਮੰਗ ਨਹੀਂ ਮੰਗਦੇ। ੬. ਉਹ ਦਿੱਬ ਦੇਹ ਤੇ ਦਿੱਬ ਦ੍ਰਿਸ਼ਟੀ ਵਾਲੇ ਹੋ ਜਾਂਦੇ ਹਨ, ਤੇ ਪੂਰਨ ਬ੍ਰਹਮ ਦੀ ਜੋਤੀ ਉਨ੍ਹਾਂ ਦੇ ਅੰਗ ਸੰਗ ਵਿਚ ਸਮਾ ਜਾਂਦੀ ਹੈ। ੭. ਸਤਿਗੁਰਾਂ ਦੀ ਸਾਧ ਸੰਗਤ ਹੀ (ਐਸੇ ਗੁਰਸਿੱਖਾਂ ਦੀ) ਸੱਚਾ ਸਨਬੰਧੀ ਤੇ ਮੇਲੀ ਹੈ॥ ੯ ॥

੧੦. ਗੁਰਮੁਖਾਂ ਦੀ ਰਹੁਰੀਤੀ

੧. ਸਬਦ ਸੁਰਤਿ ਲਿਵ ਸਾਧਸੰਗਿ ਪੰਚ ਸਬਦ ਇਕ ਸਬਦ ਮਿਲਾਏ।
੨. ਰਾਗ ਨਾਦ ਸੰਬਾਦ ਲਖ ਭਾਖਿਆ ਭਾਉ ਸੁਭਾਉ ਅਲਾਏ।
੩. ਗੁਰਮੁਖਿ ਬ੍ਰਹਮ ਧਿਆਨੁ ਧੁਨਿ ਜਾਣੈ ਜੰਤ੍ਰੀ ਜੰਤ੍ਰ ਵਜਾਏ।
੪. ਅਕਥ ਕਥਾ ਵੀਚਾਰਿ ਕੈ ਉਸਤਤਿ ਨਿੰਦਾ ਵਰਜਿ ਰਹਾਏ।
੫. ਗੁਰ ਉਪਦੇਸੁ ਅਵੇਸੁ ਕਰਿ ਮਿਠਾ ਬੋਲਣੁ ਮਨ ਪਰਚਾਏ।
੬. ਜਾਇ ਮਿਲਨਿ ਗੁੜ ਕੀੜਿਆਂ ਰਖੈ ਰਖਣਹਾਰੁ ਲੁਕਾਏ।
੭. ਗੰਨਾ ਹੋਇ ਕੋਲੂ ਪੀੜਾਏ ॥ ੧੦ ॥

ਪਦ ਅਰਥ - ਅਲਾਏ=ਰਾਗ ਵਿਚ ਅਲਾਪ ਕਰਨਾ। ਅਕਥ ਕਥਾ=ਨਾ ਕਥਨ ਕੀਤੀ ਜਾ ਸਕਣ ਵਾਲੀ ਪ੍ਰਭੂ ਦੀ ਮਹਾਨ ਕਥਾ।

ਅਰਥ - ੧. ਸਾਧ ਸੰਗਤ ਵਿਚ (ਗੁਰਮੁਖਾਂ ਦੀ) ਸ਼ਬਦ ਤੇ ਸੁਰਤ ਵਿਚ ਲਿਵ ਲੱਗੀ ਹੋਈ ਹੈ ਤੇ ਉਹਨਾਂ ਨੇ ਰਾਗ ਦੇ ਪੰਜਾਂ ਸ਼ਬਦਾਂ ਨੂੰ ਇੱਕ ਸ਼ਬਦ ਵਿਚ ਲੀਨ ਕੀਤਾ ਹੋਇਆ ਹੈ। ੨. ਰਾਗਾਂ ਤੇ ਨਾਦਾਂ ਦੇ ਸੰਬੰਧਿਤ ਝਗੜੇ ਲੱਖਾਂ ਹਨ, (ਪਰ ਗੁਰਮੁਖ) ਸਹਿਜ ਸੁਭਾ ਹੀ ਬੋਲਦੇ, ਜਾਂ (ਰਾਗ ਵਿਚ) ਅਲਾਪਦੇ ਹਨ, (ਭਾਵ ਉਨ੍ਹਾਂ ਦਾ ਧਿਆਨ ਨਿਰੇ ਰਾਗ ਜਾਂ ਜੋੜੀ' ਦੇ ਸੁਰਤਾਲ ਵੱਲ ਨਹੀਂ, ਸਗੋਂ ਕੇਵਲ ਸ਼ਬਦ ਦੇ ਗਿਆਨ ਵਿਚ ਹੈ, ਪਰ ਰਾਗ ਵੀ ਸਹਿਜ ਸੁਭਾ ਹੀ ਠੀਕ ਤੇ ਤਾਲ ਵੀ ਠੀਕ ਹੀ ਵਜਾ ਰਹੇ ਹਨ)। ੩. ਗੁਰਮੁਖ (ਗਿਆਨੀ, ਭੇਤੀ) ਪੁਰਸ਼ ਹੀ ਬ੍ਰਹਮ ਵਿਚ ਧਿਆਨ ਤੇ ਧੁਨ ਲਾਉਣਾ ਜਾਣਦੇ ਹਨ, ਜਿਵੇਂ ਵਾਜਾ ਜਾਂ ਤੰਤੀ ਸਾਜ ਵਜਾਉਣ ਵਾਲੇ ਨੂੰ ਸਾਜ ਵਜਾਉਣ ਦੀ ਜਾਚ ਤੇ ਸੋਝੀ ਹੁੰਦੀ ਹੈ। ੪. (ਉਹ ਪ੍ਰਭੂ ਦੀ) ਅਕਥ ਕਥਾ ਨੂੰ ਵਿਚਾਰਦੇ ਤੇ ਉਸਤਤਿ, ਨਿੰਦਾ ਨੂੰ (ਜੇ ਕੋਲ ਕੋਈ ਕਰਦਾ ਹੋਵੇ, ਤਾਂ) ਵਰਜ (ਮਨ੍ਹਾਂ ਕਰਕੇ) ਹਟਾ ਦੇਂਦੇ ਹਨ। ੫. (ਉਹ ਪ੍ਰਭੂ ਪ੍ਰੇਮੀ, ਗੁਰਮੁਖ, ਗੁਰੂ) ਉਪਦੇਸ਼ (ਭਾਵ ਸ਼ਬਦ) ਨੂੰ ਮਨ ਵਿਚ ਵਸਾ ਕੇ, ਮਿੱਠਾ ਬੋਲਦੇ (ਤੇ ਆਪਣਾ ਅਤੇ ਹੋਰਨਾਂ ਦਾ ਵੀ) ਮਨ ਪਰਚਾਈ ਰੱਖਦੇ ਹਨ। ੬. (ਉਹ ਗੁੜ ਵਾਂਗੂ ਮਿੱਠੇ ਤੇ ਪਰਉਪਕਾਰੀ ਹਨ) ਜਿਵੇਂ ਗੁੜ ਨੂੰ ਭਾਵੇਂ ਕੋਈ ਕਿਤੇ ਲੁਕਾ ਕੇ ਰੱਖੇ, ਪਰ ਕੀੜੇ ਕੀੜੀਆਂ ਉਸ ਨੂੰ ਲੱਭ ਹੀ ਲੈਂਦੀਆਂ ਹਨ, (ਇਸੇ ਤਰ੍ਹਾਂ ਮਿੱਠੇ) ਗੁਰਮੁਖਾਂ ਨੂੰ ਵੀ ਲੋਕੀਂ ਲੱਭ ਹੀ ਲੈਂਦੇ ਹਨ। ੭. ਉਹ ਗੰਨੇ ਵਾਂਗ (ਪਰਉਪਕਾਰ ਦੀ ਖਾਤਰ, ਆਪਣੇ ਆਪ ਨੂੰ) ਕੋਲ੍ਹੂ ਵਿਚ ਪੀੜ ਲੈਂਦੇ ਹਨ॥ ੧੦॥

੧੧. ਗੁਰਮੁਖ ਦੀ ਸਿਫ਼ਤ

੧. ਚਰਣ ਕਵਲ ਮਕਰੰਦੁ ਰਸਿ ਹੋਇ ਭਵਰੁ ਲੈ ਵਾਸੁ ਲੁਭਾਵੈ।
੨. ਇੜਾ ਪਿੰਗੁਲਾ ਸੁਖਮਨਾ ਲੰਘਿ ਤ੍ਰਿਬੇਣੀ ਨਿਜ ਘਰਿ ਆਵੈ।
੩. ਸਾਹਿ ਸਾਹਿ ਮਨੁ ਪਵਣ ਲਿਵ ਸੋਹੰ ਹੰਸਾ ਜਪੈ ਜਪਾਵੈ।
੪. ਅਚਰਜ ਰੂਪ ਅਨੂਪ ਲਿਵ ਗੰਧ ਸੁਗੰਧਿ ਅਵੇਸੁ ਮਚਾਵੈ।
੫. ਸੁਖਸਾਗਰ ਚਰਣਾਰਬਿੰਦ ਸੁਖ ਸੰਪਟ ਵਿਚਿ ਸਹਜਿ ਸਮਾਵੈ।
੬. ਗੁਰਮੁਖਿ ਸੁਖਫਲ ਪਿਰਮ ਰਸੁ ਦੇਹ ਬਿਦੇਹ ਪਰਮ ਪਦੁ ਪਾਵੈ।
੭. ਸਾਧ ਸੰਗਤਿ ਮਿਲਿ ਅਲਖੁ ਲਖਾਵੈ॥ ੧੧॥

ਪਦ ਅਰਥ - ਸੋਹੰ=ਮੈਂ ਉਹੀ ਹਾਂ। ਹੰਸਾ=ਮੈਂ ਉਹ।

ਅਰਥ - ੧. (ਗੁਰਮੁਖ ਸਤਿਗੁਰੂ ਜੀ ਦੇ ਫੁੱਲਾਂ ਸਮਾਨ) ਚਰਣਾਂ ਕਮਲਾਂ ਦੇ ਰਸ (ਭਾਵ ਪਿਆਰ) ਉਤੇ ਭੰਵਰਿਆਂ ਵਾਂਗ (ਪ੍ਰੀਤ-ਵਾਸ਼ਨਾ) ਦੇ ਲੋਭੀ (ਭਾਵ ਚਾਹਵਾਨ) ਹਨ। ੨. ਇੜਾ ਪਿੰਗਲਾ ਤੇ ਸੁਖਮਨਾ ਲੰਘ ਕੇ (ਭਾਵ ਹੋਰ ਰਸ ਤਿਆਗ ਤੇ ਅੱਗੇ ਵਧ ਕੇ) ਆਪਣੇ ਘਰ (ਸ੍ਵੈ ਸੁਰੂਪ) ਵਿਚ ਆ ਟਿਕਦੇ ਹਨ। ੩. ਸੁਆਸ ਸੁਆਸ ਵਿਚ ਮਨ ਦੀ ਲਿਵ ਸੋਹੰ ਹੰਸਾ ਦੇ ਜਾਪਾਂ ਨੂੰ ਲੰਘ ਕੇ (ਗੁਰੂ-ਚਰਨਾਂ ਦੇ ਜਾਪ ਭਾਵ) ਧਿਆਨ ਵਿਚ ਜੁੜ ਜਾਂਦੇ ਹਨ। ੪. ਲਿਵ ਦਾ ਅਚਰਜ ਤੇ ਅਨੂਪਮ ਰੂਪ ਹੈ, ਜੋ ਹਿਰਦੇ ਰੂਪ ਘਰ ਵਿਚ ਸੁਗੰਧੀ ਤੇ ਮਹਿਕਾਂ ਨੂੰ ਮਚਾ (ਭਾਵ ਤੇਜ ਕਰ) ਦੇਂਦੀ ਹੈ। ੫. ਸੁਖ ਦੇ ਸਾਗਰ ਜੋ ਚਰਣ ਕਮਲ ਹਨ,

ਬਸ ਉਹਨਾਂ ਸੁਖ ਸੰਪਟ (ਸੁਖਾਂ ਦੇ ਖਜ਼ਾਨੇ) ਵਿਚ ਹੀ ਸਮਾ ਜਾਂਦੇ ਹਨ, (ਭਾਵ ਸੁਖਾਂ ਦਾ ਰੂਪ ਹੀ ਬਣ ਜਾਂਦੇ ਹਨ)। ੬. ਗੁਰਮੁਖ ਸੁਖਾਂ ਦੇ ਫਲ ਤੇ ਪ੍ਰੇਮ ਰਸ (ਵਿਚ ਐਸੇ ਮਸਤ ਹੁੰਦੇ) ਹਨ ਕਿ ਉਹ ਦੇਹ ਤੇ ਬਦੇਹ (ਭਾਵ ਸਰੀਰਕ ਸੁਖ, ਤੇ ਦੁੱਖ-ਪੀੜਾ ਨੂੰ ਮਹਿਸੂਸ ਕਰਨ ਵਾਲੀ ਹਾਲਤ ਤੋਂ ਅੱਗੇ) ਹੋ ਜਾਂਦੇ ਤੇ ਪਰਮ ਪਦ ਪਾਉਂਦੇ ਹਨ। ੭. (ਐਸੇ ਗੁਰਮੁਖਾਂ ਦੀ) ਸੰਗਤ ਵਿਚ ਮਿਲਣ ਕਰਕੇ ਨਾ ਜਾਣੇ ਜਾਣ ਵਾਲੇ ਪ੍ਰਭੂ ਦੀ ਲਖਤਾ (ਪਛਾਣ) ਹੁੰਦੀ ਹੈ॥ ੧੧॥

੧੨. ਹੱਥਾਂ ਦੀ ਸੇਵਾ ਸਫਲੀ

੧. ਗੁਰਮੁਖਿ ਹਥਿ ਸਕਥ ਹਨਿ ਸਾਧਸੰਗਤਿ ਗੁਰ ਕਾਰ ਕਮਾਵੈ।
੨. ਪਾਣੀ ਪਖਾ ਪੀਹਣਾ ਪੈਰ ਧੋਇ ਚਰਣਾਮ੍ਰਿਤੁ ਪਾਵੈ।
੩. ਗੁਰਬਾਣੀ ਲਿਖਿ ਪੋਥੀਆ ਤਾਲ ਮ੍ਰਿਦੰਗ ਰਬਾਬ ਵਜਾਵੈ।
੪. ਨਮਸਕਾਰ ਡੰਡਉਤ ਕਰਿ ਗੁਰਭਾਈ ਗਲਿ ਮਿਲਿ ਗਲਿ ਲਾਵੈ।
੫. ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ।
੬. ਪਾਰਸੁ ਪਰਸਿ ਅਪਰਸਿ ਹੋਇ ਪਰ ਤਨ ਪਰ ਧਨ ਹਥੁ ਨ ਲਾਵੈ।
੭. ਗੁਰ ਸਿਖ ਗੁਰ ਸਿਖ ਪੂਜ ਕੈ ਭਾਇ ਭਗਤਿ ਭੈ ਭਾਣਾ ਭਾਵੈ।
੮. ਆਪੁ ਗਵਾਇ ਨ ਆਪੁ ਗਣਾਵੈ॥ ੧੨॥

ਪਦ ਅਰਥ - ਸਕਥ=ਸਫਲ। ਕਿਰਤਿ ਵਿਰਤਿ=ਕੰਮ ਕਾਜ। ਪਾਰਸੁ=ਗੁਰੂ ਸਿੱਖਿਆ, ਸ਼ਬਦ। ਭਾਇ ਭਗਤਿ=ਪ੍ਰੇਮਾ-ਭਗਤੀ।

ਅਰਥ - ੧. (ਉਨ੍ਹਾਂ ਗੁਰਮੁਖਾਂ ਦੇ ਹੱਥ ਸਫਲੇ ਹਨ, ਜੋ ਸਾਧ ਸੰਗਤ ਤੇ ਗੁਰੂ ਦੀ ਕਾਰ (ਭਾਵ ਸੇਵਾ) ਕਰਦੇ ਹਨ। ੨. ਸੰਗਤ ਨੂੰ ਪੱਖਾ ਝਲਦੇ, (ਲੰਗਰ ਲਈ) ਦਾਣੇ ਪੀਂਹਦੇ, ਪਾਣੀ ਢੋਂਦੇ। (ਆਏ ਗੁਰਸਿੱਖ ਦੇ) ਪੈਰ ਧੋਂਦੇ ਤੇ ਗੁਰੂ ਦੇ ਚਰਣਾਮ੍ਰਿਤ ਨੂੰ ਪਾਉਂਦੇ (ਪੀਂਦੇ) ਹਨ। ੩. ਗੁਰਬਾਣੀ ਦੀਆਂ ਪੋਥੀਆਂ ਜਾਂ ਗੁਟਕੇ ਲਿਖ ਕੇ (ਹੋਰਨਾਂ ਨੂੰ ਗੁਰਬਾਣੀ ਪੜ੍ਹਨ ਲਈ ਦੇਂਦੇ), (ਕੀਰਤਨ ਦਾ ਆਨੰਦ ਲੈਣ ਲਈ) ਜੋੜੀ, ਮ੍ਰਿਦੰਗ ਤੇ ਰਬਾਬ ਆਦਿਕ ਵਜਾਉਂਦੇ ਹਨ। ੪. ਨਮਸਕਾਰ ਤੇ ਡੰਡਉਤ ਕਰਕੇ, ਗੁਰ ਭਾਈਆਂ ਨੂੰ ਮਿਲਦੇ, ਗਲ ਨਾਲ ਲਾਉਂਦੇ, (ਭਾਵ ਛਾਤੀ ਨਾਲ ਲਾ ਕੇ, ਪ੍ਰੇਮ ਨਾਲ ਮਿਲਦੇ) ਹਨ। ੫. ਕਿਰਤ ਵਿਰਤ ਧਰਮ ਦੀ (ਵੱਢੀ ਜਾਂ ਹਰਾਮਖੋਰੀ ਦੀ ਨਹੀਂ) ਕਰਕੇ, ਉਸ ਵਿਚੋਂ (ਦਸਵੰਧ ਤੇ ਹੋਰ ਦਾਨ) ਹੱਥੋਂ ਦੇ ਕੇ ਭਲਾ ਮਨਾਉਂਦੇ (ਪੁੰਨ ਸਮਝਦੇ) ਹਨ। ੬. (ਗੁਰ-ਸ਼ਬਦ, ਜਾਂ ਗੁਰੂ ਚਰਣਾਂ ਦੇ) ਪਾਰਸ ਨੂੰ ਪਰਸ ਕੇ (ਛੂਹ ਕੇ) ਉਹ ਅਪਰਸ (ਤਿਆਗੀ) ਹੋ ਜਾਂਦੇ ਹਨ ਤੇ ਪਰ ਇਸਤ੍ਰੀ ਤੇ ਪਰ ਧਨ ਨੂੰ ਹੱਥ ਨਹੀਂ ਲਾਉਂਦੇ (ਇਨ੍ਹਾਂ ਨੂੰ ਵਡੇ ਔਗਣ ਤੇ ਉੱਤਮ ਅਤੇ ਵਡੇ ਭਾਗਾਂ ਨਾਲ ਪ੍ਰਾਪਤ ਹੋਈ ਗੁਰਸਿੱਖੀ ਤੋਂ ਡਿੱਗਣਾ ਸਮਝਦੇ ਹਨ)। ੭. ਕੋਈ ਗੁਰੂ ਦਾ ਪ੍ਰੇਮੀ ਸਿੱਖ ਮਿਲੇ, ਤਾਂ ਉਸ ਦੀ ਪੂਜਾ ਕਰਨ ਵਾਂਗ ਆਉਭਗਤ ਕਰਦੇ, ਗਲ ਨਾਲ

ਮਿਲਦੇ, ਗੁਰੂ ਦਾ ਭੈ ਤੇ ਭਾਵਨਾ ਅਤੇ ਭਾਣੇ ਵਿਚ (ਚਲਣ ਦੀਆਂ ਕਥਾਵਾਂ ਕਰਦੇ) ਰਹਿੰਦੇ ਹਨ। ੮. (ਇਹੋ ਜੇਹੇ ਉੱਤਮ ਗੁਰਸਿੱਖ) ਆਪਾ ਭਾਵ ਗਵਾ ਕੇ, ਆਪੇ ਨੂੰ ਕਦੇ ਵੀ ਨਹੀਂ ਜਤਾਉਂਦੇ॥ ੧੨॥

੧੩. ਪੈਰਾਂ ਦੀ ਸਫਲਤਾ

੧. ਗੁਰਮੁਖਿ ਪੈਰ ਸਕਾਰਥੇ ਗੁਰਮੁਖਿ ਮਾਰਗਿ ਚਾਲ ਚਲੰਦੇ।
੨. ਗੁਰੂ ਦੁਆਰੈ ਜਾਨਿ ਚਲਿ ਸਾਧਸੰਗਤਿ ਚਲਿ ਜਾਇ ਬਹੰਦੇ।
੩. ਧਾਵਨ ਪਰਉਪਕਾਰ ਨੋ ਗੁਰਸਿਖਾ ਨੋ ਖੋਜਿ ਲਹੰਦੇ।
੪. ਦੁਬਿਧਾ ਪੰਥਿ ਨ ਧਾਵਨੀ ਮਾਇਆ ਵਿਚਿ ਉਦਾਸੁ ਰਹੰਦੇ।
੫. ਬੰਦਿ ਖਲਾਸੀ ਬੰਦਗੀ ਵਿਰਲੇ ਕੇਈ ਹੁਕਮੀ ਬੰਦੇ।
੬. ਗੁਰਸਿਖਾ ਪਰਦਖਣਾਂ ਪੈਰੀ ਪੈ ਰਹਰਾਸਿ ਕਰੰਦੇ।
੭. ਗੁਰ ਚੇਲੇ ਪਰਚੈ ਪਰਚੰਦੇ॥ ੧੩॥

ਪਦ ਅਰਥ - ਸਕਾਰਥੇ=ਸਫਲ। ਗੁਰਮੁਖਿ ਮਾਰਗਿ=ਗੁਰਸਿੱਖੀ ਦਾ ਰਸਤਾ। ਦੁਬਿਧਾ=ਝਗੜੇ ਜਾਂ ਆਪਾ ਭਾਵ। ਪਰਚੈ=ਪ੍ਰੇਮ ਵਿਚ।

ਅਰਥ - ੧. ਗੁਰਮੁਖਾਂ ਦੇ ਪੈਰ ਸਫਲੇ ਹਨ, ਜੋ ਗੁਰਸਿੱਖੀ ਮਾਰਗ 'ਤੇ (ਠੀਕ ਤੌਰ 'ਤੇ ਦ੍ਰਿੜ੍ਹਤਾ ਨਾਲ) ਚਲਦੇ ਹਨ। ੨. ਗੁਰਦੁਵਾਰੇ ਵੱਲ ਚਲ ਕੇ ਜਾਂਦੇ ਹਨ, ਤੇ ਫਿਰ ਸਾਧ ਸੰਗਤ ਵਿਚ ਬੈਠਦੇ ਹਨ। ੩. ਪਰਉਪਕਾਰ ਲਈ ਦੌੜਦੇ ਤੇ ਗੁਰਸਿੱਖਾਂ ਨੂੰ ਢੂੰਡ ਢੂੰਡ ਕੇ ਲੱਭਦੇ ਹਨ। ੪. ਦੁਬਿਧਾ (ਝਗੜੇ ਜਾਂ ਲਾਲਸਾ) ਵਾਲੇ ਪਾਸੇ ਨਹੀਂ ਨਠਦੇ, ਸਗੋਂ ਮਾਇਆ ਕੋਲ ਹੁੰਦੇ ਵੀ, ਉਦਾਸ (ਨਿਮ੍ਰਤਾ ਵਿਚ) ਰਹਿੰਦੇ ਹਨ। ੫. ਬੰਦ ਖਲਾਸੀ (ਮੁਕਤੀ ਤਾਂ ਪ੍ਰਭੂ ਦੀ) ਬੰਦਗੀ (ਭਜਨ ਸਿਮਰਨ) ਨਾਲ ਹੁੰਦੀ ਹੈ, ਪਰ ਅਜੇਹੇ ਬੰਦਗੀ ਵਾਲੇ ਕੋਈ ਵਿਰਲੇ ਹੀ ਪੁਰਸ਼ ਹੁੰਦੇ ਹਨ ੬. ਜੋ (ਪਹਿਲੇ) ਗੁਰਸਿੱਖਾਂ ਦੀਆਂ ਪਰਦਖਣਾ (ਸਤਿਕਾਰ ਨਾਲ) ਕਰਦੇ, ਤੇ ਫਿਰ ਪੈਰੀਂ ਪੈਂਦੇ ਹਨ ਤੇ ਗੁਰਸਿੱਖੀ ਦੀ ਇਸ ਰਹੁਰੀਤ ਨੂੰ ਆਪਣਾ ਕੇ, ਆਪਣੀ ਜ਼ਿੰਦਗੀ ਦਾ ਅੰਗ ਬਣਾ ਲੈਂਦੇ ਹਨ। ੭. ਤੇ ਫਿਰ ਗੁਰੂ-ਚੇਲੇ ਦੀ (ਸੱਚੀ ਪ੍ਰੀਤੀ, ਪ੍ਰੇਮਾ-ਭਗਤੀ ਦੇ) ਪ੍ਰੇਮ-ਰਸ ਵਿਚ ਪਰਚ ਜਾਂਦੇ ਹਨ, (ਭਾਵ ਇਸ ਕੰਮ ਵਿਚ ਹੀ ਲੱਗ ਜਾਂਦੇ ਹਨ)॥ ੧੩॥

੧੪. ਗੁਰਮੁਖ ਸੱਚੇ ਪਰਉਪਕਾਰੀ ਹਨ

੧. ਗੁਰਸਿਖ ਮਨਿ ਪਰਗਾਸੁ ਹੈ ਪਿਰਮ ਪਿਆਲਾ ਅਜਰੁ ਜਰੰਦੇ।
੨. ਪਾਰਬ੍ਰਹਮੁ ਪੂਰਨ ਬ੍ਰਹਮੁ ਬ੍ਰਹਮੁ ਬਿਬੇਕੀ ਧਿਆਨੁ ਧਰੰਦੇ।
੩. ਸਬਦ ਸੁਰਤਿ ਲਿਵ ਲੀਣ ਹੋਇ ਅਕਥ ਕਥਾ ਗੁਰ ਸਬਦੁ ਸੁਣੰਦੇ।

੪. ਭੂਤ ਭਵਿਖਹੁੰ ਵਰਤਮਾਨ ਅਬਿਗਤਿ ਗਤਿ ਅਤਿ ਅਲਖ ਲਖੰਦੇ।
੫. ਗੁਰਮੁਖਿ ਸੁਖ ਫਲੁ ਅਛਲੁ ਛਲੁ ਭਗਤਿ ਵਛਲੁ ਕਰਿ ਅਛਲੁ ਛਲੰਦੇ।
੬. ਭਵਜਲ ਅੰਦਰਿ ਬੋਹਿਥੈ ਇਕਸ ਪਿਛੈ ਲਖ ਤਰੰਦੇ।
੭. ਪਰਉਪਕਾਰੀ ਮਿਲਨਿ ਹਸੰਦੇ ॥ ੧੪ ॥

ਪਦ ਅਰਥ - ਬ੍ਰਹਮੁ ਬਿਬੇਕੀ=ਬ੍ਰਹਮ ਦੇ ਵਿਚਾਰਵਾਨ, ਗਿਆਨੀ। ਅਬਿਗਤਿ ਗਤਿ=ਉਹ ਹਾਲਤ ਜਿਸ ਨੂੰ ਕੋਈ ਜਾਣ ਨਹੀਂ ਸਕਦਾ।

ਅਰਥ - ੧. ਗੁਰਸਿੱਖਾਂ ਦੇ ਮਨ ਵਿਚ (ਅੱਗੇ ਪਿੱਛੇ ਦਾ) ਪਰਕਾਸ਼ ਹੈ, (ਉਹ ਇਸ ਗਿਆਨ ਦੇ) ਪ੍ਰੇਮ ਪਿਆਲੇ (ਦੀ ਮਹਾਨ ਮਸਤੀ ਦੀ ਸ਼ਕਤੀ, ਜੋ ਮਾੜੇ-ਮੋਟੇ ਸੰਭਾਲ ਜਾਂ ਕਰ ਨਹੀਂ ਸਕਦੇ, ਪਰ ਗਿਆਨੀ ਗੁਰਸਿੱਖ) ਅਜਰ ਨੂੰ ਜਰਦੇ ਹਨ, (ਆਪਾ ਨਹੀਂ ਜਣਾਉਂਦੇ)। ੨. ਉਹ ਬ੍ਰਹਮ ਬਿਬੇਕੀ (ਪੂਰਨ ਪਾਰਬ੍ਰਹਮ, ਪਰਮੇਸ਼ਰ ਦਾ ਧਿਆਨ ਧਰਦੇ ਹਨ। ੩. ਸ਼ਬਦ ਦੇ ਰਸ ਨਾਲ ਸੁਰਤ ਵਿਚ ਲਿਵਲੀਨ ਹੋ ਕੇ, ਅਕਥ ਕਥਾ ਨੂੰ ਗੁਰ-ਸ਼ਬਦ ਰਾਹੀਂ ਸੁਣਦੇ ਹਨ। ੪. (ਜਿਸ ਦੇ ਫਲ ਸਰੂਪ) ਭੂਤ, ਭਵਿਖ ਤੇ ਵਰਤਮਾਨ (ਤਿੰਨਾਂ ਹੀ ਕਾਲਾਂ) ਦੀ ਜੋ ਨ ਜਾਣੀ ਜਾਣ ਵਾਲੀ ਹਾਲਤ ਹੈ, ਉਸ ਦੇ ਗਿਆਤਾ (ਜਾਣਨ ਵਾਲੇ) ਬਣ ਜਾਂਦੇ ਹਨ। ੫. ਗੁਰਮੁਖ ਨੂੰ ਆਤਮ-ਸੁਖ ਪ੍ਰਾਪਤ ਹੋ ਜਾਂਦਾ ਹੈ, ਜਿਸ ਨੂੰ ਕੋਈ ਮੇਟ ਜਾਂ ਛਲ (ਧੋਖੇ ਨਾਲ ਖੋਹ) ਨਹੀ ਸਕਦਾ, ਸਗੋਂ ਭਗਤਵਛਲ (ਪ੍ਰਭੂ) ਦੀ ਕ੍ਰਿਪਾ ਨਾਲ (ਗੁਰਮੁਖ ਨਾ ਛਲੇ ਜਾਣ ਵਾਲੇ ਕਾਮ ਕ੍ਰੋਧ ਆਦਿ ਵਿਕਾਰਾਂ ਨੂੰ ਛਲ ਲੈਂਦੇ (ਭਾਵ ਵਸ ਵਿਚ ਕਰ ਲੈਂਦੇ ਹਨ)। ੬. (ਜਿਸ ਸਮੁੰਦਰ ਦੇ ਅਥਾਹ ਜਲ ਵਿਚੋਂ ਇੱਕ ਬੇੜਾ ਕਈਆਂ ਨੂੰ ਪਾਰ ਲਾ ਦੇਂਦਾ ਹੈ, ਇਸੇ ਤਰ੍ਹਾਂ) ਸੰਸਾਰ ਭਵਜਲ (ਵਿਸ਼ੇ ਵਿਕਾਰਾਂ, ਭਰਮਾਂ, ਤੇ ਡਰ ਤੌਖਲਿਆਂ ਦੇ ਸਮੁੰਦਰ) ਵਿਚੋਂ ਇੱਕ ਐਸੇ ਗੁਰਮੁਖ ਦੀ ਸੰਗਤ ਦੀ ਬਦੌਲਤ ਲੱਖਾਂ ਤਰ ਜਾਂਦੇ ਹਨ। ੭. (ਐਸੇ) ਪਰਉਪਕਾਰੀ (ਭੂਤ, ਭਵਿੱਖ ਦੇ ਜਾਣਨਹਾਰ ਗਿਆਨੀ) ਪੁਰਸ਼ ਸਦਾ ਹੀ ਖਿੜੇ ਹੋਏ, ਹੱਸਦੇ ਮਿਲਦੇ ਹਨ ॥ ੧੪ ॥

੧੫. ਗ੍ਰਿਹਸਥੀ ਗੁਰਸਿੱਖ ਦੀ ਨਿੱਤ-ਕ੍ਰਿਆ

੧. ਬਾਵਨ ਚੰਦਨ ਆਖੀਐ ਬਹਲੇ ਬਿਸੀਅਰੁ ਤਿਸੁ ਲਪਟਾਹੀ।
੨. ਪਾਰਸੁ ਅੰਦਰਿ ਪਥਰਾ ਪਥਰ ਪਾਰਸੁ ਹੋਇ ਨ ਜਾਹੀ।
੩. ਮਣੀ ਜਿਨ੍ਹਾਂ ਸਪਾਂ ਸਿਰੀਂ ਓਇ ਭਿ ਸਪਾਂ ਵਿਚਿ ਫਿਰਾਹੀ।
੪. ਲਹਰੀ ਅੰਦਰਿ ਹੰਸੁਲੇ ਮਾਣਕ ਮੋਤੀ ਚੁਗਿ ਚੁਗਿ ਖਾਹੀ।
੫. ਜਿਉਂ ਜਲਿ ਕਵਲ ਅਲਿਪਤੁ ਹੈ ਘਰਿਬਾਰੀ ਗੁਰਸਿਖਿ ਤਿਵਾਹੀ।
੬. ਆਸਾ ਵਿਚਿ ਨਿਰਾਸੁ ਹੋਇ ਜੀਵਨੁ ਮੁਕਤਿ ਜੁਗਤਿ ਜੀਵਾਹੀ।
੭. ਸਾਧ ਸੰਗਤਿ ਕਿਤੁ ਮੁਹਿ ਸਾਲਾਹੀ ॥ ੧੫ ॥

ਪਦ ਅਰਥ - ਬਿਸੀਅਰੁ=ਜ਼ਹਿਰੀ ਸੱਪ। ਲਪਟਾਹੀ=ਲਿਪਟੇ ਹੋਏ। ਪਾਰਸੁ=ਅੱਠ ਧਾਤਾਂ ਵਿਚੋਂ ਜਿਸ ਨੂੰ ਵੀ ਛੋਹੇ ਸੋਨਾ ਬਣਾ ਦਿੰਦਾ ਹੈ।

ਅਰਥ - ੧. ਜਿਸ ਨੂੰ ਬਾਵਨ ਚੰਦਨ ਕਹਿੰਦੇ ਹਨ, ਉਸ ਨਾਲ ਅਨੇਕਾਂ ਜ਼ਹਿਰੀਲੇ ਸੱਪ ਲਿਪਟੇ ਹੋਏ ਹੁੰਦੇ ਹਨ। (ਚੰਦਨ ਠੰਢਾ ਹੁੰਦਾ ਹੈ, ਤੇ ਸੱਪ ਆਪਣੀ ਜ਼ਹਿਰ ਦੀ ਗਰਮੀ ਨਾਲ ਸੜਦੇ, ਇਸ ਨਾਲ ਲਿਪਟ ਕੇ ਠੰਢਕ ਤੇ ਸੁਖ ਪ੍ਰਾਪਤ ਕਰਦੇ ਹਨ)। ੨. ਪਾਰਸ ਪੱਥਰਾਂ ਦੇ ਵਿਚ ਪੱਥਰ ਹੀ ਹੈ, ਉਹ ਹੋਰ ਪੱਥਰਾਂ ਨੂੰ ਪਾਰਸ ਨਹੀਂ ਬਣਾ ਸਕਦਾ। ੩. ਜਿਨ੍ਹਾਂ ਸੱਪਾਂ ਦੇ ਸਿਰ ਵਿਚ ਮਣੀ ਹੁੰਦੀ ਹੈ, ਉਹ ਭੀ ਦੂਜੇ ਸੱਪਾਂ ਵਿਚ ਹੀ ਫਿਰਦੇ ਤੁਰਦੇ ਰਹਿੰਦੇ ਹਨ। ੪. (ਮਾਨ ਸਰੋਵਰ) ਦੀਆਂ ਲਹਿਰਾਂ ਵਿਚੋਂ ਹੰਸ ਕੇਵਲ ਮਾਣਕ ਤੇ ਮੋਤੀ ਚੁਗ ਚੁਗ ਖਾਂਦੇ ਹਨ, (ਉਨਾਂ ਦਾ ਹੋਰ ਪਾਸੇ ਧਿਆਨ ਹੀ ਨਹੀਂ ਜਾਂਦਾ)। ੫. ਜਿਸ ਤਰ੍ਹਾਂ ਪਾਣੀ ਵਿਚ ਰਹਿੰਦਾ ਕੰਵਲ ਫੁਲ ਪਾਣੀ ਤੋਂ ਨਿਰਲੇਪ ਰਹਿੰਦਾ ਹੈ, ਇਸੇ ਤਰ੍ਹਾਂ ਗ੍ਰਿਹਸਥੀ ਸਿੱਖ ਹੋਰ (ਸੰਸਾਰੀ ਲੋਕਾਂ ਵਿਚ ਰਹਿੰਦਾ) ਸੰਸਾਰ ਦੀਆਂ ਖਿੱਚਾਂ ਤੇ ਪਕੜਾਂ ਤੋਂ ਨਿਰਲੇਪ ਰਹਿੰਦਾ ਹੈ। ੬. (ਗੁਰਸਿੱਖ) ਅਸ਼ਾਵਾਂ ਦੇ ਸਮੁੰਦਰ ਵਿਚ ਨਿਰਾਸ਼ਿਆਂ ਵਾਂਗ ਹੋ ਰਹਿੰਦੇ ਹਨ ਤੇ ਜੀਵਨ-ਮੁਕਤੀ ਦੀ ਜੁਗਤੀ ਨਾਲ ਉਹ ਜੀਉਂਦੇ ਹਨ, (ਸੰਸਾਰੀ ਜੁਗਤੀਆਂ ਨਾਲ ਨਹੀਂ)। ਗੁਰਸਿੱਖ ਨੂੰ ਇਹ ਜੀਵਨ-ਜੁਗਤਿ ਸਾਧ ਸੰਗਤ ਵਿਚ ਗੁਰੂ-ਸ਼ਬਦ ਦੀ ਸਿੱਖਿਆ ਤੋਂ ਪ੍ਰਾਪਤ ਹੋਈ ਹੈ, ੭. (ਸੋ ਐਸੀ) ਸਾਧ ਸੰਗਤ ਦੀ ਮਹਿਮਾ ਨੂੰ ਕਿਸ ਮੁਖ ਨਾਲ ਕਹੀਏ? (ਭਾਵ ਕਹੀ ਨਹੀਂ ਜਾਂਦੀ)॥ ੧੫॥

੧੬. ਸਤਿਗੁਰੂ ਅਤੇ ਸੱਚੇ ਸਿੱਖ ਦੀ ਸਿਫਤ-ਸਲਾਹ

੧. ਧੰਨੁ ਧੰਨੁ ਸਤਿਗੁਰ ਪੁਰਖੁ ਨਿਰੰਕਾਰਿ ਆਕਾਰੁ ਬਣਾਇਆ।
੨. ਧੰਨੁ ਧੰਨੁ ਸਤਿਗੁਰ ਸਿਖ ਸੁਣਿ ਚਰਣਿ ਸਰਣਿ ਗੁਰਸਿਖ ਜੁਆਇਆ।
੩. ਗੁਰਮੁਖਿ ਮਾਰਗੁ ਧੰਨੁ ਹੈ ਸਾਧਸੰਗਤਿ ਮਿਲਿ ਸੰਗੁ ਚਲਾਇਆ।
੪. ਧੰਨੁ ਧੰਨੁ ਸਤਿਗੁਰ ਚਰਣ ਧੰਨੁ ਮਸਤਕੁ ਗੁਰ ਚਰਣੀ ਲਾਇਆ।
੫. ਸਤਿਗੁਰ ਦਰਸਨੁ ਧੰਨੁ ਹੈ ਧੰਨੁ ਧੰਨੁ ਗੁਰਸਿਖ ਪਰਸਣਿ ਆਇਆ।
੬. ਭਾਉ ਭਗਤਿ ਗੁਰਸਿਖ ਵਿਚਿ ਹੋਇ ਦਇਆਲੁ ਗੁਰੁ ਮੁਹਿ ਲਾਇਆ।
੭. ਦੁਰਮਤਿ ਦੂਜਾ ਭਾਉ ਮਿਟਾਇਆ॥ ੧੬॥

ਪਦ ਅਰਥ - ਆਕਾਰੁ=ਗੁਰੂ ਸਰੂਪ। ਦੁਰਮਤਿ=ਖੋਟੀ ਮੱਤ। ਦੂਜਾ ਭਾਉ=ਦ੍ਵੈਤ-ਭਾਵ।

ਅਰਥ - ੧. ਧੰਨ ਧੰਨ ਸਤਿਗੁਰੂ (ਪੂਰੇ) ਪੁਰਖ ਜੀ ਹਨ, (ਜਿਨ੍ਹਾਂ ਦੇ) ਸਾਖਿਆਤ ਸਰੂਪ ਨੂੰ ਨਿਰੰਕਾਰ ਪ੍ਰਭੂ ਜੀ ਨੇ ਆਪ ਬਣਾਇਆ ਹੈ। ੨. ਧੰਨ ਧੰਨ ਸਤਿਗੁਰ ਪੁਰਖ ਦੀ ਸਿੱਖਿਆ ਹੈ, ਜਿਸ ਨੂੰ ਸੁਣ ਕੇ ਗੁਰਸਿੱਖ ਸਤਿਗੁਰੂ ਦੀ ਚਰਣ ਸ਼ਰਣ ਵਿਚ ਆਇਆ ਹੈ। ੩. ਸਤਿਗੁਰੂ ਪੁਰਖ ਦਾ ਚਲਾਇਆ ਗੁਰਮੁਖੀ ਮਾਰਗ ਵੀ ਧੰਨ ਹੈ, ਜੋ ਸਾਧ ਸੰਗਤ ਦੇ ਮਿਲਾਪ (ਸੰਗਤ) ਨਾਲ ਚਲਦਾ ਹੈ। ੪. ਧੰਨ ਹਨ ਪੂਰੇ ਸਤਿਗੁਰੂ ਜੀ ਦੇ ਚਰਣ, ਜਿਨ੍ਹਾਂ ਉਤੇ ਧੰਨਤਾ ਯੋਗ ਗੁਰਸਿੱਖ ਨੇ ਆਪਣਾ ਮੱਥਾ ਲਾਇਆ ਛੁਹਾਇਆ ਹੈ। ੫. ਪੂਰੇ ਸਤਿਗੁਰੂ ਜੀ ਦਾ

ਦਰਸ਼ਨ ਵੀ ਧੰਨ ਹੈ (ਜੋ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ) ਅਤੇ ਧੰਨ ਧੰਨ ਉਹ ਗੁਰ-ਸਿੱਖ ਹੈ, ਜੋ ਸਤਿਗੁਰੂ ਜੀ ਦੇ ਚਰਣਾਂ ਨੂੰ ਪਰਸਣ ਲਈ ਚੱਲ ਕੇ ਆਇਆ ਹੈ। ੬. ਗੁਰੂ ਵਿਚ ਪ੍ਰੇਮਾ-ਭਗਤੀ (ਦਾ ਰੰਗ) ਹੈ, ਜਿਸ ਨੂੰ (ਵੇਖ ਕੇ) ਦਇਆਲੂ ਹੋ ਕੇ ਸਤਿਗੁਰੂ ਜੀ ਨੇ (ਗੁਰਸਿੱਖ ਨੂੰ) ਮੂੰਹ ਲਾਇਆ, ਭਾਵ ਆਪਣੇ ਸਾਹਮਣੇ ਬੁਲਾ ਲਿਆ, (ਤੇ ਬੁਲਾ ਕੇ ਫਿਰ ਕਿਰਪਾ ਕੀਤੀ)। ੭. ਸਤਿਗੁਰੂ ਨੇ ਸਿੱਖ ਵਿਚੋਂ ਖੋਟੀ ਮਤ ਤੇ ਦ੍ਵੈਤ ਭਾਵ ਨਾਸ ਕਰ ਦਿੱਤੀ॥ ੧੬॥

੧੭. ਸਮੇਂ ਦੀ ਸਫਲਤਾ

੧. ਧੰਨੁ ਪਲੁ ਚਸਾ ਘੜੀ ਪਹਰੁ ਧੰਨੁ ਧੰਨੁ ਥਿਤਿ ਸੁ ਵਾਰ ਸਭਾਗੇ।
੨. ਧੰਨੁ ਧੰਨੁ ਦਿਹੁ ਰਾਤਿ ਹੈ ਪਖੁ ਮਾਹ ਰੁਤਿ ਸੰਮਤਿ ਜਾਗੇ।
੩. ਧੰਨੁ ਅਭੀਚੁ ਨਿਛਤ੍ਰੁ ਹੈ ਕਾਮੁ ਕ੍ਰੋਧ ਅਹੰਕਾਰੁ ਤਿਆਗੇ।
੪. ਧੰਨੁ ਧੰਨੁ ਸੰਜੋਗੁ ਹੈ ਅਠਸਠਿ ਤੀਰਥ ਰਾਜ ਪਿਰਾਗੇ।
੫. ਗੁਰੂ ਦੁਆਰੈ ਆਇ ਕੈ ਚਰਣ ਕਵਲ ਰਸ ਅੰਮ੍ਰਿਤੁ ਪਾਗੇ।
੬. ਗੁਰ ਉਪਦੇਸੁ ਅਵੇਸੁ ਕਰਿ ਅਨਭੈ ਪਿਰਮ ਪਿਰੀ ਅਨੁਰਾਗੇ।
੭. ਸਬਦਿ ਸੁਰਤਿ ਲਿਵ ਸਾਧਸੰਗਿ ਅੰਗਿ ਅੰਗਿ ਇਕ ਰੰਗਿ ਸਮਾਗੇ।
੮. ਰਤਨੁ ਮਾਲੁ ਕਰਿ ਕਚੇ ਧਾਗੇ॥ ੧੭॥

ਪਦ ਅਰਥ - ਪਲੁ=੬ ਸੁਆਸਾਂ ਦਾ। ਚਸਾ=ਛਿਨ ੬ ਸੁਆਸ ਦੀ। ਘੜੀ=੬੦ ਪਲਾਂ ਦੀ। ਪਹਰੁ=੮ ਘੜੀਆਂ ਦਾ। ਪਖੁ=੧੫ ਦਿਨਾਂ ਦਾ।

ਅਰਥ - ੧. ਧੰਨ ਹਨ ਉਹ ਪਲ, ਚਸਾ, ਘੜੀ ਤੇ ਪਹਿਰ, ਉਹ ਥਿੱਤਾਂ ਤੇ ਵਾਰ ਭਾਗਾਂ ਵਾਲੇ ਹਨ। ੨. ਉਹ ਦਿਨ ਰਾਤ ਵੀ ਧੰਨ ਧੰਨ ਹਨ, ਉੱਤਮ ਹਨ, ਉਹ ਪੱਖ, ਮਹੀਨੇ, ਰੁਤ ਤੇ ਸੰਮਤ। ੩. ਧੰਨ ਹੈ ਉਹ ਅਭੀਚ ਨਿਛੱਤ੍ਰ ਜਿਸ ਵਿਖੇ ਕਾਮ, ਕ੍ਰੋਧ ਤੇ ਹੰਕਾਰ ਆਦਿ ਵਿਕਾਰਾਂ ਦਾ ਤਿਆਗ ਕੀਤਾ ਜਾਏ। ੪. ਉਹ ਸੰਜੋਗ (ਮਿਲਾਪ) ਧੰਨ ਹੈ, ਜਦੋਂ (ਗੁਰੂ ਰੂਪ) ਅਠਾਹਠ ਤੀਰਥਾਂ ਤੇ ਪਰਯਾਗ ਰਾਜ ਦੇ ਇਸ਼ਨਾਨ ਤੇ ਦਰਸ਼ਨ ਹੋ ਜਾਣ। ੫. (ਧੰਨਤਾ ਯੋਗ ਹਨ) ਉਹ ਸਿੱਖ ਜੋ ਗੁਰੂ ਦੇ ਦੁਆਰੇ ਆ ਕੇ (ਉਥੋਂ) ਚਰਣ ਕਵਲਾਂ ਦੇ ਪ੍ਰੇਮ ਰਸ ਦਾ ਅੰਮ੍ਰਿਤ ਪੀਂਦੇ ਹਨ (ਭਾਵ ਅੰਮ੍ਰਿਤ-ਰਸ ਵਿਚ ਲੀਨ ਹੋਏ ਹਨ)। ੬. ਗੁਰੂ ਉਪਦੇਸ਼ ਨੂੰ ਹਿਰਦੇ ਵਿਚ ਵਸਾ ਕੇ, ਅਨੁਭਵਤਾ ਦੇ ਪਰਮ ਪ੍ਰੇਮ ਰਸ ਵਿਚ ਮਗਨ ਹੋ ਗਏ, (ਭਾਵ ਪ੍ਰੇਮ ਦੇ ਰੰਗ ਵਿਚ ਰੰਗੇ ਗਏ ਹਨ)। ੭. ਸਿੱਖ ਨੇ ਸ਼ਬਦ ਨੂੰ ਸੁਰਤ ਵਿਚ ਰੱਖ ਕੇ ਧਿਆਨ ਜੋੜਿਆ। ਸਾਧ ਸੰਗਤਿ ਦਾ (ਐਸਾ ਫਲ) ਹੋਇਆ ਕਿ) ਅੰਗ ਅੰਗ ਵਿਚ ਇੱਕ ਪ੍ਰਭੂ ਦਾ ਰੰਗ ਸਮਾ ਗਿਆ। ੮. ਗੁਰਸਿੱਖ ਕੱਚੇ ਧਾਗੇ (ਮੁੱਕ ਜਾਣ ਵਾਲੇ ਸੁਆਸਾਂ ਨੂੰ) ਰਤਨਾਂ ਦੀ ਮਾਲਾ ਵਾਂਗ ਕਰ ਲੈਂਦੇ ਹਨ, ਭਾਵ) ਸਰੀਰ ਤੇ ਸਰੀਰ ਦੇ ਸੁਆਸਾਂ ਨੂੰ ਸਫਲਾ ਕਰ ਲੈਂਦੇ ਹਨ॥ ੧੭॥

੧੮. ਗ੍ਰਿਹਸਥੀ ਜੀਵਨ ਮੁਕਤ

੧. ਗੁਰਮੁਖਿ ਮਿਠਾ ਬੋਲਣਾ ਜੋ ਬੋਲੈ ਸੋਈ ਜਪੁ ਜਾਪੈ।
੨. ਗੁਰਮੁਖਿ ਅਖੀ ਦੇਖਣਾ ਬ੍ਰਹਮ ਧਿਆਨੁ ਧਰੈ ਆਪੁ ਆਪੈ।
੩. ਗੁਰਮੁਖਿ ਸੁਨਣਾ ਸੁਰਤਿ ਕਰਿ ਪੰਚ ਸਬਦੁ ਗੁਰ ਸਬਦਿ ਅਲਾਪੈ।
੪. ਗੁਰਮੁਖਿ ਕਿਰਤਿ ਕਮਾਵਣੀ ਨਮਸਕਾਰੁ ਡੰਡਉਤਿ ਸਿਞਾਪੈ।
੫. ਗੁਰਮੁਖਿ ਮਾਰਗਿ ਚਲਣਾ ਪਰਦਖਣਾ ਪੂਰਨ ਪਰਤਾਪੈ।
੬. ਗੁਰਮੁਖਿ ਖਾਣਾ ਪੈਨਣਾ ਜਗ ਭੋਗ ਸੰਜੋਗ ਪਛਾਪੈ।
੭. ਗੁਰਮੁਖਿ ਸਵਣੁ ਸਮਾਧਿ ਹੈ ਆਪੇ ਆਪਿ ਨ ਥਾਪਿ ਉਥਾਪੈ।
੮. ਘਰਬਾਰੀ ਜੀਵਨ ਮੁਕਤਿ, ਲਹਰਿ ਨ ਭਵਜਲ ਭਉ ਨ ਬਿਆਪੈ।
੯. ਪਾਰਿ ਪਏ ਲੰਘਿ ਵਰੈ ਸਰਾਪੈ॥੧੮॥

ਪਦ ਅਰਥ - ਸੁਰਤਿ ਕਰਿ=ਧਿਆਨ ਦੇ ਕੇ। ਪਛਾਪੈ=ਪਛਾਣਦੇ ਹਨ। ਥਾਪਿ ਉਥਾਪੈ=ਉਧੇੜ-ਬੁਣ। ਵਰੈ ਸਰਾਪੈ=ਵਰ ਸਰਾਪ ਤੋਂ।

ਅਰਥ - ੧. ਗੁਰਮੁਖ ਮਿੱਠਾ ਬੋਲਦੇ ਹਨ, ਜੋ ਬੋਲਦੇ ਹਨ, (ਪਰਮੇਸ਼ਰ ਦੇ) ਜਪੁ ਜਾਪੁ ਨੂੰ ਹੀ ਬੋਲਦੇ ਹਨ, (ਭਾਵ ਵਧ ਘਟ ਬੋਲਦੇ ਹੀ ਨਹੀਂ)। ੨. ਗੁਰਮੁਖ ਅੱਖਾਂ ਨਾਲ ਆਪਣੇ ਆਪ ਨੂੰ ਹੀ ਦੇਖਦੇ, ਅੰਦਰੋਂ (ਆਪੇ ਵਿਚੋਂ ਵੀ) ਬ੍ਰਹਮ ਦਾ ਹੀ ਧਿਆਨ ਧਰਦੇ ਹਨ। ੩. ਗੁਰਮੁਖ ਸੁਰਤ ਨਾਲ ਹੀ ਪੰਜਾਂ ਸ਼ਬਦਾਂ ਨੂੰ ਸੁਣਦੇ, ਤੇ ਸੁਰਤ ਨਾਲ ਹੀ ਸ਼ਬਦ ਦਾ ਅਲਾਪ ਕਰਦੇ ਹਨ। ੪. ਗੁਰਮੁਖ ਹੱਥਾਂ ਨਾਲ ਕਿਰਤ ਕਰਦੇ, ਤੇ ਸਿਰ ਨੂੰ ਡੰਡਉਤ ਤੇ ਨਮਸਕਾਰ ਕਰਨ ਵਿਚ ਹੀ ਲਾਉਂਦੇ ਹਨ। ੫. ਗੁਰਮੁਖ ਪੈਰਾਂ ਨਾਲ ਗੁਰਮੁਖੀ ਮਾਰਗ 'ਤੇ ਚਲਦੇ, (ਸਾਧ ਸੰਗਤ ਵਿਚ ਜਾ ਕੇ) ਪੂਰਨ ਪਰਤਾਪੀ ਸਤਿਗੁਰੂ ਜੀ ਦੀਆਂ ਪਰਦਖਣਾ ਕਰਦੇ ਹਨ। ੬. ਗੁਰਮੁਖ ਖਾਣਾ, ਪਹਿਨਣਾ, ਜੋਗ, ਭੋਗ ਤੇ ਸੰਜੋਗ (ਮੇਲ) ਦੀ ਵਿਧੀਆਂ ਨੂੰ ਪਛਾਣਦੇ ਹਨ ਭਾਵ ਸਭ ਕੁਝ ਹੀ ਸਮਝ ਕੇ (ਗੁਰੂ ਸ਼ਬਦ-ਸਿੱਖਿਆ) ਦੀ ਰੋਸ਼ਨੀ ਵਿਚ ਕਰਦੇ ਹਨ। ੭. ਗੁਰਮੁਖਾਂ ਦਾ ਨਿੰਦਰਾ ਵਿਚ ਜਾਣਾ ਵੀ ਸਮਾਧੀ ਲਾਣਾ ਹੈ, ਕਿਉਂਕਿ ਉਨ੍ਹਾਂ ਨੂੰ ਸੁਤਿਆਂ ਵੀ ਕੋਈ ਵਾਧੂ ਫੁਰਨਾ (ਸੁਪਨਾ) ਜਾਂ ਸੰਕਲਪ ਨਹੀਂ ਫੁਰਦਾ, ਸੋ ਉਨ੍ਹਾਂ ਦਾ ਸੌਣਾ ਵੀ ਸਮਾਧੀ ਦਾ ਦਰਜਾ ਰੱਖਦਾ ਹੈ। ੮. ਉਨ੍ਹਾਂ ਨੂੰ ਗ੍ਰਿਹਸਥੀ ਜੀਵਨ ਬਤੀਤ ਕਰਦਿਆਂ, ਸੰਸਾਰ ਦੀ ਕੋਈ ਲੋਭ ਲਹਿਰ ਨਹੀਂ ਵਿਆਪਦੀ, ਉਨ੍ਹਾਂ ਨੂੰ ਜੀਵਨ-ਮੁਕਤੀ ਦੀ ਪਦਵੀ ਤੋਂ ਨਹੀਂ ਡੇਗਦੀ। ੯. (ਕਿਉਂਕਿ) ਉਹ ਵਰ ਤੇ ਸਰਾਪ ਦੀ ਮਾਰ ਤੋਂ ਦੂਰ, ਭਾਵ ਉਪਰਲੀ ਅਵਸਥਾ ਵਿਚ ਪਹੁੰਚ ਕੇ ਦ੍ਰਿੜ੍ਹ ਹੋ ਗਏ ਹਨ, ਇਸ ਲਈ ਮੁਕਤ ਹੋ ਗਏ ਹਨ ਭਾਵ ਸਮਦ੍ਰਿਸ਼ਟੀ ਵਾਲੇ ਹੋ ਗਏ ਹਨ॥੧੮॥

੧੯. ਗੁਰਮੁਖੀ-ਰਹਿਤ

੧. ਸਤਿਗੁਰੁ ਸਤਿ ਸਰੂਪੁ ਹੈ ਧਿਆਨ ਮੂਲੁ ਗੁਰ ਮੂਰਤਿ ਜਾਣੈ।
੨. ਸਤਿ ਨਾਮੁ ਕਰਤਾ ਪੁਰਖੁ ਮੂਲ ਮੰਤ੍ਰ ਸਿਮਰਣੁ ਪਰਵਾਣੈ।
੩. ਚਰਣ ਕਵਲ ਮਕਰੰਦ ਰਸੁ ਪੂਜਾ ਮੂਲੁ ਪਿਰਮ ਰਸੁ ਮਾਣੈ।
੪. ਸਬਦ ਸੁਰਤਿ ਲਿਵ ਸਾਧਸੰਗਿ ਗੁਰ ਕਿਰਪਾ ਤੇ ਅੰਦਰਿ ਆਣੈ।
੫. ਗੁਰਮੁਖਿ ਪੰਥੁ ਅਗੰਮੁ ਹੈ ਗੁਰਮਤਿ ਨਿਹਚਲੁ ਚਲਣੁ ਭਾਣੈ।
੬. ਵੇਦ ਕਤੇਬਹੁੰ ਬਾਹਰੀ ਅਕਥ ਕਥਾ ਕਉਣੁ ਆਖਿ ਵਖਾਣੈ।
੭. ਵੀਹ ਇਕੀਹ ਉਲੰਘਿ ਸਿਞਾਣੈ॥੧੯॥

ਪਦ ਅਰਥ - ਅਗੰਮੁ=ਗੰਮਤਾ, ਪਹੁੰਚ ਤੋਂ ਪਰੇ। ਵੀਹ ਇਕੀਹ=ਜੀਵ ਤੇ ਬ੍ਰਹਮ।

ਅਰਥ - ੧. (ਗੁਰਮੁਖ) ਸਤਿਗੁਰੂ ਜੀ ਨੂੰ ਸਤਿ ਸਰੂਪ ਸਮਝ ਕੇ, ਮੂਲ (ਮੁੱਢਲਾ) ਧਿਆਨ (ਸੁਰਤੀ) ਵਿਚ ਗੁਰ-ਮੂਰਤਿ ਨੂੰ ਹੀ ਜਾਣਦਾ ਹੈ। ੨. (ਉਹ) ਸਤਿਨਾਮੁ ਕਰਤਾ ਪੁਰਖੁ ਦੇ ਮੂਲ ਮੰਤਰ ਦਾ ਸਿਮਰਨ ਕਰਕੇ ਪਰਵਾਣ ਹੁੰਦਾ ਹੈ। ੩. (ਗੁਰਮੁਖ ਸਤਿਗੁਰਾਂ ਦੇ) ਚਰਣ ਕਵਲਾਂ ਦੀ ਸੁਗੰਧੀ ਦੇ ਰਸ ਨੂੰ ਮੂਲ ਪੂਜਾ (ਦਾ ਅਧਾਰ ਬਣਾ ਕੇ) ਰਸ ਵਿਚ ਮਗਨ ਹੁੰਦਾ ਹੈ। ੪. ਸ਼ਬਦ ਨੂੰ ਸੁਰਤ ਧਿਆਨ ਵਿਚ, ਸਾਧ ਸੰਗਤ ਅਤੇ ਸਤਿਗੁਰੂ ਦੀ ਕਿਰਪਾ ਨਾਲ ਹਿਰਦੇ ਵਿਚ ਲਿਆਉਂਦਾ ਹੈ। ੫. ਗੁਰਮੁਖ ਦਾ ਮਾਰਗ, (ਮਨ ਬਾਣੀ ਦੀ) ਪਹੁੰਚ ਤੋਂ ਪਰੇ ਹੈ, ਉਹ ਗੁਰਮਤਿ ਨਾਲ ਨਿਹਚਲ ਹੋ ਨਿਹਚਲ ਭਾਣੇ ਵਿਚ ਹੀ ਚਲਦਾ ਹੈ। ੬. ਇਸ (ਗੁਰਮੁਖ ਦੀ) ਵੇਦ ਕਤੇਬਾਂ ਤੋਂ ਬਾਹਰੀ (ਭਾਵ ਉਨ੍ਹਾਂ ਦੇ ਵਿਚਾਰਾਂ ਤੋਂ ਉੱਚੀ ਗਾਥਾ) ਨੂੰ ਕੌਣ ਆਖ ਸਕਦਾ ਤੇ ਬੋਲ ਸਕਦਾ ਹੈ। ੭. ਇਹ ਤਾਂ ਵੀਹ ਤੋਂ ਇਕੀਹ (ਦ੍ਰਿਸ਼ਟਮਾਨ ਗਿਆਨ ਅਵਸਥਾ) ਨੂੰ ਲੰਘ ਕੇ ਹੀ ਕੋਈ ਪਛਾਣ ਸਕਦਾ ਹੈ॥ ੧੯॥

੨੦. ਮਨਮੁਖ ਦੀ ਹਾਲਤ

੧. ਸੀਸੁ ਨਿਵਾਏ ਢੀਂਗੁਲੀ ਗਲਿ ਬੰਧੇ ਜਲੁ ਉਚਾ ਆਵੈ।
੨. ਘੁਘੂ ਸੁਝੁ ਨ ਸੁਝਈ ਚਕਈ ਚੰਦੁ ਨ ਡਿਠਾ ਭਾਵੈ।
੩. ਸਿੰਮਲ ਬਿਰਖੁ ਨ ਸਫਲੁ ਹੋਇ ਚੰਦਨ ਵਾਸੁ ਨ ਵਾਂਸਿ ਸਮਾਵੈ।
੪. ਸਪੈ ਦੁਧੁ ਪੀਆਲੀਐ ਤੁਮੇ ਦਾ ਕਉੜਤੁ ਨ ਜਾਵੈ।
੫. ਜਿਉ ਥਣਿ ਚੰਬੜਿ ਚਿਚੁੜੀ ਲੋਹੂ ਪੀਐ ਦੁਧੁ ਨ ਖਾਵੈ।

੬. ਸਭ ਅਵਗੁਣ ਮੈ ਤਨਿ ਵਸਨਿ ਗੁਣ ਕੀਤੇ ਅਵਗੁਣ ਨੋ ਧਾਵੈ।
੭. ਥੋਮ ਨ ਵਾਸੁ ਕਥੂਰੀ ਆਵੈ॥੨੦॥੬॥

ਪਦ ਅਰਥ - ਢੀਂਗੁਲੀ=ਪਾਣੀ ਦਾ ਜੰਤਰ ਜੋ ਜ਼ੋਰ ਨਾਲ ਥੱਲੇ ਧੱਕੀਦਾ ਹੈ। ਘੁਘੂ=ਉੱਲੂ। ਸੁਝੁ=ਸੂਰਜ। ਕਥੂਰੀ=ਕਸਤੂਰੀ।

ਅਰਥ - ੧. (ਪਾਣੀ ਜੰਤਰ) ਢੀਂਗਲੀ ਦਾ ਸਿਰ ਨੀਵਾਂ ਕਰੀਦਾ ਬੰਨ੍ਹੀਦਾ ਹੈ ਕਿ ਪਾਣੀ ਉੱਚਾ ਆਵੇ, (ਮਿਸਾਲ ਦਿੱਤੀ ਹੈ ਕਿ ਢੀਂਗੁਲੀ ਦਾ ਸਿਰ ਜ਼ੋਰ ਨਾਲ ਨਿਵਾਈਦਾ ਹੈ, ਉਹ ਆਪਣੇ ਆਪ ਨਹੀਂ ਨਿਉਂਦੀ)। ੨. ਉੱਲੂ ਨੂੰ ਸੂਰਜ ਨਹੀਂ ਦਿਸਦਾ, ਚਕਵੀ ਨੂੰ ਚੰਦਰਮਾਂ ਦੇਖਣਾ ਨਹੀਂ ਭਾਉਂਦਾ। ੩. (ਇਸੇ ਤਰ੍ਹਾਂ ਜਿਵੇਂ) ਸਿੰਬਲ ਦੇ ਰੁਖ ਨੂੰ ਫਲ ਨਹੀਂ ਲੱਗਦੇ, ਤੇ ਵਾਂਸ ਵਿਚ, ਚੰਦਨ ਦੇ ਬਹੁਤ ਨੇੜੇ ਹੁੰਦੇ ਵੀ, ਉਸ ਵਿਚ ਸੁਗੰਧੀ ਨਹੀਂ ਆਉਂਦੀ। ੪. ਸੱਪ ਨੂੰ ਦੁੱਧ ਪਿਆਓ, (ਤਦ ਵੀ ਉਸਦੀ ਜ਼ਹਿਰ ਨਹੀਂ ਘਟਦੀ, ਨਾ ਡੰਗ ਮਾਰਨ ਦਾ ਸੁਭਾ ਛੱਡਦਾ ਹੈ)। ਤੁੰਮੇ ਨੂੰ (ਦੁੱਧ ਨਾਲ) ਮਿੱਠਾ ਕਰਨਾ ਚਾਹੋ, ਤਾਂ ਨਹੀਂ ਹੋ ਸਕਦਾ। ੫. (ਗਊ ਦੇ) ਥਣ ਨੂੰ ਚੰਬੜੀ ਚਿੱਚੜੀ ਦੁੱਧ ਨਹੀਂ ਪੀਂਦੀ, ਲਹੂ ਪੀਂਦੀ ਹੈ। ੬. (ਭਾਈ ਗੁਰਦਾਸ ਜੀ ਇਹ ਸਭ ਅਵਗੁਣ ਆਪਣੇ ਵਿਚ ਵੱਸਦੇ ਦੱਸ ਕੇ, ਕਹਿੰਦੇ ਹਨ ਪਰ ਹੋਰਨਾਂ ਨੂੰ ਸਮਝਾਉਣ ਲਈ)– ਕਿ ਸਾਰੇ (ਇਹ) ਅਵਗੁਣ ਮੇਰੇ ਤਨ ਵਿਖੇ ਵੱਸਦੇ ਹਨ, (ਪਰਮੇਸ਼ਰ ਨੇ ਸਾਨੂੰ ਗੁਣ ਦਿੱਤੇ ਸਨ, ਪਰ ਅਸੀਂ) ਗੁਣ ਛੱਡ ਕੇ ਅਵਗੁਣਾਂ ਵੱਲ ਦੌੜ ਰਹੇ ਹਾਂ। ੭. ਥੋਮ ਵਿਚੋਂ ਕਸਤੂਰੀ ਦੀ ਸੁਗੰਧੀ ਨਹੀਂ ਆ ਸਕਦੀ। ਭਾਵ ਮਨਮੁਖ ਦੀ ਅਵਸਥਾ ਅਸਾਧ ਬੀਮਾਰੀ ਵਾਲੀ ਹੈ, ਉਹ ਠੀਕ ਹੋ ਨਹੀਂ ਸਕਦੀ॥੨੦॥੬॥

ਵਾਰ ੭

ੴ ਸਤਿਗੁਰ ਪ੍ਰਸਾਦਿ॥

੧. ਸਤਿਗੁਰੂ ਜੀ ਦੀ ਵਡਿਆਈ-ਮੰਗਲ

੧. ਸਤਿਗੁਰੁ ਸਚਾ ਪਾਤਿਸਾਹੁ ਸਾਧਸੰਗਤਿ ਸਚੁ ਖੰਡੁ ਵਸਾਇਆ।
੨. ਗੁਰਸਿਖ ਲੈ ਗੁਰਸਿਖ ਹੋਇ ਆਪੁ ਗਵਾਇ ਨ ਆਪੁ ਗਣਾਇਆ।
੩. ਗੁਰਸਿਖ ਸਭੋ ਸਾਧਨਾ ਸਾਧਿ ਸਧਾਇ ਸਾਧੁ ਸਦਵਾਇਆ।
੪. ਚਹੁ ਵਰਣਾ ਉਪਦੇਸ ਦੇ ਮਾਇਆ ਵਿਚਿ ਉਦਾਸੁ ਰਹਾਇਆ।
੫. ਸਚਹੁ ਓਰੈ ਸਭੁ ਕਿਹੁ ਸਚੁ ਨਾਉ ਗੁਰਮੰਤੁ ਦ੍ਰਿੜਾਇਆ।

੬. ਹੁਕਮੈ ਅੰਦਰਿ ਸਭ ਕੋ ਮੰਨੈ ਹੁਕਮੁ ਸੁ ਸਚਿ ਸਮਾਇਆ।
੭. ਸਬਦ ਸੁਰਤਿ ਲਿਵ ਅਲਖੁ ਲਖਾਇਆ॥ ੧ ॥

ਪਦ ਅਰਥ - ਸਾਧਿ ਸਧਾਇ=ਸਿੱਧੀ ਸਾਧ ਕੇ। ਓਰੈ=ਖਾਲੀ, ਉਰ੍ਹੇ।

੧. ਸਤਿਗੁਰੂ ਜੀ ਸੱਚੇ ਪਾਤਸ਼ਾਹ ਹਨ, (ਜਿਨ੍ਹਾਂ ਨੇ) ਸਾਧ ਸੰਗਤ ਰੂਪ ਸੱਚਖੰਡ ਨੂੰ ਵਸਾਇਆ ਹੈ। ੨. (ਸਾਧ ਸੰਗਤ ਵਿਚੋਂ) ਗੁਰੂ ਦੀ ਸਿੱਖਿਆ ਲੈ ਕੇ, ਗੁਰਸਿੱਖ ਹੋ ਕੇ, ਆਪਾ (ਮੈਂ-ਮੇਰੀ) ਨੂੰ ਗਵਾ ਦਿੱਤਾ, (ਪੂਰਨਤਾ ਵਿਚ ਪੁਜ ਕੇ ਵੀ) ਆਪਾ ਭਾਵ ਨਹੀਂ ਜਤਾਇਆ। ੩. ਗੁਰਸਿੱਖਾਂ ਨੇ ਸਭੇ ਸਾਧਨਾ ਸਾਧ ਕੇ (ਗੁਰੂ ਦੀ ਸਿੱਖਿਆ 'ਤੇ ਚਲ ਕੇ, ਕਠਿਨ ਕਰਨੀ ਦੀ ਘਾਲ ਕਮਾਈ ਕਰਕੇ ਫਿਰ) ਸਾਧੂ (ਆਪਣੇ ਆਪ ਨੂੰ ਭਲੇ ਪੁਰਸ਼ ਹੋਰਨਾਂ ਤੋਂ) ਸਦਵਾਇਆ। ੪. (ਸਤਿਗੁਰੂ ਜੀ) ਚਹੁੰ ਵਰਣਾਂ ਨੂੰ ਉਪਦੇਸ਼ ਦੇਂਦੇ ਤੇ ਮਾਇਆ ਵਿਚ ਉਦਾਸ (ਨਿਰਇੱਛਤ) ਰਹਿੰਦੇ ਹਨ। ੫. ਸੱਚ ਤੋਂ ਸਭ ਕੁਛ ਉਤੇ ਹੈ। (ਸਭ ਕਰਮ-ਕਾਂਡ ਹੇਠਾਂ ਹਨ) ਸੱਚਾ (ਪ੍ਰਭੂ ਦਾ) ਨਾਮ ਇਹ ਗੁਰ-ਮੰਤਰ ਦ੍ਰਿੜ੍ਹ ਕਰਵਾਇਆ। ੬. ਸਭ (ਪ੍ਰਭੂ ਦੇ) ਹੁਕਮ ਵਿਚ ਹਨ, (ਇਸ ਲਈ ਸਤਿਗੁਰੂ ਜੀ ਦੇ ਇਸ) ਹੁਕਮ ਨੂੰ ਜਿਸ ਨੇ ਵੀ ਮੰਨਿਆਂ (ਉਹ ਗੁਰਸਿੱਖ) ਸੱਚ ਵਿਚ ਸਮਾ (ਅਭੇਦ) ਹੋ ਗਿਆ। ੭. ਗੁਰੂ ਦੀ ਸ਼ਬਦ ਸੁਰਤ (ਸਮਝ) ਵਾਲੀ ਅਲਖ (ਨਾ ਜਾਣੇ ਜਾਣ ਵਾਲੇ ਪ੍ਰਭੂ) ਦੀ ਸੋਝੀ ਕਰਾ ਦਿੰਦੀ ਹੈ॥ ੧ ॥

੨. ਦੋ ਦੋ ਦੇ ਜੋੜੇ (ਦਿਨ, ਰਾਤ, ਚੰਦ, ਸੂਰਜ)

ਆਦਿ ਗਿਣਤੀ

੧. ਸਿਵ ਸਕਤੀ ਨੋ ਸਾਧਿ ਕੈ ਚੰਦੁ ਸੂਰਜੁ ਦਿਹੁੰ ਰਾਤਿ ਸਧਾਏ।
੨. ਸੁਖ ਦੁਖ ਸਾਧੇ ਹਰਖ ਸੋਗ ਨਰਕ ਸੁਰਗ ਪੁੰਨ ਪਾਪ ਲੰਘਾਏ।
੩. ਜਨਮ ਮਰਣ ਜੀਵਨੁ ਮੁਕਤਿ ਭਲਾ ਬੁਰਾ ਮਿਤ੍ਰ ਸਤ੍ਰ ਨਿਵਾਏ।
੪. ਰਾਜ ਜੋਗ ਜਿਣਿ ਵਸਿ ਕਰਿ ਸਾਧਿ ਸੰਜੋਗੁ ਵਿਜੋਗੁ ਰਹਾਏ।
੫. ਵਸਗਤਿ ਕੀਤੀ ਨੀਂਦ ਭੂਖ ਆਸਾ ਮਨਸਾ ਜਿਣਿ ਘਰਿ ਆਏ।
੬. ਉਸਤਤਿ ਨਿੰਦਾ ਸਾਧਿ ਕੈ ਹਿੰਦੂ ਮੁਸਲਮਾਣ ਸਬਾਏ।
੭. ਪੈਰੀ ਪੈ ਪਾ ਖਾਕ ਸਦਾਏ॥ ੨ ॥

ਪਦ ਅਰਥ - ਸਿਵ ਸਕਤੀ=ਸਤੋ ਤੇ ਤਮੋ ਗੁਣ। ਸਧਾਏ=ਸਿੱਧ ਕਰ ਲਏ। ਵਸਗਤਿ=ਵਸ ਕਰਨੀ। ਪੈ-ਖਾਕ=ਪੈਰਾਂ ਦੀ ਧੂੜੀ।

ਅਰਥ - ੧. (ਗੁਰੂ ਦੇ ਪੂਰਨ ਗੁਰਸਿੱਖਾਂ ਨੇ) ਸਤੋ, ਤਮੋ ਗੁਣਾਂ ਵਾਲੀ ਹਾਲਤ ਸਾਧ ਕੇ, ਚੰਦ, ਸੂਰਜ,

ਦਿਨ ਤੇ ਰਾਤ ਨੂੰ ਵੀ ਸਾਧ ਲਿਆ (ਭਾਵ ਜਿੱਤ ਲਿਆ) ਹੈ। ੨. ਦੁੱਖ ਸੁਖ ਵੀ ਜਿੱਤੇ ਤੇ ਖੁਸ਼ੀ ਗਮੀ ਵੀ। (ਇਸੇ ਤਰ੍ਹਾਂ) ਨਰਕ ਸੁਰਗ ਤੇ ਪੁੰਨ ਪਾਪ ਦੀ ਕਾਣ ਨੂੰ ਵੀ ਲੰਘਾ (ਭਾਵ ਚੁਕਾ) ਦਿੱਤਾ। ੩. ਐਸੇ ਗੁਰਸਿੱਖ ਮਰਣ-ਜੀਵਨ ਦੇ (ਸੰਸੇ ਨੂੰ ਟੱਪ) ਜੀਵਨ-ਮੁਕਤ ਹੋ ਕੇ, ਭਲੇ ਬੁਰੇ ਤੇ ਵੈਰੀ ਮਿੱਤਰ ਨੂੰ ਇਕੋ ਜੇਹੇ ਸਮਝਣ ਵਾਲੇ ਬਣ ਗਏ। ੪. ਰਾਜ-ਜੋਗ ਨੂੰ ਜਿੱਤ ਕੇ, ਵਸ ਕਰ ਲਿਆ ਹੈ, ਸਾਧ ਸੰਜੋਗ (ਭਲੇ ਸੰਜੋਗ) ਤੇ ਵਿਜੋਗ (ਬੁਰੇ ਸੰਜੋਗ) ਦੋਹਾਂ ਤੋਂ ਅਲੇਪ ਹੋ ਗਏ ਹਨ। ੫. ਨੀਂਦ ਤੇ ਭੁੱਖ ਵੀ ਵਸ ਵਿਚ ਕਰ ਲਈ ਹੈ, ਆਸਾ ਮਨਸਾ ਨੂੰ ਜਿੱਤ ਕੇ ਘਰ (ਆਤਮ ਸਰੂਪ) ਪਹੁੰਚ ਗਏ ਹਨ। ੬. ਉਸਤਤਿ ਨਿੰਦਾ ਨੂੰ ਜਿੱਤ ਕੇ ਹਿੰਦੂ, ਮੁਸਲਮਾਨ ਦੇ ਸਾਂਝੇ ਹੋ ਗਏ ਹਨ। ੭. (ਇਹ ਸਭ ਕੁਝ ਕਰਕੇ ਫਿਰ ਨਿਮ੍ਰਤਾ ਨਾਲ) ਸਭ ਅੱਗੇ ਨਿੰਵਦੇ, ਮਿੱਠਾ ਬੋਲਦੇ, ਪੈਰਾਂ ਦੀ ਧੂੜੀ ਸਦਵਾਉਂਦੇ ਹਨ॥ ੨॥

੩. ਤਿੰਨ ਨਾਮਾਂ ਦੀ ਗਿਣਤੀ ਅਤੇ ਗੁਰਮੁਖ

੧. ਬ੍ਰਹਮਾ ਬਿਸਨੁ ਮਹੇਸੁ ਤ੍ਰੈ ਲੋਕ ਵੇਦ ਗੁਣ ਗਿਆਨ ਲੰਘਾਏ।
੨. ਭੂਤ ਭਵਿਖਹੁ ਵਰਤਮਾਨੁ ਆਦਿ ਮਧਿ ਜਿਣਿ ਅੰਤਿ ਸਿਧਾਏ।
੩. ਮਨ ਬਚ ਕਰਮ ਇਕਤ੍ਰ ਕਰਿ ਜੰਮਣ ਮਰਣ ਜੀਵਣ ਜਿਣਿ ਆਏ।
੪. ਆਧਿ ਬਿਆਧਿ ਉਪਾਧਿ ਸਾਧਿ ਸੁਰਗ ਮਿਰਤ ਪਾਤਾਲ ਨਿਵਾਏ।
੫. ਉਤਮੁ ਮਧਮ ਨੀਚ ਸਾਧਿ ਬਾਲਕ ਜੋਬਨ ਬਿਰਧਿ ਜਿਣਾਏ।
੬. ਇੜਾ ਪਿੰਗੁਲਾ ਸੁਖਮਨਾ ਤ੍ਰਿਕੁਟੀ ਲੰਘਿ ਤ੍ਰਿਬੇਣੀ ਨ੍ਹਾਏ।
੭. ਗੁਰਮੁਖਿ ਇਕੁ ਮਨਿ ਇਕੁ ਧਿਆਏ॥ ੩॥

ਪਦ ਅਰਥ - ਲੋਕ ਵੇਦ=ਲੋਕ ਵਾਰਤਾ। ਸਿਧਾਏ=ਚਲੇ ਗਏ। ਤ੍ਰਿਬੇਣੀ=ਸਹਿਜ ਅਵਸਥਾ।

ਅਰਥ - ੧. (ਗੁਰਸਿੱਖ, ਗੁਰਮੁਖ) ਬ੍ਰਹਮ, ਬਿਸ਼ਨ ਤੇ ਸ਼ਿਵਜੀ ਅਤੇ ਧਰਮ ਪੁਸਤਕਾਂ, ਗੁਣ ਅਤੇ ਗਿਆਨ ਇਨ੍ਹਾਂ ਤਿੰਨਾਂ ਹਾਲਤਾਂ ਤੋਂ ਲੰਘ ਗਏ ਹਨ। ੨. ਬੀਤ ਚੁੱਕਾ, ਆ ਰਿਹਾ ਤੇ ਵਰਤਮਾਨ ਸਮਾਂ, ਆਦਿ ਮੱਧ ਤੇ ਅੰਤ, ਤਿੰਨਾਂ ਅਵਸਥਾਂ ਨੂੰ ਜਿੱਤ ਕੇ, ਅੰਤ (ਸਹਿਜ-ਅਵਸਥਾ) ਤਕ ਚਲੇ ਗਏ ਹਨ। ੩. ਮਨ, ਬਚਨ ਤੇ ਕਰਮ, ਇਨ੍ਹਾਂ ਤਿੰਨਾਂ ਨੂੰ ਇਕੱਤਰ ਕਰਕੇ, ਜੰਮਣ-ਮਰਨ ਨੂੰ ਜਿੱਤ ਆਏ ਹਨ, (ਭਾਵ ਜੋ ਕੁਝ ਕੀਤਾ, ਉਹ ਇੱਕ ਸੱਚ 'ਤੇ ਅਧਾਰਤ ਕੀਤਾ, ਜਿਸ ਕਰਕੇ ਜੰਮਣ-ਮਰਨ ਤੋਂ ਮੁਕਤ ਹੋ ਗਏ)। ੪. ਉਨ੍ਹਾਂ ਗੁਰਮੁਖਾਂ ਐਸੀ ਗੁਰੂ-ਟੇਕ ਦੇ ਅਧਾਰਤ ਜ਼ਿੰਦਗੀ ਬਣਾਈ ਕਿ ਆਧੀਆਂ, ਬਿਆਧੀਆਂ ਤੇ ਉਪਾਧੀਆਂ ਸਾਧ ਕੇ, ਸੁਰਗ, ਪਾਤਾਲ ਤੇ ਮਾਤ ਲੋਕ ਤਿੰਨੇ ਹੀ ਉਨ੍ਹਾਂ ਜਿੱਤੇ, ਭਾਵ ਨਿਵਾ ਲਏ ਹਨ। ੫. ਉੱਤਮ, ਮਧਮ, ਨੀਚ ਦਰਜਿਆਂ ਨੂੰ ਜਿੱਤ ਕੇ ਬਾਲਕ, ਜੋਬਨ ਤੇ ਬਿਰਧ ਅਵਸਥਾ ਨੂੰ ਵੀ ਜਿੱਤ ਗਏ ਹਨ। (ਤਿੰਨੇ ਨਾਮ ਜਪ ਕੇ ਸਫਲੇ ਕਰ ਲੀਤੇ ਹਨ)। ੬. ਇੜਾ, ਪਿੰਗਲਾ, ਸੁਖਮਨਾ ਦੀ ਤ੍ਰਿਕੁਟੀ ਨੂੰ ਲੰਘ ਤ੍ਰਿਬੇਣੀ (ਸ੍ਵੈ-ਸਰੂਪ) ਵਿਚ ਨ੍ਹਾਉਂਦੇ ਹਨ। ੭. (ਇਨ੍ਹਾਂ ਸਭ ਜਿੱਤਾਂ ਨੂੰ ਜਿੱਤਣ ਵਾਲੇ) ਗੁਰਮੁਖ ਇੱਕ ਮਨ ਹੋ ਕੇ ਇੱਕ (ਪ੍ਰਭੂ) ਦਾ ਧਿਆਨ ਰੱਖਦੇ ਹਨ, (ਉਸੇ ਇੱਕ ਪ੍ਰਭੂ ਵਿਚ ਅਭੇਦ ਹੋਏ ਰਹਿੰਦੇ ਹਨ)॥ ੩॥

੪. ਗੁਰਮੁਖ ਚੌਕੜੀਆਂ ਨੂੰ ਵੀ ਜਿੱਤਦੇ ਹਨ

੧. ਅੰਡਜ ਜੇਰਜ ਸਾਧਿ ਕੈ ਸੇਤਜ ਉਤਭੁਜ ਖਾਣੀ ਬਾਣੀ।
੨. ਚਾਰੇ ਕੁੰਡਾਂ ਚਾਰਿ ਜੁਗ ਚਾਰਿ ਵਰਨਿ ਚਾਰਿ ਵੇਦੁ ਵਖਾਣੀ।
੩. ਧਰਮੁ ਅਰਥੁ ਕਾਮੁ ਮੋਖੁ ਜਿਣਿ ਰਜ ਤਮ ਸਤ ਗੁਣ ਤੁਰੀਆ ਰਾਣੀ।
੪. ਸਨਕਾਦਿਕ ਆਸ੍ਰਮ ਉਲੰਘਿ ਚਾਰਿ ਵੀਰ ਵਸਗਤਿ ਕਰਿ ਆਣੀ।
੫. ਚਉਪੜਿ ਜਿਉ ਚਉਸਾਰ ਮਾਰਿ ਜੋੜਾ ਹੋਇ ਨ ਕੋਇ ਰਞਾਣੀ।
੬. ਰੰਗ ਬਿਰੰਗ ਤੰਬੋਲ ਰਸ ਬਹੁ ਰੰਗੀ ਇਕੁ ਰੰਗੁ ਨੀਸਾਣੀ।
੭. ਗੁਰਮੁਖਿ ਸਾਧਸੰਗਤਿ ਨਿਰਬਾਣੀ॥ ੪ ॥

ਪਦ ਅਰਥ - ਬਾਣੀ=ਚਾਰੇ ਬਾਣੀਆਂ। ਤੰਬੋਲ=ਪਾਨਾਂ ਦਾ ਬੀੜਾ। ਚਉਸਾਰ=ਚਾਰੇ ਪਾਸੇ। ਰਞਾਣੀ=ਮਰਨਾ।

ਅਰਥ - ੧. ਅੰਡਜ, ਜੇਰਜ, ਸੇਤਜ ਤੇ ਉਤਭੁਜ (ਚਾਰੇ ਖਾਣੀਆਂ, ਜਿਨ੍ਹਾਂ ਰਾਹੀਂ ਸ੍ਰਿਸ਼ਟੀ ਦੇ ਜੀਵ ਪੈਦਾ ਹੁੰਦੇ ਹਨ)। ਚਾਰੇ ਬਾਣੀਆਂ (ਪਰਾ ਪਸੰਤੀ, ਮੱਧਮਾ ਤੇ ਬੈਖਰੀ)। ੨. ਚਾਰੇ ਕੁੰਡਾਂ (ਪਾਸੇ), ਚਾਰ ਜੁਗ, ਚਾਰ ਵਰਣ ਤੇ ਚਾਰੇ ਵੇਦ ਕਹੇ ਜਾਂਦੇ ਹਨ। ੩. ਧਰਮ, ਅਰਥ ਤੇ ਕਾਮ ਮੋਖ (ਚਾਰੇ ਪਦਾਰਥਾਂ ਨੂੰ) ਜਿੱਤ ਕੇ, ਰਜੋ, ਸਤੋ, ਤਮੋ ਤੇ ਤੁਰੀਆ (ਅਵਸਥਾ ਨੂੰ ਵੀ ਗੁਰਮੁਖ ਨੇ) ਜਿੱਤ ਲਿਆ ਹੈ। ੪. (ਚਾਰੇ) ਸਨਕ, ਸਨੰਦਨ, ਸਨਾਤਨ, ਸੰਤ ਕੁਮਾਰ, (ਚਾਰੇ) ਆਸ਼ਰਮਾਂ ਨੂੰ ਲੰਘ ਕੇ, ਚਾਰੇ ਵੀਰਾਂ (ਹਨੂੰਮਾਨ, ਨਰਸਿੰਘ, ਲੰਕੜਾ ਤੇ ਭੈਰੋਂ ਬੀਰਾਂ ਨੂੰ ਗੁਰਮੁਖ) ਵਸ ਵਿਚ ਕਰ ਲੈਂਦੇ ਹਨ। ੫. ਜਿਵੇਂ ਕੋਈ ਚਉਪੜ ਦੀ ਖੇਡ ਵਿਚ ਚਾਰੇ ਪਾਸੇ ਮਾਰ ਕੇ, ਨਰਦਾਂ ਦੇ ਇੱਕਠੇ ਕੀਤੇ ਜੋੜੇ ਨੂੰ ਕੋਈ ਨਹੀਂ ਮਾਰ ਸਕਦਾ, (ਇਸੇ ਤਰ੍ਹਾਂ ਗੁਰਮੁਖ ਤੇ ਪ੍ਰਭੂ, ਦੋਵੇਂ ਇੱਕਠੇ ਹੋ ਜਾਂਦੇ ਹਨ, ਤਾਂ ਉਸਨੂੰ ਵੀ ਕੋਈ ਜਿੱਤ ਜਾਂ ਮਾਰ ਨਹੀਂ ਸਕਦਾ)। ੬. ਪਾਨ ਵਿਚ ਬਹੁਤੇ ਰੰਗਾਂ ਦੀਆਂ ਚੀਜ਼ਾਂ ਪੈਂਦੀਆਂ ਹਨ, ਪਰ ਜਦ ਉਹ ਚਿੱਥਿਆ ਜਾਂਦਾ ਹੈ ਤਾਂ ਸਭਨਾਂ ਦਾ ਇਕੋ (ਲਾਲ) ਰੰਗ ਬਣ ਜਾਂਦਾ ਹੈ। ੭. (ਇਸੇ ਤਰ੍ਹਾਂ) ਗੁਰਮੁਖ (ਸਭ ਹਾਲਤਾਂ ਵਿਚੋਂ ਲੰਘ) ਇੱਕ ਸਾਧ ਸੰਗਤ ਦੀ ਬਦੋਲਤ ਸਦਾ ਹੀ ਨਿਰਬਾਣ (ਪਦ, ਭਾਵ ਸਹਿਜ ਅਵਸਥਾ) ਵਿਚ ਟਿਕ ਜਾਂਦੇ ਹਨ॥ ੪ ॥

੫. ਪੰਜਾਂ ਦੀ ਗਿਣਤੀ ਨਾਲ ਗੁਰਮੁਖਤਾਈ

੧. ਪਉਣੁ ਪਾਣੀ ਬੈਸੰਤਰੋ ਧਰਤਿ ਅਕਾਸੁ ਉਲੰਘਿ ਪਇਆਣਾ।
੨. ਕਾਮੁ ਕ੍ਰੋਧੁ ਵਿਰੋਧੁ ਲੰਘਿ ਲੋਭੁ ਮੋਹੁ ਅਹੰਕਾਰੁ ਵਿਹਾਣਾ।
੩. ਸਤਿ ਸੰਤੋਖ ਦਇਆ ਧਰਮੁ ਅਰਥੁ ਸੁ ਗਰੰਥੁ ·ਪੰਚ ਪਰਵਾਣਾ।

੪. ਖੇਚਰ ਭੂਚਰ ਚਾਚਰੀ ਉਨਮਨ ਲੰਘਿ ਅਗੋਚਰ ਬਾਣਾ।
੫. ਪੰਚਾਇਣ ਪਰਮੇਸਰੋ ਪੰਚ ਸਬਦ ਘਨਘੋਰ ਨੀਸਾਣਾ।
੬. ਗੁਰਮੁਖਿ ਪੰਚ ਭੂਆਤਮਾ ਸਾਧਸੰਗਤਿ ਮਿਲਿ ਸਾਧ ਸੁਹਾਣਾ।
੭. ਸਹਜ ਸਮਾਧਿ ਨ ਆਵਣ ਜਾਣਾ॥ ੫॥

ਪਦ ਅਰਥ - ਪਇਆਣਾ=ਜਾਂਦਾ ਹੈ। ਵਿਹਾਣਾ=ਵਿਹਾ ਗਿਆ, ਮੁਕ ਗਿਆ। ਅਰਥੁ ਸੁ ਗਰੰਥੁ=ਚੰਗੇ ਗ੍ਰੰਥਾਂ ਦੇ ਚੰਗੇ ਅਰਥ।

ਅਰਥ - ੧. (ਗੁਰਮੁਖ) ਧਰਤੀ ਤੇ ਆਕਾਸ਼, ਪੌਣ ਪਾਣੀ ਤੇ ਅਗਨੀ (ਇਨ੍ਹਾਂ ਸਭ ਚੀਜ਼ਾਂ ਦੀ ਪਕੜ ਤੋਂ ਅੱਗੇ) ਲੰਘ ਜਾਂਦੇ ਹਨ। ੨. ਕਾਮ, ਕ੍ਰੋਧ, ਤੇ ਵੈਰ-ਵਿਰੋਧ ਨੂੰ ਪਛਾੜਕੇ ਲੋਭ ਅਤੇ ਮੋਹ ਨੂੰ ਵੀ ਖਤਮ ਕਰ ਦੇਂਦੇ ਹਨ, ੩. ਸਤਿ, ਸੰਤੋਖ, ਦਇਆ, ਧਰਮ ਤੇ ਗ੍ਰੰਥਾਂ ਦੇ ਸ਼ੁਭ (ਭਾਵ ਠੀਕ) ਅਰਥ (ਇਨ੍ਹਾਂ) ਪੰਜਾਂ ਵਿਚ ਪ੍ਰਮਾਣੀਕ ਹੋ ਜਾਂਦੇ ਹਨ। ੪. (ਗੁਰਮੁਖ ਜੋਗ ਦੇ ਪੰਜਾਂ ਅੰਗਾਂ) ਖੇਚਰ (ਸ੍ਵਾਸ ਚਾੜ੍ਹਨੇ), ਭੂਚਰ (ਸ੍ਵਾਸਾਂ ਨੂੰ ਠਹਿਰਾਉਣਾ), ਚਾਚਰੀ (ਸ੍ਵਾਸ ਉਤਾਰਨੇ), ਉਨਮਨ (ਤੁਰੀਆ ਪਦ) ਨੂੰ ਲੰਘ ਕੇ (ਮਨ ਬਾਣੀ ਤੋਂ ਵੀ ਅੱਗੇ) ਅਗੋਚਰ ਅਵਸਥਾ ਵਿਚ ਪੁਜ ਜਾਂਦੇ ਹਨ। ੫. (ਇਹ ਅਵਸਥਾ) ਪੰਚਾਇਣ ਪਰਮੇਸ਼ਰ ਦੇ ਘਰ ਦੀ ਹੈ, ਜਿਥੇ (ਗੁਰਮੁਖਾਂ ਨੂੰ) ਪੰਚ ਸ਼ਬਦਾਂ ਦੀ ਘਨਘੋਰ (ਅਨਹਦ ਸ਼ਬਦ ਦੀ ਧੁਨੀ) ਸੁਣੀਦੀ ਹੈ, (ਜੋ ਪ੍ਰਭੂ ਦੇ ਮਿਲਣ ਦੀ) ਨਿਸ਼ਾਨੀ ਹੈ। ੬. ਗੁਰਮੁਖਾਂ ਨੇ ਪੰਜ ਭੂਤਕ ਸਰੀਰ ਵਿਚਲੀ ਆਤਮਾ ਨੂੰ, ਸਾਧ ਸੰਗਤ ਦੇ ਮੇਲ ਵਿਚ ਮਿਲ ਕੇ ਸਾਧ ਲਿਆ ਹੈ, ਤੇ (ਇਸ ਪਿੱਛੋਂ) ਉਹ ਸ਼ੋਭਨੀਕ ਸੁਹਾਵਣੇ ਬਣ ਗਏ ਹਨ। ੭. (ਜਿਥੇ ਉਹ) ਸਹਿਜ ਸਮਾਧੀ (ਵਿਚ ਟਿਕ ਕੇ) ਆਉਣ ਜਾਣ (ਭਾਵ ਜਨਮ-ਮਰਨ ਦੇ ਚੱਕਰ ਤੋਂ) ਮੁਕਤ ਹੋ ਜਾਂਦੇ ਹਨ॥ ੫॥

੬. ਛਿਆਂ ਦੀ ਗਿਣਤੀ ਵਿੱਚ ਗੁਰਮੁਖ

੧. ਛਿਅ ਰੁਤੀ ਕਰਿ ਸਾਧਨਾ ਛਿਅ ਦਰਸਨ ਸਾਧੈ ਗੁਰਮਤੀ।
੨. ਛਿਅ ਰਸ ਰਸਨਾ ਸਾਧਿ ਕੈ ਰਾਗ ਰਾਗਣੀ ਭਾਇ ਭਗਤੀ।
੩. ਛਿਅ ਚਿਰਜੀਵੀ ਛਿਅ ਜਤੀ ਚੱਕ੍ਰ ਵਰਤਿ ਛਿਅ ਸਾਧਿ ਜੁਗਤੀ।
੪. ਛਿਅ ਸਾਸਤ੍ਰ ਛਿਅ ਕਰਮ ਜਿਣਿ ਛਿਅ ਗੁਰਾਂ ਗੁਰ ਸੁਰਤਿ ਨਿਰਤੀ।
੫. ਛਿਅ ਵਰਤਾਰੇ ਸਾਧਿ ਕੈ ਛਿਅ ਛਕ ਛਤੀ ਪਵਣ ਪਰਤੀ।
੬. ਸਾਧਸੰਗਤਿ ਗੁਰ ਸਬਦ ਸੁਰੱਤੀ॥ ੬॥

ਪਦ ਅਰਥ - ਸੁਰਤਿ ਨਿਰਤੀ=ਇੱਕ ਰਸ ਪ੍ਰੀਤੀ। ਵਰਤਾਰੇ=ਵਰਤ ਰਹੇ ਕਰਮ ਕਾਂਡ। ਪਵਣ ਪਰਤੀ=ਸ੍ਵਾਸਾਂ ਦਾ ਉਲਟਾਉਣਾ ਜਾਂ ਪਰਤਾਉਣਾ।

ਅਰਥ - ੧. ਛੇ ਰੁਤਾਂ ਵਿਚ ਸਾਧਨਾ ਕਰਕੇ, ਗੁਰੂ-ਸਿੱਖਿਆ ਦੇ ਬਲ ਨਾਲ (ਗੁਰਮੁਖ ਨੇ) ਛੇ ਦਰਸ਼ਨ ਜਿੱਤ ਲਏ ਹਨ। ੨. ਰਸਨਾ ਦੇ ਛੇ ਰਸ (ਖੱਟਾ, ਮਿੱਠਾ, ਕੌੜਾ, ਸਲੂਣਾ, ਕਸੈਲਾ ਤੇ ਤਿੱਖਾ) ਸਾਧ ਲਏ ਹਨ, ਛੇ ਹੀ ਰਾਗ ਰਾਗਣੀਆਂ ਸਮੇਤ (ਗੁਰਮੁਖ ਦੀ ਰਸਨਾ ਨਾਲ ਮਿਲ ਕੇ) ਪ੍ਰੇਮਾ-ਭਗਤੀਆਂ ਕਰਦੀਆਂ ਹਨ। ੩. ਛੇ ਚਿਰਜੀਵੀ ਤੇ ਛੇ ਜਤੀ ਅਤੇ ਛੇ ਚਕ੍ਰਵਰਤੀ ਭੀ ਜੁਗਤੀ (ਪ੍ਰਾਣਾਯਾਮ ਨਾਲ) ਸਾਧੇ, ਭਾਵ ਜਿੱਤ ਲਏ ਹਨ। ੪. ਛੇ ਸ਼ਾਸਤ੍ਰਾਂ ਦੇ ਛੇ ਕਰਮਾਂ (ਜਪ, ਹੋਮ, ਸੰਧਯਾ, ਇਸ਼ਨਾਨ, ਅਭਿਆਗਤ ਦੀ ਪੂਜਾ, ਦੇਵ ਅਰਚਾ) ਨੂੰ ਫਤਹ ਕਰਕੇ, ਛੇ ਗੁਰੂਆਂ (ਛੇ ਸ਼ਾਸਤ੍ਰਾਂ ਦੇ ਕਰਤੇ) ਦੇ ਗੁਰੂ (ਪਰਮੇਸ਼ਰ) ਨਾਲ ਸੱਚੀ ਪ੍ਰੀਤੀ ਜੋੜ ਲੈਂਦੇ ਹਨ। ੫. ਛੇ ਵਰਤਾਰੇ (ਪੰਜ ਗਿਆਨ ਇੰਦ੍ਰੀਆਂ ਤੇ ਛੇਵਾਂ ਅੰਤਹਕਰਨ ਨੂੰ) ਸਾਧ (ਜਿੱਤ) ਕੇ, ਛੇ ਛੀਕੇ ਛੱਤੀ (ਭਾਵ ਪਾਖੰਡਾਂ) ਵੱਲੋਂ ਆਪਣੀ ਸੁਰਤ (ਸੁਆਸਾਂ ਜਾਂ ਮਨ) ਨੂੰ ਮੋੜ ਲਿਆ ਹੈ। ੬. ਗੁਰਮੁਖਾਂ ਦੀ ਸੁਰਤ (ਕੇਵਲ) ਸਾਧ ਸੰਗਤ ਤੇ (ਗੁਰੂ ਦੇ) ਸ਼ਬਦ ਨਾਲ ਜੁੜ ਜਾਂਦੀ ਹੈ॥ ੬॥

੭. ਸੱਤਾਂ ਦੀ ਗਿਣਤੀ ਵਿੱਚ ਭੀ ਗੁਰਮੁਖ ਦੀ ਪ੍ਰਧਾਨਤਾ

੧. ਸਤ ਸਮੁੰਦ ਉਲੰਘਿਆ ਦੀਪ ਸਤ ਇਕੁ ਦੀਪਕੁ ਬਲਿਆ।
੨. ਸਤ ਸੂਤ ਇਕ ਸੂਤਿ ਕਰਿ ਸਤੇ ਪੁਰੀਆ ਲੰਘਿ ਉਛਲਿਆ।
੩. ਸਤ ਸਤੀ ਜਿਣਿ ਸਪਤ ਰਿਖਿ ਸਤਿ ਸੁਰਾ ਜਿਣਿ ਅਟਲੁ ਨ ਟਲਿਆ।
੪. ਸਤੇ ਸੀਵਾਂ ਸਾਧਿ ਕੈ ਸਤੀਂ ਸੀਵੀਂ ਸੁਫਲਿਓ ਫਲਿਆ।
੫. ਸਤ ਅਕਾਸ ਪਤਾਲ ਸਤ ਵਸਿਗਤਿ ਕਰਿ ਉਪਰੇਰੈ ਚਲਿਆ।
੬. ਸਤੇ ਧਾਰੀ ਲੰਘਿ ਕੈ ਭੈਰਉ ਖੇਤ੍ਰਪਾਲ ਦਲ ਮਲਿਆ।
੭. ਸਤੇ ਰੋਹਣਿ ਸਤਿ ਵਾਰ ਸਤਿ ਸੁਹਾਗਣਿ ਸਾਧਿ ਨ ਢਲਿਆ।
੮. ਗੁਰਮੁਖਿ ਸਾਧਸੰਗਤਿ ਵਿਚਿ ਖਲਿਆ॥ ੭॥

ਪਦ ਅਰਥ - ਉਲੰਘਿਆ=ਲੰਘ ਗਿਆ। ਉਛਲਿਆ=ਉੱਚਾ ਹੋ ਕੇ ਟੱਪਿਆ।

ਅਰਥ - ੧. ਸੱਤੇ ਸਮੁੰਦਰਾਂ (ਖਾਰੀ, ਖੀਰ, ਦਧਿ, ਮਧੂ, ਇਖ, ਜਲ, ਰਸ, ਘ੍ਰਿਤ) ਨੂੰ (ਗੁਰਮੁਖ) ਟੱਪ ਗਿਆ ਹੈ ਤੇ ਸੱਤਾਂ ਹੀ ਦੀਪਾਂ ਵਿਚ (ਉਸ ਦੀ ਗਿਆਨ-ਕਰਨੀ ਦਾ) ਦੀਵਾ ਜਗ ਪਿਆ ਹੈ। ੨. (ਉਹ ਘਰ ਦੇ) ਸੱਤੇ ਪ੍ਰਕਾਰ ਦੇ ਸੂਤਾਂ ਨੂੰ ਇੱਕ ਸੂਤਰ ਬਣਾ ਕੇ (ਇੱਕ ਸਤਿਗੁਰੂ ਤੇ ਪ੍ਰਭੂ ਜੀ ਦਾ ਭਰੋਸਾ ਮੰਨ ਕੇ) ਧ੍ਰੂ , ਸ਼ਿਵ ਤੇ ਇੰਦਰਪੁਰੀ ਆਦਿ ਸੱਤੇ ਪੁਰੀਆਂ ਤੋਂ ਉੱਚਾ ਉਛਲ ਕੇ (ਨਿਰਇੱਛਤ ਹੋ) ਪਾਰ ਲੰਘ ਜਾਂਦਾ ਹੈ। ੩. ਸਤ ਸਤੀ (ਹਰੀ ਚੰਦ, ਦਸ਼ਰਥ, ਰਾਜਾ ਰਾਮ, ਯੁਧਿਸ਼ਟਰ, ਪਰਸ, ਰਾਮ, ਬਲਰਾਮ ਅਤੇ ਸ਼ੈਵੀ ਨੂੰ) ਜਿੱਤ ਕੇ, ਸੱਤੇ ਸੁਰਾਂ ਅਤੇ ਸੱਤੇ ਰਿਖੀਆਂ ਨੂੰ ਸਾਧ ਕੇ ਅਟੱਲ ਹੋ ਜਾਂਦਾ ਹੈ। (ਭਾਵ ਮੁੜ ਡਿੱਗਦਾ ਨਹੀਂ)। ੪. (ਇੱਕ ਪ੍ਰਭੂ ਦਾ ਐਸਾ ਦ੍ਰਿੜ੍ਹ ਵਿਸ਼ਵਾਸੀ ਹੋ ਜਾਂਦਾ ਹੈ ਕਿ) ਸੱਤੇ ਭੂਮਿਕਾ (ਸ਼ੁਭ ਇੱਛਾ ਤੇ ਸੁਵਿਚਰਨਾ ਆਦਿ) ਤੇ ਸੱਤਾਂ ਹੱਦਾਂ ਵਿਚ (ਗਿਆਨ, ਵੈਰਾਗ ਤੇ ਬਿਬੇਕ ਆਦਿਕ ਫਲਾਂ ਵਾਲਾ ਹੋਣ ਕਰਕੇ)

ਵਧਦਾ ਫੁਲਦਾ ਹੈ। ੫. ਸੱਤੇ ਆਕਾਸ਼ਾਂ ਤੇ ਸੱਤੇ ਪਾਤਾਲਾਂ ਨੂੰ ਵਸ ਵਿਚ ਕਰਕੇ ਉੱਚ-ਪਦਵੀ ਨੂੰ ਪ੍ਰਾਪਤ ਹੁੰਦਾ ਹੈ। ੬. ਸੱਤੇ ਪਰਬਤਾਂ (ਉਚਾਈਆਂ) ਨੂੰ ਉਲੰਘ, ਭੈਰਵ ਆਦਿ ਭੂਤ ਪ੍ਰੇਤਾਂ ਨੂੰ ਪਛਾੜ ਦੇਂਦਾ ਹੈ। ੭. ਸੱਤ ਰੋਹਣੀਆਂ ਤੇ ਸੱਤ ਵਾਰ (ਸੱਤ ਗ੍ਰਹਿਆਂ ਸੂਰਜ, ਚੰਦ, ਮੰਗਲ, ਬੁਧ, ਛਨੀ, ਰਾਹੂ-ਕੇਤੂ ਆਦਿ) ਸੱਤ ਸੁਹਾਗਣਾਂ (ਚੰਦਰਮਾਂ ਤੇ ਰਿਖੀਆਂ ਦੀਆਂ ਇਸਤ੍ਰੀਆਂ) ਗੁਰਮੁਖ ਕਿਸੇ ਦੇ ਭੈ ਤੇ ਭਰਮ ਵਿਚ ਗੁਰਮੁਖਤਾਈ ਤੋਂ ਨਹੀਂ ਹਾਰਦਾ। ੮. ਗੁਰਮੁਖ ਸਾਧ ਸੰਗਤ ਦੇ ਆਸਰੇ ਖਲੋ ਕੇ (ਸਭ 'ਤੇ ਜਿੱਤ ਪਾਉਂਦਾ ਹੈ)॥੭॥

੮. ਅੱਠਾਂ ਦੀ ਗਿਣਤੀ ਤੇ ਗੁਰਮੁਖ

੧. ਅਠੈ ਸਿਧੀ ਸਾਧਿ ਕੈ ਸਾਧਿਕ ਸਿਧ ਸਮਾਧਿ ਫਲਾਈ।
੨. ਅਸਟਕੁਲੀ ਬਿਖੁ ਸਾਧਨਾ ਸਿਮਰਣਿ ਸੇਖ ਨ ਕੀਮਤਿ ਪਾਈ।
੩. ਮਣੁ ਹੋਇ ਅਠ ਪੈਸੇਰੀਆ ਪੰਜੂ ਅਠੇ ਚਾਲੀਹ ਭਾਈ।
੪. ਜਿਉ ਚਰਖਾ ਅਠ ਖੰਭੀਆ ਇਕਤੁ ਸੂਤਿ ਰਹੈ ਲਿਵ ਲਾਈ।
੫. ਅਠ ਪਹਿਰ ਅਸਟਾਂਗੁ ਜੋਗੁ ਚਾਵਲ ਰਤੀ ਮਾਸਾ ਰਾਈ।
੬. ਅਠ ਕਾਠਾ ਮਨੁ ਵਸ ਕਰਿ ਅਸਟ ਧਾਤੁ ਇਕੁ ਧਾਤੁ ਕਰਾਈ।
੭. ਸਾਧਸੰਗਤਿ ਵਡੀ ਵਡਿਆਈ॥੮॥

ਪਦ ਅਰਥ - ਸਾਧਿਕ=ਘਾਲਣਾ ਘਾਲਣ ਵਾਲੇ। ਬਿਖੁ=ਜ਼ਹਿਰ। ਸੇਖ=ਸ਼ੇਸ਼ ਨਾਗ। ਅਠ ਕਾਠਾ=ਚਰਖਾ।

ਅਰਥ - ੧. ਅੱਠ ਸਿੱਧੀਆਂ ਨੂੰ ਪ੍ਰਾਪਤ ਕਰਕੇ, ਕਮਾਈਆਂ ਕਰਨ ਵਾਲੇ ਸਿੱਧਾਂ ਨੇ ਸਮਾਧੀਆਂ ਫੈਲਾਈਆਂ, (ਭਾਵ ਸਾਰਾ ਜ਼ੋਰ ਲਾਇਆ, ਪਰ ਅੰਤ ਨਾ ਪਾ ਸਕੇ)। ੨. ਸ਼ੇਸ਼ ਨਾਗ ਨੇ ਸੱਪਾਂ ਦੀਆਂ ਅੱਠਾਂ ਕੁਲਾਂ ਨੂੰ ਹੀ ਜਿੱਤ ਲਿਆ, ਪਰ ਸਿਮਰਣ ਕਰਕੇ ਉਹ ਭੀ (ਪ੍ਰਭੂ ਦਾ) ਅੰਤ ਨਹੀਂ ਪਾ ਸਕਿਆ। ੩. ਅੱਠਾਂ ਪੰਸੇਰੀਆਂ ਦਾ ਮਣ, ਤੇ ਪੰਜੂ ਅੱਠੇ ਚਾਲੀ ਹੁੰਦੇ ਹਨ, ਹੇ ਭਾਈ ! (ਮਣ ਤੋਂ ਭਾਵ ਮਨ ਹੈ, ਅੱਠਾਂ ਧਾਤਾਂ ਦਾ ਬਣਿਆ ਮਨ ਆਖਿਆ ਜਾਂਦਾ ਹੈ)। ੪. ਜਿਵੇਂ ਚਰਖਾ ਅੱਠ ਖੰਭੀਆਂ ਵਾਲਾ ਹੁੰਦਾ ਹੈ, ਪਰ ਸੂਤ ਇਕੋ ਨਾਲ ਹੀ ਉਹ ਲਿਵ ਲਾਉਂਦਾ ਹੈ। (ਇਕੋ ਮਾਲ ਦੇ ਧਾਗੇ ਨਾਲ ਭੌਂਦਾ ਹੈ। ਇਸੇ ਤਰ੍ਹਾਂ ਮਨ ਵੀ ਪ੍ਰਭੂ-ਸੱਤਾ ਨਾਲ ਹੀ ਕੰਮ ਕਰਦਾ ਹੈ)। ੫. ਅੱਠਾਂ ਪਹਿਰਾਂ ਦਾ ਦਿਨ ਤੇ ਰਾਤ ਹੈ, ਅੱਠ ਹੀ ਜੋਗ ਦੇ ਅੰਗ ਹਨ, ਇਵੇਂ ਹੀ ਅੱਠ ਰਾਈ ਦਾ ਇੱਕ ਚਉਲ, ੮ ਚੌਲਾਂ ਦੀ ਇੱਕ ਰੱਤੀ, ੮ ਰਤੀਆਂ ਦਾ ਇੱਕ ਮਾਸਾ (ਇਵੇਂ ਹੀ ਸਰੀਰ ਵੀ ਅੱਠਾਂ ਧਾਤਾਂ ਦਾ ਹੈ)। ੬. ਕਠੋਰ ਮਨ ਨੂੰ ਵਸ ਵਿਚ ਕਰਕੇ ਗੁਰਮੁਖਾਂ ਨੇ ੮ ਧਾਤਾਂ ਦੀ ਇੱਕ ਧਾਤ ਕਰ ਦਿੱਤੀ ਹੈ। (ਭਾਵ ਲਿਵ ਜੋੜ ਕੇ, ਮਨ ਨੂੰ ਇੱਕ ਧਾਤ ਜੇਹਾ ਕਰ ਦਿੱਤਾ ਹੈ)। ੭. ਇਸ ਲਈ (ਇਸ ਸਭ ਕੁਝ ਕਰਨ ਵਾਲੀ) ਸਾਧ ਸੰਗਤ ਦੀ ਵਡਿਆਈ ਕਥਨ ਤੋਂ ਬਾਹਰ ਹੈ॥੮॥

੯. ਨੌਂ ਦੀ ਗਿਣਤੀ ਵਿਚ ਗੁਰਮੁਖ ਦੀ ਵਿਸ਼ੇਸ਼ਤਾ

੧. ਨਥਿ ਚਲਾਏ ਨਵੈ ਨਾਥਿ ਨਾਥਾ ਨਾਥੁ ਅਨਾਥ ਸਹਾਈ।
੨. ਨਉ ਨਿਧਾਨ ਫੁਰਮਾਨ ਵਿਚਿ ਪਰਮ ਨਿਧਾਨ ਗਿਆਨ ਗੁਰਭਾਈ।
੩. ਨਉ ਭਗਤੀ ਨਉ ਭਗਤਿ ਕਰਿ ਗੁਰਮੁਖਿ ਪ੍ਰੇਮ ਭਗਤਿ ਲਿਵਲਾਈ।
੪. ਨਉ ਗ੍ਰਿਹ ਸਾਧ ਗ੍ਰਿਹਸਤ ਵਿਚਿ ਪੂਰੇ ਸਤਿਗੁਰ ਦੀ ਵਡਿਆਈ।
੫. ਨਉਖੰਡ ਸਾਧ ਅਖੰਡ ਹੋਇ ਨਉ ਦੁਆਰਿ ਲੰਘਿ ਨਿਜ ਘਰਿ ਜਾਈ।
੬. ਨਉ ਅੰਗ ਨੀਲ ਅਨੀਲ ਹੋਇ ਨਉ ਕੁਲ ਨਿਗ੍ਰਹ ਸਹਜਿ ਸਮਾਈ।
੭. ਗੁਰਮੁਖਿ ਸੁਖ ਫਲੁ ਅਲਖੁ ਲਖਾਈ॥ ੯॥

ਪਦ ਅਰਥ - ਅਨਾਥ=ਮਾਲਕ ਤੋਂ ਰਹਿਤ। ਗੁਰਭਾਈ=ਸੰਗੀ ਸਾਥੀ। ਨੀਲ ਅਨੀਲ=ਗਿਣਤੀ ਤੋਂ ਰਹਿਤ, ਭਾਵ ਅਣਗਿਣਤ।

ਅਰਥ - ੧. ਨੌਂ ਨਾਥ (ਗੋਰਖ ਆਦਿ) ਨੱਥ ਕੇ ਚਲਾਏ (ਭਾਵ ਹੁਕਮ ਵਿਚ ਤੋਰੇ) ਹਨ, ੨. ਨੌਂ ਨਿਧੀਆਂ (ਖਜ਼ਾਨੇ) ਉਨ੍ਹਾਂ (ਗੁਰਮੁਖਾਂ) ਦੇ ਹੁਕਮ ਵਿਚ ਹਨ, (ਕਿਉਂਕਿ ਉਨ੍ਹਾਂ ਨੇ) ਵੱਡੇ ਖਜ਼ਾਨੇ (ਗੁਰੂ ਦੇ ਗਿਆਨ) ਨੂੰ ਅੰਗ ਸੰਗ ਕਰ ਲੀਤਾ ਹੈ। ੩. ਨੌਂ ਪ੍ਰਕਾਰ ਦੀ ਭਗਤੀ ਕਰਕੇ ਭਗਤ ਬਣੀਦਾ ਹੈ, ਪਰ ਗੁਰਮੁਖ ਨੇ ਨੌਂ ਪ੍ਰਕਾਰ ਦੇ ਭਰਮ-ਭੇਦ ਨੂੰ ਛੱਡ ਇੱਕ ਪ੍ਰੇਮਾ-ਭਗਤੀ ਨਾਲ ਲਿਵ ਲਾਈ ਹੈ। ੪. ਨੌਂ ਗ੍ਰਹਿ (ਭਾਵ ਅੱਖਾਂ, ਕੰਨ, ਨੱਕ, ਮੂੰਹ ਆਦਿ ਗੁਰਮੁਖ ਨੇ) ਗ੍ਰਹਿਸਥ ਵਿਚ ਰਹਿਕੇ ਹੀ ਵਸ ਕਰ ਲਏ ਹਨ, ਇਹ ਪੂਰੇ ਸਤਿਗੁਰਾਂ ਦੀ ਮਹਾਨ ਵਡਿਆਈ ਦਾ ਹੀ ਕ੍ਰਿਸ਼ਮਾ ਹੈ। ੫. ਨੌਂ ਖੰਡ ਧਰਤੀ ਨੂੰ ਜਿੱਤ ਕੇ ਤੇ ਆਪ ਅਖੰਡ ਰਹਿੰਦੇ ਹਨ, ਨੌਂ ਦੁਆਰਿਆਂ (ਨੱਕ, ਅੱਖਾਂ, ਕੰਨ ਆਦਿ) ਨੂੰ ਜਿੱਤ ਕੇ, ਦਸਵੇਂ ਦੁਆਰ ਵਿਖੇ ਪੁਜ, ਸ੍ਵੈ ਸਰੂਪ ਦੇ ਨਿਜ ਘਰ ਵਿਚ ਜਾ ਪਹੁੰਚਦੇ ਹਨ। ੬. (ਜਿਵੇਂ) ਨੌਂ ਅੰਗਾਂ ਦੀ ਗਿਣਤੀ ਨੀਲ ਅਨੀਲ ਬੇਗਿਣਤੀ ਤਕ ਜਾ ਵਧਦੀ ਹੈ, (ਇਸੇ ਤਰ੍ਹਾਂ ਗੁਰਮੁਖ, ਨੌਂ ਗੋਲਕਾਂ ਨੂੰ ਸਾਧ ਕੇ ਸਹਿਜ ਪਦ ਵਿਖੇ ਲੀਨ ਹੋ ਜਾਂਦੇ ਹਨ)। ੭. ਗੁਰਮੁਖਾਂ ਨੂੰ, ਨਾ ਲਖੇ ਜਾਣ ਵਾਲੇ ਸੁਖਾਂ ਦਾ ਫਲ, ਨਜ਼ਰੀ ਆ ਜਾਂਦਾ ਹੈ। (ਬਸ, ਗੁਰਮੁਖ ਦੀ ਇਹੋ ਵਿਸ਼ੇਸ਼ਤਾ ਹੈ ਕਿ ਗੁਰਮੁਖ ਜਾਣ ਜਾਂਦਾ ਹੈ, ਤੇ ਨਾ ਜਾਣਨ ਵਾਲੇ ਭਟਕਦੇ, ਭਰਮਾਂ ਵਿਚ ਪਏ ਰਹਿੰਦੇ ਹਨ)॥ ੯॥

੧੦. ਦਸ ਦੀ ਗਿਣਤੀ ਤੇ ਗੁਰਮੁਖ

੧. ਸੰਨਿਆਸੀ ਦਸ ਨਾਵ ਧਰਿ ਸਚ ਨਾਵ ਵਿਣੁ ਨਾਵ ਗਣਾਇਆ।
੨. ਦਸ ਅਵਤਾਰ ਅਕਾਰੁ ਕਰਿ ਏਕੰਕਾਰੁ ਨ ਅਲਖੁ ਲਖਾਇਆ।
੩. ਤੀਰਥ ਪੁਰਬ ਸੰਜੋਗ ਵਿਚਿ ਦਸ ਪੁਰਬੀਂ ਗੁਰਪੁਰਬਿ ਨ ਪਾਇਆ।

੪. ਇਕ ਮਨਿ ਇਕ ਨ ਚੇਤਿਓ ਸਾਧਸੰਗਤਿ ਵਿਣੁ ਦਹਦਿਸਿ ਧਾਇਆ।
੫. ਦਸ ਦਹੀਆਂ ਦਸ ਅਸ੍ਵਮੇਧ ਖਾਇ ਅਮੇਧ ਨਿਖੇਧੁ ਕਰਾਇਆ।
੬. ਇੰਦਰੀਆਂ ਦਸ ਵਸਿ ਕਰਿ ਬਾਹਰਿ ਜਾਂਦਾ ਵਰਜਿ ਰਹਾਇਆ।
੭. ਪੈਰੀ ਪੈ ਜਗੁ ਪੈਰੀ ਪਾਇਆ॥੧੦॥

ਪਦ ਅਰਥ - ਪੁਰਬ=ਮਹਾਤਮ। ਅਸ੍ਵਮੇਧ=ਘੋੜੇ ਦਾ ਜੱਗ। ਅਮੇਧ=ਅਪਵਿੱਤਰ ਮੁਰਦਾ, ਮਾਸ। ਨਿਖੇਧੁ=ਬੁਰਾ ਜਾਣਨਾ।

ਅਰਥ - ੧. ਸੰਨਜਾਸੀਆਂ ਨੇ (ਗਿਰੀ, ਪੁਰੀ ਆਦਿ) ਦਸ ਨਾਮ ਧਰਾ ਕੇ, ਸੱਚੇ (ਪ੍ਰਭੂ ਦੇ) ਨਾਮ ਤੋਂ ਬਗੈਰ, ਵਾਧੂ (ਆਪਣਾ ਆਪ ਨਾਵਾਂ ਵਾਲਾ) ਗਿਣਾਇਆ, (ਗਰਬ ਕੀਤਾ)। ੨. ਦਸ ਅਵਤਾਰਾਂ ਦੇ ਸਰੂਪ (ਮੱਛ, ਕੱਛ, ਬਰਾਹ ਆਦਿ) ਬਣਾਏ, ਪਰ ਏਕੰਕਾਰ (ਪ੍ਰਭੂ ਜੀ ਨੇ ਉਨ੍ਹਾਂ ਨੂੰ) ਆਪਣੇ ਨਾ ਲਖੇ ਜਾਣ ਵਾਲੇ ਸਰੂਪ ਦਾ ਭੇਦ ਨਹੀਂ ਦਿੱਤਾ। ੩. ਤੀਰਥਾਂ ਦੇ ਪੁਰਬ (ਮਹਾਤਮ, ਮਾਘੀ, ਵਿਸਾਖੀ, ਦੁਸਹਿਰਾ, ਦੀਵਾਲੀ, ਨਿਮਾਣੀ, ਟੁਕੜੀ, ਦੁਆਦਸ਼ੀ, ਜਨਮ ਅਸ਼ਟਮੀ, ਵਿਤੀਪਾਤ ਤੇ ਵੱਧ੍ਰਿਤ ਆਦਿ ੧੦ ਪੁਰਬੀਆਂ ਦੇ) ਸੰਜੋਗ (ਮੇਲ) ਕਰਕੇ (ਆਪਣੇ ਵਲੋਂ) ਵਡੇ ਮਹਾਤਮ ਵਾਲੇ ਬਣਾਏ, ਪਰ ਗੁਰਪੁਰਬ ਦੀ ਮਹਾਨਤਾ ਨੂੰ ਇਹ ਤੀਰਥ ਪੁਰਬ ਨਹੀਂ ਪਾ ਸਕਦੇ। ੪. (ਜਿਨ੍ਹਾਂ ਨੇ) ਇੱਕ ਮਨ ਹੋ ਕੇ ਇੱਕ (ਪਰਮੇਸ਼ਰ) ਨੂੰ ਨਹੀਂ ਯਾਦ ਕੀਤਾ, (ਭਾਵ) ਸਾਧ ਸੰਗਤ (ਜੋ ਪਰਮੇਸ਼ਰ ਦੇ ਸਿਮਰਨ, ਹਾਰਿਆਂ ਦੀ ਸਭਾ ਹੈ) ਤੋਂ ਬਿਨਾਂ ਹੋਰ ਜੋ ਕੁਝ ਵੀ ਹੈ, ਉਹ ਦਹਦਿਸ਼ਾਂ ਵਿੱਚ ਭਟਕਣ ਦੇ ਸਮਾਨ ਹੈ। ੫. (ਮੁਸਲਮਾਨਾਂ ਦੇ) ਦਸ ਦਹੇ ਤੇ ਹਿੰਦੂਆਂ ਦੇ ਦਸ ਯੱਗ (ਅਸ੍ਵਮੇਧ, ਗਜਮੇਧ, ਗੋਮੇਧ, ਅਜ, ਨਰ, ਰਾਜਸ, ਬ੍ਰਹਮ ਯੱਗ, ਅਨਜਗ, ਹੋੜ੍ਹ ਤੇ ਜਾੜ੍ਹ) ਇਹ ਵੀ ਅਮੇਧ (ਅਪਵਿੱਤਰ) ਹਨ, (ਹਿੰਦੂਆਂ ਵਿਚ ਅਹਿੰਸਾ ਵੱਡਾ ਧਰਮ ਗਿਣਿਆਂ ਜਾਂਦਾ ਹੈ, ਪਰ ਯੱਗਾਂ ਵਿਚ ਮਾਸ ਟੁਕੜੇ ਕਰ ਕਰ ਹੋਮ ਕੀਤਾ ਜਾਂਦਾ ਹੈ), ਇਸ ਕਰਕੇ ਇਹ ਨਿਖੇਧ ਹੋ ਗਏ, ਅਹਿੰਸਾ ਦੇ ਕਾਰਣ ਅਪਵਿੱਤਰ ਹੋ ਗਏ। ੬. (ਪਰ ਸਤਿਗੁਰੂ ਜੀ ਤੋਂ ਵਰੋਸਾਏ ਗੁਰਮੁਖਾਂ ਨੇ) ਦਸ ਇੰਦਰੀਆਂ (ਪੰਜ ਗਿਆਨ ਤੇ ਪੰਜ ਕਰਮ ਇੰਦ੍ਰੀਆਂ) ਆਪਣੇ ਅਧੀਨ ਕਰਕੇ (ਯਾਰਵੇਂ ਮਨ) ਨੂੰ ਵੀ ਬਾਹਰ (ਦਿਸਦੀਆਂ ਵਸਤਾਂ ਦੇ ਪਿਆਰ) ਵੱਲੋਂ ਹਟਾ ਕੇ, ਅੰਤਰ ਮੁਖੀ ਕਰ ਲਿਆ ਹੈ। ੭. (ਐਸੇ ਗੁਰਮੁਖ) ਪੈਰੀਂ ਪੈ ਕੇ (ਭਾਵ ਨਿਮ੍ਰਤਾ ਤੇ ਮਿਠਾਸ ਨਾਲ) ਜਗਤ ਨੂੰ ਚਰਣੀਂ ਲਾ ਲੈਂਦੇ ਹਨ ਭਾਵ ਨਿਵਾ ਲੈਂਦੇ ਹਨ॥੧੦॥

੧੧. ਯਾਰਾਂ ਦੀ ਗਿਣਤੀ ਤੇ ਗੁਰਮੁਖ

੧. ਇਕ ਮਨਿ ਹੋਇ ਇਕਾਦਸੀ ਗੁਰਮੁਖਿ ਵਰਤੁ ਪਤਿਬ੍ਰਤਿ ਭਾਇਆ।
੨. ਗਿਆਰਹ ਰੁਦ੍ਰ ਸਮੁਦ੍ਰ ਵਿਚਿ ਪਲ ਦਾ ਪਾਰਾਵਾਰੁ ਨ ਪਾਇਆ।
੩. ਗਿਆਰਹ ਕਸ ਗਿਆਰਹ ਕਸੇ ਕਸਿ ਕਸਵੱਟੀ ਕਸ ਕਸਾਇਆ।
੪. ਗਿਆਰਹ ਗੁਣ ਫੈਲਾਉ ਕਰਿ ਕਚ ਪਕਾਈ ਅਘੜ ਘੜਾਇਆ।

੫. ਗਿਆਰਹ ਦਾਉ ਚੜ੍ਹਾਉ ਕਰਿ ਦੂਜਾ ਭਾਉ ਕੁਦਾਉ ਹਰਾਇਆ।
੬. ਗਿਆਰਹ ਗੇੜਾ ਸਿਖੁ ਸੁਣਿ ਗੁਰ ਸਿਖੁ ਲੈ ਗੁਰਸਿਖੁ ਸਦਾਇਆ।
੭. ਸਾਧਸੰਗਤਿ ਗੁਰੁ ਸਬਦੁ ਵਸਾਇਆ॥ ੧੧॥

ਪਦ ਅਰਥ - ਪਤਿਬ੍ਰਤਿ=ਇੱਕ ਪਤੀ ਨੂੰ ਹੀ ਪਰਮੇਸ਼ਰ ਦਾ ਰੂਪ ਸਮਝਣ ਵਾਲੀ ਇਸਤ੍ਰੀ। ਰੁਦ੍ਰ=ਸ਼ਿਵ ਜੀ। ਸਮੁਦ੍ਰ=ਸੰਸਾਰ।

ਅਰਥ - ੧. ਗੁਰਮੁਖਾਂ ਦਾ ਵਰਤ ਇਕਾਦਸ਼ੀ ਇਹੋ ਹੈ ਕਿ ਉਹ ਇੱਕ ਮਨ (ਇਕਾਗਰ) ਹੋ ਕੇ ਪਤੀਬ੍ਰਤ (ਇਸਤ੍ਰੀ ਵਾਂਗ, ਇੱਕ ਪ੍ਰਭੂ ਦੀ) ਭਗਤੀ ਨੂੰ ਹੀ ਕਰਦੇ ਹਨ। ਹੋਰ ਵਰਤ (ਵਖਾਵੇ ਦੇ ਰੋਟੀ ਨਾ ਖਾਣ ਵਾਲੇ ਉਨ੍ਹਾਂ ਨੂੰ) ਨਹੀਂ ਭਾਉਂਦੇ। ੨. ਸੰਸਾਰ ਵਿਚ ੧੧ ਸ਼ਿਵਜੀ ਹੋਏ ਹਨ, ਜਿਨ੍ਹਾਂ ਨੇ (ਪ੍ਰਭੂ ਦੀ) ਇੱਕ ਪਲ ਦੀ ਵੀ ਖਬਰ ਨਹੀਂ ਪਾਈ। ੩. ਯਾਰਾਂ (੫ ਕਰਮ ਤੇ ੫ ਗਿਆਨ ਇੰਦ੍ਰੀਆਂ ਵਾਲਾ ਯਾਰਵਾਂ ਮਨ ਆਪ) ਕਾਬੂ ਕੀਤੇ ਤੇ ੧੧ ਹੀ (ਅੱਗੋਂ ਇਨ੍ਹਾਂ ਇੰਦ੍ਰੀਆਂ ਦੀਆਂ ਖਾਹਿਸ਼ਾਂ) ਕੱਸੇ (ਤੇ ਫੇਰ ਇੱਕ ਪ੍ਰਭੂ ਭਗਤੀ) ਕਸਵੱਟੀ ਨਾਲ ਕਸ ਲਾ ਕੇ (ਮਨ ਨੂੰ) ਸ਼ੁੱਧ ਕੀਤਾ। ੪. ੧੧ ਗੁਣਾਂ ਵਾਲੇ ਨੂੰ ੧੧ ਹੀ ਪਾਸਿਆਂ ਦੇ ਫੈਲਾਉ ਵਾਂਗ, ਵੱਡਾ ਫੈਲਾਉ ਕਰਕੇ, ਅਘੜ (ਕੱਚੇ) ਨੂੰ ਘੜ ਕੇ ਪੱਕਾ ਕੀਤਾ। (ਭਾਵ ਯਾਰਾਂ ਦੇ ਫੈਲਾਉ ਨੂੰ ਵਧਣੋਂ ਰੋਕ ਲਿਆ)। ੫. ਯਾਰਾਂ (ਸਤਿ, ਸੰਤੋਖ, ਦਇਆ, ਧਰਮ, ਧੀਰਜ, ਸਮ, ਦਮ, ਉਪਰਤਿ, ਤਤਿੱਖਿਆ, ਸ਼ਰਾਧ, ਸਮਾਧਾਨਤਾ) ਨਾਲ ਮਨ ਨੂੰ ਸੋਧਿਆ (ਭਾਵ ਪੱਕਾ ਕਰਕੇ) ਦੂਜਾ-ਭਾਵ (ਦੁਬਿਧਾ) ਮਨ ਦਾ ਖੋਟਾ ਸੁਭਾਅ ਖਤਮ ਕਰ ਦਿੱਤਾ ਹੈ (ਹਰਾ ਦਿੱਤਾ ਹੈ)। ੬. ਯਾਰਾਂ ਇੰਦ੍ਰਿਆਂ ਵਾਲੇ ਮਨ ਨੂੰ (ਸੰਸਾਰ ਵੱਲੋਂ) ਗੇੜ ਕੇ (ਪੁੱਠਾ ਕਰਕੇ) ੧੧ ਵੇਰ ਗੁਰਮੰਤ੍ਰ ਤੇ ਗੁਰੂ ਸਿੱਖਿਆ ਦ੍ਰਿੜ੍ਹ ਕਰਾਈ, (ਤਾਂ ਜਾ ਕੇ) ਸਿੱਖ ਸਦਵਾਇਆ। ੭. ਸਾਧ ਸੰਗਤ ਵਿਚ ਗੁਰ-ਸ਼ਬਦ ਹੈ, (ਜਿਥੋਂ ਲੈ ਕੇ, ਸਿੱਖ ਨੇ ਮਨ ਵਿਚ) ਵਸਾ ਲਿਆ ਹੈ॥ ੧੧ ॥

੧੨. ਬਾਰਾਂ ਦੀ ਗਿਣਤੀ ਤੇ ਗੁਰਮੁਖ

੧. ਬਾਰਹ ਪੰਥ ਸੁਧਾਇ ਕੈ ਗੁਰਮੁਖਿ ਗਾਡੀ ਰਾਹ ਚਲਾਇਆ।
੨. ਸੂਰਜ ਬਾਰਹ ਮਾਹ ਵਿਚਿ ਸਸੀਅਰੁ ਇਕਤੁ ਮਾਹਿ ਫਿਰਾਇਆ।
੩. ਬਾਰਹ ਸੋਲਹ ਮੇਲਿ ਕਰਿ ਸਸੀਅਰ ਅੰਦਰਿ ਸੂਰ ਸਮਾਇਆ।
੪. ਬਾਰਹ ਤਿਲਕ ਮਿਟਾਇਕੈ ਗੁਰਮੁਖਿ ਤਿਲਕੁ ਨੀਸਾਣੁ ਚੜਾਇਆ।
੫. ਬਾਰਹ ਰਾਸੀ ਸਾਧਿ ਕੈ ਸਚਿ ਰਾਸਿ ਰਹਰਾਸਿ ਲੁਭਾਇਆ।
੬. ਬਾਰਹ ਵੰਨੀ ਹੋਇ ਕੈ ਬਾਰਹ ਮਾਸੇ ਤੋਲਿ ਤੁਲਾਇਆ।
੭. ਪਾਰਸ ਪਾਰਸਿ ਪਰਸਿ ਕਰਾਇਆ॥ ੧੨॥

ਪਦ ਅਰਥ - ਸੁਧਾਇ ਕੈ=ਸੋਧ ਕੇ। ਸਸੀਅਰੁ=ਚੰਦਰਮਾਂ। ਬਾਰਹ=ਮਨ, ਬੁਧੀ ਤੇ ੧੦ ਇੰਦ੍ਰੇ। ਸੋਲਹ=ਪੰਜ ਤੱਤ, ੧੦ ਪ੍ਰਾਣ ਤੇ ਇੱਕ ਮਨ।

ਅਰਥ - ੧. ਜੋਗੀਆਂ ਦੇ ੧੨ ਪੰਥਾਂ ਨੂੰ ਸੋਧ ਕੇ, ਗੁਰਮੁਖ (ਗੁਰੂ ਦੇ ਸਮਝਾਏ) ਗਾਡੀ ਰਾਹ 'ਤੇ ਚਲਦੇ ਹਨ। ੨. ਸੂਰਜ ੧੨ ਮਹੀਨਿਆਂ ਵਿਚ (ਸ੍ਰਿਸ਼ਟੀ ਆਲੇ ਦੁਆਲੇ ਭੌਂਦਾ ਹੈ, ਪਰ) ਚੰਦਰਮਾਂ ਇੱਕ ਮਹੀਨੇ ਵਿਚ ਹੀ ਪਰਦੱਖਣਾ ਕਰ ਲੈਂਦਾ ਹੈ। (ਭਾਵ ਜੋ ਕੰਮ ਤਾਮਸੀ ਨਾਲ ਕਰੇ, ਉਹ ਸਤੋ ਗੁਣ, ਸ਼ਾਂਤੀ ਤੇ ਮਿੱਠੇ ਸੁਭਾ ਨਾਲੋਂ ੧੨ ਗੁਣਾਂ ਵਧ ਸਮੇਂ ਵਿਚ ਮੁਸ਼ਕਿਲ ਨਾਲ ਹੁੰਦਾ ਹੈ)। ੩. ਬਾਰਾਂ—ਮਨ, ਬੁਧ ਤੇ ਇੰਦ੍ਰੇ, ਸੋਲਾਂ—ਮਨ, ਤਤ ਤੇ ਪ੍ਰਾਣਾਂ, ਨੂੰ ਇੱਕਠੇ ਕਰਕੇ ਇੱਕ ਸਤੋ ਗੁਣੀ ਘਰ ਵਿਚ ਜਾ ਸਮਾਇਆ (ਭਾਵ ਤਾਮਸੀ ਤੇ ਹੋਰ ਅਉਗੁਣਾਂ ਨੂੰ ਮੇਟ ਦਿੱਤਾ) ਹੈ। ੪. ਜੋਗੀ-ਪੰਥਾਂ ਦੇ ੧੨ ਤਿਲਕ (ਨਿਸ਼ਾਨਾਂ) ਨੂੰ ਮੇਟ ਕੇ, ਗੁਰਮੁਖ ਦੇ ਮੱਥੇ 'ਤੇ ਇਕੋ ਨਿਸ਼ਾਨ (ਗੁਰਮੁਖਤਾਈ) ਵਧ ਚੜ੍ਹ ਕੇ ਪ੍ਰਗਟ ਹੋ ਜਾਂਦਾ ਹੈ। ੫. ੧੨ ਰਾਸਾਂ (ਕੁੰਭ, ਮੇਖ, ਬਿਰਖ ਆਦਿ ਦੀਆਂ ਵਿਚਾਰਾਂ) ਨੂੰ ਸਾਧ, ਜਿੱਤ ਕੇ (ਛੱਡ ਕੇ) ਇਕੋ ਸੱਚੀ ਰਾਸ (ਹਰਿ ਧਨ ਦੀ) ਰਹਰਾਸਿ (ਰਹੁਰੀਤੀ) ਕੀਤੀ ਹੈ। ੬. (ਇਸ ਗੁਰਮਤਿ ਰਹੁਰੀਤੀ 'ਤੇ ਚੱਲ ਕੇ) ਬਾਰਾਂ ਵੰਨੀਆਂ ਦਾ ਹੋ ਕੇ (ਮੁਕੰਮਲ ਸ਼ੁੱਧ ਹੋ ਕੇ) ਫਿਰ ੧੨ ਮਾਸੇ ਦਾ ਤੋਲਾ ਹੋ ਕੇ ਤੋਲ ਤੇ ਤੁਲਾਇਆ ਜਾਂਦਾ ਹੈ। ੭. ਪਾਰਸ (ਸੱਚੀ ਗੁਰਮਤਿ ਰਹੁਰੀਤੀ ਤੇ ਗੁਰ-ਉਪਦੇਸ਼) ਨਾਲ ਲੱਗ ਕੇ (ਗੁਰਮੁਖ ਆਪ) ਪਾਰਸ ਦਾ ਰੂਪ ਬਣ ਜਾਂਦੇ ਹਨ॥ ੧੨॥

੧੩. ਤੇਰਾਂ ਦੀ ਗਿਣਤੀ ਅਤੇ ਗੁਰਮੁਖ ਦੀ ਰਹਿਣੀ

੧. ਤੇਰਹ ਤਾਲ ਅਊਰਿਆ ਗੁਰਮੁਖ ਸੁਖ ਤਪੁ ਤਾਲ ਪੁਰਾਇਆ।
੨. ਤੇਰਹ ਰਤਨ ਅਕਾਰਥੇ ਗੁਰ ਉਪਦੇਸੁ ਰਤਨੁ ਧਨੁ ਪਾਇਆ।
੩. ਤੇਰਹ ਪਦ ਕਰਿ ਜਗ ਵਿਚਿ ਪਿਤਰਿ ਕਰਮ ਕਰਿ ਭਰਮਿ ਭੁਲਾਇਆ।
੪. ਲਖ ਲਖ ਜਗ ਨ ਪੁਜਨੀ ਗੁਰਸਿਖ ਚਰਣੋਦਕ ਪੀਆਇਆ।
੫. ਜਗ ਭੋਗ ਨਈਵੇਦ ਲਖ ਗੁਰਮੁਖਿ ਮੁਖਿ ਇਕੁ ਦਾਣਾ ਪਾਇਆ।
੬. ਗੁਰਭਾਈ ਸੰਤੁਸਟੁ ਕਰਿ ਗੁਰਮੁਖਿ ਸੁਖ ਫਲੁ ਪਿਰਮੁ ਚਖਾਇਆ।
੭. ਭਗਤਿ ਵਛਲੁ ਹੋਇ ਅਛਲੁ ਛਲਾਇਆ॥ ੧੩॥

ਪਦ ਅਰਥ - ਅਊਰਿਆ=ਉਰੇ ਹਨ, ਘਟ। ਅਕਾਰਥੇ=ਨਿਸਫਲ। ਸੰਤੁਸਟੁ=ਤ੍ਰਿਪਤ। ਅਛਲ ਛਲਾਇਆ=ਨਾ ਛਲੇ ਜਾਣ ਵਾਲਾ ਹੈ, ਪਰ ਭਗਤਾਂ ਕੋਲੋਂ ਛਲਵਾ ਲੈਂਦਾ ਹੈ।

ਅਰਥ - ੧. ਤੇਰਾਂ ਤਾਲ (ਰਾਗ ਦੇ ਮੁੰਕਮਲ ਤਾਲ ਕਹਿੰਦੇ ਹਨ, ਪਰ ਭਾਈ ਸਾਹਿਬ ਕਹਿੰਦੇ ਹਨ, ਨਹੀਂ, ਇਹ) ਨਾ-ਮੁੰਕਮਲ ਹਨ, ਗੁਰਮੁਖ (ਹੀ ਹਨ, ਜਿਨ੍ਹਾਂ ਨੇ) ਸੁਖਾਂ ਦਾ ਤਾਲ (ਪ੍ਰਭੂ ਭਗਤੀ ਨਾਲ) ਪੂਰਾ ਕੀਤਾ ਹੈ, (ਭਾਵ ਮੁਕੰਮਲਤਾਈ ਭਗਤੀ ਵਿਚ ਹੀ ਹੈ)। ੨. ਤੇਰਾਂ ਰਤਨ (ਵਡੀਆਂ ਕੀਮਤਾਂ ਵਾਲੇ) ਵਿਅਰਥ ਹਨ, (ਜਿਸ ਦੇ ਮੁਕਾਬਲੇ) ਗੁਰੂ ਦਾ ਉਪਦੇਸ਼ ਰੂਪ ਰਤਨ ਵੱਡਾ ਧਨ ਹੈ, (ਜੋ ਗੁਰਮੁਖਾਂ ਨੇ) ਪ੍ਰਾਪਤ ਕੀਤਾ ਹੈ। ੩. ਸੰਸਾਰ ਵਿਚ (ਜੱਗ ਕਰਨ ਦੇ) ਤੇਰਾਂ ਤਰ੍ਹਾਂ ਦੇ ਕਰਮ-ਕਾਂਡ, ਮ੍ਰਿਤ-ਕਰਮ ਆਦਿ ਬਣਾ ਕੇ, (ਕਰਮ-ਕਾਂਡੀਆਂ ਨੇ ਸਭ ਨੂੰ) ਭਰਮਾਂ ਵਿੱਚ ਪਾ ਕੇ ਕੁਰਾਹੇ ਪਾ ਦਿੱਤਾ ਹੈ, ੪. (ਪਰ) ਗੁਰੂ ਸਾਹਿਬ ਦੇ ਸਿੱਖਾਂ ਦੇ ਚਰਣਾਂ ਦੀ ਧੋਣ (ਚਰਣੋਦਕ) ਦੀ ਮਹਾਨਤਾ ਤੀਕ ਲੱਖਾਂ ਜੱਗ ਵੀ ਨਹੀਂ ਪੁੱਜ ਸਕਦੇ, ਜਿਸ ਨੂੰ ਗੁਰਸਿੱਖ ਪੀ ਕੇ

(ਅਗਮ) ਨਿਗਮ ਦੀ ਸੋਝੀ ਵਾਲੇ ਹੋ ਜਾਂਦੇ ਹਨ)। ੫. ਲੱਖਾਂ ਜੱਗਾਂ ਤੇ ਭੋਜਨ ਦੇ ਭੰਡਾਰਿਆਂ ਦਾ ਫਲ ਗੁਰਸਿੱਖ ਦੇ ਮੂੰਹ ਵਿਚ ਇੱਕ ਦਾਣਾ (ਭਾਵ ਰੁਖਾ ਮਿੱਸਾ) ਪਾਉਣ ਨਾਲ ਮਿਲ ਜਾਂਦਾ ਹੈ। ੬. (ਗੁਰਮੁਖ) ਗੁਰ ਸਿੱਖ ਭਾਈਆਂ ਨੂੰ ਪ੍ਰਸੰਨ ਕਰਕੇ, ਸੁਖਾਂ ਦੇ ਫਲ ਤੇ ਵੱਡੇ ਪ੍ਰੇਮ-ਰਸ ਨੂੰ ਚੱਖਦੇ ਹਨ। ੭. ਭਗਤਾਂ ਦੇ ਸਹਾਈ ਹੋਣ ਕਰਕੇ ਭਗਵਾਨ ਜੀ ਆਪ ਭਗਤਾਂ ਦੇ ਪ੍ਰੇਮ ਦੇ ਅਧੀਨ ਹੋ ਕੇ, ਆਪੇ ਹੀ ਆਪਣੇ ਆਪ ਨੂੰ, ਭਗਤਾਂ ਕੋਲੋਂ ਛਲਾ ਲੈਂਦੇ ਹਨ॥ ੧੩॥

੧੪. ੧੪, ੧੫ ਤੇ ੧੬ ਦੀ ਗਿਣਤੀ ਦਾ ਗੁਰਮੁਖ

੧. ਚਉਦਹ ਵਿਦਿਆ ਸਾਧਿ ਕੈ ਗੁਰਮਤਿ ਅਬਿਗਤਿ ਅਕਥ ਕਹਾਣੀ।
੨. ਚਉਦਹ ਭਵਣ ਉਲੰਘਿ ਕੈ ਨਿਜ ਘਰਿ ਵਾਸੁ ਨੇਹੁ ਨਿਰਬਾਣੀ।
੩. ਪੰਦ੍ਰਹ ਥਿਤੀ ਪਖੁ ਇਕੁ ਕ੍ਰਿਸਨ ਸੁਕਲ ਦੁਇ ਪਖ ਨੀਸਾਣੀ।
੪. ਸੋਲਹ ਸਾਰ ਸੰਘਾਰੁ ਕਰਿ ਜੋੜਾ ਜੁੜਿਆ ਨਿਰਭਉ ਜਾਣੀ।
੫. ਸੋਲਹ ਕਲਾ ਸੰਪੂਰਣੋ ਸਸਿ ਘਰਿ ਸੂਰਜੁ ਵਿਰਤੀ ਹਾਣੀ।
੬. ਨਾਰਿ ਸੋਲਹ ਸੀਂਗਾਰ ਕਰਿ ਸੇਜ ਭਤਾਰ ਪਿਰਮ ਰਸੁ ਮਾਣੀ।
੭. ਸਿਵ ਤੈ ਸਕਤਿ ਸਤਾਰਹ ਵਾਣੀ॥ ੧੪॥

ਪਦ ਅਰਥ - ਅਬਿਗਤਿ=ਹਾਲਤ, ਗਤੀ ਤੋਂ ਪਰੇ। ਨਿਰਬਾਣੀ=ਅਟੁੱਟ, ਸਹਿਜ ਪਦ। ਕ੍ਰਿਸਨ ਸੁਕਲ=ਕਾਲਾ ਤੇ ਚਿੱਟਾ। ਸਾਰ=ਨਰਦਾਂ। ਹਾਣੀ=ਹਾਣਤਾ।

ਅਰਥ - ੧. ਚਉਦਹ ਵਿਦਿਆ ਨੂੰ (ਜਾਣਨ ਵਾਲੇ) ਸਾਧ ਕੇ, ਗੁਰਮਤਿ ਦੀ ਨਾ ਚਲਾਇਮਾਨ ਹੋਣ ਵਾਲੀ ਅਕਥ ਕਥਾ (ਨੂੰ ਗੁਰਮੁਖ ਕਰਦੇ ਹਨ)। ੨. ਚਉਦਹ ਭਵਨਾਂ ਨੂੰ ਲੰਘ ਕੇ ਆਪਣੇ ਸ੍ਵੈ-ਸ੍ਵਰੂਪ ਵਿੱਚ, ਪ੍ਰੇਮ ਰਸ ਵਾਲੇ, ਨਿਰਬਾਣ (ਸਹਜ) ਪਦ ਨੂੰ ਧਾਰਣ ਕਰਕੇ ਜਾ ਵੱਸਦੇ ਹਨ। ੩. ਪੰਦਰਾਂ ਥਿੱਤਾਂ ਤੇ (ਇੱਕ ਮਹੀਨੇ ਵਿਚ) ਦੋ ਪੱਖ ਹਨ—ਕ੍ਰਿਸ਼ਨ ਤੇ ਸ਼ੁਕਲ (ਹਨੇਰਾ ਤੇ ਚਾਨਣਾ)। ੪. ਸੋਲਾਂ ਨਰਦਾਂ (ਵਾਲੀ ਚਉਪੜ ਦੀ ਬਾਜੀ ਵਿਚ ਸਭ) ਨੂੰ ਮਾਰ ਕੇ ਜਦ (ਜਿਸਦਾ ਵੀ) ਜੋੜਾ ਜੁੜ ਗਿਆ, ਤਾਂ ਬਾਕੀ ਹਾਰਨ ਦਾ ਡਰ ਮੁੱਕ ਗਿਆ। ੫. ਸੋਲਾਂ ਕਲਾਂ ਸੰਪੂਰਣ ਹੋਣ ਮਗਰੋਂ (ਜਦੋਂ) ਚੰਦਰਮਾਂ ਸੂਰਜ ਘਰ ਵਿਚ ਦਾਖਲ ਹੋਇਆ, ਪੂਰਨਮਾਸ਼ੀ ਮਗਰੋਂ ਚੰਦਰਮਾਂ ਦਾ ਹਨੇਰਾ ਪੱਖ ਲੱਗਦਾ ਹੈ, ਮਤਲਬ ਕਿ ਚੰਦਰਮਾਂ ਦਿਨੋ ਸੂਰਜ ਦੇ ਘਰ ਜਾਣਾ ਸ਼ੁਰੂ ਹੋ ਜਾਂਦਾ ਹੈ, ਤੇ ਸੂਰਜ ਦੇ ਤੇਜ ਵਿਚ ਦਿਸਦਾ ਨਹੀਂ, ਭਾਵ ਉਸਨੂੰ (ਦੂਜੇ ਘਰ ਵਿਚ ਜਾਣ ਕਰਕੇ ਘਾਟਾ ਵਰਤ ਜਾਂਦਾ ਹੈ)। ੬. ਇਸਤ੍ਰੀ (ਜਗਜਾਸੂ ਦੇ ਰੂਪ ਵਿਚ) ਸੋਲਾਂ (ਭਗਤੀ ਦੇ ਗੁਣਾਂ ਨੂੰ) ਸ਼ਿੰਗਾਰ ਕਰਕੇ (ਹਿਰਦੇ ਮੰਦਰ) ਦੀ ਸੇਜਾ 'ਤੇ ਪਿਆਰੇ (ਪ੍ਰਭੂ ਦਾ ਪ੍ਰੇਮ) ਆਨੰਦ ਮਾਣਦੀ (ਸ੍ਵੈ-ਪਦ ਵਿਚ ਪੁਜਦੀ) ਹੈ। ੭. ਸ਼ਿਵ ਤੇ ਸ਼ਕਤੀ ਦੀਆਂ ੧੭ ਬਾਣੀਆਂ ਹਨ। (ਸ਼ਕਤੀ-ਮਾਇਆ ਦੀਆਂ ੧੬ ਕਲਾਂ ਹਨ—ਪ੍ਰਾਣਾਂ ਦੀਆਂ ੧੦, ੫ ਤੱਤ ਤੇ ਇੱਕ ਮਨ)। ਸ਼ਿਵ (ਪ੍ਰਭੂ) ਦੀ ਇਕੋ ਕਲਾ (ਏਕਤਾ) ਹੈ। ਉਹ ਸਭ ਨੂੰ ਸਮੇਟ ਕੇ ਫਿਰ ਇੱਕ ਦਾ ਇੱਕ ਹੋ ਜਾਂਦਾ ਹੈ। ਇਸ ਤਰ੍ਹਾਂ ੧੭ ਸ਼ਕਤੀਆਂ ਹਨ॥ ੧੪॥

੧੫. ੧੮ ਤੋਂ ੩੪ ਤੀਕ ਦੀ ਗਿਣਤੀ

੧. ਗੋਤ ਅਠਾਰਹ ਸੋਧਿ ਕੈ ਪੜੈ ਪੁਰਾਣ ਅਠਾਰਹ ਭਾਈ।
੨. ਉਨੀ ਵੀਹ ਇਕੀਹ ਲੰਘਿ ਬਾਈ ਉਮਰੇ ਸਾਧਿ ਨਿਵਾਈ।
੩. ਸੰਖ ਅਸੰਖ ਲੁਟਾਇ ਕੈ ਤੇਈ ਚੌਵੀ ਪੰਜੀਹ ਪਾਈ।
੪. ਛਬੀ ਜੋੜਿ ਸਤਾਈਹਾਂ ਆਇ ਅਠਾਈਹ ਮੇਲਿ ਮਿਲਾਈ।
੫. ਉਲੰਘਿ ਉਣਤੀਹ ਤੀਹ ਸਾਧਿ ਲੰਘਿ ਇਕਤੀਹ ਵਜੀ ਵਧਾਈ।
੬. ਸਾਧ ਸੁਲਖਣ ਬਤੀਹੇ ਤੇਤੀਹ ਧ੍ਰੂ ਚਉਫੇਰਿ ਫਿਰਾਈ।
੭. ਚਉਤੀਹ ਲੇਖ ਅਲੇਖ ਲਖਾਈ ॥ ੧੫ ॥

ਪਦ ਅਰਥ - ਗੋਤ=ਜਾਤ। ਉਨੀ=ਮਨਮੁਖ। ਵੀਹ=ਵੀਹ ਵਿਸਵੇ ਪੂਰਾ। ਉਮਰੇ=ਸੂਬੇ, ਉਮਰਾਵ।

ਅਰਥ - ੧. (ਗੁਰਸਿੱਖ ਨੇ) ਅਠਾਰਾਂ ਜਾਤਾਂ-ਗੋਤਾਂ ਨੂੰ ਸੋਧ ਸਾਧ ਕੇ ਅਠਾਰਾਂ ਪੁਰਾਣਾਂ ਨੂੰ ਵੀ, ਹੇ ਭਾਈ! ਪੜ੍ਹ ਲੀਤਾ ਹੈ। ੨. ਉੱਨੀ (ਊਨਤਾ, ਕਮੀਆਂ), ਵੀਹ (ਸੰਸਾਰ ਰੂਪ ਗਲੀ) ਤੇ ੨੧ (ਪੁਰੀਆਂ) ਨੂੰ ਲੰਘ ਕੇ, ੨੨ ਉਮਰਾਵਾਂ ਵਾਲੀ ਸਾਧਾਂ ਵਾਲੀ (ਸ਼ੁਭ ਕਰਨੀ ਨਾਲ) ਨਿਵਾ ਲਈ ਹੈ। ੩. ਅਨਗਿਣਤ ਸੰਖਾਂ, ਅਸੰਖਾਂ ਨੂੰ ਲੁਟਾ ਕੇ (ਭਾਵ ਲੁਟ ਕੇ, ਫ਼ਤਹਿ, ਕਰਕੇ) ਤੇਈ (੧੮ ਸਿੱਧੀਆਂ, ਤੇ ਪੰਜ ਸੰਤੋਖ ਆਦਿ ਗੁਣ), ਚੌਵੀ (ਅਵਤਾਰਾਂ) ਤੇ ਪੰਝੀ (ਪ੍ਰਕ੍ਰਿਤੀਆਂ ਦੀ ਜਾਣਕਾਰੀ) ਪਾ ਲਈਆਂ ਹਨ, (ਭਾਵ ਤ੍ਰਿਲੋਕੀ ਤੇ ਤਿੰਨੇ ਕਾਲਾਂ (ਸਮਿਆਂ) ਦੀ ਗਜਾਤਾ ਹੋ ਗਈ ਹੈ)। ੪. ੨੬ (੧੮ ਪਰਬ ਮਹਾਂ ਭਾਰਤ ਦੇ ਤੇ ਅੱਠ ਵਿਆਕਰਣ) ਸਤਾਈਵਾਂ (ਨਛੱਤਰਾਂ ਦਾ ਮੇਲ) ਜੋੜ ਕੇ ੨੮ਵਾਂ (ਰੇਵਤੀ ਨੱਛਤਰ ਨਾਲ ਲਿਆ) ਮੇਲਿਆ ਹੈ। ੫. ੨੮ ਦਿਨ (ਲੌਂਦ ਦੇ) ਉਲੰਘ ਕੇ, ਤੀਹ ਰੋਜ਼ਿਆਂ ਨੂੰ ਸਾਧ ਕੇ, ੩੧ਵਾਂ (ਸਿੰਮ੍ਰਤੀਆਂ ਦੀ) ਲੰਘਣ ਮਗਰੋਂ ਖੁਸ਼ੀ ਮਨਾਉਂਦੇ ਹਨ। ੬. (ਐਸੇ ਗੁਰਮੁਖ) ੩੨ ਸੁਲੱਖਣੇ (ਚੰਗੇ ਭਾਗਾਂ ਵਾਲੇ ਹਨ), ੩੩ ਕਰੋੜ ਦੇਵਤੇ ਜੋ ਧ੍ਰੂ ਦੇ ਦੁਆਲੇ ਫਿਰਦੇ ਹਨ ਸਭ ਸਾਧੇ ਜਾਣ ਲਏ ਹਨ। ੭. ਚੌਂਤੀ ਅੱਖਰਾਂ ਦੇ ਲੇਖੇ ਤੋਂ ਸੰਤ ਅਲੇਖ ਹੋ ਗਏ ਹਨ, (ਭਾਵ ਅਲੇਖ, ਨਾ ਜਾਣੇ ਜਾਣ ਵਾਲੇ ਪ੍ਰਭੂ ਨੂੰ ਜਾਣ ਗਏ ਹਨ)। ਨੋਟ-ਇਸ ਅੱਖਰਾਂ ਦੀ ਗਿਣਤੀ ਦਾ ਭਾਵ ਇਹ ਹੈ ਕਿ ਹੋਰ ਸਭ ਕੁਝ ਸੰਸਾਰਕ ਤੇ ਪ੍ਰਮਾਰਥਕ ਲੋਕ, ਜਿੰਨੇ ਵੀ ਵਡੇ ਜਾਂ ਪ੍ਰਸਿੱਧ ਹਨ, ਉਹ ਸਭ ਗਿਣਤੀ ਦੇ ਦਾਇਰੇ ਵਿਚ ਹਨ, ਪਰ ਗੁਰਮੁਖ ਇਨ੍ਹਾਂ ਸਭ ਵੱਡੀਆਂ ਤੇ ਪ੍ਰਸਿੱਧ ਗਿਣਤੀਆਂ ਨੂੰ ਲੰਘਕੇ, ਇੱਕ ਨਿਰਗੁਣ ਪ੍ਰਭੂ ਦੇ ਸਰੂਪ ਵਿਚ ਅਭੇਦ ਹੋ, ਅਲੋਪ ਹੋ ਵਰਤਦੇ ਹਨ॥ ੧੫ ॥

੧੬. ਪ੍ਰਭੂ ਦੀ ਸਿਫਤ-ਸਲਾਹ

੧. ਵੇਦ ਕਤੇਬਹੁ ਬਾਹਰਾ ਲੇਖ ਅਲੇਖ ਨ ਲਖਿਆ ਜਾਈ।
੨. ਰੂਪੁ ਅਨੂਪੁ ਅਚਰਜੁ ਹੈ ਦਰਸਨੁ ਦ੍ਰਿਸਟਿ ਅਗੋਚਰ ਭਾਈ।

੩. ਇਕੁ ਕਵਾਉ ਪਸਾਉ ਕਰਿ ਤੋਲੁ ਨ ਤੁਲਾਧਾਰ ਨ ਸਮਾਈ।
੪. ਕਥਨੀ ਬਦਨੀ ਬਾਹਰਾ ਥਕੈ ਸਬਦੁ ਸੁਰਤਿ ਲਿਵ ਲਾਈ।
੫. ਮਨ ਬਚ ਕਰਮ ਅਗੋਚਰਾ ਮਤਿ ਬੁਧਿ ਸਾਧਿ ਸੋਝੀ ਥਕਿ ਪਾਈ।
੬. ਅਛਲ ਅਛੇਦ ਅਭੇਦ ਹੈ ਭਗਤਿ ਵਛਲੁ ਸਾਧਸੰਗਤਿ ਛਾਈ।
੭. ਵਡਾ ਆਪਿ ਵਡੀ ਵਡਿਆਈ॥ ੧੬॥

ਪਦ ਅਰਥ - ਕਵਾਉ=ਬਚਨ। ਤੁਲਾ=ਤਰਾਜੂ। ਕਥਨੀ ਬਦਨੀ=ਕਥਾ ਤੇ ਕਵੀਸ਼ਰੀ।

ਅਰਥ - ੧. (ਉਹ ਬੇਅੰਤ ਪਰਮੇਸ਼ਰ) ਵੇਦਾਂ ਕਤੇਬਾਂ ਤੋਂ ਬਾਹਰਾ ਹੈ (ਇਨ੍ਹਾਂ ਗ੍ਰੰਥਾਂ ਦੀ ਪੜ੍ਹਾਈ ਨਾਲ ਨਹੀਂ ਜਾਣਿਆਂ ਜਾ ਸਕਦਾ) ਉਹ ਅਲੇਖ ਲੇਖਿਆਂ ਨਾਲ ਵੀ ਨਹੀਂ ਸੁਝ ਸਕਦਾ। ੨. ਅਨੂਪਮ ਤੇ ਅਸਚਰਜ ਰੂਪ ਵਾਲਾ ਹੈ। ਜਿਸ ਦਾ ਦਰਸ਼ਨ ਇਹਨਾਂ ਸੰਸਾਰੀ ਨੇਤਰਾਂ ਨਾਲ ਨਹੀਂ ਹੋ ਸਕਦਾ, ਹੇ ਭਾਈ! ੩. (ਉਸ ਪ੍ਰਭੂ ਨੇ) ਇਕੋ ਬਚਨ ਨਾਲ ਹੀ ਇਹ ਸਾਰਾ ਪਸਾਰਾ ਕਰ ਦਿੱਤਾ ਹੈ। ਜਿਸ ਨੂੰ ਤੋਲਿਆ ਨਹੀਂ ਜਾ ਸਕਦਾ, ਉਹ ਸ੍ਰਿਸ਼ਟੀ ਵਿਚ ਹੀ ਸਮਾਇਆ ਹੋਇਆ ਹੈ। ੪. ਉਹ ਕਥਨੀ ਬਦਨੀ ਤੋਂ ਬਾਹਰ ਹੈ, (ਲੋਕ) ਕਥਾਵਾਂ ਤੇ ਕਵੀਸ਼ਰੀਆਂ ਜੋੜ ਜੋੜ ਥੱਕ ਗਏ ਹਨ। (ਪਰ ਗੁਰਮੁਖਾਂ ਨੇ) ਸ਼ਬਦ ਤੇ ਸੁਰਤ ਦੀ ਲਿਵ ਲਾਈ ਹੋਈ ਹੈ। ੫. (ਉਹ) ਮਨ ਬਾਣੀ ਤੇ ਕਰਮ ਦੇ ਗੋਚਰੇ ਨਹੀਂ, ਭਾਵ ਅਗੋਚਰ ਹੈ। ਮਨ, ਬੁਧੀ ਤੇ ਸਾਧਨਾ (ਉਸਨੂੰ ਲੱਭਦੀ ਲੱਭਦੀ ਥੱਕ ਗਈ ਹੈ)। ੬. (ਉਹ) ਅਛਲ, ਅਛੇਦ ਤੇ ਅਭੇਦ ਹੈ, ਪਰ ਭਗਤ ਵਛਲ ਹੋਣ ਕਰਕੇ ਸਾਧ ਸੰਗਤ ਵਿਚ ਸਮਾ ਰਿਹਾ ਹੈ। ੭. ਉਹ (ਵੱਡੇ ਤੋਂ) ਵੱਡਾ ਹੈ, ਤੇ ਉਸਦੀ ਵਡਿਆਈ (ਮਹਿਮਾ) ਭੀ ਬਹੁਤ ਵੱਡੀ ਹੈ, ਭਾਵ ਕਿਸੇ ਲਖਤ ਵਿਚ ਆਉਣ ਵਾਲਾ ਨਹੀਂ ਹੈ॥ ੧੬॥

੧੭. ਸਾਧ ਸੰਗਤ ਵਿਚ ਨਿਰੰਕਾਰ ਹੈ

੧. ਵਣ ਵਣ ਵਿਚਿ ਵਣਾਸਪਤਿ ਰਹੈ ਉਜਾੜਿ ਅੰਦਰਿ ਅਵਸਾਰੀ।
੨. ਚੁਣਿ ਚੁਣਿ ਆਂਜਨਿ ਬੂਟੀਆ ਪਾਤਿਸਾਹੀ ਬਾਗੁ ਲਾਇ ਸਵਾਰੀ।
੩. ਸਿੰਜਿ ਸਿੰਜਿ ਬਿਰਖ ਵਡੀਰੀਅਨਿ ਸਾਰਿ ਸਮ੍ਹਾਲਿ ਕਰਨ ਵੀਚਾਰੀ।
੪. ਹੋਨਿ ਸਫਲ ਰੁਤਿ ਆਈਐ ਅੰਮ੍ਰਿਤ ਫਲੁ ਅੰਮ੍ਰਿਤ ਰਸੁ ਭਾਰੀ।
੫. ਬਿਰਖਹੁ ਸਾਉ ਨ ਆਵਈ ਫਲ ਵਿਚਿ ਸਾਉ ਸੁਗੰਧਿ ਸੰਜਾਰੀ।
੬. ਪੂਰਨ ਬ੍ਰਹਮ ਜਗਤ੍ਰ ਵਿਚਿ ਗੁਰਮੁਖਿ ਸਾਧਸੰਗਤਿ ਨਿਰੰਕਾਰੀ।
੭. ਗੁਰਮੁਖਿ ਸੁਖ ਫਲੁ ਅਪਰ ਅਪਾਰੀ॥ ੧੭॥

ਪਦ ਅਰਥ - ਅਵਸਾਰੀ=ਅਗਜਾਤ। ਸਾਉ=ਸੁਆਦ। ਸੰਜਾਰੀ=ਸਿੰਜੀ ਹੋਈ।

ਅਰਥ - ੧. ਉਜਾੜ ਦੇ ਵਣਾਂ ਵਣਾਂ ਵਿਚ ਵਨਾਸਪਤੀ ਪੱਤੇ ਤੋਂ ਬਿਨਾਂ ਹੀ (ਗੁਪਤ) ਰਹਿੰਦੀ

ਹੈ। ੨. (ਪਰ ਮਾਲੀ ਲੋਕ ਉਨ੍ਹਾਂ ਨੂੰ ਲੱਭ ਕੇ) ਪੌਦੇ ਚੁਣ ਚੁਣ ਕੇ ਬੂਟੀਆਂ ਲੈ ਆਉਂਦੇ ਤੇ ਸ਼ਾਹੀ ਬਾਗਾਂ ਵਿਚ ਬਣਾ ਸੰਵਾਰ ਕੇ ਲਾਉਂਦੇ ਹਨ। ੩. ਪਾਣੀ ਦੇ ਦੇ ਕੇ ਬੂਟੇ ਵਡੇ ਕੀਤੇ ਜਾਂਦੇ ਹਨ ਤੇ ਸਿਆਣੇ ਮਾਲੀ ਉਹਨਾਂ ਦੀ ਸਾਰ ਸੰਭਾਲ ਕਰਦੇ ਹਨ। ੪. ਰੁਤ (ਭਾਵ ਸਮਾਂ) ਆਉਣ 'ਤੇ ਉਹ ਫਲਾਂ ਵਾਲੇ ਹੁੰਦੇ ਹਨ, ਜਿਨ੍ਹਾਂ ਫਲਾਂ ਵਿਚ ਅੰਮ੍ਰਿਤ ਰਸ ਬੜਾ ਹੁੰਦਾ ਹੈ। ੫. (ਫਲ ਵਿਚ ਤਾਂ ਰਸ ਹੈ) ਪਰ ਬ੍ਰਿਛ ਨੂੰ ਉਸ ਰਸ ਦਾ ਸਵਾਦ ਨਹੀਂ, ਫਲਾਂ ਵਿਚ ਭਾਵੇਂ ਰਸ ਤੇ ਸੁਗੰਧੀ ਦੋਵੇਂ ਚੀਜਾਂ ਹਨ। ੬. (ਇਸੇ ਤਰ੍ਹਾਂ) ਸਾਰੇ ਜਗਤ ਵਿਚ ਬ੍ਰਹਮ (ਪਰਮੇਸ਼ਰ) ਤਾਂ ਪਰੀ ਪੂਰਨ ਹੈ, ਪਰ ਗੁਰਮੁਖਾਂ ਦੀ ਸਾਧ ਸੰਗਤ ਵਿਚ ਨਿਰੰਕਾਰ ਦਾ ਰੂਪ ਵੱਸਦਾ ਹੈ। ੭. ਗੁਰਮੁਖ ਹੀ ਸੁਖਾਂ ਦੇ ਫਲ ਰੂਪ ਹਨ, ਜੋ ਅਪਰ ਅਪਾਰ ਹਨ, (ਪਰ ਬ੍ਰਿਛ ਵਾਂਗਰ ਆਮ ਜਗਤ ਨੂੰ ਇਸ ਦਾ ਰਸ ਪ੍ਰਾਪਤ ਨਹੀਂ ਹੁੰਦਾ॥ ੧੭॥

੧੮. ਪਰਮੇਸ਼ਰ ਦੀ ਵਡਿਆਈ

੧. ਅੰਬਰੁ ਨਦਰੀ ਆਂਵਦਾ ਕੇਵਡੁ ਵਡਾ ਕੋਇ ਨ ਜਾਣੈ।
੨. ਉਚਾ ਕੇਵਡੁ ਆਖੀਐ ਸੁੰਨ ਸਰੂਪ ਨ ਆਖਿ ਵਖਾਣੈ।
੩. ਲੈਨਿ ਉਡਾਰੀ ਪੰਖਣੂ ਅਨਲ ਮਨਲ ਉਡਿ ਖਬਰਿ ਨ ਆਣੈ।
੪. ਓੜਿਕੁ ਮੂਲਿ ਨ ਲਭਈ ਸਭੇ ਹੋਇ ਫਿਰਨਿ ਹੈਰਾਣੈ।
੫. ਲਖ ਅਗਾਸ ਨ ਅਪੜਨਿ ਕੁਦਰਤਿ ਕਾਦਰੁ ਨੋ ਕੁਰਬਾਣੈ।
੬. ਪਾਰਬ੍ਰਹਮ ਸਤਿਗੁਰ ਪੁਰਖੁ ਸਾਧਸੰਗਤਿ ਵਾਸਾ ਨਿਰਬਾਣੈ।
੭. ਮੁਰਦਾ ਹੋਇ ਮੁਰੀਦੁ ਸਿਞਾਣੈ॥ ੧੮॥

ਪਦ ਅਰਥ - ਅੰਬਰੁ=ਆਕਾਸ਼। ਅਨਲ ਮਨਲ=ਬਹੁਤ ਉੱਚੇ ਉਡਣ ਵਾਲੇ ਪੰਛੀ। ਕੁਦਰਤਿ=ਪ੍ਰਭੂ ਦੀ ਰਚਨਾ। ਨਿਰਬਾਣੈ=ਇੱਕ ਰਸ।

ਅਰਥ - ੧. ਆਕਾਸ਼ ਨਜ਼ਰ ਤਾਂ ਆ ਰਿਹਾ ਹੈ, ਪਰ ਕਿਤਨਾ ਕੁ ਹੈ, ਇਸ ਦਾ ਪਤਾ ਨਹੀਂ ਲੱਗਦਾ। ੨. ਉੱਚਾ ਕਿਨਾ ਕੁ ਕਹੀਏ (ਉਹ) ਤਾਂ ਸੁੰਨ ਸਰੂਪ ਹੈ, (ਕੋਈ ਕੀ) ਆਖੇ ਜਾਂ ਦੱਸੇ। ੩. ਅਨਲ ਪੰਛੀ (ਜੋ ਰਹਿੰਦਾ ਹੀ ਆਕਾਸ਼ ਵਿਚ ਹੈ) ਉਚੀਆਂ ਉਡਾਰੀਆਂ ਲਾਉਂਦਾ ਹੈ, ਪਰ ਉਹ ਵੀ ਕੋਈ (ਉਚਾਈ ਦੀ) ਖਬਰ ਨਹੀਂ ਦੇਂਦਾ। ੪. ਅੰਤ ਤਾਂ ਇਸ ਦਾ ਲਭਦਾ ਹੀ ਨਹੀਂ, ਸਭੇ (ਖੋਜੀ) ਹੈਰਾਨ ਹੋਏ ਫਿਰਦੇ ਹਨ। ੫. ਲੱਖਾਂ ਆਕਾਸ਼ਾਂ 'ਤੇ ਕੋਈ ਪਹੁੰਚ ਹੀ ਨਹੀਂ ਸਕਦਾ, (ਐਸੀ) ਕੁਦਰਤ ਦੇ ਮਾਲਕ ਤੋਂ ਕੁਰਬਾਨ ਜਾਈਏ। ੬. ਉਸ (ਐਸੇ ਅਪਹੁੰਚ ਤੇ ਅਦ੍ਰਿਸ਼ਟ) ਪਾਰਬ੍ਰਹਮ ਪਰਮੇਸ਼ਰ ਸਤਿਗੁਰੂ ਪੁਰਖ ਦਾ ਨਿਵਾਸ ਸਾਧ ਸੰਗਤਿ ਵਿਚ ਹੈ। ੭. ਪਰ ਜੋ ਨਿਰਹੰਕਾਰ ਮੁਰੀਦ ਹੋਵੇ, ਉਹੀ ਉਸ ਨੂੰ ਪਛਾਣ ਸਕਦਾ ਹੈ, (ਹੋਰ ਕੋਈ ਨਹੀਂ)॥ ੧੮॥

੧੯. ਪੂਰਨ ਸਤਿਗੁਰੂ ਜੀ ਦੀ ਮਹਿਮਾ

੧. ਗੁਰ ਮੂਰਤਿ ਪੂਰਨ ਬ੍ਰਹਮੁ ਘਟਿ ਘਟਿ ਅੰਦਰਿ ਸੂਰਜੁ ਸੁਝੈ।
੨. ਸੂਰਜ ਕਵਲੁ ਪਰੀਤਿ ਹੈ ਗੁਰਮੁਖਿ ਪ੍ਰੇਮ ਭਗਤਿ ਕਰਿ ਬੁਝੈ।
੩. ਪਾਰਬ੍ਰਹਮੁ ਗੁਰ ਸਬਦੁ ਹੈ ਨਿਝਰ ਧਾਰ ਵਰ੍ਹੈ ਗੁਣ ਗੁਝੈ।
੪. ਕਿਰਖਿ ਬਿਰਖੁ ਹੋਇ ਸਫਲੁ ਫਲਿ ਚੰਨਣਿ ਵਾਸੁ ਨਿਵਾਸੁ ਨ ਖੁਝੈ।
੫. ਅਫਲ ਸਫਲ ਸਮਦਰਸ ਹੋਇ ਮੋਹੁ ਨ ਧੋਹੁ ਨ ਦੁਬਿਧਾ ਲੁਝੈ।
੬. ਗੁਰਮੁਖਿ ਸੁਖ ਫਲੁ ਪਿਰਮ ਰਸੁ ਜੀਵਨ ਮੁਕਤਿ ਭਗਤਿ ਕਰਿ ਦੁਝੈ।
੭. ਸਾਧਸੰਗਤਿ ਮਿਲਿ ਸਹਜਿ ਸਮੁਝੈ॥ ੧੯॥

ਪਦ ਅਰਥ - ਸੁਝੈ=ਦਿਸਦਾ ਹੈ। ਬੁਝੈ=ਬੁਝ ਲੈਂਦੇ ਜਾਂ ਜਾਣ ਲੈਂਦੇ।

ਅਰਥ - ੧. ਗੁਰੂ ਮੂਰਤ ਪੂਰਨ ਬ੍ਰਹਮ ਪਰਮੇਸ਼ਰ ਸਰੂਪ ਹਨ, ਘਟਾਂ ਘਟਾਂ ਵਿਚ ਰਮੇ ਹੋਏ ਹਨ, ਜਿਵੇਂ ਸੂਰਜ ਦਾ ਪ੍ਰਤਿਬਿੰਬ ਹਰ ਘੜੇ ਵਿਚੋਂ ਨਜ਼ਰੀ ਪੈਂਦਾ ਹੈ। ੨. ਕੰਵਲ ਦੀ ਸੂਰਜ ਨਾਲ ਪ੍ਰੀਤੀ ਹੈ, (ਇਸੇ ਤਰ੍ਹਾਂ) ਗੁਰਮੁਖਾਂ ਦੀ ਸਤਿਗੁਰੂ ਨਾਲ ਪ੍ਰੇਮਾ-ਭਗਤੀ ਵਾਲੀ ਪ੍ਰੀਤੀ ਜਾਣੀ ਜਾਂਦੀ ਹੈ। ੩. ਪਾਰਬ੍ਰਹਮ ਦਾ ਰੂਪ ਗੁਰਸ਼ਬਦ ਹੈ ਜਿਸ ਵਿਚੋਂ ਪ੍ਰਭੂ-ਮਹਿਮਾ ਤੇ ਗੁਣਾਂ ਦੀ ਨਿਝਰ ਧਾਰਾ ਵਹਿੰਦੀ ਹੈ। ੪. ਜਿਵੇਂ ਨਿੱਕੇ ਬੀਜ ਤੋਂ ਦਰਖ਼ਤ ਹੋਏ ਹਨ, ਤੇ ਚੰਦਨ ਦੀ ਵਾਸ਼ਨਾ ਨੇ ਸਭ ਨੂੰ ਸੁਗੰਧਤ ਕਰ ਦਿੱਤਾ ਹੈ, ਕੋਈ ਇਸ ਸੁਗੰਧੀ ਤੋਂ ਖਾਲੀ ਨਹੀਂ ਰਿਹਾ। ੫. (ਉਨ੍ਹਾਂ ਗੁਰਮੁਖਾਂ ਲਈ) ਅਫਲਤਾ ਜਾਂ ਸਫਲਤਾ ਇੱਕ ਸਮਾਨ ਹੋ ਜਾਂਦੀਆਂ ਹਨ ? ਮੋਹ ਤੇ ਧਰੋਹ (ਪਿਆਰ ਜਾਂ ਧੋਖਾ) ਵੀ ਇੱਕ ਸਮਾਨ ਤੇ ਦੁਬਿਧਾ (ਦ੍ਵੈਤ) ਦੀ ਅੱਗ ਵੀ ਉਨ੍ਹਾਂ ਦੇ ਨੇੜੇ ਨਹੀਂ ਜਾਂਦੀ। ੬. ਗੁਰਮੁਖ ਲਈ ਸੁਖਾਂ ਦਾ ਫਲ ਪ੍ਰੇਮ-ਰਸ ਵਾਲੀ ਭਗਤੀ ਹੀ ਹੈ, ਉਹ ਜੀਵਨ ਮੁਕਤ ਹੋ ਕੇ ਭਗਤੀ ਰਾਹੀਂ ਰਸ ਚੋ ਲੈਂਦਾ ਹੈ। ੭. ਉਸ ਨੇ ਸਾਧ ਸੰਗਤ ਵਿਚ ਮਿਲ ਕੇ ਸਹਜ-ਪਦ ਨੂੰ ਸਮਝ ਤੇ ਜਾਣ ਲਿਆ ਹੈ॥ ੧੯॥

੨੦. ਗੁਰੂ ਸ਼ਬਦ ਦੀ ਮਹਾਨਤਾ

੧. ਸਬਦੁ ਗੁਰੂ ਗੁਰੁ ਜਾਣੀਐ ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ।
੨. ਸਾਧ ਸੰਗਤਿ ਸਚਖੰਡ ਵਿਚਿ ਪ੍ਰੇਮ ਭਗਤਿ ਪਰਚੈ ਹੋਇ ਮੇਲਾ।
੩. ਗਿਆਨੁ ਧਿਆਨੁ ਸਿਮਰਣੁ ਜੁਗਤਿ ਕੂੰਜ ਕੂਰਮ ਹੰਸ ਵੰਸ ਨਵੇਲਾ।
੪. ਬਿਰਖਹੁੰ ਫਲ ਫਲ ਤੇ ਬਿਰਖੁ ਗੁਰਸਿਖ ਸਿਖ ਗੁਰ ਮੰਤੁ ਸੁਹੇਲਾ।
੫. ਵੀਹਾ ਅੰਦਰਿ ਵਰਤਮਾਨ ਹੋਇ ਇਕੀਹ ਅਗੋਚਰੁ ਖੇਲਾ।

੬. ਆਦਿ ਪੁਰਖੁ ਆਦੇਸੁ ਕਰਿ ਆਦਿ ਪੁਰਖ ਆਦੇਸ ਵਹੇਲਾ।
੭. ਸਿਫਤਿ ਸਲਾਹਣੁ ਅੰਮ੍ਰਿਤੁ ਵੇਲਾ॥ ੨੦॥ ੭॥

ਪਦ ਅਰਥ - ਧੁਨਿ=ਲਿਵ। ਨਵੇਲਾ=ਨਵੀਨ। ਸੁਹੇਲਾ=ਸੌਖਾ। ਵੀਹ=ਜਗਤ। ਇਕੀਹ=ਪਰਮੇਸ਼ਰ।

ਅਰਥ - ੧. ਗੁਰੂ ਦਾ ਸ਼ਬਦ ਗੁਰੂ ਰੂਪ ਹੈ ਤੇ ਗੁਰਸਿੱਖ ਸੁਰਤ (ਲਿਵ) ਲਾ ਕੇ ਸ਼ਬਦ ਦੀ ਧੁਨੀ ਨੂੰ ਸੁਰਤ ਵਿਚੋਂ ਸੁਣਦਾ ਹੈ, ਇਸ ਲਈ ਉਹ ਚੇਲਾ ਹੈ। ੨. ਸਾਧ ਸੰਗਤ ਰੂਪੀ ਸੱਚਖੰਡ ਵਿਚ ਬੈਠ ਕੇ, ਚਿੱਤ ਲਾ ਕੇ, ਇੱਕ ਮਨ ਹੋ, ਪ੍ਰੇਮਾ-ਭਗਤੀ ਵਿਚ ਪ੍ਰੀਤ ਲਾ ਕੇ ਪਰਚਣਾ (ਭਾਵ ਲੱਗ ਜਾਣਾ), ਇਹੀ ਗੁਰੂ ਚੇਲੇ ਦਾ ਮੇਲਾ (ਮਿਲਾਪ) ਜਾਣੋ। ੩. ਗਿਆਨ, ਧਿਆਨ ਅਤੇ ਸਿਮਰਨ ਦੀ ਜੁਗਤੀ ਵਿਚ ਕੂੰਜ, ਕੱਛੂ ਤੇ ਹੰਸ ਦੀ ਵੰਸ ਨਿੱਤ ਹੀ ਨਵੀਨ ਹੈ (ਭਾਵ ਇਨ੍ਹਾਂ ਦੀ ਪ੍ਰੀਤ ਵਿਚ, ਮੁਢੋਂ, ਜਦੋਂ ਤੋਂ ਇਨ੍ਹਾਂ ਦੀ ਵੰਸ ਹੋਂਦ ਵਿਚ ਆਈ ਹੈ, ਘਾਟ ਨਹੀਂ ਆਈ। ਕੂੰਜ ਦੀ ਸਿਮਰਨ ਸੱਤਾ ਬਹੁਤ ਪ੍ਰਬੀਨ ਹੈ, ਤੇ ਇਸੇ ਨਾਲ ਉਨ੍ਹਾਂ ਦੇ ਬੱਚੇ ਪਲਦੇ ਹਨ, ਧਿਆਨ ਦੀ ਜੁਗਤ ਵਿਚ ਕੱਛੂ ਪ੍ਰਬੀਨ ਹੈ, ਤੇ ਹੰਸ ਵਿਚ ਦੁੱਧ ਪਾਣੀ (ਸੱਚ ਝੂਠ) ਵੱਖ ਵੱਖ ਕਰ ਦੇਣ ਦੀ ਕਮਾਲ ਜੁਗਤੀ ਹੈ, ਪਰ ਗੁਰਮੁਖ ਗੁਰੂ ਦੀ ਸ਼ਰਨੀ ਲੱਗ ਇਨ੍ਹਾਂ ਤਿੰਨਾਂ ਗੁਣਾਂ ਵਿਚ ਹੀ ਪ੍ਰਬੀਨ ਹੋ ਜਾਂਦਾ ਹੈ)। ੪. ਜਿਵੇਂ ਰੁਖ ਤੋਂ ਫਲ ਤੇ ਫਲ ਤੋਂ ਰੁਖ ਪੈਦਾ ਹੁੰਦੇ ਹਨ, ਇਸੇ ਤਰ੍ਹਾਂ ਗੁਰੂ ਤੋਂ ਸਿੱਖ (ਤੇ ਫਿਰ) ਸਿੱਖ ਤੋਂ ਗੁਰੂ ਹੁੰਦਾ ਹੈ, (ਇਹੋ ਇਸ) ਸ਼ਬਦ ਗੁਰ-ਮੰਤ੍ਰ ਦਾ ਸੁਹਾਵਣਾ-ਪਣ, ਸੁਖਾਲਤਾ ਤੇ ਸ਼ੋਭਨੀਕਤਾ ਹੈ। ੫. (ਗੁਰਮੁਖ) ਸੰਸਾਰ (ਵੀਹ) ਵਿਚ ਸੰਸਾਰਕ ਕੰਮ-ਕਾਜ ਕਰਦਾ (ਵਰਤਮਾਨ) ਭੀ ਇਕੀਹ (ਈਸ਼ਵਰ ਦੇ ਪ੍ਰਮਾਰਥਕ) ਸਹਿਜ-ਪਦ ਵਿਚ ਮਨ ਬਾਣੀ ਤੋਂ ਪਰੇ ਹੋ ਖੇਡਦਾ (ਵਿਚਰਦਾ) ਹੈ। ੬. (ਉਸ) ਆਦਿ ਪੁਰਖ (ਪਰਮੇਸ਼ਰ) ਨੂੰ ਨਮਸਕਾਰ (ਆਦੇਸ) ਕਰਦੇ ਹਨ ਜੋ ਦੇਸ ਤੇ ਕਾਲ ਤੋਂ ਰਹਿਤ ਹੈ, ਪਰ ਗੁਰਮੁਖ ਸੁਰਤੀ ਵਿਚ ਸ਼ਬਦ (ਗੁਰੂ ਦੇ ਗਿਆਨ ਰਾਹੀਂ) ਉਸ ਨਾਲ ਮਿਲੇ ਰਹਿੰਦੇ ਹਨ। ੭. ਅੰਮ੍ਰਿਤ ਵੇਲਾ ਹੀ ਹੈ—ਜੋ ਪ੍ਰਭੂ ਦੀ ਸਿਫਤ-ਸਲਾਹ (ਸਿਮਰਨ) ਕਰਨ ਦਾ ਠੀਕ ਸਮਾਂ ਹੈ॥ ੨੦॥ ੭॥

ਵਾਰ ੮

ੴ ਸਤਿਗੁਰ ਪ੍ਰਸਾਦਿ॥

੧. ਪ੍ਰਭੂ ਦੀਆਂ ਸ਼ਕਤੀਆਂ ਦਾ ਮੰਗਲਾਚਰਣ

੧. ਇਕੁ ਕਵਾਉ ਪਸਾਉ ਕਰਿ ਕੁਦਰਤਿ ਅੰਦਰਿ ਕੀਆ ਪਸਾਰਾ।
੨. ਪੰਜਿ ਤਤ ਪਰਵਾਣੁ ਕਰਿ ਚਹੁੰ ਖਾਣੀ ਵਿਚਿ ਸਭ ਵਰਤਾਰਾ।
੩. ਕੇਵਡੁ ਧਰਤੀ ਆਖੀਐ ਕੇਵਡੁ ਤੋਲੁ ਅਗਾਸ ਅਕਾਰਾ।

੪. ਕੇਵਡੁ ਪਵਣੁ ਵਖਾਣੀਐ ਕੇਵਡੁ ਪਾਣੀ ਤੋਲੁ ਵਿਥਾਰਾ।
੫. ਕੇਵਡੁ ਅਗਨੀ ਭਾਰੁ ਹੈ ਤੁਲਿ ਨ ਤੁਲੁ ਅਤੋਲੁ ਭੰਡਾਰਾ।
੬. ਕੇਵਡੁ ਆਖਾ ਸਿਰਜਣਹਾਰਾ॥ ੧ ॥

ਪਦ ਅਰਥ - ਕਵਾਉ=ਬੋਲ। ਵਰਤਾਰਾ=ਪਸਾਰੇ ਦਾ ਲੇਖਾ ਜੋਖਾ। ਵਿਥਾਰਾ=ਅੰਦਾਜ਼ਾ। ਭੰਡਾਰਾ=ਸਟੋਰ।

ਅਰਥ - ੧. (ਪਰਮੇਸ਼ਰ ਜੀ ਨੇ) ਇਕੋ ਹੀ ਬੋਲ ਨਾਲ ਪਸਾਰਾ ਕਰ ਦਿੱਤਾ ਤੇ ਕੁਦਰਤ ਰਾਹੀਂ ਸਭ ਵਸਤੂਆਂ ਦਾ ਪਸਾਰਾ ਕੀਤਾ ਹੈ। ੨. ਪੰਜਾਂ ਤੱਤਾਂ (ਹਵਾ, ਪਾਣੀ, ਅੱਗ, ਧਰਤੀ ਤੇ ਆਕਾਸ਼) ਨੂੰ ਪਰਵਾਣ (ਪ੍ਰਮਾਣੀਕ ਵਸਤੂ ਥਾਪ ਕੇ ਫਿਰ), ਚਾਰ ਖਾਣੀਆਂ (ਅੰਡਜ, ਜੇਰਜ, ਸੇਤਜ ਤੇ ਉਤਭੁਜ) ਬਣਾ ਕੇ (ਇਨ੍ਹਾਂ ਰਾਹੀਂ) ਸਾਰਾ ਵਰਤਾਰਾ ਵਰਤਾ ਦਿੱਤਾ। ੩. ਧਰਤੀ (ਦਾ ਵਿਸਥਾਰ) ਕਿੱਡਾ ਕੁ ਆਖੀਏ ਤੇ ਆਕਾਸ਼ ਦੇ ਅਕਾਰ (ਦਾ ਅੰਦਾਜ਼ਾ) ਕਿੱਡਾ ਕੁ ਦੱਸੀਏ। (ਭਾਵ ਬੇਅੰਤ ਹੈ)। ੪. ਹਵਾ (ਪਵਣ) ਬਾਰੇ ਕੀ ਕਹੀਏ ਕਿ ਕਿੱਡੀ ਕੁ ਹੈ, ਤੇ ਪਾਣੀ ਦਾ ਕੀ ਹਿਸਾਬ ਲਾਈਏ, ਕਿ ਕਿੰਨਾ ਕੁ ਤੋਲ ਹੈ। ੫. ਅਗਨੀ ਦੇ ਭਾਰ ਨੂੰ ਕਿੰਨਾ ਕੁ ਜਾਚੀਏ, ਜਿਸਦਾ ਤੋਲ ਕਿਸੇ ਨਾਲ ਹੋ ਸਕਦਾ, ਅਤੁਲ ਹੈ, ਤੋਲ ਤੋਂ ਪਰੇ ਹੈ, ਏਨੇ ਵੱਡੇ ਭੰਡਾਰ ਅਗਨੀ ਦੇ ਹਨ। ੬. ਜਿਸ ਸਿਰਜਣਹਾਰ (ਪ੍ਰਭੂ ਨੇ ਇਹ ਸਭ ਬੇਅੰਤ ਤੇ ਅਤੋਲ ਵਸਤੂਆਂ ਬਣਾਈਆਂ ਹਨ, ਕੌਣ ਹੈ, ਜੋ ਇਹ ਅੰਦਾਜ਼ਾ ਲਾ ਸਕੇ ਕਿ ਉਹ) ਕਿੱਡਾ ਕੁ ਵੱਡਾ ਹੈ? ਭਾਵ ਉਸ ਸਿਰਜਣਹਾਰ ਨੂੰ ਵੀ ਬੇਅੰਤ ਤੇ ਪਾਰਾਵਾਰ ਤੋਂ ਰਹਿਤ ਹੀ ਆਖਣਾ ਪਵੇਗਾ॥ ੧ ॥

੨. ਫਿਰ ਓਹੀ ਬੇਅੰਤਤਾਈ ਦਾ ਵਰਣਨ

੧. ਚਉਰਾਸੀਹ ਲਖ ਜੋਨਿ ਵਿਚਿ ਜਲੁ ਥਲੁ ਮਹੀਅਲੁ ਤ੍ਰਿਭਵਣ ਸਾਰਾ।
੨. ਇਕਸਿ ਇਕਸਿ ਜੋਨਿ ਵਿਚਿ ਜੀਅ ਜੰਤ ਅਗਣਤ ਅਪਾਰਾ।
੩. ਸਾਸਿ ਗਿਰਾਸਿ ਸਮਾਲਦਾ ਕਰਿ ਬ੍ਰਹਮੰਡ ਕਰੋੜਿ ਸੁਮਾਰਾ।
੪. ਰੋਮ ਰੋਮ ਵਿਚਿ ਰਖਿਓਨੁ ਓਅੰਕਾਰ ਅਕਾਰੁ ਵਿਥਾਰਾ।
੫. ਸਿਰਿ ਸਿਰਿ ਲੇਖ ਅਲੇਖੁ ਦਾ ਲੇਖ ਅਲੇਖ ਉਪਾਵਣਹਾਰਾ।
੬. ਕੁਦਰਤਿ ਕਵਣੁ ਕਰੈ ਵੀਚਾਰਾ॥ ੨ ॥

ਪਦ ਅਰਥ - ਮਹੀਅਲੁ=ਆਕਾਸ਼। ਤ੍ਰਿਭਵਣ=ਤਿੰਨੇ ਭਵਨ, ਆਕਾਸ਼, ਪਾਤਾਲ ਤੇ ਮਾਤ ਲੋਕ। ਲੇਖ=ਹੁਕਮ। ਕੁਦਰਿਤ=ਰਚਨਾ।

ਅਰਥ - ੧. ਜਲਾਂ ਅੰਦਰ, ਥਲਾਂ ਤੇ ਆਕਾਸ਼ਾਂ ਅਤੇ ਤਿੰਨੇ ਭਵਨਾਂ ਵਿਚ ੮੪ ਲੱਖ ਜੂਨਾਂ ਨੂੰ (ਉਸ ਪ੍ਰਭੂ ਨੇ) ਬਣਾਇਆ ਹੈ। ੨. ਇੱਕ ਇੱਕ ਜੋਨੀ ਵਿਚ ਏਨੇ ਜੀਵ ਜੰਤੂ ਪੈਦਾ ਕੀਤੇ ਹਨ, ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ। ੩. (ਇਤਨੇ ਵਿਸਤਾਰ ਨਾਲ ਰਚਨਾ ਕਰਕੇ, ਸਭ ਜੀਵਾਂ ਨੂੰ) ਸੁਾਸ ਸੁਾਸ (ਦੇ ਸਮੇਂ)

ਵਿਚ ਸੰਮ੍ਹਾਲਦਾ ਹੈ, ਭਾਵੇਂ ਉਹ ਕਰੋੜਾਂ ਬ੍ਰਹਮੰਡਾਂ ਤੇ ਕਰੋੜਾਂ ਮੀਲਾਂ ਦੇ ਪਸਾਰ ਵਿਚ ਹੈ। ੪. (ਏਨਾ ਪਸਾਰਾ ਕਰਨ ਵਾਲਾ ਤੇ ਵਿਸ਼ਾਲ ਪ੍ਰਭੂ ਫਿਰ) ਰੋਮ ਰੋਮ ਵਿਚ ਮੌਜੂਦ ਹੈ, (ਉਸ ਨੇ ਆਪਣੇ ਆਪ ਨੂੰ ਰੋਮ ਰੋਮ ਵਿਚ ਰੱਖਿਆ ਹੋਇਆ ਹੈ) ਏਨਾ ਪਸਾਰਾ ਕਰਨ ਵਾਲਾ ਵਾਹਿਗੁਰੂ (ਏਨੀ ਨਿੱਕੀ ਥਾਂ ਵਿਚ ਵੀ, ਭਾਵ ਹਰ ਥਾਂ) ਮੌਜੂਦ ਹੈ। ੫. ਸਿਰ ਸਿਰ (ਭਾਵ ਹਰ ਇੱਕ ਦੇ ਉਪਰ ਉਸ) ਅਲੇਖ (ਪ੍ਰਭੂ) ਦਾ ਲੇਖ (ਹੁਕਮ) ਮੌਜੂਦ ਹੈ, ਪਰ ਆਪ ਪ੍ਰਭੂ ਅਲੇਖ (ਲੇਖੇ ਰਹਿਤ) ਹੈ। ੬. (ਹੁਣ ਦੱਸੋ ਤੇ ਸੋਚੋ ਕਿ ਏਨੀ ਵਿਸ਼ਾਲ) ਕੁਦਰਤ (ਦੇ ਮਾਲਕ) ਦਾ ਕੌਣ ਕੋਈ ਵੀਚਾਰ ਕਰੇ ਕਿ ਉਹ ਕਿੱਡਾ ਕੁ ਹੈ, ਤੇ ਕਿਥੇ ਕੁ ਉਸਦਾ ਨਿਵਾਸ ਹੈ॥੨॥

੩. ਦੈਵੀ ਅਤੇ ਆਸੁਰੀ ਸੰਪਦਾ ਦਾ ਵਿਚਾਰ

੧. ਕੇਵਡੁ ਸਤੁ ਸੰਤੋਖੁ ਹੈ ਦਯਾ ਧਰਮੁ ਤੇ ਅਰਥੁ ਵੀਚਾਰਾ।
੨. ਕੇਵਡੁ ਕਾਮੁ ਕਰੋਧੁ ਹੈ ਕੇਵਡੁ ਲੋਭੁ ਮੋਹੁ ਅਹੰਕਾਰਾ।
੩. ਕੇਵਡੁ ਦ੍ਰਿਸਟਿ ਵਖਾਣੀਐ ਕੇਵਡੁ ਰੂਪੁ ਰੰਗੁ ਪਰਕਾਰਾ।
੪. ਕੇਵਡੁ ਸੁਰਤਿ ਸਲਾਹੀਐ ਕੇਵਡੁ ਸਬਦੁ ਵਿਥਾਰੁ ਪਸਾਰਾ।
੫. ਕੇਵਡੁ ਵਾਸੁ ਨਿਵਾਸੁ ਹੈ ਕੇਵਡੁ ਗੰਧ ਸੁਗੰਧਿ ਅਚਾਰਾ।
੬. ਕੇਵਡੁ ਰਸ ਕਸ ਆਖੀਅਨਿ ਕੇਵਡੁ ਸਾਦ ਨਾਦ ਓਅੰਕਾਰਾ।
੭. ਅੰਤੁ ਬਿਅੰਤੁ ਨ ਪਾਰਾਵਾਰਾ॥੩॥

ਪਦ ਅਰਥ - ਦ੍ਰਿਸਟਿ=ਨਜ਼ਰ। ਸੁਰਤਿ=ਧਿਆਨ ਜਾਂ ਜਾਣਕਾਰੀ। ਵਿਥਾਰੁ=ਵਿਸਤਾਰ, ਨਿਰਣਾ। ਗੰਧ ਸੁਗੰਧ=ਬੋ ਤੇ ਖੁਸ਼ਬੋ।

ਅਰਥ - ੧. ਸਤ, ਸੰਤੋਖ, ਦਇਆ, ਧਰਮ ਤੇ ਅਰਥ (ਇਹ ਪ੍ਰਭੂ ਦੇ ਸਤੋ ਗੁਣੀ) ਦੈਵੀ ਗੁਣ ਹਨ, ਇਨ੍ਹਾਂ ਦੀ ਮਹੱਤਤਾ ਤੇ ਸਚਾਈ ਦਾ ਵਿਸਥਾਰ ਜਾਂ ਨਿਰਣਾ ਕਿੱਡਾ ਕੁ ਕਰੀਏ, ਭਾਵ ਨਹੀਂ ਹੋ ਸਕਦਾ, ਅਥਾਹ ਗੁਣਾਂ ਵਾਲੇ ਇਹ ਗੁਣ ਹਨ। ੨. (ਇਸੇ ਤਰ੍ਹਾਂ) ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ (ਪ੍ਰਭੂ ਦੇ ਸੰਸਾਰ ਦੀ ਖੇਡ ਨੂੰ ਚਲਾਉਣ ਲਈ ਪੈਦਾ ਕੀਤੇ) ਆਸੁਰੀ ਗੁਣ ਕਿੱਡੇ ਕੁ ਹਨ, ਇਸ ਦਾ ਵੀਚਾਰ ਕਰਨਾ ਵੀ ਮੁਸ਼ਕਿਲ ਜੇਹੀ ਕਹਾਣੀ ਹੈ। ੩. (ਇਹਨਾਂ ਦੈਵੀ ਤੇ ਆਸੁਰੀ ਗੁਣਾਂ ਦੀ) ਨਜ਼ਰ ਜਾਂ ਦ੍ਰਿਸ਼ਟੀ ਕਿੱਡੀ ਵਿਸ਼ਾਲ ਹੈ, ਤੇ ਕਿੰਨੇ ਰੂਪਾਂ, ਰੰਗਾਂ ਤੇ ਕਿਸਮਾਂ ਦੀ ਹੈ, (ਕੋਈ ਨਹੀਂ ਦੱਸ ਸਕਦਾ, ਬੇਅੰਤ ਹੀ ਕਹਿਣਾ ਪਏਗਾ)। ੪. ਸੁਰਤ (ਧਿਆਨ) ਦੀ ਸਲਾਹੁਤਾ ਕਿੰਨੀ ਕੁ ਕਰੀਏ, (ਤੇ ਗੁਰੂ ਦੇ ਮਹਾਨ) ਸ਼ਬਦ (ਉਪਦੇਸ਼) ਦਾ ਵਿਸਤਾਰ ਜਾਂ ਨਿਰਣਾ ਕਿਵੇਂ ਕਰੀਏ, ਉਸ ਦੇ ਪਸਾਰ ਦਾ ਕੀ ਅੰਦਾਜ਼ਾ ਲਾਈਏ। (ਭਾਵ ਨਹੀਂ ਲੱਗ ਸਕਦਾ)। ੫. ਹੁਣ ਵਾਸ਼ਨਾ ਦਾ ਨਿਵਾਸ (ਟਿਕਾਣਾ) ਕਿਥੇ ਤੇ ਕਿੱਡਾ ਕੁ ਹੈ, ਨਾ ਖੁਸ਼ਬੋਆਂ ਦੇ ਹੀ ਟਿਕਾਣਿਆਂ ਦਾ ਅੰਦਾਜ਼ਾ ਹੈ, ਕਿ ਕਿੰਨੀਆਂ ਜੜ੍ਹੀਆਂ ਬੂਟੀਆਂ ਵਿਚ ਇਸ ਦਾ ਨਿਵਾਸ ਹੈ, ਕਿਸ ਕਿਸ ਕੰਮ ਆਉਂਦੀਆਂ ਹਨ, (ਗੰਧ, ਸੁਗੰਧ ਦੇ ਇਸ ਗੁਣ ਦੇ ਪਸਾਰ 'ਤੇ) ਸੁਭਾਓ, ਕਿੱਡਾ ਕੁ ਹੈ, (ਨਹੀਂ ਪਤਾ ਲੱਗਦਾ)। ੬. ਰਸ ਕਸ ਕਿੰਨੇ ਕੁ ਕਹੀਏ (ਮਿਠੇ ਤੇ ਕੌੜੇ) ਓਅੰਕਾਰ (ਪ੍ਰਭੂ) ਦੇ ਨਾਦ (ਸ਼ਬਦ) ਦਾ ਸੁਆਦ (ਰਸ)

ਕਿੱਡਾ ਕੁ ਕਹੀਏ, (ਉਸ ਦਾ ਵੀ ਪਤਾ ਨਹੀਂ ਲੱਗ ਸਕਦਾ)। ੭. (ਇਹ ਸਭ ਗੁਣ, ਵਾਸ਼ਨਾ ਆਦਿ ਤੇ ਸੁਆਦ) ਅੰਤ (ਵਾਲੇ ਨਹੀਂ) ਬੇਅੰਤ ਹਨ, ਇਹਨਾਂ ਦਾ ਪਾਰਾਵਾਰ ਨਹੀਂ॥ ੩॥

੪. ਫਿਰ ਓਹੀ ਬੇਅੰਤਤਾ ਦਾ ਵਰਣਨ

੧. ਕੇਵਡੁ ਦੁਖੁ ਸੁਖੁ ਆਖੀਐ ਕੇਵਡੁ ਹਰਖੁ ਸੋਗੁ ਵਿਸਥਾਰਾ।
੨. ਕੇਵਡੁ ਸਚੁ ਵਖਾਣੀਐ ਕੇਵਡੁ ਕੂੜੁ ਕਮਾਵਣਹਾਰਾ।
੩. ਕੇਵਡੁ ਰੁਤੀ ਮਾਹ ਕਰਿ ਦਿਹ ਰਾਤੀ ਵਿਸਮਾਦੁ ਵੀਚਾਰਾ।
੪. ਆਸਾ ਮਨਸਾ ਕੇਵਡੀ ਕੇਵਡੁ ਨੀਦ ਭੁਖ ਅਹਾਰਾ।
੫. ਕੇਵਡੁ ਆਖਾਂ ਭਾਉ ਭਉ ਸਾਂਤਿ ਸਹਜਿ ਉਪਕਾਰ ਵਿਕਾਰਾ।
੬. ਤੋਲੁ ਅਤੋਲੁ ਨ ਤੋਲਣਹਾਰਾ॥ ੪॥

ਪਦ ਅਰਥ - ਵਖਾਣੀਐ=ਕਹੀਏ। ਵਿਸਮਾਦ=ਹੰਕਾਰ ਕਰਨ ਵਾਲੇ। ਭਾਉ ਭਉ=ਪ੍ਰੇਮ, ਸਤਿਕਾਰ ਅਤੇ ਡਰ, ਭਉ (ਤੌਖਲਾ)।

ਅਰਥ - ੧. ਦੁੱਖ ਸੁਖ ਨੂੰ ਕਿੱਡਾ ਕੁ ਆਖੀਏ, ਹਰਖ ਸੋਗ (ਖੁਸ਼ੀ ਗਮੀ) ਦਾ ਵਿਸਥਾਰ ਕਿੱਡਾ ਕੁ ਕਹੀਏ। ੨. ਸੱਚ ਬਾਰੇ ਕੀ ਆਖੀਏ ਕਿ ਉਹ ਕਿੱਡਾ ਕੁ (ਮਹਾਨ) ਹੈ ਤੇ ਕੂੜ (ਝੂਠ) ਦੇ (ਵਪਾਰੀ) ਕਿਡੇ ਕੁ ਹਨ। ੩. ਰੁਤਾਂ, ਮਹੀਨਿਆਂ ਤੇ ਦਿਨ ਰਾਤ (ਕਾਇਮ ਕਰ ਦੇਣ) ਦੇ ਹੈਰਾਨ ਕਰ ਦੇਣ ਵਾਲੇ ਵਿਚਾਰਾਂ ਦਾ ਕੀ ਬਿਆਨ ਕਰੀਏ ? ੪. ਆਸਾ ਮਨਸਾ (ਤ੍ਰਿਸ਼ਨਾ) ਕਿੱਡੀਆਂ ਹਨ, ਤੇ ਨੀਂਦਰ, ਭੁੱਖ ਅਤੇ ਅਹਾਰ ਦਾ (ਉਸ ਪ੍ਰਭੂ ਦਾ) ਕਿੱਡਾ (ਵੱਡਾ ਪ੍ਰਬੰਧ) ਹੈ। ੫. ਕਿੱਡਾ ਕੁ ਆਖਾਂ ਭਾਉ (ਪਿਆਰ ਦਾ ਰੰਗ), ਡਰਨ ਦਾ, (ਕਿੰਨਾ ਕੁ) ਸ਼ਾਂਤੀ, ਸਹਿਜ, ਉਪਕਾਰ (ਨੇਕੀ) ਅਤੇ ਵਿਕਾਰਾਂ (ਕੁਕਰਮਾਂ ਦਾ ਵੇਰਵਾ) ਦੱਸੀਏ, ੬. (ਬਸ ਇਹ ਸਭ ਵਸਤੂਆਂ ਦਾ) ਤੋਲ, ਅਤੋਲ ਹੈ ਤੇ ਨਾ ਹੀ (ਪ੍ਰਭੂ ਤੋਂ ਬਿਨਾਂ ਇਨ੍ਹਾਂ ਨੂੰ ਕੋਈ ਹੋਰ) ਤੋਲਣਹਾਰਾ ਹੈ॥ ੪॥

੫. ਪ੍ਰਭੂ ਦੀ ਬੇਅੰਤਤਾਈ ਦਾ ਹੋਰ ਵਰਣਨ

੧. ਕੇਵਡੁ ਤੋਲੁ ਸੰਜੋਗੁ ਦਾ ਕੇਵਡੁ ਤੋਲੁ ਵਿਜੋਗੁ ਵੀਚਾਰਾ।
੨. ਕੇਵਡੁ ਹਸਣੁ ਆਖੀਐ ਕੇਵਡੁ ਰੋਵਣ ਦਾ ਬਿਸਥਾਰਾ।
੩. ਕੇਵਡੁ ਹੈ ਨਿਰਵਿਰਤਿ ਪਖੁ ਕੇਵਡੁ ਹੈ ਪਰਵਿਰਤਿ ਪਸਾਰਾ।
੪. ਕੇਵਡੁ ਆਖਾ ਪੁੰਨ ਪਾਪੁ ਕੇਵਡੁ ਆਖਾ ਮੋਖੁ ਦੁਆਰਾ।
੫. ਕੇਵਡੁ ਕੁਦਰਤਿ ਆਖੀਐ ਇਕਦੂੰ ਕੁਦਰਤਿ ਲਖ ਅਪਾਰਾ।

੬. ਦਾਨੈ ਕੀਮਤਿ ਨਾ ਪਵੈ ਕੇਵਡੁ ਦਾਤਾ ਦੇਵਣਹਾਰਾ।
੭. ਅਕਥ ਕਥਾ ਅਬਿਗਤਿ ਨਿਰਧਾਰਾ ॥ ੫ ॥

ਪਦ ਅਰਥ - ਸੰਜੋਗੁ ਵਿਜੋਗੁ=ਮਿਲਾਪ ਤੇ ਵਿਛੋੜਾ। ਨਿਰਵਿਰਤਿ=ਵੈਰਾਗ ਵਾਲੀ ਹਾਲਤ। ਪਰਵਿਰਤਿ=ਗ੍ਰਹਿਣੀ ਹਾਲਤ। ਦਾਨੈ=ਦਾਨਾਂ ਦਾ ਖਜ਼ਾਨਾ। ਅਬਿਗਤਿ= ਜਿਸਦੀ ਹਾਲਤ ਜਾਣੀ ਨਾ ਜਾਏ। ਨਿਰਧਾਰਾ=ਆਸਰੇ ਤੋਂ ਬਿਨਾਂ।

ਅਰਥ - ੧. ਕਿੱਡਾ ਕੁ ਤੋਲ ਸੰਜੋਗ ਦਾ (ਮਿਲਾਪ ਦੀ ਖੁਸ਼ੀ) ਦਾ ਤੇ ਵਿਜੋਗ (ਵਿਛੋੜੇ ਦੇ ਦੁੱਖ) ਦਾ ਹੈ, ਇਸ ਬਾਰੇ ਕੀ ਵਿਚਾਰੀਏ (ਭਾਵ ਕੋਈ ਵਿਚਾਰ ਨਹੀਂ ਹੋ ਸਕਦੀ। ਪਲ ਵਿਚ ਸੰਜੋਗ ਤੇ ਵਿਜੋਗ ਹੋ ਜਾਂਦਾ ਹੈ, ਇਸ ਬਾਰੇ ਕੀ ਜਾਣੀਏ ?) ੨. ਹੱਸਣ (ਖੁਸ਼ੀ ਦੇ ਵਿਸਤਾਰ) ਨੂੰ ਕਿੱਡਾ ਕੁ ਆਖੀਏ, ਤੇ ਰੋਣ (ਦੁੱਖ ਭਰੀਆਂ ਹਾਲਤਾਂ) ਦਾ ਕੀ ਵਿਸਥਾਰ ਕਰੀਏ। ੩. ਕਿੱਡਾ ਕ ਨਿਰਵਿਰਤੀ ਪੱਖ (ਤਿਆਗ ਤੇ ਵੈਰਾਗ) ਨੂੰ ਕਹੀਏ ਤੇ ਕਿੱਡਾ ਕੁ (ਸੁਖਾਂ ਨੂੰ ਭੋਗਣਾ, ਸੰਸਾਰ ਦੇ ਪਦਾਰਥਾਂ ਵਿਚ ਹੀ ਲੱਗ ਜਾਣਾ) ਪਰਵਿਰਤੀ ਪੱਖ ਦੇ ਪਸਾਰ ਨੂੰ ਸਮਝੀਏ। ੪. ਪੁੰਨ ਦਾਨ (ਦੇ ਕਰਮਾਂ ਦੇ ਵਿਚਾਰ ਨੂੰ ਕਿੱਡਾ ਕੁ ਕਹੀਏ ਤੇ ਉਸ ਮੋਖ (ਮੁਕਤੀ) ਦੇ ਦੁਆਰੇ ਦੀ ਕੀ (ਵਡਿਆਈ) ਦੱਸਾਂ। ੫. (ਪ੍ਰਭੂ ਦੀ) ਕੁਦਰਤ (ਸ੍ਰਿਸ਼ਟੀ ਦੀ ਰਚਨਾ) ਨੂੰ ਕਿੱਡਾ ਕੁ ਆਖਾਂ, ਜਿਸ ਕੁਦਰਤ ਨੇ ਅਗੋਂ ਲੱਖਾਂ ਹੀ ਕੁਦਰਤਾਂ (ਵੱਖੋ ਵੱਖ ਰਚਨਾ) ਬੇਅੰਤਤਾਈ ਵਾਲੀਆਂ ਬਣਾ ਦਿੱਤੀਆਂ ਹਨ। ੬. (ਸ੍ਰਿਸ਼ਟੀ ਨੂੰ ਪਾਲਣ ਲਈ) ਏਨੇ (ਦਾਨਾਂ ਦੇ) ਭੰਡਾਰੇ ਹਨ ਕਿ ਜਿਨ੍ਹਾਂ ਦੀ ਕੀਮਤ ਨਹੀਂ ਪੈ ਸਕਦੀ ਤੇ ਕੋਈ ਜਾਣ ਨਹੀਂ ਸਕਦਾ ਕਿ ਉਹ ਦਾਤਾ ਕਿੱਡਾ ਕੁ ਵੱਡਾ ਦੇਵਣਹਾਰ ਹੈ। ੭. (ਉਸਦੀ ਕਥਾ ਕਥਨ ਤੋਂ ਰਹਿਤ ਹੈ, ਜਿਸ ਦੀ ਗਤੀ ਨੂੰ ਕੋਈ ਨਹੀਂ ਜਾਣ ਸਕਦਾ ਕਿ ਕਿਸੇ ਵਸਤੂ ਜਾਂ ਆਸਰੇ ਤੋਂ ਬਗੈਰ (ਨਿਰਾਧਾਰ) ਇਹ ਸਾਰਾ ਕੁਝ ਉਸ ਮਹਾਨ ਪ੍ਰਭੂ ਨੇ ਕਿਵੇਂ ਬਣਾ ਦਿੱਤਾ ਹੈ॥ ੫॥

੬. ਸਾਧ ਸੰਗਤ ਦੀ ਮਹਿਮਾ

੧. ਲਖ ਚਉਰਾਸੀਹ ਜੂਨਿ ਵਿਚਿ ਮਾਣਸ ਜਨਮੁ ਦੁਲੰਭੁ ਉਪਾਇਆ।
੨. ਚਾਰਿ ਵਰਨ ਚਾਰਿ ਮਜਹਬਾਂ ਹਿੰਦੂ ਮੁਸਲਮਾਣ ਸਦਾਇਆ।
੩. ਕਿਤੜੇ ਪੁਰਖ ਵਖਾਣੀਅਨਿ ਨਾਰਿ ਸੁਮਾਰਿ ਅਗਣਤ ਗਣਾਇਆ।
੪. ਤ੍ਰੈ ਗੁਣ ਮਾਇਆ ਚਲਿਤੁ ਹੈ ਬ੍ਰਹਮਾ ਬਿਸਨੁ ਮਹੇਸੁ ਰਚਾਇਆ।
੫. ਵੇਦ ਕਤੇਬਾਂ ਵਾਚਦੇ ਇਕੁ ਸਾਹਿਬੁ ਦੁਇ ਰਾਹ ਚਲਾਇਆ।
੬. ਸਿਵ ਸਕਤੀ ਵਿਚਿ ਖੇਲੁ ਕਰਿ ਜੋਗ ਭੋਗ ਬਹੁ ਚਲਿਤੁ ਬਣਾਇਆ।
੭. ਸਾਧ ਅਸਾਧ ਸੰਗਤਿ ਫਲੁ ਪਾਇਆ ॥ ੬ ॥

ਪਦ ਅਰਥ - ਦੁਲੰਭੁ=ਅਲਭ ਵਸਤੂ। ਸਿਵ ਸਕਤੀ=ਪ੍ਰਭੂ ਤੇ ਉਸਦੀ ਮਾਇਆ। ਸਾਧ ਅਸਾਧ=ਭਲਾ ਤੇ ਬੁਰਾ।

ਅਰਥ - ੧. ੮੪ ਲੱਖ ਜੂਨਾਂ ਵਿਚ, ਮਾਨੁਖਾ ਜਨਮ ਦੁਰਲੱਭ (ਵੱਡੇ ਭਾਗਾਂ ਨਾਲ ਮਿਲਣ ਵਾਲਾ ਪ੍ਰਭੂ ਨੇ) ਪੈਦਾ ਕੀਤਾ ਹੈ। ੨. ਚਾਰ ਵਰਣ (ਖੜ੍ਹੀ, ਬ੍ਰਾਹਮਣ, ਵੈਸ਼ ਤੇ ਸ਼ੂਦਰ) ਤੇ ਚਾਰ ਮਜ਼ਹਬ, ਹਿੰਦੂ ਮੁਸਲਮਾਨਾਂ (ਦੋਹਾਂ ਵਿਚ) ਸਦਵਾਏ ਹਨ। ੩. ਅਨੇਕਾਂ ਪੁਰਖ ਤੇ ਅਨੇਕਾਂ ਹੀ ਇਸਤ੍ਰੀਆਂ, ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ। ੪. (ਪ੍ਰਭੂ ਦੀ ਪੈਦਾ ਕੀਤੀ ਮਾਇਆ ਨੇ) ਤਿੰਨ ਗੁਣ (ਰਜੋ, ਸਤੋ ਤੇ ਤਮੋ ਭਾਵ) ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਰਚ ਕੇ (ਵੱਡਾ) ਚੋਜ (ਖੇਡ) ਕੀਤਾ। ੫. ਵੇਦਾਂ ਨੂੰ (ਹਿੰਦੂ) ਤੇ ਕਤੇਬਾਂ ਨੂੰ (ਮੁਸਲਮਾਨ) ਵਾਚਦੇ (ਭਾਵ ਪੜ੍ਹਦੇ) ਹਨ, (ਪਰ) ਸਾਹਿਬ (ਸ੍ਰਿਸ਼ਟੀ ਦਾ ਮਾਲਕ, ਸਭ ਦਾ ਕਰਤਾ) ਤਾਂ ਇਕੋ ਹੈ, ਪਰ ਰਾਹ (ਧਰਮ) ਦੋ ਚਲਾ ਦਿੱਤੇ ਹਨ। ੬. ਸ਼ਿਵ ਸ਼ਕਤੀ (ਈਸ਼ਵਰ ਤੇ ਮਾਇਆ) ਸਤੋ ਤੇ ਤਮੋ ਦਾ ਖੇਲ ਕਰਕੇ, ਜੋਗ ਭੋਗ ਦਾ ਵੱਡਾ ਕੌਤਕ ਬਣਾ ਦਿੱਤਾ ਹੈ। (ਭਾਵ ਸਤੋ ਗੁਣੀ ਪੁਰਸ਼ ਤਾਂ ਪਰਮੇਸ਼ਰ ਦੀ ਭਗਤੀ, ਸਿਮਰਨ ਵਿਚ ਤੇ ਮਾਇਕ-ਲੌਕੀ ਪਦਾਰਥਾਂ ਦੇ ਭੋਗਾਂ ਵਿਚ ਖਚਤ ਹੋ ਰਹੇ ਹਨ)। ੭. ਇਹ ਸਾਧਾਂ ਤੇ ਅਸਾਧਾਂ (ਗੁਰਮੁਖਾਂ ਤੇ ਮਨਮੁਖਾਂ) ਦੀ ਸੰਗਤ ਦਾ ਫਲ ਹੈ, ਜੋ ਮਨੁੱਖ ਜਾਤੀ ਪਾ ਰਹੀ ਹੈ॥ ੬॥

੭. ਹਿੰਦੂ ਮਤ ਦਾ ਵਰਣਨ

੧. ਚਾਰਿ ਵਰਨ ਛਿਅ ਦਰਸਨਾਂ ਸਾਸਤ੍ਰ ਬੇਦ ਪੁਰਾਣੁ ਸੁਣਾਇਆ।
੨. ਦੇਵੀ ਦੇਵ ਸਰੇਵਦੇ ਦੇਵ ਸਥਲ ਤੀਰਥ ਭਰਮਾਇਆ।
੩. ਗਣ ਗੰਧਰਬ ਅਪਛਰਾਂ ਸੁਰਪਤਿ ਇੰਦ੍ਰ ਇੰਦ੍ਰਾਸਣ ਛਾਇਆ।
੪. ਜਤੀ ਸਤੀ ਸੰਤੋਖੀਆਂ ਸਿਧ ਨਾਥ ਅਵਤਾਰ ਗਣਾਇਆ।
੫. ਜਪ ਤਪ ਸੰਜਮ ਹੋਮ ਜਗ ਵਰਤ ਨੇਮ ਨਈਵੇਦ ਪੁਜਾਇਆ।
੬. ਸਿਖਾ ਸੂਤ੍ਰਿ ਮਾਲਾ ਤਿਲਕ ਪਿਤਰ ਕਰਮ ਵੇਦ ਕਰਮ ਕਮਾਇਆ।
੭. ਪੁੰਨ ਦਾਨ ਉਪਦੇਸੁ ਦਿੜਾਇਆ॥ ੭॥

ਪਦ ਅਰਥ - ਸਰੇਵਦੇ=ਸੇਵਣ ਵਾਲੇ। ਦੇਵ ਸਥਲ=ਦੇਵਤਿਆਂ ਦੇ ਮੰਦਰ। ਨਈਵੇਦ=ਠਾਕੁਰਾਂ ਦੀ ਭੋਗ ਸਮਗ੍ਰੀ। ਸਿਖਾ=ਬੋਦੀ।

ਅਰਥ - ੧. (ਹਿੰਦੂ ਧਰਮ ਦੀ ਤਸਵੀਰ ਖਿੱਚਦੇ ਹਨ :- ਕਿ ਹਿੰਦੂਆਂ ਦੇ) ਚਾਰ ਵਰਣ, ਛੇ ਸ਼ਾਸਤਰ ਤੇ ਉਨ੍ਹਾਂ ਦੇ ਧਰਮ ਵਿਚ ਵੇਦਾਂ ਪੁਰਾਣਾਂ ਨੂੰ ਪੜ੍ਹ ਕੇ ਸੁਣਾਇਆ (ਜਾਣ ਲੱਗਾ)। ੨. ਦੇਵੀ ਤੇ ਦੇਵਤਿਆਂ ਦੀ ਪੂਜਾ, ਦੇਵਤਿਆਂ ਦੇ ਅਸਥਾਨਾਂ (ਭਾਵ ਮੰਦਰਾਂ) ਤੀਰਥਾਂ ਦਾ ਭਰਮਣ (ਯਾਤਰਾ) ਕਰਨ ਲੱਗੇ। ੩. (ਕਈ ਵੇਦਾਂ ਪੁਰਾਣਾਂ ਦੀ ਸਿੱਖਿਆ ਅਨੁਸਾਰ) ਗਣਾਂ, ਗੰਧਰਬਾਂ, ਅਪੱਛਰਾਂ, ਦੇਵਤਿਆਂ ਦੇ ਰਾਜੇ ਇੰਦਰ ਤੇ ਇੰਦ੍ਰਾਸਣ (ਸਵਰਗ ਪੁਰੀ) ਦੀ ਪੂਜਾ ਕਰਨ ਲੱਗ ਗਏ। ੪. ਕਈ ਜਤੀ ਸਤੀ ਤੇ ਸੰਤੋਖੀਆਂ ਦੇ (ਮਗਰ ਲੱਗ ਗਏ), ਕੋਈ ਸਿੱਧਾਂ, ਨੌਂ ਨਾਥਾਂ, ਤੇ ੨੪ ਅਵਤਾਰਾਂ ਨੂੰ ਗਿਣਨ ਲੱਗ ਗਏ। ੫. ਕਈ ਜਪ, ਤਪ, ਸੰਜਮ ਤੇ ਹੋਮਾਂ, ਯਗਾਂ (ਦੇ ਕਰਮਾਂ ਵਿਚ ਲੱਗ ਗਏ)। ਕੋਈ ਵਰਤਾਂ ਦੇ ਨੇਮ, ਕੋਈ ਨਈਵੇਦ (ਠਾਕੁਰਾਂ ਦੇ ਭੋਗਾਂ) ਆਦਿ ਦੀ ਪੂਜਾ ਵਿਚ ਲੱਗ ਗਏ। ੬. ਕੋਈ ਬੋਦੀ, ਜਨੇਊ, ਮਾਲਾ, ਤਿਲਕ ਲਾ ਕੇ ਪਿਤਰੀ ਦੇ ਵੇਦ ਕਰਮਾਂ

ਵਿਚ ਜੁਟ ਗਏ। ੭. (ਇਨ੍ਹਾਂ ਕਰਮਾਂ ਦੇ ਨਾਲ ਹੀ) ਪੁੰਨ ਦਾਨ ਕਰਨ ਦਾ ਉਪਦੇਸ਼ ਵੀ ਦ੍ਰਿੜ੍ਹਾਇਆ ਜਾਣ ਲੱਗਾ ॥ ੭ ॥

੮. ਮੁਸਲਮਾਨੀ ਮੱਤ ਦਾ ਵਰਣਨ

੧. ਪੀਰ ਪਿਕੰਬਰ ਅਉਲੀਏ ਗਉਸ ਕੁਤਬ ਵਲੀਉਲਹ ਜਾਣੇ।
੨. ਸੇਖ ਮਸਾਇਕ ਆਖੀਅਨਿ ਲਖ ਲਖ ਦਰਿ ਦਰਿਵੇਸ ਵਖਾਣੇ।
੩. ਸੁਹਦੇ ਲਖ ਸਹੀਦ ਹੋਇ ਲਖ ਅਬਦਾਲ ਮਲੰਗ ਮਿਲਾਣੇ।
੪. ਸਿੰਧੀ ਰੁਕਨ ਕਲੰਦਰਾਂ ਲਖ ਉਲਮਾਉ ਮੁਲਾ ਮਉਲਾਣੇ।
੫. ਸਰੈ ਸਰੀਅਤਿ ਆਖੀਐ ਤਰਕ ਤਰੀਕਤਿ ਰਾਹ ਸਿਞਾਣੇ।
੬. ਮਾਰਫ਼ਤੀ ਮਾਰੂਫ ਲਖ ਹਕ ਹਕੀਕਤਿ ਹੁਕਮਿ ਸਮਾਣੇ।
੭. ਬੁਜਰਕਵਾਰ ਹਜਾਰ ਮੁਹਾਣੇ ॥ ੮ ॥

ਪਦ ਅਰਥ - ਪਿਕੰਬਰ=ਨਬੀ। ਵਲੀਉਲਹ=ਖੁਦਾ ਦਾ ਦੋਸਤ। ਮਸਾਇਕ=ਬਹੁਤੇ ਸ਼ੇਖ (ਬਹੁਵਚਨ)। ਸੁਹਦੇ ਸਹੀਦ=ਗਰੀਬ ਤੇ ਸੂਰਮੇ। ਰੁਕਨ=ਮੁਖੀ, ਸ਼੍ਰੋਮਣੀ। ਉਲਮਾਉ=ਕੁਰਾਨ ਦੇ ਪਾਠੀ, ਵਿਦਵਾਨ। ਮਾਰੂਫ=ਪ੍ਰਸਿੱਧ ਵਿਦਵਾਨ।

ਅਰਥ - ੧. ਪੀਰ, ਪੈਕੰਬਰ, ਅਉਲੀਏ, ਗਉਸ, ਕੁਤਬ, ਵਲੀਉੱਲਹ, ਇਹ ਸਭ ਮੁਸਲਮਾਨੀ ਮੱਤ ਦੇ ਸਿਆਣਿਆਂ (ਸੋਝੀਵਾਨਾਂ) ਦੇ ਨਾਮ ਹਨ। ੨. ਇੱਕ ਸ਼ੇਖ ਤੇ ਮਸਾਇਕ ਵੀ ਕਹੀਦੇ ਹਨ, ਲੱਖਾਂ ਹੀ ਖ਼ੁਦਾ ਦੇ ਦਰਵੇਸ਼ ਆਖੇ ਜਾਂਦੇ ਹਨ। ੩. ਲੱਖਾਂ ਸੁਹਦੇ ਸ਼ਹੀਦ ਹਨ, ਲੱਖਾਂ ਅਬਦਾਲ (ਫਕੀਰਾਂ ਦਾ ਨਾਂ) ਤੇ ਮਲੰਗ ਮਿਲਦੇ ਹਨ। ੪. ਸਿੰਧੀ ਜਾਤ ਦੇ ਮੁਖੀ ਤੇ ਲੱਖਾਂ ਕਲੰਦਰ (ਫਕੀਰ) ਤੇ ਲੱਖਾਂ ਪੜ੍ਹੇ ਹੋਏ ਉਲਮਾ ਮੁੱਲਾਂ ਤੇ ਮੁਲਾਣੇ ਹਨ। ੫. ਕਈ ਤਰ੍ਹਾਂ ਦੀ ਸ਼ਰਾ (ਦਾ ਕਾਨੂੰਨ) ਸ਼ਰੀਅਤ ਆਖੇ ਜਾਂਦੇ ਹਨ, ਕਈ ਤਰਕ (ਵੈਰਾਗ) ਤੇ ਤਰੀਕਤ (ਵੈਰਾਗ ਦਾ ਰਾਹ) ਪਛਾਣਨ ਵਾਲੇ ਕਹੇ ਜਾਂਦੇ ਹਨ। ੬. (ਖ਼ੁਦਾ ਦੇ ਰਸਤੇ) ਮਾਰਫ਼ਤ ਦੇ ਜਾਣੂੰ ਲੱਖਾਂ ਕਹਾਉਂਦੇ, ਲੱਖਾਂ ਹਕੀਕਤ (ਸੱਚੇ) ਰਾਹ ਦੇ ਹੁਕਮ ਵਿਚ ਅਭੇਦ ਹੋਣ ਦਾ ਯਤਨ ਕਰਨ ਵਾਲੇ ਹਨ। ੭. ਇਸ ਤਰ੍ਹਾਂ ਹੀ ਬਜ਼ੁਰਗੀਵਾਰ ਹਜ਼ਾਰਾਂ ਆਗੂ ਬਣੇ ਹਨ ॥ ੮ ॥

੯. ਬ੍ਰਾਹਮਣਾਂ ਦੀਆਂ ਜਾਤੀਆਂ ਦਾ ਹਾਲ

੧. ਕਿਤੜੇ ਬਾਹਮਣ ਸਾਰਸੁਤ ਵਿਰਤੀਸਰ ਲਾਗਾਇਤ ਲੋਏ।
੨. ਕਿਤੜੇ ਗਉੜ ਕਨਉਜੀਏ ਤੀਰਥ ਵਾਸੀ ਕਰਦੇ ਢੋਏ।
੩. ਕਿਤੜੇ ਲਖ ਸਨਉਢੀਏ ਪਾਂਧੇ ਪੰਡਿਤ ਵੈਦ ਖਲੋਏ।

੪. ਕੇਤੜਿਆਂ ਲਖ ਜੋਤਕੀ ਵੇਦ ਵੇਦੂਏ ਲੱਖ ਪਲੋਏ।
੫. ਕਿਤੜੇ ਲਖ ਕਵੀਸਰਾਂ ਬ੍ਰਹਮ ਭਾਟ ਬ੍ਰਹਮਾਉ ਬਖੋਏ।
੬. ਕੇਤੜਿਆਂ ਅਭਿਆਗਤਾਂ ਘਰਿ ਘਰਿ ਮੰਗਦੇ ਲੈ ਕਨਸੋਏ।
੭. ਕਿਤੜੇ ਸਉਣ ਸਵਾਣੀ ਹੋਏ॥ ੯॥

ਪਦ ਅਰਥ - ਵਿਰਤੀਸਰ=ਪ੍ਰੋਹਤ। ਲਾਗਾਇਤਿ=ਲਾਗੀ, ਜੋ ਵਿਆਹ 'ਤੇ ਮਰਨੇ ਪਰਨੇ ਦੇ ਕੰਮ ਕਰਦੇ ਹਨ। ਕਨਉਜੀਏ=ਕਨੌਜ ਦੇ ਵਸਨੀਕ ਜਾਂ ਜਾਤੀ। ਢੋਏ=ਸੁਗਾਤ। ਵੇਦਵੇ=ਵੇਦੀਏ। ਪਲੋਏ=ਨੱਸੇ, ਜਾਂ ਖਤਮ ਹੋਏ।

ਅਰਥ - ੧. ਇਤਨੇ ਹੀ ਸਾਰਸੁਤ (ਸ਼੍ਰੇਣੀ ਦੇ) ਬ੍ਰਾਹਮਣ, ਅਨੇਕਾਂ ਪ੍ਰੋਹਤ ਤੇ ਕਈ ਲੋਕਾਂ ਦੇ ਲਾਗੀ ਹੋਏ ਹਨ। ੨. ਕਿਤਨੇ ਹੀ ਗਉੜ ਤੇ ਕਨੌਜ (ਜਾਤੀ) ਦੇ ਹਨ। ਕਈ ਤੀਰਥਾਂ 'ਤੇ ਵੱਸਦੇ ਤੇ (ਆਉਂਦੇ ਜਾਂਦੇ ਯਾਤਰੀ) ਨਾਲ ਮੇਲ ਕਰਦੇ ਹਨ। ੩. ਕਿਤਨੇ ਲੱਖਾਂ ਹੀ ਸਨਉਢੀਏ (ਬ੍ਰਾਹਮਣ ਕਹਾਉਂਦੇ ਹਨ)। ਅਨੇਕਾਂ ਪਾਂਧੇ (ਉਸਤਾਦ) ਪੰਡਿਤ (ਵਿਦਵਾਨ) ਕਈ ਵੈਦ ਹੋ ਚੁੱਕੇ ਹਨ। ੪. ਕਿਤਨੇ ਲੱਖਾਂ ਜੋਤਸ਼ੀ (ਹੱਥ ਰੇਖ ਵੇਖਣ ਵਾਲੇ), ਵੇਦਾਂ ਦੇ ਵੇਦੀਏ (ਵੇਦ-ਰੀਤ ਵਾਲੇ) ਲੱਖਾਂ ਹੋ ਚੁਕੇ ਹਨ। ੫. ਕਈ ਕਵੀਸ਼ਰ, ਬ੍ਰਾਹਮਣ ਭੱਟ (ਲੋਕਾਂ ਦੀਆਂ ਸਿਫ਼ਤਾਂ ਕਰ ਕਰ ਕੇ ਦਾਨ ਲੈਣ ਵਾਲੇ) ਤੇ ਕਈ ਬ੍ਰਹਮਾ ਦੀ ਔਲਾਦ ਅਖਵਾਉਂਦੇ ਹਨ। ੬. ਕਿਤਨੇ ਹੀ ਅਭਿਆਗਤ, ਜੋ ਘਰਾਂ ਘਰਾਂ ਵਿਚ ਮੰਗਦੇ ਤੇ ਕੰਨਸੋਆਂ ਲੈਂਦੇ ਫਿਰਦੇ ਹਨ ਕਿ ਦਾਨ ਮਿਲੇਗਾ ਕਿ ਨਹੀਂ। ੭. ਕਿਤਨੇ ਹੀ ਸਉਣ ਸਵਾਣੀ (ਸ਼ਗਨ ਮਨਾਉਣ ਵਾਲੇ) ਹੋ ਚੁੱਕੇ ਹਨ। (ਭਾਵ ਸ਼ਗਨ ਮਨਾ ਕੇ ਹੀ ਰੋਜ਼ੀ ਕਮਾਂਦੇ ਹਨ)॥ ੯॥

੧੦. ਖੱਤਰੀ ਜਾਤਾਂ ਦੀ ਗਿਣਤੀ

੧. ਕਿਤੜੇ ਖੜ੍ਰੀ ਬਾਹਰੀ ਕੇਤੜਿਆਂ ਹੀ ਬਾਵੰਜਾਹੀ।
੨. ਪਾਵਾਧੇ ਪਾਚਾਧਿਆ ਫਲੀਆਂ ਖੋਖਰਾਇਣੁ ਅਵਗਾਹੀ।
੩. ਕੇਤੜਿਆਂ ਚਉੜੋਤਰੀ ਕੇਤੜਿਆਂ ਸੇਰੀਣ ਵਿਲਾਹੀ।
੪. ਕੇਤੜਿਆਂ ਅਵਤਾਰ ਹੋਇ ਚਕ੍ਰਵਰਤਿ ਰਾਜੇ ਦਰਗਾਹੀ।
੫. ਸੂਰਜਵੰਸੀ ਆਖੀਅਨਿ ਸੋਮਵੰਸ ਸੂਰਵੀਰ ਸਿਪਾਹੀ।
੬. ਧਰਮ ਰਾਇ ਧਰਮਾਤਮਾ ਧਰਮੁ ਵੀਚਾਰੁ ਨ ਬੇਪਰਵਾਹੀ।
੭. ਦਾਨੁ ਖੜਗੁ ਮੰਤੁ ਭਗਤਿ ਸਲਾਹੀ॥ ੧੦॥

ਪਦ ਅਰਥ - ਪਾਵਾਧੇ=ਖੱਤਰੀ ਜਾਤ ਦੇ ਗੋਤ। ਬਾਹਰੀ=੧੨ ਘਰਾਂ ਵਿਚ ਸਾਕ ਕਰਨ ਵਾਲੇ। ਦਰਗਾਹੀ=ਦਰਬਾਰਾਂ ਵਾਲੇ। ਬਾਵੰਜਾਹੀ=ਜੋ ੫੨ ਘਰਾਂ ਵਿਚ ਵਰਤਣ।

ਅਰਥ - ੧. ਕਿੰਨੇ ਹੀ ਖਤਰੀਆਂ (ਜਾਤਾਂ ਵਿਚ) ਬਾਹਰੀ, ਕਈ ਬਾਵੰਜਾਹੀ ਹਨ। ੨. ਕਈ ਪਾਵਾਧੇ, ਕਈ ਪਚਾਧੇ, ਫੱਲੀਆਂ, ਖੋਖਰਾਇਣ ਬੇਅੰਤ ਹਨ, ੩. ਕਿੰਨੇ ਚਉੜੋਤਰੀ ਕਿਤਨੇ ਸੇਰੀਣ ਤੇ ਵਿਲਾਹੀ (ਜਾਤਾਂ ਵਾਲੇ) ਹਨ। ੪. ਕਈ (ਇਨ੍ਹਾਂ ਵਿਚ ਹੀ) ਅਵਤਾਰ (ਰਾਮ ਕ੍ਰਿਸ਼ਨ) ਤੇ ਕਿੰਨੇ ਹੀ ਚਕ੍ਰਵਰਤੀ ਦਰਬਾਰੀ ਰਾਜੇ ਮਹਾਰਾਜੇ ਹੋਏ ਹਨ। ੫. ਸੂਰਜ-ਬੰਸੀ, ਚੰਦਰਬੰਸੀ, ਕਈ ਸੂਰਬੀਰ (ਜੋਧੇ) ਸਿਪਾਹੀ ਹੋਏ ਹਨ। ੬. ਪਰ ਧਰਮਰਾਜਾ ਧਰਮੀ ਹੈ, ਧਰਮ ਹੀ ਵੀਚਾਰਦਾ ਹੈ, (ਵੱਡੇ ਛੋਟੇ ਦੀ ਕਾਣ ਨਹੀਂ) ਬੇਪਰਵਾਹ ਹੈ, ਧਰਮ ਦਾ ਨਿਆਉਂ ਕਰਦਾ ਹੈ। ੭. (ਖੱਤਰੀਆਂ ਵਿਚ) ਦਾਨੀ, ਖੜਗਧਾਰੀ, ਮੰਤ੍ਰ (ਸਿਮਰਨ ਕਰਨ ਵਾਲੇ) ਭਗਤਾਂ ਦੀ ਸਲਾਹੁਤਾ ਹੈ, (ਹੋਰ ਕਿਸੇ ਗੱਲ ਦੀ ਨਹੀਂ)॥ ੧੦॥

੧੧. ਵੈਸ਼ਾਂ ਦੀਆਂ ਜਾਤਾਂ ਦਾ ਵਰਣਨ

੧. ਕਿਤੜੇ ਵੈਸ ਵਖਾਣੀਅਨਿ ਰਾਜਪੂਤ ਰਾਵਤ ਵੀਚਾਰੀ।
੨. ਤੂਅਰ ਗਉੜ ਪਵਾਰ ਲਖ ਮਲਣ ਹਾਸ ਚਉਹਾਣ ਚਿਤਾਰੀ।
੩. ਕਛਵਾਹੇ ਰਾਠਉੜ ਲਖ ਰਾਣੇ ਰਾਏ ਭੂਮੀਏ ਭਾਰੀ।
੪. ਬਾਘ ਬਘੇਲੇ ਕੇਤੜੇ ਬਲਵੰਡ ਲਖ ਬੁੰਦੇਲੇ ਕਾਰੀ।
੫. ਕੇਤੜਿਆਂ ਹੀ ਭੁਰਟੀਏ ਦਰਬਾਰਾਂ ਅੰਦਰਿ ਦਰਬਾਰੀ।
੬. ਕਿਤੜੇ ਗੁਣੀ ਭਦਉੜੀਏ ਦੇਸਿ ਦੇਸਿ ਵਡੇ ਇਤਬਾਰੀ।
੭. ਹਉਮੈ ਮੁਏ, ਨ ਹਉਮੈ ਮਾਰੀ॥ ੧੧॥

ਪਦ ਅਰਥ - ਬੁੰਦੇਲੇ=ਸੂਰਮੇ।

ਅਰਥ - ੧. ਕਿਤਨੇ ਹੀ ਵੈਸ਼ ਜਾਤੀ ਦੇ ਕਹੇ ਜਾਂਦੇ ਹਨ, ਕਈ ਰਾਜਪੂਤ, ਰਾਵਤ (ਰਾਜੇ ਆਦਿਕਾਂ) ਦੇ ਵਿਚਾਰ ਕਹੀਦੇ ਹਨ। ੨. ਤੂਅਰ, ਗੌੜ ਤੇ ਪਵਾਰ (ਜਾਤੀ ਦੇ) ਲੱਖਾਂ ਹਨ, ਮਲਣ, ਹਾਸ, ਚਉਹਾਣ (ਜਾਤ ਦੇ ਬਥੇਰੇ ਕਹੀਦੇ) ਹਨ। ੩. ਲੱਖਾਂ ਹੀ ਕਛਵਾਹੇ ਤੇ ਰਾਠਉੜ, ਰਾਜੇ, ਰਾਣੇ, ਭੂਮੀਏ, ਵੱਡੇ (ਹੋ ਚੁੱਕੇ ਹਨ)। ੪. ਬਾਘ ਤੇ ਬਘੇਲੇ (ਜਾਤੀਆਂ ਦੇ) ਕਿੰਨੇ ਹਨ। ਲੱਖਾਂ ਬੁੰਦੇਲ ਖੰਡ ਦੇ ਭਾਰੀ ਸੂਰਮੇ ਹੋਏ ਹਨ। ੫. ਕਿਤਨੇ ਹੀ ਭੂਰਟੀ (ਕੌਮ ਦੇ) ਦਰਬਾਰਾਂ ਵਿਚ ਦਰਬਾਰੀ ਹਨ। ੬. ਕਿੰਨੇ ਹੀ ਭਦੌੜੀਏ ਗੁਣਾਂ ਵਾਲੇ, ਦੇਸਾਂ ਦੇਸਾਂ ਵਿਚ ਵੱਡੇ ਇਤਬਾਰ ਵਾਲੇ ਹੋਏ ਹਨ। ੭. (ਮੁਕਦੀ ਗੱਲ ਇਹੋ ਹੈ ਕਿ ਸਭ) ਹਉਮੈ ਦਾ ਸ਼ਿਕਾਰ ਹੋਏ ਰਹੇ, ਹਉਮੈ ਕਿਸੇ ਨਾ ਮਾਰੀ। ਸਾਰੇ ਹਉਮੈ ਵਿਚ ਹੀ ਪਚ ਮੋਏ ਹਨ॥ ੧੧॥

੧੨. ਗੋਤਾਂ ਤੇ ਕਿਰਤਾਂ ਦੀਆਂ ਜਾਤਾਂ ਦਾ ਵਰਣਨ

੧. ਕਿਤੜੇ ਸੂਦ ਸਦਾਇਦੇ ਕਿਤੜੇ ਕਾਇਥ ਲਿਖਣਹਾਰੇ।
੨. ਕੇਤੜਿਆਂ ਹੀ ਬਾਣੀਏ ਕਿਤੜੇ ਭਾਭੜਿਆਂ ਸੁਨਿਆਰੇ।

੩. ਕੇਤੜਿਆਂ ਲਖ ਜਟ ਹੋਇ ਕੇਤੜਿਆਂ ਛੀਂਬੇ ਸੈਸਾਰੇ।
੪. ਕੇਤੜਿਆ ਠਾਠੇਰਿਆ ਕੇਤੜਿਆਂ ਲੋਹਾਰ ਵਿਚਾਰੇ।
੫. ਕਿਤੜੇ ਤੇਲੀ ਆਖੀਅਨਿ ਕਿਤੜੇ ਹਲਵਾਈ ਬਾਜਾਰੇ।
੬. ਕੇਤੜਿਆਂ ਲਖ ਪੰਖੀਏ ਕਿਤੜੇ ਨਾਈ ਤੈ ਵਣਜਾਰੇ।
੭. ਚਹੁ ਵਰਨਾਂ ਦੇ ਗੋਤ ਅਪਾਰੇ॥ ੧੨॥

ਪਦ ਅਰਥ - ਸੂਦ=ਬਾਣੀਏ। ਕਾਇਥ=ਮੁਨਸ਼ੀ, ਪਟਵਾਰੀ ਆਦਿ। ਭਾਭੜਿਆਂ=ਜੈਨੀ। ਪੰਖੀਏ=ਸਿਰਕੀਬੰਦ।

ਅਰਥ - ੧. ਕਿੰਨੇ ਹੀ ਸੂਦ ਸਦਾਉਂਦੇ ਹਨ ਤੇ ਕਿਤਨੇ ਹੀ ਮੁਨਸ਼ੀ ਲਿਖਣਹਾਰੇ ਹਨ। ੨. ਕਿੰਨੇ ਹੀ ਬਾਣੀਏ (ਜੋ ਪੰਸਾਰੀ ਦਾ ਕੰਮ ਕਰਦੇ ਹਨ), ਕਈ ਭਾਬੜੇ (ਜੈਨੀ ਮੱਤ ਦੇ) ਤੇ ਕਈ (ਸੋਨਾ ਘੜਨ ਵਾਲੇ) ਸੁਨਿਆਰੇ ਹਨ। ੩. ਲੱਖਾਂ ਹੀ ਜਟ ਤੇ ਕਿਤਨੇ ਹੀ ਛੀਂਬੇ ਸੰਸਾਰ ਵਿਚ ਹੋਏ ਹਨ। ੪. ਕਿਤਨੇ ਹੀ ਠਠੇਰੇ (ਭਾਂਡੇ ਘੜਨ ਵਾਲੇ) ਹਨ, ਕਈ (ਲੋਹਾ ਕੁਟਣ ਵਾਲੇ) ਵਿਚਾਰੇ ਲੁਹਾਰ ਹਨ। ੫. ਕਿੰਨੇ ਹੀ ਤੇਲੀ (ਤੇਲ ਕੱਢਣ ਵਾਲੇ) ਕਹੇ ਜਾਂਦੇ ਹਨ, ਕਿਤਨੇ ਹੀ ਬਜ਼ਾਰਾਂ ਵਿਚ ਹਲਵਾਈ ਹਨ। ੬. ਕਿਤਨੇ ਹੀ ਪੰਖੀਏ (ਹਲਕਾਰੇ ਜਾਂ) ਸਿਰਕੀ-ਬੰਦ ਹਨ, ਕਿਤਨੇ ਹੀ ਨਾਈ ਤੇ ਵਣਜਾਰੇ (ਵਪਾਰੀ) ਹਨ। ੭. (ਇਸ ਤਰ੍ਹਾਂ) ਚਹੁੰ ਵਰਣਾਂ ਦੇ ਅਨੇਕਾਂ ਗੋਤ ਹਨ॥ ੧੨॥

੧੩. ਵਰਣਾਂ ਤੇ ਮਤ-ਮਤਾਂਤਰਾਂ ਦਾ ਵਰਣਨ

੧. ਕਿਤੜੇ ਗਿਰਹੀ ਆਖੀਅਨਿ ਕੇਤੜਿਆਂ ਲਖ ਫਿਰਨਿ ਉਦਾਸੀ।
੨. ਕੇਤੜਿਆਂ ਜੋਗੀਸੁਰਾਂ ਕੇਤੜਿਆਂ ਹੋਏ ਸੰਨਿਆਸੀ।
੩. ਸੰਨਿਆਸੀ ਦਸ ਨਾਮ ਧਰਿ ਜੋਗੀ ਬਾਰਹ ਪੰਥ ਨਿਵਾਸੀ।
੪. ਕੇਤੜਿਆਂ ਲਖ ਪਰਮ ਹੰਸ ਕਿਤੜੇ ਬਾਨਪ੍ਰਸਤ ਬਨਵਾਸੀ।
੫. ਕੇਤੜਿਆਂ ਹੀ ਡੰਡ ਧਾਰ ਕਿਤੜੇ ਜੈਨੀ ਜੀਅ ਦੈਆਸੀ।
੬. ਛਿਅ ਘਰਿ ਛਿਅ ਗੁਰਿ ਆਖੀਅਨਿ ਛਿਅ ਉਪਦੇਸ ਭੇਸ ਅਭਿਆਸੀ।
੭. ਛਿਅ ਰੁਤਿ ਬਾਰਹ ਮਾਹ ਕਰਿ ਸੂਰਜੁ ਇਕੋ ਬਾਰਹ ਰਾਸੀ।
੮. ਗੁਰਾ ਗੁਰੂ ਸਤਿਗੁਰੁ ਅਬਿਨਾਸੀ॥ ੧੩॥

ਪਦ ਅਰਥ - ਗਿਰਹੀ=ਗ੍ਰਿਹਸਥੀ। ਬਾਨਪ੍ਰਸਤ=ਹਿੰਦੂ ਮੱਤ ਅਨੁਸਾਰ ਤੀਸਰਾ ਆਸ਼ਰਮ। ਛਿਅ ਘਰਿ=ਛੇ ਸ਼ਾਸਤਰ।

ਅਰਥ - ੧. ਕਿੰਨੇ ਹੀ ਗ੍ਰਿਹਸਥੀ ਆਖੇ ਜਾਂਦੇ ਹਨ ਤੇ ਕਈ ਲੱਖਾਂ ਉਦਾਸੀ ਹਨ ਜੋ ਫਿਰਦੇ (ਰਹਿੰਦੇ ਹਨ)। ੨. ਕਈ ਜੋਗੀਸ਼ਵਰ ਹਨ, ਤੇ ਕਿਤਨੇ ਹੀ ਸੰਨਿਆਸੀ ਹਨ। ੩. ਸੰਨਿਆਸੀਆਂ ਨੇ ਦਸ (ਭਾਰਥੀ, ਗਿਰੀ ਤੇ ਪੁਰੀ ਆਦਿ) ਨਾਮ ਰੱਖੇ ਹੋਏ ਹਨ। (ਇਸੇ ਤਰ੍ਹਾਂ) ਜੋਗੀ ਬਾਰਾਂ ਪੰਥਾਂ ਵਾਲੇ ਹਨ। ੪. ਕਿਤਨੇ ਹੀ ਲੱਖਾਂ ਪਰਮ ਹੰਸ (ਸੱਚ ਤੇ ਝੂਠ ਦਾ ਨਿਖੇੜਾ ਕਰਨ ਵਾਲੇ) ਹਨ, ਕਿਤਨੇ ਬਾਨਪ੍ਰਸਤ ਹੋ ਕੇ ਬਨਾਂ (ਜੰਗਲਾਂ) ਵਿਚ ਹੀ ਨਿਵਾਸ ਰੱਖਦੇ ਹਨ। ੫. ਕਿੰਨੇ ਹੀ ਡੰਡੇ ਹੱਥ ਵਿਚ ਰੱਖਦੇ ਹਨ, ਕਿੰਨੇ ਹੀ ਜੈਨੀ ਜੀਆਂ 'ਤੇ ਦਇਆ ਕਰਨ ਵਾਲੇ ਹਨ। (ਏਥੋਂ ਤਕ ਕਿ ਮੂੰਹ 'ਤੇ ਪੱਟੀ ਬੰਨ੍ਹ ਰੱਖਦੇ ਹਨ ਕਿ ਹਵਾੜ ਨਾਲ ਕੋਈ ਜੀਅ ਨਾ ਮਰ ਜਾਏ)। ੬. ਛੇ ਸ਼ਾਸਤਰਾਂ ਦੇ ਛੀ ਅਚਾਰਯਾਂ (ਲਿਖਣਹਾਰਿਆਂ ਨੇ ਛੇ ਉਪਦੇਸ਼ ਤੇ ਛੇ ਭੇਸ ਵੱਖੋ ਵੱਖ ਕੀਤੇ ਹਨ)। ੭. ਸੂਰਜ ਇਕੋ ਹੈ, ਪਰ ਬਾਰਾਂ ਰਾਸਾਂ, ੧੨ ਮਹੀਨੇ ਤੇ ਛੀ ਰੁਤਾਂ ਹਨ। ੮. ਗੁਰੂਆਂ ਦਾ ਗੁਰੂ ਪਰਮੇਸ਼ਰ ਸਦਾ ਅਬਿਨਾਸ਼ੀ ਹੈ। (ਜਿਸ ਦੇ ਸਹਾਰੇ ਸਭੇ ਆਪਣੀ ਮੱਤ ਦਾ ਪ੍ਰਗਟਾਵਾ ਕਰਦੇ ਹਨ। ਪਰ ਮੱਤ ਦੇ ਪ੍ਰਗਟ ਕਰਨ ਵਾਲੇ ਇੱਕ ਪ੍ਰਭੂ ਨੂੰ ਜਾਣਨ ਦਾ ਯਤਨ ਨਹੀਂ ਕਰਦੇ)॥੧੩॥

੧੪. ਸੰਤ ਜਨਾਂ ਦਾ ਵਰਣਨ

੧. ਕਿਤੜੇ ਸਾਧ ਵਖਾਣੀਅਨਿ ਸਾਧਸੰਗਤਿ ਵਿਚਿ ਪਰਉਪਕਾਰੀ।
੨. ਕੇਤੜਿਆਂ ਲਖ ਸੰਤ ਜਨ ਕੇਤੜਿਆਂ ਨਿਜ ਭਗਤਿ ਭੰਡਾਰੀ।
੩. ਕੇਤੜਿਆਂ ਜੀਵਨ ਮੁਕਤਿ ਬ੍ਰਹਮ ਗਿਆਨੀ ਬ੍ਰਹਮ ਵੀਚਾਰੀ।
੪. ਕੇਤੜਿਆਂ ਸਮਦਰਸੀਆਂ ਕੇਤੜਿਆਂ ਨਿਰਮਲ ਨਿਰੰਕਾਰੀ।
੫. ਕਿਤੜੇ ਲਖ ਬਿਬੇਕੀਆਂ ਕਿਤੜੇ ਦੇਹ ਬਿਦੇਹ ਅਕਾਰੀ।
੬. ਭਾਇ ਭਗਤਿ ਭੈ ਵਰਤਣਾ ਸਹਜਿ ਸਮਾਧਿ ਬੈਰਾਗ ਸਵਾਰੀ।
੭. ਗੁਰਮੁਖਿ ਸੁਖ ਫਲੁ ਗਰਬੁ ਨਿਵਾਰੀ॥੧੪॥

ਪਦ ਅਰਥ - ਭਗਤਿ ਭੰਡਾਰੀ=ਭਗਤੀ ਦੇ ਖਜ਼ਾਨੇ। ਸਮਦਰਸੀਆਂ=ਸਮਾਨ ਦ੍ਰਿਸ਼ਟੀ ਵਾਲੇ। ਬਿਬੇਕੀਆਂ=ਵਿਚਾਰਵਾਨ।

ਅਰਥ - ੧. ਕਿੰਨੇ ਹੀ ਸਾਧ ਕਹੇ ਜਾਂਦੇ ਹਨ, ਜੋ ਸਾਧ ਸੰਗਤਿ ਵਿਚ ਪਰਉਪਕਾਰੀ (ਮੰਨੇ ਜਾਂਦੇ) ਹਨ। ੨. ਕਿੰਨੇ ਹੀ ਲੱਖਾਂ ਸੰਤਜਨ ਹਨ, ਤੇ ਕਿਤਨੇ ਹੀ ਭਗਤੀ ਦੇ ਭੰਡਾਰੀ (ਭਗਤੀ ਦੀ ਹੋਰਨਾਂ ਨੂੰ ਚੇਟਕ ਲਾਉਣ ਵਾਲੇ) ਹਨ। ੩. ਅਨੇਕਾਂ ਹੀ ਜੀਵਨ ਮੁਕਤਿ, ਬ੍ਰਹਮ ਗਿਆਨੀ ਹਨ, ਜੋ ਬ੍ਰਹਮ (ਪ੍ਰਭੂ) ਦਾ ਵਿਚਾਰ ਕਰਦੇ ਕਰਾਉਂਦੇ ਹਨ। ੪. ਕਿਤਨੇ ਹੀ ਸਮਦਰਸੀ (ਸਭ ਅਮੀਰ ਗਰੀਬ, ਊਚ ਨੀਚ ਨੂੰ ਇਕੋ ਜੇਹੇ ਜਾਣਨ ਵਾਲੇ) ਹਨ। ਕਿਤਨੇ ਹੀ ਨਿਰਮਲ ਪ੍ਰਭੂ ਦੇ ਨਿਰਮਲ (ਸੰਤ ਜਨ) ਹਨ। ੫. ਕਿਤਨੇ ਲੱਖਾਂ ਹੀ ਬਿਬੇਕੀ (ਬ੍ਰਹਮ ਗਿਆਨੀ ਤੇ ਨਿਰਮਲ ਵਿਚਾਰਵਾਨ) ਹਨ, ਜੋ (ਪ੍ਰਭੂ ਰੰਗ ਦੀ ਮਸਤੀ ਵਿਚ) ਦੇਹ ਤੋਂ ਬਿਦੇਹ ਦੇ ਸਰੂਪ ਵਾਲੇ ਹਨ। ੬. (ਉਪ੍ਰੋਕਤ ਸੰਤ ਤੇ ਸਾਧ ਜਨ) ਪ੍ਰੇਮਾ-ਭਗਤੀ (ਦੇ ਰੰਗ ਵਿਚ) ਤੇ ਪ੍ਰਭੂ ਦੇ (ਹੁਕਮ ਦੇ ਭੈ) ਡਰ ਵਿਚ ਵਰਤਦੇ ਹਨ, ਭਾਵ ਹਰ ਸਮੇਂ ਹੀ ਰਹਿੰਦੇ ਹਨ। ਉਹਨਾਂ ਨੇ ਆਪਣੀ ਸਹਿਜ ਸਮਾਧੀ

(ਲਿਵ ਲਾਉਣ ਦੇ ਅਭਿਆਸ ਨੂੰ ਪੱਕਿਆਂ ਕਰਕੇ ਸਵਾਰ ਲਿਆ ਹੁੰਦਾ ਹੈ। ੭. (ਇਸ ਤਰ੍ਹਾਂ) ਗੁਰਮੁਖਾਂ ਨੇ ਆਪਣੇ ਹੰਕਾਰ ਨੂੰ ਨਿਵਾਰ ਕੇ ਸੁਖ ਫਲ (ਭਗਤੀ ਦੇ ਰਸ) ਨੂੰ ਪ੍ਰਾਪਤ ਕਰ ਲਿਆ॥ ੧੪॥

੧੫. ਮਨਮੁਖਾਂ ਦੀ ਹਾਲਤ ਦਾ ਵਰਣਨ

੧. ਕਿਤੜੇ ਲਖ ਅਸਾਧ ਜਗ ਵਿਚਿ ਕਿਤੜੇ ਚੋਰ ਜਾਰ ਜੂਆਰੀ।
੨. ਵਟਵਾੜੇ ਠਗਿ ਕੇਤੜੇ ਕੇਤੜਿਆਂ ਨਿੰਦਕ ਅਵਿਚਾਰੀ।
੩. ਕੇਤੜਿਆਂ ਅਕਿਰਤਘਣ ਕਿਤੜੇ ਬੇਮੁਖ ਤੇ ਅਣਚਾਰੀ।
੪. ਸ੍ਵਾਮਿ ਧ੍ਰੋਹੀ ਵਿਸਵਾਸਿ ਘਾਤ ਲੂਣ ਹਰਾਮੀ ਮੂਰਖ ਭਾਰੀ।
੫. ਬਿਖਲੀਪਤਿ ਵੇਸੁਆ ਰਵਤ ਮਦ ਮਤਵਾਲੇ ਵਡੇ ਵਿਕਾਰੀ।
੬. ਵਿਸਟ ਵਿਰੋਧੀ ਕੇਤੜੇ ਕੇਤੜਿਆਂ ਕੂੜੇ ਕੂੜਿਆਰੀ।
੭. ਗੁਰ ਪੂਰੇ ਬਿਨੁ ਅੰਤਿ ਖੁਆਰੀ॥ ੧੫॥

ਪਦ ਅਰਥ - ਵਟਵਾੜੇ=ਰਾਹ ਮਾਰ। ਅਵਿਚਾਰੀ=ਮੂਰਖ। ਅਣਚਾਰੀ=ਖੋਟੇ, ਕੁਕਰਮੀ। ਸ੍ਵਾਮਿ ਧ੍ਰੋਹੀ=ਮਾਲਕ ਨਾਲ ਧੋਖਾ ਕਰਨ ਵਾਲੇ। ਬਿਖਲੀਪਤਿ=ਬੁਰੇ ਤੇ ਅਯਾਸ਼।

ਅਰਥ - ੧. ਲੱਖਾਂ ਹੀ ਜਗਤ ਵਿਚ ਅਸਾਧ (ਭਾਵ ਪ੍ਰਭੂ ਦੇ ਭਾਣੇ ਨੂੰ ਨਾ ਮੰਨਣ ਵਾਲੇ ਮਨਮੱਤੀਏ) ਹਨ ਤੇ ਕਿਤਨੇ ਹੀ ਚੋਰ, ਯਾਰ ਤੇ ਜੁਆਰੀਏ, (ਜੂਆ ਖੇਡਣ ਵਾਲੇ) ਹਨ। ੨. ਕਿੰਨੇ ਹੀ ਰਾਹ ਮਾਰੂ ਠੱਗ ਹਨ, ਕਿਤਨੇ ਹੀ (ਪਰਾਈ) ਨਿੰਦਾ ਕਰਨ ਵਾਲੇ ਨਿੰਦਕ ਤੇ ਵਿਚਾਰਹੀਨ ਮਨੁੱਖ ਹਨ। ੩. ਅਨੇਕਾਂ ਹੀ ਅਕ੍ਰਿਤਘਣ ਹਨ, ਕਿੰਨੇ ਹੀ ਬੇਮੁਖ ਅਤੇ ਖੋਟੇ ਕੰਮ ਕਰਨ ਵਾਲੇ (ਅਣਚਾਰੀ) ਹਨ। ੪. (ਇਸੇ ਤਰ੍ਹਾਂ ਅਨੇਕਾਂ ਹੀ) ਵਿਸ਼ਵਾਸਘਾਤੀ, ਮਾਲਕ ਨਾਲ ਧਰੋਹ (ਧੋਖਾ) ਕਰਨ ਵਾਲੇ, ਲੂਣ ਹਰਾਮੀ ਤੇ ਵੱਡੇ ਮੂਰਖ ਹਨ। ੫. ਕਈ ਵੇਸਵਾ ਵਾਂਗ ਵਿਸ਼ਿਆਂ ਨਾਲ ਪ੍ਰੀਤੀ ਕਰਨ ਵਾਲੇ ਤੇ ਕਈ ਸ਼ਰਾਬ ਨਾਲ ਮਤਵਾਲੇ ਹੋ ਕੇ ਵੱਡੇ ਵੱਡੇ ਵਿਕਾਰਾਂ ਨੂੰ ਕਰਨ ਵਾਲੇ ਹਨ। ੬. ਕਿੰਨੇ ਹੀ ਇੱਕ ਦੂਜੇ ਨੂੰ ਨਿੰਦਾ ਤੇ ਚੁਗਲੀਆਂ ਕਰ ਕਰ ਆਪਸ ਵਿਚ ਲੜਾਉਣ ਵਾਲੇ ਤੇ ਕਿੰਨੇ ਹੀ ਅਜਿਹੇ ਕੂੜੇ ਵਪਾਰਾਂ ਦੇ ਵਪਾਰੀ ਹਨ। ੭. (ਪਰ ਇਸ ਗੱਲ ਨੂੰ ਕੋਈ ਵਿਰਲਾ ਹੀ ਜਾਣਨ ਦਾ ਯਤਨ ਕਰਦਾ ਹੈ ਕਿ) ਪੂਰੇ ਗੁਰੂ (ਨੂੰ ਪ੍ਰਾਪਤ ਕੀਤੇ ਬਿਨਾਂ ਤੇ ਉਸ ਦੀ ਸਿੱਖਿਆ 'ਤੇ ਚਲੇ ਬਿਨਾਂ) ਅੰਤ ਨੂੰ (ਇਹੋ ਜਿਹੇ, ਜੋ ਇਸ ਪਉੜੀ ਵਿਚ ਦੱਸੇ ਹਨ, ਸਭ) ਖੁਆਰ ਹੁੰਦੇ ਹਨ॥ ੧੫॥

੧੬. ਯਮਨ ਫਿਰਕੇ

੧. ਕਿਤੜੇ ਸੁੰਨੀ ਆਖੀਅਨਿ ਕਿਤੜੇ ਈਸਾਈ ਮੂਸਾਈ।
੨. ਕੇਤੜਿਆ ਹੀ ਰਾਫਜੀ ਕਿਤੜੇ ਮੁਲਹਿਦ ਗਣਤ ਨ ਆਈ।

੩. ਲਖ ਫਿਰੰਗੀ ਇਰਮਨੀ ਰੂਮੀ ਜੰਗੀ ਦੁਸ਼ਮਨ ਦਾਈ।
੪. ਕਿਤੜੇ ਸਈਯਦ ਆਖੀਅਨਿ ਕਿਤੜੇ ਤੁਰਕਮਾਨ ਦੁਨਿਆਈ।
੫. ਕਿਤੜੇ ਮੁਗਲ ਪਠਾਣ ਹਨਿ ਹਬਸੀ ਤੈ ਕਿਲਮਾਕ ਅਵਾਈ।
੬. ਕੇਤੜਿਆਂ ਈਮਾਨ ਵਿਚਿ ਕਿਤੜੇ ਬੇਈਮਾਨ ਬਲਾਈ।
੭. ਨੇਕੀ ਬਦੀ ਨ ਲੁਕੈ ਲੁਕਾਈ॥੧੬॥

ਪਦ ਅਰਥ - ਸੁੰਨੀ=ਸੁੰਨਤ ਕਰਾਉਣ ਵਾਲੇ। ਈਸਾਈ ਮੂਸਾਈ=ਈਸਾ ਤੇ ਮੂਸਾ ਜੀ ਦੇ ਪੈਰੋਕਾਰ। ਰਾਫਜ਼ੀ=ਇੱਕ ਫਿਰਕੇ ਦਾ ਨਾਮ। ਮੁਲਹਿਦ=ਕਿਆਮਤ ਨੂੰ ਨਾ ਮੰਨਣ ਵਾਲੇ। ਕਿਲਮਾਕ=ਸੁਲੇਮਾਨੀ ਮੱਤ ਦਾ ਫਿਰਕਾ।

ਅਰਥ - ੧. ਕਿੰਨੇ ਹੀ (ਮੁਸਲਮਾਨਾਂ ਵਿਚ) ਸੁੰਨੀ (ਇੰਦਰੀ ਦਾ ਮਾਸ ਕਟਾਉਣ ਵਾਲੇ) ਆਖੇ ਜਾਂਦੇ ਹਨ, ਕਿੰਨੇ ਹੀ ਈਸਾਈ ਤੇ ਮੂਸਾਈ (ਈਸਾ ਤੇ ਮੂਸਾ ਜੀ ਦੇ) ਉਪਾਸ਼ਕ ਹਨ। ੨. ਕਿੰਨੇ ਹੀ ਸ਼ੀਆ (ਜੋ ਸੁੰਨਤ ਨਹੀਂ ਕਰਦੇ), ਕਿੰਨੇ ਹੀ ਕਾਫਰ ਹਨ, ਜਿਨ੍ਹਾਂ ਦੀ ਗਿਣਤੀ ਦਾ ਪਾਰਾਵਾਰ ਨਹੀਂ ਹੈ। ੩. ਲੱਖਾਂ ਫਿਰੰਗੀ (ਯੂਰਪੀਨ), ਇਰਮਨੀ, ਰੂਮੀ, ਜੰਗੀ (ਲੜਾਕੇ), ਦੁਸ਼ਮਨ ਨੂੰ ਦਾਅ ਥੱਲੇ ਲਿਆਉਣ ਵਾਲੇ (ਭਾਵ ਨਿਡਰ ਸੂਰਮੇ) ਹਨ। ੪. ਕਿਤਨੇ ਸੱਯਦ (ਮੁਹੰਮਦ ਦੀ ਬੰਸ) ਅਖਵਾਉਂਦੇ ਹਨ ਤੇ ਕਿੰਨੇ ਹੀ ਤੁਰਕਮਾਨ (ਤੁਰਕੀ ਦੇ ਵਸਨੀਕ) ਸੰਸਾਰ ਵਿਚ ਹਨ। ੫. ਕਿੰਨੇ ਹੀ ਮੁਗਲ, ਕਿੰਨੇ ਹੀ ਪਠਾਣ, ਹਬਸ਼ੀ (ਹਬਸ਼ ਦੇਸ ਦੇ ਵਾਸੀ) ਤੇ ਕਈ ਕਿਲਮਾਕੀ ਸਦਵਾਉਂਦੇ ਹਨ। ੬. ਅਨੇਕਾਂ ਬੇਈਮਾਨ ਬਲਾਵਾਂ (ਦੇ ਰੂਪ ਵਿਚ ਦੁੱਖਦਾਈ) ਹਨ ਤੇ ਕਿੰਨੇ ਹੀ ਈਮਾਨ (ਵਿਚ ਪੱਕੇ ਰਹਿਣ ਵਾਲੇ) ਹਨ। ੭. ਨੇਕੀ ਤੇ ਬਦੀ (ਐਸੀਆਂ ਵਸਤੂਆਂ ਹਨ) ਜੋ ਲੁਕਾਇਆਂ ਲੁਕ ਨਹੀਂ ਸਕਦੀਆਂ। (ਅਖੀਰ 'ਤੇ ਜ਼ਰੂਰ ਪ੍ਰਗਟ ਹੋ ਜਾਂਦੀਆਂ ਹਨ)॥੧੬॥

੧੭. ਵੱਖੋ ਵੱਖ ਹਾਲਾਤ

੧. ਕਿਤੜੇ ਦਾਤੇ ਮੰਗਤੇ ਕਿਤੜੇ ਵੈਦ ਕੇਤੜੇ ਰੋਗੀ।
੨. ਕਿਤੜੇ ਸਹਜਿ ਸੰਜੋਗ ਵਿਚਿ ਕਿਤੜੇ ਵਿਛੁੜਿ ਹੋਇ ਵਿਜੋਗੀ।
੩. ਕੇਤੜਿਆਂ ਭੁਖੇ ਮਰਨਿ ਕੇਤੜਿਆਂ ਰਾਜੇ ਰਸ ਭੋਗੀ।
੪. ਕੇਤੜਿਆਂ ਦੇ ਸੋਹਿਲੇ ਕੇਤੜਿਆਂ ਦੁਖੁ ਰੋਵਨਿ ਸੋਗੀ।
੫. ਦੁਨੀਆਂ ਆਵਣ ਜਾਵਣੀ ਕਿਤੜੀ ਹੋਈ ਕਿਤੜੀ ਹੋਗੀ।
੬. ਕੇਤੜਿਆਂ ਹੀ ਸਚਿਆਰ ਕੇਤੜਿਆਂ ਦਗਾਬਾਜ ਦਰੋਗੀ।
੭. ਗੁਰਮੁਖਿ ਕੋ ਜੋਗੀਸਰੁ ਜੋਗੀ॥੧੭॥

ਪਦ ਅਰਥ - ਦਗਾਬਾਜ਼=ਧੋਖਾ ਕਰਨ ਵਾਲੇ। ਦਰੋਗੀ=ਝੂਠ ਮਾਰਨ ਵਾਲੇ।

ਅਰਥ - ੧. (ਇਸ ਪਉੜੀ ਵਿਚ ਸੰਸਾਰ ਦੀ ਵੱਖ ਵੱਖ ਹਾਲਤ ਦਾ ਬਿਆਨ ਕਰਦਿਆਂ ਦਸਦੇ ਹਨ ਕਿ) ਕਿੰਨੇ ਹੀ ਦਾਤੇ ਤੇ ਮੰਗਤੇ ਹਨ, ਕਿੰਨੇ ਹੀ ਵੈਦ ਤੇ ਕਿੰਨੇ ਹੀ ਰੋਗੀ ਹਨ। ੨. ਕਿੰਨੇ ਹੀ ਸੁਖਾਂ ਤੇ ਸ਼ਾਂਤੀ ਦੇ ਵਾਤਾਵਰਣ ਵਿਚ ਹਨ ਤੇ ਕਿੰਨੇ ਹੀ ਵਿਛੋੜੇ ਦੇ ਵਿਯੋਗ ਵਿਚ ਦੁੱਖੀ ਰਹਿੰਦੇ ਹਨ। ੩. ਕਿੰਨਿਆਂ ਨੂੰ ਰੋਟੀ ਨਹੀਂ ਮਿਲਦੀ। ਉਹ ਭੁੱਖੇ ਮਰ ਰਹੇ ਹਨ ਤੇ ਅਨੇਕਾਂ ਹਨ ਜੋ ਰਾਜਿਆਂ ਵਾਲੇ ਰਸਾਂ ਦੇ ਭੋਗੀ (ਅਮੀਰ) ਹਨ। ੪. ਕਿੰਨੇ ਹੀ (ਘਰਾਂ ਵਿਚ) ਸੁਖਾਂ ਦੇ ਸੋਹਿਲੇ (ਗੀਤ) ਗਾਈਦੇ ਹਨ ਅਨੇਕਾਂ ਹਨ, ਜੋ ਦੁੱਖਾਂ ਤੇ ਸੋਗਾਂ ਦੇ ਮਾਰੇ ਰੋ ਰਹੇ ਹਨ। ੫. ਇਹ ਦੁਨੀਆਂ ਸਾਰੀ ਹੀ ਆਉਣੀ ਜਾਣੀ ਹੈ। (ਕੋਈ ਜੰਮਦਾ ਤੇ ਕੋਈ ਮਰਦਾ ਹੈ), ਇਹ ਦੁਨੀਆਂ ਕਿੰਨੀ ਹੋ ਚੁਕੀ ਹੈ, ਤੇ ਕਿੰਨੀ ਅੱਗੋਂ ਹੋਣੀ ਹੈ। ੬. ਅਨੇਕਾਂ ਸੱਚੇ ਤੇ ਸਚਿਆਰ (ਸੱਚ ਨੂੰ ਪਿਆਰ ਕਰਨ ਵਾਲੇ) ਹਨ ਤੇ ਕਿੰਨੇ ਹੀ ਧੋਖਾ ਕਰਨ ਵਾਲੇ ਧੋਖੇ ਬਾਜ਼ ਤੇ ਠੱਗ ਲੋਕ ਹਨ। ੭. (ਪਰ ਇਸ ਸੰਸਾਰ ਵਿਚ) ਗੁਰਮੁਖ ਕੋਈ (ਵਿਰਲਾ) ਜੋਗੀਸ਼ਰ ਹੋਵੇਗਾ (ਭਾਵ ਪ੍ਰਭੂ ਦੀ ਭਗਤੀ ਲਿਵ ਲਾ ਕੇ ਕਰਨ ਵਾਲਾ ਜੋਗੀਸ਼ਰ ਤੇ ਗੁਰਮੁਖ ਕੋਈ ਵਿਰਲਾ ਹੀ ਹੈ)॥ ੧੭॥

੧੮. ਸਰੀਰਾਂ ਦੀਆਂ ਅੱਡ ਅੱਡ ਹਾਲਤਾਂ

੧. ਕਿਤੜੇ ਅੰਨ੍ਹੇ ਆਖੀਅਨਿ ਕੇਤੜਿਆਂ ਹੀ ਦਿਸਨਿ ਕਾਣੇ।
੨. ਕੇਤੜਿਆਂ ਚੁੱਗੇ ਫਿਰਨਿ ਕਿਤੜੇ ਰਤੀਆਨੇ ਉਕਤਾਣੇ।
੩. ਕਿਤੜੇ ਨਕਟੇ ਗੁਣਗੁਣੇ ਕਿਤੜੇ ਬੋਲੇ ਬੁਚੇ ਲਾਣੇ।
੪. ਕੇਤੜਿਆਂ ਗਿਲ੍ਹੜ ਗਲੀ ਅੰਗਿ ਰਸਉਲੀ ਵੇਣਿ ਵਿਹਾਣੇ।
੫. ਟੁੰਡੇ ਬਾਂਡੇ ਕੇਤੜੇ ਗੰਜੇ ਲੁੰਜੇ ਕੋੜ੍ਹੀ ਜਾਣੇ।
੬. ਕਿਤੜੇ ਲੂਲੇ ਪਿੰਗੁਲੇ ਕਿਤੜੇ ਕੁੱਬੇ ਹੋਇ ਕੁੜਾਣੇ।
੭. ਕਿਤੜੇ ਖੁਸਰੇ ਹੀਜੜੇ ਕੇਤੜਿਆਂ ਗੁੰਗੇ ਤੁਤਲਾਣੇ।
੮. ਗੁਰ ਪੂਰੇ ਵਿਣੁ ਆਵਣ ਜਾਣੇ॥ ੧੮॥

ਪਦ ਅਰਥ - ਚੁੱਗੇ=ਟੀਰੀ ਅੱਖ ਵਾਲੇ। ਰਤੀਆਨੇ=ਅੰਧਰਾਤੇ ਵਾਲੇ। ਬਾਂਡੇ=ਮੋਢਾ ਜਾਂ ਅਰਕ ਚੌੜੀ ਹੋ ਜਾਣੀ। ਤੁਤਲਾਣੇ=ਥਥਲੇ ਜਾਂ ਤੋਤਲੀ ਜ਼ਬਾਨ ਵਾਲੇ। ਉਕਤਾਣੇ=ਜੋ ਬਿਲਕੁਲ ਅੱਖਾਂ ਦੇ ਨੇੜੇ ਕਰਕੇ ਹੀ ਵੇਖ ਸਕਣ।

ਅਰਥ - ੧. ਕਿਤਨੇ ਹੀ ਅੰਨ੍ਹੇ ਆਖੇ ਜਾਂਦੇ ਹਨ ਤੇ ਕਿਤਨੇ ਹੀ ਕਾਣੇ ਦਿਸਦੇ ਹਨ। ੨. ਕਈ ਟੀਰੀਆਂ (ਭੈਂਗੀਆਂ) ਅੱਖਾਂ ਵਾਲੇ ਹਨ ਤੇ ਕਈਆਂ ਨੂੰ ਅੰਧਰਾਤਾ ਹੈ। ਕਈ ਐਸੇ ਹਨ, ਜੋ ਕਿਸੇ ਚੀਜ਼ ਨੂੰ ਤਾਂ ਹੀ ਚੰਗੀ ਤਰ੍ਹਾਂ ਵੇਖ ਸਕਦੇ ਹਨ ਜੇ ਉਸਨੂੰ ਬਿਲਕੁਲ ਅੱਖਾਂ ਦੇ ਨੇੜੇ ਕਰਕੇ ਵੇਖਣ। ੩. ਕਈ ਨੱਕ-ਵੱਢੇ ਗੁਣਗੁਣ ਕਰਕੇ ਬੋਲਣ ਵਾਲੇ ਹਨ ਤੇ ਕਿਤਨੇ ਹੀ ਬੋਲੇ ਤੇ ਬੁੱਚੇ ਹਨ ਤੇ ਕਈ ਬਸ ਮਗਰ ਹੀ ਲੱਗਣ

ਵਾਲੇ (ਲਾਣੇ) ਹਨ। ੪. ਕਿੰਨਿਆਂ ਦੇ ਸਰੀਰਾਂ 'ਤੇ ਗਿਲੜ੍ਹ (ਗਿਲਟੀਆਂ) ਗਲੀਂ ਜਾਂ ਰਸਉਲੀ ਦੇ ਮਾਰੇ ਹੋਏ ਅੰਗ ਹਨ ਤੇ (ਉਨ੍ਹਾਂ ਦੀ ਏਸੇ ਦੁੱਖ ਨਾਲ ਹੀ) ਰੋਂਦਿਆਂ (ਉਮਰ) ਵਿਹਾ ਰਹੀ ਹੈ। ੫. ਕਿੰਨੇ ਹੀ ਇੱਕ ਪਾਸੇ ਨੂੰ ਨਿਕਲੀਆਂ ਹੋਈਆਂ ਅਰਕਾਂ ਤੇ ਮੋਢਿਆਂ ਵਾਲੇ, ਕਈ ਗੰਜੇ, ਲੁੰਜੇ ਤੇ ਕੋਹੜੀ ਜਾਣੇ ਜਾਂਦੇ ਹਨ। ੬. ਕਈ ਲੂਲ੍ਹੇ, ਪਿੰਗਲੇ, ਕੁੱਬੇ ਤੇ ਕੁੜ੍ਹਨ ਵਾਲੇ ਹਨ। ੭. ਕਿੰਨੇ ਹੀ ਖੁਸਰੇ, ਹੀਜੜੇ ਤੇ ਅਨੇਕਾਂ ਹੀ ਗੁੰਗੇ ਤੇ ਤੋਤਲੇ (ਥਥਲੇ) ਹਨ। ੮. ਪਰ ਪੂਰੇ ਗੁਰੂ (ਦੀ ਸਿੱਖਿਆ ਪ੍ਰਾਪਤ ਕੀਤੇ) ਤੋਂ ਬਿਨਾਂ ਸਭ ਆਉਣੇ ਜਾਣੇ ਹਨ॥ ੧੮॥

੧੯. ਫਿਰ ਓਹੀ ਸੰਸਾਰਕ ਗਿਣਤੀ

੧. ਕੇਤੜਿਆਂ ਪਤਿਸਾਹ ਜਗਿ ਕਿਤੜੇ ਮਸਲਤਿ ਕਰਨਿ ਵਜੀਰ।
੨. ਕੇਤੜਿਆਂ ਉਮਰਾਉ ਲਖ ਮਨਸਬਦਾਰ ਹਜਾਰ ਵਡੀਰ।
੩. ਹਿਕਮਤਿ ਵਿਚਿ ਹਕੀਮ ਲਖ ਕਿਤੜੇ ਤਰਕਸ ਬੰਦ ਅਮੀਰ।
੪. ਕਿਤੜੇ ਚਾਕਰ ਚਾਕਰੀ ਭੋਈ ਮੇਠ ਮਹਾਵਤ ਮੀਰ।
੫. ਲਖ ਫਰਾਸ਼ ਲਖ ਸਾਰਵਾਨ ਮੀਰਾਖੋਰ ਸਈਸ ਵਹੀਰ।
੬. ਕਿਤੜੇ ਲਖ ਜਲੇਬਦਾਰ ਗਾਡੀਵਾਨ ਚਲਾਇ ਗਡੀਰ।
੭. ਛੜੀਦਾਰ ਦਰਵਾਨ ਖਲੀਰ॥ ੧੯॥

ਪਦਅਰਥ - ਮਸਲਤਿ=ਸਲਾਹ-ਮਸ਼ਵਰੇ। ਮਨਸਬਦਾਰ=ਅਹੁਦੇਦਾਰ। ਤਰਕਸਬੰਦ=ਧਨੁੱਖਧਾਰੀ। ਭੋਈ=ਘਾਹੀ। ਮੇਠ=ਦਰੋਗੇ। ਮਹਾਵਤ=ਹਾਥੀ ਨੂੰ ਤੋਰਨ ਵਾਲੇ। ਫਰਾਸ਼=ਫ਼ਰਸ਼ ਸਾਫ ਕਰਕੇ ਵਿਛਾਉਣ ਵਾਲੇ। ਸਾਰਵਾਨ=ਊਠ ਚਲਾਣ ਵਾਲੇ। ਮੀਰਾਖੋਰ=ਘੋੜਿਆਂ ਦਾ ਅਫਸਰ। ਜਲੇਬਦਾਰ=ਪਾਤਸ਼ਾਹ ਦੀ ਸਵਾਰੀ ਦਾ ਪ੍ਰਬੰਧਕ।

ਅਰਥ - ੧. ਕਿਤਨੇ ਹੀ ਸੰਸਾਰ ਵਿਚ ਪਾਤਸ਼ਾਹ, ਕਿਤਨੇ ਹੀ ਵਜ਼ੀਰ ਸਲਾਹਾਂ ਮਸ਼ਵਰੇ ਦੇਣ ਵਾਲੇ ਹਨ। ੨. ਲੱਖਾਂ ਹੀ ਅਮੀਰ, ਅਹੁਦੇਦਾਰ ਤੇ ਹਜ਼ਾਰਾਂ ਹੀ ਹੋਰ ਵੱਡੇ ਵੱਡੇ (ਰੁਤਬਿਆਂ ਵਾਲੇ) ਹਨ। ੩. ਲੱਖਾਂ ਹਕੀਮ ਹਿਕਮਤ ਕਰਨ ਵਾਲੇ, ਕਿੰਨੇ ਹੀ ਧਨੁੱਖਧਾਰੀ ਅਮੀਰ ਹਨ। ੪. ਕਿੰਨੇ ਹੀ ਨੌਕਰ ਚਾਕਰ, ਘਾਹੀ, ਦਰੋਗੇ, ਹਾਥੀਵਾਨਾਂ ਦੇ ਅਫਸਰ ਹਨ। ੫. ਲੱਖਾਂ ਫਰਸ਼ ਸਾਫ਼ ਕਰਕੇ ਗਲੀਚੇ ਵਿਛਾਉਣ ਵਾਲੇ, ਲੱਖਾਂ ਊਠਾਂ ਦੇ ਚਾਲਕ, ਘੋੜਿਆਂ ਦੇ ਅਫਸਰ ਹਨ। ੬. ਲੱਖਾਂ ਹੀ ਪਾਤਸ਼ਾਹੀ ਸਵਾਰੀ ਦੇ ਪ੍ਰਬੰਧ ਕਰਨ ਵਾਲੇ ਅਹਿਲਕਾਰ ਹਨ। ਗੱਡੀਆਂ ਚਲਾਉਣ ਵਾਲੇ ਗਾਡੀਵਾਨ ਤੇ ਅਨੇਕਾਂ ਹੀ ਦਰਵਾਨ ਹਨ। ੭. ਜੋ ਛੜੀਆਂ (ਡਾਂਗਾਂ ਆਦਿ) ਲੈ ਕੇ ਪਹਿਰੇ 'ਤੇ ਖਲੋਂਦੇ ਹਨ॥ ੧੯॥

੨੦. ਫਿਰ ਉਹੀ ਵਰਣਨ

੧. ਕਿਤੜੇ ਲਖ ਨਗਾਰਚੀ ਕੇਤੜਿਆਂ ਢੋਲੀ ਸਹਨਾਈ।
੨. ਕੇਤੜਿਆਂ ਹੀ ਤਾਇਫੇ ਢਾਢੀ ਬਚੇ ਕਲਾਵਤ ਗਾਈ।
੩. ਕੇਤੜਿਆਂ ਹੀ ਬਹੁਰੂਪੀਏ ਬਾਜੀਗਰ ਲਖ ਭੰਡ ਅਤਾਈ।
੪. ਕਿਤੜੇ ਲਖ ਮਸਾਲਚੀ ਸ਼ਮਾ ਚਰਾਗ ਕਰਨਿ ਰੁਸਨਾਈ।
੫. ਕੇਤੜਿਆਂ ਹੀ ਕੋਰਚੀ ਆਲਮ ਪੋਸ਼ ਸਿਲਹ ਸੁਖਦਾਈ।
੬. ਕੇਤੜਿਆਂ ਹੀ ਆਬਦਾਰ ਕਿਤੜੇ ਬਾਵਰਚੀ ਨਾਨਵਾਈ।
੭. ਤੰਬੋਲੀ ਤੋਸਕਚੀ ਸੁਹਾਈ॥੨੦॥

ਪਦ ਅਰਥ - ਤਾਇਫੇ=ਗਾਉਣ ਵਾਲੀਆਂ ਨਾਚੀਆਂ। ਅਤਾਈ=ਸ਼ੌਕੀਆ ਗਵੱਈਏ। ਕਲਾਵਤ=ਕਵਾਲੀ ਗਾਉਣ ਵਾਲੇ। ਕੋਰਚੀ=ਫੌਜੀ ਸਮਾਨ ਸਾਂਭਣ ਵਾਲੇ। ਆਲਮ=ਅਫਸਰ। ਸਿਲਹ=ਸੰਜੋਅ ਪਹਿਨਣ ਵਾਲਾ। ਆਬਦਾਰ=ਮਾਸ਼ਕੀ। ਤੋਸਕਚੀ=ਖਜ਼ਾਨਚੀ।

ਅਰਥ - ੧. ਕਿੰਨੇ ਹੀ ਲੱਖਾਂ ਨਗਾਰਚੀ (ਨਗਾਰਿਆਂ 'ਤੇ ਚੋਬਾਂ ਲਾਉਣ ਵਾਲੇ) ਤੇ ਕਿਤਨੇ ਹੀ ਢੋਲ ਤੇ ਸ਼ਹਨਾਈ (ਕਲਾਂਡ ਜਾਂ ਤੂਤੀਆਂ) ਵਜਾਉਣ ਵਾਲੇ ਹਨ। ੨. ਅਨੇਕਾਂ ਹੀ ਤਾਇਫੇ (ਗਾਉਣ ਤੇ ਮੁਜਰੇ ਕਰਨ ਵਾਲੀਆਂ) ਹਨ। ਕਈ ਢਾਡੀਆਂ ਦੇ ਪੁੱਤਰ ਕਲਾਵਾ ਗਾਉਣ ਵਾਲੇ ਹਨ। ੩. ਕਿਤਨੇ ਹੀ ਬਹੁਰੂਪੀਏ (ਸਾਂਗ ਬਣਾਉਣ ਵਾਲੇ) ਹਨ। ਲੱਖਾਂ ਹੀ ਬਾਜੀਗਰ, ਭੰਡ ਤੇ ਮਦਾਰੀ (ਤਮਾਸ਼ੇ ਕਰਨ ਵਾਲੇ) ਤੇ ਸ਼ੌਕੀਆ ਗਾਉਣ ਵਾਲੇ (ਅਤਾਈ) ਹਨ। ੪. ਅਨੇਕਾਂ ਤੇ ਲੱਖਾਂ ਹੀ ਮਸਾਲਚੀ ਹਨ, ਜੋ ਸ਼ਮ੍ਹਾਂ, ਦੀਵੇ ਜਗਾ ਕੇ ਥਾਂ ਥਾਂ 'ਤੇ ਰੋਸ਼ਨੀ ਕਰਨ ਦੇ ਕੰਮ 'ਤੇ ਲੱਗੇ ਹੋਏ ਹਨ। ੫. ਕਿੰਨੇ ਹੀ ਐਸੇ ਨੌਕਰ ਹਨ, ਜੋ ਫੌਜਾਂ ਦੇ ਨਾਲ ਸਮਾਨ ਸਾਂਭਣ ਦੇ ਕੰਮ ਕਰਦੇ ਹਨ। ਕਈ ਇਸ ਕੰਮ ਦੇ ਕਰਾਉਣ ਵਾਲੇ ਅਫਸਰ, ਕਿੰਨੇ ਹੀ ਸੰਜੋਆਂ ਪਹਿਨਕੇ ਸੁਖੀ ਹੁੰਦੇ ਹਨ। ੬. ਕਿੰਨੇ ਹੀ ਆਬਦਾਰ (ਪਾਣੀ ਛਿੜਕਾਉਣ ਵਾਲੇ-ਮਾਸ਼ਕੀ) ਹਨ। ਕਿੰਨੇ ਹੀ ਰਸੋਈਏ ਤੇ ਨਾਨਵਈ ਹਨ। ੭. ਕਿੰਨੇ ਹੀ ਪਾਨਾਂ ਵਾਲੇ ਤੇ ਤੋਸ਼ਕਚੀ ਸ਼ੋਭਦੇ ਹਨ॥੨੦॥

੨੧. ਫੇਰ ਉਹੀ ਗਿਣਤੀ

੧. ਕੇਤੜਿਆ ਖੁਸਬੋਇਦਾਰ ਕੇਤੜਿਆ ਰੰਗਰੇਜ ਰੰਗੋਲੀ।
੨. ਕਿਤੜੇ ਮੇਵੇਦਾਰ ਹਨਿ ਹੁਡਕ ਹੁਡਕੀਏ ਲੋਲਣਿ ਲੋਲੀ।
੩. ਖਿਜਮਤਿਗਾਰ ਖਵਾਸ ਲਖ ਗੋਲੰਦਾਜ ਤੋਪਚੀ ਤੋਲੀ।
੪. ਕੇਤੜਿਆਂ ਤਹਵੀਲਦਾਰ ਮੁਸਰਫ਼ਦਾਰ ਦਾਰੋਗੇ ਓਲੀ।

੫. ਕੇਤੜਿਆਂ ਕਿਰਸਾਣ ਹੋਇ ਕਰਿ ਕਿਰਸਾਣੀ ਅਤੁਲੁ ਅਤੋਲੀ।
੬. ਮੁਸਤੌਫੀ ਬੂਤਾਤ ਲਖ ਮੀਰਸਾਮੇ ਬਖਸੀ ਕੋਲ ਕੋਲੀ।
੭. ਕੇਤੜਿਆਂ ਦੀਵਾਨ ਹੋਇ ਕਰਨਿ ਕਰੋੜੀ ਮੁਲਕ ਢੰਢੋਲੀ।
੮. ਰਤਨ ਪਦਾਰਥ ਮੋਲ ਅਮੋਲੀ॥ ੨੧॥

ਪਦ ਅਰਥ - ਰੰਗਰੇਜ਼=ਲਿਲਾਰੀ, ਰੰਗ ਕਰਨ ਵਾਲਾ। ਹੁਡਕ ਹੁਡਕੀਏ=ਸ਼ਰਤ, ਸ਼ਰਤਾਂ ਲਾਉਣ ਵਾਲੇ। ਲੋਲਣਿ ਲੋਲੀ=ਚੰਚਲ ਵੇਸਵਾਵਾਂ। ਖਵਾਸ=ਸੇਵਕ, ਗੋਲੀ। ਤਹਵੀਲਦਾਰ=ਤੋਲੇ। ਮੁਸਰਫਦਾਰ= ਨਿਗਰਾਨ। ਮੁਸਤੋਫੀ=ਪੜਤਾਲੀਆ। ਬੂਤਾਤ=ਘਰਾਂ ਦਾ ਹਿਸਾਬ, ਮੁਨਸ਼ੀ। ਮੀਰਸਾਮੇ=ਸੁਗੰਧੀ ਅਫਸਰ। ਬਖਸੀ=ਸੈਨਾਪਤੀ। ਕੋਲ ਕੋਲੀ=ਇੱਕ ਮੁਗਲੀ ਜਾਤ।

ਅਰਥ - ੧. ਕਿੰਨੇ ਹੀ ਖੁਸ਼ਬੋਆਂ ਦਾ ਕੰਮ ਕਰਨ ਵਾਲੇ (ਖੁਸ਼ਬੂਦਾਰ) ਤੇ ਕਿਤਨੇ ਹੀ ਲਲਾਰੀ ਰੰਗਰੇਜ਼ ਹਨ (ਕੱਪੜੇ ਰੰਗਣ ਵਾਲੇ) ਹਨ। ੨. ਕਿੰਨੇ ਹੀ ਮੇਵਿਆਂ ਦੇ ਵਪਾਰੀ ਹਨ। ਕਈ ਹੁਡਕ (ਵਾਜੇ) ਵਜਾਉਣ ਵਾਲੇ, ਤੇ ਕਈ ਨਾਚ ਕਰਨ ਵਾਲੀਆਂ ਨਾਚੀਆਂ ਹਨ। ੩. ਕਿੰਨੇ ਹੀ ਘਰੇਲੂ ਖਿਦਮਤਗਾਰ (ਦਾਸ ਤੇ ਦਾਸੀਆਂ) ਹਨ। ਲੱਖਾਂ ਹੀ ਤੋਪਾਂ ਚਲਾਉਣ ਵਾਲੇ ਤੋਪਚੀ ਹਨ। ੪. ਕਿਤਨੇ ਹੀ ਤਹਿਵੀਲਦਾਰ (ਤੋਲ ਤੋਲਣ ਵਾਲੇ) ਤੇ ਅਨੇਕਾਂ ਹੀ ਨਿਗਰਾਨ ਦਰੋਗੇ ਤੇ ਚਪੜਾਸੀ ਆਦਿਕ ਹਨ। ੫. ਕਿੰਨੇ ਹੀ ਜ਼ਿਮੀਂਦਾਰ (ਕਿਰਸਾਣ, ਹੱਲ ਵਾਹਕ) ਹਨ, ਜੋ ਕਿਸੇ ਤੋਲ ਵਿਚ ਨਾ ਆ ਸਕਣ ਵਾਲੀ ਧਰਤੀ ਨੂੰ ਵਾਹੁੰਦੇ ਤੇ ਗੋਡਦੇ ਹਨ। ੬. ਕਿਤਨੇ ਹੀ ਮੁਸਤੋਫੀ (ਹਿਸਾਬ ਦੇ ਪੜਤਾਲ ਕਰਨ ਵਾਲੇ) ਤੇ ਲੱਖਾਂ ਹੀ ਘਰਾਂ ਦਾ ਹਿਸਾਬ ਕਿਤਾਬ ਰੱਖਣ ਵਾਲੇ (ਬੂਤਾਤ) ਹਨ। ਲੱਖਾਂ ਹੀ ਖੁਸ਼ਬੂਆਂ ਖਿਲਾਰਨ ਵਾਲੇ (ਰਾਜ-ਮਹਿਲਾਂ ਵਿਚ) ਹਨ। ਲੱਖਾਂ ਹੀ ਸੈਨਾਪਤੀ (ਜਰਨੈਲ) ਤੇ ਲੱਖਾਂ ਹੀ ਜਾਨਵਰਾਂ ਦੇ ਪਾਲੀ ਤੇ ਵਾਗੀ (ਕੋਲ ਕੋਲੀ) ਹਨ। ੭. ਅਨੇਕਾਂ ਹੀ ਦੀਵਾਨ (ਖਜ਼ਾਨਚੀ) ਬਣ ਕੇ ਕਰੋੜਾਂ ਮੁਲਕਾਂ ਦੇ ਮਾਮਲਿਆਂ ਨੂੰ ਦੇਖਦੇ ਪੜਤਾਲਦੇ ਹਨ। ੮. ਅਨੇਕਾਂ ਹੀ ਰਤਨਾਂ ਵਰਗੇ ਪਦਾਰਥ, ਜਿਨ੍ਹਾਂ ਦਾ ਮੁੱਲ ਨਹੀਂ ਪੈ ਸਕਦਾ, (ਬਾਦਸ਼ਾਹੀ ਖਜ਼ਾਨਿਆਂ ਵਿਚ ਜਮ੍ਹਾਂ) ਹਨ॥ ੨੧॥

੨੨. *ਫਿਰ ਉਹੀ*

੧. ਕੇਤੜਿਆਂ ਹੀ ਜਉਹਰੀ ਲਖ ਸਰਾਫ ਬਜਾਜ ਵਪਾਰੀ।
੨. ਸਉਦਾਗਰ ਸਉਦਾਗਰੀ ਗਾਂਧੀ ਕਾਸੇਰੇ ਪਾਸਾਰੀ।
੩. ਕੇਤੜਿਆਂ ਪਰਚੂਨੀਏ ਕੇਤੜਿਆਂ ਦਲਾਲ ਬਜਾਰੀ।
੪. ਕੇਤੜਿਆਂ ਸਿਕਲੀਗਰਾਂ ਕਿਤੜੇ ਲਖ ਕਮਗਰ ਕਾਰੀ।
੫. ਕੇਤੜਿਆਂ ਕੁਮ੍ਹਿਆਰ ਲਖ ਕਾਗਦ ਕੁਟ ਘਣੇ ਲੂਣਾਰੀ।
੬. ਕਿਤੜੇ ਦਰਜੀ ਧੋਬੀਆਂ ਕਿਤੜੇ ਜ਼ਰ ਲੋਹੇ ਸਿਰ ਹਾਰੀ।
੭. ਕਿਤੜੇ ਭੜਭੂੰਜੇ ਭਠਿਆਰੀ॥ ੨੨॥

ਪਦ ਅਰਥ - ਕਮਗਰ=ਕਮਾਨਾਂ ਬਣਾਉਣ ਵਾਲੇ। ਲੂਣਾਰੀ=ਲੂਣ ਦੀਆਂ ਕਾਨਾਂ ਵਿਚੋਂ ਲੂਣ ਕੱਢਣ ਵਾਲੇ। ਸਿਰ ਹਾਰੀ=ਨਕਲੀ ਸੋਨਾ ਬਨਾਉਣ ਵਾਲੇ।

ਪਦ ਅਰਥ - ੧. ਕਿੰਨੇ ਹੀ ਜੌਹਰੀ (ਮੋਤੀ ਹੀਰਿਆਂ ਦੇ ਵਪਾਰੀ) ਹਨ, ਲੱਖਾਂ ਹੀ ਸਰਾਫ਼ ਤੇ ਬਜਾਜੀ ਦੇ ਵਪਾਰੀ ਹਨ। ੨. ਸੌਦਾਗਰ ਵੀ ਅਨੇਕਾਂ ਹਨ ਜੋ ਸੁਦਾਗਰੀ ਕਰਦੇ ਹਨ। ਕਈ ਗਾਂਧੀ (ਅਤਾਰ) ਹਨ, ਕਈ ਕਸੇਰੇ ਤੇ ਕਈ ਪੰਸਾਰੀ ਹਨ। ੩. ਅਨੇਕਾਂ ਹੀ ਪਰਚੂਨੀਏ (ਦੁਕਾਨਦਾਰ ਹਨ), ਤੇ ਕਿੰਨੇ ਹੀ ਦਲਾਲ ਹਨ, ਜੋ ਬਾਜ਼ਾਰਾਂ ਵਿਚ ਕੰਮ ਕਰਦੇ ਹਨ। ੪. ਅਨੇਕਾਂ ਹੀ ਸਿਕਲੀਗਰ ਹਨ, ਤੇ ਲੱਖਾਂ ਹੀ ਕਮਾਨਾਂ ਬਣਾਉਣ ਦਾ ਕੰਮ ਕਰਨ ਵਾਲੇ ਕਾਰੀਗਰ ਹਨ। ੫. ਕਿਤਨੇ ਹੀ ਘੁਮਿਆਰ ਹਨ ਤੇ ਅਨੇਕਾਂ ਹੀ ਕਾਗਦ ਕੁੱਟ ਤੇ ਅਨੇਕਾਂ ਹੀ ਲੂਣ ਦੀ ਕਾਨ ਵਿਚੋਂ ਲੂਣ ਕੱਢਣ ਵਾਲੇ (ਲੂਣਾਰੀ) ਹਨ। ੬. ਕਿਤਨੇ ਹੀ ਦਰਜ਼ੀ ਤੇ ਕਿਤਨੇ ਹੀ ਧੋਬੀ ਹਨ। ਕਈ ਲੋਹੇ ਤੇ ਸੋਨੇ ਦਾ ਕੰਮ ਕਰਨ ਵਾਲੇ (ਸਿਰ ਹਾਰੀ) ਹਨ। ੭. ਕਿਤਨੇ ਹੀ ਭੜਭੂੰਜੇ (ਦਾਣੇ ਭੁੰਨਣ ਵਾਲੇ) ਤੇ ਕਈ ਭਠਿਹਾਰੀਆਂ (ਦਾਣੇ ਭੁੰਨਣ ਵਾਲੀਆਂ) ਹਨ॥ ੨੨॥

੨੩. ਫਿਰ ਓਹੀ ਵਰਣਨ

੧. ਕੇਤੜਿਆ ਕਾਰੂੰਜੜੇ ਕੇਤੜਿਆ ਦਬਗਰ ਕਾਸਾਈ।
੨. ਕੇਤੜਿਆ ਮੁਨਿਆਰ ਲਖ ਕੇਤੜਿਆ ਚਮਿਆਰੁ ਅਰਾਈ।
੩. ਭੰਗਹੇਰੇ ਹੋਇ ਕੇਤੜੇ ਬਗਨੀਗਰਾਂ ਕਲਾਲ ਹਵਾਈ।
੪. ਕਿਤੜੇ ਭੰਗੀ ਪੋਸਤੀ ਅਮਲੀ ਸੋਫੀ ਘਣੀ ਲੁਕਾਈ।
੫. ਕੇਤੜਿਆ ਕਹਾਰ ਲਖ ਗੁਜਰ ਲਖ ਅਹੀਰ ਗਣਾਈ।
੬. ਕਿਤੜੇ ਹੀ ਲਖ ਚੂਹੜੇ ਜਾਤਿ ਅਜਾਤਿ ਸਨਾਤਿ ਅਲਾਈ।
੭. ਨਾਵ ਥਾਵ ਲਖ ਕੀਮ ਨ ਪਾਈ॥ ੨੩॥

ਪਦ ਅਰਥ - ਕਾਰੂੰਜੜੇ=ਸਬਜ਼ੀ ਫਰੋਸ਼। ਦਬਗਰ=ਕੁੱਪੇ ਬਣਾਉਣ ਵਾਲੇ। ਬਗਨੀਗਰਾਂ=ਵੰਗਾਂ ਬਣਾਉਣ ਵਾਲੇ।

ਅਰਥ - ੧. ਕਿੰਨੇ ਹੀ ਸਬਜ਼ੀਆਂ ਵੇਚਣ ਵਾਲੇ, ਤੇ ਅਨੇਕਾਂ ਹੀ ਦਬਗਰ (ਕੁੱਪੇ ਬਣਾਉਣ ਵਾਲੇ) ਤੇ ਕਸਾਈ ਹਨ। ੨. ਅਨੇਕਾਂ ਹੀ ਮੁਨਿਆਰ (ਚੂੜੀਆਂ ਵੇਚਣ ਵਾਲੇ) ਤੇ ਲੱਖਾਂ ਹੀ ਚਮਿਆਰ (ਚਮੜੇ ਦਾ ਕੰਮ ਕਰਨ ਵਾਲੇ) ਤੇ ਅਰਾਂਈ ਹਨ। ੩. ਕਿੰਨੇ ਹੀ ਭੰਗਹੇਰੇ (ਭਰਤ ਢਾਲਣ ਵਾਲੇ), ਕਈ ਬਗਨੀਗਰ (ਵੰਗਾਂ ਢਾਲਣ ਵਾਲੇ), ਕਈ ਸ਼ਰਾਬ ਕੱਢਣ ਵਾਲੇ (ਕਲਾਲ), ਤੇ ਕਈ ਹਵਾਈਆਂ ਚਲਾਉਣ ਵਾਲੇ ਆਤਸ਼ਬਾਜ਼ ਹਨ। ੪. ਅਨੇਕਾਂ ਹੀ ਭੰਗੀ, ਪੋਸਤੀ, ਅਮਲੀ (ਲੋਕ ਹਨ) ਤੇ ਅਮਲ ਤੋਂ ਰਹਿਤ (ਸੋਫੀ) ਵੀ ਬਥੇਰੇ ਹਨ। ੫. ਕਿਤਨੇ ਹੀ ਕਹਾਰ (ਡੋਲੀਆਂ ਤੇ ਵਹਿੰਗੀਆਂ ਚੁੱਕਣ ਵਾਲੇ) ਲੱਖਾਂ ਗੁੱਜਰ, ਤੇ ਲੱਖਾਂ ਹੀ ਅਹੀਰ ਗਿਣੇ ਜਾਂਦੇ ਹਨ। ੬. ਅਨੇਕਾਂ ਤੇ ਲੱਖਾਂ ਹੀ ਚੂਹੜੇ ਜਾਤੀ ਤੇ ਅਜਾਤੀ (ਅਛੂਤ) ਆਦਿ ਮਹਾਂ ਨੀਚ ਜਾਤੀ ਦੇ ਕਹੇ ਜਾਂਦੇ ਹਨ। ੭. ਨਾਉਂ ਤੇ ਥਾਵਾਂ ਲੱਖਾਂ ਹੀ ਹਨ, ਜਿਨ੍ਹਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ॥ ੨੩॥

੨੪. ਗੁਰਮੁਖ ਦੀ ਵਡਿਆਈ

੧. ਉਤਮ ਮਧਮ ਨੀਚ ਲਖ ਗੁਰਮੁਖਿ ਨੀਚਹੁ ਨੀਚ ਸਦਾਏ।
੨. ਪੈਰੀ ਪੈ ਪਾ ਖਾਕੁ ਹੋਇ ਗੁਰਮੁਖਿ ਗੁਰਸਿਖੁ ਆਪੁ ਗਵਾਏ।
੩. ਸਾਧਸੰਗਤਿ ਭਉ ਭਾਉ ਕਰਿ ਸੇਵਕ ਸੇਵਾ ਕਾਰ ਕਮਾਏ।
੪. ਮਿਠਾ ਬੋਲਣ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।
੫. ਸਬਦਿ ਸੁਰਤਿ ਲਿਵਲੀਣੁ ਹੋਇ ਦਰਗਹ ਮਾਣ ਨਿਮਾਣਾ ਪਾਏ।
੬. ਚਲਣੁ ਜਾਣਿ ਅਜਾਣੁ ਹੋਇ ਆਸਾ ਵਿਚਿ ਨਿਰਾਸੁ ਵਲਾਏ।
੭. ਗੁਰਮੁਖਿ ਸੁਖ ਫਲੁ ਅਲਖੁ ਲਖਾਏ ॥ ੨੪ ॥ ੮ ॥

ਪਦ ਅਰਥ - ਭਉ=ਅਦਬ ਵਾਲਾ ਡਰ। ਭਾਉ=ਪ੍ਰੇਮ।

ਅਰਥ - ੧. ਲੱਖਾਂ ਹੀ ਉੱਤਮ, ਮੱਧਮ ਤੇ ਨੀਚ ਹਨ, (ਪਰ) ਗੁਰਮੁਖ ਆਪਣੇ ਆਪ ਨੂੰ ਨੀਚ ਤੋਂ ਨੀਚ ਸਦਾਉਂਦਾ ਹੈ (ਭਾਵ ਨਿਰਮਾਣਤਾ ਦਾ ਪੁੰਜ ਹੁੰਦਾ ਹੈ)। ੨. ਉਹ ਸਤਿਗੁਰੂ ਤੇ ਗੁਰਸਿੱਖਾਂ ਦੇ ਪੈਰੀਂ ਪੈਂਦਾ ਤੇ ਪੈਰਾਂ ਦੀ ਧੂੜੀ ਵਾਂਗ ਬਣ ਕੇ ਗੁਰਮੁਖ ਆਪੇ ਨੂੰ (ਹਉਮੈ) ਤਿਆਗ ਦੇਂਦਾ ਹੈ। ੩. ਸਾਧ ਸੰਗਤਿ ਦੀ (ਸਤਿਕਾਰ ਭਰੇ ਡਰ) ਪ੍ਰੇਮ ਨਾਲ ਸੇਵਕ ਬਣ ਸੇਵਾ ਕਰਦਾ ਹੈ। ੪. ਮਿੱਠਾ ਬੋਲਦਾ ਹੈ, ਨਿਵ ਕੇ (ਹੰਕਾਰ ਤੇ ਹਉਮੈ ਛੱਡਕੇ) ਚਲਦਾ ਹੈ, ਕਿਸੇ ਤੋਂ ਕੁਝ ਲੈਂਦਾ ਨਹੀਂ, ਸਗੋਂ) ਹਥੋਂ ਦੇ ਕੇ ਭਲਾ ਮਨਾਉਂਦਾ ਹੈ। ੫. ਸ਼ਬਦ ਤੇ ਸੁਰਤ ਦੀ ਲਿਵ (ਮੇਲ) ਵਿਚ ਲਿਵਲੀਨ ਹੋ ਕੇ ਨਿਆਸਰਿਆਂ ਵਾਂਗ ਰਹਿੰਦਾ ਹੈ, (ਭਾਵ ਅਪਣੱਤ ਨੂੰ ਮੂਲੋਂ ਹੀ ਖਤਮ ਕਰ ਦੇਂਦਾ ਹੈ)। ਇਉਂ ਉਹ ਨਿਮਾਣਾ ਬਣ ਕੇ (ਪ੍ਰਭੂ ਦੀ) ਦਰਗਾਹ (ਦਰਬਾਰ) ਵਿਚ ਮਾਣ ਪਾਉਂਦਾ ਹੈ। ੬. ਇਥੋਂ (ਸੰਸਾਰ ਤੋਂ) ਚਲੇ ਹੀ ਜਾਣਾ ਹੈ, (ਇਸ ਗੱਲ ਨੂੰ ਦ੍ਰਿੜ੍ਹ ਕਰਕੇ, ਸੰਸਾਰੀ ਸਿਆਣਪਾਂ ਨੂੰ ਛੱਡ ਕੇ) ਅਨਜਾਣ ਬਣ ਕੇ ਜ਼ਿੰਦਗੀ ਦੇ ਦਿਨ ਗੁਜ਼ਾਰਦਾ ਹੈ। (ਭਾਵ) ਆਸਾ ਵਿਚ ਹੀ ਨਿਰਾਸ ਹੋ ਰਹਿੰਦਾ ਹੈ। ੭. (ਇਸ ਤਰ੍ਹਾਂ) ਗੁਰਮੁਖ ਨੇ ਸੁਖ ਫਲ ਜੋ ਅਲਖ (ਜਾਣੇ ਜਾਣ ਵਾਲਾ ਨਹੀਂ) ਨੂੰ ਲਖ (ਜਾਣ) ਲਿਆ ਹੈ॥ ੨੪ ॥ ੮ ॥

ਵਾਰ ੯

ੴ ਸਤਿਗੁਰ ਪ੍ਰਸਾਦਿ॥

੧. ਗੁਰ-ਸ਼ਬਦ ਤੇ ਸਤਿ ਸੰਗਤ ਦੀ ਮਹਾਨਤਾ

੧. ਗੁਰ ਮੂਰਤਿ ਪੂਰਨ ਬ੍ਰਹਮੁ ਅਬਿਗਤਿ ਅਬਿਨਾਸੀ।

੨. ਪਾਰਬ੍ਰਹਮੁ ਗੁਰ ਸਬਦੁ ਹੈ ਸਤਸੰਗਿ ਨਿਵਾਸੀ।
੩. ਸਾਧਸੰਗਤਿ ਸਚੁ ਖੰਡੁ ਹੈ ਭਾਉ ਭਗਤਿ ਅਭਿਆਸੀ।
੪. ਚਹੁ ਵਰਨਾ ਉਪਦੇਸੁ ਕਰਿ ਗੁਰਮਤਿ ਪਰਗਾਸੀ।
੫. ਪੈਰੀ ਪੈ ਪਾ ਖਾਕ ਹੋਇ ਗੁਰਮੁਖਿ ਰਹਿਰਾਸੀ।
੬. ਮਾਇਆ ਵਿਚਿ ਉਦਾਸੁ ਗਤਿ ਹੋਇ ਆਸ ਨਿਰਾਸੀ॥੧॥

ਪਦ ਅਰਥ - ਅਬਿਗਤਿ ਅਬਿਨਾਸੀ=ਗਤੀ ਤੋਂ ਬਿਨਾਂ ਤੇ ਨਾਸ ਰਹਿਤ। ਪੂਰਨ ਬ੍ਰਹਮੁ=ਸਰਗੁਨ ਸਰੂਪ। ਨਿਰਗੁਨ=ਗੁਰ ਸ਼ਬਦ।

ਅਰਥ - ੧. ਗੁਰੂ ਸਾਹਿਬ ਦਾ ਜ਼ਾਹਰਾ ਸਰੂਪ ਪੂਰਨ ਬ੍ਰਹਮ ਹੈ, ਜੋ ਗਤੀ (ਹਾਲਾਤ) ਤੋਂ ਤੇ ਨਾਸ ਰਹਿਤ (ਪ੍ਰਭੂ) ਹੈ। ੨. ਪਾਰਬ੍ਰਹਮ (ਪ੍ਰਭੂ) ਦਾ ਨਿਰਗੁਨ ਸਰੂਪ ਗੁਰ ਸ਼ਬਦ ਹੈ, ਜਿਸਦਾ ਨਿਵਾਸ ਸਤਿਸੰਗ ਵਿਚ ਹੈ। ੩. ਪ੍ਰੇਮਾ-ਭਗਤੀ ਕਰਨ ਵਾਲੇ ਅਭਿਆਸੀਆਂ (ਗੁਰਮੁਖਾਂ) ਦੇ ਸਮੂਹ ਦਾ ਨਾਉਂ ਹੀ ਸਾਧ ਸੰਗਤਿ ਹੈ, ਜੋ ਸੱਚਖੰਡ ਦਾ ਰੂਪ ਹੈ। ੪. ਚਹੁੰ ਵਰਣਾਂ ਨੂੰ ਉਪਦੇਸ਼ ਦਿੱਤਾ ਹੈ, (ਐਸੀ) ਗੁਰ ਮੂਰਤਿ ਦਾ (ਪ੍ਰਭੂ ਜੀ ਨੇ) ਪ੍ਰਕਾਸ਼ ਕੀਤਾ ਹੈ। ੫. (ਗੁਰਮੁਖ ਗੁਰਸਿੱਖ) ਪੈਰੀਂ ਪੈਂਦੇ ਤੇ ਚਰਣਾਂ ਦੀ ਧੂੜੀ ਹੋ ਕੇ ਗੁਰਸਿੱਖੀ ਮਰਯਾਦਾ 'ਤੇ ਚਲਦੇ ਹਨ। ੬. ਮਾਇਆ ਵਿਚ ਰਹਿੰਦੇ ਹੋਏ, ਮਾਇਆ ਤੋਂ ਉਦਾਸ ਹਾਲਤ ਵਿਚ ਰਹਿ ਕੇ, ਆਸਾ ਵਿਚ ਨਿਰਾਸ ਰਹਿੰਦੇ ਹਨ॥੧॥

੨. ਗੁਰਸਿੱਖੀ ਦਾ ਕਠਿਨ ਰਸਤਾ

੧. ਗੁਰਸਿਖੀ ਬਾਰੀਕ ਹੈ ਸਿਲ ਚਟਣੁ ਫਿਕੀ।
੨. ਤ੍ਰਿਖੀ ਖੰਡੇ ਧਾਰ ਹੈ ਉਹੁ ਵਾਲਹੁ ਨਿਕੀ।
੩. ਭੂਹ ਭਵਿਖ ਨ ਵਰਤਮਾਨ ਸਰਿ ਮਿਕਣਿ ਮਿਕੀ।
੪. ਦੁਤੀਆ ਨਾਸਤਿ ਏਤੁ ਘਰਿ ਹੋਇ ਇਕਾ ਇਕੀ।
੫. ਦੂਆ ਤੀਆ ਵੀਸਰੈ ਸਣੁ ਕਕਾ ਕਿਕੀ।
੬. ਸਭੈ ਸਿਕਾਂ ਪਰਹਰੈ ਸੁਖੁ ਇਕਤੁ ਸਿਕੀ॥੨॥

ਪਦ ਅਰਥ - ਸਰਿ=ਬਰਾਬਰ। ਮਿਕਣਿ=ਮੇਚਣਾ। ਇਕਾ ਇਕੀ=ਕੇਵਲ ਇੱਕ ਹੀ।

ਅਰਥ - ੧. ਗੁਰਸਿੱਖੀ ਬਰੀਕ (ਖੰਡਿਓਂ ਤਿੱਖੀ ਹੈ, ਤੇ ਫਿੱਕੀ ਸਿਲਾ ਨੂੰ ਚੱਟਣ ਦੇ ਬਰਾਬਰ ਹੈ (ਭਾਵ ਕਠਿਨ ਤਪੱਸਿਆ ਹੈ)। ੨. ਖੰਡੇ ਦੀ ਧਾਰ ਤੋਂ ਵੀ ਤਿੱਖੀ ਹੈ, ਤੇ ਵਾਲ ਦੀ ਬਰੀਕੀ ਤੋਂ ਮਹੀਨ ਹੈ। ੩. ਭੂਤ, ਭਵਿੱਖ ਤੇ ਵਰਤਮਾਨ ਵਿਚ (ਜੇ ਸਿੱਖੀ) ਦੇ ਬਰਾਬਰ ਕੋਈ ਚੀਜ ਮੇਚੀਏ, ਤਾਂ ਮਿਚਦੀ ਨਹੀਂ। ੪. ਇਸ ਘਰ (ਸਿੱਖੀ) ਵਿਚ ਦੂਜਾ-ਭਾਵ (ਦ੍ਵੈਤ) ਖਤਮ ਹੋ ਜਾਂਦੀ ਹੈ ਇੱਕ (ਪ੍ਰਭੂ ਦੇ ਨਾਲ) ਇੱਕ ਹੋ

ਜਾਈਦਾ ਹੈ। ੫. ਦੂਆ ਤੀਆ ਵਿਸਰ ਜਾਂਦਾ ਹੈ, ਸਮੇਤ ਪੁੱਤਰ ਧੀਆਂ ਦੇ। ੬. ਗੁਰਸਿੱਖ ਸਾਰੀਆਂ ਸਿੱਕਾਂ (ਖਾਹਿਸ਼ਾਂ) ਨੂੰ ਤਿਆਗ ਦੇਂਦਾ ਹੈ, ਤੇ ਇਕੋ ਸਿੱਕ (ਗੁਰਸਿੱਖੀ ਦੇ) ਸੁਖ ਫਲ ਦੀ ਹੀ ਰੱਖਦਾ ਹੈ॥ ੨॥

੩. ਗੁਰਮੁਖੀ ਰਸਤੇ ਦੀਆਂ ਚਾਲਾਂ

੧. ਗੁਰਮੁਖਿ ਮਾਰਗੁ ਆਖੀਐ ਗੁਰਮਤਿ ਹਿਤਕਾਰੀ।
੨. ਹੁਕਮਿ ਰਜਾਈ ਚਲਣਾ ਗੁਰ ਸਬਦ ਵੀਚਾਰੀ।
੩. ਭਾਣਾ ਭਾਵੈ ਖਸਮ ਕਾ ਨਿਹਚਉ ਨਿਰੰਕਾਰੀ।
੪. ਇਸਕ ਮੁਸਕ ਮਹਕਾਰੁ ਹੈ ਹੁਇ ਪਰਉਪਕਾਰੀ।
੫. ਸਿਦਕ ਸਬੂਰੀ ਸਾਬਤੇ ਮਸਤੀ ਹੁਸਿਆਰੀ।
੬. ਗੁਰਮੁਖਿ ਆਪੁ ਗਵਾਇਆ ਜਿਣਿ ਹਉਮੈ ਮਾਰੀ॥ ੩॥

ਪਦ ਅਰਥ - ਹਿਤਕਾਰੀ=ਹਿੱਤ ਕਰਨ ਵਾਲਾ। ਜਿਣਿ=ਜਿੱਤ ਕੇ।

ਅਰਥ - ੧. ਗੁਰਸਿੱਖੀ ਦਾ ਮਾਰਗ (ਰਸਤਾ) ਇਹੋ ਹੀ ਕਿਹਾ ਜਾਂਦਾ ਹੈ, ਜੋ ਗੁਰਮੱਤ (ਗੁਰੂ ਦੀ ਸਿੱਖਿਆ) ਨਾਲ ਪਿਆਰ ਕਰਨਾ ਹੈ। ੨. (ਪ੍ਰਭੂ ਤੇ ਗੁਰੂ ਜੀ ਦੇ) ਹੁਕਮ ਦੀ ਰਜ਼ਾ (ਭਾਣੇ) ਵਿਚ ਚਲਣਾ ਤੇ ਗੁਰੂ-ਸ਼ਬਦ ਦੀ ਵਿਚਾਰ ਕਰਨੀ (ਇਹੋ ਸ਼ੁੱਧਤਾਈ) ਹੈ। ੩. ਮਾਲਕ (ਪ੍ਰਭੂ) ਦਾ ਭਾਣਾ ਚੰਗਾ ਲੱਗੇ ਤੇ ਨਿਰੰਕਾਰ ਵਿਚ ਦ੍ਰਿੜ੍ਹ ਨਿਸ਼ਚਾ ਹੋਵੇ। ੪. ਇਸ਼ਕ ਤੇ ਖੁਸ਼ਬੋ ਦੀ ਮਹਿਕ (ਲੁਕਾਇਆਂ ਵੀ) ਲੁਕਦੀ ਨਹੀਂ (ਕਿਉਂਕਿ ਪ੍ਰੇਮੀ) ਪਰਉਪਕਾਰੀ ਹੁੰਦਾ ਹੈ (ਸੇਵਾ ਤੋਂ ਪਿੱਛੇ ਨਹੀਂ ਹੱਟਦਾ)। ੫. (ਉਹ) ਸਿਦਕ ਤੇ ਸਬਰ ਵਿਚ ਸਾਬਤ (ਮੁਕੰਮਲ) ਰਹਿੰਦਾ ਹੈ ਤੇ (ਸਿਦਕ ਸਬਰ ਦੀ) ਮਸਤੀ ਵਿਚ (ਉਹ ਬੇਖਬਰ ਜਾਂ ਬੇਖਤਰ) ਨਹੀਂ ਹੁੰਦਾ, ਹੁਸ਼ਿਆਰ (ਚੋਕੰਨਾ) ਰਹਿੰਦਾ ਹੈ। ੬. ਗੁਰਮੁਖ ਨੇ ਆਪਾ (ਦ੍ਵੈਤ) ਗੁਆ ਕੇ, ਹਉਮੈ (ਮੈਂ-ਮੇਰੀ) ਨੂੰ ਜਿੱਤ ਕੇ ਮਾਰ ਲਿਆ ਹੈ॥ ੩॥

੪. ਗੁਰਸਿੱਖ ਦੀ ਨਿੱਤ ਕਿਰਿਆ

੧. ਭਾਇ ਭਗਤਿ ਭੈ ਚਲਣਾ ਹੋਇ ਪਾਹੁਣਿਚਾਰੀ।
੨. ਚਲਣੁ ਜਾਣਿ ਅਜਾਣੁ ਹੋਇ ਗਹੁ ਗਰਬੁ ਨਿਵਾਰੀ।
੩. ਗੁਰਸਿਖ ਨਿਤ ਪਰਾਹੁਣੇ ਏਹੁ ਕਰਣੀ ਸਾਰੀ।
੪. ਗੁਰਮੁਖਿ ਸੇਵ ਕਮਾਵਣੀ ਸਤਿਗੁਰੂ ਪਿਆਰੀ।
੫. ਸਬਦਿ ਸੁਰਤਿ ਲਿਵ ਲੀਣ ਹੋਇ ਪਰਵਾਰ ਸੁਧਾਰੀ।
੬. ਸਾਧਸੰਗਤਿ ਜਾਇ ਸਹਜ ਘਰਿ ਨਿਰਮਲਿ ਨਿਰੰਕਾਰੀ॥ ੪॥

ਪਦ ਅਰਥ - ਪਾਹੁਣਿਚਾਰੀ=ਪਰਾਹੁਣੇ ਵਾਂਗ। ਅਜਾਣੁ=ਅੰਞਾਣੇ ਬੱਚੇ ਵਾਂਗ। ਕਰਣੀ ਸਾਰੀ=ਭਗਤੀ ਕੀਤੀ। ਸਹਜ ਘਰਿ=ਸਹਿਜ ਅਵਸਥਾ।

ਅਰਥ - ੧. (ਗੁਰਮੁਖ) ਪ੍ਰੇਮਾ-ਭਗਤੀ ਤੇ (ਪ੍ਰਭੂ ਦੇ ਭੈ) ਡਰ ਵਿਚ ਚਲਦਾ ਹੈ, (ਸੰਸਾਰ ਵਿਚ) ਪ੍ਰਾਹੁਣਚਾਰੀਆਂ ਵਾਂਗੂੰ ਵਿਚਰਦਾ ਹੈ। ੨. (ਸੰਸਾਰ ਵਿਚੋਂ ਮਰ ਕੇ) ਚਲੇ ਜਾਣ ਦੀ (ਤੱਤ ਵਸਤੂ ਨੂੰ ਜਾਣਦਾ ਹੈ, ਪਰ) ਅੰਞਾਣ ਬੱਚੇ ਵਾਂਗ ਹੋ ਰਹਿੰਦਾ, ਤੇ ਹੰਕਾਰ ਨੂੰ (ਚੰਗੀ ਤਰ੍ਹਾਂ) ਫੜ ਕੇ ਖਤਮ ਕਰ ਦੇਂਦਾ ਹੈ। ੩. ਗੁਰਸਿੱਖ ਨੇ ਨਿੱਤ ਪਰਾਹੁਣੇ (ਮੁਸਾਫਰਾਂ ਵਾਂਗ ਰਹਿਣਾ) ਇਸ ਰੀਤੀ ਨੂੰ ਧਾਰਨ ਕਰਕੇ ਇਹ ਕਰਣੀ (ਇਸੇ ਗੱਲ ਨੂੰ ਭਗਤੀ ਦਾ ਮੁੱਖ ਅੰਗ ਬਣਾ ਲਿਆ) ਹੈ। ੪. (ਆਏ ਗਏ) ਗੁਰਸਿੱਖਾਂ ਦੀ ਸੇਵਾ ਕਮਾਉਂਦਾ (ਭਾਵ ਕਰਦਾ) ਹੈ, (ਜੋ) ਸਤਿਗੁਰੂ ਨੂੰ ਪਿਆਰੀ ਹੈ, (ਭਾਵ ਸਤਿਗੁਰੂ ਦੇ ਮਨ-ਭਾਉਂਦੀ ਵਸਤੂ ਗੁਰਸਿੱਖਾਂ ਦੀ ਸੇਵਾ ਕਰਨੀ ਹੀ ਹੈ)। ੫. ਗੁਰਮੁਖ ਸ਼ਬਦ ਸੁਰਤਿ ਵਿਚ ਲਿਵਲੀਣ ਹੋ ਕੇ (ਸਰੀਰਕ ਇੰਦ੍ਰੀਆਂ ਤੇ ਘਰ ਦੇ) ਪਰਿਵਾਰ ਨੂੰ ਵੀ ਸੁਧਾਰ ਕੇ ਆਪਣੇ ਅਨੁਕੂਲ ਬਣਾ ਲੈਂਦੇ ਹਨ। ੬. (ਗੁਰਸਿੱਖ) ਸਾਧ ਸੰਗਤਿ ਦੀ ਸੰਗਤ ਕਰਕੇ ਸਹਿਜ-ਘਰ (ਆਤਮ-ਪ੍ਰਾਪਤੀ ਵਾਲਾ ਬਣ ਕੇ) ਨਿਰਮਲ ਨਿਰੰਕਾਰੀ ਬਣ ਜਾਂਦਾ ਹੈ॥ ੪ ॥

੫. ਗੁਰਸਿੱਖ ਦੀ ਮਹਾਨ ਖੇਡ

੧. ਪਰਮ ਜੋਤਿ ਪਰਗਾਸੁ ਕਰਿ ਉਨਮਨਿ ਲਿਵ ਲਾਈ।
੨. ਪਰਮ ਤਤੁ ਪਰਵਾਣੁ ਕਰਿ ਅਨਹਦਿ ਧੁਨਿ ਵਾਈ।
੩. ਪਰਮਾਰਥ ਪਰਬੋਧ ਕਰਿ ਪਰਮਾਤਮ ਹਾਈ।
੪. ਗੁਰ ਉਪਦੇਸੁ ਅਵੇਸੁ ਕਰਿ ਅਨਭਉ ਪਦੁ ਪਾਈ।
੫. ਸਾਧਸੰਗਤਿ ਕਰਿ ਸਾਧਨਾ ਇਕ ਮਨਿ ਇਕੁ ਧਿਆਈ।
੬. ਵੀਹ ਇਕੀਹ ਚੜ੍ਹਾਉ ਚੜ੍ਹਿ ਇਉਂ ਨਿਜ ਘਰਿ ਜਾਈ॥ ੫ ॥

ਪਦ ਅਰਥ - ਉਨਮਨਿ=ਤੁਰੀਆ ਪਦ। ਵਾਈ=ਵੱਜ ਪਈ ਹੈ। ਹਾਈ=ਹੋ ਗਈ ਹੈ। ਵੀਹ ਇਕੀਹ=ਸੰਸਾਰ ਤੇ ਪ੍ਰਭੂ।

ਅਰਥ - ੧. (ਗੁਰਸਿੱਖ, ਸਿੱਖੀ ਮਰਯਾਦਾ ਦੇ ਅਭਿਆਸ ਨਾਲ) ਧਰਮ ਜੋਤੀ ਦੇ (ਆਤਮ) ਪਰਗਾਸ ਵਿਚ ਪਹੁੰਚ ਕੇ, ਤੁਰੀਆ (ਚੌਥੇ) ਪਦ ਦੀ ਲਿਵ ਵਿਚ ਜਾ ਜੁੜਦਾ ਹੈ। ੨. (ਪ੍ਰਭੂ ਦੇ) ਪਰਮ ਤੱਤਾਂ ਨੂੰ ਪਰਵਾਨ ਕਰਨ ਕਰ ਕੇ, ਅਨਹਦ ਧੁਨੀ ਵੱਜ ਪੈਂਦੀ ਹੈ। ੩. ਪਰਮਾਰਥ (ਪ੍ਰਭੂ ਦੇ ਵਿਚਾਰਾਂ) ਨਾਲ ਪੜ੍ਹ ਪੁਖਤਾ ਹੋ ਕੇ, ਪਰਮ-ਆਤਮਾ (ਪ੍ਰਭੂ) ਦੇ ਆਨੰਦ ਨੂੰ ਪ੍ਰਾਪਤ ਕਰਦਾ ਹੈ। ੪. ਗੁਰ-ਉਪਦੇਸ਼ ਵਿਚ ਅਵੇਸ਼ (ਲੀਨ) ਹੋ ਕੇ, ਅਨਭਉ ਪਦ ਪਾਉਂਦਾ ਹੈ। ੫. ਸਾਧ ਸੰਗਤ (ਵਿਚ ਮਿਲਕੇ) ਸਾਧਨਾ (ਅਭਿਆਸ) ਕਰਦਾ ਹੈ, ਇੱਕ ਮਨ ਹੋ, ਇੱਕ ਪ੍ਰਭੂ) ਨੂੰ ਸਿਮਰਦਾ ਹੈ। ੬. (ਇਸ ਤਰ੍ਹਾਂ ਉਹ ਗੁਰਸਿੱਖ) ਵੀਹ (ਸੰਸਾਰ) ਨੂੰ ਲੰਘ ਇਕੀਹ (ਪ੍ਰਭੂ ਵਿਚ ਅਭੇਦ ਹੋਣ ਦੀ) ਚੜ੍ਹਾਈ ਚੜ੍ਹ ਕੇ ਨਿਜ ਘਰ (ਆਪਣੇ ਨਿਜ ਸ੍ਵਰੂਪ ਵਿਚ) ਪਹੁੰਚ ਜਾਂਦਾ ਹੈ ਭਾਵ ਪ੍ਰਭੂ ਵਿਚ ਲਿਵਲੀਨ ਹੋ ਜਾਂਦਾ ਹੈ॥ ੫॥

੬. ਪਰਮੇਸ਼ਰ ਦਾ ਨਿਜ ਸਰੂਪ ਤੇ ਵਿਆਪਕਤਾ

੧. ਦਰਪਣਿ ਵਾਂਗ ਧਿਆਨੁ ਧਰਿ ਆਪੁ ਆਪ ਨਿਹਾਲੈ।
੨. ਘਟਿ ਘਟਿ ਪੂਰਨ ਬ੍ਰਹਮੁ ਹੈ ਚੰਦੁ ਜਲ ਵਿਚਿ ਭਾਲੈ।
੩. ਗੋਰਸੁ ਗਾਈ ਵੇਖਦਾ ਘਿਉ ਦੁਧੁ ਵਿਚਾਲੈ।
੪. ਫੁਲਾਂ ਅੰਦਰਿ ਵਾਸੁ ਲੈ ਫਲੁ ਸਾਉ ਸਮ੍ਹਾਲੈ।
੫. ਕਾਸਟਿ ਅਗਨਿ ਚਲਿਤੁ ਵੇਖਿ ਜਲ ਧਰਤਿ ਹਿਆਲੈ।
੬. ਘਟਿ ਘਟਿ ਪੂਰਨੁ ਬ੍ਰਹਮੁ ਹੈ ਗੁਰਮੁਖਿ ਵੇਖਾਲੈ ॥ ੬ ॥

ਪਦ ਅਰਥ - ਦਰਪਣਿ=ਸ਼ੀਸ਼ਾ। ਨਿਹਾਲੈ=ਵੇਖਦਾ ਹੈ। ਗੋਰਸੁ=ਦੁੱਧ ਘਿਉ। ਸਾਉ=ਰਸ।

ਅਰਥ - ੧. (ਜਿਵੇਂ) ਸ਼ੀਸ਼ੇ ਵਿਚੋਂ ਧਿਆਨ (ਨਾਲ) ਵੇਖੀਏ, (ਤਾਂ ਉਸ ਵਿਚੋਂ ਉਸੇ ਤਰ੍ਹਾਂ) ਆਪਣੇ ਆਪ ਨੂੰ ਹੀ ਵੇਖੀਦਾ ਹੈ। ਇਉਂ ਹੀ ਆਪਣੇ ਆਪ ਨੂੰ ਆਪੇ ਵਿਚੋਂ ਵੇਖੋ। ੨. ਘਟ ਘਟ ਵਿਚ ਪੂਰਨ ਬ੍ਰਹਮ (ਪ੍ਰਭੂ ਰਮ ਰਿਹਾ ਹੈ) ਜਿਵੇਂ ਚੰਦ੍ਰਮਾਂ ਘੜਿਆਂ ਦੇ ਪਾਣੀ ਵਿਚ ਉਸੇ ਤਰ੍ਹਾਂ ਚਮਕਦਾ ਵੇਖੀਦਾ ਹੈ। ੩. ਗਾਂ (ਭਾਵੇਂ ਕਿੰਨੇ ਰੰਗਾਂ ਦੀਆਂ ਹੋਣ) ਪਰ ਉਸ ਦਾ ਦੁੱਧ ਇਕੋ ਜਿਹਾ ਚਿੱਟਾ ਹੈ, ਤੇ ਦੁੱਧ ਵਿਚ ਘਿਓ ਵੀ ਇੱਕ ਜੈਸਾ ਹੀ ਨਿਕਲਦਾ ਹੈ, (ਭਾਵ ਦੁੱਧ ਵੀ ਚਿੱਟਾ ਤੇ ਘਿਓ ਵੀ ਚਿੱਟਾ ਨਿਕਲਦਾ ਹੈ, ਗਾਂ ਭਾਵੇਂ ਕਿਸੇ ਰੰਗ ਦੀ ਹੋਵੇ)। ੪. ਫੁੱਲਾਂ ਅੰਦਰ ਵਾਸ਼ਨਾ (ਸੁਗੰਧੀ) ਓਹੋ ਜੇਹੀ ਹੀ ਹੈ, ਜਿਹੋ ਜੇਹੀ ਫੁੱਲਾਂ ਨੇ ਫਲਾਂ ਅੰਦਰ ਸੰਭਾਲੀ ਹੁੰਦੀ ਹੈ। ੫. ਲੱਕੜੀ ਤੇ ਅੱਗ ਦਾ ਚਲਿਤ (ਕੌਤਕ) ਵੇਖੋ ਕਿ ਅੱਗ ਲੱਕੜੀ ਦੇ ਵਿਚ ਸਮਾਈ ਹੋਈ ਹੈ, ਜਿਵੇਂ ਪਾਣੀ ਧਰਤੀ ਦੀ ਹਿੱਕ ਵਿਚ ਸਮਾਇਆ ਹੋਇਆ ਹੈ। ੬. (ਇਸੇ ਤਰ੍ਹਾਂ ਹੀ ਉਹ) ਪਰੀ ਪੂਰਨ ਪਰਮੇਸ਼ਰ ਘਟ ਘਟ ਵਿਚ ਵਿਆਪਕ ਹੈ, (ਪਰ ਕੋਈ) ਗੁਰਮੁਖ ਹੀ ਇਸ ਨੂੰ ਦੇਖਦਾ ਤੇ ਦਿਖਾਉਂਦਾ ਹੈ॥ ੬॥

੭. ਗੁਰਮੁਖ ਗੁਰਸਿੱਖ ਦੀ ਰਹਿਣੀ

੧. ਦਿਬ ਦਿਸਟਿ ਗੁਰ ਧਿਆਨੁ ਧਰਿ ਸਿਖ ਵਿਰਲਾ ਕੋਈ।
੨. ਰਤਨ ਪਾਰਖੂ ਹੋਇ ਕੈ ਰਤਨਾ ਅਵਲੋਈ।
੩. ਮਨੁ ਮਾਣਕੁ ਨਿਰਮੋਲਕਾ ਸਤਿਸੰਗਿ ਪਰੋਈ।
੪. ਰਤਨਮਾਲ ਗੁਰਸਿਖ ਜਗਿ ਗੁਰਮਤਿ ਗੁਣ ਗੋਈ।
੫. ਜੀਵਦਿਆਂ ਮਰਿ ਅਮਰੁ ਹੋਇ ਸੁਖ ਸਹਜਿ ਸਮੋਈ।
੬. ਓਤਿ ਪੋਤਿ ਜੋਤੀ ਜੋਤਿ ਮਿਲਿ ਜਾਣੈ ਜਾਣੋਈ॥ ੭॥

ਪਦ ਅਰਥ - ਦਿਬ ਦਿਸਟਿ=ਗੁਹਝ ਗਿਆਨ ਵਾਲੀ ਨਜ਼ਰ। ਗੁਣ ਗੋਈ=ਗੁਣਾਂ ਨਾਲ ਪਰੁਚੇ।

ਅਰਥ - ੧. ਗਿਆਨਵਾਨ ਦ੍ਰਿਸ਼ਟੀ ਵਾਲਾ ਹੋ ਕੇ, (ਗੁਰ ਪਰਮੇਸ਼ਰ ਦਾ) ਧਿਆਨ ਧਰਨ ਵਾਲਾ ਕੋਈ ਵਿਰਲਾ ਹੀ ਸਿੱਖ ਹੈ। ੨. ਰਤਨਾਂ (ਗੁਣਾਂ) ਦਾ ਪਾਰਖੂ ਹੋ ਕੇ (ਜਿਹੜਾ) ਰਤਨ (ਗੁਣਾਂ ਵੱਲ ਹੀ) ਵੇਖਦਾ ਹੈ। ੩. ਮਨ (ਅੰਤਹਕਰਨ) ਮਾਣਕ ਰੂਪ ਨਿਰਮੋਲਕ ਹੀਰਾ ਹੈ, ਜੋ (ਗੁਰੂ ਸਿੱਖਿਆ ਦੇ ਕੇਂਦਰ) ਸਤਿਸੰਗ ਵਿਚ ਪਹੁੰਚ ਜਾਂਦਾ ਹੈ। ੪. ਰਤਨ ਮਾਲ (ਗੁਣਾਂ ਦਾ ਹਾਰ) ਗੁਰੂ ਸਿੱਖ ਹੀ ਜਗਤ ਵਿਚ ਹਨ, ਗੁਰੂ ਦੀ ਸਿੱਖਿਆ ਦੇ ਗੁਣਾਂ ਨੂੰ (ਮਾਲਾ ਵਿਚ) ਪਰੋਈ ਜਾਂਦੇ ਹਨ। ੫. (ਉਹ) ਜੀਉਂਦਿਆਂ ਹੀ ਆਪਾ ਮਾਰ ਕੇ ਮੌਤ ਦੇ ਡਰ ਤੋਂ ਰਹਿਤ ਹੋ ਜਾਂਦੇ ਹਨ ਤੇ ਸੁਖਾਂ ਦੇ ਸਹਿਜ ਸੁਖ ਵਿਚ ਅਭੇਦ ਹੋ ਜਾਂਦੇ ਹਨ। ੬. ਓਤ ਪੋਤ (ਤਾਣੇ ਪੇਟੇ ਵਾਂਗੂੰ ਪ੍ਰਭੂ ਦੀ) ਜੋਤਿ ਨਾਲ ਜੋਤ ਰੂਪ ਹੋ, ਮਿਲ ਜਾਂਦੇ ਹਨ (ਤੇ ਐਸੇ ਵਿਰਲੇ ਦਿੱਬ ਦ੍ਰਿਸ਼ਟੀ ਵਾਲੇ ਗੁਰਮੁਖ ਹੀ) ਮਿਲਣਾ ਜਾਣਦੇ ਹਨ॥ ੭॥

੮. ਗੁਰਸਿੱਖ ਦੀ ਗੁਰੂ ਨਾਲ ਅਭੇਦਤਾ

੧. ਰਾਗ ਨਾਦ ਵਿਸਮਾਦੁ ਹੋਇ ਗੁਣ ਗਹਿਰ ਗੰਭੀਰਾ।
੨. ਸਬਦ ਸੁਰਤਿ ਲਿਵ ਲੀਣ ਹੋਇ ਅਨਹਦਿ ਧੁਨਿ ਧੀਰਾ।
੩. ਜੰਤ੍ਰੀ ਜੰਤ੍ਰ ਵਜਾਇਦਾ ਮਨਿ ਉਨਮਨਿ ਚੀਰਾ।
੪. ਵਜਿ ਵਜਾਇ ਸਮਾਇ ਲੈ ਗੁਰ ਸਬਦ ਵਜੀਰਾ।
੫. ਅੰਤਰਿਜਾਮੀ ਜਾਣੀਐ ਅੰਤਰਿਗਤਿ ਪੀਰਾ।
੬. ਗੁਰ ਚੇਲਾ ਚੇਲਾ ਗੁਰੂ ਬੇਧਿ ਹੀਰੈ ਹੀਰਾ॥ ੮॥

ਪਦ ਅਰਥ - ਗੰਭੀਰਾ=ਉੱਚੇ, ਡੂੰਘੇ। ਧੀਰਾ=ਟਿਕਾਉ। ਵਜੀਰਾ=ਵਜਣਾ ਜਾਂ ਵਜੰਤ੍ਰੀ। ਪੀਰਾ=ਪੀੜ।

ਅਰਥ - ੧. (ਗੁਰਸਿੱਖ) ਰਾਗ ਦੇ ਨਾਦ (ਸ਼ਬਦ) ਨਾਲ ਵਿਸਮਾਦ (ਹੈਰਾਨ) ਹੋ ਕੇ ਗੁਣਾਂ ਨਾਲ ਗਹਿਰ ਗੰਭੀਰ ਹੋ ਜਾਂਦਾ ਹੈ। ੨. ਉਹ ਸ਼ਬਦ ਤੇ ਸੁਰਤ (ਦੇ ਰਸ ਵਿਚ) ਲਿਵ-ਲੀਣ (ਮਗਨ) ਹੋ ਕੇ ਅਨਹਦ ਧੁਨੀ ਦੀ ਧੁਨ ਵਿਚ ਟਿਕ ਜਾਂਦਾ ਹੈ। ੩. (ਜਿਵੇਂ) ਜੰਤ੍ਰੀ ਜੰਤ੍ਰ ਵਜਾਉਂਦਾ ਹੈ, ਤਾਂ ਉਸ ਦੀ ਖਿੱਚ ਤੇ ਰਸ ਨਾਲ ਮਨ ਵਿਨ੍ਹੀ ਕੇ, ਤੁਰੀਆ ਪਦ ਵਿਚ ਜਾ ਟਿਕਦਾ ਹੈ। ੪. ਗੁਰ ਸ਼ਬਦ ਦਾ ਵਜੰਤਰੀ (ਗੁਰਮੁਖ) ਗੁਰਸਿੱਖ ਨੂੰ (ਸ਼ਬਦ ਧੁਨੀ ਵਿਚ) ਵੱਜ ਵਜਾ ਕੇ ਸਮਾ ਲੈਂਦਾ ਹੈ। ੫. (ਗੁਰੂ ਨੂੰ) ਅੰਤਰਜਾਮੀ ਜਾਣਨਾ ਚਾਹੀਦਾ ਹੈ, ਜੋ (ਗੁਰਸਿੱਖ ਦੇ) ਅੰਦਰ ਦੀ ਹਾਲਤ ਤੇ ਪੀੜਾ ਨੂੰ ਜਾਣਦਾ ਹੈ। ੬. ਗੁਰੂ ਚੇਲਾ ਹੈ ਤੇ ਚੇਲਾ ਗੁਰੂ ਹੈ, (ਜਿਵੇਂ) ਹੀਰੇ ਨੂੰ ਬੇਧਣ ਲਈ ਹੀਰਾ ਹੀ ਕਾਰਗਰ ਹੁੰਦਾ ਹੈ॥ ੮॥

੯. ਮਿਲਾਪ ਦੀ ਹਾਲਤ ਦਾ ਫਿਰ ਵਰਣਨ

੧. ਪਾਰਸੁ ਹੋਇਆ ਪਾਰਸਹੁ ਗੁਰਮੁਖਿ ਵਡਿਆਈ।

੨. ਹੀਰੈ ਹੀਰਾ ਬੇਧਿਆ ਜੋਤੀ ਜੋਤਿ ਮਿਲਾਈ।
੩. ਸਬਦ ਸੁਰਤਿ ਲਿਵ ਲੀਣੁ ਹੋਇ ਜੰਤ੍ਰ ਜੰਤ੍ਰੀ ਵਾਈ।
੪. ਗੁਰ ਚੇਲਾ ਚੇਲਾ ਗੁਰੂ ਪਰਚਾ ਪਰਚਾਈ।
੫. ਪੁਰਖਹੁੰ ਪੁਰਖੁ ਉਪਾਇਆ ਪੁਰਖੋਤਮ ਹਾਈ।
੬. ਵੀਹ ਇਕੀਹ ਉਲੰਘਿ ਕੈ ਹੋਇ ਸਹਜਿ ਸਮਾਈ॥ ੯॥

ਪਦ ਅਰਥ - ਬੇਧਿਆ=ਵਿੰਨ੍ਹਿਆ। ਜੰਤ੍ਰ=ਵਾਜਾ। ਜੰਤ੍ਰੀ=ਵਾਜਾ ਵਜਾਉਣ ਵਾਲਾ। ਵੀਹ ਇਕੀਹ=ਜੀਵ ਤੇ ਪਰਮੇਸ਼ਰ।

ਅਰਥ - ੧. (ਪਾਰਸ ਵਿਚ ਇਹ ਵਡਿਆਈ ਨਹੀਂ ਕਿ ਉਹ ਕਿਸੇ ਨੂੰ ਪਾਰਸ ਆਪਣੇ ਵਰਗਾ) ਬਣਾ ਦੇਵੇ, ਪਰ ਪੂਰੇ ਸਤਿਗੁਰੂ ਜੀ ਦੀ ਇਹ ਮਹਾਨ ਵਡਿਆਈ (ਹੈ ਕਿ ਉਹ) ਸਿੱਖ ਨੂੰ ਆਪਣੇ ਵਰਗਾ (ਪਾਰਸ ਰੂਪ) ਬਣਾ ਲੈਂਦੇ ਹਨ। ੨. ਜਿਵੇਂ ਹੀਰੇ ਨਾਲ ਹੀਰਾ ਵਿੰਨ੍ਹਿਆ ਜਾਂਦਾ ਹੈ, (ਇਸੇ ਤਰ੍ਹਾਂ ਉਹ ਆਪਣੀ) ਜੋਤਿ ਵਿਚ ਸਿੱਖ (ਜੋਤ) ਨੂੰ ਮਿਲਾ ਲੈਂਦੇ ਹਨ। ੩. ਸ਼ਬਦ ਵਿਚ ਸੁਰਤ ਇਉਂ ਮਗਨ ਹੈ, ਜਿਵੇਂ ਵਾਜਾ ਵਜਾਉਣ ਵਾਲੇ ਦੀ ਸੁਰਤ ਵਾਜੇ ਦੀ ਆਵਾਜ਼ ਵਿਚ ਇਕ-ਰਸ ਮਿਲੀ ਹੁੰਦੀ ਹੈ। ੪. ਗੁਰੂ ਤੋਂ ਚੇਲਾ, ਤੇ ਫਿਰ ਚੇਲੇ ਤੋਂ ਹੀ ਗੁਰੂ ਹੋਇਆ, ਇਸ ਪਰਚੇ ਨੂੰ ਪਰਚਾਇਆ ਹੈ। ੫. ਪੁਰਖ ਤੋਂ ਹੀ ਵੱਡਾ ਪਰਮ ਪੁਰਖ ਪੈਦਾ ਹੋਇਆ ਹੈ। ੬. ਵੀਹ ਤੋਂ ਭਾਵ ਜੀਵ ਹੈ, ਤੇ ਇਕੀਹ ਤੋਂ ਈਸ਼ਵਰ। ਜੀਵ ਵੀਹ ਵਾਲੀ ਹਾਲਤ ਲੰਘ ਕੇ ਇਕੀਹ (ਈਸ਼ਵਰ) ਹੋ ਕੇ ਸਹਿਜ ਪਦ ਵਿਚ ਅਭੇਦ ਹੋ ਜਾਂਦਾ ਹੈ॥ ੯॥

੧੦. ਸੱਚਖੰਡ ਰੂਪ ਸਾਧ ਸੰਗਤ ਦੀ ਮਹਾਨਤਾ

੧. ਸਤਿਗੁਰੁ ਦਰਸਨੁ ਦੇਖਦੋ ਪਰਮਾਤਮੁ ਦੇਖੈ।
੨. ਸਬਦ ਸੁਰਤਿ ਲਿਵ ਲੀਣ ਹੋਇ ਅੰਤਰਿਗਤਿ ਲੇਖੈ।
੩. ਚਰਨ ਕਵਲ ਦੀ ਵਾਸਨਾ ਹੋਇ ਚੰਦਨ ਭੇਖੈ।
੪. ਚਰਣੋਦਕ ਮਕਰੰਦ ਰਸ ਵਿਸਮਾਦੁ ਵਿਸੇਖੈ।
੫. ਗੁਰਮਤਿ ਨਿਹਚਲੁ ਚਿਤੁ ਕਰਿ ਵਿਚਿ ਰੂਪ ਨ ਰੇਖੈ।
੬. ਸਾਧਸੰਗਤਿ ਸਚਖੰਡਿ ਜਾਇ ਹੋਇ ਅਲਖ ਅਲੇਖੈ॥ ੧੦॥

ਪਦ ਅਰਥ - ਲੇਖੈ=ਜਾਣ ਜਾਂਦਾ ਹੈ। ਵਿਸੇਖੈ=ਵਿਸ਼ੇਸ਼। ਰੇਖੈ=ਰੇਖਾ ਆਦਿ।

ਅਰਥ - ੧. ਸਤਿਗੁਰੂ ਜੀ ਦੇ ਦਰਸ਼ਨ ਦੇਖਦੇ ਹੀ ਪਰਮਾਤਮਾ ਦੇ ਦਰਸ਼ਨ ਹੋ ਜਾਂਦੇ ਹਨ। ੨. (ਇਸ ਲਈ ਕਿ) ਸ਼ਬਦ ਵਿਚ ਸੁਰਤ ਮਗਨ ਹੋ ਜਾਂਦੀ ਹੈ ਤੇ (ਸਰੀਰ) ਅੰਤਰ ਦੀ ਹਾਲਤ ਲੇਖੈ, ਭਾਵ ਸਮਝ ਆ ਜਾਂਦੀ ਹੈ (ਕਿ ਕਾਮ ਕਿੰਨਾ ਕੁ ਹੈ, ਕ੍ਰੋਧ ਤੇ ਲੋਭ ਮੋਹ ਕਿੰਨਾ ਕੁ ਹੈ)। ੩. ਚਰਣ ਕਮਲਾਂ

ਦੀ ਜੋ ਵਾਸ਼ਨਾ ਹੈ, ਉਹ ਚੰਦਨ ਦੇ ਰੁੱਖ ਦੀ ਸੁਗੰਧੀ ਵਾਂਗ (ਸਿੱਖ ਨੂੰ) ਸੁਗੰਧੀ ਵਾਲਾ ਕਰ ਦੇਂਦੀ ਹੈ। ੪. (ਗੁਰੂ ਜੀ ਦੇ) ਚਰਣ ਕਮਲਾਂ ਦਾ ਰਸ (ਚਰਣੋਦਕ) ਅਸਚਰਜ ਤੇ ਵਿਸ਼ੇਸ਼ ਹੈ। ੫-੬. ਜਿਸ ਨੇ ਗੁਰਮੱਤ (ਗੁਰੂ ਦੀ ਸਿੱਖਿਆ) ਨਾਲ ਚਿੱਤ ਨੂੰ ਅਡੋਲ ਕਰ ਲਿਆ ਹੈ, ਉਹ ਰੂਪ ਰੇਖ ਦੀ ਹੱਦ ਬੰਨਾ ਟੱਪ ਕੇ ਸਾਧ ਸੰਗਤ ਰੂਪ ਸੱਚਖੰਡ ਵਿਚ ਜਾ ਕੇ ਨਾ ਲਖੇ ਜਾਣ ਵਾਲੇ ਪ੍ਰਭੂ ਵਿਚ ਅਭੇਦ ਹੋ ਕੇ ਪ੍ਰਭੂ ਵਰਗਾ ਹੋ ਜਾਂਦਾ ਹੈ॥ ੧੦॥

੧੧. ਬਾਹਰੀ ਤੇ ਅੰਦਰਲੇ, ਦੋਹਾਂ ਹਾਲਤਾਂ ਵਿਚ ਪ੍ਰਤੱਖ ਸਤਿਗੁਰੂ

੧. ਅਖੀ ਅੰਦਰਿ ਦੇਖਦਾ ਦਰਸਨ ਵਿਚਿ ਦਿਸੈ।
੨. ਸਬਦੈ ਵਿਚਿ ਵਖਾਣੀਐ ਸੁਰਤੀ ਵਿਚਿ ਰਿਸੈ।
੩. ਚਰਣ ਕਵਲ ਵਿਚਿ ਵਾਸਨਾ ਮਨੁ ਭਵਰੁ ਸਲਿਸੈ।
੪. ਸਾਧਸੰਗਤਿ ਸੰਜੋਗੁ ਮਿਲਿ ਵਿਜੋਗਿ ਨ ਕਿਸੈ।
੫. ਗੁਰਮਤਿ ਅੰਦਰਿ ਚਿਤੁ ਹੈ ਚਿਤੁ ਗੁਰਮਤਿ ਜਿਸੈ।
੬. ਪਾਰਬ੍ਰਹਮ ਪੂਰਣ ਬ੍ਰਹਮੁ ਸਤਿਗੁਰ ਹੈ ਤਿਸੈ॥ ੧੧॥

ਪਦ ਅਰਥ - ਰਿਸੈ=ਪ੍ਰਕਾਸ਼ ਹੈ। ਸਲਿਸੈ=ਦ੍ਰਿਸ਼ਟਮਾਨ।

ਅਰਥ - ੧. ਅੱਖਾਂ ਅੰਦਰ ਬੈਠ ਕੇ (ਜੋ) ਦੇਖਦਾ ਹੈ, ਦਿਸਦੇ ਪਦਾਰਥਾਂ ਦੇ ਦਰਸ਼ਨ ਵਿਚ ਭੀ ਓਹ ਆਪ ਹੀ ਹੈ। ੨. ਸ਼ਬਦ ਵਿਚ ਜੋ ਕੁਝ ਵੀ ਕਿਹਾ ਗਿਆ ਹੈ, ਓਹੀ ਸੁਰਤੀ ਵਿਚ ਪ੍ਰਕਾਸ਼ ਹੁੰਦਾ ਹੈ। ੩. ਚਰਣ ਕਮਲਾਂ ਨਾਲ ਜਿਹੜੀ ਪਿਆਰ ਦੀ ਵਾਸ਼ਨਾ ਹੈ, ਉਸੇ ਦਾ ਮਨ ਭੌਰੇ ਸਮਾਨ (ਪ੍ਰੇਮੀ) ਪ੍ਰਗਟ ਹੋ ਰਿਹਾ ਹੈ। ੪. ਜੋ ਵੀ ਸਾਧ ਸੰਗਤਿ ਦੇ ਸੰਜੋਗ (ਮਿਲਾਪ) ਵਿਚ ਪਹੁੰਚਦਾ ਹੈ, ਉਸ ਨੂੰ ਫਿਰ ਕਿਸੇ ਸਮੇਂ ਵੀ ਪ੍ਰਭੂ ਤੋਂ ਵਿਛੋੜੇ ਦਾ ਦੁੱਖ ਨਹੀਂ ਹੁੰਦਾ। ੫. ਜਿਸ ਦੇ ਚਿੱਤ ਅੰਦਰ ਗੁਰਮਤ ਦਾ ਪਿਆਰ ਹੈ, ਉਸੇ ਦਾ ਹੀ ਮਨ ਗੁਰਮੱਤ ਨਾਲ ਲੱਗਾ ਹੈ। ੬. ਜੋ ਪ੍ਰਭੂ ਅਦ੍ਰਿਸ਼ਟ ਅਗੋਚਰ (ਨਿਰਗੁਣ ਸਰੂਪ) ਹੈ ਓਹੀ ਪ੍ਰਭੂ ਸਰਗੁਣ ਸਰੂਪ ਵਿਚ ਸਤਿਗੁਰੂ ਜੀ ਦੇ ਸਰੂਪ ਵਿਚ ਸਾਹਮਣੇ ਹੈ॥ ੧੧॥

੧੨. ਸਾਧ ਸੰਗਤ ਦੇ ਚੰਦਨ-ਗੁਣ

੧. ਅਖੀ ਅੰਦਰਿ ਦਿਸਟਿ ਹੋਇ ਨਕਿ ਸਾਹੁ ਸੰਜੋਈ।
੨. ਕੰਨਾਂ ਅੰਦਰਿ ਸੁਰਤਿ ਹੋਇ ਜੀਭ ਸਾਦੁ ਸਮੋਈ।
੩. ਹਥੀ ਕਿਰਤਿ ਕਮਾਵਣੀ ਪੈਰ ਪੰਥੁ ਸਥੋਈ।

੪. ਗੁਰਮੁਖਿ ਸੁਖ ਫਲੁ ਪਾਇਆ ਮਤਿ ਸਬਦਿ ਵਿਲੋਈ।
੫. ਪਰਕਿਰਤੀ ਹੂ ਬਾਹਰਾ ਗੁਰਮੁਖਿ ਵਿਰਲੋਈ।
੬. ਸਾਧਸੰਗਤਿ ਚੰਨਣ ਬਿਰਖੁ ਮਿਲਿ ਚੰਨਣੁ ਹੋਈ ॥ ੧੨ ॥

ਪਦ ਅਰਥ - ਸੰਜੋਈ=ਮਿਲੀ ਹੋਈ। ਸਮੋਈ=ਸਮਾਈ ਹੋਈ। ਸਥੋਈ=ਸ਼ਕਤੀ। ਵਿਲੋਈ=ਵਿਚਾਰ।

ਅਰਥ - ੧. (ਜੋ) ਅੱਖਾਂ ਅੰਦਰ ਵੇਖਣ ਦੀ ਸ਼ਕਤੀ ਪਈ ਹੋਈ ਹੈ, ਉਹੀ ਨੱਕ ਦੇ ਸੁਆਸਾਂ ਵਿਚ ਸਮਾਈ ਹੋਈ ਹੈ। ੨. (ਓਹੋ ਹੀ) ਕੰਨਾਂ ਵਿਚ ਸੁਰਤ (ਸ੍ਰੋਤ) ਬਣ ਕੇ ਤੇ ਜੀਭਾ ਵਿਚ ਸਵਾਦ-ਰਸਾ ਬਣ ਕੇ ਰਚੀ ਹੋਈ ਹੈ। ੩. (ਇਵੇਂ ਹੀ) ਪੈਰਾਂ ਵਿਚ ਤੁਰਨ ਤੇ ਹੱਥਾਂ ਵਿਚ ਕਿਰਤ ਕਰਨ ਦੀ ਸ਼ਕਤੀ ਬਣੀ ਹੋਈ ਹੈ। ੪. ਗੁਰੂ ਤੋਂ ਵਰੋਸਾਏ ਗੁਰਮੁਖ ਨੇ ਜੋ ਸੁਖ ਫਲ ਪ੍ਰਾਪਤ ਕੀਤਾ ਹੈ, ਉਹ ਬੁਧੀ ਵਿਚ ਸ਼ਬਦ ਦੀ ਵਿਚਾਰ ਨਾਲ ਹੀ ਮਿਲਿਆ ਹੈ। ੫. ਪਰਵਿਰਤੀ (ਮਾਇਕ ਪਦਾਰਥਾਂ) ਦੇ ਅੰਦਰ ਰਹਿੰਦਿਆਂ (ਉਸ ਦੇ ਅਸਰ ਤੋਂ) ਬਾਹਰ ਰਹਿਣਾ, ਐਸਾ ਤਾਂ ਕੋਈ ਵਿਰਲਾ ਹੀ ਗੁਰਮੁਖ ਹੈ। ੬. ਸਾਧ ਸੰਗਤ ਚੰਦਨ ਦੇ ਬ੍ਰਿਛ ਵਾਂਗ ਹੈ, ਜਿਸ ਵਿਚ ਮਿਲ ਕੇ, ਜਾਂ ਜੋ ਵੀ ਸੰਗਤ ਕਰਨ ਵਾਲਾ ਹੈ, ਉਹ ਚੰਦਨ ਦੀ ਸੁਗੰਧੀ ਵਾਲਾ ਹੋ ਜਾਂਦਾ ਹੈ ॥ ੧੨ ॥

੧੩. ਅਲਖ ਵਾਹਿਗੁਰੂ ਦੀ ਅਕਥ ਕਥਾ

੧. ਅਬਿਗਤ ਗਤਿ ਅਬਿਗਤ ਦੀ ਕਿਉ ਅਲਖੁ ਲਖਾਏ।
੨. ਅਕਥ ਕਥਾ ਹੈ ਅਕਥ ਦੀ ਕਿਉ ਆਖਿ ਸੁਣਾਏ।
੩. ਅਚਰਜ ਨੋ ਆਚਰਜੁ ਹੈ ਹੈਰਾਣ ਕਰਾਏ।
੪. ਵਿਸਮਾਦੇ ਵਿਸਮਾਦੁ ਹੈ ਵਿਸਮਾਦੁ ਸਮਾਏ।
੫. ਵੇਦੁ ਨ ਜਾਣੈ ਭੇਦੁ ਕਿਹੁ ਸੇਸਨਾਗੁ ਨ ਪਾਏ।
੬. ਵਾਹਿਗੁਰੂ ਸਾਲਾਹਣਾ ਗੁਰ ਸਬਦੁ ਅਲਾਏ ॥ ੧੩ ॥

ਪਦ ਅਰਥ - ਅਬਿਗਤ=ਪ੍ਰਭੂ। ਅਲਖੁ=ਨਾ ਲਖੇ ਜਾਣ ਵਾਲਾ। ਵਿਸਮਾਦੁ=ਮਸਤੀ ਦੀ ਹਾਲਤ।

ਅਰਥ - ੧. ਗਤਿ ਤੇ ਅਵਿਗਤ ਤੋਂ ਜੋ ਅਬਿਗਤ (ਬਾਹਰ) ਹੈ, ਉਸ ਨਾ ਜਾਣੇ ਜਾਣ ਵਾਲੇ ਪ੍ਰਭੂ ਨੂੰ ਕਿਵੇਂ ਦੇਖਿਆ ਜਾਏ ? ੨. ਉਸ ਅਕਥ (ਕਥਨ ਤੋਂ ਰਹਿਤ) ਪ੍ਰਭੂ ਦੀ ਕਥਾ (ਵਾਰਤਾ) ਵੀ ਅਕਥ ਹੈ (ਕਹੀ ਨਹੀਂ ਜਾਂਦੀ), ਫਿਰ ਉਸ ਨੂੰ ਕਿਵੇਂ ਆਖ ਕੇ ਸੁਣਾਈਏ ? ੩. (ਉਸ ਪ੍ਰਭੂ ਦੀ ਤਾਂ) ਅਸਚਰਜ ਵਿਚ ਅਸਚਰਜ ਪੈਦਾ ਕਰ ਦੇਣ ਵਾਲੀ (ਸ਼ਕਤੀ) ਹੈ, ਜੋ ਹੈਰਾਨ ਕਰ ਦੇਂਦੀ ਹੈ (ਭਾਵ ਸਮਝ ਨਹੀਂ ਪੈਂਦੀ ਕਿ ਕੀ ਕਹੀਏ ?) ੪. ਹੈਰਾਨਗੀ ਭਰੀ ਹੈਰਾਨਗੀ (ਵਿਸਮਾਦ) ਹੈ, ਜੋ ਫਿਰ ਹੈਰਾਨੀ ਵਿਚ ਹੀ ਜਾ ਖਤਮ ਹੁੰਦੀ ਹੈ (ਸਮਝਣ ਤੋਂ ਬਾਹਰੀ ਵਸਤੂ-ਵਿਸ਼ਾ ਹੈ)। ੫. ਜਿਸ ਪ੍ਰਭੂ ਦਾ (ਬ੍ਰਹਮਾ ਦੇ ਉਚਾਰੇ) ਵੇਦ ਵੀ ਭੇਦ ਨਹੀਂ ਜਾਣ ਸਕੇ, (ਨਾ ਹੀ ਹਜ਼ਾਰਾਂ ਰਸਨਾਂ ਨਾਲ ਨਿੱਤ ਨਵੇਂ ਤੋਂ ਨਵੇਂ ਨਾਵਾਂ ਨਾਲ ਸਿਮਰਨ ਕਰਨ

ਵਾਲੇ) ਸ਼ੇਸ਼ ਨਾਗ ਨੇ ਹੀ ਜਾਣਿਆਂ ਹੈ। ੬. (ਹਾਂ ਐਸੇ ਪ੍ਰਭੂ ਦੀ) ਸਿਫਤ ਸਲਾਹ ਸਤਿਗੁਰੂ ਜੀ ਨੇ ਗੁਰ ਸ਼ਬਦਾਂ ਵਿਚ ਕੀਤੀ ਹੈ, ਤੇ ਗੁਰ ਸ਼ਬਦ ਆਖ ਕੇ ਸੁਣਾ ਰਹੇ ਹਨ ਭਾਵ ਕਿ ਸ਼ਬਦ ਰਾਹੀਂ ਅਗਮ ਅਗਾਧ ਪ੍ਰਭੂ ਦੀ ਸਿਫਤ-ਸਲਾਹ ਵਿਚ ਜੁੱਟ ਜਾਵੋਗੇ, ਤਾਂ ਐਸੇ ਪ੍ਰਭੂ ਦੇ ਸਿਮਰਨ-ਰਸ ਨੂੰ ਪ੍ਰਾਪਤ ਕਰਕੇ ਆਨੰਦਤਾ ਪ੍ਰਾਪਤ ਕਰ ਸਕਦੇ ਹੋ, ਪਰ ਉਸਦਾ ਥਾਹ ਨਹੀਂ ਪਾ ਸਕਦੇ॥ ੧੩॥

੧੪. ਗੁਰਸਿੱਖੀ ਦੇ ਮਾਰਗ 'ਤੇ ਚੱਲੋ

੧. ਲੀਹਾ ਅੰਦਰਿ ਚਲੀਐ ਜਿਉ ਗਾਡੀ ਰਾਹੁ।
੨. ਹੁਕਮਿ ਰਜਾਈ ਚਲਣਾ ਸਾਧਸੰਗਿ ਨਿਬਾਹੁ।
੩. ਜਿਉ ਧਨ ਸੋਘਾ ਰਖਦਾ ਘਰਿ ਅੰਦਰਿ ਸਾਹੁ।
੪. ਜਿਉ ਮਿਰਜਾਦ ਨ ਛਡਈ ਸਾਇਰੁ ਅਸਗਾਹੁ।
੫. ਲਤਾ ਹੇਠਿ ਲਤਾੜੀਐ ਅਜਰਾਵਰੁ ਘਾਹੁ।
੬. ਧਰਮਸਾਲ ਹੈ ਮਾਨਸਰੁ ਹੰਸ ਗੁਰਸਿਖ ਵਾਹੁ।
੭. ਰਤਨ ਪਦਾਰਥ ਗੁਰ ਸਬਦੁ ਕਰਿ ਕੀਰਤਨੁ ਖਾਹੁ॥ ੧੪॥

ਪਦ ਅਰਥ - ਸੋਘਾ=ਸਾਂਭ ਕੇ। ਸਾਇਰੁ=ਸਮੁੰਦਰ। ਅਜਰਾਵਰੁ=ਅਜਰ ਤੇ ਅਮਰ।

ਅਰਥ - ੧. (ਜਿਵੇਂ) ਗੱਡੀ ਲੀਹਾਂ ਦੇ ਅੰਦਰਿ (ਸੌਖੇ) ਚਲਦੀ ਹੈ, (ਇਸੇ ਤਰ੍ਹਾਂ ਹੇ ਗੁਰਸਿੱਖ ਵੀਰੋ! ਤੁਸੀਂ) ਗੁਰਸਿੱਖੀ ਦੇ ਪੂਰਨਿਆਂ 'ਤੇ ਤੁਰੋ, ਜਿਵੇਂ ਗੱਡੀ (ਗਾਡੀ ਰਾਹ) 'ਤੇ ਚਲਦੀ ਹੈ। ੨. (ਇਵੇਂ ਹੀ ਗੁਰਸਿੱਖ ਨੂੰ) ਗੁਰੂ ਦੇ ਹੁਕਮ ਦੀ ਰਜ਼ਾ (ਭਾਣੇ ਅਨੁਸਾਰ) ਚਲਣਾ ਚਾਹੀਦਾ ਹੈ ਤੇ ਸਾਧ ਸੰਗਤਿ ਦਾ ਸੰਗਿ ਨਿਭਾਉਣਾ ਚਾਹੀਏ। ੩. ਜਿਵੇਂ ਸ਼ਾਹੂਕਾਰ ਘਰ ਵਿਚ ਧਨ ਦੌਲਤ ਨੂੰ ਸਾਂਭ ਕੇ ਰੱਖਦਾ ਹੈ। ੪. ਜਿਵੇਂ ਅਥਾਹ ਸਮੁੰਦਰ, ਮਰਯਾਦਾ ਵਿਚ ਰਹਿੰਦਾ ਹੈ, (ਭਾਵ ਕੰਢਿਆਂ ਨੂੰ ਭੰਨ ਤੋੜ, ਮਿੱਟੀ ਨੂੰ ਖੋਰ ਕੇ ਪਾਣੀ ਸਮੁੰਦਰ ਵਾਲੀ ਥਾਂ ਤੋਂ ਬਾਹਰ ਨਹੀਂ ਜਾਂਦਾ, ਹੁਕਮੀ ਬਣ, ਮਰਯਾਦਾ ਨੂੰ ਨਹੀਂ ਤੋੜਦਾ)। ੫. ਜਿਵੇਂ ਅਜਰਾਵਰ ਘਾਹ ਪੈਰਾਂ ਹੇਠ ਲਿਤਾੜੇ ਜਾ ਕੇ ਵੀ ਘਬਰਾਂਦਾ ਨਹੀਂ। ੬. (ਸੋ ਸਤਿਗੁਰੂ ਜੀ ਦੀ ਕਾਇਮ ਕੀਤੀ) ਧਰਮਸਾਲ ਮਾਨ ਸਰੋਵਰ ਦੀ ਨਿਆਈਂ ਹੈ, ਜਿਥੇ ਧੰਨਤਾ ਜੋਗ ਸਿੱਖ ਹੰਸਾਂ ਵਾਂਗ ਜਾਂਦੇ ਹਨ। ੭. ਗੁਰੂ ਸ਼ਬਦ ਰੂਪ ਰਤਨ ਪਦਾਰਥਾਂ ਨੂੰ ਚੁਗਦੇ ਤੇ ਕੀਰਤਨ ਦੇ ਅਥਾਹ ਰਸ ਨਾਲ ਖਾਂਦੇ ਹਨ। ਇਹੀ ਹੰਸਾਂ ਦਾ ਖਾਣਾ ਹੈ॥ ੧੪॥

੧੫. ਗੁਰਸਿੱਖ ਆਪਾ ਨਹੀਂ ਜਣਾਉਂਦਾ

੧. ਚਨਣੁ ਜਿਉ ਵਣ ਖੰਡ ਵਿਚਿ ਓਹੁ ਆਪੁ ਲੁਕਾਏ।
੨. ਪਾਰਸੁ ਅੰਦਰਿ ਪਰਬਤਾਂ ਹੋਇ ਗੁਪਤ ਵਲਾਏ।

३. ਸਤ ਸੁਮੰਦੀ ਮਾਨਸਰੁ ਨਹਿ ਅਲਖੁ ਲਖਾਏ।
੪. ਜਿਉ ਪਰਛਿੰਨਾ ਪਾਰਜਾਤੁ ਨਹਿ ਪਰਗਟੀ ਆਏ।
੫. ਜਿਉ ਜਗਿ ਅੰਦਰਿ ਕਾਮਧੇਨੁ ਨਹਿ ਆਪੁ ਜਣਾਏ।
੬. ਸਤਿਗੁਰ ਦਾ ਉਪਦੇਸੁ ਲੈ ਕਿਉ ਆਪੁ ਗਣਾਏ॥ ੧੫॥

ਪਦ ਅਰਥ - ਚੰਨਣੁ=ਸੁਗੰਧੀ ਵਾਲਾ ਬ੍ਰਿਛ। ਪਾਰਸੁ=ਜਿਸ ਧਾਤ ਨਾਲ ਛੋਹੇ, ਸੋਨਾ ਹੋਵੇ। ਪਾਰਜਾਤੁ=ਕਲਪ ਬ੍ਰਿਛ। ਕਾਮਧੇਨੁ=ਸਭ ਪਦਾਰਥਾਂ ਦੇ ਦੇਣ ਵਾਲੀ ਗਊ।

ਅਰਥ - ੧. ਚੰਦਨ ਦਾ ਰੁੱਖ ਜੰਗਲ ਵਿਚ ਹੁੰਦਾ ਹੈ ਤੇ ਉਹ ਆਪਣੇ ਆਪ ਨੂੰ ਲੁਕਾ ਕੇ ਰੱਖਦਾ ਹੈ। ੨. ਪਾਰਸ ਪਹਾੜਾਂ ਵਿਚ ਲੁਕਿਆ ਰਹਿੰਦਾ ਹੈ ਤੇ ਗੁਪਤ ਹੋ ਕੇ ਰਹਿੰਦਾ ਹੈ, (ਦੇਖਣ ਵਿਚ ਉਹ ਇੱਕ ਪੱਥਰ ਦੇ ਗੀਹਟੇ ਵਾਂਗ ਹੁੰਦਾ ਹੈ ਤੇ ਪਾਰਖੂ ਤੋਂ ਬਿਨਾਂ ਉਸ ਨੂੰ ਕੋਈ ਜਾਣ ਨਹੀਂ ਸਕਦਾ)। ੩. ਸੱਤਾਂ ਸਮੁੰਦਰਾਂ ਵਿਚ ਮਾਨਸਰ ਗੁਪਤ ਰਹਿੰਦਾ ਹੈ, ਉਹ ਆਪਣਾ ਆਪ ਕਿਸੇ ਨੂੰ ਲਖਾਉਂਦਾ (ਜਣਾਉਂਦਾ) ਨਹੀਂ। ੪. ਜਿਵੇਂ ਪਾਰਜਾਤ (ਕਲਪ ਬ੍ਰਿਛ) ਲੁਕਿਆ ਰਹਿੰਦਾ ਹੈ, ਉਹ ਪ੍ਰਗਟ (ਜ਼ਾਹਰ) ਨਹੀਂ ਹੁੰਦਾ। ੫. ਜਿਵੇਂ ਸਭ ਤਰ੍ਹਾਂ ਦੇ ਖਾਨ-ਪਾਨ, ਪਦਾਰਥਾਂ ਦੇ ਦੇਣ ਵਾਲੀ ਕਾਮਧੇਨੁ ਗਊ ਸੰਸਾਰ ਵਿਚ ਕਿਸੇ ਨੂੰ ਆਪਾ ਨਹੀਂ ਜਣਾਉਂਦੀ। ੬. (ਇਸੇ ਤਰ੍ਹਾਂ) ਸਤਿਗੁਰੂ ਜੀ ਦਾ ਉਪਦੇਸ਼ (ਸਿੱਖਿਆ) ਲੈ ਕੇ ਗੁਰਸਿੱਖ ਭਲਾ ਕਿਸੇ ਨੂੰ ਆਪਾ ਕਿਉਂ ਜਣਾਏ, (ਭਾਵ ਗੁਰਸਿੱਖ ਸਾਧਨਾ ਸਾਧ ਕੇ, ਆਪਣੀ ਸਾਧਨਾ ਕਿਸੇ ਨੂੰ ਜਤਾਉਂਦਾ ਨਹੀਂ)॥ ੧੫॥

੧੬. ਗੁਰੂ ਤੇ ਚੇਲਾ ਅਭੇਦ ਹਨ

੧. ਦੁਇ ਦੁਇ ਅਖੀ ਆਖੀਅਨਿ ਇਕੁ ਦਰਸਨੁ ਦਿਸੈ।
੨. ਦੁਇ ਦੁਇ ਕੰਨਿ ਵਖਾਣੀਅਨਿ ਇਕ ਸੁਰਤਿ ਸਲਿਸੈ।
੩. ਦੁਇ ਦੁਇ ਨਦੀ ਕਿਨਾਰਿਆਂ ਪਾਰਾਵਾਰੁ ਨ ਤਿਸੈ।
੪. ਇਕ ਜੋਤਿ ਦੁਇ ਮੂਰਤੀ ਇਕ ਸਬਦੁ ਸਰਿਸੈ।
੫. ਗੁਰ ਚੇਲਾ ਚੇਲਾ ਗੁਰੂ ਸਮਝਾਏ ਕਿਸੈ॥ ੧੬॥

ਪਦ ਅਰਥ - ਸਲਿਸੈ=ਸੁਣਨਾ। ਸਰਿਸੈ=ਇਕੋ ਜਿਹਾ।

ਅਰਥ - ੧. ਅੱਖਾਂ (ਸਭ ਦੀਆਂ) ਦੋ ਦੋ ਹੀ ਆਖੀਆਂ ਜਾਂਦੀਆਂ ਹਨ, ਪਰ ਦਰਸ਼ਨ ਦੋਹਾਂ ਨਾਲ ਇੱਕ ਹੀ ਦਿਖਾਈ ਦੇਂਦਾ ਹੈ। ੨. ਕੰਨ ਵੀ ਦੋ ਦੋ ਹੀ ਕਹੇ ਜਾਂਦੇ ਹਨ, ਪਰ ਆਵਾਜ਼ ਉਹ ਇੱਕ ਨੂੰ ਹੀ ਸੁਣਦੇ ਜਾਂ ਸਮਝਦੇ ਹਨ। ੩. ਨਦੀਆਂ ਦੇ ਕਿਨਾਰੇ ਵੀ ਦੋ ਦੋ ਹੀ ਹੁੰਦੇ ਹਨ, ਪਰ ਉਨ੍ਹਾਂ ਦੇ ਅੰਦਰ ਨਦੀ ਇਕੋ ਹੀ ਹੁੰਦੀ ਹੈ। ੪. (ਇਸੇ ਤਰ੍ਹਾਂ, ਗੁਰੂ ਤੇ ਚੇਲੇ ਦੀਆਂ) ਮੂਰਤਾਂ ਭਾਵੇਂ ਦੋ ਹੀ ਹੁੰਦੀਆਂ ਹਨ, ਪਰ ਜੋਤਿ ਇੱਕ ਹੀ ਹੁੰਦੀ ਹੈ ਤੇ (ਗੁਰ) ਸ਼ਬਦ (ਉਪਦੇਸ਼) ਭੀ ਇਕਸ ਜੇਹਾ ਹੀ ਹੈ। ੫. (ਐਪਰ ਇਸ ਗੱਲ ਦਾ ਭੇਦ ਕਿ) ਗੁਰੂ ਚੇਲਾ ਹੈ, ਜਾਂ ਚੇਲਾ ਗੁਰੂ ਹੈ, ਇਸ ਭੇਦ ਨੂੰ ਕੌਣ ਸਮਝ ਸਕਦਾ ਹੈ ਤੇ ਕੌਣ ਕਿਸੇ ਨੂੰ ਸਮਝਾ

ਸਕਦਾ ਹੈ ? (ਭਾਵ ਇਹ ਅਗੰਮੀ ਤੇ ਗੋਝ ਗੱਲ ਹੈ, ਇਸ ਨੂੰ ਗਹਿਰ-ਗੰਭੀਰ ਸਤਿਗੁਰੂ ਜਾਂ ਸਤਿਗੁਰੂ ਦਾ ਗਹਿਰ-ਗੰਭੀਰਤਾ ਤਕ ਪੁੱਜਾ ਹੋਇਆ ਕੋਈ ਚੇਲਾ ਹੀ ਜਾਣ ਸਕਦਾ ਹੈ, ਹੋਰ ਕੋਈ ਨਹੀਂ॥ ੧੬ ॥

੧੭. ਗੁਰੂ-ਚੇਲੇ ਦੇ ਵਿਹਾਰ ਦਾ ਵਰਣਨ

੧. ਪਹਿਲੇ ਗੁਰਿ ਉਪਦੇਸ ਦੇ ਸਿਖ ਪੈਰੀ ਪਾਏ।
੨. ਸਾਧਸੰਗਤਿ ਕਰਿ ਧਰਮਸਾਲ ਸਿਖ ਸੇਵਾ ਲਾਏ।
੩. ਭਾਇ ਭਗਤਿ ਭੈ ਸੇਵਦੇ ਗੁਰਪੁਰਬ ਕਰਾਏ।
੪. ਸਬਦ ਸੁਰਤਿ ਲਿਵ ਕੀਰਤਨੁ ਸਚਿ ਮੇਲਿ ਮਿਲਾਏ।
੫. ਗੁਰਮੁਖਿ ਮਾਰਗੁ ਸਚ ਦਾ ਸਚੁ ਪਾਰਿ ਲੰਘਾਏ।
੬. ਸਚਿ ਮਿਲੈ ਸਚਿਆਰ ਨੋ ਮਿਲਿ ਆਪੁ ਗਵਾਏ ॥੧੭॥

ਪਦ ਅਰਥ - ਭਾਇ ਭਗਤਿ=ਪ੍ਰੇਮਾ-ਭਗਤੀ। ਭੈ=ਡਰ (ਅਦਬ ਦਾ)। ਆਪੁ=ਆਪਾ ਭਾਵ, ਹਉਮੈ ਜਾਂ ਹੰਗਤਾ।

ਅਰਥ - ੧. ਪਹਿਲੇ ਗੁਰੂ ਉਪਦੇਸ਼ ਦਿੰਦਾ ਹੈ ਤੇ ਸਿੱਖ ਗੁਰੂ ਦੀ ਚਰਨੀਂ ਲੱਗ ਕੇ ਗੁਰ-ਉਪਦੇਸ਼ ਦੀ ਚੰਗੀ ਤਰ੍ਹਾਂ ਸੰਭਾਲ ਕਰਦਾ ਹੈ। ੨. (ਸਤਿਗੁਰੂ ਜੀ ਨੇ) ਸਾਧ ਸੰਗਤਿ (ਦੇ ਮੇਲ-ਮਿਲਾਪ) ਲਈ ਧਰਮਸ਼ਾਲਾ ਕਾਇਮ ਕੀਤੀ, (ਤੇ ਫਿਰ ਸਿੱਖਿਆ ਤੇ ਦ੍ਰਿੜ੍ਹ ਹੋਣ ਲਈ) ਸਿੱਖ ਨੂੰ ਸੇਵਾ 'ਤੇ ਲਾ ਦਿੱਤਾ। ੩. ਪ੍ਰੇਮਾ-ਭਗਤੀ ਤੇ (ਅਦਬ ਸਤਿਕਾਰ ਦੇ ਡਰ) ਨੂੰ ਸਾਹਮਣੇ ਰੱਖ ਸਿੱਖ, ਸੇਵਾ ਵੀ ਕਰਦਾ ਤੇ ਗੁਰਪੁਰਬ ਵੀ ਮਨਾਉਂਦਾ ਹੈ। ੪. ਸ਼ਬਦ ਨੂੰ ਸੁਰਤ (ਧਿਆਨ) ਵਿਚ ਰੱਖ ਕੇ ਕੀਰਤਨ ਨਾਲ ਲਿਵ ਜੋੜਦਾ ਹੋਇਆ ਸੱਚ ਦੇ ਮੇਲ ਵਿਚ ਮਿਲਦਾ ਹੈ। ੫. ਗੁਰਮੁਖਾਂ ਦਾ ਮਾਰਗ ਹੀ ਸੱਚ ਦੇ ਆਸਰੇ ਵਾਲਾ ਹੈ, ਤੇ ਸੱਚ, ਸੱਚਾ ਆਸਰਾ ਬਣ ਕੇ (ਸਿੱਖ ਨੂੰ ਸੰਸਾਰ ਸਮੁੰਦਰ ਤੋਂ) ਪਾਰ ਲੰਘਾਉਂਦਾ ਹੈ। ੬. ਸੱਚੇ (ਸਿੱਖ ਹੀ) ਸੱਚੇ (ਸਤਿਗੁਰੂ) ਨੂੰ ਮਿਲੇ ਹਨ, (ਤੇ ਮਿਲੇ ਹੋਏ ਸਿੱਖ, ਫਿਰ) ਆਪਾ-ਭਾਵ ਗੁਆਉਂਦੇ (ਤੇ ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ) ਹਨ ॥ ੧੭ ॥

੧੮. ਸਾਧ ਸੰਗਤ ਦੀ ਚਰਣ-ਧੂੜੀ ਦੀ ਮਹਾਨਤਾ

੧. ਸਿਰ ਉਚਾ ਨੀਵੇਂ ਚਰਣ ਸਿਰਿ ਪੈਰੀ ਪਾਂਦੇ।
੨. ਮੂਹੁ ਅਖੀ ਨਕੁ ਕੰਨ ਹਥ ਦੇਹ ਭਾਰ ਉਚਾਂਦੇ।
੩. ਸਭ ਚਿਹਨ ਛਡਿ ਪੂਜੀਅਨਿ ਕਉਣੁ ਕਰਮ ਕਮਾਂਦੇ।
੪. ਗੁਰ ਸਰਣੀ ਸਾਧਸੰਗਤੀ ਨਿਤ ਚਲਿ ਚਲਿ ਜਾਂਦੇ।

੫. ਵਤਨਿ ਪਰਉਪਕਾਰ ਨੋ ਕਰਿ ਪਾਰਿ ਵਸਾਂਦੇ।
੬. ਮੇਰੀ ਖਲਹੁ ਮੌਜੜੇ ਗੁਰਸਿਖ ਹੰਢਾਂਦੇ।
੭. ਮਸਤਕ ਲਗੇ ਸਾਧ ਰੇਣੁ ਵਡਭਾਗਿ ਜਿਨ੍ਹਾਂ ਦੇ॥੧੮॥

ਪਦ ਅਰਥ - ਉਚਾਂਦੇ=ਚੁਕਦੇ ਹਨ। ਚਿਹਨ=ਅੰਗ। ਵਸਾਂਦੇ=ਵਸ ਲੱਗਦੇ। ਮਸਤਕ=ਮੱਥਾ।

ਅਰਥ - ੧. ਸਿਰ ਉੱਚਾ ਹੈ ਤੇ ਚਰਣ ਨੀਵੇਂ ਹਨ, (ਪਰ ਸਿਰ ਨੀਵਾਂ ਹੋ ਕੇ) ਪੈਰਾਂ 'ਤੇ ਹੀ ਪੈਂਦਾ ਹੈ। ੨. ਮੂੰਹ, ਅੱਖਾਂ, ਨੱਕ, ਕੰਨ ਤੇ ਹੱਥ (ਇਹਨਾਂ ਸਭਨਾਂ ਦੇ) ਭਾਰ ਨੂੰ ਪੈਰ ਹੀ ਚੁੱਕਦੇ ਹਨ। ੩. ਹੋਰ ਸਭ ਅੰਗਾਂ (ਅੱਖਾਂ ਤੇ ਮੂੰਹ ਆਦਿ) ਨੂੰ ਛੱਡ ਕੇ (ਪੈਰ) ਆਪਣੀ ਪੂਜਾ ਕਰਵਾਉਂਦੇ ਹਨ, (ਭਲਾ ਇਹ) ਕਿਹੜੇ ਕਰਮ ਕਰਦੇ ਹਨ, (ਜਿਨ੍ਹਾਂ ਕਰਕੇ ਇਨ੍ਹਾਂ ਦੀ ਪੂਜਾ ਹੁੰਦੀ ਹੈ ? ਅੱਗੇ ਜਵਾਬ ਹੈ ਕਿ) ੪. ਗੁਰੂ ਦੀ ਸ਼ਰਣ ਤੇ ਸਾਧ ਸੰਗਤਿ ਵਿਚ (ਇਹ ਚਰਣ) ਰੋਜ਼ ਚਲ ਚਲ ਕੇ ਜਾਂਦੇ ਹਨ। ੫. (ਇਹੀ ਚਰਣ) ਦੇਸ (ਲਈ ਜਾਂ ਕਿਸੇ ਹੋਰ) ਪਰਉਪਕਾਰ ਲਈ ਜਾਂਦੇ ਹਨ, ਤੇ ਵਸ ਲੱਗਦੇ ਜਿਧਰ ਜਾਂਦੇ ਹਨ ਕੰਮ ਪੂਰਾ ਕੀਤੇ ਬਿਨਾਂ ਮੁੜਦੇ ਨਹੀਂ, ਕਰਕੇ ਆਉਂਦੇ ਹਨ। ੬. (ਭਾਈ ਗੁਰਦਾਸ ਜੀ ਆਖਦੇ ਹਨ ਕਿ ਐਸੇ ਪਰਉਪਕਾਰੀ ਤੇ ਨਿੱਤ ਸਾਧ ਸੰਗਤ ਵਿਚ ਚਲ ਕੇ ਜਾਣ ਵਾਲੇ ਸਿੱਖਾਂ ਦੇ ਚਰਣ) ਮੇਰੀ ਖੱਲ ਦੀਆਂ ਜੁੱਤੀਆਂ (ਬਣਾ ਕੇ) ਹੰਢਾਉਣ, (ਇਹ ਮੇਰੀ ਲਾਲਸਾ ਹੈ)। ੭. (ਐਸੇ ਗੁਰਸਿੱਖਾਂ ਦੀ) ਚਰਣ ਧੂੜ ਉਨ੍ਹਾਂ ਦੇ ਮਸਤਕ (ਮੱਥੇ) 'ਤੇ ਲੱਗਦੀ ਹੈ, ਜਿਨ੍ਹਾਂ ਦੇ ਉੱਤਮ ਭਾਗ ਹੁੰਦੇ ਹਨ॥ ੧੮॥

੧੯. ਧਰਤੀ ਅਤੇ ਸਾਧੂਆਂ ਦੀ ਨਿਰਮਾਣਤਾ

੧. ਜਿਉ ਧਰਤੀ ਧੀਰਜ ਧਰਮੁ ਮਸਕੀਨੀ ਮੂੜੀ।
੨. ਸਭਦੂੰ ਨੀਵੀਂ ਹੋਇ ਰਹੀ ਤਿਸ ਮਣੀ ਨ ਕੂੜੀ।
੩. ਕੋਈ ਹਰਿਮੰਦਰੁ ਕਰੈ ਕੋ ਕਰੈ ਅਰੂੜੀ।
੪. ਜੇਹਾ ਬੀਜੈ ਸੋ ਲੁਣੈ ਫਲ ਅੰਬ ਲਸੂੜੀ।
੫. ਜੀਵਦਿਆਂ ਮਰਿ ਜੀਵਣਾ ਜੁੜਿ ਗੁਰਮੁਖਿ ਜੂੜੀ।
੬. ਲਤਾਂ ਹੇਠਿ ਲਤਾੜੀਐ ਗਤਿ ਸਾਧਾਂ ਧੂੜੀ॥ ੧੯॥

ਪਦ ਅਰਥ - ਮੂੜੀ=ਰਾਸ। ਮਸਕੀਨੀ=ਗਰੀਬੀ, ਨਿਮ੍ਰਤਾ। ਮਣੀ=ਮਾਣ ਜਾਂ ਮਨੌਤ। ਹਰਿਮੰਦਰੁ=ਹਰੀ ਦੇ ਜਪਣ ਵਾਲਾ ਥਾਂ। ਜੂੜੀ=ਮੇਲ ਵਿਚ।

ਅਰਥ - ੧. ਜਿਵੇਂ ਧਰਤੀ ਨੇ ਧੀਰਜ, ਧਰਮ ਤੇ ਗਰੀਬੀ (ਨਿਰਮਾਣਤਾ) ਨੂੰ ਹੀ ਰਾਸ-ਪੂੰਜੀ ਬਣਾਇਆ ਹੈ। ੨. (ਉਹ) ਸਭ ਤੋਂ ਨੀਵੀਂ ਹੋ ਕੇ ਰਹਿੰਦੀ ਹੈ, ਉਸ ਨੂੰ ਕਿਸੇ ਝੂਠੇ ਮਾਣ (ਦੀ ਆਸ਼ਾ) ਨਹੀਂ ਹੈ। ੩. (ਧਰਤੀ ਉਤੇ) ਕੋਈ ਰੱਬ ਦੀ ਪੂਜਾ ਲਈ ਮੰਦਰ ਬਣਾਏ, ਜਾਂ ਕੋਈ ਗੰਦੀਆਂ ਰੂੜੀਆਂ ਦੇ ਢੇਰ ਲਾਏ, ਧਰਤੀ ਕਿਸੇ ਨੂੰ ਨਹੀਂ ਰੋਕਦੀ। ੪. ਜਿਹੋ ਜਿਹਾ ਕੋਈ ਬੀਜਦਾ ਹੈ, ਉਹੋ ਜਿਹਾ ਹੀ ਪਾਉਂਦਾ ਹੈ ? (ਜੋ

ਕੋਈ) ਅੰਬ ਦਾ ਫਲ ਬੀਜਦਾ ਹੈ ਤਾਂ ਅੰਬ, ਤੇ ਜੇ ਕੋਈ ਲਸੂੜੀ ਬੀਜਦਾ ਹੈ, ਤਾਂ ਲਸੂੜੀ ਦਾ ਹੀ ਫਲ ਪ੍ਰਾਪਤ ਕਰਦਾ ਹੈ। ੫. (ਧਰਤੀ ਨੇ ਤਾਂ) ਜੀਉਂਦਿਆਂ ਹੀ ਮਰ ਕੇ ਜੀਵਨ ਦੀ (ਮਿਸਾਲ ਪੇਸ਼ ਕੀਤੀ ਹੋਈ ਹੈ ਤਿਵੇਂ ਹੀ) ਗੁਰਸਿੱਖਾਂ ਨੇ ਗੁਰਮੁਖਾਂ ਨਾਲ ਜੁੜ ਕੇ (ਧਰਤੀ ਵਰਗੀ ਨਿਰਮਾਣਤਾ ਤੇ ਜੀਉਂਦਿਆਂ ਮਰ ਕੇ ਜੀਵਨ ਦੀ ਜਾਚ ਸਿੱਖੀ ਹੈ)। ੬. ਧਰਤੀ ਲੱਤਾਂ (ਪੈਰਾਂ ਹੇਠਾਂ ਲਿਤਾੜੀ ਜਾ ਕੇ ਧੂੜ ਹੋ ਰਹੀ ਹੈ, ਇਹੋ (ਹਾਲਤ ਸਾਧਾਂ ਦੀ ਧੂੜੀ ਦੀ ਹੈ)॥ ੧੯॥

੨੦. ਪਾਣੀ ਦੀ ਨਿਰਮਾਣਤਾ ਤੇ ਗੁਰਸਿੱਖ

੧. ਜਿਉ ਪਾਣੀ ਨਿਵਿ ਚਲਦਾ ਨੀਵਾਣਿ ਚਲਾਇਆ।
੨. ਸਭਨਾ ਰੰਗਾਂ ਨੋ ਮਿਲੈ ਰਲਿ ਜਾਇ ਰਲਾਇਆ।
੩. ਪਰਉਪਕਾਰ ਕਮਾਂਵਦਾ ਉਨਿ ਆਪੁ ਗਵਾਇਆ।
੪. ਕਾਠੁ ਨ ਡੋਬੈ ਪਾਲਿ ਕੈ ਸੰਗਿ ਲੋਹੁ ਤਰਾਇਆ।
੫. ਵੁਠੇ ਮੀਹ ਸੁਕਾਲੁ ਹੋਇ ਰਸ ਕਸ ਉਪਜਾਇਆ।
੬. ਜੀਵਦਿਆਂ ਮਰਿ ਸਾਧ ਹੋਇ ਸੁਫਲਿਓ ਜਗਿ ਆਇਆ ॥੨੦॥

ਪਦ ਅਰਥ - ਸੁਕਾਲੁ=ਚੰਗਾ ਸਮਾਂ।

ਅਰਥ - ੧. ਜਿਵੇਂ ਪਾਣੀ ਨੀਵਾਣ ਵੱਲ ਚਲਦਾ ਹੈ (ਤੇ ਆਲੇ ਦੁਆਲੇ ਹੋਰ ਨਾਲ ਮਿਲਣ ਵਾਲੇ ਨੂੰ ਭੀ ਨਾਲ ਹੀ) ਚਲਾਈ (ਤੋਰੀ) ਜਾਂਦਾ ਹੈ। ੨. (ਪਾਣੀ) ਸਭ ਰੰਗਾਂ ਵਿਚ ਮਿਲ ਜਾਂਦਾ ਹੈ ਤੇ ਰਲਾਇਆਂ ਰਲ ਜਾਂਦਾ ਹੈ। ੩. (ਪਾਣੀ ਤਾਂ) ਪਰਉਪਕਾਰ ਹੀ ਕਮਾਉਂਦਾ ਹੈ, (ਕਿਉਂਕਿ) ਉਸ ਨੇ ਆਪਾ-ਭਾਵ ਗਵਾਇਆ ਹੋਇਆ ਹੈ। ੪. ਕਾਠ (ਲੱਕੜ) ਨੂੰ ਡੋਬਦਾ ਨਹੀਂ, (ਕਿਉਂਕਿ ਪਾਣੀ ਨੇ ਹੀ ਇਸਨੂੰ) ਪਾਲਿਆ (ਹੁੰਦਾ ਹੈ। ਸਗੋਂ ਜੇ ਕਾਠ ਨਾਲ) ਲੋਹਾ ਲੱਗਾ ਹੋਵੇ, ਤਾਂ ਉਸ ਨੂੰ ਵੀ ਲੱਕੜ ਦੇ ਨਾਲ ਹੀ ਤਾਰ ਦਿੰਦਾ ਹੈ। ੫. ਪਾਣੀ (ਮੀਂਹ) ਦੇ ਵਸਣ ਨਾਲ ਕਾਲ ਦਾ ਸਮਾਂ ਹਟ ਜਾਂਦਾ ਹੈ ਤੇ ਸੁਕਾਲ ਹੋ ਜਾਂਦਾ ਹੈ ਤੇ ਰਸ-ਕਸ (ਸਭ ਤਰ੍ਹਾਂ ਦੇ ਕੌੜੇ ਮਿੱਠੇ ਫਲ ਤੇ ਅਨਾਜ) ਨੂੰ ਪੈਦਾ ਕਰ ਦਿੰਦਾ ਹੈ। ੬. (ਇਸੇ ਤਰ੍ਹਾਂ ਪਾਣੀ ਵਾਂਗ ਨਿਮ੍ਰਤਾ ਵਿਚ ਰਹਿਣ ਵਾਲਾ) ਸਾਧੂ ਵੀ ਮਰ ਕੇ (ਆਪਾ-ਭਾਵ ਤਿਆਗ ਕੇ) ਜੀਉਂਦਾ ਹੈ, ਤੇ ਉਸਦਾ ਜਹਾਨ 'ਤੇ ਆਉਣਾ ਸੁਫਲਾ ਹੈ॥ ੨੦॥

੨੧. ਭਲਾ, ਭਲਿਆਈ ਹੀ ਕਰਦਾ ਹੈ

੧. ਸਿਰ ਤਲਵਾਇਆ ਜੰਮਿਆ ਹੋਇ ਅਚਲੁ ਨ ਚਲਿਆ।
੨. ਪਾਣੀ ਪਾਲਾ ਧੁਪ ਸਹਿ ਉਹ ਤਪਹੁ ਨ ਟਲਿਆ।
੩. ਸਫਲਿਓ ਬਿਰਖ ਸੁਹਾਵੜਾ ਫਲ ਸੁਫਲੁ ਸੁਫਲਿਆ।

੪. ਫਲੁ ਦੇਇ ਵਟ ਵਗਾਇਐ ਕਰਵਤਿ ਨ ਹਲਿਆ।
੫. ਬੁਰੇ ਕਰਨਿ ਬੁਰਿਆਈਆਂ ਭਲਿਆਈ ਭਲਿਆ।
੬. ਅਵਗੁਣ ਕੀਤੇ ਗੁਣ ਕਰਨਿ ਜਗਿ ਸਾਧ ਵਿਰਲਿਆ।
੭. ਅਉਸਰਿ ਆਪ ਛਲਾਇੰਦੇ ਤਿਨ੍ਹਾ ਅਉਸਰੁ ਛਲਿਆ ॥੨੧॥

ਪਦ ਅਰਥ - ਅਚਲੁ=ਅਡੋਲ। ਕਰਵਤਿ=ਆਰੇ ਨਾਲ ਚੀਰਨਾ। ਛਲਾਇੰਦੇ=ਛਲੇ ਜਾਂਦੇ। ਛਲਿਆ=ਛਲ ਲਿਆ।

ਅਰਥ - ੧. ਦਰੱਖਤ ਸਿਰ ਨੀਵਾਂ ਤੇ ਲੱਤਾਂ ਉਤੇ ਕਰਕੇ ਜੰਮਿਆ ਹੈ, ਉਹ ਅਚਲ ਰਹਿੰਦਾ ਹੈ, ਚਲਾਏਮਾਨ ਨਹੀਂ ਹੁੰਦਾ। ੨. ਮੀਂਹ, ਧੁੱਪ, ਸਰਦੀ ਤੇ ਗਰਮੀ ਸਹਿ ਕੇ ਉਹ ਆਪਣੀ ਤਪਸਿਆ ਕਰਨ ਤੋਂ ਹਟਦਾ ਨਹੀਂ। ੩. ਫਲਾਂ ਨਾਲ ਭਰਿਆ ਬ੍ਰਿਛ ਸੁਹਾਵਣਾ ਹੁੰਦਾ ਹੈ, ਉਹ ਚੰਗੇ ਫਲਾਂ ਨਾਲ ਫਲਦਾਰ (ਫਲਿਆ) ਹੁੰਦਾ ਹੈ। ੪. ਫਲਾਂ (ਨੂੰ ਲਾਹੁਣ ਲਈ ਵੱਜਦੀਆਂ) ਵੱਟੇ ਢੀਮਾਂ ਨੂੰ ਸਹਾਰਦਾ ਹੈ, ਪਿੱਠ ਨਹੀਂ ਮੋੜਦਾ, ਤਰਖਾਣ ਆਰੇ ਨਾਲ ਵੱਢਦਾ ਹੈ ਤਦ ਬਚਾਉ ਲਈ ਹਿਲਦਾ ਤਕ ਨਹੀਂ। ੫. ਬੁਰਿਆਂ ਨੇ ਬੁਰਿਆਈਆਂ ਹੀ ਕਰਨੀਆਂ ਹਨ, ਤੇ ਭਲਿਆਂ ਨੇ ਭਲਿਆਈਆਂ। ੬. ਅਉਗੁਣ ਕਰਨ ਵਾਲਿਆਂ ਨਾਲ, ਗੁਣਵਾਨ ਗੁਣ (ਭਲਾ) ਹੀ ਕਰਦੇ ਹਨ, ਪਰ ਅਜਿਹੇ ਸਾਧੂ ਪੁਰਸ਼ ਜਗ ਵਿਚ ਵਿਰਲੇ ਹੀ ਹਨ। ੭. ਸਾਧੂ ਜਨਾਂ ਨੇ ਪ੍ਰਗਟ ਤੌਰ 'ਤੇ ਸਮੇਂ ਤੋਂ ਆਪਣੇ ਆਪ ਨੂੰ ਠਗਾ ਲਿਆ ਹੈ ਪਰ ਅੰਤ ਨੂੰ ਸਮੇਂ ਨੂੰ ਉਹਨਾਂ ਨੇ ਠਗ ਲਿਆ ਹੈ ਭਾਵ ਆਪਣਾ ਸਮਾਂ ਸਿਮਰਨ ਕਰਕੇ ਸਫਲਾ ਕਰ ਲਿਆ॥ ੨੧॥

੨੨. ਮੁਰੀਦੀ ਦੇ ਲੱਛਣ

੧. ਮੁਰਦਾ ਹੋਇ ਮੁਰੀਦੁ ਸੋ ਗੁਰ ਗੋਰਿ ਸਮਾਵੈ।
੨. ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪੁ ਗਵਾਵੈ।
੩. ਤਨੁ ਧਰਤੀ ਕਰਿ ਧਰਮਸਾਲ ਮਨੁ ਦਭੁ ਵਿਛਾਵੈ।
੪. ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ।
੫. ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਰਾਵੈ।
੬. ਵਰਸੈ ਨਿਝਰ ਧਾਰ ਹੋਇ ਸੰਗਤਿ ਚਲਿ ਆਵੈ ॥੨੨॥੯॥

ਪਦ ਅਰਥ - ਮੁਰੀਦੁ=ਚੇਲਾ। ਗੋਰਿ=ਕਬਰ। ਦਭ=ਸਰਕੜੇ ਦੀ ਫੂਹੜੀ। ਨਿਝਰ ਧਾਰ=ਨਾ ਰੁਕਣ ਵਾਲੀ ਧਾਰਾ।

ਅਰਥ - ੧. ਮੁਰੀਦ (ਸਿੱਖ) ਨੂੰ (ਮਨ ਦੇ ਫੁਰਨੇ ਤੇ ਖਾਹਿਸ਼ਾਂ ਰੋਕ ਕੇ, ਨਿੰਰ-ਹੰਕਾਰ ਤੇ ਆਪਾ ਗੁਆ ਕੇ) ਮੁਰਦੇ ਵਾਂਗ ਹੋਣਾ ਚਾਹੀਏ। ੨. (ਅਜਿਹਾ ਸਿੱਖ ਹੀ) ਗੁਰੂ ਦੇ ਹੁਕਮ (ਰੂਪੀ ਗੋਰ) ਵਿਚ ਸਮਾਵੇਗਾ

ਤੇ (ਗੁਰੂ) ਸ਼ਬਦਾਂ ਨੂੰ ਸੁਰਤਿ (ਧਿਆਨ) ਵਿਚ ਲਿਜਾ ਕੇ, ਲਿਵਲੀਣ ਹੋਏਗਾ, (ਕਿਉਂਕਿ) ਉਸ ਨੇ ਆਪਾ ਮਾਰ ਲਿਆ ਹੁੰਦਾ ਹੈ। ੩. ਅਤੇ ੪. ਸਰੀਰ ਨੂੰ ਧਰਤੀ ਵਾਂਗ ਬਣਾ ਕੇ, ਉਸ ਉੱਤੇ ਧਰਮਸਾਲ ਬਣਾਵੇ, ਜਿਸ ਵਿਚ ਮਨ ਦੀ ਕੂਹੜੀ ਵਿਛਾਵੇ। (ਭਾਵ ਮਨ ਨੂੰ ਮਾਰ ਕੇ, ਆਪਣੇ ਹੇਠਾਂ ਰੱਖ ਕੇ, ਉੱਤੇ ਬੈਠ ਕੇ ਫਿਰ ਉਸ ਨੂੰ) ਪੈਰਾਂ ਹੇਠ ਲਿਤਾੜੇ (ਬਿਲਕੁਲ ਆਪਣੇ ਵਸ ਵਿਚ ਕਰਕੇ ਇਉਂ) ਗੁਰੂ ਸ਼ਬਦ ਦੀ ਕਮਾਈ (ਭਾਵ ਸਿਮਰਨ) ਕਰੇ। ੫. ਨਿਮ੍ਰਤਾ ਧਾਰਨ ਕਰਕੇ ਪ੍ਰੇਮਾ-ਭਗਤੀ ਕਰੇ, (ਤੇ ਮਨ ਨੂੰ) ਗੁਰਮੱਤ (ਗੁਰੂ ਦੀ ਸਿੱਖਿਆ ਵਿਚ ਟਿਕਾ ਦੇਵੇ)। ੬. (ਫਿਰ ਐਸਾ ਗੁਰਮੁਖ ਗੁਰਸਿੱਖ) ਇੱਕ ਰਸ (ਨਿਝਰ ਧਾਰਾ ਵਾਂਗ) ਵਰਸੇਗਾ, ਤੇ ਚਲ ਕੇ ਆਈ ਸੰਗਤ ਉਸ ਤੋਂ ਵਰੋਸਾਏਗੀ (ਭਾਵ ਉਸ ਤੋਂ ਪ੍ਰਭੂ-ਸਿਮਰਨ ਦੀ ਦਾਤ ਪ੍ਰਾਪਤ ਕਰੇਗੀ)॥ ੨੨ ॥ ੯ ॥

ਵਾਰ ੧੦

ੴ ਸਤਿਗੁਰ ਪ੍ਰਸਾਦਿ॥

੧. ਧ੍ਰੂ ਭਗਤ ਜੀ ਦੀ ਸਾਖੀ

੧. ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ।
੨. ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸੁ ਮਤ੍ਰੇਈ ਕੀਤਾ।
੩. ਡੁਡਹੁਲਿਕਾ ਮਾਂ ਪੁਛੈ ਤੂੰ ਸਾਂਵਾਣੀ ਹੈ ਕਿ ਸੁਰੀਤਾ?
੪. ਸਾਵਾਣੀ ਹਾਂ ਜਨਮ ਦੀ, ਨਾਮੁ ਨ ਭਗਤੀ ਕਰਮਿ ਦ੍ਰਿੜ੍ਹੀਤਾ।
੫. ਕਿਸੁ ਉਦਮ ਤੇ ਰਾਜੁ ਮਿਲੈ ਸਤ੍ਰੂ ਤੇ ਸਭਿ ਹੋਵਨਿ ਮੀਤਾ?
੬. ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।
੭. ਬਾਹਰਿ ਚਲਿਆ ਕਰਣਿ ਤਪੁ ਮਨ ਬੈਰਾਗੀ ਹੋਇ ਅਤੀਤਾ।
੮. ਨਾਰਦ ਮੁਨਿ ਉਪਦੇਸਿਆ ਨਾਉ ਨਿਧਾਨੁ ਅਮਿਓ ਰਸੁ ਪੀਤਾ।
੯. ਪਿਛਹੁ ਰਾਜੇ ਸਦਿਆ ਅਬਿਚਲੁ ਰਾਜੁ ਕਰਹੁ ਨਿਤ ਨੀਤਾ।
੧੦. ਹਾਰਿ ਚਲੇ ਗੁਰਮੁਖਿ ਜਗ ਜੀਤਾ॥ ੧ ॥

ਪਦ ਅਰਥ - ਕੁਛੜਿ=ਗੋਦੀ। ਰੋਸੁ=ਕ੍ਰੋਧ। ਡੁਡਹੁਲਿਕਾ=ਮਾਰ ਖਾ ਕੇ ਰੋਂਦੇ ਬੱਚੇ ਨੂੰ ਜਦੋਂ ਮਾਂ ਚੁੱਪ ਕਰਾਵੇ, ਉਸ ਹਾਲਤ ਦਾ ਸੂਚਕ। ਸੁਰੀਤਾ=ਗੋਲੀ, ਨੌਕਰਾਣੀ। ਸਾਵਾਣੀ ਹਾਂ ਜਨਮ ਦੀ=ਰਾਜੇ ਦੇ ਘਰ ਜਨਮੀ, ਰਾਣੀ।

ਅਰਥ - ੧. (ਪੰਜ ਸਾਲਾਂ ਦਾ, ਬਾਲਾਂ ਨਾਲ ਹੱਸਦਾ ਤੇ ਖੇਡਦਾ) ਧ੍ਰੂ ਘਰ ਆਇਆ, ਤਾਂ ਪਿਤਾ (ਰਾਜਾ ਉਤਾਨਪਾਦ) ਨੇ ਪਿਆਰ ਨਾਲ ਗੋਦੀ ਵਿਚ ਬਿਠਾ ਲਿਆ, (ਧ੍ਰੂ ਮਹਲਾਂ ਤੋਂ ਬਾਹਰ ਝੌਂਪੜੀ ਵਿਚ ਰਹਿੰਦਾ ਸੀ। ਰਾਜੇ ਦੀ ਨਵੀਂ ਵਿਆਹੀ ਰਾਣੀ ਨੇ ਰਾਜੇ ਨੂੰ ਵਸ ਵਿਚ ਕਰਕੇ, ਧ੍ਰੂ ਦੀ ਮਾਤਾ ਨੂੰ ਘਰੋਂ ਬਾਹਰ ਕਰ ਦਿੱਤਾ ਸੀ। ਧ੍ਰੂ ਇਸ ਗੱਲੋਂ ਅਨਜਾਣ ਸੀ। ਪਰ ਇੱਕ ਵੇਰਾਂ ਬਾਲਕਾਂ ਨਾਲ ਖੇਡਦਾ ਖੇਡਦਾ ਮਹੱਲਾਂ ਵਿਚ ਆ ਗਿਆ। ਉਹ ਸਿਰਫ ਏਨਾ ਹੀ ਜਾਣਦਾ ਸੀ ਮੈਂ ਵੀ ਇਸ ਮਹੱਲ ਵਾਲੇ ਰਾਜੇ ਦਾ ਪੁੱਤਰ ਹਾਂ)। ੨. ਮਤਰੇਈ ਮਾਂ ਨੇ ਧ੍ਰੂ ਨੂੰ ਪਿਤਾ ਦੀ ਗੋਦ ਵਿਚ ਵੇਖਿਆ ਤਾਂ ਗੁੱਸੇ ਵਿਚ ਭੜਕ ਉੱਠੀ। ਬਾਹੋਂ ਫੜ ਕੇ ਧ੍ਰੂ ਨੂੰ ਪਿਤਾ ਦੀ ਗੋਦ ਵਿਚੋਂ ਉਠਾ ਦਿੱਤਾ ਤੇ ਕਿਹਾ, ਜੇ ਇਸ ਪਿਤਾ ਦੀ ਗੋਦ ਵਿਚ ਬੈਠਣਾ ਸੀ ਤਾਂ ਮੇਰੇ ਪੇਟੋਂ ਜੰਮਣਾ ਸੀ। ਕੁਝ ਹੋਰ ਝਿੜਕ-ਝੰਬ ਕੀਤੀ। ਪਿਤਾ ਨੇ ਮਤਰੇਈ ਮਾਂ ਨੂੰ ਵਰਜਿਆ, ਰੋਕਿਆ ਨਹੀਂ, ਕਿਉਂਕਿ ਉਹ ਮਤਰੇਈ ਦੇ ਪਿਆਰ ਵਿਚ ਫਸ ਕੇ ਬੇਵਸ ਹੋ ਚੁੱਕਾ ਸੀ। ੩. ਧ੍ਰੂ ਰੋਂਦਾ ਤੇ ਹੈਰਾਨ ਜਿਹਾ ਹੋਇਆ ਆਪਣੀ ਮਾਂ ਸੁਨੀਤੀ ਕੋਲ ਪੁਜਾ ਤੇ ਕਿਹਾ, "ਮਾਂ, ਤੂੰ ਰਾਣੀ ਹੈਂ ਕਿ ਗੋਲੀ?" ੪. ਮਾਂ ਨੇ ਕਿਹਾ, 'ਰਾਣੀ ਤਾਂ ਮੈਂ ਜਨਮ ਦੀ ਹੀ ਹਾਂ, ਰਾਣੀ ਦੇ ਪੇਟੋਂ ਪੈਦਾ ਹੋਈ ਤੇ ਰਾਜੇ ਨਾਲ ਹੀ ਵਿਆਹੀ ਹਾਂ, (ਪਰ ਮੇਰੀ ਕਿਸਮਤ ਹੈ ਕਿ) ਮੈਂ ਪ੍ਰਭੂ ਦਾ ਨਾਮ ਨਹੀਂ ਜਪਿਆ ਤੇ ਕੋਈ ਭਗਤੀ ਵਾਲਾ ਕਰਮ ਵੀ ਨਹੀਂ ਕੀਤਾ, ੫. ਧ੍ਰੂ ਨੇ ਕਿਹਾ, 'ਮਾਂ ਇਹ ਦੱਸ ਕਿ ਰਾਜ ਕਿਸ ਉਦਮ ਨਾਲ ਮਿਲੇ, ਤੇ ਵੈਰੀ ਮਿੱਤਰ ਕਿਵੇਂ ਬਣ ਸਕਦੇ ਹਨ ?' ੬. ਮਾਂ ਨੇ ਕਿਹਾ, 'ਪਰਮੇਸ਼ਰ ਦਾ ਸਿਮਰਨ ਹੀ ਇੱਕ ਅਜੇਹੀ ਵਸਤੂ ਹੈ, ਜਿਸ ਨਾਲ ਪਤਿਤ (ਪਾਪੀ ਪੁਰਸ਼) ਵੀ ਪਵਿੱਤਰ ਹੋ ਜਾਂਦੇ ਹਨ।' ੭. ਇਹ ਸੁਣ ਧ੍ਰੂ ਤਪ ਕਰਨ ਲਈ ਬਾਹਰ (ਜੰਗਲਾਂ ਵਿਚ) ਤੁਰ ਪਿਆ, ਮਨ ਵਿਚ ਵੈਰਾਗ ਤੇ ਤਿਆਗ ਦਾ ਤੂਫਾਨ ਉੱਠ ਖੜਾ ਹੋਇਆ। ੮. ਅੱਗੋਂ ਨਾਰਦ ਮੁਨੀ ਨੇ ਜੰਗਲਾਂ ਵੱਲ ਜਾਣ ਤੋਂ ਰੋਕਿਆ, ਪਰ ਜਦ ਵੇਖਿਆ ਕਿ ਇਹ ਬਾਲਕ ਰੋਕਿਆਂ ਵੀ ਨਹੀਂ ਰੁਕੇਗਾ, ਤਾਂ ਉਸ ਨੇ ਵੀ ਭਗਤੀ ਦੀ ਮਹਿਮਾ ਕੀਤੀ ਤੇ ਕਿਹਾ, 'ਪ੍ਰਭੂ ਸਰਬ ਸ਼ਕਤੀਮਾਨ ਹੈ, ਤੇ ਇੱਕ ਮਨ ਹੋ ਕੇ ਕੀਤੇ ਸਿਮਰਨ ਨਾਲ ਪ੍ਰਤੱਖ ਹੋ ਜਾਂਦਾ ਹੈ। ਓਹੀ ਗੱਲ ਹੋਈ। ਧ੍ਰੂ ਜੀ ਨੂੰ ਛੇਤੀ ਹੀ ਨਾਮ-ਸਿਮਰਨ ਦੇ ਅਕਥ-ਮਈ ਰਸ ਦਾ ਸੁਆਦ ਲੱਭ ਗਿਆ। ਧ੍ਰੂ ਜੀ ਨਿਰਇੱਛਤ ਹੋ ਗਏ, ਪਰ ਪ੍ਰਭੂ ਨੇ ਪ੍ਰਤੱਖ ਹੋ ਕੇ ਕਿਹਾ, 'ਜਿਸ ਭਾਵਨਾ (ਭਾਵ ਰਾਜ ਪ੍ਰਾਪਤ ਕਰਨ ਦੀ ਇੱਛਾ) ਨਾਲ ਭਗਤੀ ਸ਼ੁਰੂ ਕੀਤੀ ਸੀ, ਪਹਿਲੇ ਉਸ ਨੂੰ ਕਰੋ, ਫਿਰ ਅਮਰ-ਪਦਵੀ ਦੇ ਮਾਲਕ ਬਣ ਜਾਣਾ।' ੯. ਸੋ ਧ੍ਰੂ ਜੀ ਨੇ ਪਿਤਾ ਦੇ ਸੱਦੇ 'ਤੇ ਰਾਜ-ਭਾਗ ਨੂੰ ਸੰਭਾਲ ਲਿਆ। (ਕਹਿੰਦੇ ਹਨ, ਧ੍ਰੂ ਜੀ ਨੇ ੩੦ ਹਜ਼ਾਰ ਸਾਲ ਰਾਜ ਕੀਤਾ। ਇਹ ਸਤਿਜੁਗ ਦਾ ਸਮਾਂ ਸੀ। ਹੁਣ ਗਗਨ ਵਿਚ ਧ੍ਰੂ ਦਾ ਤਾਰਾ ਅਟੱਲ ਹੈ)। ੧੦. ਇਉਂ ਗੁਰਮੁਖ ਹਾਰ ਕੇ ਜੱਗ ਨੂੰ ਜਿੱਤਦੇ ਹਨ॥ ੧॥

੨. ਭਗਤ ਪ੍ਰਹਿਲਾਦ ਜੀ ਦੀ ਸਾਖੀ

੧. ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।
੨. ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦੁ।
੩. ਸਿਮਰੈ ਮਨ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦੁ ਨਾਦੁ।
੪. ਭਗਤਿ ਕਰਨਿ ਸਭ ਚਾਟੜੇ ਪਾਂਧੇ ਹੋਇ ਰਹੇ ਵਿਸਮਾਦੁ।

੫. ਰਾਜੇ ਪਾਸਿ ਰੂਆਇਆ ਦੋਖੀ ਦੈਤਿ ਵਧਾਇਆ ਵਾਦੁ।
੬. ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।
੭. ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ।
੮. ਥੰਮੁ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ।
੯. ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ।
੧੦. ਜੈ ਜੈ ਕਾਰ ਕਰਨਿ ਬ੍ਰਹਮਾਦਿ॥੨॥

ਪਦ ਅਰਥ - ਅਹਿਲਾਦੁ=ਪ੍ਰਸੰਨ ਚਿੱਤ। ਵਿਸਮਾਦੁ=ਹੱਕੇ ਬੱਕੇ, ਹੈਰਾਨ। ਰੂਆਇਆ=ਰੋ ਰੋ ਕੇ ਸ਼ਿਕਾਇਤ ਕੀਤੀ।

ਅਰਥ - ੧. ਹਰਨਾਖਸ਼ ਦੈਂਤ (ਪ੍ਰਭੂ ਦੇ ਉਲਟ ਹੋ ਕੇ, ਨ ਅੱਗ, ਨਾ ਪਾਣੀ, ਨਾ ਸ਼ਸਤਰ, ਨਾ ਹੀ ਦਿਨੇ ਨ ਰਾਤ, ਨਾ ਜ਼ਮੀਨ ਤੇ ਨਾ ਅਸਮਾਨ, ਭਾਵ ਉਹ ਕਿਸੇ ਤਰ੍ਹਾਂ ਵੀ ਮਰੇਗਾ ਨਹੀਂ, ਇਹ ਉਸ ਨੇ ਸੈਂਕੜੇ ਸਾਲਾਂ ਦੇ ਘੋਰ ਤਪ ਮਗਰੋਂ ਵਰ ਪ੍ਰਾਪਤ ਕਰ ਲਏ। ਉਸ ਨੇ ਸਮਝ ਲਿਆ ਕਿ ਬਸ ਮੈਂ ਅਮਰ (ਮੌਤ ਰਹਿਤ) ਹੋ ਗਿਆ ਹਾਂ, ਇਸ ਲਈ ਪਰਮੇਸ਼ਰ ਮੈਂ ਹੀ ਹਾਂ, ਇਹ ਖਿਆਲ ਉਸਦੇ ਦਿਮਾਗ ਵਿਚ ਘਰ ਕਰ ਗਿਆ। ਉਸਨੇ ਦੁਨੀਆਂ ਤੋਂ ਆਪਣੇ ਤੇਜ ਤੇ ਬਲ ਨਾਲ ਆਪਣਾ ਨਾਉ ਜਪਾਉਣਾ ਸ਼ੁਰੂ ਕਰ ਦਿੱਤਾ। ਸਕੂਲਾਂ ਵਿਚ 'ਜਲੇ ਹਰਨਾਖਸ਼, ਥਲੇ ਹਰਨਾਖਸ਼' ਦੀ ਪੜ੍ਹਾਈ ਸ਼ੁਰੂ ਕੀਤੀ। ਪਰ ਸਰਬ ਸ਼ਕਤੀਮਾਨ ਪ੍ਰਭੂ ਨੇ ਇਸੇ (ਹਰਨਾਖਸ਼) ਦੇ ਘਰ, ਜੋ ਕੱਲਰ ਦੀ ਮਾਰੀ ਜ਼ਮੀਨ ਵਾਂਗ ਸੀ (ਭਾਵ ਬੇਮੁਖ ਸੀ) ਪੁੱਤਰ, ਭਗਤ ਪ੍ਰਹਿਲਾਦ ਪੈਦਾ ਕਰ ਦਿੱਤਾ। ੨. ਪ੍ਰਹਿਲਾਦ ੮-੧੦ ਸਾਲ ਦਾ ਹੋਇਆ ਤਾਂ ਉਸਨੂੰ ਸਕੂਲ ਵਿਚ ਪੜ੍ਹਨ ਲਈ ਭੇਜ ਦਿੱਤਾ। (ਪਰ ਇਸ ਤੋਂ ਪਹਿਲੇ ਹੀ ਪ੍ਰਹਿਲਾਦ, ਬਿੱਲੀ ਦੇ ਬੱਚੇ ਬਲਦੀ ਅੱਗ ਵਿਚੋਂ, (ਪ੍ਰਭੂ ਅੱਗੇ ਅਰਦਾਸ ਕਰਨ ਪਿੱਛੋਂ) ਬਚੇ ਹੋਏ ਅੱਖੀ ਦੇਖ ਚੁੱਕਾ ਸੀ ਇਸ ਲਈ ਉਸਦੇ ਮਨ ਵਿਚ ਦ੍ਰਿੜ੍ਹ ਹੋ ਚੁੱਕਾ ਸੀ ਕਿ ਮੇਰਾ ਪਿਤਾ ਰਾਮ, ਜਾਂ ਪ੍ਰਭੂ ਨਹੀਂ ਹੈ, ਇਹ ਤਾਂ ਮਨੁੱਖ ਹੈ, ਆਮ ਮਨੁਖਾਂ ਵਰਗਾ, ਇਸ ਲਈ ਇਸ ਨੂੰ ਪਰਮੇਸ਼ਰ ਕਹਿਣਾ ਪਾਪ ਹੈ)। ਪ੍ਰਹਿਲਾਦ ਨੂੰ ਵੇਖ ਕੇ ਪਾਂਧਿਆਂ ਦਾ ਮਨ ਪ੍ਰਸੰਨ ਹੋਇਆ (ਕਿ ਸਾਡੇ ਪਾਸ, ਸਾਡੇ ਬਲਵਾਨ ਰਾਜੇ ਦਾ ਪੁੱਤਰ ਪੜ੍ਹਨ ਲਈ ਆਇਆ ਹੈ। ੩. ਪ੍ਰਹਿਲਾਦ ਮਨ ਵਿਚ ਵੀ ਰਾਮ ਦਾ ਨਾਮ ਸਿਮਰਦਾ, ਤੇ ਉਚੀ ਧੁਨ ਨਾਲ ਵੀ, 'ਰਾਮ' ਸ਼ਬਦ ਹੀ ਬੋਲਦਾ। ੪. ਉਸ ਨੂੰ ਰਾਮ ਦੇ ਸਿਮਰਨ ਵਿਚ ਮਸਤ ਹੋਇਆ ਵੇਖ ਕੇ ਬਾਕੀ ਵਿਦਿਆਰਥੀ ਬੱਚੇ ਵੀ ਉਸਦੇ ਪਿੱਛੇ ਲੱਗ ਗਏ। ਇਹ ਵੇਖ ਪਾਂਧੇ (ਸੰਡਾ ਤੇ ਮਰਕਾ) ਹੈਰਾਨ ਹੋ ਗਏ (ਕਿ ਪ੍ਰਹਿਲਾਦ ਕੀ ਕਰ ਰਿਹਾ ਹੈ ? ਇਸ ਨੂੰ ਆਪਣੇ ਬਲਵਾਨ ਪਿਤਾ ਦੀ ਤਾਕਤ ਦਾ ਪਤਾ ਨਹੀਂ)। ੫. ਦੋਹਾਂ ਪਾਂਧਿਆਂ ਨੇ ਰਾਜੇ ਪਾਸ ਜਾ ਕੇ ਪ੍ਰਹਿਲਾਦ ਦੀ ਹਾਲਤ, ਰੋ ਰੋ ਕੇ ਦੱਸੀ, ਤੇ ਆਪਣੀ ਲਾਚਾਰੀ ਦੱਸੀ (ਕਿ ਸਾਡੀ ਉਹ ਨਹੀਂ ਮੰਨਦਾ, ਅਸੀਂ ਸਮਝਾ ਸਮਝਾ ਥੱਕ ਗਏ ਹਾਂ)। ਦੁੱਖਦਾਈ ਦੈਂਤ ਨੇ ਇਹ ਸੁਣ ਕੇ (ਕਿ ਮੇਰਾ ਪੁੱਤਰ ਹੀ ਮੇਰੀ ਨਹੀਂ ਮੰਨਦਾ, ਤਾਂ ਹੋਰ ਕੌਣ ਮੰਨੇਗਾ?) ਝਗੜਾ, ਵਧਾ ਦਿੱਤਾ। ੬. (ਪ੍ਰਹਿਲਾਦ ਨੂੰ ਆਪਣੀ ਗੱਲ ਮੰਨਵਾਉਣ ਲਈ ਉਸ ਉਤੇ ਭਾਰੀ ਸਖਤੀ ਕੀਤੀ, ਸਜ਼ਾਵਾਂ ਦੇਣ ਲੱਗਾ)। ਸਮੁੰਦਰ ਦੇ ਅਥਾਹ ਡੂੰਘ ਵਿਚ ਸੁਟਵਾਇਆ, ਅੱਗ ਵਿਚ ਹੋਲਕਾ ਨਾਲ ਬਿਠਾਇਆ, ਪਰ ਪ੍ਰਹਿਲਾਦ ਗੁਰੂ ਦੀ ਕਿਰਪਾ ਨਾਲ ਨਾ ਡੁੱਬਾ, ਨਾ ਸੜਿਆ। ੭. (ਫੇਰ ਲੋਹੇ ਦਾ ਥੰਮ੍ਹਾ ਗਰਮ ਕੀਤਾ) ਤਾਂ ਤਲਵਾਰ ਕੱਢ ਕੇ ਕਹਿਣ ਲੱਗਾ,

'ਦੱਸ ਮੈਨੂੰ, ਤੇਰਾ ਉਸਤਾਦ ਕੌਣ ਹੈ ?' ੮. ਇਹ ਕਹਿਣ ਦੀ ਦੇਰ ਸੀ ਕਿ ਲੋਹੇ ਦਾ ਗਰਮ ਕੀਤਾ ਥੰਮ੍ਹ ਪਾਟ ਗਿਆ ਤੇ ਉਸ ਵਿਚੋਂ ਨਰਸਿੰਘ (ਲੱਕੋਂ ਉਪਰ ਸ਼ੇਰ, ਤੇ ਥੱਲੇ ਆਦਮੀ ਦਾ ਸਰੀਰ ਸੀ) ਪ੍ਰਗਟ ਹੋਇਆ, ਜਿਸ ਨੇ ਭਾਰੀ ਆਵਾਜ਼ ਦਿੱਤੀ। ੯. ਹਰਨਾਖਸ਼ ਨੂੰ ਪੱਟਾਂ 'ਤੇ ਰੱਖ ਚੀਰ ਫਾੜ ਦਿੱਤਾ। ਬੇਮੁਖ ਨੂੰ ਪਛਾੜਿਆ ਤੇ ਸੰਤ ਦੀ ਸਹਾਇਤਾ (ਜੋ ਆਦਿ ਜੁਗਾਦਿ ਤੋਂ ਕਰਦਾ ਆਇਆ ਹੈ) ਕੀਤੀ। ੧੦. ਖੰਡਾਂ ਬ੍ਰਹਿਮੰਡਾਂ ਵਿਚ ਪ੍ਰਭੂ ਦੀ ਜੈ ਜੈਕਾਰ ਹੋਈ॥ ੨॥

੩. ਰਾਜੇ ਬਲ ਦੀ ਵਾਰਤਾ

੧. ਬਲਿ ਰਾਜਾ ਘਰਿ ਆਪਣੈ ਅੰਦਰਿ ਬੈਠਾ ਜਗਿ ਕਰਾਵੈ।
੨. ਬਾਵਨ ਰੂਪੀ ਆਇਆ ਚਾਰਿ ਵੇਦ ਮੁਖਿ ਪਾਠ ਸੁਣਾਵੈ।
੩. ਰਾਜੇ ਅੰਦਰਿ ਸਦਿਆ ਮੰਗੁ ਸੁਆਮੀ ਜੋ ਤੁਧੁ ਭਾਵੈ।
੪. ਅਛਲੁ ਛਲਣਿ ਤੁਧੁ ਆਇਆ ਸੁਕ੍ਰ ਪੁਰੋਹਿਤੁ ਕਹਿ ਸਮਝਾਵੈ।
੫. ਕਰੌ ਅਢਾਈ ਧਰਤਿ ਮੰਗਿ ਪਿਛਹੁ ਦੇ ਤ੍ਰਿਹੁ ਲੋਅ ਨ ਮਾਵੈ।
੬. ਦੁਇ ਕਰਵਾਂ ਕਰਿ ਤਿੰਨ ਲੋਅ ਬਲਿ ਰਾਜਾ ਲੈ ਮਗਰੁ ਮਿਣਾਵੈ।
੭. ਬਲਿਛਲਿ ਆਪੁ ਛਲਾਇਅਨੁ ਹੋਇ ਦਇਆਲੁ ਮਿਲੈ ਗਲਿ ਲਾਵੈ।
੮. ਦਿਤਾ ਰਾਜੁ ਪਤਾਲ ਦਾ ਹੋਇ ਅਧੀਨੁ ਭਗਤਿ ਜਸੁ ਗਾਵੈ।
੯. ਹੋਇ ਦਰਵਾਨ ਮਹਾਂ ਸੁਖੁ ਪਾਵੈ॥ ੩॥

ਪਦ ਅਰਥ - ਮੁਖਿ ਪਾਠ=ਮੂੰਹ ਜ਼ਬਾਨੀ। ਸੁਕ੍ਰ ਪੁਰੋਹਿਤੁ=ਬਲ ਰਾਜੇ ਦਾ ਗੁਰੂ। ਕਰੌ=ਉਲਾਂਘਾਂ। ਨ ਮਾਵੈ=ਨ ਸਮਿਟਣਾ, ਪੂਰਾ ਨਾ ਆਉਣਾ। ਮਗਰੁ=ਪਿਛਲਾ ਪਿੱਠ ਵਾਲਾ ਪਾਸਾ, ਲੰਮਾ ਪੈ ਕੇ।

ਅਰਥ - ੧. ਰਾਜਾ ਬਲ (ਇਹ ਪ੍ਰਹਿਲਾਦ ਦਾ ਪੋਤਰਾ ਸੀ) ਆਪਣੇ ਘਰ ਵਿਚ ਬੈਠ ਕੇ ਜੱਗ ਕਰਵਾ ਰਿਹਾ ਸੀ। (ਇਸ ਨੇ ਸੁਣਿਆ ਸੀ ਕਿ ੧੦੦ ਯੱਗ ਕਰਨ ਪਿੱਛੋਂ ਸੁਰਗਾ ਪੁਰੀ ਦਾ ਰਾਜ ਇੰਦਰ ਨੂੰ ਛੱਡਣਾ ਪੈਂਦਾ ਹੈ ਤੇ ਯੱਗ ਕਰਨ ਵਾਲੇ ਨੂੰ ਮਿਲ ਜਾਂਦਾ ਹੈ। ਪੁਰਾਣਾਂ ਵਿਚ ਲਿਖੀ ਕਥਾ ਅਨੁਸਾਰ ਇਹ ੯੯ ਯੱਗ ਕਰ ਚੁੱਕਾ ਸੀ ਤੇ ੧੦੦ਵਾਂ ਕਰ ਰਿਹਾ ਸੀ। ਇੰਦਰ ਨੇ ਵਿਸ਼ਨੂੰ ਜੀ ਪਾਸ ਜਾ ਕੇ ਪੁਕਾਰ ਕੀਤੀ ਕਿ ਮੇਰੀ ਰੱਖਿਆ ਕਰੋ, ਮੈਨੂੰ ਬਚਾਓ ਤਾਂ ੨. (ਵਿਸ਼ਨੂੰ ਜੀ) ਵਾਉਣਾ (ਮਧਰਾ ਕੱਦ) ਬਣਾ ਕੇ, ਬਲ ਦੇ ਬੂਹੇ ਆ ਗਏ। ਉਹ ਚਾਰੇ ਵੇਦਾਂ ਦਾ ਪਾਠ ਮੂੰਹ-ਜ਼ਬਾਨੀ ਹੀ ਕਰੀ ਜਾ ਰਹੇ ਸਨ। (ਬਲ ਨੂੰ ਖ਼ੁਸ਼ੀ ਤੇ ਹੰਕਾਰ ਸੀ ਕਿ ਅੱਜ ਤਕ ੧੦੦ ਯੱਗ ਕਿਸੇ ਦਾ ਵੀ ਪੂਰਾ ਨਹੀਂ ਹੋਇਆ, ਪਰ ਮੇਰਾ ਪੂਰਾ ਹੋ ਚਲਿਆ ਹੈ ਤੇ ਮੈਂ ਇਹ ਯੱਗ ਪੂਰਾ ਹੁੰਦੇ ਹੀ ਸੁਰਗਾ ਪੁਰੀ ਦਾ ਮਾਲਕ ਬਣ ਜਾਵਾਂਗਾ। ਉਹ ਮੂੰਹ-ਮੰਗੇ ਦਾਨ-ਪੁੰਨ ਕਰੀ ਜਾ ਰਿਹਾ ਸੀ, ਰਾਣੀਆਂ, ਪੁੱਤਰ, ਧੀਆਂ ਤੇ ਰਾਜ ਤਕ ਦਾਨ ਕਰ ਦੇਣ ਦੀ ਭਾਵਨਾ ਰੱਖਦਾ ਸੀ। ੩. ਜਦ ਉਸ ਨੇ) ਬਾਵਨ ਦਾ ਆਉਣਾ ਸੁਣਿਆ, ਤਾਂ ਉਸੇ ਵੇਲੇ ਅੰਦਰ ਬੁਲਾ ਕੇ ਕਿਹਾ-'ਸੁਆਮੀ ਜੀ!

ਮੰਗ ਲਵੋ, ਜੋ ਵੀ ਤੁਹਾਡੇ ਮਨ ਦੀ ਇੱਛਾ ਹੈ। ੪. ਸੁਕ੍ਰ ਪਰੋਹਿਤ ਬਲ ਦਾ ਗੁਰੂ ਸੀ, ਉਸਨੇ ਰੋਕਿਆ ਕਿ ਇਹ ਤਾਂ ਅਛਲ (ਨਾ ਛਲੇ ਜਾਣ ਵਾਲਾ, ਭਾਵ ਪ੍ਰਭੂ) ਤੈਨੂੰ ਛਲਣ ਲਈ ਆਇਆ ਹੈ, (ਇਸ ਲਈ ਸੰਭਲ ਕੇ ਬੋਲੋ, ਪਰ ਬਲ ਦੇ ਸਿਰ 'ਤੇ ਯੱਗਾਂ ਦੀ ਸੰਪੂਰਨਤਾ ਦਾ ਭੂਤ ਅਸਵਾਰ ਸੀ। ਉਸ ਨੇ ਸੁਣੀ ਨੂੰ ਅਣਸੁਣੀ ਕਰਕੇ ਫਿਰ ਆਪਣੀ ਗੱਲ ਨੂੰ ਦੁਹਰਾਇਆ, ੫. ਤਾਂ ਬਾਵਨ ਨੇ ਕੇਵਲ) ਢਾਈ ਕਦਮਾਂ ਜ਼ਮੀਨ ਦੀ ਮੰਗ ਕੀਤੀ ਕਿ ਕੁਟੀਆ ਵਾਸਤੇ ਉਸ ਨੂੰ ਏਨੀ ਹੀ ਲੋੜ ਹੈ। ਪਰ ਬਲ ਦੇ 'ਹਾਂ' ਕਰਨ ਦੀ ਦੇਰ ਸੀ ਕਿ ਬਾਵਨ ਰੂਪੀ ਬ੍ਰਾਹਮਣ ਦਾ ਸਿਰ ਉੱਚਾ ਹੋ ਕੇ ਆਕਾਸ਼ ਨੂੰ ਜਾ ਲੱਗਾ। ੬. ਉਸ ਨੇ ਦੋ ਕਦਮਾਂ ਵਿਚ ਹੀ ਸਾਰੀ ਧਰਤੀ ਤੇ ਤਿੰਨੇ ਲੋਕ ਮਿਣ ਲਏ ਤੇ ਬਾਕੀ ਅਧੇ ਕਦਮ ਦੀ ਹੋਰ ਮੰਗ ਕੀਤੀ। ਬਲ ਨੂੰ ਯੱਗ ਦੇ ਪੂਰਾ ਨਾ ਹੋਣ ਦਾ ਫਿਕਰ ਸੀ, ਪਰ ਏਥੇ ਗੱਲ ਹੀ ਹੋਰ ਬਣ ਗਈ। ਬਾਕੀ ਅੱਧੇ ਕਦਮ ਲਈ ਬਲ ਨੇ ਆਪਣਾ ਆਪ ਪੇਸ਼ ਕਰ ਦਿੱਤਾ। ਬਾਵਨ ਨੇ ਉਸਦੀ ਪਿੱਠ 'ਤੇ ਪੈਰ ਰੱਖ ਕੇ ਉਸਨੂੰ ਪਾਤਾਲ ਵਿਚ ਧੱਕ ਦਿੱਤਾ। ਬਲ ਦੇ ਸਿਦਕ ਤੇ ਭਗਤੀ ਨੇ ਰੰਗ ਲਾਇਆ। ੭. ਬਲ ਨੂੰ ਛਲ ਕੇ ਭਗਵਾਨ ਨੇ ਪ੍ਰਸੰਨ ਹੋ ਕੇ ਬਲ ਨੂੰ ਗਲ ਨਾਲ ਲਾਇਆ ਤੇ ਕਿਹਾ- 'ਹੁਣ ਤੂੰ ਮੰਗ, ਜੋ ਤੇਰੀ ਇੱਛਾ ਹੈ।' ਬਲ ਨੇ ਕਿਹਾ, 'ਬਸ, ਹਰ ਸਮੇਂ ਮੇਰੇ ਪਾਸ ਰਹੋ।' ਇਹ ਮੰਗ ਕਰ ਦਿੱਤੀ। ੮. ਭਗਵਾਨ ਨੇ ਪ੍ਰਸੰਨ ਹੋ ਕੇ ਬਲ ਨੂੰ ਪਾਤਾਲ ਦਾ ਰਾਜ ਦੇ ਦਿੱਤਾ। ਅਧੀਨ ਹੋ ਕੇ, ਭਗਵਾਨ ਨੇ ਆਪਣੇ ਭਗਤ ਦੀ ਸਿਫਤ ਸਲਾਹ ਕੀਤੀ। ੯. ਆਪਣੇ ਭਗਤ ਦਾ ਦਰਵਾਨ (ਸੰਤਰੀ) ਬਣ ਕੇ ਸੁਖ ਪ੍ਰਾਪਤ ਕੀਤਾ। (ਕਹਿੰਦੇ ਹਨ ਕਿ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਤਿੰਨੇ ਉਸਦੇ ਘਰ ਅੱਗੇ ਚਾਰ ਚਾਰ ਮਹੀਨੇ ਦਰਵਾਨੀ ਕਰਦੇ ਹਨ)॥ ੩ ॥

੪. ਅੰਬਰੀਕ ਭਗਤ

੧. ਅੰਬਰੀਕ ਮੁਹਿ ਵਰਤੁ ਹੈ ਰਾਤਿ ਪਈ ਦੁਰਬਾਸਾ ਆਇਆ।
੨. ਭੀੜਾ ਓਸੁ ਉਪਾਰਣਾ ਓਹੁ ਉਠਿ ਨ੍ਹਾਵਣਿ ਨਦੀ ਸਿਧਾਇਆ।
੩. ਚਰਣੋਦਕੁ ਲੈ ਪੋਖਿਆ ਓਹੁ ਸਰਾਪੁ ਦੇਣ ਨੋ ਧਾਇਆ।
੪. ਚਕ੍ਰ ਸੁਦਰਸਨੁ ਕਾਲ ਰੂਪ ਹੋਇ ਭੀਹਾਵਲੁ ਗਰਬੁ ਗਵਾਇਆ।
੫. ਬਾਮ੍ਹਣੁ ਭੰਨਾ ਜੀਉ ਲੈ ਰਖਿ ਨ ਹੰਘਨਿ ਦੇਵ ਸਬਾਇਆ।
੬. ਇੰਦ੍ਰ ਲੋਕੁ ਸਿਵ ਲੋਕੁ ਤਜਿ ਬ੍ਰਹਮ ਲੋਕੁ ਬੈਕੁੰਠ ਤਜਾਇਆ।
੭. ਦੇਵਤਿਆਂ ਭਗਵਾਨੁ ਸਣੁ ਸਿਖਿ ਦੇਇ ਸਭਨਾਂ ਸਮਝਾਇਆ।
੮. ਆਇ ਪਇਆ ਸਰਣਾਗਤੀ ਮਾਰੀਦਾ ਅੰਬਰੀਕ ਛੁਡਾਇਆ।
੯. ਭਗਤਿ ਵਛਲੁ ਜਗਿ ਬਿਰਦੁ ਸਦਾਇਆ॥ ੪ ॥

ਪਦ ਅਰਥ - ਰਾਤਿ ਪਈ=ਸੰਧਿਆ ਦੇ ਮਗਰੋਂ। ਭੀੜਾ=ਵਰਤ। ਭੀਹਾਵਲੁ=ਭਿਆਨਕ। ਹੰਘਨਿ=ਨਾ ਕਰ ਸਕਣਾ।

ਅਰਥ - ੧. (ਧ੍ਰੂ , ਪ੍ਰਹਿਲਾਦ ਤੇ ਬਲ ਸਤਿਜੁਗ ਦੇ ਭਗਤ ਸਨ, ਪਰ ਅੰਬਰੀਕ ਤ੍ਰੇਤੇ ਜੁੱਗ ਦਾ ਭਗਤ ਸੀ)। ਅੰਬਰੀਕ ਇਕਾਦਸ਼ੀ ਦਾ ਵਰਤ ਰੱਖਦਾ ਸੀ, ਜੋ ਦੁਆਦਸ਼ੀ ਥਿੱਤ ਸ਼ੁਰੂ ਹੋਣ 'ਤੇ ਖੋਲ੍ਹਦਾ ਸੀ। (ਭਾਈ ਗੁਰਦਾਸ ਜੀ ਇਹ ਸਾਖੀਆਂ ਆਪਣੀ ਜਾਂ ਸਿੱਖੀ ਦੀ ਮਨੌਤ ਅਨੁਸਾਰ ਨਹੀਂ, ਸਗੋਂ ਕੇਵਲ ਇਕੋ ਅੰਗ ਭਗਤੀ-ਭਾਵ ਪ੍ਰਗਟਾਉਣ ਤੇ ਗੁਰਸਿੱਖਾਂ ਨੂੰ ਵਾਕਫੀਅਤ ਦੇਣ ਦੇ ਖਿਆਲ ਨਾਲ ਹੀ ਲਿਖ ਰਹੇ ਹਨ, ਇਹ ਸਾਖੀਆਂ ਪੜ੍ਹਨ ਸਮੇਂ ਇਸ ਗੱਲ ਨੂੰ ਧਿਆਨ ਵਿਚ ਰੱਖ ਲੈਣਾ ਚਾਹੀਦਾ ਹੈ। ਇਹਨਾਂ ਭਗਤਾਂ ਦੇ ਨਾਮ ਗੁਰਬਾਣੀ ਵਿਚ ਵੀ ਕੇਵਲ ਇਸੇ ਇਕੋ ਅੰਗ-ਭਗਤੀ ਭਾਵ ਨੂੰ ਸਮਝਾਉਣ ਲਈ ਕਈ ਵੇਰਾਂ ਆਏ ਹਨ)। ਇਕ ਵਾਰੀ ਉਸਨੇ ਵਰਤ ਰੱਖਿਆ ਹੋਇਆ ਸੀ, ਜਿਸ ਦਾ ਸਮਾਂ ਮੁਕਣ ਵਾਲਾ ਸੀ, ਪਰ ਸਮਾਂ ਮੁਕਣ ਤੋਂ ਕੁਝ ਚਿਰ ਪਹਿਲੇ ਦੁਰਬਾਸ਼ਾ ਰਿਖੀ ਆ ਗਿਆ। ਉਸ ਨੂੰ ਪਤਾ ਸੀ ਕਿ ਅੰਬਰੀਕ ਰਾਜੇ ਨੇ ਵਰਤ ਰੱਖਿਆ ਹੋਇਆ ਹੈ, ਤੇ ਦੁਆਦਸ਼ੀ ਥਿੱਤ ਵੀ ਲੱਗਣ ਹੀ ਵਾਲੀ ਹੈ, ਜਦੋਂ ਕਿ ਰਾਜੇ ਨੇ ਵਰਤ ਜ਼ਰੂਰ ਖੋਲ੍ਹਣਾ ਹੈ। ੨. ਉਸ ਨੇ ਕਿਹਾ, 'ਰਾਜੇ ਦਾ ਵਰਤ ਮੈ ਖੁਲ੍ਹਾਵਾਂਗਾ, ਪਰ ਏਨਾ ਕਹਿ ਕੇ ਉਹ ਜਾਣ ਬੁਝ ਕੇ ਨਦੀ 'ਤੇ ਨ੍ਹਾਉਣ ਚਲਾ ਗਿਆ ਕਿ ਜੇ ਮੇਰੇ ਹੱਥੋਂ ਵਰਤ ਨ ਖੁਲ੍ਹਵਾਇਆ, ਤਾਂ ਸਰਾਪ ਦੇਵਾਂਗਾ ਤੇ ਜੇ ਨਾ ਖੋਲ੍ਹੇਗਾ, ਤਾਂ ਤਰੋਦਸ਼ੀ ਕਰਕੇ ਪਾਪੀ ਬਣੇਗਾ। ੩. ਅੰਬਰੀਕ ਨੇ ਠਾਕੁਰਾਂ ਦਾ ਚਰਣਾਮ੍ਰਿਤ ਲੈ ਕੇ ਵਰਤ ਖੋਲ੍ਹ ਲਿਆ। ਦੁਰਬਾਸ਼ਾ ਉਸੇ ਵੇਲੇ ਸਰਾਪ ਦੇਣ ਲਈ ਰਾਜੇ ਵਲ ਉਠ ਦੌੜਿਆ। (ਪੁਰਾਣਕ ਕਥਾਵਾਂ ਵਿਚ ਦੁਰਬਾਸ਼ਾ ਰਿਖੀ ਨੂੰ ਬੜਾ ਤਾਮਸੀ (ਗੁੱਸੇ ਵਾਲਾ) ਲਿਖਿਆ ਹੈ, ਝਟ ਹੀ ਸਰਾਪ ਦੇਣ ਦੀ ਇਸ ਨੂੰ ਆਦਤ ਪਈ ਹੋਈ ਸੀ, ਪਰ ਪਰਮੇਸ਼ਰ ਨੇ ਇਸ ਨੂੰ ਆਦਤ ਤੋਂ ਰੋਕਣ ਲਈ ਚੱਕਰ ਚਲਾ ਦਿੱਤਾ)। ੪. (ਪੁਰਾਣਕ ਕਥਾਵਾਂ ਵਿਚ ਦੁਰਬਾਸ਼ਾ ਰਿਖੀ ਜਦ ਲਿਟਾਂ ਪਟਕ ਕੇ, ਉਨ੍ਹਾਂ ਵਿਚੋਂ ਅਗਨੀ ਕੱਢ, ਰਾਜੇ ਨੂੰ ਸਾੜਨ ਲੱਗਾ, ਤਾਂ ਉਸੇ ਵੇਲੇ ਭਗਵਾਨ ਦਾ) ਸੁਦਰਸ਼ਨ ਚੱਕਰ ਰਾਜੇ ਦੀ ਰਾਖੀ ਲਈ ਆ ਪੁੱਜਾ। (ਉਹ ਅਗਨੀ ਜੋ ਰਾਜੇ ਨੂੰ ਸਾੜਨ ਲੱਗੀ ਸੀ, ਉਹ ਸੁਦਰਸ਼ਨ ਚੱਕਰ ਦੀ ਮੋੜੀ ਹੋਈ, ਰਿਖੀ ਦੇ ਮਗਰ ਲੱਗ ਗਈ)। ਰਿਖੀ ਦਾ ਹੰਕਾਰ ਟੁਟ ਗਿਆ। ੫. ਉਹ ਅੱਗ ਤੋਂ ਬਚਣ ਲਈ ਸ਼ਿਵਜੀ, ਵਿਸ਼ਨੂੰ ਤੇ ਬ੍ਰਹਮਾ, ਵੱਡੇ ਦੇਵਤਿਆਂ ਕੋਲ ਪੁਜਾ, ਪਰ ਕਿਸੇ ਨੇ ਵੀ ਉਸ ਨੂੰ ਬਚਾਣਾ ਨਾ ਮੰਨਿਆ, ਅਸਮਰੱਥਾ ਪ੍ਰਗਟ ਕਰ ਦਿੱਤੀ। ੬. ਇੰਦਰ ਲੋਕ, ਸ਼ਿਵ ਪੁਰੀ ਤੇ ਬ੍ਰਹਮ ਲੋਕ, ਬੈਕੁੰਠ ਤਕ ਗਿਆ। ੭. ਉਸ ਨੂੰ ਦੇਵਤਿਆਂ ਤੇ ਭਗਵਾਨ ਵਿਸ਼ਨੂੰ ਨੇ ਸਮਝਾਇਆ (ਕਿ ਤੂੰ ਰਾਜੇ ਅੰਬਰੀਕ ਕੋਲ ਹੀ ਜਾਹ, ਜੇ ਬਚਣਾ ਹੈ)। ੮. ਸੋ ਦੁਰਬਾਸ਼ਾ ਰਿਖੀ ਅੰਬਰੀਕ ਦੀ ਸ਼ਰਨੀ ਆਣ ਡਿੱਗਾ। ਰਾਜੇ ਨੇ ਅਰਦਾਸ ਕੀਤੀ ਤੇ ਅਗਨੀ ਨਾਲ ਮਾਰੇ ਜਾ ਰਹੇ ਦੁਰਬਾਸ਼ਾ ਰਿਖੀ ਨੂੰ ਮੌਤ ਕੋਲੋਂ ਛੁਡਾ ਲਿਆ। ੯. ਭਗਵਾਨ ਨੇ ਆਪਣੇ ਭਗਤਾਂ ਦੀ ਰਾਖੀ ਕਰਨ (ਭਗਤ ਵਛਲ ਹੋਣ) ਦੇ ਬਿਰਦ ਨੂੰ ਕਾਇਮ ਰੱਖਿਆ ਤੇ ਭਗਤ ਵਛਲ ਸਦਾਇਆ॥ ੪॥

੫. ਰਾਜਾ ਜਨਕ ਦੀ ਸਾਖੀ

੧. ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ।
੨. ਦੇਵ ਲੋਕ ਨੋ ਚਲਿਆ ਗਣ ਗੰਧਰਬੁ ਸਭਾ ਸੁਖਵਾਸੀ।
੩. ਜਮਪੁਰਿ ਗਇਆ ਪੁਕਾਰ ਸੁਣਿ ਵਿਲਲਾਵਨਿ ਜੀਅ ਨਰਕ ਨਿਵਾਸੀ।

੪. ਧਰਮਰਾਇ ਨੋ ਆਖਿਓਨੁ ਸਭਨਾ ਦੀ ਕਰਿ ਬੰਦ ਖਲਾਸੀ।
੫. ਕਰੇ ਬੇਨਤੀ ਧਰਮਰਾਇ ਹਉ ਸੇਵਕੁ ਠਾਕੁਰੁ ਅਬਿਨਾਸੀ।
੬. ਗਹਿਣੇ ਧਰਿਓਨੁ ਇਕੁ ਨਾਉ ਪਾਪਾ ਨਾਲਿ ਕਰੈ ਨਿਰਜਾਸੀ।
੭. ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ।
੮. ਨਰਕਹੁ ਛੁਟੇ ਜੀਅ ਜੰਤ ਕਟੀ ਗਲਹੁੰ ਸਿਲਕ ਜਮ ਫਾਸੀ।
੯. ਮੁਕਤਿ ਜੁਗਤਿ ਨਾਵੈ ਦੀ ਦਾਸੀ॥ ੫॥

ਪਦ ਅਰਥ - ਵਿਲਲਾਵਨਿ=ਰੋਣਾ ਤੇ ਕੁਰਲਾਣਾ। ਨਿਰਜਾਸੀ=ਤੋਲ ਕਰਨਾ, ਨਿਰਣਾ। ਸਿਲਕ=ਨਾ ਟੁੱਟਣ ਵਾਲੇ ਜ਼ੰਜੀਰ। ਦਾਸੀ=ਸੇਵਕ।

ਅਰਥ - ੧. ਜਨਕ ਰਾਜਾ ਵੱਡਾ ਭਗਤ ਹੋਇਆ ਹੈ, ਜੋ ਮਾਇਆ ਵਿਚ ਉਦਾਸ ਰਹਿਣ ਵਾਲਾ (ਸ੍ਰੇਸ਼ਟ) ਗੁਰਮੁਖ ਸੀ। ੨. (ਉਹ) ਦੇਵ ਲੋਕ ਨੂੰ ਚਲਿਆ, (ਉਸ ਦੇ ਨਾਲ) ਸੁਖਾਂ ਨੂੰ ਦੇਣ ਵਾਲੀ, ਗਣਾਂ ਤੇ ਗੰਧਰਬਾਂ ਦੀ ਬਹੁਤ ਵੱਡੀ ਸਭਾ (ਉਨ੍ਹਾਂ ਦੀ ਸ਼ੋਭਾ ਕਰਦੀ) ਜ਼ਾ ਰਹੀ ਸੀ। ੩. ਜਾਂਦਿਆਂ ਨੂੰ, ਰਸਤੇ ਵਿਚ, ਜਮਪੁਰੀ ਵਿਚ ਕੈਦ ਕੀਤੇ ਜੀਵਾਂ ਦੀ ਕੁਰਲਾਹਟ ਉਸਦੇ ਕੰਨੀ ਪਈ। ੪. ਧਰਮ ਰਾਜੇ ਕੋਲ ਜਾ ਕੇ ਰਾਜੇ ਨੇ ਕਿਹਾ, 'ਇਹਨਾਂ ਦੁੱਖੀ ਜੀਵਾਂ ਨੂੰ ਛੱਡ ਦਿਓ, ਇਹਨਾਂ ਦੇ ਬੰਧਨ ਖੋਹਲ ਦਿਓ। ੫. ਧਰਮਰਾਇ (ਇਹ ਸਭ ਕੁਝ ਪਰਮੇਸ਼ਰ ਦੇ ਹੁਕਮ ਨਾਲ ਕਰ ਰਿਹਾ ਸੀ। ਉਹ) ਕਹਿਣ ਲੱਗਾ, 'ਮੈਂ ਤਾਂ ਅਬਿਨਾਸ਼ੀ ਠਾਕੁਰ ਦਾ ਸੇਵਕ ਹਾਂ, (ਸੇਵਕ ਮਾਲਕ ਦੇ ਹੁਕਮ ਦੀ ਉਲੰਘਣਾ ਕਿਵੇਂ ਕਰੇ? ਇਨ੍ਹਾਂ ਨੇ ਨਾਮ ਨਹੀਂ ਜਪਿਆ, ਇਹ ਪਰਮੇਸ਼ਰ ਤੋਂ ਬੇਮੁਖਤਾ ਦੀ ਸਜ਼ਾ ਭੁਗਤ ਰਹੇ ਹਨ। ਹਾਂ, ਪਰਮੇਸ਼ਰ ਦੇ ਭਜਨ-ਸਿਮਰਨ ਦੇ ਇਵਜ਼ ਵਿਚ ਜੇ ਤੁਸੀਂ ਚਾਹੋ, ਤਾਂ ਐਸਾ ਹੋ ਸਕਦਾ ਹੈ)। ੬. ਇਹ ਸੁਣ ਕੇ ਧਰਮੀ ਰਾਜਾ ਜਨਕ ਜੀ, ਜੋ ਸੱਚੇ ਗੁਰਮੁਖ ਸਨ, ਉਨਾਂ ਨੇ ਆਪਣਾ ਭਜਨ ਸਿਮਰਨ ਤੇ ਪ੍ਰਭੂ ਦਾ ਨਾਮ, ਧਰਮਰਾਇ ਕੋਲ ਗਹਿਣੇ ਪਾ ਦਿੱਤਾ। ਧਰਮਰਾਇ ਨੇ ਉਸ, (ਰਾਜਾ ਜਨਕ ਦੇ ਭਜਨ ਸਿਮਰਨ, ਪ੍ਰਭੂ ਦੇ) ਨਾਮ ਨੂੰ ਤੱਕੜ ਵਿਚ ਪਾਇਆ ਤੇ ਕਿਹਾ, 'ਜਿੰਨੇ ਵੀ ਦੁੱਖੀ ਨਰਕੀ ਜੀਵ ਇਸ ਦੇ ਭਾਰ ਦੇ ਬਰਾਬਰ ਹੋਏ, ਮੈਂ ਸਭ ਛੱਡ ਦਿਆਂਗਾ।' ੭. ਪਰ (ਪਰਮੇਸ਼ਰ ਦਾ ਨਾਮ ਵੀ ਤਾਂ ਉਤਨਾ ਹੀ ਵੱਡਾ ਗਹਿਰ ਗੰਭੀਰ ਤੇ ਭਾਰਾ ਸੀ, ਜਿੰਨਾਂ ਕਿ ਅਗਮ ਅਗੋਚਰ ਪ੍ਰਭੂ ਆਪ ਹੈ)। ਨਾਮ ਦੇ ਭਾਰ ਦਾ ਸਭੇ ਨਰਕੀ ਜੀਵ ਪਾਸਕੂ ਵੀ ਨਾ ਬਣੇ, ਨਰਕ ਖਾਲੀ ਹੋ ਗਏ, ਪਰ ਨਾਮ ਵਾਲਾ ਤੱਕੜ ਦਾ ਪਾਸਾ ਭਾਰਾ ਰਿਹਾ। ਗੁਰਮੁਖ ਦਾ ਨਾਮ ਸਿਮਰਨ ਅਤੁਲ ਭਾਰ ਵਾਲਾ ਸੀ, ਜੋ ਤੁਲ ਹੀ ਨਾ ਸਕਿਆ। ੮. ਸਭ ਨਰਕ ਦੇ ਜੀਅ ਜੰਤ ਛੱਡ ਦਿੱਤੇ ਗਏ। ਉਹਨਾਂ ਦੇ ਗਲਾਂ ਵਿਚ ਪਾਈਆਂ ਫਾਹੀਆਂ, ਜੋ ਕਰਮਾਂ ਦੇ ਭੋਗ ਬਿਨਾਂ ਛੁਟਣੀਆਂ ਨਹੀ ਸਨ, ਉਹ ਏਨੀਆਂ ਕਰੜੀਆਂ ਫਾਹੀਆਂ ਗੁਰਮੁਖ ਭਗਤ ਦੇ ਨਾਮ ਸਿਮਰਨ ਬਦਲੇ, ਪਲਾਂ ਵਿਚ ਟੁੱਟ ਗਈਆਂ। ੯. (ਭਾਈ ਗੁਰਦਾਸ ਜੀ ਨਾਮ ਸਿਮਰਨ ਦੀ ਮਹਿਮਾ ਕਰਦੇ ਹੋਏ ਆਖਦੇ ਹਨ ਕਿ—) ਮੁਕਤ ਤੇ ਭੁਗਤ (ਮੋਖਸ਼ ਪਦਵੀ ਤੇ ਮਾਇਆ ਦੇ ਸਭ ਤਰ੍ਹਾਂ ਦੇ ਸੁਖ) ਇਹ ਦੋਵੇਂ ਸ਼ਕਤੀਆਂ (ਪ੍ਰਭੂ ਦੇ) ਨਾਮ ਸਿਮਰਨ ਦੀਆਂ ਦਾਸੀਆਂ ਹਨ (ਜੋ ਨਾਮ ਸਿਮਰਨ ਵਾਲੇ ਭਗਤਾਂ ਦੇ ਅੱਗੇ ਪਿੱਛੇ ਹੱਥ ਜੋੜੀ ਖੜੀਆਂ ਰਹਿੰਦੀਆਂ ਹਨ॥ ੫॥

੬. ਰਾਜਾ ਹਰੀ ਚੰਦ ਤੇ ਤਾਰਾ ਰਾਣੀ ਦੀ ਸਾਖੀ

੧. ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ।
੨. ਸਾਧਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ।
੩. ਪਿਛੈ ਰਾਜਾ ਜਾਗਿਆ ਅਧੀ ਰਾਤਿ ਨਿਖੰਡਿ ਵਿਹਾਣੀ।
੪. ਰਾਣੀ ਦਿਸਿ ਨ ਆਵਈ ਮਨ ਵਿਚਿ ਵਰਤਿ ਗਈ ਹੈਰਾਣੀ।
੫. ਹੋਰਤੁ ਰਾਤੀ ਉਠਿ ਕੈ ਚਲਿਆ ਪਿਛੈ ਤਰਲ ਜੁਆਣੀ।
੬. ਰਾਣੀ ਪਹੁਤੀ ਸੰਗਤੀ ਰਾਜੇ ਖੜੀ ਖੜਾਉ ਨੀਸਾਣੀ।
੭. ਸਾਧਸੰਗਤਿ ਆਰਾਧਿਆ ਜੋੜੀ ਜੁੜੀ ਖੜਾਉ ਪੁਰਾਣੀ।
੮. ਰਾਜੇ ਡਿਠਾ ਚਲਿਤੁ ਇਹੁ ਏਹ ਖੜਾਵ ਹੈ ਚੋਜ ਵਿਡਾਣੀ।
੯. ਸਾਧ ਸੰਗਤਿ ਵਿਟਹੁ ਕੁਰਬਾਣੀ॥ ੬॥

ਪਦ ਅਰਥ - ਤਰਲ ਜੁਆਣੀ=ਚੰਚਲਤਾ ਵਾਲੀ ਜੁਆਨੀ। ਚਲਿਤੁ=ਕੌਤਕ। ਚੋਜ ਵਿਡਾਣੀ=ਖੜਾਵ ਵਰਗੀ ਖੜਾਵ ਮਿਲ ਜਾਣੀ, ਇਹ ਵੱਡਾ ਕੌਤਕ ਹੈ।

ਅਰਥ - ੧. ਰਾਜੇ ਹਰੀ ਚੰਦ ਦੇ ਘਰ ਵਿਚ ਪੂਰੀ ਤਰ੍ਹਾਂ ਸੁਖ ਆਨੰਦ ਸੀ, ਤੇ ਉਸਦੀ ਰਾਣੀ ਤਾਰਾ ਸੋਹਣੇ ਨਕਸ਼-ਨੇਤਰਾਂ ਵਾਲੀ ਸੀ। ੨. (ਨੇੜੇ ਹੀ ਕਿਧਰੇ) ਸਾਧ ਸੰਗਤ ਵਿਚ ਮਿਲ ਕੇ ਕੀਰਤਨ ਹੁੰਦਾ ਸੀ ਰਾਤ ਸਮੇਂ (ਰਾਣੀ ਵੀ ਜਾਂਦੀ ਤੇ) ਗੁਰਬਾਣੀ ਸੁਣਦੀ ਸੀ। ੩. (ਕਿਸੇ ਦਿਨ, ਜਦ ਰਾਣੀ ਕੀਰਤਨ ਸੁਣਨ ਗਈ ਹੋਈ ਸੀ) ਤਾਂ ਪਿੱਛੋਂ ਰਾਜੇ ਦੀ ਜਾਗ ਖੁਲ੍ਹ ਗਈ, (ਉਸ ਵੇਲੇ) ਰਾਤ ਅੱਧੀ ਬੀਤ ਚੁੱਕੀ ਸੀ। ੪. (ਪਰ ਜਦ ਰਾਜੇ ਨੂੰ ਆਪਣੀ) ਰਾਣੀ ਮੰਜੇ ਤੇ ਸੁੱਤੀ ਨਜ਼ਰ ਨਾ ਆਈ ਤਾਂ ਉਸਦੇ ਮਨ ਵਿਚ (ਸ਼ੰਕੇ ਤੇ ਭਰਮਾਂ ਦੇ ਤੂਫਾਨ ਉੱਠੇ, ਉਸਨੂੰ) ਡਾਢੀ ਹੈਰਾਨੀ ਛਾ ਗਈ (ਕਿ ਰਾਣੀ ਇਸ ਵੇਲੇ ਕਿਧਰ ਗਈ ਹੈ? ਗੱਲ ਉਸ ਨੇ ਮਨ ਵਿਚ ਹੀ ਰੱਖੀ। ਉਹ ਪਹਿਲੇ ਜਾਣਨਾ ਚਾਹੁੰਦਾ ਸੀ ਰਾਣੀ ਗਈ ਕਿੱਥੇ ਹੈ ਤੇ ਕਿਉਂ ਗਈ ਹੈ ? ਉਸ ਨੇ ਤਾੜ ਰੱਖੀ)। ੫. ਕਿਸੇ ਹੋਰ ਰਾਤ ਨੂੰ ਜਦ ਰਾਣੀ ਉੱਠੀ, ਤਾਂ ਉਹ ਵੀ ਉਸ ਦੇ ਮਗਰੇ ਮਗਰੇ ਛੇਤੀ ਛੇਤੀ ਜੁਆਨਾਂ ਵਾਲੀ ਚਾਲ ਨਾਲ ਤੁਰਿਆ। (ਰਾਣੀ ਵੀ ਜੁਆਨ 'ਤੇ ਛੇਤੀ ਤੁਰਨ ਵਾਲੀ ਸੀ)। ੬. ਰਾਣੀ ਝਟਾ ਪਟ ਸੰਗਤ ਵਿਚ ਪੁਜੀ (ਤੇ ਖੜਾਵਾਂ ਬਾਹਰ ਲਾਹ ਕੇ, ਸੰਗਤ ਦੇ ਕੀਰਤਨ ਵਿਚ ਜਾ ਮਿਲੀ) ਰਾਜੇ ਨੇ ਰਾਣੀ ਦੀ ਇੱਕ ਖੜਾਂਵ ਚੁੱਕ ਲਈ (ਕਿ ਇਹ ਰਾਣੀ ਦੇ ਰਾਤ ਸਮੇਂ ਚੋਰੀ ਘਰੋਂ ਆਉਣ ਦੀ) ਨਿਸ਼ਾਨੀ ਹੋਵੇਗੀ, (ਜਿਸ ਨੂੰ ਦਿਖਾ ਕੇ ਮੈਂ ਤਾੜਨਾ ਜਾਂ ਦੰਡ ਆਦਿ ਦੇ ਸਕਾਂਗਾ)। ੭. ਕੀਰਤਨ ਮਗਰੋਂ ਰਾਣੀ ਬਾਹਰ ਨਿਕਲੀ, ਤਾਂ ਇੱਕ ਖੜਾਂਵ ਨਹੀਂ ਸੀ। (ਉਸ ਦੇ ਦੁੱਖ ਵਿਚ ਸਹਾਇਤਾ ਕਰਨ ਲਈ) ਸੰਗਤ ਨੇ ਮਿਲ ਕੇ (ਪ੍ਰਭੂ ਜੀ ਅੱਗੇ) ਅਰਦਾਸ ਕੀਤੀ (ਕਿ ਰਾਣੀ ਦੀ ਜਿਹੜੀ ਖੜਾਂਵ ਕੋਈ ਲੈ ਗਿਆ ਹੈ, ਉਸ ਦੇ ਨਾਲ ਦੀ ਦੂਜੀ ਮਿਲ ਜਾਵੇ, ਤਾਂ ਜੁ ਰਾਣੀ ਪਹਿਨ ਕੇ ਘਰ ਜਾਵੇ। ਸੰਗਤ ਦੀ ਜੁੜ ਕੇ ਕੀਤੀ ਅਰਦਾਸ ਖਾਲੀ ਨ ਗਈ)। ਸਾਧ

ਸੰਗਤ ਦੀ ਅਰਾਧਨਾ ਕਰਨ ਨਾਲ ਦੂਜੀ ਪੁਰਾਣੀ ਖੜਾਂਵ ਆ ਗਈ ਤੇ ਜੋੜੀ ਬਣ ਗਈ। ਰਾਣੀ ਖੜਾਂਵਾਂ ਪਾ ਕੇ ਘਰ ਚਲੀ ਗਈ। ੮. ਦੂਜੇ ਦਿਨ ਰਾਜੇ ਨੇ ਦੇਖਿਆ ਕਿ ਖੜਾਂਵ ਜਿਹੜੀ ਉਸ ਨੇ ਲਿਆਂਦੀ ਸੀ, ਉਹੀਓ ਖੜਾਂਵ ਹੀ ਰਾਣੀ ਦੇ ਪੈਰਾਂ ਵਿਚ ਸੀ, ਤਾਂ ਰਾਜਾ ਇਹ ਕੌਤਕ ਵੇਖ ਕੇ ਹੈਰਾਨ ਪਰੇਸ਼ਾਨ ਹੋ ਗਿਆ ਕਿ ਇਹ ਤਾਂ ਵੱਡੀ ਅਚਰਜਤਾ ਵਾਲੀ ਗੱਲ ਹੋਈ ਹੈ। (ਇਸ ਕੌਤਕ ਨਾਲ ਉਸ ਨੂੰ ਸਾਧ ਸੰਗਤ ਦੀ ਮਹਿਮਾ ਤੇ ਵਡਿਆਈ ਦਾ ਪਤਾ ਲੱਗ ਗਿਆ)। ੯. ਉਹ ਵੀ ਸਾਧ ਸੰਗਤ ਤੋਂ ਵਾਰਨੇ ਤੇ ਬਲਿਹਾਰਨੇ ਹੋਣ ਲੱਗਾ (ਭਾਵ ਉਸ ਨੂੰ ਵੀ ਇਸ ਕੌਤਕ ਮਗਰੋਂ ਸਾਧ ਸੰਗਤ ਵਿਚ ਜਾਣ ਦੀ ਚੇਟਕ ਲੱਗ ਗਈ, ਤੇ ਉਹ ਵੀ ਰਾਣੀ ਵਾਂਗ ਭਗਤੀ-ਭਾਵ ਵਿਚ ਗੁੰਦਿਆ ਗਿਆ)॥ ੬॥

੭. ਬਿਦਰ ਦੀ ਪ੍ਰੇਮਾ-ਭਗਤੀ

੧. ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।
੨. ਘਰਿ ਅਸਾਡੇ ਛਡਿ ਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ।
੩. ਭੀਖਮੁ ਦ੍ਰੋਣਾ ਕਰਣ ਤਜਿ ਸਭਾ ਸੀਗਾਰ ਵਡੇ ਮਾਨੁਖਾ।
੪. ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰਿ ਧੁਖਾ।
੫. ਹਸਿ ਬੋਲੈ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ।
੬. ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ।
੭. ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ।
੮. ਗੋਬਿੰਦ ਭਾਉ ਭਗਤਿ ਦਾ ਭੁਖਾ॥ ੭॥

ਪਦ ਅਰਥ - ਰੁਖਾ=ਗੁਸੈਲਾ। ਕਿ ਸੁਖਾ=ਕੀ ਸੁਖ ਮਿਲਿਆ। ਧੁਖਾ=ਅੱਗ। ਝੁੰਗੀ=ਝੌਂਪੜੀ। ਚੁਖਾ=ਜ਼ਰਾ ਜਿੰਨਾ।

ਅਰਥ - ੧. ਜਦ ਦੁਰਯੋਧਨ ਨੇ ਸੁਣਿਆਂ (ਕਿ ਸ੍ਰੀ ਕ੍ਰਿਸ਼ਨ ਜੀ) ਬਿਦਰ ਦੇ ਘਰ ਗਏ ਹਨ, (ਸਾਡੇ ਘਰ ਨਹੀਂ ਆਏ, ਤਾਂ ਉਹ) ਬੜੇ ਦੁੱਖ ਤੇ ਗੁੱਸੇ ਨਾਲ ਬੋਲਿਆ, (ਭਾਵ ਸ੍ਰੀ ਕ੍ਰਿਸ਼ਨ ਜੀ ਨੂੰ ਕਹਿਣ ਲੱਗਾ—) ੨. 'ਅਸਾਡਾ ਘਰ ਛੱਡ ਕੇ (ਭਲਾ ਦੱਸੋ ਕਿ) ਤੁਸੀਂ ਗੋਲੇ ਦੇ ਘਰ ਜਾ ਕੇ ਕੀ ਸੁਖ ਪਾਇਆ ? ੩. (ਭਲਾ ਇਹ ਦੱਸੋ ਕਿ) ਭੀਖਮ (ਪਿਤਾਮਾ) ਦਰੋਣਾਚਾਰਯ, (ਕੌਰਵਾਂ ਪਾਂਡਵਾਂ ਦਾ ਉਸਤਾਦ) ਤੇ (ਰਾਜਾ) ਕਰਣ ਨੂੰ ਛੱਡ ਕੇ (ਤੁਸੀਂ ਗੋਲੇ—ਦਾਸੀ ਦੇ ਪੁੱਤਰ—ਬਿਦਰ ਦੇ ਘਰ ਗਏ ਹੋ ? ੪. ਇਸ ਗੱਲ ਨੇ ਸਭ ਦੇ ਅੰਦਰ ਧੁਖਧੁਖੀ ਲਾ ਦਿੱਤੀ ਹੈ। (ਗੁੱਸੇ ਵਿਚ ਆਏ ਦੁਰਜੋਧਨ ਨੇ ਹੋਰ ਵੀ ਬਥੇਰਾ ਕੁਝ ਕਿਹਾ, ਤਾਂ ਇਹ ਸੁਣ ਕੇ) ੫. ਹੱਸ ਕੇ ਭਗਵਾਨ (ਸ੍ਰੀ ਕ੍ਰਿਸ਼ਨ ਜੀ) ਬੋਲੇ, ਹੇ 'ਰਾਜਨ! ਸਾਹਮਣੇ ਖੜੋ ਕੇ (ਆਪਣੀ ਇਸ ਉਜ਼ਰਦਾਰੀ ਦਾ) ਜਵਾਬ ਸੁਣੋ ! ੬. ਤੇਰੇ (ਅੰਦਰ) ਪਿਆਰ ਦਿਸਦਾ ਨਹੀਂ। ਹੋਰ ਮੈਨੂੰ ਅਪਦਾ (ਖੇਚਲ), ਦੁੱਖ ਹੀ ਕੋਈ ਨਹੀਂ। ੭. ਬਿਦਰ ਜੀ ਦੇ ਮਨ ਵਿਚ ਜੋ ਪ੍ਰੇਮ ਤੇ ਚਾਉ ਹੈ, (ਉਸਦੇ ਮੁਕਾਬਲੇ) ਤੁਹਾਡੇ ਵਿਚ ਰੰਚਕ ਮਾਤਰ

ਵੀ ਨਹੀਂ ਹੈ। ੮. ਪਰਮੇਸ਼ਰ ਤਾਂ ਪ੍ਰੇਮ-ਭਾਵਨਾ ਦਾ ਪੁਜਾਰੀ (ਚਾਹਵਾਨ) ਹੈ॥ ੭॥

ਬਿਦਰ ਜੀ ਗੋਲੀ ਦੇ ਪੇਟੋਂ ਜੰਮੇ ਸਨ, ਇਸ ਲਈ ਉਹ ਦਾਸਤਾ-ਭਾਵ ਵਾਲੇ ਸਨ। ਸ੍ਰੀ ਕ੍ਰਿਸ਼ਨ ਜੀ ਦੁਰਜੋਧਨ ਦੇ ਬੁਲਾਵੇ 'ਤੇ ਹੀ ਆਏ ਸਨ, ਪਰ ਜਦ ਉਸਨੇ ਸੁਣਿਆ ਕਿ ਕ੍ਰਿਸ਼ਨ ਜੀ ਆ ਗਏ ਹਨ, ਤਾਂ ਦਰਬਾਰ ਵਿਚੋਂ ਉੱਠ ਕੇ ਘੋੜਿਆਂ ਦੇ ਤਬੇਲੇ ਵਿਚ ਚਲਾ ਗਿਆ। ਉਹ ਕ੍ਰਿਸ਼ਨ ਜੀ ਨੂੰ ਗੁਆਲਿਆਂ ਦਾ ਪੁੱਤਰ ਸਮਝਦਾ ਸੀ ਤੇ ਦਿਲੋਂ ਉਨ੍ਹਾਂ ਨੂੰ ਅਵਤਾਰ ਵੀ ਨਹੀਂ ਸੀ ਮੰਨਦਾ, ਪਰ ਹੋਰ, ਉਸ ਦੇ ਭਰਾ ਭਾਈ, ਭੀਸ਼ਮ ਤੇ ਦਰੋਣਾਚਾਰਜ ਵਰਗੇ ਸ੍ਰੀ ਕ੍ਰਿਸ਼ਨ ਜੀ ਦਾ ਸਤਿਕਾਰ ਕਰਦੇ ਸਨ, ਇਸ ਲਈ ਵੇਖਾ ਵੇਖੀ ਉਸ ਨੂੰ ਵੀ ਨਮਸਕਾਰ ਕਰਨੀ ਪੈਂਦੀ ਸੀ, ਪਰ ਅੱਜ ਉਹ ਉੱਠ ਕੇ ਤਬੇਲੇ ਚਲਾ ਗਿਆ ਕਿ ਉਥੇ ਤਾਂ ਹੱਥ ਜੋੜ ਕੇ ਨਮਸਕਾਰ ਕਰ ਦਿਆਂਗਾ, ਪਰ ਸਭ ਦੇ ਸਾਹਮਣੇ, ਦਰਬਾਰ ਵਿਚ, ਐਸਾ ਕਰਨਾ, ਉਹ ਆਪਣੀ ਨਿਰਾਦਰੀ ਦੇ ਬਰਾਬਰ ਸਮਝਦਾ ਸੀ, ਪਰ ਅੰਤਰਜਾਮੀ ਕ੍ਰਿਸ਼ਨ ਜੀ ਉਸਦੇ ਵੱਲ ਗਏ ਹੀ ਨਹੀਂ, ਉਨ੍ਹਾਂ ਰਾਤ ਬਿਦਰ ਦੇ ਘਰ, ਪ੍ਰੇਮ ਤੇ ਚਾਉ ਵਿਚ ਆਏ ਹੋਏ ਬਿਦਰ ਦੇ ਘਰ ਦਾ ਅਲੂਣਾ ਸਾਗ ਖਾਧਾ, ਤੇ ਸਾਰੀ ਰਾਤ ਪ੍ਰੇਮ-ਕਥਾਵਾਂ ਕਰਦਿਆਂ ਹੀ ਗੁਜ਼ਾਰ ਦਿੱਤੀ। ਇਸ ਸਾਖੀ ਦਾ ਇਹੀ ਉਪਦੇਸ਼ ਹੈ, ਜਿਥੇ ਪਿਆਰ ਨਾ ਹੋਵੇ, ਉਥੇ ਰਹਿਣਾ ਜਾਂ ਜਾਣਾ ਠੀਕ ਨਹੀਂ, ਤੇ ਜਿਥੇ ਪ੍ਰੇਮ ਸਤਿਕਾਰ ਹੋਵੇ, ਉਥੇ ਖਾਣ ਨੂੰ ਭਾਵੇਂ ਕੁਝ ਨਾ ਮਿਲੇ, ਪਰ ਉਥੇ ਜਾਣਾ ਤੇ ਰਹਿਣਾ ਹੀ ਠੀਕ ਹੈ।

੮. ਦ੍ਰੋਪਤੀ ਦੀ ਲੱਜਾ ਰੱਖਣੀ

੧. ਅੰਦਰਿ ਸਭਾ ਦੁਸਾਸਣੈ ਮਥੇਵਾਲਿ ਦ੍ਰੋਪਤੀ ਆਂਦੀ।
੨. ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।
੩. ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨਾ ਦੀ।
੪. ਅਖੀ ਮੀਟ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ।
੫. ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।
੬. ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ।
੭. ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ।
੮. ਨਾਥ ਅਨਾਥਾਂ ਬਾਣਿ ਧੁਰਾਂ ਦੀ॥ ੮॥

ਪਦ ਅਰਥ - ਮਥੇਵਾਲਿ=ਵਾਲਾਂ ਤੋਂ ਫੜ ਕੇ। ਪੰਚਾਲੀ=ਪੰਜਾਬ ਦੇਸ ਦੀ ਜਾਈ। ਅਉਘਟਿ ਰੁਧੀ=ਮੁਸੀਬਤ ਵਿਚ ਫਸੀ।

ਅਰਥ - ੧. (ਦੁਰਜੋਧਨ ਦੇ ਛੋਟੇ ਭਰਾ) ਦੁਹਸਾਸ਼ਨ ਨੇ ਸਭਾ (ਦਰਬਾਰ) ਵਿਚ ਜੂੜੇ ਤੋਂ ਫੜ ਕੇ ਦ੍ਰੋਪਤੀ ਨੂੰ ਲਿਆਂਦਾ। ੨. ਦੂਤਾਂ ਨੂੰ ਹੁਕਮ ਦਿੱਤਾ ਗਿਆ ਕਿ ਇਸ ਪੰਜਾਂ (ਪਾਂਡਵਾਂ) ਦੀ (ਇਸਤ੍ਰੀ) ਦਾਸੀ ਨੂੰ ਨੰਗਿਆਂ ਕਰ ਦਿਓ। ੩. ਪੰਜੇ ਪਾਂਡੋ (ਯੁਧਿਸ਼ਟਰ, ਭੀਮ ਸੈਨ, ਅਰਜਨ, ਨਕੁਲ, ਤੇ ਸਹਦੇਵ) ਵੇਖ ਰਹੇ

ਸਨ, ਜਿਨ੍ਹਾਂ ਦੀ ਨਾਰੀ (ਪਤਨੀ) ਮੁਸੀਬਤ ਵਿਚ ਫਸੀ ਹੋਈ ਸੀ। (ਸਭਾ ਵਿਚ ਭੀਸ਼ਮ ਪਿਤਾਮਾ, ਦਰੋਣਾਚਾਰਜ ਬੈਠੇ ਹੋਏ ਸਨ, ਜਿਨ੍ਹਾਂ ਨੇ ਦੁਹਸਾਸ਼ਨ ਨੂੰ ਅਜਿਹਾ ਕਰਨ ਤੋਂ ਰੋਕਿਆ ਨਹੀਂ। ਪਾਂਡਵਾਂ ਨੇ ਦ੍ਰੋਪਤੀ ਵੀ ਜੂਏ ਵਿਚ ਹਾਰ ਦਿੱਤੀ ਸੀ, ਪਰ ਇਸ ਤੋਂ ਵਧ ਕੇ ਹੋਰ ਬੇਇਜ਼ਤ ਕੀ ਹੋ ਸਕਦੀ ਹੈ ਕਿ ਭਰੇ ਦਰਬਾਰ ਵਿਚ ਜਿਨ੍ਹਾਂ ਦੀ ਪਤਨੀ ਨੂੰ ਅਲਫ-ਨੰਗਿਆਂ ਕੀਤਾ ਜਾਵੇ। ਡੌਲੇ ਫਰਕਦੇ ਸਨ, ਪਰ ਧਰਮ ਦੇ ਦਬਾਅ ਹੇਠ ਉਹ ਉਭਾਸਰ ਵੀ ਨਾ ਸਕੇ)। ੪. ਜਦੋਂ ਦੂਤਾਂ ਨੇ ਦ੍ਰੋਪਤੀ ਦੀ ਸਾੜ੍ਹੀ ਲਾਹੁਣੀ ਚਾਹੀ ਤਾਂ ਉਹ ਉੱਚੀ ਉੱਚੀ ਸ੍ਰੀ ਕ੍ਰਿਸ਼ਨ ਜੀ ਦਾ ਨਾਮ ਲੈ ਕੇ, ਅੱਖਾਂ ਮੀਟ ਕੇ, ਧਿਆਨ ਧਰ ਕੇ ਦੁਹਾਈ ਪਾਉਣ ਲੱਗੀ, ਪੁਕਾਰਾਂ ਕਰਨ ਲੱਗੀ। ੫. ਦੂਤਾਂ ਨੇ ਇਕ ਸਾੜ੍ਹੀ ਲਾਹੀ, ਤਾਂ ਅੱਗੇ ਇੱਕ ਹੋਰ ਸਾੜ੍ਹੀ ਬੱਝੀ ਦੇਖੀ। ਉਹ ਲਾਹੀ, ਤਾਂ ਫਿਰ ਹੋਰ ਸਾੜ੍ਹੀ ਬੱਝੀ ਦੇਖੀ। ਇਸ ਤਰ੍ਹਾਂ ਉਹ ਦ੍ਰੋਪਤੀ ਦੇ ਉਦਾਲਿਓਂ ਕੱਪੜੇ ਲਾਹੁੰਦੇ ਗਏ, ਕੱਪੜਿਆਂ ਦੇ ਢੇਰ ਲੱਗ ਗਏ, ਦੂਤ ਕੱਪੜੇ ਲਾਹੁੰਦੇ ਥੱਕ ਗਏ, ਪਰ ਦ੍ਰੋਪਤੀ ਨੰਗੀ ਨਾ ਹੋਈ। ੬. ਹੱਥਾਂ ਨੂੰ ਮਰੋੜਦੇ ਤੇ ਸਿਰ ਨੂੰ ਅਫਸੋਸ ਤੇ ਨਿਰਾਸ਼ਤਾ ਨਾਲ ਝੂਣਦੇ ਹਨ ਕਿ ਇਹ ਕੀ ਬਣ ਗਿਆ, ਬੁਰੇ ਵੀ ਬਣੇ, ਪਰ ਬੁਰਿਆਈ ਵਾਲਾ ਕੰਮ ਪੂਰਾ ਨਾ ਹੋ ਸਕਿਆ, ਇਉਂ ਆਪੋ ਵਿਚ ਗੱਲਾਂ ਕਰਦੇ ਤੇ ਪਛੋਤਾਉਂਦੇ ਹਨ ਕਿ ਬਦਲਾ ਲੈਣ ਦਾ ਇਸ ਤੋਂ ਵੱਡਾ ਮੌਕਾ ਫੇਰ ਨਹੀਂ ਮਿਲਣਾ, ਪਰ ਸਮਾਂ ਬੀਤ ਗਿਆ, ਦੂਤ ਥੱਕ ਕੇ, ਦ੍ਰੋਪਤੀ ਨੂੰ ਛੱਡ ਪਿੱਛੇ ਹਟ ਗਏ ਕਿ ਜਾਂਦੀ ਹੈ, ਤਾਂ ਜਾਣ ਦਿਓ, ਰੋਕੋ ਨਾ। ੭. ਘਰ ਆਉਂਦੀ ਨੂੰ ਅੱਗੋਂ ਸ੍ਰੀ ਕ੍ਰਿਸ਼ਨ ਜੀ ਮਿਲ ਪਏ। ਉਸ ਨੇ ਨਮਸਕਾਰ ਕੀਤੀ, ਤੇ ਸ਼ਰਮਾਉਂਦੀ ਸ਼ਰਮਾਉਂਦੀ ਨੇ ਕਿਹਾ-'ਭਗਵਾਨ ! ਪੈਜ ਰਹਿ ਗਈ ਹੈ, ਤੁਸਾਂ ਬਚਾ ਲਿਆ ਹੈ। ੮. ਤੁਸੀਂ ਨਾਥ (ਮਾਲਕ) ਹੋ, ਤੇ ਅਨਾਥਾਂ ਨੂੰ ਭੀੜਾ ਸਮੇਂ ਬਚਾਉਣਾ, ਇਹ ਤੁਹਾਡੀ (ਭਗਤ ਵਛਲ ਪ੍ਰਭੂ ਦੀ) ਸ਼ੁਰੂ ਤੋਂ ਹੀ ਪਰੰਪਰਾ ਤੁਰੀ ਆ ਰਹੀ ਹੈ॥ ੮॥

੯. ਸੁਦਾਮੇ ਦੀ ਵਾਰਤਾ

੧. ਬਿਪੁ ਸੁਦਾਮਾ ਦਾਲਿਦੀ ਬਾਲ ਸਖਾਈ ਮਿਤ੍ਰ ਸਦਾਏ।
੨. ਲਾਗੂ ਹੋਈ ਬਾਮ੍ਹਣੀ ਮਿਲਿ ਜਗਦੀਸ ਦਲਿਦ੍ਰ ਗਵਾਏ।
੩. ਚਲਿਆ ਗਣਦਾ ਗਟੀਆਂ ਕਿਉਕਰਿ ਜਾਈਐ ਕਉਣੁ ਮਿਲਾਏ।
੪. ਪਹੁਤਾ ਨਗਰਿ ਦੁਆਰਕਾ ਸਿੰਘ ਦੁਆਰਿ ਖਲੋਤਾ ਜਾਏ।
੫. ਦੂਰਹੁ ਦੇਖਿ ਡੰਡਉਤਿ ਕਰਿ ਛਡਿ ਸਿੰਘਾਸਣੁ ਹਰਿ ਜੀ ਆਏ।
੬. ਪਹਿਲੇ ਦੇ ਪਰਦਖਣਾ ਪੈਰੀ ਪੈ ਕੇ ਲੈ ਗਲਿ ਲਾਏ।
੭. ਚਰਣੋਦਕੁ ਲੈ ਪੈਰ ਧੋਇ ਸਿੰਘਾਸਣੁ ਉਤੇ ਬੈਠਾਏ।
੮. ਪੁਛੇ ਕੁਸਲੁ ਪਿਆਰੁ ਕਰਿ ਗੁਰ ਸੇਵਾ ਦੀ ਕਥਾ ਸੁਣਾਏ।
੯. ਲੈ ਕੇ ਤੰਦੁਲ ਚਬਿਓਨੁ ਵਿਦਾ ਕਰੇ ਅਗੈ ਪਹੁਚਾਏ।
੧੦. ਚਾਰਿ ਪਦਾਰਥ ਸਕੁਚਿ ਪਠਾਏ॥ ੯॥

ਪਦ ਅਰਥ - ਬਿਪੁ=ਬ੍ਰਾਹਮਣ। ਦਾਲਿਦੀ=ਗਰੀਬੀ ਦਾ ਮਾਰਿਆ ਹੋਇਆ। ਲਾਗੂ=ਪਿੱਛੇ ਪੈ ਜਾਣਾ, ਕਿਸੇ ਗੱਲ ਨੂੰ ਬਾਰ ਬਾਰ ਕਰਨ ਲਈ ਕਹਿਣਾ। ਗਟੀਆਂ=ਵਿਚਾਰਾਂ। ਸਿੰਘ ਦੁਆਰਿ=ਰਾਜ ਦਰਵਾਜ਼ਾ। ਤੰਦੁਲ=ਚਾਵਲ।

ਅਰਥ - ੧. ਸੁਦਾਮਾ ਬ੍ਰਾਹਮਣ ਬੜਾ ਹੀ ਗਰੀਬੀ ਦੀ ਹਾਲਤ ਵਿਚ ਸੀ, ਪਰ ਇਹ ਬਾਲਪਣੇ ਵਿਚ ਸ੍ਰੀ ਕ੍ਰਿਸ਼ਨ ਜੀ ਦਾ ਸਾਥੀ (ਵਿਦਿਆਰਥੀ) ਸੀ ਤੇ ਮਿੱਤਰ ਅਖਵਾਉਂਦਾ ਸੀ। ੨. (ਘਰ ਵਿਚ ਸ੍ਰੀ ਕ੍ਰਿਸ਼ਨ ਜੀ ਦੀਆਂ ਹੀ ਗੱਲਾਂ ਕਰਦਾ ਰਹਿੰਦਾ) ਸੀ ਤਾਂ ਇੱਕ ਦਿਨ ਉਸਦੀ ਘਰ ਵਾਲੀ ਬ੍ਰਾਹਮਣੀ ਮਗਰ ਪੈ ਗਈ ਕਿ ਤੂੰ ਜਗਦੀਸ਼ (ਕ੍ਰਿਸ਼ਨ ਜੀ) ਨੂੰ ਮਿਲ ਕੇ ਆਪਣੀ ਗਰੀਬੀ ਨੂੰ ਦੂਰ ਕਰ (ਭਾਵ ਰਾਜੇ ਜਾਂ ਪਾਤਸ਼ਾਹ ਦਾ ਮਿੱਤਰ ਗਰੀਬੀ ਕਿਉਂ ਕੱਟੇ ?) ੩. ਘਰੋਂ ਤੁਰ ਪਿਆ, ਪਰ ਵਿਚਾਰਾਂ ਕਰੀ ਜਾਂਦਾ ਹੈ, ਕਿ (ਪਾਟੇ ਤੇ ਮੈਲੇ ਕਪੜਿਆਂ ਵਾਲਾ) ਮੈਂ ਕਿਵੇਂ ਜਾਵਾਂ ਤੇ ਕੌਣ ਮੈਨੂੰ ਮਿਲਾਏਗਾ। ੪. ਇਹ ਵਿਚਾਰਾਂ ਕਰਦਾ ਤੁਰੀ ਗਿਆ, ਤੇ ਦਵਾਰਕਾ ਨਗਰੀ ਵਿਚ ਜਾ ਪੁੱਜਾ। ਅਖੀਰ ਸ੍ਰੀ ਕ੍ਰਿਸ਼ਨ ਜੀ ਦੀ ਸਭਾ ਦੇ ਰਾਜ ਦੁਆਰ ਅੱਗੇ ਜਾ ਖਲੋਤਾ। ੫. ਸ੍ਰੀ ਕ੍ਰਿਸ਼ਨ ਜੀ ਨੇ ਅੰਦਰੋਂ ਸਿੰਘਾਸਨ 'ਤੇ ਬੈਠਿਆਂ ਹੀ ਸੁਦਾਮੇ ਨੂੰ ਬਾਹਰ ਖੜਾ ਦੇਖ ਲਿਆ। (ਅੰਤਰਜਾਮੀ ਸਨ, ਸਾਰੀ ਹਾਲਤ ਦੇ ਭੇਤੀ ਸਨ) ਦੂਰੋਂ ਹੀ ਡੰਡਉਤ ਕੀਤੀ ਤੇ ਸਿੰਘਾਸਨ ਨੂੰ ਛੱਡ ਕੇ ਸਭਾ ਤੋਂ ਬਾਹਰ ਆ ਕੇ, ਸੁਦਾਮਾ ਜੀ ਨੂੰ ਅੰਦਰ ਲੈ ਗਏ। ੬. ਅੰਦਰ ਲਿਜਾ ਕੇ ਪਹਿਲਾਂ ਤਾਂ ਸੁਦਾਮਾ ਜੀ ਦੀਆਂ ਪਰਕਰਮਾ ਕੀਤੀਆਂ ਤੇ ਪੈਰੀਂ ਪਏ। ਫਿਰ ਉੱਠ ਕੇ ਗਲ ਨਾਲ ਲਾ ਲਿਆ। ੭. ਫਿਰ ਆਪਣੇ ਰਾਜ ਸਿੰਘਾਸਣ 'ਤੇ ਬੈਠਾ ਕੇ ਸੁਦਾਮਾ ਜੀ ਦੇ ਚਰਣ ਧੋਤੇ ਤੇ ਚਰਣਾਂਮ੍ਰਿਤ ਲੈ ਕੇ ਮੂੰਹ ਲਾਇਆ। ੮. ਫਿਰ ਸੁਖ ਸਾਂਦ ਪੁੱਛੀ ਤੇ ਮਿੱਠੇ ਮਿੱਠੇ ਬਚਨ ਕੀਤੇ, ਪਿਆਰ ਦੀਆਂ ਭਾਵਨਾਵਾਂ ਜਾਗ ਪਈਆਂ (ਪੁਰਾਣੀਆਂ ਯਾਦਾਂ, ਜਦੋਂ ਇੱਕਠੇ ਪੜ੍ਹਦੇ ਹੁੰਦੇ ਤੇ ਗੁਰੂ ਦੀ ਸੇਵਾ ਕਰਦੇ ਸੀ, ਉਹ ਵਾਰਤਾ ਕੀਤੀਆਂ, ਜਿਵੇਂ ਸੁਦਾਮਾ ਘਰੋਂ ਛੋਲੇ ਭੁੰਨੇ ਲੈ ਗਿਆ, ਪਰ ਲੱਕੜਾਂ ਇੱਕਠੀਆਂ ਕਰਦੇ ਕਰਦੇ ਉਹ ਇੱਕਲਾ ਖਾਈ ਗਿਆ। ਸ੍ਰੀ ਕ੍ਰਿਸ਼ਨ ਜੀ ਦੇ ਪੁਛਣ 'ਤੇ ਕਿ ਕੀ ਖਾਂਦਾ ਹੈ ? ਉਹ ਮੁਕਰ ਗਿਆ। ਤਾਂ ਸ੍ਰੀ ਕ੍ਰਿਸ਼ਨ ਜੀ ਨੇ ਕਿਹਾ— 'ਜਾਹ ਓਏ ਦਲਿਦ੍ਰੀਆ ਤੂੰ ਝੂਠ ਮਾਰਦਾ ਹੈਂ।' ਬਸ ਉਸੇ ਦਿਨ ਤੋਂ ਹੀ ਸੁਦਾਮਾ ਗਰੀਬੀ ਦੇ ਲੜ ਲੱਗਾ, ਅੰਤ ਗਰੀਬ ਹੋ ਗਿਆ ਸੀ)। ੯. ਸੁਦਾਮਾ ਘਰ ਵਾਲੀ ਦੇ ਕਹੇ 'ਤੇ ਮੁੱਠ ਚੌਲਾਂ ਦੀ ਭੇਟਾ ਦੇਣ ਲਈ ਪੱਲੇ ਬੰਨ੍ਹ ਕੇ ਲੈ ਗਿਆ ਸੀ, ਪਰ ਹੁਣ ਪਿਆਰ ਵਿਚ ਸਭ ਕੁਝ ਭੁੱਲ ਗਿਆ। ਸ੍ਰੀ ਕ੍ਰਿਸ਼ਨ ਜੀ ਨੇ ਆਪ ਹੀ ਕੰਨੀਓਂ ਖੋਲ੍ਹ ਕੇ ਉਹ ਚਾਵਲ ਖਾਣੇ ਸ਼ੁਰੂ ਕਰ ਦਿੱਤੇ। ਫੇਰ ਸੁਦਾਮੇ ਨੂੰ ਵਿਦਾ ਕਰਨ ਲਈ ਨਾਲ ਬਾਹਰ ਆਏ। ੧੦. ਸੁਦਾਮੇ ਨੇ ਆਪ ਮੰਗ ਨਹੀਂ ਕੀਤੀ, ਪਰ ਕ੍ਰਿਸ਼ਨ ਜੀ ਨੇ ਚਾਰੇ ਪਦਾਰਥ ਸਕੁਚ ਕੇ (ਐਵੇਂ ਮਾਮੂਲੀ ਜੇਹੇ ਦਾਨ ਵਾਂਗ) ਉਸਦੇ ਅੱਗੇ ਉਸ ਦੇ ਘਰ ਪਹੁੰਚਾ ਦਿੱਤੇ॥ ੯॥

੧੦. ਜੈਦੇਵ ਭਗਤ ਜੀ ਦੀ ਸਾਖੀ

੧. ਪ੍ਰੇਮ ਭਗਤਿ ਜੈਦੇਉ ਕਰਿ ਗੀਤ ਗੋਵਿੰਦ ਸਹਜ ਧੁਨਿ ਗਾਵੈ।
੨. ਲੀਲਾ ਚਲਿਤ ਵਖਾਣਦਾ ਅੰਤਰਜਾਮੀ ਠਾਕੁਰ ਭਾਵੈ।
੩. ਅਖਰੁ ਇਕੁ ਨ ਆਵੜੈ ਪੁਸਤਕ ਬੰਨ੍ਹਿ ਸੰਧਿਆ ਕਰਿ ਆਵੈ।

੪. ਗੁਣ ਨਿਧਾਨੁ ਘਰਿ ਆਇ ਕੈ, ਭਗਤ ਰੂਪਿ ਲਿਖਿ ਲੇਖੁ ਬਣਾਵੈ।
੫. ਅਖਰ ਪੜ੍ਹਿ ਪਰਤੀਤਿ ਕਰਿ ਹੋਇ ਵਿਸਮਾਦੁ ਨ ਅੰਗਿ ਸਮਾਵੈ।
੬. ਵੇਖੈ ਜਾਇ ਉਜਾੜਿ ਵਿਚਿ ਬਿਰਖੁ ਇਕੁ ਆਚਰਜੁ ਸੁਹਾਵੈ।
੭. ਗੀਤ ਗੋਵਿੰਦ ਸੰਪੂਰਣੋ ਪਤਿ ਪਤਿ ਲਿਖਿਆ ਅੰਤੁ ਨ ਪਾਵੈ।
੮. ਭਗਤਿ ਹੇਤਿ ਪਰਗਾਸੁ ਕਰਿ ਹੋਇ ਦਇਆਲੁ ਮਿਲੈ ਗਲਿ ਲਾਵੈ।
੯. ਸੰਤ ਅਨੰਤ ਨ ਭੇਦੁ ਗਣਾਵੈ ॥ ੧੦ ॥

ਪਦ ਅਰਥ - ਆਵੜੈ=ਅਹੁੜਦਾ। ਅੰਗਿ ਸਮਾਵੈ=ਖੁਸ਼ੀ ਵਿਚ ਸਮਾਉਣਾ। ਗੀਤ ਗੋਵਿੰਦ=ਜੈ ਦੇਵ ਜੀ ਦੀ ਪੁਸਤਕ ਦਾ ਨਾਮ ਹੈ।

ਅਰਥ - ੧. ਜੈਦੇਵ ਪ੍ਰੇਮਾ-ਭਗਤੀ ਕਰਦਾ ਤੇ ਗੋਬਿੰਦ ਦੇ ਗੀਤ ਸਹਿਜ ਧੁਨੀ ਨਾਲ (ਪਿਆਰ ਵਿਚ ਰਸ-ਸਹਿਤ) ਗਾਇਆ ਕਰਦਾ ਸੀ। ੨. ਉਹ ਪਰਮੇਸ਼ਰ ਦੀ ਲੀਲ੍ਹਾ (ਵਡਿਆਈ) ਤੇ ਚਲਿਤ (ਕੌਤਕਾਂ) ਆਦਿਕਾਂ ਦੇ ਖਿਆਲ ਗੀਤਾਂ ਵਿਚ ਬੰਨ੍ਹ ਕੇ ਪੇਸ਼ ਕਰਦਾ ਸੀ, (ਇਸ ਲਈ) ਅੰਤਰਜਾਮੀ ਠਾਕੁਰ (ਪ੍ਰਭੂ) ਨੂੰ ਇਹ ਭਾਉਂਦਾ (ਚੰਗਾ ਲੱਗਦਾ) ਸੀ। ੩. ਇੱਕ ਵੇਰਾਂ ਕੁਝ ਲਿਖ ਰਿਹਾ ਸੀ ਕਿ ਉਸ ਲਈ ਅੱਖਰ ਅਨੁਭਵ ਵਿਚ ਨਹੀਂ ਆ ਰਹੇ ਸਨ ਕਿ ਕੀ ਲਿਖੇ। ਜਦ ਕੋਈ ਸ਼ਬਦ ਨ ਅਹੁੜਿਆ, ਤਾਂ ਪੁਸਤਕ ਬੰਦ ਕਰਕੇ ਸੰਧਿਆ ਕਰਨ ਲਈ ਬਾਹਰ ਚਲਾ ਗਿਆ। ੪. ਪਿੱਛੋਂ ਭਗਤ ਦੇ ਰੂਪ ਵਿਚ ਪ੍ਰਭੂ ਜੀ ਆਪ ਆਏ ਤੇ ਪੋਥੀ ਖੋਲ੍ਹ ਕੇ ਉਹ ਸ਼ਬਦ, ਜੋ ਜੈਦੇਵ ਜੀ ਨੂੰ ਅਹੁੜਦਾ ਨਹੀਂ ਸੀ, ਉਹ ਲਿਖ ਕੇ ਚਲੇ ਗਏ। ੫. ਜੈਦੇਵ ਨੇ ਆ ਕੇ ਪੋਥੀ ਖੋਲ੍ਹੀ ਤਾਂ ਉਹ ਅੱਖਰ ਲਿਖਿਆ ਵੇਖ ਪੜ੍ਹ ਕੇ ਬੜਾ ਅਸਚਰਜ ਹੋਇਆ, ਤੇ ਫਿਰ ਖੁਸ਼ ਵੀ ਏਨਾ ਕਿ ਅੰਗਾਂ ਵਿਚ ਨ ਸਮਾਵੇ। ੬. ਫੇਰ ਉਹ ਜੰਗਲ ਵਿਚ ਗਿਆ, ਤਾਂ ਉਥੇ ਇੱਕ ਅਸਚਰਜ ਬ੍ਰਿਛ ਸੀ, ਉਹ ਦੇਖ ਕੇ ਹੈਰਾਨ ਹੋ ਗਿਆ, ੭. (ਕਿਉਂਕਿ ਉਸ ਦਰਖ਼ਤ ਦੇ) ਹਰ ਪੱਤੇ ਉਪਜ ਸੰਪੂਰਨ ਗੀਤ ਗੋਬਿੰਦ ਦੇ ਲਿਖੇ ਹੋਏ ਸਨ ਜਿਨ੍ਹਾਂ ਦਾ ਅੰਤ ਨਹੀਂ ਸੀ ਪੈਂਦਾ, ਭਾਵ ਸਮਝ ਨਹੀਂ ਸੀ ਪੈਂਦੀ ਕਿ ਏਥੇ ਪੱਤਿਆਂ ਤੇ ਇਹ ਕਿਵੇਂ ਲਿਖੇ ਗਏ। ੮. ਭਗਤ ਜੀ ਇਸੇ ਧਿਆਨ ਵਿਚ ਇਥੇ ਇੱਕ-ਰਸ ਲਿਵਲੀਣ ਹੋ ਗਏ, ਤਾਂ ਪ੍ਰਭੂ ਜੀ ਨੇ ਪ੍ਰਗਟ ਹੋ ਕੇ ਭਗਤ ਜੀ ਨੂੰ ਗਲ ਨਾਲ ਲਾ ਲਿਆ। ੯. ਪਰਮੇਸ਼ਰ ਵੀ ਅਨੰਤ ਤੇ ਸੰਤ ਦੀ ਮਹਿਮਾ ਵੀ ਅਨੰਤ (ਅੰਤ ਰਹਿਤ) ਹੈ, ਏਸ ਭੇਦ ਨੂੰ ਪਰਮੇਸ਼ਰ ਜਤਾਉਂਦਾ ਨਹੀਂ ॥ ੧੦ ॥

੧੧. ਭਗਤ ਨਾਮਦੇਵ ਜੀ ਦੀ ਮਹਿਮਾ

੧. ਕੰਮ ਕਿਤੈ ਪਿਉ ਚਲਿਆ ਨਾਮਦੇਉ ਨੋ ਆਖਿ ਸਿਧਾਇਆ।
੨. ਠਾਕੁਰ ਦੀ ਸੇਵਾ ਕਰੀ ਦੁਧੁ ਪੀਆਵਣੁ ਕਹਿ ਸਮਝਾਇਆ।
੩. ਨਾਮਦੇਉ ਇਸਨਾਨੁ ਕਰਿ ਕਪਲ ਗਾਇ ਦੁਹਿ ਕੈ ਲੈ ਆਇਆ।
੪. ਠਾਕੁਰ ਨੋ ਨ੍ਹਵਾਲਿ ਕੈ ਚਰਣੋਦਕੁ ਲੈ ਤਿਲਕੁ ਚੜ੍ਹਾਇਆ।

੫. ਹਥਿ ਜੋੜਿ ਬਿਨਤੀ ਕਰੈ ਦੂਧੁ ਪੀਅਹੁ ਜੀ ਗੋਬਿੰਦ ਰਾਇਆ।
੬. ਨਿਹਚਉ ਕਰਿ ਆਰਾਧਿਆ ਹੋਇ ਦਇਆਲੁ ਦਰਸੁ ਦਿਖਲਾਇਆ।
੭. ਭਰੀ ਕਟੋਰੀ ਨਾਮਦੇਵਿ ਲੈ ਠਾਕੁਰ ਨੋ ਦੂਧੁ ਪੀਆਇਆ।
੮. ਗਾਇ ਮੁਈ ਜੀਵਾਲਿਓਨੁ ਨਾਮਦੇਵ ਦਾ ਛਪਰੁ ਛਾਇਆ।
੯. ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ।
੧੦. ਭਗਤ ਜਨਾ ਦਾ ਕਰੇ ਕਰਾਇਆ ॥ ੧੧ ॥

ਪਦ ਅਰਥ - ਸਿਧਾਇਆ=ਚਲਾ ਗਿਆ। ਦੁਹਿ ਕੈ=ਚੋ ਕੇ।

ਅਰਥ - ੧. ਨਾਮਦੇਵ ਜੀ ਦਾ ਪਿਤਾ ਕਿਸੇ ਕੰਮ ਚਲਿਆ, ਤਾਂ ਨਾਮਦੇਵ ਜੀ ਨੂੰ ਇਹ ਆਖ ਕੇ ਚਲਾ ਗਿਆ ਕਿ ੨. ਠਾਕੁਰ ਦੀ (ਅੱਜ ਮੇਰੇ ਥਾਂ ਤੂੰ) ਸੇਵਾ ਕਰਨੀ ਹੈ। ਇਹ ਵੀ ਸਮਝਾ ਗਿਆ ਕਿ ਦੁੱਧ ਵੀ ਠਾਕੁਰ ਨੂੰ (ਜ਼ਰੂਰ) ਪਿਆਉਣਾ ਹੈ (ਨਾਗਾ ਨਾ ਪਵੇ)। ੩. ਨਾਮਦੇਵ ਜੀ ਨੇ (ਸਵੇਰੇ ਉੱਠ ਕੇ) ਇਸ਼ਨਾਨ ਕੀਤਾ ਤੇ ਕਪਲ ਨਾਂ ਦੀ ਗਊ ਨੂੰ ਚੋ ਕੇ ਦੁੱਧ ਲੈ ਆਇਆ। ੪. (ਦੁੱਧ ਲਿਆ ਕੇ) ਫਿਰ ਉਸ ਨੇ ਠਾਕੁਰ ਨੂੰ ਇਸ਼ਨਾਨ ਕਰਾਇਆ। ਚਰਣੋਦਕ ਦਾ ਅੰਮ੍ਰਿਤ ਲਿਆ ਤੇ ਤਿਲਕ ਵੀ ਲਾਇਆ। ੫. ਫੇਰ ਠਾਕੁਰ ਜੀ ਅੱਗੇ ਹੱਥ ਜੋੜ ਕੇ ਬੇਨਤੀਆਂ ਕਰਨ ਲੱਗਾ ਕਿ—ਹੇ ਗੋਬਿੰਦ ਜੀ! ਦੁੱਧ ਪੀ ਲਓ। ੬. ਉਸ ਨੇ ਦ੍ਰਿੜ ਨਿਸ਼ਚੇ ਨਾਲ ਅਰਾਧਨਾ ਕੀਤੀ, ਤਾਂ ਪਰਮੇਸ਼ਰ ਨੇ ਦਿਆਲੂ ਹੋ ਕੇ ਭਗਤ ਨੂੰ ਦਰਸ਼ਨ ਦਿੱਤੇ। ੭. ਨਾਮਦੇਵ ਜੀ ਨੇ ਕਟੋਰੀ ਭਰਕੇ ਦੁੱਧ ਦੀ ਠਾਕੁਰ ਜੀ ਨੂੰ ਫੜਾਈ ਤੇ (ਇਉਂ) ਪ੍ਰਤੱਖ ਠਾਕੁਰ ਨੂੰ ਦੁੱਧ ਪਿਆ ਦਿੱਤਾ। ੮. ਫੇਰ ਕੀ ਹੋਇਆ? ਨਾਮਦੇਵ ਜੀ ਦਾ ਵਿਸ਼ਵਾਸ ਤੇ ਦ੍ਰਿੜਤਾ ਏਨੀ ਪੱਕੀ ਹੋ ਗਈ ਕਿ ਜਦ ਉਹ ਤੀਰਥ ਯਾਤਰਾ ਕਰਦੇ ਕਰਦੇ ਦਿੱਲੀ ਪੁਜੇ, ਤਾਂ ਭਗਤ ਜੀ ਆਪਣੇ ਰੰਗ ਵਿਚ ਮਸਤ 'ਬੀਠੁਲ ਬੀਠੁਲ' ਕਰ ਕੇ ਗੀਤ ਗਾਉਂਦੇ ਗਏ। ਦੁਨੀਆਂ ਦੀ ਭੀੜ ਆਪ ਦੇ ਪਿੱਛੇ ਸੀ। ਸ਼ਰੱਈ ਕਾਜ਼ੀ ਤੇ ਮੌਲਵੀ, ਭਗਤ ਜੀ ਦੇ ਪ੍ਰਤਾਪ ਨੂੰ ਕਿਵੇਂ ਜਰ ਸਕਦੇ ਸਨ, ਉਹਨਾਂ ਨੇ ਬਾਦਸ਼ਾਹ ਨੂੰ ਪ੍ਰੇਰਕੇ ਆਪ ਨੂੰ ਫੜ ਮੰਗਵਾਇਆ। ਬਾਦਸ਼ਾਹ ਨੇ ਕਿਹਾ— 'ਜੇ ਤੇਰਾ ਕੋਈ ਬੀਠੁਲ ਹੈ, ਤਾਂ ਉਹ ਮੋਈ ਗਊ ਨੂੰ ਜੀਵਾਵੇ, ਨਹੀਂ ਤਾਂ ਤੈਨੂੰ ਝੂਠਾ ਸਮਝ ਕੇ ਖਤਮ ਕਰ ਦਿੱਤਾ ਜਾਵੇਗਾ।' ਨਾਮਦੇਵ ਜੀ ਡਰੇ ਨਹੀਂ। ਪ੍ਰਭੂ ਨੇ ਮੋਈ ਗਊ ਜਿਵਾਲ ਦਿੱਤੀ। ਨਾਮਦੇਵ ਜੀ ਦੇ ਗੁਆਂਢ ਵੱਸਦੇ ਅਮੀਰ ਨੇ ਛਪਰੀ ਢੁਹਾ ਦਿੱਤੀ, ਤਾਂ ਪ੍ਰਭੂ ਨੇ ਦਿਨ ਚੜ੍ਹਦੇ ਨੂੰ ਨਵੀਂ ਛਪਰੀ ਬਣਾ ਦਿੱਤੀ। ੯. ਫੇਰ ਭਗਤ ਜੀ ਦਾ ਬੀਠੁਲ ਦੇ ਮੰਦਰ ਦੇ ਪੁਜਾਰੀਆਂ ਨਾਲ ਵਾਹ ਪੈ ਗਿਆ। ਉਹਨਾਂ 'ਸ਼ੂਦਰ' 'ਸ਼ੂਦਰ' ਕਹਿ ਕੇ ਆਪ ਨੂੰ ਮੰਦਰੋਂ ਬਾਹਰ ਕੱਢ ਦਿੱਤਾ, ਤਾਂ ਆਪ ਮੰਦਰ ਦੇ ਪਿਛਲੇ ਪਾਸੇ ਜਾ ਬੈਠੇ। ਪ੍ਰਭੂ ਨੇ ਮੰਦਰ ਦਾ ਮੂੰਹ ਭੁਆ ਕੇ ਨਾਮਦੇਵ ਜੀ ਵੱਲ ਕਰ ਦਿੱਤਾ। ਇਉਂ ਭਗਤ ਜੀ ਦੀ ਜੈ ਜੈ ਕਾਰ ਹੋ ਗਈ। ਚਾਰੇ ਵਰਣ ਹੀ ਆਪ ਜੀ ਦੇ ਚਰਣੀਂ ਆ ਪਏ। ੧੦. (ਇਉਂ ਪਰਮੇਸ਼ਰ) ਭਗਤ ਜਨਾਂ ਦੇ ਕਹੇ ਸਭ ਕਾਰਜ ਕਰਦਾ ਹੈ॥ ੧੧॥

੧੨. ਨਾਮਦੇਵ ਤੇ ਤ੍ਰਿਲੋਚਨ ਭਗਤ

੧. ਦਰਸਨੁ ਦੇਖਣ ਨਾਮਦੇਵ ਭਲਕੇ ਉਠਿ ਤ੍ਰਿਲੋਚਨੁ ਆਵੈ।

੨. ਭਗਤਿ ਕਰਨਿ ਮਿਲਿ ਦੁਇ ਜਣੇ ਨਾਮਦੇਉ ਹਰਿ ਚਲਿਤੁ ਸੁਣਾਵੈ।
੩. ਮੇਰੀ ਭੀ ਕਰਿ ਬੇਨਤੀ ਦਰਸਨੁ ਦੇਖਾਂ ਜੇ ਤਿਸੁ ਭਾਵੈ।
੪. ਠਾਕੁਰ ਜੀ ਨੋ ਪੁਛਿਓਸੁ ਦਰਸਨੁ ਕਿਵੈ ਤ੍ਰਿਲੋਚਨੁ ਪਾਵੈ।
੫. ਹਸਿ ਕੈ ਠਾਕੁਰ ਬੋਲਿਆ ਨਾਮਦੇਉ ਨੋ ਕਹਿ ਸਮਝਾਵੈ।
੬. ਹਥਿ ਨ ਆਵੈ ਭੇਟੁ ਸੋ ਤੁਸਿ ਤ੍ਰਿਲੋਚਨ ਮੈ ਮੁਹਿ ਲਾਵੈ।
੭. ਹਉ ਅਧੀਨੁ ਹਾਂ ਭਗਤ ਦੇ ਪਹੁੰਚਿ ਨ ਹੰਘਾਂ ਭਗਤੀ ਦਾਵੈ।
੮. ਹੋਇ ਵਿਚੋਲਾ ਆਣਿ ਮਿਲਾਵੈ ॥ ੧੨ ॥

ਪਦ ਅਰਥ - ਭਲਕੇ=ਅੰਮ੍ਰਿਤ ਵੇਲੇ। ਭੇਟੁ=ਚੜ੍ਹਾਵਿਆਂ ਨਾਲ। ਤੁਸਿ=ਪ੍ਰਸੰਨ ਹੋ। ਹੰਘਾਂ=ਸਕਣਾ।

ਅਰਥ - ੧. ਤ੍ਰਿਲੋਚਨ, ਬਾਣੀਆਂ ਵਪਾਰੀ ਸੀ। (ਇਹ ਨਾਮਦੇਵ ਜੀ ਦਾ ਗੁਰ ਭਾਈ ਤੇ ਮਿੱਤਰ ਵੀ ਸੀ) ਤੜਕੇ ਹੀ ਨਾਮਦੇਵ ਜੀ ਦੇ ਦਰਸ਼ਨ ਕਰਨ ਲਈ ਆਇਆ ਕਰਦਾ ਸੀ। ੨. ਦੋਵੇਂ ਮਿਲ ਕੇ ਭਗਤੀ ਕਰਦੇ ਸਨ, ਨਾਮਦੇਵ ਜੀ ਭਗਤੀ ਦੀਆਂ ਕਥਾਵਾਂ ਕਰਦੇ, ਤੇ ਉਹ ਸੁਣਦਾ ਹੁੰਦਾ ਸੀ। ੩. (ਇੱਕ ਵੇਰਾਂ ਤ੍ਰਿਲੋਚਨ ਜੀ ਨੇ ਨਾਮਦੇਵ ਜੀ ਨੂੰ ਕਿਹਾ—) ਮੇਰੀ ਵੱਲੋਂ ਭੀ ਭਗਵਾਨ ਅੱਗੇ ਬੇਨਤੀ ਕਰੋ, ਜੋ ਮੈਂ ਭੀ ਕਿਵੇਂ ਉਸ (ਠਾਕੁਰ) ਦੇ ਦਰਸ਼ਨ ਕਰ ਸਕਾਂ। ਜੇ ਉਸ ਨੂੰ ਭਾਵੇ (ਮਰਜ਼ੀ ਹੋਵੇ)। ੪. ਨਾਮਦੇਵ ਜੀ ਨੇ ਠਾਕੁਰ ਜੀ ਨਾਲ ਗੱਲ ਕੀਤੀ ਤੇ ਪੁੱਛਿਆ ਕਿ ਕਿਵੇਂ ਤ੍ਰਿਲੋਚਨ ਜੀ ਨੂੰ ਵੀ ਦਰਸ਼ਨ ਦੇ ਸਕਦੇ ਹੋ। ੫. ਠਾਕੁਰ ਜੀ ਨੇ ਅੱਗੋਂ ਹੱਸ ਕੇ ਉੱਤਰ ਦਿੱਤਾ ਤੇ ਨਾਮਦੇਵ ਜੀ ਨੂੰ ਕਹਿ ਕੇ ਸਮਝਾਇਆ ਕਿ ੬. ਮੇਰੇ ਦਰਸ਼ਨ ਭੇਟਾਂ ਜਾਂ ਚੜ੍ਹਾਵਿਆਂ ਨਾਲ ਨਹੀਂ ਹੁੰਦੇ, ਮੈਂ ਤਾਂ ਪ੍ਰਸੰਨ ਹੋ ਕੇ ਹੀ ਤ੍ਰਿਲੋਚਨ ਜੀ ਨੂੰ ਦਰਸ਼ਨ ਦੇ ਸਕਦਾ ਹਾਂ, (ਜੇ ਉਹ ਕਰ ਲਵੇ)। ੭. ਮੈਂ ਤਾਂ ਭਗਤਾਂ (ਆਪਣੇ ਪਿਆਰਿਆਂ) ਦੇ ਅਧੀਨ ਹਾਂ, ਭਗਤੀ ਦੇ ਦਾਵਿਆਂ ਨੂੰ ਵੀ ਮੈਂ ਪਹੁੰਚ ਨਹੀਂ ਸਕਦਾ। ਜੋ ਅਨਿੰਨ ਭਗਤੀ ਹੈ, ਉਸ ਵਿਚ ਭਗਤੀ ਦਾ ਦਾਹਵਾ (ਸ਼ਰਤ) ਨਹੀਂ ਬੱਝ ਸਕਦੀ (ਪਰ ਮੈਂ ਭਗਤੀ ਦੇ ਦਾਵੇ ਨੂੰ) ਪਿਛਾਂਹ ਵੀ ਨਹੀਂ ਸੁੱਟ ਸਕਦਾ। ੮. (ਪਰ) ਜਿਨ੍ਹਾਂ ਦੇ (ਤੇਰੇ ਵਰਗੇ ਸੰਤ) ਵਿਚੋਲੇ ਬਣਨ, ਉਸ ਨੂੰ ਮੇਰੇ ਨਾਲ ਮਿਲਾ ਹੀ ਦੇਂਦੇ ਹਨ॥ ੧੨ ॥

੧੩. ਧੰਨਾ ਭਗਤ ਤੇ ਬ੍ਰਾਹਮਣ

੧. ਬਾਮ੍ਹਣੁ ਪੂਜੈ ਦੇਵਤੇ ਧੰਨਾ ਗਊ ਚਰਾਵਣਿ ਆਵੈ।
੨. ਧੰਨੈ ਡਿਠਾ ਚਲਿਤੁ ਏਹੁ ਪੁਛੈ ਬਾਮ੍ਹਣੁ ਆਖਿ ਸੁਣਾਵੈ।
੩. ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।
੪. ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧੁ ਭਾਵੈ।
੫. ਪਥਰੁ ਇਕੁ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ।

੬. ਠਾਕੁਰ ਨੋ ਨ੍ਹਾਵਾਲਿ ਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।
੭. ਹਥਿ ਜੋੜਿ ਮਿਨਤਿ ਕਰੈ ਪੈਰੀ ਪੈ ਪੈ ਬਹੁਤੁ ਮਨਾਵੈ।
੮. ਹਉ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।
੯. ਗੋਸਾਈ ਪਰਤਖਿ ਹੋਇ ਰੋਟੀ ਖਾਹਿ ਛਾਹਿ ਮੁਹਿ ਲਾਵੈ।
੧੦. ਭੋਲਾ ਭਾਉ ਗੋਬਿੰਦੁ ਮਿਲਾਵੈ॥ ੧੩॥

ਪਦ ਅਰਥ - ਜੋਦੜੀ=ਹੱਥ ਜੋੜ ਕੇ ਮਿੰਨਤਾਂ। ਗੈਲ=ਪਿੱਛਾ। ਛਾਹਿ=ਲੱਸੀ। ਰੁਠਾ=ਰੁਸਿਆ।

ਅਰਥ - ੧. (ਰਸਤੇ ਵਿਚ) ਬ੍ਰਾਹਮਣ ਬਹੁਤੇ ਠਾਕੁਰਾਂ (ਪੱਥਰਾਂ) ਦੀ ਪੂਜਾ ਕਰਦਾ ਹੁੰਦਾ ਸੀ ਕਿ ਧੰਨਾ ਜੀ ਗਊਆਂ ਲੈ ਕੇ ਕੋਲੋਂ ਲੰਘਦੇ ਹੁੰਦੇ ਸਨ। ੨. (ਧੰਨਾ ਜੀ, ਰੋਜ਼ ਹੀ ਬ੍ਰਾਹਮਣ ਦੇ) ਇਸ ਕਰਤਬ (ਚਲਿਤ) ਨੂੰ ਵੇਖਦੇ ਸਨ (ਕਿ ਇੱਕ ਦਿਨ ਉਸ ਨੇ) ਬ੍ਰਾਹਮਣ ਨੂੰ ਪੁੱਛਿਆ (ਕਿ ਇਹ ਕੀ ਕਰਦੇ ਹੋ, ਵਿਚਾਰਾ ਬਿਲਕੁਲ ਹੀ ਭੋਲਾ ਸੀ, ਤਾਂ) ਬ੍ਰਾਹਮਣ ਨੇ ਅੱਗੋਂ ਕਹਿ ਸੁਣਾਇਆ—੩. 'ਠਾਕੁਰਾਂ ਦੀ ਸੇਵਾ ਕਰਦਾ ਹਾਂ (ਇਹ ਸੇਵਾ ਕਰਕੇ ਅਸੀਂ) ਜੋ ਵੀ ਇੱਛਾ ਕਰੀਏ, ਸਾਨੂੰ ਉਹੀ ਫਲ ਮਿਲ ਜਾਂਦਾ ਹੈ। ੪. (ਇਹ ਸੁਣ ਕੇ) ਧੰਨਾ ਜੀ ਨੇ (ਨਿਮ੍ਰਤਾ ਨਾਲ) ਬੇਨਤੀ ਕੀਤੀ ਕਿ ਜੇ ਤੁਹਾਨੂੰ ਚੰਗਾ ਲੱਗੇ, ਤਾਂ ਇੱਕ ਠਾਕੁਰ ਮੈਨੂੰ ਭੀ ਦੇ ਦੇਵੋ (ਮੈਂ ਭੀ ਪੂਜਾ ਕਰਾਂਗਾ। ਜੇ ਤੁਸੀਂ ਮਨ ਇਛੇ ਫਲ ਪਾਉਂਦੇ ਹੋ, ਤਾਂ ਮੈਨੂੰ ਵੀ ਜ਼ਰੂਰ ਮਿਲ ਜਾਣਗੇ)। ੫. ਧੰਨੇ ਨੂੰ ਭੋਲਾ ਭਾਲਾ ਵੇਖ ਕੇ ਬ੍ਰਾਹਮਣ ਨੇ ਇੱਕ ਪੱਥਰ ਜਿਹਾ (ਕਪੜੇ ਵਿਚ) ਵਲੇਟ ਕੇ ਉਸ ਨੂੰ ਦੇ ਦਿੱਤਾ ਤੇ ਆਪਣਾ ਪਿੱਛਾ ਛੁਡਾਇਆ। ੬. (ਧੰਨੇ ਨੇ ਖੂਹ 'ਤੇ ਪੁੱਜ ਕੇ) ਠਾਕੁਰ ਨੂੰ ਨੁਹਾ ਕੇ ਲੱਸੀ ਤੇ ਰੋਟੀ ਭੋਗ ਲੁਆਣ ਲਈ ਅੱਗੇ ਰੱਖੀ। ੭. ਉਸ ਨੇ ਹੱਥ ਜੋੜੇ, ਮਿੰਨਤਾਂ ਕੀਤੀਆਂ, ਡੰਡਉਤਾਂ ਭੀ ਕੀਤੀਆਂ; (ਪਰ ਧੰਨਾ ਜੀ ਨੂੰ ਭਾਸਿਆ ਕਿ ਠਾਕੁਰ ਮੇਰੇ ਨਾਲ ਰੁਸ ਗਿਆ ਹੈ, ਤਾਂ ਇਹ ਜਾਣਕੇ ਉਸਨੇ ਵੀ ਪ੍ਰਣ ਕਰ ਲਿਆ ਕਿ ਜੇ ਤੁਸੀਂ ਭੋਗ ਨਹੀਂ ਲਾਓਗੇ) ਤਾਂ ੮. ਮੈਂ ਵੀ ਮੂੰਹ ਨਹੀਂ ਜੂਠਾਂ ਕਰਾਂਗਾ, ਤੇਰਾ ਰੁਸੇਵਾਂ ਵੇਖ ਕੇ ਮੈਨੂੰ ਵੀ ਕੁਝ ਚੰਗਾ ਨਹੀਂ ਲੱਗਦਾ। (ਭਗਤ ਜੀ ਨੇ ਕਈ ਦਿਨ ਅੰਨ ਪਾਨ ਨਾ ਕੀਤਾ, ਤੇ ਠਾਕੁਰ ਦੇ ਅੱਗੇ ਬੈਠੇ ਰਹੇ)। ੯. (ਧੰਨੇ ਦੀ ਸ਼ਰਧਾ ਤੇ ਭਰੋਸੇ ਨੂੰ ਵੇਖ ਕੇ) ਪ੍ਰਿਥਵੀ ਦੇ ਮਾਲਕ, (ਗੁਸਾਈਂ) ਪ੍ਰਤੱਖ ਹੋ ਗਏ। ਰੋਟੀ ਖਾਧੀ ਤੇ ਲੱਸੀ ਨੂੰ ਵੀ ਪੀਤਾ। ੧੦. ਇਹ ਭੋਲੇ-ਭਾਉ (ਦੀਆਂ ਖੂਬੀਆਂ ਹਨ ਕਿ ਉਸ ਨੇ ਭੋਲੇ ਤੇ ਨਿਸ਼ਕਪਟ) ਧੰਨਾ ਜੀ ਨੂੰ ਪ੍ਰਭੂ ਦੇ ਪਰਤੱਖ ਦਰਸ਼ਨ ਕਰਾ ਦਿੱਤੇ॥ ੧੩॥

੧੪. ਬੇਣੀ ਭਗਤ ਜੀ ਦੀ ਕਥਾ

੧. ਗੁਰਮੁਖਿ ਬੇਣੀ ਭਗਤਿ ਕਰਿ ਜਾਇ ਇਕਾਂਤੁ ਬਹੈ ਲਿਵ ਲਾਵੈ।
੨. ਕਰਮ ਕਰੈ ਅਧਿਆਤਮੀ ਹੋਰਸੁ ਕਿਸੈ ਨ ਅਲਖੁ ਲਖਾਵੈ।
੩. ਘਰਿ ਆਇਆ ਜਾ ਪੁਛੀਐ ਰਾਜ ਦੁਆਰਿ ਗਇਆ ਆਲਾਵੈ।
੪. ਘਰਿ ਸਭ ਵਥੂ ਮੰਗੀਅਨਿ ਵਲੁ ਛਲੁ ਕਰਿ ਕੈ ਝਤੁ ਲੰਘਾਵੈ।

੫. ਵਡਾ ਸਾਂਗੁ ਵਰਤਦਾ ਓਹ ਇਕ ਮਨਿ ਪਰਮੇਸਰੁ ਧਿਆਵੈ।
੬. ਪੈਜ ਸਵਾਰੈ ਭਗਤ ਦੀ ਰਾਜਾ ਹੋਇ ਕੈ ਘਰਿ ਚਲਿ ਆਵੈ।
੭. ਦੇਇ ਦਿਲਾਸਾ ਤੁਸਿ ਕੈ ਅਣਗਣਤੀ ਖਰਚੀ ਪਹੁੰਚਾਵੈ।
੮. ਓਥਹੁ ਆਇਆ ਭਗਤ ਪਾਸਿ ਹੋਇ ਦਇਆਲੁ ਹੇਤੁ ਉਪਜਾਵੈ।
੯. ਭਗਤ ਜਨਾਂ ਜੈਕਾਰੁ ਕਰਾਵੈ ॥ ੧੪ ॥

ਪਦ ਅਰਥ - ਲਿਵ = ਇੱਕ ਮਨ ਹੋ ਜੁੜਨਾ। ਅਧਿਆਤਮੀ=ਨਿਸ਼ਕਾਮ ਕਰਮ। ਝਤੁ=ਸਮਾਂ। ਸਾਂਗੁ=ਕੌਤਕ, ਖੇਲ।

ਅਰਥ - ੧. ਭਗਤ ਬੇਣੀ, ਗੁਰਮੁਖਾਂ ਦੀ ਨਿਆਈਂ ਭਗਤੀ ਕਰਦਾ ਸੀ। ਉਹ ਇਕਾਂਤ ਵਿਚ ਜਾ ਕੇ, ਇੱਕ ਮਨ ਹੋ ਧਿਆਨ ਵਿਚ ਮਗਨ ਹੋ ਜਾਂਦਾ ਸੀ।' ੨. ਉਹ ਇਹ ਕਰਮ ਇੱਛਾ ਰਹਿਤ ਹੋ ਕੇ ਕਰਦਾ ਤੇ ਇਸ ਅਲਖ (ਉੱਚੀ ਭੇਦ ਵਾਲੀ ਗਤੀ) ਨੂੰ ਕਿਸੇ ਤਾਈਂ ਜਤਾਉਂਦਾ (ਜਾਂ ਕਹਿੰਦਾ ਤਕ ਵੀ) ਨਹੀਂ ਸੀ। ੩. (ਬਾਹਰੋਂ ਸ਼ਾਮ ਵੇਲੇ) ਘਰ ਆਉਂਦਾ, ਤਾਂ ਪੁੱਛਣ 'ਤੇ ਦੱਸਦਾ ਕਿ ਮੈਂ ਰਾਜੇ ਦੇ ਦਰਬਾਰ ਵਿਚ ਗਿਆ ਸੀ। (ਪਰ ਅਜੇ ਉਸ ਨੇ ਦੱਛਣਾ ਨਹੀਂ ਦਿੱਤੀ। ਮੈਂ ਮੰਗਣੀ ਨਹੀਂ, ਏਡੇ ਵਡੇ ਰਾਜੇ ਮਹਾਰਾਜੇ ਤੋਂ ਮੰਗ ਕਰਦਿਆਂ ਜ਼ਰਾ ਸੰਗ ਜੇਹੀ ਆਉਂਦੀ ਹੈ, ਪਰ ਉਹ ਆਪੇ ਹੀ ਦੇਵੇਗਾ, ਇਹ ਮੇਰਾ ਨਿਸ਼ਚਾ ਹੈ)। ੪. ਘਰ ਵਾਲੇ (ਖਾਣ ਤੇ ਪਹਿਰਨ ਦੀਆਂ) ਸਭ ਵਸਤੂਆਂ ਮੰਗਦੇ, ਪਰ ਉਹ ਟਾਲ-ਮਟੋਲਾਂ ਕਰਕੇ ਸਮਾਂ ਲੰਘਾਈ ਜਾਂਦਾ। (ਘਰ ਵਾਲੇ ਤੰਗ ਕਰਦੇ ਤਾਂ ਵੀ ਉਸ ਭਗਤੀ ਕਰਨ ਤੋਂ ਸਿਦਕ ਨਾ ਹਾਰਿਆ ਤੇ ਲੱਗਾ ਰਿਹਾ)। ੫. ਇੱਕ ਦਿਨ ਵੱਡਾ ਸਾਂਗ (ਕੌਤਕ) ਵਰਤਿਆ, ਜਦੋਂ ਕਿ ਉਹ ਇੱਕ ਮਨ ਹੋ ਪ੍ਰਭੂ ਦੀ (ਜੰਗਲ ਵਿਚ ਬੈਠਾ) ਅਰਾਧਨਾ ਕਰ ਰਿਹਾ ਸੀ। ੬. ਭਗਤ ਦੀ ਪੈਜ ਸਵਾਰ ਦਿੱਤੀ, ਪ੍ਰਭੂ ਜੀ ਆਪ ਰਾਜੇ ਦਾ ਰੂਪ ਧਾਰ ਕੇ ਉਸਦੇ ਘਰ ਚਲੇ ਆਏ। ੭. ਪਰਮੇਸ਼ਰ ਨੇ ਪਿਆਰ ਵਿਚ ਆ ਕੇ (ਬੇਣੀ ਜੀ ਦੇ ਪਰਿਵਾਰ ਨੂੰ) ਦਿਲਾਸਾ ਦਿੱਤਾ, ਤੇ ਏਨੀ ਸਮੱਗਰੀ ਬੇਣੀ ਜੀ ਦੇ ਘਰ ਲਿਆ ਸੁੱਟੀ, ਜਿਸ ਦਾ ਅੰਦਾਜ਼ਾ ਨਹੀਂ ਲੱਗ ਸਕਦਾ। ੮. ਘਰੋਂ ਹੋ ਕੇ ਪ੍ਰਭੂ ਜੀ ਮੁੜ (ਜੰਗਲ ਵਿਚ ਇਕਾਂਤ ਥਾਂ ਜੁੜ ਬੈਠੇ) ਭਗਤ ਜੀ ਕੋਲ ਪੁੱਜੇ। ਦਇਆਲੂ ਹੋ ਕੇ ਉਸ ਨਾਲ ਭਾਰਾ ਹਿਤ (ਪਿਆਰ) ਉਪਜਾਇਆ। ੯. (ਇਉਂ ਪਰਮੇਸ਼ਰ) ਭਗਤੀ ਕਰਨ ਵਾਲੇ ਭਗਤਾਂ ਦੀ ਜੈ ਜੈ ਕਾਰ ਕਰਾਉਂਦਾ ਹੈ॥ ੧੪ ॥

੧੫. ਭਗਤ ਕਬੀਰ ਅਤੇ ਸੁਆਮੀ ਰਾਮਾ ਨੰਦ

੧. ਹੋਇ ਬਿਰਕਤੁ ਬਨਾਰਸੀ ਰਹਿੰਦਾ ਰਾਮਾਨੰਦੁ ਗੁਸਾਈਂ।
੨. ਅੰਮ੍ਰਿਤੁ ਵੇਲੇ ਉਠਿ ਕੈ ਜਾਂਦਾ ਗੰਗਾ ਨ੍ਹਾਵਣ ਤਾਈਂ।
੩. ਅਗੋ ਹੀ ਦੇ ਜਾਇ ਕੈ ਲੰਮਾ ਪਿਆ ਕਬੀਰ ਤਿਥਾਈਂ।
੪. ਪੈਰੀ ਟੁੰਬਿ ਉਠਾਲਿਆ 'ਬੋਲਹੁ ਰਾਮ' ਸਿਖ ਸਮਝਾਈ।
੫. ਜਿਉ ਲੋਹਾ ਪਾਰਸੁ ਛੁਹੇ ਚੰਦਨ ਵਾਸੁ ਨਿੰਮੁ ਮਹਕਾਈ।

੬. ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ।
੭. ਅਚਰਜ ਨੋ ਅਚਰਜੁ ਮਿਲੈ ਵਿਸਮਾਦੈ ਵਿਸਮਾਦੁ ਮਿਲਾਈ।
੮. ਝਰਣਾ ਝਰਦਾ ਨਿਝਰਹੁ ਗੁਰਮੁਖਿ ਬਾਣੀ ਅਘੜ ਘੜਾਈ।
੯. ਰਾਮ ਕਬੀਰੈ ਭੇਦੁ ਨ ਭਾਈ॥ ੧੫ ॥

ਪਦ ਅਰਥ - ਪੈਰੀ ਟੁੰਬਿ=ਪੈਰ ਦੇ ਪੰਜੇ ਨਾਲ ਹਿਲਾ ਕੇ। ਸਿਖ=ਸਿੱਖਿਆ। ਮਹਕਾਈ=ਮਹਿਕ ਵਾਲਾ ਕਰ ਦਿੱਤਾ।

ਅਰਥ - ੧. ਰਾਮਾ ਨੰਦ ਜੀ ਮਾਇਆ ਤੋਂ ਉਦਾਸ ਹੋ ਕੇ ਬਨਾਰਸ (ਕਾਂਸ਼ੀ) ਵਿਖੇ ਰਹਿੰਦੇ ਸਨ। ੨. ਉਹ ਸਵੇਰੇ ਹੀ (ਅੰਮ੍ਰਿਤ ਵੇਲੇ) ਇਸ਼ਨਾਨ ਕਰਨ ਲਈ ਗੰਗਾ 'ਤੇ ਜਾਂਦੇ ਸਨ। (ਰਾਮਾ ਨੰਦ ਜੀ ਪੂਰਨ ਬ੍ਰਹਮ ਗਿਆਨੀ ਸਨ, ਪਰ ਉਨ੍ਹਾਂ ਦੇ ਮਨ ਵਿਚ ਮਲੇਛ ਤੇ ਨੀਚ ਨੂੰ ਮੱਥੇ ਨਾ ਲਾਉਣ ਦਾ ਸੰਕਲਪ ਮੌਜੂਦ ਸੀ, ਤੇ ਉਨ੍ਹਾਂ ਦੀ ਏਹ ਗੱਲ ਕਾਂਸ਼ੀ ਦੇ ਅਧਿਆਤਮੀ ਥਾਵਾਂ 'ਤੇ ਉਜਾਗਰ ਸੀ। ਕਬੀਰ ਜੀ ਨੂੰ ਇਸ ਪਾਸੇ ਦੀ ਲਗਨ ਸੀ ਤੇ ਉਹਨਾਂ ਦੇ ਵਿਚਾਰ ਵਿਚ ਰਾਮਾ ਨੰਦ ਜੀ ਹੀ ਉਸ ਸਮੇਂ ਦੇ ਉੱਤਮ ਪੁਰਸ਼ਾਂ ਵਿਚੋਂ ਸਨ। ਜਿਨ੍ਹਾਂ ਦੀ ਕਿਰਪਾ-ਦ੍ਰਿਸ਼ਟੀ, ਕਿਸੇ ਦੀ ਕਾਯਾ ਕਲਪ ਕਰਨ ਨੂੰ ਸਮਰੱਥ ਸੀ। ਕਬੀਰ ਜੀ ਉਨ੍ਹਾਂ ਦੇ ਡੇਰੇ ਵਿਚ ਇਸੇ ਲਈ ਨਹੀਂ ਸੀ ਗਏ ਕਿ ਸ਼ਾਇਦ ਮੈਨੂੰ ਮਲੇਛ ਜਾਣ ਕੇ ਮੱਥੇ ਨਾ ਲਾਉਣ) ਉਨ੍ਹਾਂ ਨੂੰ ਪਤਾ ਸੀ ਕਿ ਰਾਮਾ ਨੰਦ ਜੀ ਅੰਮ੍ਰਿਤ ਵੇਲੇ ਡੇਰੇ ਵਿਚੋਂ ਨਿਕਲ ਕੇ ਕਿਸ ਰਸਤੇ ਗੰਗਾ 'ਤੇ ਜਾਂਦੇ ਹਨ। ੩. (ਸੋ ਕਬੀਰ ਜੀ) ਅੱਧੀ ਰਾਤ ਨੂੰ ਹੀ ਉਸ ਰਸਤੇ ਵਿਚ ਜਾ ਲੇਟੇ, ਜਿਧਰੋਂ ਰਾਮਾ ਨੰਦ ਜੀ ਨੇ ਲੰਘਣਾ ਸੀ। ੪. ਰਾਮਾ ਨੰਦ ਜੀ ਨੇ ਕਬੀਰ ਨੂੰ ਰਸਤੇ ਵਿਚ ਪਏ ਵੇਖ ਕੇ ਟੁੰਬ ਕੇ ਜਗਾ ਦਿੱਤਾ ਤੇ ਕਿਹਾ, 'ਉੱਠ, ਰਾਮ ਕਹੁ।' ੫. (ਫਿਰ ਕੀ ਸੀ ?) ਜਿਵੇਂ ਲੋਹਾ ਪਾਰਸ ਛੁਹ ਕੇ ਸੋਨਾ ਤੇ ਕੌੜੀ ਨਿੰਮ, ਚੰਦਨ ਦੇ ਨੇੜੇ ਹੋ, ਵਾਸ਼ਨਾ ਵਾਲੀ ਹੋ ਜਾਂਦੀ ਹੈ। ੬. ਇਸੇ ਤਰ੍ਹਾਂ ਪੂਰੇ ਸਤਿਗੁਰੂ ਦੀ ਹੀ ਇਹ ਮਹਾਨ ਵਡਿਆਈ ਹੈ ਕਿ ਉਨ੍ਹਾਂ ਦੀ ਛੁਹ ਪਸ਼ੂ ਤੇ ਪਰੇਤ ਬੁਧੀ ਵਾਲੇ ਨੀਵਿਆਂ ਨੂੰ ਉੱਚੀ ਸੁਰਤ ਵਾਲੇ (ਦੇਵਤੇ) ਬਣਾ ਦੇਂਦੀ ਹੈ। ਇਹੀ ਹਾਲਤ ਕਬੀਰ ਜੀ ਨਾਲ ਵਰਤੀ। ੭. ਉਹ ਜਿਵੇਂ ਅਸਚਰਜ ਨੂੰ ਅਸਚਰਜ ਹੀ ਮਿਲ ਗਏ ਤੇ ਵਿਸਮਾਦ ਨੂੰ ਵਿਸਮਾਦ। (ਭਾਵ ਰਾਮਾ ਨੰਦ ਜੀ ਨੇ ਕਬੀਰ ਜੀ ਨੂੰ ਕਾਹਦਾ ਟੁੰਬਿਆ, ਆਪਣੇ ਵਰਗਾ ਹੀ ਬਣਾ ਦਿੱਤਾ)। ੮. ਜਿਵੇਂ ਝਰਨੇ ਤੋਂ ਝਰਨਾ ਨਿਝਰ ਧਾਰਾ ਨਾਲ ਤੁਰਦਾ ਹੈ, ਇਸ ਤਰ੍ਹਾਂ ਗੁਰਮੁਖ (ਰਾਮਾ ਨੰਦ ਜੀ) ਦੀ ਬਾਣੀ (ਰਾਮ ਕੋ, ਰਾਮ ਕਹੁ) ਨੇ ਬਿਲਕੁਲ ਅਨਘੜੇ (ਕਬੀਰ ਜੀ) ਨੂੰ ਘੜ ਕੇ (ਭਾਵ ਸਵਾਰ ਕੇ) ਰੱਖ ਦਿੱਤਾ। ੯. (ਤੇ ਐਸਾ ਸਵਾਰਿਆ ਕਿ) ਰਾਮ ਤੇ ਕਬੀਰ ਜੀ ਵਿਚ ਭੇਦ ਹੀ ਨਾ ਰਿਹਾ॥ ੧੫ ॥

੧੬. ਸੈਣ ਨਾਈ ਜੀ ਦੀ ਭਗਤੀ

੧. ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ।
੨. ਪ੍ਰੇਮ ਭਗਤਿ ਰਾਤੀ ਕਰੈ ਭਲਕੇ ਰਾਜ ਦੁਆਰੈ ਜਾਈ।
੩. ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।

੪. ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।
੫. ਸੈਣ ਰੂਪਿ ਹਰਿ ਜਾਇ ਕੈ ਆਇਆ ਰਾਣੈ ਨੋ ਰੀਝਾਈ।
੬. ਸਾਧ ਜਨਾਂ ਨੋ ਵਿਦਾ ਕਰਿ ਰਾਜ ਦੁਆਰਿ ਗਇਆ ਸਰਮਾਈ।
੭. ਰਾਣੈ ਦੂਰਹੁੰ ਸਦਿ ਕੈ ਗਲਹੁੰ ਕਵਾਇ ਖੋਲਿ ਪੈਨ੍ਹਾਈ।
੮. ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ।
੯. ਪਰਗਟੁ ਕਰੈ ਭਗਤਿ ਵਡਿਆਈ॥੧੬॥

ਪਦ ਅਰਥ - ਭਲਕੇ=ਨਿੱਤ ਹੀ ਤੜਕੇ। ਕਵਾਇ=ਗਲ ਦੀ ਪੁਸ਼ਾਕ। ਲੁਕਾਈ=ਸਾਰੇ ਅਹਿਲਕਾਰ ਤੇ ਹੋਰ ਨੌਕਰ ਚਾਕਰ।

ਅਰਥ - ੧. ਕਬੀਰ ਜੀ (ਦੀ ਭਗਤੀ) ਦਾ ਪਰਤਾਪ ਸੁਣ ਕੇ (ਰਾਮਾ ਨੰਦ ਜੀ ਦਾ) ਦੂਸਰਾ ਸਿੱਖ (ਚੇਲਾ) ਸੈਣ ਨਾਈ ਹੋਇਆ। (ਇਹ ਭਗਤੀ ਦੇ ਦਰਜੇ 'ਤੇ ਕਿਵੇਂ ਪੁੱਜਾ ? ਇਸ ਘਾਲਣਾ ਨੂੰ ਦੱਸਦੇ ਹਨ)। ੨. ਇਹ ਪ੍ਰੇਮਾ-ਭਗਤੀ ਰਾਤ ਸਮੇਂ ਕਰਦਾ ਸੀ। (ਸੰਤਾਂ ਸਾਧੂਆਂ ਦੀ ਸੰਗਤ ਕਰਦਾ ਸੀ) ਤੇ ਸਵੇਰੇ ਹੀ ਉਹ ਰਾਜੇ ਦੀ ਸੇਵਾ ਕਰਨ ਲਈ ਮਹੱਲਾਂ ਵਿਚ ਚਲਾ ਜਾਂਦਾ ਸੀ। ੩. (ਪਰ ਇੱਕ ਵੇਰਾਂ, ਇਸ ਦੇ ਘਰ) ਸੰਤ ਪਰਾਹੁਣੇ ਬਣ ਕੇ ਆ ਗਏ, (ਜਿਨ੍ਹਾਂ ਨੇ) ਸਾਰੀ ਰਾਤ ਕਥਾ-ਕੀਰਤਨ ਵਿਚ ਗੁਜ਼ਾਰੀ। ੪. (ਨਾਮ-ਰਸ ਵਿਚ ਰੰਗੇ ਸੰਤ, ਨਾਮ ਦਾ ਪ੍ਰਵਾਹ ਚਲਾਈ ਗਏ), ਜਿਸ ਨੂੰ ਸੈਣ ਜੀ ਛੱਡ ਨਾ ਸਕੇ (ਉਹ ਸਵੇਰ ਦਾ ਸਮਾਂ ਲੰਘ ਗਿਆ, ਸਮੇਂ ਸਿਰ ਰਾਜੇ ਦੀ ਸੇਵਾ ਕਰਨ ਨਾ ਜਾ ਸਕੇ)। ੫. ਪਰ ਭਗਤ ਵਛਲ ਪ੍ਰਭੂ ਦੀ ਕਰਨੀ ਵੇਖੋ ਕਿ ਉਹ ਆਪ ਸੈਣ ਦਾ ਰੂਪ ਬਣਾ ਕੇ, ਸਮੇਂ ਸਿਰ ਰਾਜੇ ਦੀ ਸੇਵਾ ਵਿਚ ਚਲੇ ਗਏ। ਸੇਵਾ ਕਰਕੇ ਰਾਜੇ ਨੂੰ ਆਨੰਦ ਤੇ ਪ੍ਰਸੰਨ ਕਰ ਆਏ। ੬. ਦਿਨ ਚੜ੍ਹੇ ਸਾਧ ਜਨਾਂ ਨੂੰ ਵਿਦਿਆ ਕਰਕੇ (ਘਰੋਂ ਤੋਰ ਕੇ) ਸੈਣ ਸ਼ਰਮਾਂਦਾ ਹੋਇਆ ਰਾਜੇ ਵੱਲ ਗਿਆ (ਕਿ ਅੱਜ ਰਾਜੇ ਦੀ ਸੇਵਾ ਨੂੰ ਨਾਗਾ ਪੈ ਗਿਆ ਹੈ)। ੭. ਪਰ ਰਾਜੇ ਨੇ ਦੂਰੋਂ ਆਉਂਦੇ ਸੈਣ ਜੀ ਨੂੰ ਵੇਖ ਕੇ ਕਿਹਾ, 'ਸੈਣ ! ਅੱਜ ਤੂੰ ਸੇਵਾ ਕਰਕੇ ਮੈਨੂੰ ਐਸਾ ਪ੍ਰਸੰਨ-ਚਿੱਤ ਕੀਤਾ ਹੈ ਕਿ ਬਸ ਹੁਣ ਮੈਂ ਤੇਰੇ ਵਸ ਹੋ ਗਿਆ ਸਮਝ ਲੈ।' ੮. ਇਹ ਕਹਿ ਕੇ ਗਲ ਦੀ ਪੁਸ਼ਾਕ ਸੈਣ ਜੀ ਨੂੰ ਪਹਿਨਾ ਦਿੱਤੀ। ਰਾਜੇ ਦੀ ਇਹ ਗੱਲ ਸਾਰੇ ਦਰਬਾਰੀ ਤੇ ਹੋਰ ਨੌਕਰ ਚਾਕਰ ਸਾਰੇ ਹੀ ਸੁਣ ਰਹੇ ਸਨ। ੯. (ਇਉਂ ਪਰਮੇਸ਼ਰ) ਭਗਤਾਂ ਦੀ ਵਡਿਆਈ ਨੂੰ ਪ੍ਰਗਟ ਕਰਦਾ ਹੈ॥੧੬॥

੧੭. ਭਗਤ ਰਵਿਦਾਸ ਦੀ ਪ੍ਰੇਮਾ-ਭਗਤੀ

੧. ਭਗਤੁ ਭਗਤੁ ਜਗਿ ਵਜਿਆ ਚਹੁ ਚਕਾਂ ਦੇ ਵਿਚਿ ਚਮਿਰੇਟਾ।
੨. ਪਾਣ੍ਹਾ ਗੰਢੈ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।
੩. ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲੁ ਅਮੋਲੁ ਪਲੇਟਾ।
੪. ਚਹੁ ਵਰਨਾ ਉਪਦੇਸਦਾ ਗਿਆਨ ਧਿਆਨੁ ਕਰਿ ਭਗਤਿ ਸਹੇਟਾ।

੫. ਨ੍ਹਾਵਣਿ ਆਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਥੇਟਾ।
੬. ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ।
੭. ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜੁ ਅਮੇਟਾ।
੮. ਲਇਆ ਕਸੀਰਾ ਹਥੁ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ।
੯. ਭਗਤ ਜਨਾਂ ਹਰਿ ਮਾਂ ਪਿਉ ਬੇਟਾ॥੧੭॥

ਪਦ ਅਰਥ - ਵਜਿਆ=ਪ੍ਰਸਿੱਧਤਾ ਹੋ ਗਈ। ਪਾਣ੍ਹਾ=ਜੁੱਤੀਆਂ। ਸਹੇਟਾ=ਸਹਿਤ। ਥੇਟਾ=ਪੁਰਬੀ ਦਾ ਟਿਕਾਣਾ। ਕਸੀਰਾ=ਕੌਡਾਂ ਦਾ ਗੁੱਛਾ, ਜਾਂ ਹਾਰ। ਅਭੀਚ=ਅਭਿਜਿੱਤ ਨਿਛੱਤ੍ਰ।

ਅਰਥ - ੧. ਜਗਤ ਦੇ ਚਾਰੇ ਚੱਕਾਂ (ਭਾਵ ਚਾਰ ਪਾਸੇ) 'ਰਵਿਦਾਸ ਚਮਾਰ' ਬੜਾ ਭਗਤ ਹੈ, ਇਹ ਗੱਲ ਡੰਕੇ ਦੀ ਚੋਟ ਵਾਂਗ ਪ੍ਰਗਟ ਹੋ ਰਹੀ ਸੀ। ੨. (ਲੋਕੀ ਗੱਲਾਂ ਕਰਦੇ, ਪਈ) ਰਸਤੇ ਵਿਚ ਬੈਠਾ ਜੁੱਤੀਆਂ ਗੰਢ ਰਿਹਾ ਹੈ, ਜਿਸ ਦੀ ਕੁਲ ਦਾ ਕਰਮ ਮੋਏ ਡੰਗਰਾਂ ਨੂੰ ਢੋਣਾ ਹੈ, ੩. (ਪਰ ਇਸ ਚਮਿਆਰਾਂ ਦੀ ਕੁਲ ਵਿਚ ਰਵਿਦਾਸ ਜੀ ਭਗਤੀ ਕਰਕੇ ਐਉਂ ਹਨ, ਜਿਵੇਂ) ਮੈਲੇ ਕੁਚੈਲੇ ਤੇ ਫਟੇ ਪੁਰਾਣੇ ਕੱਪੜਿਆਂ ਵਿਚ ਕੋਈ ਹੀਰਾ ਜਾਂ ਕੀਮਤੀ ਲਾਲ ਲਪੇਟਿਆ ਹੋਇਆ ਹੋਵੇ। ੪. ਚਾਰੇ ਵਰਣਾਂ (ਖਤ੍ਰੀ, ਬ੍ਰਾਹਮਣ, ਸ਼ੂਦਰ ਤੇ ਵੈਸ਼) ਨੂੰ ਇਹ ਉਪਦੇਸ਼ ਦੇਂਦਾ ਹੈ, ਗਿਆਨ ਧਿਆਨ ਦਾ ਰਸਤਾ ਤੇ ਭਗਤੀ ਦਾ ਰਾਹ ਦੱਸਦਾ ਹੈ। ੫. (ਇਕ ਵੇਰਾਂ) ਗੰਗਾ 'ਤੇ ਪੁਰਬ ਨ੍ਹਾਉਣ ਲਈ ਬਹੁਤ ਸਾਰਾ ਸੰਗ (ਵੱਡਾ ਜਥਾ) ਆਇਆ। ੬. (ਰਵਿਦਾਸ ਜੀ ਦੇ ਕੋਲੋਂ ਇਹ ਸੰਗ ਜਾਣ ਲੱਗਾ ਤਾਂ) ਰਵਿਦਾਸ ਜੀ ਨੇ (ਆਪਣੇ ਤੱਪੜ ਦੇ ਥੱਲਿਓਂ) ਇੱਕ ਕਸੀਰਾ (ਕੌਡੀਆਂ ਦਾ ਛੋਟਾ ਜਿਹਾ ਗੁੱਛਾ) ਇੱਕ ਸੰਗੀ ਨੂੰ ਦਿੱਤਾ ਤੇ ਕਿਹਾ—'ਮੇਰੇ ਵੱਲੋਂ ਗੰਗਾ ਜੀ ਦੀ ਭੇਟਾ ਕਰ ਦੇਣਾ'। ੭. ਜਦੋਂ ਅਭੀਚ (ਅਭਿਜਿੱਤ ਨਿਛੱਤ੍ਰ) ਦਾ ਪੁਰਬ ਲੱਗ ਰਿਹਾ ਸੀ, ਤਾਂ ਗੰਗਾ 'ਤੇ ਗਏ ਸੰਗ ਵਾਲਿਆਂ ਤੇ ਹੋਰ ਲੋਕਾਂ ਅਜਬ ਕੌਤਕ ਵੇਖਿਆ ਕਿ ੮. (ਗੰਗਾ ਨੇ) ਹੱਥ ਪਾਣੀ ਵਿਚੋਂ ਬਾਹਰ ਕੱਢ ਕੇ ਰਵਿਦਾਸ ਜੀ ਦਾ ਕਸੀਰਾ ਲਿਆ। ਇਹ ਕੌਤਕ ਇਉਂ ਸੀ ਕਿ ਸੂਤਰ ਤਾਂ ਇਕੋ ਹੀ ਹੁੰਦਾ ਹੈ, ਪਰ ਤਾਣੇ ਪੇਟੇ ਵਾਂਗ ਵਖੋ ਵੱਖ ਹੁੰਦਾ ਹੈ। ੯. ਹਰੀ ਭਗਤ ਜਨਾਂ ਦਾ ਮਾਂ, ਪਿਉ ਤੇ ਪੁੱਤਰ (ਆਪ ਹੀ) ਹੈ॥੧੭॥

੧੮. ਅਹਿੱਲਿਆ ਅਤੇ ਗੌਤਮ ਰਿਖੀ

੧. ਗੋਤਮ ਨਾਰਿ ਅਹਿਲਿਆ ਤਿਸਨੋ ਦੇਖਿ ਇੰਦ੍ਰ ਲੋਭਾਣਾ।
੨. ਪਰ ਘਰਿ ਜਾਇ ਸਰਾਪੁ ਲੈ ਹੋਇ ਸਹਸ ਭਗ ਪਛੋਤਾਣਾ।
੩. ਸੁੰਞਾ ਹੋਆ ਇੰਦ੍ਰ ਲੋਕੁ ਲੁਕਿਆ ਸਰਵਰਿ ਮਨਿ ਸਰਮਾਣਾ।
੪. ਸਹਸ ਭਗਹੁ ਲੋਇਣ ਸਹਸ ਲੈਂਦੋਈ ਇੰਦ੍ਰ ਪੁਰੀ ਸਿਧਾਣਾ।
੫. ਸਤੀ ਸਤਹੁ ਟਲਿ ਸਿਲਾ ਹੋਇ ਨਦੀ ਕਿਨਾਰੈ ਬਾਝੁ ਪਰਾਣਾ।

੬. ਰਘੁਪਤਿ ਚਰਣਿ ਛੁਹੰਦਿਆ ਚਲੀ ਸੁਰਗ ਪੁਰਿ ਬਣੇ ਬਿਬਾਣਾ।
੭. ਭਗਤਿ ਵਛਲੁ ਭਲਿਆਈਅਹੁ ਪਤਿਤ ਉਧਾਰਣੁ ਪਾਪ ਕਮਾਣਾ।
੮. ਗੁਣ ਨੋ ਗੁਣ ਸਭ ਕੋ ਕਰੈ ਅਉਗੁਣ ਕੀਤੇ ਗੁਣ ਤਿਸੁ ਜਾਣਾ।
੯. ਅਬਿਗਤਿ ਗਤਿ ਕਿਆ ਆਖਿ ਵਖਾਣਾ ॥ ੧੮ ॥

ਪਦ ਅਰਥ - ਗੋਤਮ=ਰਿਖੀ ਦਾ ਨਾਂ। ਸੁੰਞਾ=ਸੁੰਨਸਾਨ ਵਾਂਗ। ਸਰਵਰਿ=ਤਲਾਅ। ਬਾਝੁ ਪਰਾਣਾ= ਜਿੰਦ-ਹੀਨ, ਪੱਥਰ।

ਅਰਥ - ੧. ਗੋਤਮ ਰਿਖੀ ਦੀ ਸੁਪਤਨੀ ਅਹਿੱਲਿਆ, (ਜੋ ਵੱਡੇ ਰੂਪ ਵਾਲੀ ਸੀ) ਨੂੰ ਵੇਖ ਕੇ, ਇੰਦਰ ਰੂਪ ਦਾ ਲੋਭੀ ਹੋ ਗਿਆ। ੨. (ਕਾਮ-ਵਾਸ਼ਨਾ ਲਈ) ਉਸ ਨੇ ਪਰਾਏ ਘਰ (ਪਰ-ਇਸਤ੍ਰੀ ਗਮਨ ਕਰਨੰ) ਜਾਣ ਕਰਕੇ ਗੋਤਮ ਰਿਖੀ ਤੋਂ ਸਰਾਪ ਲੈ ਲਿਆ ਕਿ ਜਿਸ ਚੀਜ਼ ਦਾ ਲੋਭ ਕੀਤਾ ਹੈ, ਉਹੀ ਭਗਾਂ ਗਿਣਤੀ ਵਿਚ ਹਜ਼ਾਰ ਤੇਰੇ ਸਰੀਰ 'ਤੇ ਹੋ ਜਾਣਗੀਆਂ। ੩. ਹਜ਼ਾਰ ਭਗਾਂ ਸਰੀਰ 'ਤੇ ਹੋਈਆਂ ਵੇਖ, ਉਹ ਪਛੋਤਾਇਆ ਤੇ ਸ਼ਰਮ ਦਾ ਮਾਰਾ ਇੰਦਰਪੁਰੀ ਨੂੰ ਛੱਡ ਇੱਕ ਸਰੋਵਰ ਵਿਚ ਜਾ ਲੁਕਿਆ। (ਤੇ ਪ੍ਰਭੂ ਸਿਮਰਨ ਕਰਨ ਲੱਗਾ)। ਉਸ ਦੇ ਬਿਨਾਂ ਇੰਦਰਪੁਰੀ ਸੁੰਞੀ ਹੋ ਗਈ। ਸਭ ਲੱਭਣ ਲੱਗੇ ਰਾਜਾ ਇੰਦਰ ਕਿਧਰ ਚਲਾ ਗਿਆ? ੪. ਉਸ ਦੇ ਘੋਰ ਪਸ਼ਚਾਤਾਪ ਕਰਨ ਤੇ ਸਿਮਰਨ ਕਰਨ ਦਾ ਫਲ ਇਹ ਹੋਇਆ ਕਿ ਭਗਾਂ ਦੀ ਥਾਂ ਹਜ਼ਾਰਾਂ ਨੇਤਰ ਬਣ ਗਏ। ਇਸ ਤਬਦੀਲੀ ਮਗਰੋਂ ਉਹ ਉਸੇ ਵੇਲੇ ਇੰਦਰ ਲੋਕ ਨੂੰ ਚਲਾ ਗਿਆ। ੫. (ਪਤਨੀ ਨੂੰ ਪਰ ਪੁਰਸ਼ ਦਾ ਸੰਗ ਕਰਨ ਕਰਕੇ ਗੋਤਮ ਨੇ ਸਿਲਾ (ਪੱਥਰ) ਬਣ ਜਾਣ ਦਾ ਸਰਾਪ ਦੇ ਦਿੱਤਾ) ਸੋ ਪਤੀਬ੍ਰਤ ਧਰਮ ਦੇ ਸਤ ਤੋਂ ਟਲਣ ਦੀ ਇਹ ਸਜ਼ਾ ਮਿਲੀ ਕਿ ਉਹ ਬਿਨਾਂ ਪ੍ਰਾਣਾਂ ਤੋਂ ਪੱਥਰ ਬਣ ਨਦੀ ਦੇ ਕਿਨਾਰੇ ਆਣ ਟਿਕੀ। ੬. (ਹਜ਼ਾਰਾਂ ਵਰ੍ਹੇ ਧੁੱਪਾਂ ਤੇ ਛਾਵਾਂ ਵਿਚ ਪਏ ਰਹਿਣ ਪਿੱਛੋਂ ਇਸ ਪੱਥਰ ਨੂੰ ਜਦ) ਰਘੁਪਤੀ ਸ਼੍ਰੀ ਰਾਮ ਚੰਦਰ ਜੀ ਦੇ (ਬਨਵਾਸ ਸਮੇਂ) ਚਰਣ ਛੁਹੇ, ਇਹ ਝਟ ਹੀ ਬੇਬਾਣ 'ਤੇ ਚੜ੍ਹ ਸੁਰਗਾਪੁਰੀ ਨੂੰ ਚਲੀ ਗਈ। ੭. ਇਹੋ ਜੇਹੀਆਂ ਭਲਿਆਈਆਂ ਕਰਨ ਕਰਕੇ ਪ੍ਰਭੂ ਦਾ ਨਾਮ ਭਗਤ ਵਛਲ ਪਿਆ ਹੈ ਕਿ ਪਤਿਤਾਂ, ਪਾਪ ਕਰਮ ਕਰਨ ਵਾਲਿਆਂ ਨੂੰ ਭੀ ਉਧਾਰਦਾ (ਭਾਵ ਤਾਰ ਦੇਂਦਾ ਹੈ)। ੮. ਗੁਣ ਕਰਨ ਵਾਲੇ ਨਾਲ ਤਾਂ ਸਾਰੇ ਹੀ ਗੁਣ ਕਰਦੇ ਹਨ, ਪਰ ਜਿਹੜਾ ਔਗੁਣਾਂ ਵਾਲੇ ਨਾਲ ਵੀ ਗੁਣ ਹੀ ਕਰੇ (ਐਸੇ ਮਹਾਂ ਪੁਰਸ਼ ਜਾਂ ਪਰਮੇਸ਼ਰ ਨੂੰ ਹੀ) ਉਪਕਾਰੀ ਕਿਹਾ ਜਾਂਦਾ ਹੈ। ੯. ਐਸੀ ਅਲਖ ਗਤੀ (ਨਾ ਸਮਝ ਵਿਚ ਆ ਸਕਣ ਵਾਲੀ ਹਾਲਤ) ਦਾ ਕੋਈ ਕੀ ਕਥਨ ਕਰੇ। (ਭਾਵ ਅਜੇਹੇ ਉਪਕਾਰੀ ਪ੍ਰਭੂ ਦੀ ਮਹਿਮਾ ਹੋ ਨਹੀਂ ਸਕਦੀ) ॥ ੧੮ ॥

੧੯. ਧਾੜਵੀ ਪੁਰਸ਼ ਤੋਂ ਸੰਤ

੧. ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਵਟਵਾੜਾ।
੨. ਪੂਰਾ ਸਤਿਗੁਰੁ ਭੇਟਿਆ ਮਨ ਵਿਚਿ ਹੋਆ ਖਿੰਜੋਤਾੜਾ।
੩. ਮਾਰਨ ਨੋ ਲੋਚੈ ਘਣਾ ਕਢਿ ਨ ਹੰਘੈ ਹਥੁ ਉਘਾੜਾ।
੪. ਸਤਿਗੁਰ ਮਨੂਆ ਰਾਖਿਆ ਹੋਇ ਨ ਆਵੈ ਉਛੋਹਾੜਾ।

੫. ਅਉਗੁਣੁ ਸਭ ਪਰਗਾਸਿਅਨੁ ਰੋਜਗਾਰੁ ਹੈ ਏਹੁ ਅਸਾੜਾ।
੬. ਘਰ ਵਿਚਿ ਪੁਛਣ ਘਲਿਆ ਅੰਤਿਕਾਲ ਹੈ ਕੋਇ ਅਸਾੜਾ।
੭. ਕੋੜਮੜਾ ਚਉਖੰਨੀਐ ਕੋਇ ਨ ਬੇਲੀ ਕਰਦੇ ਝਾੜਾ।
੮. ਸਚੁ ਦ੍ਰਿੜਾਇ ਉਧਾਰਿਅਨੁ ਟਪਿ ਨਿਕਥਾ ਉਪਰ ਵਾੜਾ।
੯. ਗੁਰਮੁਖਿ ਲੰਘੇ ਪਾਪ ਪਹਾੜਾ॥੧੯॥

ਪਦ ਅਰਥ - ਵਟਵਾੜਾ=ਰਾਹਮਾਰ, ਧਾੜਵੀ। ਖਿੰਜੋਤਾੜਾ=ਦੋ-ਚਿਤਾ। ਚਉਖੰਨੀਐ=ਵਾਰੇ ਵਾਰੇ ਜਾਣ ਵਾਲੇ। ਉਛੋਹਾੜਾ=ਕਿਸੇ ਕੰਮ ਲਈ ਜੋਸ਼।

ਅਰਥ - ੧. ਰਸਤੇ ਵਿਚ ਬੈਠਾ ਮਨੁੱਖਾਂ ਨੂੰ ਫੜ ਕੇ, ਮਾਲ-ਧਨ ਖੋਹ ਲੈਂਦਾ ਤੇ ਜਾਨੋਂ ਮਾਰ ਦਿੰਦਾ ਸੀ, ਉਹ ਪੁਰਸ਼ (ਇਹੋ ਜਿਹਾ ਰਾਹ ਮਾਰ) ਧਾੜਵੀ ਸੀ। ੨. (ਪਰ ਸਮੇਂ ਦੇ ਗੇੜ ਨਾਲ ਪੂਰਨ ਸੰਤ) ਪੂਰਾ ਸਤਿਗੁਰੂ (ਉਸੇ ਰਸਤੇ ਉਸ ਨੂੰ) ਆ ਮਿਲਿਆ, (ਜਿਸ ਦੇ ਚੇਹਰੇ ਦੇ ਜਲਾਲ ਨੇ ਉਸਦੇ) ਮਨ ਵਿਚ ਦੋ ਰਾਵਾਂ ਪੈਦਾ ਕਰ ਦਿੱਤੀਆਂ। ੩. ਮਾਰਨਾ ਚਾਹੁੰਦਾ ਹੈ (ਪਰ) ਅੱਜ ਸ਼ਸਤਰ ਕੱਢਣ ਤੇ ਹੱਥ ਚੁਕਣ ਤੋਂ ਉਸਦਾ ਮਨ ਬੋਝਲ ਹੋ ਗਿਆ। ੪. ਸਤਿਗੁਰ (ਦੇ ਦਰਸ਼ਨਾਂ ਨੇ ਉਸ ਦੇ) ਮਨ ਨੂੰ (ਜਿਵੇਂ ਕਾਬੂ ਕਰਕੇ) ਰੋਕ ਰੱਖਿਆ ਹੋਵੇ (ਅੱਗੇ ਵਰਗਾ ਕੰਮ, ਝਟ ਤਲਵਾਰ ਜਾਂ ਨੇਜਾ ਮਾਰ ਆਉਂਦੇ ਰਾਹੀ ਨੂੰ ਖਤਮ ਕਰ ਦੇਣਾ) ਅਜਿਹਾ ਉਤਸ਼ਾਹ ਤੇ ਜੋਸ਼ (ਅੱਜ) ਉਸ ਦੇ ਮਨ ਵਿਚ ਆਇਆ ਹੀ ਨਾ। ੫. (ਆਖੀਰ ਸੰਤਾਂ ਦੇ ਪੁੱਛਣ 'ਤੇ) ਉਸ ਨੇ ਆਪਣੇ ਸਭ ਔਗਣਾਂ ਨੂੰ (ਸੰਤਾਂ ਅੱਗੇ) ਪ੍ਰਗਟ ਕਰ ਦਿੱਤਾ ਤੇ ਕਿਹਾ, 'ਜੀ ਮੇਰਾ ਤਾਂ ਰੁਜ਼ਗਾਰ (ਕਮਾਈ) ਹੀ ਇਹੋ ਹੈ। (ਇਹੋ ਕਮਾਈ ਆਪ ਖਾਂਦਾ ਹਾਂ ਤੇ ਆਪਣੇ ਪਰਿਵਾਰ, ਮਾਤਾ ਪਿਤਾ, ਸਭ ਨੂੰ ਖੁਆਉਂਦਾ ਹਾਂ)। ੬. ਸੰਤਾਂ ਦੇ ਕਹਿਣ 'ਤੇ ਉਹ ਘਰ ਇਹ ਪੁੱਛਣ ਲਈ ਚਲਾ ਗਿਆ ਕਿ— 'ਅੰਤ ਸਮੇਂ ਕੋਈ ਹੈ, ਜੋ ਮੇਰੀ ਸਹਾਇਤਾ ਕਰੇ ?' ੭. (ਉਸ ਦੀ ਕਮਾਈ ਤੇ ਧਨ ਮਾਲ ਨੂੰ ਵੇਖ ਵੇਖ) ਉਸ ਦਾ ਕੋੜਮਾ (ਪਰਿਵਾਰ) ਉਸ ਦੇ ਸਦਕੇ ਤੇ ਬਲਿਹਾਰੇ ਜਾਂਦਾ ਸੀ, ਪਰ ਅੰਤ ਸਮੇਂ ਦੀ ਸਹਾਇਤਾ ਤੋਂ ਸਭ ਨੇ ਸਿਰ ਫੇਰ ਦਿੱਤਾ ਤੇ ਨਾਲੇ ਝਾੜ-ਝੰਬ ਕੀਤੀ ਕਿ (ਇਹ ਤੂੰ ਕੀ ਬੇਵਕੂਫਾਂ ਵਾਲੀਆਂ ਗੱਲਾਂ ਕਰਨ ਲੱਗ ਪਿਆ ਹੈਂ, ਭਲਾ ਅੰਤ ਸਮੇਂ ਮੌਤ ਤੋਂ ਕਿਸੇ ਨੂੰ ਕੋਈ ਬਚਾ ਸਕਦਾ ਹੈ) ? ੮. ਜਦ ਮੁੜ ਕੇ ਆਇਆ ਤਾਂ ਸੰਤਾਂ ਨੇ ਸੱਚ ਦਾ ਉਪਦੇਸ਼ ਦੇ ਕੇ ਸੱਚ ਦ੍ਰਿੜ੍ਹ ਕਰਾ ਉਸ ਦਾ ਉਧਾਰ ਕਰ ਦਿੱਤਾ, (ਭਾਵ ਉਸ ਨੂੰ) ਸੰਸਾਰ ਸਮੁੰਦਰ ਨੂੰ ਉਪਰੋਂ ਟੱਪ ਕੇ ਲੰਘਣ ਵਾਲਾ ਬਣਾ ਦਿੱਤਾ। ੯. (ਇਸ ਤਰ੍ਹਾਂ ਉਹ ਪੂਰੇ ਸਤਿਗੁਰੂ ਦੇ ਉਪਦੇਸ਼ ਨਾਲ) ਗੁਰਮੁਖ ਬਣ ਕੇ, ਸਭ ਪਾਪਾਂ ਦੇ ਪਹਾੜਾਂ ਨੂੰ (ਜੋ ਉਸ ਨੇ ਆਪਣੀਆਂ ਬੁਰਿਆਈਆਂ ਨਾਲ ਖੜੇ ਕਰ ਲਏ ਸਨ) ਟੱਪ ਗਿਆ॥੧੯॥

੨੦. ਅਜਾਮਲ ਦੇ ਨਿਸਤਾਰੇ ਦਾ ਵਰਣਨ

੧. ਪਤਿਤੁ ਅਜਾਮਲ ਪਾਪੁ ਕਰਿ ਜਾਇ ਕਲਾਵਤਣੀ ਦੇ ਰਹਿਆ।
੨. ਗੁਰੁ ਤੇ ਬੇਮੁਖੁ ਹੋਇ ਕੈ ਪਾਪ ਕਮਾਵੈ ਦੁਰਮਤਿ ਦਹਿਆ।

੩. ਬਿਰਥਾ ਜਨਮੁ ਗਵਾਇਆ ਭਵਜਲ ਅੰਦਰਿ ਫਿਰਦਾ ਵਹਿਆ।
੪. ਛਿਅ ਪੁਤ ਜਾਏ ਵੇਸੁਆ ਪਾਪਾ ਦੇ ਫਲ ਇਛੇ ਲਹਿਆ।
੫. ਪੁਤੁ ਉਪੰਨਾਂ ਸਤਵਾਂ ਨਾਉ ਧਰਣ ਨੋ ਚਿਤਿ ਉਮਹਿਆ।
੬. ਗੁਰੂ ਦੁਆਰੈ ਜਾਇ ਕੈ ਗੁਰਮੁਖਿ ਨਾਉ ਨਰਾਇਣੁ ਕਹਿਆ।
੭. ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।
੮. ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁ ਡੰਡੁ ਨ ਸਹਿਆ।
੯. ਨਾਇ ਲਏ ਦੁਖੁ ਡੇਰਾ ਢਹਿਆ॥੨੦॥

ਪਦ ਅਰਥ - ਕਲਾਵਤਣੀ=ਗਾਉਣ ਵਾਲੀ ਵੇਸਵਾ। ਦਹਿਆ=ਦਗਧ। ਵਹਿਆ=ਰੁੜ੍ਹਨਾ। ਉਮਹਿਆ=ਚਾਉ ਹੋਇਆ। ਛਹਿਆ=ਡਰਦਾ ਮਾਰਿਆ। ਨਰਾਇਣੁ=ਪ੍ਰਭੂ।

ਅਰਥ - ੧. ਅਜਾਮਲ (ਬ੍ਰਾਹਮਣ ਤੇ ਪੜ੍ਹਿਆ ਲਿਖਿਆ ਸੀ, ਪਰ) ਪਤਿਤ (ਪਾਪੀ ਬਣ ਕੇ) ਹੋਰ ਪਾਪ ਕਰਨ ਲਈ, ਗਾਉਣ ਵਜਾਉਣ ਵਾਲੀ (ਕਲਾਵਤਣੀ) ਵੇਸਵਾ ਦੇ ਘਰ ਜਾ ਰਿਹਾ। ੨. (ਗੁਰੂ ਨੇ ਰੋਕਿਆ ਸੀ, ਪਰ ਉਹ) ਗੁਰੂ ਤੋਂ ਬੇਮੁਖ ਹੋ ਕੇ ਪਾਪ ਕਰਮਾਂ (ਦੁਰਮੱਤ) ਤੇ ਖੋਟੀ ਮੱਤ ਦੀ ਅੱਗ ਵਿਚ ਸੜਨ ਲੱਗਾ। ੩. (ਉਸ ਨੇ ਆਪਣਾ) ਜਨਮ ਬਿਰਥਾ ਹੀ ਗਵਾ ਲਿਆ, (ਤੇ ਹੁਣ) ਸੰਸਾਰ ਸਮੁੰਦਰ ਦੇ ਭਵਜਲ (ਚਿੰਤਾ ਫਿਕਰਾਂ ਤੇ ਤੂਫਾਨਾਂ) ਵਿਚ ਰੁੜ੍ਹਦਾ ਜਾ ਰਿਹਾ ਸੀ। ੪. ਵੇਸਵਾ ਨੇ ਛੇ ਪੁੱਤਰਾਂ ਨੂੰ ਜਨਮ ਦਿੱਤਾ। ਪਾਪਾਂ ਦਾ ਫਲ (ਜੋ ਚਾਹੁੰਦਾ ਸੀ) ਉਹ ਪਾ ਲਿਆ। ੫. ਸਤਵਾਂ ਪੁੱਤਰ ਪੈਦਾ ਹੋਇਆ ਤਾਂ ਉਸਦਾ ਨਾਉਂ (ਕਿਸੇ ਧਰਮਸ਼ਾਲਾਂ ਵਿਚੋਂ ਜਾ ਕੇ) ਰਖਾਉਣ ਦਾ ਉਮਾਹ ਉਸ ਦੇ ਮਨ ਵਿਚ ਪੈਦਾ ਹੋਇਆ। ੬. ਗੁਰੂ ਦੇ ਦੁਆਰੇ ਜਾ ਕੇ ਉਸ ਨੇ ਬੇਨਤੀ ਕੀਤੀ, (ਤਾਂ) ਗੁਰਮੁਖ (ਪੂਰਨ ਸੰਤ) ਨੇ (ਬੱਚੇ ਦਾ) ਨਾਉਂ 'ਨਰਾਇਣ' ਕਹਿ ਦਿੱਤਾ। ੭. ਅੰਤ ਸਮਾਂ ਆ ਗਿਆ। (ਮੰਜੇ 'ਤੇ ਪਏ ਨੂੰ ਜਮਦੂਤਾਂ ਨੇ ਦਿਖਾਈ ਦਿੱਤੀ ਤਾਂ ਡਰ ਦਾ ਮਾਰਾ 'ਨਾਰਾਇਣ ਨਾਰਾਇਣ' ਕਹਿ ਕੇ ਛੋਟੇ ਪੁੱਤਰ ਨੂੰ ਅਵਾਜ਼ਾਂ ਦੇਣ ਲੱਗ ਗਿਆ। (ਉਸਦੇ ਮੂੰਹੋਂ 'ਨਾਰਾਇਣ' ਸ਼ਬਦ ਦਾ ਨਿੰਰਤਰ ਨਿਕਲਣਾ ਅੰਤ ਸਮੇਂ ਦਾ ਸਿਮਰਨ ਬਣ ਗਿਆ)। ੮. ਹਰੀ ਦੇ ਜਨਾਂ ਨੇ ਜਮਦੂਤਾਂ ਨੂੰ ਮਾਰ ਕੇ ਪਿੱਛੇ ਹਟਾ ਦਿੱਤਾ, ਅਜਾਮਲ ਸਵਾਸ ਨਿਕਲਦੇ ਹੀ ਸੁਰਗਾ ਪੁਰੀ ਨੂੰ ਚਲਾ ਗਿਆ। ੯. (ਇਸ ਤਰ੍ਹਾਂ) ਪ੍ਰਭੂ ਦਾ ਨਾਮ ਲੈਣ ਨਾਲ ਦੁੱਖਾਂ ਦੇ ਡੇਰੇ ਹੀ ਢਹਿ ਜਾਂਦੇ ਹਨ। ਨਾਮ ਦੇ ਪਰਤਾਪ ਨੇ ਉਸ ਨੂੰ ਮਿਲਣ ਵਾਲੇ ਸਭੇ ਦੁੱਖਾਂ ਤੇ ਕਲੇਸ਼ਾਂ ਦੇ ਡੇਰੇ ਹੀ ਖਤਮ ਕਰ ਦਿੱਤੇ॥ ੨੦॥

੨੧. ਗਨਿਕਾ ਪਾਪਣ ਦਾ ਨਿਸਤਾਰਾ

੧. ਗਨਿਕਾ ਪਾਪਣਿ ਹੋਇ ਕੈ ਪਾਪਾਂ ਦਾ ਗਲਿ ਹਾਰੁ ਪਰੋਤਾ।
੨. ਮਹਾਂ ਪੁਰਖ ਆਚਾਣਚਕ ਗਨਿਕਾ ਵਾੜੇ ਆਇ ਖਲੋਤਾ।
੩. ਦੁਰਮਤਿ ਦੇਖਿ ਦਇਆਲੁ ਹੋਇ ਹਥਹੁ ਉਸਨੋ ਦਿਤੋਨੁ ਤੋਤਾ।

੪. ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਸਓਤਾ।
੫. ਲਿਵ ਲਗੀ ਤਿਸੁ ਤੋਤਿਅਹੁ ਨਿਤ ਪੜ੍ਹਾਏ ਕਰੈ ਅਸੋਤਾ।
੬. ਪਤਿਤੁ ਉਧਾਰਣੁ ਰਾਮ ਨਾਮੁ ਦੁਰਮਤਿ ਪਾਪ ਕਲੇਵਰੁ ਧੋਤਾ।
੭. ਅੰਤਕਾਲਿ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੁ ਸੁ ਗੋਤਾ।
੮. ਗਈ ਬੈਕੁੰਠਿ ਬਿਬਾਣਿ ਚੜ੍ਹਿ ਨਾਉਂ ਨਰਾਇਣੁ ਛੋਤਿ ਅਛੋਤਾ।
੯. ਥਾਉਂ ਨਿਥਾਵੇਂ ਮਾਣੁ ਮਣੋਤਾ॥੨੧॥

ਪਦ ਅਰਥ - ਵਾੜੇ=ਦਰਵਾਜ਼ੇ ਦੇ ਅੰਦਰ। ਖੇਲਿ ਗਇਆ=ਚਲਾ ਗਿਆ। ਸਓਤਾ=ਨਫੇਵੰਦਾ। ਅਸੋਤਾ=ਜਗਰਾਤਾ। ਕਲੇਵਰੁ=ਸਰੀਰ।

ਅਰਥ - ੧. ਗਨਕਾ (ਵੇਸਵਾ) ਨੇ ਪਾਪ ਕਰਮ ਕਰ ਕਰ ਕੇ, ਆਪਣੇ ਗਲ ਵਿਚ ਪਾਪਾਂ ਦਾ ਹਾਰ ਪਰੋ ਲਿਆ। ੨. (ਇੱਕ ਦਿਨ) ਅਚਨਚੇਤ (ਰਸਤੇ ਜਾਂਦੇ ਹੋਏ) ਮਹਾਂ ਪੁਰਸ਼ ਗਨਕਾ ਦੇ ਬੂਹੇ ਆ ਖੜ੍ਹੇ ਹੋਏ। ੩. (ਕੁਝ ਮਿੰਟਾਂ ਦੀਆਂ ਗੱਲਾਂ ਬਾਤਾਂ ਤੋਂ ਮਹਾਂ ਪੁਰਖਾਂ ਨੇ) ਗਨਕਾ ਦੀ ਦੁਰਮਤਿ ਨੂੰ ਦੇਖਿਆ ਤਾਂ ਦਇਆਲਤਾ ਦੇ ਘਰ ਵਿਚ ਆ ਗਏ (ਕਿ ਇਸ ਦਾ ਉਧਾਰ ਕਿਵੇਂ ਹੋਵੇਗਾ ? ਸੋਚੀਂ ਪੈ ਗਏ)। ਉਨ੍ਹਾਂ (ਕੋਲ ਉਨ੍ਹਾਂ ਦੀ ਜ਼ਿੰਦਗੀ ਦਾ ਸਾਥੀ, ਇੱਕ ਤੋਤਾ ਸੀ, ਜਿਸ ਨੂੰ ਉਨ੍ਹਾਂ ਮੇਹਨਤਾਂ ਕਰ ਕਰ, ਰਾਮ ਨਾਮ ਤੇ ਹੋਰ ਅਨੇਕਾਂ ਸਾਖੀਆਂ ਬੋਲਣੀਆਂ ਸਿਖਾਈਆਂ ਸਨ। (ਉਹ) ਤੋਤਾ ਗਨਕਾ ਦੇ ਹਵਾਲੇ ਕਰ ਦਿੱਤਾ। ੪. ਉਸ ਨੂੰ ਰਾਮ ਨਾਮ ਦਾ ਉਪਦੇਸ਼ ਦਿੱਤਾ ਤੇ ਇਹ ਨਫੇਵੰਦਾ ਵਪਾਰ ਉਸ ਨੂੰ ਦਿੱਤਾ ਤੇ ਆਪਣੀ ਖੇਡ (ਮੌਜ) ਅਨੁਸਾਰ ਅੱਗੇ ਚਲੇ ਗਏ। ੫. ਤੋਤੇ ਦੇ ਸੰਗ ਕਰਨ ਨਾਲ ਗਨਕਾ ਨੂੰ ਵੀ ਲਿਵ ਲੱਗ ਗਈ, ਉਹ ਵੀ ਹਰ ਸਮੇਂ ਰਾਮ ਦਾ ਨਾਮ ਉਚਾਰਦੀ, ਨਿੱਤ ਹੀ ਰਾਤ ਨੂੰ ਜਗਰਾਤਾ ਕਰਦੀ ਹੈ। ੬. ਰਾਮ ਦਾ ਨਾਮ (ਐਸਾ ਸ਼ਕਤੀ ਵਾਲਾ ਹੈ ਕਿ ਇਹ) ਪਤਿਤਾਂ ਦਾ ਉਧਾਰ ਕਰ ਦਿੰਦਾ ਹੈ। ਰਾਮ ਨਾਮ ਦੇ ਜਾਪ ਨੇ ਗਨਕਾ ਦੇ ਪਾਪਾਂ ਨਾਲ ਕਾਲੇ ਹੋਏ ਸਰੀਰ ਨੂੰ ਧੋ ਦਿੱਤਾ। ੭. ਅੰਤ ਸਮੇਂ ਤਕ ਉਸ ਨੇ ਰਾਮ ਦਾ ਨਾਮ ਜਪਦੀ ਨੇ ਜਮਾਂ ਦੀ ਫਾਹੀ ਨੂੰ ਕੱਟ ਦਿੱਤਾ, ਤੇ ਨਰਕਾਂ ਦੇ ਅਥਾਹ ਦੁੱਖਾਂ ਵਿਚ ਗੋਤੇ ਖਾਣੋਂ ਬਚ ਗਈ। ੮. ਉਹ ਸਵਾਸ ਨਿਕਲਣ ਪਿੱਛੋਂ ਬਿਬਾਣ 'ਤੇ ਚੜ੍ਹ ਕੇ ਬੈਕੁੰਠਾਂ ਨੂੰ ਚਲੀ ਗਈ, ਐਸਾ ਨਾਰਾਇਣ ਦਾ ਨਾਉਂ ਛੋਤ ਤੋਂ ਅਛੋਤ (ਪਤਿਤ ਤੋਂ ਪਵਿੱਤਰ) ਕਰਨ ਵਾਲਾ ਹੈ। ੯. (ਪਰਮੇਸ਼ਰ ਦਾ ਨਾਮ) ਨਿਥਾਵੇਂ ਦੀ ਥਾਂ ਹੈ, ਤੇ ਨਿਮਾਣੇ ਨੂੰ ਮਾਣ ਦਿਵਾਉਣ ਵਾਲਾ ਹੈ॥੨੧॥

੨੨. ਪਾਪਣ ਪੂਤਨਾ ਦੀ ਮੌਤ

੧. ਆਈ ਪਾਪਣਿ ਪੂਤਨਾ ਦੁਹੀ ਥਣੀ ਵਿਹੁ ਲਾਇ ਵਹੇਲੀ।
੨. ਆਇ ਬੈਠੀ ਪਰਵਾਰ ਵਿਚਿ ਨੇਹੁੰ ਲਾਇ ਨਵਹਾਣਿ ਨਵੇਲੀ।
੩. ਕੁਛੜਿ ਲਏ ਗੋਵਿੰਦ ਰਾਇ ਕਰਿ ਚੇਟਕੁ ਚਤੁਰੰਗ ਮਹੇਲੀ।
੪. ਮੋਹਣੁ ਮੰਮੇ ਪਾਇਓਨੁ ਬਾਹਰਿ ਆਈ ਗਰਬ ਗਹੇਲੀ।

੫. ਦੇਹ ਵਧਾਇ ਉਚਾਇਅਨੁ ਤਿਹ ਚਰਿਆਰਿ ਨਾਰਿ ਅਠਖੇਲੀ।
੬. ਤਿਹੁੰ ਲੋਆਂ ਦਾ ਭਾਰੁ ਦੇ ਚੰਬੜਿਆ ਗਲਿ ਹੋਇ ਦੁਹੇਲੀ।
੭. ਖਾਇ ਪਛਾੜ ਪਹਾੜ ਵਾਂਗਿ ਜਾਇ ਪਈ ਉਜਾੜਿ ਧਕੇਲੀ।
੮. ਕੀਤੀ ਮਾਊ ਤੁਲਿ ਸਹੇਲੀ॥ ੨੨ ॥

ਪਦ ਅਰਥ - ਵਹੇਲੀ=ਵਿਹੁ ਵਾਲੀ। ਨਵਹਾਣਿ ਨਵੇਲੀ=ਨਵੇਂ ਹਾਣ ਵਾਲੀ, ਨਵੀਂ। ਚੇਟਕੁ=ਚਲਾਕੀ ਵਾਲਾ ਪਿਆਰ। ਚਤੁਰੰਗ ਮਹੇਲੀ=ਹੁਸ਼ਿਆਰ ਫਫੇਕੁਟਣ। ਤਿਹ ਚਰਿਆਰਿ=ਤੇਰਾਂ ਤਾਲਣ। ਅਠਖੇਲੀ=ਵੱਡੀ ਚੰਚਲ। ਦੁਹੇਲੀ=ਦੁਖੀ।

ਅਰਥ - ੧. ਪਾਪਣ ਪੂਤਨਾ (ਕੰਸ ਦੀ ਭੇਜੀ ਹੋਈ) ਆ ਗਈ, (ਜਿਸ ਨੇ) ਦੋਹਾਂ ਥਣਾਂ ਪੁਰ ਜ਼ਹਿਰ ਲਾਈ ਹੋਈ ਸੀ। ਅੰਦਰ ਉਸ ਦੇ ਖੋਟ ਸੀ। ੨. (ਉਹ) ਆ ਕੇ ਪਰਿਵਾਰ ਵਿਚ ਬਹਿ ਗਈ (ਸੋਹਣੇ ਕਪੜੇ ਪਾ ਕੇ) ਨਵੀਆਂ ਵਹੁਟੀਆਂ ਵਾਂਗ, ਪਿਆਰ ਦੀਆਂ ਗੱਲਾਂ ਤੇ ਹਾਸਾ ਮਖੌਲ ਕਰਨ ਲੱਗ ਪਈ। ੩. ਉਸ ਨੇ ਬੜੇ ਖੇਖਨ ਕੀਤੇ, ਫਫੇਕੁਟਣਾਂ ਵਾਂਗ ਮਿੱਠੀਆਂ ਮਿੱਠੀਆਂ ਗੱਲਾਂ ਕੀਤੀਆਂ ਤੇ ਗੱਲਾਂ ਕਰਦਿਆਂ ਹੀ ਪਿਆਰ ਜਤਾਉਂਦਿਆਂ ਗੋਬਿੰਦ ਰਾਇ (ਸ੍ਰੀ ਕ੍ਰਿਸ਼ਨ ਜੀ) ਨੂੰ ਕੁੱਛੜ ਚੁੱਕ ਲਿਆ। ੪. ਮਨਮੋਹਣੇ (ਬਾਲਕ ਕ੍ਰਿਸ਼ਨ ਜੀ) ਦੇ ਮੂੰਹ ਵਿਚ (ਜ਼ਹਿਰ ਵਾਲੇ) ਮੰਮੇ ਪਾ ਦਿੱਤੇ, (ਤੇ ਐਧਰ ਓਧਰ ਦੀਆਂ ਗੱਲ ਕਰਦਿਆਂ ਬਾਲਕ ਨੂੰ ਲੈ) ਬਾਹਰ ਨਿਕਲ ਆਈ। ਉਹ ਹੰਕਾਰ ਵਿਚ ਅੱਟੀ ਹੋਈ ਸੀ (ਕਿ ਬਸ ਆਪਣਾ ਕੰਮ ਕਰਕੇ ਕੰਸ ਰਾਜੇ ਕੋਲੋਂ ਮਨ-ਭਾਉਂਦਾ ਧਨ ਪਦਾਰਥ ਲਵਾਂਗੀ)। ਪਰ ਇਸ ਚਰਿਤਰਾਂ ਦੇ ਕਰਨ ਵਿਚ ਮਾਹਿਰ (ਚੰਚਲ) ਨਾਰੀ ਨੂੰ ਨਹੀਂ ਸੀ ਪਤਾ ਕਿ ਮੈਂ ਕਿੰਨਾ ਪਾਪ ਕਰ ਰਹੀ ਹਾਂ। ੫. ਕ੍ਰਿਸ਼ਨ ਜੀ ਦੇ ਨਿੱਕੇ ਜੇਹੇ ਬਾਲ ਰੂਪ ਨੇ ਜੰਗਲ ਵੱਲ ਭੱਜੀ ਜਾਂਦੀ ਦੇ ਕੁੱਛੜ ਚੜ੍ਹੇ ਸਰੀਰ ਨੂੰ ਵਧਾਉਣਾ ਆਰੰਭ ਦਿੱਤਾ। ੬. (ਨਿੱਕੇ ਜੇਹੇ ਸਰੀਰ ਵਿਚ ਹੀ ਏਨਾ ਬਲ ਤੇ ਭਾਰ ਵਧਾ ਲਿਆ ਕਿ) ਤਿੰਨਾਂ ਲੋਕਾਂ ਦਾ ਭਾਰ ਪਾ ਦਿੱਤਾ। ਗਲ ਨੂੰ ਚੰਬੜ ਗਏ, (ਦੁੱਧੀਆਂ ਨੂੰ ਮੂੰਹ ਵਿਚ ਹੀ ਘੁੱਟ ਲਿਆ)। ਖੁਸ਼ੀ ਖੁਸ਼ੀ ਬਾਹਰ ਨੂੰ ਤੇਜ਼ੀ ਨਾਲ ਜਾ ਰਹੀ ਪੂਤਨਾ ਦੁਖੀ ਹੋ ਗਈ। ੭. ਭਾਰ ਨਾ ਸਹਾਰਦੀ ਹੋਈ, ਉਹ ਪਹਾੜ ਵਾਂਗ ਕਈ ਭੁਆਂਟਣੀਆਂ ਖਾ ਕੇ ਧੜੈਂਹ ਕਰਦੀ ਉਜਾੜ ਵਿਚ ਜ਼ਮੀਨ 'ਤੇ ਡਿਗ ਪਈ। (ਇਸ ਨੇ ਦਾਅ ਲਾ ਕੇ ਤੇ ਅੱਖ ਬਚਾ ਕੇ, ਬਾਹਰ ਨਿਕਲ ਕੇ ਜੰਗਲ ਵੱਲ ਦੌੜਨਾ ਸ਼ੁਰੂ ਕਰ ਦਿੱਤਾ ਕਿ ਜਿਥੇ ਕੋਈ ਵੇਖੇ ਨਾ, ਓਥੇ ਇਸ ਮਰੇ ਬਾਲਕ ਨੂੰ ਸੁੱਟ ਪਾਵਾਂਗੀ, ਪਰ ਭਗਵਾਨ ਰੂਪ ਨੇ, ਭਾਰ ਪਾ ਕੇ, ਉਸੇ ਨੂੰ ਧੱਕ ਕੇ ਪਟਕਾ ਮਾਰਿਆ)। ੮. (ਭਾਵੇਂ ਦੁਸ਼ਟਣੀ ਨੂੰ ਸਜ਼ਾ ਤਾਂ ਦੇ ਦਿੱਤੀ, ਪਰ ਫੇਰ ਵੀ ਉਸ ਦਾ ਭਲਾ ਕਰ ਦਿੱਤਾ) ਉਸ ਨੂੰ ਮਾਤਾ ਦੀ ਸਹੇਲੀ ਬਰਾਬਰ ਦਰਜਾ ਦੇ ਦਿੱਤਾ, (ਭਾਵ ਉਸਦੀ ਗਤੀ ਕਰ ਦਿੱਤੀ)॥ ੨੨ ॥

੨੩. ਬੱਧਕ (ਸ਼ਿਕਾਰੀ) ਦਾ ਉਧਾਰ

੧. ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੇ ਪੈਰ ਪਸਾਰੇ।
੨. ਚਰਣ ਕਵਲ ਵਿਚਿ ਪਦਮੁ ਹੈ ਝਿਲਮਿਲ ਝਲਕੇ ਵਾਂਗੀ ਤਾਰੇ।

੩. ਬਧਕੁ ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ।
੪. ਦਰਸਨ ਡਿਠੋਸੁ ਜਾਇ ਕੈ ਕਰਣ ਪਲਾਵ ਕਰੇ ਪੁਕਾਰੇ।
੫. ਗਲਿ ਵਿਚਿ ਲੀਤਾ ਕ੍ਰਿਸਨ ਜੀ ਅਵਗੁਣੁ ਕੀਤਾ ਹਰਿ ਨ ਚਿਤਾਰੇ।
੬. ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ।
੭. ਭਲੇ ਭਲੇ ਕਰਿ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ।
੮. ਪਾਪ ਕਰੇਂਦੇ ਪਤਿਤ ਉਧਾਰੇ॥੨੩॥੧੦॥

ਪਦ ਅਰਥ - ਪਰਭਾਸ=ਤੀਰਥ ਦਾ ਨਾਮ। ਪਦਮੁ=ਕੌਲ ਫੁੱਲ। ਝਿਲਮਿਲ ਝਲਕੇ=ਰੌਸ਼ਨੀ ਵਾਂਗ ਚਮਕੇ। ਕਰਣਪਲਾਵ=ਕੀਰਨੇ ਪਾਏ।

ਅਰਥ - ੧. ਕ੍ਰਿਸ਼ਨ ਜੀ ਪਰਭਾਸ (ਤੀਰਥ) ਵਿਖੇ, ਗੋਡੇ 'ਤੇ ਪੈਰ ਰੱਖ ਕੇ ਜਾ ਸੁੱਤੇ। ੨. ਉਹਨਾਂ ਦੇ ਚਰਣ ਕਮਲਾਂ ਵਿਚ ਪਦਮ ਸੀ, (ਜੋ ਉੱਚੇ ਹੋਏ ਪੈਰ ਵਿਚੋਂ) ਸ਼ੀਸ਼ੇ ਵਾਂਗ ਝਿਲਮਿਲ ਕਰਦਾ ਤਾਰੇ ਵਾਂਗ ਲਿਸ਼ਕਾਰੇ ਮਾਰ ਰਿਹਾ ਸੀ। ੩. ਓਧਰੋਂ ਇੱਕ ਬੱਧਕ (ਸ਼ਿਕਾਰੀ) ਜਾਨਵਰਾਂ (ਨੂੰ ਮਾਰਨ ਲਈ) ਲੱਭਦਾ ਲੱਭਦਾ ਉਥੇ ਪੁੱਜਾ। (ਉਸ ਨੇ ਪੈਰ ਵਿਚ ਚਮਕ ਰਹੇ ਪਦਮ ਦੀ ਲਿਸ਼ਕ ਨੂੰ) ਹਿਰਨ (ਮਿਰਗ ਦੀ ਅੱਖ) ਸਮਝਿਆ ਤੇ ਤੀਰ ਮਾਰ ਦਿੱਤਾ। ੪. (ਤੀਰ ਨਿਸ਼ਾਨੇ ਤੇ ਵੱਜਾ ਹੈ ਕਿ ਨਹੀਂ, ਇਹ ਦੇਖਣ ਲਈ ਬੱਧਕ ਅੱਗੇ ਵਧਿਆ ਤਾਂ ਉਸ ਨੂੰ) ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ, ਹੋਏ, (ਜਿਨ੍ਹਾਂ ਦੇ ਪੈਰ ਵਿਚੋਂ ਖੂਨ ਦੀ ਧਾਰ ਵਗ ਰਹੀ ਸੀ। ਇਹ ਵੇਖ ਉਸ ਨੇ ਪਛਤਾਵੇ ਦੇ ਦੁੱਖ ਨਾਲ) ਰੋਣਾ ਕੁਰਲਾਉਣਾ ਸ਼ੁਰੂ ਕਰ ਦਿੱਤਾ (ਕਿ ਹੇ ਭਗਵਾਨ! ਇਹ ਮੈਥੋਂ ਕਿੱਡਾ ਅਪਰਾਧ ਹੋ ਗਿਆ ਹੈ)। ੫. ਸ੍ਰੀ ਕ੍ਰਿਸ਼ਨ ਜੀ ਨੇ ਉਸ ਨੂੰ ਗਲ ਨਾਲ ਲਾਇਆ ਤੇ ਉਸਦੇ ਔਗੁਣਾਂ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਤੇ ਕਿਹਾ, ਇਸੇ ਤਰ੍ਹਾਂ ਸਾਡਾ ਅੰਤ ਹੋਣਾ ਸੀ, ਤੇਰਾ ਇਸ ਵਿਚ ਕੋਈ ਦੋਸ਼ ਨਹੀਂ। ਇਉਂ ਉਸਦੇ ਕੀਤੇ ਅਪਰਾਧ ਨੂੰ ਚੇਤੇ ਤਕ ਵੀ ਨਾ ਕੀਤਾ। ੬. (ਉਹ ਰੋਂਦਾ ਤੇ ਪੁਕਾਰਾਂ ਕਰਦਾ ਸੀ ਕਿ ਭਗਵਾਨ ਮੈਥੋਂ ਭਾਰੀ ਭੁੱਲ ਹੋਈ ਹੈ, ਪਰ) ਉਸ ਨੂੰ ਕਿਰਪਾਲੂ ਹੋ ਕੇ ਸੰਤੋਖਿਆ, (ਸ਼ਾਂਤ ਕੀਤਾ, ਧੀਰਜ ਦਿੱਤਾ)। ਪ੍ਰਭੂ ਦਾ ਬਿਰਦ ਇਹੀ ਹੈ ਕਿ ਉਹ ਪਤਿਤਾਂ ਨੂੰ ਉਧਾਰਦਾ (ਤਾਰ ਦੇਂਦਾ ਹੈ)। ੭. ਭਲੇ ਤਾਂ ਭਲੇ ਕਰਕੇ ਹੀ ਮੰਨੇ ਜਾਂਦੇ ਹਨ, (ਉਨ੍ਹਾਂ ਨੂੰ ਬੁਰਾ ਕੋਈ ਨਹੀਂ ਆਖਦਾ, ਪਰ) ਪਰਮੇਸ਼ਰ ਐਸਾ ਹੈ ਕਿ ਉਹ ਬੁਰਿਆਂ ਦੇ ਵੀ ਕਾਜ ਸਵਾਰਦਾ ਹੈ। ੮. (ਇਸ ਤਰ੍ਹਾਂ ਹਰੀ ਨੇ ਅਨੇਕਾਂ) ਪਾਪ ਕਰਮ ਕਰਦੇ ਪਤਿਤਾਂ ਨੂੰ ਉਧਾਰਿਆ, (ਭਾਵ ਤਾਰਿਆ) ਹੈ॥ ੨੩॥ ੧੦॥

ਵਾਰ ੧੧

ੴ ਸਤਿਗੁਰ ਪ੍ਰਸਾਦਿ॥

੧. ਸਤਿਗੁਰੂ ਸੱਚੇ ਪਾਤਸ਼ਾਹ ਹਨ

੧. ਸਤਿਗੁਰ ਸਚਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹੁ ਜੁਹਾਰੀ।
੨. ਸਾਧਸੰਗਤਿ ਸਚਿ ਖੰਡੁ ਹੈ ਆਇ ਝਰੋਖੇ ਖੋਲੈ ਬਾਰੀ।
੩. ਅਮਿਉ ਕਿਰਣਿ ਨਿਝਰ ਝਰੈ ਅਨਹਦ ਨਾਦ ਵਾਇਨਿ ਦਰਬਾਰੀ।
੪. ਪਾਤਿਸਾਹਾਂ ਦੀ ਮਜਲਸੈ ਪਿਰਮੁ ਪਿਆਲਾ ਪੀਵਣ ਭਾਰੀ।
੫. ਸਾਕੀ ਹੋਇ ਪੀਲਾਵਣਾ ਉਲਸ ਪਿਆਲੈ ਖਰੀ ਖੁਮਾਰੀ।
੬. ਭਾਇ ਭਗਤਿ ਭੈ ਚਲਣਾ ਮਸਤ ਅਲਮਸਤ ਸਦਾ ਹੁਸਿਆਰੀ।
੭. ਭਗਤ ਵਛਲੁ ਹੋਇ ਭਗਤਿ ਭੰਡਾਰੀ॥੧॥

ਪਦ ਅਰਥ - ਜੁਹਾਰੀ=ਬੰਦਨਾ, ਨਮਸਕਾਰ। ਪਿਰਮੁ=ਪਿਆਰੇ ਦਾ। ਭਾਰੀ=ਔਖਾ ਕੰਮ। ਉਲਸ ਪਿਆਲੈ=ਸੀਤ ਪ੍ਰਸਾਦ।

ਅਰਥ - ੧. ਸਤਿਗੁਰੂ ਸੱਚੇ ਪਾਤਸ਼ਾਹ, ਪਾਤਸ਼ਾਹਾਂ ਦੇ ਵੀ ਪਾਤਸ਼ਾਹ ਹਨ, ਜਿਨ੍ਹਾਂ ਨੂੰ ਮੈਂ ਨਮਸਕਾਰ ਕਰਦਾ ਹਾਂ। ੨. (ਸਤਿਗੁਰੂ ਜੀ ਨੇ ਇੱਕ) ਸਾਧ ਸੰਗਤ ਦਾ (ਟਿਕਾਣਾ) ਸੱਚਖੰਡ (ਦੇ ਰੂਪ ਵਿਚ ਬਣਾਇਆ) ਹੈ, ਜਿਥੇ ਸਤਿਗੁਰੂ ਜੀ ਝਰੋਖੇ (ਆਪਣੇ ਸੁੰਦਰ ਮੁਖੜੇ) ਦੀ ਬਾਰੀ ਨਾਲ (ਭਾਵ ਜਗਿਆਸੂ ਰੂਪ ਸਿੱਖ ਦੇ ਹਿਰਦੇ ਦੀ ਬਾਰੀ) ਖੋਲ੍ਹ ਕੇ (ਸੁੰਦਰ ਉਪਦੇਸ਼ ਕਰਦੇ ਹਨ)। ੩. (ਜਿਸ ਰਾਹੀਂ) ਅੰਮ੍ਰਿਤ ਕਿਰਨਾਂ ਦੀ ਨਿੱਝਰਧਾਰਾ ਦਾ (ਇੱਕ ਰਸ) ਪ੍ਰਵਾਹ ਚਲਦਾ ਤੇ (ਸਾਧ ਸੰਗਤ ਦੇ ਸਾਹਮਣੇ ਰਬਾਬੀ ਲੋਕ) ਦਰਬਾਰੀ ਅਨਹਦ ਸ਼ਬਦ ਦੀ ਧੁਨੀ ਦੇ ਵਾਜੇ (ਸਾਜ਼) ਵਜਾਉਂਦੇ ਹਨ। ੪. ਪਾਤਸ਼ਾਹਾਂ (ਦੁਨਿਆਵੀ) ਦੀਆਂ ਮਜਲਸਾਂ ਵਿਚ (ਇਹ ਸੱਚਾ) ਪ੍ਰੇਮ-ਪਿਆਲਾ ਪੀਣਾ (ਬੜਾ ਹੀ) ਭਾਰੀ (ਮੁਸ਼ਕਿਲ ਕੰਮ) ਹੈ। ੫.(ਕਿਉਂਕਿ ਉਥੇ ਤਾਂ) ਸਾਕੀਆਂ ਦੇ ਹੱਥੋਂ ਭਰ ਭਰ ਪਿਆਲੇ ਪੀਤੇ ਜਾਂਦੇ ਹਨ, (ਪਰ ਇਸ ਪ੍ਰੇਮ ਦੇ) ਉਲਸ਼ ਪਿਆਲੇ (ਸਤਿਗੁਰੂ ਜੀ ਦੇ ਸੀਤ ਪ੍ਰਸ਼ਾਦ ਵਿਚ) ਖਰੀ ਖੁਮਾਰੀ ਹੁੰਦੀ ਹੈ। ੬. (ਇਹ ਮਦਹੋਸ਼ਾਂ ਵਾਲੀ ਖੁਮਾਰੀ ਜਾਂ ਮਸਤੀ ਨਹੀਂ ਹੈ। ਇਸ ਖੁਮਾਰੀ ਵਾਲਾ ਗੁਰਸਿੱਖ) ਪ੍ਰੇਮਾ-ਭਗਤੀ ਦੇ ਭੈ (ਡਰ) ਵਿਚ ਚਲਦਾ ਹੈ (ਕਿ ਕਿਤੇ ਕੋਈ ਗਲਤੀ ਨਾ ਹੋ ਜਾਏ, ਪਰ ਦੂਸਰੀ ਸੰਸਾਰੀ ਮਸਤੀ ਤਾਂ ਹੈ ਹੀ ਹੰਕਾਰ ਦਾ ਨਾਮ)। ਨਾਮ ਦੀ ਮਸਤੀ ਤਾਂ ਮਸਤੂਲ ਮਸਤ (ਖੀਵਾ) ਬਣਾ ਦਿੰਦੀ ਹੈ (ਗੁਰੂ-ਚਰਣਾਂ ਦੀ ਪ੍ਰੀਤੀ ਤਾਂ) ਪ੍ਰੀਤ-ਭੌਰਾ ਬਣਾ ਦੇਂਦੀ ਹੈ ਪਰ ਇਸ ਵਿਚ ਹੁਸ਼ਿਆਰੀ

ਤੇ ਬੇਦਾਰੀ ਨਾਲ (ਸਿੱਖ ਦੀ ਸੁਰਤ) ਕਾਇਮ ਰਹਿੰਦੀ ਹੈ। ੭. ਸਤਿਗੁਰੂ ਭਗਤ ਵਛਲ (ਪ੍ਰਭੂ ਦੇ) ਭੰਡਾਰੀ ਹਨ, ਜੋ ਨਾਮ-ਰਸ ਦੀ ਦਾਤ ਨੂੰ ਸਾਧ ਸੰਗਤ ਵਿਚ ਨਿੱਤ ਵਰਤਦੇ ਵਰਤਾਉਂਦੇ ਹਨ, ਤੇ ਵਡਭਾਗੇ ਗੁਰਸਿੱਖਾਂ ਨੂੰ ਇਹ ਸਤਿਗੁਰੂ ਜੀ ਦੀ ਖਾਸ ਬਖਸ਼ਿਸ਼ ਪ੍ਰਾਪਤ ਹੁੰਦੀ ਹੈ॥ ੧॥

੨. ਗੁਰਮੁਖ ਵੱਡੇ ਵੀਚਾਰ ਵਾਲੇ ਹਨ

੧. ਇਕਤੁ ਨੁਕਤੈ ਹੋਇ ਜਾਇ ਮਹਰਮੁ ਮੁਜਰਮੁ ਖੈਰ ਖੁਆਰੀ।
੨. ਮਸਤਾਨੀ ਵਿਚਿ ਮਸਲਤੀ ਗੈਰ ਮਹਲਿ ਜਾਣਾ ਮਨੁ ਮਾਰੀ।
੩. ਗਲ ਨ ਬਾਹਰਿ ਨਿਕਲੈ ਹੁਕਮੀ ਬੰਦੇ ਕਾਰ ਕਰਾਰੀ।
੪. ਗੁਰਮੁਖਿ ਸੁਖ ਫਲੁ ਪਿਰਮ ਰਸੁ ਦੇਹਿ ਬਿਦੇਹ ਵਡੇ ਵੀਚਾਰੀ।
੫. ਗੁਰ ਮੂਰਤਿ ਗੁਰ ਸਬਦੁ ਸੁਣਿ ਸਾਧ ਸੰਗਤਿ ਆਸਣੁ ਨਿਰੰਕਾਰੀ।
੬. ਆਦਿ ਪੁਰਖੁ ਆਦੇਸੁ ਕਰਿ ਅੰਮ੍ਰਿਤੁ ਵੇਲਾ ਸਬਦੁ ਆਹਾਰੀ।
੭. ਅਵਿਗਤਿ ਗਤਿ ਅਗਾਧਿ ਬੋਧਿ ਅਕਥ ਕਥਾ ਅਸਗਾਹ ਅਪਾਰੀ।
੮. ਸਹਨਿ ਅਵੱਟਣੁ ਪਰਉਪਕਾਰੀ॥ ੨॥

ਪਦ ਅਰਥ - ਨੁਕਤੈ=ਕੇਵਲ ਇੱਕ ਬਿੰਦੀ ਨਾਲ। ਮਹਰਮੁ=ਭੇਤੀ, ਜਾਣੂੰ। ਮੁਜਰਮੁ=ਅਪਰਾਧੀ। ਕਰਾਰੀ=ਵੱਡੀ, ਤਗੜੀ। ਸਬਦੁ=ਗੁਰ ਸ਼ਬਦ। ਅਵੱਟਣੁ=ਦੁੱਖ ਤੇ ਤਕਲੀਫਾਂ।

ਅਰਥ - ੧. (ਜਿਵੇਂ ਫਾਰਸੀ ਦੇ) ਮਹਿਰਮ ਸ਼ਬਦ (ਵਿਚ 'ਹੇ') ਨੂੰ ਇੱਕ ਨੁਕਤਾ ਲਾ ਦੇਈਏ, ਤਾਂ ਉਸ ਦਾ ਅਰਥ ਭੇਤੀ ਦੀ ਥਾਂ ਮੁਜਰਿਮ ਹੋ ਜਾਂਦਾ ਹੈ। ਮਹਿਰਮ ਸੁਖਦਾਈ ਤੇ ਮੁਜਰਿਮ ਦਾ ਭਾਵ ਦੁੱਖ ਮਿਲਦਾ ਹੈ। (ਇਵੇਂ ਹੀ ਜਗਿਆਸੂ ਨੂੰ ਇੱਕ ਨਿੱਕੇ ਜੇਹੇ ਭਰਮ ਵਿਚ ਪੈ ਸੁਖੀ ਹੋਣ ਦੀ ਥਾਂ ਦੁੱਖ ਭੋਗਣਾ ਪੈ ਜਾਂਦਾ ਹੈ)। ੨. ਇਸ ਲਈ ਗੁਰਸਿੱਖ ਮਸਤੀ ਵਿਚ ਭੀ ਦੂਜੇ ਪਾਸੇ (ਦੂਜੀ ਮਸਲਤ) ਪਰਾਏ ਘਰ ਜਾਣ ਵੱਲੋਂ ਆਪਣੇ ਮਨ ਨੂੰ ਮਾਰ ਲੈਂਦਾ ਹੈ। ੩. ਗੁਰਸਿੱਖ ਦੇ ਮੂੰਹੋਂ (ਤਾਂ) ਦੂਜੀ ਗੱਲ ਵੀ ਨਹੀਂ ਨਿਕਲਦੀ। ਉਹ ਹੁਕਮੀ ਬੰਦੇ ਬਣ ਕੇ ਔਖੀ ਕਾਰ ਵੱਲੋਂ ਮੂੰਹ ਨਹੀਂ ਮੋੜਦੇ। ੪. ਗੁਰਮੁਖ ਪ੍ਰੇਮ-ਰਸ ਦਾ ਸੁਖ ਫਲ ਪ੍ਰਾਪਤ ਕਰਕੇ ਦੇਹ ਤੋਂ ਬਦੇਹ (ਸਰੀਰ ਨੂੰ ਮਿਥਿਆ ਜਾਣ ਕੇ, ਸਰੀਰ ਦੇ ਰਸਾਂ ਵੱਲੋਂ ਉੱਕਾ ਹੀ ਉਪਰਾਮ) ਹੋ ਜਾਂਦੇ ਹਨ ਤੇ ਜ਼ਿੰਦਗੀ ਨੂੰ ਪੂਰਨ ਵਿਚਾਰਵਾਨਾਂ ਵਾਲੀ ਬਣਾ ਲੈਂਦੇ ਹਨ। ੫. ਗੁਰਮੁਖ (ਕੇਵਲ) ਗੁਰਮੂਰਤਿ (ਗੁਰ-ਸ਼ਬਦ) ਹੀ ਸੁਣਦੇ ਤੇ ਨਿਰੰਕਾਰ ਦੇ ਆਸਣ (ਸਾਧ ਸੰਗਤ ਦੇ ਸਥਾਨ) 'ਤੇ ਬੈਠ ਕੇ (ਗੁਰਬਾਣੀ ਨੂੰ ਮਨ ਵਿਚ) ਵਸਾਉਂਦੇ ਹਨ। ੬. (ਗੁਰਸਿੱਖ) ਆਦਿ ਪੁਰਖ (ਕੇਵਲ ਪਰਮੇਸ਼ਰ ਨੂੰ ਹੀ) ਪ੍ਰਣਾਮ ਕਰਦੇ (ਤੇ) ਅੰਮ੍ਰਿਤ ਵੇਲੇ (ਉੱਠ ਕੇ ਕੇਵਲ) ਸ਼ਬਦ (ਨਿਰੋਲ ਗੁਰਬਾਣੀ) ਦਾ ਹੀ ਅਹਾਰ ਕਰਦੇ ਹਨ। ੭. (ਪਰਮੇਸ਼ਰ ਦੀ) ਗਤੀ ਅਗੰਮ ਅਗੋਚਰ, ਅਗਾਧ ਬੋਧ ਤੇ ਅਸਗਾਹ ਹੈ, (ਉਸ ਦੀ ਵਿਚਾਰ ਕਰਨੀ ਭੀ) ਇੱਕ ਅਕੱਥ ਤੇ ਅਪਾਰ ਕਥਾ ਹੈ। ੮. (ਭਾਵੇਂ ਇਹ ਕਥਾ ਅਪਾਰ ਤੇ ਅਕੱਥ ਹੈ, ਪਰ ਜਿਹੜਾ

ਗੁਰਸਿੱਖ ਇਸ ਨਾਲ ਲਿਵ ਜੋੜਦਾ ਹੈ, ਉਸ ਦੇ ਹਿਰਦੇ ਵਿਚ ਅਨਭੈ ਦਾ ਪਰਗਾਸ ਹੁੰਦਾ ਜਾਂਦਾ ਹੈ) ਇਹੋ ਕਾਰਣ ਹੈ ਕਿ ਗੁਰਸਿੱਖ ਪਰਉਪਕਾਰ ਲਈ ਹਰ ਤਰ੍ਹਾਂ ਦੇ ਦੁੱਖ ਤੇ ਤਕਲੀਫਾਂ ਝੱਲ ਜਾਂਦਾ ਹੈ॥ ੨ ॥

੩. ਗੁਰਸਿੱਖਿਆ ਕਮਾ ਕੇ ਗੁਰਸਿੱਖ ਬਣਦਾ ਹੈ

੧. ਗੁਰਮੁਖਿ ਜਨਮੁ ਸਕਾਰਥਾ ਗੁਰਸਿਖ ਮਿਲਿ ਗੁਰਸਰਣੀ ਆਇਆ।
੨. ਆਦਿ ਪੁਰਖ ਆਦੇਸੁ ਕਰਿ ਸਫਲ ਮੂਰਤਿ ਗੁਰਦਰਸਨੁ ਪਾਇਆ।
੩. ਪਰਦਖਣਾ ਡੰਡਉਤ ਕਰਿ ਮਸਤਕੁ ਚਰਣ ਕਮਲ ਗੁਰ ਲਾਇਆ।
੪. ਸਤਿਗੁਰੁ ਪੁਰਖ ਦਇਆਲੁ ਹੋਇ ਵਾਹਿਗੁਰੂ ਸਚੁ ਮੰਤ੍ਰ ਸੁਣਾਇਆ।
੫. ਸਚ ਰਾਸਿ ਰਹਰਾਸਿ ਦੇ ਪੈਰੀਂ ਪੈ ਜਗੁ ਪੈਰੀਂ ਪਾਇਆ।
੬. ਕਾਮੁ ਕਰੋਧੁ ਵਿਰੋਧੁ ਹਰਿ ਲੋਭੁ ਮੋਹੁ ਅਹੰਕਾਰੁ ਤਜਾਇਆ।
੭. ਸਤੁ ਸੰਤੋਖੁ ਦਇਆ ਧਰਮੁ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।
੮. ਗੁਰ ਸਿਖ ਲੈ ਗੁਰਸਿਖੁ ਸਦਾਇਆ॥ ੩ ॥

ਪਦ ਅਰਥ - ਆਦਿ ਪੁਰਖ=ਪਰਮੇਸ਼ਰ। ਸਕਾਰਥਾ=ਸਫਲਾ। ਸਚ ਰਾਸਿ=ਸੱਚ ਦੀ ਪੂੰਜੀ। ਗੁਰ ਸਿਖ=ਗੁਰੂ ਦੀ ਸਿੱਖਿਆ।

ਅਰਥ - ੧. ਗੁਰਮੁਖ ਦਾ ਜਨਮ ਸਫਲ ਹੈ, ਜੋ ਗੁਰਸਿੱਖਾਂ ਨਾਲ ਮਿਲ ਕੇ ਗੁਰ ਸ਼ਰਨ ਵਿਚ ਆਉਂਦਾ ਹੈ। ੨. ਆਦਿ ਪੁਰਖ (ਪਰਮੇਸ਼ਰ) ਨੂੰ ਨਮਸਕਾਰ ਕਰਕੇ ਸਫਲੀ ਗੁਰ ਮੂਰਤਿ ਦਾ ਗੁਰੂ ਦਰਸ਼ਨ ਪ੍ਰਾਪਤ ਕਰਦਾ ਹੈ। ੩. (ਉਹ ਪਹਿਲੇ) ਪਰਦਖਣਾ ਕਰਦਾ, ਫਿਰ ਡੰਡਉਤ (ਬੰਦਨਾ) ਕਰਦਾ ਹੈ। ੪. ਸਤਿਗੁਰੂ ਸੱਚੇ ਪੁਰਖ ਨੇ, ਦਇਆਲੂ ਹੋ ਕੇ (ਗੁਰਸਿੱਖਾਂ ਨੂੰ) ਵਾਹਿਗੁਰੂ ਦਾ ਸੱਚਾ ਮੰਤਰ ਸੁਣਾਇਆ ਹੈ (ਕਿ ਇਸ ਮੰਤਰ ਨੂੰ ਜਪ ਕੇ ਸਫਲੇ ਗੁਰਸਿੱਖ ਬਣੋ ਤੇ ਸਫਲੇ ਗੁਰਸਿੱਖ (ਗੁਰਮੁਖ) ਵਾਲੀ ਘਾਲਣਾ ਘਾਲੋ)। ੫. ਸੱਚੀ ਰਾਸ (ਪੂੰਜੀ) ਗੁਰਮਤਿ ਦੀ ਮਰਯਾਦਾ ਵਿਚ ਲਾ ਦਿੱਤੀ। ੬. ਕਾਮ, ਕ੍ਰੋਧ ਤੇ ਵਿਰੋਧਤਾ (ਭਲੇ ਗੁਣਾਂ ਦੀ) ਛੁਡਾ ਦਿੱਤੀ। ਲੋਭ, ਮੋਹ ਤੇ ਹੰਕਾਰ ਨੂੰ ਵੀ ਛੁਡਾ ਦਿੱਤਾ। ੭. ਗੁਰਸਿੱਖ ਸਤ, ਸੰਤੋਖ, ਦਇਆ, ਧਰਮ ਅਤੇ ਨਾਮ, ਦਾਨ ਤੇ ਇਸ਼ਨਾਨ (ਵਿਚ ਆਪਣੇ ਮਨ ਨੂੰ) ਦ੍ਰਿੜ੍ਹ ਕਰ ਲੈਂਦੇ ਹਨ। ੮. (ਇਉਂ) ਗੁਰ-ਸਿੱਖਿਆ ਨੂੰ ਪ੍ਰਾਪਤ ਕਰ (ਤੇ ਫਿਰ ਕਮਾਈ ਕਰਕੇ ਸਿੱਖ) ਗੁਰੂ ਦਾ ਸਿੱਖ ਅਖਵਾਉਂਦਾ ਹੈ॥ ੩ ॥

੪. ਗੁਰਮੁਖ ਦੀ ਕਰਣੀ

੧. ਸਬਦ ਸੁਰਤਿ ਲਿਵਲੀਣੁ ਹੋਇ ਸਾਧ ਸੰਗਤਿ ਸਚਿ ਮੇਲਿ ਮਿਲਾਇਆ।
੨. ਹੁਕਮ ਰਜਾਈ ਚਲਣਾ ਆਪੁ ਗਵਾਇ ਨ ਆਪੁ ਜਣਾਇਆ।

੩. ਗੁਰ ਉਪਦੇਸੁ ਅਵੇਸੁ ਕਰਿ ਪਰਉਪਕਾਰਿ ਅਚਾਰਿ ਲੁਭਾਇਆ।
੪. ਪਿਰਮ ਪਿਆਲਾ ਅਪਿਉ ਪੀ ਸਹਜ ਸਮਾਈ ਅਜਰੁ ਜਰਾਇਆ।
੫. ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇ ਕੈ ਭਲਾ ਮਨਾਇਆ।
੬. ਇਕ ਮਨਿ ਇਕੁ ਅਰਾਧਣਾ ਦੁਬਿਧਾ ਦੂਜਾ ਭਾਉ ਮਿਟਾਇਆ।
੭. ਗੁਰਮੁਖਿ ਸੁਖ ਫਲ ਨਿਜ ਪਦੁ ਪਾਇਆ ॥ ੪ ॥

ਪਦ ਅਰਥ - ਲਿਵਲੀਣੁ=ਲਿਵ ਜੋੜ ਦੇਣੀ। ਅਵੇਸੁ=ਗੁਰ ਸ਼ਬਦ ਵਿਚ ਵਾਸਾ। ਅਚਾਰਿ=ਕਾਰ ਵਿਹਾਰ। ਨਿਜ ਪਦੁ=ਆਪਣੇ ਆਤਮਿਕ ਮੰਡਲ ਦਾ ਘਰ।

ਅਰਥ - ੧. (ਜੋ ਵੀ) ਸਾਧ ਸੰਗਤ ਵਿਚ ਜਾ ਕੇ ਸ਼ਬਦ ਤੇ ਸੁਰਤ ਦਾ ਸੱਚਮੁਚ ਮੇਲ ਕਰਾ ਲੈਂਦਾ, ਭਾਵ ਲਿਵ (ਨੂੰ ਪੂਰੇ ਧਿਆਨ ਨਾਲ) ਜੋੜ ਲੈਂਦਾ ਹੈ। ੨. (ਫਿਰ ਉਹ) ਪ੍ਰਭੂ ਦੇ ਹੁਕਮ ਰਜ਼ਾ (ਭਾਣੇ) ਵਿਚ ਚਲਦਾ ਹੈ, ਹਉਮੈ (ਮੈਂ-ਮੇਰੀ) ਨੂੰ ਮਾਰ ਕੇ (ਉਹ) ਆਪਣੇ ਆਪ ਨੂੰ ਜਤਾਉਂਦਾ ਨਹੀਂ (ਭਾਵ ਆਪਣੇ ਕਿਸੇ ਗੁਣ ਦਾ ਦਿਖਾਵਾ ਨਹੀਂ ਕਰਦਾ)। ੩. ਗੁਰੂ ਦੇ ਉਪਦੇਸ਼ ਵਿਚ ਵਾਸਾ ਕਰ ਲੈਂਦਾ ਹੈ ਭਾਵ ਗੁਰ ਸਿੱਖਿਆ ਨੂੰ ਉਹ ਆਪਣੇ ਜੀਵਨ ਦਾ ਅਧਾਰ ਬਣਾ ਲੈਂਦਾ ਹੈ ਤੇ ਪਰਉਪਕਾਰ ਦੇ ਕੰਮਾਂ ਵਿਚ ਦਿਲਚਸਪੀ ਨਾਲ ਲੱਗ ਜਾਂਦਾ ਹੈ। ੪. (ਅਜਿਹਾ ਗੁਰਸਿੱਖ) ਪ੍ਰੇਮ-ਰਸ ਦਾ ਅੰਮ੍ਰਿਤ ਪੀ ਕੇ ਸਹਜ ਵਿਚ ਸਮਾਉਂਦਾ ਹੈ, (ਆਪਣੇ ਜਪ ਤਪ ਤੇ ਗਿਆਨ ਧਿਆਨ ਦੇ ਅਸਚਰਜ ਰਸ ਨੂੰ) ਕਿਸੇ ਪ੍ਰਕਾਰ ਵੀ ਪ੍ਰਗਟ ਨਹੀਂ ਕਰਦਾ, (ਇਸ ਅਮੋਲਕ ਦਾਤ ਤੇ ਵਡਿਆਈ ਦੇ) ਅਜਰ ਨੂੰ ਆਪੇ ਵਿਚ ਜਰ ਲੈਂਦਾ ਹੈ। ੫. ਉਹ ਮਿੱਠਾ ਬੋਲਦਾ ਹੈ, ਨਿਵ ਕੇ ਚਲਦਾ ਹੈ, ਨਿਮ੍ਰਤਾ ਵਿਚ ਰਹਿੰਦਾ ਹੈ ਅਤੇ (ਕਿਸੇ ਤੋਂ ਕੁਝ ਲੈਣ ਦੀ ਬਜਾਇ) ਆਪਣੇ ਹੱਥੋਂ (ਦਾਨ ਪੁੰਨ) ਦੇ ਕੇ ਭਲਾ ਮਨਾਉਂਦਾ ਹੈ। (ਭਾਵ ਹੱਥੋਂ ਦਿੱਤੇ ਨੂੰ ਹੀ ਭਲਾ ਜਾਣਦਾ ਹੈ)। ੬. ਉਹ ਇੱਕ ਮਨ ਹੋ ਕੇ ਇੱਕ (ਪ੍ਰਭੂ) ਨੂੰ ਅਰਾਧਦਾ ਹੈ, ਤੇ ਦੁਬਿਧਾ (ਝਗੜੇ ਝਾਂਜੇ) ਤੇ ਦ੍ਵੈਤ-ਭਾਵ (ਦੂਜਾ ਭਾਉ ਆਪਣੇ ਮਨ ਤੋਂ) ਮਿਟਾ ਦਿੰਦਾ ਹੈ। ੭. ਗੁਰਮੁਖ ਨੇ (ਇਸ ਹੋਰ ਤਰੀਕੇ ਨਾਲ ਨਿਜ) ਆਤਮ-ਪਦ ਨੂੰ ਪ੍ਰਾਪਤ ਕਰ ਲਿਆ ਹੈ॥ ੪ ॥

੫. ਗੁਰਸਿੱਖੀ ਤਪਾਂ ਸਿਰ ਤਪ ਹੈ

੧. ਗੁਰਸਿਖੀ ਬਾਰੀਕ ਹੈ ਖੰਡੇ ਧਾਰ ਗਲੀ ਅਤਿ ਭੀੜੀ।
੨. ਓਥੈ ਟਿਕੈ ਨ ਭੁਣਹਣਾ ਚਲਿ ਨ ਸਕੈ ਉਪਰਿ ਕੀੜੀ।
੩. ਵਾਲਹੁ ਨਿਕੀ ਆਖੀਐ ਤੇਲੁ ਤਿਲਹੁ ਲੈ ਕੋਲ੍ਹੂ ਪੀੜੀ।
੪. ਗੁਰਮੁਖਿ ਵੰਸੀ ਪਰਮ ਹੰਸ ਖੀਰ ਨੀਰ ਨਿਰਨਉ ਚੁੰਜਿ ਵੀੜੀ।
੫. ਸਿਲਾ ਅਲੂਣੀ ਚਟਣੀ ਮਾਣਕ ਮੋਤੀ ਚੋਗ ਨਿਵੀੜੀ।

੬. ਗੁਰਮੁਖਿ ਮਾਰਗਿ ਚਲਣਾ ਆਸ ਨਿਰਾਸੀ ਝੀੜ ਉਝੀੜੀ।
੭. ਸਹਜਿ ਸਰੋਵਰਿ ਸਚ ਖੰਡਿ ਸਾਧਸੰਗਤਿ ਸਚ ਤਖਤਿ ਹਰੀੜੀ।
੮. ਚੜ੍ਹਿ ਇਕੀਹ ਪਤਿ ਪਉੜੀਆ ਨਿਰੰਕਾਰੁ ਗੁਰ ਸਬਦੁ ਸਹੀੜੀ।
੯. ਗੁੰਗੈ ਦੀ ਮਿਠਿਆਈਐ ਅਕਥ ਕਥਾ ਵਿਸਮਾਦੁ ਬਚੀੜੀ।
੧੦. ਗੁਰਮੁਖਿ ਸੁਖੁ ਫਲੁ ਸਹਜਿ ਅਲੀੜੀ॥ ੫॥

ਪਦ ਅਰਥ - ਭੁਣਹਣਾ=ਮੱਛਰ। ਨਿਵੀੜੀ=ਨਿੱਤ ਚੜ੍ਹਦੇ ਸੂਰਜ, ਹਰ ਰੋਜ਼। ਝੀੜ=ਝਿੜੀ, ਜੰਗਲ ਵਿਚ। ਉਝੀੜੀ=ਔਝੜ, ਔਖਾ ਰਾਹ। ਹਰੀੜੀ=ਹਰੀ, ਪ੍ਰਭੂ ਦਾ। ਸਹੀੜੀ=ਸਹੇੜਨਾ। ਅਲੀੜੀ=ਪਾਇਆ।

ਅਰਥ - ੧. ਗੁਰਸਿੱਖੀ ਬਹੁਤ ਬਰੀਕ ਹੈ (ਗੁਰਸਿੱਖੀ ਦਾ ਰਾਹ) ਗਲੀ ਅਤਿਅੰਤ ਭੀੜੀ (ਤੰਗ) ਖੰਡੇ ਦੀ ਧਾਰ ਵਰਗੀ (ਤਿੱਖੀ ਵੀ) ਹੈ। ੨. (ਇਹ ਰਾਹ ਏਨਾ ਬਰੀਕ ਤੇ ਤੇਜ਼ ਹੈ ਕਿ) ਓਥੇ ਮੱਛਰ ਵੀ ਨਹੀਂ ਬੈਠ ਸਕਦਾ, (ਇਸ ਉਤੇ) ਕੀੜੀ (ਵਰਗੀ ਹੌਲੀ ਫੁਲ ਚੀਜ਼) ਵੀ ਚਲ ਨਹੀਂ ਸਕਦੀ। ੩. (ਇਹ ਗੁਰਸਿੱਖੀ ਰਸਤਾ) ਵਾਲ 'ਤੋਂ ਵੀ ਨਿੱਕਾ ਹੈ ਤੇ ਇਸ ਦੀ ਪ੍ਰਾਪਤੀ ਏਨੀ ਕੁਰਬਾਨੀ ਦੀ ਮੰਗ ਕਰਦੀ ਹੈ, ਜਿਵੇਂ ਤਿਲਾਂ 'ਚੋਂ ਤੇਲ ਕੱਢਣ ਲਈ ਤਿਲਾਂ ਨੂੰ ਕੋਹਲੂ ਵਿਚ ਪੀੜਿਆ ਜਾਂਦਾ ਹੈ। ੪. ਗੁਰਮੁਖਾਂ ਦੀ ਬੰਸ ਦੇ (ਗੁਰਸਿੱਖ) ਵੱਡੇ ਪਰਮ ਹੰਸਾਂ ਦੇ ਸਮਾਨ ਹਨ, (ਜੋ ਸੱਚ ਤੇ ਝੂਠ ਨੂੰ ਇਉਂ ਗੁਰ-ਸ਼ਬਦ ਦੀ ਵਿਚਾਰ ਨਾਲ ਨਿਖੇੜ ਦਿੰਦੇ ਜਿਵੇਂ) ਹੰਸ ਦੀ ਚੁੰਜ, ਦੁੱਧ ਤੇ ਪਾਣੀ ਨੂੰ ਵੱਖ ਵੱਖ ਕਰਕੇ ਰੱਖ ਦੇਂਦੀ ਹੈ। (ਮੈਂ ਕਿਥੋਂ ਆਇਆ ਹਾਂ, ਕੀ ਕਰਨਾ ਹੈ ਤੇ ਫਿਰ ਜਾਣਾ ਕਿਥੇ ਹੈ, ਇਨ੍ਹਾਂ ਵਿਚਾਰਾਂ ਨੂੰ ਗੁਰਮੁਖ ਪਰਮ ਹੰਸ ਪ੍ਰਤੱਖ ਕਰ ਲੈਂਦੇ ਹਨ)। ੫. ਸਿੱਖੀ ਅਲੂਣੀ (ਵਿਸ਼ੇ ਸੁਆਦਾਂ ਤੋਂ ਰੁਹਿਤ ਹੈ, ਭਗਤੀ ਵਿਚ ਲਗਣਾ, ਇਹੀ ਅਲੂਣੀ (ਸਿਲ-ਪੱਥਰ) ਚੱਟਣਾ ਹੈ। (ਅਤੇ ਪ੍ਰਭੂ ਦੇ ਨਾਮ ਰੂਪ ਦੈਵੀ ਗੁਣਾਂ ਨੂੰ) ਹਰ ਰੋਜ਼ ਚੇਤੇ ਕਰਨਾ, ਇਹੀ ਉਨ੍ਹਾਂ ਦਾ ਮਾਣਕ ਮੋਤੀ ਚੁਗਣਾ ਹੈ। ੬. ਗੁਰਮੁਖਾਂ ਦਾ ਮਾਰਗ (ਜੰਗਲ ਦੇ ਕੰਡੇ ਝਾੜਾਂ ਵਾਲਾ ਔਖਾ ਰਾਹ) ਹੈ, ਜਿਸ ਵਿਚ ਆਸ਼ਾ (ਪ੍ਰਾਪਤੀ ਭਾਵਨਾ) ਤੋਂ ਨਿਰਾਸ਼ ਹੋ ਕੇ ਤੁਰਨਾ ਪੈਂਦਾ ਹੈ। ੭. ਸਹਜ ਦਾ ਸਰੋਵਰ, ਸੱਚਖੰਡ (ਸਾਧ ਸੰਗਤ) ਹੈ, ਜੋ ਹਰੀ ਦਾ ਸੱਚਾ ਤਖ਼ਤ ਹੈ (ਗੁਰਮੁਖ ਹੰਸਾਂ ਵਾਂਗ ਇਥੇ ਹੀ ਰਹਿੰਦੇ ਹਨ)। ੮. ਜਿਨ੍ਹਾਂ ਨੇ ਜਗਤ ਦੀਆਂ ੨੦ ਪੌੜੀਆਂ ਚੜ੍ਹ ਇਕੀਹ ਸੱਚੇ ਨਿਰੰਕਾਰ ਦੇ ਗੁਰ ਸ਼ਬਦ ਵਿਚ ਸਮਾਉਣਾ ਕੀਤਾ ਹੈ। ੯. (ਤਾਂ ਉਨ੍ਹਾਂ ਦੇ ਪ੍ਰੇਮ-ਰਸ ਨੂੰ ਜਿਵੇਂ) ਗੂੰਗੇ ਨੂੰ ਮਠਿਆਈ ਖੁਆਉ, (ਤਾਂ ਉਹ ਉਸਦਾ ਰਸ ਦੱਸ ਨਹੀਂ ਸਕਦਾ)। ਇਵੇਂ ਹੀ ਗੁਰਮੁਖ ਆਏ ਰਸ ਨੂੰ ਕਥਨ (ਭਾਵ ਬਚਨਾਂ ਨਾਲ ਬੋਲ ਕੇ) ਦੱਸ ਨਹੀਂ ਸਕਦਾ। ੧੦. (ਇਉਂ) ਗੁਰਮੁਖਾਂ ਨੇ (ਘਾਲ-ਕਮਾਈ ਕਰਕੇ) ਸੁਖ ਫਲ ਨੂੰ ਸਹਿਜੇ ਹੀ ਪਾ ਲਿਆ ਹੈ॥ ੫॥

੬. ਗੁਰੂ ਚਰਣਾਂ ਦੀ ਮਹਿਮਾ

੧. ਗੁਰਮੁਖਿ ਸੁਖ ਫਲ ਪਿਰਮ ਰਸੁ ਚਰਣੋਦਕੁ ਗੁਰ ਚਰਣ ਪਖਾਲੇ।
੨. ਸੁਖ ਸੰਪੁਟ ਵਿਚਿ ਰਖਿ ਕੈ ਚਰਣ ਕਵਲ ਮਕਰੰਦ ਪਿਆਲੇ।
੩. ਕਉਲਾਲੀ ਸੂਰਜ ਮੁਖੀ ਲਖ ਕਵਲ ਖਿੜਦੇ ਰਲੀਆਲੇ।

੪. ਚੰਦ੍ਰਮੁਖੀ ਹੁਇ ਕੁਮੁਦਨੀ ਚਰਣ ਕਵਲ ਸੀਤਲ ਅਮੀਆਲੇ।
੫. ਚਰਣ ਕਵਲ ਦੀ ਵਾਸਨਾ ਲਖ ਸੂਰਜ ਹੋਵਨਿ ਅਲਿ ਕਾਲੇ।
੬. ਲਖ ਤਾਰੇ ਸੂਰਜਿ ਚੜ੍ਹਿ ਜਿਉ ਛਪਿ ਜਾਨਿ ਨ ਆਪ ਸਮ੍ਹਾਲੇ।
੭. ਚਰਣ ਕਵਲ ਦਲਜੋਤਿ ਵਿਚਿ ਲਖ ਸੂਰਜਿ ਲੁਕਿ ਜਾਨਿ ਰਵਾਲੇ।
੮. ਗੁਰ ਸਿਖ ਲੈ ਗੁਰਸਿਖ ਸੁਖਾਲੇ ॥ ੬ ॥

ਪਦ ਅਰਥ - ਸੰਪੁਟ=ਡੱਬਾ, ਸਮੂਹ। ਮਕਰੰਦ=ਰਸ। ਰਲੀਆਲੇ=ਰਲ ਕੇ। ਅਮੀਆਲੇ=ਅੰਮ੍ਰਿਤ ਦੇ ਸੁਆਦ ਵਾਲੇ। ਦਲ-ਪੱਤੀਆਂ। ਰਵਾਲੇ=ਧੂੜੀ। ਸੁਖਾਲੇ=ਸੌਖੇ।

ਅਰਥ - ੧. ਗੁਰਮੁਖਾਂ ਲਈ ਸੁਖ-ਫਲ, ਪ੍ਰੇਮ ਰਸ ਹੀ ਹੈ, ਜੋ (ਪਿਆਰ ਨਾਲ) ਗੁਰੂ-ਚਰਣਾਂ ਨੂੰ ਧੋਂਦੇ ਤੇ ਚਰਣਾਂਮ੍ਰਿਤ ਪੀਂਦੇ ਹਨ। ੨. ਸੁਖ ਸੰਪਟ (ਭਾਵ ਗੁਰੂ ਦੀ ਅਰਾਧਨਾ ਕਰਨ ਵਾਲੀ ਸਿੰਮ੍ਰਿਤੀ ਰੂਪ ਡੱਬੇ) ਵਿਚ ਰੱਖ ਕੇ ਚਰਣ ਕਵਲਾਂ ਦੇ ਰਸ ਨੂੰ ਪੀਂਦੇ ਹਨ। ੩. (ਜਿਵੇਂ) ਕਵਲਾਂ ਦੇ ਬਾਗ਼ ਵਿਚ ਕੰਵਲ ਚੜ੍ਹਦੇ ਸੂਰਜ ਨੂੰ ਵੇਖਦੇ ਹੀ ਖ਼ੁਸ਼ ਹੋ ਖਿੜ ਜਾਂਦੇ ਹਨ। (ਇਉਂ ਹੀ ਗੁਰਸਿੱਖ ਗੁਰੂ ਦੇ ਦੀਦਾਰ ਕਰ ਪ੍ਰਸੰਨ ਚਿਤ ਹੋ ਵਿਸਮਾਦਤ ਹੁੰਦੇ) ਹਨ। ੪. ਕੰਮੀਆਂ (ਜਿਵੇਂ) ਚੰਦਰਮਾਂ ਦਾ ਮੁਖ ਵੇਖ ਕੇ ਖਿੜ ਜਾਂਦੀਆਂ ਹਨ (ਇਸੇ ਤਰ੍ਹਾਂ) ਗੁਰਸਿੱਖ ਸਤਿਗੁਰੂ ਦੇ ਸੀਤਲਤਾ ਰੂਪ ਅੰਮ੍ਰਿਤ ਚਰਣਾਂ ਨੂੰ ਪਰਸ ਕੇ ਆਨੰਦ ਹੁੰਦੇ ਹਨ। ੫. ਚਰਣ ਕਵਲਾਂ ਦੀ ਵਾਸ਼ਨਾ ਨੂੰ ਲੱਖਾਂ ਸੂਰਜ (ਵਤ ਉਜਲੇ ਮਥੇ ਵਾਲੇ ਗੁਰਸਿੱਖ) ਭਵਰੇ ਬਣ ਸਤਿਗੁਰੂ ਜੀ ਦੇ ਚਰਣਾਂ ਨੂੰ ਪਰਸ ਰਹੇ ਹਨ। ੬. ਲੱਖਾਂ ਤਾਰੇ, ਸੂਰਜ ਚੜ੍ਹਨ ਨਾਲ (ਜਿਵੇਂ) ਅਲੋਪ ਹੋ ਜਾਂਦੇ ਹਨ (ਇਸੇ ਤਰ੍ਹਾਂ ਹੀ ਗੁਰ-ਸ਼ਰਨੀ ਪਏ ਸਿੱਖ ਦੇ ਲੱਖਾਂ ਵਿਕਾਰ) ਛੁਪ ਜਾਂਦੇ ਹਨ, ਉਹ (ਵਿਕਾਰ) ਆਪਣੇ ਆਪ ਨੂੰ ਸੰਭਾਲ ਨਹੀਂ ਸਕਦੇ। ੭. ਸਤਿਗੁਰੂ ਜੀ ਦੇ ਚਰਣ ਕੰਵਲਾਂ ਦੀਆਂ ਪੱਤੀਆਂ ਵਿਚੋਂ ਲੱਖਾਂ ਸੂਰਜ (ਕ੍ਰਾਂਤੀ ਵਾਲੇ ਰਾਜੇ, ਮਹਾਰਾਜੇ ਤੇ ਬਾਦਸ਼ਾਹ ਆ ਝੁਕਦੇ ਤੇ) ਚਰਣਾਂ ਵਿਚ ਸਮਾ (ਲੁਕ) ਜਾਂਦੇ ਹਨ। ੮. (ਸੋ ਅਜਿਹੇ ਮਹਾਨ ਪ੍ਰਕਾਸ਼ ਵਾਲੇ ਪੂਰੇ ਗੁਰੂ ਦੀ) ਸਿੱਖਿਆ ਪ੍ਰਾਪਤ ਕਰਕੇ, ਗੁਰੂ ਦੇ ਸਿੱਖ ਸੌਖੇ (ਇਸ ਦੁਨੀਆਂ ਵਿਚ ਤੇ ਅੱਗੇ ਪਰਲੋਕ ਵਿਚ ਵੀ) ਸੁਖਾਲੇ ਹੋ ਜਾਂਦੇ ਹਨ॥ ੬ ॥

੭. ਗੁਰਸਿੱਖੀ ਵਿਚ ਏਕਤਾ ਦਾ ਮਹਾਨ ਗੁਣ

੧. ਚਾਰਿ ਵਰਨਿ ਇਕ ਵਰਨ ਕਰਿ ਵਰਨ ਅਵਰਨ ਤਮੋਲ ਗੁਲਾਲੇ।
੨. ਅਸਟ ਧਾਤੁ ਇਕੁ ਧਾਤੁ ਕਰਿ ਵੇਦ ਕਤੇਬ ਨ ਭੇਦੁ ਵਿਚਾਲੇ।
੩. ਚੰਦਨ ਵਾਸੁ ਵਣਾਸੁਪਤਿ ਅਫਲ ਸਫਲ ਵਿਚਿ ਵਾਸੁ ਬਹਾਲੇ।
੪. ਲੋਹਾ ਸੁਇਨਾ ਹੋਇ ਕੈ ਸੁਇਨਾ ਹੋਇ ਸੁਗੰਧਿ ਵਿਖਾਲੇ।
੫. ਸੁਇਨੇ ਅੰਦਰਿ ਰੰਗ ਰਸ ਚਰਣਾਮਿਤ ਅੰਮ੍ਰਿਤੁ ਮਤਵਾਲੇ।

੬. ਮਾਣਕ ਮੋਤੀ ਸੁਇਨਿਅਹੁ ਜਗਮਗ ਜੋਤਿ ਹੀਰੇ ਪਰਵਾਲੇ।
੭. ਦਿਬ ਦੇਹ ਦਿਬ ਦਿਸਟਿ ਹੋਇ ਸਬਦ ਸੁਰਤਿ ਦਿਬ ਜੋਤਿ ਉਜਾਲੇ।
੮. ਗੁਰਮੁਖਿ ਸੁਖ ਫਲੁ ਰਸਿਕ ਰਸਾਲੇ ॥ ੭ ॥

ਪਦ ਅਰਥ - ਬਹਾਲੇ=ਵਾਸ਼ਨਾ ਨੂੰ ਵਿਚ ਬਿਠਾ ਦਿੰਦਾ ਹੈ। ਪਰਵਾਲੇ=ਮੂੰਗੇ। ਦਿਬ ਜੋਤਿ ਉਜਾਲੇ=ਦਿੱਬ ਜੋਤੀ ਦਾ ਪ੍ਰਕਾਸ਼, ਝਿਲਮਿਲ।

ਅਰਥ - ੧. (ਪੂਰੇ ਸਤਿਗੁਰੂ ਜੀ ਨੇ) ਚਾਰੇ ਵਰਣਾਂ ਨੂੰ ਇੱਕ ਵਰਣ (ਸਿੱਖ) ਬਣਾ ਕੇ, ਰੰਗਾ ਰੰਗ ਦੇ ਤੰਬੋਲ (ਪਾਨ) ਤੋਂ ਲਾਲ ਗੁਲਾਲ ਰੰਗ ਵਾਲੇ (ਗੁਰਸਿੱਖ) ਪੈਦਾ ਕਰ ਦਿੱਤੇ। ੨. (ਜਿਸ ਤਰ੍ਹਾਂ ਪਾਰਸ) ਅੱਠਾਂ ਧਾਤਾਂ ਨੂੰ ਛੂਹ ਕੇ ਇੱਕ ਸੋਨਾ ਰੂਪ ਕਰ ਦੇਂਦਾ ਹੈ, (ਇਸੇ ਤਰ੍ਹਾਂ ਗੁਰੂ ਜੀ ਨੇ ਗੁਰਸਿੱਖ ਲਈ) ਵੇਦ ਕਤੇਬ ਵਿਚਲੇ ਭੇਦ ਨੂੰ ਮਿਟਾ ਕੇ (ਸਭ ਨੂੰ ਇਕੋ ਪ੍ਰਭੂ ਦੀ ਪੈਦਾਇਸ਼ ਹੈ, ਦਾ ਉਪਦੇਸ਼ ਦੇ ਕੇ ਸਿੱਖ ਵਿਚੋਂ ਨਫਰਤ ਤੇ ਦੂਜੈਗੀ ਨੂੰ) ਦੂਰ ਕਰ ਦਿੱਤਾ ਹੈ। ੩. ਚੰਦਨ ਦਾ ਰੁੱਖ ਜਿਸ ਤਰ੍ਹਾਂ ਆਲੇ ਦੁਆਲੇ ਦੀ ਸਭ ਵਣਾਸਪਤੀ (ਛੋਟੇ ਵੱਡੇ ਬੂਟਿਆਂ ਵਿਚ) ਆਪਣੀ ਵਾਸ ਬਹਾ ਦਿੰਦਾ ਹੈ। ੪. ਲੋਹਾ ਸੋਨਾ ਹੋ ਕੇ ਆਪਣੀ ਸੁਗੰਧ (ਚਮਕ) ਹੋਰ ਗਹਿਣਿਆਂ ਦੇ ਰੂਪ ਵਿਚ ਬਦਲ ਕੇ ਆਪਣੀ ਚਮਕ-ਦਮਕ ਨੂੰ ਵਿਖਾਲਦਾ ਹੈ। (ਇਸੇ ਤਰ੍ਹਾਂ ਸੱਚਾ ਸਿੱਖ ਕਿਤੇ ਵੀ ਹੋਵੇ, ਉਹ ਗੁਰਸਿੱਖੀ ਦੀ ਮਹਿਮਾ ਹੀ ਫੈਲਾਉਂਦਾ ਹੈ)। ੫. ਸੋਨੇ ਵਿਚ ਚਮਕ-ਦਮਕ ਤਾਂ ਹੈ, ਪਰ ਰਸ ਨਹੀਂ ਹੈ, ਪਰ ਗੁਰੂ ਕੇ ਸਿੱਖ ਗੁਰੂ ਚਰਣਾਂਮ੍ਰਿਤ ਪੀ ਕੇ ਸੋਨਾ ਬਣਨਗੇ, ਉਨ੍ਹਾਂ ਵਿਚ ਪ੍ਰੇਮ ਦਾ ਰਸ ਵੀ, ਭਾਵ-ਸਿੱਖੀ ਦੀ ਚਮਕ ਤੇ ਪ੍ਰੇਮਾ-ਭਗਤੀ ਦਾ ਰਸ ਦੋਵੇਂ ਹੀ ਗੁਣ ਪੈਦਾ ਹੋ ਜਾਂਦੇ ਹਨ। ੬. ਪੂਰਨ ਗੁਰਸਿੱਖ ਤੇ ਵਿਸ਼ਾਲ ਹਿਰਦੇ ਵਿਚ ਦੈਵੀ ਗੁਣਾਂ ਰੂਪ-ਮੋਤੀ, ਮੂੰਗੇ ਤੇ ਲਾਲਾਂ ਦਾ-ਜਗਮਗ ਪ੍ਰਕਾਸ਼ ਹੋ ਜਾਂਦਾ ਹੈ। ੭. (ਇਸ ਪ੍ਰਕਾਸ਼ ਤੋਂ) ਗੁਰਸਿੱਖ ਨੂੰ ਦਿੱਬ-ਦ੍ਰਿਸ਼ਟੀ ਤੇ ਸਰੀਰ ਵੀ ਦਿੱਬ (ਦੈਵੀ ਗੁਣਾਂ ਵਾਲਾ) ਹੋ ਜਾਂਦਾ ਹੈ। ੮. (ਇਉਂ) ਗੁਰਸਿੱਖ ਨਾਮ ਦੇ ਰਸੀਏ ਬਣ ਕੇ ਅੰਮ੍ਰਿਤ-ਰਸ ਦਾ ਰੂਪ ਹੀ ਬਣ ਜਾਂਦੇ ਹਨ॥ ੭॥

੮. ਗੁਰਸਿੱਖ ਦੀ ਪ੍ਰੀਤੀ ਦਾ ਵਰਣਨ

੧. ਪਿਰਮ ਪਿਆਲਾ ਸਾਧਸੰਗ ਸਬਦ ਸੁਰਤਿ ਅਨਹਦ ਲਿਵ ਲਾਈ।
੨. ਧਿਆਨੀ ਚੰਦ ਚਕੋਰ ਗਤਿ ਅੰਮ੍ਰਿਤ ਦ੍ਰਿਸਟਿ ਸ੍ਰਿਸਟਿ ਵਰਸਾਈ।
੩. ਘਨਹਰ ਚਾਤ੍ਰਿਕ ਮੋਰ ਜਿਉ ਅਨਹਦ ਧੁਨਿ ਸੁਣਿ ਪਾਇਲ ਪਾਈ।
੪. ਚਰਣ ਕਵਲ ਮਕਰੰਦ ਰਸਿ ਸੁਖ ਸੰਪੁਟ ਹੁਇ ਭਵਰੁ ਸਮਾਈ।
੫. ਸੁਖ ਸਾਗਰ ਵਿਚਿ ਮੀਨ ਹੋਇ ਗੁਰਮੁਖਿ ਚਾਲਿ ਨ ਖੋਜ ਖੁਜਾਈ।
੬. ਅਪਿਓ ਪੀਅਣੁ ਨਿਝਰ ਝਰਣ ਅਜਰੁ ਜਰਣ ਨ ਅਲਖੁ ਲਖਾਈ।
੭. ਵੀਹ ਇਕੀਹ ਉਲੰਘਿ ਕੈ ਗੁਰਸਿਖ ਗੁਰਮੁਖਿ ਸੁਖ ਫਲੁ ਪਾਈ।
੮. ਵਾਹਿਗੁਰੂ ਵਡੀ ਵਡਿਆਈ ॥ ੮ ॥

ਪਦ ਅਰਥ - ਅਨਹਦ=ਵਰਖਾ। ਵੀਹ=ਸੰਸਾਰ। ਇਕੀਹ=ਈਸ਼ਵਰ।

ਅਰਥ - ੧. ਸਾਧ ਸੰਗਤ (ਸੱਚਖੰਡ ਵਿਚ ਜਾ ਕੇ ਸਿੱਖ ਨੇ) ਪ੍ਰੇਮ-ਪਿਆਲੇ (ਪ੍ਰੀਤੀ) ਵਿਚ ਮਸਤ ਹੋ ਕੇ, ਸ਼ਬਦ ਵਿਚ ਆਪਣੀ ਸੁਰਤ ਨੂੰ ਜੋੜ ਦਿੱਤਾ (ਲਿਵ ਲਾਈ) ਹੈ। ੨. (ਗੁਰੂ ਕਾ ਸਿੱਖ ਚਕੋਰ ਵਾਂਗ) ਧਿਆਨ ਲਾਉਂਦਾ (ਉਹ ਸਮਝ ਕੇ ਦ੍ਰਿੜ੍ਹ ਕਰ ਲੈਂਦਾ ਹੈ ਕਿ ਸਤਿਗੁਰੂ ਜੀ ਦੀ) ਅੰਮ੍ਰਿਤ-ਦ੍ਰਿਸ਼ਟੀ (ਤੱਕਣੀ) ਨਾਲ ਹੀ ਸ੍ਰਿਸ਼ਟੀ ਵਰਸਾਈ ਹੋਈ ਹੈ। ੩. (ਜਿਵੇਂ) ਬੱਦਲਾਂ ਦੀ ਘਨਘੋਰ ਘਟਾ ਨੂੰ ਵੇਖ ਪਪੀਹਾ ਤੇ ਮੋਰ (ਖ਼ੁਸ਼ ਹੁੰਦੇ ਤੇ ਬੱਦਲਾਂ ਦੀ ਲਗਾਤਾਰ) ਅਨਹਦ ਧੁਨੀ ਨੂੰ ਸੁਣਕੇ ਮੋਰ ਪੈਲਾਂ ਪਾਉਣ ਲੱਗ ਜਾਂਦਾ ਹੈ। (ਇਸੇ ਤਰ੍ਹਾਂ ਹੀ ਸਿੱਖ ਵੀ ਗੁਰੂ-ਦਰਸ਼ਨ ਕਰ ਨਿਹਾਲ ਹੋ ਜਾਂਦਾ ਹੈ)। ੪. ਚਰਣ ਕਮਲਾਂ ਦੀ ਧੂੜੀ ਦੇ ਰਸ ਵਿਚ (ਗੁਰਸਿੱਖ ਸੁਖੀ ਹੋ) ਸੁਖਾਂ ਦੇ ਵਿਚ ਹੀ ਸਮਾ ਜਾਂਦਾ ਹੈ। ੫. (ਗੁਰੂ ਦੀ ਸਾਧ ਸੰਗਤ ਦੇ) ਸੁਖ ਸਾਗਰ ਵਿਚ (ਸਿੱਖ) ਮੱਛੀ ਵਾਂਗ ਹੋ ਜਾਂਦਾ ਹੈ ਤੇ ਉਸ ਦੀ ਚਾਲ (ਤੋਰ) ਦਾ ਪਤਾ ਨਹੀਂ ਲੱਗਦਾ। ੬. (ਗੁਰਸਿੱਖ ਸਿਮਰਨ ਦਾ ਰੂਪ ਬਣ ਕੇ ਨਾਮ ਦੇ) ਇੱਕ ਰਸ ਝਰ ਰਹੇ ਅੰਮ੍ਰਿਤ ਨੂੰ ਪੀਂਦੇ (ਤੇ ਇਸ ਮਸਤੁਲਮਸਤੀ ਦੀ) ਹਾਲਤ ਦਾ (ਕਿਸੇ ਨੂੰ ਭੇਤ ਨਹੀਂ ਦੇਂਦੇ ਇਸ) ਅਜਰ, ਨਾ ਜਰੀ ਜਾਣ ਵਾਲੀ ਗਤੀ ਨੂੰ ਜਰਨ ਵਾਲੇ ਬਣ ਜਾਂਦੇ ਹਨ। ੭. (ਗੁਰਸਿੱਖ) ਵੀਹ ਤੇ ਇਕੀਹ (ਜੀਵ ਤੇ ਈਸ਼ਵਰ ਵਿਚ ਕਿਤਨੀ ਕੁ ਵਿੱਥ ਹੈ) ਨੂੰ ਲੰਘ ਜਾਂਦੇ ਹਨ, ਤੇ ਗੁਰਸਿੱਖੀ ਦੇ ਸੁਖ ਫਲ ਨੂੰ ਪ੍ਰਾਪਤ ਕਰਦੇ ਹਨ। ੮. (ਸਿੱਖ ਨੂੰ ਸਮਝ ਪੈ ਜਾਂਦੀ ਹੈ ਕਿ) ਇੱਕ ਵਾਹਿਗੁਰੂ (ਨੂੰ ਪ੍ਰਾਪਤ ਕਰਨ) ਦੀ ਵਡਿਆਈ ਹੀ ਸਭ ਤੋਂ ਵੱਡੀ ਤੇ ਮਹਾਨ ਹੈ॥ ੮॥

੯. ਸਤਿਗੁਰ ਹੀ ਸਿੱਖ ਨੂੰ ਨਿਰਬਾਣ ਪਦ ਬਖਸ਼ਦਾ ਹੈ

੧. ਕਛੂ ਆਂਡਾ ਧਿਆਨੁ ਧਰਿ ਕਰਿ ਪਰਪਕੁ ਨਦੀ ਵਿਚਿ ਆਣੈ।
੨. ਕੂੰਜ ਰਿਦੈ ਸਿਮਰਣੁ ਕਰੈ ਲੈ ਬੱਚਾ ਉਡਦੀ ਅਸਮਾਣੈ।
੩. ਬਤਕ ਬੱਚਾ ਤੁਰਿਤੁਰੈ ਜਲ ਥਲ ਵਰਤੈ ਸਹਜਿ ਵਿਡਾਣੈ।
੪. ਕੋਇਲ ਪਾਲੈ ਕਾਵਣੀ ਮਿਲਦਾ ਜਾਇ ਕੁਟੰਬਿ ਸਿਞਾਣੈ।
੫. ਹੰਸ ਵੰਸੁ ਵਸਿ ਮਾਨਸਰਿ ਮਾਣਕ ਮੋਤੀ ਚੋਗ ਚੁਗਾਣੈ।
੬. ਗਿਆਨ ਧਿਆਨਿ ਸਿਮਰਣਿ ਸਦਾ ਸਤਿਗੁਰੁ ਸਿਖੁ ਰਖੈ ਨਿਰਬਾਣੈ।
੭. ਭੂਹ ਭਵਿਖਹੁ ਵਰਤਮਾਨ ਤ੍ਰਿਭਵਣ ਸੋਝੀ ਮਾਣੁ ਨਿਮਾਣੈ।
੮. ਜਾਤੀ ਸੁੰਦਰ ਲੋਕੁ ਨ ਜਾਣੈ॥ ੯॥

ਪਦ ਅਰਥ - ਵਿਡਾਣੈ=ਅਸਚਰਜਤਾ। ਨਿਰਬਾਣੈ=ਸਹਜ ਪਦ।

ਅਰਥ - ੧. (ਜਿਵੇਂ) ਕੱਛੂ ਕੁੰਮੀ (ਬਰੇਤੇ ਉਤੇ ਪਾਣੀ ਤੋਂ ਬਾਹਰ) ਅੰਡਾ ਦੇਂਦੀ ਤੇ ਆਪ ਨਦੀ ਵਿਚੋਂ ਉਨ੍ਹਾਂ ਦਾ ਧਿਅਨ ਧਰਦੀ ਹੈ। (ਜਦ ਧਿਆਨ ਨਾਲ ਹੀ ਬੱਚਾ ਬਣ ਜਾਂਦਾ ਹੈ (ਤਾਂ ਆਂਡੇ ਨੂੰ) ਨਦੀ

ਵਿਚ ਲੈ ਆਉਂਦੀ ਹੈ। ੨. (ਜਿਵੇਂ) ਕੂੰਜ (ਆਪਣੇ ਬੱਚੇ ਕਿਤੇ ਦੇਂਦੀ ਹੈ ਤੇ ਫਿਰ) ਹਿਰਦੇ ਵਿਚ ਸਿਮਰਨ ਹੀ ਕਰਦੀ ਹੈ, (ਜਿਸ ਨਾਲ ਬੱਚੇ ਪਲ ਜਾਂਦੇ ਹਨ, ਤਾਂ ਫਿਰ) ਬੱਚੇ ਨੂੰ ਆਪਣੇ ਨਾਲ ਲੈ ਕੇ ਅਸਮਾਨਾਂ ਵਿਚ ਉਡ ਜਾਂਦੀ ਹੈ। ੩. (ਜਿਵੇਂ) ਬੱਤਕ ਦਾ ਬੱਚਾ ਮਾਂ ਦੇ ਮਗਰ ਲੱਗ ਧਰਤੀ ਉਤੇ ਤੇ ਫਿਰ ਪਾਣੀ ਵਿਚ ਵੀ ਮਗਰ ਚਲਾ ਜਾਂਦਾ ਹੈ, ਕਿਤਨੇ ਵੱਡੇ ਅਸਚਰਜਤਾ ਦੀਆਂ ਇਹ ਗੱਲਾਂ ਹਨ। ੪. (ਦੂਜੇ ਪਾਸੇ) ਕੋਇਲ ਦੇ ਬੱਚੇ ਨੂੰ ਕਾਉਣੀ (ਆਪਣੇ ਬੱਚਿਆਂ ਵਿਚ ਰੱਖ) ਪਾਲਦੀ ਹੈ, ਪਰ ਵੱਡੇ ਹੋ ਕੇ ਆਪਣੀ ਬੋਲੀ ਪਛਾਣ ਕੇ, ਉਹ ਆਪਣੇ ਪਰਿਵਾਰ ਵਿਚ ਹੀ ਜਾ ਮਿਲਦੇ ਹਨ। ੫. ਹੰਸਾਂ ਦੇ ਬੱਚੇ ਮਾਨਸਰੋਵਰ ਉਤੇ ਹੀ ਰਹਿੰਦੇ ਹਨ ਤੇ ਉਥੇ ਹੀ ਮਾਣਕ ਮੋਤੀ ਚੁਗਦੇ ਹਨ (ਇਵੇਂ ਹੀ ਗੁਰਸਿੱਖ ਸਾਧ ਸੰਗਤ ਰੂਪ ਮਾਨਸਰੋਵਰ ਤੋਂ ਨਾਮ ਰੂਪੀ ਹੀਰੇ ਮੋਤੀਆਂ ਨੂੰ ਚੁਗਦੇ ਹਨ)। ੬. (ਉਪਰ ਦਿੱਤੀਆਂ ਉਦਾਹਰਣਾਂ ਤੋਂ ਭਾਵ ਹੈ ਕਿ) ਸਤਿਗੁਰੂ ਜੀ ਸਿੱਖ ਨੂੰ ਗਿਆਨ, ਧਿਆਨ ਤੇ ਸਿਮਰਨ ਵਿਚ ਲੀਨ ਰੱਖਦੇ ਤੇ ਨਿਰਬਾਣ ਪਦ (ਵਿਸ਼ਿਆਂ ਤੋਂ ਨਿਰਲੇਪ) ਵਿਚ ਟਿਕਾ ਦਿੰਦੇ ਹਨ। ੭. (ਗੁਰਸਿੱਖ ਨੂੰ) ਭੂਤ, ਭਵਿੱਖ ਤੇ ਵਰਤਮਾਨ ਤਿੰਨਾਂ ਹੀ ਸਮਿਆਂ ਦੀ ਸੋਝੀ ਹੋ ਆਉਂਦੀ ਹੈ, (ਪਰ ਸੱਚੇ ਗੁਰਮੁਖ ਬਣ ਕੇ) ਇਸ ਮਾਣ ਦੇ ਮਾਲਕ ਹੋ ਕੇ ਵੀ ਉਹ ਨਿਰਮਾਣਤਾ ਵਿਚ ਰਹਿੰਦੇ ਹਨ। ੮. ਜਾਤ ਸੁੰਦਰ ਹੈ (ਗੁਰਮੁਖਾਂ ਦੀ), ਪਰ ਲੋਕੀ ਨਹੀਂ ਜਾਣਦੇ (ਕਿ ਇਹ ਗੁਰਮੁਖਾਂ ਨੂੰ ਸ਼ਖਸੀ ਸੁੰਦਰਤਾ ਸਤਿਗੁਰੂ ਦੀ ਬਖਸ਼ਿਸ਼ ਤੇ ਕੁਦਰਤ ਦੀ ਦਾਤ ਹੈ)॥ ੯॥

੧੦. ਗੁਰਸਿੱਖੀ ਦੀ ਪ੍ਰਮਾਣੀਕਤਾ

੧. ਚੰਦਨ ਵਾਸੁ ਵਣਾਸਪਤਿ ਬਾਵਨ ਚੰਦਨਿ ਚੰਦਨੁ ਹੋਈ।
੨. ਫਲ ਵਿਣੁ ਚੰਦਨੁ ਬਾਵਨਾ ਆਦਿ ਅਨਾਦਿ ਬਿਅੰਤੁ ਸਦੋਈ।
੩. ਚੰਦਨੁ ਬਾਵਨ ਚੰਦਨਹੁ ਚੰਦਨ ਵਾਸੁ ਨ ਚੰਦਨੁ ਕੋਈ।
੪. ਅਸਟੁਧਾਤੁ ਇਕੁ ਧਾਤੁ ਹੋਇ ਪਾਰਸ ਪਰਸੇ ਕੰਚਨੁ ਜੋਈ।
੫. ਕੰਚਨ ਹੋਇ ਨ ਕੰਚਨਹੁ ਵਰਤਮਾਨ ਵਰਤੈ ਸਭਿ ਲੋਈ।
੬. ਨਦੀਆ ਨਾਲੇ ਗੰਗ ਸੰਗਿ ਸਾਗਰ ਸੰਗਮਿ ਖਾਰਾ ਸੋਈ।
੭. ਬਗੁਲਾ ਹੰਸੁ ਨ ਹੋਵਈ ਮਾਨ ਸਰੋਵਰਿ ਜਾਇ ਖਲੋਈ।
੮. ਵੀਹਾਂ ਦੈ ਵਰਤਾਰੈ ਓਈ॥ ੧੦॥

ਪਦ ਅਰਥ - ਵਣਾਸਪਤਿ=ਛੋਟੇ ਮੋਟੇ ਬ੍ਰਿਛ ਬੂਟੇ। ਸਦੋਈ=ਕਿਹਾ ਜਾਂਦਾ ਹੈ। ਲੋਈ=ਲੋਕ। ਵੀਹਾਂ ਦੈ ਵਰਤਾਰੈ=ਸੰਸਾਰਕ ਕਾਰ। ਜੋਈ=ਓਹੋ ਹੀ।

ਅਰਥ - ੧. ਚੰਦਨ ਦੀ ਵਾਸ਼ਨਾ ਸਾਰੀ ਬਨਾਸਪਤੀ (ਵਿਚ ਫੈਲ ਜਾਂਦੀ ਹੈ ਪਰ) ਬਾਵਨ ਚੰਦਨ ਜੋ ਹੈ, ਉਹ ਸਭ ਬ੍ਰਿਛ ਬੂਟਿਆਂ ਨੂੰ ਚੰਦਨ ਬਣਾ ਦਿੰਦਾ ਹੈ। ੨. ਬਾਵਨ ਚੰਦਨ ਨੂੰ ਫਲ ਕੋਈ ਨਹੀਂ ਲੱਗਦਾ, ਪਰ ਮਹਿਕਾਰ ਤੇ ਸੁਗੰਧੀ ਦੇਣ ਕਰਕੇ ਉਹ ਮੁਢੋਂ ਹੀ ਬੇਅੰਤ (ਗੁਣਾਂ ਵਾਲਾ) ਕਿਹਾ ਜਾਂਦਾ ਹੈ। ੩. ਬਾਵਨ

ਚੰਦਨ ਤੋਂ ਚੰਦਨ ਤਾਂ ਬਣ ਜਾਂਦਾ ਹੈ, ਪਰ ਚੰਦਨ ਤੋਂ ਚੰਦਨ ਨਹੀਂ ਬਣਦਾ। (ਇਸ ਵਿਚ ਬਾਵਨ ਚੰਦਨ ਨੂੰ ਸਤਿਗੁਰੂ ਲਈ ਵਰਤਿਆ ਹੈ, ਜੋ ਸਿੱਖਾਂ ਨੂੰ ਸਾਧ ਸੰਗਤ ਵਿਚ ਉਪਦੇਸ਼ ਦੇ ਕੇ, ਚੰਦਨ ਵਾਂਗ ਮਹਿਕ (ਗੁਣਾਂ) ਵਾਲੇ ਬਣਾ ਦੇਂਦੇ ਹਨ)। ੪. ਪਾਰਸ ਵਿਚ ਇਹ ਸ਼ਕਤੀ ਹੈ ਕਿ ਉਹ ਜਿਸ ਧਾਤ ਨੂੰ ਵੀ ਛੋਹੇ ਉਸੇ ਨੂੰ ਸੋਨਾ ਬਣਾ ਦਿੰਦਾ ਹੈ, ੫. ਪਰ ਸੋਨੇ ਵਿਚ ਇਹ ਸ਼ਕਤੀ ਨਹੀਂ ਕਿ ਉਹ ਕਿਸੇ ਧਾਤ ਨੂੰ ਸੋਨਾ ਬਣਾ ਸਕੇ (ਪਰ ਸਿੱਖ ਨੂੰ ਗੁਰੂ ਜੀ ਨੇ ਬਖਸ਼ਿਸ਼ ਕੀਤੀ ਹੈ ਕਿ ਉਹ ਨਾਮ ਬਾਣੀ ਤੇ ਸਿਮਰਨ ਨਾਲ ਹੋਰਨਾਂ ਨੂੰ) ਆਪਣੇ ਵਰਗਾ ਸਿੱਖ ਬਣਾ ਸਕਦਾ ਹੈ, (ਭਾਵ ਗੁਰੂ ਦੀ ਸ਼ਰਣੀ ਪਾ ਕੇ, ਗੁਰਸਿੱਖ ਬਣਾਉਂਦਾ ਹੈ)। ੬. ਨਦੀਆਂ, ਨਾਲੇ, ਗੰਗਾ ਵਿਚ ਪੈ ਕੇ ਗੰਗਾ ਵਰਗੇ ਪਵਿੱਤਰ ਜਲ ਸਮਾਨ ਹੋ ਜਾਂਦੇ, ਪਰ ਉਹੀ ਗੰਗਾ ਜਦੋਂ ਸਮੁੰਦਰ ਵਿਚ ਜਾ ਪੈਂਦੀ ਹੈ, ਤਾਂ ਉਸ ਦੀ ਸੰਗਤ ਨਾਲ ਖਾਰੀ ਹੋ ਜਾਂਦੀ ਹੈ। ੭. ਬਗਲਾ ਮਾਨ ਸਰੋਵਰ 'ਤੇ ਜਾ ਵੀ ਪਹੁੰਚੇ, ਤਾਂ ਉਹ ਹੰਸ ਨਹੀਂ ਬਣ ਸਕਦਾ, (ਕਿਉਂਕਿ) ਹੰਸ ਨੇ ਹੀਰੇ ਮੋਤੀ ਖਾਣੇ ਹਨ ਤੇ ਬਗਲੇ ਨੇ (ਮੱਛੀਆਂ) ਬਗਲਾ ਆਮ ਸੰਸਾਰੀ ਲੋਕਾਂ (ਮਨਮੁਖਾਂ) ਦਾ ਸੂਚਕ ਹੈ। ੮. ਆਮ ਲੋਕ ਸੰਸਾਰੀ ਵਰਤੋਂ ਵਿਹਾਰਾਂ ਵਿਚ ਹੀ ਜ਼ਿੰਦਗੀਆਂ ਗੁਜ਼ਾਰ ਲੈਂਦੇ ਹਨ ਤੇ ਪਰਮਾਰਥ ਦੀ ਸੂਝ ਤੋਂ ਉਹ ਖਾਲੀ ਹੀ ਰਹਿੰਦੇ ਹਨ॥ ੧੦॥

੧੧. ਗੁਰਮੁਖਤਾਈ ਦਾ ਵਰਣਨ

੧. ਗੁਰਮੁਖਿ ਇਕੀਹ ਪਉੜੀਆਂ ਗੁਰਮੁਖਿ ਸੁਖਫਲੁ ਨਿਜ ਘਰਿ ਭੋਈ।
੨. ਸਾਧਸੰਗਤਿ ਹੈ ਸਹਜ ਘਰਿ ਸਿਮਰਣੁ ਦਰਸਿ ਪਰਸਿ ਗੁਣ ਗੋਈ।
੩. ਲੋਹਾ ਸੁਇਨਾ ਹੋਇ ਕੈ ਸੁਇਨਿਅਹੁ ਸੁਇਨਾ ਜਿਉਂ ਅਵਿਲੋਈ।
੪. ਚੰਦਨੁ ਬੋਹੈ ਨਿੰਮੁ ਵਣੁ ਨਿੰਮਹੁ ਚੰਦਨੁ ਬਿਰਖੁ ਪਲੋਈ।
੫. ਗੰਗੋਦਕ ਚਰਣੋਦਕਹੁ ਗੰਗੋਦਕ ਮਿਲਿ ਗੰਗਾ ਹੋਈ।
੬. ਕਾਗਹੁ ਹੰਸੁ ਸੁਵੰਸੁ ਹੋਇ ਹੰਸਹੁ ਪਰਮ ਹੰਸੁ ਵਿਰਲੋਈ।
੭. ਗੁਰਮੁਖਿ ਵੰਸੀ ਪਰਮ ਹੰਸੁ ਕੂੜੁ ਸਚੁ ਨੀਰੁ ਖੀਰੁ ਵਿਲੋਈ।
੮. ਗੁਰ ਚੇਲਾ ਚੇਲਾ ਗੁਰ ਹੋਈ॥ ੧੧॥

ਪਦ ਅਰਥ - ਭੋਈ=ਭੋਗਦਾ ਹੈ। ਗੋਈ=ਆਖਦੇ ਹਨ। ਅਵਿਲੋਈ=ਵੇਖਿਆ ਜਾਂਦਾ ਹੈ। ਪਲੋਈ=ਪਾਲਣਾ। ਵਿਲੋਈ=ਰਿੜਕਣਾ।

ਅਰਥ - ੧. ਗੁਰਮੁਖ ਇਕੀ ਪੌੜੀਆਂ (ਸਹਜ ਅਵਸਥਾ ਵਿਚ) ਚੜ੍ਹ ਕੇ ਪੁਜ ਜਾਂਦਾ ਹੈ ਤੇ ਗੁਰਮੁਖਤਾਈ ਦਾ ਸੁਖ ਫਲ (ਆਪਣੇ) ਨਿਜ ਘਰ (ਆਤਮਿਕ ਮੰਡਲਾਂ) ਵਿਚ ਭੋਗਦਾ ਹੈ। ੨. ਸਾਧ ਸੰਗਤ (ਸੰਤਾਂ ਦੀ ਸੰਗਤ) ਸਹਜ ਦਾ ਘਰ ਹੈ, ਜਿਥੇ ਸਿੱਖ (ਪ੍ਰਭੂ ਦੇ) ਸਿਮਰਨ ਤੇ ਦਰਸ਼ਨ ਪਰਸਣ ਦੇ ਗੁਣਾਂ ਦਾ ਗੁਣਾਨਵਾਦ ਕਰਦੇ ਹਨ। ੩. (ਜਿਵੇਂ) ਲੋਹਾ ਪਾਰਸ ਨਾਲ ਪਰਸ ਕੇ ਸੋਨੇ ਵਰਗਾ ਹੀ ਨਜ਼ਰ ਆਉਂਦਾ ਹੈ। ੪. (ਜਿਵੇਂ) ਚੰਦਨ ਦੇ ਬੂਟੇ ਦੀ ਸੰਗਤ ਕਰਕੇ (ਕੌੜੀ) ਨਿੰਮ ਦਾ ਬੂਟਾ ਪਲਦਾ ਹੈ, ਤਾਂ ਉਹ ਚੰਦਨ ਵਰਗਾ ਹੀ ਹੋ

ਨਿਬੜਦਾ ਹੈ। ੫. (ਜਿਵੇਂ) ਗੰਗਾ ਦੇ ਪਾਣੀ ਦਾ ਚਰਣੋਦਕ, ਗੰਗਾ ਵਿਚ ਮਿਲੇ, ਤਾਂ ਗੰਗਾ ਦਾ ਹੀ ਪਾਣੀ ਹੋ ਜਾਂਦਾ ਹੈ। ੬. (ਜਿਵੇਂ) ਕਾਂ ਤੋਂ ਕੋਈ ਹੰਸ ਦੀ ਚੰਗੀ ਵੰਸ ਵਾਲਾ ਹੋ ਸਕਦਾ ਹੈ, ਪਰ ਹੰਸ ਤੋਂ ਪਰਮ ਹੰਸ ਕੋਈ ਵਿਰਲਾ ਹੀ ਹੁੰਦਾ ਹੈ। ੭. (ਪਰ ਗੁਰੂ ਦੀ ਸੰਗਤ ਕਰਨ ਵਾਲਾ) ਗੁਰਸਿੱਖਾਂ (ਹੰਸਾਂ) ਦੀ ਸ਼੍ਰੇਣੀ ਵਿਚ ਪਰਮ ਹੰਸ ਬਣ ਕੇ ਸੱਚ ਤੇ ਝੂਠ (ਭਾਵ) ਦੁੱਧ ਤੇ ਪਾਣੀ ਦਾ ਨਿਖੇੜਾ ਕਰਦਾ ਹੈ। ੮. ਜੋ ਗੁਰੂ ਦਾ ਚੇਲਾ ਹੁੰਦਾ ਹੈ, ਓਹੋ ਹੀ ਪਰਮ ਹੰਸ ਬਣ ਕੇ ਚੇਲੇ ਤੋਂ ਗੁਰੂ ਬਣ ਜਾਂਦਾ ਹੈ॥ ੧੧॥

੧੨. ਗੁਰਮੁਖ ਸ਼ਬਦ-ਸੁਰਤ ਦੀ ਸੰਧੀ

੧. ਕਛੂ ਬੱਚਾ ਨਦੀ ਵਿਚਿ ਗੁਰਸਿਖ ਲਹਰਿ ਨ ਭਵਜਲੁ ਬਿਆਪੈ।
੨. ਕੂੰਜ ਬੱਚਾ ਲੈਇ ਉਡਰੈ ਸੁੰਨਿ ਸਮਾਧਿ ਅਗਾਧਿ ਨ ਜਾਪੈ।
੩. ਹੰਸੁ ਵੰਸੁ ਹੈ ਮਾਨਸਰਿ ਸਹਜ ਸਰੋਵਰਿ ਵਡ ਪਰਤਾਪੈ।
੪. ਬੱਤਕ ਬੱਚਾ ਕੋਇਲੈ ਨੰਦ ਨੰਦਨ ਵਸੁਦੇਵ ਮਿਲਾਪੈ।
੫. ਰਵਿ ਸਸਿ ਚਕਵੀ ਤੈ ਚਕੋਰ ਸਿਵ ਸਕਤੀ ਲੰਘਿ ਵਰੈ ਸਰਾਪੈ।
੬. ਅਨਲ ਪੰਖਿ ਬੱਚਾ ਮਿਲੈ ਨਿਰਾਧਾਰ ਹੋਇ ਸਮਝੈ ਆਪੈ।
੭. ਗੁਰਸਿਖ ਸੰਧਿ ਮਿਲਾਵਣੀ ਸਬਦੁ ਸੁਰਤਿ ਪਰਚਾਇ ਪਛਾਪੈ।
੮. ਗੁਰਮੁਖਿ ਸੁਖ ਫਲੁ ਥਾਪਿ ਉਥਾਪੈ॥ ੧੨॥

ਪਦ ਅਰਥ - ਅਗਾਧਿ=ਸਮਝ ਤੋਂ ਪਰੇ। ਨੰਦ ਨੰਦਨ=ਨੰਦ ਦਾ ਪੁਤਰ, ਕ੍ਰਿਸ਼ਨ। ਅਨਲ ਪੰਖਿ=ਇਹ ਪੰਛੀ ਆਕਾਸ਼ਾਂ ਵਿਚ ਹੀ ਰਹਿੰਦਾ ਹੈ। ਪਛਾਪੈ=ਸਿਆਣਨਾ।

ਅਰਥ - ੧. ਕੱਛੂ ਦੇ ਬੱਚੇ ਨੂੰ (ਜਿਵੇਂ ਮਾਤਾ ਪਿਤਾ ਦੀ ਰੱਖਿਆ ਵਿਚ) ਦਰਿਆ ਦੀ ਲਹਿਰ ਕੁਛ ਨਹੀਂ ਕਹਿੰਦੀ, (ਇਸੇ ਤਰ੍ਹਾਂ) ਗੁਰਸਿੱਖ ਨੂੰ ਸੰਸਾਰ-ਭਵਜਲ (ਗੁਰੂ ਕੀ ਸਹਾਇਤਾ ਨਾਲ) ਨਹੀਂ ਵਿਆਪਦਾ। ੨. ਕੂੰਜ ਬੱਚੇ ਨੂੰ ਲੈ ਕੇ ਉਡਦੀ ਹੈ, ਸੁੰਨ ਸਮਾਧੀ ਤੇ ਅਥਾਹ (ਉਚਾਈ) ਉਸ ਨੂੰ ਨਹੀਂ ਜਾਪਦੀ। ੩. ਹੰਸਾਂ ਦੇ ਬੱਚੇ ਮਾਨ ਸਰੋਵਰ 'ਤੇ ਹੀ (ਹੰਸਾਂ ਵਾਂਗ) ਰਹਿੰਦੇ ਹਨ, ਜੋ ਸ਼ਾਂਤੀ ਤੇ ਬੜੇ ਪਰਤਾਪ ਵਾਲਾ ਸਰੋਵਰ ਹੈ। ੪. (ਜਿਵੇਂ) ਬੱਤਕ (ਆਪਣੇ ਬੱਚੇ ਨੂੰ ਕੁਕੜੀਆਂ ਦੇ ਚੂਚਿਆਂ ਨਾਲੋਂ ਵੱਖ ਕਰਕੇ ਪਾਣੀ ਵਿਚ ਲੈ ਜਾਂਦੀ ਹੈ ਤੇ) ਕੋਇਲ (ਬੱਚੇ ਨੂੰ ਕਾਉਣੀ ਦੇ ਆਹਲਣਿਓਂ ਉਡਾ ਲਿਜਾਂਦੀ ਹੈ), ਜਿਵੇਂ ਨੰਦ ਦਾ ਪੁੱਤਰ ਵਾਸਦੇਵ ਨੂੰ ਆ ਮਿਲਦਾ ਹੈ, (ਤਿਵੇਂ ਹੀ ਗੁਰਸਿੱਖ ਭੈੜੀਆਂ ਸੰਗਤਾਂ ਤੋਂ ਬਚ ਕੇ, ਸਾਧ ਸੰਗਤ ਦੀ ਓਟ ਲੈ, ਵਿਸ਼ੇ ਵਿਕਾਰਾਂ ਤੋਂ ਬਚ ਨਿਕਲਦੇ ਹਨ)। ੫. ਸੂਰਜ ਨਾਲ ਚਕਵੀ ਤੇ ਚੰਦਰਮਾਂ ਨਾਲ (ਜਿਵੇਂ) ਚਕੋਰ ਪ੍ਰੀਤੀ ਕਰਦਾ ਹੈ, (ਇਸੇ ਤਰ੍ਹਾਂ ਗੁਰਸਿੱਖ) ਸ਼ਿਵ ਤੇ ਸ਼ਕਤੀ (ਭਾਵ ਹੋਰ ਦੇਵੀ ਦੇਵਤਿਆਂ ਦੀ ਪੂਜਾ ਤੇ) ਵਰ ਸਰਾਪ ਤੋਂ ਅੱਗੇ ਲੰਘ (ਬੇਪਰਵਾਹ ਹੋ) ਜਾਂਦੇ ਹਨ। ੬. ਅਨਲ ਪੰਖੀ ਨੂੰ ਉਸਦਾ ਬੱਚਾ ਆਪਣੇ ਆਪ ਹੀ (ਨਿਰਾਧਾਰ ਹੋ ਕੇ) ਆਪਣੇ ਆਪ (ਤੇ ਆਪਣੀ ਵੰਸ) ਨੂੰ ਸਮਝ ਲੈਂਦਾ ਹੈ। ੭. ਗੁਰੂ ਤੇ ਸਿੱਖ ਦੀ

(ਸੰਧੀ ਭਾਵ ਸੰਗਤ) ਮੇਲ-ਮਿਲਾਪ (ਮਿਲਾਵਣੀ) ਸ਼ਬਦ ਤੇ ਸੁਰਤ ਦੀ ਹੈ ਜੋ (ਪ੍ਰੇਮ ਨਾਲ) ਪਰਚਾਉਂਦੀ ਤੇ ਪਛਾਣਦੀ ਹੈ। ੮. ਗੁਰਮੁਖ ਸੁਖ ਫਲ (ਆਤਮ-ਪਦ) ਨੂੰ ਆਪ ਹੀ ਥਾਪਦੇ ਤੇ (ਬੁਰੀਆਂ ਭਾਵਨਾਵਾਂ ਨੂੰ) ਦੂਰ ਕਰਦੇ ਹਨ॥ ੧੨ ॥

੧੩. ਪਹਿਲੀ ਪਾਤਿਸ਼ਾਹੀ ਦੇ ਸਿੱਖਾਂ ਦੇ ਨਾਮ

੧. ਤਾਰੂ ਪੋਪਟੂ ਤਾਰਿਆ ਗੁਰਮੁਖਿ ਬਾਲ ਸੁਭਾਇ ਉਦਾਸੀ।
੨. ਮੂਲਾ ਕੀੜੁ ਵਖਾਣੀਐ ਚਲਿਤੁ ਅਚਰਜ ਲੁਭਿਤ ਗੁਰਦਾਸੀ।
੩. ਪਿਰਥਾ ਖੇਡਾ ਸੋਇਰੀ ਚਰਨ ਸਰਣ ਸੁਖ ਸਹਜਿ ਨਿਵਾਸੀ।
੪. ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ।
੫. ਪਿਰਥੀ ਮਲੁ ਸੇਹਗਲੁ ਭਲਾ ਰਾਮਾ ਡਿਡੀ ਭਗਤਿ ਅਭਿਆਸੀ।
੬. ਦਉਲਤ ਖਾਂ ਲੋਦੀ ਭਲਾ ਹੋਆ ਜਿੰਦਾ ਪੀਰੁ ਅਬਿਨਾਸੀ।
੭. ਮਾਲੋ ਮਾਂਗਾ ਸਿਖ ਦੁਇ ਗੁਰਬਾਣੀ ਰਸਿ ਰਸਿਕ ਬਿਲਾਸੀ।
੮. ਸਨਮੁਖਿ ਕਾਲੂ ਆਸ ਧਾਰ ਗੁਰਬਾਣੀ ਦਰਗਹ ਸਾਬਾਸੀ।
੯. ਗੁਰਮਤਿ ਭਾਉ ਭਗਤਿ ਪਰਗਾਸੀ॥ ੧੩ ॥

ਪਦ ਅਰਥ - ਪੋਪਟ ਤੇ ਕੀੜ=ਜਾਤਾਂ ਹਨ। ਸਹਗਲ ਤੇ ਡਿਡੀ=ਇਹ ਵੀ ਜਾਤਾਂ ਹਨ।

ਅਰਥ - ੧. (ਗੁਰੂ ਨਾਨਕ ਦੇਵ ਜੀ ਨੇ ਭਾਈ) ਤਾਰੂ ਪੋਪਟ ਨੂੰ ਤਾਰਿਆ, ਜੋ ਗੁਰਮੁਖ ਤੇ ਬਾਲ-ਸੁਭਾਇ ਹੀ (ਸੰਸਾਰ ਤੋਂ) ਉਦਾਸ ਰਹਿੰਦਾ ਸੀ। ੨. (ਇਸੇ ਤਰ੍ਹਾਂ) ਮੂਲਾ ਕੀੜ ਵੀ ਆਖਦੇ ਹਨ, ਵੱਡੇ ਅਚਰਜ ਚਲਿਤਾਂ ਵਾਲਾ ਤੇ ਗੁਰੂ ਦਾ ਦਾਸ ਬਣਨ ਵਾਲਾ ਵੱਡਾ ਪ੍ਰੇਮੀ ਸੀ। ੩. ਪਿਰਥਾ ਤੇ ਖੇਡਾ, ਸੋਇਰੀ ਜਾਤ ਦੇ ਸਨ, (ਜੋ ਗੁਰੂ ਨਾਨਕ ਦੇਵ ਜੀ ਦੀ) ਚਰਣ ਸ਼ਰਣ ਆਏ ਤੇ ਸਹਜ ਸੁਖਾਂ ਵਿਚ ਉਨ੍ਹਾਂ ਦਾ ਨਿਵਾਸ ਹੋਇਆ। ੪. ਮਰਦਾਨਾ ਮੀਰਾਸੀ, ਮਜਲਸਾਂ (ਜਿਥੇ ਵੀ ਗੁਰੂ ਨਾਨਕ ਦੇਵ ਜੀ ਗਏ) ਵਿਚ ਰਬਾਬ ਵਜਾਉਂਦਾ ਸੀ। ੫. ਸਹਿਗਲ ਜਾਤ ਦਾ ਪਿਰਥੀ ਮਲ ਭਲਾ ਸਿੱਖ ਸੀ, ਤੇ ਡਿਡੀ ਜਾਤ ਵਾਲਾ ਰਾਮਾ ਸਿਮਰਨ ਦਾ ਅਭਿਆਸੀ ਭਗਤ ਸੀ। ੬. ਦੌਲਤ ਖਾਂ ਲੋਦੀ ਨਵਾਬ, ਇਹ ਗੁਰੂ ਨਾਨਕ ਦਾ ਵੱਡਾ ਸਿੱਖ, ਜਿੰਦਾ ਪੀਰਾਂ ਵਾਂਗ ਸੀ, ਜੋ ਨਾ ਨਾਸ ਹੋਣ ਵਾਲੀ ਪਦਵੀ ਨੂੰ ਪ੍ਰਾਪਤ ਹੋਇਆ। ੭. ਮਾਲੋ ਤੇ ਮਾਂਗਾ ਦੋਵੇਂ ਸਿੱਖ ਗੁਰਬਾਣੀ ਦੇ ਵੱਡੇ ਰਸੀਏ, ਜੋ ਪ੍ਰੇਮਾ-ਭਗਤੀ ਵਿਚ ਮਗਨ ਰਹਿੰਦੇ ਸਨ। ੮. ਕਾਲੂ ਖੱਤਰੀ (ਅਖੀਰ 'ਤੇ) ਆਸ ਧਾਰ ਕੇ (ਗੁਰੂ ਨਾਨਕ ਦੇ) ਸਨਮੁਖ ਹੋਇਆ, ਜਿਸ ਨੂੰ ਗੁਰਬਾਣੀ ਪੜ੍ਹਦੇ ਦਰਗਹ ਵਿਚ ਸ਼ਾਬਾਸ਼ ਮਿਲੀ। ੯. (ਇਉਂ ਇਨ੍ਹਾਂ ਸਭ ਗੁਰਸਿੱਖਾਂ ਨੇ) ਗੁਰੂ ਸਿੱਖਿਆ ਪ੍ਰਾਪਤ ਕਰਕੇ ਪ੍ਰੇਮਾ-ਭਗਤੀ ਦਾ ਪਰਕਾਸ਼ ਕੀਤਾ॥ ੧੩ ॥

੧੪. ਭਗਤ ਸਿੱਖਾਂ ਦੇ ਹੋਰ ਨਾਮ

੧. ਭਗਤੁ ਜੋ ਭਗਤਾ ਓਹਰੀ ਜਾਪੂਵੰਸੀ ਸੇਵ ਕਮਾਵੈ।
੨. ਸੀਹਾਂ ਉਪਲੁ ਜਾਣੀਐ ਗਜਣੁ ਉਪਲੁ ਸਤਿਗੁਰ ਭਾਵੈ।
੩. ਮੈਲਸੀਹਾਂ ਵਿਚਿ ਆਖੀਐ ਭਾਗੀਰਥੁ ਕਾਲੀ ਗੁਣ ਗਾਵੈ।
੪. ਜਿਤਾ ਰੰਧਾਵਾ ਭਲਾ ਹੈ ਬੂੜਾ ਬੁਢਾ ਇਕ ਮਨਿ ਧਿਆਵੈ।
੫. ਫਿਰਣਾ ਖਹਿਰਾ ਜੋਧੁ ਸਿਖੁ ਜੀਵਾਈ ਗੁਰੁ ਸੇਵ ਸਮਾਵੈ।
੬. ਗੁਜਰੁ ਜਾਤਿ ਲੁਹਾਰੁ ਹੈ ਗੁਰ ਸਿਖੀ ਗੁਰਸਿਖ ਸੁਣਾਵੈ।
੭. ਨਾਈ ਧਿੰਙੁ ਵਖਾਣੀਐ ਸਤਿਗੁਰ ਸੇਵਿ ਕੁਟੰਬੁ ਤਰਾਵੈ।
੮. ਗੁਰਮੁਖਿ ਸੁਖ ਫਲੁ ਅਲਖੁ ਲਖਾਵੈ ॥ ੧੪ ॥

ਅਰਥ - ੧. ਭਗਤਾ ਉਹਰੀ ਤੇ ਜਾਪੂਵੰਸੀ, ਇਹ ਦੋਵੇਂ ਵੱਡੀ ਭਗਤੀ ਕਰਦੇ ਸਨ। ੨. ਸ਼ੀਹਾਂ ਤੇ ਸੱਜਣ ਦੋਵੇਂ ਉੱਪਲ ਜਾਤ ਦੇ, ਗੁਰੂ ਜੀ ਦੇ ਪਿਆਰੇ ਭਗਤ ਹੋਏ ਹਨ। ੩. ਮੈਲਸੀਆਂ (ਪਿੰਡ ਦਾ ਚੋਧਰੀ), ਭਾਗੀਰਥ ਕਿਹਾ ਜਾਂਦਾ ਹੈ ਜੋ ਕਾਲੀ ਦਾ ਪੁਜਾਰੀ ਸੀ, (ਗੁਰੂ ਨਾਨਕ ਦੇਵ ਜੀ ਦਾ ਭਗਤ ਬਣਿਆ)। ੪. ਜਿੱਤਾ ਰੰਧਾਵਾ ਵੀ ਭਲਾ (ਸਿੱਖ ਹੈ) ਤੇ ਬੂੜਾ ਬੁੱਢਾ ਇੱਕ ਮਨ ਹੋ ਕੇ ਸਤਿਗੁਰੂ ਜੀ ਦਾ ਜਸ ਗਾਉਂਦੇ (ਤੇ ਪ੍ਰਭੂ ਨੂੰ) ਧਿਆਉਂਦੇ ਹਨ। ੫. ਫਿਰਣਾ ਖਹਰਾ, ਜੋਧ ਨਾਮੀ ਸਿੱਖ, ਤੇ ਜੀਵਾਈ ਨਾਮੇ ਸਿੱਖ ਗੁਰੂ ਦੀ ਸੇਵਾ ਕਰਦੇ ਸਨ। ੬. ਗੁਜਰ ਨਾਮੇ ਜੋ ਲੁਹਾਰ ਜਾਤ ਦਾ ਸੀ, ਇਸ ਨੇ ਸਿੱਖੀ ਦੀ ਵੱਡੀ ਕਮਾਈ ਕੀਤੀ ਤੇ ਅੱਗੋਂ ਗੁਰਸਿੱਖੀ ਦੀ ਸਿੱਖਿਆ ਨੂੰ ਹੋਰਨਾਂ ਤਾਈਂ ਸੁਣਾਇਆ। ੭. ਧਿੰਙੇ ਨਾਈ ਨੇ ਗੁਰੂ ਘਰ ਦੀ ਸੇਵਾ ਕਰਕੇ, ਸਿੱਖੀ ਦੀ ਕਮਾਈ ਨੇ ਸਾਰਾ ਕੁਟੰਬ ਹੀ ਤਾਰ ਲਿਆ। ੮. ਗੁਰਮੁਖ ਅਲਖ (ਪ੍ਰਭੂ) ਦੇ ਸੁਖ ਫਲ ਨੂੰ ਜਾਣ ਜਾਂਦੇ ਹਨ ॥ ੧੪ ॥

੧੫. ਦੂਸਰੀ ਪਾਤਿਸ਼ਾਹੀ ਦੇ ਸਿੱਖਾਂ ਦੇ ਨਾਮ

੧. ਪਾਰੋ ਜੁਲਕਾ ਪਰਮਹੰਸੁ ਪੂਰੈ ਸਤਿਗੁਰ ਕਿਰਪਾ ਧਾਰੀ।
੨. ਮਲੂਸਾਹੀ ਸੂਰਮਾ ਵਡਾ ਭਗਤੁ ਭਾਈ ਕੇਦਾਰੀ।
੩. ਦੀਪਾ ਦੇਊ ਨਰਾਇਣਦਾਸੁ ਬੂਲੇ ਦੇ ਜਾਈਐ ਬਲਿਹਾਰੀ।
੪. ਲਾਲ ਸੁ ਲਾਲੂ ਬੁਧਿਵਾਨ ਦੁਰਗਾ ਜੀਵਦ ਪਰਉਪਕਾਰੀ।
੫. ਜਗਾ ਧਰਣੀ ਜਾਣੀਐ ਸੰਸਾਰੂ ਨਾਲੇ ਨਿਰੰਕਾਰੀ।

੬. ਖਾਨੂ ਮਾਈਆ ਪਿਉ ਪੁਤੁ ਹੈਂ ਗੁਣ ਗਾਹਕ ਗੋਵਿੰਦ ਭੰਡਾਰੀ।
੭. ਜੋਧੁ ਰਸੋਈਆ ਦੇਵਤਾ ਗੁਰ ਸੇਵਾ ਕਰਿ ਦੁਤਰੁ ਤਾਰੀ।
੮. ਪੂਰੈ ਸਤਿਗੁਰ ਪੈਜ ਸਵਾਰੀ॥ ੧੫ ॥

ਅਰਥ - ੧. ਪਾਰੋ ਜੁਲਕਾ ਪੂਰਨ ਸਿੱਖ ਪਰਮ ਹੰਸ ਸੀ, (ਜਿਸ ਉਤੇ ਗੁਰੂ ਅੰਗਦ ਦੇਵ ਜੀ) ਪੂਰੇ ਸਤਿਗੁਰ ਜੀ ਨੇ ਕਿਰਪਾ ਕੀਤੀ। ੨. ਮੱਲੂ ਸ਼ਾਹੀ ਬਹਾਦਰ ਅਤੇ ਭਾਈ ਕੇਦਾਰੀ ਵੱਡੇ ਗੁਰੂ ਦੇ ਭਗਤ ਹੋਏ ਹਨ। ੩. ਦੀਪਾ, ਜਿਸ ਦੀ ਜਾਤ ਦੇਊ ਸੀ, ਨਰਾਇਣ ਦਾਸ ਤੇ ਬੂਲੇ (ਐਸੇ ਸਿੱਖਾਂ ਤੋਂ) ਬਲਿਹਾਰੇ ਜਾਂਦੇ ਹਾਂ। ੪. ਲਾਲਾਂ ਵਰਗਾ ਲਾਲੂ, (ਤੇ ਵੱਡੇ) ਬੁਧੀਮਾਨ ਦੁਰਗਾ ਤੇ ਜਿਵੰਦਾ (ਇਹ ਵੱਡੇ) ਪਰਉਪਕਾਰੀ ਸਨ। ੫. ਧਰਨੀ ਜਾਤ ਵਾਲੇ ਜੱਗੋ (ਦੀ ਸੁਣੋ) ਜੋ ਸੰਸਾਰੀ (ਪਰਿਵਾਰ ਵਾਲਾ) ਤੇ ਨਿਰੰਕਾਰੀ (ਪ੍ਰਭੂ ਦਾ ਭਗਤ) ਵੀ ਸੀ। ੬. (ਇਸੇ ਤਰ੍ਹਾਂ) ਖਾਨੂ ਤੇ ਮੱਯਾ ਪਿਉ ਪੁੱਤਰ ਸਨ, ਜੋ ਗੁਣਾਂ ਦੇ ਗਾਹਕ ਤੇ ਗੋਵਿੰਦ (ਪ੍ਰਭੂ) ਦੇ ਭੰਡਾਰੀ (ਦਾਨ ਕਰਨ ਵਾਲੇ) ਸਨ। ੭. (ਗੁਰੂ ਜੀ ਦਾ) ਰਸੋਈਆ ਭਾਈ ਜੋਧ ਵੱਡਾ ਦੇਵਤਾ ਪੁਰਸ਼ ਸੀ, ਜੋ ਗੁਰੂ-ਸੇਵਾ ਕਰਕੇ ਇਸ ਚਤੁਰ (ਅਥਾਹ ਲਹਿਰਾਂ ਵਾਲੇ) ਸੰਸਾਰ ਤੋਂ ਤਰ ਗਿਆ। ੮. (ਐਸੇ ਆਪਣੇ ਸੇਵਕਾਂ ਗੁਰਸਿੱਖਾਂ ਦੀ) ਪੂਰੇ ਸਤਿਗੁਰੂ ਜੀ ਨੇ ਪੈਜ ਸਵਾਰ ਦਿੱਤੀ॥ ੧੫ ॥

(ਤੀਸਰੀ ਪਾਤਿਸ਼ਾਹੀ ਦੇ ਸਿੱਖ)

੧੬. ਡੱਲੇ ਨਗਰ ਦੀ ਸੰਗਤ

੧. ਪਿਰਥੀ ਮਲੁ ਤੁਲਸਾ ਭਲਾ ਮਲਣੁ ਗੁਰ ਸੇਵਾ ਹਿਤਕਾਰੀ।
੨. ਰਾਮੂ ਦੀਪਾ ਉਗ੍ਰਸੈਣੁ ਨਾਗਉਰੀ ਗੁਰ ਸਬਦ ਵੀਚਾਰੀ।
੩. ਮੋਹਣੁ ਰਾਮੂ ਮਹਤਿਆ ਅਮਰੂ ਗੋਪੀ ਹਉਮੈ ਮਾਰੀ।
੪. ਸਾਹਾਰੂ ਗੰਗੂ ਭਲੇ ਭਾਗੂ ਭਗਤੁ ਭਗਤਿ ਹੈ ਪਿਆਰੀ।
੫. ਖਾਨੁ ਛੁਰਾ ਤਾਰੂ ਤਰੇ ਵੇਗਾ ਪਾਸੀ ਕਰਣੀ ਸਾਰੀ।
੬. ਉਗਰੂ ਨੰਦੂ ਸੂਦਨਾ ਪੂਰੋ ਝਟਾ ਪਾਰਿ ਉਤਾਰੀ।
੭. ਮਲੀਆ ਸਾਹਾਰੂ ਭਲੇ ਛੀਂਬੇ ਗੁਰ ਦਰਗਹ ਦਰਬਾਰੀ।
੮. ਪਾਂਧਾ ਬੂਲਾ ਜਾਣੀਐ ਗੁਰਬਾਣੀ ਗਾਇਣੁ ਲੇਖਾਰੀ।
੯. ਡਲੇ ਵਾਸੀ ਸੰਗਤਿ ਭਾਰੀ॥ ੧੬ ॥

ਅਰਥ - ੧. ਮਲਣ, ਪਿਰਥੀ ਮਲ, ਤੇ ਤੁਲਸਾ ਭਲਾ, ਗੁਰੂ ਜੀ ਦੀ ਸੇਵਾ ਕਰਨ ਵਾਲੇ ਹਿਤੂ ਸਿੱਖ

ਸਨ। ੨. ਰਾਮੂ, ਦੀਪਾ, ਉਗ੍ਰਸੈਣ ਤੇ ਨਾਗਉਰੀ, ਗੁਰ-ਸ਼ਬਦ ਦੇ ਵੀਚਾਰੀ ਸਿੱਖ ਸਨ। ੩. ਅਮਰੂ, ਗੋਪੀ, ਮੋਹਣ ਤੇ ਰਾਮੂ ਮਹਿਤਾ ਹਉਮੈ ਨੂੰ ਮਾਰ ਲੈਣ ਵਾਲੇ ਗੁਰ-ਸਿੱਖ ਸਨ। ੪. ਸਹਾਰੂ ਤੇ ਗੰਗੂ ਭਲੇ ਜਾਤ ਦੇ ਤੇ ਭਾਗੂ ਭਗਤੂ ਨੂੰ ਗੁਰੂ-ਭਗਤੀ ਬਹੁਤ ਹੀ ਪਿਆਰੀ ਸੀ। ੫. ਤਾਰੂ ਤੇ ਖਾਨੂ ਛੁਰਾ ਵੀ ਤਰੇ ਅਤੇ ਵੇਗ ਪਾਸੀ ਸ੍ਰੇਸ਼ਟ ਕਰਣੀ ਵਾਲੇ ਹੋਏ ਹਨ। ੬. ਉਗਰੂ, ਨੰਦੂ, ਸੁਦਨਾ, ਪੂਰੋ, ਝੱਟਾ (ਨੂੰ ਵੀ ਗੁਰੂ ਕਿਰਪਾ ਨੇ ਭਵਜਲ ਤੋਂ) ਪਾਰ ਉਤਾਰਾ ਦਿੱਤਾ। ੭. ਮਲੀਆ ਤੇ ਸਹਾਰੀ ਛੀਂਬੇ ਭਲੇ ਸਿੱਖ, ਗੁਰ-ਦਰਬਾਰ ਵਿਚ ਸ਼ੋਭਾ ਪਾਉਣ ਵਾਲੇ ਦਰਬਾਰੀ ਸਨ। ੮. ਪਾਂਧਾ ਬੂਲਾ ਪ੍ਰਸਿੱਧ ਸੀ, ਜੋ ਗੁਰਬਾਣੀ ਗਾਉਂਦਾ ਤੇ ਲਿਖਦਾ ਸੀ। ੯. ਇਹ ਡਲੇ ਵਾਸੀਆਂ ਦੀ (ਗੁਰੂ ਜੀ ਦੀ) ਭਾਰੀ ਸੰਗਤ ਸੀ॥ ੧੬॥

(ਚੌਥੀ ਪਾਤਿਸ਼ਾਹੀ ਦੇ ਸਿੱਖ)

੧੭. ਸੱਭਰਵਾਲ ਨਗਰ ਦੀ ਸਿੱਖ ਸੰਗਤ

੧. ਸਨਮੁਖ ਭਾਈ ਤੀਰਥਾ ਸਭਰਵਾਲ ਸਭੇ ਸਿਰਦਾਰਾ।
੨. ਪੂਰੋ ਮਾਣਕ ਚੰਦੁ ਹੈ ਬਿਸਨਦਾਸੁ ਪਰਵਾਰ ਸਧਾਰਾ।
੩. ਪੁਰਖੁ ਪਦਾਰਥ ਜਾਣੀਐ ਤਾਰੂ ਭਾਰੂ ਦਾਸੁ ਦੁਆਰਾ।
੪. ਮਹਾਂਪੁਰਖੁ ਹੈ ਮਹਾਨੰਦੁ ਬਿਧੀਚੰਦ ਬੁਧਿ ਬਿਮਲ ਵੀਚਾਰਾ।
੫. ਬਰ੍ਹਮ ਦਾਸੁ ਹੈ ਖੋਟੜਾ ਡੂੰਗਰੁ ਦਾਸੁ ਭਲੇ ਤਕਿਆਰਾ।
੬. ਦੀਪਾ ਜੇਠਾ ਤੀਰਥਾ ਸੈਸਾਰੂ ਬੂਲਾ ਸਚਿਆਰਾ।
੭. ਮਾਈਆ ਜਾਪਾ ਜਾਣੀਅਨਿ ਨਈਆ ਖੁਲਰ ਗੁਰੂ ਪਿਆਰਾ।
੮. ਤੁਲਸਾ ਵਹੁਰਾ ਜਾਣੀਐ ਗੁਰ ਉਪਦੇਸ ਅਵੇਸ ਅਚਾਰਾ।
੯. ਸਤਿਗੁਰ ਸਚੁ ਸਵਾਰਣਹਾਰਾ॥ ੧੭॥

ਅਰਥ - ੧. ਭਾਈ ਤੀਰਥਾ ਤੇ ਸਭਰਵਾਲ ਦੇ ਸਾਰੇ ਸਰਦਾਰ (ਮੁਖੀ) ਸਨਮੁਖ ਸਿੱਖ ਹੋਏ ਹਨ। ੨. ਪੂਰੋ ਮਾਣਕ ਚੰਦ ਤੇ ਬਿਸ਼ਨ ਦਾਸ ਸਮੇਤ ਪਰਿਵਾਰ ਦੇ ਸੁਧਰੇ ਹੋਏ ਸਿੱਖ ਸਨ। ੩. ਭਾਈ ਤਾਰੂ, ਭਾਰੂ ਗੁਰੂ ਦੁਆਰੇ ਦੇ ਦਾਸ ਤੇ (ਕਰਤਾ) ਪੁਰਖ (ਦੀ ਪ੍ਰਕਿਰਤੀ ਦੇ ਉੱਤਮ) ਪਦਾਰਥ ਜਾਣੇ ਜਾਂਦੇ ਸਨ। ੪. ਮਹਾਂ ਨੰਦ (ਤੇ ਆਪਣੇ ਨਾਂ ਵਾਂਗ) ਹੈ ਹੀ ਮਹਾਪੁਰਖ ਤੇ ਬਿਧੀ ਚੰਦ ਸ੍ਰੇਸ਼ਟ ਬੁਧੀ ਤੇ ਵੀਚਾਰਵਾਨ ਸਿੱਖ ਸਨ। ੫. ਬਰ੍ਹਮ ਦਾਸ (ਜਾਤ ਦਾ) ਖੋਟੜਾ ਤੇ ਡੂੰਗਰ ਦਾਸ ਤਕਿਆਰ (ਜਾਤ) ਭਲੇ ਸਿੱਖ ਸਨ। ੬. ਦੀਪਾ, ਜੇਠਾ, ਤੀਰਥਾ, ਸੈਂਸਾਰੂ ਤੇ ਬੂਲਾ ਆਦਿ ਸਚਿਆਰ ਸਿੱਖ ਸਨ। ੭. ਮਾਈਆ, ਜਾਪਾ, ਨਈਆ ਤੇ ਖੁੱਲਰ ਗੁਰੂ ਕੇ ਪਿਆਰੇ ਸਿੱਖ ਜਾਣੇ ਜਾਂਦੇ ਸਨ। ੮. ਤੁਲਸਾ, ਵਹੁਰਾ (ਜਾਤ ਦਾ) ਗੁਰੂ ਉਪਦੇਸ਼ ਨੂੰ ਧਾਰਨ ਵਾਲਾ ਤੇ ਵੱਡੇ ਅਚਾਰ (ਭਲੀ ਵਰਤੋਂ ਵਿਹਾਰ) ਕਰਨ ਵਾਲਾ ਗੁਰਸਿੱਖ ਸੀ। ੯. ਸਤਿਗੁਰੂ ਜੀ (ਸੱਚ ਦੇ ਲੜ ਲਾ ਕੇ ਸਭ ਨੂੰ) ਸਵਾਰਨ ਵਾਲੇ ਹਨ॥ ੧੭॥

(ਪੰਜਵੀਂ ਪਾਤਿਸ਼ਾਹੀ ਦੇ ਸਿੱਖ)

੧੮. ਗੁਰੂ-ਪਿਆਰਿਆਂ ਦੇ ਹੋਰ ਨਾਮ

੧. ਪੁਰੀਆ ਚੂਹੜੁ ਚਉਧਰੀ ਪੈੜਾ ਦਰਗਹ ਦਾਤਾ ਭਾਗਾ।
੨. ਬਾਲਾ ਕਿਸਨਾ ਝਿੰਗਰਣਿ ਪੰਡਿਤ ਰਾਇ ਸਭਾ ਸੀਗਾਰਾ।
੩. ਸੁਹੜੁ ਤਿਲੋਕਾ ਸੂਰਮਾ ਸਿਖੁ ਸਮੁੰਦਾ ਸਨਮੁਖੁ ਸਾਰਾ।
੪. ਕੁਲਾ ਭੁਲਾ ਝੰਝੀਆ ਭਾਗੀਰਥੁ ਸੁਇਨੀ ਸੁਚਿਆਰਾ।
੫. ਲਾਲੂ ਬਾਲੂ ਵਿਜ ਹਨਿ ਹਰਖਵੰਤੁ ਹਰਿਦਾਸ ਪਿਆਰਾ।
੬. ਧੀਰੁ ਨਿਹਾਲੂ ਤੁਲਸੀਆ ਬੂਲਾ ਚੰਡੀਆ ਬਹੁ ਗੁਣਿਆਰਾ।
੭. ਗੋਖੂ ਟੋਡਾ ਮਹਤਿਆ ਤੋਤਾ ਮਦੂ ਸਬਦ ਵੀਚਾਰਾ।
੮. ਝਾਂਝੂ ਅਤੇ ਮੁਕੰਦੁ ਹੈ ਕੀਰਤਨੁ ਕਰੈ ਹਜੂਰਿ ਕਿਦਾਰਾ।
੯. ਸਾਧਸੰਗਤਿ ਪਰਗਟੁ ਪਾਹਾਰਾ ॥੧੮॥

ਅਰਥ - ੧. (ਗੁਰੂ ਦੀ) ਦਰਗਹ (ਦਰਬਾਰ) ਵਿਚ ਪੁਰੀਆ ਤੇ ਚੂਹੜੁ ਚੋਧਰੀ ਭਾਰੇ ਦਾਤੇ ਸਨ। ੨. ਬਾਲਾ ਤੇ ਕਿਸ਼ਨਾ (ਝਿੰਗਰ ਜਾਤੀ ਦੇ), ਪੰਡਿਤ ਰਾਇ (ਗੁਰੂ ਜੀ ਦੀ) ਸਭਾ ਦੇ ਸ਼ਿੰਗਾਰੇ ਸਿੱਖ ਸਨ। ੩. ਸੁਹੜ ਤੇ ਤਿਲੋਕਾ ਗੁਰੂ ਦੇ ਬਹਾਦਰ ਸਨ ਤੇ ਸਮੁੰਦਾ (ਗੁਰਮੁਖ) ਸਾਰਾ ਹੀ ਸਨਮੁਖ ਸੀ। ੪. ਕੁੱਲਾ ਭੁੱਲਾ ਝੰਝੀ (ਜਾਤ ਦੇ) ਭਾਗੀਰਥ ਸੁਇਨੀ ਸਚਿਆਰ ਸਿੱਖ ਸਨ। ੫. ਲਾਲੂ, ਬਾਲੂ ਵਿਜ (ਜਾਤੀ ਦੇ) ਤੇ ਹਰਦਾਸ (ਇਹ ਗੁਰੂ ਦੇ) ਪ੍ਰਸੰਨ-ਚਿਤ ਪਿਆਰੇ ਸਨ। ੬. ਧੀਰੁ, ਨਿਹਾਲੂ, ਤੁਲਸੀਆ, ਬੂਲਾ ਤੇ ਚੰਡੀਆ ਬੜੇ ਹੀ ਗੁਣਵਾਨ (ਗੁਰੂ ਕੇ) ਸਿੱਖ ਸਨ। ੭. (ਗੁਰੂ ਦੇ ਸਿੱਖ) ਗੋਖੂ, ਟੋਡਾ, ਮਹਿਤਾ, ਤੋਤਾ ਤੇ ਮੱਦੂ ਆਦਿ ਸ਼ਬਦ ਦੇ ਵੀਚਾਰਵਾਨ ਸਨ। ੮. ਝਾਂਝੂ, ਮੁਕੰਦ ਤੇ ਕਿਦਾਰਾ (ਰਾਗ ਵਿਦਿਆ ਦੇ ਜਾਣਕਾਰ, ਗੁਰੂ ਕੇ) ਹਜ਼ੂਰ ਕੀਰਤਨ ਕਰਦੇ ਸਨ। ੯. ਸਾਧ ਸੰਗਤ ਵਿਚ ਇਹ ਪ੍ਰਗਟ ਪਰਤਾਪ ਵਾਲੇ ਸਨ॥ ੧੮॥

੧੯. ਹੋਰ ਗੁਰਸਿੱਖਾਂ ਦੇ ਨਾਮ

੧. ਗੰਗੂ ਨਾਊ ਸਹਗਲਾ ਰਾਮਾ ਧਰਮਾ ਊਦਾ ਭਾਈ।
੨. ਜਟੂ ਭਟੂ ਵੰਤਿਆ ਫਿਰਣਾ ਸੂਦੁ ਵਡਾ ਸਤ ਭਾਈ।
੩. ਭੋਲੂ ਭਟੂ ਜਾਣੀਅਨਿ ਸਨਮੁਖ ਤੇਵਾੜੀ ਸੁਖਦਾਈ।

੪. ਡਲਾ ਭਾਗੀ ਭਗਤੁ ਹੈ ਜਾਪੂ ਨਿਵਲਾ ਗੁਰ ਸਰਣਾਈ।
੫. ਮੂਲਾ ਸੂਜਾ ਧਾਵਣੇ ਚੰਦੂ ਚਉਝੜ ਸੇਵ ਕਮਾਈ।
੬. ਰਾਮਦਾਸੁ ਭੰਡਾਰੀਆ ਬਾਲਾ ਸਾਈਂਦਾਸੁ ਧਿਆਈ।
੭. ਗੁਰਮੁਖਿ ਬਿਸਨੁ ਬੀਬੜਾ ਮਾਛੀ ਸੁੰਦਰਿ ਗੁਰਮਤਿ ਪਾਈ।
੮. ਸਾਧ ਸੰਗਤਿ ਵਡੀ ਵਡਿਆਈ॥੧੯॥

ਅਰਥ - ੧. ਸਹਗਲ ਜਾਤ ਦਾ ਗੰਗੂ ਨਾਊ, ਰਾਮਾ ਧਰਮਾ ਤੇ ਉੱਦਾ (ਆਪੋ ਵਿਚ) ਭਰਾ ਸਨ। ੨. ਜੱਟੂ, ਭੱਟੂ ਆਦਿ ਤਵੇਤੇ ਸਿੱਖ ਸਨ। ਫਿਰਨਾ ਸੂਦ ਜਾਤੀ ਦਾ ਵਡੇ ਸਤ (ਭਾਉ-ਭਗਤੀ) ਵਾਲਾ ਸੀ। ੩. ਤੋਲੂ, ਭੱਟੂ ਪ੍ਰਸਿੱਧ ਸਨਮੁਖ ਸਿੱਖ ਸਨ, ਅਤੇ ਤਿਵਾੜੀ (ਬ੍ਰਾਹਮਣ ਜਾਤ, ਸਿੱਖਾਂ ਦੇ ਗੁਣਾਂ ਵਿਚ ਭਾਰੇ) ਸੁਖਾਂ ਵਾਲਾ ਸੀ। ੪. ਡੱਲਾ, ਭਾਗੀ (ਗੁਰੂ ਕੇ ਭਗਤ) ਤੇ ਜਾਪੂ ਨਿਵਲਾ ਸਦਾ ਹੀ ਗੁਰੂ-ਸ਼ਰਨ ਵਿਚ ਰਹਿੰਦੇ ਸਨ। ੫. ਮੂਲਾ ਤੇ ਸੂਜਾ (ਜਾਤੀ ਦੇ) ਧਾਵਣ ਤੇ ਚੰਦੂ ਚਉਝੜ (ਨੇ ਗੁਰੂ ਜੀ) ਦੀ ਸੇਵਾ ਕਮਾਈ ਹੈ। ੬. ਰਾਮਦਾਸ (ਗੁਰੂ ਜੀ ਦਾ) ਭੰਡਾਰੀਆ (ਰਸੋਈਆ) ਤੇ ਬਾਲਾ ਅਤੇ ਸਾਈਂ ਦਾਸ ਗੁਰੂ ਦੇ ਲਿਵਲੀਨ ਸਿੱਖ ਸਨ। ੭. ਬਿਸ਼ਨੂੰ, ਬੀਬੜਾ ਤੇ ਸੁੰਦਰ ਮਾਛੀ ਵੱਡੇ ਗੁਰਮੁਖ ਸਨ, ਜਿਨ੍ਹਾਂ ਨੇ ਗੁਰਮੱਤ ਨੂੰ ਹਿਰਦੇ ਵਿਚ ਵਸਾ ਲਿਆ ਸੀ। ੮. (ਇਸ ਤਰ੍ਹਾਂ ਦੀ) ਸਾਧ ਸੰਗਤ ਦੀ ਵਡਿਆਈ ਬਹੁਤ ਵੱਡੀ ਹੈ॥ ੧੯॥

੨੦. ਸਿੱਖਾਂ ਦੇ ਹੋਰ ਸ਼ੁਭ ਨਾਮ

੧. ਜਟੂ ਭਾਨੂ ਤੀਰਥਾ ਚਾਇ ਚਈਲੇ ਚਢੇ ਚਾਰੇ।
੨. ਸਣੇ ਨਿਹਾਲੇ ਜਾਣੀਅਨਿ ਸਨਮੁਖ ਸੇਵਕ ਗੁਰੂ ਪਿਆਰੇ।
੩. ਸੇਖੜ ਸਾਧ ਵਖਾਣੀਅਹਿ ਨਾਉ ਭੁਲੂ ਸਿਖ ਸੁਚਾਰੇ।
੪. ਜਟੂ ਭੀਵਾ ਜਾਣੀਅਨਿ ਮਹਾਂ ਪੁਰਖੁ ਮੂਲਾ ਪਰਵਾਰੇ।
੫. ਚਤੁਰਦਾਸੁ ਮੂਲਾ ਕਪੂਰੁ ਹਾੜੂ ਗਾੜੂ ਵਿਜ ਵਿਚਾਰੇ।
੬. ਫਿਰਣਾ ਬਹਿਲੁ ਵਖਾਣੀਐ ਜੇਠਾ ਚੰਗਾ ਕੁਲੁ ਨਿਸਤਾਰੇ।
੭. ਵਿਸਾ ਗੋਪੀ ਤੁਲਸੀਆ ਭਾਰਦੁਆਜੀ ਸਨਮੁਖ ਸਾਰੇ।
੮. ਵਡਾ ਭਗਤੁ ਹੈ ਭਾਈਅੜਾ ਗੋਇੰਦੁ ਘੇਈ ਗੁਰੂ ਦੁਆਰੇ।
੯. ਸਤਿਗੁਰਿ ਪੂਰੇ ਪਾਰਿ ਉਤਾਰੇ॥੨੦॥

ਅਰਥ - ੧. ਅਤੇ ੨. ਜੱਟੂ, ਭਾਨੂ, ਤੀਰਥਾ ਤੇ ਨਿਹਾਲਾ, ਇਹ ਚਾਰੇ ਚੱਢੇ ਜਾਤ ਦੇ ਬੜੇ ਚਾਉ ਚਈਲੇ (ਉਤਸ਼ਾਹੀ) ਸਨਮੁਖ ਸੇਵਕ ਗੁਰੂ ਕੇ ਪਿਆਰੇ ਸਿੱਖ ਸਨ। ੩. ਨਾਊ ਤੇ ਭੁੱਲੂ ਇਹ ਸੇਖੜ ਸਾਧ

ਸਨ, ਪਰ ਫਿਰ ਗੁਰੂ ਦੇ ਸਚਿਆਰ (ਚੰਗੇ ਆਦਰ ਵਾਲੇ) ਸਿੱਖ ਹੋਏ। ੪. ਜੱਟੂ ਤੇ ਭੀਵਾ (ਚੰਗੇ ਗੁਰਸਿੱਖ) ਜਾਣੇ ਜਾਂਦੇ ਤੇ ਵੱਡੇ ਪਰਿਵਾਰ ਵਾਲਾ ਮੂਲਾ, ਵਡਾ ਮਹਾਂ ਪੁਰਖ ਸੀ। ੫. ਚਤੁਰ ਦਾਸ ਤੇ ਮੂਲਾ ਕਪੂਰ (ਜਾਤੀ ਦੇ), ਹਾੜੂ, ਗਾੜੂ ਵਿੱਜ (ਜਾਤੀ ਦੇ) ਸਿੱਖੀ ਵਿਚਾਰਾਂ ਵਾਲੇ ਵਿਚਾਰਵਾਨ ਸਨ। ੬. ਫਿਰਣਾ ਬਹਿਲ (ਜਾਤੀ ਦਾ) ਸਦੀਂਦਾ ਸੀ ਤੇ ਜੇਠਾ ਚੰਗੇ (ਕਰਮ ਕਰਕੇ) ਕੁਲ ਨੂੰ ਤਾਰਨ ਵਾਲਾ ਸੀ। ੭. ਵਿੱਸਾ, ਗੋਪੀ, ਤੁਲਸੀਆ ਭਾਰਦੁਆਜੀ (ਬ੍ਰਾਹਮਣ ਜਾਤੀ ਦੇ) ਸਾਰੇ ਹੀ ਸਨਮੁਖ ਸਿੱਖ ਸਨ। ੮. ਗੋਬਿੰਦ ਘੇਈ (ਜਾਤ ਦਾ) ਗੁਰੂ ਦੇ ਦਰਬਾਰ ਦਾ ਵੱਡਾ ਭਗਤ ਤੇ ਸਭ ਦਾ ਭਾਈਅੜਾ (ਮਿਲਾਪੜਾ) ਸੀ। ੯. ਪੂਰੇ ਸਤਿਗੁਰੂ ਨੇ (ਇਹਨਾਂ ਸਭਨਾਂ ਨੂੰ ਭਵਜਲ ਤੋਂ) ਪਾਰ ਉਤਾਰ ਦਿੱਤਾ॥ ੨੦॥

੨੧. ਸੁਲਤਾਨਪੁਰ ਦੀ ਸਿੱਖ ਸੰਗਤ

੧. ਕਾਲੂ ਚਾਊ ਬੰਮੀਆ ਮੂਲੇ ਨੋ ਗੁਰ ਸਬਦੁ ਪਿਆਰਾ।
੨. ਹੇਮਾ ਵਿਚਿ ਕਪਾਹੀਆ ਗੋਬਿੰਦੁ ਘੇਈ ਗੁਰ ਨਿਸਤਾਰਾ।
੩. ਭਿਖਾ ਟੋਡਾ ਭਟ ਦੁਇ ਧਾਰੂ ਸੂਦ ਮਹਲੁ ਤਿਸੁ ਭਾਰਾ।
੪. ਗੁਰਮੁਖਿ ਰਾਮੂ ਕੋਹਲੀ ਨਾਲਿ ਨਿਹਾਲੂ ਸੇਵਕੁ ਸਾਰਾ।
੫. ਛਜੂ ਭਲਾ ਜਾਣੀਐ ਮਾਈ ਦਿਤਾ ਸਾਧੁ ਵਿਚਾਰਾ।
੬. ਤੁਲਸਾ ਵਹੁਰਾ ਭਗਤ ਹੈ ਦਾਮੋਦਰੁ ਆਕੁਲ ਬਲਿਹਾਰਾ।
੭. ਭਾਨਾ ਆਵਲ ਵਿਗਹਮਲੁ ਬੁਧੂ ਛੀਂਬਾ ਗੁਰ ਦਰਬਾਰਾ।
੮. ਸੁਲਤਾਨੇ ਪੁਰਿ ਭਗਤਿ ਭੰਡਾਰਾ॥ ੨੧॥

ਅਰਥ - ੧. ਕਾਲੂ, ਚਾਊ, ਬੰਮੀਏ ਤੇ ਮੂਲੇ ਨੂੰ ਗੁਰੂ ਦਾ ਸ਼ਬਦ ਪਿਆਰਾ ਲੱਗਦਾ ਹੈ। ੨. ਹੇਮਾ ਕਪਾਹ ਵੇਚਣ ਵਾਲਾ, ਤੇ ਗੋਬਿੰਦ ਘਿਉ ਵੇਚਣ ਵਾਲੇ ਨੂੰ ਗੁਰੂ ਕਿਰਪਾ ਨੇ ਭਵਜਲ ਤੋਂ ਪਾਰ ਉਤਾਰ ਦਿੱਤਾ। ੩. ਭਿੱਖਾ, ਟੋਡਾ ਦੋਵੇਂ ਭੱਟ (ਝੂਠੇ ਅਮੀਰਾਂ ਤੇ ਵਜ਼ੀਰਾਂ ਦੀ ਸਿਫਤ ਛੱਡ ਕੇ ਸੱਚੇ ਪਾਤਸ਼ਾਹ ਦੀ ਸਿਫਤ ਸਲਾਹ ਵਿਚ ਲੱਗੇ) ਤੇ ਧਾਰੂ ਸੂਦ ਨੂੰ ਵੀ (ਗੁਰੂ ਸ਼ਰਨ ਵਿਚ ਪ੍ਰੇਮਾ-ਭਗਤੀ ਕਰਨ ਕਰਕੇ) ਗੁਰੂ-ਘਰ ਵਿਚ ਭਾਗ ਮਹਲ (ਖਾਸ ਥਾਂ) ਪ੍ਰਾਪਤ ਹੋਈ। ੪. ਰਾਮੂ ਕੋਹਲੀ ਵੱਡਾ ਗੁਰਮੁਖ ਹੋਇਆ ਤੇ ਸੇਵਾ ਦਾ ਮਹਾਨ ਸੇਵਕ ਨਿਹਾਲੂ ਹੋਇਆ। ੫. ਛੱਜੂ ਭੱਲਾ ਤੇ ਮਾਈ ਦਿੱਤਾ ਭਲੇ ਗੁਰਸਿੱਖ ਸਾਧੂ ਬਣ ਗਏ। ੬. ਤੁਲਸਾ ਵਹੁਰਾ ਭਗਤ ਹੈ ਤੇ ਦਾਮੋਦਰ ਅਤੇ ਆਕੁਲ (ਵਰਗੇ ਸਿੱਖਾਂ ਤੋਂ) ਬਲਿਹਾਰੇ ਜਾਈਏ। ੭. ਭਾਨਾ, ਆਵਲ, ਵਿਗਹ ਮਲ ਤੇ ਬੁਧੂ ਛੀਂਬਾ ਗੁਰੂ ਦੇ ਦਰਬਾਰੀ ਸਿੱਖ ਸਨ ੮. ਸੁਲਤਾਨਪੁਰ ਭਗਤਾਂ (ਗੁਰਸਿੱਖਾਂ ਦਾ) ਭੰਡਾਰ ਸੀ॥ ੨੧॥

੨੨. ਨਾਮੀ ਮਸੰਦ ਸਿੱਖਾਂ ਦੇ ਨਾਮ

੧. ਦੀਪਕੁ ਦੀਪਾ ਕਾਸਰਾ ਗੁਰੂ ਦੁਆਰੈ ਹੁਕਮੀ ਬੰਦਾ।
੨. ਪਟੀ ਅੰਦਰਿ ਚਉਧਰੀ ਢਿਲੋ ਲਾਲੁ ਲੰਗਾਹੁ ਸੁਹੰਦਾ।
੩. ਅਜਬੁ ਅਜਾਇਬੁ ਸੰਙਿਆ ਉਮਰਸਾਹੁ ਗੁਰ ਸੇਵ ਕਰੰਦਾ।
੪. ਪੈੜਾ ਛਜਲੁ ਜਾਣੀਐ ਕੰਦੂ ਸੰਘਰੁ ਮਿਲੈ ਹਸੰਦਾ।
੫. ਪੁਤੁ ਸਪੁਤੁ ਕਪੂਰਿ ਦੇਉ ਸਿਖੈ ਮਿਲਿਆਂ ਮਨਿ ਵਿਗਸੰਦਾ।
੬. ਸੰਮਣੁ ਹੈ ਸਾਹਬਾਜ ਪੁਰਿ ਗੁਰਸਿਖਾਂ ਦੀ ਸਾਰ ਲਹੰਦਾ।
੭. ਜੋਧਾ ਜਲੋ ਤੁਲਸ ਪੁਰਿ ਮੋਹਣ ਆਲਮੁ ਗੰਜਿ ਰਹੰਦਾ।
੮. ਗੁਰਮੁਖਿ ਵਡਿਆ ਵਡੇ ਮਸੰਦਾ॥੨੨॥

ਅਰਥ - ੧. (ਗੁਰੂ ਘਰ ਵਿਚ) ਦੀਪਕ (ਵਾਂਗ ਚਾਨਣਾ ਦੇਂਦਾ ਸੀ) ਦੀਪਾ ਕਾਸਰਾ (ਮਸੰਦ), ਗੁਰੂ ਦੇ ਦਰਵਾਜੇ 'ਤੇ ਜੋ ਹੁਕਮੀ ਬੰਦਾ ਸੀ। ੨. ਪੱਟੀ ਵਿਚ (ਮਸੰਦ ਸੀ) ਲਾਲੂ ਤੇ ਲੰਗਾਹ ਢਿਲੋਂ (ਜਾਤ ਦੇ) ਚੋਧਰੀ ਜੋ ਸ਼ੋਭਾ ਦੇਣ ਵਾਲੇ ਸਨ। ੩. ਸੰਘੇ (ਜਾਤ ਦੇ) ਅਜਬ ਤੇ ਅਜਾਇਬ ਅਤੇ ਉਮਰ ਸ਼ਾਹ ਗੁਰ ਸੇਵਾ ਨੂੰ ਕਰਨ ਵਾਲੇ (ਮਸੰਦ) ਸਨ। ੪. ਪੈੜਾ ਛੱਜਲ (ਜਾਤ ਦਾ) ਪ੍ਰਸਿੱਧ (ਮਸੰਦ) ਸੀ, (ਤੇ ਜੋ) ਕੰਦੂ ਸੰਘਰ (ਜਾਤ ਦਾ) ਇਹ ਸਭ ਨੂੰ ਹੱਸਦਾ ਹੀ ਮਿਲਦਾ ਸੀ। ੫. ਕਪੂਰ ਤੇ ਉਸ ਦਾ ਸਪੁੱਤਰ, ਸਿੱਖਾਂ ਨੂੰ ਮਿਲ ਕੇ ਉਹਨਾਂ ਦੇ ਮਨ ਵਿਚ ਖੇੜਾ ਪੈਦਾ ਕਰ ਦਿੰਦੇ ਸਨ। ੬. ਸੰਮਣ (ਮਸੰਦ) ਸ਼ਾਹਬਾਜ਼ਪੁਰ ਦਾ ਸੀ, ਜੋ ਗੁਰ ਸਿੱਖਾਂ ਦੀ ਸਾਰ (ਖਬਰ-ਸੁਰਤ) ਲੈਂਦਾ ਸੀ। ੭. ਤੁਲਸ ਪੁਰੀ ਦੇ ਜੋਧਾ ਤੇ ਜੱਲੋ (ਮਸੰਦ) ਤੇ ਮੋਹਣ ਆਲਮ ਗੰਜ ਰਹਿ ਕੇ ਸੇਵਾ ਕਰਦਾ ਸੀ। ੮. ਇਹ ਵੱਡੇ ਵੱਡੇ ਮਸੰਦ (ਆਪ ਵੀ) ਵੱਡੇ ਗੁਰਮੁਖ ਸਨ॥੨੨॥

੨੩. ਗੁਰੂ ਦੇ ਅਤਿ ਪਿਆਰੇ ਸਨਮੁਖ ਸਿੱਖ

੧. ਢੇਸੀ ਜੋਧੁ ਹੁਸੰਗੁ ਹੈ ਗੋਇੰਦੁ ਗੋਲਾ ਹਸਿ ਮਿਲੰਦਾ।
੨. ਮੋਹਣੁ ਕੁਕੁ ਵਖਾਣੀਐ ਧੁਟੇ ਜੋਧੇ ਜਾਮੁ ਸੁਹੰਦਾ।
੩. ਮੰਝੁ ਪੰਨੂ ਪਰਵਾਣੁ ਹੈ ਪੀਰਾਣਾ ਗੁਰ ਭਾਇ ਚਲੰਦਾ।
੪. ਹਮਜਾ ਜਜਾ ਜਾਣੀਐ ਬਾਲਾ ਮਰਵਾਹਾ ਵਿਗਸੰਦਾ।
੫. ਨਿਰਮਲ ਨਾਨੋ ਓਹਰੀ ਨਾਲਿ ਸੂਰੀ ਚਉਧਰੀ ਰਹੰਦਾ।

६. ਪਰਬਤਿ ਕਾਲਾ ਮੇਹਰਾ ਨਾਲਿ ਨਿਹਾਲੂ ਸੇਵ ਕਰੰਦਾ।
੭. ਕਕਾ ਕਾਲਉ ਸੂਰਮਾ ਕਦੁ ਰਾਮਦਾਸੁ ਬਚਨ ਮਨੰਦਾ।
੮. ਸੇਠ ਸਭਾਗਾ ਚੁਹਣੀਅਹੁ ਆਰੋੜੇ ਭਾਗ ਉਗਵੰਦਾ।
੯. ਸਨਮੁਖ ਇਕਦੂ ਇਕ ਚੜ੍ਹੰਦਾ ॥ ੨੩ ॥

ਅਰਥ - ੧. ਭਾਈ ਢੇਸੀ ਤੇ ਜੋਧ ਹੁਸੰਗ (ਜਿਨ੍ਹਾਂ ਦੀ ਬ੍ਰਾਹਮਣ ਜਾਤ) ਹੈ, ਤੇ ਗੋਇੰਦਾ ਇਨ੍ਹਾਂ ਦਾ ਸੇਵਕ ਹੱਸ ਕੇ (ਗੁਰਸਿੱਖਾਂ ਨੂੰ) ਮਿਲਦਾ ਸੀ। ੨. ਮੋਹਣ ਜੋ ਕੁੱਕ (ਜਾਤ) ਅਖਵਾਉਂਦਾ, ਜੋਧੇ ਤੇ ਜਾਮ (ਜਿਨ੍ਹਾਂ ਦੀ ਅੱਲ) ਧੁੱਟੇ ਸੀ, ਵਡੇ ਮੋਟੇ ਤਾਜ਼ੇ ਤਾਕਤਵਰ ਸ਼ੋਭਾ ਦੇਂਦੇ ਸਨ। ੩. ਮੰਢੂ ਤੇ ਪੰਨੂ ਪਰਮਾਣੀਕ ਸਿੱਖ ਸਨ ਤੇ ਭਾਈ ਪੀਰਾਣਾ ਗੁਰੂ ਦੀ ਰਜ਼ਾ ਵਿਚ ਚਲਣ ਵਾਲਾ ਸੀ। ੪. ਹਮਜਾ, (ਜਿਸ ਨੂੰ) ਜੱਜਾ ਵੀ ਕਿਹਾ ਜਾਂਦਾ ਸੀ, ਤੇ ਬਾਲਾ ਮਰਵਾਹਾ (ਜਾਤੀ) ਦੇ ਖੇੜੇ ਵਿਚ ਖਿੜੇ ਹੋਏ ਗੁਰਸਿੱਖ ਸਨ। ੫. ਭਾਈ ਨਾਨੋ ਓਹਰੀ (ਜਾਤ ਦਾ) ਬੜਾ ਨਿਰਮਲ (ਬੜੀ ਉੱਚ ਆਤਮਾ ਵਾਲਾ) ਤੇ ਨਾਲ ਹੀ ਉਸ ਦੇ ਸੂਰੀ ਚੌਧਰੀ ਰਹਿੰਦਾ (ਭਾਵ ਸੰਗਤੀ ਸੀ)। ੬. ਪਹਾੜਾਂ ਵਿਚ ਭਾਈ ਕਾਲਾ, ਮੇਹਰਾ ਤੇ ਉਨ੍ਹਾਂ ਦੇ ਨਾਲ ਨਿਹਾਲੂ, (ਗੁਰਸਿੱਖੀ ਦੀ) ਸੇਵਾ ਕਰਦੇ ਸਨ। ੭. ਕੱਕੇ (ਕੇਸਾਂ ਵਾਲਾ) ਕਾਲਉ (ਜੋ) ਬੜਾ ਬਲੀ ਕੱਦ ਵਾਲਾ ਸੀ, ਰਾਮਦਾਸ (ਵਾਂਗ) ਬਚਨ ਮੰਨਣ ਵਾਲਾ ਸੀ। ੮. ਸੇਠ ਸੁਭਾਗਾ ਤਾਰਾ ਮਲ ਤੇ ਉਗਵੰਦਾ, ਇਹ ਤਿੰਨੇ ਸਿੱਖ ਅਰੋੜੇ (ਜਾਤ ਦੇ) ਚੂਹਣੀਆਂ ਨਗਰ ਦੇ ਸਨ। ੯. ਏਹ ਸਭ ਇੱਕ ਦੂ ਵੱਧ ਕੇ ਮੰਨੇ ਪ੍ਰਮੰਨੇ ਗੁਰਸਿੱਖ ਸਨ ॥ ੨੩ ॥

੨੪. ਪੰਜਾਬ ਵਿੱਚ ਵੱਸਦੇ ਨਾਮੀ ਸਿੱਖ

੧. ਪੈੜਾ ਜਾਤਿ ਚੰਡਾਲੀਆ ਜੇਠੇ ਸੇਠੀ ਕਾਰ ਕਮਾਈ।
੨. ਲਟਕਣੁ ਘੂਰਾ ਜਾਣੀਐ ਗੁਰਦਿਤਾ ਗੁਰਮਤਿ ਗੁਰਭਾਈ।
੩. ਕਾਟਾਰਾਉ ਸਰਾਫ ਹੈ ਭਗਤੁ ਵਡਾ ਭਗਵਾਨ ਸੁਭਾਈ।
੪. ਸਿਖ ਭਲਾ ਰਵਿਤਾਸ ਵਿਚਿ ਧਉਣੁ ਮੁਰਾਰੀ ਗੁਰ ਸਰਣਾਈ।
੫. ਆਡਿਤ ਸੁਇਨੀ ਸੂਰਮਾ ਚਰਣ ਸਰਣਿ ਚੂਹੜੂ ਜੇ ਸਾਈ।
੬. ਲਾਲਾ ਸੇਠੀ ਜਾਣੀਐ ਜਾਣੁ ਨਿਹਾਲੂ ਸਬਦਿ ਲਿਵ ਲਾਈ।
੭. ਰਾਮਾ ਝੰਝੀ ਆਖੀਐ ਹੇਮੂ ਸੋਈ ਗੁਰਮਤਿ ਪਾਈ।
੮. ਜਟੂ ਭੰਡਾਰੀ ਭਲਾ ਸਾਹਦਰੈ ਸੰਗਤਿ ਸੁਖਦਾਈ।
੯. ਪੰਜਾਬੈ ਗੁਰ ਦੀ ਵਡਿਆਈ ॥ ੨੪ ॥

ਅਰਥ - ੧. ਭਾਈ ਪੈੜਾ ਚੰਡਾਲੀ (ਜਾਤ ਦਾ) ਤੇ ਭਾਈ ਜੇਠਾ ਸੇਠੀ (ਲੈਣ ਦੇਣ) ਦਾ ਕੰਮ ਕਰਦਾ ਸੀ। ੨. ਲਟਕਣ (ਅੱਲ ਵਾਲਾ) ਘੂਰਾ (ਸਿੱਖ) ਜਾਣਿਆਂ ਜਾਂਦਾ ਤੇ ਗੁਰਦਿੱਤਾ ਗੁਰੂ ਦੀ ਮੱਤ ਲੈਣ

ਕਰਕੇ (ਸਿੱਖਾਂ ਦਾ) ਗੁਰਭਾਈ ਸੀ। ੩. ਕਾਟਾ ਰਾਉ ਸਰਾਫੀ ਦਾ ਕੰਮ ਕਰਦਾ ਸੀ ਤੇ ਵੱਡਾ ਭਗਤ ਭਗਵਾਨ ਸੀ, (ਜੋ ਭਗਵਾਨ ਦੇ) ਸੁਭਾ ਵਾਲਾ (ਭਾਵ ਉੱਚ ਦੈਵੀ ਗੁਣਾਂ ਵਾਲਾ) ਸੀ। ੪. ਰੁਹਤਾਸ ਵਿਚ ਧਉਣ ਮੁਰਾਰੀ ਉੱਤਮ ਤੇ ਭਲੇ ਸੁਭਾਵ ਵਾਲਾ ਗੁਰਸਿੱਖ ਸੀ। ੫. ਆਡਿਤ ਭਗਤ ਸੁਇਨੀ ਜਾਤ ਦਾ ਬਲਵਾਨ ਸਿੱਖ ਸੀ, ਚੂਹੜ ਤੇ ਸਾਈਂ ਵੀ ਇਥੋਂ ਗੁਰੂ ਚਰਣ ਸ਼ਰਨ ਵਿਚ ਆਏ ਹੋਏ ਸਨ। ੬. ਲਾਲਾ ਸੇਠੀ ਸਿੱਖ ਜਾਣਿਆਂ ਜਾਂਦਾ ਤੇ ਨਿਹਾਲੂ ਗੁਰੂ-ਸ਼ਬਦ ਵਿਚ ਲਿਵ ਜੋੜਨ ਵਾਲਾ ਸੀ। ੭. ਰਾਮਾ ਝੰਝੀ ਤੇ ਹੇਮੂ ਨੇ ਓਹੀ ਗੁਰਮਤ (ਗੁਰੂ ਸਿੱਖਿਆ) ਪ੍ਰਾਪਤ ਕੀਤੀ ਸੀ। ੮. ਜੱਟੂ ਭੰਡਾਰੀ ਭਲਿਆਂ ਦੀ ਸ਼ਾਹਦਰੇ ਵਿਚ ਭਲੀ ਸੰਗਤ ਬਣੀ ਹੋਈ ਸੀ। ੯. ਇਹ ਪੰਜਾਬ ਵਿਚ ਗੁਰੂ ਦੀ ਵਡਿਆਈ ਸੀ॥ ੨੪॥

੨੫. ਲਾਹੌਰ ਸ਼ਹਿਰ ਵਿਚ ਮੁਜ਼ੰਗਾਂ ਦੀ ਸੰਗਤ

੧. ਸਨਮੁਖਿ ਸਿਖ ਲਾਹੌਰ ਵਿਚਿ ਸੋਢੀ ਆਇਣੁ ਤਾਇਆ ਸੰਹਾਰੀ।
੨. ਸਾਈਂ ਦਿਤਾ ਝੰਝੀਆ ਸੈਦੋ ਜਟੂ ਸਬਦੁ ਵੀਚਾਰੀ।
੩. ਬੁਧੂ ਮਹਿਤਾ ਜਾਣੀਅਹਿ ਕੁਲ ਕੁਮ੍ਹਿਆਰ ਭਗਤਿ ਨਿਰੰਕਾਰੀ।
੪. ਲਖੂ ਵਿਚਿ ਪਟੋਲੀਆ ਭਾਈ ਲਧਾ ਪਰਉਪਕਾਰੀ।
੫. ਕਾਲੂ ਨਾਨੋ ਰਾਜ ਦੁਇ ਹਾੜੀ ਕੋਹਲੀਆ ਵਿਚਿ ਭਾਰੀ।
੬. ਸੂਦੁ ਕਲਿਆਣਾ ਸੂਰਮਾ ਭਾਨੂ ਭਗਤੁ ਸਬਦੁ ਵੀਚਾਰੀ।
੭. ਮੂਲਾ ਬੇਰੀ ਜਾਣੀਐ ਤੀਰਥੁ ਅਤੈ ਮੁਕੰਦੁ ਅਪਾਰੀ।
੮. ਕਹੁ ਕਿਸਨਾ ਮੁਹਜੰਗੀਆ ਸੇਠ ਮੰਗੀਣੇ ਨੋ ਬਲਿਹਾਰੀ।
੯. ਸਨਮੁਖੁ ਸੁਨਿਆਰਾ ਭਲਾ ਨਾਉ ਨਿਹਾਲੂ ਸਪਰਵਾਰੀ।
੧੦. ਗੁਰਮੁਖਿ ਸੁਖ ਫਲ ਕਰਣੀ ਸਾਰੀ॥ ੨੫॥

ਅਰਥ - ੧. ਲਾਹੌਰ ਵਿਚ ਸੋਢੀਆਂ ਦੇ ਘਰਾਣਿਓਂ, ਤਾਇਆ ਸਹਾਰੀ ਮਲ, (ਗੁਰੂ ਅਰਜਨ ਦੇਵ ਜੀ ਦਾ ਵੱਡਾ ਸਨਮੁਖ ਸਿੱਖ ਸੀ)। ੨. ਸਾਈਂ ਦਿੱਤਾ ਝੰਝੀਆ ਤੇ ਸੈਦੋ ਜੱਟ (ਗੁਰੂ) ਸ਼ਬਦ ਦਾ ਵਿਚਾਰਵਾਨ ਸੀ। ੩. ਬੁੱਧੂ ਮਹਿਤਾ ਕੁਮ੍ਹਿਆਰਾਂ ਦੇ ਖਾਨਦਾਨ ਵਿਚੋਂ ਨਿਰੰਕਾਰੀ ਭਗਤ ਸੀ। ੪. ਭਾਈ ਲੱਖੂ ਪਟੋਲੀਆ ਸੀ, (ਜਿਸ ਨੇ ਕਿਹਾ ਸੀ-'ਬੁਧੂ ਦਾ ਆਵਾ ਕੱਚਾ')। ਭਾਈ ਲੱਧਾ ਪਰਉਪਕਾਰੀ (ਗੁਰੂ ਦੇ ਫਿਟਕਾਰੇ, ਸੱਤੇ ਬਲਵੰਡ ਨੂੰ ਬਖਸ਼ਾਉਣ ਵਾਲਾ) ਨਾਮੀ ਸਿੱਖ ਸੀ। ੫. ਕਾਲੂ ਤੇ ਨਾਨੋ ਰਾਜਗੀਰੀ ਦਾ ਕੰਮ ਕਰਨ ਵਾਲੇ, ਕੋਹਲੀ ਪਿੰਡ ਦੇ ਵੱਡੇ ਭਾਰੇ ਸਿੱਖ ਸਨ। ੬. ਕਲਿਆਣਾ ਸੂਦ ਵੱਡਾ ਜੋਧਾ ਸਿੱਖ ਅਤੇ ਭਾਨੂ ਭਗਤ ਵੀ ਸ਼ਬਦ ਦਾ ਵਿਚਾਰਵਾਨ ਸੀ। ੭. ਮੂਲਾ ਬੇਰੀ, ਤੀਰਥ ਤੇ ਮੁਕੰਦ ਵਡੇ ਅਪਾਰ ਗੁਰਸਿੱਖੀ ਦੇ ਪ੍ਰੇਮੀ ਜਾਣੇ ਜਾਂਦੇ ਸਨ। ੮. ਮੁਹਜੰਗੀਆਂ ਦਾ ਕਿਸ਼ਨਾ ਤੇ ਮੰਗੀਣੇ ਦੀ ਸਿੱਖੀ ਸੇਵਕੀ ਤੋਂ ਬਲਿਹਾਰ ਜਾਂਦੇ ਹਾਂ। ੯. ਭਲਾ ਸਨਮੁਖ ਸਿੱਖ ਸੀ, ਨਿਹਾਲੂ ਜੋ ਵੱਡੇ ਪਰਿਵਾਰ ਵਾਲਾ ਸੀ। ੧੦. ਗੁਰਮੁਖਾਂ ਦੀ ਕਰਨੀ ਸ੍ਰੇਸ਼ਟ ਤੇ ਸੁਖਾਂ ਦੇ ਫਲ ਦੇਣ ਵਾਲੀ ਹੁੰਦੀ ਹੈ॥ ੨੫॥

੨੬. ਦੂਰ ਦੂਰ ਦੇ ਗੁਰਸਿੱਖਾਂ ਦੇ ਨਾਮ

੧. ਭਾਨਾ ਮਲਣੁ ਜਾਣੀਐ ਕਾਬਲਿ ਰੇਖਰਾਉ ਗੁਰਭਾਈ।
੨. ਮਾਧੋ ਸੋਢੀ ਕਾਸਮੀਰ ਗੁਰ ਸਿਖੀ ਦੀ ਚਾਲ ਚਲਾਈ।
੩. ਭਾਈ ਭੀਵਾ ਸੀਹਰੰਦਿ ਰੂਪਚੰਦੁ ਸਨਮੁਖ ਸਤ ਭਾਈ।
੪. ਪਰਤਾਪੂ ਸਿਖੁ ਸੂਰਮਾ ਨੰਦੈ ਵਿਠੜਿ ਸੇਵ ਕਮਾਈ।
੫. ਸਾਮੀਦਾਸ ਵਛੇਰੁ ਹੈ ਥਾਨੇਸੁਰਿ ਸੰਗਤਿ ਬਹਲਾਈ।
੬. ਗੋਪੀ ਮਹਤਾ ਜਾਣੀਐ ਤੀਰਥੁ ਨਥਾ ਗੁਰ ਸਰਣਾਈ।
੭. ਭਾਊ ਮੋਕਲੁ ਆਖੀਅਹਿ ਢਿਲੀ ਮੰਡਲਿ ਗੁਰਮਤਿ ਪਾਈ।
੮. ਜੀਵਦੁ ਜਗਸੀ ਫਤੇ ਪੁਰਿ ਸੇਠਿ ਤਲੋਕੇ ਸੇਵ ਕਮਾਈ।
੯. ਸਤਿਗੁਰ ਦੀ ਵਡੀ ਵਡਿਆਈ॥ ੨੬॥

ਅਰਥ - ੧. ਭਾਨਾ ਮੱਲਣ ਕਾਬਲ ਦੇ ਸਿੱਖ ਰੇਖਰਾਉ ਦਾ ਗੁਰਭਾਈ ਜਾਣਿਆਂ ਜਾਂਦਾ ਸੀ। ੨. ਮਾਧੋ ਸੋਢੀ ਕਾਸ਼ਮੀਰ ਵਿਚ ਗਏ ਤੇ ਓਥੇ ਸਿੱਖੀ ਦਾ ਪਰਚਾਰ ਕਰਨ ਲੱਗੇ। ੩. ਸਰਹੰਦ ਵਿਚ ਭਾਈ ਭੀਵਾ ਤੇ ਭਾਈ ਰੂਪ ਚੰਦ ਦੋਵੇਂ ਗੁਰਸਿੱਖੀ ਦੀ ਸਤ-ਭਾਵਨਾ ਵਾਲੇ ਸਨਮੁਖ ਸਿੱਖ ਸਨ। ੪. ਪਰਤਾਪੂ ਸੂਰਮਾ ਸਿੱਖ ਸੀ, ਨੰਦੇ ਨੇ ਜੋ ਵਿੱਠੜ ਜਾਤ ਦਾ ਸੀ, ਭਾਰੀ ਸੇਵਾ ਦੀ ਕਮਾਈ ਕੀਤੀ। ੫. ਸਾਮੀਦਾਸ ਵਛੇਰ ਜਾਤੀ ਵਾਲੇ ਨੇ ਥਾਨੇਸਰ ਤੋਂ ਗੁਰਸਿੱਖੀ ਦੀ ਮਹਿਮਾ ਕਰ ਕੇ ਸੰਗਤ ਬਣਾ ਕੇ ਗੁਰੂ ਕੇ ਹਜ਼ੂਰ ਲਿਆਇਆ। ੬. ਗੋਪੀ ਮਹਿਤਾ, ਤੀਰਥਾ ਤੇ ਨਥਾ ਜਾਣ ਲਵੋ ਕਿ ਗੁਰੂ ਦੀ ਸ਼ਰਣ ਵਿਚ ਆਏ ਵੱਡੇ ਸਿੱਖ ਹੋਏ। ੭. ਭਾਈ ਮੋਕਲ ਵੀ ਸਿੱਖ ਅਖਵਾਇਆ ਤੇ ਢਿੱਲੀ ਮੰਡਲ ਨੇ ਗੁਰੂ ਦੀ ਮੱਤ ਨੂੰ ਗ੍ਰਹਿਣ ਕੀਤਾ। ੮. ਜੀਵੰਦ, ਜਗਸੀ ਤੇ ਸੇਠ ਤਿਲੋਕੇ ਨੇ ਫਤੇਪੁਰ ਵਿਚ ਗੁਰਸਿੱਖੀ ਦੀ ਸੇਵਾ ਕੀਤੀ। ੯. ਸਤਿਗੁਰਾਂ ਦੀ ਵਡਿਆਈ ਵੱਡੀ ਹੈ॥ ੨੬॥

੨੭. ਆਗਰੇ ਦੀ ਸਿੱਖ ਸੰਗਤ

੧. ਮਹਤਾ ਸਕਤੂ ਆਗਰੈ ਚਢਾ ਹੋਆ ਨਿਹਾਲੁ ਨਿਹਾਲਾ।
੨. ਗੜ੍ਹੀਅਲੁ ਮਥਰਾ ਦਾਸੁ ਹੈ ਸਪਰਵਾਰਾ ਲਾਲ ਗੁਲਾਲਾ।
੩. ਗੰਗਾ ਸਹਗਲੁ ਸੂਰਮਾ ਹਰਵੰਸ ਤਪੇ ਟਹਲ ਧਰਮਸਾਲਾ।
੪. ਅਣਦੁ ਮੁਰਾਰੀ ਮਹਾਂਪੁਰਖੁ ਕਲਿਆਣਾ ਕੁਲਿ ਕਵਲੁ ਰਸਾਲਾ।

੫. ਨਾਨੋ ਲਟਕਣੁ ਬਿੰਦਰਾਉ ਸੇਵਾ ਸੰਗਤਿ ਪੂਰਨ ਘਾਲਾ।
੬. ਹਾਂਡਾ ਆਲਮਚੰਦੁ ਹੈ ਸੈਸਾਰਾ ਤਲਵਾੜੁ ਸੁਖਾਲਾ।
੭. ਜਗਨਾ ਨੰਦਾ ਸਾਧ ਹੈ ਭਾਨੂ ਸੁਹੜੁ ਹੰਸਾਂ ਦੀ ਢਾਲਾ।
੮. ਗੁਰਭਾਈ ਰਤਨਾਂ ਦੀ ਮਾਲਾ॥ ੨੭॥

ਅਰਥ - ੧. ਸਕਤੂ ਮਹਿਤਾ ਆਗਰੇ ਵਾਲਾ ਤੇ ਨਿਹਾਲਾ ਚੱਢਾ (ਜਾਤੀ ਦਾ ਸਿੱਖੀ ਨੇ) ਨਿਹਾਲੋ ਨਿਹਾਲ ਕਰ ਦਿੱਤਾ। ੨. ਮਥਰਾ ਦਾਸ ਗੜ੍ਹੀਅਲ (ਅੱਲ ਵਾਲਾ) ਸਮੇਤ ਪਰਿਵਾਰ (ਸਿੱਖੀ ਪ੍ਰੇਮ ਦੇ ਰੰਗ ਨਾਲ) ਲਾਲ ਗੁਲਾਲ ਹੋ ਗਿਆ। ੩. ਗੰਗਾ ਸਹਗਲ (ਜਾਤ ਦਾ) ਵੱਡਾ ਸੂਰਮਾ (ਫੌਜੀ) ਤੇ ਹਰਵੰਸ ਤਪੇ ਨੇ (ਰਲ ਕੇ) ਧਰਮਸ਼ਾਲਾ ਵਿਚ ਟਹਿਲ (ਸੇਵਾ) ਕੀਤੀ। ੪. ਅਣਦ ਮੁਰਾਰੀ ਵੱਡਾ ਮਹਾਂ ਪੁਰਸ਼ ਤੇ ਕਲਿਆਣਾ ਜੀ ਕੁਲ ਦੇ ਕੰਵਲ ਬਣੇ ਜੋ ਮੱਤਵਾਲੇ ਸਿੱਖ ਹੋਏ ਹਨ। ੫. ਨਾਨੋ ਲਟਕਣ (ਅੱਲ ਸੀ) ਤੇ ਬਿੰਦ ਰਾਉ ਨੇ ਸੰਗਤ ਦੀ ਭਾਰੀ ਤੇ ਪੂਰਨ ਘਾਲ ਵਾਲੀ ਸੇਵਾ ਕੀਤੀ। ੬. ਆਲਮ ਚੰਦ ਹਾਂਡਾ ਤੇ ਸੈਂਸਾਰਾ ਤਲਵਾੜ (ਰਾਜਪੂਤਾਂ) ਨੇ ਸੰਗਤ ਦੀ ਸੇਵਾ ਕਰ ਸੁਖ ਪ੍ਰਾਪਤ ਕੀਤੇ। ੭. ਜਗਨਾ ਤੇ ਨੰਦਾ ਸਾਧੂ ਸੁਭਾ ਵਾਲੇ ਤੇ ਭਾਨੂ ਸੁਹੜ, ਇਨ੍ਹਾਂ ਨੇ ਹੰਸਾਂ (ਗੁਰਮੁਖਾਂ) ਵਾਂਗ ਆਪਣੇ ਜੀਵਨ ਨੂੰ ਢਾਲ ਲਿਆ। ੮. (ਭਾਈ ਗੁਰਦਾਸ ਜੀ ਕਈ ਸਾਲ ਫਿਰ ਕੇ ਸਿੱਖੀ ਪਰਚਾਰ ਕਰਦੇ ਰਹੇ ਤੇ ਗੁਰਸਿੱਖਾਂ ਦੀ ਸੰਗਤ ਕਰਦੇ ਰਹੇ ਸਨ, ਇਸੇ ਵਾਕਫ਼ੀ ਦੇ ਆਧਾਰ 'ਤੇ ਉਹ ਗੁਰਮੁਖ ਸਿੱਖਾਂ ਦੀ ਜਾਣਕਾਰੀ ਦੇ ਰਹੇ ਹਨ ਕਿ) ਗੁਰੂ ਦੇ ਸਿੱਖ ਗੁਰਭਾਈਆਂ (ਵਾਂਗ ਆਪਸ ਵਿਚ) ਰਤਨਾਂ ਦੀ ਮਾਲਾ ਵਾਂਗੂੰ ਪਰੋਤੇ ਹੋਏ ਸਨ॥ ੨੭॥

੨੮. ਗੁਰੂ ਜੀ ਦੇ ਹਜ਼ੂਰੀ ਸਿੱਖਾਂ ਦੇ ਨਾਮ

੧. ਸੀਗਾਰੂ ਜੈਤਾ ਭਲਾ ਸੂਰਬੀਰ ਮਨਿ ਪਰਉਪਕਾਰਾ।
੨. ਜੈਤਾ ਨੰਦਾ ਜਾਣੀਐ ਪੁਰਖ ਪਿਰਾਗਾ ਸਬਦਿ ਅਧਾਰਾ।
੩. ਤਿਲਕੁ ਤਿਲੋਕਾ ਪਾਠਕਾ ਸਾਧੂ ਸੰਗਤਿ ਸੇਵਾ ਹਿਤਕਾਰਾ।
੪. ਤੋਤਾ ਮਹਤਾ ਮਹਾਂ ਪੁਰਖੁ ਗੁਰਮੁਖਿ ਸੁਖ ਫਲ ਸਬਦੁ ਪਿਆਰਾ।
੫. ਜੜੀਆ ਸਾਈਂਦਾਸੁ ਹੈ ਸਭ ਕੁਲੁ ਹੀਰੇ ਲਾਲ ਅਪਾਰਾ।
੬. ਮਲਕੁ ਪੈੜਾ ਹੈ ਕੋਹਲੀ ਦਰਗਹੁ ਭੰਡਾਰੀ ਅਤਿ ਭਾਰਾ।
੭. ਮੀਆਂ ਜਮਾਲੁ ਨਿਹਾਲੁ ਹੈ ਭਗਤੂ ਭਗਤ ਕਮਾਵੈ ਕਾਰਾ।
੮. ਪੂਰਾ ਗੁਰ ਪੂਰਾ ਵਰਤਾਰਾ॥ ੨੮॥

ਅਰਥ - ੧. ਸੀਂਗਾਰੂ, ਜੈਤਾ ਭਲਾ ਸੂਰਬੀਰ ਬਹਾਦਰ ਤੇ ਮਨ ਵਿਚ ਪਰਉਪਕਾਰ ਦੀ ਧਾਰਨਾ ਰੱਖਣ ਵਾਲੇ ਸਿੱਖ ਸਨ। ੨. ਸ਼ਬਦ ਦੇ ਆਸਰੇ ਜੀਵਨ ਬਤੀਤ ਕਰਨ ਵਾਲੇ ਜੈਤਾ, ਨੰਦਾ ਤੇ ਪਿਰਾਗਾ

ਪਰਮ ਗੁਰ ਸਿੱਖ ਪੁਰਸ਼ ਸਨ। ੩. ਭਾਈ ਤਿਲੋਕਾ ਵੱਡਾ ਪਾਠਕਾ (ਸ਼ਿਰੋਮਣੀ) ਸੀ, ਜੋ (ਗੁਰਬਾਣੀ ਦਾ ਪਾਠ ਸੁਣਾ ਤੇ ਸਿਖਾ ਕੇ) ਸੰਗਤਾਂ ਦੀ ਸੇਵਾ ਹਿਤ ਨਾਲ ਕਰਨ ਵਾਲਾ ਸੀ। ੪. ਤੋਤਾ ਮਹਿਤਾ (ਸ਼ਬਦ ਦੀ ਕਮਾਈ ਕਰਕੇ) ਮਹਾਂ ਪੁਰਖ ਮੰਨਿਆ ਗਿਆ, ਗੁਰਮੁਖ ਬਣ ਸ਼ਬਦ ਨਾਲ ਪਿਆਰ ਕਰਕੇ ਸੁਖ ਫਲ ਪਾਇਆ। ੫. ਸਾਈਂ ਦਾਸ ਜੜੀਆ, (ਇਹ ਗੁਰਸਿੱਖ) ਸਭ ਕੁਲਾਂ ਦੇ ਹੀਰੇ ਤੇ ਵੱਡੇ ਲਾਲ ਬਣ ਚਮਕੇ। ੬. ਮਲਕ ਪੈੜਾ ਕੋਹਲੀ, ਇਹ ਬਹੁਤ ਵੱਡੇ (ਸਤਿਗੁਰ ਦੀ) ਦਰਗਹ (ਦਰਬਾਰ) ਦੇ ਭਾਰੀ ਭੰਡਾਰੀ (ਸਿੱਖੀ ਦੇ ਸੱਚੇ ਪਰਚਾਰਕ) ਸਨ। ੭. ਮੀਆਂ ਜਮਾਲ ਵੀ ਨਿਹਾਲ ਹੋਇਆ, ਤੇ ਭਾਈ ਭਗਤੂ (ਗੁਰ) ਭਗਤੀ ਦੀ ਕਾਰ ਕਮਾਉਂਦਾ ਸੀ। ੮. (ਇਸ ਤਰ੍ਹਾਂ) ਪੂਰੇ ਗੁਰੂ ਦਾ (ਹਜ਼ੂਰੀ ਵਿਚੋਂ) ਪੂਰਾ ਵਰਤਾਰਾ (ਸਿੱਖੀ ਦਾ) ਵਰਤ ਰਿਹਾ ਸੀ॥ ੨੮॥

੨੯. ਛੇਵੇਂ ਪਾਤਸ਼ਾਹ ਦੇ ਸਿੱਖਾਂ ਦੇ ਨਾਮ

੧. ਆਨੰਤਾ ਕੁਕੋ ਭਲੇ ਸਭ ਵਧਾਵਣ ਹਨਿ ਸਿਰਦਾਰਾ।
੨. ਇਟਾ ਰੋੜਾ ਜਾਣੀਐ ਨਵਲ ਨਿਹਾਲੂ ਸਬਦ ਵੀਚਾਰਾ।
੩. ਤਖਤੂ ਧੀਰ ਗੰਭੀਰੁ ਹੈ ਦਰਗਹੁ ਤੁਲੀ ਜਪੈ ਨਿਰੰਕਾਰਾ।
੪. ਮਨੁਸਾ ਧਾਰੁ ਅਥਾਹੁ ਹੈ ਤੀਰਥੁ ਉਪਲੁ ਸੇਵਕ ਸਾਰਾ।
੫. ਕਿਸਨਾ ਝੰਝੀ ਆਖੀਐ ਪੰਮੂ ਪੁਰੀ ਗੁਰੂ ਕਾ ਪਿਆਰਾ।
੬. ਧਿੰਗੜ ਮੰਦੂ ਜਾਣੀਅਨਿ ਵਡੇ ਸੁਜਾਨ ਤਖਾਣ ਅਪਾਰਾ।
੭. ਬਨਵਾਲੀ ਤੇ ਪਰਸਰਾਮ ਬਾਲ ਵੈਦ ਹਉ ਤਿਨਿ ਬਲਿਹਾਰਾ।
੮. ਸਤਿਗੁਰ ਪੁਰਖੁ ਸਵਾਰਣਹਾਰਾ॥ ੨੯॥

ਅਰਥ - ੧. ਅਨੰਤਾ ਤੇ ਕੁਕੋ ਭਲੇ (ਸਿੱਖ ਹਨ ਜੋ ਸਾਰੇ ਹੀ) ਵਧਾਵਣ ਜਾਤੀ ਦੇ ਸਿਰਦਾਰ ਸਨ। ੨. ਭਾਈ ਇਟਾ ਰੋੜਾ (ਜਾਤੀ ਦੇ) ਨਵਲ ਤੇ ਨਿਹਾਲੂ ਸਾਰੇ (ਗੁਰ) ਸ਼ਬਦ ਦੇ ਵਿਚਾਰਨ ਵਾਲੇ ਸਨ। ੩. ਭਾਈ ਤਖਤੂ ਵੱਡੇ ਧੀਰਜ ਤੇ ਗੰਭੀਰਤਾ ਵਾਲਾ ਸੀ, ਭਾਈ ਦਰਗਹ ਤੇ ਤੁਲੀ ਇੱਕ ਨਿਰੰਕਾਰ ਨੂੰ ਸਿਮਰਨ ਵਾਲੇ ਸਨ। ੪. ਭਾਈ ਮਨਸਾ ਅਥਾਹ ਧਾਰਨਾ ਵਾਲਾ ਤੇ ਤੀਰਥ ਉੱਪਲ ਜਾਤੀ ਦਾ, ਸਾਰਾ ਹੀ ਗੁਰੂ ਸੇਵੀ ਭਾਵਨਾ ਵਾਲਾ ਸੀ। ੫. ਭਾਈ ਕਿਸਨਾ ਝੰਝੀ ਤੇ ਪੰਮੂ ਪੁਰੀ ਦਾ ਗੁਰੂ ਦੇ ਪਿਆਰੇ ਸਿੱਖ ਸਨ। ੬. ਭਾਈ ਧਿੰਗੜ ਤੇ ਮੰਦੂ ਬੜੇ ਹੀ ਸਿਆਣੇ ਤਰਖਾਣ ਅਪਾਰ ਸਿੱਖੀ ਦੇ ਪਿਆਰੇ ਸਨ। ੭. ਭਾਈ ਬਨਵਾਲੀ, ਪਰਸ ਰਾਮ ਤੇ ਬਾਲ ਵੈਦ (ਗੁਰਸਿੱਖਾਂ ਦੇ) ਮੈਂ ਬਲਿਹਾਰੇ ਜਾਂਦਾ ਹਾਂ। ੮. (ਗੁਰਸਿੱਖਾਂ ਦੀ) ਪੈਜ ਸਵਾਰਨ ਵਾਲੇ ਪੂਰੇ ਸਤਿਗੁਰੂ ਜੀ ਆਪ ਹੀ ਹਨ॥ ੨੯॥

੩੦. ਛੇਵੇਂ ਸਤਿਗੁਰੂ ਜੀ ਦੇ ਸਿੱਖਾਂ ਦੇ ਹੋਰ ਨਾਮ

੧. ਲਸਕਰਿ ਭਾਈ ਤੀਰਥਾ ਗੁਆਲੀਏਰ ਸੁਇਨੀ ਹਰਿਦਾਸੁ।
੨. ਭਾਵਾ ਧੀਰੁ ਉਜੈਨ ਵਿਚਿ ਸਾਧਸੰਗਤਿ ਗੁਰੁ ਸਬਦਿ ਨਿਵਾਸੁ।
੩. ਮੇਲੂ ਵਡਾ ਬੁਰਹਾਨ ਪੁਰਿ ਸਨਮੁਖ ਸਿਖ ਸਹਜ ਪਰਗਾਸੁ।
੪. ਭਗਤੂ ਭਈਆ ਭਗਵਾਨ ਦਾਸ ਨਾਲਿ ਬੋਦਲਾ ਘਰੇ ਉਦਾਸੁ।
੫. ਮਲਕੁ ਕਟਾਰੂ ਜਾਨੀਐ ਪਿਰਥੀਮਲ ਜਰਾਹੀ ਖਾਸੁ।
੬. ਭਗਤੂ ਛੁਰਾ ਵਖਾਣੀਐ ਡਲੂ ਰੀਹਾਣੈ ਸਾਬਾਸੁ।
੭. ਸੁੰਦਰ ਸੁਆਮੀ ਦਾਸ ਦੁਇ ਵੰਸ ਵਧਾਵਣ ਕਵਲ ਵਿਗਾਸੁ।
੮. ਗੁਜਰਾਤੇ ਵਿਚਿ ਜਾਣੀਐ ਭੇਖਾਰੀ ਭਾਬੜਾ ਸੁਲਾਸੁ।
੯. ਗੁਰਮੁਖਿ ਭਾਉ ਭਗਤਿ ਰਹਿਰਾਸੁ ॥ ੩੦ ॥

ਅਰਥ - ੧. ਭਾਈ ਤੀਰਥਾ ਲਸ਼ਕਰ ਵਿਚ ਤੇ ਗੁਆਲੀਅਰ ਵਿਚ ਸੁਇਨੀ ਹਰਿਦਾਸ (ਸਿੱਖੀ ਦਾ ਪਰਚਾਰ ਕਰਦੇ) ਸਨ। ੨. ਭਾਵਾ ਧੀਰ ਉਜੈਨ ਵਿਚ, ਸਾਧ ਸੰਗਤ ਵਿਚ ਗੁਰੂ ਸ਼ਬਦ ਦਾ ਨਿਵਾਸ (ਭਾਵ ਪ੍ਰਗਟ ਕਰਦਾ ਸੀ)। ੩. ਬੁਰਹਾਨਪੁਰ ਵਿਚ ਸਿੱਖਾਂ ਦਾ ਵੱਡਾ ਮੇਲ ਹੈ, ਜਿਥੇ ਕਈ ਸਹਜ ਪਦ ਵਾਲੇ ਸਨਮੁਖ ਸਿੱਖ ਵਸਦੇ ਸਨ। ੪. ਭਈਆ ਭਗਵਾਨ ਦਾਸ ਤੇ ਨਾਲ ਹੀ ਬੋਦਲਾ, ਘਰ ਵਿਚ ਹੀ ਉਦਾਸ ਰਹਿਣ ਵਾਲੇ ਸਨਮੁਖ ਸਿੱਖ ਸਨ। ੫. ਮਲਕ ਕਟਾਰੂ ਤੇ ਪਿਰਥੀ ਮੱਲ ਜੱਰਾਹ (ਮਲ੍ਹਮ ਪੱਟੀ ਕਰਨ ਵਾਲਾ) ਖਾਸ ਸਿੱਖ ਜਾਣੇ ਜਾਂਦੇ ਸਨ। ੬. ਭਗਤੂ ਛੁਰਾ ਤੇ ਡਲੂ ਰੀਹਾਣੈ ਆਦਿ ਸਿੱਖਾਂ ਨੂੰ ਸਿੱਖ ਆਖੀਦਾ ਸੀ ਤੇ ਇਨ੍ਹਾਂ ਨੂੰ ਸ਼ਾਬਾਸ਼ਾਂ ਮਿਲਦੀਆਂ ਸਨ। ੭. ਸੁੰਦਰ ਤੇ ਸੁਆਮੀ ਦਾਸ ਦੋਵੇਂ ਹੀ (ਸਿੱਖੀ) ਵੰਸ ਨੂੰ ਵਧਾਣ ਵਾਲੇ ਕਮਲ ਵਾਂਗ ਸਦਾ ਖਿੜੇ ਰਹਿਣ ਵਾਲੇ ਸਨ। ੮. ਗੁਜਰਾਤ ਦੇ ਭਾਈ ਭੇਖਾਰੀ, ਭਾਬੜਾ ਤੇ ਸੁਲਾਸ ਵੀ ਮੰਨੇ ਪ੍ਰਮੰਨੇ ਸਿੱਖ ਸਨ। ੯. ਪ੍ਰੇਮਾ-ਭਗਤੀ ਨੂੰ ਹੀ ਗੁਰਮੁਖ (ਗੁਰਸਿੱਖ) ਆਪਣੀ ਰਹੁਰੀਤੀ ਸਮਝਦੇ ਹਨ ॥ ੩੦ ॥

੩੧. ਛੇਵੇਂ ਪਾਤਸ਼ਾਹ ਦੇ ਹੋਰ ਨਾਮੀ ਭਗਤ ਸਿੱਖ

੧. ਸੁਹੰਡੈ ਮਾਈਆ ਲੰਬ ਹੈ ਸਾਧ ਸੰਗਤਿ ਗਾਵੈ ਗੁਰਬਾਣੀ।
੨. ਚੂਹੜ ਚਉਝੜੁ ਲਖਨਊ ਗੁਰਮੁਖਿ ਅਨਦਿਨੁ ਨਾਮ ਵਖਾਣੀ।
੩. ਸਨਮੁਖਿ ਸਿਖੁ ਪਿਰਾਗ ਵਿਚ ਭਾਈ ਭਾਨਾ ਵਿਰਤੀਹਾਣੀ।
੪. ਜਟੂ ਤਪਾ ਸੁ ਜੌਨ ਪੁਰਿ ਗੁਰਮਤਿ ਨਿਹਚਲ ਸੇਵ ਕਮਾਣੀ।

੫. ਪਟਣੈ ਸਭਰਵਾਲ ਹੈ ਨਵਲੁ ਨਿਹਾਲਾ ਸੁਧ ਪਰਾਣੀ।
੬. ਜੈਤਾ ਸੇਠ ਵਖਾਣੀਐ ਵਿਣੁ ਗੁਰ ਸੇਵਾ ਹੋਰੁ ਨ ਜਾਣੀ।
੭. ਰਾਜ ਮਹਿਲ ਭਾਨੂ ਬਹਿਲੁ ਭਾਉ ਭਗਤਿ ਗੁਰਮਤਿ ਮਨਿ ਭਾਣੀ।
੮. ਸਨਮੁਖੁ ਸੋਢੀ ਬਦਲੀ ਸੇਠ ਗੁਪਾਲੈ ਗੁਰਮਤਿ ਜਾਣੀ।
੯. ਸੁੰਦਰੁ ਚਢਾ ਆਗਰੈ ਢਾਕੈ ਮੋਹਣਿ ਸੇਵ ਕਮਾਣੀ।
੧੦. ਸਾਧਸੰਗਤਿ ਵਿਟਹੁ ਕੁਰਬਾਣੀ॥ ੩੧॥ ੧੧॥

ਅਰਥ - ੧. ਸੁਹੰਡੈ ਨਗਰ ਵਿਚ ਮਾਈਆ ਲੰਬ (ਜਾਤੀ ਦਾ) ਰਹਿੰਦਾ ਸੀ, ਜੋ ਸਾਧ ਸੰਗਤ ਵਿਚ ਗੁਰਬਾਣੀ ਗਾਉਂਦਾ ਸੀ। ੨. ਚਉਝੜ ਜਾਤੀ ਦਾ ਭਾਈ ਚੂਹੜ ਲਖਨਊ ਵਿਚ ਵਸਦਾ ਸੀ। ਇਹ ਗੁਰਮੁਖ ਸਿੱਖ ਹਰ ਸਮੇਂ (ਪਰਮੇਸ਼ਰ ਦੇ) ਨਾਮ ਨੂੰ ਹੀ ਜਪਦਾ ਰਹਿੰਦਾ ਸੀ। ੩. ਪਿਰਾਗ ਵਿਚ ਵੀ ਸਨਮੁਖ ਸਿੱਖ ਭਾਈ ਭਾਨਾ ਸੀ, ਜੋ ਵੈਰਾਗ ਤੇ ਬਿਬੇਕ ਦੀ ਲਹਿਰ ਵਿਚ ਲਿਵਲੀਨ ਰਹਿੰਦਾ ਸੀ। ੪. ਜੌਨ ਪੁਰ ਵਿਚ ਜੱਟੂ ਤਪਾ ਸੀ, ਜੋ ਦ੍ਰਿੜ੍ਹਤਾ ਨਾਲ ਗੁਰਮਤ ਦੀ ਸੇਵਾ ਕਮਾਉਂਦਾ ਸੀ। ੫. ਪਟਨੇ ਵਿਚ ਸਭਰਵਾਲ ਤੇ ਭਾਈ ਨਿਹਾਲਾ ਜੀ ਰਹਿੰਦੇ ਸਨ, ਜੋ ਨਿੱਤ ਨਵੇਂ ਚਾਉ ਤੇ ਉਮੰਗਾਂ ਵਾਲੇ ਸ਼ੁੱਧ ਪਰਾਣੀ (ਗੁਰਮੁਖ ਬੰਦੇ) ਸਨ। ੬. ਜੈਤਾ ਸੇਠ ਜਿਸ ਨੂੰ ਆਖਦੇ ਸਨ, ਉਹ ਗੁਰੂ ਸੇਵਾ ਕਰਨ ਤੋਂ ਬਿਨਾਂ ਹੋਰ ਕਿਸੇ ਗੱਲ ਨੂੰ ਜਾਣਦਾ ਹੀ ਨਹੀਂ ਸੀ। ੭. ਰਾਜ ਮਹਲ ਅਸਥਾਨ 'ਤੇ ਭਾਈ ਭਾਨੂ ਬਹਿਲ ਜਾਤੀ ਦਾ ਸੀ, ਜੋ ਪ੍ਰੇਮਾ-ਭਗਤੀ ਕਰਦਾ ਸੀ ਤੇ ਜਿਸ ਨੂੰ ਗੁਰ ਸਿੱਖਿਆ ਤੋਂ ਬਿਨਾਂ ਹੋਰ ਕੁਝ ਵੀ ਚੰਗਾ ਨਹੀਂ ਸੀ ਲੱਗਦਾ। ੮. ਸਨਮੁਖ ਸਿੱਖ ਸੋਢੀ ਬਦਲੀ ਤੇ ਸੇਠ ਗੁਪਾਲ ਵੀ ਗੁਰਮਤ ਦੇ ਚੰਗੇ ਜਾਣਕਾਰ ਸਨ। ੯. ਭਾਈ ਸੁੰਦਰ ਚੱਢਾ ਜਾਤੀ ਦਾ ਆਗਰੇ ਵਿਚ ਤੇ ਭਾਈ ਮੋਹਣ ਢਾਕੇ ਵਿਚ ਗੁਰ-ਪਰਚਾਰ ਦੀ ਸੇਵਾ ਤੇ ਘਾਲ ਕਮਾਈ ਕਰਦੇ ਸਨ। ੧੦. (ਭਾਈ ਸਾਹਿਬ ਆਖਦੇ ਹਨ ਕਿ) ਐਸੀ ਗੁਰੂ ਦੀ ਸੰਗਤ ਦੇ, ਮੈਂ ਵਾਰਨੇ ਤੇ ਬਲਿਹਾਰ ਜਾਂਦਾ ਹਾਂ॥ ੩੧॥ ੧੧॥

ਵਾਰ ੧੨

ੴ ਸਤਿਗੁਰ ਪ੍ਰਸਾਦਿ॥

੧. ਬਲਿਹਾਰੇ ਜਾਈਏ ਕਰਨੀ ਵਾਲੇ ਸਿੱਖਾਂ ਦੇ

੧. ਬਲਿਹਾਰੀ ਤਿਨ੍ਹਾਂ ਗੁਰਸਿਖਾਂ ਜਾਇ ਜਿਨਾ ਗੁਰ ਦਰਸਨੁ ਡਿਠਾ।
੨. ਬਲਿਹਾਰੀ ਤਿਨ੍ਹਾਂ ਗੁਰਸਿਖਾਂ ਪੈਰੀ ਪੈ ਗੁਰ ਸਭਾ ਬਹਿਠਾ।
੩. ਬਲਿਹਾਰੀ ਤਿਨ੍ਹਾਂ ਗੁਰਸਿਖਾਂ ਗੁਰਮਤਿ ਬੋਲ ਬੋਲਦੇ ਮਿਠਾ।

੪. ਬਲਿਹਾਰੀ ਤਿਨ੍ਹਾਂ ਗੁਰਸਿਖਾਂ ਪੁਤ੍ਰ ਮਿਤ੍ਰ ਗੁਰਭਾਈ ਇਠਾ।
੫. ਬਲਿਹਾਰੀ ਤਿਨ੍ਹਾਂ ਗੁਰਸਿਖਾਂ ਗੁਰ ਸੇਵਾ ਜਾਣਨਿ ਅਭਿਰਿਠਾ।
੬. ਬਲਿਹਾਰੀ ਤਿਨ੍ਹਾਂ ਗੁਰਸਿਖਾਂ ਆਪਿ ਤਰੇ ਤਾਰੇਨਿ ਸਰਿਠਾ।
੭. ਗੁਰਸਿਖ ਮਿਲਿਆ ਪਾਪ ਪਣਿਠਾ॥ ੧॥

ਪਦ ਅਰਥ - ਇਠਾ=ਪਿਆਰਾ, ਮਨ ਬਾਂਛਤ। ਅਭਿਰਿਠਾ=ਪਿਆਰੀ। ਸਰਿਠਾ=ਸ੍ਰਿਸ਼ਟੀ। ਪਣਿਠਾ=ਦੂਰ ਹੋਣੇ।

ਅਰਥ - ੧. (ਮੈਂ ਉਨ੍ਹਾਂ) ਗੁਰਸਿੱਖਾਂ ਦੇ ਬਲਿਹਾਰੇ ਹਾਂ, ਜਿਨ੍ਹਾਂ ਨੇ ਜਾ ਕੇ ਗੁਰੂ ਦਰਸ਼ਨ ਦੇਖਿਆ ਹੈ। ੨. (ਮੈਂ ਉਨ੍ਹਾਂ) ਗੁਰਸਿੱਖਾਂ ਦੇ ਬਲਿਹਾਰੇ ਹਾਂ, ਜੋ ਚਰਣ-ਬੰਦਨਾਂ ਕਰਕੇ ਗੁਰੂ ਦੀ ਹਜ਼ੂਰੀ ਵਿਖੇ ਬੈਠਦੇ ਹਨ। ੩. (ਮੈਂ ਉਨ੍ਹਾਂ) ਗੁਰਸਿੱਖਾਂ ਦੇ ਬਲਿਹਾਰੇ ਹਾਂ, ਜਿਹੜੇ ਗੁਰ-ਸਿੱਖਿਆ ਪ੍ਰਾਪਤ ਕਰ ਕੇ ਮਿੱਠੇ ਬੋਲ ਬੋਲਦੇ ਹਨ। ੪. (ਮੈਂ ਉਨ੍ਹਾਂ) ਗੁਰਸਿੱਖਾਂ ਦੇ ਬਲਿਹਾਰੇ ਹਾਂ, ਜੋ ਗੁਰ ਭਾਈਆਂ ਨੂੰ ਹੀ ਪੁੱਤਰ, ਮਿੱਤਰ, ਇਸ਼ਟ (ਧਰਮ-ਪਦਾਰਥ) ਸਮਝਦੇ ਹਨ। ੫. (ਮੈਂ ਉਨ੍ਹਾਂ) ਗੁਰਸਿੱਖਾਂ ਦੇ ਬਲਿਹਾਰੇ ਹਾਂ, ਜੋ ਗੁਰੂ ਦੀ ਸੇਵਾ ਨੂੰ ਹੀ ਅਤਿ ਪਿਆਰੀ ਜਾਣਦੇ ਹਨ। ੬. (ਮੈਂ ਉਨ੍ਹਾਂ) ਗੁਰਸਿੱਖਾਂ ਦੇ ਬਲਿਹਾਰੇ ਹਾਂ, ਜੋ ਆਪ ਤਰਦੇ ਤੇ ਸ੍ਰਿਸ਼ਟੀ ਨੂੰ ਤਾਰਦੇ ਹਨ। ੭. (ਅਜੇਹੇ) ਗੁਰਸਿੱਖਾਂ ਦੇ ਮਿਲਣ ਨਾਲ ਸਾਰੇ ਪਾਪ ਹੀ ਨਾਸ ਹੋ ਜਾਂਦੇ ਹਨ॥ ੧॥

੨. ਗੁਰਸਿੱਖਾਂ ਦਾ ਨਿੱਤ ਨੇਮ

੧. ਕੁਰਬਾਣੀ ਤਿਨ੍ਹਾਂ ਗੁਰਸਿਖਾਂ ਪਿਛਲ ਰਾਤੀ ਉਠਿ ਬਹੰਦੇ।
੨. ਕੁਰਬਾਣੀ ਤਿਨ੍ਹਾਂ ਗੁਰਸਿਖਾਂ ਅੰਮ੍ਰਿਤੁ ਵੇਲੈ ਸਰਿ ਨਾਵੰਦੇ।
੩. ਕੁਰਬਾਣੀ ਤਿਨ੍ਹਾਂ ਗੁਰਸਿਖਾਂ ਹੋਇ ਇਕ ਮਨਿ ਗੁਰ ਜਾਪੁ ਜਪੰਦੇ।
੪. ਕੁਰਬਾਣੀ ਤਿਨ੍ਹਾਂ ਗੁਰਸਿਖਾਂ ਸਾਧਸੰਗਤਿ ਚਲਿ ਜਾਇ ਜੁੜੰਦੇ।
੫. ਕੁਰਬਾਣੀ ਤਿਨ੍ਹਾਂ ਗੁਰਸਿਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ।
੬. ਕੁਰਬਾਣੀ ਤਿਨ੍ਹਾਂ ਗੁਰਸਿਖਾਂ ਮਨਿ ਮੇਲੀ ਕਰਿ ਮੇਲਿ ਮਿਲੰਦੇ।
੭. ਕੁਰਬਾਣੀ ਤਿਨ੍ਹਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ।
੮. ਗੁਰ ਸੇਵਾ ਫਲੁ ਸੁਫਲ ਫਲੰਦੇ॥ ੨॥

ਪਦ ਅਰਥ - ਪਿਛਲ ਰਾਤੀ=ਅੰਮ੍ਰਿਤ ਵੇਲੇ। ਸਰਿ=ਸਰੋਵਰ, ਨਦੀ ਜਾਂ ਜਿਥੋਂ ਵੀ ਜਲ ਮਿਲੇ।

ਅਰਥ - ੧. ਮੈਂ ਉਨ੍ਹਾਂ ਗੁਰਸਿੱਖਾਂ ਤੋਂ ਕੁਰਬਾਨ ਹਾਂ, ਜੋ ਤੜਕੇ, ਤਾਰਿਆਂ ਦੀ ਲੋਅ ਵਿਚ ਜਾਗ ਕੇ ਉੱਠ ਬਹਿੰਦੇ ਹਨ। ੨. ਮੈਂ ਉਨ੍ਹਾਂ ਗੁਰਸਿੱਖਾਂ ਤੋਂ ਕੁਰਬਾਨ ਹਾਂ, ਜੋ ਅੰਮ੍ਰਿਤ ਵੇਲੇ ਸ੍ਰੋਵਰ ਜਾਂ ਨਦੀ ਵਿਚ ਇਸ਼ਨਾਨ ਕਰਦੇ ਹਨ। ੩. ਮੈਂ ਉਨ੍ਹਾਂ ਗੁਰਸਿੱਖਾਂ ਤੋਂ ਕੁਰਬਾਨ ਹਾਂ, ਜੋ ਇੱਕ ਮਨ ਹੋ ਕੇ ਗੁਰੂ ਦਾ ਜਾਪ

ਕਰਦੇ ਹਨ। ੪. ਮੈਂ ਉਨ੍ਹਾਂ ਗੁਰਸਿੱਖਾਂ ਤੋਂ ਕੁਰਬਾਨ ਹਾਂ, ਜੋ (ਘਰੋਂ) ਚਲ ਕੇ ਸਾਧ ਸੰਗਤਿ ਵਿਚ ਜਾ ਸ਼ਾਮਲ ਹੁੰਦੇ ਹਨ। ੫. ਮੈਂ ਉਨ੍ਹਾਂ ਗੁਰਸਿੱਖਾਂ ਤੋਂ ਕੁਰਬਾਨ ਹਾਂ, ਜੋ ਗੁਰਬਾਣੀ ਨੂੰ ਨਿੱਤ ਗਾਉਂਦੇ ਤੇ ਸੁਣਦੇ ਹਨ। ੬. ਮੈਂ ਉਨ੍ਹਾਂ ਗੁਰਸਿੱਖਾਂ ਤੋਂ ਕੁਰਬਾਨ ਹਾਂ, ਜੋ ਮਨ ਦੇ ਮੇਲੀ ਨਾਲ ਮੇਲ ਕਰਦੇ ਹਨ। ੭. ਮੈਂ ਉਨ੍ਹਾਂ ਗੁਰਸਿੱਖਾਂ ਤੋਂ ਕੁਰਬਾਨ ਹਾਂ, ਜੋ ਪ੍ਰੇਮਾ-ਭਗਤੀ ਦੇ ਰੰਗ ਵਿਚ ਗੁਰਪੁਰਬ ਮਨਾਉਂਦੇ ਹਨ। ੮. ਐਸੇ ਸਿੱਖ ਗੁਰ ਸੇਵਾ ਦੇ ਫਲ ਨਾਲ ਸਫਲੇ ਹੋ ਕੇ ਫਲਦੇ ਫੁਲਦੇ ਹਨ॥ ੨॥

੩. ਗੁਰਸਿੱਖ ਦੇ ਹਿਰਦੇ ਦੀ ਤਸਵੀਰ

੧. ਹਉ ਤਿਸੁ ਵਿਟਹੁ ਵਾਰਿਆ ਹੋਦੈ ਤਾਣਿ ਜੁ ਹੋਇ ਨਿਤਾਣਾ।
੨. ਹਉ ਤਿਸੁ ਵਿਟਹੁ ਵਾਰਿਆ ਹੋਦੈ ਮਾਣਿ ਜੁ ਰਹੈ ਨਿਮਾਣਾ।
੩. ਹਉ ਤਿਸੁ ਵਿਟਹੁ ਵਾਰਿਆ ਛੋਡਿ ਸਿਆਣਪ ਹੋਇ ਇਆਣਾ।
੪. ਹਉ ਤਿਸੁ ਵਿਟਹੁ ਵਾਰਿਆ ਖਸਮੈ ਦਾ ਭਾਵੈ ਜਿਸੁ ਭਾਣਾ।
੫. ਹਉ ਤਿਸੁ ਵਿਟਹੁ ਵਾਰਿਆ ਗੁਰਮੁਖਿ ਮਾਰਗੁ ਦੇਖਿ ਲੁਭਾਣਾ।
੬. ਹਉ ਤਿਸੁ ਵਿਟਹੁ ਵਾਰਿਆ ਚਲਣੁ ਜਾਣਿ ਜੁਗਤਿ ਮਿਹਮਾਣਾ।
੭. ਦੀਨ ਦੁਨੀ ਦਰਗਹ ਪਰਵਾਣਾ॥ ੩॥

ਪਦ ਅਰਥ - ਵਿਟਹੁ=ਤੋਂ। ਤਾਣਿ=ਤਾਕਤ। ਮਾਣਿ=ਧਨ ਦੌਲਤ ਤੇ ਮਹਿਲ ਮਾੜ੍ਹੀਆਂ ਦੀ ਹਉਮੈ, ਅਪਣੱਤ। ਮਿਹਮਾਣਾ=ਪ੍ਰਾਹੁਣਾ।

ਅਰਥ - ੧. ਮੈਂ ਉਸ ਉਤੋਂ ਸਦਕੇ ਤੇ ਵਾਰਨੇ ਜਾਂਦਾ ਹਾਂ ਜੋ ਬਲ ਦੇ ਹੁੰਦੇ ਹੋਏ ਨਿਤਾਣਾ (ਨਿਰਬਲ) ਰਹੇ । ੨. ਮੈਂ ਉਸ ਉਤੋਂ ਸਦਕੇ ਤੇ ਵਾਰਨੇ ਜਾਂਦਾ ਹਾਂ ਜੋ ਮਾਣ ਦੇ ਹੁੰਦੇ ਹੋਏ ਨਿਮਾਣਾ ਬਣੇ, ਮਾਣ ਨਾ ਕਰੇ। ੩. ਮੈਂ ਉਸ ਉਤੋਂ ਸਦਕੇ ਤੇ ਵਾਰਨੇ ਜਾਂਦਾ ਹਾਂ ਜੋ ਸਿਆਣਪ ਤੇ ਹੰਕਾਰ ਨੂੰ ਛੱਡ, ਅੰਞਾਣਾ ਹੋ ਰਹੇ। ੪. ਮੈਂ ਉਸ ਉਤੋਂ ਸਦਕੇ ਤੇ ਵਾਰਨੇ ਜਾਂਦਾ ਹਾਂ ਜਿਸ ਨੂੰ ਖਸਮ (ਪ੍ਰਭੂ) ਦਾ ਭਾਣਾ ਭਾ ਜਾਂਦਾ ਹੈ। ੫. ਮੈਂ ਉਸ ਉਤੋਂ ਸਦਕੇ ਤੇ ਵਾਰਨੇ ਜਾਂਦਾ ਹਾਂ ਜੋ ਗੁਰਮੁਖਾਂ ਦੇ ਮਾਰਗ (ਸੱਚੇ ਰਾਹ) ਨੂੰ ਦੇਖ ਕੇ ਰੀਝੇ। ੬. ਮੈਂ ਉਸ ਉਤੋਂ ਸਦਕੇ ਤੇ ਵਾਰਨੇ ਜਾਂਦਾ ਹਾਂ ਜਿਹੜਾ (ਸੰਸਾਰ ਤੋਂ) ਚਲੇ ਜਾਣ ਦੀ ਜੁਗਤ ਨੂੰ ਧਾਰੇ ਤੇ ਇਥੇ ਮਹਿਮਾਨ ਬਣ ਕੇ ਰਹੇ। ੭. (ਐਸਾ ਗੁਰਸਿੱਖ) ਦੀਨ (ਧਰਮ), ਦੁਨੀ (ਸੰਸਾਰੀਆਂ ਵਿਚ) ਤੇ (ਪ੍ਰਭੂ ਦੀ) ਦਰਗਾਹ ਵਿਚ ਪਰਵਾਣ (ਹੁੰਦਾ) ਹੈ॥ ੩॥

੪. ਗੁਰਮੁਖ ਗੁਰਸਿੱਖ ਕਿਵੇਂ ਰਹਿੰਦਾ ਹੈ

੧. ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ।
੨. ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ।

੩. ਹਉ ਤਿਸੁ ਘੋਲਿ ਘੁਮਾਇਆ ਪਰ ਦਰਬੈ ਨੋ ਹਥੁ ਨ ਲਾਵੈ।
੪. ਹਉ ਤਿਸੁ ਘੋਲਿ ਘੁਮਾਇਆ ਪਰ ਨਿੰਦਾ ਸੁਣਿ ਆਪੁ ਹਟਾਵੈ।
੫ ਹਉ ਤਿਸੁ ਘੋਲਿ ਘੁਮਾਇਆ ਸਤਿਗੁਰ ਦਾ ਉਪਦੇਸੁ ਕਮਾਵੈ।
੬. ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ।
੭. ਗੁਰਮੁਖਿ ਸੋਈ ਸਹਜਿ ਸਮਾਵੈ ॥ ੪ ॥

ਪਦ ਅਰਥ - ਘੋਲਿ ਘੁਮਾਇਆ=ਵਾਰਨੇ ਤੇ ਕੁਰਬਾਨ ਹਾਂ। ਪਰ ਦਰਬੈ-ਪਰ ਧਨ।

ਅਰਥ - ੧. ਮੈਂ ਉਸ ਤੋਂ ਘੋਲੀ ਤੇ ਵਾਰਨੇ ਹਾਂ, ਜੋ ਗੁਰੂ ਦੀ ਮੱਤ ਧਾਰਨ ਕਰਕੇ ਹਿਰਦੇ ਵਿਚ ਗਰੀਬੀ (ਨਿਰਮਾਣਤਾ) ਲਿਆਵੇ। ੨. ਮੈਂ ਉਸ ਤੋਂ ਘੋਲੀ ਤੇ ਵਾਰਨੇ ਹਾਂ, ਜੋ ਪਰ ਇਸਤ੍ਰੀ ਦੇ ਨੇੜੇ ਵੀ ਨਾ ਜਾਏ। (ਭਾਵ ਜਤੀ-ਸਤੀ ਰਹੇ)। ੩. ਮੈਂ ਉਸ ਤੋਂ ਘੋਲੀ ਤੇ ਵਾਰਨੇ ਹਾਂ, ਜੋ ਪਰਾਈ ਧਨ ਦੌਲਤ ਨੂੰ ਹੱਥ ਤਕ ਨਾ ਲਾਏ। ੪. ਮੈਂ ਉਸ ਤੋਂ ਘੋਲੀ ਤੇ ਵਾਰਨੇ ਹਾਂ, ਜੋ ਨਿੰਦਾ ਹੁੰਦੀ ਨੂੰ ਨਾ ਆਪ ਸੁਣੇ (ਸਗੋਂ ਹੋਰਨਾਂ ਨੂੰ ਵੀ) ਨਿੰਦਾ ਸੁਣਨ ਤੋਂ ਹਟਾਵੇ। ੫. ਮੈਂ ਉਸ ਤੋਂ ਘੋਲੀ ਤੇ ਵਾਰਨੇ ਹਾਂ, ਜੋ ਸਤਿਗੁਰੂ ਦੇ ਉਪਦੇਸ਼ (ਸਿੱਖਿਆ ਦੀ) ਕਮਾਈ ਕਰੇ। ੬. ਮੈਂ ਉਸ ਤੋਂ ਘੋਲੀ ਤੇ ਵਾਰਨੇ ਹਾਂ, ਜੋ ਥੋੜ੍ਹਾ ਹੀ ਸਵੇਂ ਤੇ ਥੋੜ੍ਹਾ ਹੀ ਖਾਵੇ। ੭. (ਐਸੀ ਰਹਿਣੀ 'ਤੇ ਅਮਲ ਕਰਨ ਵਾਲਾ) ਗੁਰਮੁਖ ਹੀ ਸਹਜ ਪਦ ਨੂੰ ਪ੍ਰਾਪਤ ਕਰਕੇ ਉਸ ਵਿਚ ਲੀਨ ਹੁੰਦਾ ਹੈ॥ ੪ ॥

੫. ਗੁਰਸਿੱਖ ਗੁਰ-ਸ਼ਬਦ ਦਵਾਰਾ ਪਛਾਣਦਾ ਹੈ

੧. ਹਉ ਤਿਸ ਦੈ ਚਉਖੰਨੀਐ ਗੁਰ ਪਰਮੇਸਰੁ ਏਕੋ ਜਾਣੈ।
੨. ਹਉ ਤਿਸ ਦੈ ਚਉਖੰਨੀਐ ਦੂਜਾ ਭਾਉ ਨ ਅੰਦਰਿ ਆਣੈ।
੩. ਹਉ ਤਿਸ ਦੈ ਚਉਖੰਨੀਐ ਅਉਗੁਣੁ ਕੀਤੇ ਗੁਣ ਪਰਵਾਣੈ।
੪. ਹਉ ਤਿਸ ਦੈ ਚਉਖੰਨੀਐ ਮੰਦਾ ਕਿਸੈ ਨ ਆਖਿ ਵਖਾਣੈ!
੫. ਹਉ ਤਿਸ ਦੈ ਚਉਖੰਨੀਐ ਆਪੁ ਠਗਾਏ ਲੋਕਾ ਭਾਣੈ।
੬. ਹਉ ਤਿਸ ਦੈ ਚਉਖੰਨੀਐ ਪਰਉਪਕਾਰ ਕਰੈ ਰੰਗ ਮਾਣੈ।
੭. ਲਉਬਾਲੀ ਦਰਗਹਿ ਵਿਚਿ ਮਾਣੁ ਨਿਮਾਣਾ ਮਾਣੁ ਨਿਮਾਣੈ।
੮. ਗੁਰ ਪੂਰਾ ਗੁਰ ਸਬਦੁ ਸਿਞਾਣੈ ॥ ੫ ॥

ਪਦ ਅਰਥ - ਚਉਖੰਨੀਐ=ਵਾਰੇ ਬਲਿਹਾਰੇ ਜਾਣਾ, ਟੁਕੜੇ ਟੁਕੜੇ ਹੋ ਕੇ। ਲਉਬਾਲੀ=ਆਪਣੇ ਰੰਗ ਵਿਚ ਮਸਤ, ਬੇਪਰਵਾਹ (ਪਰਮੇਸ਼ਰ)।

ਅਰਥ - ੧. ਮੈਂ ਤਿਸ ਦੇ (ਭਾਵ ਉਸ ਸਿੱਖ ਦੇ) ਵਾਰਨੇ ਤੇ ਬਲਿਹਾਰੇ ਹਾਂ, ਜੋ ਗੁਰੂ ਤੇ ਪਰਮੇਸ਼ਰ ਨੂੰ ਇਕੋ ਜੇਹਾ ਜਾਣਦਾ ਹੈ। ੨. ਮੈਂ ਉਸਦੇ ਵਾਰਨੇ ਤੇ ਬਲਿਹਾਰੇ ਹਾਂ, ਜੋ ਦ੍ਵੈਤ-ਭਾਵ ਨੂੰ ਆਪਣੇ (ਹਿਰਦੇ) ਅੰਦਰ ਆਣ ਨਹੀਂ ਦਿੰਦਾ। ੩. ਮੈਂ ਉਸਦੇ ਵਾਰਨੇ ਤੇ ਬਲਿਹਾਰੇ ਹਾਂ, ਜੋ (ਕਿਸੇ ਦੇ) ਅਵਗੁਣਾਂ ਨੂੰ ਵੀ ਗੁਣਾਂ ਵਾਂਗ ਜਾਣਦਾ ਹੈ। ੪. ਮੈਂ ਉਸ ਦੇ ਵਾਰਨੇ ਤੇ ਬਲਿਹਾਰੇ ਹਾਂ, ਜਿਹੜਾ ਕਿਸੇ ਨੂੰ ਵੀ ਮੰਦਾ (ਭੈੜਾ) ਬੋਲ ਨਹੀਂ ਬੋਲਦਾ। ੫. ਮੈਂ ਉਸ ਦੇ ਵਾਰਨੇ ਤੇ ਬਲਿਹਾਰੇ ਹਾਂ, ਜੋ ਲੋਕਾਂ ਭਾਣੇ ਆਪਣੇ ਆਪ ਨੂੰ ਠਗਾਉਂਦਾ ਹੈ। ੬. ਮੈਂ ਉਸ ਦੇ ਵਾਰਨੇ ਤੇ ਬਲਿਹਾਰੇ ਹਾਂ, ਜੋ ਪਰਉਪਕਾਰ (ਕਰਕੇ ਭੁੱਲ ਜਾਂਦਾ ਹੈ ਤੇ ਪ੍ਰਭੂ ਦੇ ਰੰਗ ਵਿਚ ਮਸਤ ਹੋ) ਰੰਗ ਮਾਣਦਾ ਹੈ। ੭. (ਕਿਉਂਕਿ) ਬੇਪਰਵਾਹ (ਲਉਬਾਲੀ) ਪ੍ਰਭੂ ਦੇ ਦਰਬਾਰ ਵਿਚ, (ਜੋ) ਨਿਮਾਣੇ ਰਹਿੰਦੇ ਹਨ, ਉਨ੍ਹਾਂ ਨੂੰ ਮਾਣ ਮਿਲਦਾ ਹੈ ਤੇ ਜੋ ਮਾਣ ਹੰਕਾਰ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਨਿਮਾਣੇ ਬਣਨਾ ਪੈਂਦਾ ਹੈ (ਭਾਵ ਸਜ਼ਾਵਾਂ ਮਿਲਦੀਆਂ ਹਨ)। ੮. ਪੂਰੇ ਗੁਰੂ ਨੂੰ ਗੁਰੂ ਦੇ ਸ਼ਬਦ ਰਾਹੀਂ ਹੀ ਪਛਾਣ ਸਕਦੇ ਹਾਂ (ਕਿ ਇਹ ਸੱਚਮੁਚ ਹੀ ਪੂਰਾ ਗੁਰੂ ਹੈ)॥ ੫॥

੬. ਗੁਰਸਿੱਖ ਦੀ ਉੱਚ ਅਵਸਥਾ

੧. ਹਉ ਸਦਕੇ ਤਿਨ੍ਹਾਂ ਗੁਰਸਿਖਾਂ ਸਤਿਗੁਰ ਨੋ ਮਿਲਿ ਆਪੁ ਗਵਾਇਆ।
੨. ਹਉ ਸਦਕੇ ਤਿਨ੍ਹਾਂ ਗੁਰਸਿਖਾਂ ਕਰਨਿ ਉਦਾਸੀ ਅੰਦਰਿ ਮਾਇਆ।
੩. ਹਉ ਸਦਕੇ ਤਿਨ੍ਹਾਂ ਗੁਰਸਿਖਾਂ ਗੁਰਮਤਿ ਗੁਰਚਰਣੀ ਚਿਤੁ ਲਾਇਆ।
੪. ਹਉ ਸਦਕੇ ਤਿਨ੍ਹਾਂ ਗੁਰਸਿਖਾਂ ਗੁਰ ਸਿਖ ਦੇ ਗੁਰਸਿਖ ਮਿਲਾਇਆ।
੫. ਹਉ ਸਦਕੇ ਤਿਨ੍ਹਾਂ ਗੁਰਸਿਖਾਂ ਬਾਹਰਿ ਜਾਂਦਾ ਵਰਜਿ ਰਹਾਇਆ।
੬. ਹਉ ਸਦਕੇ ਤਿਨ੍ਹਾਂ ਗੁਰਸਿਖਾਂ ਆਸਾ ਵਿਚਿ ਨਿਰਾਸੁ ਵਲਾਇਆ।
੭. ਸਤਿਗੁਰ ਦਾ ਉਪਦੇਸ ਦਿੜ੍ਹਾਇਆ॥ ੬॥

ਪਦ ਅਰਥ - ਰਹਾਇਆ=ਰੱਖਿਆ। ਵਲਾਇਆ=ਬਣਾ ਲਿਆ।

ਅਰਥ - ੧. ਮੈਂ ਉਨ੍ਹਾਂ ਗੁਰਸਿੱਖਾਂ ਤੋਂ ਸਦਕੜੇ ਹਾਂ, ਜਿਨ੍ਹਾਂ ਸਤਿਗੁਰੂ ਨੂੰ ਮਿਲ ਕੇ, ਆਪਾ-ਭਾਵ (ਆਪਣੀ ਹਉਮੈ) ਗਵਾਈ ਹੈ। ੨. ਮੈਂ ਉਨ੍ਹਾਂ ਗੁਰਸਿੱਖਾਂ ਤੋਂ ਸਦਕੜੇ ਹਾਂ, ਜੋ ਮਾਇਆ ਵਿਚ ਰਹਿੰਦਿਆਂ (ਉਸ ਤੋਂ) ਉਦਾਸ ਰਹਿੰਦੇ ਹਨ। ੩. ਮੈਂ ਉਨ੍ਹਾਂ ਗੁਰਸਿੱਖਾਂ ਤੋਂ ਸਦਕੜੇ ਹਾਂ, ਜੋ ਗੁਰੂ ਦੀ ਸਿੱਖਿਆ ਨੂੰ ਲੈ ਕੇ ਗੁਰਚਰਣਾਂ ਵਿਚ (ਆਪਣਾ) ਚਿਤ ਜੋੜੀ ਰੱਖਦੇ ਹਨ। ੪. ਮੈਂ ਉਨ੍ਹਾਂ ਗੁਰਸਿੱਖਾਂ ਤੋਂ ਸਦਕੜੇ ਹਾਂ, ਜਿਹੜਾ ਗੁਰੂ ਸਿੱਖਿਆ ਦੇ ਕੇ ਕਿਸੇ ਨੂੰ ਸਿੱਖ ਬਣਾ ਲਵੇ, (ਭਾਵ ਗੁਰੂ ਦੀ ਚਰਣੀਂ ਪਾ ਦੇਵੇ)। ੫. ਮੈਂ ਉਨ੍ਹਾਂ ਗੁਰਸਿੱਖਾਂ ਤੋਂ ਸਦਕੜੇ ਹਾਂ, ਜਿਹੜਾ ਆਪਣੇ ਮਨ ਨੂੰ ਸੰਸਾਰੀ ਕੰਮਾਂ ਵੱਲੋਂ ਵਰਜ ਕੇ ਅੰਦਰ ਹੀ ਰੱਖਦੇ ਹਨ। ੬. (ਮੈਂ ਉਨ੍ਹਾਂ ਗੁਰਸਿੱਖਾਂ ਤੋਂ ਸਦਕੜੇ ਹਾਂ, ਜੋ ਆਸ਼ਾਵਾਦੀ ਹੁੰਦੇ ਵੀ ਨਿਰਾਸਤਾ (ਉਪਰਾਮਤਾ) ਵਾਲੇ ਪਾਸੇ ਤੁਰੇ ਰਹਿੰਦੇ ਹਨ। ੭. (ਅਜੇਹੇ ਗੁਰਸਿੱਖਾਂ ਨੇ ਹੀ) ਸਤਿਗੁਰ ਦੇ ਉਪਦੇਸ਼ ਨੂੰ (ਆਪ ਦ੍ਰਿੜ੍ਹ ਕੀਤਾ ਤੇ) ਹੋਰਨਾਂ ਨੂੰ ਦ੍ਰਿੜ੍ਹਾਇਆ ਹੈ॥ ੬॥

੭. ਬ੍ਰਹਮਾ ਵਰਗਾ ਵੀ ਭੁੱਲ ਜਾਂਦਾ ਹੈ

੧. ਬ੍ਰਹਮਾ ਵਡਾ ਅਖਾਇਦਾ ਨਾਭਿ ਕਵਲ ਦੀ ਨਾਲਿ ਸਮਾਣਾ।
੨. ਆਵਾ ਗਵਣੁ ਅਨੇਕ ਜੁਗ ਓੜਕ ਵਿਚਿ ਹੋਆ ਹੈਰਾਣਾ।
੩. ਓੜਕੁ ਕੀਤੁਸੁ ਆਪਣਾ ਆਪ ਗਣਾਇਐ ਭਰਮਿ ਭੁਲਾਣਾ।
੪. ਚਾਰੇ ਵੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ।
੫. ਲੋਕਾਂ ਨੋ ਸਮਝਾਇੰਦਾ ਵੇਖਿ ਸੁਰਸਤੀ ਰੂਪ ਲੋਭਾਣਾ।
੬. ਚਾਰੇ ਵੇਦ ਗਵਾਇ ਕੈ ਗਰਬੁ ਗਰੂਰੀ ਕਰਿ ਪਛੁਤਾਣਾ।
੭. ਅਕਥ ਕਥਾ ਨੇਤ ਨੇਤ ਵਖਾਣਾ॥ ੭॥

ਪਦ ਅਰਥ - ਨਾਲਿ=ਕਮਲ ਦੀ ਲੰਮੀ ਡੰਡੀ, ਜਿਸ ਦੇ ਉਤੇ ਫੁੱਲ ਲੱਗਦਾ ਹੈ। ਓੜਕ=ਅੰਤ, ਅਖੀਰ। ਗਰਬੁ ਗਰੂਰੀ=ਮਾਣ ਤੇ ਹੰਕਾਰ।

ਅਰਥ - ੧. ਬ੍ਰਹਮਾ (ਦੇਵਤਿਆਂ ਵਿਚ) ਆਪਣੇ ਆਪ ਨੂੰ ਵੱਡਾ ਅਖਵਾਉਂਦਾ ਹੈ, (ਇੱਕ ਦਿਨ ਪ੍ਰਭੂ ਦਾ ਅੰਤ ਲੱਭਣ ਲਈ) ਕੰਵਲ ਦੀ ਨਾਲੀ ਵਿਚ ਚਲਾ ਗਿਆ। ੨. ਕਈ ਜੁਗਾਂ ਤੀਕ ਆਵਾਗਵਣ (ਆਉਣ ਜਾਣ, ਕਦੀ ਥੱਲੇ, ਕਦੀ ਉਤੇ) ਵਿਚ ਭਟਕਦਾ ਰਿਹਾ, ਪਰ (ਪ੍ਰਭੂ ਦਾ) ਓੜਕ (ਅੰਤ) ਨਾ ਲੱਭਾ ਤੇ ਹੈਰਾਨ ਹੋਇਆ। ੩. (ਉਸ ਨੇ) ਆਪਣੇ ਵੱਲੋਂ ਓੜਕ ਕਰ ਲਈ; (ਭਾਵ ਪਰਮੇਸ਼ਰ ਦਾ ਅੰਤ ਪਾਉਣ ਲਈ ਪੂਰੀ ਵਾਹ ਲਾ ਲਈ) ਆਪਣੇ ਆਪ ਨੂੰ (ਸ੍ਰਿਸ਼ਟੀ ਦਾ ਰਚਨਹਾਰ, ਕਰਤਾ ਸਮਝ ਕੇ) ਭਰਮ ਵਿਚ ਹੀ ਭੁੱਲਾ ਰਿਹਾ। ੪. ਚਾਰੇ ਬੇਦ ਪੜ੍ਹਦਾ (ਆਪਣੇ ਚਾਰੇ ਮੂੰਹਾਂ ਨਾਲ) ਬੋਲ ਕੇ ਸੁਣਾਉਂਦਾ, ਚਾਰ ਮੂੰਹਾਂ ਵਾਲਾ ਹੋ, ਇਹ ਆਪਣੇ ਆਪ ਨੂੰ ਬਹੁਤ ਵੱਡਾ ਸਿਆਣਪ ਵਾਲਾ ਸਮਝਦਾ ਸੀ। ੫. ਲੋਕਾਂ ਨੂੰ ਸਮਝਾਉਂਦਾ ਤੇ ਸਿੱਖਿਆ ਦੇਂਦਾ ਸੀ, (ਪਰ ਆਪ ਇਸ ਦੀ ਮੱਤ ਮਾਰੀ ਗਈ, ਜਦੋਂ ਆਪਣੀ ਹੀ ਧੀ) ਸੁਰਸਤੀ ਦੇ ਰੂਪ ਨੂੰ ਵੇਖ ਕੇ ਲੁਭਾਇਮਨ ਹੋ ਗਿਆ। ੬. ਚਾਰੇ ਵੇਦਾਂ (ਦੀ ਸਿਆਣਪ) ਗਵਾ ਲਈ, ਤੇ ਮਾਣ ਹੰਕਾਰ (ਦੇ ਨਸ਼ੇ) ਵਿਚ ਆ ਕੇ, ਫਿਰ ਪਛਤਾਇਆ (ਕਿ ਇਹ ਮੈਂ ਕੀ ਕਰ ਬੈਠਾ, ਮੇਰੀ ਅਕਲ ਨੂੰ ਕੀ ਹੋ ਗਿਆ, ਕੀ ਭਾਣਾ ਵਰਤ ਗਿਆ)। ੭. (ਉਹ ਏਨਾ ਭੁੱਲਾ ਕਿ) ਜਿਨ੍ਹਾਂ ਬੇਦਾਂ ਵਿਚ (ਉਸ ਨੇ ਆਪ ਹੀ ਪ੍ਰਭੂ) ਨੇਤ ਹੈ, ਨੇਤ ਹੈ—ਬੇਅੰਤ ਹੈ, ਬੇਅੰਤ ਹੈ—ਲਿਖਿਆ ਸੀ (ਉਸ ਦਾ ਓੜਕ—ਅਖੀਰ-ਲੱਭਣ ਲੱਗ ਗਿਆ), ਪਰ ਅਕਥ ਕਥਾ ਵਾਲਾ ਪ੍ਰਭੂ ਬੇਅੰਤ ਹੈ, ਬੇਅੰਤ ਹੈ, (ਅਖੀਰ 'ਤੇ) ਇਹੋ ਆਖਣਾ ਪਿਆ। (ਭਾਈ ਸਾਹਿਬ ਨੇ ਦ੍ਰਿਸ਼ਟਾਂਤ ਮਾਤਰ ਇਹ ਸਾਖੀ ਪੁਰਾਣਾਂ 'ਚੋਂ ਲੈ ਕੇ ਲਿਖੀ ਹੈ)॥ ੭॥

੮. ਦਸ ਅਵਤਾਰਾਂ ਦਾ ਹਾਲ

੧. ਬਿਸਨ ਲਏ ਅਵਤਾਰ ਦਸ ਵੈਰ ਵਿਰੋਧ ਜੋਧ ਸੰਘਾਰੇ।

੨. ਮਛ ਕਛ ਵੈਰਾਹ ਰੂਪਿ ਹੋਇ ਨਰਸਿੰਘੁ ਬਾਵਨ ਬਉਧਾਰੇ।
੩. ਪਰਸਰਾਮੁ ਰਾਮੁ ਕਿਸਨੁ ਹੋਇ ਕਿਲਕਿ ਕਲੰਕੀ ਅਤਿ ਅਹੰਕਾਰੇ।
੪. ਖਤ੍ਰੀ ਮਾਰਿ ਇਕੀਹ ਵਾਰ ਰਾਮਾਇਣ ਕਰਿ ਭਾਰਥ ਭਾਰੇ।
੫. ਕਾਮ ਕਰੋਧੁ ਨ ਸਾਧਿਓ ਲੋਭੁ ਮੋਹ ਅਹੰਕਾਰੁ ਨ ਮਾਰੇ।
੬. ਸਤਿਗੁਰ ਪੁਰਖੁ ਨ ਭੇਟਿਆ ਸਾਧਸੰਗਤਿ ਸਹਲੰਗ ਨ ਸਾਰੇ।
੭. ਹਉਮੈ ਅੰਦਰਿ ਕਾਰਿ ਵਿਕਾਰੇ ॥ ੮ ॥

ਪਦ ਅਰਥ - ਜੋਧ=ਬਲੀ, ਸੂਰਬੀਰ। ਬਾਵਨ ਬਉਧਾਰੇ=ਬਉਣਾ ਤੇ ਬੁਧ। ਕਲੰਕੀ=ਕਲਕੀ। ਸਹਲੰਗ=ਮੇਲ, ਸੰਗੀ।

ਅਰਥ - ੧. ਵਿਸ਼ਨੂੰ ਜੀ ਨੇ ੧੦ ਅਵਤਾਰ ਧਾਰੇ, ਤੇ ਵੈਰ ਵਿਰੋਧ ਕਰਨ ਵਾਲੇ, ਦੋਖੀ ਤੇ ਦੁਸ਼ਟ, ਬੜੇ ਜੋਧੇ, ਵੱਡੇ ਬਹਾਦਰਾਂ ਨੂੰ ਮਾਰਿਆ। ੨. ਮੱਛ, ਕੱਛ ਤੇ ਸੂਰ ਦੀਆਂ ਸ਼ਕਲਾਂ ਬਣਾਈਆਂ, ਫੇਰ ਨਰਸਿੰਘ ਬਉਣਾ ਤੇ ਬੁਧ (ਦਾ ਰੂਪ ਬਣਾਇਆ)। ੩. ਪਰਸ ਰਾਮ, ਰਾਮ (ਚੰਦਰ), ਕ੍ਰਿਸ਼ਨ (ਭਗਵਾਨ) ਹੋ ਕੇ (ਅਵਤਾਰ ਧਾਰਿਆ ਪਰ) ਅਜੇ ਕਿਲਕਿ ਕਲੰਕੀ, ਅਤਿ ਹੰਕਾਰ (ਕਰਨ ਵਾਲਿਆਂ ਨੂੰ ਸੋਧਣ ਲਈ) ਕਿਲਕਾਂ (ਮਾਰਕੇ) ਕਲਕੀ ਅਵਤਾਰ ਨੇ ਆਉਣਾ ਹੈ। ੪. (ਪਰਸਰਾਮ ਨੇ) ੨੧ ਵੇਰ (ਧਰਤੀ ਉਤੇ ਰਾਜ ਕਰਨ ਵਾਲੇ ਕਸ਼ੱਤਰੀਆਂ ਨੂੰ) ਮਾਰਿਆ। (ਫੇਰ) ਰਮਾਇਣ (ਅਨੁਸਾਰ ਸ੍ਰੀ ਰਾਮ ਜੀ ਨੇ ਰਾਵਣ ਨਾਲ ਭਾਰੇ ਜੰਗ ਕੀਤੇ) ਤੇ ਮਹਾਂ (ਭਾਰਤ ਅਨੁਸਾਰ ਸ੍ਰੀ ਕ੍ਰਿਸ਼ਨ ਜੀ ਨੇ ਵੀ) ਭਾਰੇ (ਜੰਗ ਕੀਤੇ)। ੫. (ਪਰ) ਕਾਮ ਤੇ ਕ੍ਰੋਧ ਨੂੰ ਕਿਸੇ ਨੇ ਵੀ ਨਾ ਸਾਧਿਆ (ਭਾਵ ਜਿੱਤਿਆ) ਨਹੀਂ। ਲੋਭ, ਮੋਹ ਤੇ ਹੰਕਾਰ ਨੂੰ ਕਿਸੇ ਨੇ ਵੀ ਨਾ ਮਾਰਿਆ। ੬. ਅਤੇ ੭. (ਕਿਉਂਕਿ) ਪੂਰੇ ਸਤਿਗੁਰੂ, ਜੋ ਪੂਰਨ ਪੁਰਖ ਸਨ, ਕਿਸੇ ਨੂੰ ਮਿਲੇ ਨਹੀਂ, ਤੇ ਇਹ ਸਾਰੇ ਸਾਧ ਸੰਗਤ ਦੇ ਮੇਲੀ, ਜਾਂ ਸੰਗੀ ਨਾ ਬਣੇ। ਇਸ ਲਈ (ਇਨ੍ਹਾਂ) ਜੋ ਕਰਤੱਵ ਕੀਤੇ, ਉਹ ਹਉਮੈ ਤੇ ਵਿਕਾਰਾਂ (ਦੇ ਕਾਰਨ ਕੀਤੇ)॥ ੮॥

੯. ਮਹਾਂ ਦੇਵ, ਸ਼ਿਵ ਜੀ ਦਾ ਵਰਣਨ

੧. ਮਹਾਦੇਉ ਅਉਧੂਤੁ ਹੋਇ ਤਾਮਸ ਅੰਦਰਿ ਜੋਗੁ ਨ ਜਾਣੈ।
੨. ਭੈਰੋ ਭੂਤ ਕੁਸੂਤ ਵਿਚਿ ਖੇਤ੍ਰਪਾਲ ਬੇਤਾਲ ਧਿਙਾਣੈ।
੩. ਅਕੁ ਧਤੂਰਾ ਖਾਵਣਾ ਰਾਤੀ ਵਾਸਾ ਮੜ੍ਹੀ ਮਸਾਣੈ।
੪. ਪੈਨੇ ਹਾਥੀ ਸੀਹ ਖਲ ਡਉਰੂ ਵਾਇ ਕਰੈ ਹੈਰਾਣੈ।
੫. ਨਾਥਾ ਨਾਥੁ ਸਦਾਇਦਾ ਹੋਇ ਅਨਾਥੁ ਨ ਹਰਿ ਰੰਗੁ ਮਾਣੈ।
੬. ਸਿਰਠਿ ਸੰਘਾਰੈ ਤਾਮਸੀ ਜੋਗੁ ਨ ਭੋਗੁ ਨ ਜੁਗਤਿ ਪਛਾਣੈ।
੭. ਗੁਰਮੁਖਿ ਸੁਖ ਫਲੁ ਸਾਧ ਸੰਗਾਣੈ ॥ ੯ ॥

ਪਦ ਅਰਥ - ਅਉਧੂਤੁ=ਪ੍ਰਾਣਾਯਾਮ ਦੀ ਸਾਧਨਾ ਕਰ ਚੁੱਕਾ ਜੋਗੀ। ਖੇਤ੍ਰਪਾਲ=ਭੂਤ। ਕੁਸੁਤ=ਬੇਢੰਗੇ ਕੰਮ। ਸਿਰਠਿ=ਸ੍ਰਿਸ਼ਟੀ।

ਅਰਥ - ੧. ਮਹਾਂਦੇਵ ਜੋਗੀ ਬਣ ਕੇ, ਤਾਮਸੀ (ਕ੍ਰੋਧ ਸੁਭਾ) ਅੰਦਰ ਹੀ ਰਿਹਾ, ਜੋਗੀ ਦਾ ਉਸ ਦਾ ਭੇਖ ਜ਼ਰੂਰ ਸੀ, ਪਰ ਜੋਗ (ਦੀ ਜੁਗਤਿ, ਮਨ ਬ੍ਰਿਤੀ ਨੂੰ ਸਾਧਣਾ) ਦੀ ਸਮਝ ਨਹੀਂ ਆਈ। ੨. ਭੈਰੋਂ, ਭੂਤਾਂ ਤੇ ਖੇਤ੍ਰਪਾਲਾਂ (ਭੂਤਾਂ ਦੀ ਕਿਸਮ) ਦੇ ਬੇਤਾਲੇ ਕਸੂਤੇ ਕੰਮਾਂ ਵਿਚ ਪਿਆ ਰਿਹਾ। ੩. ਅੱਕ ਧਤੂਰਾ ਖਾ ਕੇ, ਮੜ੍ਹੀਆਂ ਤੇ ਮਸਾਣਾਂ ਵਿਚ ਆਸਣ ਲਾਉਂਦਾ ਰਿਹਾ। ੪. ਹਾਥੀ ਤੇ ਸ਼ੇਰ ਦੀਆਂ ਖਲਾਂ ਨੂੰ ਸਰੀਰ 'ਤੇ ਪਹਿਨਦਾ ਸੀ, ਡਉਰੂ (ਡੁਗਡੁਗੀ) ਵਜਾ ਕੇ (ਸਭ ਨੂੰ) ਹੈਰਾਨ ਕਰਦਾ ਸੀ। ੫. (ਆਪਣੇ ਆਪ ਨੂੰ ਇਹ) ਨਾਥਾਂ ਦਾ ਨਾਥ ਸਦਵਾਉਂਦਾ ਸੀ, ਪਰ ਅਨਾਥ ਇਸ ਨੇ ਨਿਮ੍ਰਤਾ ਧਾਰਨ ਕਰਕੇ ਹਰੀ ਪਰਮੇਸ਼ਰ ਦੇ ਰੰਗ ਨੂੰ ਨਹੀਂ ਮਾਣਿਆ। ੬. ਤਾਮਸੀ (ਸੁਭਾ ਵਾਲਾ ਬਣ ਕੇ ਸ਼ਿਵ ਜੀ) ਸ੍ਰਿਸ਼ਟੀ ਨੂੰ ਸੰਘਾਰਦਾ ਹੈ ਪਰ ਜੋਗ ਭੋਗ ਦੀ ਜੁਗਤੀ ਵਾਲੇ ਪਾਸੇ ਨਹੀਂ ਲੱਗਾ। (ਚਿਤ ਵਿਚੋਂ ਨਾ ਤਾਮਸੀ ਹਟੀ, ਨਾ ਸ਼ਾਂਤੀ ਨਾਲ ਕਿਤੇ ਸ਼ਾਂਤ ਹੋਇਆ)। ੭. ਗੁਰਮੁਖ ਸੁਖਾਂ ਦੇ ਫਲ (ਭਾਵ ਆਨੰਦ) ਸਾਧ ਸੰਗਤ ਵਿਚੋਂ ਪ੍ਰਾਪਤ ਕਰਦੇ ਹਨ॥ ੯॥

੧੦. ਇੰਦਰ ਤੇ ਬ੍ਰਹਮਾ ਦੀ ਹਾਲਤ

੧. ਵਡੀ ਆਰਜਾ ਇੰਦ੍ਰ ਦੀ ਇੰਦ੍ਰਪੁਰੀ ਵਿਚਿ ਰਾਜੁ ਕਮਾਵੈ।
੨. ਚਉਦਹ ਇੰਦ੍ਰ ਵਿਣਾਸੁ ਕਾਲਿ ਬ੍ਰਹਮੇ ਦਾ ਇਕੁ ਦਿਵਸੁ ਵਿਹਾਵੈ।
੩. ਧੰਧੇ ਹੀ ਬ੍ਰਹਮਾ ਮਰੈ ਲੋਮਸ ਦਾ ਇਕੁ ਰੋਮ ਛਿਜਾਵੈ।
੪. ਸੇਸ ਮਹੇਸ ਵਖਾਣੀਅਨਿ ਚਿਰੰਜੀਵ ਹੋਇ ਸਾਂਤਿ ਨ ਆਵੈ।
੫. ਜੋਗ ਭੋਗ ਜਪ ਤਪ ਘਣੇ ਲੋਕ ਵੇਦ ਸਿਮਰਣੁ ਨ ਸੁਹਾਵੈ।
੬. ਆਪੁ ਗਣਾਏ ਨ ਸਹਜਿ ਸਮਾਵੈ॥ ੧੦॥

ਪਦ ਅਰਥ - ਇੰਦ੍ਰਪੁਰੀ=ਸੁਰਗਾਪੁਰੀ। ਲੋਮਸ=ਰਿਖੀ ਦਾ ਨਾਮ। ਛਿਜਾਵੈ=ਟੁੱਟਦਾ ਹੈ। ਸੇਸ ਮਹੇਸ=ਸ਼ੇਸ਼ਨਾਗ ਤੇ ਸ਼ਿਵਜੀ।

ਅਰਥ - ੧. ਇੰਦਰ ਦੀ ਉਮਰ ਬਹੁਤ ਵੱਡੀ ਹੈ, ਜੋ ਸੁਰਗਾਪੁਰੀ ਦਾ ਰਾਜ ਕਰ ਰਿਹਾ ਹੈ। ੨. (ਪਰ ਵੱਡੀ ਉਮਰ ਵਾਲਾ ਇੰਦਰ ਜਦੋਂ) ੧੪ ਵੇਰ ਜੰਮੇ-ਮਰੇ ਤਾਂ ਉਸਦੀ ਏਨੀ ਉਮਰ ਬੀਤਣ 'ਤੇ ਬ੍ਰਹਮਾ ਦਾ ਕੇਵਲ ਇੱਕ ਦਿਨ ਹੀ ਬੀਤਦਾ ਹੈ। ੩. ਜਦੋਂ ਬ੍ਰਹਮਾ ਧੰਧੇ ਕਰਦਾ (ਆਪਣੀ ਉਮਰ ਬਿਤਾ ਕੇ) ਮਰਦਾ ਹੈ ਤਾਂ ਲੋਮਸ ਰਿਖੀ (ਜੋ ਬ੍ਰਹਮਾ ਨੂੰ ਆਪਣਾ ਪਿਤਾ ਜਾਣਦਾ ਹੈ) ਦਾਹੜੀ ਦਾ ਕੇਵਲ ਇੱਕ ਵਾਲ ਪੁਟ ਕੇ ਸੁਟ ਦੇਂਦਾ (ਕਿ ਰੋਜ਼ ਹੀ ਭੱਦਨ ਕੌਣ ਕਰਾਉਂਦਾ ਫਿਰੇ ?) ੪. ਸ਼ੇਸ਼ ਨਾਗ ਤੇ ਸ਼ਿਵ ਜੀ ਨੂੰ ਚਿਰੰਜੀਵੀ ਹੋ ਕੇ ਵੀ (ਮੁਕੰਮਲ) ਸ਼ਾਂਤੀ ਪ੍ਰਾਪਤ ਨਹੀਂ ਹੋਈ, (ਭਾਵੇਂ ਕਿੰਨੇ ਵੱਡੇ ਤੇ ਸਿਮਰਨ ਕਰਨ ਵਾਲੇ ਹਨ)। ੫. ਜੋਗ, ਭੋਗ, ਜਪ, ਤਪ ਬੜੇ ਹੁੰਦੇ ਹਨ, ਵੇਦਾਂ ਦੇ ਪਾਠ ਤੇ ਸਿਮਰਨ ਭਜਨ ਵੀ ਬਥੇਰੇ ਲੋਕੀ ਕਰਦੇ ਹਨ (ਪਰ ਨਿਰੋਲ ਭੇਖ-ਦਿਖਾਵਾ) ਪ੍ਰਭੂ ਨੂੰ ਪਸੰਦ ਨਹੀਂ ਆਉਂਦਾ। ੬. ਇਸ ਲਈ ਸਭ ਆਪਾ ਹੀ ਜਣਾਉਂਦੇ ਰਹੇ, ਇਸ ਲਈ ਸਹਜ ਅਵਸਥਾ (ਸ਼ਾਂਤੀ) ਕਿਸੇ ਨੂੰ ਵੀ ਪ੍ਰਾਪਤ ਨਾ ਹੋਈ॥ ੧੦॥

੧੧. ਨਾਰਦ ਤੇ ਹੋਰ ਰਿਖੀਆਂ ਮੁਨੀਆਂ ਦੇ ਹਾਲ

੧. ਨਾਰਦੁ ਮੁਨੀ ਅਖਾਇਦਾ ਆਗਮੁ ਜਾਣਿ ਨ ਧੀਰਜੁ ਆਣੈ।
੨. ਸੁਣਿ ਸੁਣਿ ਮਸਲਤਿ ਮਜਲਸੈ ਕਰਿ ਕਰਿ ਚੁਗਲੀ ਆਖਿ ਵਖਾਣੈ।
੩. ਬਾਲ ਬੁਧਿ ਸਨਕਾਦਿਕਾ ਬਾਲ ਸੁਭਾਉ ਨਵਿਰਤੀ ਹਾਣੈ।
੪. ਜਾਇ ਬੈਕੁੰਠ ਕਰੋਧੁ ਕਰਿ ਦੇਇ ਸਰਾਪੁ ਜੈ ਬਿਜੈ ਧਿਙਾਣੈ।
੫. ਅਹੰਮੇਉ ਸੁਕਦੇਉ ਕਰਿ ਗਰਭ ਵਾਸਿ ਹਉਮੈ ਹੈਰਾਣੈ।
੬. ਚੰਦੁ ਸੂਰਜੁ ਅਉਲੰਗ ਭਰੈ ਉਦੈ ਅਸਤ ਵਿਚਿ ਆਵਣ ਜਾਣੈ।
੭. ਸਿਵ ਸਕਤੀ ਵਿਚਿ ਗਰਬੁ ਗੁਮਾਣੈ॥੧੧॥

ਪਦ ਅਰਥ - ਆਗਮੁ=ਸ਼ਾਸਤਰ ਆਦਿ। ਮਸਲਤਿ=ਸਲਾਹ ਮਸ਼ਵਰੇ। ਮਜਲਸੈ=ਸਭਾ, ਦਰਬਾਰ। ਬਾਲ ਸੁਭਾਉ=ਬਾਲਾਂ ਵਾਲ ਸੁਭਾਵ। ਅਉਲੰਗ=ਦੋਖ, ਦੂਸ਼ਤ। ਸਿਵ ਸਕਤੀ=ਪ੍ਰਭੂ ਦੀ ਮਾਇਆ।

ਅਰਥ - ੧. ਨਾਰਦ ਮੁਨੀ ਜੋ ਅਖਵਾਉਂਦਾ ਹੈ, ਉਹ ਸ਼ਾਸਤਰਾਂ ਦੇ ਗਿਆਨ ਨੂੰ ਜਾਣਦਾ ਸੀ, ਪਰ ਧੀਰਜ ਉਸ ਨੂੰ ਫੇਰ ਵੀ ਨਾ ਆਈ। ੨. ਸਭਾ ਤੇ ਦਰਬਾਰਾਂ ਵਿਚ ਇੱਕ ਦੂਜੇ ਦੀਆਂ ਗੱਲਾਂ ਸੁਣ ਸੁਣ (ਏਧਰ ਦੀਆਂ ਓਧਰ, ਤੇ ਓਧਰ ਦੀਆਂ ਏਧਰ) ਚੁਗਲੀਆਂ ਕਰਦਾ ਫਿਰਦਾ ਸੀ। ੩. ਸਨਕਾਦਿਕ (ਬ੍ਰਹਮਾ ਦੇ ਪੁੱਤਰ) ਬਾਲਾਂ ਵਾਲੀ ਬੁਧ ਦੇ ਮਾਲਕ ਹੋਣ ਕਾਰਣ ਸਹਜ ਪਦ ਤੋਂ ਖਾਲੀ ਰਹੇ। ੪. (ਇੱਕ ਵਾਰ) ਬੈਕੁੰਠ ਨੂੰ ਗਏ, ਤਾਂ ਅੱਗੋਂ ਜਯ ਬਿਜਯ ਪਹਿਰੇਦਾਰਾਂ ਨੇ ਰੋਕਿਆ, (ਤਾਂ ਗੁੱਸੇ ਵਿਚ ਆ ਕੇ ਰਾਕਸ਼ ਹੋਣ ਦਾ) ਸਰਾਪ ਦੇ ਕੇ ਧਿਙਾਣੇ (ਬਦੋਬਦੀ) ਗੁਸੇ ਹੋਣ ਵਾਲੀ ਗੱਲ ਕੀਤੀ। (ਭਾਵ ਬਾਲਾਂ ਵਾਲੀ ਚੰਚਲਤਾ ਨਾ ਗਈ)। ੫. ਹੰਕਾਰ ਕਰਕੇ ਹੀ ਸੁਕਦੇਵ (ਨੂੰ ੧੨ ਸਾਲ ਮਾਂ ਦੇ) ਗਰਭ ਵਿਚ ਹੀ ਹੈਰਾਨ ਹੋਣਾ ਪਿਆ। ਸ਼ਿਵ ਦੀ ਸ਼ਕਤੀ (ਮਾਇਆ) ਵਿਚ ਗਰਬ ਤੇ ਗੁਮਾਨ ਕਰਕੇ (ਨਾਸ ਹੋ ਗਏ) ੬. ਚੰਦ ਤੇ ਸੂਰਜ ਵੀ ਦੋਸ਼ਾਂ ਵਿਚ ਗ੍ਰਸੇ ਹੋਏ ਹਨ, ਇਸ ਲਈ ਉਦੇ ਅਸਤ ਹੋਣ ਵਿਚ ਹੀ ਲੱਗੇ ਰਹਿੰਦੇ ਹਨ। ੭. ਸ਼ਿਵ ਸ਼ਕਤੀ (ਮਾਇਆ) ਵਿਚ ਫਸਿਆਂ ਨੂੰ ਹੰਕਾਰ ਤੇ ਗੁਮਾਨ ਨੇ ਸਭ ਨੂੰ ਨਾਸ ਕਰ ਦਿਤਾ ਹੈ॥੧੧॥

੧੨. ਵੱਡੇ ਵੱਡੇ ਜਤੀ ਸਤੀ ਜੁਗਤ ਤੋਂ ਖਾਲੀ ਰਹਿ ਗਏ

੧. ਜਤੀ ਸਤੀ ਸੰਤੋਖੀਆ ਜਤ ਸਤ ਜੁਗਤਿ ਸੰਤੋਖ ਨ ਜਾਤੀ।
੨. ਸਿਧ ਨਾਥੁ ਬਹੁ ਪੰਥ ਕਰਿ ਹਉਮੈ ਵਿਚਿ ਕਰਨਿ ਕਰਮਾਤੀ।
੩. ਚਾਰਿ ਵਰਨ ਸੰਸਾਰ ਵਿਚਿ ਖਹਿ ਖਹਿ ਮਰਦੇ ਭਰਮਿ ਭਰਾਤੀ।
੪. ਛਿਅ ਦਰਸਨ ਹੋਇ ਵਰਤਿਆ ਬਾਰਹ ਵਾਟ ਉਚਾਟ ਜਮਾਤੀ।

੫. ਗੁਰਮੁਖਿ ਵਰਨ ਅਵਰਨ ਹੋਇ ਰੰਗ ਸੁਰੰਗ ਤੰਬੋਲ ਸੁਹਾਤੀ।
੬. ਛਿਅ ਰੁਤਿ ਬਾਰਹ ਮਾਹ ਵਿਚਿ ਗੁਰਮੁਖਿ ਦਰਸਨੁ ਸੁਝ ਸੁਝਾਤੀ।
੭. ਗੁਰਮੁਖਿ ਸੁਖ ਫਲੁ ਪਿਰਮ ਪਰਾਤੀ॥ ੧੨ ॥

ਪਦ ਅਰਥ - ਭਰਮਿ ਭਰਾਤੀ=ਭਰਮ ਦਾ ਭੁਲਾਵਾ। ਸੁਝ ਸੁਝਾਤੀ=ਸੂਰਜ ਦਾ ਚਾਨਣ। ਪਿਰਮ ਪਰਾਤੀ=ਪਿਰੀ ਦਾ ਪ੍ਰੇਮ ਰਸ।

ਅਰਥ - ੧. ਜਤੀ ਸਤੀ ਸੰਤੋਖੀਆਂ, (ਜਿਹੜੇ ਐਸਾ ਆਪਣੇ ਆਪ ਨੂੰ ਅਖਵਾਉਂਦੇ ਸਨ, ਪਰ (ਅਸਲ ਵਿਚ ਉਨ੍ਹਾਂ ਨੇ ਹਉਮੈ ਦੇ ਕਾਰਣ) ਨਾ ਜਤ ਦੀ, ਨਾ ਸਤ ਦੀ, ਨਾ ਜੁਗਤਿ ਤੇ ਨਾ ਸੰਤੋਖੀਆਂ ਦੀ ਹਾਲਤ ਨੂੰ ਜਾਣ ਸਕੇ। ੨. ਸਿੱਧਾਂ ਨਾਥਾਂ (ਜੋਗੀਆਂ) ਨੇ ਬਹੁਤੇ ਪੰਥ (ਧਰਮ ਰਸਤੇ) ਚਲਾਏ ਤੇ ਹਉਮੈ ਦੇ ਕਾਰਣ (ਆਪਣੇ ਆਪ ਨੂੰ) ਕਰਾਮਾਤੀ ਬਣ ਬਣ ਦਿਖਾਂਦੇ ਰਹੇ। ੩. ਚਾਰ ਵਰਣ (ਖਤਰੀ, ਬ੍ਰਾਹਮਣ, ਸ਼ੂਦਰ ਤੇ ਵੈਸ਼) ਚਾਰ ਵਰਣ ਸੰਸਾਰ ਵਿਚ ਹਨ ਜੋ ਭਰਮ ਦੇ ਕਾਰਣ ਖਹਿ ਖਹਿ ਲੜ ਰਹੇ ਹਨ। ੪. ਛਿਅ ਦਰਸ਼ਨ (ਧਰਮ) ਹੋ ਕੇ ਲੋਕ ਵਰਤ ਰਹੇ ਤੇ ਜੋਗੀਆਂ ਦੇ ੧੨ ਪੰਥਾਂ ਦੀਆਂ ਮੰਡਲੀਆਂ ਹਨ। (ਜੋ ਆਪਣੇ ਚੇਲਿਆਂ ਨੂੰ ਉਦਾਸੀਆਂ ਵਿਚ ਪਾ ਭਟਕਣਾ ਵਿਚ ਮਗਰ ਲਾਈ ਫਿਰਦੇ) ਹਨ। ੫. ਗੁਰਮੁਖ ਕਿਸੇ ਵਰਣ ਅਵਰਣ ਦਾ ਹੋਵੇ, (ਪਰ ਉਹ ਗੁਰਮੁਖੀ ਗੁਣਾਂ ਨਾਲ) ਪਾਨਾਂ ਦੇ ਰੰਗ ਵਰਗੇ ਲਾਲ ਗੁਲਾਲ ਸ਼ੋਭਦੇ ਹਨ। ੬. ਛਿਅ ਰੁਤਾਂ ਤੇ ੧੨ ਮਹੀਨਿਆਂ ਵਿਚ ਸੂਰਜ ਇੱਕ ਰਸ ਪ੍ਰਕਾਸ਼ ਕਰਦਾ ਹੈ, (ਉਸੇ ਤਰ੍ਹਾਂ) ਗੁਰਮੁਖਾਂ ਦੇ ਦਰਸ਼ਨ ਸਦਾ ਹੀ ਪ੍ਰਕਾਸ਼ਵਾਨ ਹਨ। ੭. ਗੁਰਮੁਖਾਂ ਨੇ ਸੁਖ ਫਲ (ਕੇਵਲ ਇੱਕ ਪ੍ਰਭੂ) ਦੇ ਪ੍ਰੇਮ ਨੂੰ ਹੀ ਜਾਣਿਆ ਹੈ॥ ੧੨ ॥

੧੩. ਪੰਜ ਤੱਤਾਂ ਧਰਤੀ ਤੇ ਬਨਾਸਪਤੀ ਦੇ ਰੁਖ

੧. ਪੰਜ ਤਤ ਪਰਵਾਣੁ ਕਰਿ ਧਰਮਸਾਲ ਧਰਤੀ ਮਨਿ ਭਾਣੀ।
੨. ਪਾਣੀ ਅੰਦਰਿ ਧਰਤਿ ਧਰਿ ਧਰਤੀ ਅੰਦਰਿ ਧਰਿਆ ਪਾਣੀ।
੩. ਸਿਰ ਤਲਵਾਏ ਰੁਖ ਹੋਇ ਨਿਹਚਲੁ ਚਿਤ ਨਿਵਾਸੁ ਬਿਬਾਣੀ।
੪. ਪਰਉਪਕਾਰੀ ਸੁਫਲ ਫਲਿ ਵਟ ਵਗਾਇ ਸਿਰਠਿ ਵਰਸਾਣੀ।
੫. ਚੰਦਨ ਵਾਸੁ ਵਣਾਸਪਤਿ ਚੰਦਨੁ ਹੋਇ ਵਾਸੁ ਮਹਿਕਾਣੀ।
੬. ਸਬਦ ਸੁਰਤਿ ਲਿਵ ਸਾਧਸੰਗਿ ਗੁਰਮੁਖਿ ਸੁਖ ਫਲ ਅੰਮ੍ਰਿਤਵਾਣੀ।
੭. ਅਬਿਗਤਿ ਗਤਿ ਅਤਿ ਅਕਥ ਕਹਾਣੀ॥ ੧੩ ॥

ਪਦ ਅਰਥ - ਪਰਵਾਣੁ=ਪ੍ਰਮਾਣੀਕ। ਤਲਵਾਏ=ਪੁੱਠੇ। ਬਿਬਾਣੀ=ਜੰਗਲ, ਉਜਾੜ। ਵਟ ਵਗਾਇ=ਢੀਮਾਂ ਮਾਰਨ੍ਹੀਆਂ।

ਅਰਥ - ੧. ਪੰਜਾਂ ਤੱਤਾਂ (ਧਰਤੀ, ਆਕਾਸ਼, ਹਵਾ, ਅਗਨੀ ਤੇ ਪਾਣੀ) ਨੂੰ ਇਕੱਠਿਆਂ ਕਰ, ਧਰਤੀ ਧਰਮਸ਼ਾਲ (ਧਰਮ ਕਰਨ ਤੇ ਕਰਾਉਣ ਵਾਲੀ ਥਾਂ) ਮਨ-ਭਾਉਣੀ ਬਣਾਈ। ੨. ਫਿਰ ਪਾਣੀ ਵਿਚ ਇਸ ਧਰਤੀ ਨੂੰ ਟਿਕਾ ਦਿੱਤਾ। (ਧਰਤੀ ਦੇ ਥੱਲੇ ਤੇ ਉਪਰ, ਦੋਵੇਂ ਪਾਸੇ ਹੀ ਪਾਣੀ ਹੈ, ਉਪਰ ਵਰਖਾ ਦਾ, ਥੱਲੇ ਪਾਤਾਲ ਦਾ)। ੩. ਸਿਰ ਥੱਲੇ ਕਰਕੇ (ਧਰਤੀ ਵਿਚ) ਬ੍ਰਿਛ ਪੈਦਾ ਹੁੰਦੇ ਹਨ, ਜੋ ਦ੍ਰਿੜ੍ਹਤਾ ਤੇ ਨਿਹਚਲ ਚਿਤ ਨਾਲ ਉਜਾੜਾਂ ਬੀਆ ਬਾਨਾਂ ਵਿਚ ਨਿਵਾਸ ਕਰਦੇ ਹਨ। ੪. ਪਰਉਪਕਾਰੀ ਰੁੱਖ (ਤਪਸਵੀਆਂ ਵਾਂਗ) ਕੋਈ ਇੱਟਾਂ ਮਾਰਦਾ ਹੈ, ਤਾਂ ਫਲ ਦੇਂਦੇ ਹਨ, (ਇਸ ਤਰ੍ਹਾਂ ਉਹ) ਸ੍ਰਿਸ਼ਟੀ ਨੂੰ ਵਰੋਸਾਉਂਦੇ (ਆਨੰਦ ਪ੍ਰਸੰਨ ਕਰਦੇ) ਹਨ। ੫. (ਜਿਵੇਂ) ਚੰਦਨ (ਦੀ ਵਾਸ਼ਨਾ) ਸਾਰੀ ਬਨਾਸਪਤੀ ਨੂੰ ਚੰਦਨ ਬਣਾ ਕੇ ਵਾਸ਼ਨਾ ਦੀ ਮਹਿਕ ਖਿਲਾਰ ਦਿੰਦਾ ਹੈ। ੬. (ਇਸੇ ਤਰ੍ਹਾਂ) ਸ਼ਬਦ ਨਾਲ ਸੁਰਤ ਜੋੜ ਕੇ, ਸਾਧ ਸੰਗਤ ਵਿਚ ਗੁਰਮੁਖ ਅੰਮ੍ਰਿਤ ਭਿੰਨੀ ਬਾਣੀ ਬੋਲ ਕੇ ਅੰਮ੍ਰਿਤ ਵਰਸ਼ਾ ਕਰਦਾ ਹੈ। ੭. ਇਸ ਲਈ ਗੁਰਮੁਖ ਦੀ ਗਤੀ ਨਾ ਜਾਣੀ ਜਾਣ ਵਾਲੀ ਅਕਥ ਕਥਾ ਦੀ ਕਹਾਣੀ ਹੈ॥ ੧੩॥

੧੪. ਸਕਾਮ ਭਗਤੀ ਦਾ ਹਾਲ

੧. ਧ੍ਰੂ ਪ੍ਰਹਿਲਾਦੁ ਭਭੀਖਣੋ ਅੰਬਰੀਕੁ ਬਲਿ ਜਨਕੁ ਵਖਾਣਾ।
੨. ਰਾਜ ਕੁਆਰ ਹੋਇ ਰਾਜਸੀ ਆਸਾ ਬੰਧੀ ਚੋਜ ਵਿਡਾਣਾ।
੩. ਧ੍ਰੂ ਮਤਰੇਈ ਚੰਡਿਆ ਪੀਉ ਫੜਿ ਪ੍ਰਹਿਲਾਦੁ ਰਞਾਣਾ।
੪. ਭੇਦੁ ਭਭੀਖਣੁ ਲੰਕ ਲੈ ਅੰਬਰੀਕੁ ਲੈ ਚਕ੍ਰ ਲੁਭਾਣਾ।
੫. ਪੈਰ ਕੜਾਹੇ ਜਨਕ ਦਾ ਕਰਿ ਪਾਖੰਡੁ ਧਰਮ ਧਿਙਾਣਾ।
੬. ਆਪੁ ਗਵਾਇ ਵਿਗੁਚਣਾ ਦਰਗਹ ਪਾਏ ਮਾਣੁ ਨਿਮਾਣਾ।
੭. ਗੁਰਮੁਖਿ ਸੁਖ ਫਲੁ ਪਤਿ ਪਰਵਾਣਾ॥ ੧੪॥

ਪਦ ਅਰਥ - ਰਾਜ ਕੁਆਰ=ਰਾਜਿਆਂ ਦੇ ਪੁੱਤਰ। ਚੋਜ ਵਿਡਾਣਾ=ਅਸਚਰਜ ਕੌਤਕ। ਚੰਡਿਆ=ਦੁਖੀ ਕੀਤਾ, ਮਾਰਿਆ। ਲੁਭਾਣਾ=ਲੋਭੀ ਬਣਿਆ। ਧਿਙਾਣਾ=ਧੱਕਾ। ਵਿਗੁਚਣਾ=ਭੁਲੀਂ ਪੈ ਦੁਖੀ ਹੋਣਾ।

ਅਰਥ - ੧. ਧ੍ਰੂ , ਪ੍ਰਹਿਲਾਦ, ਭਬੀਖਣ, ਅੰਬਰੀਕ, ਬਲ, ਜਨਕ (ਜੋ ਭਗਤ) ਕਹੇ ਜਾਂਦੇ ਹਨ। ੨. ਇਹ ਰਾਜਿਆਂ ਦੇ ਪੁੱਤਰ (ਰਾਜ ਕੁਮਾਰ) ਹੋਣ ਕਰਕੇ ਰਾਜਸੀ ਆਸ਼ਾਵਾਂ ਦੇ ਬੰਨ੍ਹੇ ਰਹੇ, ਜੋ ਇੱਕ ਅਸਚਰਜ ਖੇਡ ਹੈ। ੩. ਧ੍ਰੂ ਨੂੰ ਮਤਰੇਈ ਨੇ ਦੁਖਾਇਆ, ਤੇ ਪ੍ਰਹਿਲਾਦ ਨੂੰ ਪਿਉ ਨੇ ਫੜ ਕੇ ਦੁੱਖ ਦਿੱਤੇ। ੪. ਭਬੀਖਣ ਨੇ (ਆਪਣੇ ਘਰ ਦਾ) ਭੇਤ ਦੇ ਕੇ ਲੰਕਾ ਦਾ ਰਾਜ ਲਿਆ, ਰਾਜਾ ਅੰਬਰੀਕ (ਰਾਖੀ ਕਰਨ ਵਾਲੇ) ਚੱਕਰ 'ਤੇ ਹੀ ਲੁਭਾਇਮਾਨ ਹੋ ਗਿਆ। ੫. ਜਨਕ (ਰਾਜਾ ਇੱਕ) ਪੈਰ ਉਬਲਦੇ ਕੜਾਹੇ ਵਿਚ ਰੱਖਣ ਦਾ ਪਾਖੰਡ (ਦਿਖਾਵਾ) ਕਰਕੇ ਬਦੋ ਬਦੀ ਧਰਮ (ਨੂੰ ਔਖਾ ਕਰਕੇ ਦਿਖਾਉਂਦਾ) ਸੀ। ੬. ਆਪਣਾ ਆਪ ਜਣਾਉਣਾ (ਹਉਮੈ ਹੈ), ਭਟਕਣਾ ਵਿਚ ਪਾ ਕੇ ਖੱਜਲ ਕਰਦਾ ਹੈ, (ਪ੍ਰਭੂ ਦੀ) ਦਰਗਾਹ ਵਿਚ ਤਾਂ ਨਿਮਾਣਾ (ਨਿਮ੍ਰਤਾ

ਵਾਲਾ) ਹੀ ਮਾਣ ਪਾਉਂਦਾ ਹੈ। ੭. ਗੁਰਮੁਖਾਂ ਦਾ ਸੁਖ ਫਲ ਇਹੋ ਹੈ ਕਿ ਉਹ ਪਰਵਾਣ ਪਤ ਵਾਲੇ ਮੰਨੇ ਗਏ ਹਨ॥ ੧੪॥

੧੫. ਨੀਚ ਕੁਲਾਂ ਦੇ ਨਿਸ਼ਕਾਮ ਭਗਤ

੧. ਕਲਜੁਗਿ ਨਾਮਾ ਭਗਤੁ ਹੋਇ ਫੇਰਿ ਦੇਹੁਰਾ ਗਾਇ ਜਿਵਾਈ।
੨. ਭਗਤੁ ਕਬੀਰੁ ਵਖਾਣੀਐ ਬੰਦੀਖਾਨੇ ਤੇ ਉਠਿ ਜਾਈ।
੩. ਧੰਨਾ ਜਟੁ ਉਧਾਰਿਆ ਸਧਨਾ ਜਾਤਿ ਅਜਾਤਿ ਕਸਾਈ।
੪. ਜਨੁ ਰਵਿਦਾਸੁ ਚਮਾਰੁ ਹੋਇ ਚਹੁ ਵਰਨਾ ਵਿਚਿ ਕਰਿ ਵਡਿਆਈ।
੫. ਬੇਣਿ ਹੋਆ ਅਧਿਆਤਮੀ ਸੈਣੁ ਨੀਚੁ ਕੁਲੁ ਅੰਦਰਿ ਨਾਈ।
੬. ਪੈਰੀ ਪੈ ਪਾ ਖਾਕ ਹੋਇ ਗੁਰਸਿਖਾਂ ਵਿਚਿ ਵਡੀ ਸਮਾਈ।
੭. ਅਲਖੁ ਲਖਾਇ ਨ ਅਲਖੁ ਲਖਾਈ॥ ੧੫॥

ਪਦ ਅਰਥ - ਦੇਹੁਰਾ=ਮੰਦਰ। ਅਧਿਆਤਮੀ=ਨਿਰਇਛਤ ਭਗਤੀ।

ਅਰਥ - ੧. ਕਲਜੁਗ ਵਿਚ ਨਾਮਦੇਵ ਜੀ (ਛੀਂਬੇ) ਭਗਤ ਹੋਏ ਹਨ, (ਜਿਨ੍ਹਾਂ ਨੇ) ਮੰਦਰ ਦਾ ਦਰਵਾਜ਼ਾ (ਪ੍ਰਭੂ ਕ੍ਰਿਪਾ ਨਾਲ) ਫੇਰਿਆ, ਤੇ ਮੋਈ ਗਾਂ ਜਿਵਾ ਦਿੱਤੀ। ੨. ਭਗਤ ਕਬੀਰ ਵੀ ਪ੍ਰਸਿੱਧ ਹੋਇਆ ਹੈ, ਜੋ (ਲੋਦੀ ਬਾਦਸ਼ਾਹ ਦੇ ਹੁਕਮ ਨਾਲ ਕੈਦ ਕੀਤਾ ਗਿਆ) ਸੰਗਲਾਂ ਦੇ ਬੰਧਨਾਂ ਨੂੰ ਤੋੜ ਕੇ, ਕੈਦ ਵਿਚੋਂ ਨਿਕਲ ਗਿਆ ਸੀ। ੩. ਧੰਨਾ ਜੱਟ (ਵੀ ਪਰਮੇਸ਼ਰ ਨੇ) ਉਧਾਰਿਆ, ਸਧਨਾ (ਜੋ ਨੀਚ ਜਾਤ) ਕਸਾਈ ਸੀ। (ਉਹ ਭੀ ਤਰਿਆ)। ੪. (ਪ੍ਰਭੂ ਦੇ ਸੱਚੇ) ਜਨ ਰਵਿਦਾਸ ਦੀ, ਜੋ ਚੁਮਾਰ ਜਾਤੀ ਦਾ ਸੀ, ਚਾਰੇ ਵਰਣਾਂ ਵਾਲਿਆਂ ਉਸ ਦੀ ਸੋਭਾ ਤੇ ਵਡਿਆਈ ਕੀਤੀ। ੫. ਬੇਣੀ ਅਧਿਆਤਮੀ (ਨਿਸ਼ਕਾਮ) ਭਗਤ ਹੋਇਆ ਤੇ ਸੈਣ ਨਾਈ ਜੋ ਨੀਚ ਕੁਲ ਦਾ ਸੀ, ਇਹ ਵੀ ਪ੍ਰਭੂ ਦੀ ਕ੍ਰਿਪਾ ਦਾ ਪਾਤਰ ਬਣ ਗਿਆ। ੬. (ਇਸੇ ਤਰ੍ਹਾਂ) ਪੈਰੀਂ ਪੈ ਕੇ ਚਰਣਾਂ ਦੀ ਧੂੜੀ (ਨਿਰਮਾਣਤਾ ਧਾਰਨ ਵਾਲੇ) ਗੁਰਸਿੱਖਾਂ ਵਿਚ ਇਹ ਸਹਜ-ਅਵਸਥਾ ਭਰਪੂਰ ਹੋ ਰਹੀ ਹੈ। ੭. ਗੁਰਮੁਖ ਨਾ ਲਖੇ ਜਾਣ ਵਾਲੇ (ਪ੍ਰਭੂ) ਨੂੰ ਜਾਣ ਜਾਂਦੇ ਹਨ, ਪਰ (ਉਹ ਆਪਣੀ ਇਸ ਵਡਿਆਈ ਨੂੰ) ਕਿਸੇ ਤਾਈਂ ਜਣਾਉਂਦੇ ਨਹੀਂ॥ ੧੫॥

੧੬. ਕਲਜੁਗ ਵਿੱਚ ਵੀ ਉੱਤਮ ਗੁਣ ਮੌਜੂਦ ਹਨ

੧. ਸਤਿਜੁਗੁ ਉਤਮੁ ਆਖੀਐ ਇਕੁ ਫੇੜੈ ਸਭ ਦੇਸੁ ਦੁਹੇਲਾ।
੨. ਤ੍ਰੇਤੈ ਨਗਰੀ ਪੀੜੀਐ ਦੁਆਪੁਰਿ ਵੰਸੁ ਵਿਧੁੰਸੁ ਕੁਵੇਲਾ।
੩. ਕਲਿਜੁਗਿ ਸਚੁ ਨਿਆਉ ਹੈ ਜੋ ਬੀਜੈ ਸੋ ਲੁਣੈ ਇਕੇਲਾ।

੪. ਪਾਰਬ੍ਰਹਮੁ ਪੂਰਨੁ ਬ੍ਰਹਮੁ ਸਬਦਿ ਸੁਰਤਿ ਸਤਿਗੁਰੂ ਗੁਰ ਚੇਲਾ।
੫. ਨਾਮੁ ਦਾਨੁ ਇਸਨਾਨੁ ਦ੍ਰਿੜ ਸਾਧਸੰਗਤਿ ਮਿਲਿ ਅੰਮ੍ਰਿਤ ਵੇਲਾ।
੬. ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇਣਾ ਸਹਿਜ ਸੁਹੇਲਾ।
੭. ਗੁਰਮੁਖ ਸੁਖ ਫਲ ਨੇਹੁ ਨਵੇਲਾ ॥ ੧੬ ॥

ਪਦ ਅਰਥ - ਫੇੜੈ=ਖੋਟੇ ਕੰਮ ਕਰੇ। ਦੁਹੇਲਾ=ਦੁੱਖੀ। ਵਿਧੁੰਸੁ=ਖਤਮ ਕਰ ਦੇਣਾ। ਸੁਹੇਲਾ=ਸੁਖਦਾਈ। ਨੇਹੁ ਨਵੇਲਾ=ਨਿਤ ਨਵੇਂ ਚਾਵਾਂ ਵਾਲੀ ਪ੍ਰੀਤੀ।

ਅਰਥ - ੧. ਸਤਿਜੁਗ (ਸਤਿ ਵਾਦੀ) ਉੱਤਮ ਜੁਗ ਕਿਹਾ ਜਾਂਦਾ ਹੈ, (ਪਰ ਉਸ ਜੁਗ ਵਿਚ) ਜੇ ਕੋਈ ਇੱਕ ਬੰਦਾ ਭੈੜਾ ਕੰਮ ਕਰਦਾ ਸੀ, ਤਾਂ ਉਸ ਬਦਲੇ ਸਾਰੇ ਦੇਸ ਨੂੰ ਹੀ ਦੁੱਖੀ ਹੋਣਾ ਪੈਂਦਾ ਸੀ। ੨. ਤ੍ਰੇਤੇ ਵਿਚ (ਜੋ ਕੋਈ ਭੈੜਾ ਕੰਮ ਕਰੇ ਤਾਂ ਇੱਕ ਪਿੱਛੇ) ਸਾਰੀ ਨਗਰੀ ਨੂੰ ਹੀ ਪੀੜਿਆ ਜਾਂਦਾ ਸੀ ਤੇ ਦੁਆਪਰ ਵਿਚ (ਇੱਕ ਦੀ ਥਾਂ) ਸਾਰੀ ਵੰਸ਼ ਨੂੰ ਹੀ ਖਤਮ ਕਰ ਦਿੱਤਾ ਜਾਂਦਾ ਸੀ। ੩. ਪਰ ਕਲਜੁਗ ਵਿਚ ਸੱਚਾ ਨਿਆਉਂ ਹੈ, ਜਿਹੜਾ ਜੋ ਕੁਝ ਬੀਜਦਾ (ਭੈੜਾ ਜਾਂ ਚੰਗਾ ਕੰਮ) ਕਰਦਾ ਹੈ, ਉਸੇ ਨੂੰ ਹੀ ਫਲ ਮਿਲਦਾ ਹੈ। ੪. ਪਾਰਬ੍ਰਹਮ (ਪਰਮੇਸ਼ਰ) ਹੀ ਸਭ ਪਾਸੇ ਪਰੀ ਪੂਰਨ ਬ੍ਰਹਮ ਰੂਪ ਵਿਚ ਹੈ। ਸਤਿਗੁਰੂ ਦੇ ਸ਼ਬਦ ਵਿਚ ਸੁਰਤ ਨੂੰ ਜੋੜਨ ਵਾਲਾ (ਇਸ ਸਚਾਈ ਨੂੰ ਪ੍ਰਾਪਤ ਕਰਕੇ) ਵੱਡਾ ਚੇਲਾ ਹੈ। ੫. (ਐਸਾ, ਸ਼ਬਦ ਵਿਚ ਸੁਰਤ ਨੂੰ ਜੋੜਨ ਵਾਲਾ) ਨਾਮ, ਦਾਨ ਤੇ ਇਸ਼ਨਾਨ (ਦੇ ਗੁਣ) ਦ੍ਰਿੜ੍ਹ ਕਰਕੇ, ਸਾਧ ਸੰਗਤ ਵਿਚ ਅੰਮ੍ਰਿਤ ਵੇਲੇ ਜਾ ਮਿਲਦਾ ਹੈ। ੬. (ਉਹ) ਮਿੱਠਾ ਬੋਲਣਾ, ਨਿਵ (ਨਿਮ੍ਰਤਾ ਵਿਚ) ਚਲਣਾ ਤੇ ਹਥਹੁ ਦੇਣ ਦੀ ਸਹਜ ਅਵਸਥਾ ਵਿਚ ਪੁਜ ਕੇ ਸੁਹੇਲਾ ਹੋ ਜਾਂਦਾ ਹੈ। ੭. ਗੁਰਮੁਖ ਲਈ ਨਵੀਂ ਨਵੇਲੀ ਪ੍ਰੀਤੀ ਹੀ ਸੁਖਾਂ ਦਾ ਫਲ ਹੈ॥ ੧੬ ॥

੧੭. ਵਾਹਿਗੁਰੂ ਗੁਰ-ਮੰਤਰ ਦਾ ਸ਼ਬਦ ਹੈ

੧. ਨਿਰੰਕਾਰੁ ਆਕਾਰੁ ਕਰਿ ਜੋਤਿ ਸਰੂਪੁ ਅਨੂਪ ਦਿਖਾਇਆ।
੨. ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ।
੩. ਚਾਰਿ ਵਰਨ ਚਾਰਿ ਮਜਹਬਾ ਚਰਣ ਕਵਲ ਸਰਣਾਗਤਿ ਆਇਆ।
੪. ਪਾਰਸਿ ਪਰਸਿ ਅਪਰਸ ਜਗਿ ਅਸਟਧਾਤੁ ਇਕੁ ਧਾਤੁ ਕਰਾਇਆ।
੫. ਪੈਰੀ ਪਾਇ ਨਿਵਾਇਕੈ ਹਉਮੈ ਰੋਗੁ ਅਸਾਧੁ ਮਿਟਾਇਆ।
੬. ਹੁਕਮਿ ਰਜਾਈ ਚਲਣਾ ਗੁਰਮੁਖਿ ਗਾਡੀ ਰਾਹੁ ਚਲਾਇਆ।
੭. ਪੂਰੈ ਪੂਰਾ ਥਾਟੁ ਬਣਾਇਆ ॥ ੧੭ ॥

ਪਦ ਅਰਥ - ਅਗੋਚਰ=ਇੰਦ੍ਰੀਆਂ ਦੀ ਸਮਝ ਤੋਂ ਦੂਰ। ਗਾਡੀ ਰਾਹੁ=ਸੌਖਾ ਰਾਹ।

ਅਰਥ - ੧. ਨਿਰੰਕਾਰ (ਜੋ ਰੂਪ ਵਾਲਾ ਨਹੀਂ, ਪ੍ਰਭੂ) ਨੇ ਅਕਾਰ (ਪੰਜ ਭੂਤਕ ਸਰੀਰ) ਬਣਾ ਕੇ ਉਸ ਵਿਚ ਆਪਣੇ ਜੋਤਿ-ਸਰੂਪ ਨੂੰ, ਜੋ ਅਨੂਪਮ (ਉਪਮਾ ਰਹਿਤ ਹੈ) ਦਿਖਾਇਆ ਹੈ। ੨. ਪ੍ਰਭੂ ਵੇਦਾਂ ਕਤੇਬਾਂ (ਦੀ ਸਮਝ) ਤੋਂ ਬਹੁਤ ਦੂਰ (ਅਗੋਚਰ) ਹੈ, ਵਾਹਿਗੁਰੂ ਗੁਰ-ਸ਼ਬਦ ਨੂੰ (ਉਸ ਪੰਜ-ਭੂਤਕ) ਗੁਰੂ ਜੀ ਨੇ ਸੁਣਾਇਆ ਹੈ। ੩. ਚਾਰੇ (ਹਿੰਦੂਆਂ ਦੇ) ਵਰਣ, ਤੇ ਚਾਰ (ਮੁਸਲਮਾਨੀ) ਮਜ਼ਹਬ (ਗੁਰੂ ਜੀ ਦੇ) ਚਰਣ ਕਮਲਾਂ ਦੀ ਸ਼ਰਨ ਵਿਚ ਆਣ ਪਏ। ੪. ਪਾਰਸ (ਸਤਿਗੁਰੂ ਜੀ) ਨੇ (ਪਰਸ ਕੇ) ਨਾਲ ਲੱਗ ਕੇ, (ਭਾਵ ਜਗਤ ਵਿਚ ਜਨਮ ਲੈ ਕੇ) ਅਪਰਸ (ਅਪਵਿੱਤਰ ਹੋਏ ਹੋਏ) ਜਗਤ ਨੂੰ, ਜਿਵੇਂ ਪਾਰਸ ਅੱਠਾਂ ਧਾਤਾਂ ਨੂੰ ਛੂਹ ਕੇ ਇੱਕ ਧਾਤ (ਸੋਨਾ) ਬਣਾ ਦਿੰਦਾ ਹੈ, (ਇਸੇ ਤਰ੍ਹਾਂ ਨਿਰੰਕਾਰੀ ਜੋਤ ਵਾਲੇ ਸਤਿਗੁਰੂ ਪਾਰਸ ਨੇ ਸਭ ਜਾਤਾਂ ਪਾਤਾਂ ਵਾਲੇ ਜਗਤ ਨੂੰ ਇੱਕ, ਗੁਰ-ਚੇਲੇ, ਭਾਵ) ਗੁਰਸਿੱਖ ਬਣਾ ਦਿੱਤੇ। ੫. ਚਰਣੀਂ ਲਗਾ ਕੇ ਤੇ (ਆਪਣੇ ਤੇਜ ਪਰਤਾਪ ਨਾਲ) ਨਿਵਾ ਕੇ, (ਜਗਤ ਦੇ) ਅਸਾਧ ਰੋਗ, ਹਉਮੈ ਨੂੰ ਮਿਟਾ ਦਿੱਤਾ। ੬. (ਗੁਰੂ) ਹੁਕਮ ਤੇ (ਪ੍ਰਭੂ) ਦੀ ਰਜ਼ਾ ਵਿਚ ਚਲਣ ਵਾਲਾ, ਗੁਰਮੁਖਤਾਈ ਦਾ ਗਾਡੀ ਰਾਹੁ ਚਲਾ ਦਿੱਤਾ। ੭. (ਇਸ ਤਰ੍ਹਾਂ ਪ੍ਰਭੂ) ਪੂਰੇ ਨੇ (ਸਤਿਗੁਰੂ ਜੀ ਤੋਂ) ਪੂਰਾ ਥਾਟ (ਪੂਰਾ ਤੇ ਪੱਕਾ ਨਿਸ਼ਚੈ ਵਾਲਾ) ਬਣਾ ਦਿੱਤਾ ਹੈ॥ ੧੭॥

੧੮. ਗੁਰਮੁਖਾਂ ਦੀ ਗੁਰਮੁਖਤਾਈ ਦਾ ਵਰਣਨ

੧. ਜੰਮਣੁ ਮਰਣਹੁ ਬਾਹਰੇ ਪਰਉਪਕਾਰੀ ਜਗ ਵਿਚਿ ਆਏ।
੨. ਭਾਉ ਭਗਤਿ ਉਪਦੇਸੁ ਕਰਿ ਸਾਧ ਸੰਗਤਿ ਸਚਖੰਡਿ ਵਸਾਏ।
੩. ਮਾਨ ਸਰੋਵਰਿ ਪਰਮਹੰਸ ਗੁਰਮੁਖਿ ਸਬਦ ਸੁਰਤਿ ਲਿਵ ਲਾਏ।
੪. ਚੰਦਨ ਵਾਸੁ ਵਣਾਸਪਤਿ ਅਫਲ ਸਫਲ ਚੰਦਨ ਮਹਿਕਾਏ।
੫. ਭਵਜਲ ਅੰਦਰਿ ਬੋਹਿਥੈ ਹੋਇ ਪਰਵਾਰ ਸੁ ਪਾਰ ਲੰਘਾਏ।
੬. ਲਹਰਿ ਤਰੰਗੁ ਨ ਵਿਆਪਈ ਮਾਇਆ ਵਿਚਿ ਉਦਾਸੁ ਰਹਾਏ।
੭. ਗੁਰਮੁਖਿ ਸੁਖ ਫਲੁ ਸਹਜਿ ਸਮਾਏ॥ ੧੮॥

ਪਦ ਅਰਥ - ਭਾਉ ਭਗਤਿ=ਪ੍ਰੇਮ ਰੰਗੀ ਭਗਤੀ। ਅਫਲ ਸਫਲ=ਬਿਨਾਂ ਫਲ ਤੇ ਫਲਾਂ ਵਾਲੀ। ਬੋਹਿਥੈ=ਵੱਡਾ ਬੇੜਾ, ਜਹਾਜ਼।

ਅਰਥ - ੧. ਜੰਮਣ-ਮਰਨ ਤੋਂ ਬਾਹਰ ਹੋ, ਪਰਉਪਕਾਰੀ (ਪੁਰਸ਼) ਜਗਤ ਵਿਚ ਆਏ ਹਨ। ੨. (ਜਿਨ੍ਹਾਂ ਨੇ) ਪ੍ਰੇਮਾ-ਭਗਤੀ (ਕਰਨ ਦਾ) ਉਪਦੇਸ਼ ਦਿੱਤਾ ਤੇ ਸਾਧ ਸੰਗਤ ਰੂਪ ਸੱਚਖੰਡ (ਪ੍ਰੇਮਾ-ਭਗਤੀ ਦਾ ਉਪਦੇਸ਼ ਦ੍ਰਿੜ੍ਹ ਕਰਨ ਲਈ) ਥਾਂ ਕਾਇਮ ਕੀਤਾ। ੩. ਗੁਰਮੁਖ ਮਾਨ ਸਰੋਵਰ (ਰੂਪ ਸਾਧ ਸੰਗਤ ਵਿਖੇ) ਪਰਮ ਹੰਸ (ਵਾਂਗੂੰ) ਸ਼ਬਦ ਵਿਚ ਸੁਰਤੀ ਨੂੰ ਜੋੜਦਾ ਹੈ। ੪. ਚੰਦਨ ਦੇ ਨੇੜੇ ਵੱਸਣ ਵਾਲੀ ਬਨਾਸਪਤੀ, ਭਾਵੇਂ ਫਲ ਵਾਲੀ ਹੋਵੇ ਭਾਵੇਂ ਫਲੋਂ ਬਗੈਰ, ਜੋ ਵੀ ਰੁਖ ਬ੍ਰਿਖ ਹੈ, ਸਭ ਚੰਦਨ ਦੀ ਸੁਗੰਧੀ ਵਾਲਾ ਹੋ ਜਾਂਦਾ ਹੈ। ੫. ਭਵਜਲ (ਆਵਾਗੌਣ) ਵਿਚ (ਗੁਰਮੁਖ) ਜਹਾਜ਼ ਰੂਪ ਹੈ ਜੋ ਵੀ ਉਸਦਾ ਸਾਥੀ ਬਣੇ, ਉਸ ਨੂੰ ਪਰਿਵਾਰ

ਦੀ ਨਿਆਈਂ ਪਾਰ ਲੰਘਾਉਂਦਾ ਹੈ। ੬. (ਭਵਜਲ ਦੇ) ਲਹਿਰ-ਤਰੰਗ (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਨਹੀਂ ਵਿਆਪਦੇ, ਉਹ ਮਾਇਆ (ਸੰਸਾਰ) ਦੇ ਵਿਚ ਰਹਿੰਦੇ, ਉਸ ਤੋਂ ਉਦਾਸ ਤੇ ਨਿਰਾਸ ਰਹਿੰਦੇ ਹਨ। ੭. (ਇਸ ਤਰ੍ਹਾਂ) ਗੁਰਸਿੱਖ ਸੁਖਾਂ ਦੇ ਫਲ, ਸਹਿਜ ਵਿਚ ਲੀਨ ਹੋ ਜਾਂਦੇ ਹਨ॥ ੧੮॥

੧੯. ਅਜਰ ਜਰਨ ਦਾ ਸੁਖ ਫਲ

੧. ਧੰਨੁ ਗੁਰੂ ਗੁਰ ਸਿਖੁ ਧੰਨੁ ਆਦਿ ਪੁਰਖੁ ਆਦੇਸੁ ਕਰਾਇਆ।
੨. ਸਤਿਗੁਰ ਦਰਸਨੁ ਧੰਨੁ ਹੈ ਧੰਨ ਦਿਸਟਿ ਗੁਰ ਧਿਆਨੁ ਧਰਾਇਆ।
੩. ਧੰਨੁ ਧੰਨੁ ਸਤਿਗੁਰ ਸਬਦੁ ਧੰਨੁ ਸੁਰਤਿ ਗੁਰ ਗਿਆਨੁ ਸੁਣਾਇਆ।
੪. ਚਰਣ ਕਵਲ ਗੁਰ ਧੰਨੁ ਧੰਨੁ ਧੰਨੁ ਮਸਤਕੁ ਗੁਰ ਚਰਣੀ ਲਾਇਆ।
੫. ਧੰਨੁ ਧੰਨੁ ਗੁਰ ਉਪਦੇਸੁ ਹੈ ਧੰਨੁ ਰਿਦਾ ਗੁਰਮੰਤ੍ਰੁ ਵਸਾਇਆ।
੬. ਧੰਨੁ ਧੰਨੁ ਗੁਰੁ ਚਰਣਾਮਤੋ ਧੰਨੁ ਮਹਤੁ ਜਿਤੁ ਅਪਿਓ ਪੀਆਇਆ।
੭. ਗੁਰਮੁਖਿ ਸੁਖੁ ਫਲੁ ਅਜਰੁ ਜਰਾਇਆ॥ ੧੯॥

ਪਦ ਅਰਥ - ਆਦੇਸੁ=ਪਰਣਾਮ। ਮਹਤੁ=ਅੱਧੀ ਘੜੀ। ਅਪਿਓ=ਅੰਮ੍ਰਿਤ। ਅਜਰੁ=ਨਾ ਜਰਿਆ ਜਾਣ ਵਾਲਾ।

ਅਰਥ - ੧. ਧੰਨ ਗੁਰੂ ਤੇ ਧੰਨ ਹਨ ਗੁਰੂ ਦੇ ਸਿੱਖ (ਜਿਸ ਗੁਰੂ ਨੇ ਸਿੱਖਾਂ ਨੂੰ) ਆਦਿ ਪੁਰਖ (ਪਰਮੇਸ਼ਰ ਨੂੰ) ਆਦੇਸ (ਪਰਣਾਮ) ਕਰਵਾਈ (ਸਿੱਖਿਆ ਦੇ ਕੇ)। ੨. ਸਤਿਗੁਰੂ ਜੀ ਦਾ ਦਰਸ਼ਨ ਧੰਨ ਹੈ, ਤੇ ਧੰਨ ਉਹ ਦ੍ਰਿਸ਼ਟੀ ਹੈ, ਜਿਸ ਨੇ ਗੁਰੂ ਦੇ ਗਿਆਨ ਨੂੰ ਨਜ਼ਰ ਵਿਚ (ਸਾਹਮਣੇ) ਧਰਿਆ ਹੋਇਆ ਹੈ। ੩. ਧੰਨ ਸਤਿਗੁਰੂ ਜੀ ਤੇ ਧੰਨ ਸਤਿਗੁਰੂ ਦਾ ਸ਼ਬਦ, ਧੰਨ ਹੀ ਉਹ ਸੁਰਤੀ ਹੈ, ਜਿਸ ਨੇ ਗੁਰੂ ਦਾ ਗਿਆਨ (ਸੁਣਿਆ ਜਾਂ) ਸੁਣਾਇਆ ਹੈ। ੪. ਗੁਰੂ ਜੀ ਦੇ ਚਰਣ ਕਵਲ ਧੰਨ ਹਨ, ਤੇ ਧੰਨ ਉਹ ਮੱਥਾ ਹੈ, ਜੋ ਗੁਰ ਚਰਣੀਂ ਲੱਗਾ ਹੈ। ੫. ਧੰਨਤਾ ਯੋਗ ਗੁਰੂ ਦਾ ਉਪਦੇਸ਼ ਹੈ, ਤੇ ਧੰਨ ਉਹ ਹਿਰਦਾ ਹੈ, ਜਿਸ ਵਿਚ ਸਤਿਗੁਰੂ ਦਾ ਗੁਰ-ਮੰਤਰ ਵਸ ਗਿਆ ਹੈ। ੬. ਧੰਨ ਹੈ, ਗੁਰੂ ਜੀ ਦੇ ਚਰਣ ਕਵਲਾਂ ਦਾ ਚਰਣਾਂਮ੍ਰਿਤ ਤੇ ਧੰਨ ਉਹ ਮੁਹਤ (ਸਮਾਂ) ਹੈ, ਜਿਸ ਵੇਲੇ ਗੁਰੂ ਦੇ ਬਖਸ਼ੇ ਅੰਮ੍ਰਿਤ ਨੂੰ ਪੀਤਾ ਹੈ। ੭. ਗੁਰਮੁਖ (ਥੋੜ੍ਹ ਦਿਲਾ ਨਹੀਂ, ਉਸ ਦੇ ਵਿਸ਼ਾਲ ਹਿਰਦੇ ਵਿਚ) ਸੁਖ ਫਲ ਵੱਸਿਆ ਹੈ ਤੇ ਉਸ ਨੇ ਇਸ ਵਿਸ਼ਾਲ ਸੁਖ ਦੇ ਅਜਰ ਫਲ ਨੂੰ ਜਰ ਲਿਆ ਹੈ॥ ੧੯॥

੨੦. ਸਾਧ ਸੰਗਤ ਦੀ ਮਹਾਨ ਮਹਿਮਾ

੧. ਸੁਖ ਸਾਗਰੁ ਹੈ ਸਾਧਸੰਗੁ ਸੋਭਾ ਲਹਰਿ ਤਰੰਗ ਅਤੋਲੇ।
੨. ਮਾਣਕ ਮੋਤੀ ਹੀਰਿਆਂ ਗੁਰ ਉਪਦੇਸੁ ਅਵੇਸੁ ਅਮੋਲੇ।

੩. ਰਾਗ ਰਤਨ ਅਨਹਦ ਧੁਨੀ ਸਬਦਿ ਸੁਰਤਿ ਲਿਵ ਅਗਮ ਅਲੋਲੇ।
੪. ਰਿਧਿ ਸਿਧਿ ਨਿਧਿ ਸਭ ਗੋਲੀਆਂ ਚਾਰਿ ਪਦਾਰਥ ਗੋਇਲ ਗੋਲੇ।
੫. ਲਖ ਲਖ ਚੰਦ ਚਰਾਗ਼ਚੀ ਲਖ ਲਖ ਅੰਮ੍ਰਿਤ ਪੀਚਨਿ ਝੋਲੇ।
੬. ਕਾਮਧੇਨੁ ਲਖ ਪਾਰਿਜਾਤ ਜੰਗਲ ਅੰਦਰਿ ਚਰਨਿ ਅਡੋਲੇ।
੭. ਗੁਰਮੁਖਿ ਸੁਖ ਫਲੁ ਬੋਲ ਅਬੋਲੇ॥ ੨੦॥ ੧੨॥

ਪਦ ਅਰਥ - ਅਤੋਲੇ=ਤੋਲ ਤੋਂ ਰਹਿਤ। ਅਵੇਸੁ=ਚਮਕ। ਅਲੋਲੇ=ਚੰਚਲਤਾ ਤੋਂ ਰਹਿਤ। ਗੋਇਲ ਗੋਲੇ=ਗੋਲਿਆਂ ਦੇ ਗੋਲੇ।

ਅਰਥ - ੧. ਸਾਧ ਸੰਗਤ ਸੁਖਾਂ ਦਾ ਸਮੁੰਦਰ ਹੈ, ਜਿਸ ਵਿਚੋਂ ਵਿਸ਼ਾਲ ਪ੍ਰਭੂ ਦੀਆਂ ਵਡਿਆਈਆਂ ਦੀਆਂ ਲਹਿਰਾਂ ਤੇ ਤਰੰਗ ਏਨੇ ਹਨ, ਜੋ ਤੁਲ ਨਹੀਂ ਸਕਦੇ। ੨. ਮਾਣਕ ਮੋਤੀ ਤੇ ਹੀਰਿਆਂ (ਦੇ ਭਾਂਤ) ਸੁੰਦਰ ਗੁਰ-ਉਪਦੇਸ਼ ਦੇ ਦੈਵੀ ਗੁਣਾਂ ਤੇ (ਭਾਉ-ਭਗਤੀ) ਦਾ ਪ੍ਰਕਾਸ਼ ਏਨਾ ਵਧੇਰੇ ਹੈ ਕਿ ਜਿਸਦੀ ਕੀਮਤ ਨਹੀਂ ਪੈ ਸਕਦੀ। ੩. ਰਾਗਾਂ ਵਿਚੋਂ ਰਤਨਾਂ ਰੂਪ ਅਨਹਦ ਧੁਨੀ (ਇਕ-ਰਸ ਵਜਣ ਵਾਲੀ ਧੁਨੀ) ਹੈ। ਸ਼ਬਦ ਤੇ ਸੁਰਤ ਦੀ ਲਿਵ ਏਨੀ ਅਗਮ (ਉੱਚੀ, ਗੰਭੀਰ) ਹੈ ਕਿ ਉਥੇ ਚੰਚਲਤਾ ਨੇੜੇ ਨਹੀਂ ਫਟਕ ਸਕਦੀ। ੪. (ਐਸੀ ਅਵਸਥਾ, ਦਸ਼ਾ ਦੀਆਂ ਸਭ) ਰਿੱਧੀਆਂ, ਸਿੱਧੀਆਂ ਤੇ ਨਿਧੀਆਂ ਦਾਸੀਆਂ ਹਨ ਤੇ ਚਾਰ ਪਦਾਰਥ (ਅਰਥ, ਧਰਮ, ਕਾਮ, ਮੋਖਸ਼ ਆਦਿ) ਸਭ ਦਾਸਾਂ ਦੇ ਵੀ ਦਾਸ ਹਨ। ੫. ਲੱਖਾਂ ਹੀ ਚੰਦਰਮਾਂ ਤੇ ਸੂਰਜਾਂ ਦਾ ਪ੍ਰਕਾਸ਼ (ਚਰਾਗੀਏ) ਹਨ ਤੇ ਲੱਖਾਂ ਹੀ ਤਰ੍ਹਾਂ ਦੇ ਰਸਾਂ ਵਾਲੇ ਅੰਮ੍ਰਿਤ ਭਰ ਭਰ (ਝੋਲ ਝੋਲ) ਪੀਂਦੇ ਹਨ। ੬. ਲੱਖਾਂ ਕਾਮਧੇਨ ਗਊਆਂ ਤੇ ਲੱਖਾਂ ਪਾਰਜਾਤ (ਮਨ ਭਾਉਂਦੇ ਫਲ ਦੇਣ ਵਾਲੇ ਬ੍ਰਿਛ) ਜੰਗਲਾਂ ਵਿਚ ਅਤੋਲ ਖੜੋਤੇ ਹਨ। ੭. (ਇਸ ਲਈ) ਗੁਰਮੁਖਾਂ ਦੇ ਸੁਖ ਫਲ ਬੋਲਣ ਤੋਂ ਰਹਿਤ ਭਾਵ ਅਕੱਥਨੀਜ ਹਨ॥ ੨੦॥ ੧੨॥

ਵਾਰ ੧੩

ੴ ਸਤਿਗੁਰ ਪ੍ਰਸਾਦਿ॥

੧. ਗੁਰ ਚੇਲੇ ਦੀ ਮਹਾਨਤਾ

੧. ਪੀਰ ਮੁਰੀਦੀ ਗਾਖੜੀ ਕੋ ਵਿਰਲਾ ਜਾਣੈ।
੨. ਪੀਰਾ ਪੀਰੁ ਵਖਾਣੀਐ ਗੁਰੁ ਗੁਰਾਂ ਵਖਾਣੈ।
੩. ਗੁਰੁ ਚੇਲਾ ਚੇਲਾ ਗੁਰੂ ਕਰਿ ਚੋਜ ਵਿਡਾਣੈ।

੪. ਸੋ ਗੁਰੁ ਸੋਈ ਸਿਖੁ ਹੈ ਜੋਤੀ ਜੋਤਿ ਸਮਾਣੈ।
੫. ਇਕੁ ਗੁਰੁ ਇਕੁ ਸਿਖੁ ਹੈ ਗੁਰੁ ਸਬਦਿ ਸਿਞਾਣੈ।
੬. ਮਿਹਰ ਮੁਹਬਤਿ ਮੇਲੁ ਕਰਿ ਭਉ ਭਾਉ ਸੁ ਭਾਣੈ॥੧॥

ਪਦ ਅਰਥ - ਮੁਰੀਦੀ=ਚੇਲਾ ਬਣਨਾ। ਗਾਖੜੀ=ਕਠਿਨ। ਮਿਹਰ ਮੁਹਬਤਿ=ਕ੍ਰਿਪਾ ਤੇ ਪਿਆਰ। ਭਉ ਭਾਉ=ਭੈ ਤੇ ਪ੍ਰੇਮ।

ਅਰਥ - ੧. ਪੀਰ (ਗੁਰੂ) ਦੀ ਮੁਰੀਦੀ (ਸ਼ਾਗਿਰਦੀ) ਬੜੀ ਕਠਿਨ ਹੈ, (ਜਿਸ ਨੂੰ ਕੋਈ) ਵਿਰਲਾ ਹੀ ਜਾਣਦਾ ਹੈ। ੨. ਪੀਰਾਂ ਦਾ ਪੀਰ (ਸਿਰਮੌਰ) ਆਖੀਦਾ ਹੈ (ਗੁਰੂ ਨਾਨਕ ਦੇਵ ਜੀ) ਤੇ ਗੁਰੂਆਂ ਦਾ ਗੁਰੂ ਵੀ (ਸਿਰਮੌਰ) ਕਿਹਾ ਜਾਂਦਾ ਹੈ। ੩. ਗੁਰੂ ਚੇਲਾ ਤੇ ਚੇਲਾ ਗੁਰੂ (ਗੁਰੂ ਨਾਨਕ ਦੇਵ ਜੀ ਦਾ ਗੁਰੂ ਅੰਗਦ ਦੇਵ (ਚੇਲੇ) ਨੂੰ ਗੁਰੂ ਬਨਾਉਣਾ) ਇਹ ਇੱਕ ਵੱਡਾ ਤੇ ਅਸਚਰਜ ਕੌਤਕ ਹੈ। ੪. ਉਹੀ ਗੁਰੂ ਅਤੇ ਉਹੀ (ਪੂਰਨ) ਸਿੱਖ ਹੈ, (ਜੋ ਦੋਹਾਂ ਦੀ) ਜੋਤਿ ਵਿਚ ਜੋਤਿ ਸਮਾ ਜਾਏ, (ਭਾਵ ਦੋਹਾਂ ਦੇ ਆਸ਼ੇ ਤੇ ਖਿਆਲਾਂ ਵਿਚ ਰਤੀ ਭਰ ਵੀ ਵਖੇਵਾਂ ਨਾ ਰਹੇ)। ੫. ਇੱਕ ਗੁਰੂ, (ਗੁਰੂ ਨਾਨਕ) ਤੇ ਇੱਕ ਸਿੱਖ (ਗੁਰੂ ਅੰਗਦ ਦੇਵ ਜਿਨ੍ਹਾਂ ਨੇ) ਗੁਰੂ ਦੇ ਸ਼ਬਦ (ਹੁਕਮ, ਆਗਿਆ) ਨੂੰ ਪਛਾਣ ਲਿਆ (ਕਿ ਪੂਰੇ ਗੁਰੂ ਦੀ ਆਗਿਆ ਮੰਨਣ ਵਿਚ ਹੀ ਸਭ ਪਦਾਰਥ ਤੇ ਮੁਕਤੀਆਂ ਮਿਲ ਸਕਦੀਆਂ ਹਨ। ਪਹਿਲੋਂ ਉਨ੍ਹਾਂ ਇਸ ਗੱਲ ਨੂੰ ਦ੍ਰਿੜ ਕੀਤਾ ਤੇ ਫੇਰ ਤਨ ਮਨ, ਧਨ ਕਰਕੇ ਗੁਰੂ ਅਰਪਣ ਹੀ ਹੋ ਗਏ)। ੬. (ਗੁਰੂ ਨੇ) ਮਿਹਰ ਕੀਤੀ ਤੇ (ਚੇਲੇ ਨੇ ਪੂਰਨ ਤੌਰ 'ਤੇ ਪ੍ਰੀਤ ਕੀਤੀ ਤਾਂ) ਮੇਲ ਕੀਤਾ, (ਤੇ ਚੇਲੇ ਦੇ) ਭਉ ਤੇ ਭਾਉ ਨੂੰ ਭਾਣੇ (ਵਿਚ ਵੇਖ ਕੇ, ਆਪਣੇ ਨਾਲ ਮੇਲ ਕੇ, ਆਪਣੇ ਜਿਹਾ ਕਰ ਲਿਆ)॥੧॥

੨. ਪੀਰਾਂ ਤੋਂ ਪੀਰ ਕੋਈ ਬਣਦਾ ਹੈ

੧. ਗੁਰ ਸਿਖਹੁ ਗੁਰ ਸਿਖੁ ਹੈ ਪੀਰ ਪੀਰਹੁ ਕੋਈ।
੨. ਸਬਦਿ ਸੁਰਤਿ ਚੇਲਾ ਗੁਰੂ ਪਰਮੇਸਰੁ ਸੋਈ।
੩. ਦਰਸਨਿ ਦਿਸਟਿ ਧਿਆਨੁ ਧਰਿ ਗੁਰ ਮੂਰਤਿ ਹੋਈ।
੪. ਸਬਦ ਸੁਰਤਿ ਕਰਿ ਕੀਰਤਨੁ ਸਤਿਸੰਗਿ ਵਿਲੋਈ।
੫. ਵਾਹਿਗੁਰੂ ਗੁਰਮੰਤ੍ਰੁ ਹੈ ਜਪਿ ਹਉਮੈ ਖੋਈ।
੬. ਆਪੁ ਗਵਾਇ ਆਪਿ ਹੈ ਗੁਣ ਗੁਣੀ ਪਰੋਈ॥੨॥

ਪਦ ਅਰਥ - ਵਿਲੋਈ=ਰਿੜਕਣਾ। ਖੋਈ=ਖਤਮ ਕਰਨੀ। ਪਰੋਈ=ਪਰੁਚ ਜਾਂਦੇ।

ਅਰਥ - ੧. ਗੁਰੂ ਦੇ ਸਿੱਖ (ਤੋਂ ਪੂਰੇ ਗੁਰੂ ਦੀ ਸਿੱਖਿਆ ਸੁਣ ਕੇ ਅਨੇਕਾਂ) ਸਿੱਖ ਅੱਗੋਂ ਹੁੰਦੇ ਹਨ, ਪਰ ਪੀਰ ਤੋਂ ਪੀਰ ਕੋਈ ਵਿਰਲਾ ਬਣਦਾ ਹੈ। ੨. (ਜਿਸ ਦੀ) ਸੁਰਤਿ ਵਿਚ ਗੁਰੂ ਸ਼ਬਦ (ਦੀ ਪ੍ਰੀਤੀ, ਕਮਾਈ ਤੇ ਵਿਚਾਰ) ਹੋਵੇ, ਉਸੇ ਸੁਰਤ (ਜਾਂ ਚੇਲੇ, ਭਾਵ ਸਿੱਖ ਵਿਚ ਹੀ) ਉਹ ਪਰਮੇਸ਼ਰ (ਆ ਵਸਦਾ) ਹੈ। ੩. (ਉਹ

ਸਿੱਖ, ਗੁਰੂ ਦੇ) ਦਰਸ਼ਨ (ਭਾਵ ਸਰੂਪ ਨੂੰ) ਨੇਤਰਾਂ ਵਿਚ ਬਿਠਾ ਧਿਆਨ ਧਰਦਾ ਹੋਇਆ, ਗੁਰ ਮੂਰਤ ਦਾ ਰੂਪ ਹੀ ਬਣ ਜਾਂਦਾ ਹੈ। ੪. ਸਿੱਖ ਗੁਰੂ ਦੇ ਸ਼ਬਦ ਨੂੰ ਸੁਰਤ ਵਿਚ ਰੱਖ ਕੇ ਸਤਿਸੰਗ ਵਿਚ ਜਾ ਕੇ ਕੀਰਤਨ ਸੁਣਦਾ ਤੇ ਸੱਚੇ ਵਿਚਾਰਾਂ ਨੂੰ ਵਿਚਾਰਦਾ ਹੈ। ੫. ਗੁਰੂ ਦਾ ਗੁਰਮੰਤ੍ਰ (ਸ਼ਬਦ) ਵਾਹਿਗੁਰੂ ਹੈ, ਜਿਸ ਨੂੰ ਜਪ ਜਪ ਕੇ (ਸਿੱਖ) ਹਉਮੈ ਤੇ ਹੰਕਾਰ ਨੂੰ ਖਤਮ ਕਰੀ ਜਾਂਦਾ ਹੈ। ੬. ਆਪਾ (ਭਾਵ) ਗਵਾ ਕੇ (ਹੀ ਆਪਣਾ ਸ੍ਵੈ ਸਰੂਪ) ਆਪ ਪ੍ਰਤੀਤ ਹੁੰਦਾ ਹੈ (ਤੇ ਫਿਰ ਗੁਣਾਂ ਦੇ ਖਜ਼ਾਨੇ ਗੁਰੂ) ਗੁਣੀ (ਗੁਣਾਂ ਦੇ ਸਮੂਹ। ਭਾਵ ਮਾਲਾ ਵਿਚ) ਗੁਣ ਰੂਪ ਹੋ ਪਰਚ (ਮਿਲ) ਜਾਂਦਾ ਹੈ॥ ੨॥

੩. ਸੰਜੋਗੀ ਕਰਮਾਂ ਦਾ ਵਰਣਨ

੧. ਦਰਸਨ ਦਿਸਟਿ ਸੰਜੋਗੁ ਹੈ ਭੈ ਭਾਇ ਸੰਜੋਗੀ।
੨. ਸਬਦ ਸੁਰਤਿ ਬੈਰਾਗੁ ਹੈ ਸੁਖ ਸਹਜ ਅਰੋਗੀ।
੩. ਮਨ ਬਚ ਕਰਮ ਨ ਭਰਮੁ ਹੈ ਜੋਗੀਸਰੁ ਜੋਗੀ।
੪. ਪਿਰਮ ਪਿਆਲਾ ਪੀਵਣਾ ਅੰਮ੍ਰਿਤ ਰਸ ਭੋਗੀ।
੫. ਗਿਆਨੁ ਧਿਆਨੁ ਸਿਮਰਣੁ ਮਿਲੈ ਪੀ ਅਪਿਓ ਅਸੋਗੀ॥ ੩॥

ਪਦ ਅਰਥ - ਸੰਜੋਗੀ=ਮਿਲਣਾ। ਜੋਗੀ=ਜੁੜਨਾ। ਭੋਗੀ=ਵਸਤੂਆਂ ਨੂੰ ਵਰਤਣ ਵਾਲਾ। ਅਸੋਗੀ=ਸੋਗ ਤੋਂ ਖਾਲੀ।

ਅਰਥ - ੧. ਜਿਸ ਦੀ ਨਜ਼ਰ (ਗੁਰੂ ਦੇ) ਦਰਸ਼ਨਾਂ ਨਾਲ ਜੁੜੀ ਹੈ, (ਉਹ ਭੈ ਅਤੇ) ਪ੍ਰੇਮ ਦਾ ਸੰਜੋਗੀ (ਮੇਲੀ) ਹੈ। (ਭਾਵ ਗੁਰੂ ਦੇ ਦਰਸ਼ਨਾਂ ਨੇ ਉਸਦੇ ਹਿਰਦੇ ਗੁਰੂ ਦਾ ਭੈ ਤੇ ਸਤਿਕਾਰ ਦਾ ਸੰਜੋਗ ਬਣਾ ਦਿੱਤਾ ਹੈ)। ੨. ਸ਼ਬਦ ਤੇ ਸੁਰਤ (ਦੇ ਸੰਜੋਗ ਤੋਂ ਹੀ ਵੈਰਾਗ ਹੈ, (ਤੇ ਬੈਰਾਗ ਤੋਂ) ਸਹਿਜ ਸੁਖਾਂ ਤੇ ਰੋਗ ਰਹਿਤ (ਦੇਹੀ ਦਾ ਸੰਜੋਗ ਹੁੰਦਾ) ਹੈ। ੩. ਮਨ, ਬਚਨ ਤੇ ਕਰਮ ਕਰਕੇ (ਉਸ ਦੇ ਅੰਦਰ ਕੋਈ ਭਰਮ ਨਹੀਂ ਰਹਿੰਦਾ, ਅਰ ਉਸ ਦੀ ਦਸ਼ਾ) ਜੋਗੀਆਂ ਦੇ ਜੋਗੀਸ਼ਰ (ਮੁਖੀ) ਵਰਗੀ ਹੈ। ੪. (ਕਿਉਂਕਿ ਉਪ੍ਰੋਕਤ ਸੁਰਤਿ ਜੋਗੀਸ਼ਰ ਨੇ ਕੇਵਲ ਗੁਰੂ ਸਿੱਖਿਆ ਦੇ) ਪ੍ਰੇਮ-ਪਿਆਲੇ ਨੂੰ ਹੀ ਪੀਣਾ ਹੈ, (ਇਸ ਲਈ ਸੱਚੇ ਅਰਥਾਂ ਵਿਚ) ਅੰਮ੍ਰਿਤ ਰਸ ਦਾ ਭੋਗੀ (ਰਸ ਦਾ ਆਨੰਦ ਮਾਨਣ ਵਾਲਾ ਹੈ। ੫. (ਇਸ ਦਸ਼ਾ ਵਿਚ ਉਸ ਉਚੀ ਸੁਰਤ ਵਾਲੇ ਨੂੰ) ਗਿਆਨ, ਧਿਆਨ ਤੇ ਸਿਮਰਣ (ਦਾ ਸੁਆਦ ਹੀ) ਮਿਲਦਾ ਹੈ, (ਤੇ ਇਸ ਅੰਮ੍ਰਿਤ ਰਸ ਨੂੰ ਪੀ ਕੇ ਉਹ) ਸੋਗਾਂ ਤੋਂ ਰਹਿਤ ਹੋ ਜਾਂਦਾ ਹੈ॥ ੩॥

੪. ਪਿਰਮ ਰਸ ਦੀ ਮਸਤੀ

੧. ਗੁਰਮੁਖਿ ਸੁਖ ਫਲੁ ਪਿਰਮ ਰਸੁ ਕਿਉ ਆਖਿ ਵਖਾਣੈ।
੨. ਸੁਣਿ ਸੁਣਿ ਆਖਣੁ ਆਖਣਾ ਓਹੁ ਸਾਉ ਨ ਜਾਣੈ।

੩. ਬ੍ਰਹਮਾ ਬਿਸਨੁ ਮਹੇਸੁ ਮਿਲਿ ਕਥਿ ਵੇਦ ਪੁਰਾਣੈ।
੪. ਚਾਰਿ ਕਤੇਬਾਂ ਆਖੀਅਨਿ ਦੀਨ ਮੁਸਲਮਾਣੈ।
੫. ਸੇਖਨਾਗੁ ਸਿਮਰਣੁ ਕਰੈ ਸਾਂਗੀਤ ਸੁਹਾਣੈ।
੬. ਅਨਹਦ ਨਾਦ ਅਸੰਖ ਸੁਣਿ ਹੋਏ ਹੈਰਾਣੈ।
੭. ਅਕਥ ਕਥਾ ਕਰਿ ਨੇਤਿ ਨੇਤਿ ਪੀਲਾਏ ਭਾਣੈ॥ ੪॥

ਪਦ ਅਰਥ - ਪਿਰਮ ਰਸੁ=ਪ੍ਰੇਮ ਦੇ ਰਸ ਦੀ ਖੁਮਾਰੀ। ਆਖਣੁ ਆਖਣਾ=ਨਿਰੇ ਕਥਨ ਜਾਂ ਗੱਲਾਂ। ਸਾਉ=ਸੁਆਦ, ਰਸ। ਸਾਂਗੀਤ ਸੁਹਾਣੈ=ਸੁਹਣੇ ਤੇ ਸ਼ੋਭਾ ਵਾਲੇ ਛੰਦਾਂ ਦੇ ਬੰਦ।

ਅਰਥ - ੧. ਗੁਰਮੁਖ (ਲੋਕਾਂ) ਨੂੰ ਜੋ ਸੁਖ-ਫਲ ਪ੍ਰੇਮ ਦੇ ਰਸ' ਦਾ ਹੈ, (ਉਸ ਆਨੰਦ ਭਰੇ ਰਸ ਦੀ ਮਸਤੀ ਨੂੰ) ਕੋਈ ਕਿਹੋ ਜਿਹਾ ਜਾਂ ਕੈਸਾ ਹੈ, ਆਖ ਕੇ ਦੱਸੇ। ੨. ਸੁਣ ਸੁਣ ਕੇ (ਯਾਦ ਕਰ ਕਰ ਜੋ ਨਿਰਾ) ਆਖੀ ਜਾਂਦਾ ਹੈ, ਉਹ ਆਪ ਉਸ ਦਾ ਸੁਆਦ ਨਹੀਂ ਜਾਣਦਾ। (ਉਸ ਨਾਲ ਨਾ ਸੁਣਨ ਵਾਲਿਆਂ ਨੂੰ ਤੇ ਨਾ ਆਖਣ ਵਾਲੇ ਨੂੰ ਹੀ ਉਸ ਪਰਮ ਰਸ ਦੀ ਕੋਈ ਪ੍ਰਤੀਤੀ ਹੁੰਦੀ ਹੈ)। ੩. ਬ੍ਰਹਮਾ, ਵਿਸ਼ਨੂੰ ਤੇ ਮਹੇਸ਼ ਮਿਲ ਕੇ ਕਥਨ ਕਰ ਰਹੇ ਹਨ, ਵੇਦਾਂ ਤੇ ਪੁਰਾਣਾਂ ਦੇ (ਪਰ ਉਹ ਵੀ ਇਸ ਰਸ ਨੂੰ ਜਾਣਦੇ ਤੇ ਮਾਨਣ ਤੋਂ ਉਰੇ ਹੀ ਹਨ, ਪੂਰੇ ਨਹੀਂ ਹਨ)। ੪. ਮੁਸਲਮਾਨਾਂ ਦੇ ਦੀਨ (ਮਜ਼ਹਬ) ਦੀਆਂ ਚਾਰ ਕਤੇਬਾਂ (ਸ਼ਰੀਅਤ, ਤਰੀਕਤ, ਹਕੀਕਤ ਤੇ ਮਾਅਰਫਤ) ਵੀ ਨਿਰਾ ਆਖਣ ਵਾਲੀ ਗੱਲ ਹੀ ਕਰ ਰਹੀਆਂ ਹਨ, (ਪਰ ਇਸ ਸੱਚੇ ਰਸ ਨੂੰ ਪ੍ਰਾਪਤ ਕਰਨ ਤੋਂ ਦੂਰ ਹਨ)। ੫. ਸ਼ੇਖਨਾਗ ਵੀ ਸੰਗੀਤ ਦੇ ਛੰਦਾਂ ਨੂੰ ਬਣਾਉਂਦਾ ਤੇ (ਨਿਰਾ) ਗਾਉਂਦਾ ਹੀ ਰਹਿੰਦਾ ਹੈ। (ਸੁਆਦ ਨਹੀਂ ਜਾਣਦਾ। ੬. ਅਨੇਕਾਂ ਜੋਗੀ) ਅਨਾਹਦ ਨਾਦ ਦੀਆਂ ਧੁਨਾਂ ਸੁਣਨ ਵਿਚ (ਤੇ ਦਸਮ ਦੁਆਰ ਵਿਖੇ ਪਹੁੰਚਣ ਦੇ ਜਤਨਾਂ ਵਿਚ ਹੀ) ਹੈਰਾਨ ਹੋਏ ਫਿਰਦੇ ਹਨ। ੭. (ਪਰ) ਜਿਸ ਅਕਥ ਕਥਾ ਨੂੰ ਕਥ ਕਥ ਕੇ ਮਗਰੋਂ (ਜਿਸ ਪ੍ਰਭੂ ਨੂੰ) ਨੇਤ ਨੇਤ ਵੀ ਆਖਦੇ ਹਨ (ਉਹ ਪਰਮੇਸ਼ਰ) ਹੀ ਆਪਣੇ ਭਾਣੇ ਵਿਚ (ਭਾਵ ਮਰਜ਼ੀ ਨਾਲ ਜਿਸ ਨੂੰ) ਪਿਲਾਏ, (ਓਹੀ ਇਸ ਅੰਮ੍ਰਿਤ ਰਸ ਨੂੰ) ਪੀਂਦਾ ਹੈ॥ ੪॥

੫. ਫਿਰ ਉਹੀ ਪਿਰਮ ਰਸ ਦੀ ਮਹਾਨਤਾ

੧. ਗੁਰਮੁਖਿ ਸੁਖ ਫਲੁ ਪਿਰਮ ਰਸੁ ਛਿਅ ਰਸ ਹੈਰਾਣਾ।
੨. ਛਤੀਹ ਅੰਮ੍ਰਿਤ ਤਰਸਦੇ ਵਿਸਮਾਦ ਵਿਡਾਣਾ।
੩. ਨਿਝਰ ਧਾਰ ਹਜਾਰ ਹੋਇ ਭੈ ਚਕਿਤ ਭੁਲਾਣਾ।
੪. ਇੜਾ ਪਿੰਗੁਲਾ ਸੁਖਮਨਾ ਸੋਹੰ ਨ ਸਮਾਣਾ।
੫. ਵੀਹ ਇਕੀਹ ਚੜ੍ਹਾਉ ਚੜ੍ਹਿ ਪਰਚਾ ਪਰਵਾਣਾ।
੬. ਪੀਤੇ ਬੋਲਿ ਨ ਹੰਘਈ ਆਖਾਣ ਵਖਾਣਾ॥ ੫॥

ਪਦ ਅਰਥ - ਵਿਸਮਾਦ ਵਿਡਾਣਾ=ਮਸਤੁਲਮਸਤ। ਚਕਿਤ=ਹੈਰਾਨ ਹੋਣਾ। ਸਮਾਣਾ=ਰਚਣਾ। ਪਰਚਾ=ਘਾਲ ਕਮਾਈ। ਹੰਘਈ=ਕਰ ਸਕਣਾ।

ਅਰਥ - ੧. ਗੁਰਮੁਖਾਂ ਦੇ ਸੁਖ ਫਲ, ਪ੍ਰੇਮ ਰਸ ਦੇ ਮੁਕਾਬਲੇ (ਟਾਕਰਾ ਨਾ ਕਰਨ ਕਰਕੇ) ਛੇ ਰਸ ਹੈਰਾਨ ਪ੍ਰੇਸ਼ਾਨ ਹਨ। ੨. ਛਤੀਹ (ਪ੍ਰਕਾਰ ਦੇ ਭੋਜਨਾਂ ਦੇ) ਅੰਮ੍ਰਿਤ ਰਸ (ਇਸ ਰਸ ਨੂੰ) ਤਰਸਦੇ ਤੇ ਵੱਡੇ ਅਸਚਰਜ ਹੋ ਰਹੇ ਹਨ (ਕਿ ਇਸ ਰਸ ਦਾ ਕੈਸਾ ਸੁਆਦ ਹੋਵੇਗਾ, ਜੋ ਸਾਨੂੰ ਪ੍ਰਾਪਤ ਨਹੀਂ ਹੁੰਦਾ)। ੩. ਇੱਕ ਰਸ (ਅੰਮ੍ਰਿਤ) ਦੀ ਧਾਰਾ ਹਜ਼ਾਰਾਂ ਹੋ ਕੇ ਭਾਵੇਂ (ਦਸਮ ਦੁਆਰ) ਵਿਚ ਪੈ ਰਹੀਆਂ ਹਨ, ਪਰ (ਦਸਮ ਦੁਆਰ ਦਾ) ਅੰਮ੍ਰਿਤ ਰਸ ਵੀ ਗੁਰਮੁਖੀ ਅੰਮ੍ਰਿਤ ਰਸ ਦੇ ਭੈ ਵਿਚ ਹੈਰਾਨ ਤੇ (ਭਰਮ ਵਿਚ ਪੈ) ਭਟਕ ਰਿਹਾ ਹੈ (ਕਿ ਉਹ ਰਸ ਕੈਸਾ ਹੈ?) ੪. ਜੋਗੀ ਲੋਕ ਇੜਾ ਪਿੰਗਲਾ ਤੇ ਸੁਖਮਨਾ ਨਾੜੀਆਂ (ਵਿਚੋਂ ਕਰੜੀਆਂ ਘਾਲਣਾ ਘਾਲਦਾ ਹੈ) ਪਰ ਗੁਰਮੁਖ ਦੇ ਸੁਖ ਫਲ ਵਿਚ ਇਹਨਾਂ ਨਾੜੀਆਂ ਦੀ ਭੈ ਤੇ ਸੋਹੰ ਦੇ ਜਾਪ ਦੀ ਵੀ ਓਥੇ ਸਮਾਈ ਨਹੀਂ ਹੈ। (ਭਾਵ ਗੁਰਮੁਖ ਦਾ ਫਲ ਸੁਖ ਵਾਲਾ ਹੈ ਕਰੜੀਆਂ ਘਾਲਣਾ ਦੀ ਓਥੇ ਲੋੜ ਨਹੀਂ ਪੈਂਦੀ)। ੫. ਗੁਰਮੁਖ ਤਾਂ ਵੀਹ (ਸੰਸਾਰੀ ਸੁਖਾਂ ਤੋਂ ਅੱਗੇ ਲੰਘ) ਇਕੀਹ ਈਸ਼ਵਰ ਨਾਲ) ਚੜ੍ਹਾਉ ਚੜ੍ਹ ਕੇ (ਆਪਣੇ ਪ੍ਰੇਮ ਦੇ) ਪਰਚੇ ਵਿੱਚ ਪਰਵਾਨ ਮੰਨੇ ਜਾਂਦੇ ਹਨ। ੬. ਇਹ ਅਖਾਣ ਹੈ ਕਿ ਪਾਣੀ ਪੀਂਦਿਆਂ ਬੋਲਿਆ ਨਹੀਂ ਜਾਂਦਾ, ਪਰ ਇਹ ਪ੍ਰੇਮ ਰਸ ਪੀਣ ਵਾਲਾ ਫਿਰ ਕਿਵੇਂ ਬੋਲ ਸਕਦਾ ਹੈ॥ ੫॥

੬. ਮਸਤੀਆਂ ਦਾ ਵਰਣਨ

੧. ਗਲੀ ਸਾਦੁ ਨ ਆਵਈ ਜਿਚਰੁ ਮੁਹੁ ਖਾਲੀ।
੨. ਮੁਹੁ ਭਰਿਐ ਕਿਉਂ ਬੋਲੀਐ ਰਸ ਜੀਭ ਰਸਾਲੀ।
੩. ਸਬਦੁ ਸੁਰਤਿ ਸਿਮਰਣ ਉਲੰਘਿ ਨਹਿ ਨਦਰਿ ਨਿਹਾਲੀ।
੪. ਪੰਥੁ ਕੁਪੰਥੁ ਨ ਸੁਝਈ ਅਲਮਸਤ ਖਿਆਲੀ।
੫. ਡਗਮਗ ਚਾਲ ਸੁਢਾਲ ਹੈ ਗੁਰਮਤਿ ਨਿਰਾਲੀ।
੬. ਚੜਿਆ ਚੰਦੁ ਨ ਲੁਕਈ ਢਕਿ ਜੋਤਿ ਕੁਨਾਲੀ॥ ੬॥

ਪਦ ਅਰਥ - ਰਸਾਲੀ=ਰਸ ਵਾਲੀ। ਉਲੰਘਿ=ਪਾਰ ਕਰ ਜਾਂ ਟੱਪਕੇ। ਅਲਮਸਤ=ਭੌਰੇ ਵਾਂਗ ਮਸਤ। ਸੁਢਾਲ=ਸੁਚੱਜੀ।

ਅਰਥ - ੧. ਮੂੰਹ ਦੀਆਂ ਗੱਲਾਂ (ਖਿਆਲੀ ਰਸ ਦੀਆਂ ਗੱਲਾਂ) ਕਰਨ ਨਾਲ (ਰਸ ਦਾ) ਸੁਆਦ ਨਹੀਂ ਆ ਸਕਦਾ, ਜਿੰਨਾਂ ਚਿਰ ਕਿ ਮੂੰਹ (ਰਸ ਤੋਂ) ਖਾਲੀ ਹੈ। ੨. ਜਦੋਂ ਮੂੰਹ ਰਸ ਨਾਲ ਭਰ ਜਾਏ, ਤੇ ਫੇਰ ਬੋਲਿਆ ਨਹੀਂ ਜਾਂਦਾ, ਕਿਉਂਕਿ ਜੀਭ ਰਸਾਂ ਦੇ ਰਸ ਨਾਲ ਰਸ ਵਾਲੀ ਬਣੀ ਹੁੰਦੀ ਹੈ। ੩. (ਗੁਰਮੁਖ) ਸ਼ਬਦ ਨੂੰ ਸੁਰਤ ਵਿਚ ਰੱਖ ਸਿਮਰਣ ਲੰਘ, ਪਾਰ ਹੋ, (ਅਗਲੀ ਰਸ-ਰਸਾਲਤਾ ਦੀ ਹੱਦ ਵਿਚ ਜਦੋਂ ਪੁੱਜ ਜਾਂਦੇ ਹਨ, ਤਾਂ ਫਿਰ ਉਹ) ਕਿਸੇ ਹੋਰ ਚੀਜ਼ ਵੱਲ ਵੇਖਦੇ ਹੀ ਨਹੀਂ। ੪. ਰਾਹ ਕੁਰਾਹ ਨਹੀਂ ਸੁਝਦਾ ਆਪਣੇ ਰਸਤੇ 'ਤੇ

ਤੁਰੇ ਜਾਂਦਿਆਂ ਨੂੰ, ਆਪਣੀ ਮਸਤੀ ਦੇ ਖਿਆਲ (ਵਿਚ ਮਗਨ) ਤੁਰੇ ਜਾਂਦੇ ਹਨ। ੫. (ਪ੍ਰੇਮ ਵਿਚ ਆਏ, ਭਾਵੇਂ) ਡਗ ਮਗਾਉਂਦੇ (ਡੋਲਦੇ ਜ਼ਰੂਰ ਹਨ, ਪਰ ਡਿੱਗਦੇ ਨਹੀਂ) ਚਾਲ ਚਲਦੇ, ਜੋ ਸੁਹਣੀ (ਲੱਗਦੀ) ਹੈ, ਗੁਰਮਤ (ਦੀ ਇਹ ਚਾਲ ਹੀ) ਨਿਰਾਲੀ ਹੈ। ੬. (ਇਹ ਨਿਰਾਲੀ ਚਾਲ ਉਘੜ ਆਉਂਦੀ ਹੈ, ਗੁਝੀ ਨਹੀਂ ਰਹਿੰਦੀ; ਜਿਵੇਂ) ਚੜ੍ਹੇ ਹੋਏ ਚੰਦ ਨੂੰ ਕੋਈ ਅੱਖਾਂ ਅੱਗੇ ਹੱਥ ਦੇ ਕੇ, ਜਾਂ ਕੁਨਾਲੀ ਅੱਗੇ ਕਰਕੇ ਉਸ ਦੇ ਚਾਨਣੇ ਨੂੰ ਢੱਕ ਕੇ ਲੁਕਾ ਨਹੀਂ ਸਕਦਾ॥ ੬॥

੭. ਅੰਮ੍ਰਿਤ ਰਸ ਦੀ ਵਿਲੱਖਣਤਾ

੧. ਲਖ ਲਖ ਬਾਵਨ ਚੰਦਨਾ ਲਖ ਅਗਰ ਮਿਲੰਦੇ।
੨. ਲਖ ਕਪੂਰ ਕਥੂਰੀਆ ਅੰਬਰ ਮਹਿਕੰਦੇ।
੩. ਲਖ ਲਖ ਗਉੜੇ ਮੇਦ ਮਿਲਿ ਕੇਸਰ ਚਮਕੰਦੇ।
੪. ਸਭ ਸੁਗੰਧ ਰਲਾਇ ਕੈ ਅਰਗਜਾ ਕਰੰਦੇ।
੫. ਲਖ ਅਰਗਜੇ ਫੁਲੇਲ ਫੁਲ ਫੁਲਵਾੜੀ ਸੰਦੇ।
੬. ਗੁਰਮੁਖਿ ਸੁਖ ਫਲ ਪਿਰਮ ਰਸੁ ਵਾਸੂ ਨ ਲਹੰਦੇ॥ ੭॥

ਪਦ ਅਰਥ - ਕਥੂਰੀ=ਕਸਤੂਰੀ। ਅੰਬਰ=ਮੁਸ਼ਕੰਬਰ। ਅਰਗਜਾ=੨੨ ਸੁਗੰਧੀਆਂ ਦਾ ਸਮੂਹ। ਵਾਸੂ=ਵਾਸ਼ਨਾ।

ਅਰਥ - ੧. ਕਈ ਕਈ ਲੱਖਾਂ ਬਾਵਨ ਚੰਦਨ, ਤੇ ਲੱਖਾਂ ਹੀ ਨਾਲ ਅਗਰ ਮਿਲਾ ਦਿਉ। ੨. ਲੱਖਾਂ ਕਪੂਰ ਤੇ ਲੱਖਾਂ ਕਸਤੂਰੀਆਂ, ਮੁਸ਼ਕੰਬਰ ਮਹਿਕ ਦੇਂਦੇ ਹੋਣ। ੩. ਲੱਖਾਂ ਗੋਰੋਚਨ (ਗਊ ਦੇ ਮੱਥੇ ਵਿਚੋਂ ਪ੍ਰਾਪਤ ਹੋਣ ਵਾਲਾ), ਲੱਖਾਂ ਮੇਦ (ਮੁਸ਼ਕ ਬਿਲਾਈ) ਤੇ ਲੱਖਾਂ ਕੇਸਰ ਨਾਲ ਚਮਕਦੇ ਹੋਣ। ੪. ਸਭ ਸੁਗੰਧਾਂ ਨੂੰ ਰਲਾ ਕੇ ਇਕੱਠੇ ਕਰੋ, ਅਰਗਜਾ ਬਣਾ ਲਓ। ੫. ਲੱਖਾਂ ਅਰਗਜੇ (ਸੁਗੰਧੀਆਂ ਮਿਲਾ ਕੇ), ਫੁਲਾਂ ਦਾ ਫੁਲੇਲ (ਕਿਉੜੇ) ਲੱਖਾਂ ਫੁਲਵਾੜੀ ਦੇ ਫੁਲਾਂ ਨੂੰ ਨਾਲ ਰੱਖ ਲਓ। ੬. (ਏਨਾ ਕੁਝ ਕਰਕੇ ਵੀ) ਗੁਰਮੁਖ ਦੇ ਸੁਖ ਫਲ ਦੀ ਮਹਿਕ ਦੇ ਤੁਲ (ਉਪਰੋਕਤ ਸਾਰੀਆਂ ਸੁਗੰਧਾਂ ਮਿਲਕੇ ਵੀ ਟਾਕਰਾ) ਨਹੀਂ ਕਰ ਸਕਦੀਆਂ॥ ੭॥

੮. ਪਿਰਮ ਰਸ ਦੀ ਸੁੰਦਰਤਾ

੧. ਰੂਪ ਸਰੂਪ ਅਨੂਪ ਲਖ ਇੰਦ੍ਰ ਪੁਰੀ ਵਸੰਦੇ।
੨. ਰੰਗ ਬਿਰੰਗ ਸੁਰੰਗ ਲਖ ਬੈਕੁੰਠ ਰਹੰਦੇ।
੩. ਲਖ ਜੋਬਨ ਸੀਗਾਰ ਲਖ ਲਖ ਵੇਸ ਕਰੰਦੇ।
੪. ਲਖ ਦੀਵੇ ਲਖ ਤਾਰਿਆਂ ਜੋਤਿ ਸੂਰਜ ਚੰਦੇ।

੫. ਰਤਨ ਜਵਾਹਰ ਲਖ ਮਣੀ ਜਗ ਮਗ ਟਹਕੰਦੇ।
੬. ਗੁਰਮੁਖਿ ਸੁਖ ਫਲੁ ਪਿਰਮ ਰਸ ਜੋਤੀ ਨ ਪੁਜੰਦੇ॥ ੮॥

ਪਦ ਅਰਥ - ਇੰਦ੍ਰ ਪੁਰੀ=ਸੁਰਗਾਪੁਰੀ। ਬਿਰੰਗ=ਜਿਸ ਦੇ ਰੰਗ ਵਰਗਾ ਕੋਈ ਨਹੀਂ। ਟਹਕੰਦੇ=ਖਿੜਨਾ ਜਾਂ ਟਹਿਕਣਾ। ਪੁਜੰਦੇ=ਪਹੁੰਚਦੇ।

ਅਰਥ - ੧. ਲੱਖਾਂ ਸੁੰਦਰ ਸਰੂਪ ਤੇ ਲੱਖਾਂ ਸੁੰਦਰਤਾਈਆਂ ਜੋ ਸੁਰਗਾਪੁਰੀ ਵਿਚ ਵਸਦੀਆਂ ਹਨ। ੨. ਰੰਗ, ਨ ਲੱਭ ਸਕਣ ਵਾਲੇ ਰੰਗ, ਤੇ ਸੁਹਣੇ ਰੰਗ, ਜੋ ਬੈਕੁੰਠ (ਵਿਸ਼ਨੂੰ ਪੁਰੀ) ਵਿਚ ਰਹਿੰਦੇ ਹਨ। ੩. ਲੱਖਾਂ ਜੋਬਨ (ਜਵਾਨੀਆਂ) ਵਾਲੇ ਤੇ ਲੱਖਾਂ (ਹਾਰ-) ਸ਼ਿੰਗਾਰ ਲਾ ਕੇ, ਲੱਖਾਂ ਕਿਸਮਾਂ (ਦੇ ਸੁੰਦਰ) ਵੇਸ ਕਰਦੇ ਹਨ। ੪. ਲੱਖਾਂ ਦੀਵੇ ਚੰਦ ਸੂਰਜਾਂ ਦੀਆਂ ਜੋਤਾਂ ਵਾਂਗ ਚਮਕਣ ਵਾਲੇ ਤੇ ਲੱਖਾਂ ਤਾਰਿਆਂ ਦਾ ਪ੍ਰਕਾਸ਼ ਹੋਵੇ। ੫. ਲੱਖਾਂ ਰਤਨ, ਜਵਾਹਰ ਤੇ ਲੱਖਾਂ ਹੀ ਮਣੀਆਂ ਜੋ ਜਗਮਗ ਪ੍ਰਕਾਸ਼ ਕਰਕੇ ਟਹਿਕ ਰਹੇ ਹੋਣ। ੬. (ਤਾਂ ਇਹ ਸਾਰੇ ਪ੍ਰਕਾਸ਼) ਗੁਰਮੁਖ ਦੇ (ਇੱਕ) ਸੁਖ ਫਲ ਤੇ ਅੰਮ੍ਰਿਤ ਰਸ ਦੇ ਪ੍ਰਕਾਸ਼ ਨਾਲ ਨਹੀਂ ਮਿਲ ਸਕਦੇ॥ ੮॥

੯. ਫਿਰ ਓਹੀ ਗੁਰਮੁਖ ਦੇ ਪਿਰਮ ਰਸ ਦੀ ਮਹਿਮਾ

੧. ਚਾਰਿ ਪਦਾਰਥ ਰਿਧਿ ਸਿਧਿ ਨਿਧਿ ਲਖ ਕਰੋੜੀ।
੨. ਲਖ ਪਾਰਸ ਲਖ ਪਾਰਿਜਾਤ ਲਖ ਲਖਮੀ ਜੋੜੀ।
੩. ਲਖ ਚਿੰਤਾਮਣਿ ਕਾਮਧੇਣੁ ਚਤੁਰੰਗ ਚਮੋੜੀ।
੪. ਮਾਣਕ ਮੋਤੀ ਹੀਰਿਆ ਨਿਰਮੋਲ ਮਹੋੜੀ।
੫. ਲਖ ਕਵਿਲਾਸ ਸੁਮੇਰੁ ਲਖ ਲਖ ਰਾਜ ਬਹੋੜੀ।
੬. ਗੁਰਮੁਖਿ ਸੁਖ ਫਲੁ ਪਿਰਮ ਰਸੁ ਮੁਲੁ ਅਮੁਲੁ ਸੁਥੋੜੀ॥ ੯॥

ਪਦ ਅਰਥ - ਮਹੋੜੀ=ਮਹਾਨ। ਕਵਿਲਾਸ=ਕੈਲਾਸ਼ ਪਰਬਤ, ਚਾਂਦੀ ਦਾ। ਬਹੋੜੀ=ਮੁੜ ਮੁੜ। ਸੁਥੋੜੀ=ਸਥਿਰ।

ਅਰਥ - ੧. ਚਾਰ ਪਦਾਰਥ (ਧਰਮ, ਅਰਥ, ਕਾਮ ਤੇ ਮੋਖ) ਰਿੱਧੀਆਂ ਤੇ ਸਿੱਧੀਆਂ ਅਤੇ ਨੌਂ ਨਿਧਾਂ ਲੱਖਾਂ ਤੇ ਕਰੋੜਾਂ ਹੋ ਜਾਣ। ੨. ਲੱਖਾਂ ਪਾਰਸ, ਲਖਾਂ ਹੀ ਪਾਰਜਾਤ (ਬ੍ਰਿਛ) ਲੱਖਾਂ ਹੀ ਲਖਮੀਆਂ (ਧਨ ਸੰਪਦਾ) ਜੋੜੀ ਜਾਏ। ੩. ਲੱਖਾਂ ਹੀ ਚਿੰਤਾਮਣੀਆਂ ਤੇ ਕਾਮਧੇਨ (ਗਊਆਂ), ਚਤੁਰੰਗ (ਚਾਰੇ ਪ੍ਰਕਾਰ ਦੀ ਸੈਨਾ ਵੀ) ਚਮੋੜ ਲਵੇ। ੪. ਮਾਣਕ, ਮੋਤੀ ਹੀਰੇ ਨਿਰਮੋਲਕ ਵੱਡੇ ਤੋਂ ਵੱਡੇ ਲੱਖਾਂ ਹੋ ਜਾਣ। ੫. ਲੱਖਾਂ ਕਵਿਲਾਸ (ਚਾਂਦੀ ਦੇ) ਤੇ ਲੱਖਾਂ ਹੀ ਸੁਮੇਰ ਅਤੇ ਲੱਖਾਂ ਹੀ ਰਾਜੇ ਨਾਲ ਇਕੱਠੇ ਕਰ ਲਵੇ। ੬. (ਪਰ) ਗੁਰਮੁਖ ਦੇ ਸੁਖ ਫਲ, ਪ੍ਰੇਮ ਰਸ ਦੇ ਮੁੱਲ ਤੋਂ ਅਮੁੱਲ ਹੈ। ਭਾਵ ਉਸ ਦਾ ਕੋਈ ਮੁੱਲ ਨਹੀਂ॥ ੮॥

੧੦. ਪਿਰਮ ਪਿਆਲੇ ਦੀ ਇਕ ਬੂੰਦ

੧. ਗੁਰਮੁਖਿ ਸੁਖ ਫਲ ਲਖ ਲਖ ਲਖ ਲਹਿਰ ਤਰੰਗਾ।
੨. ਲਖ ਦਰੀਆਉ ਸਮਾਉ ਕਰਿ ਲਖ ਲਹਰੀ ਅੰਗਾ।
੩. ਲਖ ਦਰੀਆਉ ਸਮੁੰਦ ਵਿਚਿ ਲਖ ਤੀਰਥ ਗੰਗਾ।
੪. ਲਖ ਸਮੁੰਦ ਗੜਾੜ ਵਿਚਿ ਬਹੁ ਰੰਗ ਬਿਰੰਗਾ।
੫. ਲਖ ਗੜਾੜ ਤਰੰਗ ਵਿਚਿ ਲਖ ਅੰਝੂ ਕਿਣੰਗਾ।
੬. ਪਿਰਮ ਪਿਆਲਾ ਪੀਵਣਾ ਕੋ ਬੁਰਾ ਨ ਚੰਗਾ॥ ੧੦॥

ਪਦ ਅਰਥ - ਗੜਾੜ=ਮਹਾਂ ਸਾਗਰ। ਅੰਝੂ=ਹੰਝੂ।

ਅਰਥ - ੧. ਗੁਰਮੁਖ ਨੂੰ ਸੁਖ ਫਲ ਦੀ ਪ੍ਰਾਪਤੀ (ਲਖਤਾ) ਹੋਣੀ ਇਹ ਹੈ ਕਿ ਉਸ ਨੂੰ ਲੱਖਾਂ ਲਹਿਰਾਂ ਤੇ ਤਰੰਗਾਂ ਵਾਲੇ (ਸੰਸਾਰ ਸਮੁੰਦਰ ਵਿਚੋਂ) ਪ੍ਰਭੂ ਦੀ ਲਖਤਾ (ਪਛਾਣ) ਹੋ ਜਾਂਦੀ ਹੈ। ੨. (ਜਿਵੇਂ) ਲੱਖਾਂ ਲਹਿਰਾਂ ਦਾ ਸਮੂਹ ਇੱਕ ਦਰਿਆਉ ਦਾ ਅੰਗ (ਰੂਪ) ਬਣ ਕੇ ਦਿਸਦਾ ਹੈ। ੩. (ਜਿਵੇਂ ਇੱਕ) ਸਮੁੰਦਰ ਵਿਚ ਲਖਾਂ ਦਰਿਆਉ ਤੇ ਲੱਖਾਂ ਗੰਗਾ (ਵਰਗੇ ਤੀਰਥ) ਵੱਡੇ ਦਰਿਆ ਸਭ ਇੱਕ ਸਮੁੰਦਰ ਵਿਚ ਸਮਾਏ ਹੋਏ ਹਨ। ੪. ਲੱਖਾਂ ਸਮੁੰਦਰ, ਮਹਾਂ ਸਾਗਰ ਵਿਚ ਖਤਮ ਜਾ ਹੁੰਦੇ ਹਨ, ਮਿਲ ਕੇ ਆਪਣੇ ਸਭ ਰੰਗ ਜਾਂ ਵੱਖਰੇ ਰੰਗ ਵਿਚੇ ਮਿਲ ਕੇ ਇਕੋ ਮਹਾਂ ਸਾਗਰ ਹੀ ਬਣ ਜਾਂਦੇ ਹਨ। ੫. (ਪਰ) ਲੱਖਾਂ ਮਹਾਂ ਸਾਗਰ ਇੱਕ (ਗੁਰਮੁਖ ਦੀ ਗਿਆਨ) ਤਰੰਗ ਵਿਚ ਹਨ (ਤੇ ਲੱਖਾਂ ਪ੍ਰੇਮ ਰਸ ਵਾਲੇ ਗਿਆਨ ਦੇ) ਇੱਕ ਹੰਝੂ ਦੀ ਕਣੀ ਵਿਚ (ਲੁਕੇ ਹੋਏ) ਹਨ। ੬. ਪਿਰਮ ਪਿਆਲਾ ਪੀਣ ਵਾਲੇ ਨੂੰ ਸਭ (ਇੱਕ ਸਮਾਨ ਲੱਗਦੇ) ਬੁਰਾ ਜਾਂ ਭਲਾ, ਸਭ ਲਈ ਇਕੋ ਜੇਹੇ ਹਨ॥ ੧੦॥

੧੧. ਪ੍ਰਭੂ ਦੀ ਬੇਅੰਤਤਾ

੧. ਇਕ ਕਵਾਉ ਪਸਾਉ ਕਰਿ ਓਅੰਕਾਰੁ ਸੁਣਾਇਆ।
੨. ਓਅੰਕਾਰਿ ਅਕਾਰ ਲਖ ਬ੍ਰਹਮੰਡ ਬਣਾਇਆ।
੩. ਪੰਜਿ ਤਤੁ ਉਤਪਤਿ ਲਖ ਤ੍ਰੈ ਲੋਅ ਸੁਹਾਇਆ।
੪. ਜਲਿ ਥਲਿ ਗਿਰਿ ਤਰਵਰ ਸਫਲ ਦਰੀਆਵ ਚਲਾਇਆ।
੫. ਲਖ ਦਰੀਆਉ ਸਮਾਉ ਕਰਿ ਤਿਲ ਤੁਲ ਨ ਤੁਲਾਇਆ।
੬. ਕੁਦਰਤਿ ਇਕ ਅਤੋਲਵੀ ਲੇਖਾ ਨ ਲਿਖਾਇਆ।
੭. ਕੁਦਰਤਿ ਕੀਮ ਨ ਜਾਣੀਐ ਕਾਦਰੁ ਕਿਨਿ ਪਾਇਆ॥ ੧੧॥

ਪਦ ਅਰਥ - ਕਵਾਉ=ਬੋਲ। ਪਸਾਉ=ਸਭ ਪਸਾਰਾ। ਅਕਾਰ=ਰੂਪ, ਮੂਰਤਾਂ। ਕੁਦਰਤਿ=ਪ੍ਰਭੂ ਦੀ ਰਚਨਾ। ਕਾਦਰੁ=ਕਰਨਹਾਰ, ਪਰਮੇਸ਼ਰ।

ਅਰਥ - ੧. (ਪਰਮੇਸ਼ਰ ਜੀ ਨੇ) ਇਕੋ ਵਾਕ (ਮੂੰਹੋਂ ਬੋਲਿਆ), ਕਿ ਸਭ (ਸ੍ਰਿਸ਼ਟੀ ਦਾ) ਪਸਾਰਾ ਪਸਰ ਗਿਆ। ੨. (ਫਿਰ) ਓਅੰਕਾਰ (ਦਾ ਸ਼ਬਦ) ਸੁਣਾਇਆ। ਓਅੰਕਾਰ ਤੋਂ ਲੱਖਾਂ ਅਕਾਰ (ਹੋਂਦ ਵਿਚ ਆਏ ਤੇ) ਇਸੇ ਤਰ੍ਹਾਂ ਸਾਰਾ ਬ੍ਰਹਮੰਡ ਬਣਾ ਦਿੱਤਾ। ੩. ਲੱਖਾਂ ਹੀ ਪੰਜ ਤੱਤਾਂ ਤੋਂ (ਜੀਵ) ਉਤਪੰਨ ਹੋ ਗਏ, ਤੇ ਤਿੰਨੇ ਲੋਕ (ਧਰਤੀ, ਆਕਾਸ਼ ਤੇ ਪਾਤਾਲ) ਸ਼ੋਭਾ ਦੇਣ ਵਾਲੇ ਬਣ ਗਏ। ੪. ਜਲ, ਥਲ, ਪਹਾੜ ਤੇ ਫਲਾਂ ਵਾਲੇ ਬ੍ਰਿਛ ਬੂਟੇ, ਅਤੇ ਲੱਖਾਂ ਹੀ ਦਰੀਆਉ ਚਲਾ ਦਿੱਤੇ। ੫. (ਹੋਰ ਸਭ ਵਸਤੂਆਂ ਛੱਡ) ਕੇ ਲੱਖਾਂ ਦਰਿਆਵਾਂ ਨੂੰ ਇਕੱਠਿਆਂ ਕਰ ਪਾਣੀ ਨੂੰ ਤੋਲੀਏ, ਤਦ ਤਿਲ ਜਿੰਨੇ ਤੋਲ ਦਾ ਵੀ ਨਹੀਂ ਹੋ ਸਕਦਾ। ੬. ਜਦੋਂ ਇਕੋ ਚੀਜ਼ (ਦਰਿਆਵਾਂ) ਦਾ ਹੀ ਹਿਸਾਬ ਨਹੀਂ ਲੱਗਦਾ, ਤੋਲ ਤਾਂ ਉਸ ਦੀ ਸਾਰੀ ਕੁਦਰਤ ਦੇ ਭੰਡਾਰਾਂ ਨੂੰ ਕੌਣ ਤੋਲੇਗਾ, ਜਾਂ ਇਸਦਾ ਕੌਣ ਲੇਖਾ ਲਾ ਸਕਦਾ ਹੈ। ੭. (ਇਸ ਲਈ ਸੋਚੋ ਕਿ) ਜਿਸ ਦੀ ਕੁਦਰਤ ਦਾ ਹੀ ਅੰਤ ਨਹੀਂ ਆਉਂਦਾ, ਉਸ ਕਾਦਰ ਦੀ ਕੀਮਤ ਨੂੰ ਕੌਣ ਪਾ ਸਕਦਾ ਹੈ॥ ੧੧॥

੧੨. ਪ੍ਰੇਮ ਪਿਆਲੇ ਦੀ ਇੱਕ ਬੂੰਦ ਦੀ ਕੀਮਤ ਨਹੀਂ ਪੈਂਦੀ

੧. ਗੁਰਮੁਖਿ ਸੁਖ ਫਲੁ ਪ੍ਰੇਮ ਰਸੁ ਅਬਿਗਤਿ ਗਤਿ ਭਾਈ।
੨. ਪਾਰਾਵਾਰੁ ਅਪਾਰੁ ਹੈ ਕੋ ਆਇ ਨ ਜਾਈ।
੩. ਆਦਿ ਅੰਤਿ ਪਰਜੰਤ ਨਾਹਿ ਪਰਮਾਦਿ ਵਡਾਈ।
੪. ਹਾਥ ਨ ਪਾਇ ਅਥਾਹ ਦੀ ਅਸਗਾਹ ਸਮਾਈ।
੫. ਪਿਰਮ ਪਿਆਲੇ ਬੂੰਦ ਇਕ ਕਿਨਿ ਕੀਮਤਿ ਪਾਈ।
੬. ਅਗਮਹੁ ਅਗਮ ਅਗਾਧਿ ਬੋਧ ਗੁਰ ਅਲਖੁ ਲਖਾਈ॥੧੨॥

ਪਦ ਅਰਥ - ਅਬਿਗਤਿ=ਨਾ ਜਾਣੀ ਜਾ ਸਕਣ ਵਾਲੀ ਹਾਲਤ। ਅਸਗਾਹ=ਉਰਾਰ ਤੇ ਪਾਰ। ਪਰਮਾਦਿ=ਆਦਿ ਅੰਤ ਤੋਂ ਰਹਿਤ।

ਅਰਥ - ੧. ਗੁਰਮੁਖਾਂ ਦਾ ਸੁਖ ਫਲ ਪ੍ਰੇਮ ਦਾ ਰਸ ਹੈ, ਜਿਸ ਦੀ ਹਾਲਤ (ਉੱਚ ਦਸ਼ਾ) ਦੇ ਅੰਤ ਨੂੰ, ਹੇ ਭਾਈ ! ਕੋਈ ਨਹੀਂ ਪਾ ਸਕਦਾ। ੨. ਇਸ ਦਾ ਪਾਰਾਵਾਰ (ਉਰਾਰ, ਪਾਰ) ਅਪਾਰ (ਅੰਤ ਰਹਿਤ) ਹੈ, ਜਿਥੇ ਕੋਈ ਆ ਜਾ ਨਹੀਂ ਸਕਦਾ। ੩. ਇਸ ਦਾ ਆਦਿ ਤੇ ਅੰਤ ਨਹੀਂ ਹੈ, ਜਿਸ ਦੀ ਵਡਿਆਈ ਵੀ ਬਹੁਤ ਵੱਡੀ ਹੈ। ੪. ਕੋਈ ਇਸ ਅਥਾਹ ਦੀ ਥਾਹ ਨਹੀਂ ਪਾ ਸਕਦਾ, ਕਿਉਂਕਿ ਇਹ ਅਸਗਾਹ (ਆਦਿ ਅੰਤ ਰਹਿਤ ਵਿਚ) ਸਮਾਇਆ ਹੋਇਆ ਹੈ। ੫. ਇਸ ਪਿਆਲੇ ਦੀ ਇੱਕ ਬੂੰਦ ਦੀ ਵੀ ਕਿਸੇ ਨੇ ਕੀਮਤ ਨਹੀਂ ਪਾਈ। ੬. (ਉਹ) ਅਗਮੋ ਵੀ ਅਗੰਮ ਤੇ ਅਗਾਧ ਬੋਧ ਹੈ, ਪਰ ਐਸੇ ਅਲਖ (ਨਾ ਲਖੇ ਜਾਣ ਵਾਲੇ ਪ੍ਰਭੂ ਵਿਚ ਗੁਰਦੇਵ) ਗੁਰੂ (ਨਾਨਕ ਜੀ) ਸਮਾਏ ਹੋਏ ਹਨ॥ ੧੨॥

੧੩. ਪਿਰਮ ਰਸ ਦੀ ਨਿਮਖ ਮਾਤ੍ਰ

੧. ਗੁਰਮੁਖਿ ਸੁਖ ਫਲੁ ਪਿਰਮ ਰਸੁ ਤਿਲੁ ਅਲਖੁ ਅਲੇਖੈ।
੨. ਲਖ ਚਉਰਾਸੀਹ ਜੂਨਿ ਵਿਚਿ ਜੀਅ ਜੰਤ ਵਿਸੇਖੈ।
੩. ਸਭਨਾ ਦੀ ਰੋਮਾਵਲੀ ਬਹੁ ਬਿਧਿ ਬਹੁ ਭੇਖੈ।
੪. ਰੋਮਿ ਰੋਮਿ ਲਖ ਲਖ ਸਿਰ ਮੁਹੁ ਲਖ ਸਰੇਖੈ।
੫. ਲਖ ਲਖ ਮੁਹਿ ਮੁਹਿ ਜੀਭੁ ਕਰਿ ਸੁਣਿ ਬੋਲੈ ਦੇਖੈ।
੬. ਸੰਖ ਅਸੰਖ ਇਕੀਹ ਵੀਹ ਸਮਸਰਿ ਨ ਨਿਮੇਖੈ॥੧੩॥

ਪਦ ਅਰਥ - ਤਿਲੁ=ਰਤੀ ਭਰ। ਅਲੇਖੈ=ਲੇਖੇ ਤੋਂ ਰਹਿਤ। ਸਰੇਖੈ=ਅੱਗੇ ਤੋਂ ਅੱਗੇ।

ਅਰਥ - ੧. ਗੁਰਮੁਖ ਦੇ ਪਿਰਮ ਰਸ ਦੇ ਸੁਖ ਫਲ ਦਾ ਇੱਕ ਤਿਲ ਵੀ ਅਲਖ ਤੇ ਅਲੇਖ ਵਾਂਗ ਹੈ। ੨. (ਜਿਵੇਂ) ਲੱਖ ਚਉਰਾਸੀ ਜੂਨਾਂ ਵਿਚ ਗਿਣਤੀ ਰਹਿਤ ਜੀਵ ਜੰਤੂ ਵਿਸੇਖੈ (ਬੇਅੰਤ) ਹਨ। ੩. (ਅੱਗੋਂ) ਸਭ ਦੀ ਰੋਮਾਵਲੀ (ਰੋਮ ਰੋਮ ਤੇ ਰੂਪ ਰੰਗ) ਵੱਖੋ ਵੱਖਰੇ ਤੇ ਕਈ ਰੰਗਾਂ ਤੇ ਭੇਖਾਂ ਦੇ ਹਨ। ੪-੫. ਜੇ ਇਹਨਾਂ ਦੇ ਲੱਖਾਂ ਰੋਮ ਰੋਮ ਉਤੇ ਲੱਖਾਂ ਹੀ ਸਿਰ ਅੱਗੇ ਤੋਂ ਅੱਗੇ ਲੱਗ ਜਾਣ ਤੇ ਲੱਖ ਲੱਖ ਮੂੰਹਾਂ ਦੀਆਂ ਅੱਗੋਂ ਲੱਖ ਲੱਖ ਜੀਭਾਂ ਹੋ ਜਾਣ, (ਅੱਖਾਂ) ਦੇਖਣ ਤੇ ਜੀਭਾ ਬੋਲੇ ਤੇ ਕੰਨ ਸੁਣਨ। ੬. ਪਰ ਏਡਾ ਵੱਡਾ ਪਸਾਰਾ ਕਰਕੇ ਵੀ ਸੰਖ ਤੇ ਅਸੰਖ ਤੇ ਵੀਹ ਤੋਂ ਇਕੀਹ ਨੂੰ ਟੱਪ ਜਾਏ, ਤਾਂ ਵੀ ਗੁਰਮੁਖ ਦੇ ਸੁਖ ਫਲ ਦਾ ਇੱਕ ਨਿਮਖ ਮਾਤਰ ਵੀ ਬਰਾਬਰੀ ਨਹੀਂ ਕਰ ਸਕਦੇ (ਭਾਵ ਇਸ ਉਪਰ ਕਥਨ ਕੀਤੇ ਸਭ ਕੁਝ ਤੋਂ ਗੁਰਮੁਖ ਦੇ ਸੁਖ ਫਲ ਨਿਮਖ ਮਾਤਰ ਹੀ ਵੱਡੇ ਪ੍ਰਤਾਪ ਵਾਲਾ ਹੈ)॥ ੧੩॥

੧੪. ਇਸ ਪ੍ਰੇਮ ਰਸ ਦੇ ਮਿਲਣ ਦੀ ਪਰੰਪਰਾ

੧. ਗੁਰਮੁਖਿ ਸੁਖ ਫਲ ਪਿਰਮ ਰਸੁ ਹੁਇ ਗੁਰੁ ਸਿਖ ਮੇਲਾ।
੨. ਸਬਦ ਸੁਰਤਿ ਪਰਚਾਇ ਕੈ ਨਿਤ ਨੇਹੁ ਨਵੇਲਾ।
੩. ਵੀਹ ਇਕੀਹ ਚੜਾਉ ਚੜਿ ਸਿਖ ਗੁਰੁ ਗੁਰੁ ਚੇਲਾ।
੪. ਅਪਿਉ ਪੀਐ ਅਜਰੁ ਜਰੈ ਗੁਰ ਸੇਵ ਸੁਹੇਲਾ।
੫. ਜੀਵਦਿਆ ਮਰਿ ਚਲਣਾ ਹਾਰਿ ਜਿਣੈ ਵਹੇਲਾ।
੬. ਸਿਲ ਅਲੂਣੀ ਚਟਣੀ ਲਖ ਅੰਮ੍ਰਿਤ ਪੇਲਾ॥ ੧੪॥

ਪਦ ਅਰਥ - ਨਵੇਲਾ=ਨਵੇਂ ਤੋਂ ਨਵਾਂ। ਵਹੇਲਾ=ਵਿਹੁਲਾ ਸੰਸਾਰ। ਸਿਲ ਅਲੂਣੀ=ਕਰੜੀ ਘਾਲਣਾ। ਪੇਲਾ=ਪਰੇ ਧੱਕਣਾ।

ਅਰਥ - ੧. ਗੁਰਮੁਖ ਨੂੰ ਸੁਖ ਫਲ ਤੇ ਪਿਰਮ ਰਸ, ਗੁਰੂ ਨਾਲ ਮਿਲਾਪ ਹੋਣ ਮਗਰੋਂ ਪ੍ਰਾਪਤ ਹੁੰਦਾ ਹੈ। ੨. ਸ਼ਬਦ ਤੇ ਸੁਰਤ ਵਿਚ ਪਰਚ ਕੇ (ਲੱਗ ਕੇ ਗੁਰ ਸਿੱਖ ਦਾ) ਪ੍ਰੇਮ ਤੇ ਪ੍ਰੀਤੀ ਨਿੱਤ ਨਵੀਂ ਨਵੇਲੀ ਹੁੰਦੀ ਜਾਂਦੀ, (ਭਾਵ ਵਧਦੀ ਜਾਂਦੀ) ਹੈ। ੩. ਸੰਸਾਰ ਵੀਹ ਤੇ ਇਕੀਹ ਈਸ਼ਵਰ ਤਕ ਚੜ੍ਹਾਉ ਚੜ੍ਹ ਕੇ, ਸਿੱਖ ਗੁਰੂ ਤੇ ਗੁਰੂ ਚੇਲਾ (ਦੀ ਹਾਲਤ ਪੈਦਾ ਹੋ ਜਾਂਦੀ) ਹੈ। ੪. (ਸਿੱਖ ਇਸ ਪਦਵੀ 'ਤੇ ਪੁਜ ਕੇ ਵੀ) ਅੰਮ੍ਰਿਤ ਪੀਂਦਾ ਹੈ ਤੇ ਅਜਰ ਨੂੰ ਜਰੀ ਜਾਂਦਾ ਹੈ (ਸਿੱਖ ਗੁਰੂ ਰੂਪ-ਲਹਿਣਾ ਜੀ ਤੋਂ ਗੁਰੂ ਅੰਗਦ ਦੇਵ ਬਣ ਕੇ) ਗੁਰੂ ਸੇਵਾ ਵਿਚ ਹੀ ਆਪਣੇ ਆਪ ਨੂੰ ਸੁਹੇਲਾ ਜਾਣਦਾ ਹੈ। ੫. ਜੀਉਂਦੇ ਹੀ (ਸਭ ਮਾਣ-ਮਹੱਤ ਨੂੰ ਤਿਆਗ ਕੇ) ਮਰ ਚਲਣਾ ਹੈ। (ਭਾਵ) ਹਾਰ ਕੇ ਜਿੱਤਣਾ ਹੈ, ਇਸ ਸੰਸਾਰ ਨੂੰ। ੬. (ਇਹ ਨਿਸ਼ਕਾਮ ਭਗਤੀ ਕੋਈ ਸੌਖੀ ਨਹੀਂ) ਅਲੂਣੀ ਸਿਲ ਚੱਟਣ (ਮਨ ਨੂੰ ਰਸਾਂ ਕਸਾਂ ਤੋਂ ਮਾਰ ਦੇਣਾ, ਤੇ ਫਿਰ ਆਤਮਿਕ ਮੰਡਲਾਂ ਦੇ ਜੀਵਨ ਵਿਚ ਦਾਖਲ ਹੋ ਕੇ ਹੀ) ਇਹ ਔਖੀ ਘਾਲ ਘਾਲ ਕੇ (ਉਸ ਸੁਖ ਪਿਰਮ ਰਸ) ਦੀ ਪ੍ਰਾਪਤੀ ਹੁੰਦੀ ਹੈ, ਜਿਸ ਦਾ ਸੁਆਦ ਲੱਖਾਂ ਅੰਮ੍ਰਿਤਾਂ ਦੇ ਰਸ ਨੂੰ ਪਰੇ ਸੁੱਟਦਾ ਹੈ॥ ੧੪॥

੧੫. ਬਿਰਦ ਦੀ ਲੱਜਿਆ

੧. ਪਾਣੀ ਕਾਠੁ ਨ ਡੋਬਈ ਪਾਲੇ ਦੀ ਲਜੈ।
੨. ਸਿਰਿ ਕਲਵਤ੍ਰੁ ਧਰਾਇ ਕੈ ਸਿਰਿ ਚੜਿਆ ਭਜੈ।
੩. ਲੋਹੇ ਜੜੀਐ ਬੋਹਿਥਾ ਭਾਰਿ ਭਰੇ ਨ ਤਜੈ।
੪. ਪੇਟੈ ਅੰਦਰਿ ਅਗਿ ਰਖਿ ਤਿਸੁ ਪੜਦਾ ਕਜੈ।
੫. ਅਗਰੈ ਡੋਬੈ ਜਾਣਿ ਕੈ ਨਿਰਮੋਲਕ ਧਜੈ।
੬. ਗੁਰਮੁਖਿ ਮਾਰਗਿ ਚਲਣਾ ਛਡਿ ਖਬੈ ਸਜੈ॥ ੧੫॥

ਪਦ ਅਰਥ - ਲਜੈ=ਲਾਜ ਕਰਕੇ। ਕਲਵਤ੍ਰੁ=ਆਰਾ। ਬੋਹਿਥਾ=ਬੇੜਾ। ਧਜੈ=ਨਿਸ਼ਾਨ (ਧੁਜਾ)।

ਅਰਥ - ੧. ਪਾਣੀ ਲੱਕੜ ਨੂੰ ਡੋਬਦਾ ਨਹੀਂ, (ਕਿਉਂਕਿ ਉਸ ਨੂੰ ਉਸਦੇ) ਪਾਲਣ ਦੀ ਲਾਜ (ਹੁੰਦੀ ਹੈ)। ੨. ਜਦ ਲੱਕੜ ਦੇ ਸਿਰ 'ਤੇ (ਆਰੇ ਦੇ ਸੌਖਿਆਂ ਚਲਣ ਲਈ, ਆਰੇ ਦੇ ਰਸਤੇ ਨੂੰ ਸੌਖਾ ਕਰਨ ਲਈ ਉਪਰ ਫੁਰਨਾਹੀ ਦਿੱਤੀ ਜਾਂਦੀ ਹੈ, ਤਾਂ ਚੀਰੇ ਜਾਣ ਮਗਰੋਂ ਇਸ ਲੱਕੜ ਦੇ ਬੇੜੇ ਬੇੜੀਆਂ ਬਣਦੇ ਤੇ ਉਹ) ਸਮੁੰਦਰ ਦੇ ਸਿਰ ਉਤੇ ਚੜ੍ਹ ਕੇ ਭੱਜਦੇ ਭਾਵ ਤਰਦੇ ਹਨ। ੩. (ਜਹਾਜ਼ਾਂ ਨੂੰ ਬਣਾਉਣ ਵਾਲੇ) ਜੜੀਏ, ਲੋਹਾ ਲਾ ਲਾ ਜਦ ਜਹਾਜ਼ ਤਿਆਰ ਕਰਦੇ ਹਨ ਤਾਂ ਉਸ ਨੂੰ (ਮਾਲ ਅਸਬਾਬ ਤੇ ਮਨੁਖਾਂ ਨਾਲ) ਭਰ ਦੇਈਦਾ ਹੈ, ਤਦ ਵੀ (ਸਮੁੰਦਰ) ਆਪਣੇ ਬਿਰਦ ਦੀ ਲਾਜ ਨੂੰ ਛੱਡਦਾ ਨਹੀਂ ਹੈ। ੪. (ਜਹਾਜ਼ ਦੇ) ਪੇਟ ਦੇ ਅੰਦਰ ਅੱਗ ਬਲਦੀ ਹੈ, ਜੋ ਪਾਣੀ ਦੀ ਵੈਰਨ ਹੈ ਪਰ (ਸਮੁੰਦਰ) ਪੜਦਾ ਕਜ ਲੈਂਦਾ ਹੈ। ੫. ਅਗਰ ਵੀ ਪਾਣੀ ਦੀ ਪੈਦਾਇਸ਼ ਹੈ। (ਇੱਕ ਖਾਸ ਕਿਸਮ ਦੀ ਲੱਕੜ, ਜੋ ਪਾਣੀ ਵਿਚ ਡੁਬੇ ਰਹਿਣ ਨਾਲ ਹੀ ਵੱਡੀ ਕੀਮਤ ਵਾਲੀ ਬਣਦੀ ਹੈ, ਇਸ ਲਈ ਉਸ ਨੂੰ) ਪਾਣੀ ਜਾਣ ਕੇ ਡੋਬਦਾ ਹੈ, ਤਾਂ ਕਿ ਉਸਦੀ ਕੀਮਤ ਹੋਰ ਵਧੇ, ਇਹ ਵੀ ਉਸ ਦਾ ਅੰਗ-ਪਾਲਣ ਦਾ ਇੱਕ ਬਿਰਦ ਹੀ ਸਮਝੋ। ੬. (ਇਸੇ ਲਈ) ਗੁਰਸਿੱਖ ਆਸ ਪਾਸ ਦੀਆਂ ਪਗਡੰਡੀਆਂ ਨੂੰ ਛੱਡ ਕੇ ਗੁਰਮੁਖੀ ਮਾਰਗ (ਸ਼ਾਹ ਰਾਹ) 'ਤੇ ਚਲਣਾ ਹੀ ਠੀਕ ਸਮਝਦਾ ਹੈ॥ ੧੫॥

੧੬. ਹੀਰੇ ਦੀ ਪਰਖ

੧. ਖਾਣਿ ਉਖਣਿ ਕਢਿ ਆਣਦੇ ਨਿਰਮੋਲਕ ਹੀਰਾ।
੨. ਜਉਹਰੀਆ ਹਥਿ ਆਵਦਾ ਉਇ ਗਹਿਰ ਗੰਭੀਰਾ।
੩. ਮਜਲਸ ਅੰਦਰਿ ਦੇਖਦੇ ਪਾਤਿਸਾਹ ਵਜੀਰਾ।
੪. ਮੁਲੁ ਕਰਨਿ ਅਜਮਾਇ ਕੈ ਸਾਹਾ ਮਨ ਧੀਰਾ।
੫. ਅਹਰਣਿ ਉਤੈ ਰਖਿ ਕੈ ਘਣ ਘਾਉ ਸਰੀਰਾ।
੬. ਵਿਰਲਾ ਹੀ ਠਹਿਰਾਵਦਾ ਦਰਗਹ ਗੁਰ ਪੀਰਾ॥ ੧੬॥

ਪਦ ਅਰਥ - ਉਖਣਿ=ਉਖੇੜ ਕੇ, ਪੁੱਟ ਕੇ। ਗਹਿਰ ਗੰਭੀਰਾ=ਗੰਭੀਰਤਾ ਵਾਲਾ।

ਅਰਥ - ੧. ਕਾਨ ਨੂੰ ਪੁੱਟਣ ਵਾਲੇ ਨਿਰਮੋਲਕ ਹੀਰੇ ਨੂੰ ਲੱਭ ਕੇ ਲੈ ਆਉਂਦੇ ਹਨ। ੨. (ਉਸ ਨੂੰ ਸਾਫ ਸੁਥਰਾ ਕਰਕੇ) ਫੇਰ ਉਹ ਗਹਿਰ ਗੰਭੀਰ ਹੀਰਾ ਜੌਹਰੀਆਂ (ਪਛਾਣ ਕਰਨ ਵਾਲਿਆਂ ਦੇ) ਹੱਥ ਵਿਚ ਆਉਂਦਾ ਹੈ। ੩. (ਜੌਹਰੀ ਉਸ ਨੂੰ ਵੇਚਣ ਲਈ) ਪਾਤਸ਼ਾਹ ਤੇ ਵਜ਼ੀਰਾਂ ਦੀਆਂ ਭਰੀਆਂ ਮਜਲਸਾਂ (ਦਰਬਾਰਾਂ) ਵਿਚ ਵਿਖਾਉਣ ਲਈ ਲੈ ਆਉਂਦੇ ਹਨ, ਜਿਥੇ ਹੀਰੇ ਨੂੰ ਸਾਰੇ ਦੇਖਦੇ ਹਨ। ੪. ਪਰ ਪੂਰਾ ਮੁੱਲ ਪਾਉਣ ਲਈ ਹੀਰੇ ਦੀ ਪਰਖ ਹੁੰਦੀ ਹੈ, ਤਾਂ ਜਾ ਕੇ ਸ਼ਾਹਾਂ ਦਾ ਮਨ ਧੀਰਜ ਵਿਚ ਆਉਂਦਾ ਹੈ (ਕਿ ਸੱਚਮੁਚ ਇਹ ਹੀਰਾ, ਹੀਰਾ ਹੀ ਹੈ)। ੫. ਪ੍ਰੀਖਿਆ ਕਰਨ ਲਈ ਹੀਰੇ ਨੂੰ (ਲੋਹੇ ਦੇ) ਅਹਿਰਣ ਉਤੇ ਰੱਖ ਕੇ, ਹਥੌੜੇ ਨੂੰ ਹੀਰੇ ਉਪਰ ਮਾਰ ਮਾਰ ਕੇ ਉਸ ਦੀ ਪਰਖ ਕੀਤੀ ਜਾਂਦੀ ਹੈ (ਖੋਟੇ ਤੇ ਕੱਚੇ ਪਰਖ ਵੇਲੇ ਦੋ ਟੁੱਕ ਹੋ ਜਾਂਦੇ ਹਨ, ਪਰ ਸ਼ੁਧ ਹੀਰੇ ਨੂੰ ਆਂਚ ਵੀ ਨਹੀਂ ਲੱਗਦੀ)। ੬. (ਇਸੇ ਤਰ੍ਹਾਂ) ਗੁਰੂ ਪੀਰਾਂ ਦੇ ਦਰਬਾਰਾਂ ਵਿਚ (ਵੀ ਪਰਖ ਹੁੰਦੀ ਹੈ, ਪਰ ਕੋਈ) ਵਿਰਲਾ ਹੀ ਸਾਬਤ ਨਿਕਲਦਾ (ਪੂਰਾ ਉਤਰਦਾ) ਹੈ॥ ੧੬॥

੧੭. ਗੁਰਮੁਖ ਦੀ ਸੁਹਾਵਣੀ ਚਾਲ

੧. ਤਰਿ ਡੁਬੈ ਡੁਬਾ ਤਰੈ ਪੀ ਪਿਰਮ ਪਿਆਲਾ।
੨. ਜਿਣਿ ਹਾਰੈ ਹਾਰੈ ਜਿਣੈ ਏਹੁ ਗੁਰਮੁਖਿ ਚਾਲਾ।
੩. ਮਾਰਗੁ ਖੰਡੇ ਧਾਰ ਹੈ ਭਵਜਲੁ ਭਰਨਾਲਾ।
੪. ਵਾਲਹੁ ਨਿਕਾ ਆਖੀਐ ਗੁਰ ਪੰਥੁ ਨਿਰਾਲਾ।
੫. ਹਉਮੈ ਬਜਰੁ ਭਾਰ ਹੈ ਦੁਰਮਤਿ ਦੁਰਾਲਾ।
੬. ਗੁਰਮਤਿ ਆਪੁ ਗਵਾਇ ਕੈ ਸਿਖੁ ਜਾਇ ਸੁਖਾਲਾ॥ ੧੭॥

ਪਦ ਅਰਥ - ਜਿਣਿ=ਜਿੱਤਣਾ। ਦੁਰਾਲਾ=ਦੁੱਖਾਂ ਦਾ ਘਰ।

ਅਰਥ - ੧. ਪ੍ਰੇਮ ਦਾ ਅੰਮ੍ਰਿਤ ਪੀ ਕੇ, (ਸੰਸਾਰ ਭਵਜਲ ਵਿਚ) ਡੁਬਾ ਹੋਇਆ ਤਰ ਪੈਂਦਾ ਹੈ, ਤੇ ਪਿਰਮ ਪਿਆਲੇ ਦਾ ਅੰਮ੍ਰਿਤ ਰਸ ਪੀ ਕੇ ਉਸ ਵਿਚ ਡੁੱਬ ਜਾਂਦਾ ਹੈ। ੨. (ਸੰਸਾਰੀ ਤਾਕਤ ਦੇ ਸਹਾਰੇ ਜੋ) ਜਿੱਤਦਾ ਹੈ, (ਇਸ ਪ੍ਰਮਾਰਥਕ-ਰੱਬੀ ਦਸ਼ਾ ਵਿਚ ਪੁੱਜ ਕੇ) ਉਹ ਹਾਰਦਾ, ਤੇ ਹਾਰ ਕੇ ਫਿਰ ਜੇਤੂ ਬਣਦਾ ਹੈ, ਇਹੋ ਹੀ ਗੁਰਮੁਖਾਂ ਦੀ ਚਾਲ (ਤੁਰਨਾ) ਹੈ। ੩. ਇਹ ਮਾਰਗ ਖੰਡੇ ਦੀ ਧਾਰ ਵਰਗਾ ਤਿੱਖਾ (ਔਖਾ) ਹੈ ਤੇ ਭਵਜਲ (ਦੇ ਡਰ) ਨਾਲ ਭਰਪੂਰ (ਭਾਵ ਭਵਜਲ ਵਿਚ ਡੁੱਬਣ ਦਾ ਡਰ ਹਰ ਸਮੇਂ ਬਣਿਆ ਰਹਿੰਦਾ) ਹੈ। ੪. ਇਹ ਮਾਰਗ ਵਾਲ ਨਾਲੋਂ ਵੀ ਬਰੀਕ ਹੈ, ਐਸਾ ਇਹ ਗੁਰੂ ਦਾ ਨਿਰਾਲਾ ਪੰਥ ਹੈ। ੫. ਹਉਮੈਂ ਐਸਾ ਬੱਜਰ ਵਰਗਾ ਕਰੜਾ ਭਾਰ ਹੈ, (ਤੇ ਜਿਸ ਉਤੇ ਵੀ ਇਸ ਦਾ ਭਾਰ ਪੈਂਦਾ ਹੈ, ਉਹ ਲਿਫਣੋਂ ਰਹਿ ਨਹੀਂ ਸਕਦਾ) ਤੇ ਦੁਰਮੱਤ (ਖੋਟੀ ਮੱਤ) ਦੁੱਖਾਂ ਦਾ ਘਰ ਹੈ। ੬. ਗੁਰੂ ਦੀ ਸਿੱਖਿਆ ('ਤੇ ਚਲਕੇ) ਤੇ ਅਪਾ-ਭਾਵ (ਹਉਮੈ) ਨੂੰ ਗੁਆ ਕੇ, ਸਿੱਖ (ਇਨ੍ਹਾਂ ਔਖੇ ਰਸਤਿਆਂ ਤੋਂ) ਸੁਖੈਨ ਹੀ ਲੰਘ ਜਾਂਦਾ ਹੈ॥੧੭॥

੧੮. ਬੋਹੜ ਤੋਂ ਸਿੱਖਿਆ

੧. ਧਰਤਿ ਵੜੈ ਵੜਿ ਬੀਉ ਹੋਇ ਜੜ ਅੰਦਰਿ ਜੰਮੈ।
੨. ਹੋਇ ਬਰੂਟਾ ਚੁਹਚੁਹਾ ਮੂਲ ਡਾਲ ਧਰੰਮੈ।
੩. ਬਿਰਖ ਅਕਾਰੁ ਬਿਥਾਰੁ ਕਰਿ ਬਹੁ ਜਟਾ ਪਲੰਮੈ।
੪. ਜਟਾ ਲਟਾ ਮਿਲਿ ਧਰਤਿ ਵਿਚਿ ਹੋਇ ਮੂਲ ਅਗੰਮੈ।
੫. ਛਾਂਵ ਘਣੀ ਪਤ ਸੋਹਣੇ ਫਲ ਲੱਖ ਲਖੰਮੈ।
੬. ਫਲ ਫਲ ਅੰਦਰਿ ਬੀਅ ਬਹੁ ਗੁਰ ਸਿਖ ਮਰੰਮੈ॥੧੮॥

ਪਦ ਅਰਥ - ਬਰੂਟਾ ਚੁਹਚੁਹਾ=ਬੂਟਾ ਲਿਸ਼ਕ ਵਾਲਾ। ਧਰੰਮੈ=ਧਰਨਾ। ਪਲੰਮੈ=ਲਮਕਦੀਆਂ। ਅਗੰਮੈ=ਉਚਾਈ। ਲਖੰਮੈ=ਲੱਖਾਂ, ਬੜੇ।

ਅਰਥ -੧. ਬੋਹੜ ਧਰਤੀ ਵਿਚ ਧਸਦਾ ਤੇ ਧਸ ਕੇ ਫਿਰ ਬੀਜ ਹੀ ਹੁੰਦਾ ਹੈ, ਜੜਾਂ (ਧਰਤੀ) ਅੰਦਰ ਹੀ ਜੰਮਦੀਆਂ ਹਨ। ੨. (ਧਰਤੀ ਤੋਂ ਬਾਹਰ) ਲਿਸ਼ਕਣ ਵਾਲਾ ਬੂਟਾ ਬਣ ਨਿਕਲਦਾ ਹੈ, (ਫੇਰ) ਮੁੱਢ ਵੱਧ ਜਾਂਦਾ ਤੇ ਡਾਲ ਬਣ ਕੇ ਬੋਹੜ ਆਪਣਾ ਅਕਾਰ ਵਧਾਉਂਦਾ ਹੈ। ੩. (ਹੌਲੀ ਹੌਲੀ ਵੱਡੇ) ਬ੍ਰਿਛ ਦਾ ਅਕਾਰ ਤੇ ਵਿਸਥਾਰ (ਫੈਲਾਅ) ਕਰਕੇ ਉਸਦੇ ਸਿਰ ਦੀਆਂ ਜਟਾਂ ਉਪਰੋਂ ਥੱਲੇ, (ਧਰਤੀ ਵੱਲ) ਲਮਕਣ ਲੱਗ ਪੈਂਦੀਆਂ ਹਨ। ੪. (ਐਉਂ ਹੋ ਗਿਆ ਕਿ) ਜੜਾਂ (ਤੋਂ ਉਗੀਆਂ) ਡਾਲੀਆਂ ਜੜਾਂ ਨਾਲ ਮਿਲ ਕੇ ਫਿਰ ਧਰਤੀ ਵਿਚੋਂ ਹੀ (ਜਿਵੇਂ ਜੜਾਂ ਵੱਡੀਆਂ ਹੋ) ਉਗਮ ਖਲੋਤੀਆਂ ਹਨ। ੫. ਇਸ ਕਰਕੇ, ਬੋਹੜ ਸੋਹਣੇ ਪੱਤਿਆਂ ਨਾਲ ਸੰਘਣੀ ਛਾਂ ਕਰ ਦਿੰਦਾ ਹੈ, ਲਖਾਂ ਹੀ ਫਲ (ਗੋਹਲਾਂ) ਵੇਖੇ ਜਾਂਦੇ ਹਨ। ੬. ਇੱਕ ਇੱਕ ਫਲ ਦੇ ਅਨੇਕਾਂ ਹੀ ਬੀਜ (ਏਡੇ ਵਿਸਥਾਰ ਵਾਲੇ ਬੋਹੜ ਦੇ) ਹਨ। (ਇਸੇ ਭਾਂਤ ਹੀ) ਗੁਰਸਿੱਖ ਦੇ ਭੇਤ ਨੂੰ ਜਾਣੋ। ਸਿੱਖ ਵੀ ਬੋਹੜ ਵਾਂਗ ਵੱਡਾ ਹੋ ਕੇ ਨਿਰਮਾਣਤਾ ਧਾਰਦਾ ਹੈ, ਤਾਂ ਉਹ ਗੁਰਸਿੱਖੀ ਦਾ ਬੀਜ ਵੱਡੇ ਵਿਸਥਾਰ ਵਾਲੇ ਬੋਹੜ ਦੇ ਨਿੱਕੇ ਜੇਹੇ ਬੀਜ ਵਾਂਗੂ ਹੈ ਤੇ ਅਜੇਹੇ ਗੁਰਸਿੱਖ ਤੋਂ ਅਗਾਂਹ ਹੋਰ ਅਨੇਕਾਂ ਗੁਰਸਿੱਖ ਬਣਦੇ ਤੇ ਵਰੋਸਾਉਂਦੇ ਹਨ॥੧੮॥

੧੯. ਗੁਰਸਿੱਖੀ ਦਾ ਹੋਰ ਦ੍ਰਿਸ਼ਟਾਂਤ

੧. ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ।
੨. ਨਉ ਅੰਗ ਨੀਲ ਅਨੀਲ ਸੁੰਨ ਅਵਤਾਰ ਮਹੇਸਰੁ।
੩. ਵੀਹ ਇਕੀਹ ਅਸੰਖ ਸੰਖ ਮੁਕਤੇ ਮੁਕਤੇਸਰੁ।
੪. ਨਗਰਿ ਨਗਰਿ ਮੈ ਸਹੰਸ ਸਿਖ ਦੇਸ ਦੇਸ ਲਖੇਸਰੁ।
੫. ਇਕਦੂੰ ਬਿਰਖਹੁ ਲਖ ਫਲ ਫਲ ਬੀਅ ਲੋਮੇਸਰੁ।
੬. ਭੋਗ ਭੁਗਤਿ ਰਾਜੇਸੁਰਾ ਜੋਗ ਜੁਗਤਿ ਜੋਗੇਸਰੁ॥੧੯॥

ਪਦ ਅਰਥ – ਨੀਲ ਅਨੀਲ=ਗਿਣਤੀ ਤੋਂ ਬਾਹਰ। ਮੁਕਤੇਸਰੁ=ਮੁਕਤੀ ਦੇ ਸਿਰਮੌਰ। ਲਖੇਸਰੁ=ਲੱਖਾਂ ਹੀ ਸਿੱਖ। ਲੋਮੇਸਰੁ=ਲੁਪਤ ਮਿਲਾਪ।

ਅਰਥ - ੧. ਇੱਕ ਹੋਵੇ, ਤਾਂ ਉਹ ਸਿੱਖ, ਪਰ ਜੇ ਦੋ ਸਿੱਖ ਹੋਣ ਤਾਂ ਉਹ ਸਾਧ ਸੰਗਤ ਹਨ, ਤੇ ਪੰਜਾਂ (ਸਿੱਖਾਂ ਦੀ ਸੰਗਤ) ਵਿਚ ਪਰਮੇਸ਼ਰ ਦਾ ਵਾਸਾ ਜਾਣੋ। ੨. ਇੱਕ ਤੋਂ ਨੌਂ ਅੰਗ ਸੁੰਨ (ਬਿੰਦੀ o) ਲੱਗਣ ਨਾਲ ਗਿਣਤੀ ਦਸ ਗੁਣਾਂ ਵਧਦੀ ਵਧਦੀ ਅਣਗਿਣਤੀ ਤਕ ਜਾ ਪੁੱਜਦੀ ਹੈ। ਸੁੰਨ ਨੂੰ ਪਰਮੇਸ਼ਰ ਤੇ ਉਸਦੇ ਅਵਤਾਰ ਦੱਸਿਆ ਹੈ, ਜੋ ਬੇਅੰਤ ਤੇ ਅਗੰਮ ਅਗੋਚਰ ਪਦਵੀਆਂ ਵਾਲੇ ਮਹੇਸੁਰ (ਮਹਾਂ ਈਸ਼ਵਰ) ਹਨ। ੩. ਵੀਹ ਇਕੀਹ (ਸੰਸਾਰੀ ਪੁਣੇ ਤੋਂ ਉਪਰ ਉੱਠ, ਪ੍ਰਭੂ ਦੇ ਮੰਡਲ-ਇਕੀਹ-ਵਿਚ ਦਾਖਲ ਹੋਣ ਵਾਲੇ) ਸੰਖਾਂ ਤੇ ਅਸੰਖਾਂ (ਭਾਵ ਅਣਗਿਣਤੀ) ਸਿੱਖ ਹਨ, ਜੋ ਮੁਕਤੀ ਪਦ ਨੂੰ ਪਹੁੰਚ ਚੁੱਕੇ ਤੇ ਅੱਗੋਂ ਮੁਕਤੇਸ਼ਰ, ਭਾਵ ਮੁਕਤੀ ਕਰਨ ਵਾਲੀਆਂ ਸ਼ਕਤੀਆਂ ਤੇ ਕਰਨੀ ਦੇ ਮਾਲਕ ਹਨ। ੪. ਨਗਰ ਨਗਰ ਵਿਚ ਹਜ਼ਾਰਾਂ ਹੀ ਸਿੱਖ ਹਨ, (ਦੂਰ ਦੂਰ) ਦੇਸਾਂ ਦੇਸ਼ਾਂਤਰਾਂ ਵਿਚ ਲੱਖਾਂ ਹਨ (ਜਿਨ੍ਹਾਂ ਨੂੰ ਇਕੋ ਗੁਰੂ ਕਾ ਸਿੱਖ, ਜੋ ਮੁਕਤੇਸ਼ੁਰ ਦੀ ਪਦਵੀ ਤਕ ਹੋਵੇ), ਉਹ ਇਕੋ ਹੀ ਸਭ ਨੂੰ ਤਾਰ ਸਕਦਾ ਹੈ। ੫. ਇੱਕ ਬ੍ਰਿਛ ਤੋਂ ਲੱਖਾਂ ਫਲ, ਤੇ ਫਲਾਂ ਵਿਚ ਬੇਅੰਤ ਹੀ ਬੀਜ ਮਿਲੇ ਹੋਏ ਹਨ, ਭਾਵ ਸਿੱਖ ਫਲ ਹਨ ਤੇ ਉਨ੍ਹਾਂ ਫਲਾਂ ਵਿਚ ਗੁਰੂ (ਸਿੱਖਿਆ ਰੂਪ ਹੋ) ਬੀਜ ਰੂਪ ਮਿਲੇ ਹੋਏ ਹਨ। ੬. (ਇਸ ਲਈ ਜੋ ਗੁਰਸਿੱਖ) ਭੋਗਾਂ ਨੂੰ ਭੋਗਦੇ ਹਨ, ਉਹ ਰਾਜਿਆਂ ਦੇ ਸਵਾਮੀਆਂ ਦੀ ਨਿਆਈਂ ਹਨ, ਤੇ ਜਿਹੜੇ ਸਿੱਖ ਜੋਗ ਵਿਖੇ ਜੁੜਦੇ ਹਨ, ਉਹ ਜੋਗੀਆਂ (ਧਿਆਨ ਲਾਉਣ ਵਾਲਿਆਂ ਦੇ) ਜੁਗਤ ਦੇ ਵੀ ਮਾਲਕ ਤੇ ਸਿਰਮੌਰ (ਜੋਗੀਸ਼ਰ) ਆਖੇ ਜਾਂਦੇ ਹਨ॥ ੧੯॥

੨੦. ਗੁਰੂ ਸ਼ਾਹਾਂ ਦਾ ਸ਼ਾਹ ਹੈ

੧. ਪੀਰ ਮੁਰੀਦਾ ਪਿਰਹੜੀ ਵਣਜਾਰੇ ਸਾਹੈ।
੨. ਸਉਦਾ ਇਕਤੁ ਹਟਿ ਹੈ ਸੰਸਾਰੁ ਵਿਸਾਹੈ।
੩. ਕੋਈ ਵੇਚੈ ਕਉਡੀਆ ਕੋ ਦਮ ਉਗਾਹੈ।

੪. ਕੋਈ ਰੁਪਯੇ ਵਿਕਣੈ ਸੁਨਈਏ ਕੋ ਡਾਹੈ।
੫. ਕੋਈ ਰਤਨ ਵਣੰਜਦਾ ਕਰਿ ਸਿਫਤਿ ਸਲਾਹੈ।
੬. ਵਣਜਿ ਸੁਪਤਾ ਸਾਹ ਨਾਲਿ ਵੇਸਾਹੁ ਨਿਬਾਹੈ ॥ ੨੦ ॥

ਪਦ ਅਰਥ - ਪਿਰਹੜੀ=ਪ੍ਰੀਤੀ। ਵਣਜਾਰੇ=ਖਰੀਦਾਰ। ਵਿਸਾਹੈ=ਖਰੀਦ ਲੈਣਾ। ਸੁਨਈਏ=ਮੋਹਰਾਂ ਜਾਂ ਸੋਨਾ। ਸੁਪਤਾ=ਪ੍ਰਸਿੱਧ ਤੇ ਇਤਬਾਰ ਯੋਗ।

ਅਰਥ - ੧. ਪੀਰ ਅਤੇ ਮੁਰੀਦਾਂ (ਗੁਰੂ ਤੇ ਚੇਲੇ) ਦੀ ਪ੍ਰੀਤੀ ਸ਼ਾਹੂਕਾਰ ਅਤੇ ਖਰੀਦਾਰਾਂ ਵਾਲੀ ਹੈ। ੨. (ਪ੍ਰਭੂ ਦੇ) ਨਾਮ ਦਾ ਸੌਦਾ ਤਾਂ ਇਕੋ ਹੱਟੀ (ਗੁਰ ਦਰਬਾਰ) ਹੀ ਹੈ, ਜਿਥੋਂ ਆ ਕੇ ਸੰਸਾਰੀ ਲੋਕ ਖਰੀਦਾਰੀ ਕਰਦੇ ਹਨ। ੩. ਕੋਈ ਕੋਡਾਂ ਵੇਚਦਾ ਹੈ ਤੇ ਕੋਈ ਰੁਪਏ ਉਗਰਾਹੁੰਦਾ ਹੈ। ੪. ਕੋਈ ਰੁਪਏ ਵੇਚ ਕੇ, (ਸੋਨਾ ਲੈਂਦਾ) ਹੈ ਤੇ ਸੁਨਿਆਰੇ ਕੋਲ ਜਾ ਕੇ ਪਰਖ ਕਰਾਉਂਦਾ ਹੈ, ਜੋ ਅੱਗ ਵਿਚ ਡਾਹ ਕੇ (ਭਾਵ ਤਾਉ ਦੇ ਕੇ) ਉਸ ਦੀ ਪਰਖ ਕਰਦਾ ਹੈ। ੫. ਕੋਈ ਰਤਨ ਖਰੀਦਦਾ ਹੈ ਤੇ ਫਿਰ ਉਨ੍ਹਾਂ ਦੀਆਂ ਸਿਫਤਾਂ ਕਰਦਾ ਹੈ (ਕਿ ਇਹ ਵੱਡੀ ਚਮਕ ਵਾਲਾ ਤੇ ਭਾਰੀ ਅਮੁਲ ਵਸਤੂ ਹੈ)। ੬. ਵਣਜ (ਜਾਂ ਹੋਰ ਕਾਰ ਵਿਹਾਰ) ਇਤਬਾਰਯੋਗ ਤੇ ਭਰੋਸੇ ਵਾਲੇ ਸ਼ਾਹ ਨਾਲ ਹੀ ਕਰਨਾ ਚਾਹੀਦਾ ਹੈ, ਜੋ ਵੇਸਾਹ (ਆਪਣੇ ਕੀਤੇ ਕੌਲ-ਇਕਰਾਰਾਂ ਅਨੁਸਾਰ) ਪੂਰਾ ਕਰ ਵਿਖਾਉਂਦਾ ਹੈ, (ਕੋਈ ਠੱਗੀ ਜਾਂ ਧੋਖੇ ਫਰੇਬ ਵਾਲੀ ਗੱਲ ਨਹੀਂ ਕਰਦਾ)। ਭਾਵ ਸਤਿਗੁਰੂ ਹੀ ਸੱਚਾ ਸ਼ਾਹ ਹੈ, ਜਿਸ ਨਾਲ ਸਿੱਖ ਨੂੰ ਆਪਣਾ ਸੰਬੰਧ ਜੋੜਨਾ ਚਾਹੀਦਾ ਹੈ॥ ੨੦॥

੨੧. ਪੂਰਾ ਸਤਿਗੁਰੂ ਸੱਚਾ ਸ਼ਾਹ

੧. ਸਉਦਾ ਇਕਤੁ ਹਟਿ ਹੈ ਸਾਹੁ ਸਤਿਗੁਰੁ ਪੂਰਾ।
੨. ਅਉਗੁਣ ਲੈ ਗੁਣ ਵਿਕਣੈ ਵਚਨੈ ਦਾ ਸੂਰਾ।
੩. ਸਫਲੁ ਕਰੈ ਸਿੰਮਲੁ ਬਿਰਖੁ ਸੋਵਰਨੁ ਮਨੂਰਾ।
੪. ਵਾਸਿ ਸੁਵਾਸੁ ਨਿਵਾਸੁ ਕਰਿ ਕਾਉ ਹੰਸੁ ਨ ਊਰਾ।
੫. ਘੁਘੂ ਸੁਝ ਸੁਝਾਇਦਾ ਸੰਖ ਮੋਤੀ ਚੂਰਾ।
੬. ਵੇਦ ਕਤੇਬਹੁ ਬਾਹਰਾ ਗੁਰ ਸਬਦਿ ਹਜੂਰਾ ॥ ੨੧ ॥

ਪਦ ਅਰਥ - ਹਟਿ=ਗੁਰੂ ਦਾ ਦੁਆਰ। ਘੁਘੂ=ਉੱਲੂ। ਸੁਝੁ=ਗਿਆਨ, ਚਾਨਣਾ।

ਅਰਥ - ੧. (ਪਰਮਾਰਥ ਦਾ) ਸੌਦਾ ਲੈਣ ਲਈ ਇਕੋ ਹੀ ਹੱਟ (ਗੁਰੂ ਦਾ ਦਰ) ਹੀ ਹੈ, ਜਿਸ ਵਿਚ ਸ਼ਾਹੂਕਾਰਾ ਪੂਰੇ ਸਤਿਗੁਰੂ ਜੀ ਦਾ ਚਲਦਾ ਹੈ। ੨. (ਆਮ ਸੰਸਾਰੀ ਹੱਟਾਂ ਤੋਂ ਇਹ ਪਦਾਰਥ ਨਹੀਂ ਮਿਲ ਸਕਦੇ। ਕੌਣ ਹੈ) ਜੋ ਅਉਗਣ ਲੈ ਕੇ ਭਾਵ ਕੱਢ ਕੇ ਗੁਣ ਦੇਵੇ। ਫੇਰ (ਸਤਿਗੁਰੂ ਵੀ ਉਹ ਹੈ, ਜੋ) ਬਚਨਾਂ ਦਾ ਪੂਰਾ ਹੈ। ੩. ਸਤਿਗੁਰੂ ਸਿੰਮਲ ਰੁਖ (ਭਾਵ ਗੁਣਾਂ ਤੋਂ ਖਾਲੀ ਮਨੁਖਾਂ ਨੂੰ) ਜਿਨ੍ਹਾਂ ਨੂੰ ਫਲ ਨਹੀਂ ਲੱਗ ਸਕਦੇ, ਦੈਵੀ ਗੁਣਾਂ ਦੇ ਫਲਾਂ ਨਾਲ ਮਾਲਾ ਮਾਲ ਕਰ ਦੇਂਦੇ ਹਨ), ਪਾਪਾਂ ਨਾਲ ਸੜੇ (ਮਨੂਰ ਹੋਏ

ਮਨੁਖੀ ਮਨ ਨੂੰ) ਸੋਨੇ ਵਰਗਾ ਕਰ ਦੇਂਦੇ ਹਨ। ੪. ਬਾਂਸ (ਦੀ ਨਿਆਈਂ ਸਾਕਤ ਪੁਰਸ਼ਾਂ ਨੂੰ) ਵਾਸ਼ਨਾ ਸਹਿਤ (ਗੁਣਵਾਨ) ਕਰ ਦੇਂਦੇ ਹਨ ਤੇ ਕਾਉਂ ਵਰਗੇ ਪੁਰਸ਼ਾਂ ਨੂੰ ਹੰਸਾਂ ਵਰਗੇ (ਗੁਰਮੁਖ) ਬਣਾ ਦੇਂਦੇ ਹਨ। ੫. ਉੱਲੂ ਵਰਗੇ (ਅਗਿਆਨੀਆਂ ਨੂੰ) ਗਿਆਨੀ ਤੇ ਸੁਝਵਾਨ (ਗਿਆਨਵਾਨ) ਕਰ ਦੇਂਦੇ ਹਨ, ਸੰਖ ਵਰਗੇ ਗੁਣਾਂ ਤੋਂ ਖਾਲੀ ਪੁਰਸ਼ਾਂ ਨੂੰ ਮੋਤੀ ਚੂਰ (ਗਹਿਣਿਆਂ 'ਚੋਂ ਸ਼ਿਰੋਮਣੀ) ਬਣਾ ਦੇਂਦੇ ਹਨ। ੬. ਵੇਦਾਂ ਕਤੇਬਾਂ ਵਿਚੋਂ ਜੋ (ਪ੍ਰਭੂ) ਨਹੀਂ ਮਿਲ ਸਕਦਾ, ਉਹ ਗੁਰੂ ਸ਼ਬਦ ਦੇ ਅਭਿਆਸ ਨਾਲ ਹਾਜ਼ਰਾ ਹਜ਼ੂਰ ਪ੍ਰਤੀਤ ਹੋਣ ਲੱਗ ਜਾਂਦਾ ਹੈ॥ ੨੧॥

੨੨. ਪੂਰੇ ਗੁਰੂ ਦੀ ਉਪਮਾ

੧. ਲਖ ਉਪਮਾ ਉਪਮਾ ਕਰੈ ਉਪਮਾਨ ਵਖਾਣੈ।
੨. ਲਖ ਮਹਿਮਾ ਮਹਿਮਾ ਕਰੈ ਮਹਿਮਾ ਹੈਰਾਣੈ।
੩. ਲਖ ਮਹਾਤਮ ਮਹਾਤਮਾ ਨ ਮਹਾਤਮੁ ਜਾਣੈ।
੪. ਲਖ ਉਸਤਤਿ ਉਸਤਤਿ ਕਰੈ ਉਸਤਤਿ ਨ ਸਿਞਾਣੈ।
੫. ਆਦਿ ਪੁਰਖੁ ਆਦੇਸੁ ਹੈ ਮੈਂ ਮਾਣੁ ਨਿਮਾਣੈ॥ ੨੨॥

ਪਦ ਅਰਥ - ਉਪਮਾ=ਉਸਤਤਿ। ਮਹਿਮਾ=ਉਸਤਤਿ।

ਅਰਥ - ੧. ਲੱਖਾਂ ਉਪਮਾਂ (ਵਾਲਿਆਂ ਦੀਆਂ) ਉਪਮਾਂ ਹੁੰਦੀਆਂ ਹਨ, (ਪਰ ਬੇਅੰਤ ਪਰਮੇਸ਼ਰ ਦੀ) ਉਪਮਾ ਕਿਸੇ ਤੋਂ ਵੀ ਹੋ ਨਹੀਂ ਸਕਦੀ, ਤੇ ਕੀ ਆਖ ਕੇ ਕੋਈ ਉਪਮਾ ਕਰੇ। ੨. (ਇਸੇ ਤਰ੍ਹਾਂ) ਮਹਿਮਾਂ ਵਾਲਿਆਂ ਦੀ ਮਹਿਮਾ ਕੀਤੀ ਜਾਂਦੀ ਹੈ, (ਪਰ ਜਿਸ ਪ੍ਰਭੂ ਦੀ ਵੱਡੀ ਤੇ ਵਚਿਤਰ) ਮਹਿਮਾ ਨੂੰ ਵੇਖ ਹੈਰਾਨ ਰਹਿ ਜਾਈਦਾ ਹੈ, (ਉਸ ਦੀ ਮਹਿਮਾ ਕੋਈ ਕਿਵੇਂ ਕਰੇ)। ੩. ਲੱਖਾਂ (ਲੋਕ) ਮਹਾਤਮ (ਵਡਿਆਈਆਂ) ਦੇ ਮਹਾਤਮ ਆਖਦੇ ਹਨ, (ਪਰ ਵੱਡੇ ਪ੍ਰਭੂ ਦੇ) ਮਹਾਤਮ ਨੂੰ ਤਾਂ ਕੋਈ ਜਾਣ ਹੀ ਨਹੀਂ ਸਕਦਾ (ਤੇ ਦੱਸੇ ਕੀ ?) ੪. ਲੱਖਾਂ ਉਸਤਤਾਂ, ਉਸਤਤਾਂ (ਕਰਨ ਵਾਲਿਆਂ ਦੀਆਂ ਲੋਕ) ਕਰਦੇ ਹਨ, ਪਰ ਪਰਮੇਸ਼ਰ ਦੀ ਸੱਚੀ ਤੇ ਪੂਰੀ ਉਸਤਤ ਵੀ ਕੋਈ ਪਛਾਣ ਹੀ ਨਹੀਂ ਸਕਦਾ। ੫. ਸੋ ਐਸੇ ਆਦਿ ਪੁਰਖ (ਜਾਂ ਆਦਿ ਸਤਿਗੁਰੂ ਨਾਨਕ ਦੇਵ ਜੀ ਨੂੰ) ਨਮਸਕਾਰ ਹੈ, ਜਿਨ੍ਹਾਂ ਨੇ ਮੇਰੇ ਜਿਹੇ ਨਿਮਾਣੇ ਨੂੰ ਮਾਣ ਬਖਸ਼ਿਆ ਹੈ॥੨੨॥

੨੩. ਸਤਿਗੁਰੂ ਦਾ ਪ੍ਰਤਾਪ

੧. ਲਖ ਮਤਿ ਲਖ ਬੁਧਿ ਸੁਧਿ ਲਖ ਲਖ ਚਤੁਰਾਈ।
੨. ਲਖ ਲਖ ਉਕਤਿ ਸਿਆਣਪਾਂ ਲਖ ਸੁਰਤਿ ਸਮਾਈ।
੩. ਲਖ ਗਿਆਨ ਧਿਆਨ ਲਖ ਲਖ ਸਿਮਰਣਰਾਈ।
੪. ਲਖ ਵਿਦਿਆ ਲਖ ਇਸ਼ਟ ਜਪ ਤੰਤ ਮੰਤ ਕਮਾਈ।

੫. ਲਖ ਭੁਗਤਿ ਲਖ ਲਖ ਭਗਤਿ ਲਖ ਮੁਕਤਿ ਮਿਲਾਈ।
੬. ਜਿਉ ਤਾਰੇ ਦਿਹ ਉਗਵੈ ਆਨ੍ਹੇਰ ਗਵਾਈ।
੭. ਗੁਰਮੁਖਿ ਸੁਖ ਫਲੁ ਅਗਮੁ ਹੈ ਹੋਇ ਪਿਰਮ ਸਖਾਈ॥ ੨੩ ॥

ਪਦ ਅਰਥ - ਸਮਾਈ=ਸਮਾਉਣਾ। ਪਿਰਮ ਸਖਾਈ=ਵੱਡਾ ਸਹਾਈ।

ਅਰਥ - ੧. ਲੱਖਾਂ ਹੀ ਮੱਤਾਂ, ਲੱਖਾਂ ਹੀ ਬੁਧੀਆਂ, ਸੁਧਾਂ (ਸਮਝ) ਤੇ ਲੱਖਾਂ ਹੀ ਚਤੁਰਾਈਆਂ (ਜੋ ਭੁਲੇਖਾ ਜਾਂ ਧੋਖਾ ਖਾਣੋਂ ਬਚਾਉਣ ਦੇ ਸਮਰੱਥ ਹਨ)। ੨. ਲੱਖਾਂ ਹੀ ਯੁਕਤੀਆਂ ਤੇ ਸਿਆਣਪਾਂ (ਦੂਰ ਦੀ ਗੱਲ ਨੂੰ ਸਮਝਣਾ), ਲੱਖਾਂ ਹੀ ਸਮਝ ਦੀਆਂ ਸਮਝਾਉਤੀਆਂ ਵਿਚ ਆ ਜਾਣ ਵਾਲੀਆਂ ਸੁਰਤਾਂ (ਧਿਆਨ) ਹਨ। ੩. ਲੱਖਾਂ ਹੀ ਗਿਆਨ ਤੇ ਲੱਖਾਂ ਹੀ ਧਿਆਨ ਹਨ, ਲੱਖਾਂ ਹੀ ਤਰ੍ਹਾਂ ਨਾਲ (ਦੇਵੀ ਦੇਵਤਿਆਂ ਜਾਂ ਅਵਤਾਰਾਂ ਦੇ) ਸਿਮਰਨ ਕੀਤੇ, ਜਾਂ ਅਰਾਧਨਾ ਕੀਤੀਆਂ ਜਾਂਦੀਆਂ ਹਨ। ੪. ਲੱਖਾਂ (ਪ੍ਰਕਾਰ ਦੀ) ਵਿਦਿਆ (ਜੋ ਬੁਧੀ ਨੂੰ ਚਮਕਾਂਦੀ ਹੈ), ਲੱਖਾਂ ਹੀ ਇਸ਼ਟ (ਜਿਨ੍ਹਾਂ 'ਤੇ ਯਕੀਨ ਹੁੰਦਾ ਹੈ ਕਿ ਇਹ ਸਾਡਾ ਮੁਕਤੀ ਦਾਤਾ ਹੈ) ਤੇ ਜਪ ਹਨ। ਲੱਖਾਂ ਹੀ ਤੰਤਰ, ਮੰਤਰ (ਤਾਂ ਇਨ੍ਹਾਂ ਦੀ) ਕਮਾਈ ਦੇ ਸਾਧਨ ਹਨ। ੫. ਲੱਖਾਂ ਹੀ ਭੋਗ (ਸੁਖਦਾਈ ਵਸਤੂਆਂ ਦੀ ਵਰਤੋਂ ਹੈ) ਲੱਖਾਂ ਹੀ ਭਗਤੀਆਂ (ਪਰਮਾਰਥਕ ਸਿੱਧੀਆਂ ਲਈ) ਤੇ ਲੱਖਾਂ ਹੀ ਮੁਕਤੀਆਂ ਨੂੰ ਇਨ੍ਹਾਂ ਉਪ੍ਰੋਕਤ ਗੱਲਾਂ ਨਾਲ ਮੇਲ ਲਵੇ। ੬. (ਪਰ) ਜਿਵੇਂ ਦਿਨ ਚੜ੍ਹਦੇ ਹੀ ਤਾਰੇ ਅਤੇ ਹਨੇਰਾ ਮਿਟ ਜਾਂਦਾ ਹੈ। ੭. (ਇਉਂ ਹੀ) ਗੁਰਮੁਖ ਦੇ ਸੁਖ ਫਲ ਦੀ ਅਗੰਮ ਅਗਾਧ (ਕਥਾ ਹੈ, ਉਪ੍ਰੋਕਤ ਸਭ ਚੀਜ਼ਾਂ ਇਸ ਦੇ ਟਾਕਰੇ ਹੇਚ ਹਨ) ਪਿਆਰੇ ਦਾ ਮੇਲ ਕਰਾਉਣ ਵਿਚ ਗੁਰੂ ਪੂਰਾ ਸਹਾਈ ਹੁੰਦਾ ਹੈ॥ ੨੩ ॥

੨੪. ਪਰਮੇਸ਼ਰ ਦੀ ਮਹਿਮਾ

੧. ਲਖ ਅਚਰਜ ਅਚਰਜ ਹੋਇ ਅਚਰਜ ਹੈਰਾਣਾ।
੨. ਵਿਸਮੁ ਹੋਇ ਵਿਸਮਾਦ ਲਖ ਲਖ ਚੋਜ ਵਿਡਾਣਾ।
੩. ਲਖ ਅਦਭੁਤ ਪਰਮਦਭੁਤੀ ਪਰਮਦਭੁਤ ਭਾਣਾ।
੪. ਅਬਿਗਤਿ ਗਤਿ ਅਗਾਧ ਬੋਧ ਅਪਰੰਪਰੁ ਬਾਣਾ।
੫. ਅਕਥ ਕਥਾ ਅਜਪਾ ਜਪਣੁ ਨੇਤਿ ਨੇਤਿ ਵਖਾਣਾ।
੬. ਆਦਿ ਪੁਰਖ ਆਦੇਸੁ ਹੈ ਕੁਦਰਤਿ ਕੁਰਬਾਣਾ॥ ੨੪ ॥

ਪਦ ਅਰਥ - ਅਚਰਜ=ਹੈਰਾਨ ਹੋਣਾ। ਚੋਜ ਵਿਡਾਣਾ=ਅਸਚਰਜ ਕੌਤਕ। ਪਰਮਦਭੁਤ=ਅਤਿ ਅਸਚਰਜ। ਬਾਣਾ=ਸਰੂਪ।

ਅਰਥ - ੧. ਲੱਖਾਂ ਹੀ ਆਪ ਅਸਚਰਜਤਾ ਪੈਦਾ ਕਰਨ ਵਾਲੇ, (ਪ੍ਰਭੂ ਦੀ ਅਸਚਰਜਤਾ ਨੂੰ ਦੇਖ) ਅਸਚਰਜ ਹੋ ਰਹੇ ਹਨ। ੨. (ਇਸੇ ਤਰ੍ਹਾਂ) ਲੱਖਾਂ ਵਿਸਮਾਦੀ ਲੋਕ, ਲੱਖਾਂ ਹੀ ਵੱਡੇ ਕੌਤਕਾਂ ਨੂੰ ਕਰਨ ਵਾਲੇ, (ਪ੍ਰਭੂ ਦੀ ਵਿਸਮਾਦਤਾ ਨੂੰ ਵੇਖ) ਵਿਸਮ ਰਹੇ ਹਨ। ੩. ਲੱਖਾਂ ਹੀ ਅਦਭੁਤ (ਚਰਿਤਰਾਂ ਵਾਲੇ ਤੇ ਹੋਰਨਾਂ

ਨੂੰ) ਕੌਤਕਾਂ ਨਾਲ ਅਸਚਰਜਤਾ ਫੈਲਾਉਣ ਵਾਲੇ ਆਪ (ਪਰਮੇਸ਼ਰ ਦੇ) ਅਸਚਰਜ ਭਾਣੇ ਨੂੰ ਤੱਕ (ਅਸਚਰਜ ਹੋ ਰਹੇ ਹਨ)। ੪. (ਉਸ ਪ੍ਰਭੂ ਦੀ) ਗਤੀ (ਹਾਲਤ) ਅਬਗਤਿ (ਨਾ ਕਥੀ ਜਾਣ ਵਾਲੀ) ਹੈ, ਉਹ ਪ੍ਰਭੂ ਸਮਝ ਦੇ ਘੇਰੇ ਤੋਂ ਪਾਰ ਹੈ ੫. (ਉਸ ਦੀ ਕਥਾ ਵੀ ਕਥਨ ਵਿਚ ਨਾ ਆਉਣ ਵਾਲੀ) ਹੈ ਤੇ ਜਪਣ ਤੋਂ ਵੀ ਪਰੇ (ਅਜਪਾ) ਹੈ। ੬. (ਇਸੇ ਲਈ ਉਸ ਨੂੰ ਸਭ ਸਿਆਣੇ ਤੇ ਵੇਦ ਕਤੇਬਾਂ) ਬੇਅੰਤ ਹੈ, ਬੇਅੰਤ ਹੈ, ਆਖਦੇ ਹਨ। ਆਦਿ ਪੁਰਖ (ਪ੍ਰਭੂ, ਪਰਮੇਸ਼ਰ) ਨੂੰ ਆਦੇਸ (ਪਰਨਾਮ) ਹੈ, ਤੇ ਉਸ ਦੀ ਕੁਦਰਤ (ਰਚਨਾ) ਤੋਂ ਵੀ ਬਲਿਹਾਰੇ ਤੇ ਕੁਰਬਾਨ ਹਾਂ॥ ੨੪॥

੨੫. ਛੇ ਸਤਿਗੁਰਾਂ ਦੀ ਅਰਾਧਨਾ

੧. ਪਾਰਬ੍ਰਹਮੁ ਪੂਰਣ ਬ੍ਰਹਮੁ ਗੁਰ ਨਾਨਕ ਦੇਉ।
੨. ਗੁਰ ਅੰਗਦੁ ਗੁਰ ਅੰਗ ਤੇ ਸਚ ਸਬਦ ਸਮੇਉ।
੩. ਅਮਰਾਪਦੁ ਗੁਰ ਅੰਗਦਹੁ ਅਤਿ ਅਲਖ ਅਭੇਉ।
੪. ਗੁਰ ਅਮਰਹੁ ਗੁਰ ਰਾਮ ਨਾਮੁ ਗਤਿ ਅਛਲ ਅਛੇਉ।
੫. ਰਾਮ ਰਸਕ ਅਰਜਨ ਗੁਰੂ ਅਬਿਚਲ ਅਰਖੇਉ।
੬. ਹਰਿਗੋਵਿੰਦੁ ਗੋਵਿੰਦੁ ਗੁਰੁ ਕਾਰਣ ਕਰਣੇਉ॥ ੨੫॥ ੧੩॥

ਪਦ ਅਰਥ - ਸਮੇਉ=ਸਮਾ ਗਏ, ਜਾਂ ਰਚ ਗਏ। ਅਛੇਉ=ਦਾਗ ਰਹਿਤ। ਅਰਖੇਉ=ਲਿਵਲੀਨ। ਕਾਰਣ ਕਰਣੇਉ=ਕਰਨ ਕਾਰਨ।

ਅਰਥ - ੧. ਪਾਰਬ੍ਰਹਮ (ਭਾਵ) ਪੂਰਨ ਬ੍ਰਹਮ ਦਾ ਸਰੂਪ ਗੁਰੂ ਨਾਨਕ ਦੇਵ (ਜੀ ਹੋਏ ਹਨ)। ੨. ਗੁਰੂ ਅੰਗਦ ਦੇਵ ਜੀ ਗੁਰੂ-ਅੰਗ ਤੋਂ ਬਣ ਕੇ ਸੱਚੇ ਸ਼ਬਦ ਵਿਚ ਸਮਾ, ਭਾਵ ਲੀਨ ਹੋ ਗਏ ਹਨ। ੩. ਗੁਰੂ ਅੰਗਦ ਦੇਵ ਜੀ ਤੋਂ ਅਮਰ ਪਦਵੀ (ਪ੍ਰਾਪਤ ਕਰਕੇ, ਗੁਰੂ ਅਮਰ ਦਾਸ ਜੀ (ਹੋਏ, ਜਿੰਨਾਂ ਦੀ ਗਤੀ) ਅਤਿ ਅਲਖ ਤੇ ਅਭੇਉ ਹੈ। ੪. ਗੁਰੂ ਅਮਰਦਾਸ ਜੀ ਤੋਂ (ਗੁਰੂ ਰਾਮਦਾਸ ਜੀ) ਹੋਏ, ਜਿਨ੍ਹਾਂ ਦੀ ਗਤੀ (ਨਾ ਛਲੇ ਜਾਣ ਵਾਲੀ ਹੈ ਤੇ ਨਾ ਹੀ ਉਸ ਵਿਚ ਕੋਈ) ਦਾਗ ਹੈ। ੫. ਰਾਮਦਾਸ ਜੀ ਤੋਂ ਗੁਰੂ ਅਰਜਨ ਦੇਵ ਜੀ ਹੋਏ, ਜੋ ਅਚਲ (ਗੁਰਮੂਰਤੀ ਦੇ ਪ੍ਰਕਾਸ਼ ਵਿਚ) ਮਸਤ ਹੋ, ਲਿਵਲੀਨ ਹੋ ਗਏ। ੬. (ਪੰਜਵੇਂ ਸਤਿਗੁਰੂ ਤੋਂ ਛੇਵੇਂ ਗੁਰੂ) ਹਰਿਗੋਵਿੰਦ ਜੀ ਹੋਏ ਜੋ ਗੋਵਿੰਦ (ਪ੍ਰਭੂ) ਦਾ ਰੂਪ ਤੇ (ਸਰਬ ਕਲਾ ਸਮਰੱਥ) ਕਾਰਨਾਂ ਦੇ ਕਰਨਹਾਰ (ਭਾਵ ਮਾਲਕ ਬਣ ਗੁਰ-ਗੱਦੀ 'ਤੇ ਸੋਭਾਇਮਾਨ ਹੋਏ)॥ ੨੫॥ ੧੩॥

ਵਾਰ ੧੪

ੴ ਸਤਿਗੁਰ ਪ੍ਰਸਾਦਿ॥

੧. ਸੱਚੇ ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ

੧. ਸਤਿਗੁਰ ਸਚਾ ਨਾਉ ਗੁਰਮੁਖਿ ਜਾਣੀਐ।
੨. ਸਾਧਸੰਗਤਿ ਸਚੁ ਥਾਉ ਸਬਦਿ ਵਖਾਣੀਐ।
੩. ਦਰਗਹ ਸਚੁ ਨਿਆਉ ਜਲ ਦੁਧੁ ਛਾਣੀਐ।
੪. ਗੁਰ ਸਰਣੀ ਅਸਰਾਉ ਸੇਵ ਕਮਾਣੀਐ।
੫. ਸਬਦ ਸੁਰਤਿ ਸੁਣਿ ਗਾਉ ਅੰਦਰਿ ਆਣੀਐ।
੬. ਤਿਸੁ ਕੁਰਬਾਣੈ ਜਾਉ ਮਾਣੁ ਨਿਮਾਣੀਐ॥ ੧॥

ਪਦ ਅਰਥ - ਅਸਰਾਉ=ਸਹਾਰਾ ਹੈ। ਅੰਦਰਿ ਆਣੀਐ=ਅਭਿਆਸ ਕਰਕੇ।

ਅਰਥ - ੧. ਗੁਰੂ ਜੀ ਦਾ ਨਾਮ ਹੀ ਸੱਚਾ ਹੈ, ਜੋ ਗੁਰਮੁਖਾਂ (ਭਾਵ (ਗੁਰਮੁਖਤਾਈ) ਨਾਲ ਜਾਣਿਆਂ ਜਾਂਦਾ ਹੈ। ੨. ਸਾਧ ਸੰਗਤ ਹੀ ਸੱਚ ਦਾ ਅਸਥਾਨ ਹੈ, (ਜਿਥੇ ਗੁਰੂ ਦੇ) ਸ਼ਬਦ ਨੂੰ ਕਿਹਾ ਜਾਂਦਾ ਹੈ। ੩. (ਸ਼ਬਦ ਵਿਚ ਪ੍ਰਭੂ ਦੀ ਸਿਫਤ ਸਲਾਹ ਹੈ ਕਿ ਪ੍ਰਭੂ ਦੀ) ਦਰਗਹ (ਦਰਬਾਰ) ਵਿਚ ਸੱਚਾ ਨਿਆਉਂ ਹੁੰਦਾ ਹੈ, ਜਲ ਤੇ ਦੁੱਧ ਨੂੰ ਜਾਣ ਕੇ (ਸੱਚ ਤੇ ਝੂਠ ਦਾ ਨਿਰਣਾ ਕਰਕੇ)। ੪. ਗੁਰੂ ਦੀ ਸ਼ਰਨ ਦਾ ਸਹਾਰਾ ਲੈ ਕੇ ਹੀ ਸੇਵਾ ਕਮਾਉਣੀ ਚਾਹੀਏ। ੫. ਸ਼ਬਦ (ਗੁਰੂ ਦੇ ਨੂੰ) ਸੁਰਤ (ਧਿਆਨ) ਲਾ ਕੇ ਸੁਣੋ ਤੇ ਗਾਓ, ਤੇ ਫਿਰ ਹਿਰਦੇ ਵਿਚ ਟਿਕਾ ਕੇ (ਪੂਰਨ ਸ਼ਬਦ ਅਭਿਆਸੀ ਬਣਨ ਦਾ ਜਤਨ ਕਰੋ)। ੬. ਐਸੇ ਸੱਤਿਗੁਰੂ ਦੇ ਕੁਰਬਾਨ ਜਾਂਦਾ ਹਾਂ (ਜਿਨ੍ਹਾਂ ਨੇ ਸਹਾਰਾ ਦੇ ਕੇ, ਮੇਰੇ ਵਰਗੇ) ਨਿਮਾਣੇ ਨੂੰ ਮਾਣ (ਸਤਿਕਾਰ) ਵਾਲਾ (ਗੁਰਸਿੱਖ) ਬਣਾ ਦਿੱਤਾ ਹੈ॥ ੧॥

੨. ਗੁਰ ਸੰਗਤ ਦੇ ਅਭਿਆਸ ਦੀ ਸ਼ੋਭਾ

੧. ਚਾਰਿ ਵਰਨ ਗੁਰ ਸਿਖ ਸੰਗਤਿ ਆਵਣਾ।
੨. ਗੁਰਮੁਖਿ ਮਾਰਗੁ ਵਿਖੁ ਅੰਤੁ ਨ ਪਾਵਣਾ।
੩. ਤੁਲਿ ਨ ਅੰਮ੍ਰਿਤ ਇਖ ਕੀਰਤਨੁ ਗਾਵਣਾ।

੪. ਚਾਰਿ ਪਦਾਰਥ ਭਿਖ ਭਿਖਾਰੀ ਪਾਵਣਾ।
੫. ਲੇਖ ਅਲੇਖ ਅਲਿਖ ਸਬਦੁ ਕਮਾਵਣਾ।
੬. ਸੁਝਨਿ ਭੂਤ ਭਵਿਖ ਨ ਆਪੁ ਜਣਾਵਣਾ॥ ੨॥

ਪਦ ਅਰਥ - ਵਿਖੁ=ਵਿਖਮ। ਇਖ=ਗੰਨੇ ਦਾ ਰਸ। ਭਿਖ=ਭਿਖਿਆ। ਲੇਖ ਅਲਿਖ=ਲੇਖੇ ਤੇ ਲਿਖਤ ਤੋਂ ਰਹਿਤ।

ਅਰਥ - ੧. ਚਾਰੇ ਵਰਣ (ਖੜ੍ਹੀ, ਬ੍ਰਾਹਮਣ, ਸ਼ੂਦਰ ਤੇ ਵੈਸ਼) ਗੁਰਸਿੱਖਾਂ ਦੀ ਸੰਗਤ ਆਉਂਦੇ ਹਨ, ੨. (ਪਰ) ਗੁਰਮੁਖਾਂ ਦਾ ਮਾਰਗ ਕਠਿਨ ਤੇ ਬਿਖੜਾ ਹੈ, ਜਿਸ ਦੇ ਇੱਕ ਕਦਮ ਚਲੇ ਦਾ ਹਿਸਾਬ ਵੀ ਨਹੀਂ ਲੱਗ ਸਕਦਾ (ਇਹ ਮਾਰਗ ਵੱਡੀ ਤਪਸਿਆ ਤੇ ਘਾਲ ਕਮਾਈ ਵਾਲਾ ਹੈ)। ੩. ਕੀਰਤਨ ਗਾਉਣਾ (ਜਾਂ ਸੁਣਨਾ) ਇਸ (ਰੱਬੀ ਰਸ) ਅੰਮ੍ਰਿਤ ਦੇ ਬਰਾਬਰ (ਹੋਰ ਕੋਈ ਰਸ) ਨਹੀਂ ਹੈ। ੪. ਚਾਰੇ ਪਦਾਰਥਾਂ ਦੀ ਭਿਖਿਆ (ਵਾਹਿਗੁਰੂ ਤੋਂ ਜਾਂ ਸਾਧ ਸੰਗਤ ਵਿਚੋਂ, ਆਪਾ ਭਾਵ ਮਿਟਾ ਕੇ) ਮੰਗਤਾ ਬਣ ਕੇ ਪਾਈ ਜਾ ਸਕਦੀ ਹੈ। ੫. (ਗੁਰ) ਸ਼ਬਦ ਦੀ ਕਮਾਈ (ਗੁਰਮੁਖਾਂ ਨੂੰ) ਲੇਖੇ ਤੇ ਲਿਖਤ ਰਹਿਤ ਸਰੂਪ ਵਾਲੇ ਬਣਾ ਦੇਂਦੀ ਹੈ। ੬. (ਗੁਰਮੁਖਾਂ ਨੂੰ) ਤਿੰਨੇ ਕਾਲਾਂ-ਭੂਤ, ਭਵਿੱਖ ਤੇ ਵਰਤਮਾਨ ਵਿਚ (ਹੋਣ ਵਾਲੇ ਕਾਰਜਾਂ ਦੀ) ਸੋਝੀ ਹੋ ਜਾਂਦੀ ਹੈ, (ਪਰ ਉਹ ਇਸ ਉੱਚ ਅਵਸਥਾ ਦਾ ਹੰਕਾਰ ਨਹੀਂ ਕਰਦੇ, ਜੇਰੇ ਵਿਚ ਰਹਿ ਕੇ) ਕਿਸੇ ਨੂੰ ਵੀ ਆਪਣਾ ਆਪ ਨਹੀਂ ਜਣਾਉਂਦੇ (ਕਿ ਅਸੀਂ ਐਹ ਜਾਣਦੇ ਹਾਂ, ਜਾਂ ਐਹ ਕੁਝ ਕਰ ਸਕਦੇ ਹਾਂ)॥ ੨॥

੩. ਅਗਮ ਅਗੋਚਰ ਪ੍ਰਭੂ ਦਾ ਦੀਦਾਰ

੧. ਆਦਿ ਪੁਰਖ ਆਦੇਸਿ ਅਲਖੁ ਲਖਾਇਆ।
੨. ਅਨਹਦੁ ਸਬਦੁ ਅਵੇਸਿ ਅਘੜੁ ਘੜਾਇਆ।
੩. ਸਾਧਸੰਗਤਿ ਪਰਵੇਸਿ ਅਪਿਓ ਪੀਆਇਆ।
੪. ਗੁਰ ਪੂਰੇ ਉਪਦੇਸਿ ਸਚੁ ਦਿੜਾਇਆ।
੫. ਗੁਰਮੁਖਿ ਭੂਪਤਿ ਵੇਸਿ ਨ ਵਿਆਪੈ ਮਾਇਆ।
੬. ਬ੍ਰਹਮੇ ਬਿਸਨੁ ਮਹੇਸ਼ ਨ ਦਰਸਨੁ ਪਾਇਆ॥ ੩॥

ਪਦ ਅਰਥ - ਆਦੇਸਿ=ਪਰਣਾਮ, ਡੰਡਉਤ। ਅਪਿਓ=ਅੰਮ੍ਰਿਤ।

ਅਰਥ - ੧. ਆਦਿ ਪੁਰਖ (ਪਰਮੇਸ਼ਰ) ਨੂੰ ਪਰਣਾਮ ਕਰਦਾ ਹਾਂ, ਜੋ ਅਲਖ ਹੈ, (ਪਰ ਜਿਸ ਨੇ ਕੁਦਰਤ ਦੇ ਪਸਾਰੇ ਨਾਲ) ਆਪਣਾ ਆਪ ਲਖਾ (ਦਿਖਾ ਦਿੱਤਾ) ਹੈ। ੨. ਅਨਹਦ ਸ਼ਬਦ (ਦਾ ਹਿਰਦੇ ਵਿਚ ਟਿਕਾਣਾ ਬਣਾ, ਜਿਸ ਨੇ) ਅਘੜ (ਮਨ ਨੂੰ) ਘੜ ਦਿੱਤਾ, (ਭਾਵ ਸੰਵਾਰ ਦਿੱਤਾ ਹੈ)। ੩. ਸਾਧ ਸੰਗਤਿ ਵਿਚ ਪਰਵੇਸ਼ (ਦਾਖਲ ਕਰਕੇ) ਅੰਮ੍ਰਿਤ ਦੇ ਪਿਆਵਣਹਾਰੇ ਹਨ। ੪. (ਇਹ) ਸੱਚਾ ਉਪਦੇਸ਼ ਗੁਰੂ ਪੂਰੇ (ਗੁਰੂ ਨਾਨਕ ਦੇਵ ਜੀ ਨੇ, ਗੁਰਮੁਖ ਦੇ ਹਿਰਦੇ ਵਿਚ) ਸੱਚਾ ਕਰਕੇ ਦ੍ਰਿੜ੍ਹ ਕਰਾ ਦਿੱਤਾ ਹੈ। ੫. ਗੁਰਮੁਖਾਂ ਦਾ ਭੇਸ (ਪਹਿਰਾਵਾ)

ਭਾਵੇਂ ਰਾਜਿਆਂ ਵਰਗਾ (ਸੁੰਦਰ ਤੇ ਚਮਕੀਲਾ) ਹੈ, ਪਰ ਉਹ (ਮਾਇਕ ਪਦਾਰਥਾਂ ਦੀ ਪਕੜ) ਮਾਇਆ ਤੋਂ ਨਿਰਲੇਪ ਹੁੰਦੇ ਹਨ, ਮਾਇਆ ਉਨ੍ਹਾਂ ਨੂੰ ਨਹੀਂ ਵਿਆਪਦੀ (ਤੰਗ) ਨਹੀਂ ਕਰਦੀ। ੬. ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੀ ਨੇ (ਪ੍ਰਭੂ ਦਾ) ਦਰਸ਼ਨ ਨਹੀਂ ਪਾਇਆ॥ ੩॥

੪. ਤਿੰਨੇ ਦੇਵਤਿਆਂ ਦੀ ਕਾਰਗੁਜ਼ਾਰੀ ਦਾ ਵਰਣਨ

੧. ਬਿਸਨੈ ਦਸ ਅਵਤਾਰ ਨਾਵ ਗਣਾਇਆ।
੨. ਕਰਿ ਕਰਿ ਅਸੁਰ ਸੰਘਾਰ ਵਾਦੁ ਵਧਾਇਆ।
੩. ਬ੍ਰਹਮੈ ਵੇਦ ਵੀਚਾਰਿ ਆਖਿ ਸੁਣਾਇਆ।
੪. ਮਨ ਅੰਦਰਿ ਅਹੰਕਾਰੁ ਜਗਤੁ ਉਪਾਇਆ।
੫. ਮਹਾਦੇਉ ਲਾਇ ਤਾਰ ਤਾਮਸੁ ਤਾਇਆ।
੬. ਗੁਰਮੁਖਿ ਮੋਖ ਦੁਆਰ ਆਪੁ ਗਵਾਇਆ॥ ੪॥

ਪਦ ਅਰਥ - ਨਾਵ ਗਣਾਇਆ=ਆਪਣਾ ਹੀ ਨਾਮ ਜਪਾਇਆ। ਅਸੁਰ=ਦੈਂਤ। ਵਾਦੁ=ਬਖੇੜਾ, ਝਗੜਾ। ਤਾਮਸੁ=ਕ੍ਰੋਧ, ਤਮੋ ਗੁਣ।

ਅਰਥ - ੧. ਵਿਸ਼ਨੂੰ ਜੀ ਨੇ ੧੦ ਅਵਤਾਰ ਧਾਰ ਕੇ, ਆਪਣਾ ਹੀ ਨਾਮ ਜਪਾਇਆ, (ਪ੍ਰਭੂ ਦੀ ਵਡਿਆਈ ਦਾ ਪ੍ਰਕਾਸ਼ ਨਾ ਕੀਤਾ)। ੨. ਉਨ੍ਹਾਂ ਨੇ (ਅਵਤਾਰ ਲੈ ਕੇ) ਵੱਡੇ ਵੱਡੇ ਦੈਂਤ ਰਾਖਸ਼ਾਂ ਦਾ ਸੰਘਾਰ (ਨਾਸ) ਕੀਤਾ ਤੇ ਵਿਰੋਧ, ਵੈਰ-ਭਾਵ ਨੂੰ ਵਧਾ ਲਿਆ। ੩. ਬ੍ਰਹਮਾ ਜੀ ਨੇ ਵੇਦਾਂ ਦੀ ਵਿਚਾਰ ਕਰਕੇ, (ਸ੍ਰਿਸ਼ਟੀ ਦੇ ਲੋਕਾਂ ਨੂੰ) ਆਖ ਕੇ ਸੁਣਾਇਆ, ੪. (ਪਰ ਉਸਦੇ) ਮਨ ਅੰਦਰ ਇਹ ਹੰਕਾਰ ਘਰ ਕਰ ਚੁੱਕਾ ਸੀ ਕਿ ਇਸ ਜਗਤ (ਸ੍ਰਿਸ਼ਟੀ) ਦੀ ਉਤਪੱਤੀ ਮੈਂ ਹੀ ਕੀਤੀ ਹੈ। (ਵਿਸ਼ਨੂੰ ਸਤੋ ਗੁਣੀ ਤੇ ਬ੍ਰਹਮਾ ਰਜੋ ਗੁਣੀ ਦਾ ਧਾਰਨੀ ਹੈ, ਪਰ ਹੁਣ ਤਮੋ ਗੁਣ ਦੇ ਧਾਰਣੀ ਦਾ ਹਾਲ ਸੁਣੋ)। ੫. ਸ਼ਿਵ ਜੀ (ਮਹਾਂ ਦੇਉ) ਤਾਰ ਲਾ, ਮਸਤ ਹੋ, ਤਾਮਸੀ (ਤਮੋ ਗੁਣ) ਦੇ ਨਾਲ ਤਪਦੇ, (ਤਪ ਜਾਂਦੇ ਤੇ ਸੰਸਾਰ ਨੂੰ ਖਤਮ ਕਰੀ ਜਾਂਦੇ ਹਨ)। ੬. ਗੁਰਮੁਖ (ਸ਼ਾਂਤ ਚਿਤ) ਕੇਵਲ ਮੋਖ ਦੇ ਦਰਵਾਜ਼ੇ ਹਨ, ਉਨ੍ਹਾਂ ਨੇ ਆਪਾ-ਭਾਵ (ਦ੍ਵੈਤ) ਨੂੰ ਖਤਮ ਕਰ ਦਿੱਤਾ ਹੈ॥ ੪॥

੫. ਨਾਰਦ ਤੇ ਸਨਕ ਸਨੰਦਨ ਆਦਿਕਾਂ ਦਾ ਵਰਣਨ

੧. ਨਾਰਦ ਮੁਨੀ ਅਖਾਇ ਗਲ ਸੁਣਾਇਆ।
੨. ਲਾਇਤਬਾਰੀ ਖਾਇ ਚੁਗਲੁ ਸਦਾਇਆ।
੩. ਸਨਕਾਦਿਕ ਦਰਿ ਜਾਇ ਤਾਮਸੁ ਆਇਆ।

੪. ਦਸ ਅਵਤਾਰ ਕਰਾਇ ਜਨਮੁ ਗਲਾਇਆ।
੫. ਜਿਨਿ ਸੁਕੁ ਜਣਿਆ ਮਾਇ ਦੁਖੁ ਸਹਾਇਆ।
੬. ਗੁਰਮੁਖਿ ਸੁਖ ਫਲ ਖਾਇ ਅਜਰੁ ਜਰਾਇਆ॥ ੫॥

ਪਦ ਅਰਥ - ਮੁਨੀ=ਮਾਨਤਾਯੋਗ। ਲਾਇਤਬਾਰੀ=ਬੇਇਤਬਾਰਾ। ਦੁਖੁ ਸਹਾਇਆ=ਦੁੱਖ ਸਹਿਆ।

ਅਰਥ - ੧. ਨਾਰਦ ਨੇ ਮੁਨੀ (ਆਪਣੇ ਆਪ ਨੂੰ ਪਰਮੇਸ਼ਰ ਦਾ ਭਗਤ) ਅਖਵਾਇਆ, ੨. (ਪਰ ਜਿਹੜੀਆਂ) ਗੱਲਾਂ ਕੀਤੀਆਂ ਜਾਂ ਸੁਣਾਈਆਂ, ਬੇਇਤਬਾਰੇ ਵਾਲੀਆਂ। (ਕਿਸੇ ਨੂੰ ਕੁਝ ਕਹਿ ਦਿੱਤਾ, ਕਿਸੇ ਨੂੰ ਕੁਝ, ਇਉਂ ਇੱਕ ਦੂਜੇ ਵਿਚ ਵਿਰੋਧ ਪੈਦਾ ਕਰਨ ਵਾਲਾ) ਬੇਇਤਬਾਰਾ, ਚੁਗਲੀਆਂ (ਇੱਕ ਦੂਜੇ ਦੀਆਂ) ਖਾਣ ਵਾਲਾ, ਚੁਗਲ ਹੀ ਸਦਵਾਇਆ। ੩. (ਜਦੋਂ ਇਹ) ਭਗਵਾਨ ਦੇ ਬੂਹੇ ਅੱਗੇ ਗਿਆ, ਤਾ ਸਨਕਾਦਿਕ ਜੋ ਦਰ ਦੇ ਅੱਗੇ ਪਹਿਰੇਦਾਰ ਸਨ, (ਉਨ੍ਹਾਂ ਮਹਾਰਾਜ ਦੀ ਆਗਿਆ ਬਿਨਾਂ ਲੰਘਣ ਨਾ ਦਿੱਤਾ), ਤਾਂ ਤਾਮਸੀ (ਭਾਵ ਕ੍ਰੋਧ) ਵਿਚ ਆ ਗਿਆ। (ਉਨ੍ਹਾਂ ਨੂੰ ਰਾਖਸ਼ ਹੋਣ ਦਾ ਸਰਾਪ ਦਿੱਤਾ। ਸਰਾਪ ਦੇ ਕੇ ਫਿਰ ਭਗਵਾਨ ਕੋਲ ਇਹਨਾਂ ਦਾ ਉਧਾਰ ਕਰਨ ਦੀ ਸਫਾਰਸ਼ ਕੀਤੀ)। ੪. ਭਗਵਾਨ ਨੂੰ ਉਨ੍ਹਾਂ ਦੇ ਉਧਾਰ ਵਾਸਤੇ ਹੀ (ਦਸ ਅਵਤਾਰ) ਕੱਛ ਮੱਛ, ਰਾਮ ਕ੍ਰਿਸ਼ਨ ਆਦਿਕ ਧਾਰਨੇ ਪਏ। (ਨਾਰਦ ਨੂੰ ਇਹੋ ਜੇਹਾ ਪ੍ਰੇਮਾ-ਭਗਤੀ ਵਾਲਾ ਮੰਨਦੇ ਹਨ)। ਇਉਂ ਦਸ ਅਵਤਾਰਾਂ ਨੇ ਵੀ ਵੈਰ ਵਿਰੋਧ ਵਿਚ ਹੀ ਆਪਣਾ ਸਾਰਾ ਇਸ ਕੰਮ 'ਤੇ ਲਾਇਆ ਸਮਾਂ ਗਾਲ (ਗਵਾ) ਦਿੱਤਾ। ੫. ਜਿਸ ਮਾਂ ਨੇ ਇਨ੍ਹਾਂ ਨੂੰ ਸੁਖ ਪ੍ਰਾਪਤ ਕਰਨ ਲਈ ਜਣਿਆ, ਉਲਟਾ ਦੁੱਖ ਹੀ ਸਹਾਰੇ। (ਸ੍ਰੀ ਰਾਮ ਚੰਦਰ ਜੀ ਦੀ ਮਾਤਾ ਤੇ ਕ੍ਰਿਸ਼ਨ ਜੀ ਦੀ ਮਾਤਾ ਦੇ ਦੁੱਖਾਂ ਦਾ ਹਾਲ, ਰਾਮਾਇਣ ਤੇ ਕ੍ਰਿਸ਼ਨਾਵਤਾਰ ਵਿਚੋਂ ਲੱਭ ਸਕਦਾ ਹੈ)। ੬. ਪਰ ਇਸ ਦੇ ਮੁਕਾਬਲੇ ਗੁਰਮੁਖ ਨੇ ਸੁਖ ਫਲ ਪ੍ਰਾਪਤ ਕਰਕੇ ਖਾਧਾ ਤੇ ਅਜਰ ਅਵਸਥਾ ਨੂੰ ਜਰ ਲਿਆ (ਮਾਣ ਨਹੀਂ ਕੀਤਾ)॥ ੫॥

੬. ਧਰਤੀ ਦਾ ਧੀਰਜ ਤੇ ਧਰਮ

੧. ਧਰਤੀ ਨੀਵੀਂ ਹੋਇ ਚਰਣ ਚਿਤੁ ਲਾਇਆ।
੨. ਚਰਣ ਕਵਲ ਰਸੁ ਭੋਇ ਆਪੁ ਗਵਾਇਆ।
੩. ਚਰਣ ਰੇਣੁ ਤਿਹੁ ਲੋਇ ਇਛ ਇਛਾਇਆ।
੪. ਧੀਰਜੁ ਧਰਮੁ ਸਮੋਇ ਸੰਤੋਖੁ ਸਮਾਇਆ।
੫. ਜੀਵਣੁ ਜਗਤੁ ਪਰੋਇ ਰਿਜਕੁ ਪੁਜਾਇਆ।
੬. ਮੰਨੈ ਹੁਕਮੁ ਰਜਾਇ ਗੁਰਮੁਖਿ ਜਾਇਆ॥ ੬॥

ਪਦ ਅਰਥ - ਚਰਣ ਚਿਤੁ=ਸਭ ਦੇ ਪੈਰਾਂ ਦੇ ਥੱਲੇ। ਰਸੁ ਭੋਇ=ਰਸ ਨਾਲ ਮਿਲੀ ਹੋਈ। ਪਰੋਇ=ਧਾਰਨ ਕਰਕੇ। ਜਾਇਆ=ਜਨਮ ਦਿੱਤਾ।

ਅਰਥ - ੧. ਧਰਤੀ ਨੇ ਨੀਵੀਂ ਹੋ ਕੇ (ਨਿਮ੍ਰਤਾ ਧਾਰਨ ਕਰ ਸਭ ਦੇ) ਚਰਣਾਂ ਦੇ ਨਾਲ ਹੀ ਚਿਤ

ਨੂੰ ਜੋੜਿਆ ਹੋਇਆ ਹੈ। ੨. ਚਰਣ ਕਵਲਾਂ ਦੇ ਰਸ (ਪ੍ਰੇਮ) ਵਿਚ ਭਿੱਜ ਕੇ ਆਪਾ (-ਭਾਵ) ਆਪਣੀ ਹੋਂਦ ਨੂੰ ਹੀ ਮਿਟਾ ਦਿੱਤਾ ਹੈ। ੩. (ਧਰਤੀ) ਤਿੰਨਾਂ ਲੋਕਾਂ ਦੇ ਚਰਣਾਂ ਦੀ ਧੂੜ ਬਣੀ ਹੋਈ ਹੈ, (ਜਿਸ ਦੀ) ਇੱਛਾ (ਸਾਰੇ ਹੀ) ਕਰਦੇ ਹਨ। ੪. ਧੀਰਜ ਅਤੇ ਸੰਤੋਖ (ਸਬਰ) ਦੇ ਨਿਯਮਾਂ ਵਾਲਾ ਧਰਮ, (ਧਰਤੀ ਦੇ) ਅੰਦਰ ਰਚਿਆ ਹੋਇਆ ਹੈ। ੫. ਜੀਵਨ-ਜੁਗਤੀ ਦੀ ਧਾਰਨਾ ਨੂੰ ਪਰੋ ਕੇ (ਹਿਰਦੇ ਵਿਚ ਧਾਰਨ ਕਰਕੇ ਧਰਤੀ ਹੀ) ਸਭ ਜੀਵ ਜੰਤੂਆਂ ਦੇ ਖਾਣ ਲਈ ਰਿਜਕ (ਪਦਾਰਥ) ਪੁਚਾਉਂਦੀ (ਭਾਵ ਪੈਦਾ ਕਰਦੀ) ਹੈ। ੬. (ਪ੍ਰਭੂ ਦੇ) ਹੁਕਮ ਤੇ ਉਸ ਦੀ ਰਜ਼ਾ (ਭਾਣੇ ਨੂੰ ਮਿੱਠਾ ਕਰਕੇ ਮੰਨਣ ਵਾਲੇ) ਗੁਰਮੁਖ (ਧੰਨਤਾ ਜੋਗ ਤੇ ਭਾਗਾਂ ਵਾਲੇ ਜੀਵ ਇਸੇ ਧਰਤੀ 'ਤੇ ਹੀ) ਜੰਮੇ ਹਨ॥ ੬॥

੭. ਪਾਣੀ ਦੇ ਪਰਉਪਕਾਰ

੧. ਪਾਣੀ ਧਰਤੀ ਵਿਚਿ ਧਰਤਿ ਵਿਚਿ ਪਾਣੀਐ।
੨. ਨੀਚਹੁ ਨੀਚ ਨ ਹਿਚ ਨਿਰਮਲ ਜਾਣੀਐ।
੩. ਸਹਦਾ ਬਾਹਲੀ ਖਿਚ ਨਿਵੈ ਨੀਵਾਣੀਐ।
੪. ਮਨ ਮੇਲੀ ਘੁਲ ਮਿਚ ਸਭ ਰੰਗ ਮਾਣੀਐ।
੫. ਵਿਛੁੜੈ ਨਾਹਿ ਵਿਰਚਿ ਦਰਿ ਪਰਵਾਣੀਐ।
੬. ਪਰਉਪਕਾਰ ਸਰਚਿ ਭਗਤਿ ਨੀਸਾਣੀਐ॥ ੭॥

ਪਦ ਅਰਥ - ਹਿਚ=ਅੜਨਾ ਜਾਂ ਝਿਝਕਣਾ। ਖਿਚ=ਤੀਬਰਤਾ। ਵਿਰਚਿ=ਨਾਲ ਮਿਲ ਕੇ। ਸਰਚਿ=ਚੰਗਾ ਮਿਲਾਪ ਕਰਨ ਵਾਲਾ।

ਅਰਥ - ੧. ਪਾਣੀ ਧਰਤੀ ਦੇ ਵਿਚ ਹੈ, ਤੇ ਧਰਤੀ ਪਾਣੀ ਦੇ ਵਿਚ ਹੈ (ਦੋਵੇਂ ਹੀ ਇੱਕਠੇ ਰਹਿ ਕੇ, ਧਰਮ ਪਾਲਦੇ ਹਨ, ਧੀਰਜ ਤੇ ਸੰਤੋਖ ਵਾਲੇ)। ੨. (ਪਾਣੀ) ਨੀਵੀਂ ਤੋਂ ਨੀਵੀਂ ਥਾਂ ਵੱਲ ਜਾਣ ਤੋਂ ਝਿਜਕਦਾ ਜਾਂ ਅੜੀ ਨਹੀਂ ਕਰਦਾ, (ਤੇ ਮਿੱਟੀ ਘੱਟੇ ਵਿਚ ਰਲ ਫੇਰ ਮਿੱਟੀਓਂ ਨਿੱਤਰ ਕੇ, ਬਾਹਰ ਨਿਕਲ ਆਉਂਦਾ) ਤੇ ਨਿਰਮਲ ਜਾਣਿਆ ਜਾਂਦਾ ਹੈ। ੩. (ਪਾਣੀ ਤਰਲ ਪਦਾਰਥ ਹੋਣ ਕਰਕੇ) ਬਹੁਤੀ ਖਿੱਚ (ਕੁਦਰਤੀ ਤੌਰ 'ਤੇ) ਸਹਿੰਦਾ ਤੇ ਨੀਵਾਣ ਵੱਲ ਧਾਈ ਕਰਕੇ ਜਾਂਦਾ ਹੈ, (ਰੋਕਿਆਂ ਵੀ ਘੱਟ ਹੀ ਰੁਕਦਾ ਹੈ)। ੪. ਮਨ ਦਾ ਮੇਲੀ (ਐਸਾ ਮਿਲਾਪੜਾ ਹੈ ਕਿ) ਝਟ ਹੀ ਘੁਲ ਮਿਲ ਜਾਂਦਾ ਹੈ, ਜੋ ਵੀ ਪਦਾਰਥ ਇਸ ਨਾਲ ਮਿਲੇ, ਸਭ ਰੰਗ ਮਾਣਦਾ ਹੈ, (ਭਾਵ ਹਰ ਰੰਗ ਦਾ ਪੀਲਾ, ਕਾਲਾ, ਨੀਲਾ, ਲਾਲ, ਮਿਲੇ, ਉਹੋ ਰੰਗ ਧਾਰਨ ਕਰ ਲੈਂਦਾ ਹੈ)। ੫. (ਜਿਸ ਵਿਚ) ਮਿਲਦਾ ਹੈ, ਤਾਂ ਮਿਲ ਕੇ ਵਿਛੜਦਾ ਨਹੀਂ, (ਇਸੇ ਕਾਰਣ ਇਹ) ਦਰਗਾਹ ਵਿਚ ਵੀ ਪਰਵਾਣ (ਭਾਵ ਪਰਮਾਣੀਕ ਹੈ)। ੬. ਪਰਉਪਕਾਰ ਲਈ ਹੀ (ਇਹ ਹੋਰਨਾਂ) ਵਿਚ ਮਿਲਦਾ ਹੈ, (ਇਹੋ ਹੀ) ਭਗਤੀ-ਭਾਵ ਦੀ (ਵੱਡੀ) ਨਿਸ਼ਾਨੀ ਹੈ॥ ੭॥

੮. ਬ੍ਰਿਛ ਦੀ ਧੀਰਜਤਾ

੧. ਧਰਤੀ ਉਤੈ ਰੁਖ ਸਿਰ ਤਲਵਾਇਆ।
੨. ਆਪਿ ਸਹੰਦੇ ਦੁਖ ਜਗੁ ਵਰੁਸਾਇਆ।
੩. ਫਲ ਦੇ ਲਾਹਨਿ ਭੁਖ ਵਟ ਵਗਾਇਆ।
੪. ਛਾਵ ਘਣੀ ਬਹਿ ਸੁਖ ਮਨੁ ਪਰਚਾਇਆ।
੫. ਵਢਨਿ ਆਇ ਮਨੁਖ ਆਪੁ ਤਛਾਇਆ।
੬. ਵਿਰਲੇ ਹੀ ਸਨਮੁਖ ਭਾਣਾ ਭਾਇਆ॥ ੮॥

ਪਦ ਅਰਥ - ਸਿਰ ਤਲਵਾਇਆ=ਸਿਰ ਪਰਨੇ ਹੋ। ਵਰੁਸਾਇਆ=ਨਿਹਾਲ ਕੀਤਾ। ਤਛਾਇਆ=ਕਟਵਾਇਆ, ਚਿਰਾਇਆ।

ਅਰਥ - ੧. ਧਰਤੀ ਉਤੇ ਰੁਖ (ਬ੍ਰਿਛ) ਪੁੱਠਾ (ਸਿਰ ਥੱਲੇ, ਪੈਰ ਉਤੇ ਕਰ) ਹੋ ਜੰਮਦਾ ਹੈ। ੨. ਆਪ ਦੁੱਖ ਤੇ ਤਕਲੀਫਾਂ ਸਹਿੰਦਾ ਹੈ, ਪਰ ਜਗਤ ਨੂੰ ਫਲ ਦੇਂਦਾ ਤੇ ਪਰਸੰਨ ਕਰਦਾ ਹੈ। ੩. ਫਲ ਦੇ ਕੇ ਭੁੱਖਿਆਂ ਦੀ ਭੁੱਖ ਦੂਰ ਕਰਦਾ ਹੈ। ਭੁੱਖੇ (ਕੀ ਕਰਦੇ ਹਨ ? ਰੁਖ ਨੂੰ) ਢੀਮਾਂ ਜਾਂ ਪੱਥਰ ਮਾਰਦੇ ਹਨ। ੪. (ਰਾਹ ਜਾਂਦੇ ਰਾਹੀ ਰੁਖ ਥੱਲੇ) ਬਹਿ ਕੇ, ਘਣੀ ਛਾਂ ਦਾ ਸੁਖ ਪ੍ਰਾਪਤ ਕਰਦੇ ਤੇ (ਜਿੰਨਾ ਚਿਰ) ਬੈਠਦੇ, ਮਨ ਪਰਚਾਉਂਦੇ ਹਨ। ੫. (ਜੇ ਰੁਖ ਨੂੰ) ਵੱਢਣ ਲਈ ਮਨੁਖ (ਤਰਖਾਣ ਆ ਗਿਆ, ਤਾਂ ਰੁਖ ਨੇ) ਆਪਣਾ ਆਪ ਵਢਵਾ ਲਿਆ। ੬. (ਇਸੇ ਤਰ੍ਹਾਂ ਜਿਵੇਂ ਪਰਮੇਸ਼ਰ ਦੇ ਭਾਣੇ ਨੂੰ ਮੰਨਣ ਵਾਲਾ) ਸਨਮੁਖ (ਗੁਰਮੁਖ) ਵਿਰਲਾ ਹੀ ਹੁੰਦਾ ਹੈ, ਜਿਸ ਨੂੰ ਭਾਣਾ ਭਾਉਂਦਾ ਹੈ॥ ੮॥

੯. ਫਿਰ ਬ੍ਰਿੱਛ ਦਾ ਹੀ ਦ੍ਰਿਸ਼ਟਾਂਤ

੧. ਰੁਖਹੁ ਘਰ ਛਾਵਾਇ ਥੰਮ੍ਹ ਥਮਾਇਆ।
੨. ਸਿਰਿ ਕਰਵਤੁ ਧਰਾਇ ਬੇੜ ਘੜਾਇਆ।
੩. ਲੋਹੇ ਨਾਲਿ ਜੜਾਇ ਪੂਰ ਤਰਾਇਆ।
੪. ਲਖ ਲਹਰੀ ਦਰੀਆਇ ਪਾਰਿ ਲੰਘਾਇਆ।
੫. ਗੁਰਸਿਖਾਂ ਭੈ ਭਾਇ ਸਬਦੁ ਕਮਾਇਆ।
੬. ਇਕਸ ਪਿਛੈ ਲਾਇ ਲਖ ਛੁਡਾਇਆ॥ ੯॥

ਪਦ ਅਰਥ - ਛਾਵਾਇ=ਛੱਤ ਪਾਉਣੀ। ਥਮਾਇਆ=ਥੰਮ੍ਹੀ ਦਾ ਸਹਾਰਾ ਦਿੱਤਾ। ਭੈ ਭਾਇ=ਡਰ ਵਾਲੇ ਸਤਿਕਾਰ, ਤੇ ਪਿਆਰ ਵਾਲੇ ਪ੍ਰੇਮ ਨਾਲ।

ਅਰਥ - ੧. ਰੁਖ (ਦੇ ਡਾਹਣਾਂ ਨੂੰ ਚੀਰ ਕੇ, ਤੇ ਮੋਟੇ ਤਣੇ) ਨਾਲ, ਥੰਮ੍ਹੀਆਂ ਤੇ ਸ਼ਤੀਰ (ਮੋਟਾ ਥੰਮ੍ਹਾ) ਰੱਖ ਕੇ ਘਰ ਛਤਾਇਆ। ੨. ਸਿਰ ਉਤੇ ਆਰਾ ਧਰਵਾ ਕੇ (ਭਾਵ ਆਰੇ ਨਾਲ ਚੀਰ ਕੇ ਫੱਟੇ ਬਣਦੇ, ਤੇ ਫੱਟੇ ਨੂੰ ਜੋੜ ਜੋੜ ਫੇਰ) ਬੇੜੇ ਨੂੰ ਬਣਾਇਆ ਜਾਂਦਾ। ੩. (ਕਿੱਲ, ਪੱਤਰੀਆਂ ਤੇ) ਲੋਹੇ ਦੇ ਹੋਰ ਸਾਮਾਨ ਨੂੰ ਨਾਲ ਜੋੜ ਕੇ (ਬੇੜੇ ਵਿਚ ਮਨੁਖਾਂ ਦਾ ਪੂਰ ਭਰ ਕੇ) ਪੂਰ ਨੂੰ (ਤਾਰ ਕੇ) ਪਾਰ ਕਰ ਦਿੱਤਾ। ੪. ਡੂੰਘੇ ਦਰਿਆਵਾਂ (ਤੇ ਸਮੁੰਦਰਾਂ) ਵਿਚ ਲੱਖਾਂ ਲਹਿਰਾਂ (ਵਿਚੋਂ ਬੇੜਾ ਤਰ ਕੇ) ਪਾਰ ਲੰਘਾ ਦੇਂਦਾ ਹੈ। ੫. (ਇਸੇ ਤਰ੍ਹਾਂ ਹੀ ਜਿਨ੍ਹਾਂ) ਗੁਰਸਿੱਖਾਂ ਨੇ ਗੁਰੂ ਦੇ ਭੈ ਅਤੇ ਪ੍ਰੇਮ ਵਿਚ ਲੱਗ ਕੇ ਸ਼ਬਦ ਦੀ ਕਮਾਈ ਕੀਤੀ ਹੈ। ੬. ਉਹਨਾਂ ਨੇ ਇੱਕ ਨਾਮ ਦੇ ਬੇੜੇ 'ਤੇ ਚੜ੍ਹਾ ਕੇ ਲੱਖਾਂ ਜੀਵਾਂ ਨੂੰ ਡੁੱਬਣ ਤੋਂ ਬਚਾ ਲਿਆ ਹੈ॥ ੯॥

੧੦. ਤਿਲ ਦੇ ਦੁੱਖ ਤੇ ਸੁਖ ਦਾ ਦ੍ਰਿਸ਼ਟਾਂਤ

੧. ਘਾਣੀ ਤਿਲੁ ਪੀੜਾਇ ਤੇਲੁ ਕਢਾਇਆ।
੨. ਦੀਵੈ ਤੇਲੁ ਜਲਾਇ ਅਨ੍ਹੇਰੁ ਗਵਾਇਆ।
੩. ਮਸੁ ਮਸਵਾਣੀ ਪਾਇ ਸਬਦੁ ਲਿਖਾਇਆ।
੪. ਸੁਣਿ ਸਿਖਿ ਲਿਖਿ ਲਿਖਾਇ ਅਲੇਖੁ ਸੁਣਾਇਆ।
੫. ਗੁਰਮੁਖਿ ਆਪੁ ਗਵਾਇ ਸਬਦੁ ਕਮਾਇਆ।
੬. ਗਿਆਨ ਅੰਜਨ ਲਿਵ ਲਾਇ ਸਹਜ ਸਮਾਇਆ॥ ੧੦॥

ਪਦ ਅਰਥ - ਘਾਣੀ=ਬਹੁਤ ਸਾਰੇ ਤਿਲ, ਜੋ ਕੋਹਲੂ ਵਿਚ ਪਾਏ ਜਾਣ। ਮਸੁ=ਸ਼ਾਹੀ। ਮਸਵਾਣੀ=ਦਵਾਤ। ਅੰਜਨ=ਸੁਰਮਾ।

ਅਰਥ - ੧. ਤਿਲਾਂ ਨੇ (ਕੋਹਲੂ ਦੀ ਘਾਣੀ-ਸਮੂਹ) ਵਿਚ ਪੈ ਕੇ (ਆਪਣਾ ਆਪ) ਪੀੜਾਇ (ਮਿੱਧ ਮਧੋਲ ਕੇ, ਚਿੱਥੇ ਜਾ ਕੇ ਆਪਣਾ) ਤੇਲ ਕਢਾ ਲਿਆ। ੨. (ਤਿਲ ਨੇ ਆਪਣੇ ਆਪ ਨੂੰ ਖਤਮ ਕਰ) ਤੇਲ ਰੂਪ ਹੋ, (ਦੀਵੇ ਵਿਚ ਪੈ) ਦੀਵੇ ਨੂੰ ਜਗਾ ਕੇ, ਹਨੇਰੇ ਨੂੰ ਮਿਟਾ ਦਿੱਤਾ। ੩. (ਦੀਵੇ ਦੀ ਲਾਟ ਤੋਂ, ਉਹੀ ਤਿਲ ਫਿਰ) ਸਿਆਹੀ ਬਣ ਕੇ ਦਵਾਤ ਵਿਚ ਪਿਆ, ਜਿਸ ਨਾਲ (ਸਿੱਖਾਂ ਨੇ ਗੁਰੂ ਦਾ) ਸ਼ਬਦ ਲਿਖਿਆ। ੪. (ਉਸੇ ਸ਼ਬਦ ਨੂੰ) ਸੁਣ ਕੇ, (ਜੋ) ਸਿੱਖਿਆ (ਸੀ, ਉਸ ਨੂੰ) ਲਿਖਿਆ ਤੇ ਲਿਖਾਇਆ ਗਿਆ। (ਫਿਰ ਲੇਖੇ ਤੇ ਲਿਖਤ ਵਿਚ ਪੂਰਨ ਤੌਰ 'ਤੇ ਨਾ ਆ ਸਕਣ ਵਾਲੇ) ਨਿਰੰਕਾਰ ਪ੍ਰਭੂ ਦੀ (ਮਹਾਨ ਮਹਿਮਾ ਤੇ ਸਿਫਤ-ਸਲਾਹ) ਨੂੰ ਕਹਿ ਕੇ ਸੁਣਾਇਆ। (ਇਹ ਤਿਲ ਦੀ ਕੁਰਬਾਨ ਹੋ ਕੇ, ਪ੍ਰਭੂ ਪ੍ਰਤੀ ਸੱਚੀ ਸ਼ਰਧਾਂਜਲੀ ਸੀ)। ੫. (ਇਸੇ ਤਰ੍ਹਾਂ ਹੀ ਅੱਗੋਂ) ਗੁਰਮੁਖ ਵੀ ਆਪਾ (ਹਉਮੈ-ਭਾਵ ਨੂੰ) ਗਵਾ ਕੇ (ਪੂਰੇ ਗੁਰੂ ਦੇ ਪੂਰੇ) ਸ਼ਬਦ ਦੀ ਕਮਾਈ ਕਰਦੇ ਹਨ। ੬. ਉਹ ਗੁਰਮੁਖ ਗਿਆਨ ਰੂਪੀ ਸੁਰਮੇ ਵਿਚ ਲਿਵ ਲਾ ਕੇ ਸਹਜ ਅਵਸਥਾ ਵਿਚ ਸਮਾ ਗਏ॥ ੧੦॥

੧੧. ਪਸ਼ੂਆਂ ਦੀ ਉੱਤਮਤਾਈ

੧. ਦੁਧੁ ਦੇਇ ਖੜੁ ਖਾਇ ਨ ਆਪੁ ਗਣਾਇਆ।
੨. ਦੁਧਹੁ ਦਹੀ ਜਮਾਇ ਘਿਉ ਨਿਪਜਾਇਆ।
੩. ਗੋਹਾ ਮੂਤੁ ਲਿੰਬਾਇ ਪੂਜ ਕਰਾਇਆ।
੪. ਛਤੀਹ ਅੰਮ੍ਰਿਤੁ ਖਾਇ ਕੁਚੀਲ ਕਰਾਇਆ।
੫. ਸਾਧਸੰਗਤਿ ਚਲਿ ਜਾਇ ਸਤਿਗੁਰੁ ਧਿਆਇਆ।
੬. ਸਫਲ ਜਨਮੁ ਜਗਿ ਆਇ ਸੁਖ ਫਲ ਪਾਇਆ॥ ੧੧॥

ਪਦ ਅਰਥ - ਖੜੁ=ਘਾਹ ਤੇ ਪੱਠੇ। ਨਿਪਜਾਇਆ=ਕੱਢਿਆ। ਲਿੰਬਾਇ=ਲੇਂਬੀ ਜਾਂ ਪੋਚਾ ਪਾਉਣਾ। ਕੁਚੀਲ=ਗੰਦਗੀ।

ਅਰਥ - ੧. ਘਾਹ-ਪੱਠਾ ਖਾ ਕੇ (ਗਊ ਅੰਮ੍ਰਿਤ ਵਰਗਾ) ਦੁੱਧ ਦੇਂਦੀ ਹੈ, (ਪਰ) ਆਪਣਾ (ਇਹ ਵਾਧਾ ਕਿਸੇ ਨੂੰ) ਜਤਾਉਂਦੀ ਨਹੀਂ। ੨. (ਉਸੇ) ਦੁੱਧ ਤੋਂ ਦਹੀਂ ਜਮਾਇਆ ਜਾਂਦਾ, (ਤੇ ਉਸ ਵਿਚੋਂ) ਘਿਉ ਕੱਢ ਲਈਦਾ ਹੈ। ੩. (ਉਸ ਦੇ) ਗੋਹੇ ਨਾਲ ਲੇਂਬੀ ਕਰਦੇ, ਪੋਚਾ ਪਾਉਂਦੇ (ਹਿੰਦੂ ਲੋਕ ਮੂਤਰ ਦਾ ਪੰਚਾਮ੍ਰਿਤ ਬਣਾਂਦੇ ਤੇ) ਪੂਜਾ ਕਰਦੇ ਹਨ। ੪. (ਅੱਗੇ ਮਨੁਖ ਦਾ ਹਾਲ ਦਸਦੇ ਹਨ ਕਿ ਮਨੁਖ ਇਨ੍ਹਾਂ ਤੋਂ) ਛਤੀਹ ਤਰ੍ਹਾਂ ਦੇ ਅੰਮ੍ਰਿਤ ਪਦਾਰਥ ਬਣਾ ਕੇ ਖਾਂਦਾ, ਤੇ ਪੇਟ ਵਿਚ ਪਾ ਕੁਚੀਲ ਕਰ ਦਿੰਦਾ। ੫. (ਪਰ ਜਿਹੜਾ ਗੁਰਸਿੱਖ ਘਰੋਂ) ਚਲ ਕੇ ਸਾਧ ਸੰਗਤ ਵਿਚ ਜਾਂਦਾ (ਤੇ ਪੂਰੇ) ਸਤਿਗੁਰੂ ਦਾ ਧਿਆਨ ਧਰਦਾ ਹੈ, ੬. (ਉਸ ਦਾ ਖਾਧਾ ਪੀਤਾ ਤੇ) ਜਗਤ ਵਿਚ ਆਉਣਾ ਸਫਲਾ ਹੈ, (ਕਿਉਂਕਿ ਉਸ ਨੂੰ ਗੁਰਮੁਖਾਂ ਵਾਲਾ) ਸੁਖ ਫਲ ਪ੍ਰਾਪਤ ਹੋ ਗਿਆ ਹੈ॥ ੧੧॥

੧੨. ਕਪਾਹ ਦਾ ਦ੍ਰਿਸ਼ਟਾਂਤ

੧. ਦੁਖ ਸਹੈ ਕਪਾਹਿ ਭਾਣਾ ਭਾਇਆ।
੨. ਵੇਲਣਿ ਵੇਲ ਵਿਲਾਇ ਤੁੰਬਿ ਤੁੰਬਾਇਆ।
੩. ਪਿੰਞਣਿ ਪਿੰਜ ਫਿਰਾਇ ਸੂਤੁ ਕਤਾਇਆ।
੪. ਨਲੀ ਜੁਲਾਹੇ ਵਾਹਿ ਚੀਰੁ ਵੁਣਾਇਆ।
੫. ਖੁੰਬ ਚੜਾਇਨਿ ਬਾਹਿ ਨੀਰਿ ਧੁਵਾਇਆ।
੬. ਪੈਨ੍ਹਿ ਸਾਹਿ ਪਾਤਿਸਾਹਿ ਸਭਾ ਸੁਹਾਇਆ॥ ੧੨॥

ਪਦ ਅਰਥ - ਵੇਲਣਿ=ਵੜੇਵਿਆਂ ਨੂੰ ਵੇਲ ਕੇ ਅੱਡ ਕਰਨਾ। ਪਿੰਞਣਿ=ਰੂੰ ਪਿੰਜਣ ਵਾਲਾ ਪੇਂਜਾ। ਚੀਰੁ=ਕੱਪੜਾ। ਬਾਹਿ=ਨਦੀ ਜਾਂ ਨਾਲੇ ਦੇ ਕਿਨਾਰੇ।

ਅਰਥ - ੧. ਕਪਾਹ ਦੁੱਖ ਸਹਾਰਦੀ ਹੈ, (ਐਉਂ, ਜਿਵੇਂ ਉਸ ਨੂੰ ਰੱਬ ਦਾ) ਭਾਣਾ ਭਾਉਂਦਾ ਹੋਵੇ। ੨. ਵੇਲਣੇ (ਵਿਚ ਪਾ ਕੇ ਕਪਾਹ ਨੂੰ) ਵੇਲ ਕੇ ਫਿਰ ਤੁੰਬ ਤੁੰਬ ਕੇ (ਵੜੇਵੇਂ ਵੱਖ ਕਰਦੇ ਹਨ)। ੩. (ਫਿਰ) ਪੇਂਜਾ ਪਿੰਜਦਾ ਤੇ (ਪਿੰਜਣ ਪਿੱਛੋਂ ਸਵਾਣੀਆਂ ਚਰਖਿਆਂ ਉਤੇ) ਰੂੰ ਨੂੰ ਕੱਤ ਕੇ ਸੂਤ ਬਣਾਉਂਦੀਆਂ ਹਨ। ੪. (ਸੂਤਰ ਬਣ ਕੇ) ਜੁਲਾਹੇ (ਪਾਸ ਪੁੱਜਦਾ ਤੇ ਉਹ ਸੂਤਰ ਨੂੰ) ਨਲੀਆਂ ਵਿਚ ਚਲਾ ਕੇ ਕੱਪੜਾ ਬੁਣ ਦਿੰਦਾ ਹੈ। ੫. (ਫੇਰ ਧੋਬੀ ਲੋਕ) ਕੱਪੜੇ ਨੂੰ ਖੁੰਬ ਚੜ੍ਹਾਉਂਦੇ (ਤੇ ਫੇਰ) ਵਗਦੇ ਨਦੀਆਂ ਨਾਲਿਆਂ 'ਤੇ ਲਿਜਾ ਕੱਪੜੇ ਨੂੰ ਧੋ ਕੇ ਸਾਫ ਕਰਦੇ ਹਨ। ੬. ਪਾਤਸ਼ਾਹ ਤੇ ਅਮੀਰ ਵਜ਼ੀਰ ਫਿਰ ਇਸੇ ਕੱਪੜੇ ਨੂੰ ਪਹਿਨ ਕੇ ਹੀ ਸਭ ਸਭਾਵਾਂ ਤੇ ਦਰਬਾਰਾਂ ਵਿਚ ਸੁਭਾਇਮਾਨ ਹੁੰਦੇ ਹਨ॥ ੧੨॥

ਭਾਵ—ਕਪਾਹ ਵਾਂਗੂੰ ਗੁਰਮੁਖ ਆਪਣੇ ਸਰੀਰ 'ਤੇ ਕਸ਼ਟ ਸਹਿ ਕੇ ਲੋਕਾਂ ਨੂੰ ਸੁਖ ਪੁਚਾਉਂਦੇ ਹਨ।

੧੩. ਮਜੀਠ ਅਤੇ ਕਮਾਦ

੧. ਜਾਣੁ ਮਜੀਠੈ ਰੰਗੁ ਆਪੁ ਪੀਹਾਇਆ।
੨. ਕਦੇ ਨ ਛਡੈ ਸੰਗੁ ਬਣਤ ਬਣਾਇਆ।
੩. ਕਟਿ ਕਮਾਦੁ ਨਿਸੰਗੁ ਆਪੁ ਪੀੜਾਇਆ।
੪. ਕਰੈ ਨ ਮਨ ਰਸ ਭੰਗੁ ਅਮਿਓ ਚੁਆਇਆ।
੫. ਗੁੜੁ ਸਕਰ ਖੰਡ ਅਚੰਗੁ ਭੋਗ ਭੁਗਾਇਆ।
੬. ਸਾਧ ਨ ਮੋੜਨ ਅੰਗੁ ਜਗੁ ਪਰਚਾਇਆ॥ ੧੩॥

ਪਦ ਅਰਥ - ਪੀਹਾਇਆ=ਚੱਕੀ ਵਿਚ ਪੀਹਣਾ। ਅਮਿਓ=ਅੰਮ੍ਰਿਤ ਰਸ। ਅਚੰਗੁ=ਸਭ ਤੋਂ ਚੰਗਾ। ਅੰਗੁ=ਸਰੀਰ ਦਾ ਕੋਈ ਹਿੱਸਾ।

ਅਰਥ - ੧. ਜਾਣ ਲਵੋ (ਕਿ ਜਿਵੇਂ) ਮਜੀਠ ਰੰਗ (ਦੀ ਗੰਢੀ) ਨੇ ਆਪਣੇ ਆਪ ਨੂੰ ਚੱਕੀ ਵਿਚ ਪਿਹਾਇਆ। ੨. (ਪੀਸਣ ਮਗਰੋਂ ਕੁਝ ਕੁ ਉਸ ਨੇ ਪਹਿਲੇ ਰੰਗ ਨੂੰ ਬਦਲਿਆ, ਪਰ) ਮਜੀਠ ਦਾ ਜੋ ਅਸਲ ਰੰਗ ਹੈ, ਉਸ ਨੂੰ ਉਸ ਨੇ ਨਹੀਂ ਛੱਡਿਆ। ੩. (ਇਸੇ ਤਰ੍ਹਾਂ ਹੀ ਕਮਾਦ ਵੱਲ ਵੇਖੋ—) ਗੰਨਿਆਂ ਦੇ ਟੋਟੇ ਹੋ ਕੇ, ਕਮਾਦ ਆਪਣੇ ਆਪ ਨੂੰ ਨਿਸ਼ੰਗ (ਬੇਫਿਕਰ) ਹੋ ਪੀੜਾਉਂਦਾ ਹੈ, ੪. (ਪਰ) ਮਨ ਦੇ ਰਸ ਨੂੰ ਬੇ-ਰਸ ਨਹੀਂ ਕਰਦਾ, ਅੰਮ੍ਰਿਤ (ਵਰਗਾ ਮਿੱਠਾ ਰਸ ਉਸ ਵਿਚੋਂ) ਚੋਇਆ ਹੈ, ੫. (ਜਿਸ ਦੇ) ਗੁੜ, ਸ਼ੱਕਰ, ਖੰਡ (ਨਾਲੋਂ ਮਿਠਾਸ ਵਾਲਾ ਹੋਰ) ਚੰਗਾ ਰਸ ਹੈ ਹੀ ਨਹੀਂ, (ਲੋਕਾਂ ਤਾਈਂ ਦਿੰਦਾ ਹੈ, ਜਿਸ ਨੂੰ ਤਰ੍ਹਾਂ ਤਰ੍ਹਾਂ ਦੇ ਰਸ-ਭੋਜਨਾਂ ਵਿਚ ਪਾ ਕੇ ਉਹ) ਭੋਗਾਂ ਨੂੰ ਭੋਗਦੇ (ਤੇ ਆਨੰਦ ਮਾਣਦੇ ਹਨ)। ੬. (ਇਸੇ ਤਰ੍ਹਾਂ ਪ੍ਰਭੂ ਦੇ ਸੱਚੇ ਗੁਰਮੁਖ, (ਸੰਤ) ਸਾਧੂ ਆਪਣੇ ਅੰਗਾਂ ਨੂੰ (ਭਾਵ ਸਰੀਰ) ਪਿਛਾਂਹ ਨਹੀਂ ਹਟਾਉਂਦੇ, ਜੇ ਜਗਤ ਦੇ ਪਰਚੇ (ਭਾਵ ਹਿਤ ਲਈ) ਲੋੜ ਪੈ ਜਾਏ॥ ੧੩॥

੧੪. ਲੋਹੇ ਦਾ ਦ੍ਰਿਸ਼ਟਾਂਤ

੧. ਲੋਹਾ ਆਰ੍ਣਿ ਪਾਇ ਤਾਵਣਿ ਤਾਇਆ।
੨. ਘਣ ਅਹਰਣਿ ਹਣਵਾਇ ਦੁਖੁ ਸਹਾਇਆ।
੩. ਆਰਸੀਆ ਘੜਵਾਇ ਮੁਲੁ ਕਰਾਇਆ।
੪. ਖਹੁਰੀ ਸਾਣ ਧਰਾਇ ਅੰਗੁ ਹਛਾਇਆ।
੫. ਪੈਰਾਂ ਹੇਠਿ ਰਖਾਇ ਸਿਕਲ ਕਰਾਇਆ।
੬. ਗੁਰਮੁਖਿ ਆਪੁ ਗਵਾਇ ਆਪੁ ਦਿਖਾਇਆ॥ ੧੪॥

ਪਦ ਅਰਥ - ਆਰ੍ਣਿ=ਲੋਹਾਰ ਦੀ ਤਪਦੀ ਭੱਠੀ। ਅਹਰਣਿ=ਵੱਡਾ ਲੋਹਾ, ਜਿਸ 'ਤੇ ਰੱਖ ਕੇ ਗਰਮ ਕੀਤੇ ਲੋਹੇ ਨੂੰ ਸੱਟਾਂ ਮਾਰਦੇ ਹਨ। ਘਣ=ਹਥੌੜਾ। ਸਿਕਲ=ਸਾਫ਼ ਕਰਨਾ।

ਅਰਥ - ੧. ਲੋਹੇ ਨੂੰ (ਲੋਹਾਰ ਦੀ) ਭੱਠੀ ਵਿਚ ਪਾ ਕੇ, ਅੱਗ ਵਾਂਗੂ ਲਾਲ ਕਰ ਦਿੱਤਾ ਜਾਂਦਾ ਹੈ। ੨. (ਤਪੇ ਲੋਹੇ ਨੂੰ) ਅਹਿਰਣ 'ਤੇ ਰੱਖ ਕੇ, ਹਥੌੜੇ ਨਾਲ (ਸੱਟਾਂ ਮਾਰ ਮਾਰ) ਘੜਦੇ ਹਨ। (ਇਸ ਤਰ੍ਹਾਂ ਲੋਹਾ ਵੱਡਾ) ਦੁੱਖ ਸਹਿੰਦਾ ਹੈ। ੩. ਸ਼ੀਸ਼ੇ ਦੀ ਨਿਆਈਂ ਘੜ ਕੇ (ਸਾਫ਼ ਕਰਕੇ ਫਿਰ) ਮੁੱਲ ਕੀਤਾ, (ਜਾਂ ਕਰਾਇਆ) ਜਾਂਦਾ ਹੈ। ੪. ਖੁਰਦਰੀ ਸਾਣ ਉਤੇ ਰੱਖ ਕੇ (ਲੋਹੇ ਦੇ) ਅੰਗ ਛਿਲ, ਰਗੜ ਰਗੜ ਕੇ (ਤੇਜ਼ ਕੈਂਚੀਆਂ ਚਾਕੂ ਤੇ ਤਲਵਾਰਾਂ ਨੂੰ) ਤੇਜ਼ ਕੀਤਾ ਜਾਂਦਾ ਹੈ। ੫. (ਫੇਰ) ਪੈਰਾਂ ਹੇਠ ਰੱਖ ਕੇ (ਤੇਜ਼ ਧਾਰ ਵਾਲੇ ਹਥਿਆਰਾਂ ਨੂੰ) ਸਿਕਲ ਕੀਤਾ ਜਾਂਦਾ ਹੈ। ੬. (ਅੰਤਲੀ ਤੁਕ ਵਿਚ, ਲੋਹੇ ਦੇ ਆਪਾ ਗਵਾ ਕੇ ਦੁੱਖ ਸਹਿ ਕੇ ਕੁਝ ਬਣ ਨਿਕਲਣ ਦੀ ਮਿਸਾਲ ਨੂੰ ਗੁਰਮੁਖ ਉਤੇ ਘਟਾ ਕੇ ਦੱਸਿਆ ਹੈ ਕਿ ਗੁਰਮੁਖ ਨੇ ਵੀ (ਆਪਣਾ ਆਪ ਗੁਆ ਕੇ) ਹਉਮੈ ਤੇ ਮੈਂ-ਮੇਰੀ ਦਾ ਭਾਵ ਮਿਟਾ ਕੇ, (ਆਪਣੇ ਮਨ ਨੂੰ ਜਪਾਂ ਤਪਾਂ ਤੇ ਗਿਆਨ ਦੇ ਤਾਅ ਦੇ ਕੇ, ਅਭਿਆਸ ਸੱਟਾਂ ਮਾਰ ਮਾਰ ਕੇ) ਦੇਖਿਆ, ਜਾਂ ਪ੍ਰਗਟ ਹੋਇਆ (ਦਿਖਾਇਆ) ਹੈ॥ ੧੪॥

੧੫. ਰਬਾਬ ਦਾ ਦ੍ਰਿਸ਼ਟਾਂਤ

੧. ਚੰਗਾ ਰੁਖੁ ਵਢਾਇ ਰਬਾਬੁ ਘੜਾਇਆ।
੨. ਛੇਲੀ ਹੋਇ ਕੁਹਾਇ ਮਾਸੁ ਵੰਡਾਇਆ।
੩. ਆਂਦ੍ਹੂ ਤਾਰ ਬਣਾਇ ਚੰਮਿ ਮੜ੍ਹਾਇਆ।
੪. ਸਾਧਸੰਗਤਿ ਵਿਚਿ ਆਇ ਨਾਦੁ ਵਜਾਇਆ।
੫. ਰਾਗ ਰੰਗ ਉਪਜਾਇ ਸਬਦੁ ਸੁਣਾਇਆ।
੬. ਸਤਿਗੁਰੁ ਪੁਰਖੁ ਧਿਆਇ ਸਹਜਿ ਸਮਾਇਆ॥ ੧੫॥

ਪਦ ਅਰਥ - ਛੇਲੀ=ਪਠੋਰੀ, ਬੱਕਰੀ ਦਾ ਜਵਾਨ ਹੋ ਰਿਹਾ ਬੱਚਾ। ਆਂਦ੍ਹਹੁ=ਆਂਦਰਾਂ ਤੋਂ। ਨਾਦੁ=ਧੁਨੀ। ਉਪਜਾਇ=ਪੈਦਾ ਕਰਕੇ।

ਅਰਥ - ੧. ਚੰਗੀ (ਕਿਸਮ, ਪੱਕੀ ਲੱਕੜ ਦਾ) ਬ੍ਰਿਛ ਕਟਵਾ ਕੇ, ਰਬਾਬ ਘੜਵਾਇਆ। ੨. ਛੋਟੇ ਜੇਹੇ ਪਠੋਰੇ (ਛੇਲੀ) ਨੇ ਮਾਸ ਕੁਹਾਇ (ਭਾਵ ਮਰ ਕੇ) ਮਾਸ ਨੂੰ ਵੰਡਵਾ ਦਿੱਤਾ। ੩. ਉਸ ਦੀਆਂ ਆਂਦਰਾਂ ਦੀਆਂ ਬਰੀਕ ਨਾੜਾਂ ਦੀਆਂ ਤਾਰਾਂ ਬਣਵਾਈਆਂ ਤੇ ਚੰਮ ਨਾਲ (ਰਬਾਬ ਨੂੰ) ਮੜ੍ਹਿਆ। ੪. ਸਾਧ ਸੰਗਤਿ ਵਿਚ ਆ ਕੇ (ਰਬਾਬੀਆਂ ਨੇ, ਰਬਾਬ ਨੂੰ ਵਜਾਇਆ ਤੇ ਧੁਨੀ ਪੈਦਾ ਕੀਤੀ। ੫. (ਤਰ੍ਹਾਂ ਤਰ੍ਹਾਂ ਦੇ ਤਾਲਾਂ ਤੇ ਪਲਟਿਆਂ ਨਾਲ) ਰਾਗ ਰੰਗ ਪੈਦਾ ਕਰਕੇ (ਉਨ੍ਹਾਂ ਨਾਲ ਗੁਰੂ ਦੇ) ਸ਼ਬਦ ਨੂੰ ਸੁਣਾਇਆ। ੬. (ਰਬਾਬ ਵਾਂਗੂ ਪ੍ਰੇਮ ਨਾਲ ਖਿੜੇ ਮਥੇ ਦੁੱਖ ਤੇ ਤਸੀਹੇ ਸਹਾਰ ਕੇ, ਜਿਨ੍ਹਾਂ ਗੁਰਮੁਖਾਂ ਨੇ) ਸਤਿਗੁਰੂ (ਪੂਰੇ) ਪੁਰਖ ਨੂੰ ਧਿਆਇਆ ਜਾਂ ਚੇਤੇ ਕੀਤਾ ਹੈ, (ਓਹੀ ਲੋਕ) ਸਹਜ-ਪਦ ਵਿਖੇ ਸਮਾਏ ਹਨ। (ਭਾਵ ਨਿਰੇ ਕਥਾ ਵਖਿਆਨਾਂ ਨਾਲ ਕੁਛ ਨਹੀਂ ਮਿਲਦਾ)॥ ੧੫॥

੧੬. ਚੰਦਨ ਦੇ ਰੁੱਖ ਦਾ ਦ੍ਰਿਸ਼ਟਾਂਤ

੧. ਚੰਨਣੁ ਰੁਖੁ ਉਪਾਇ ਵਣ ਖੰਡਿ ਰਖਿਆ।
੨. ਪਵਣੁ ਗਵਣੁ ਕਰਿ ਜਾਇ ਅਲਖੁ ਨ ਲਖਿਆ।
੩. ਵਾਸੂ ਬਿਰਖ ਬੁਹਾਇ ਸਚੁ ਪਰਖਿਆ।
੪. ਸਭੇ ਵਰਨ ਗਵਾਇ ਭਖਿ ਅਭਖਿਆ।
੫. ਸਾਧਸੰਗਤਿ ਭੈ ਭਾਇ ਅਪਿਉ ਪੀ ਚਖਿਆ।
੬. ਗੁਰਮੁਖਿ ਸਹਜਿ ਸੁਭਾਇ ਪ੍ਰੇਮ ਪ੍ਰਤਖਿਆ॥ ੧੬॥

ਪਦ ਅਰਥ - ਚੰਨਣੁ=ਚੰਦਨ ਸੁਗੰਧੀ ਵਾਲਾ। ਵਾਸੂ=ਵਾਸ਼ਨਾ। ਭਖਿ ਅਭਖਿਆ=ਭਲੇ ਬੁਰੇ, ਅਪਿਉ=ਅੰਮ੍ਰਿਤ। ਪ੍ਰਤਖਿਆ=ਪ੍ਰਤੱਖ।

ਅਰਥ - ੧. ਚੰਦਨ ਦਾ ਬ੍ਰਿਛ (ਪਰਮੇਸ਼ਰ ਨੇ) ਪੈਦਾ ਕਰਕੇ, ਗਾਹੜੇ ਤੇ ਘਣੇ ਜੰਗਲਾਂ ਵਿਚ ਰੱਖਿਆ ਹੈ। ੨. ਹਵਾ ਉਸ ਕੋਲੋਂ (ਸੁਗੰਧੀ ਵਾਲੀ ਹੋ ਕੇ) ਲੰਘ, ਭਾਵ ਚਲੀ ਜਾਂਦੀ ਹੈ। (ਜੇ ਇੰਨੀ ਪਛਾਣ, ਹਵਾ ਨਾ ਕਰਾਏ, ਤਾਂ) ਉਸ ਅਲਖ (ਬਾਵਨ ਚੰਦਨ ਦੀ) ਪਛਾਣ ਕੌਣ ਕਰ ਸਕਦਾ? (ਭਾਵ ਕੋਈ ਨਹੀਂ ਕਰ ਸਕਦਾ)। ੩. ਆਪਣੀ ਵਾਸ਼ਨਾ ਨਾਲ ਹੋਰ ਬ੍ਰਿਛਾਂ ਨੂੰ ਵੀ ਸੁਗੰਧੀ ਵਾਲਾ ਕਰ ਦੇਂਦਾ ਹੈ, ਇਸ ਸਚਾਈ ਤੋਂ ਵੀ ਇਸ ਦੀ ਪਰਖ ਕੀਤੀ ਜਾਂਦੀ ਹੈ। ੪. ਸਾਰੇ ਹੀ ਵਰਣ ਭਖ ਤੇ ਅਭਖ (ਭਲੇ ਬੁਰੇ, ਅੱਕ, ਕਿੱਕਰ, ਨਿੰਮ, ਕਰੀਰ) ਸਭ ਆਪਣੇ ਵਰਣ ਗਵਾ ਚੰਦਨ ਹੀ ਬਣ ਜਾਂਦੇ ਹਨ। ੫. (ਇਸੇ ਤਰ੍ਹਾਂ ਹੀ) ਸਾਧ ਸੰਗਤ ਨਾਲ ਜਿਨ੍ਹਾਂ ਨੇ ਪ੍ਰੇਮ ਕੀਤਾ ਹੈ, (ਉਨ੍ਹਾਂ) ਅੰਮ੍ਰਿਤ ਰਸ ਪੀ ਕੇ ਚੱਖਿਆ ਹੈ। ੬. (ਤੇ ਉਹਨਾਂ) ਗੁਰਮੁਖਾਂ ਦੇ ਪ੍ਰੇਮ ਦਾ ਸਹਜ ਸੁਭਾਅ ਹੀ ਪਤਾ ਲੱਗ ਜਾਂਦਾ ਹੈ, (ਓਹ ਚੰਦਨ ਦੀ ਸੁਗੰਧੀ ਵਾਂਗ ਆਪੇ ਹੀ ਪ੍ਰਤੱਖ ਹੋ ਜਾਂਦੇ ਹਨ)॥ ੧੬॥

੧੭. ਸੇਵਾ ਭਾਵ ਦੀ ਕਮਾਈ ਦਾ ਵਰਣਨ

੧. ਗੁਰਸਿਖਾਂ ਗੁਰਸਿਖ ਸੇਵ ਕਮਾਵਣੀ।
੨. ਚਾਰਿ ਪਦਾਰਥਿ ਭਿਖ ਫਕੀਰਾਂ ਪਾਵਣੀ।
੩. ਲੇਖ ਅਲੇਖ ਅਲਿਖ ਬਾਣੀ ਗਾਵਣੀ।
੪. ਭਾਇ ਭਗਤਿ ਰਸ ਇਖ ਅਮਿਉ ਚੁਆਵਣੀ।
੫. ਤੁਲਿ ਨ ਭੂਤ ਭਵਿਖ ਨ ਕੀਮਤਿ ਪਾਵਣੀ।
੬. ਗੁਰਮੁਖਿ ਮਾਰਗ ਵਿਖ ਲਵੈ ਨ ਲਾਵਣੀ॥ ੧੭॥

ਪਦ ਅਰਥ - ਭਿਖ=ਭਿੱਖਿਆ। ਵਿਖ=ਇੱਕ ਉਲਾਂਘ। ਭਾਇ ਭਗਤਿ=ਪ੍ਰੇਮਾ-ਭਗਤੀ। ਤੁਲਿ=ਬਰਾਬਰ।

ਅਰਥ - ੧. ਗੁਰੂ ਦੇ ਸਿੱਖਾਂ ਦੀ ਸੇਵਾ, ਗੁਰੂ ਦੇ ਸਿੱਖ (ਬੜੇ ਪਿਆਰ ਨਾਲ) ਕਰਦੇ ਹਨ। ੨. ਚਾਰੇ ਪਦਾਰਥ (ਧਰਮ, ਅਰਥ, ਕਾਮ ਤੇ ਮੋਖ) ਦੀ ਭਿੱਖਿਆ (ਇਹ ਗੁਰੂ ਦੇ ਸਿੱਖਾਂ, ਸੱਚੇ ਪਰਮੇਸ਼ਰ ਦੇ ਸੱਚੇ) ਫਕੀਰਾਂ ਨੂੰ ਪਾਉਣੀ, (ਭਾਵ ਦੇਣੀ) ਹੈ। ੩. ਲੇਖੇ ਤੋਂ ਅਲੇਖ (ਅਗਿਣਤ) ਤੇ ਅਲਖ (ਨਾ ਲਖੇ ਜਾਣ ਵਾਲਾ ਜੋ ਪਰਮੇਸ਼ਰ ਹੈ) ਉਸ ਦੀ ਬਾਣੀ ਨੂੰ ਗਾਵਣਾ (ਗੁਰੂ ਦੇ ਸਿੱਖ ਉਚਾਰਨ ਕਰਦੇ ਰਹਿੰਦੇ ਹਨ) ਹੈ। ੪. ਪ੍ਰੇਮਾ-ਭਗਤੀ ਦਾ ਅੰਮ੍ਰਿਤ ਰਸ (ਗੰਨੇ ਵਾਂਗ ਮਿੱਠਾ ਤੇ ਰਸੀਲਾ ਰਸ) ਗੁਰਸਿੱਖਾਂ ਦੇ ਮੁਖ ਵਿਚ ਚੋਂਦੇ ਹਨ। ੫. (ਇਸ ਅੰਮ੍ਰਿਤ ਸ਼ਬਦ ਬਾਣੀ ਦੇ ਰਸ ਦੀ) ਬਰਾਬਰੀ ਭੂਤ, ਭੌਵਿਖ ਕੋਈ ਨਹੀਂ ਕਰ ਸਕਦਾ, ਨਾ ਹੀ ਕਿਸੇ ਕੋਲੋਂ ਕੀਮਤ ਹੀ ਪਾਈ ਜਾਂਦੀ ਹੈ। ੬. (ਸੋ ਇਹੋ) ਗੁਰਮੁਖਾਂ ਦੇ ਮਾਰਗ ਦੀ ਇੱਕ ਉਲਾਂਘ (ਵਰਗੀ ਭਗਤੀ ਵੀ) ਕਿਸੇ ਨੂੰ ਨੇੜੇ ਨਹੀਂ ਲੱਗਣ ਦਿੰਦੀ। (ਭਾਵ ਗੁਰਮੁਖ ਦੇ ਸੱਮੁਚੇ ਮਾਰਗ ਦੀ ਗੱਲ ਹੀ ਛੱਡੋ, ਗੁਰਮੁਖ ਦੇ ਇੱਕ ਕਦਮ ਜਿੰਨੀ ਵੀ ਸ੍ਰੇਸ਼ਟਤਾਈ ਕਿਸੇ ਕੋਲ ਨਹੀਂ ਹੈ)॥ ੧੭॥

੧੮. ਸੇਵਾ ਤੇ ਨਿਮ੍ਰਤਾ ਭਾਵ ਦਾ ਫਲ

੧. ਇੰਦ੍ਰ ਪੁਰੀ ਲਖ ਰਾਜ ਨੀਰ ਭਰਾਵਣੀ।
੨. ਲਖ ਸੁਰਗ ਸਿਰਤਾਜ ਗਲਾ ਪੀਹਾਵਣੀ।
੩. ਰਿਧਿ ਸਿਧਿ ਨਿਧਿ ਲਖ ਸਾਜ ਚੁਲਿ ਝੁਕਾਵਣੀ।
੪. ਸਾਧ ਗਰੀਬ ਨਿਵਾਜ ਗਰੀਬੀ ਆਵਣੀ।
੫. ਅਨਹਦਿ ਸਬਦਿ ਅਗਾਜ ਬਾਣੀ ਗਾਵਣੀ॥ ੧੮॥

ਪਦ ਅਰਥ - ਨੀਰ ਭਰਾਵਣੀ=ਪਾਣੀ ਢੋਣਾ। ਗਲਾ ਪੀਹਾਵਣੀ=ਦਾਣੇ ਪੀਹਣੇ। ਚੁਲਿ ਝੁਕਾਵਣੀ=ਚੁਲ੍ਹ ਝੋਕਣੀ, ਲੰਗਰ ਲਈ ਅੱਗ ਬਾਲਣੀ।

ਅਰਥ - ੧. (ਗੁਰੂ ਦੇ ਦਰ 'ਤੇ ਜਾ ਕੇ) ਪਾਣੀ ਦੀ ਸੇਵਾ ਕਰਨ ਵਾਲੇ ਨੂੰ, ਇੰਦਰਪੁਰੀ ਦੇ ਲੱਖਾਂ ਰਾਜਾਂ (ਵਰਗਾ ਪੁੰਨ ਮਿਲਦਾ) ਹੈ। ੨. (ਸੰਗਤ ਲਈ ਚੱਕੀ 'ਤੇ) ਆਟਾ ਪੀਹਣ ਦੀ ਜੋ ਸੇਵਾ ਕਰਨੀ ਹੈ, ਇਸ ਦਾ ਫਲ ਲੱਖਾਂ ਸੁਰਗਾਂ ਦੇ ਸੁਖਾਂ ਤੋਂ ਵੀ ਵੱਡਾ ਜਾਣੋ। ੩. ਰਿੱਧੀਆਂ, ਸਿੱਧੀਆਂ ਤੇ ਨਿਧੀਆਂ ਦੇ ਲੱਖਾਂ ਹੀ ਸਾਜੋ ਸਮਾਨ, (ਗੁਰੂ ਕੇ ਸਿੱਖਾਂ ਦੇ ਲੰਗਰ ਲਈ ਪਰਸ਼ਾਦੇ ਪਕਾਣ ਵਾਲੀ) ਚੁਲ੍ਹ ਵਿਚ ਬਾਲਣ ਝੋਕ ਕੇ ਅੱਗ ਬਾਲਣ ਵਾਲੇ ਨੂੰ ਹੋਵੇਗਾ, (ਭਾਵ ਸਾਧ ਸੰਗਤ ਦੀ ਸੇਵਾ ਸਭ ਤੋਂ ਸ੍ਰੇਸ਼ਟ ਹੈ)। ੪. ਸਾਧ ਸੰਗਤ ਦੀ ਸੇਵਾ ਮਨ ਵਿਖੇ ਗਰੀਬੀ (ਨਿਮ੍ਰਤਾ) ਪੈਦਾ ਕਰਦੀ ਹੈ, (ਹਉਮੈ ਵਾਲਾ ਸੇਵਾ ਕਰ ਹੀ ਨਹੀਂ ਸਕਦਾ) ਇਸ ਲਈ ਸਾਧ ਸੰਗਤ ਹੀ ਗਰੀਬਾਂ ਨੂੰ ਨਿਵਾਜਣ ਵਾਲੀ ਹੈ ਤੇ ਗਰੀਬੀ (ਨਿਮ੍ਰਤਾ) ਲਿਆਉਣ ਵਾਲੀ ਹੈ। ੫. ਗੁਰੂ ਦੇ ਦਰ 'ਤੇ ਜਾ ਕੇ ਜੋ ਗੁਰਬਾਣੀ ਦਾ ਰਸਭਿੰਨਾ ਕੀਰਤਨ ਸੁਣਨਾ ਹੈ, ਇਹੋ ਹੀ ਅਨਹਦ ਸ਼ਬਦ ਦੀ ਗੂੰਜ ਹੈ ਜੋ ਗੁਰੂ ਦੇ ਦੁਆਰੇ 'ਤੇ ਹੁੰਦੀ ਹੀ ਰਹਿੰਦੀ ਹੈ॥ ੧੮॥

੧੯. ਫਿਰ ਸੇਵਾ ਦਾ ਕਥਨ

੧. ਹੋਮ ਜਗ ਲਖ ਭੋਗ ਚਣੇ ਚਬਾਵਣੀ।
੨. ਤੀਰਥ ਪੁਰਬ ਸੰਜੋਗ ਪੈਰ ਧੁਵਾਵਣੀ।
੩. ਗਿਆਨ ਧਿਆਨ ਲਖ ਜੋਗ ਸਬਦ ਸੁਣਾਵਣੀ।
੪. ਰਹੈ ਨ ਸਹਸਾ ਸੋਗ ਝਾਤੀ ਪਾਵਣੀ।
੫. ਭਉਜਲ ਵਿਚਿ ਅਰੋਗ ਨ ਲਹਰਿ ਡਰਾਵਣੀ।
੬. ਲੰਘਿ ਸੰਜੋਗ ਵਿਜੋਗ ਗੁਰਮਤਿ ਆਵਣੀ॥ ੧੯॥

ਪਦ ਅਰਥ - ਚਣੇ ਚਬਾਵਣੀ=ਛੋਲੇ ਛਕਾਣੇ। ਪੈਰ ਧੁਵਾਵਣੀ=ਪੈਰ ਧੋਣ ਦੀ ਸੇਵਾ।

ਅਰਥ - ੧. (ਗੁਰਸਿੱਖਾਂ ਤਾਈਂ) ਛੋਲੇ ਚਬਾਉਣ ਦੀ ਸੇਵਾ, ਲੱਖਾਂ ਹੋਮ ਜੱਗਾਂ ਦਾ ਫਲ, ਲੱਖਾਂ ਭੋਗ ਹਨ। ੨. (ਘਰ ਆਏ ਗੁਰਸਿੱਖ ਦੇ) ਪੈਰ ਧੁਆਉਣ ਦੀ ਸੇਵਾ ਦਾ ਫਲ, ਤੀਰਥਾਂ ਦੀਆਂ ਪੁਰਬੀਆਂ ਦੇ ਸੰਜੋਗਾਂ ਦਾ (ਮੰਨੇ ਹੋਏ ਫਲਾਂ ਨਾਲੋਂ ਵਧੀਕ) ਫਲ ਹੈ, ੩. ਲੱਖਾਂ ਹੀ ਗਿਆਨ, ਲੱਖਾਂ ਹੀ ਧਿਆਨ ਤੇ ਲੱਖਾਂ ਹੀ ਜੋਗ ਸਾਧਨਾਂ ਦਾ ਫਲ ਹੈ, (ਗੁਰਸਿੱਖਾਂ ਨੂੰ ਕਰਕੇ ਜਾਂ ਉਸ ਤਰ੍ਹਾਂ ਹੀ ਪ੍ਰੇਮ ਨਾਲ) ਗੁਰ ਸ਼ਬਦ ਸੁਣਾਵਣਾ। ੪. ਸਹਸਾ ਤੇ ਸੋਗ (ਉਸ ਗੁਰ ਸਿੱਖ ਦੇ) ਨੇੜੇ ਹੀ ਨਹੀਂ ਰਹਿੰਦੇ, (ਜੋ ਪ੍ਰੇਮ ਵਿਚ ਮਗਨ, ਸਾਧ ਸੰਗਤ ਦੀ ਹਜ਼ੂਰੀ ਵਿਚ ਜਾ ਕੇ) ਝਾਤੀ ਵੀ ਪਾ ਆਉਂਦਾ ਹੈ। ੫. (ਸਤਿਗੁਰੂ ਜੀ ਦੀ ਸ਼ਰਨ ਵਿਚ ਰਹਿਣਾ) ਭਉਜਲ ਵਿਚ (ਗੁਰਸਿੱਖ ਨੂੰ) ਅਰੋਗ ਰੱਖਦੀ ਹੈ, ਤੇ ਕੋਈ ਡਰਾਉਣੀ ਲਹਿਰ ਦਾ ਡਰ ਵੀ ਨਹੀਂ ਭਾਸਦਾ। ੬. (ਗੁਰੂ ਦੇ ਸਿੱਖਾਂ ਨੂੰ) ਸੰਜੋਗਾਂ ਵਿਜੋਗਾਂ ਦੇ ਦੁੱਖ (ਨਹੀਂ ਪੋਂਹਦੇ), ਗੁਰੂ ਦੀ ਮੱਤ ਦੇ ਆ ਜਾਣ ਨਾਲ, (ਦੁੱਖ ਸੁਖ ਸਹਿਜੇ ਹੀ) ਲੰਘ ਜਾਂਦੇ ਹਨ॥ ੧੯॥

੨੦. ਪਿਛਲੇ ਹੀ ਦ੍ਰਿਸ਼ਟਾਂਤ ਫੇਰ

੧. ਧਰਤੀ ਬੀਉ ਬੀਜਾਇ ਸਹਸ ਫਲਾਇਆ।
੨. ਗੁਰਸਿਖ ਮੁਖਿ ਪਵਾਇ ਨ ਲੇਖ ਲਿਖਾਇਆ।
੩. ਧਰਤੀ ਦੇਇ ਫਲਾਇ ਜੋਇ ਫਲੁ ਪਾਇਆ।
੪. ਗੁਰਸਿਖ ਮੁਖਿ ਸਮਾਇ ਸਭ ਫਲ ਲਾਇਆ।
੫. ਬੀਜੇ ਬਾਝੁ ਨ ਖਾਇ ਨ ਧਰਤਿ ਜਮਾਇਆ।
੬. ਗੁਰਮੁਖਿ ਚਿਤਿ ਵਸਾਇ ਇਛਿ ਪੁਜਾਇਆ॥੨੦॥੧੪॥

ਪਦ ਅਰਥ - ਬੀਉ=ਬੀਜ। ਸਹਸ=ਹਜ਼ਾਰ। ਮੁਖਿ ਪਵਾਇ=ਭੋਜਨ ਛਕਾਣਾ। ਇਛਿ ਪੁਜਾਇਆ=ਇੱਛਾ ਪੂਰਨ ਹੋਣੀ।

ਅਰਥ - ੧. ਧਰਤੀ ਵਿਚ (ਇੱਕ ਨਿੱਕਾ ਜਿਹਾ) ਬੀਜ ਬੀਜੀਦਾ ਹੈ, ਜੋ ਹਜ਼ਾਰਾਂ ਗੁਣਾਂ ਵਾਧੇ ਵਾਲਾ ਹੋ ਕੇ ਫੈਲਦਾ ਹੈ। ੨. (ਇਸੇ ਤਰ੍ਹਾਂ ਇੱਕ) ਗੁਰੂ ਦੇ ਸਿੱਖ ਦੇ ਮੂੰਹ ਵਿਚ ਭੋਜਨ ਪਾਉਣ (ਨਾਲ ਏਨਾ ਕੁਝ ਪ੍ਰਾਪਤ ਹੁੰਦਾ ਹੈ ਕਿ) ਉਸ ਦਾ ਲੇਖਾ ਲਿਖਿਆ ਨਹੀਂ ਜਾ ਸਕਦਾ। ੩. ਧਰਤੀ ਤਾਂ ਓਹੀ ਫਲ ਦੇਵੇਗੀ, ਜੋ ਬੀਜ ਪਾਓਗੇ। ੪. (ਪਰ) ਗੁਰੂ ਦੇ ਸਿੱਖ ਦੇ ਮੂੰਹ ਵਿਚ (ਇੱਕ) ਭੋਜਨ (ਪ੍ਰਸ਼ਾਦ ਛਕਾਉਣ) ਪਾਉਣ ਨਾਲ ਸਭ ਤਰ੍ਹਾਂ ਦੇ (ਮਨ ਇੱਛੇ) ਫਲ ਪ੍ਰਾਪਤ ਹੁੰਦੇ ਹਨ। ੫. ਬੀਜੇ ਬਿਨਾਂ ਕਿਸੇ ਨੂੰ ਕੁਝ ਪ੍ਰਾਪਤ ਨਹੀਂ ਹੋ ਸਕਦਾ ਨਾ ਧਰਤੀ ਹੀ ਬੀਜੇ ਬਿਨਾਂ ਫਲ ਦੇਂਦੀ ਹੈ। ੬. (ਪਰ ਜੇ ਕੋਈ) ਦਿਲ ਵਿਚ ਉਤਸ਼ਾਹ ਤੇ ਚਾਉ ਨਾਲ ਇਹ ਗੱਲ ਵਸਾ ਲਏ ਕਿ (ਮੈਂ ਗੁਰਮੁਖਾਂ ਦੀ ਸੇਵਾ ਜ਼ਰੂਰ ਕਰਨੀ ਹੈ, ਪਰ ਐਸਾ ਕਰਨ ਦਾ ਮੌਕਾ ਉਸ ਨੂੰ ਨਾ ਵੀ ਮਿਲੇ, ਪਰ ਇਹ ਸੇਵਾ-ਭਾਵ ਮਨ ਵਿਚ ਆਉਣ ਨਾਲ ਹੀ) ਇੱਛਾ ਪੂਰਨ ਹੋ ਜਾਂਦੀਆਂ ਹਨ। (ਇਹ ਪ੍ਰੇਮ-ਖਿੱਚ ਦੀ ਮਹਿਮਾ ਕਥਨ ਕੀਤੀ ਹੈ)॥ ੨੦॥ ੧੪॥

ਵਾਰ ੧੫

ੴ ਸਤਿਗੁਰ ਪ੍ਰਸਾਦਿ॥

੧. ਸਤਿਗੁਰ ਜੀ ਦੀ ਉਸਤਤਿ

੧. ਸਤਿਗੁਰੁ ਸਚਾ ਪਾਤਿਸਾਹੁ ਕੂੜੇ ਬਾਦਿਸਾਹ ਦੁਨੀਆਵੇ।
੨. ਸਤਿਗੁਰੁ ਨਾਥਾ ਨਾਥੁ ਹੈ ਹੋਇ ਨਉਂ ਨਾਥ ਅਨਾਥ ਨਿਥਾਵੇ।

੩. ਸਤਿਗੁਰੁ ਸਚੁ ਦਾਤਾਰੁ ਹੈ ਹੋਰੁ ਦਾਤੇ ਫਿਰਦੇ ਪਾਛਾਵੇ।
੪. ਸਤਿਗੁਰੁ ਕਰਤਾ ਪੁਰਖੁ ਹੈ ਕਰਿ ਕਰਤੂਤਿ ਨਿਨਾਵਨਿ ਨਾਵੇ।
੫. ਸਤਿਗੁਰੁ ਸਚਾ ਸਾਹੁ ਹੈ ਹੋਰੁ ਸਾਹ ਅਵੇਸਾਹ ਉਚਾਵੇ।
੬. ਸਤਿਗੁਰੁ ਸਚਾ ਵੈਦੁ ਹੈ ਹੋਰੁ ਵੈਦੁ ਸਭ ਕੈਦ ਕੂੜਾਵੇ।
੭. ਵਿਣੁ ਸਤਿਗੁਰੁ ਸਭਿ ਨਿਗੋਸਾਵੇ॥੧॥

ਪਦ ਅਰਥ - ਦੁਨੀਆਵੇ=ਦੁਨਿਆਵੀ, ਸੰਸਾਰਕ। ਪਾਛਾਵੇ=ਪਿੱਛੇ ਪਿੱਛੇ। ਨਿਨਾਵਨਿ ਨਾਵੇ=ਜਿਨ੍ਹਾਂ ਨੂੰ ਕੋਈ ਜਾਣਦਾ ਨਹੀਂ, ਉਨ੍ਹਾਂ ਨੂੰ ਉੱਘੇ ਕਰਦੇ। ਉਚਾਵੇ=ਚਲਾਏਮਾਨ ਖਾਨਾ ਬਦੋਸ਼ਾਂ ਵਾਂਗੂੰ ਜੋ ਰਹਿੰਦੇ। ਨਿਗੋਸਾਵੇ=ਨਿਗੁਰੇ।

ਅਰਥ - ੧. ਸਤਿਗੁਰ ਸੱਚੇ ਪਾਤਸ਼ਾਹ ਹੀ ਸੱਚੇ ਪਾਤਸ਼ਾਹ ਹਨ, (ਹੋਰ) ਦੁਨੀਆਂ ਦੇ ਬਾਦਸ਼ਾਹ ਝੂਠ ਹੀ ਜਾਣੋ। ੨. ਸਤਿਗੁਰੂ ਜੀ ਹੀ ਅਨਾਥਾਂ ਦੇ ਨਾਥ ਸੱਚੇ ਨਾਥ (ਮਾਲਕ) ਹਨ, ਜਿਹੜੇ ਨੌਂ ਨਾਥ ਕਹੀਦੇ ਹਨ, ਉਹ ਤਾਂ ਅਨਾਥ ਤੇ ਨਿਥਾਵੇਂ (ਨਿਰੇ ਖਪਰ ਫੜ ਮੰਗ ਖਾਣੇ) ਹੀ ਹਨ। ੩. ਸਤਿਗੁਰੂ ਜੀ ਹੀ ਸੱਚੇ ਦਾਤੇ ਹਨ, ਹੋਰ ਦਾਤੇ ਤਾਂ (ਮੰਗਤੇ ਬਣ) ਪਿੱਛੇ ਪਿੱਛੇ ਤੁਰਦੇ ਹਨ ਜਾਂ ਪਰਛਾਵੇਂ ਵਾਂਗ ਖਤਮ ਹੋ ਜਾਣ ਵਾਲੇ ਹਨ। (ਭਾਵ ਸਤਿਗੁਰੂ ਜੀ ਆਪ ਵੀ ਸੱਚੇ ਤੇ ਉਨ੍ਹਾਂ ਦੀਆਂ ਦਾਤਾਂ ਵੀ ਸੱਚੀਆਂ ਦਿੱਤੀਆਂ ਹੋਈਆਂ ਮੁਕਦੀਆਂ ਨਹੀਂ)। ੪. ਸਤਿਗੁਰੂ ਜੀ ਸੱਚੇ ਕਰਤੇ ਪੁਰਖ ਹਨ, (ਪਰ) ਫੋਕਟ ਕਰਮ ਕਰ ਕਰ, ਨਾਮ ਪੈਦਾ ਕਰਨ ਵਾਲੇ ਨਿਨਾਵੇ ਹੀ ਰਹਿ ਜਾਂਦੇ ਹਨ (ਭਾਵ ਸਤਿਗੁਰੂ ਜੀ ਦਾ ਉਪਦੇਸ਼ ਕਮਾਉਣ ਵਾਲਾ ਚਾਰੇ ਕੂੰਟਾਂ ਵਿਚ ਉੱਘਾ ਹੋ ਜਾਂਦਾ ਹੈ)। ੫. ਸਤਿਗੁਰੂ ਜੀ ਹੀ ਸੱਚੇ ਸ਼ਾਹ ਹਨ, ਹੋਰ ਸ਼ਾਹ ਬੇਇਤਬਾਰੇ ਤੇ ਬੇਲਿਹਾਜੇ ਹਨ, ਜੋ ਆਪਣੇ ਸ਼ਾਹੂਕਾਰੇ ਨੂੰ ਮੋਢਿਆਂ 'ਤੇ ਚੁੱਕੀ ਫਿਰਦੇ ਹਨ। ੬. ਸਤਿਗੁਰੂ ਜੀ ਸੱਚੇ ਵੈਦ ਹਨ, ਹੋਰ ਵੈਦ (ਤਾਂ ਆਪ ਜਨਮ ਮਰਨ ਦੀ) ਕੈਦ ਵਿਚ ਹਨ, ਤੇ ਝੂਠੇ ਹਨ। ੭. ਸਤਿਗੁਰੂ ਜੀ ਤੋਂ ਬਿਨਾਂ ਸਾਰੇ ਹੀ ਨਿਗੁਰੇ (ਭਾਵ ਪਰਮੇਸ਼ਰ ਦੀ ਹਸਤੀ ਤੋਂ ਭੁੱਲੇ ਬੇਮੁਖਾਂ ਵਰਗੇ) ਹਨ॥੧॥

੨. ਫਿਰ ਸਤਿਗੁਰੂ ਜੀ ਦੀ ਮਹਿਮਾ

੧. ਸਤਿਗੁਰੁ ਤੀਰਥੁ ਜਾਣੀਐ ਅਠਸਠਿ ਤੀਰਥ ਸਰਣੀ ਆਏ।
੨. ਸਤਿਗੁਰੁ ਦੇਉ ਅਭੇਉ ਹੈ ਹੋਰੁ ਦੇਵ ਗੁਰੁ ਸੇਵ ਤਰਾਏ।
੩. ਸਤਿਗੁਰੁ ਪਾਰਸਿ ਪਰਸਿਐ ਲਖ ਪਾਰਸ ਪਾ ਖਾਕੁ ਸੁਹਾਏ।
੪. ਸਤਿਗੁਰੁ ਪੂਰਾ ਪਾਰਿਜਾਤੁ ਪਾਰਜਾਤ ਲਖ ਸਫਲ ਧਿਆਏ।
੫. ਸੁਖ ਸਾਗਰੁ ਸਤਿਗੁਰ ਪੁਰਖੁ ਰਤਨ ਪਦਾਰਥ ਸਿਖ ਸੁਣਾਏ।
੬. ਚਿੰਤਾਮਣਿ ਸਤਿਗੁਰ ਚਰਣ ਚਿੰਤਾਮਣੀ ਅਚਿੰਤ ਕਰਾਏ।
੭. ਵਿਣੁ ਸਤਿਗੁਰ ਸਭਿ ਦੂਜੈ ਭਾਏ॥੨॥

ਪਦ ਅਰਥ - ਅਭੇਉ=ਭੇਦ ਰਹਿਤ। ਪਾਰਸਿ=ਜਿਸ ਧਾਤ ਨੂੰ ਲੱਗੇ ਸੋਨਾ ਕਰੇ। ਪਾਰਿਜਾਤੁ=ਕਲਪ ਬ੍ਰਿਛ।

ਅਰਥ - ੧. ਸਤਿਗੁਰੂ ਜੀ ਹੀ ਸੱਚੇ ਤੀਰਥ ਜਾਣੇ ਜਾਂਦੇ ਹਨ, (ਕਿਉਂਕਿ) ਅਠਾਹਠ ਤੀਰਥ (ਆਪਣੀ ਕਲਿਆਣ ਵਾਸਤੇ) ਉਨ੍ਹਾਂ ਦੀ ਸ਼ਰਨ ਆਏ ਹਨ। ੨. ਸਤਿਗੁਰੂ ਜੀ ਹੀ ਸੱਚੇ ਦੈਵੀ ਸਰੂਪ (ਪ੍ਰਕਾਸ਼) ਵਾਲੇ ਤੇ ਭੇਦ-ਰਹਿਤ (ਸਮਝ ਦੀ ਪਹੁੰਚ ਤੋਂ ਪਰੇ) ਹਨ, ਹੋਰ ਦੇਵ ਤਾਂ ਗੁਰੂ ਜੀ ਦੀ ਗੁਰੂ ਸੇਵਾ ਨਾਲ ਹੀ ਤਰਦੇ ਹਨ। ੩. ਸਤਿਗੁਰੂ ਸੱਚੇ ਪਾਰਸ ਨਾਲ ਪਰਸ ਕੇ (ਬੁਧੀ ਤੇ ਸੁਰਤੀ ਦੇ ਏਨੇ ਉੱਚੇ ਹੋ ਜਾਂਦੇ ਹਨ ਕਿ) ਪਾਰਸ ਵਰਗੇ ਕੀਮਤੀ ਪਦਾਰਥ (ਉਨ੍ਹਾਂ ਨੂੰ ਗੁਰੂ ਜੀ ਦੀ) ਚਰਣ ਧੂੜੀ ਵਿਚ ਹੀ ਸੁਹਾਉਂਦੇ ਦਿਸਦੇ ਹਨ। ੪. ਸਤਿਗੁਰੂ ਜੀ ਸੱਚੇ ਪਾਰਜਾਤ (ਮੂੰਹ ਮੰਗੇ ਫਲਾਂ ਦੇ ਦਾਤੇ) ਹਨ, ਤੇ ਲੱਖਾਂ ਪਾਰਜਾਤਾਂ ਵਰਗੇ ਪਦਾਰਥ ਗੁਰੂ ਜੀ ਦੀ ਅਰਾਧਨਾ ਕਰਕੇ ਸਫਲੇ ਹੁੰਦੇ ਹਨ। ੫. ਸਤਿਗੁਰੂ ਜੀ ਹੀ ਸੱਚੇ ਸੁਖਾਂ ਦੇ ਸਾਗਰ ਹਨ, ਜੋ ਰਤਨਾਂ (ਸੁੱਚੇ ਮੋਤੀਆਂ ਤੇ ਹੀਰਿਆਂ ਵਰਗੇ) ਪਦਾਰਥਾਂ ਰੂਪ (ਉਪਦੇਸ਼) ਸਿੱਖਾਂ ਪ੍ਰਤੀ ਸੁਣਾਉਂਦੇ ਹਨ। ੬. ਸਤਿਗੁਰੂ ਜੀ ਦੇ ਚਰਣ ਹੀ ਚਿੰਤਾਮਣੀ (ਮਨ ਇੱਛੇ ਫਲ ਦੇਣ ਵਾਲੇ) ਹਨ, ਜੋ ਚਿੰਤਾਮਣੀ ਨੂੰ ਵੀ ਚਿੰਤਾ ਰਹਿਤ (ਭਾਵ ਮਣੀ ਨੂੰ ਚਿੰਤਾ ਲੱਗੀ ਰਹਿੰਦੀ ਹੈ ਕਿ ਕੀ ਕਿਸਨੂੰ ਦੇਵਾਂ ਤੇ ਕੀ ਕਿਸ ਨੂੰ ?) ਕਰ ਦੇਂਦੀ ਹੈ। ੭. ਸਤਿਗੁਰੂ ਜੀ ਤੋਂ ਬਿਨਾਂ ਹੋਰ ਸਭ ਪਦਾਰਥ ਦੂਜੇ ਭਾਵ (ਦੁਜੈਗੀ) ਵਿਚ ਹਨ॥ ੨॥

੩. ਮਾਣਸ ਦੇਹੀ ਦੀ ਉੱਤਮਤਾ

੧. ਲਖ ਚਉਰਾਸੀਹ ਜੂਨਿ ਵਿਚਿ ਉਤਮੁ ਜੂਨਿ ਸੁ ਮਾਣਸ ਦੇਹੀ।
੨. ਅਖੀ ਦੇਖੈ ਨਦਰਿ ਕਰਿ ਜਿਹਬਾ ਬੋਲੈ ਬਚਨ ਬਿਦੇਹੀ।
੩. ਕੰਨੀ ਸੁਣਦਾ ਸੁਰਤਿ ਕਰਿ ਵਾਸ ਲਏ ਨਕਿ ਸਾਸ ਸਨੇਹੀ।
੪. ਹਥੀ ਕਿਰਤਿ ਕਮਾਵਣੀ ਪੈਰੀ ਚਲਣੁ ਜੋਤਿ ਇਵੇਹੀ।
੫. ਗੁਰਮੁਖਿ ਜਨਮੁ ਸਕਾਰਥਾ ਮਨਮੁਖ ਮੂਰਖਿ ਮਤਿ ਕਿਨੇਹੀ।
੬. ਕਰਤਾ ਪੁਰਖੁ ਵਿਸਾਰਿ ਕੈ ਮਾਣਸ ਦੀ ਮਨਿ ਆਸ ਧਰੇਹੀ।
੭. ਪਸੂ ਪਰੇਤਹੁ ਬੁਰੀ ਬੁਰੇਹੀ॥ ੩॥

ਪਦ ਅਰਥ - ਸੁਰਤਿ=ਧਿਆਨ। ਜੋਤਿ=ਪ੍ਰਭੂ-ਸ਼ਕਤੀ। ਸਕਾਰਥਾ=ਸਫਲਾ। ਕਿਨੇਹੀ=ਕਿਹੋ ਜੇਹੀ ਹੈ। ਬੁਰੀ ਬੁਰੇਹੀ=ਬੁਰੀ ਤੋਂ ਬੁਰੀ।

ਅਰਥ - ੧. ਚੌਰਾਸੀ ਲੱਖ ਜੂਨਾਂ ਵਿਚ ਇੱਕ ਮਨੁਖਾ ਦੇਹੀ ਹੀ ਸਭ ਤੋਂ ਉੱਤਮ ਜੂਨ ਹੈ। ੨. ਇਹ ਅੱਖਾਂ ਨਾਲ ਨਜ਼ਰ ਨੂੰ ਇਧਰ ਉਧਰ ਕਰਕੇ ਵੇਖਦਾ ਹੈ। ਜੀਭਾ ਬਚਨ ਬੋਲਦੀ ਹੈ (ਪਰ ਆਵਾਜ਼) ਬਿਦੇਹੀਆਂ ਵਾਂਗੂ ਹੈ। ੩. ਕੰਨਾਂ ਨਾਲ ਸੁਰਤੀ ਵਿਚ ਧਿਆਨ ਨਾਲ ਸੁਣਦਾ ਹੈ। ਨੱਕ ਨਾਲ ਸੁਗੰਧੀ ਤੇ (ਆਪਣੇ) ਸਨੇਹੀ ਸੁਆਸਾਂ ਨੂੰ ਲੈਂਦਾ ਹੈ। ੪. ਹੱਥਾਂ ਨਾਲ ਕਿਰਤ ਕਮਾਈ ਕਰਦਾ ਹੈ, ਪੈਰਾਂ ਨਾਲ ਚਲਦਾ ਹੈ, (ਪ੍ਰਭੂ ਦੀ ਬਖਸ਼ੀ ਸ਼ਕਤੀ) ਜੋਤਿ ਇਹੋ ਜੇਹੀ (ਓਤਪੋਤ) ਹੈ। ੫. ਗੁਰਮੁਖ (ਤਾਂ ਪ੍ਰਭੂ ਦੀਆਂ ਬਖਸ਼ੀਆਂ

ਦਾਤਾਂ ਨੂੰ ਚੰਗੀ ਵਰਤੋਂ ਤੇ ਨਾਮ-ਸਿਮਰਨ ਵਿਚ ਲੱਗ ਕੇ) ਆਪਣੇ ਜੀਵਨ ਨੂੰ ਸਫਲਾ ਕਰਦਾ ਹੈ, ਪਰ ਮੂਰਖ ਮਨਮੁਖ ਦੀ ਮੱਤ ਕਿਹੋ ਜੇਹੀ ਹੈ (ਕਿ ਉਹ ਖੋਟੀ ਸੰਗਤ ਕਰਕੇ ਜਨਮ ਬਿਰਥਾ ਗੁਆ ਲੈਂਦਾ ਹੈ ਕਿਉਂਕਿ ਉਹ) ੬. ਕਰਤਾ ਪੁਰਖ, ਪ੍ਰਭੂ ਨੂੰ ਭੁੱਲ ਜਾਂਦਾ ਹੈ ਤੇ ਕੇਵਲ ਮਨੁਖਾਂ ਦੀ ਹੀ ਓਟ-ਆਸਰਾ ਮਨ ਵਿਚ ਧਰ ਲੈਂਦਾ ਹੈ। ੭. (ਇਸ ਲਈ ਮਨਮੁਖ ਦੀ ਦੇਹ) ਪਸ਼ੂ ਪ੍ਰੇਤਾਂ ਤੋਂ ਬੁਰੀ ਅਤੇ ਬੁਰੀ ਤੋਂ ਵੀ ਬੁਰੀ ਹੈ॥ ੩ ॥

੪. ਮਨਮੁਖ ਦੀ ਹਾਲਤ

੧. ਸਤਿਗੁਰੁ ਸਾਹਿਬ ਛਡਿ ਕੈ ਮਨਮੁਖੁ ਹੋਇ ਬੰਦੇ ਦਾ ਬੰਦਾ।
੨. ਹੁਕਮੀ ਬੰਦਾ ਹੋਇ ਕੈ ਨਿਤ ਉਠਿ ਜਾਇ ਸਲਾਮ ਕਰੰਦਾ।
੩. ਆਠ ਪਹਰ ਹਥ ਜੋੜਿ ਕੈ ਹੋਇ ਹਜੂਰੀ ਖੜਾ ਰਹੰਦਾ।
੪. ਨੀਦ ਨ ਭੁਖ ਨ ਸੁਖ ਤਿਸੁ ਸੂਲੀ ਚੜਿਆ ਰਹੈ ਡਰੰਦਾ।
੫. ਪਾਣੀ ਪਾਲਾ ਧੁਪ ਛਾਉ ਸਿਰ ਉਤੈ ਝਲਿ ਦੁਖ ਸਹੰਦਾ।
੬. ਆਤਸਬਾਜੀ ਸਾਰੁ ਵੇਖਿ ਰਣ ਵਿਚਿ ਘਾਇਲੁ ਹੋਇ ਮਰੰਦਾ।
੭. ਗੁਰੁ ਪੂਰੇ ਵਿਣੁ ਜੂਨਿ ਭਵੰਦਾ॥ ੪ ॥

ਪਦ ਅਰਥ - ਬੰਦਾ=ਗੁਲਾਮ। ਹਜੂਰੀ=ਹਰ ਸਮੇਂ ਦੀ ਹਾਜ਼ਰੀ। ਆਤਸਬਾਜੀ=ਤੋਪਾਂ ਦੀਆਂ ਛਲਕਾਂ। ਸਾਰੁ=ਲੋਹੇ ਦੀ (ਤਲਵਾਰ)।

ਅਰਥ - ੧. ਸਤਿਗੁਰੂ ਸੱਚੇ ਮਾਲਕ ਨੂੰ ਛੱਡ ਕੇ, ਮਨਮੁਖ ਨੌਕਰਾਂ ਦਾ ਵੀ ਨੌਕਰ (ਦਾਸ) ਜਾ ਬਣਦਾ ਹੈ। ੨. ਹੁਕਮੀ ਬੰਦਾ (ਹੁਕਮ ਦੀ ਉਡੀਕ ਵਿਚ ਹੀ ਰਹਿਣਾ) ਬਣ ਕੇ, ਉਹ ਰੋਜ਼ ਹੀ ਸਵੇਰੇ ਉੱਠ ਕੇ ਜਾ ਸਲਾਮ ਕਰਦਾ ਹੈ, (ਨਾ ਪ੍ਰਭੂ ਦਾ ਚੇਤਾ, ਨਾ ਗੁਰੂ ਦਾ ਖਿਆਲ)। ੩. (ਬੱਸ ਖਾਣ ਪੀਣ ਤੋਂ ਬਿਨਾਂ, ਜਾਂ ਨੀਂਦ ਦੇ ਸਮੇਂ ਤੋਂ ਬਚਦਾ ਸਮਾਂ) ਅੱਠੇ ਪਹਿਰ ਹੀ ਹੱਥ ਜੋੜ ਕੇ ਜਿਸ ਨੂੰ ਮਾਲਕ ਸਮਝ ਲੈਂਦਾ ਹੈ ਉਸ ਦੀ ਹਜ਼ੂਰੀ ਵਿਚ ਹਾਜ਼ਰ ਤੇ ਖੜਾ ਰਹਿੰਦਾ। ੪. ਉਸ ਨੂੰ ਨਾ ਭੁੱਖ, ਨਾ ਕੋਈ, ਹੋਰ ਸੁਖ (ਅਰਾਮ, ਇਥੋਂ ਤਕ ਕਿ ਜੇ ਉਸ ਨੂੰ ਮਾਲਕ ਸੂਲੀ—ਭਾਵ ਔਖੇ ਕੰਮ 'ਤੇ ਵੀ ਟੰਗ ਦੇਵੇ) ਤਾਂ ਉਹ ਸੂਲੀ 'ਤੇ ਚੜ੍ਹਿਆ ਵੀ ਡਰਦਾ ਰਹਿੰਦਾ (ਕਿ ਮਤਾਂ ਇਸ ਤੋਂ ਵੀ ਹੋਰ ਸਖਤ ਹੁਕਮ ਨਾ ਹੋ ਜਾਵੇ)। ੫. ਪਾਣੀ (ਮੀਂਹ), (ਸਿਆਲ ਦੀ ਰੁੱਤ) ਪਾਲਾ, (ਗਰਮੀ ਦੀ ਰੁੱਤੇ) ਧੁੱਪ ਤੇ ਛਾਂ ਸਿਰ ਉਤੇ ਝਲਦਾ ਤੇ ਦੁੱਖ ਸਹਿੰਦਾ ਹੈ। ੬. (ਲੜਨ ਦਾ ਹੁਕਮ ਮਿਲਦੇ ਹੀ) ਤੋਪਾਂ ਦੀ ਗੋਲਾਬਾਰੀ (ਆਤਸ਼ਬਾਜ਼ੀ) ਤਲਵਾਰਾਂ ਦੀ ਕਟਾਵਢ ਵੇਖਦਾ ਤੇ ਰਣ ਵਿਚ ਹੀ ਘਾਵਾਂ ਨਾਲ ਜ਼ਖਮੀ ਹੋ ਮਰ ਜਾਂਦਾ ਹੈ। ੭. (ਇਸ ਤਰ੍ਹਾਂ) ਗੁਰੂ ਪੂਰੇ (ਦੀ ਸ਼ਰਨੀ) ਨਾ ਆਉਣ ਕਰਕੇ, ਮਰ ਕੇ ਜੂਨਾਂ ਵਿਚ ਭੌਂਦਾ ਫਿਰਦਾ ਹੈ॥ ੪ ॥

੫. ਜੋਗੀਆਂ ਦੀ ਹਾਲਤ

੧. ਨਾਥਾਂ ਨਾਥੁ ਨ ਸੇਵਨੀ ਹੋਇ ਅਨਾਥੁ ਗੁਰੂ ਬਹੁ ਚੇਲੇ।
੨. ਕੰਨ ਪੜਾਇ ਬਿਭੂਤਿ ਲਾਇ ਖਿੰਥਾ ਖਪਰੁ ਡੰਡਾ ਹੇਲੇ।
੩. ਘਰਿ ਘਰਿ ਟੁਕਰ ਮੰਗਦੇ ਸਿੰਙੀ ਨਾਦੁ ਵਾਜਾਇਨਿ ਭੇਲੇ।
੪. ਭੁਗਤਿ ਪਿਆਲਾ ਵੰਡੀਐ ਸਿਧਿ ਸਾਧਿਕ ਸਿਵਰਾਤੀ ਮੇਲੇ।
੫. ਬਾਰਹ ਪੰਥ ਚਲਾਇਦੇ ਬਾਰਹ ਵਾਟੀ ਖਰੇ ਦੁਹੇਲੇ।
੬. ਵਿਣੁ ਗੁਰ ਸਬਦ ਨ ਸਿਝਨੀ ਬਾਜੀਗਰ ਕਰਿ ਬਾਜੀ ਖੇਲੇ।
੭. ਅੰਨ੍ਹੈ ਅੰਨ੍ਹਾ ਖੂਹੀ ਠੇਲੇ॥ ੫॥

ਪਦ ਅਰਥ - ਨਾਥਾਂ ਨਾਥੁ=ਨਾਥਾਂ ਦਾ ਨਾਥ, ਮਾਲਕ, ਪ੍ਰਭੂ। ਹੇਲੇ=ਹਿਲਾਉਣਾ। ਭੇਲੇ=ਰਲ ਕੇ। ਦੁਹੇਲੇ=ਦੁੱਖੀ ਹੋਣਾ। ਠੇਲੇ=ਗੇੜਨਾ।

ਅਰਥ - ੧. ਨਾਥਾਂ ਦੇ ਨਾਥ (ਪਰਮੇਸ਼ਰ, ਮਾਲਕ) ਨੂੰ ਸਿਮਰਦੇ ਨਹੀਂ। (ਉਂਞ) ਬਥੇਰੇ ਗੁਰੂ ਤੇ ਬਥੇਰੇ ਚੇਲੇ ਬਣੇ ਬੈਠੇ ਹਨ, (ਪਰ ਇਹ ਨਿਰੇ) ਅਨਾਥ ਹੀ ਹਨ। ੨. ਕੰਨਾਂ ਨੂੰ ਪੜਵਾ ਕੇ, (ਸਰੀਰ ਨੂੰ) ਸਵਾਹ ਮਲ ਕੇ, ਖਿੰਥਾ (ਖਫਣੀ) ਗਲੇ ਪਾ, ਇੱਕ ਹੱਥ ਵਿਚ ਖੱਪਰ ਤੇ ਦੂਜੇ ਵਿਚ ਡੰਡਾ ਫੜ ਕੇ, ਹਿਲਾਉਂਦੇ ਫਿਰਦੇ ਹਨ। ੩. ਘਰ ਘਰ ਰੋਟੀਆਂ (ਖੈਰ, ਦਾਨ) ਮੰਗਦੇ ਹਨ ਤੇ ਸਿੰਙੀ ਦਾ ਨਾਦ ਮਿਲ ਮਿਲ ਵਜਾਂਦੇ ਫਿਰਦੇ ਹਨ। ੪. ਭੋਜਨ ਵਿਚ ਪਿਆਲਾ (ਸ਼ਰਾਬ ਦਾ) ਵੰਡਦੇ ਅਤੇ ਸ਼ਿਵਰਾਤਰੀ ਦੇ ਮੇਲੇ ਸਿੱਧ ਸਾਧਿਕ (ਜੋਗੀ ਤੇ ਉਨ੍ਹਾਂ ਦੇ ਚੇਲੇ) ਇੱਕਠੇ ਹੁੰਦੇ ਹਨ। ੫. ਜੋਗੀਆਂ ਦੇ ੧੨ ਫਿਰਕੇ ਹਨ, ਸੋ ਸਾਰੇ ਆਪੋ ਆਪਣੇ ਫਿਰਕਿਆਂ ਦੇ ਰਾਹਾਂ 'ਤੇ ਬੜੇ ਦੁੱਖੀ ਤੇ ਔਖੇ ਹੋ ਹੋ ਚਲਦੇ ਹਨ। ੬. ਬਿਨਾਂ (ਪੂਰੇ) ਗੁਰੂ (ਨਾਨਕ ਦੇ) ਸ਼ਬਦ ਤੋਂ, ਨਾ ਸਮਝ ਆਉਣੀ ਹੈ ਤੇ ਨਾ ਹੀ ਖਲਾਸੀ (ਮੁਕਤੀ) ਹੋਣੀ ਹੈ, ਬਾਕੀ ਦੇ ਕਰਮ ਏਹਨਾਂ ਦੇ ਬਾਜੀਗਰ ਦੇ ਬਾਜੀਆਂ ਪਾਉਣ ਵਾਂਗ ਖੇਡਾਂ ਹੀ ਹਨ। ੭. (ਜਾਂ ਇਉਂ ਸਮਝ ਲਵੋ ਜਿਵੇਂ) ਅੰਨ੍ਹਿਆਂ ਨੂੰ ਅੰਨ੍ਹਾ ਖੂਹ ਵਲ ਠੇਲ੍ਹੀ (ਤੋਰੀ) ਜਾਂਦਾ ਹੋਵੇ॥ ੫॥

੬. ਪੂਰੇ ਗੁਰੂ ਨੂੰ ਵਿਸਾਰਨ ਨਾਲ ਰੋਣਾ

੧. ਸਚੁ ਦਾਤਾਰੁ ਵਿਸਾਰ ਕੈ ਮੰਗਤਿਆਂ ਨੋ ਮੰਗਣ ਜਾਹੀ।
੨. ਢਾਢੀ ਵਾਰਾਂ ਗਾਂਵਦੇ ਵੈਰ ਵਿਰੋਧ ਜੋਧ ਸਾਲਾਹੀ।
੩. ਨਾਈ ਗਾਵਨਿ ਸੱਦੜੇ ਕਰਿ ਕਰਤੂਤਿ ਮੁਏ ਬਦਰਾਹੀ।
੪. ਪੜਦੇ ਭਟ ਕਵਿਤ ਕਰਿ ਕੂੜ ਕੁਸਤੁ ਮੁਖਹਿ ਆਲਾਹੀ।

੫. ਹੋਇ ਅਮਿਰਿਤ ਪੁਰੋਹਿਤਾ ਪ੍ਰੀਤਿ ਪਰੀਤੈ ਵਿਰਤਿ ਮੰਗਾਹੀ।
੬. ਛੁਰੀਆ ਮਾਰਨਿ ਪੰਖੀਏ ਹਟਿ ਹਟਿ ਮੰਗਦੇ ਭਿਖ ਭਵਾਹੀ।
੭. ਗੁਰ ਪੂਰੇ ਵਿਣੁ ਰੋਵਨਿ ਧਾਹੀ॥ ੬ ॥

ਪਦ ਅਰਥ - ਸਚੁ ਦਾਤਾਰੁ=ਸੱਚਾ ਦਾਤਾ। ਵਾਰਾਂ=ਸਿਫਤਾਂ ਦੀ ਕਵੀਸ਼ਰੀ। ਸੱਦੜੇ=ਸਿਫਤਾਂ ਕਰਦੇ ਸੱਦੇ ਦਿੰਦੇ। ਬਦਰਾਹੀ=ਮੰਦੇ ਹਾਲੀਂ।

ਅਰਥ - ੧. ਸੱਚੇ ਪ੍ਰਭੂ ਦਾਤਾਰ ਨੂੰ ਵਿਸਾਰ ਕੇ, (ਲੋਕ) ਮੰਗਤਿਆਂ ਕੋਲੋਂ ਹੀ ਅੱਗੋਂ ਮੰਗਣ ਜਾਂਦੇ ਹਨ। ੨. (ਜਿਵੇਂ) ਢਾਡੀ ਵਾਰਾਂ ਗਾ ਕੇ, (ਨਿੱਜੀ ਵੈਰ ਵਿਰੋਧ ਕਰਕੇ ਜਿਹੜੇ ਸੂਰਮਤਾਈਆਂ ਜਾਂ ਬਹਾਦਰੀਆਂ ਕਰਦੇ) ਉਹਨਾਂ ਦਾ ਜੱਸ ਗਾਉਂਦੇ ਹਨ। ੩. ਨਾਈ ਵੀ (ਮਰਨ ਵਾਲੇ ਦੇ) ਸੱਦੇ ਦੇਂਦੇ (ਉਸ ਦੀਆਂ) ਸਿਫਤਾਂ ਕਰਦੇ ਹਨ, ਜਿਹੜੇ ਕਰਤੂਤਾਂ (ਮੰਦੇ ਕੰਮ) ਕਰ , ਭੈੜੇ ਰਾਹਾਂ 'ਤੇ ਚਲਦੇ ਹੀ ਮਰ ਗਏ ਹਨ। ੪. (ਇਸੇ ਤਰ੍ਹਾਂ) ਭੱਟ ਲੋਕ (ਬਾਦਸ਼ਾਹ ਉਮਰਾਵਾਂ ਦੇ) ਕਵਿਤਾ ਬਣਾ ਬਣਾ ਕੇ, (ਝੂਠੀਆਂ ਸਿਫਤਾਂ ਦੇ ਪੁਲ ਬੰਨ੍ਹ) ਝੂਠ ਤੇ ਨਿਰਾ ਹੀ ਝੂਠ ਮੂੰਹ ਤੋਂ ਬੋਲੀ ਜਾਂਦੇ ਹਨ। ੫. (ਦੂਜੇ ਪਾਸੇ) ਪ੍ਰੋਹਤਾਂ ਦੀ ਇਹੋ ਜੇਹੀ ਰੀੜ੍ਹੀ ਹੈ ਕਿ ਪਹਿਲੇ ਬਰਾਬਰ ਦੀ ਪਰਸਪਰ ਪ੍ਰੀਤੀ ਵਧਾ ਲੈਂਦੇ ਹਨ ਤੇ ਮਗਰੋਂ ਦਾਨ ਦੇ ਅਧਿਕਾਰੀ ਬਣ ਕੇ, ਦਾਨ ਮੰਗਣ ਲੱਗ ਪੈਂਦੇ ਹਨ। ੬. ਕਈ ਛੁਰੀ ਮਾਰ ਕੇ (ਬੂਹੇ ਅੱਗੇ ਮਰ ਜਾਣ ਦਾ ਡਰ ਦੇ ਕੇ) ਮੰਗਦੇ ਹਨ, ਕਈ ਪੰਖੀਆਂ ਵਾਂਗ ਭੌਂ ਭੌਂ ਕੇ ਹੱਟੀ ਹੱਟੀ ਤੋਂ ਭਿਖਿਆ ਮੰਗਦੇ ਫਿਰਦੇ ਹਨ। ੭. (ਪਰ) ਪੂਰੇ ਗੁਰੂ ਦੀ (ਸ਼ਰਨ ਆਏ) ਬਿਨਾਂ (ਇਨ੍ਹਾਂ ਸਭਨਾਂ ਨੂੰ) ਧਾਹੀਂ ਮਾਰ ਮਾਰ ਰੋਣਾ ਪੈਂਦਾ ਹੈ॥ ੬॥

੭. ਝੂਠੇ ਸਨਬੰਧੀਆਂ ਦੀ ਝੂਠੀ ਪ੍ਰੀਤ

੧. ਕਰਤਾ ਪੁਰਖੁ ਨ ਚੇਤਿਓ ਕੀਤੇ ਨੋ ਕਰਤਾ ਕਰਿ ਜਾਣੈ।
੨. ਨਾਰਿ ਭਤਾਰਿ ਪਿਆਰੁ ਕਰਿ ਪੁਤੁ ਪੋਤਾ ਪਿਉ ਦਾਦੁ ਵਖਾਣੈ।
੩. ਧੀਆ ਭੈਣਾ ਮਾਣੁ ਕਰਿ ਤੁਸਨਿ ਰੁਸਨਿ ਸਾਕ ਬਬਾਣੈ।
੪. ਸਹਰੁ ਪੀਹਰੁ ਨਾਨਕੇ ਪਰਵਾਰੈ ਸਾਧਾਰੁ ਧਿਙਾਣੈ।
੫. ਚਜ ਅਚਾਰ ਵੀਚਾਰ ਵਿਚਿ ਪੰਚਾ ਅੰਦਰਿ ਪਤਿ ਪਰਵਾਣੈ।
੬. ਅੰਤ ਕਾਲ ਜਮ ਜਾਲ ਵਿਚਿ ਸਾਥੀ ਕੋਇ ਨ ਹੋਇ ਸਿਞਾਣੈ।
੭. ਗੁਰ ਪੂਰੇ ਵਿਣੁ ਜਾਇ ਜਮਾਣੈ॥ ੭ ॥

ਪਦ ਅਰਥ - ਕੀਤੇ ਨੋ=ਪੈਦਾ ਹੋਏ ਜੀਵ ਨੂੰ। ਭਤਾਰਿ=ਪਤੀ, ਖਸਮ। ਤੁਸਨਿ=ਪ੍ਰਸੰਨਤਾ। ਰੁਸਨਿ=ਰੁਸਣਾ। ਬਬਾਣੈ=ਦਾਦਕੇ ਸਾਕ। ਸੀਹਰੁ ਪੀਹਰੁ=ਸਹੁਰੇ ਤੇ ਪੇਕੇ। ਜਮਾਣੈ=ਜਮ ਦੀ ਪੁਰੀ।

ਅਰਥ - ੧. (ਲੋਕੀ) ਕਰਤਾ ਪੁਰਖ (ਕਰਤਾਰ) ਨੂੰ ਤਾਂ ਚੇਤਦੇ ਨਹੀਂ, (ਪਰ ਪ੍ਰਭੂ ਦੇ) ਕੀਤੇ ਹੋਏ

ਜੀਵ ਨੂੰ ਹੀ ਕਰਤਾ ਕਰਕੇ ਜਾਣਦੇ ਹਨ। ੨. ਇਸਤ੍ਰੀ ਪਤੀ ਨਾਲ ਹੀ ਪਿਆਰ ਕਰਦੀ ਅਤੇ ਪੁੱਤਰ ਪਿਤਾ ਅਤੇ ਬਾਬਾ ਪੋਤਰੇ ਨੂੰ ਹੀ ਪਿਆਰਦਾ ਹੈ। ੩. ਧੀਆਂ (ਪਿਉਆਂ 'ਤੇ) ਭੈਣਾਂ (ਭਰਾਵਾਂ 'ਤੇ) ਮਾਣ ਕਰਦੀਆਂ ਹਨ (ਜੇ ਕੁਝ ਮਿਲੇ ਤਾਂ) ਪ੍ਰਸੰਨ ਹੁੰਦੀਆਂ (ਤੇ ਜੇ ਨਾ ਮਿਲੇ ਤਾਂ) ਗੁੱਸੇ ਵੀ ਹੋ ਜਾਂਦੀਆਂ ਹਨ, (ਇਹੋ ਹੀ ਸਭ) ਸਾਕ ਸੰਬੰਧੀਆਂ ਦੀ ਬਾਣ (ਆਦਤ) ਬਣੀ ਹੋਈ ਹੈ। ੪ ਸਹੁਰੇ, ਪੇਕੇ, ਨਾਨਕੇ ਸਭ ਸਾਕ ਪਰਿਵਾਰ ਆਦਿ ਬਦੋਬਦੀ (ਧਿਙਾਣੇ) ਦੇ ਹਨ। ੫. ਲੋਕਾਂ ਦੇ ਵਰਤੋਂ ਵਿਹਾਰ ਤੇ ਚੱਜ ਆਚਾਰ, (ਇਸ ਬਾਰੇ ਦਿੱਤੇ) ਵਿਚਾਰ ਸਭ ਪੰਚਾਂ ਤੇ ਪੰਚਾਇਤਾਂ ਵਿਚ ਹੀ ਪਤ ਵਾਲੇ ਤੇ ਪਰਵਾਣ ਮੰਨੇ ਜਾਂਦੇ ਹਨ (ਕੋਈ ਡਰਦਾ ਤੇ ਕੋਈ ਸ਼ੋਭਾ ਦੀ ਖਾਤਰ) ਸਭ ਮੰਨਦੇ ਹਨ। ੬. (ਪਰ) ਅੰਤ ਦੇ ਸਮੇਂ, ਜਮ ਕਾਲ ਦੇ ਆ ਜਾਣ 'ਤੇ ਨਾ ਕੋਈ ਸਾਥੀ ਹੀ ਬਣਦਾ ਤੇ ਨਾ ਸਿਞਾਣਦਾ ਹੀ ਹੈ। ੭. ਪੂਰੇ ਗੁਰੂ ਤੋਂ ਬਿਨਾਂ (ਅਜੇਹੇ ਦੁਨੀਆਂਦਾਰ ਲੋਕ) ਜਮਾਂ ਦੀ ਪੁਰੀ (ਨਰਕਾਂ) ਨੂੰ ਜਾ ਰਹੇ ਹਨ॥ ੭॥

੮. ਦੁਨੀਆਂ ਦੇ ਝੂਠੇ ਵਪਾਰੀਆਂ ਦੀ ਹਾਲਤ

੧. ਸਤਿਗੁਰੁ ਸਾਹੁ ਅਥਾਹੁ ਛਡਿ ਕੂੜੇ ਸਾਹੁ ਕੂੜੇ ਵਣਜਾਰੇ।
੨. ਸਉਦਾਗਰ ਸਉਦਾਗਰੀ ਘੋੜੇ ਵਣਜ ਕਰਨਿ ਅਤਿ ਭਾਰੇ।
੩. ਰਤਨਾ ਪਰਖ ਜਵਾਹਰੀ ਹੀਰੇ ਮਾਣਕ ਵਣਜ ਪਸਾਰੇ।
੪. ਹੋਇ ਸਰਾਫ ਬਜਾਜ ਬਹੁ ਸੁਇਨਾ ਰੁਪਾ ਕਪੜੁ ਤਾਰੇ।
੫. ਕਿਰਸਾਣੀ ਕਿਰਸਾਣ ਕਰਿ ਬੀਜ ਲੁਣਨਿ ਬੋਹਲ ਵਿਸਥਾਰੇ।
੬. ਲਾਹਾ ਤੋਟਾ ਵਰੁ ਸਰਾਪੁ ਕਰਿ ਸੰਜੋਗੁ ਵਿਜੋਗੁ ਵਿਚਾਰੇ।
੭. ਗੁਰ ਪੂਰੇ ਵਿਣੁ ਦੁਖੁ ਸੈਸਾਰੇ॥ ੮॥

ਪਦ ਅਰਥ - ਅਥਾਹੁ=ਗਹਿਰ ਗੰਭੀਰ। ਤਾਰੇ=ਮਲਮਲਾਂ ਦੀ ਕਿਸਮ। ਲੁਣਨਿ=ਕੱਟਣਾ। ਸੰਜੋਗੁ ਵਿਜੋਗੁ=ਮੇਲ ਤੇ ਵਿਛੋੜਾ।

ਅਰਥ - ੧. (ਜਿਹੜੇ) ਸਤਿਗੁਰੂ ਬੇਅੰਤ ਵੱਡੇ ਸ਼ਾਹ ਨੂੰ ਛੱਡ ਕੇ, ਝੂਠੇ ਸ਼ਾਹਾਂ ਦੇ ਮਗਰ ਲੱਗਦੇ ਹਨ, ਉਹ ਵਣਜਾਰੇ ਵੀ ਝੂਠੇ ਹੀ ਜਾਣੋ। ੨. ਸਉਦਾਗਰ ਜੋ ਸਉਦਾਗਰੀਆਂ ਹੀ ਕਰਦੇ, ਘੋੜਿਆਂ ਦਾ ਲੈਣ ਦੇਣ ਤੇ ਹੋਰ ਭਾਰੇ ਵਣਜ ਵਪਾਰ ਕਰਦੇ ਹਨ। ੩. ਰਤਨਾਂ (ਹੀਰਿਆਂ) ਦੇ ਪਾਰਖੂ (ਜਵਾਹਰੀ) ਜੋ ਵੱਡੇ ਪਸਾਰ ਵਾਲਾ ਹੀਰਿਆਂ ਮਾਣਕਾਂ ਦਾ ਵਣਜ ਕਰਦੇ ਹਨ। ੪. (ਸੋਨੇ ਦੇ ਵਪਾਰੀ) ਸਰਾਫ ਬਣ ਕੇ ਜਾਂ ਕੱਪੜੇ ਦੇ ਵਪਾਰੀ (ਬਜਾਜ) ਬਣ ਕੇ, ਕੱਪੜੇ ਤੇ ਮਲਮਲਾਂ ਆਦਿਕ, ਸੋਨੇ ਦਾ ਕੰਮ ਕਰਦੇ ਹਨ। ੫. ਜ਼ਿਮੀਦਾਰ ਜ਼ਮੀਨਾਂ ਬੀਜਦੇ, ਪੱਕਣ 'ਤੇ ਵੱਢਦੇ, ਵੱਡੇ ਬੋਹਲ (ਦਾਣਿਆਂ ਦਾ ਸਮੂਹ) ਕਰਦੇ ਹਨ। ੬. (ਵਪਾਰੀਆਂ ਨੂੰ) ਵਾਧਾ ਘਾਟਾ, (ਸਿੱਧ ਸਾਧਕਾਂ ਨੂੰ) ਵਰ ਤੇ ਸਰਾਪ ਦੇਣੇ, ਆਮ ਸੰਸਾਰੀ ਲੋਕਾਂ ਨੂੰ (ਰਿਸ਼ਤੇਦਾਰੀਆਂ ਵਿਚ) ਕਦੇ ਸੰਜੋਗ ਤੇ ਕਦੇ ਵਿਜੋਗ ਦਾ ਵਿਚਾਰ (ਭਾਵ ਕਾਰਨ) ਬਣਿਆ ਹੀ ਰਹਿੰਦਾ ਹੈ। ੭. (ਇਸ ਤਰ੍ਹਾਂ) ਸਾਰੇ ਸੰਸਾਰ ਨੂੰ ਹੀ ਗੁਰ ਪੂਰੇ (ਦੀ ਪ੍ਰਾਪਤੀ) ਬਿਨਾਂ (ਸੰਸਿਆਂ ਤੇ ਭਰਮਾਂ ਦਾ ਉਤਾਰ ਚੜ੍ਹਾ) ਆਉਂਦਾ ਹੀ ਰਹਿੰਦਾ ਹੈ॥ ੮॥

੯. ਝੂਠੇ ਵੈਦ ਨੇ ਕਿਸੇ ਦਾ ਕੀ ਸੰਵਾਰਨਾ ਹੈ

੧. ਸਤਿਗੁਰੁ ਵੈਦੁ ਨ ਸੇਵਿਓ ਰੋਗੀ ਵੈਦੁ ਨ ਰੋਗੁ ਮਿਟਾਵੈ।
੨. ਕਾਮ ਕ੍ਰੋਧੁ ਵਿਚਿ ਲੋਭੁ ਮੋਹੁ ਦੁਬਿਧਾ ਕਰਿ ਕਰਿ ਧ੍ਰੋਹੁ ਵਧਾਵੈ।
੩. ਆਧਿ ਬਿਆਧਿ ਉਪਾਧਿ ਵਿਚਿ ਮਰਿ ਮਰਿ ਜੰਮੈ ਦੁਖਿ ਵਿਹਾਵੈ।
੪. ਆਵੈ ਜਾਇ ਭਵਾਈਐ ਭਵਜਲ ਅੰਦਰਿ ਪਾਰੁ ਨ ਪਾਵੈ।
੫. ਆਸਾ ਮਨਸਾ ਮੋਹਣੀ ਤਾਮਸੁ ਤਿਸਨਾ ਸਾਂਤਿ ਨ ਆਵੈ।
੬. ਬਲਦੀ ਅੰਦਰਿ ਤੇਲੁ ਪਾਇ ਕਿਉ ਮਨੁ ਮੂਰਖੁ ਅਗਿ ਬੁਝਾਵੈ।
੭. ਗੁਰੁ ਪੂਰੇ ਵਿਣੁ ਕਉਣੁ ਛਡਾਵੈ ॥ ੯ ॥

ਪਦ ਅਰਥ - ਧ੍ਰੋਹ=ਧੋਖਾ, ਛਲ, ਫਰੇਬ। ਵਿਹਾਵੈ=ਗੁਜ਼ਾਰਨਾ। ਆਧਿ=ਚਿੰਤਾਵਾਂ ਦੇ ਦੁੱਖ। ਬਿਆਧਿ=ਸਰੀਰਕ ਪੀੜਾ ਦੇ ਦੁੱਖ। ਉਪਾਧਿ=ਅਨਜਾਣੇ ਦੁੱਖ ਤੇ ਗਮ।

ਅਰਥ - ੧. ਸਤਿਗੁਰ ਸੱਚੇ ਵੈਦ ਦੀ ਸੇਵਾ ਭਾਵ ਅਰਾਧਨਾ ਨਾ ਕੀਤੀ, ਚੇਤੇ ਨਾ ਕੀਤਾ, (ਪਰ ਭੁੱਲੜ ਲੋਕ) ਵੈਦ ਕੋਲ ਇਲਾਜ ਲਈ ਗਏ, ਜੋ ਆਪ ਰੋਗੀ ਸੀ। (ਦੱਸੋ) ਐਸਾ ਰੋਗੀ ਵੈਦ ਕਿਸੇ ਦਾ ਕੀ ਰੋਗ ਮਿਟਾਏਗਾ ? ੨. ਕਾਮ, ਕ੍ਰੋਧ, ਲੋਭ, ਮੋਹ (ਦਾ ਰੋਗੀ ਵੈਦ) ਦੁਚਿਤੀ ਨੂੰ ਪੈਦਾ ਕਰਕੇ (ਲੋਕਾਂ ਨਾਲ) ਧ੍ਰੋਹ ਹੀ ਕਮਾਉਂਦਾ ਹੈ। ੩. (ਰੋਗੀ ਵੈਦ ਨੂੰ ਕੀ ਪਤਾ ਕਿ) ਆਧੀਆਂ, ਬਿਆਧੀਆਂ ਤੇ ਉਪਾਧੀਆਂ ਦੇ ਰੋਗਾਂ ਵਿਚ (ਪਿਆ ਸੰਸਾਰ) ਮਰ ਮਰ ਕੇ ਜੰਮਦਾ (ਤੇ ਫਿਰ ਮਰਨ ਦਾ) ਦੁੱਖ ਸਹਾਰ ਰਿਹਾ ਹੈ। ੪. (ਇਸ) ਆਵਾਗਵਨ ਦੇ ਚੱਕਰ ਵਿਚ ਪੈ (ਸੰਸਾਰ) ਭਟਕ ਰਿਹਾ ਹੈ, (ਤੇ ਇਸ ਤਰ੍ਹਾਂ ਭਟਕਦੇ ਨੂੰ) ਪਾਰ ਦਾ ਕਿਨਾਰਾ ਨਜ਼ਰ ਹੀ ਨਹੀਂ ਆਉਂਦਾ। ੫. ਆਸਾ ਮਨਸਾ ਮਨ ਨੂੰ ਮੋਹ ਰਹੀਆਂ ਹਨ, ਤੇ ਤਾਮਸ ਅਤੇ ਤ੍ਰਿਸ਼ਨਾ ਮਨ ਨੂੰ ਸ਼ਾਂਤੀ ਨਹੀਂ ਆਉਣ ਦੇਂਦੀ, ੬. (ਕਿਉਂਕਿ ਹੋਰ ਹੋਰ ਦੇ ਚੱਕਰ ਵਿਚ ਪਿਆ ਮਨੁਖ) ਬਲਦੀ ਉਤੇ ਤੇਲ ਪਾਈ ਜਾ ਰਿਹਾ ਹੈ (ਭਾਵ ਤ੍ਰਿਸ਼ਨਾ ਦਿਨੋ ਦਿਨ ਵਧ ਰਹੀ) ਹੈ। (ਇਉਂ ਕਰਨ ਨਾਲ) ਮੂਰਖ ਦਾ ਮਨ ਕਿਵੇਂ ਸ਼ਾਂਤ ਕਰੇ, ਜਿੰਨਾ ਚਿਰ ਅਗਨੀ ਨਾ ਬੁਝਾਵੇ। ੭. (ਇਸ ਤਰ੍ਹਾਂ ਆਪੇ ਫਾਥੇ ਨੂੰ) ਪੂਰੇ ਗੁਰੂ ਤੋਂ ਬਿਨਾਂ ਕੌਣ ਹੈ, ਜੋ ਛੁਡਾਵੇ ? ॥ ੯ ॥

੧੦. ਝੂਠੇ ਤੀਰਥਾਂ ਦੀ ਮਨੌਤ

੧. ਸਤਿਗੁਰੁ ਤੀਰਥੁ ਛਡਿ ਕੈ ਅਠਿਸਠਿ ਤੀਰਥ ਨਾਵਣ ਜਾਹੀ।
੨. ਬਗੁਲ ਸਮਾਧਿ ਲਗਾਇ ਕੈ ਜਿਉ ਜਲ ਜੰਤਾਂ ਘੁਟਿ ਘੁਟਿ ਖਾਹੀ।
੩. ਹਸਤੀ ਨੀਰ ਨਵਾਲੀਅਨਿ ਬਾਹਰਿ ਨਿਕਲਿ ਖੇਹ ਉਡਾਹੀ।

੪. ਨਦੀ ਨ ਡੁਬੈ ਤੂੰਬੜੀ ਤੀਰਥੁ ਵਿਸੁ ਨਿਵਾਰੈ ਨਾਹੀ।
੫. ਪਥਰੁ ਨੀਰ ਪਖਾਲੀਐ ਚਿਤਿ ਕਠੋਰੁ ਨ ਭਿਜੈ ਕਾਹੀ।
੬. ਮਨਮੁਖ ਭਰਮ ਨ ਉਤਰੈ ਭੰਭਲਭੂਸੇ ਖਾਇ ਭਵਾਹੀ।
੭. ਗੁਰੁ ਪੂਰੇ ਵਿਣੁ ਪਾਰ ਨ ਪਾਹੀ॥ ੧੦॥

ਪਦ ਅਰਥ - ਜਲ ਜੰਤਾਂ=ਜਲ ਵਿਚ ਰਹਿਣ ਵਾਲੇ ਜੀਵਾਂ ਨੂੰ। ਘੁਟਿ ਘੁਟਿ=ਫੜ ਫੜ। ਹਸਤੀ=ਹਾਥੀ। ਨੀਰ=ਪਾਣੀ। ਪਖਾਲੀਐ=ਧੋਣਾ। ਕਾਹੀ=ਕਿਤੇ ਵੀ।

ਅਰਥ - ੧. ਸੱਚੇ ਤੀਰਥ, ਸਤਿਗੁਰੂ ਨੂੰ ਛੱਡ ਕੇ, ਅਠਸਠਿ ਤੀਰਥਾਂ 'ਤੇ ਨਹਾਉਣ ਲਈ ਜਾਂਦਾ ਹੈ। ੨. (ਉਥੇ ਪਹੁੰਚ ਕੇ) ਬਗਲੇ (ਦੀ ਨਿਆਈਂ) ਅੱਖਾਂ ਮੀਚਦਾ (ਆਪਣੇ ਵੱਲੋਂ ਦਿਖਾਵੇ ਦੀ ਸਮਾਧੀ ਲਾਉਂਦਾ) ਪਰ ਜਲ ਦੇ ਜੀਵਾਂ (ਮੱਛੀਆਂ) ਨੂੰ ਘੁੱਟ ਘੁੱਟ ਫੜਦਾ ਤੇ ਖਾਈ ਜਾਂਦਾ ਹੈ। ੩. ਹਾਥੀ ਨੂੰ ਪਾਣੀ ਨਾਲ ਨੁਹਾਓ (ਤੇ ਉਸ ਨੂੰ ਸਾਫ ਸੁਥਰਾ ਕਰੋ) ਪਰ ਬਾਹਰ ਨਿਕਲਦੇ ਹੀ ਉਹ ਖੇਹ ਉਡਾ ਕੇ ਆਪਣੇ 'ਤੇ ਪਾ ਲੈਂਦਾ ਹੈ। (ਭਾਵ ਫਿਰ ਲਿਬੜ ਜਾਂਦਾ ਹੈ)। (ਤਿਵੇਂ ਹੀ ਤੀਰਥਾਂ 'ਤੇ ਜਾਣ ਵਾਲਿਆਂ ਦਾ ਹਾਲ ਹੈ। ਜੋ ਇੱਕ ਪਾਪ ਨੂੰ ਉਤਾਰ ਕੇ ਆਉਂਦੇ ਹਨ, ਤਾਂ ਦਸ ਆਉਂਦੇ ਹੀ ਫੇਰ ਚੜ੍ਹਾ ਲੈਂਦੇ ਹਨ)। ੪. ਨਦੀ ਦੇ ਪਾਣੀ ਵਿਚ ਤੂੰਬੜੀ ਡੁੱਬਦੀ ਨਹੀਂ, ਤੀਰਥ ਉਸ ਦੇ ਅੰਦਰ ਭਰੀ (ਕੁੜੱਤਣ-ਭਾਵ ਪਾਪਾਂ ਦੀ ਵਿਹੁ) ਦੂਰ ਨਹੀਂ ਕਰਦੇ। ੫. ਪੱਥਰ ਨੂੰ ਪਾਣੀ ਨਾਲ ਕਿੰਨਾ ਨੁਹਾ ਲਓ, (ਜਾਂ ਜਿੰਨਾ ਚਿਰ ਮਰਜ਼ੀ ਹੈ, ਪਾਣੀ ਵਿਚ ਪਿਆ ਰਹਿਣ ਦਿਓ)। (ਜਿਵੇਂ ਉਸ 'ਤੇ ਪਾਣੀ ਦਾ ਅਸਰ ਨਹੀਂ, ਇਸੇ ਤਰ੍ਹਾਂ) ਕਠੋਰ ਮਨ ਵਾਲੇ ਦਾ ਮਨ ਨਹੀਂ ਭਿੱਜ ਸਕਦਾ। ੬. ਇਸੇ ਤਰ੍ਹਾਂ ਮਨਮੁਖ ਦੇ ਮਨ ਦੇ ਭਰਮ ਵੀ ਦੂਰ ਨਹੀਂ ਹੁੰਦੇ, ਉਹ ਭੰਭਲਭੂਸੇ ਖਾਂਦਾ, ਏਧਰ ਓਧਰ ਭੌਂਦਾ ਫਿਰਦਾ ਹੈ। ੭. ਪੂਰੇ ਗੁਰੂ ਦੀ (ਸ਼ਰਨ) ਬਿਨਾਂ ਪਾਰ ਹੋਣਾ ਨਸੀਬ ਨਹੀਂ ਹੁੰਦਾ॥ ੧੦॥

੧੧. ਸਤਿਗੁਰੂ ਸੱਚਾ ਪਾਰਸ ਹੈ

੧. ਸਤਿਗੁਰ ਪਾਰਸੁ ਪਰਹਰੈ ਪਥਰੁ ਪਾਰਸੁ ਢੂੰਢਣ ਜਾਏ।
੨. ਅਸਟ ਧਾਤੁ ਇਕ ਧਾਤੁ ਕਰਿ ਲੁਕਦਾ ਫਿਰੈ ਨ ਪ੍ਰਗਟੀ ਆਏ।
੩. ਲੈ ਵਣਵਾਸੁ ਉਦਾਸੁ ਹੋਇ ਮਾਇਆਧਾਰੀ ਭਰਮਿ ਭੁਲਾਏ।
੪. ਹਥੀ ਕਾਲਖ ਛੁਥਿਆ ਅੰਦਰਿ ਕਾਲਖ ਲੋਭ ਲੁਭਾਏ।
੫. ਰਾਜ ਡੰਡੁ ਤਿਸੁ ਪਕੜਿਆ ਜਮ ਪੁਰਿ ਭੀ ਜਮ ਡੰਡੁ ਸਹਾਏ।
੬. ਮਨਮੁਖ ਜਨਮੁ ਅਕਾਰਥਾ ਦੂਜੈ ਭਾਇ ਕੁਦਾਇ ਹਰਾਏ।
੭. ਗੁਰ ਪੂਰੇ ਵਿਣੁ ਭਰਮੁ ਨ ਜਾਏ॥ ੧੧॥

ਪਦ ਅਰਥ - ਪਰਹਰੈ=ਛੱਡਦਾ ਹੈ। ਵਣਵਾਸੁ=ਜੰਗਲ ਜਾ ਵਸਣਾ। ਛੁਥਿਆ=ਛੂਹਣ ਨਾਲ। ਅਕਾਰਥਾ=ਬੇਅਰਥ। ਕੁਦਾਇ=ਖੋਟੀ ਮੱਤ ਕਾਰਨ।

ਅਰਥ - ੧. ਸਤਿਗੁਰੂ (ਸੱਚੇ) ਪਾਰਸ ਨੂੰ ਛੱਡ ਕੇ (ਆਮ ਲੋਕ) ਪੱਥਰ ਦੇ ਪਾਰਸ ਨੂੰ ਲੱਭਣ ਲਈ ਜਾਂਦੇ ਹਨ। ੨. ਅੱਠਾਂ ਧਾਤਾਂ ਨੂੰ ਛੂੰਹਦੇ ਹੀ ਇੱਕ ਧਾਤ (ਸੋਨਾ) ਬਨਾਉਣ ਵਾਲਾ (ਚਾਰ ਵਰਣ ਤੇ ਚਾਰ ਆਸ਼ਰਮਾਂ ਨੂੰ ਇੱਕ-ਗੁਰਸਿੱਖ-ਬਨਾਣ ਵਾਲਾ) ਸਤਿਗੁਰੂ ਛਿਪਦਾ ਹੈ, ਪ੍ਰਗਟ ਨਹੀਂ ਹੁੰਦਾ। ੩. ਭਰਮ ਵਿਚ ਪਿਆ ਮਾਇਆਧਾਰੀ, ਭੁੱਲ ਕੇ (ਘਰ ਬਾਰ ਛੱਡ ਕੇ), ਜੰਗਲਾਂ ਵਿਚ ਬਨਵਾਸ ਚਲਾ ਜਾਂਦਾ ਹੈ। ੪. ਮਨਮੁਖ ਦੇ ਮਾਇਆ ਨਾਲ ਹੱਥ ਵੀ ਕਾਲੇ (ਤੇ ਇਸ ਮਾਇਆ ਦੇ ਮੋਹ ਦੀ ਚਿਤਵਨੀ ਦੀ) ਕਾਲਖ ਨਾਲ ਅੰਦਰ (ਮਨ) ਵੀ ਕਾਲਾ ਹੋ ਜਾਂਦਾ ਹੈ। ੫. ਇਸ ਤਰ੍ਹਾਂ ਦਾ ਲੋਭੀ (ਚੋਰ) ਜੇ ਫੜਿਆ ਜਾਂਦਾ ਹੈ ਤਾਂ (ਏਥੇ ਦੇਸ ਦੇ) ਰਾਜੇ ਦਾ ਡੰਡ ਸਹਾਰਦਾ ਹੈ ਤੇ ਜਮ ਪੁਰੀ ਵਿਚ ਭੀ ਜਮਾਂ ਦੇ ਦੰਡ ਨੂੰ ਸਹਾਰਦਾ ਹੈ। ੬. (ਇਸ ਤਰ੍ਹਾਂ) ਮਨਮੁਖ ਦਾ ਜਨਮ ਬਿਰਥਾ ਜਾਂਦਾ ਹੈ, ਦੂਜੇ ਭਾਵ (ਦੁਬਿਧਾ) ਵਿਚ ਪਿਆ ਖੋਟੇ ਦਾਆਂ ਵਿਚ ਹੀ (ਅਮੋਲਕ ਜਨਮ ਨੂੰ ਹਾਰ ਦੇਂਦਾ ਹੈ। ੭. ਪੂਰੇ ਗੁਰੂ ਤੋਂ ਬਿਨਾਂ ਕਿਸੇ ਦਾ ਭਰਮ ਦੂਰ ਨਹੀਂ ਹੁੰਦਾ ਹੈ॥ ੧੧॥

੧੨. ਸਤਿਗੁਰੂ ਸੱਚਾ ਪਾਰਜਾਤ ਹੈ

੧. ਪਾਰਿਜਾਤੁ ਗੁਰੁ ਛਡਿ ਕੈ ਮੰਗਨਿ ਕਲਪਤਰੋਂ ਫਲ ਕਚੇ।
੨. ਪਾਰਜਾਤੁ ਲਖ ਸੁਰਗੁ ਸਣੁ ਆਵਾ ਗਵਣੁ ਭਵਣ ਵਿਚਿ ਪਚੇ।
੩. ਮਰਦੇ ਕਰਿ ਕਰਿ ਕਾਮਨਾ ਦਿ[illegible] ਭੁਹਤਿ ਵਿਚਿ ਰਚਿ ਵਿਰਚੇ।
੪. ਤਾਰੇ ਹੋਇ ਅਗਾਸ [illegible] ੜਕਿ ਤੁਟਿ ਤੁਟਿ ਥਾਨ ਹਲਚੇ।
੫. ਮਾਂ ਪਿਉ ਹੋਏ ਕੇਤੜੇ ਕੇਤੜਿਆਂ ਦੇ ਹੋਏ ਬਚੇ।
੬. ਪਾਪ ਪੁੰਨੁ ਬੀਉ ਬੀਜਦੇ ਦੁਖ ਸੁਖ ਫਲ ਅੰਦਰਿ ਚਹਮਚੇ।
੭. ਗੁਰ ਪੂਰੇ ਵਿਣੁ ਹਰਿ ਨ ਪਰਚੇ॥ ੧੨॥

ਪਦ ਅਰਥ - ਪਾਰਿਜਾਤੁ=ਕਲਪ ਬ੍ਰਿਛ। ਕਚੇ=ਕੂੜੇ। ਪਚੇ=ਸੜ ਮਰਦੇ ਹਨ। ਰਚਿ ਵਿਰਚੇ=ਆਪ ਗਏ ਅਉਰਨ ਹੂੰ ਖੋਵਹਿ। ਹਲਚੇ=ਡਿੱਗ ਪੈਂਦੇ। ਚਹਮਚੇ=ਚਹ ਮਚਣੀ, ਖੁਸ਼ੀ ਹੋਣਾ। ਹਰਿ ਨ ਪਰਚੇ=ਪਰਮੇਸ਼ਰ ਨਹੀਂ ਪਤੀਜਦਾ।

ਅਰਥ - ੧. ਕੱਚੇ ਲੋਕ ਗੁਰੂ (ਨਾਨਕ ਦੇਵ ਜੀ, ਸਾਖਜਾਤ) ਕਲਪ ਬ੍ਰਿਛ (ਮਨ-ਭਾਉਂਦੇ ਪਦਾਰਥ ਦੇਣ ਵਾਲਾ) ਨੂੰ ਛੱਡ ਕੇ (ਅਰਸ਼ੀ) ਕਲਪ ਬ੍ਰਿਛ ਦੇ ਝੂਠੇ ਪਦਾਰਥਾਂ ਨੂੰ ਮੰਗਦੇ ਹਨ। ੨. ਲੱਖਾਂ ਪਾਰਜਾਤ, ਸੁਰਗਾ ਪੁਰੀ ਸਮੇਤ ਆਵਾਗਵਣ ਦੇ ਚੱਕਰ ਵਿਚ ਪਏ ਪਚੇ (ਭਾਵ ਨਾਸ ਹੋ ਗਏ) ਹਨ। ੩. ਕਾਮਨਾ (ਇਛਾਵਾਂ), ਕਰਨ ਵਾਲੇ ਕਾਮਨਾ ਕਰਦੇ ਮਰ ਗਏ, (ਪ੍ਰਭੂ ਦੀ ਬਿਭੂਤੀ, ਪਦਾਰਥਾਂ) ਵਿਚ ਹੀ ਲੱਥ ਪੱਥ ਹੋ ਹੋਰਨਾਂ ਨੂੰ ਆਪਣੇ ਪਿੱਛੇ ਲਾ, ਸਭੇ ਹੀ ਨਾਸ ਹੋ ਗਏ ਹਨ। ੪. ਕਈ ਤਾਂ ਏਨੇ ਲੋਭੀ ਹਨ ਕਿ ਉਹ ਤਾਰਿਆਂ ਵਾਂਗ, ਉਪਰ ਚੜ੍ਹ ਕੇ (ਪੁੰਨਾਂ ਦਾ ਫਲ) ਭੋਗਣਾ ਲੋੜਦੇ ਹਨ, (ਪਰ ਇਹ ਨਹੀਂ ਜਾਣਦੇ ਕਿ ਤਾਰੇ ਵੀ) ਹਿਲ ਹਿਲ ਜਾਂਦੇ ਤੇ ਰੋਜ਼ ਟੁੱਟ ਟੁੱਟ ਥੱਲੇ ਡਿੱਗਦੇ ਜਾਂਦੇ ਹਨ। ੫. ਉਪਰੋਂ ਡਿੱਗ ਕੇ ਉਹ ਕਈਆਂ

ਦੇ ਮਾਂ ਪਿਉ ਤੇ ਕਈਆਂ ਦੇ ਬਾਲਕ ਬਣਦੇ ਹਨ। ੬. ਪਾਪਾਂ ਤੇ ਪੁੰਨਾਂ ਦੇ ਬੀਜ ਬੀਜਦੇ ਤੇ ਦੁੱਖਾਂ ਸੁਖਾਂ ਦੇ ਫਲ ਪ੍ਰਾਪਤ ਕਰਨ ਵਿਚ ਹੀ ਉਹ ਖੁਸ਼ ਹੋ ਰਹੇ ਹਨ। ੭. ਪੂਰੇ ਗੁਰੂ ਨੂੰ ਪ੍ਰਾਪਤ ਕੀਤੇ ਬਿਨਾਂ ਹਰੀ ਪ੍ਰਭੂ ਕਿਸੇ 'ਤੇ ਵੀ ਪਤੀਜਦਾ ਨਹੀਂ, (ਉਸ ਨੂੰ ਕਿਸੇ 'ਤੇ ਯਕੀਨ ਨਹੀਂ ਆਉਂਦਾ)॥ ੧੨॥

੧੩. ਫਿਰ ਉਹੀ ਦ੍ਰਿਸ਼ਟਾਂਤ

੧. ਸੁਖੁ ਸਾਗਰੁ ਗੁਰੁ ਛਡਿ ਕੈ ਭਵਜਲ ਅੰਦਰਿ ਭੰਭਲਭੂਸੇ।
੨. ਲਹਰੀ ਨਾਲਿ ਪਛਾੜੀਅਨਿ ਹਉਮੈ ਅਗਨੀ ਅੰਦਰਿ ਲੂਸੇ।
੩. ਜਮ ਦਰਿ ਬਧੇ ਮਾਰੀਅਨਿ ਜਮਦੂਤਾਂ ਦੇ ਧਕੇ ਧੂਸੇ।
੪. ਗੋਇਲਿ ਵਾਸਾ ਚਾਰਿ ਦਿਨ ਨਾਉ ਧਰਾਇਨਿ ਈਸੇ ਮੂਸੇ।
੫. ਘਟਿ ਨ ਕੋਇ ਅਖਾਇਦਾ ਆਪੋ ਧਾਪੀ ਹੈਰਤ ਹੂਸੇ।
੬. ਸਾਇਰ ਦੇ ਮਰਜੀਵੜੇ ਕਰਨਿ ਮਜੂਰੀ ਖੇਚਲ ਖੂਸੇ।
੭. ਗੁਰੁ ਪੂਰੇ ਵਿਣੁ ਡਾਂਗ ਡੰਗੂਸੇ॥ ੧੩॥

ਪਦ ਅਰਥ - ੧. ਭਵਜਲ=ਸੰਸਾਰ (ਦੁੱਖਾਂ ਦਾ) ਸਮੁੰਦਰ। ਭੰਭਲਭੂਸੇ=ਭਟਕਣਾ। ਲੂਸੇ=ਝੁਲਸਣਾ। ਧਕੇ ਧੂਸੇ=ਧੱਕੇ ਮਾਰ ਮਾਰ ਧਰੂਹੇ ਜਾਂਦੇ। ਹੈਰਤ ਹੂਸੇ=ਹੈਰਾਨੀ ਭਰੀ ਚਿੰਤਾ। ਡਾਂਗ ਡੰਗੂਸੇ=ਡਾਂਗ ਤੇ ਸੋਟੇ ਦੇ ਸਹਾਰੇ ਭਾਵ ਲੰਙੇ। ਖੇਚਲ ਖੂਸੇ=ਖੇਚਲਾਂ ਤੇ ਮੁਸ਼ੱਕਤਾਂ।

ਅਰਥ - ੧. ਅਗਿਆਨੀ ਲੋਕ ਗੁਰੂ (ਨਾਨਕ ਦਾ ਘਰ) ਜੋ ਸੁਖਾਂ ਦਾ ਸਮੁੰਦਰ ਹੈ, ਉਸ ਨੂੰ ਛੱਡ ਕੇ ਸੰਸਾਰ ਦੇ (ਡਰ ਤੇ ਭਰਮਾਂ ਦੇ) ਸਮੁੰਦਰ ਵਿਚ ਡਕੋ ਡੋਲੇ ਖਾਂਦੇ ਭਟਕ ਰਹੇ ਹਨ। ੨. (ਗਮਾਂ ਤੇ ਸੋਗਾਂ ਦੀਆਂ) ਲਹਿਰਾਂ ਨਾਲ ਪਛਾੜੀਦੇ ਹਨ ਤੇ ਹਉਮੈ ਦੀ ਅਗਨੀ ਵਿਚ ਲੂਸਦੇ ਜਾਂਦੇ ਹਨ। ੩. ਜਮਾਂ ਦੇ ਦਰ 'ਤੇ ਖੜ੍ਹੇ ਕਰ, ਮਾਰੇ ਜਾ ਰਹੇ ਹਨ, ਤੇ ਧੱਕੇ ਮਾਰ ਮਾਰ, ਧੂਹ ਧੂਹ, ਅੱਗੇ ਮਾਰ ਵਾਲੀ ਥਾਂ ਲਿਜਾਏ ਜਾ ਰਹੇ ਹਨ। ੪. ਸੰਸਾਰ ਤਾਂ ਚਾਰ ਦਿਨਾਂ ਦਾ, ਝੌਂਪੜੀਆਂ ਵਿਚ ਰਹਿਣ ਵਾਲਿਆਂ ਵਾਂਗ ਵਸੇਬਾ ਹੈ, ਪਰ (ਮੂਰਖ ਲੋਕ) ਵੱਡੇ ਬਣਦੇ ਹਨ ਤੇ ਵੱਡੇ ਵੱਡੇ ਨਾਮ ਈਸਾ ਮੂਸਾ ਧਰਾਉਂਦੇ ਫਿਰਦੇ ਹਨ। ੫. ਆਪਣੇ ਆਪ ਨੂੰ ਘੱਟ ਕੋਈ ਨਹੀਂ ਅਖਵਾਉਂਦਾ, ਸਭ ਆਪੋ ਆਪਣੀ (ਕੁਝ ਬਣਨ ਤੇ ਕੁਝ ਪ੍ਰਾਪਤ ਕਰਨ ਦੀ) ਹੈਰਾਨੀ ਵਿਚ ਹੀ ਹਾਰ ਹੁੱਟ ਗਏ ਹਨ। ੬. ਸਮੁੰਦਰ ਦੇ ਮਰਜੀਵੜਿਆਂ ਵਾਂਗ, ਮਜੂਰੀਆਂ ਦੀਆਂ ਖੇਚਲਾਂ ਵਿਚ ਹੀ ਖੁਸ (ਹੁੱਟ ਹਾਰ) ਜਾਂਦੇ ਹਨ। ੭. ਗੁਰ ਪੂਰੇ ਬਿਨਾਂ ਸਭ ਡੰਗੋ ਡੰਗੀ ਵਾਲੀ ਹਾਲਤ, ਜਾਂ ਡਾਂਗ ਸੋਟੇ ਦੇ ਸਹਾਰੇ ਬਿਨਾਂ, ਨਾ ਚਲ ਸਕਣ ਵਾਲੇ ਹੀ ਬਣ ਰਹੇ ਹਨ॥ ੧੩॥

੧੪. ਭੋਗਾਂ ਨਾਲ ਭੋਗਾਂ ਦੀ ਇੱਛਾ ਵਧਦੀ ਹੈ

੧. ਚਿੰਤਾਮਣਿ ਗੁਰੁ ਛਡਿ ਕੈ ਚਿੰਤਾਮਣਿ ਚਿੰਤਾ ਨ ਗਵਾਏ।

੨. ਚਿਤਵਣੀਆ ਲਖ ਰਾਤਿ ਦਿਹੁ ਤ੍ਰਾਸ ਨ ਤ੍ਰਿਸਨਾ ਅਗਨਿ ਬੁਝਾਏ।
੩. ਸੁਇਨਾ ਰੁਪਾ ਅਗਲਾ ਮਾਣਕ ਮੋਤੀ ਅੰਗਿ ਹੰਢਾਏ।
੪. ਪਾਟ ਪਟੰਬਰ ਪੈਨ੍ਹ ਕੇ ਚੋਆ ਚੰਦਨ ਮਹਿ ਮਹਕਾਏ।
੫. ਹਾਥੀ ਘੋੜੇ ਪਾਖਰੇ ਮਹਲ ਬਗੀਚੇ ਸੁਫਲ ਫਲਾਏ।
੬. ਸੁੰਦਰਿ ਨਾਰੀ ਸੇਜ ਸੁਖੁ ਮਾਇਆ ਮੋਹਿ ਧੋਹਿ ਲਪਟਾਏ।
੭. ਬਲਦੀ ਅੰਦਰਿ ਤੇਲੁ ਜਿਉ ਆਸਾ ਮਨਸਾ ਦੁਖਿ ਵਿਹਾਏ।
੮. ਗੁਰ ਪੂਰੇ ਵਿਣੁ ਜਮ ਪੁਰਿ ਜਾਏ ॥ ੧੪ ॥

ਪਦ ਅਰਥ - ਚਿੰਤਾਮਣਿ=ਚਿਤਵਣੀ ਅਨੁਸਾਰ ਫਲ ਦੇਣ ਵਾਲੀ। ਤ੍ਰਾਸ=ਡਰ, ਭੈ। ਅਗਲਾ=ਬਹੁਤਾ ਹੀ, ਅਗਾਂਹ ਤੋਂ ਅਗਾਂਹ ਦਾ। ਮਹਿ ਮਹਕਾਏ=ਮਹਿਕ ਮਹਿਕਾਉਣੀ। ਪਾਖਰੇ=ਹਉਦਿਆਂ ਤੇ ਕਾਠੀਆਂ, ਸਮੇਤ ਸਾਜ ਸ਼ਿੰਗਾਰਾਂ ਦੇ।

ਅਰਥ - ੧. ਮਨਮੁਖ ਨੇ (ਪੂਰੇ) ਗੁਰੂ (ਰੂਪ) ਚਿੰਤਾਮਣੀ ਨੂੰ ਛੱਡ ਤਾਂ ਦਿੱਤਾ, (ਚਿੰਤਾ ਨੂੰ ਦੂਰ ਕਰਨ ਵਾਲੀ ਪੱਥਰ ਵਰਗੀ ਮਣੀ ਦੇ ਮਗਰ ਲੱਗਾ), ਪਰ ਚਿੰਤਾਵਾਂ ਦੂਰ ਨ ਹੋਈਆਂ। ੨. ਲੱਖਾਂ ਹੀ ਚਿੰਤਾਵਾਂ ਰਾਤ ਦਿਨੇ ਉਪਜਦੀਆਂ ਹਨ। ਪਰ (ਚਿੰਤਾਮਣੀ ਨਾ ਡਰ ਦੂਰ ਕਰਦੀ ਹੈ ਤੇ ਨਾ ਪਦਾਰਥਾਂ ਦੀ ਤ੍ਰਿਸ਼ਨਾ ਦੀ ਅੱਗ ਨੂੰ ਹੀ ਬੁਝਾਉਂਦੀ ਹੈ। ੩. ਸੋਨੇ, ਚਾਂਦੀ ਨੂੰ ਅਗਲੇ ਸਮੇਂ ਲਈ ਜਮ੍ਹਾਂ ਕਰਦਾ ਹੈ ਕਿ ਸੁਖ ਲਵਾਂਗਾ, ਮੋਤੀ ਤੇ ਹੀਰੇ ਸਰੀਰ 'ਤੇ (ਸਜਾ ਕੇ, ਉਨ੍ਹਾਂ ਨੂੰ) ਹੰਢਾਉਂਦਾ ਹੈ। ੪. ਰੇਸ਼ਮ ਦੇ ਕੱਪੜੇ ਪਹਿਨਦਾ, ਤੇ ਸੁਗੰਧੀਆਂ ਨਾਲ (ਛਿੜਕਾ ਕੇ) ਸਭ ਪਾਸੇ ਮਹਿਕ ਹੀ ਮਹਿਕ ਕਰ ਦਿੰਦਾ ਹੈ। ੫. ਹਾਥੀ ਘੋੜੇ ਸਾਜਾਂ ਸਮੇਤ, ਮਹਿਲ ਤੇ ਬਗੀਚਿਆਂ ਦੇ ਵੱਡੇ ਫਲਾਂ ਵਾਲੇ ਸੁਖ ਮਾਣਦਾ ਹੈ। ੬. ਸੁੰਦਰ ਨਾਰੀਆਂ ਦੀਆਂ ਸੇਜਾਂ ਦੇ ਸੁਖ (ਭੋਗ, ਵਿਸ਼ੇ ਵਿਕਾਰ) ਤੇ ਮਾਇਆ ਦੇ ਮੋਹ ਨਾਲ (ਭਾਵ ਇਹ ਸੁਖ ਜੀਵਨ ਨੂੰ ਧੋਖਾ ਦੇਣ ਵਾਲੇ ਹਨ, ਪਰ ਮਨੁਖ ਇਨ੍ਹਾਂ ਵਿਚ ਰਚ ਕੇ) ਲਿਪਟ ਜਾਂਦਾ ਹੈ। ੭. ਬਲਦੀ ਉਤੇ ਤੇਲ ਪਾਉਣ ਵਾਂਗ, ਜਿੰਨੇ ਵਧੀਕ ਮਾਇਆ ਦੇ ਸੁਖ ਮਿਲਦੇ ਹਨ ਉਤਨੀ ਹੀ ਸੁਖ ਲੈਣ ਦੀ ਆਸ਼ਾ ਅਗਨੀ ਵਾਂਗ ਭਾਂਬੜ ਬਣ ਕੇ ਹੋਰ ਵਧਦੀ ਜਾਂਦੀ ਹੈ ਤੇ ਮਨਮੁਖ ਦੁੱਖ ਹੀ ਵਿਹਾਵੀ ਜਾਂਦੇ ਹਨ। ੮. ਮਨਮੁਖ ਪੂਰੇ ਗੁਰੂ ਦੀ ਸ਼ਰਨ ਲੈਣ ਤੋਂ ਬਿਨਾਂ ਅੰਤ ਜਮਪੁਰੀ ਵਿਚ ਜਾਂਦੇ ਹਨ॥ ੧੪ ॥

੧੫. ਕੁਦਰਤ ਦੀਆਂ ਦਾਤਾਂ ਦਾ ਅੰਤ ਨਹੀਂ

੧. ਲਖ ਤੀਰਥ ਲਖ ਦੇਵਤੇ ਪਾਰਸ ਲਖ ਰਸਾਇਣੁ ਜਾਣੈ।
੨. ਲਖ ਚਿੰਤਾਮਣਿ ਪਾਰਜਾਤ ਕਾਮਧੇਨੁ ਲਖ ਅੰਮ੍ਰਿਤ ਆਣੈ।
੩. ਰਤਨਾ ਸਣੁ ਸਾਇਰ ਘਣੇ ਰਿਧਿ ਸਿਧਿ ਨਿਧਿ ਸੋਭਾ ਸੁਲਤਾਣੈ।
੪. ਲਖ ਪਦਾਰਥ ਲਖ ਫਲ ਲਖ ਨਿਧਾਨੁ ਅੰਦਰਿ ਫੁਰਮਾਣੈ।

੫. ਲਖ ਸਾਹ ਪਾਤਿਸਾਹ ਲਖ ਲਖ ਨਾਥ ਅਵਤਾਰੁ ਸੁਹਾਣੈ।
੬. ਦਾਨੈ ਕੀਮਤਿ ਨਾ ਪਵੈ ਦਾਤੈ ਕਉਣੁ ਸੁਮਾਰੁ ਵਖਾਣੈ।
੭. ਕੁਦਰਤਿ ਕਾਦਰ ਨੋ ਕੁਰਬਾਣੈ ॥੧੫॥

ਪਦ ਅਰਥ - ਰਸਾਇਣੁ=ਸੋਨਾ ਬਣਾਉਣ ਦੀ ਵਿਧੀ। ਸੁਲਤਾਣੈ=ਵੱਡੇ ਚੱਕ੍ਰਵਰਤੀ ਪਾਤਸ਼ਾਹ। ਦਾਨੈ=ਦਾਤਾਂ ਦੀ। ਸੁਮਾਰੁ=ਗਿਣਤੀ। ਕਾਦਰ=ਸਿਰਜਣਹਾਰ ਪ੍ਰਭੂ।

ਅਰਥ - ੧. ਲੱਖਾਂ ਹੀ ਤੀਰਥ, ਲੱਖਾਂ ਹੀ ਦੇਵਤੇ, ਲੱਖਾਂ ਪਾਰਸ ਤੇ ਲੱਖਾਂ ਹੀ ਰਸਾਇਣੀ (ਲੋਕ ਹਨ ਜੋ ਰਸਾਇਣ ਦਾ ਕੰਮ) ਜਾਣਦੇ ਹਨ। ੨. ਲੱਖਾਂ ਚਿੰਤਾਮਣੀਆਂ,,ਪਾਰਜਾਤ (ਕਲਪ ਬ੍ਰਿਛ) ਕਾਮਧੇਨ (ਗਊਆਂ) ਤੇ ਅੰਮ੍ਰਿਤ (ਸਰੀਰ ਨੂੰ ਅਮਰ ਕਰ ਦੇਣ ਵਾਲੇ) ਹਨ। ੩. ਰਤਨਾਂ ਨਾਲ ਭਰੇ ਡੂੰਘੇ ਸਮੁੰਦਰ, ਲੱਖਾਂ ਹੀ ਰਿੱਧੀਆਂ, ਸਿੱਧੀਆਂ ਤੇ ਨਿੱਧੀਆਂ ਵਾਲੇ ਚੱਕਰਵਰਤੀ ਪਾਤਸ਼ਾਹ, ਸੁਲਤਾਨ ਹਨ। ੪. (ਜਿਨ੍ਹਾਂ ਦੇ ਹੁਕਮ ਵਿਚ) ਲੱਖਾਂ ਹੀ ਪਦਾਰਥ, ਲੱਖਾਂ ਹੀ ਕਿਸਮ ਦੇ ਫਲ ਲੱਖਾਂ ਹੀ ਖਜਾਨੇ (ਮਾਲ ਦੌਲਤ) ਹਨ। ੫. ਲੱਖਾਂ ਹੀ ਸ਼ਾਹ, ਲੱਖਾਂ ਪਾਤਸ਼ਾਹ, ਲੱਖਾਂ ਨਾਥ (ਜੋਗੀ) ਤੇ ਅਵਤਾਰ (ਕੁਦਰਤ ਦੀ ਰਚਨਾ ਵਿਚ) ਸ਼ੋਭ ਰਹੇ ਹਨ। ੬. (ਪ੍ਰਭੂ ਦੀਆਂ ਏਨੀਆਂ ਵੱਡੀਆਂ) ਦਾਤਾਂ ਹਨ ਕਿ ਜਿਨ੍ਹਾਂ ਦੀ ਕੀਮਤ ਨਹੀਂ ਪੈ ਸਕਦੀ (ਤਾਂ ਕਿਤਨੀ ਅਸੰਭਵ ਗੱਲ ਹੈ ਕਿ ਇਨ੍ਹਾਂ ਦਾਤਾਂ ਪੈਦਾ ਕਰਨ ਵਾਲੇ) ਦਾਤਾਰ ਦੀ ਕੀਮਤ ਦੀ ਗਿਣਤੀ ਨੂੰ ਕੌਣ ਦੱਸ ਸਕਦਾ, ਜਾਂ ਕਹਿ ਸਕਦਾ ਹੈ? ੭. ਭਾਈ ਸਾਹਿਬ ਫੁਰਮਾਉਂਦੇ ਹਨ ਕਿ ਏਥੇ ਬਸ ਏਹੋ ਗੱਲ ਸ਼ੋਭਦੀ ਹੈ ਕਿ (ਬੇਅੰਤ) ਕੁਦਰਤ ਤੇ ਕੁਦਰਤ ਦੇ ਮਾਲਕ ਤੋਂ ਕੁਰਬਾਨ ਜਾਈਏ॥ ੧੫॥

੧੬. ਗੁਰੂ ਚੇਲੇ ਤੇ ਚੇਲੇ ਗੁਰੂ ਦੀ ਮਹਿਮਾ

੧. ਰਤਨਾ ਦੇਖੈ ਸਭੁ ਕੋ ਰਤਨ ਪਾਰਖੂ ਵਿਰਲਾ ਕੋਈ।
੨. ਰਾਗ ਨਾਦ ਸਭ ਕੋ ਸੁਣੈ ਸਬਦ ਸੁਰਤਿ ਸਮਝੈ ਵਿਰਲੋਈ।
੩. ਗੁਰਸਿਖ ਰਤਨ ਪਦਾਰਥਾ ਸਾਧਸੰਗਤਿ ਮਿਲਿ ਮਾਲ ਪਰੋਈ।
੪. ਹੀਰੈ ਹੀਰਾ ਬੇਧਿਆ ਸਬਦ ਸੁਰਤਿ ਮਿਲਿ ਪਰਚਾ ਹੋਈ।
੫. ਪਾਰਬ੍ਰਹਮੁ ਪੂਰਨ ਬ੍ਰਹਮੁ ਗੁਰੁ ਗੋਵਿੰਦੁ ਸਿਞਾਣੈ ਸੋਈ।
੬. ਗੁਰਮੁਖਿ ਸੁਖ ਫਲੁ ਸਹਜਿ ਘਰੁ ਪਿਰਮ ਪਿਆਲਾ ਜਾਣੁ ਜਣੋਈ।
੭. ਗੁਰੁ ਚੇਲਾ ਚੇਲਾ ਗੁਰੁ ਹੋਈ ॥੧੬॥

ਪਦ ਅਰਥ - ਪਾਰਖੂ=ਪਰਖ ਕਰਨ ਵਾਲਾ। ਵਿਰਲੋਈ=ਵਿਰਲਾ ਹੀ ਕੋਈ। ਪਰਚਾ=ਤਸੱਲੀ ਹੋਣੀ ਜਾਂ ਨਿਸ਼ਾ ਹੋਣੀ। ਜਾਣੁ ਜਣੋਈ=ਆਪ ਜਾਣਨਾ ਤੇ ਅੱਗੋਂ ਹੋਰਨਾਂ ਨੂੰ ਜਣਾਉਣਾ।

ਅਰਥ - ੧. ਰਤਨਾਂ ਨੂੰ ਵੇਖਦੇ ਤਾਂ ਸਾਰੇ ਹੀ ਹਨ, (ਪਰ ਚੰਗਾ ਹੈ ਜਾਂ ਨਹੀਂ) ਇਹ ਪਰਖ ਤਾਂ ਰਤਨਾਂ

ਦਾ ਕੋਈ ਵਿਰਲਾ ਪਾਰਖੂ ਹੀ ਕਰਦਾ ਹੈ। ੨. ਰਾਗ ਤੇ ਸ਼ਬਦ ਦੀ ਧੁਨੀ ਨੂੰ ਸਾਰੇ ਹੀ ਸੁਣਦੇ ਹਨ, ਪਰ ਸ਼ਬਦ ਨੂੰ (ਧਿਆਨ) ਸੁਰਤੀ ਵਿਚ ਲਿਜਾ ਕੇ ਸਮਝਣ ਵਾਲਾ ਕੋਈ ਵਿਰਲਾ ਹੀ (ਗੁਰਸਿੱਖ) ਹੈ। ੩. ਗੁਰਸਿੱਖ ਰਤਨਾਂ ਵਰਗੇ ਪਦਾਰਥ ਹਨ (ਜੋ ਸ਼ਬਦ ਦੀ ਮਹਾਨਤਾ ਨੂੰ ਸਮਝਦੇ ਹਨ ਤੇ) ਸਾਧ ਸੰਗਤਿ ਵਿਚ ਮਿਲ ਕੇ ਉਹ ਮਾਲਾ ਵਿਚ ਪਰੋਤੇ ਮਣਕੇ ਵਾਂਗ ਹੁੰਦੇ ਹਨ। ੪. ਹੀਰੇ ਨੂੰ ਹੀਰੇ ਦੀ ਕਣੀ (ਨੋਕ) ਨਾਲ ਹੀ ਵਿੰਨ੍ਹਿਆਂ ਜਾ ਸਕਦਾ ਹੈ (ਗੁਰਸਿੱਖ ਵੀ ਹੀਰਾ, ਤੇ ਗੁਰ-ਸ਼ਬਦ ਵੀ ਹੀਰਾ, ਸੋ ਗੁਰ ਸ਼ਬਦ ਨੇ ਗੁਰਸਿੱਖ ਦੇ ਮਨ ਨੂੰ ਵਿੰਨ੍ਹ ਦਿੱਤਾ, ਤਾਂ ਗੁਰਸਿੱਖ ਦੀ) ਗੁਰ ਸ਼ਬਦ ਤੇ ਸੁਰਤੀ ਦਾ ਮਿਲਾਪ ਹੁੰਦਾ ਹੈ ਤੇ ਮਿਲਾਪ ਹੀ ਤਸੱਲੀ ਕਰ ਦਿੰਦਾ ਹੈ। ੫. ਉਹ ਫਿਰ ਪਾਰਬ੍ਰਹਮ, ਪੂਰਨ ਬ੍ਰਹਮ, ਗੁਰੂ ਅਤੇ ਗੋਬਿੰਦ (ਪਰਮੇਸ਼ਰ) ਦੀ ਪਛਾਣ ਕਰ ਲੈਂਦਾ ਹੈ। ੬. ਬਸ ਇਹੀ ਗੁਰਮੁਖ ਦਾ ਸਹਜ ਘਰ ਹੈ, ਜਿਥੇ ਮਸਤੀ ਹੈ, (ਗੁਰਮੁਖ) ਆਪ ਮਸਤ ਹੁੰਦਾ ਹੈ, ਤੇ ਇਹੀ (ਪ੍ਰਭੂ ਨਾਲ ਅਭੇਦ ਹੋ, ਸਹਜ ਘਰ ਦੀ ਮੰਜ਼ਲ 'ਤੇ ਪੁੱਜਣ ਦੇ) ਪਿਆਲੇ ਭਰ ਭਰ ਹੋਰਨਾਂ ਨੂੰ ਪਿਲਾਉਂਦਾ ਹੈ, ਜਿਸ ਭੇਦ ਨੂੰ ਆਪ ਜਾਣ ਲੈਂਦਾ ਹੈ ਅੱਗੋਂ ਹੋਰਨਾਂ ਨੂੰ ਵੀ ਉਸ ਭੇਤ ਤੋਂ ਜਾਣੂੰ ਕਰਾਉਂਦਾ ਹੈ। ੭. (ਭਾਈ ਸਾਹਿਬ ਕਹਿੰਦੇ ਹਨ) ਅਜਿਹਾ ਸਿੱਖ ਹੀ ਗੁਰੂ ਦਾ ਚੇਲਾ ਹੈ, ਤੇ ਅਜਿਹਾ ਚੇਲਾ ਹੀ ਗੁਰੂ ਹੁੰਦਾ ਹੈ। (ਭਾਵ ਦੋਵੇਂ ਇੱਕ ਰੂਪ ਹੋ ਜਾਂਦੇ ਹਨ, ਜਿਵੇਂ ਗੁਰੂ ਨਾਨਕ ਤੇ ਗੁਰੂ ਅੰਗਦ ਦੇਵ ਜੀ ਅਭੇਦ ਹੋ ਗਏ ਸਨ)॥ ੧੬॥

੧੭. ਸਰੀਰਕ ਅੰਗਾਂ ਦੀ ਸਫਲਤਾ

੧. ਮਾਣਸ ਜਨਮੁ ਅਮੋਲੁ ਹੈ ਹੋਇ ਅਮੋਲੁ ਸਾਧਸੰਗੁ ਪਾਏ।
੨. ਅਖੀ ਦੁਇ ਨਿਰਮੋਲਕਾ ਸਤਿਗੁਰੁ ਦਰਸ ਧਿਆਨ ਲਿਵ ਲਾਏ।
੩. ਮਸਤਕੁ ਸੀਸੁ ਅਮੋਲੁ ਹੈ ਚਰਣ ਸਰਣਿ ਗੁਰੁ ਧੂੜਿ ਸੁਹਾਏ।
੪. ਜਿਹਬਾ ਸ੍ਰਵਣ ਅਮੋਲਕਾ ਸਬਦ ਸੁਰਤਿ ਸੁਣਿ ਸਮਝਿ ਸੁਣਾਏ।
੫. ਹਸਤ ਚਰਣ ਨਿਰਮੋਲਕਾ ਗੁਰਮੁਖ ਮਾਰਗਿ ਸੇਵ ਕਮਾਏ।
੬. ਗੁਰਮੁਖਿ ਰਿਦਾ ਅਮੋਲੁ ਹੈ ਅੰਦਰਿ ਗੁਰੁ ਉਪਦੇਸੁ ਵਸਾਏ।
੭. ਪਤਿ ਪਰਵਾਣੈ ਤੋਲਿ ਤੁਲਾਏ॥ ੧੭॥

ਪਦ ਅਰਥ - ਨਿਰਮੋਲਕਾ=ਅਮੁੱਲ ਹਨ। ਗੁਰੁ ਧੂੜਿ=ਗੁਰੂ ਦੀ ਚਰਣ ਧੂੜੀ। ਅੰਦਰਿ=ਹਿਰਦੇ ਵਿਚ। ਪਤਿ ਪਰਵਾਣੈ=ਪਤਿ, ਇਜ਼ਤ ਦਾ ਵੱਟਾ।

ਅਰਥ - ੧. ਮਨੁਖਾ ਜਨਮ (ਭਾਵੇਂ) ਕਿਸੇ ਮੁੱਲ ਤੋਂ ਨਾ ਮਿਲਣ ਵਾਲੀ ਦਾਤ ਹੈ, ਪਰ ਸਾਧ ਸੰਗਤ ਜੇ ਇਸਨੂੰ ਪ੍ਰਾਪਤ ਹੋ ਜਾਏ, ਤਾਂ ਫਿਰ ਠੀਕ ਹੀ ਇਹ ਅਮੋਲਕ ਹੋ ਜਾਂਦਾ ਹੈ। ੨. ਦੋ ਅੱਖਾਂ ਨਿਰਮੋਲਕ (ਵੱਡੀਆਂ ਕੀਮਤੀ) ਹਨ, (ਪਰ ਤਾਂ ਨਿਰਮੋਲ ਹਨ ਜੇ ਇਹ) ਸਤਿਗੁਰੂ ਜੀ ਦੇ ਦਰਸ਼ਨ ਕਰੇ ਤੇ ਧਿਆਨ ਜੋੜ ਕੇ ਲਿਵਲੀਨ (ਮਗਨ) ਹੋਵੇ। ੩. ਮੱਥਾ ਤੇ ਸਿਰ ਵੀ ਤਾਂ ਹੀ ਬੇਮੁਲੇ ਪਦਾਰਥ ਜਾਣੋ, ਜੇ ਇਹ ਗੁਰੂ ਦੀ ਸ਼ਰਨ ਜਾ ਕੇ ਚਰਣ-ਧੂੜੀ ਨੂੰ ਮੱਥੇ 'ਤੇ ਸ਼ੋਭਨੀਕ ਕਰੇ (ਭਾਵ ਲਾਏ)। ੪. ਜੀਭਾ ਤੇ ਕੰਨ ਵੀ ਤਾਂ ਹੀ ਅਮੋਲਕ (ਵੱਡੇ ਮੁੱਲ ਦੇ ਜਾਣੋ) ਜੇ ਇਹ ਗੁਰੂ ਸ਼ਬਦ ਨੂੰ ਸੁਣਨ ਤੇ ਸਮਝਣ, ਜੀਭ (ਅੱਗੋਂ ਹੋਰ ਨੂੰ) ਸੁਣਾਏ।

੫. ਹੱਥਾਂ ਅਤੇ ਪੈਰਾਂ (ਨੂੰ ਵੀ ਤਾਂ ਹੀ) ਨਿਰਮੋਲਕ (ਸਮਝੋ ਜੇ ਪੈਰ) ਗੁਰੂ ਦੇ ਰਾਹ 'ਤੇ ਚਲਣ (ਤੇ ਹੱਥ ਗੁਰੂ ਕੀ) ਸੇਵਾ ਕਰਨ। ੬. ਗੁਰਮੁਖ ਦਾ ਹਿਰਦਾ (ਇਸੇ ਲਈ) ਅਮੋਲਕ ਹੈ ਕਿ ਉਸ ਦੇ ਅੰਦਰ ਗੁਰੂ ਦੇ ਉਪਦੇਸ਼ (ਸਿੱਖਿਆ) ਦਾ ਵਾਸਾ ਹੋ ਗਿਆ ਹੈ। ੭. (ਇਸੇ ਲਈ ਗੁਰਮੁਖ ਦੀ) ਪਤਿ (ਇਜ਼ਤ ਤੇ ਸਨਮਾਨ ਰੂਪ) ਦਾ ਵੱਟਾ ਪਾ ਕੇ (ਉਸ ਨੂੰ ਰੱਬ ਦੀ ਦਰਗਾਹ ਵਿਚ) ਤੋਲਿਆ ਜਾਂਦਾ ਹੈ (ਤੇ ਐਸਾ ਗੁਰਮੁਖ ਹੀ) ਪਰਵਾਣ ਪਤਿ ਵਾਲਾ ਮੰਨਿਆਂ ਜਾਂਦਾ ਹੈ॥ ੧੭॥

੧੮. ਰੱਬ ਦੀਆਂ ਦਾਤਾਂ ਅਤੇ ਸਾਡੇ ਅਵਗੁਣ

੧. ਰਕਤੁ ਬਿੰਦੁ ਕਰਿ ਨਿੰਮਿਆ ਚਿਤ੍ਰ ਚਲਿਤ੍ਰ ਬਚਿਤ੍ਰ ਬਣਾਇਆ।
੨. ਗਰਭ ਕੁੰਡ ਵਿਚਿ ਰਖਿਆ ਜੀਉ ਪਾਇ ਤਨੁ ਸਾਜਿ ਸੁਹਾਇਆ।
੩. ਮੁਹੁ ਅਖੀ ਤੇ ਨਕੁ ਕੰਨ ਹਥ ਪੈਰ ਦੰਦ ਵਾਲ ਗਣਾਇਆ।
੪. ਦਿਸਟਿ ਸਬਦ ਗਤਿ ਸੁਰਤਿ ਲਿਵੈ ਰਾਗ ਰੰਗ ਰਸ ਪਰਸ ਲੁਭਾਇਆ।
੫. ਉਤਮੁ ਕੁਲੁ ਉਤਮੁ ਜਨਮੁ ਰੋਮ ਰੋਮ ਗਣਿ ਅੰਗ ਸਬਾਇਆ।
੬. ਬਾਲਬੁਧਿ ਮੁਹਿ ਦੁਧਿ ਦੇ ਕਰਿ ਮਲ ਮੂਤ੍ਰ ਸੂਤ੍ਰ ਵਿਚਿ ਆਇਆ।
੭. ਹੋਇ ਸਿਆਣਾ ਸਮਝਿਆ ਕਰਤਾ ਛਡਿ ਕੀਤੇ ਲਪਟਾਇਆ।
੮. ਗੁਰ ਪੂਰੇ ਵਿਣੁ ਮੋਹਿਆ ਮਾਇਆ॥ ੧੮॥

ਪਦ ਅਰਥ - ਨਿੰਮਿਆ=ਹੋਂਦ ਕਾਇਮ ਹੋਈ। ਚਿਤ੍ਰ=ਸੁਰਤ। ਚਲਿਤ੍ਰ=ਕੌਤਕ। ਬਚਿਤ੍ਰ=ਅਸਚਰਜ। ਗਰਭ ਕੁੰਡ=ਮਾਂ ਦੇ ਪੇਟ ਵਿਚ। ਦਿਸਟਿ=ਵੇਖਣਾ, ਨਜ਼ਰ।

ਅਰਥ - ੧. ਰਕਤ (ਲਹੂ) ਤੇ ਬਿੰਦ (ਬੀਰਜ ਦੀ ਬੂੰਦ) ਵਿਚੋਂ ਪੁਤਲਾ (ਸਰੀਰ) ਬਣ ਉਤਪੰਨ ਹੋਇਆ, (ਇਹ ਪ੍ਰਭੂ ਦਾ ਹੀ ਇੱਕ) ਸੁੰਦਰ ਤੇ ਅਸਚਰਜ (ਖੇਲ ਹੈ, ਜਿਵੇਂ ਉਸ ਨੇ ਇਹ) ਮਨੁਖਾ ਸਰੀਰ ਬਣਾਇਆ)। ੨. (ਪਹਿਲੇ) ਮਾਂ ਦੇ ਪੇਟ (ਗਰਭ ਕੁੰਡ) ਵਿਚ ਰੱਖਿਆ ਅਤੇ ਜੀਉ (ਜਿੰਦ) ਪਾ ਕੇ ਤਨ ਨੂੰ ਸਾਜ ਕੇ ਸ਼ੋਭਨੀਕ ਕੀਤਾ। ੩. ਮੂੰਹ, ਅੱਖਾਂ, ਨੱਕ, ਕੰਨ, ਹੱਥ, ਪੈਰ, ਦੰਦ ਤੇ ਵਾਲ (ਗਿਣ ਕੇ) ਸਾਰੇ ਅੰਗ (ਇੰਦ੍ਰੇ-ਕੰਮ ਕਰਨ ਵਾਲੇ) ਪੂਰੇ ਕਰ ਦਿੱਤੇ। ੪. (ਪ੍ਰਭੂ ਨੇ ਕਿਵੇਂ ਤੇ ਕਿਸ ਤੌਰ ਤਰੀਕੇ ਨਾਲ ਜੀਵ ਨੂੰ ਜੀਵਨ ਦੇ ਕੇ ਹੋਂਦ ਵਿਚ ਲਿਆਂਦਾ ਤੇ ਫਿਰ) ਅੱਖਾਂ ਨੂੰ ਦੇਖਣ ਦੀ ਸ਼ਕਤੀ, ਕੰਨਾਂ ਨੂੰ ਉਹ ਸ਼ਕਤੀ ਦਿੱਤੀ ਜੋ ਆਵਾਜ਼ ਨੂੰ ਸੁਣਦੀ, ਅੰਗਾਂ ਨੂੰ ਹਿਲਣ ਜੁਲਣ (ਹਰਕਤ ਕਰਨ) ਦੀ ਸ਼ਕਤੀ ਤੇ ਸੁਰਤ (ਸਮਝਣ ਤੇ ਸਮਝਾਉਣ ਦੀ ਬੁੱਧੀ) ਜੋ ਸਮਝਣ ਤੇ ਅਨੁਭਵ ਕਰਨ ਪਿੱਛੋਂ ਧਿਆਨ (ਲਿਵ) ਲਾਉਂਦੀ ਹੈ। (ਇਨ੍ਹਾਂ ਰੱਬੀ ਸ਼ਕਤੀਆਂ ਨੂੰ ਪ੍ਰਾਪਤ ਕਰਕੇ, ਮਨੁਖ ਨੂੰ ਇਹ ਦਾਤਾਂ ਦੇਣ ਵਾਲੇ ਪ੍ਰਭੂ ਦਾ ਸ਼ੁਕਰ ਗੁਜ਼ਾਰ ਹੋਣਾ ਚਾਹੀਦਾ ਸੀ, ਤੇ ਉਸਦੀ ਸਿਫਤ ਸਲਾਹ ਕਰਕੇ, ਪ੍ਰਭੂ ਦੇ ਰਿਣੀ ਹੋਣਾ ਸੀ ਪਰ ਮਨੁਖ ਨੂੰ ਪ੍ਰਭੂ ਦੀ ਮਾਇਆ ਦੇ ਲੋਭ ਨੇ ਹੋਰ ਪਾਸੇ ਤੋਰ ਦਿੱਤਾ। ਮਨੁਖ ਪੰਜਾਂ ਕਾਮਾਦਿਕਾਂ ਦੇ ਚੜ੍ਹੇ ਚੜ੍ਹ ਗਿਆ)। ਅੱਖਾਂ ਰੂਪ 'ਤੇ ਮਸਤ

ਹੋ ਗਈਆਂ, ਕੰਨ ਰਾਗਾਂ (ਮਿੱਠੀ ਆਵਾਜ਼) ਦੇ ਮੋਹ ਵਿਚ ਫਸ ਗਏ, ਜਿਸ ਹਰਕਤ ਨੂੰ ਸੇਵਾ ਤੇ ਸਿਮਰਨ ਵੱਲ ਲਾਉਣਾ ਸੀ, ਉਹ ਵਿਕਾਰਾਂ ਵੱਲ ਝੁਕ ਗਈ, ਜੀਭ ਸੁਆਦਾਂ ਦੇ ਰਸ ਵਿਚ, ਅੱਖਾਂ ਰੂਪ ਦੇਖਣ ਵਿਚ ਹੀ ਮਸਤ ਹੋ ਗਈਆਂ ਤੇ ਕਾਮ ਨੇ ਸਪਰਸ਼ਤਾ ਦੇ ਔਗਣਾਂ ਵਿਚ ਰੋਹੜ ਦਿੱਤਾ, ਭਾਵ ਮਨੁਖ ਰਸਾਂ ਦਾ ਸੁਆਦ (ਲੋਭੀ) ਹੋ ਗਿਆ। ੫. ਉੱਤਮ ਕੁਲ (ਸਭ ਜੀਵਾਂ ਵਿਚੋਂ ਉੱਤਮ ਦੇਹੀ ਮਨੁੱਖ ਦੀ ਹੈ ਤੇ ਫਿਰ ਉਪ੍ਰੋਕਤ ਪ੍ਰਭੂ ਦੀਆਂ ਦਾਤਾਂ ਵਾਲਾ) ਮਨੁੱਖਾ ਜਨਮ ਵੀ ਉੱਤਮ ਸੀ, ਜਿਸ ਦੇ ਰੋਮ ਰੋਮ ਤੇ ਅੰਗ (ਪਰਮੇਸ਼ਰ ਨੇ) ਗਿਣ ਕੇ ਬਣਾਏ ਸਨ। ੬. ਬਾਲਪਨ ਦੇ ਸਮੇਂ ਮੂੰਹ ਵਿਚ ਦੁੱਧ ਦਿੱਤਾ, ਤੇ ਮਲ ਮੂਤਰ ਦੀ ਮਾਂ ਕੋਲੋਂ ਸੇਵਾ ਕਰਵਾਈ। ੭. ਪਰ ਜਦੋਂ ਸਿਆਣਾ (ਤੇ ਤਕੜਾ ਜਵਾਨ) ਹੋਇਆ ਤਾਂ ਆਪਣੇ ਕਰਨਹਾਰ (ਕਰਤੇ) ਨੂੰ ਛੱਡ ਕੇ, ਪ੍ਰਭੂ ਦੀਆਂ ਬਣਾਈਆਂ ਵਸਤੂਆਂ (ਪਦਾਰਥਾਂ) ਦੇ ਰਸਾਂ ਨੂੰ ਲਪਟ ਗਿਆ। ੮. ਪੂਰੇ ਗੁਰੂ ਦੀ ਕ੍ਰਿਪਾ (ਪ੍ਰਾਪਤ ਕੀਤੇ) ਬਿਨਾਂ (ਪ੍ਰਭੂ ਦੀ ਪ੍ਰਬਲ) ਮਾਇਆ ਨੇ ਮੋਹ ਲਿਆ (ਭਾਵ ਕਰਤੇ ਨੂੰ ਛੱਡ ਕੇ ਮਾਇਆ ਦਾ ਪੁਜਾਰੀ ਬਣ ਗਿਆ)॥ ੧੮॥

੧੯. ਮਨੁਖਾ ਜੂਨੀ ਦੀ ਉੱਤਮਤਾ

੧. ਮਨਮੁਖ ਮਾਣਸ ਦੇਹ ਤੇ ਪਸੂ ਪਰੇਤ ਅਚੇਤ ਚੰਗੇਰੇ।
੨. ਹੋਇ ਸੁਚੇਤ ਅਚੇਤ ਹੋਇ ਮਾਣਸੁ ਮਾਣਸ ਦੇ ਵਲਿ ਹੇਰੇ।
੩. ਪਸੂ ਨ ਮੰਗੈ ਪਸੂ ਤੇ ਪੰਖੇਰੂ ਪੰਖੇਰੂ ਘੇਰੇ।
੪. ਚਉਰਾਸੀਹ ਲਖ ਜੂਨਿ ਵਿਚਿ ਉਤਮ ਮਾਣਸ ਜੂਨਿ ਭਲੇਰੇ।
੫. ਉਤਮ ਮਨ ਬਚ ਕਰਮ ਕਰਿ ਜਨਮੁ ਮਰਣ ਭਵਜਲੁ ਲਖ ਫੇਰੇ।
੬. ਰਾਜਾ ਪਰਜਾ ਹੋਇ ਕੈ ਸੁਖ ਵਿਚਿ ਦੁਖੁ ਹੋਇ ਭਲੇ ਭਲੇਰੇ।
੭. ਕੁਤਾ ਰਾਜ ਬਹਾਲੀਐ ਚਕੀ ਚਟਣ ਜਾਇ ਅਨ੍ਹੇਰੇ।
੮. ਗੁਰ ਪੂਰੇ ਵਿਣੁ ਗਰਭ ਵਸੇਰੇ॥ ੧੯॥

ਪਦ ਅਰਥ - ਅਚੇਤ=ਬੇਖਬਰ। ਹੇਰੇ=ਦੇਖਣਾ। ਭਲੇ ਭਲੇਰੇ=ਭਲਿਆਂ ਤੋਂ ਭਲੇ ਭਾਵ ਵੱਡੇ ਤੋਂ ਵੱਡੇ। ਗਰਭ ਵਸੇਰੇ=ਗਰਭਾਂ ਵਿਚ ਵਾਸਾ।

ਅਰਥ - ੧. ਮਨਮੁਖ ਦੀ ਮਨੁਖਾ ਦੇਹੀ ਹੈ, ਪਰ ਇਸ ਮਨੁਖਾ ਦੇਹ ਨਾਲੋਂ ਪਸ਼ੂ ਤੇ ਪਰੇਤ ਚੰਗੇ ਹਨ। ੨. (ਕਿਉਂਕਿ) ਚੰਗਾ ਭਲਾ ਸਿਆਣਾ ਹੁੰਦਾ ਹੋਇਆ ਵੀ (ਮਨਮੁਖ) ਗਿਆਨ-ਹੀਨਾਂ ਵਾਂਗ (ਅਚੇਤ) ਹੋ ਜਾਂਦਾ ਹੈ। ਉਹ ਮਨੁਖ ਹੋ ਕੇ, (ਆਪਣੇ ਜੇਹੇ) ਮਨੁਖ ਵੱਲ ਹੀ ਦੇਖਦਾ (ਪ੍ਰਭੂ ਦੀ ਟੇਕ ਛੱਡ ਕੇ, ਮਨੁਖ 'ਤੇ ਆਸ ਰੱਖਦਾ) ਹੈ। ੩. ਪਸ਼ੂ ਪਸ਼ੂ ਤੋਂ ਮੰਗਦਾ ਨਹੀਂ, ਨਾ ਹੀ ਪੰਖੇਰੂ (ਮੰਗਣ ਲਈ) ਕਿਸੇ ਪੰਖੇਰੂ ਨੂੰ ਘੇਰਦਾ ਹੈ। ੪. ਚੌਰਾਸੀ ਲੱਖ ਜੂਨੀਆਂ ਵਿਚ ਮਨੁਖ ਜੂਨੀ (ਸਭ ਤੋਂ) ਉੱਤਮ ਅਤੇ ਭਲੇਰੀ ਹੈ। ੫. ਮਨ, ਬਚਨ ਤੇ ਕਰਮਾਂ ਕਰਕੇ ਵੀ (ਮਨੁਖ) ਉੱਤਮ ਹੈ, (ਪਰ ਮਨਮੁਖ ਬਣ ਕੇ, ਮਨੁਖਾ ਦੇਹੀ ਵਿਚ ਵੀ) ਜਨਮ-ਮਰਨ ਵਾਲੇ ਸੰਸਾਰ

ਭਵਜਲ ਵਿਚ, ਲੱਖਾਂ ਫੇਰਿਆਂ (ਚੱਕਰਾਂ) ਵਿਚ ਪੈ ਜਾਂਦਾ ਹੈ ੬. ਰਾਜਾ (ਭਾਵ ਵੱਡਾ) ਹੋਵੇ, ਤਦ ਵੀ, ਤੇ ਜੇ ਪਰਜਾ (ਛੋਟਾ, ਗਰੀਬ) ਹੋਵੇ, ਤਦ ਵੀ ਉਹ ਸੁਖਾਂ ਵਿਚ ਹੀ ਵੱਡੇ ਤੋਂ ਵੱਡਾ ਦੁੱਖ ਪਾਉਂਦਾ ਹੈ। ੭. ਮਨਮੁਖ ਦੀ ਇਹ ਦਸ਼ਾ ਹੈ ਕਿ ਜਿਵੇਂ ਕੁੱਤੇ ਨੂੰ ਰਾਜ ਗੱਦੀ 'ਤੇ ਬਿਠਾ ਦੇਈਏ, ਉਹ ਫਿਰ ਵੀ ਰਾਤ ਨੂੰ ਚੱਕੀ ਚਟਣ ਲਈ ਜਾਂਦਾ ਹੈ। ਭਾਵ ਮਨਮੁਖ ਉੱਤਮ ਰੱਬੀ ਦਾਤਾਂ ਨੂੰ ਛੱਡ ਕੇ ਵਿਸ਼ੇ ਵਿਕਾਰਾਂ ਮਗਰ ਦੌੜਦਾ ਹੈ। ੮. ਪੂਰੇ ਗੁਰੂ ਤੋਂ ਬਿਨਾਂ ਗਰਭਾਂ ਵਿਚ ਹੀ ਵਾਸਾ ਹੋਵੇਗਾ॥ ੧੯॥

੨੦. ਗੁਰਮੁਖ ਦੀ ਸ੍ਰੇਸ਼ਟਤਾਈ

੧. ਵਣਿ ਵਣਿ ਵਾਸੁ ਵਣਾਸਪਤਿ ਚੰਦਨੁ ਬਾਝੁ ਨ ਚੰਦਨੁ ਹੋਈ।
੨. ਪਰਬਤਿ ਪਰਬਤਿ ਅਸਟ ਧਾਤੁ ਪਾਰਸ ਬਾਝੁ ਨ ਕੰਚਨੁ ਸੋਈ।
੩. ਚਾਰਿ ਵਰਣਿ ਛਿਅ ਦਰਸਨਾ ਸਾਧਸੰਗਤਿ ਵਿਣੁ ਸਾਧੁ ਨ ਕੋਈ।
੪. ਗੁਰ ਉਪਦੇਸੁ ਅਵੇਸੁ ਕਰਿ ਗੁਰਮੁਖਿ ਸਾਧਸੰਗਤਿ ਜਾਣੋਈ।
੫. ਸਬਦ ਸੁਰਤਿ ਲਿਵ ਲੀਣੁ ਹੋਇ ਪਿਰਮ ਪਿਆਲਾ ਅਪਿਉ ਪਿਓਈ।
੬. ਮਨਿ ਉਨਮਨਿ ਤਨਿ ਦੁਬਲੇ ਦੇਹ ਬਿਦੇਹ ਸਨੇਹ ਸਥੋਈ।
੭. ਗੁਰਮੁਖਿ ਸੁਖ ਫਲੁ ਅਲਖ ਲਖੋਈ॥ ੨੦॥

ਪਦ ਅਰਥ - ਅਵੇਸੁ=ਵਾਸਾ ਕਰਕੇ। ਅਪਿਉ=ਅੰਮ੍ਰਿਤ। ਉਨਮਨਿ=ਸਹਜ ਅਵਸਥਾ, ਤੁਰੀਆ ਪਦ। ਸਥੋਈ=ਸਾਥੀ। ਅਲਖ ਲਖੋਈ=ਨਾ ਲਖੇ ਜਾਣ ਵਾਲੇ ਪ੍ਰਭੂ ਨੂੰ ਲਖ ਲੈਂਦੇ।

ਅਰਥ - ੧.(ਜਿਵੇਂ) ਬਨਾਸਪਤੀ ਦੇ ਬ੍ਰਿਛ ਬੂਟੇ ਜੰਗਲਾਂ ਵਿਚ ਥਾਂ ਪੁਰ ਥਾਂ ਹੁੰਦੇ ਹਨ, ਪਰ ਚੰਦਨ ਬਿਨਾਂ ਇਨ੍ਹਾਂ ਨੂੰ ਕੋਈ ਚੰਦਨ ਨਹੀਂ ਬਣਾ ਸਕਦਾ। ੨. (ਜੀਕਰ) ਹਰ ਪਹਾੜ ਵਿਚ ਅੱਠੇ ਧਾਤਾਂ (ਲੋਹਾ, ਪਿੱਤਲ, ਸੋਨਾ, ਚਾਂਦੀ, ਤਾਂਬਾ ਆਦਿ) ਮੌਜੂਦ ਹੁੰਦੀਆਂ ਹਨ, ਪਰ ਪਾਰਸ ਦੀ ਛੁਹ ਤੋਂ ਬਿਨਾਂ ਇਹ ਸੋਨਾ ਨਹੀਂ ਬਣ ਸਕਦੀਆਂ। ੩. (ਏਸੇ ਤਰ੍ਹਾਂ ਸੰਸਾਰ ਵਿਚ) ਚਾਰ ਵਰਣ ਤੇ ਛਿਅ ਦਰਸ਼ਨ (ਧਰਮ ਮੌਜੂਦ) ਹਨ, ਪਰ ਸਾਧ ਸੰਗਤ (ਸਾਧੂ ਦੀ ਸੰਗਤ) ਤੋਂ ਬਿਨਾਂ ਕੋਈ ਸਾਧੂ ਬਣ ਨਹੀਂ ਸਕਦਾ। ੪. ਗੁਰੂ ਦੇ ਉਪਦੇਸ਼ ਵਿਚ ਪ੍ਰਵੇਸ਼ ਕਰਕੇ (ਭਾਵ ਮਨ ਵਿਚ ਗੁਰੂ ਸਿੱਖਿਆ ਦ੍ਰਿੜ੍ਹ ਕਰਕੇ) ਗੁਰਮੁਖ ਸਾਧ ਸੰਗਤ ਨੂੰ ਮੰਨਦੇ ਤੇ ਜਾਣਦੇ ਹਨ। ੫. ਗੁਰਮੁਖ (ਗੁਰ) ਸ਼ਬਦ ਨੂੰ ਸੁਰਤ ਵਿਚ ਰੱਖ, ਪ੍ਰੇਮ ਦਾ ਪਿਆਲਾ ਪੀ, ਅੰਮ੍ਰਿਤ ਰਸ ਦੇ ਸੁਆਦ ਵਿਚ ਲਿਵਲੀਣ (ਮਗਨ) ਹੋ ਜਾਂਦੇ ਹਨ। ੬. ਮਨ ਉਨ੍ਹਾਂ ਦਾ ਤੁਰੀਆ ਪਦ (ਚੌਥੀ ਅਵਸਥਾ) ਵਿਚ ਚਲਾ ਜਾਂਦਾ ਹੈ। ਸਰੀਰਕ ਤੌਰ 'ਤੇ ਉਹ ਦੁਬਲੇ (ਨਿਰਬਲ) ਹੋ ਜਾਂਦੇ ਹਨ। ਦੇਹ ਤੋਂ ਬਿਦੇਹ ਹੋਣ ਕਰਕੇ, ਸਰੀਰ ਨੂੰ ਸਥਿਰ ਰੱਖਣ ਦਾ ਉਨ੍ਹਾਂ ਨੂੰ ਪਿਆਰ ਹੀ ਨਹੀਂ ਰਹਿੰਦਾ। ੭. ਗੁਰਮੁਖ ਦਾ ਸੁਖ ਫਲ ਅਲਖ (ਨਾ ਲਖੇ ਜਾਣ ਵਾਲੇ ਪਰਮੇਸ਼ਰ) ਦੀ ਲਖਤਾ ਹੋਣਾ ਹੀ ਹੈ, (ਇਸ ਲਈ ਉਹ ਅਲਖ ਪ੍ਰਭੂ ਨਾਲ ਅਭੇਦ ਹੋ ਸਦੀਵੀ ਸੁਖ ਮਾਣਦੇ ਹਨ)॥ ੨੦॥

੨੧. ਮਾਇਆ ਵਿੱਚ ਉਦਾਸੀ

੧. ਗੁਰਮੁਖਿ ਸੁਖ ਫਲੁ ਸਾਧਸੰਗੁ ਮਾਇਆ ਅੰਦਰਿ ਕਰਨਿ ਉਦਾਸੀ।
੨. ਜਿਉ ਜਲ ਅੰਦਰਿ ਕਵਲੁ ਹੈ ਸੂਰਜ ਧਜਾਨੁ ਅਗਾਸੁ ਨਿਵਾਸੀ।
੩. ਚੰਦਨੁ ਸਪੀਂ ਵੇੜਿਆ ਸੀਤਲੁ ਸਾਂਤਿ ਸੁਗੰਧ ਵਿਗਾਸੀ।
੪. ਸਾਧਸੰਗਤਿ ਸੰਸਾਰ ਵਿਚਿ ਸਬਦ ਸੁਰਤਿ ਲਿਵ ਸਹਜਿ ਬਿਲਾਸੀ।
੫. ਜੋਗ ਜੁਗਤਿ ਭੋਗ ਭੁਗਤਿ ਜਿਣਿ ਜੀਵਨ ਮੁਕਤਿ ਅਛਲ ਅਬਿਨਾਸੀ।
੬. ਪਾਰਬ੍ਰਹਮ ਪੂਰਨ ਬ੍ਰਹਮੁ ਗੁਰ ਪਰਮੇਸਰੁ ਆਸ ਨਿਰਾਸੀ।
੭. ਅਕਥ ਕਥਾ ਅਬਿਗਤਿ ਪਰਗਾਸੀ ॥੨੧॥੧੫.

ਪਦ ਅਰਥ - ਉਦਾਸੀ=ਉਦਾਸ ਰਹਿਣਾ। ਸਪੀਂ=ਸੱਪਾਂ ਨਾਲ। ਵਿ[illegible] ਵਿਚ। ਬਿਲਾਸੀ=ਪ੍ਰਸੰਨ ਚਿੱਤ। ਆਸ ਨਿਰਾਸੀ=ਆਸ਼ਾ ਤੋਂ ਬੇਪਰਵਾਹ।

ਅਰਥ - ੧. ਗੁਰਮੁਖ ਜਨ ਸਾਧ ਸੰਗਤ ਵਿਖੇ ਆਪਣੇ ਸੁਖ ਫਲ (ਸ੍ਵੈ-ਸ੍ਰੂਪ) ਵਿ[illegible]ਲ ਕੇ ਮਾਇਆ ਵਿਚ ਰਹਿ ਕੇ ਨਿਰਲੇਪ (ਭਾਵ ਉਦਾਸ) ਰਹਿੰਦੇ ਹਨ। ੨. (ਜਿਵੇਂ) ਕੰਵਲ ਫੁੱਲ ਜਲ ਵਿਚ ਰਹਿੰਦਾ ਹੈ ਤੇ ਉੱਚਾ ਹੋ ਕੇ ਆਕਾਸ਼ (ਦੇ ਵਾਸੀ) ਚਮਕਦੇ ਸੂਰਜ ਦਾ ਧਿਆਨ ਧਰਦਾ ਹੈ। ੩. ਚੰਦਨ ਦੇ ਬ੍ਰਿਛ ਨੂੰ (ਜ਼ਹਿਰ ਦੀ ਤਪਸ਼ ਨਾਲ ਸੜਦੇ ਅਨੇਕਾਂ) ਸੱਪ ਜਾ ਲਿਪਟਦੇ (ਤੇ ਸੁਖ ਮਾਣਦੇ ਹਨ) ਪਰ ਚੰਦਨ ਉਨ੍ਹਾਂ ਨੂੰ ਵੇਖ ਕੇ, ਆਪਣੇ ਸੁਗੰਧੀ ਤੇ ਸੀਤਲਤਾ ਵਾਲੇ ਸੁਭਾਉ ਨੂੰ ਨਹੀਂ ਛੱਡਦਾ, ਉਹ ਖੇੜੇ ਵਿਚ ਹੀ ਰਹਿੰਦਾ ਹੈ। ੪. (ਇਸੇ ਤਰ੍ਹਾਂ ਗੁਰਮੁਖ) ਸੰਸਾਰ ਵਿਚ ਰਹਿੰਦੇ ਹਨ ਤੇ ਸਾਧ ਸੰਗਤ ਵਿਚ ਸ਼ਬਦ ਨੂੰ ਸੁਰਤ ਵਿਚ ਜੋੜ ਕੇ ਸਦਾ ਹੀ ਸਹਜ-ਆਨੰਦਤਾ ਵਿਚ ਖਿੜੇ ਰਹਿੰਦੇ ਹਨ। ੫. ਜੋਗ ਦੀ ਜੁਗਤ ਵਿਚ ਰਹਿ ਕੇ, ਸੰਸਾਰੀ ਭੋਗਾਂ ਨੂੰ ਜਿੱਤ ਲੈਂਦੇ ਹਨ ਤੇ [illegible]ਵਨ-ਮੁਕਤੀ ਦੇ ਪਦ ਵਿਚ ਨਿਵਾਸ ਰੱਖ ਕੇ ਅਛਲ ਤੇ ਅਬਿਨਾਸੀ ਪ੍ਰਭੂ (ਨਾਲ ਜੁੜੇ ਰਹਿੰਦੇ) ਹਨ। ੬. ਪਾਰਬ੍ਰਹਮ ਪੂਰਨ (ਹਰ ਥਾਂ ਪਸਰਿਆ) ਬ੍ਰਹਮ ਹੈ। ਆਸ਼ਾ ਵਿਚ ਨਿਰਾਸ ਰਹਿ ਕੇ ਗੁਰੂ ਤੇ ਪਰਮੇਸ਼ਰ ਇੱਕ ਹਨ। ੭. ਗੁਰੂ ਤੇ ਪਰਮੇਸ਼ਰ (ਦੋਵੇਂ ਹੀ) ਅਕਥ ਕਥਾ ਵਾਲੇ [illegible]ਵਿਗਤ ਅਬਿਨਾਸੀ ਤੇ ਪ੍ਰਕਾਸ਼ ਰੂਪ ਹਨ॥੨੧॥੧੫॥

ਵਾਰ ੧੯

ੴ ਸਤਿਗੁਰ ਪ੍ਰਸਾਦਿ॥

੧. ਧਰਤੀ ਵਿਚ ਜੇਹਾ ਬੀਜੋਗੇ, ਤੇਹਾ ਫਲ ਮਿਲੇਗਾ

੧. ਸਭ ਦੂੰ ਨੀਵੀਂ ਧਰਤਿ ਹੋਇ ਦਰਗਹ ਅੰਦਰਿ ਮਿਲੀ ਵਡਾਈ।
੨. ਕੋਈ ਗੋਡੈ ਵਾਹਿ ਹਲੁ ਕੋ ਮਲ ਮੂਤ੍ਰ ਕੁਸੂਤ੍ਰ ਕਰਾਈ।
੩. ਲਿੰਬਿ ਰਸੋਈ ਕੋ ਕਰੈ ਚੋਆ ਚੰਦਨੁ ਪੂਜਿ ਚੜਾਈ।
੪. ਜੇਹਾ ਬੀਜੈ ਸੋ ਲੁਣੈ ਜੇਹਾ ਬੀਉ ਤੇਹਾ ਫਲੁ ਪਾਈ।
੫. ਗੁਰਮੁਖਿ ਸੁਖ ਫਲ ਸਹਜ ਘਰੁ ਆਪੁ ਗਵਾਇ ਨ ਆਪੁ ਗਣਾਈ।
੬. ਜਾਗ੍ਰਤ ਸੁਪਨ ਸੁਖੋਪਤੀ ਉਨਮਨਿ ਮਗਨ ਰਹੈ ਲਿਵ ਲਾਈ।
੭. ਸਾਧਸੰਗਤਿ ਗੁਰ ਸਬਦੁ ਕਮਾਈ॥੧॥

ਪਦ ਅਰਥ - ਗੋਡੈ ਵਾਹਿ=ਵਿਚੋਂ ਵਾਧੂ ਘਾਹ ਬੂਟ ਕੱਢ ਦੇਣਾ। ਲੁਣੈ=ਵੱਢਣਾ। ਆਪੁ=ਆਪਾ ਭਾਵ, ਮੈਂ-ਮੇਰੀ। ਉਨਮਨਿ=ਚੌਥਾ ਪਦ, ਸਹਜ ਅਵਸਥਾ। ਕਮਾਈ=ਕਮਾਉਂਦੇ ਹਨ।

ਅਰਥ - ੧. ਧਰਤੀ ਸਭ ਤੋਂ ਨਿਰਮਾਣ (ਨੀਵੀਂ) ਹੈ, ਪਰ ਦਰਗਹ (ਪ੍ਰਭੂ ਦੇ ਦਰਬਾਰ) ਵਿਚ (ਨਿਮ੍ਰਤਾ ਨੂੰ ਹੀ) ਵਡਿਆਈ ਪ੍ਰਾਪਤ ਹੁੰਦੀ ਹੈ। ੨. (ਧਰਤੀ ਨੂੰ) ਕੋਈ ਗੋਡਦਾ ਹੈ, ਕੋਈ ਹਲ ਵਾਹੁੰਦਾ ਹੈ ਤੇ ਕੋਈ ਮਲ ਮੂਤਰ ਨਾਲ ਲਿਬੇੜਦਾ ਹੈ, ਕੋਈ ੩. (ਇਸ ਉਤੇ ਬੈਠ ਕੇ) ਚੋਆ ਚੰਦਨ ਦੀ ਮਹਿਕ ਕਰਕੇ ਪੂਜਾ ਕਰਦਾ ਹੈ ਤੇ ਚੜ੍ਹਾਵੇ ਚੜ੍ਹਾਉਂਦਾ ਹੈ। ੪. ਜੇਹੋ ਜੇਹਾ ਧਰਤੀ ਵਿਚ ਕੋਈ ਬੀਜ ਬੀਜਦਾ ਹੈ, ਉਹੋ ਜੇਹਾ ਹੀ ਫਲ ਪਾਉਂਦਾ ਹੈ। ੫. ਗੁਰਮੁਖਾਂ ਦਾ ਸੁਖ ਫਲ ਹੈ ਕਿ ਉਹ ਸਹਜ ਅਵਸਥਾ ਵਿਚ ਆਪਾ ਭਾਵ ਸੁਆਰ ਕੇ ਟਿਕਦੇ ਹਨ, ਫਿਰ ਉਹ ਇਸ ਉੱਚ ਅਵਸਥਾ ਦਾ ਭੇਤ ਵੀ ਕਿਸੇ ਨੂੰ ਜਤਾਉਂਦੇ ਨਹੀਂ। ੬. ਜਾਗ੍ਰਤ, ਸੁਪਨ ਤੇ ਸਖੋਪਤੀ (ਭਾਵ ਹਰ ਸਮੇਂ ਇਕੋ) ਸਹਜ ਅਵਸਥਾ ਵਿਚ ਲਿਵ ਜੋੜ ਕੇ ਮਗਨ ਹੋਏ ਰਹਿੰਦੇ ਹਨ। ੭. ਇਸ ਅਵਸਥਾ ਦੀ ਪ੍ਰਾਪਤੀ ਸਾਧ ਸੰਗਤ ਵਿਚ ਮਿਲ ਕੇ ਗੁਰੂ ਦੇ ਸ਼ਬਦ ਦਾ ਅਭਿਆਸ ਕਰਨ ਨਾਲ ਹੁੰਦੀ ਹੈ॥੧॥

੨. ਪਾਣੀ ਤੋਂ ਉਪਦੇਸ਼

੧. ਧਰਤੀ ਅੰਦਰਿ ਜਲੁ ਵਸੈ ਜਲੁ ਬਹੁ ਰੰਗੀਂ ਰਸੀਂ ਮਿਲੰਦਾ।

੨. ਜਿਉਂ ਜਿਉਂ ਕੋਇ ਚਲਾਇਦਾ ਨੀਵਾਂ ਹੋਇ ਨੀਵਾਣਿ ਚਲੰਦਾ।
੩. ਧੁਪੈ ਤਤਾ ਹੋਇ ਕੈ ਛਾਵੈਂ ਠੰਢਾ ਹੋਇ ਰਹੰਦਾ।
੪. ਨਾਵਣੁ ਜੀਵਦਿਆਂ ਮੁਇਆਂ ਪੀਤੈ ਸਾਂਤਿ ਸੰਤੋਖੁ ਹੋਵੰਦਾ।
੫. ਨਿਰਮਲੁ ਕਰਦਾ ਮੈਲਿਆਂ ਨੀਵੈ ਸਰਵਰ ਜਾਇ ਟਿਕੰਦਾ।
੬. ਗੁਰਮੁਖਿ ਸੁਖ ਫਲੁ ਭਾਉ ਭਉ ਸਹਜੁ ਬੈਰਾਗੁ ਸਦਾ ਵਿਗਸੰਦਾ।
੭. ਪੂਰਨ ਪਰਉਪਕਾਰੁ ਕਰੰਦਾ॥ ੨ ॥

ਪਦ ਅਰਥ - ਨੀਵਾਣਿ=ਨੀਵੀਂ ਥਾਂ ਵੱਲ। ਨਿਰਮਲੁ=ਸਾਫ ਸੁਥਰਾ। ਸਰਵਰ=ਤਲਾਅ ਜਾਂ ਟੋਆ। ਵਿਗਸੰਦਾ=ਪ੍ਰਸੰਨ ਹੁੰਦਾ।

ਅਰਥ - ੧. ਧਰਤੀ ਵਿਚ ਪਾਣੀ ਰਹਿੰਦਾ ਹੈ (ਜਿਸ ਕਰਕੇ) ਪਾਣੀ ਬਹੁਤੇ ਕਿਸਮ ਦਾ ਤੇ ਵੱਖੋ ਵੱਖਰੇ ਸੁਆਦਾਂ ਵਾਲਾ ਮਿਲਦਾ ਹੈ। (ਕਿਤੇ ਮਿੱਠਾ, ਕਿਤੇ ਖਾਰਾ, ਕਿਤੇ ਲੂਣਾ ਆਦਿ)। ੨. (ਪਾਣੀ ਨੂੰ) ਜਿਵੇਂ ਕੋਈ ਚਲਾਉਂਦਾ (ਭਾਵ ਵਗਾਉਂਦਾ) ਹੈ, ਉਹ ਨੀਵੇਂ ਪਾਸੇ ਨੀਵਾਂ ਹੋ ਚਲਾ ਜਾਂਦਾ ਹੈ। ੩. ਧੁੱਪੇ ਹੋਵੇ ਤਾਂ ਤੱਤਾ ਹੋ ਜਾਂਦਾ, ਜੇ ਛਾਂ ਵਿਚ ਹੋਵੇ, ਤਾਂ ਠੰਢਾ ਹੋ ਰਹਿੰਦਾ ਹੈ। ੪. ਜੀਂਵਦਿਆਂ ਤੇ ਮਰਨ 'ਤੇ ਵੀ ਪਾਣੀ (ਹੀ ਮਨੁਖ ਨੂੰ) ਨਹਾਉਂਦਾ ਹੈ। ਪੀਣ ਨਾਲ ਸ਼ਾਂਤੀ ਤੇ (ਘਾਬਰੇ ਹੋਏ ਨੂੰ) ਸੰਤੋਖ ਹੁੰਦਾ ਹੈ। ੫. (ਇਹ ਪਾਣੀ) ਮੈਲਿਆਂ (ਕਪੜਿਆਂ ਜਾਂ ਹੋਰ ਵਸਤਾਂ) ਨੂੰ ਸੁਛ ਕਰਦਾ ਤੇ ਫਿਰ ਨੀਵੀਂ ਥਾਂ ਵੱਲ ਰਿੜ੍ਹ ਰਿੜ੍ਹ ਕਿਸੇ ਤਲਾਅ (ਸਰੋਵਰ ਜਾਂ ਛੱਪੜਾਂ ਆਦਿ) ਵਿਚ ਜਾ ਇੱਕਠਾ ਹੁੰਦਾ ਹੈ। ੬. (ਤਿਵੇਂ ਹੀ) ਗੁਰਮੁਖ ਆਪਣੇ (ਰੱਬੀ) ਪ੍ਰੇਮ ਤੇ (ਰੂਹਾਨੀ) ਡਰ ਸਹਿਤ, ਸਹਜ-ਘਰ (ਵੈਰਾਗ) ਵਿਚ ਸਦਾ ਹੀ ਆਨੰਦ ਪ੍ਰਸੰਨ ਤੇ ਖਿੜਿਆ ਰਹਿੰਦਾ ਹੈ। ੭. (ਪਾਣੀ ਵਾਂਗ ਪਰਮੇਸ਼ਰ ਦੇ ਹੁਕਮ ਵਿਚ) ਪਰਉਪਕਾਰੀ ਬਣਿਆ ਰਹਿੰਦਾ ਹੈ॥ ੨ ॥

੩. ਕੰਵਲ ਵਾਂਗ ਗੁਰਮੁਖਾਂ ਦੀ ਅਲੇਪਤਾ

੧. ਜਲ ਵਿਚਿ ਕਵਲੁ ਅਲਿਪਤੁ ਹੈ ਸੰਗ ਦੋਖ ਨਿਰਦੋਖ ਰਹੰਦਾ।
੨. ਰਾਤੀ ਭਵਰੁ ਲੁਭਾਇਦਾ ਸੀਤਲੁ ਹੋਇ ਸੁਗੰਧਿ ਮਿਲੰਦਾ।
੩. ਭਲਕੇ ਸੂਰਜ ਧਿਆਨੁ ਧਰਿ ਪਰਫੁਲਤੁ ਹੋਇ ਮਿਲੈ ਹਸੰਦਾ।
੪. ਗੁਰਮੁਖ ਸੁਖ ਫਲ ਸਹਜਿ ਘਰਿ ਵਰਤਮਾਨ ਅੰਦਰਿ ਵਰਤੰਦਾ।
੫. ਲੋਕਾਚਾਰੀ ਲੋਕ ਵਿਚਿ ਵੇਦ ਵੀਚਾਰੀ ਕਰਮ ਕਰੰਦਾ।
੬. ਸਾਵਧਾਨੁ ਗੁਰ ਗਿਆਨ ਵਿਚਿ ਜੀਵਨਿ ਮੁਕਤਿ ਜੁਗਤਿ ਵਿਚਰੰਦਾ।
੭. ਸਾਧਸੰਗਤਿ ਗੁਰੁ ਸਬਦੁ ਵਸੰਦਾ॥ ੩ ॥

ਪਦ ਅਰਥ - ਨਿਰਦੋਖ=ਦੋਸ਼ ਰਹਿਤ। ਵਰਤੰਦਾ=ਵਰਤਦੇ ਹਨ। ਸਹਜਿ ਘਰਿ=ਤੁਰੀਆ ਪਦ, ਸ਼ਾਂਤੀ ਦੀ ਅਵਸਥਾ। ਵਿਚਰੰਦਾ=ਵਿਚਰਦੇ ਹਨ।

ਅਰਥ - ੧. ਪਾਣੀ ਵਿਚ ਕੰਵਲ ਫੁੱਲ ਅਲਿਪਤ ਹੈ ਤੇ ਉਹ ਪਾਣੀ ਵਿਚ ਰਹਿਣ ਵਾਲੇ ਚਿੱਕੜ, ਡੱਡੂ ਤੇ ਜਾਲੇ ਆਦਿਕਾਂ ਦੇ ਸੰਗ-ਦੋਸ਼ ਵਿਚ ਵੀ ਨਿਰਦੋਖ ਹੋ ਕੇ ਰਹਿੰਦਾ ਹੈ। ੨. ਰਾਤ ਸਮੇਂ (ਸੂਰਜ ਡੁੱਬੇ ਤੇ ਇਹ ਕੁਮਲਾ ਜਾਂਦਾ ਹੈ)। ਭੰਵਰੇ ਲੋਭਾਇਮਾਨ ਹੁੰਦੇ, ਸੀਤਲਤਾ ਤੇ ਸੁਗੰਧੀ ਲੈਂਦੇ ਹਨ। ੩. ਪਰ ਦਿਨੇ (ਸੂਰਜ ਨਿਕਲਦੇ ਹੀ) ਸੂਰਜ ਵੱਲ ਮੂੰਹ ਕਰਕੇ ਇਹ ਖਿੜ ਜਾਂਦਾ ਹੈ ਤੇ ਉਸ ਨੂੰ ਹੱਸਦਾ ਹੀ ਮਿਲਦਾ ਹੈ। ੪. ਗੁਰਮੁਖ ਸੁਖ ਫਲ ਰੂਪੀ ਸਹਜ ਘਰ ਵਿਚ ਨਿਵਾਸ ਕਰਦੇ ਹਨ ਤੇ ਜੋ ਪ੍ਰਭੂ ਦੇ ਭਾਣੇ ਅੰਦਰ ਵਰਤੋਂ ਵਰਤਦੀ ਹੈ ਉਸੇ ਅਨੁਸਾਰ ਵਰਤਦੇ ਹਨ। ੫. ਲੋਕਾਂ ਦੇ ਭਾਣੇ ਉਹ ਲੋਕਾਚਾਰੀ ਕਰਮ ਕਰਦੇ ਹੀ ਦਿਸਦੇ ਹਨ, ਵੇਦਾਂ ਦੇ ਵਿਚਾਰਨ ਵਾਲੇ ਉਹਨਾਂ ਨੂੰ ਵੇਦ-ਰੀਤੀ ਵਾਲੇ ਤੇ ਹੋਰ ਕਰਮ-ਕਾਂਡੀ ਉਨ੍ਹਾਂ ਨੂੰ ਆਪਣੇ ਵਰਗੇ ਕਰਮ ਕਰਨ ਵਾਲੇ ਹੀ ਸਮਝਦੇ ਹਨ। ੬. (ਪਰ ਗੁਰਮੁਖ) ਗੁਰੂ ਦੇ ਬਖਸ਼ੇ ਗਿਆਨ ਅਨੁਸਾਰ ਸਾਵਧਾਨ (ਹੁਸ਼ਿਆਰ) ਰਹਿੰਦੇ ਹੋਏ, ਜੀਵਨ ਮੁਕਤੀ ਦੀ ਜੁਗਤਿ ਵਿਚ ਵਿਚਰਦੇ (ਭਾਵ ਤੁਰਦੇ) ਹਨ। ੭. (ਉਹ) ਸਾਧ ਸੰਗਤ ਵਿਚ ਜਿਥੇ ਗੁਰ-ਸ਼ਬਦ ਦਾ ਵਾਸਾ ਹੈ, (ਉਸ ਨਾਲ ਆਪਣਾ ਚਿਤ ਜੋੜੀ ਰਖਦੇ ਹਨ)॥੩॥

੪. ਬ੍ਰਿਛ ਦੀ ਨਿਰਮਾਣਤਾ ਤੇ ਅਡੋਲਤਾ

੧. ਧਰਤੀ ਅੰਦਰਿ ਬਿਰਖੁ ਹੋਇ ਪਹਿਲੋਂ ਦੇ ਜੜ ਪੈਰ ਟਿਕਾਈ।
੨. ਉਪਰਿ ਝੂਲੈ ਝਟੁਲਾ ਠੰਢੀ ਛਾਉਂ ਸੁ ਥਾਉਂ ਸੁਹਾਈ।
੩. ਪਵਣੁ ਪਾਣੀ ਪਾਲਾ ਸਹੈ ਸਿਰ ਤਲਵਾਇਆ ਨਿਹਚਲੁ ਜਾਈ।
੪. ਫਲੁ ਦੇ ਵਟ ਵਗਾਇਆਂ ਸਿਰਿ ਕਲਵਤੁ ਲੈ ਲੋਹੁ ਤਰਾਈ।
੫. ਗੁਰਮੁਖਿ ਜਨਮੁ ਸਕਾਰਥਾ ਪਰਉਪਕਾਰੀ ਸਹਜਿ ਸੁਭਾਈ।
੬. ਮਿਤ੍ਰੁ ਨ ਸਤ੍ਰੁ ਨ ਮੋਹੁ ਧ੍ਰੋਹੁ ਸਮਦਰਸੀ ਗੁਰ ਸਬਦਿ ਸਮਾਈ।
੭. ਸਾਧਸੰਗਤਿ ਗੁਰਮਤਿ ਵਡਿਆਈ॥੪॥

ਪਦ ਅਰਥ - ਝਟੁਲਾ=ਖਿਲਰੇ ਝਾਟੇ (ਵਾਲਾਂ) ਵਾਲਾ। ਸਿਰ ਤਲਵਾਇਆ=ਉਲਟਾ ਸਿਰ ਪਰਨੇ। ਨਿਹਚਲੁ ਜਾਈ=ਇੱਕ ਨਿਸ਼ਚਲ ਥਾਂ। ਕਲਵਤੁ=ਆਰਾ। ਲੋਹੁ ਤਰਾਈ=ਜਹਾਜ਼ ਬਣ ਕੇ, ਨਾਲ ਲੋਹੇ ਨੂੰ ਵੀ ਤਾਰਦਾ ਹੈ।

ਅਰਥ - ੧. ਬ੍ਰਿਛ ਧਰਤੀ ਵਿਚੋਂ ਜੰਮ ਕੇ (ਉੱਗ ਕੇ) ਪਹਿਲੇ ਜੜ੍ਹਾਂ ਦੇ ਉਪਰ ਪੈਰ ਟਿਕਾਉਂਦਾ ਭਾਵ ਉੱਚਾ ਉੱਠਦਾ ਹੈ। ੨. ਉਪਰ ਪੱਤਰਾਂ ਤੇ ਟਾਹਣੀਆਂ ਦਾ ਖਿਲਾਰ, ਝੂਟੇ ਝੂਟਦਾ, ਠੰਢੀ ਛਾਂ, ਕਰਕੇ ਉਹ ਸੋਹਣੀ ਥਾਂ ਵਾਲਾ ਲੱਗਦਾ ਹੈ। ੩. ਹਵਾ, ਪਾਣੀ (ਮੀਂਹ), ਪਾਲਾ (ਕੱਕਰ) ਸਹਾਰਦਾ ਹੈ। ਸਿਰ ਨੂੰ ਉਲਟਾ ਰੱਖ, ਇਕੋ ਥਾਂ ਨਿਹਚਲ ਟਿਕਿਆ ਰਹਿੰਦਾ ਹੈ। ੪. ਫਲ ਲਾਹੁਣ ਵਾਲੇ ਢੀਮਾਂ ਮਾਰਦੇ ਹਨ, ਤੇ ਉਹ ਫਲ ਦੇਂਦਾ ਹੈ, ਲੋਹੇ ਦੇ ਆਰੇ ਨਾਲ ਕੱਟਿਆ ਜਾਂਦਾ ਹੈ, ਪਰ ਬੇੜਾ ਬਣ ਲੋਹਾ ਵੀ ਤਾਰਦਾ ਹੈ।

(ਲੋਹੇ ਦੀ ਦੁਸ਼ਮਨੀ ਵੱਲ ਨਹੀਂ ਜਾਂਦਾ ਕਿ ਇਸ ਨੇ ਹੀ ਤੇਸੇ ਤੇ ਆਰੇ ਦੇ ਰੂਪ ਮੈਨੂੰ ਕੱਟਿਆ ਵੱਢਿਆ ਹੈ)। ੫. ਗੁਰਮੁਖਾਂ ਦਾ ਜਨਮ ਵੀ (ਇਸੇ ਭਾਂਤ-ਬ੍ਰਿਛ ਵਾਂਗ) ਸਕਾਰਥਾ (ਸਫਲਾ) ਹੈ, ਜੋ ਸਹਜ ਸੁਭਾਵ ਹੀ ਪਰਉਪਕਾਰੀ ਹੁੰਦੇ ਹਨ। ੬. ਮਿਤ੍ਰਤਾ, ਦੁਸ਼ਮਨੀ, ਪਿਆਰ ਜਾਂ (ਕਿਸੇ ਨਾਲ) ਧੋਖਾ, (ਇਨ੍ਹਾਂ ਸਭ ਔਗਣਾਂ ਨੂੰ ਮਨ ਤੋਂ ਦੂਰ ਕਰ) ਸਭ ਨੂੰ ਇੱਕ (ਰੱਬ ਦੀ ਪੈਦਾਇਸ਼) ਸਮਝਦੇ ਹਨ। ਇੱਕ ਗੁਰ ਸ਼ਬਦ ਵਿਚ ਹੀ ਤੇ ਉਸ ਵਿਚ ਸਮਾਏ (ਭਾਵ ਮਗਨ) ਰਹਿੰਦੇ ਹਨ। ੭. (ਪਰ ਇਹ ਸਭ) ਗੁਰਮਤ ਦੀਆਂ ਵਡਿਆਈਆਂ ਸਾਧ ਸੰਗਤ ਵਿਚੋਂ ਹੀ ਪ੍ਰਾਪਤ ਹੁੰਦੀਆਂ ਹਨ॥ ੪॥

੫. ਮਲਾਹ ਰੂਪ ਪਰਉਪਕਾਰੀ ਗੁਰਮੁਖ

੧. ਸਾਗਰ ਅੰਦਰਿ ਬੋਹਿਥਾ ਵਿਚਿ ਮੁਹਾਣਾ ਪਰਉਪਕਾਰੀ।
੨. ਭਾਰ ਅਥਰਬਣ ਲਦੀਐ ਲੈ ਵਾਪਾਰੁ ਚੜ੍ਹਨਿ ਵਾਪਾਰੀ।
੩. ਸਾਇਰ ਲਹਰ ਨ ਵਿਆਪਈ ਅਤਿ ਅਸਗਾਹ ਅਥਾਹ ਅਪਾਰੀ।
੪. ਬਾਹਲੇ ਪੂਰ ਲੰਘਾਇਦਾ ਸਹੀ ਸਲਾਮਤਿ ਪਾਰਿ ਉਤਾਰੀ।
੫. ਦੂਣੇ ਚਉਣੇ ਦੰਮ ਹੋਨ ਲਾਹਾ ਲੈ ਲੈ ਕਾਜ ਸਵਾਰੀ।
੬. ਗੁਰਮੁਖ ਸੁਖ ਫਲੁ ਸਾਧ ਸੰਗਿ ਭਵਜਲ ਅੰਦਰ ਦੁਤਰੁ ਤਾਰੀ।
੭. ਜੀਵਨ ਮੁਕਤਿ ਜੁਗਤਿ ਨਿਰੰਕਾਰੀ॥ ੫॥

ਪਦ ਅਰਥ - ਬੋਹਿਥਾ=ਜਹਾਜ਼। ਮੁਹਾਣਾ=ਮਲਾਹ। ਅਥਰਬਣ=ਬੇਅੰਤ। ਸਾਇਰ=ਸਾਗਰ। ਪੂਰ=ਜਿੰਨੇ ਵੀ ਵੱਧ ਤੋਂ ਵੱਧ ਜਹਾਜ਼ ਵਿਚ ਚੜ੍ਹ ਸਕਣ।

ਅਰਥ - ੧. ਸਮੁੰਦਰ ਵਿਚ ਜਹਾਜ਼ (ਚਲ ਰਿਹਾ) ਹੈ, ਜਿਸ ਵਿਚ ਮੁਹਾਣਾ (ਜਹਾਜ਼ ਨੂੰ ਚਲਾਣ ਵਾਲਾ ਵੱਡੇ) ਪਰਉਪਕਾਰੀ (ਖਿਆਲਾਂ ਵਾਲਾ) ਹੈ। ੨. ਬੇਅੰਤ ਭਾਰ ਲੱਦਿਆ ਹੁੰਦਾ ਹੈ, (ਜੋ ਵਪਾਰੀ) ਲੋਕ ਵਪਾਰ ਕਰਨ ਲਈ ਨਾਲ ਲੈ ਕੇ ਚੜ੍ਹਦੇ ਹਨ। ੩. (ਜਹਾਜ਼ ਵਿਚ ਬੈਠਿਆਂ ਨੂੰ) ਅਥਾਹ ਸਮੁੰਦਰ ਦੀਆਂ ਲਹਿਰਾਂ ਦਾ ਕੋਈ ਦੁੱਖ ਨਹੀਂ ਹੁੰਦਾ, ਭਾਵੇਂ ਸਮੁੰਦਰ ਕਿੰਨਾ ਹੀ ਡੂੰਘਾ, ਲੰਮਾ ਤੇ ਚੌੜਾਈ ਵਾਲਾ ਹੁੰਦਾ ਹੈ। ੪. (ਜਹਾਜ਼ ਦਾ ਪਰਉਪਕਾਰੀ ਤੇ ਸਿਆਣਾ ਮਲਾਹ) ਕਿੰਨੇ ਹੀ (ਮੁਸਾਫਰਾਂ ਦੇ) ਪੂਰ ਭਰ (ਸਮੁੰਦਰ ਦੀਆਂ ਲਹਿਰਾਂ ਵਿਚੋਂ ਲੰਘ) ਸਹੀ ਸਲਾਮਤ (ਠੀਕ ਠਾਕ) ਸਭ ਨੂੰ (ਪਰਲੇ ਕਿਨਾਰੇ) ਪਹੁੰਚਾ ਦਿੰਦਾ ਹੈ। ੫. ਵਪਾਰੀ ਲੋਕ (ਆਪਣਾ ਮਾਲ ਵੇਚ ਕੇ) ਦੂਣਾ ਚਉਣਾ ਨਫਾ ਲੈ ਲੈ ਕੇ, (ਵਾਪਸ ਆ ਕੇ) ਫਿਰ ਆਪਣੇ (ਨਿਜੀ) ਕੰਮਾਂ ਕਾਜਾਂ ਨੂੰ ਸੁਆਰਦੇ ਹਨ। ੬. ਗੁਰਮੁਖਾਂ ਦਾ ਸੁਖ ਫਲ (ਜਹਾਜ਼-ਸਾਧ ਸੰਗਤ ਹੀ) ਹੈ, ਜਿਸ ਵਿਚ (ਸੰਸਾਰੀ ਲੋਕਾਂ ਨੂੰ ਬਿਠਾ, ਗੁਰੂ-ਸ਼ਬਦ ਦੇ ਸਹਾਰੇ) ਇਸ ਔਖੇ ਸਮੁੰਦਰ (ਭਵਜਲ) ਤੋਂ ਤਾਰ ਕੇ ਪਾਰ ਲਗਾ ਦੇਂਦੇ ਹਨ। ੭. ਗੁਰਮੁਖ ਜੀਵਨ ਮੁਕਤ ਹੋ, ਨਿਰੰਕਾਰੀ ਸਤਿਗੁਰੂ ਦੀ ਦੱਸੀ ਹੋਈ ਤਤ੍ਵ-ਗਿਆਨ) ਜੁਗਤੀ-ਨਾਲ (ਨਾਮ ਰੂਪੀ ਜਹਾਜ਼ ਦੇ) ਮਲਾਹ ਬਣਦੇ ਹਨ॥ ੫॥

੬. ਗੁਰਮੁਖ ਬਾਵਨ ਚੰਦਨ ਰੂਪ ਹੈ

੧. ਬਾਵਨ ਚੰਦਨ ਬਿਰਖੁ ਹੋਇ ਵਣਖੰਡ ਅੰਦਰਿ ਵਸੈ ਉਜਾੜੀ।
੨. ਪਾਸਿ ਨਿਵਾਸੁ ਵਣਾਸਪਤਿ ਨਿਹਚਲੁ ਲਾਇ ਉਰਧ ਤਪ ਤਾੜੀ।
੩. ਪਵਨ ਗਵਨ ਸਨਬੰਧੁ ਕਰਿ ਗੰਧ ਸੁਗੰਧ ਉਲਾਸ ਉਘਾੜੀ।
੪. ਅਫਲ ਸਫਲ ਸਮਦਰਸ ਹੋਇ ਕਰੇ ਵਣਸਪਤਿ ਚੰਦਨ ਵਾੜੀ।
੫. ਗੁਰਮੁਖਿ ਸੁਖ ਫਲੁ ਸਾਧ ਸੰਗੁ ਪਤਿਤ ਪੁਨੀਤ ਕਰੈ ਦੇਹਾੜੀ।
੬. ਅਉਗੁਣ ਕੀਤੇ ਗੁਣ ਕਰੈ ਕਚ ਪਕਾਈ ਉਪਰਿ ਵਾੜੀ।
੭. ਨੀਰੁ ਨ ਡੋਬੈ ਅਗਿ ਨ ਸਾੜੀ ॥ ੬ ॥

ਪਦ ਅਰਥ - ਵਣ ਖੰਡ=ਬਣ (ਜੰਗਲ)। ਤਾੜੀ=ਸਮਾਧੀ। ਉਲਾਸ=ਖੁਸ਼ ਹੋ ਕੇ। ਉਘਾੜੀ=ਪ੍ਰਗਟ ਕਰ ਦਿੱਤੀ। ਦੇਹਾੜੀ=ਇਕੋ ਦਿਨ, ਭਾਵ ਤੁਰੰਤ।

ਅਰਥ - ੧. ਬਵੰਜਾ ਉਂਗਲ ਉੱਚਾ ਹੋ ਕੇ ਚੰਦਨ ਦਾ ਰੁਖ, ਉਜਾੜ ਬੀਆਬਾਨ ਜੰਗਲ ਵਿਚ ਪੈਦਾ ਹੁੰਦਾ ਹੈ। ੨. (ਉਸ ਦੇ) ਆਸ ਪਾਸ ਜਿੰਨੀ ਵਣਾਸਪਤੀ (ਵਣ ਤ੍ਰਿਣ ਤੇ ਦਰਖ਼ਤ) ਹਨ, ਉਨ੍ਹਾਂ ਵਿਚ ਟਿਕ ਕੇ ਉਰਧ (ਘੋਰ ਤਪ ਤੇ ਤਾੜੀ (ਸਮਾਧੀ) ਲਾਉਂਦਾ ਹੈ। ੩. ਹਵਾ ਦੇ ਇਧਰ ਉਧਰ ਚਲਣ ਦੇ ਸੰਬੰਧ ਨਾਲ (ਚੰਦਨ ਆਪਣੀ) ਮਹਿਕ ਦੀ ਸੁਗੰਧਤਾ ਖੁਸ਼ੀ ਖੁਸ਼ੀ ਏਧਰ ਓਧਰ ਭੇਜ ਕੇ ਸੁਗੰਧਤਾ ਨੂੰ ਪ੍ਰਗਟ ਕਰ ਦੇਂਦਾ ਹੈ। ੪. ਅਫਲ ਹੋਵੇ ਜਾਂ ਸਫਲ (ਫਲ ਵਾਲਾ ਜਾਂ ਫਲ ਤੋਂ ਬਗੈਰ) ਸਭ ਨੂੰ ਇਕੋ ਜੇਹੀ ਸਮਦਰਸ਼ੀ, (ਇਕੋ ਭਾਵਨਾ) ਨਾਲ ਸੁਗੰਧੀ ਬਖਸ਼ ਕੇ ਆਲੇ ਦੁਆਲੇ ਚੰਦਨ ਦੀ ਵਾੜੀ (ਬਗੀਚਾ) ਬਣਾ ਦੇਂਦਾ ਹੈ। ੫. ਗੁਰਮੁਖਾਂ ਦਾ ਸੁਖ ਫਲ ਸਾਧ ਸੰਗਤ ਵੀ ਚੰਦਨ ਵਾਂਗ ਝਟ ਹੀ ਸੁਗੰਧੀ ਕਰ ਦੇਣ ਦੇ ਦ੍ਰਿਸ਼ਟਾਂਤ ਅਨੁਸਾਰ, ਪਤਿਤਾਂ ਤੇ ਪਾਪੀਆਂ ਨੂੰ (ਸਾਧ ਸੰਗਤ ਦੇ ਦ੍ਰਿੜ੍ਹ ਕਰਾਏ ਗੁਰ-ਉਪਦੇਸ਼ਾਂ ਦੇ ਸਿਧਾਂਤਾਂ ਨਾਲ) ਪਵਿੱਤ੍ਰ ਕਰ ਦੇਂਦਾ ਹੈ। ੬. (ਗੁਰਮੁਖ) ਔਗੁਣਾਂ ਵਾਲਿਆਂ ਨਾਲ ਗੁਣ ਕਰਦੇ, (ਤੇ ਇਉਂ) ਕੱਚੀ ਬੁਧੀ ਨੂੰ (ਦ੍ਰਿੜ੍ਹ) ਕਰਾ ਕੇ, ਸਾਧ ਸੰਗਤ (ਵਾੜੀ) ਵਿਚ ਲਿਆ ਕੇ ਪੱਕੀ (ਸਹਿਨਸ਼ੀਲਤਾ ਵਾਲਾ ਕਰ ਦਿੰਦੇ ਹਨ)। ੭. ਐਨਾ ਦ੍ਰਿੜ੍ਹ ਕਰ ਦਿੰਦੇ ਹਨ ਕਿ ਜਿਸ ਨੂੰ ਨਾ ਪਾਣੀ ਡੋਬਦਾ ਹੈ ਤੇ ਨਾ ਅੱਗ ਹੀ ਸਾੜ ਸਕਦੀ ਹੈ॥ ੬ ॥

੭. ਗੁਰਮੁਖ ਸੂਰਜ ਦੀ ਨਿਆਈਂ ਪਰਉਪਕਾਰੀ

੧. ਰਾਤਿ ਅਨ੍ਹੇਰੀ ਅੰਧਕਾਰੁ ਲਖ ਕਰੋੜੀ ਚਮਕਨ ਤਾਰੇ।
੨. ਘਰ ਘਰ ਦੀਵੇ ਬਾਲੀਅਨਿ ਪਰ ਘਰ ਤਕਨਿ ਚੋਰ ਚਕਾਰੇ।
੩. ਹਟ ਪਟਣ ਘਰਬਾਰੀਆ ਦੇ ਦੇ ਤਾਕ ਸਵਨਿ ਨਰ ਨਾਰੇ।

੪. ਸੂਰਜ ਜੋਤਿ ਉਦੋਤੁ ਕਰਿ ਤਾਰੇ ਰਾਤਿ ਅਨ੍ਹੇਰ ਨਿਵਾਰੇ।
੫. ਬੰਧਨ ਮੁਕਤਿ ਕਰਾਇਦਾ ਨਾਮੁ ਦਾਨੁ ਇਸਨਾਨੁ ਵਿਚਾਰੇ।
੬. ਗੁਰਮੁਖਿ ਸੁਖ ਫਲੁ ਸਾਧਸੰਗੁ ਪਸੂ ਪਰੇਤ ਪਤਿਤ ਨਿਸਤਾਰੇ।
੭. ਪਰਉਪਕਾਰੀ ਗੁਰੂ ਪਿਆਰੇ॥ ੭॥

ਪਦ ਅਰਥ- ਚੋਰ ਚਕਾਰੇ=ਚੋਰ ਉਚੱਕੇ। ਨਰ ਨਾਰੇ=ਮਨੁਖ ਤੇ ਇਸਤ੍ਰੀਆਂ। ਉਦੋਤੁ=ਚੜ੍ਹਦੇ ਹੀ। ਹਟ ਪਟਣ=ਦੁਕਾਨਦਾਰ।

ਅਰਥ- ੧. ਅਨ੍ਹੇਰੀ ਰਾਤ ਸਮੇਂ ਲੱਖਾਂ ਤੇ ਕਰੋੜਾਂ ਹੀ ਤਾਰੇ (ਆਕਾਸ਼ ਵਿਚ) ਚਮਕਦੇ ਹਨ। ੨. ਘਰਾਂ ਘਰਾਂ ਵਿਚ ਦੀਵੇ ਬਾਲ ਕੇ ਚਾਨਣ ਕੀਤਾ ਜਾਂਦਾ ਹੈ, (ਕਿਉਂਕਿ) ਚੋਰ ਉਚੱਕੇ ਘਰ ਘਰ ਤੱਕਦੇ (ਫਿਰਦੇ ਹਨ ਕਿ ਕਿਤੇ ਦਾਅ ਲੱਗ ਜਾਏ)। ੩. ਦੁਕਾਨਾਂ ਵਾਲੇ ਸ਼ਹਿਰ ਵਿਚ ਤੇ ਘਰਾਂ ਵਿਚ, ਘਰਾਂ ਵਾਲੇ ਬੂਹੇ ਮਾਰ ਮਾਰ ਕੇ ਇਸਤ੍ਰੀਆਂ ਤੇ ਪੁਰਸ਼ ਸੌਂਦੇ ਹਨ। ੪. (ਪਰ ਜਿਸ ਵੇਲੇ ਰਾਤ ਮੁਕਣ 'ਤੇ) ਸੂਰਜ ਚੜ੍ਹਦਾ ਹੈ ਤਾਂ (ਆਪਣੇ ਚਾਨਣੇ ਨਾਲ) ਤਾਰਿਆਂ ਨੂੰ ਲੁਕਾ ਕੇ ਰਾਤ ਦਾ ਹਨੇਰਾ ਖਤਮ ਕਰ ਦਿੰਦਾ ਹੈ। ੫. (ਹਨੇਰੇ ਤੋਂ ਡਰ ਕੇ ਘਰ ਵਿਚ ਬੰਦ ਹੋਏ ਲੋਕਾਂ ਨੂੰ) ਬੰਧਨਾਂ ਤੋਂ ਛੁਡਾਉਂਦਾ ਹੈ ਤੇ ਨਾਮ, ਦਾਨ ਤੇ ਇਸ਼ਨਾਨ ਕਰਨ ਦਾ ਸਮਾਂ ਵਿਚਾਰੇ (ਲੋਕਾਂ ਨੂੰ) ਦਿੰਦਾ ਹੈ। ੬. (ਇਸੇ ਤਰ੍ਹਾਂ) ਗੁਰਮੁਖ ਦਾ ਸੁਖ ਫਲ ਸਾਧੂ ਦਾ ਸੰਗ ਹੈ, (ਜਿਸ ਨਾਲ) ਉਹ ਪਸ਼ੂ, ਪਰੇਤ ਵਰਗੇ ਪਤਿਤ (ਭੁਲੜਾਂ) ਨੂੰ ਸਿੱਧੇ ਰਸਤੇ ਲਾ ਕੇ ਮੁਕਤ (ਨਿਸਤਾਰਾ) ਕਰਦਾ ਹੈ। ੭. ਸੋ ਗੁਰੂ ਪਿਆਰੇ (ਗੁਰਮੁਖ) ਵੱਡੇ ਪਰਉਪਕਾਰੀ ਹਨ॥ ੭॥

੮. ਸਾਧ ਸੰਗਤ ਮਾਨ ਸਰੋਵਰ ਹੈ

੧. ਮਾਨ ਸਰੋਵਰੁ ਆਖੀਐ ਉਪਰਿ ਹੰਸ ਸੁਵੰਸ ਵਸੰਦੇ।
੨. ਮੋਤੀ ਮਾਣਕ ਮਾਨਸਰਿ ਚੁਣਿ ਚੁਣਿ ਹੰਸ ਅਮੋਲ ਚੁਗੰਦੇ।
੩. ਖੀਰੁ ਨੀਰੁ ਨਿਰਵਾਰਦੇ ਲਹਰੀਂ ਅੰਦਰਿ ਫਿਰਨਿ ਤਰੰਦੇ।
੪. ਮਾਨ ਸਰੋਵਰੁ ਛਡਿ ਕੈ ਹੋਰਤੁ ਥਾਇ ਨ ਜਾਇ ਬਹੰਦੇ।
੫. ਗੁਰਮੁਖਿ ਸੁਖ ਫਲੁ ਸਾਧਸੰਗੁ ਪਰਮ ਹੰਸ ਗੁਰਸਿਖ ਸੁਹੰਦੇ।
੬. ਇਕ ਮਨਿ ਇਕੁ ਧਿਆਇਦੇ ਦੂਜੈ ਭਾਇ ਨ ਜਾਇ ਫਿਰੰਦੇ।
੭. ਸਬਦੁ ਸੁਰਤਿ ਲਿਵ ਅਲਖੁ ਲਖੰਦੇ॥ ੮॥

ਪਦ ਅਰਥ - ਸੁਵੰਸ=ਉੱਤਮ ਵੰਸ, ਹੰਸ ਰੂਪ ਸੰਤ। ਖੀਰੁ ਨੀਰੁ=ਦੁੱਧ ਪਾਣੀ। ਲਹਰੀਂ ਅੰਦਰਿ=ਮਾਨ ਸਰੋਵਰ ਦੀਆਂ ਲਹਿਰਾਂ (ਤਰੰਗਾਂ) ਵਿਚ। ਸੁਹੰਦੇ=ਸ਼ੋਭਦੇ।

ਅਰਥ - ੧. ਜਿਸ ਨੂੰ ਮਾਨ ਸਰੋਵਰ ਆਖਦੇ ਹਨ, ਉਥੇ ਚੰਗੀ ਵੰਸ ਵਾਲੇ ਹੰਸਾਂ ਦਾ ਵਾਸਾ ਹੈ।

੨. ਮਾਨਸਰ ਵਿਚ ਮੋਤੀ ਤੇ ਹੀਰੇ ਹੁੰਦੇ ਹਨ। ਹੰਸ ਅਮੋਲਕ ਮੋਤੀ ਹੀਰੇ ਚੁਗਦੇ ਤੇ ਦਾਣਿਆਂ ਵਾਂਗ ਖਾਂਦੇ ਹਨ। (ਉਨ੍ਹਾਂ ਦੀ ਖੁਰਾਕ ਹੀ ਹੀਰੇ ਮੋਤੀ ਹੈ)। ੩. ਦੁੱਧ ਤੇ ਪਾਣੀ ਦਾ (ਹੰਸ) ਨਿਖੇੜਾ ਕਰਦੇ ਹਨ। ਉਹ ਮਾਨ ਸਰੋਵਰ ਦੇ ਲਹਿਰਾਂ ਮਾਰਦੇ ਪਾਣੀ ਵਿਚ ਤਰਦੇ ਰਹਿੰਦੇ ਹਨ। ੪. ਇਹ ਮਾਨ ਸਰੋਵਰ ਨੂੰ ਛੱਡ ਕੇ, ਹੋਰ ਕਿਸੇ ਥਾਂ 'ਤੇ ਜਾ ਕੇ ਨਹੀਂ ਬੈਠਦੇ। ੫. (ਇਸੇ ਤਰ੍ਹਾਂ) ਸਾਧ ਸੰਗਤ ਸੁਖਾਂ ਦਾ ਫਲ ਗੁਰਮੁਖਾਂ ਲਈ ਮਾਨ ਸਰੋਵਰ ਹੈ, ਜਿਥੇ ਪਰਮ ਹੰਸ ਗੁਰੂ ਦੇ ਸਿੱਖ ਬੈਠ ਕੇ ਸ਼ੋਭਾ ਪਾਉਂਦੇ ਹਨ। ੬. ਇੱਕ ਮਨ ਹੋ, ਇੱਕੋ ਪ੍ਰਭੂ ਦੀ ਅਰਾਧਨਾ ਕਰਦੇ ਹਨ, ਅਤੇ ਦੂਜੇ ਭਾਵ ਦੇ (ਭਰਮਾਂ ਵਿਚ ਫਸ) ਕਿਸੇ ਹੋਰ ਦੂਜੇ ਪਾਸੇ ਜਾਂਦੇ ਨਹੀਂ, ਨਾ ਫੇਰਾ ਹੀ ਪਾਉਂਦੇ ਹਨ। ੭. ਸ਼ਬਦ ਨੂੰ ਸੁਰਤੀ ਵਿਚ ਜੋੜ ਕੇ ਅਲਖ (ਪ੍ਰਭੂ) ਵਿਚ ਲਿਵ ਜੋੜਦੇ ਤੇ ਉਸੇ ਦੇ ਹੀ ਦਰਸ਼ਨ ਕਰਦੇ ਹਨ॥ ੮॥

੯. ਪਾਰਸ ਰੂਪ ਗੁਰਮੁਖ ਦੀ ਮਹਿਮਾ

੧. ਪਾਰਸੁ ਪਥਰੁ ਆਖੀਐ ਲੁਕਿਆ ਰਹੈ ਨ ਆਪੁ ਜਣਾਏ।
੨. ਵਿਰਲਾ ਕੋਇ ਸਿਞਾਣਦਾ ਖੋਜੀ ਖੋਜਿ ਲਏ ਸੋ ਪਾਏ।
੩. ਪਾਰਸੁ ਪਰਸਿ ਅਪਰਸੁ ਹੋਇ ਅਸਟ ਧਾਤੁ ਇਕ ਧਾਤੁ ਕਰਾਏ।
੪. ਬਾਰਹ ਵੰਨੀ ਹੋਇ ਕੈ ਕੰਚਨੁ ਮੁਲਿ ਅਮੁਲਿ ਵਿਕਾਏ।
੫. ਗੁਰਮੁਖਿ ਸੁਖਫਲ ਸਾਧਸੰਗੁ ਸਬਦ ਸੁਰਤਿ ਲਿਵ ਅਘੜ ਘੜਾਏ।
੬. ਚਰਣਿ ਸਰਣਿ ਲਿਵ ਲੀਣੁ ਹੋਇ ਸੈਂਸਾਰੀ ਨਿਰੰਕਾਰੀ ਭਾਏ।
੭. ਘਰਿ ਬਾਰੀ ਹੋਇ ਨਿਜ ਘਰਿ ਜਾਏ॥ ੯॥

ਪਦ ਅਰਥ - ਖੋਜੀ=ਖੋਜ ਕਰਨ ਵਾਲਾ, ਰਸਾਇਣੀ। ਅਪਰਸੁ=ਵਿਗੜੀ ਧਾਤ। ਬਾਰਹ ਵੰਨੀ=ਸ਼ੁੱਧ। ਅਘੜ=ਨਾ ਘੜਿਆ ਹੋਇਆ। ਘਰਿਬਾਰੀ=ਗ੍ਰਿਹਸਥੀ।

ਅਰਥ - ੧. ਪਾਰਸ ਪੱਥਰ (ਦਾ ਗੀਟਾ) ਆਖੀਦਾ ਹੈ, (ਪੱਥਰਾਂ ਵਿਚ ਹੀ) ਲੁਕਿਆ ਰਹਿੰਦਾ ਹੈ, ਆਪਣਾ ਆਪ ਪ੍ਰਗਟ ਨਹੀਂ ਕਰਦਾ। ੨. ਪਰ ਕੋਈ ਵਿਰਲਾ (ਪਾਰਖੂ) ਪਛਾਣ ਲੈਂਦਾ ਹੈ, ਖੋਜੀ ਬਣ ਕੇ ਜੋ ਲੱਭਣ ਲੱਗੇ, ਉਸੇ ਨੂੰ ਹੀ ਮਿਲਦਾ ਹੈ। ੩. ਪਾਰਸ ਨੂੰ ਛੁਹ ਕੇ ਅਪਰਸ (ਨਾ ਪਰਸੇ ਜਾਣ ਦੇ ਯੋਗ) ਵੀ ਜੇ ਕੋਈ ਹੋਵੇ, ਤਾਂ ਉਹ ਵੀ ਪਾਰਸ ਨਾਲ ਪਰਸ ਕੇ ਇਕੋ ਧਾਤ (ਭਾਵ ਸੋਨਾ) ਹੀ ਬਣ ਜਾਂਦੀ ਹੈ। ੪. ਬਾਰਹ ਵੰਨੀ ਦਾ ਸ਼ੁੱਧ ਸੋਨਾ ਬਣ ਕੇ, ਸੋਨੇ ਦੇ ਮੁੱਲ ਤੋਂ ਵੀ ਅਮੁੱਲ ਹੋ ਕੇ ਵਿਕਦਾ ਹੈ। ੫. ਗੁਰਮੁਖ ਨੂੰ ਸਾਧ ਸੰਗਤ ਰੂਪ ਸੁਖ ਫਲ ਪ੍ਰਾਪਤ ਹੁੰਦਾ ਹੈ, ਜਿਥੇ ਉਹ ਸ਼ਬਦ ਨੂੰ ਸੁਰਤ ਵਿਚ ਲਿਆ ਕੇ ਲਿਵ ਲਾਉਣ ਨਾਲ ਅਘੜ (ਬੇਘੜ) ਵੀ ਘੜਿਆ ਜਾਂਦਾ ਹੈ। (ਵਸ ਵਿਚ ਨਾ ਆ ਸਕਣ ਵਾਲਾ, ਪ੍ਰਭੂ ਵਿਚ ਹੋ ਜਾਂਦਾ ਹੈ)। ੬. (ਪਰਮੇਸ਼ਰ ਦੇ) ਚਰਣਾਂ ਦੀ ਸ਼ਰਨ ਵਿਚ ਲਿਵਲੀਨ ਹੋਣ ਵਾਲਾ, ਸੰਸਾਰੀ ਵਰਤੋਂ ਵਿਹਾਰ ਵਿਚ ਰਹਿੰਦਾ ਵੀ ਨਿਰੰਕਾਰ ਨੂੰ ਚੰਗਾ ਲੱਗ ਜਾਂਦਾ ਹੈ। ੭. ਉਹ ਗ੍ਰਿਹਸਥੀ ਹੁੰਦਾ ਵੀ (ਆਪਣੇ) ਨਿਜ ਘਰ (ਸ੍ਵੈ-ਸਰੂਪ) ਵਿਚ ਜਾ ਪੁੱਜਦਾ ਹੈ॥ ੯॥

੧੦. ਗੁਰਮੁਖਾਂ ਦੀ ਅਕੱਥ ਕਥਾ ਹੈ

੧. ਚਿੰਤਾਮਣਿ ਚਿੰਤਾ ਹਰੈ ਕਾਮਧੇਨੁ ਕਾਮਨਾ ਪੁਜਾਏ।
੨. ਫਲ ਫੁਲਿ ਦੇਂਦਾ ਪਾਰਜਾਤੁ ਰਿਧਿ ਸਿਧਿ ਨਵ ਨਾਥ ਲੁਭਾਏ।
੩. ਦਸ ਅਵਤਾਰ ਅਕਾਰ ਕਰਿ ਪੁਰਖਾਰਥ ਕਰਿ ਨਾਂਵ ਗਣਾਏ।
੪. ਗੁਰਮੁਖਿ ਸੁਖ ਫਲੁ ਸਾਧਸੰਗੁ ਚਾਰਿ ਪਦਾਰਥ ਸੇਵਾ ਲਾਏ।
੫. ਸਬਦੁ ਸੁਰਤਿ ਲਿਵ ਪਿਰਮ ਰਸੁ ਅਕਥ ਕਹਾਣੀ ਕਥੀ ਨ ਜਾਏ।
੬. ਪਾਰਬ੍ਰਹਮ ਪੂਰਨ ਬ੍ਰਹਮ ਭਗਤਿ ਵਛਲ ਹੁਇ ਅਛਲ ਛਲਾਏ।
੭. ਲੇਖ ਅਲੇਖ ਨ ਕੀਮਤਿ ਪਾਏ॥ ੧੦॥

ਪਦ ਅਰਥ - ਚਿੰਤਾ=ਮਨ ਦਾ ਸੋਗ। ਕਾਮਧੇਨੁ=ਚਿੱਤ ਦੀ ਇੱਛਾ। ਫਲ ਫੁਲਿ=ਫਲ ਖਾਣ ਵਾਲੇ, ਫੁੱਲ ਖੁਸ਼ਬੋ ਵਾਲੇ। ਪੁਰਖਾਰਥ=ਤਾਕਤ ਦਿਖਾ ਕੇ। ਅਛਲ ਛਲਾਏ=ਨਾ ਛਲੇ ਜਾਣ ਵਾਲਾ ਹੋ ਕੇ ਵੀ ਆਪੇ ਹੀ ਛਲਿਆ ਜਾਂਦਾ ਹੈ।

ਅਰਥ - ੧. ਚਿੰਤਾਮਣੀ ਚਿੰਤਾ ਹਟਾਉਂਦੀ ਹੈ ਤੇ ਕਾਮਧੇਨੁ ਕਾਮਨਾ ਪੂਰਨ ਕਰਦੀ ਹੈ। ੨. ਕਲਪ ਬ੍ਰਿਛ ਆਪਣੇ ਫਲ ਜਾਂ ਫੁੱਲ ਹੀ ਦੇਂਦਾ ਹੈ ਅਤੇ ਨੌਂ ਨਾਥ (ਆਪ ਹੀ ਖੁਦ) ਰਿੱਧੀਆਂ, ਸਿੱਧੀਆਂ ਤੇ ਨਿੱਧੀਆਂ ਦੇ ਲੋਭ ਵਿਚ ਲੁਭਾਏ ਗਏ ਹਨ। (ਸੇਵਕਾਂ ਦਾ ਉਨ੍ਹਾਂ ਕੀ ਸਵਾਰਨਾ ਹੈ ਤੇ ਕੀ ਦੇਣਾ ਹੈ ?) ੩. ਦਸ ਅਵਤਾਰਾਂ ਨੇ ਜਨਮ ਪ੍ਰਾਪਤ ਕਰਕੇ, ਰੂਪ ਧਾਰ ਕੇ, ਪੁਰਖਾਰਥ (ਵਡੇ ਵਡੇ ਕੰਮ) ਕੀਤੇ, ਪਰ ਸਭ ਕੁਝ ਕਰਕੇ ਇਹੀ ਕਿਹਾ—(ਇਹ ਮੈਂ ਹੀ ਕੀਤੇ ਹਨ) ਭਾਵ ਆਪਣਾ ਆਪ ਹੀ ਗਿਣਾਇਆ ਹੈ। ੪. ਗੁਰਮੁਖ ਨੂੰ ਸਾਧ ਸੰਗ ਦਾ ਸੁਖ ਫਲ ਇਹ ਮਿਲਦਾ ਹੈ ਕਿ (ਪਰਮੇਸ਼ਰ ਨੇ) ਚਾਰੇ ਪਦਾਰਥ (ਧਰਮ, ਅਰਥ, ਕਾਮ ਤੇ ਮੋਖਸ਼) ਉਨ੍ਹਾਂ ਦੀ ਸੇਵਾ 'ਤੇ ਲਾ ਦਿੱਤੇ ਹਨ। ੫. ਗੁਰਮੁਖ ਸ਼ਬਦ ਨੂੰ ਸੁਰਤ ਵਿਚ ਲਿਵ ਲਾ ਕੇ ਪ੍ਰੇਮ ਰਸ ਨੂੰ ਪੀਂਦੇ ਹਨ, ਜਿਸ ਦੀ ਅਕੱਥ ਕਥਾ ਕਹੀ ਨਹੀਂ ਜਾਂਦੀ। ੬. ਪਾਰਬ੍ਰਹਮ (ਪਰਮੇਸ਼ਰ) ਪੂਰਨ ਤੌਰ 'ਤੇ ਸਾਰੇ ਬ੍ਰਹਮੰਡ ਵਿਚ ਵਿਆਪਕ ਹੈ, ਭਗਤ ਵਛਲ ਹੋਣ ਦੇ ਨਾਤੇ ਆਪਣੇ ਭਗਤਾਂ ਕੋਲੋਂ ਛਲਿਆ, ਭਾਵ ਉਨ੍ਹਾਂ ਦੇ ਵਸ ਹੋ ਜਾਂਦਾ ਹੈ। ੭. (ਇਸ ਲਈ ਗੁਰਮੁਖ) ਲੇਖੇ ਤੋਂ ਅਲੇਖ ਹਨ, ਉਨ੍ਹਾਂ ਦੀ ਕੀਮਤ ਕੋਈ ਨਹੀਂ ਪਾ ਸਕਦਾ॥ ੧੦॥

੧੧. ਕਾਦਰ ਦੀ ਅਥਾਹ ਕੁਦਰਤ

੧. ਇਕੁ ਕਵਾਉ ਪਸਾਉ ਕਰਿ ਨਿਰੰਕਾਰਿ ਆਕਾਰੁ ਬਣਾਇਆ।
੨. ਤੋਲਿ ਅਤੋਲੁ ਨ ਤੋਲੀਐ ਤੁਲਿ ਨ ਤੁਲਾਧਾਰਿ ਤੋਲਾਇਆ।
੩. ਲੇਖ ਅਲੇਖੁ ਨ ਲਿਖੀਐ ਅੰਗੁ ਨ ਅਖਰੁ ਲੇਖ ਲਿਖਾਇਆ।

੪. ਮੁਲਿ ਅਮੁਲੁ ਨ ਮੋਲੀਐ ਲਖੁ ਪਦਾਰਥ ਲਵੈ ਨ ਲਾਇਆ।
੫. ਬੋਲਿ ਅਬੋਲੁ ਨ ਬੋਲੀਐ ਸੁਣਿ ਸੁਣਿ ਆਖਣੁ ਆਖਿ ਸੁਣਾਇਆ।
੬. ਅਗਮੁ ਅਥਾਹੁ ਅਗਾਧਿ ਬੋਧ ਅੰਤੁ ਨ ਪਾਰਾਵਾਰੁ ਨ ਪਾਇਆ।
੭. ਕੁਦਰਤਿ ਕੀਮ ਨ ਜਾਣੀਐ ਕੇਵਡੁ ਕਾਦਰੁ ਕਿਤੁ ਘਰਿ ਆਇਆ।
੮. ਗੁਰਮੁਖਿ ਸੁਖਫਲੁ ਸਾਧਸੰਗੁ ਸਬਦੁ ਸੁਰਤਿ ਲਿਵ ਅਲਖ ਲਖਾਇਆ।
੯. ਪਿਰਮ ਪਿਆਲਾ ਅਜਰੁ ਜਰਾਇਆ ॥ ੧੧ ॥

ਪਦ ਅਰਥ - ਕਵਾਉ=ਬਚਨ। ਆਕਾਰੁ=ਰੂਪਮਾਨ ਸੂਰਤ, ਸ਼ਕਲ। ਤੁਲਾਧਾਰਿ=ਤੋਲਣ ਵਾਲਾ ਤੱਕੜ। ਲਵੈ=ਨੇੜੇ। ਕੀਮ=ਕੀਮਤ। ਕਿਤੁ=ਕਿਹੜੇ। ਪਿਰਮ ਪਿਆਲਾ=ਪ੍ਰੇਮ-ਰਸ ਦਾ ਪਿਆਲਾ। ਬੋਲਿ ਅਬੋਲੁ=ਜਿਸ ਨੂੰ ਬੋਲ ਕੇ ਦੱਸਿਆ ਨਾ ਜਾ ਸਕੇ।

ਅਰਥ - ੧. ਪ੍ਰਭੂ ਨੇ ਇਕੋ ਵਾਕ ਕਹਿ ਕੇ ਇਹ ਕੁਦਰਤ ਦਾ ਸਾਰਾ ਪਸਾਰਾ ਕਰ ਦਿੱਤਾ। ੨. (ਏਡਾ ਬੇਅੰਤ ਪਸਰਾ ਕਿ) ਜਿਸਨੂੰ ਤੋਲਣ ਤੋਂ ਅਤੋਲ ਸਮਝੋ, ਨਾ ਛੋਟੀ ਤੱਕੜੀ ਨਾ ਵੱਡਾ ਤੱਕੜ ਹੀ ਤੋਲ ਸਕਦਾ ਹੈ। ੩. (ਏਨੇ ਪਸਾਰੇ ਵਾਲਾ ਕਿ) ਜਿਸ ਦਾ ਲੇਖਾ ਵੀ ਅਲੇਖ ਹੈ, ਨਾ ਅੰਗਾਂ (ਹਿੰਦਸਿਆਂ) ਤੇ ਨਾ ਹੀ ਅੱਖਰਾਂ ਵਿਚ ਲਿਖਿਆ ਜਾ ਸਕਦਾ ਹੈ। ੪. ਮੁੱਲ ਵੀ ਨਹੀਂ ਪੈ ਸਕਦਾ, ਅਮੁੱਲ ਹੈ। ਲੱਖਾਂ ਪਦਾਰਥ ਵੀ ਉਸ ਦੀ ਨੇੜਤਾ ਜਾਂ ਬਰਾਬਰੀ ਨਹੀਂ ਕਰ ਸਕਦੇ। ੫. ਬੋਲ ਕੇ ਵੀ ਫਿਰ ਕੀ ਦੱਸੀਏ, (ਜੋ ਲੇਖੇ ਤੇ ਤੋਲ ਵਿਚ ਨਹੀਂ ਆਉਂਦਾ) ਹਾਂ ਸੁਣ ਸੁਣ ਕੇ, ਜਿੰਨਾ ਕੁ ਕਿਸੇ ਦੱਸਿਆ, ਬਸ ਉਹ ਸੁਣਾ ਦਿੱਤਾ। ੬. ਉਹ ਗਮਤਾ ਰਹਿਤ, ਡੂੰਘੇ ਤੋਂ ਡੂੰਘਾ, ਅਥਾਹ, ਅਗਾਧ ਬੋਧ (ਸਮਝ ਤੋਂ ਪਰੇ ਹੈ), ਜਿਸ ਦਾ ਅੰਤ ਤੇ ਪਾਰਾਵਾਰਾ ਨਹੀਂ ਪੈਂਦਾ। ੭. ਪ੍ਰਭੂ ਦੀ ਬਣਾਈ ਕੁਦਰਤ ਦੀ ਕੋਈ ਕੀਮਤ ਨਹੀਂ ਜਾਣ ਸਕਦਾ, ਫਿਰ ਪਰਮੇਸ਼ਰ ਕਿੱਡਾ ਤੇ ਕਿਸ ਘਰੋਂ ਆਇਆ (ਇਹ ਕੌਣ ਜਾਣ ਸਕਦਾ ਹੈ?) ੮. ਗੁਰਮੁਖ ਨੂੰ ਸੁਖ ਫਲ, ਸਾਧ ਸੰਗ ਦਾ ਮਿਲਿਆ, ਜਿਸ ਵਿਚ ਸ਼ਬਦ ਨੂੰ ਸੁਰਤਿ ਵਿਚ ਜੋੜ ਕੇ, (ਲਿਵਲੀਨ ਹੋ, ਉਹੋ ਜਿਹੇ) ਅਲਖ ਪ੍ਰਭੂ ਨੂੰ ਲਖਦਾ, ਭਾਵ ਜਾਣ ਜਾਂਦਾ ਹੈ। ੯. ਉਹ ਇਸ ਪ੍ਰੇਮ ਪਿਆਲੇ ਨੂੰ ਅਜਰ ਕਰਕੇ ਜਰਦਾ ਹੈ (ਐਵੇਂ ਹਉਂ ਹਉਂ ਨਹੀਂ ਕਰਦਾ ਫਿਰਦਾ) ॥ ੧੧ ॥

੧੨. ਸਾਧ ਸੰਗਤ ਰਾਹੀਂ ਹੀ ਸਭ ਕੁਝ ਜਾਣੀਦਾ ਹੈ

੧. ਸਾਦਹੁ ਸਬਦਹੁ ਬਾਹਰਾ ਅਕਥ ਕਥਾ ਕਿਉਂ ਜਿਹਬਾ ਜਾਣੈ।
੨. ਉਸਤਤਿ ਨਿੰਦਾ ਬਾਹਰਾ ਕਥਨੀ ਬਦਨੀ ਵਿਚਿ ਨ ਆਣੈ।
੩. ਗੰਧ ਸਪਰਸੁ ਅਗੋਚਰਾ ਨਾਸ ਮਾਸ ਹੈਰਤਿ ਹੈਰਾਣੈ।
੪. ਵਰਨਹੁ ਚਿਹਨਹੁ ਬਾਹਰਾ ਦਿਸਟਿ ਅਦਿਸਟਿ ਨ ਧਿਆਨੁ ਧਿਙਾਣੈ।

੫. ਨਿਰਾਲੰਬੁ ਅਵਲੰਬ ਵਿਣੁ ਧਰਤਿ ਅਗਾਸਿ ਨਿਵਾਸੁ ਵਿਡਾਣੈ।
੬. ਸਾਧਸੰਗਤਿ ਸਚਖੰਡਿ ਹੈ ਨਿਰੰਕਾਰੁ ਗੁਰ ਸਬਦੁ ਸਿਞਾਣੈ।
੭. ਕੁਦਰਤਿ ਕਾਦਰ ਨੋ ਕੁਰਬਾਣੈ॥ ੧੨ ॥

ਪਦ ਅਰਥ - ਸਾਦਹੁ=ਸੁਆਦ ਰਸ। ਸਬਦਹੁ=ਬਾਣੀ। ਕਥਨੀ ਬਦਨੀ=ਕਥਾ ਤੇ ਕਵਿਤਾ। ਨਾਸ ਸਾਸ=ਨੱਕ ਦੇ ਸਾਹ, ਭਾਵ ਪ੍ਰਾਣ। ਹੈਰਤਿ ਹੈਰਾਣੈ=ਅਕਲ ਦੰਗ ਹੋ ਜਾਣੀ। ਪਿੜਾਣੈ=ਧੱਕੇ ਨਾਲ। ਅਵਲੰਬ=ਆਸਰਾ। ਵਿਡਾਣੈ=ਅਸਚਰਜ ਖੇਲ।

ਅਰਥ - ੧. ਜੀਹਭਾ ਭਲਾ ਉਸ ਅਕੱਥ ਕਥਾ ਦਾ ਕੀ ਹਾਲ ਦੱਸੇ, ਜਿਹੜੀ ਸੁਆਦ ਤੇ ਬੋਲਣ (ਸ਼ਬਦ) ਤੋਂ ਪਰੇ ਹੈ। ੨. ਉਹ ਅਵਸਥਾ ਉਸਤਤੀ ਤੇ ਨਿੰਦਾ ਦੇ ਘੇਰੇ ਤੋਂ ਵੀ ਬਾਹਰ ਹੈ, ਨਾ ਕਥਨ ਤੇ ਨਾ ਕਿਸੇ ਕਵੀਸ਼ਰੀ (ਕਵਿਤਾ) ਵਿਚ ਹੀ ਆ ਸਕਦੀ ਹੈ। ੩. ਓਹ ਦਸ਼ਾ ਤਾਂ ਹੈ ਹੀ ਅਸਚਰਜਤਾ ਤੇ ਹੈਰਾਨੀ ਵਾਲੀ, ਜੋ ਨੱਕ ਦੇ ਸੁੰਘਣ, ਸੁਗੰਧ ਤੇ ਸੁਾਸਾਂ (ਪ੍ਰਾਣਾਂ) ਦੀ ਪਕੜ ਵਿਚ ਨਹੀਂ ਹੈ। ੪. (ਆਤਮਾ ਦੀ ਇਸ ਉੱਚ ਅਵਸਥਾ ਦਾ) ਨਾ ਕੋਈ ਰੰਗ ਹੈ, ਨਾ ਰੂਪ ਹੈ ਤੇ ਅੱਖਾਂ ਦੀ ਨਜ਼ਰ ਵਿਚ ਵੀ ਨਹੀਂ ਆਉਂਦੀ, ਨਾ ਧਿਆਨ (ਲਿਵ) ਵਿਚ ਹੀ ਆਉਂਦੀ ਹੈ। ਜੇ ਜ਼ੋਰ ਲਾ ਕੇ (ਪਿੜਾਣੇ) ਵੇਖਣਾ ਚਾਹੀਏ, ਤਾਂ ਵੀ ਸਫਲਤਾ ਨਹੀਂ ਹੋ ਸਕਦੀ। ੫. (ਉਸ ਸ਼ਕਤੀ ਨੂੰ, ਜੋ ਮਨੁਖੀ ਇੰਦ੍ਰਿਆਂ ਤੋਂ ਅਗੋਚਰ ਹੈ ਤੇ ਕਿੰਨੀ ਅਸਚਰਜਤਾ ਭਰੀ ਹੈ), ਜੋ ਬਿਨਾਂ ਆਸਰੇ ਧਰਤੀ ਵਿਚ ਵੀ ਤੇ ਬਿਨਾਂ ਆਸਰੇ ਹੀ ਖੜੇ ਆਕਾਸ਼ ਵਿਚ ਵੀ ਨਿਰੰਤਰ (ਲਗਾਤਾਰ) ਵਾਸਾ ਕਰ ਰਹੀ ਹੈ ੬. (ਹਾਂ—ਇੱਕ) ਸਾਧ ਸੰਗਤ ਰੂਪ ਸੱਚਖੰਡ ਹੈ, ਜਿਥੇ ਗੁਰ-ਸ਼ਬਦ ਦੀ ਸਹਾਇਤਾ ਨਾਲ (ਇਸ ਅਨੰਤ ਤੇ ਅਥਾਹ) ਪ੍ਰਭੂ ਦੀ ਕੁਝ ਸੋਝੀ ਤੇ ਸਿਞਾਣ ਪ੍ਰਾਪਤ ਹੁੰਦੀ ਹੈ। ੭. ਪ੍ਰਭੂ ਦੀ ਇਸ ਕੁਦਰਤ ਤੋਂ ਅਸੀਂ ਬਲਿਹਾਰੇ ਜਾਂਦੇ ਹਾਂ॥ ੧੨ ॥

੧੩. ਗੁਰਮੁਖ ਦਾ ਸੱਚਾ ਮਾਰਗ

੧. ਗੁਰਮੁਖਿ ਪੰਥੁ ਅਗੰਮ ਹੈ ਜਿਉ ਜਲ ਅੰਦਰਿ ਮੀਨੁ ਚਲੰਦਾ।
੨. ਗੁਰਮੁਖਿ ਖੋਜੁ ਅਲਖੁ ਹੈ ਜਿਉ ਪੰਖੀ ਆਗਾਸ ਉਡੰਦਾ।
੩. ਸਾਧਸੰਗਤਿ ਰਹਰਾਸਿ ਹੈ ਹਰਿ ਚੰਦਉਰੀ ਨਗਰੁ ਵਸੰਦਾ।
੪. ਚਾਰਿ ਵਰਨ ਤੰਬੋਲ ਰਸੁ ਪਿਰਮ ਪਿਆਲੈ ਰੰਗੁ ਚੜੰਦਾ।
੫. ਸਬਦ ਸੁਰਤਿ ਲਿਵ ਲੀਣੁ ਹੋਇ ਚੰਦਨ ਵਾਸ ਨਿਵਾਸ ਕਰੰਦਾ।
੬. ਗਿਆਨੁ ਧਿਆਨੁ ਸਿਮਰਣੁ ਜੁਗਤਿ ਕੂੰਜਿ ਕੁਰਮ ਹੰਸ ਵੰਸ ਵਧੰਦਾ।
੭. ਗੁਰਮੁਖਿ ਸੁਖ ਫਲੁ ਅਲਖ ਲਖੰਦਾ॥ ੧੩ ॥

ਪਦ ਅਰਥ - ਪੰਥੁ=ਰਾਹ। ਰਹਰਾਸਿ=ਸੱਚੀ ਰਹੁਰੀਤੀ (ਧਰਮ ਦਾ ਰਸਤਾ)। ਹਰਿ ਚੰਦਉਰੀ=ਭਰਮ ਤੇ ਸ਼ੰਕਿਆਂ ਦਾ ਨਗਰ। ਤੰਬੋਲ ਰਸੁ=ਪਾਨ ਦਾ ਸੁਆਦ।

ਅਰਥ - ੧. ਗੁਰਮੁਖ ਦਾ ਪੰਥ (ਰਸਤਾ) ਅਗੰਮ (ਅਨੁਭਵੀ) ਹੈ, ਜਿਸ ਦਾ ਅਨੁਭਵ ਕਿਸੇ ਹੋਰ ਨੂੰ ਨਹੀਂ ਹੋ ਸਕਦਾ। ਜਿਵੇਂ ਮੱਛੀ ਪਾਣੀ ਵਿਚ ਵਸਦੀ ਹੈ, (ਉਹ ਪਾਣੀ ਵਿਚ ਜਿਧਰ ਵੀ ਜਾਏ, ਉਹੀ ਉਸ ਦਾ ਰਸਤਾ ਹੈ, ਇਸੇ ਤਰ੍ਹਾਂ ਗੁਰਮੁਖ ਵੀ ਅਨੁਭਵ ਨਾਲ ਜਿਧਰ ਚਾਹੇ ਜਾ ਸਕਦਾ ਹੈ। ੨. ਗੁਰਮੁਖ ਦਾ ਰਸਤਾ ਅਲਖ ਹੈ (ਨਜ਼ਰੀ ਨਹੀਂ ਪੈਂਦਾ, ਕਿਸ ਤਰ੍ਹਾਂ ? ਮਿਸਾਲ ਦਿੰਦੇ ਹਨ) ਜਿਵੇਂ ਪੰਛੀ ਆਕਾਸ਼ ਵਿਚ ਉੱਡਦਾ ਹੈ, (ਖੁਲੇ ਆਕਾਸ਼ ਵਿਚ ਜਿਧਰ ਚਾਹੇ ਉੱਡ ਜਾਂਦਾ ਹੈ, ਪਰ ਉਸ ਦਾ ਨਿਸ਼ਾਨ ਨਹੀਂ ਲੱਭ ਸਕਦਾ)। ੩. ਸਾਧ ਸੰਗਤੀ ਦੀ ਰਹੁਰੀਤੀ ਦਾ ਸੱਚਾ ਮਾਰਗ ਹੈ, (ਬਾਕੀ ਸੰਸਾਰ ਤਾਂ) ਭਰਮ-ਭੁਲੇਖਿਆਂ ਦੀ ਨਗਰੀ ਵਾਂਗ ਵਸ ਰਿਹਾ ਹੈ। ੪. ਚਾਰੇ ਵਰਣਾਂ (ਦੇ ਮੱਤ, ਰਸਤੇ), ਵੱਖੋ ਵੱਖ ਹਨ, (ਜਿਵੇਂ ਪਾਨ ਵਿਚ ਪਏ ਕੱਥਾ, ਸੁਪਾਰੀ ਤੇ ਚੂਨਾ ਆਦਿ ਵੱਖੋ ਵੱਖ ਹਨ, ਪਰ ਮਿਲ ਕੇ) ਇੱਕ ਲਾਲ ਰੰਗ ਬਣਦਾ ਹੈ। (ਪਰ ਗੁਰਮੁਖ ਦੇ) ਪ੍ਰੇਮ ਪਿਆਲੇ ਦੇ ਰਸ ਦਾ ਰੰਗ ਚੜ੍ਹਦੇ ਤੋਂ ਚੜ੍ਹਦਾ ਹੈ (ਜਿਸ ਦੀ ਕੋਈ ਰੀਸ ਨਹੀਂ ਕਰ ਸਕਦਾ)। ੫. (ਗੁਰਮੁਖ) ਸ਼ਬਦ ਤੇ ਸੁਰਤ ਵਿਚ ਲਿਵਲੀਨ (ਮਸਤ) ਹੋ ਜਾਂਦੇ ਹਨ ਤੇ ਚੰਦਨ ਦੀ ਵਾਸ਼ਨਾ ਵਾਂਗ (ਸੁਣਨ ਵਾਲੇ ਸਾਥੀਆਂ, ਸੰਗੀਆਂ ਦੇ ਹਿਰਦੇ ਨੂੰ ਵੀ) ਸੁਗੰਧੀ ਵਾਲਾ ਕਰ ਦਿੰਦੇ ਹਨ। ੬. ਗਿਆਨ, ਧਿਆਨ ਤੇ ਸਿਮਰਨ ਦੀ ਜੁਗਤੀ ਨੂੰ ਇਉਂ ਵਧਾ ਲੈਂਦੇ ਹਨ, (ਜਿਵੇਂ) ਕੂੰਜ, ਕੱਛੂ ਅਤੇ ਹੰਸਾਂ ਵਿਚ ਇਹ ਸ਼ਕਤੀ ਹੁੰਦੀ ਹੈ। (ਕੂੰਜ ਤੇ ਕੱਛੂ ਸਿਮਰਨ ਦੇ ਗਿਆਨ ਧਿਆਨ ਨਾਲ, ਬਿਨਾਂ ਦੁੱਧ ਦੇ ਆਪਣੇ ਬੱਚਿਆਂ ਨੂੰ ਪਾਲ ਲੈਂਦੇ ਹਨ ਤੇ ਹੰਸ ਆਪਣੇ ਧਿਆਨ ਦੇ ਬਲ ਨਾਲ ਦੁੱਧ ਤੇ ਪਾਣੀ ਨੂੰ ਵੱਖੋ ਵੱਖ ਕਰ ਦਿਖਾਉਂਦੇ ਹਨ)। ੭. ਗੁਰਮੁਖ ਦਾ ਸੁਖ ਫਲ ਇਹ ਹੈ ਕਿ ਉਹ ਇਨ੍ਹਾਂ ਗਿਆਨ ਧਿਆਨ ਤੇ ਸਿਮਰਣ ਦੀਆਂ ਬਰਕਤਾਂ ਦੇ ਸਹਾਰੇ ਉਸ ਅਲਖ (ਪਰਮੇਸ਼ਰ) ਨੂੰ ਜਾਣ ਜਾਂਦੇ ਹਨ। (ਤੇ ਸਾਧ ਸੰਗਤ ਵਿਚ ਇਹ ਗਿਆਨ ਹੋਰਨਾਂ ਨੂੰ ਵੀ ਜਣਾ ਦਿੰਦੇ ਹਨ)॥ ੧੩॥

੧੪. ਪਰਮੇਸ਼ਰ ਬੇਅੰਤ ਤੇ ਅਲਖ ਹੈ

੧. ਬ੍ਰਹਮਾਦਿਕ ਵੇਦਾਂ ਸਣੈ ਨੇਤਿ ਨੇਤਿ ਕਰਿ ਭੇਦੁ ਨ ਪਾਇਆ।
੨. ਮਹਾਦੇਵ ਅਵਧੂਤੁ ਹੋਇ ਨਮੋ ਨਮੋ ਕਰਿ ਧਿਆਨਿ ਨ ਆਇਆ।
੩. ਦਸ ਅਵਤਾਰ ਅਕਾਰੁ ਕਰਿ ਏਕੰਕਾਰੁ ਨ ਅਲਖੁ ਲਖਾਇਆ।
੪. ਰਿਧਿ ਸਿਧਿ ਨਿਧਿ ਨਾਥ ਨਉ ਆਦਿ ਪੁਰਖੁ ਆਦੇਸੁ ਕਰਾਇਆ।
੫. ਸਹਸ ਨਾਂਵ ਲੈ ਸਹਸ ਮੁਖ ਸਿਮਰਣਿ ਸੰਖ ਨ ਨਾਉਂ ਧਿਆਇਆ।
੬. ਲੋਮਸ ਤਪੁ ਕਰਿ ਸਾਧਨਾ ਹਉਮੈ ਸਾਧਿ ਨ ਸਾਧੁ ਸਦਾਇਆ।
੭. ਚਿਰੁ ਜੀਵਣੁ ਬਹੁ ਹੰਢਣਾ ਗੁਰਮੁਖਿ ਸੁਖੁ ਫਲੁ ਪਲੁ ਨ ਚਖਾਇਆ।
੮. ਕੁਦਰਤਿ ਅੰਦਰਿ ਭਰਮਿ ਭੁਲਾਇਆ॥ ੧੪॥

ਪਦ ਅਰਥ - ਨੇਤਿ=ਬੇਅੰਤ। ਆਦੇਸੁ=ਪਰਣਾਮ। ਸਹਸ=ਹਜ਼ਾਰ। ਸੰਖ ਨ=ਗਿਣਤੀ। ਸਾਧਿ=ਜਿੱਤਣਾ। ਬਹੁ ਹੰਢਣਾ=ਬੜਾ ਸਮਾਂ ਸਰੀਰ ਨੂੰ ਹੰਢਾਉਣ ਵਾਲਾ।

ਅਰਥ - ੧. ਬ੍ਰਹਮਾ ਵਰਗੇ ਵੇਦਾਂ ਦੇ ਸਮੇਤ (ਭਾਵ ਵੇਦਾਂ ਦੇ ਗਿਆਨ ਨੂੰ ਲਿਖ ਲਿਖ ਕੇ ਅਖੀਰ ਇਹੋ ਗੱਲ ਕਹੀ—) ਕਿ ਉਸ ਪ੍ਰਭੂ ਦਾ ਭੇਦ ਨਹੀਂ ਮਿਲਦਾ, ਉਹ ਬੇਅੰਤ ਹੈ, ਬੇਅੰਤ ਹੈ। ੨. ਮਹਾਂਦੇਉ (ਸ਼ਿਵ ਜੀ) ਨੇ ਅਵਧੂਤ (ਵੈਰਾਗ ਤੇ ਅਤੀਤ ਬਣ) ਸਰੀਰ 'ਤੇ ਸੁਆਹ ਮਲ ਕੇ, ਧਿਆਨ ਵਿਚ ਜੁੜ, ਸਮਾਧੀ ਲਾ, ਸਿਮਰਣ ਕੀਤਾ, (ਪਰ ਉਸ ਦੇ) ਧਿਆਨ ਵਿਚ ਵੀ ਪ੍ਰਭੂ ਜੀ ਨਾ ਆਏ। ੩. ਦਸ ਅਵਤਾਰਾਂ ਨੇ ਅਕਾਰ (ਸਰੂਪ) ਕੀਤੇ, (ਜੋ ਵੱਡੀ ਸ਼ਕਤੀਆਂ ਵਾਲੇ ਤੇ ਸੂਰਮੇ ਬਹਾਦਰ ਸਨ, ਪਰ ਉਨ੍ਹਾਂ ਨੇ ਵੀ) ਏਕੰਕਾਰ (ਪਰਮੇਸ਼ਰ) ਜੋ ਅਲਖ ਹੈ, ਉਸ ਨੂੰ ਨਹੀਂ ਜਾਣਿਆ (ਸਭ ਕੁਝ ਆਪ ਹੀ ਬਣ ਬੈਠੇ ਤੇ ਲੋਕਾਂ ਕੋਲੋਂ ਆਪਣਾ ਨਾਮ ਹੀ ਜਪਾਇਆ)। ੪. ਰਿੱਧੀਆਂ, ਸਿੱਧੀਆਂ ਤੇ ਨੌਂ ਨਿੱਧੀਆਂ ਪ੍ਰਾਪਤ ਕਰਕੇ (ਭਾਵ ਸ਼ਕਤੀਆਂ ਨਾਲ, ਦੇਖ ਭਾਲ ਕਰਕੇ ਵੀ, ਜਦ ਸਮਝ ਆਈ ਕਿ ਅਸੀਂ ਅਜੇ ਊਣੇ ਹੀ ਹਾਂ ਤਾਂ) ਉਨ੍ਹਾਂ ਨੇ ਪ੍ਰਭੂ (ਆਦਿ ਪੁਰਖ) ਨੂੰ ਨਮਸਕਾਰਾਂ ਕੀਤੀਆਂ। ੫. ਸ਼ੇਸ਼ ਨਾਗ ਦੇ ਹਜ਼ਾਰ ਮੂੰਹ ਹਨ, ਤੇ ਹਰ ਮੂੰਹ ਨਾਲ, ਪ੍ਰਭੂ ਦਾ ਉਹ ਰੋਜ਼ ਨਵਾਂ ਨਾਮ ਉਚਾਰਦਾ ਹੈ, ਪਰ ਇਸ ਤਰ੍ਹਾਂ ਦੇ ਸਿਮਰਨ ਕਰਨ ਨਾਲ ਵੀ ਪ੍ਰਭੂ ਦੇ ਨਾਵਾਂ ਦੀ ਗਿਣਤੀ ਮੁੱਕੀ ਨਾ। ੬. ਲੋਮਸ ਰਿਖੀ ਨੇ ਤਪ ਕੀਤਾ, ਵੱਡੀਆਂ ਸਾਧਨਾਂ ਸਾਧੀਆਂ, ਜਿਸ ਨਾਲ ਉਸ ਦੀ ਹਉਮੈ ਸਗੋਂ ਵਧੀ। ਉਹ ਆਪਣੀ ਹਉਮੈ ਨੂੰ ਸਾਧ (ਭਾਵ ਮਾਰ) ਕੇ ਆਪਣੇ ਆਪ ਨੂੰ (ਸੱਚਾ) ਸਾਧ ਨਾ ਬਣਾ ਸਕਿਆ। ੭. ਲੰਮੀ ਉਮਰ ਤੇ ਚਿਰ ਜੀਵਨ ਨੂੰ ਹੰਢਾਉਣ ਵਾਲੇ (ਦੱਤਾ ਤਰੇਅ ਤੇ ਲੋਮਸ ਰਿਖੀ) ਨੇ ਗੁਰਮੁਖਤਾਈ ਦੇ ਸੁਖ ਫਲ ਦਾ ਇੱਕ ਪਲ ਲਈ ਵੀ ਰਸ ਨਾ ਚਖਿਆ (ਭਾਵ ਨਿਰਮਾਣਤਾ ਵੱਲੋਂ ਉੱਕੇ ਹੀ ਕੋਰੇ ਰਹੇ)। ੮. ਪ੍ਰਭੂ ਦੀ ਕੁਦਰਤ ਦੇ ਭਰਮ ਵਿਚ ਪ੍ਰਭੂ ਨੂੰ ਉਕਾ ਹੀ ਭੁੱਲੇ ਰਹੇ॥ ੧੪॥

੧੫. ਮਾਇਆ ਦੇ ਹਨੇਰੇ ਵਿਚੋਂ ਪ੍ਰਭੂ ਦੀ ਪ੍ਰਾਪਤੀ

੧. ਗੁਰਮੁਖਿ ਸੁਖ ਫਲੁ ਸਾਧਸੰਗੁ ਭਗਤਿ ਵਛਲ ਹੋਇ ਵਸਿਗਤਿ ਆਇਆ।
੨. ਕਾਰਣੁ ਕਰਤੇ ਵਸਿ ਹੈ ਸਾਧਸੰਗਤਿ ਵਿਚਿ ਕਰੇ ਕਰਾਇਆ।
੩. ਪਾਰਬ੍ਰਹਮੁ ਪੂਰਨ ਬ੍ਰਹਮੁ ਸਾਧਸੰਗਤਿ ਵਿਚਿ ਭਾਣਾ ਭਾਇਆ।
੪. ਰੋਮ ਰੋਮ ਵਿਚਿ ਰਖਿਓਨੁ ਕਰਿ ਬ੍ਰਹਮੰਡ ਕਰੋੜਿ ਸਮਾਇਆ।
੫. ਬੀਅਹੁ ਕਰਿ ਬਿਸਥਾਰੁ ਵੜੁ ਫਲ ਅੰਦਰਿ ਫਿਰਿ ਬੀਉ ਵਸਾਇਆ।
੬. ਅਪਿਉ ਪੀਅਣੁ ਅਜਰੁ ਜਰਣੁ ਆਪੁ ਗਵਾਇ ਨ ਆਪੁ ਜਣਾਇਆ।
੭. ਅੰਜਨੁ ਵਿਚਿ ਨਿਰੰਜਨੁ ਪਾਇਆ॥ ੧੫॥

ਪਦ ਅਰਥ - ਵੜੁ=ਬੋਹੜ ਦਾ ਬ੍ਰਿਛ। ਅੰਜਨੁ=ਕਾਲਖ, ਮਾਇਆ। ਨਿਰੰਜਨੁ=ਮਾਇਆ ਰਹਿਤ ਪ੍ਰਭੂ। ਅਪਿਉ=ਅੰਮ੍ਰਿਤ। ਆਪੁ=ਆਪਾ ਭਾਵ, ਹਉਮੈ।

ਅਰਥ - ੧. ਗੁਰਮੁਖ ਦਾ ਸੁਖ ਫਲ ਸਾਧ ਸੰਗਤ ਹੈ, (ਜਿਥੇ ਭਗਤੀ ਤੇ ਸਿਮਰਣ ਦੀਆਂ ਵਾਰਤਾਂ ਹੁੰਦੀਆਂ ਹਨ, ਇਸੇ ਲਈ) ਭਗਤ ਵਛਲ ਪ੍ਰਭੂ (ਆਪਣੇ ਬਿਰਦ ਅਨੁਸਾਰ) ਭਗਤਾਂ ਦੇ ਵਸ ਆਉਂਦਾ ਹੈ। ੨. ਕਾਰਨ ਭਾਵੇਂ ਸਾਰੇ ਹੀ ਕਰਤੇ ਦੇ ਵਸ ਵਿਚ ਹਨ, ਪਰ ਸਾਧ ਸੰਗਤ ਵਿਚ (ਸਭ ਕੁਝ ਸੰਤ ਜਨਾਂ

ਦਾ) ਕਰਾਇਆ ਹੀ ਕਰਦਾ ਹੈ। ੩. ਪਾਰਬ੍ਰਹਮ ਪੂਰਨ ਬ੍ਰਹਮ ਹੋ ਕੇ (ਰਮ ਰਿਹਾ ਹੈ ਤੇ) ਸਾਧ ਸੰਗਤ ਨੂੰ ਵੀ ਉਸ ਦਾ ਭਾਣਾ ਹੀ ਭਾਉਂਦਾ ਹੈ ਤੇ (ਪ੍ਰਭੂ ਨੂੰ ਸਾਧ ਸੰਗਤ ਦਾ)। ੪. ਰੋਮ ਰੋਮ ਵਿਚ ਕਰੋੜਾਂ ਬ੍ਰਹਮੰਡ ਬਣਾ ਕੇ ਸਮਾ (ਭਾਵ ਮਿਲਾ) ਰੱਖੇ ਹਨ। ੫. (ਇਸੇ ਤਰ੍ਹਾਂ ਜਿਵੇਂ) ਇੱਕ ਬੀਜ ਤੋਂ ਵੱਡੇ ਬ੍ਰਿਛ ਬੋਹੜ ਦਾ ਵਿਸਥਾਰ ਕਰਕੇ, ਉਸ ਨੂੰ ਅਨੇਕਾਂ ਫਲ ਲਾਉਂਦਾ, ਤੇ ਫਲ ਵਿਚ ਅਨੇਕਾਂ ਹੀ ਬੀਜ ਰੱਖ ਦੇਂਦਾ ਹੈ। ੬. (ਇਸੇ ਤਰ੍ਹਾਂ) ਗੁਰਮੁਖ ਦਾ (ਪ੍ਰੇਮ ਰਸ ਦਾ) ਅੰਮ੍ਰਿਤ ਪੀਣਾ ਅਜਰ ਜਰਨਾ ਹੈ, (ਕਿਉਂਕਿ) ਆਪਾ ਭਾਵ ਗੁਆ ਕੇ ਪ੍ਰੇਮ ਦਾ ਅੰਮ੍ਰਿਤ ਰਸ ਪੀਂਦਾ ਤੇ ਸੁਖ ਫਲ ਦਾ ਮਾਲਕ (ਉਚ ਅਵਸਥਾ ਦਾ) ਬਣ ਕੇ ਫਿਰ ਇਸ ਦਾ ਮਾਣ ਨਹੀਂ ਕਰਦਾ, ਅਜਰ ਨੂੰ ਜਰਦਾ ਹੈ। (ਇਹ ਨਹੀਂ ਕਹਿੰਦਾ ਕਿ ਮੈਂ ਕੁਝ ਜਾਣ ਗਿਆ ਹਾਂ)। ੭. ਇਉਂ ਗੁਰਮੁਖ ਮਾਇਆ ਦੀ ਕਾਲਖ ਤੋਂ ਬਚਦਾ ਹੈ ਤੇ ਨਿਰੰਜਨੁ (ਮਾਇਆ ਰਹਿਤ) ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ॥ ੧੫॥

੧੬. ਪਰਮੇਸ਼ਰ ਦੀ ਵਡਿਆਈ ਕਥਨ ਰਹਿਤ ਹੈ

੧. ਮਹਿਮਾ ਮਹਿ ਮਹਿਕਾਰ ਵਿਚਿ ਮਹਿਮਾ ਲਖ ਨ ਮਹਿਮਾ ਜਾਣੈ।
੨. ਲਖ ਮਹਾਤਮ ਮਹਾਤਮਾ ਤਿਲ ਨ ਮਹਾਤਮੁ ਆਖਿ ਵਖਾਣੈ।
੩. ਉਸਤਤਿ ਵਿਚਿ ਲਖ ਉਸਤਤੀ ਪਲ ਉਸਤਤਿ ਅੰਦਰਿ ਹੈਰਾਣੈ।
੪. ਅਚਰਜ ਵਿਚਿ ਲਖ ਅਚਰਜਾ ਅਚਰਜ ਅਚਰਜ ਚੋਜ ਵਿਡਾਣੈ।
੫. ਵਿਸਮਾਦੀ ਵਿਸਮਾਦ ਲਖ ਵਿਸਮਾਦਹੁ ਵਿਸਮਾਦ ਵਿਹਾਣੈ।
੬. ਅਬਗਤਿ ਗਤਿ ਅਤਿ ਅਗਮ ਹੈ ਅਕਥ ਕਥਾ ਆਖਾਣ ਵਖਾਣੈ।
੭. ਲਖ ਪਰਵਾਣ ਪਰੈ ਪਰਵਾਣੈ॥ ੧੬॥

ਪਦ ਅਰਥ - ਮਹਿ ਮਹਿਕਾਰ=ਧਰਤੀ ਦੇ ਪਸਾਰੇ ਵਿਖੇ। ਵਿਡਾਣੈ=ਵੱਡੇ ਤੋਂ ਵੱਡੇ। ਆਖਾਣ ਵਖਾਣੈ=ਆਖੀ ਹੋਈ ਹੀ ਆਖਦੇ ਹਨ।

ਅਰਥ - ੧. ਮਹਿਮਾ ਜੋ ਧਰਤੀ ਦੇ ਫੈਲਾਉ ਫੈਲਾਣ ਦੀ ਹੈ, (ਇਸ ਦੀ ਮਹਿਮਾ ਤਾਂ ਸ਼ਾਇਦ ਕੋਈ ਬੁਧੀ ਵਾਲਾ ਹੀ ਜਾਣ ਲਵੇ) ਪਰ (ਪਰਮੇਸ਼ਰ) ਦੀ ਮਹਿਮਾ ਨੂੰ ਜਾਣ ਕੇ (ਕੋਈ ਜਾਣਨ ਦੀ) ਮਹਿਮਾ ਨੂੰ ਵੀ ਨਹੀਂ ਜਾਣ ਸਕਦਾ। ੨. (ਪ੍ਰਤਾਪਵਾਨ ਬਣ ਕੇ) ਲੱਖਾਂ ਸੰਤ ਲੋਕ ਆਪ ਤਾਂ ਮਹਾਤਮਾ ਬਣ ਗਏ, ਪਰ (ਪਰਮੇਸ਼ਰ ਦੀ) ਵਡਿਆਈ ਦਾ ਇੱਕ ਤਿਲ ਜਿੰਨਾ ਭੀ ਹਿੱਸਾ ਆਖ ਕੇ ਦੱਸ ਨਹੀਂ ਸਕਦੇ। ੩. ਉਸਤਤਾਂ ਵਿਚ ਲੱਖਾਂ ਉਸਤਤਾਂ (ਰਾਜਿਆਂ, ਮਹਾਰਾਜਿਆਂ ਤੇ ਦੇਵੀ ਦੇਵਤਿਆਂ ਦੀਆਂ) ਹਨ, ਪਰ (ਪਾਰਬ੍ਰਹਮ ਦੀ ਪਲ ਵਿਚ) ਉਸਤਤਿ ਵੇਖ ਕੇ ਹੀ ਹੈਰਾਨ ਪਰੇਸ਼ਾਨ ਹੋ ਜਾਂਦੇ ਹਨ (ਭਾਵ ਅਕਲ ਦੰਗ ਰਹਿ ਜਾਂਦੀ ਹੈ)। ੪. ਉਸ (ਪ੍ਰਭੂ ਦੇ) ਲੱਖਾਂ ਅਸਚਰਜਾਂ ਦੀਆਂ ਅਸਚਰਜਤਾਈਆਂ ਹਨ। ਪਰ ਅਸਚਰਜ ਸ੍ਰਿਸ਼ਟੀ ਦੇ ਅਸਚਰਜ ਸਿਰਜਣਹਾਰ ਦੇ ਅਸਚਰਜ ਹੀ ਵੱਡੇ ਤੋਂ ਵੱਡੇ ਕੌਤਕ ਹਨ। ੫.ਜਿਸ ਨੂੰ ਵੇਖ ਲੱਖਾਂ ਹੀ ਵਿਸਮਾਦੀ ਦਸ਼ਾ ਵਾਲੇ ਹੋਰ ਵਿਸਮਾਦ ਹੋ, ਅੱਗੇ ਤੋਂ ਅੱਗੇ ਜਾਂਦੇ ਹਨ, ਪਰ ਪਰਮੇਸ਼ਰ ਦੀ ਮਸਤੀ (ਵਿਸਮਾਦ) ਤਕ ਪੁੱਜ

ਨਹੀਂ ਸਕਦੇ। ੬. ਗਤੀ ਰਹਿਤ ਪ੍ਰਭੂ ਦੀ ਗਤੀ ਵੱਡੀ ਅਗੰਮ (ਗਮਤਾ ਰਹਿਤ) ਹੈ, ਤੇ ਲੋਕ ਅਕਥਨੀਜ ਕਥਾ ਦੀਆਂ ਸੁਣੀਆਂ ਸੁਣਾਈਆਂ ਗੱਲਾਂ ਹੀ ਆਖੀ ਜਾਂਦੇ ਹਨ। ੭. ਲੱਖਾਂ ਪਰਵਾਣ (ਪੁਜਿਆਂ ਹੋਇਆਂ) ਤੋਂ ਪਰੇ ਦਾ ਪਰਵਾਣ ਹੈ॥ ੧੬॥

੧੭. ਪਰਮੇਸ਼ਰ ਪਰੇ ਤੋਂ ਪਰੇ ਹੈ

੧. ਅਗਮਹੁ ਅਗਮੁ ਅਗੰਮੁ ਹੈ ਅਗਮੁ ਅਗਮੁ ਅਤਿ ਅਗਮੁ ਸੁਣਾਏ।
੨. ਅਲਖਹੁ ਅਲਖੁ ਅਲਖੁ ਹੈ ਅਲਖੁ ਅਲਖੁ ਲਖ ਅਲਖੁ ਧਿਆਏ।
੩. ਅਪਰੰਪਰੁ ਅਪਰੰਪਰਹੁੰ ਅਪਰੰਪਰੁ ਅਪਰੰਪਰੁ ਭਾਏ।
੪. ਆਗੋਚਰੁ ਆਗੋਚਰਹੁ ਆਗੋਚਰੁ ਆਗੋਚਰਿ ਜਾਏ।
੫. ਪਾਰਬ੍ਰਹਮੁ ਪੂਰਨ ਬ੍ਰਹਮੁ ਸਾਧਸੰਗਤਿ ਆਗਾਧਿ ਅਲਾਏ।
੬. ਗੁਰਮੁਖਿ ਸੁਖ ਫਲੁ ਪਿਰਮ ਰਸੁ ਭਗਤਿਵਛਲੁ ਹੋਇ ਅਛਲੁ ਛਲਾਏ।
੭. ਵੀਹ ਇਕੀਹ ਚੜ੍ਹਾਉ ਚੜ੍ਹਾਏ॥ ੧੭॥

ਪਦ ਅਰਥ - ਅਗੰਮੁ=ਅਪਹੁੰਚ। ਅਲਖੁ=ਜੋ ਇਨ੍ਹਾਂ ਸੰਸਾਰੀ ਨੇਤਰਾਂ ਨੂੰ ਨਜ਼ਰੀ ਨਹੀਂ ਪੈ ਸਕਦਾ। ਅਪਰੰਪਰੁ=ਪਰੇ ਤੋਂ ਪਰੇ। ਆਗੋਚਰੁ=ਇੰਦ੍ਰਿਆਂ ਦੀ ਪਹੁੰਚ ਤੋਂ ਪਰੇ।

ਅਰਥ - ੧. ਪਰਮੇਸ਼ਰ ਅਗੰਮਾਂ ਤੋਂ ਵੀ ਅਗੰਮ ਹੈ। ਇਸੇ ਲਈ ਜੋ ਆਪ ਅਗੰਮ ਹਨ, ਉਹ ਪਰਮੇਸ਼ਰ ਨੂੰ ਅਤਿ ਅਗੰਮ ਆਖਦੇ ਹਨ। ੨. (ਇਸੇ ਤਰ੍ਹਾਂ ਪਰਮੇਸ਼ਰ) ਅਲਖਾਂ ਤੋਂ ਅਲਖ ਹੈ (ਭਾਵ ਨਾ ਲਖੇ ਜਾਣ ਵਿਚ ਵੀ ਵੱਡਾ ਹੈ) ਤੇ ਜੋ ਆਪ ਅਲਖ (ਵੱਡੇ ਵੱਡੇ ਦੇਵਤੇ ਹਨ) ਉਹ ਭੀ ਪਰਮੇਸ਼ਰ ਨੂੰ ਅਲਖ ਆਖ ਕੇ ਧਿਆਉਂਦੇ ਹਨ। ੩. ਅਪਰੰਪਰ ਤੋਂ ਅਪਰੰਪਰ ਜੋ ਹਨ, ਵਾਹਿਗੁਰੂ ਉਹਨਾਂ ਲਈ ਵੀ ਅਪਰੰਪਰ ਹੈ, ਇਹੀ ਗੱਲ ਉਹਨਾਂ ਨੂੰ ਆਖਣੀ ਭਾਈ ਹੈ। ੪. ਅਗੋਚਰ ਤੋਂ ਵੀ ਜੋ ਅਗੋਚਰ ਰੂਪ ਹਨ, ਪਰਮੇਸ਼ਰ ਉਨ੍ਹਾਂ ਅਗੋਚਰਾਂ ਤੋਂ ਵੀ ਅਗੋਚਰ ਥਾਂ ਵਾਲਾ ਹੈ (ਭਾਵ ਵੱਡੀਆਂ ਤੋਂ ਵੱਡੀਆਂ ਸ਼ਕਤੀਆਂ ਵਾਲੇ ਦੇਵ ਸਰੂਪ ਵੀ ਪਰਮੇਸ਼ਰ ਦੇ ਅਸਥਾਨ ਤੀਕ ਅਪੜਨ ਤੋਂ ਅਸਮਰੱਥ ਹਨ)। ੫. ਪਾਰਬ੍ਰਹਮ ਹੀ ਪੂਰਨ (ਸਭ ਪਾਸੇ ਫੈਲਿਆ ਤੇ ਵਿਆਪਕ) ਬ੍ਰਹਮ ਹੈ, ਜਿਸ ਨੂੰ ਸਾਧ ਸੰਗਤ ਵੀ ਬੇਅੰਤ ਤੇ ਅਗਾਧ (ਗੰਭੀਰ) ਆਖਦੀ ਹੈ। ੬. ਗੁਰਮੁਖ ਨੂੰ (ਵਾਹਿਗੁਰੂ) ਦੇ ਪ੍ਰੇਮ ਰਸ ਦਾ ਸੁਖ ਪ੍ਰਾਪਤ ਹੋਣ ਕਰਕੇ, ਤੇ ਵਾਹਿਗੁਰੂ ਭਗਤ ਵਛਲ ਹੋਣ ਕਰਕੇ, ਨਾ ਛਲਿਆ ਜਾਣ ਵਾਲਾ ਹੋਣ ਦੇ ਬਾਵਜੂਦ (ਭਗਤਾਂ, ਗੁਰਮੁਖਾਂ ਦੇ ਪ੍ਰੇਮ ਬੰਧਨਾਂ ਵਿਚ ਆ) ਛਲਿਆ ਜਾਂਦਾ ਹੈ। ੭. (ਉਹ ਆਪਣੇ ਗੁਰਮੁਖਾਂ ਸੇਵਕਾਂ ਨੂੰ) ਵੀਹ (ਸੰਸਾਰ) ਤੋਂ ਇਕੀਹ (ਈਸ਼ਵਰ) ਦੇ ਚੜ੍ਹਾਉ ਤਕ ਚੜ੍ਹਾ ਕੇ (ਆਪਣੇ ਵਿਚ ਸਮਾ ਲੈਂਦਾ ਹੈ)॥ ੧੭॥

੧੮. ਪਰਮੇਸ਼ਰ ਦੀ ਪ੍ਰਾਪਤੀ

੧. ਪਾਰਬ੍ਰਹਮੁ ਪੂਰਨ ਬ੍ਰਹਮੁ ਨਿਰੰਕਾਰਿ ਆਕਾਰੁ ਬਣਾਇਆ।
੨. ਅਬਿਗਤਿ ਗਤਿ ਆਗਾਧਿ ਬੋਧ ਗੁਰਮੂਰਤਿ ਹੋਇ ਅਲਖੁ ਲਖਾਇਆ।
੩. ਸਾਧਸੰਗਤਿ ਸਚਖੰਡ ਵਿਚਿ ਭਗਤਿ ਵਛਲ ਹੋਇ ਅਛਲ ਛਲਾਇਆ।
੪. ਚਾਰਿ ਵਰਨ ਇਕ ਵਰਨ ਹੁਇ ਆਦਿ ਪੁਰਖ ਆਦੇਸੁ ਕਰਾਇਆ।
੫. ਧਿਆਨ ਮੂਲੁ ਦਰਸਨੁ ਗੁਰੂ ਛਿਅ ਦਰਸਨ ਦਰਸਨ ਵਿਚਿ ਆਇਆ।
੬. ਆਪੇ ਆਪਿ ਨ ਆਪੁ ਜਣਾਇਆ॥੧੮॥

ਪਦ ਅਰਥ - ਆਕਾਰੁ=ਸਾਖਜਾਤ ਸਰੂਪ। ਅਬਿਗਤਿ=ਗਤੀ ਰਹਿਤ। ਅਗਾਧਿ ਬੋਧ=ਡੂੰਘੀ ਤੇ ਗੰਭੀਰਤਾ ਵਾਲੀ ਸਮਝ। ਧਿਆਨ ਮੂਲੁ=ਮੁੱਢਲਾ ਧਿਆਨ।

ਅਰਥ - ੧. ਪਾਰਬ੍ਰਹਮ ਜੋ ਪੂਰਨ·ਨਿਰਾਕਾਰ (ਬ੍ਰਹਮ) ਸਰੂਪ ਹੈ, ਉਹ ਨਿਰੰਕਾਰ (ਪਰਮੇਸ਼ਰ) ਨੇ ਆਪ ਥਾਪਿਆ ਹੈ। ੨. ਜਿਸ ਦੀ ਗਤਿ ਤੇ ਸਮਝ ਸੂਝ ਬੁਧੀ ਤੋਂ ਬਹੁਤ ਪਰੇ ਹੈ, (ਉਸ ਪ੍ਰਭੂ ਨੇ ਹੀ) ਗੁਰੂ (ਨਾਨਕ) ਮੂਰਤ ਧਾਰ ਕੇ, ਅਲਖ (ਪ੍ਰਭੂ) ਨੂੰ (ਸੰਸਾਰ ਵਿਚ) ਦਿਖਾ ਦਿੱਤਾ ਹੈ। ੩. ਸਾਧ ਸੰਗਤ ਰੂਪੀ ਸੱਚਖੰਡ ਵਿਚ, ਅਛਲ (ਪ੍ਰਭੂ ਨੇ) ਭਗਤ ਹੋ ਕੇ ਆਪਣੇ ਆਪ ਨੂੰ ਛਲਾ ਲਿਆ, ਭਾਵ ਭਗਤਾਂ ਦੇ ਵਸ ਹੋਇਆ। ੪. (ਗੁਰੂ ਜੀ ਦੇ ਪ੍ਰਤਾਪ ਨਾਲ) ਚਾਰੇ ਵਰਣਾਂ ਨੇ (ਗੁਰੂ ਜੀ ਦੀ ਚਰਣੀਂ ਲੱਗ ਕੇ ਹੋਰ ਦੇਵੀ ਦੇਵਤਿਆਂ, ਜੋ ਪ੍ਰਭੂ ਦੀ ਕਿਰਤ ਹਨ) ਉਨ੍ਹਾਂ ਨੂੰ ਛੱਡ ਕੇ ਆਦਿ ਪੁਰਖ (ਪਰਮੇਸ਼ਰ ਜੋ ਸਭ ਦਾ ਕਰਤਾ ਹੈ) ਨੂੰ ਆਦੇਸ (ਨਮਸਕਾਰਾਂ) ਕੀਤੀਆਂ। ੫. ਧਿਆਨ ਮੂਲ (ਮੁੱਢਲਾ ਧਿਆਨ ਤੇ ਵਿਚਾਰ) ਗੁਰੂ ਦਰਸ਼ਨ ਹੋ ਗਏ, ਜਿਸ ਵਿਖੇ ਛੇਆਂ ਦਰਸ਼ਨਾਂ (ਧਰਮਾਂ ਨੂੰ ਮੰਨਣ ਵਾਲੇ ਇੱਕ ਥਾਂ) ਤੋਂ ਗੁਰੂ ਰੂਪ ਵਿਚ ਹੀ ਆ ਇਕੱਠੇ ਹੋਏ। ੬. (ਇਹ ਸਭ ਕੌਤਕ) ਪ੍ਰਭੂ ਦਾ ਆਪੇ ਆਪ ਹੀ ਸੀ, (ਪਰ ਇਉਂ ਕਰਕੇ ਵੀ ਉਸ ਕਿਸੇ ਨੂੰ) ਆਪਾ ਨਹੀਂ ਜਣਾਇਆ॥੧੮॥

੧੯. ਗੁਰਮੁਖ ਨੂੰ ਸੁਖ ਫਲ ਗੁਰੂ ਦੀ ਸ਼ਰਣ ਵਿੱਚੋਂ

੧. ਚਰਣ ਕਵਲ ਸਰਣਾਗਤੀ ਸਾਧਸੰਗਤਿ ਮਿਲਿ ਗੁਰੁ ਸਿਖ ਆਏ।
੨. ਅੰਮ੍ਰਿਤ ਦਿਸਟਿ ਨਿਹਾਲੁ ਕਰਿ ਦਿਬ ਦ੍ਰਿਸਟਿ ਦੇ ਪੈਰੀ ਪਾਏ।
੩. ਚਰਣ ਰੇਣੁ ਮਸਤਕਿ ਤਿਲਕ ਭਰਮ ਕਰਮ ਦਾ ਲੇਖੁ ਮਿਟਾਏ।
੪. ਚਰਣੋਦਕੁ ਲੈ ਆਚਮਨੁ ਹਉਮੈ ਦੁਬਿਧਾ ਰੋਗੁ ਗਵਾਏ।
੫. ਪੈਰੀਂ ਪੈ ਪਾ ਖਾਕੁ ਹੋਇ ਜੀਵਨ ਮੁਕਤਿ ਸਹਜ ਘਰਿ ਆਏ।

੬. ਚਰਣ ਕਵਲ ਵਿਚਿ ਭਵਰ ਹੋਇ ਸੁਖ ਸੰਪਟ ਮਕਰੰਦਿ ਲੁਭਾਏ।
੭. ਪੂਜ ਮੂਲ ਸਤਿਗੁਰੁ ਚਰਣ ਦੂਤੀਆ ਨਾਸਤਿ ਲਵੈ ਨ ਲਾਏ।
੮. ਗੁਰਮੁਖਿ ਸੁਖ ਫਲੁ ਗੁਰ ਸਰਣਾਏ॥ ੧੯॥

ਪਦ ਅਰਥ - ਰੇਣੁ=ਧੂੜੀ। ਚਰਣੋਦਕੁ=ਪੈਰਾਂ ਦਾ ਧੋਣ। ਦਿਬ ਦ੍ਰਿਸਟਿ=ਦੂਰ ਦ੍ਰਿਸ਼ਟੀ। ਆਚਮਨੁ=ਪੀ ਲੈਣਾ। ਸਹਜ ਘਰਿ=ਚੋਥਾ ਪਦ। ਮਕਰੰਦਿ=ਰਸ।

ਅਰਥ - ੧. (ਗੁਰੂ ਦੇ) ਚਰਣ ਕਮਲਾਂ ਦੀ ਸ਼ਰਣ ਵਿਚ, ਸਾਧ ਸੰਗਤ ਦੇ ਮੇਲ ਨਾਲ ਮਿਲ ਕੇ, ਗੁਰ ਕੇ ਸਿੱਖ ਆਉਂਦੇ ਹਨ। ੨. (ਗੁਰੂ ਜੀ) ਅੰਮ੍ਰਿਤ ਵਰਗੀ ਦ੍ਰਿਸ਼ਟੀ (ਨਜ਼ਰ) ਨਾਲ (ਆਏ ਗੁਰਸਿੱਖਾਂ ਨੂੰ) ਨਿਹਾਲ ਕਰਦੇ ਹਨ ਤੇ (ਸਿੱਖਾਂ ਨੂੰ) ਦੂਰ-ਦ੍ਰਿਸ਼ਟੀ ਵਾਲੇ ਬਣਾ ਆਪਣੇ ਚਰਣੀ ਲਾ ਲੈਂਦੇ ਹਨ। ੩. (ਗੁਰੂ ਦੀ) ਚਰਣ-ਧੂੜੀ ਮੱਥੇ 'ਤੇ ਲੱਗਦੇ ਹੀ (ਗੁਰੂ ਦੇ ਸਿੱਖਾਂ ਦੇ) ਭਰਮ ਵਾਲੇ ਕਰਮਾਂ ਦੇ ਲੇਖ ਮੇਟ ਦਿੰਦੀ ਹੈ। ੪. (ਗੁਰੂ ਦਾ) ਚਰਣਾਂਮ੍ਰਿਤ (ਗੁਰੂ ਦੇ ਸਿੱਖ) ਪੀ ਕੇ ਆਪਣੀ ਹਉਮੈ ਤੇ ਦੁਬਿਧਾ ਦੇ ਰੋਗਾਂ ਨੂੰ ਗਵਾ ਲੈਂਦੇ ਹਨ। ੫. ਪੈਰੀਂ ਪੈ ਕੇ ਚਰਣਾਂ ਦੀ ਧੂੜੀ ਬਣ ਕੇ (ਗੁਰੂ ਦੇ ਸਿੱਖ) ਜੀਵਨ ਮੁਕਤਿ ਹੋ ਸਹਜ (ਅਵਸਥਾ) ਵਿਚ ਪੁੱਜ ਜਾਂਦੇ ਹਨ। ੬. (ਬਸ ਫਿਰ) ਭੌਰੇ ਵਾਂਗੂੰ ਚਰਣਾਂ ਕਵਲਾਂ 'ਤੇ ਮਸਤ ਹੋ (ਆਨੰਦ) ਸੁਖਾਂ ਦੇ ਸੰਪਟ.(ਖਜ਼ਾਨੇ) ਦੇ ਲੁਭਾਇਮਾਨ ਹੋ ਜਾਂਦੇ ਹਨ। ੭. ਮੂਲ ਰੂਪ (ਧੁਰਾ) ਵਿਚ ਪੂਜਾ ਸਤਿਗੁਰਾਂ ਦੇ ਚਰਣਾਂ ਦੀ ਕਰਦੇ ਹਨ, ਨਾਸ ਹੋ ਜਾਣ ਵਾਲੇ ਦੂਜੇ ਭਾਵ ਨੂੰ ਨੇੜੇ ਵੀ ਨਹੀਂ ਲੱਗਣ ਦੇਂਦੇ। ੮. ਇਉਂ ਗੁਰਮੁਖ ਸੁਖਾਂ ਦੇ ਫਲ ਨੂੰ ਗੁਰੂ ਦੀ ਸ਼ਰਨ ਵਿਚੋਂ ਪ੍ਰਾਪਤ ਕਰ ਲੈਂਦੇ ਹਨ॥ ੧੯॥

੨੦. ਪੂਰੇ ਗੁਰੂ ਦੇ ਸ਼ਬਦ ਦੀ ਅਕਥ ਕਥਾ

੧. ਸਾਸਤ੍ਰ ਸਿੰਮ੍ਰਿਤਿ ਵੇਦ ਲਖ ਮਹਾਂ ਭਾਰਥ ਰਾਮਾਇਣ ਮੇਲੇ।
੨. ਸਾਰ ਗੀਤਾ ਲਖ ਭਾਗਵਤ ਜੋਤਕ ਵੈਦ ਚਲੰਤੀ ਖੇਲੇ।
੩. ਚਉਦਹ ਵਿਦਿਆ ਸਾਅੰਗੀਤ ਬ੍ਰਹਮੇ ਬਿਸਨ ਮਹੇਸੁਰ ਭੇਲੇ।
੪. ਸਨਕਾਦਿਕ ਲਖ ਨਾਰਦਾ ਸੁਕ ਬਿਆਸ ਲਖ ਸੇਖ ਨਵੇਲੇ।
੫. ਗਿਆਨ ਧਿਆਨ ਸਿਮਰਣ ਘਣੇ ਦਰਸਨ ਵਰਨ ਗੁਰੂ ਬਹੁ ਚੇਲੇ।
੬. ਪੂਰਾ ਸਤਿਗੁਰ ਗੁਰਾਂ ਗੁਰੁ ਮੰਤ੍ਰ ਮੂਲ ਗੁਰ ਬਚਨ ਸੁਹੇਲੇ।
੭. ਅਕਥ ਕਥਾ ਗੁਰੁ ਸਬਦੁ ਹੈ ਨੇਤਿ ਨੇਤਿ ਨਮੋ ਨਮੋ ਕੇਲੇ।
੮. ਗੁਰਮੁਖ ਸੁਖ ਫਲੁ ਅੰਮ੍ਰਿਤ ਵੇਲੇ॥ ੨੦॥

ਪਦ ਅਰਥ - ਜੋਤਕ=ਜੋਤਸ਼। ਸਾਅੰਗੀਤ=ਰਾਗ ਵਿਦਿਆ ਦੇ ਵੇਤਾ। ਭੇਲੇ=ਇਕੱਠੇ ਕਰ ਦੇਈਏ। ਸੇਖ ਨਵੇਲੇ=ਸ਼ੇਖ ਨਾਗ ਤੇ ਨਵੇਂ ਤੋਂ ਨਵੇਂ ਨਾਮ ਨਾਲ ਸਿਮਰਨ ਕਰਨ ਵਾਲਾਂ। ਕੇਲੇ=ਆਨੰਦ ਸਰੂਪ।

ਅਰਥ - ੧. ਲੱਖਾਂ ਹੀ ਸ਼ਾਸਤਰ, ਸਿੰਮ੍ਰਤੀਆਂ ਤੇ ਵੇਦਾਂ ਦੇ ਪੜ੍ਹਨ ਵਾਲੇ, ਲੱਖਾਂ ਹੀ ਮਹਾਂ ਭਾਰਤ ਤੇ ਰਮਾਇਣ ਪੜ੍ਹਨ ਵਾਲੇ ਇਕੱਠੇ ਕਰ ਲਵੋ। ੨. ਲੱਖਾਂ ਹੀ ਗੀਤਾ ਦੇ ਸਾਰ ਤੇ ਭਾਗਵਤ ਦੇ ਪਾਠੀ, ਜੋਤਸ਼ ਸ਼ਾਸਤਰਾਂ ਦੇ ਵੇਤਾ, ਹਕੀਮ ਤੇ ਖੇਡਾਂ (ਚਲਿਤਰ) ਦਿਖਾਣ ਵਾਲੇ ਨਟ ਵੀ ਹੋਣ। ੩. ਚੌਦਾਂ ਵਿਦਿਆਂ ਤੇ ਗਾਇਤ੍ਰੀ ਸੰਧਿਆ ਸਮੇਂ ਪੜ੍ਹੀ ਜਾਣ ਵਾਲੀ, ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਜੋੜ ਦੇਈਏ। ੪. ਲੱਖਾਂ ਹੀ ਸਨਕਾਦਿਕ ਤੇ ਨਾਰਦਾਂ ਵਰਗੇ, ਸੁਕਦੇਵ ਮੁਨੀ, ਬਿਆਸ ਰਿਖੀ ਤੇ ਲੱਖਾਂ ਹੀ ਸ਼ੇਸ਼ਨਾਗ ਨਿੱਤ ਨਵੇਂ ਤੋਂ ਨਵਾਂ ਨਾਮ ਜਪਣ ਵਾਲੇ। ੫. ਗਿਆਨ, ਧਿਆਨ, ਸਿਮਰਨ ਬੜੇ ਹਨ, ਧਰਮ, ਵਰਣ ਤੇ ਬਥੇਰੇ ਗੁਰੂ ਚੇਲੇ ਵੀ (ਜਗਤ 'ਤੇ ਮੌਜੂਦ) ਹਨ। ੬. (ਪਰ) ਗੁਰਾਂ ਗੁਰ (ਗੁਰੂਆਂ ਦਾ ਵੱਡਾ ਗੁਰੂ) ਪੂਰਾ ਸਤਿਗੁਰੂ ਹੀ ਹੈ, ਜਿਨ੍ਹਾਂ ਦਾ ਬਚਨ ਹੀ ਮੰਤਰਾਂ ਦਾ ਮੂਲ (ਮੁੱਢ) ਸੁਖ ਦੇਣ ਵਾਲਾ ਹੈ। ੭. ਗੁਰੂ ਦੇ ਸ਼ਬਦ ਦੀ ਅਕੱਥ ਕਥਾ ਹੈ, ਜੋ ਬੇਅੰਤ ਹੈ, ਉਸ ਨੂੰ ਨਮਸਕਾਰ ਹੈ, ਨਮਸਕਾਰ ਹੈ, (ਤੇ ਇਸੇ ਕਹਿਣ ਵਿਚ ਹੀ) ਆਨੰਦ ਹੈ। ੮. ਗੁਰਮੁਖਾਂ ਦਾ ਸੁਖ ਫਲ ਇਹੀ ਅੰਮ੍ਰਿਤ ਰੂਪ ਹੈ, ਜੋ ਅੰਮ੍ਰਿਤ ਵੇਲੇ (ਸਾਧ ਸੰਗਤ ਵਿਚ) ਵਰਤੀਦਾ ਹੈ॥ ੨੦॥

੨੧. ਗੁਰੂ ਕਿਰਪਾ ਦੇ ਬਰਾਬਰ ਕੋਈ ਪਦਾਰਥ ਨਹੀਂ

੧. ਚਾਰ ਪਦਾਰਥ ਆਖੀਅਨਿ ਲਖ ਪਦਾਰਥ ਹੁਕਮੀ ਬੰਦੇ।
੨. ਰਿਧਿ ਸਿਧਿ ਨਿਧਿ ਲਖ ਸੇਵਕੀ ਕਾਮਧੇਣੁ ਲਖ ਵਗ ਚਰੰਦੇ।
੩. ਲਖ ਪਾਰਸ ਪਥਰੋਲੀਆ ਪਾਰਜਾਤਿ ਲਖ ਬਾਗ ਫਲੰਦੇ।
੪. ਚਿਤਵਣ ਲਖ ਚਿੰਤਾਮਣੀ ਲਖ ਰਸਾਇਣ ਕਰਦੇ ਛੰਦੇ।
੫. ਲਖ ਰਤਨ ਰਤਨਾਗਰਾ ਸਭ ਨਿਧਾਨ ਸਭ ਫਲ ਸਿਮਰੰਦੇ।
੬. ਲਖ ਭਗਤੀ ਲਖ ਭਗਤ ਹੋਇ ਕਰਾਮਾਤ ਪਰਚੈ ਪਰਚੰਦੇ।
੭. ਸਬਦ ਸੁਰਤਿ ਲਿਵ ਸਾਧਸੰਗੁ ਪਿਰਮ ਪਿਆਲਾ ਅਜਰੁ ਜਰੰਦੇ।
੮. ਗੁਰ ਕਿਰਪਾ ਸਤਸੰਗਿ ਮਿਲੰਦੇ॥ ੨੧ ॥੧੬ ॥

ਪਦ ਅਰਥ - ਬੰਦੇ=ਸੇਵਕ। ਵਗ=ਬਾਹਰ ਖੁਲ੍ਹੇ ਮੈਦਾਨ ਵਿਚ ਚਰਦੀਆਂ ਗਊਆਂ ਦਾ ਇਕੱਠ। ਪਥਰੋਲੀਆ=ਪੱਥਰ ਦੇ ਗੀਟੇ। ਚਿਤਵਣ=ਇੱਛਾਂ। ਛੰਦੇ=ਸਿਫਤ ਦੇ ਛੰਦ। ਰਤਨਾਗਰ=ਸਮੁੰਦਰ। ਪਰਚੈ= ਪ੍ਰੇਮ-ਪਰਚਾ। ਪਰਚੰਦੇ=ਪਰਚ ਜਾਂਦੇ ਹਨ।

ਅਰਥ - ੧. (ਧਰਮ, ਅਰਥ, ਕਾਮ ਤੇ ਮੋਖ) ਜੋ ਚਾਰੇ ਪਦਾਰਥ ਕਹੀਦੇ ਹਨ, ਤੇ (ਇਨ੍ਹਾਂ ਤੋਂ ਬਿਨਾਂ) ਹੋਰ ਜੋ ਲੱਖਾਂ ਪਦਾਰਥ ਹਨ, ਇਹ ਗੁਰੂ ਜੀ ਦੇ ਹੁਕਮੀ ਬੰਦੇ ਹਨ। ੨. ਰਿੱਧੀਆਂ, ਸਿੱਧੀਆਂ, ਨਿੱਧੀਆਂ ਆਦਿ ਲੱਖਾਂ ਹੀ ਸੇਵਕਾਂ ਵਾਂਗ ਹਨ, ਲੱਖਾਂ ਕਾਮਧੇਨਾਂ ਦੇ ਵੱਗ ਚਰ ਰਹੇ ਹਨ। ੩. ਲੱਖਾਂ ਹੀ ਪਾਰਸ (ਪੱਥਰਾਂ ਵਰਗੇ) ਤੇ ਲੱਖਾਂ ਪਾਰਜਾਤਾਂ ਦੇ ਬਾਗ ਫਲੇ ਹੋਏ ਹਨ। ੪. ਲੱਖਾਂ ਚਿੰਤਾਮਣੀਆਂ ਚਿਤਵਣੀਆਂ (ਪੂਰੀ ਕਰਨ ਵਾਲੀ) ਲੱਖਾਂ ਰਸਾਇਣਾਂ ਛੰਦ (ਰਚ ਰਚ) ਬਲਿਹਾਰ ਹੁੰਦੀਆਂ ਹਨ। ੫. ਲੱਖਾਂ ਰਤਨਾਂ ਵਾਲੇ, ਸਮੁੰਦਰ,

ਸਭ ਖਜ਼ਾਨੇ ਤੇ ਸਭ ਫਲ ਦਾਤੇ (ਗੁਰੂ ਚਰਣਾਂ ਨੂੰ ਹੀ) ਸਿਮਰਦੇ ਹਨ। ੬. ਲੱਖਾਂ ਭਗਤੀਆਂ ਵਾਲੇ ਭਗਤ ਹੋ ਕੇ, ਕਰਾਮਾਤਾਂ ਦੇ ਪਰਚੇ ਵਿਚ ਹੀ ਪਰਚਦੇ ਹਨ। ੭. (ਪਰ ਪੂਰੇ ਗੁਰੂ ਦੇ ਸਿੱਖ) ਸ਼ਬਦ ਦੀ ਸੁਰਤ ਵਿਚ ਸਾਧ ਸੰਗਤ ਵਿਚ ਲਿਵਲੀਨ ਹੁੰਦੇ, ਪਿਰਮ ਪਿਆਲਾ (ਪ੍ਰੇਮ ਰਸ ਪੀ ਕੇ) ਅਜਰ (ਸ਼ਕਤੀਆਂ ਨੂੰ ਪ੍ਰਾਪਤ ਕਰ, ਨਿਮ੍ਰਤਾ ਵਿਚ ਰਹਿ ਕੇ) ਅਜਰ ਨੂੰ ਜਰਦੇ ਹਨ। ੮. ਗੁਰਮੁਖ ਗੁਰੂ ਦੀ ਕਿਰਪਾ ਨਾਲ ਸਾਧ ਸੰਗਿ (ਸੱਚਖੰਡ) ਵਿਚ ਮਿਲਦੇ ਹਨ॥ ੨੧॥ ੧੬॥

ਵਾਰ ੧੭

ੴ ਸਤਿਗੁਰ ਪ੍ਰਸਾਦਿ॥

੧. ਸੰਖ, ਗੁਣਹੀਣ ਹੋਣ ਕਰਕੇ, ਧਾਹਾਂ ਮਾਰਦਾ ਹੈ

੧. ਸਾਗਰੁ ਅਗਮੁ ਅਥਾਹੁ ਮਥਿ ਚਉਦਹ ਰਤਨ ਅਮੋਲ ਕਢਾਏ।
੨. ਸਸੀਅਰੁ ਸਾਰੰਗ ਧਣਖੁ ਮਦੁ ਕਉਸਤਕ ਲਛ ਧਨੰਤਰ ਪਾਏ।
੩. ਆਰੰਭਾ ਕਾਮਧੇਣੁ ਲੈ ਪਾਰਿਜਾਤੁ ਅਸ੍ਵ ਅਮਿਉ ਪੀਆਏ।
੪. ਐਰਾਪਤਿ ਗਜ ਸੰਖੁ ਬਿਖੁ ਦੇਵ ਦਾਨਵ ਮਿਲਿ ਵੰਡਿ ਦਿਵਾਏ।
੫. ਮਾਣਕ ਮੋਤੀ ਹੀਰਿਆਂ ਬਹੁ ਮੁਲੇ ਸਭੁ ਕੋ ਵਰੁਸਾਏ।
੬. ਸੰਖੁ ਸਮੁੰਦ੍ਰਹੁ ਸਖਣਾ ਧਾਹਾਂ ਦੇ ਦੇ ਰੋਇ ਸੁਣਾਏ।
੭. ਸਾਧਸੰਗਤਿ ਗੁਰ ਸਬਦੁ ਸੁਣਿ ਗੁਰ ਉਪਦੇਸੁ ਨ ਰਿਦੈ ਵਸਾਏ।
੮. ਨਿਹਫਲੁ ਅਹਿਲਾ ਜਨਮੁ ਗਵਾਏ॥ ੧॥

ਪਦ ਅਰਥ - ਮਥਿ=ਰਿੜਕ ਕੇ। ਕਉਸਤਕ=ਕੌਸਤਕ ਮਣੀ। ਲਛ=ਲਛਮੀ। ਅਸ੍ਵ=ਘੋੜਾ, ਜੋ ਹੁਣ ਸੂਰਜ ਕੋਲ ਹੈ। ਸੰਖੁ=ਵਿਚੋਂ ਖਾਲੀ, ਲੰਮੀਆਂ ਹੇਕਾਂ ਵਾਲਾ।

ਅਰਥ - ੧. ਸਮੁੰਦਰ, ਜੋ ਅਗੰਮ ਤੇ ਅਥਾਹ ਸੀ, ਉਸ ਨੂੰ ਰਿੜਕ ਕੇ, ਉਸ ਵਿਚੋਂ ੧੪ ਅਮੋਲਕ ਰਤਨ ਕੱਢੇ ਗਏ। ੨. (੧੪ ਰਤਨ ਇਹ ਹਨ :-) ਚੰਦ੍ਰਮਾਂ, ਸਾਰੰਗ ਧਨੁੱਖ, ਸ਼ਰਾਬ, ਕੌਸਤਕ ਮਣੀ, ਲੱਛਮੀ, ਧਨੰਤਰ ਵੈਦ ਲੱਭੇ (ਪਾਏ)। ੩. ਰੰਭਾ (ਅਪੱਛਰਾ) (ਜੋ ਇੰਦਰ ਦੇ ਦਰਬਾਰ ਵਿਚ ਗਾਇਨ ਕਰਦੀ ਹੈ), ਕਾਮਧੇਨ ਗਊ, ਪਾਰਜਾਤ (ਕਲਪ) ਬ੍ਰਿਛ, ਅਸ੍ਵ (ਉਚਸ੍ਰਵਾ ਘੋੜਾ), ਅੰਮ੍ਰਿਤ, (ਜੋ ਵਿਸ਼ਨੂੰ ਨੇ ਮੋਹਣੀ ਰੂਪ ਧਾਰ ਕੇ ਦੇਵਤਿਆਂ ਨੂੰ ਪਿਲਾ ਦਿੱਤਾ ਸੀ)। ੪. ਹਾਥੀ (ਐਰਾਪਤ), ਸੰਖ ਤੇ ਜ਼ਹਿਰ (ਕਾਲਕੂਟ)। ਇਹ ੧੪ ਰਤਨ ਦੇਵਤਿਆਂ ਤੇ ਦਾਨਵਾਂ ਦੀ ਸਭਾ ਲਗਾ ਕੇ ਵੰਡੇ ਗਏ। ੫. ਹੋਰ ਵੀ ਮਾਣਕ ਮੋਤੀ ਤੇ ਹੀਰੇ

ਬਹੁਮੁਲੇ ਨਿਕਲੇ, ਜੋ ਸਭ ਲੋਕਾਂ ਨੂੰ ਵਰੋਸਾਉਂਦੇ (ਲਾਭ ਦੇਂਦੇ) ਹਨ। ੬. ਪਰ ਸੰਖ ਸਮੁੰਦਰ ਦੇ ਵਿਚੋਂ ਨਿਕਲਿਆ, ਜੋ ਵਿਚੋਂ ਸੱਖਣਾ ਸੀ, ਹੁਣ ਤਕ ਓਹ ਧਾਹਾਂ ਮਾਰ ਮਾਰ ਕੇ ਰੋਂਦਾ ਤੇ ਸੁਣਾਉਂਦਾ ਹੈ। ੭. (ਇਸੇ ਤਰ੍ਹਾਂ, ਉਹ ਲੋਕ ਸੰਖ ਵਰਗੇ ਸੱਖਣੇ ਜੋ) ਸਾਧ ਸੰਗਤ ਰੂਪੀ ਸਮੁੰਦਰ ਵਿਚ ਰਹਿ ਕੇ, ਸ਼ਬਦ ਸੁਣ ਕੇ ਹਿਰਦੇ ਵਿਚ ਨਹੀਂ ਵਸਾਉਂਦਾ। ੮. ਉਹ ਆਪਣੇ ਜਨਮ ਨੂੰ ਨਿਸਫਲ ਗੁਆ ਦੇਂਦਾ ਹੈ॥ ੧॥

੨. ਡੱਡੂ ਦੀ ਭਾਂਤ—ਮਨਮੁਖ ਦੀ ਦਸ਼ਾ

੧. ਨਿਰਮਲੁ ਨੀਰੁ ਸੁਹਾਵਣਾ ਸੁਭਰ ਸਰਵਰਿ ਕਵਲ ਫੁਲੰਦੇ।
੨. ਰੂਪ ਅਨੂਪ ਸਰੂਪ ਅਤਿ ਗੰਧ ਸੁਗੰਧ ਹੋਇ ਮਹਕੰਦੇ।
੩. ਭਵਰਾਂ ਵਾਸਾ ਵੰਝ ਵਣਿ ਖੋਜਹਿ ਏਕੋ ਖੋਜਿ ਲਹੰਦੇ।
੪. ਲੋਭ ਲੁਭਤਿ ਮਕਰੰਦ ਰਸਿ ਦੂਰਿ ਦਿਸੰਤਰਿ ਆਇ ਮਿਲੰਦੇ।
੫. ਸੂਰਜੁ ਗਗਨਿ ਉਦੋਤ ਹੋਇ ਸਰਵਰ ਕਵਲ ਧਿਆਨੁ ਧਰੰਦੇ।
੬. ਡੱਡੂ ਚਿਕੜਿ ਵਾਸੁ ਹੈ ਕਵਲ ਸਿਞਾਣਿ ਨ ਮਾਣਿ ਸਕੰਦੇ।
੭. ਸਾਧਸੰਗਤਿ ਗੁਰ ਸਬਦੁ ਸੁਣਿ ਗੁਰ ਉਪਦੇਸ ਨ ਰਹਤ ਰਹੰਦੇ।
੮. ਮਸਤਕਿ ਭਾਗ ਜਿਨ੍ਹਾਂ ਦੇ ਮੰਦੇ॥ ੨॥

ਪਦ ਅਰਥ - ਸੁਭਰ=ਨੱਕੋ ਨੱਕ। ਮਹਕੰਦੇ-ਮਹਿਕਦੇ ਹਨ। ਨ ਮਾਣਿ ਸਕੰਦੇ=ਮਾਣ ਨਹੀਂ ਸਕਦੇ।

ਅਰਥ - ੧. ਨਿਰਮਲ ਪਾਣੀ ਦੇ ਨੱਕੋ ਨੱਕ ਭਰੇ ਤਲਾਉ ਵਿਚ ਕਮਲ ਫੁੱਲ ਫਲਦੇ ਹਨ। ੨. ਅਨੂਪਮ ਰੂਪ ਅਤਿ ਸੁੰਦਰਤਾ ਵਾਲੇ ਤੇ ਸੁਗੰਧੀਆਂ ਵਿਚੋਂ ਸੋਹਣੀ ਮਹਿਕ ਦੇ ਕੇ ਮਹਿਕਦੇ ਹਨ। ੩. ਭਵਰੇ ਦਾ ਵਾਸਾ ਜੰਗਲ ਵਿਚ ਹੀ ਹੈ ਤੇ ਉਹ ਕੰਵਲ ਦੀ ਭਾਲ ਕਰਦੇ, ਕੰਵਲ ਨੂੰ ਲੱਭ ਹੀ ਲੈਂਦੇ ਹਨ। ੪. ਕੰਵਲ ਦੀ ਮਹਿਕ ਦੇ ਲੋਭੀ ਮਹਿਕ ਦੇ ਰਸ (ਸੁਆਦ) ਨੂੰ ਬਹੁਤ ਦੂਰੋਂ ਆ ਮਿਲਦੇ ਹਨ। ੫. ਕਿਥੇ ਸੂਰਜ ਦੂਰ ਆਸਮਾਨਾਂ ਵਿਚੋਂ ਨਿਕਲਦਾ ਹੈ, ਪਰ ਕੰਵਲ ਧਰਤੀ ਦੇ ਪਾਣੀ ਵਿਚ ਨੀਵੇਂ ਥਾਂ ਤੋਂ ਉਸਨੂੰ ਵੇਖਦਾ ਹੀ ਉਸ ਦਾ ਧਿਆਨ ਧਰ ਕੇ ਖਿੜ ਜਾਂਦਾ ਹੈ। ੬. (ਦੂਜੇ ਪਾਸੇ) ਡੱਡੂ ਦਾ ਵੀ ਉਸੇ ਪਾਣੀ ਵਿਚ ਹੀ ਵਾਸਾ ਹੈ, ਪਰ ਕੰਵਲ ਦੀ ਪਛਾਣ ਕਰਕੇ ਉਹ (ਉਸ ਦੇ ਰਸ) ਮਹਿਕ ਨੂੰ ਨਹੀਂ ਮਾਣ ਸਕਦੇ। ੭. (ਇਸੇ ਤਰ੍ਹਾਂ) ਸਾਧ ਸੰਗਤ ਵਿਚੋਂ ਜਿਹੜੇ ਗੁਰੂ ਦੇ ਸ਼ਬਦ (ਉਪਦੇਸ਼) ਨੂੰ ਸੁਣ ਕੇ ਵੀ ਤੇ ਅਮਲ (ਰਹੁਰੀਤੀ ਧਾਰਨ) ਨਹੀਂ ਕਰਦੇ। ੮. ਉਨ੍ਹਾਂ ਦੇ ਮੱਥੇ ਦੇ ਮੰਦ ਭਾਗਾਂ ਦੀ ਹੀ ਗੱਲ ਸਮਝੋ॥ ੨॥

੩. ਬਗਲੇ ਦੀ ਸਮਾਧੀ—ਨਿਰਾ ਹੀ ਕਪਟ

੧. ਤੀਰਥਿ ਪੁਰਬਿ ਸੰਜੋਗ ਲੋਗ ਚਹੁ ਕੁੰਡਾਂ ਦੇ ਆਇ ਜੁੜੰਦੇ।

੨. ਚਾਰਿ ਵਰਨ ਛਿਅ ਦਰਸਨਾਂ ਨਾਮੁ ਦਾਨੁ ਇਸਨਾਨੁ ਕਰੰਦੇ।
੩. ਜਪ ਤਪ ਸੰਜਮ ਹੋਮ ਜਗ ਵਰਤ ਨੇਮ ਕਰਿ ਵੇਦ ਸੁਣੰਦੇ।
੪. ਗਿਆਨ ਧਿਆਨ ਸਿਮਰਣ ਜੁਗਤਿ ਦੇਵੀ ਦੇਵ ਸਥਾਨ ਪੁਜੰਦੇ।
੫. ਬਗਾ ਬਗੇ ਕਪੜੇ ਕਰਿ ਸਮਾਧਿ ਅਪਰਾਧਿ ਨਿਵੰਦੇ।
੬. ਸਾਧਸੰਗਤਿ ਗੁਰ ਸਬਦੁ ਸੁਣਿ ਗੁਰਮੁਖਿ ਪੰਥ ਨ ਚਾਲ ਚਲੰਦੇ।
੭. ਕਪਟ ਸਨੇਹੀ ਫਲੁ ਨ ਲਹੰਦੇ ॥ ੩ ॥

ਪਦ ਅਰਥ - ਜੁੜੰਦੇ=ਇਕੱਠੇ ਹੁੰਦੇ। ਪੁਜੰਦੇ=ਪੂਜਾ ਕਰਦੇ ਹਨ। ਨਿਵੰਦੇ=ਨੀਊਣਾ। ਕਪਟ ਸਨੇਹੀ=ਧੋਖੇਬਾਜ਼ਾਂ ਦੀ ਪ੍ਰੀਤੀ। ਲਹੰਦੇ=ਲੈਂਦੇ।

ਅਰਥ - ੧. ਤੀਰਥਾਂ ਤੇ ਪੁਰਬਾਂ ਦੇ ਸੰਬੰਧ ਨਾਲ ਲੋਕੀਂ ਇਕੱਠੇ ਹੁੰਦੇ, ਤੇ ਚਾਰੇ ਪਾਸਿਆਂ ਤੋਂ ਆ ਕੇ ਜੋੜ ਮੇਲ ਕਰਦੇ ਹਨ। ੨. ਚਾਰੇ ਵਰਣਾਂ ਦੇ ਲੋਕ, ਤੇ ਛਿਆਂ ਧਰਮਾਂ ਦੀ ਪਾਲਨਾ ਕਰਨ ਵਾਲੇ, ਨਾਮ ਦਾਨ ਤੇ ਇਸ਼ਨਾਨ ਆਦਿ ਕਰਦੇ ਹਨ। ੩. ਜਪ, ਤਪ, ਸੰਜਮ, ਹੋਮ ਤੇ ਜਗ ਅਤੇ ਵਰਤ ਨੇਮ ਕਰਕੇ ਵੇਦਾਂ ਦਾ ਪਾਠ ਸੁਣਦੇ ਹਨ। ੪. ਗਿਆਨੀ ਤੇ ਧਿਆਨੀ ਅਤੇ ਸਿਮਰਨ, ਜੁਗਤੀਆਂ (ਬਿਧੀਆਂ) ਸਹਿਤ ਕਰ ਕਰ ਕੇ, ਫਿਰ ਦੇਵੀ ਦੇਵਤਿਆਂ ਦੇ ਅਸਥਾਨਾਂ ਦੀ ਪੂਜਾ ਕਰਦੇ ਹਨ। ੫. (ਪਰ ਇਹ ਸਭ ਕੁਛ ਇਉਂ ਹੀ ਹੈ, ਜਿਵੇਂ) ਚਿੱਟੇ ਬਗਲੇ, ਜਿਨ੍ਹਾਂ ਦੇ ਪਰ (ਕੱਪੜੇ) ਚਿੱਟੇ ਹਨ, ਉਹ ਸਮਾਧੀਆਂ ਲਾ ਲਾ ਅਪਰਾਧੀਆਂ ਵਾਂਗ ਹੀ ਨੀਊਂਦੇ ਹਨ। ੬. ਸਾਧ ਸੰਗਤ (ਵਿਚ ਜਾ ਕੇ) ਗੁਰ ਸ਼ਬਦ ਸੁਣਦੇ ਹਨ, ਪਰ ਗੁਰ ਸ਼ਬਦ (ਉਪਦੇਸ਼ ਨੂੰ ਮੰਨਣ ਵਾਲੇ) ਗੁਰਮੁਖਾਂ ਦੇ ਰਸਤੇ ਵਾਲੀ ਚਾਲ ਨਹੀਂ ਚਲਦੇ। ੭. (ਸਮਝੋ ਕਿ) ਇਹੋ ਜੇਹੇ ਕਪਟ ਸਨੇਹੀ (ਵਿਖਾਵੇ ਦੇ ਪ੍ਰੇਮੀ) ਹਨ, ਜੋ ਕੋਈ ਫਲ ਵੀ (ਸਾਧ ਸੰਗਤ ਵਿਚ ਜਾਣ ਦਾ) ਪ੍ਰਾਪਤ ਨਹੀਂ ਕਰਦੇ॥ ੩ ॥

੪. ਮਨਮੁਖ ਨੂੰ ਘਾਟਾ ਤੇ ਗੁਰਮੁਖ ਨੂੰ ਲਾਹਾ

੧. ਸਾਵਣਿ ਵਣ ਹਰੀਆਵਲੇ ਵੁਠੈ ਸੁਕੈ ਅਕੁ ਜਵਾਹਾ।
੨. ਤ੍ਰਿਪਤਿ ਬਬੀਹੇ ਸ੍ਵਾਂਤਿ ਬੂੰਦ ਸਿਪ ਅੰਦਰਿ ਮੋਤੀ ਓਮਾਹਾ।
੩. ਕਦਲੀ ਵਣਹੁ ਕਪੂਰ ਹੋਇ ਕਲਰਿ ਕਵਲੁ ਨ ਹੋਇ ਸਮਾਹਾ।
੪. ਬਿਸੀਅਰ ਮੁਹਿ ਕਾਲਕੂਟ ਹੋਇ ਧਾਤ ਸੁਪਾਤ੍ਰ ਕੁਪਾਤ੍ਰ ਦੁਗਾਹਾ।
੫. ਸਾਧਸੰਗਤਿ ਗੁਰ ਸਬਦੁ ਸੁਣਿ ਸਾਂਤਿ ਨ ਆਵੈ ਉਭੈ ਸਾਹਾ।
੬. ਗੁਰਮੁਖਿ ਸੁਖ ਫਲੁ ਪਿਰਮ ਰਸੁ ਮਨਮੁਖ ਬਦਰਾਹੀ ਬਦਰਾਹਾ।
੭. ਮਨਮੁਖ ਟੋਟਾ ਗੁਰਮੁਖ ਲਾਹਾ ॥ ੪ ॥

ਪਦ ਅਰਥ - ਵੁਠੈ=ਵਰਖਾ ਹੋਣ 'ਤੇ। ਓਮਾਹਾ=ਖੁਸ਼ੀ, ਹੁਲਾਸ, ਖੇੜਾ। ਦੁਰਾਹਾ=ਦੁਚਿੱਤਾ, ਦੋਵੇਂ ਪਾਸੇ ਚਲਣਾ। ਬਦਰਾਹੀ ਬਦਰਾਹਾ=ਵਿਕਾਰੀ, ਵਿਕਾਰਾਂ ਵਿਚ।

ਅਰਥ - ੧. ਸਾਵਣ ਵਿਚ ਬਰਖਾ ਹੋਣ 'ਤੇ ਬ੍ਰਿਛਾਂ ਉਤੇ ਹਰਿਆਵਲ ਆਉਂਦੀ ਹੈ ਪਰ ਇਸ ਸਮੇਂ ਅੱਕ ਅਤੇ ਜਵਾਂਹਾਂ ਸੁੱਕ ਸੜ ਜਾਂਦੇ ਹਨ। ੨. ਪਪੀਹੇ ਦੇ ਮੂੰਹ ਵਿਚ ਜੇ ਸ੍ਵਾਂਤੀ ਬੂੰਦ ਪੈ ਜਾਏ, ਤਾਂ ਉਹ ਤ੍ਰਿਪਤੀ ਤੇ ਪ੍ਰਸੰਨਤਾ ਪ੍ਰਾਪਤ ਕਰ ਲੈਂਦਾ ਹੈ। ਸਿੱਪ ਵਿਚ ਸ੍ਵਾਂਤੀ ਬੂੰਦ ਪਵੇ ਤਾਂ ਸੁੱਚੇ ਮੋਤੀ ਦਾ ਰੂਪ ਧਾਰਨ ਕਰ ਜਾਂਦੀ ਹੈ। ੩. ਕੇਲੇ ਉਤੇ ਜੇ ਇਹ ਸ੍ਵਾਂਤੀ ਬੂੰਦ ਆਣ ਡਿੱਗੇ, ਤਾਂ ਉਹ ਕਪੂਰ ਪੈਦਾ ਕਰ ਦਿੰਦੀ ਹੈ, ਪਰ ਕੱਲਰ ਵਿਚ ਡਿੱਗੀ ਬੇਅਰਥ ਚਲੀ ਜਾਂਦੀ ਹੈ। (ਕਿਉਂਕਿ ਕੱਲਰ ਵਿਚ) ਕੰਵਲ ਦਾ ਸਮਾਉਣਾ (ਭਾਵ ਸਮਾਈ) ਹੁੰਦੀ ਨਹੀਂ। ੪. ਜੇ ਸ੍ਵਾਂਤੀ ਬੂੰਦ ਸੱਪ ਦੇ ਮੂੰਹ ਵਿਚ ਪਵੇ, ਤਾਂ ਉਹ ਜ਼ਹਿਰ (ਕਾਲਕੂਟ) ਬਣ ਜਾਂਦੀ ਹੈ। (ਭਾਈ ਸਾਹਿਬ ਦਸਦੇ ਹਨ ਕਿ) ਇਹ ਭਾਂਡੇ ਦਾ ਹੀ ਫਰਕ ਹੈ। ਜੇ ਚੰਗੇ ਭਾਂਡੇ ਵਿਚ (ਸ੍ਵਾਂਤੀ ਬੂੰਦ) ਪੈਂਦੀ ਤਾਂ ਚੰਗੀ ਵਸਤੂ ਬਣ ਜਾਂਦੀ ਹੈ ਤੇ ਜੇ ਮੰਦੇ ਭਾਂਡੇ ਵਿਚ ਪੈਂਦੀ ਹੈ ਤਾਂ ਮੰਦੀ ਵਸਤੂ ਬਣ ਜਾਂਦੀ ਹੈ, ਇਹ ਤਾਂ ਭਾਂਡੇ ਕੁਭਾਂਡੇ ਦਾ ਹੀ ਫਰਕ ਹੈ। ੫. (ਜਿਵੇਂ) ਸਾਧ ਸੰਗਤ (ਪ੍ਰਭੂ ਨਾਮ ਦੀ ਵਰਖਾ ਦਾ ਅਸਥਾਨ ਹੈ, ਉਥੇ ਨਾਮ ਦੀ ਵਰਖਾ ਹੁੰਦੀ ਹੈ, ਪਰ ਅੱਕ ਤੇ ਜਵਾਂਹਾਂ ਵਰਗੇ ਮਨਮੁਖਾਂ ਨੂੰ) ਸ਼ਾਂਤੀ ਨਹੀਂ ਆਉਂਦੀ, ਉਹ ਉਭੇ ਸਾਹ ਹੀ ਲੈਂਦੇ ਰਹਿੰਦੇ ਹਨ। ੬. ਗੁਰਮੁਖ (ਪਪੀਹਾ ਤੇ ਸਿੱਪ ਵਾਂਗ) ਸੁਖ ਫਲ ਪ੍ਰਾਪਤ ਕਰਕੇ ਪ੍ਰੇਮ ਰਸ ਪੀਂਦੇ ਤੇ ਵਿਕਾਰੀ ਮਨਮੁਖ ਵਿਕਾਰਾਂ ਵਿਚ ਹੀ ਰੁੜ੍ਹੇ ਰਹਿੰਦੇ ਹਨ। ੭. ਇਸ ਲਈ ਮਨਮੁਖ ਨੂੰ ਘਾਟਾ ਹੀ ਘਾਟਾ ਤੇ ਗੁਰਮੁਖ ਨੂੰ (ਸਾਧ ਸੰਗਤ ਦਾ) ਲਾਭ ਹੀ ਲਾਭ ਹੈ॥੪॥

੫. ਹਉਮੈ ਤੇ ਹੰਕਾਰ ਦਾ ਵੱਡਾ ਭਰਮ ਚੱਕਰ

੧. ਵਣ ਵਣ ਵਿਚਿ ਵਣਾਸਪਤਿ ਇਕੋ ਧਰਤੀ ਇਕੋ ਪਾਣੀ।
੨. ਰੰਗ ਬਿਰੰਗੀ ਫੁਲ ਫਲ ਸਾਦ ਸੁਗੰਧ ਸਨਬੰਧ ਵਿਡਾਣੀ।
੩. ਉਚਾ ਸਿੰਮਲੁ ਝੰਟੁਲਾ ਨਿਹਫਲੁ ਚੀਲੁ ਚੜ੍ਹੈ ਅਸਮਾਣੀ।
੪. ਜਲਦਾ ਵਾਂਸੁ ਵਢਾਈਐ ਵੰਝੁਲੀਆਂ ਵਜਨਿ ਬਿਬਾਣੀ।
੫. ਚੰਦਨ ਵਾਸੁ ਵਣਾਸਪਤਿ ਵਾਸੁ ਰਹੈ ਨਿਰਗੰਧ ਰਵਾਣੀ।
੬. ਸਾਧਸੰਗਤਿ ਗੁਰ ਸਬਦੁ ਸੁਣਿ ਰਿਦੈ ਨ ਵਸੈ ਅਭਾਗ ਪਰਾਣੀ।
੭. ਹਉਮੈ ਅੰਦਰਿ ਭਰਮਿ ਭੁਲਾਣੀ॥੫॥

ਪਦ ਅਰਥ - ਵਣਾਸਪਤਿ=ਜੰਗਲਾਂ ਵਿਚ ਬਾਗ। ਵਿਡਾਣੀ=ਅਸਚਰਜ। ਝੰਟੁਲਾ=ਉਪਰੋਂ ਫੈਲਿਆ, ਸਿਰ ਦੇ ਝਾਟੇ ਵਾਂਗ। ਵੰਝੁਲੀਆਂ=ਬੰਸਰੀਆਂ। ਬਿਬਾਣੀ=ਬੇਅਰਥ। ਰਵਾਣੀ=ਚਲੀ ਜਾਣੀ।

ਅਰਥ - ੧. ਜੰਗਲ ਵਿਚ ਇਕੋ ਧਰਤੀ 'ਤੇ ਇਕੋ ਹੀ ਪਾਣੀ ਨਾਲ ਸਾਰੀ ਵਨਸਪਤੀ ਵਿਚ ਹਰਿਆਵਲ ਹੈ। ੨. ਤਰ੍ਹਾਂ ਤਰ੍ਹਾਂ ਦੇ ਰੰਗ ਬਰੰਗੇ ਫੁੱਲ ਤੇ ਫਲ ਹਨ, ਜਿਨ੍ਹਾਂ ਦੇ ਸੁਆਦ ਤੇ ਸੁਗੰਧੀ ਦਾ ਸੰਬੰਧ ਵੀ ਵੱਡੀ ਅਸਚਰਜਤਾ ਵਾਲਾ ਹੈ। ੩. ਸਿੰਮਲ ਦਾ ਰੁਖ ਕਿੰਨਾ ਹੀ ਉੱਚਾ ਤੇ ਸੰਘਣਾ ਹੈ, ਚੀਲ ਦਾ ਰੁਖ ਉਸ ਤੋਂ

ਵੀ ਉੱਚਾ ਹੈ, (ਪਰ ਫਲਾਂ ਤੋਂ ਬਿਨਾਂ) ਨਿਹਫਲ ਹੈ, ਤੇ ਉਸਦੀ ਉਚਾਈ ਵੀ ਨਿਹਫਲ ਹੀ ਹੈ। ੪. ਵਾਂਸਾਂ ਦਾ (ਉਚਾਈ ਵਾਲਾ) ਜੰਗਲ ਸੜਦਾ ਹੀ ਵੱਢਿਆ ਜਾਂਦਾ ਹੈ, ਜਿਸ ਦੀਆਂ ਬਾਂਸਰੀਆਂ ਹੀ ਵਜਦੀਆਂ ਹਨ, ਲੋਕ ਜੰਗਲਾਂ ਵਿਚ ਵਜਾਉਂਦੇ ਫਿਰਦੇ ਹਨ। ੫. ਚੰਦਨ ਦੇ ਇੱਕ ਬ੍ਰਿਛ ਨਾਲ ਬਾਕੀ ਦੇ ਬ੍ਰਿਛ ਤੇ ਬੂਟੇ ਵੀ ਸੁਗੰਧ ਵਾਲੇ ਹੋ ਜਾਂਦੇ ਹਨ ਪਰ ਵਾਂਸ ਸੁਗੰਧ ਤੋਂ ਬਿਨਾਂ ਰਹਿ ਜਾਂਦਾ ਹੈ ਤੇ ਕੇਵਲ ਹਵਾ ਦੇ ਝੋਕਿਆਂ ਨਾਲ ਹੀ ਇੱਕ ਦੂਜੇ ਨਾਲ ਖਹਿ ਕੇ ਸ਼ਾਂ ਸ਼ਾਂ ਦੀ ਆਵਾਜ਼ ਹੀ ਦੇਂਦਾ ਹੈ। ੬. (ਇਸੇ ਤਰ੍ਹਾਂ) ਓਹ ਪ੍ਰਾਣੀ ਕਿੰਨਾ ਅਭਾਗਾ ਹੈ, ਜੋ ਸਾਧ ਸੰਗਤ ਵਿਚੋਂ ਗੁਰ ਉਪਦੇਸ਼ ਸੁਣ ਕੇ ਉਸ 'ਤੇ ਅਮਲ ਨਹੀਂ ਕਰਦਾ, ਰਿਦੇ ਵਿਚ ਨਹੀਂ ਵਸਾਉਂਦਾ। ੭. ਹਉਮੈ ਵਿਚ ਪਏ (ਅਜੇਹੇ ਲੋਕ) ਭਰਮਾਂ ਵਿਚ ਹੀ ਭੁੱਲੇ ਰਹਿੰਦੇ ਹਨ॥ ੫॥

੬. ਉੱਲੂ ਵਰਗੇ ਮਨਮੁਖ ਦਾ ਜਨਮ ਬਿਰਥਾ ਹੈ

੧. ਸੂਰਜੁ ਜੋਤਿ ਉਦੋਤਿ ਕਰਿ ਚਾਨਣੁ ਕਰੈ ਅਨੇਰੁ ਗਵਾਏ।
੨. ਕਿਰਤਿ ਵਿਰਤਿ ਜਗ ਵਰਤਮਾਨ ਸਭਨਾਂ ਬੰਧਨ ਮੁਕਤਿ ਕਰਾਏ।
੩. ਪਸੁ ਪੰਖੀ ਮਿਰਗਾਵਲੀ ਭਾਖਿਆ ਭਾਉ ਅਲਾਉ ਸੁਣਾਏ।
੪. ਬਾਂਗਾਂ ਬੁਰਗੂ ਸਿੰਙੀਆਂ ਨਾਦ ਬਾਦ ਨੀਸਾਣ ਵਜਾਏ।
੫. ਘੁਘੂ ਸੁਝੁ ਨ ਸੁਝਈ ਜਾਇ ਉਜਾੜੀ ਝਥਿ ਵਲਾਏ।
੬. ਸਾਧਸੰਗਤਿ ਗੁਰ ਸਬਦੁ ਸੁਣਿ ਭਾਉ ਭਗਤਿ ਮਨਿ ਭਉ ਨ ਵਸਾਏ।
੭. ਮਨਮੁਖ ਬਿਰਥਾ ਜਨਮੁ ਗਵਾਏ॥ ੬॥

ਪਦ ਅਰਥ - ਉਦੋਤਿ=ਪ੍ਰਕਾਸ਼। ਕਿਰਤਿ ਵਿਰਤਿ=ਕਾਰ ਵਿਹਾਰ। ਬੁਰਗੂ=ਮੁੱਲਾਂ। ਨੀਸਾਣ=ਦਮਾਮੇ। ਘੁਘੂ=ਉੱਲੂ। ਸੁਝੁ=ਸੂਰਜ। ਝਥਿ=ਝੱਟ।

ਅਰਥ - ੧. ਸੂਰਜ ਦੀ ਜੋਤ ਦਾ ਪ੍ਰਕਾਸ਼ ਹੁੰਦਿਆਂ ਹੀ, ਚਾਨਣਾ ਹੋ ਜਾਂਦਾ ਹੈ ਤੇ ਹਨੇਰਾ ਗੁੰਮ ਹੋ ਜਾਂਦਾ ਹੈ। ੨. ਸੰਸਾਰੀ ਲੋਕ ਆਪਣੇ ਕਾਰ ਵਿਹਾਰਾਂ ਵਿਚ ਲੱਗ ਜਾਂਦੇ ਹਨ ਤੇ ਸੂਰਜ ਸਭ ਨੂੰ (ਹਨੇਰੇ ਨਾਲ ਪਏ) ਬੰਧਨਾਂ ਤੋਂ ਮੁਕਤ ਕਰ ਦਿੰਦਾ ਹੈ। ੩. ਪਸ਼ੂ, ਪੰਛੀ ਤੇ ਹਰਨਾਂ ਦੀਆਂ ਡਾਰਾਂ, ਸਭ ਆਪੋ ਵਿਚ ਪ੍ਰੇਮ ਪਿਆਰ ਦੇ ਬੋਲ ਬੋਲ ਕੇ ਇੱਕ ਦੂਜੇ ਨੂੰ ਸੁਣਾਉਂਦੇ ਹਨ। ੪. (ਮਸੀਤਾਂ ਵਿਚ) ਮੁੱਲਾਂ ਬਾਂਗਾਂ ਦੇਂਦੇ ਹਨ (ਡੇਰਿਆਂ ਵਿਖੇ) ਜੋਗੀ ਸਿੰਙੀਆਂ ਦੇ ਨਾਦ ਵਜਾਉਂਦੇ ਹਨ ਤੇ (ਬਾਦਸ਼ਾਹਾਂ ਦੇ ਦਰਵਾਜ਼ਿਆਂ ਅੱਗੇ) ਨਗਾਰਿਆਂ 'ਤੇ ਚੋਬਾਂ ਲੱਗਦੀਆਂ ਹਨ ਤੇ ਉਹ ਖੂਬ ਵੱਜਦੇ ਹਨ। ੫. (ਹੋਰ ਤਾਂ ਸਾਰੇ ਪ੍ਰਸੰਨਤਾ ਵਿਚ ਆਉਂਦੇ ਹਨ, ਪਰ) ਉੱਲੂ ਨੂੰ ਸੂਰਜ ਨਹੀਂ ਦਿਸਦਾ, (ਉਹ ਅੱਖਾਂ ਬੰਦ ਕਰ) ਝਾੜਾਂ ਵਿਚ ਲੁਕ ਕੇ ਦਿਨੇ (ਚਾਨਣ ਦਾ) ਸਮਾਂ, ਮਸਾਂ ਹੀ ਟਪਾਉਂਦਾ ਹੈ। ੬. (ਇਸੇ ਤਰ੍ਹਾਂ) ਸਾਧ ਸੰਗਤ ਵਿਚ ਜਾ ਕੇ, ਗੁਰੂ ਸ਼ਬਦ ਨੂੰ ਸੁਣ ਕੇ ਮਨਮੁਖ ਦੇ ਮਨ ਵਿਚ ਨਾ ਪ੍ਰੇਮਾ-ਭਗਤੀ ਪੈਦਾ ਹੁੰਦੀ ਹੈ ਤੇ ਨਾ ਹੀ ਉਹ ਮਨ ਵਿਚ (ਪਰਮੇਸ਼ਰ ਦੇ) ਡਰ ਨੂੰ ਹੀ ਲਿਆਉਂਦਾ ਹੈ। ੭. (ਇਸ ਕਰਕੇ) ਮਨਮੁਖ ਆਪਣੇ ਜਨਮ ਨੂੰ ਬਿਰਥਾ ਹੀ ਗੁਆ ਲੈਂਦਾ ਹੈ॥ ੬॥

੭. ਚੰਦ-ਚਕੋਰ ਦੀ ਪ੍ਰੀਤੀ ਤੇ ਇਸਦੇ ਉਲਟ ਦੂਜਾ ਭਾਵ

੧. ਚੰਦ ਚਕੋਰ ਪਰੀਤਿ ਹੈ ਜਗਮਗ ਜੋਤਿ ਉਦੋਤੁ ਕਰੰਦਾ।
੨. ਕਿਰਖਿ ਬਿਰਖਿ ਹੁਇ ਸਫਲੁ ਫਲਿ ਸੀਤਲ ਸਾਂਤਿ ਅਮਿਉ ਵਰਸੰਦਾ।
੩. ਨਾਰਿ ਭਤਾਰਿ ਪਿਆਰੁ ਕਰਿ ਸਿਹਜਾ ਭੋਗ ਸੰਜੋਗੁ ਬਣੰਦਾ।
੪. ਸਭਨਾ ਰਾਤਿ ਮਿਲਾਵੜਾ ਚਕਵੀ ਚਕਵਾ ਮਿਲਿ ਵਿਛੁੜੰਦਾ।
੫. ਸਾਧਸੰਗਤਿ ਗੁਰ ਸਬਦੁ ਸੁਣਿ ਕਪਟ ਸਨੇਹਿ ਨ ਥੇਹੁ ਲਹੰਦਾ।
੬. ਮਜਲਸਿ ਆਵੈ ਲਸਣੁ ਖਾਇ ਗੰਦੀ ਵਾਸੁ ਮਚਾਏ ਗੰਦਾ।
੭. ਦੂਜਾ ਭਾਉ ਮੰਦੀ ਹੂੰ ਮੰਦਾ॥ ੭॥

ਪਦ ਅਰਥ - ਜਗਮਗ ਜੋਤਿ ਉਦੋਤੁ=ਜਗਮਗ ਕਰਦੀ ਜੋਤ ਦਾ ਪ੍ਰਕਾਸ਼। ਅਮਿਉ=ਅੰਮ੍ਰਿਤ। ਭਤਾਰਿ=ਪਤੀ ਦੇਵ। ਮਿਲਾਵੜਾ=ਮੇਲ ਜੋਲ, ਮਿਲਾਪ। ਲਸਣੁ=ਥੋਮ।

ਅਰਥ - ੧. ਚਕੋਰ ਬੜੀ ਤੀਬਰਤਾ ਦੇ ਪ੍ਰੇਮ ਵਿਚ ਆ, ਜਗਮਗ ਕਰ ਰਹੀ ਚੰਦ੍ਰਮਾਂ ਦੀ ਪ੍ਰਕਾਸ਼ ਜੋਤੀ ਵੱਲ ਦੇਖੀ ਜਾਂਦਾ ਹੈ। ੨. ਖੇਤੀਆਂ ਤੇ ਬ੍ਰਿਛ ਦੇ ਫਲ ਤੇ ਫੁੱਲਾਂ ਉਤੇ ਸੀਤਲ ਅਤੇ ਸ਼ਾਂਤੀ ਦਾ (ਚੰਦ੍ਰਮਾਂ ਇਕ-ਰਸ) ਅੰਮ੍ਰਿਤ ਵਰਸਾਉਂਦਾ ਹੈ। ੩. (ਚੰਦ੍ਰਮਾਂ ਦੀ ਚਾਨਣੀ ਤੋਂ ਪ੍ਰਭਾਵਤ ਹੋ) ਇਸਤ੍ਰੀ ਪਤੀ ਪ੍ਰਤੀ ਪਿਆਰ ਜਤਾਉਂਦੀ ਹੈ, ਸੇਜਾ ਵਿਛਾਉਂਦੀ ਭੋਗਾਂ ਦੇ ਸੰਜੋਗ ਬਣਾਉਣ ਵਿਚ ਪ੍ਰੀਤੀ ਕਰਦੀ ਹੈ। ੪. ਇਨ੍ਹਾਂ ਸਭਨਾਂ ਦਾ ਰਾਤ ਨੂੰ ਮਿਲਾਪ ਹੁੰਦਾ ਹੈ, ਪਰ ਚਕਵੀ ਤੇ ਚਕਵੇ ਦਾ ਰਾਤ ਸਮੇਂ ਵਿਛੋੜਾ ਹੋ ਜਾਂਦਾ ਹੈ। ੫. (ਕਪਟੀ ਲੋਕ) ਸਾਧ ਸੰਗਤ ਵਿਚ ਗੁਰੂ ਸ਼ਬਦ ਨੂੰ ਸੁਣਦੇ ਹਨ, ਪਰ ਕਪਟ-ਪ੍ਰੀਤੀ ਕਾਰਣ ਪ੍ਰੇਮ ਦਾ ਥਾਹ ਨਹੀਂ ਲੈ ਸਕਦੇ। ੬. (ਉਹ ਹੋਰਨਾਂ ਲਈ ਦੁੱਖਦਾਈ ਹਨ, ਜਿਵੇਂ) ਕੋਈ ਲਸਣ (ਥੋਮ) ਖਾ ਕੇ ਮਜਲਸ (ਸਭਾ) ਵਿਚ ਆ ਜਾਏ, ਤੇ ਗੰਦੀ ਵਾਸ਼ਨਾ ਦੀ ਉਥੇ ਗੰਦਗੀ ਆ ਮਚਾਉਂਦਾ ਹੈ (ਬੋ ਖਿਲਾਰਦਾ ਹੈ)। ੭. ਸੋ ਐਸਾ (ਕਪਟ ਸਨੇਹੀ) ਦੂਜੇ ਭਾਵ (ਦੁਜੈਗੀ ਵਾਲਾ) ਮੰਦਿਆਂ ਤੋਂ ਵੀ ਮੰਦਾ ਹੈ॥ ੭॥

੮. ਮਨਮੁਖ ਦਾ ਕੜਛੀ ਨਾਲ ਦ੍ਰਿਸ਼ਟਾਂਤ

੧. ਖਟੁ ਰਸ ਮਿਠ ਰਸ ਮੇਲਿ ਕੈ ਛਤੀਹ ਭੋਜਨ ਹੋਨਿ ਰਸੋਈ।
੨. ਜੇਵਣਿਹਾਰ ਜਿਵਾਲੀਐ ਚਾਰਿ ਵਰਨ ਛਿਅ ਦਰਸਨ ਲੋਈ।
੩. ਤ੍ਰਿਪਤਿ ਭੁਗਤਿ ਕਰਿ ਹੋਇ ਜਿਸੁ ਜਿਹਬਾ ਸਾਉ ਸਿਞਾਣੈ ਸੋਈ।
੪. ਕੜਛੀ ਸਾਉ ਨ ਸੰਭਲੈ ਛਤੀਹ ਬਿੰਜਨ ਵਿਚਿ ਸੰਜੋਈ।
੫. ਰਤੀ ਰਤਕ ਨਾ ਰਲੈ ਰਤਨਾਂ ਅੰਦਰਿ ਹਾਰਿ ਪਰੋਈ।

੬. ਸਾਧਸੰਗਤਿ ਗੁਰੁ ਸਬਦੁ ਸੁਣਿ ਗੁਰ ਉਪਦੇਸੁ ਆਵੇਸੁ ਨ ਹੋਈ।
੭. ਕਪਟ ਸਨੇਹਿ ਨ ਦਰਗਹ ਢੋਈ॥ ੮॥

ਪਦ ਅਰਥ - ਜੇਵਣਿਹਾਰ=ਭੋਜਨ ਬਣਾਉਣ ਵਾਲਾ। ਬਿੰਜਨ=ਭੋਜਨ। ਰਤੀ=ਲਾਲ। ਰਤਕ=ਲਾਲੜੀ। ਆਵੇਸੁ=ਉਪਦੇਸ਼ ਵਿਚ ਵਾਸਾ।

ਅਰਥ - ੧. ਖੱਟੇ ਰਸ ਤੇ ਮਿੱਠੇ ਰਸਾਂ ਨੂੰ ਮਿਲਾ ਕੇ, ਛੱਤੀ ਪ੍ਰਕਾਰ ਦੇ ਭੋਜਨ ਰਸੋਈ ਵਿਚ ਬਣਾਏ ਜਾਂਦੇ ਹਨ। ੨. (ਭੋਜਨ ਬਣਾਉਣ ਵਾਲਾ) ਰਸੋਈਆ ਚਾਰ ਵਰਣਾਂ ਤੇ ਛੇ ਦਰਸ਼ਨਾਂ (ਧਰਮਾਂ) ਦੇ ਲੋਕਾਂ ਨੂੰ ਭੋਜਨ ਛਕਾਉਂਦਾ ਹੈ। ੩. (ਪੂਰਨ) ਭੋਜਨ ਖਾ ਕੇ ਜਿਸ ਨੂੰ ਤ੍ਰਿਪਤੀ ਹੁੰਦੀ ਹੈ, ਉਸੇ ਦੀ ਰਸਨਾ ਭੋਜਨ ਦੇ ਖਟ ਮਿਠੇ ਰਸਾਂ ਦੇ ਸੁਆਦ ਨੂੰ ਜਾਣ ਜਾਂ ਪਛਾਣ ਸਕਦੀ ਹੈ। ੪. (ਪਰ, ਸਭ ਭੋਜਨਾਂ ਵਿਚ ਫਿਰਨ ਵਾਲੀ) ਕੜਛੀ ਕਿਸੇ ਵੀ ਸੁਆਦ ਨੂੰ) ਨਹੀਂ ਸੰਭਾਲ ਸਕਦੀ, ਭਾਵੇਂ ਉਹ ਸਭ ਪ੍ਰਕਾਰ ਦੇ ਭੋਜਨਾਂ ਵਿਚ ਫਿਰਦੀ ਹੈ। ੫. (ਕੀਮਤੀ) ਲਾਲਾਂ ਅਤੇ ਲਾਲੜੀਆਂ (ਰੱਤਕਾਂ) ਦਾ ਆਪੋ ਵਿਚ ਮੇਲ ਹੀ ਕੋਈ ਨਹੀਂ ਭਾਵੇਂ ਉਨ੍ਹਾਂ ਨੂੰ ਇਕੱਠੇ ਇਕੋ ਹਾਰ ਵਿਚ ਪਰੋ ਦਿਓ। ੬. (ਇਸੇ ਤਰ੍ਹਾਂ ਮਨਮੁਖ ਦਾ ਹਾਲ ਹੈ। ਉਹ) ਸਾਧ ਸੰਗਤ ਵਿਚੋਂ ਗੁਰੂ ਸ਼ਬਦ ਨੂੰ ਸੁਣਦਾ ਹੈ, ਪਰ ਸ਼ਬਦ ਵਿਚ ਕੀਤੇ ਗਏ ਉਪਦੇਸ਼ ਦਾ ਉਸ ਉਤੇ ਰੰਚਕ ਭਰ ਵੀ ਅਸਰ ਨਹੀਂ ਹੁੰਦਾ। ੭. (ਭਾਈ ਗੁਰਦਾਸ ਜੀ ਦਸਦੇ ਹਨ ਕਿ ਇਹੀ ਕਾਰਣ ਹੈ ਕਿ) ਇਹੋ ਜੇਹੇ ਕਪਟ ਸਨੇਹੀਆਂ ਨੂੰ ਪ੍ਰਭੂ ਦੀ ਦਰਗਹ ਵਿਚ ਢੋਈ ਨਹੀਂ ਮਿਲਦੀ॥ ੮॥

੯. ਕਪਟ ਸਨੇਹੀਆਂ ਦੇ ਹੋਰ ਦ੍ਰਿਸ਼ਟਾਂਤ

੧. ਨਦੀਆ ਨਾਲੇ ਵਾਹੜੇ ਗੰਗ ਸੰਗ ਮਿਲਿ ਗੰਗ ਹੁਵੰਦੇ।
੨. ਅਠਸਠਿ ਤੀਰਥ ਸੇਵਦੇ ਦੇਵੀ ਦੇਵਾ ਸੇਵ ਕਰੰਦੇ।
੩. ਲੋਕ ਵੇਦ ਗੁਣ ਗਿਆਨ ਵਿਚਿ ਪਤਿਤ ਉਧਾਰਣ ਨਾਉ ਸੁਣੰਦੇ।
੪. ਹਸਤੀ ਨੀਰਿ ਨ੍ਵਾਲੀਅਨਿ ਬਾਹਰਿ ਨਿਕਲਿ ਛਾਰੁ ਛਣੰਦੇ।
੫. ਸਾਧਸੰਗਤਿ ਗੁਰ ਸਬਦੁ ਸੁਣਿ ਗੁਰੁ ਉਪਦੇਸੁ ਨ ਚਿਤਿ ਧਰੰਦੇ।
੬. ਤੁੰਮੇ ਅੰਮ੍ਰਿਤੁ ਸਿੰਜੀਐ ਬੀਜੈ ਅੰਮ੍ਰਿਤੁ ਫਲ ਨ ਫਲੰਦੇ।
੭. ਕਪਟ ਸਨੇਹ ਨ ਸੇਹ ਪੁਜੰਦੇ॥ ੯॥

ਪਦ ਅਰਥ - ਵਾਹੜੇ=ਛੋਟੀਆਂ ਨਦੀਆਂ। ਛਾਰੁ ਛਣੰਦੇ=ਸਿਰ ਵਿਚ ਮਿੱਟੀ ਘੱਟਾ ਪਾ ਲੈਂਦੇ। ਅੰਮ੍ਰਿਤੁ ਸਿੰਜੀਐ=ਕੁੜੱਤਣ ਵਿਚ ਮਿਠਾਸ ਪਾ ਕੇ ਬੀਜੀਏ। ਸੇਹ=ਸੇਧ ਜਾਂ ਠੀਕ ਜੀਵਨ ਪਦਵੀ।

ਅਰਥ - ੧. ਨਦੀਆਂ, ਨਾਲੇ ਤੇ ਵਾਹੜੇ (ਦਰਿਆਵਾਂ ਦੇ ਸਹਾਇਕ) ਗੰਗਾ ਦੇ (ਪਵਿੱਤਰ) ਜਲ ਵਿਚ ਮਿਲ ਕੇ ਗੰਗਾ ਹੀ ਹੋ ਜਾਂਦੇ ਹਨ। ੨. (ਇਸੇ ਤਰ੍ਹਾਂ ਅਨੇਕਾਂ ਲੋਕ) ਅੱਠ ਸੱਠ ਤੀਰਥਾਂ 'ਤੇ ਜਾਂਦੇ ਹਨ ਤੇ (ਦਿਖਾਵੇ ਦੀ) ਦੇਵੀ ਦੇਵਤਿਆਂ ਦੀ ਪੂਜਾ ਭੀ ਕਰਦੇ ਹਨ। ੩. (ਅਨੇਕਾਂ) ਲੋਕੀਂ ਵੇਦਾਂ ਦੇ ਗੁਣਾਂ ਤੇ ਗਿਆਨਾਂ

ਨੂੰ ਵੀ ਵਿਚਾਰਦੇ ਤੇ ਪਤਿਤਾਂ ਦਾ ਉਧਾਰ ਕਰਨ (ਭਾਵੇਂ ਤਾਰਨ) ਵਾਲੇ ਪਰਮੇਸ਼ਰ ਦਾ ਨਾਮ ਭੀ ਸੁਣਦੇ ਹਨ। ੪. (ਪਰ ਇਨ੍ਹਾਂ ਵਿਚੋਂ ਕੋਈ ਵਿਰਲਾ ਹੀ ਪਰਮੇਸ਼ਰ ਦਾ ਭਗਤ ਹੋਵੇਗਾ, ਨਹੀਂ ਤਾਂ ਬਹੁਤੇ) ਹਾਥੀ ਦੇ ਨ੍ਹਾਉਣ ਵਾਂਗ ਹੀ ਹਨ, (ਹਾਥੀ ਪਾਣੀ ਤੋਂ ਬਾਹਰ ਨਿਕਲਦਾ ਹੀ ਫੇਰ) ਮਿੱਟੀ ਘੱਟਾ ਉਡਾਉਣ ਲੱਗ ਜਾਂਦਾ ਹੈ ਤੇ ਲਿੱਬੜ ਜਾਂਦਾ ਹੈ। ੫. (ਇਸੇ ਤਰ੍ਹਾਂ ਕਪਟ ਸਨੇਹੀ, ਦਿਖਾਵੇ ਦੇ ਸਿੱਖ) ਸਾਧ ਸੰਗਤ ਵਿਚ ਗੁਰੂ ਦਾ ਸ਼ਬਦ ਤੇ ਗੁਰੂ ਦਾ ਉਪਦੇਸ਼ ਸੁਣਦੇ ਹਨ, ਪਰ ਚਿੱਤ ਵਿਚ ਨਹੀਂ ਵਸਾਉਂਦੇ। ੬. (ਜਿਵੇਂ) ਤੂੰਮੇਂ ਵਿਚ ਅੰਮ੍ਰਿਤ ਭਰ ਕੇ ਬੀਜੋ, ਪਰ ਅੰਮ੍ਰਿਤ ਦੀ ਥਾਂ ਉਸ ਦਾ ਫਲ ਤੁੰਮਾ (ਕੁੜੱਤਣ) ਹੀ ਹੁੰਦਾ ਹੈ, (ਭਾਵ ਅੰਮ੍ਰਿਤ ਦਾ ਉਸ 'ਤੇ ਕੋਈ ਅਸਰ ਨਹੀਂ ਹੁੰਦਾ)। ੭. ਸੋ ਐਸੇ ਦਿਖਾਵੇ ਦੇ ਕਪਟੀ ਮਿੱਤ੍ਰਤਾਈ ਤੇ ਪਿਆਰ ਵਾਲੇ ਸੋਹ (ਜੀਵਨ ਦੀ ਠੀਕ ਸੋਧ) ਨੂੰ ਪ੍ਰਾਪਤ ਨਹੀਂ ਕਰ ਸਕਦੇ। (ਪ੍ਰਾਪਤ ਕਰਨਾ ਤਾਂ ਕਿਤੇ ਰਿਹਾ, ਉਥੋਂ ਤਕ) ਪੁੱਜ ਹੀ ਨਹੀਂ ਸਕਦੇ॥ ੯॥

੧੦. ਮਨਮੁਖ ਬਾਂਝ ਇਸਤ੍ਰੀ ਵਰਗਾ ਹੈ

੧. ਰਾਜੇ ਦੇ ਸਉ ਰਾਣੀਆ ਸੇਜੈ ਆਵੈ ਵਾਰੋ ਵਾਰੀ।
੨. ਸਭੇ ਹੀ ਪਟਰਾਣੀਆ ਰਾਜੇ ਇਕ ਦੂ ਇਕ ਪਿਆਰੀ।
੩. ਸਭਨਾ ਰਾਜਾ ਰਾਵਣਾ ਸੁੰਦਰਿ ਮੰਦਰਿ ਸੇਜ ਸਵਾਰੀ।
੪. ਸੰਤਤਿ ਸਭਨਾ ਰਾਣੀਆਂ ਇਕ ਅਧਕਾ ਸੰਢਿ ਵਿਚਾਰੀ।
੫. ਦੋਸੁ ਨ ਰਾਜੇ ਰਾਣੀਐ ਪੂਰਬ ਲਿਖਤੁ ਨ ਮਿਟੈ ਲਿਖਾਰੀ।
੬. ਸਾਧਸੰਗਤਿ ਗੁਰ ਸਬਦੁ ਸੁਣਿ ਗੁਰੁ ਉਪਦੇਸੁ ਨ ਮਨਿ ਉਰਧਾਰੀ।
੭. ਕਰਮ ਹੀਣੁ ਦੁਰਮਤਿ ਹਿਤਕਾਰੀ॥ ੧੦॥

ਪਦ ਅਰਥ - ਪਟਰਾਣੀਆ=ਰਾਣੀਆਂ ਦੀ ਸਿਰਮੌਰ। ਰਾਵਣਾ=ਪਿਆਰ ਪ੍ਰਾਪਤ ਕਰਨਾ। ਸੰਤਤਿ=ਉਲਾਦ। ਸੰਢਿ=ਬੇਉਲਾਦ। ਪੂਰਬ=ਧੁਰ ਦਾ।

ਅਰਥ - ੧. ਰਾਜੇ ਦੇ ਘਰ ਸੌ ਰਾਣੀ ਹੈ, ਜੋ ਰਾਜੇ ਦੀ ਸੇਜਾ 'ਤੇ ਵਾਰੀ ਅਨੁਸਾਰ ਆਉਂਦੀਆਂ ਹਨ। ੨. ਸਭੇ ਹੀ ਰਾਣੀਆਂ, ਪ੍ਰਮੁਖ ਰਾਣੀਆਂ ਵਾਂਗ ਹਨ, ਜੋ ਰਾਜੇ ਨੂੰ ਇੱਕ ਦੂਜੀ ਨਾਲੋਂ ਵਧ ਕੇ ਪਿਆਰੀਆਂ ਹਨ। ੩. ਰਾਜੇ ਨੂੰ ਸਭ ਨੇ ਹੀ ਰਾਵਣਾ (ਮਾਨਣਾ) ਹੈ, ਇਸ ਲਈ ਸਾਰੀਆਂ ਹੀ ਸੁੰਦਰ ਮੰਦਰ ਵਿਚ ਸੇਜਾਂ ਨੂੰ ਬਣਾ ਸਵਾਰ ਕੇ ਵਿਛਾਉਂਦੀਆਂ ਹਨ। ੪. ਸਭਨਾਂ ਰਾਣੀਆਂ ਦੇ ਘਰ ਸੰਤਾਨ ਪੈਦਾ ਹੋ ਗਈ ਹੈ, ਪਰ ਇੱਕ ਅੱਧ (ਜੋ ਉਨ੍ਹਾਂ ਵਿਚ) ਸੰਢ (ਬਾਂਝ) ਹੈ, ਉਹ ਵਿਚਾਰੀ (ਕੀ ਕਰੇ ?) ੫. ਦੋਸ਼ ਨਾ ਰਾਜੇ ਦਾ ਹੈ, ਨਾ ਰਾਣੀ ਦਾ, ਪਰ ਜੋ ਧੁਰੋਂ (ਪੂਰਬ, ਪਿੱਛੋਂ) ਹੀ ਲੇਖ ਲਿਖਿਆ ਗਿਆ ਹੈ, ਉਹ ਨਹੀਂ ਮਿਟ ਸਕਦਾ। ੬. (ਇਸੇ ਤਰ੍ਹਾਂ ਉਹ ਮਨਮੁਖ ਵੀ) ਜੋ ਸਾਧ ਸੰਗਤ ਵਿਚ ਗੁਰ ਸ਼ਬਦ ਤਾਂ ਸੁਣਦਾ ਹੈ, ਪਰ ਗੁਰ ਉਪਦੇਸ਼ ਨੂੰ ਮਨ ਵਿਚ ਨਹੀਂ ਧਾਰਦਾ। ੭. ਉਹ ਕਰਮਹੀਣ ਹੈ, ਤੇ ਦੁਰਮਤਿ (ਖੋਟੀ ਮੱਤ ਨਾਲ) ਪਿਆਰ ਕਰਨ ਵਾਲਾ ਹੈ॥ ੧੦॥

੧੧. ਪੱਥਰ ਵਰਗਾ ਅਭਿੱਜ ਮਨਮੁਖ

੧. ਅਸਟ ਧਾਤੁ ਇਕ ਧਾਤੁ ਹੋਇ ਸਭ ਕੋ ਕੰਚਨੁ ਆਖਿ ਵਖਾਣੈ।
੨. ਰੂਪ ਅਨੂਪ ਸਰੂਪ ਹੋਇ ਮੁਲਿ ਅਮੁਲੁ ਪੰਚ ਪਰਵਾਣੈ।
੩. ਪਥਰੁ ਪਾਰਸਿ ਪਰਸੀਐ ਪਾਰਸੁ ਹੋਇ ਨ ਕੁਲ ਅਭਿਮਾਣੈ।
੪. ਪਾਣੀ ਅੰਦਰਿ ਸਟੀਐ ਤੜ ਭੜ ਡੁਬੈ ਭਾਰ ਭੁਲਾਣੈ।
੫. ਚਿਤ ਕਠੋਰ ਨ ਭਿਜਈ ਰਹੈ ਨਿਕੋਰੁ ਘੜੈ ਭੰਨਿ ਜਾਣੈ।
੬. ਅਗੀ ਅੰਦਰਿ ਫੁਟਿ ਜਾਇ ਅਹਰਣਿ ਘਣ ਅੰਦਰਿ ਹੈਰਾਣੈ।
੭. ਸਾਧਸੰਗਤਿ ਗੁਰ ਸਬਦੁ ਸੁਣਿ ਗੁਰ ਉਪਦੇਸ ਨ ਅੰਦਰਿ ਆਣੈ।
੮. ਕਪਟ ਸਨੇਹੁ ਨ ਹੋਇ ਧਿਙਾਣੈ॥੧੧॥

ਪਦ ਅਰਥ - ਕੰਚਨੁ=ਸੋਨਾ। ਪੰਚ ਪਰਵਾਣੈ=ਪੰਚਾਂ ਵਿਚ ਮਾਨ ਯੋਗ। ਤੜ ਭੜ=ਤਤ ਛਿਨ। ਭਾਰ ਭੁਲਾਣੈ=ਭਾਰੇ ਹੋਣ ਦੇ ਹੰਕਾਰ ਵਿਚ ਭੁੱਲ ਕੇ।

ਅਰਥ - ੧. ਅੱਠੇ ਧਾਤਾਂ (ਲੋਹਾ, ਪਿੱਤਲ, ਤਾਂਬਾ, ਜਿਸਤ ਆਦਿਕ ਸਾਰੀਆਂ ਪਾਰਸ ਨਾਲ ਲੱਗ ਕੇ) ਇੱਕ ਧਾਤ (ਸੋਨਾ) ਬਣ ਜਾਂਦੀਆਂ ਹਨ, ਸਾਰੇ ਹੀ ਉਸ ਨੂੰ ਕੰਚਨ (ਸੋਨਾ) ਕਹਿ ਕੇ ਹੀ ਪੁਕਾਰਦੇ ਹਨ। ੨. ਸੁੰਦਰ ਤੇ ਅਨੂਪਮ ਰੂਪ ਵਾਲਾ ਬਣ ਕੇ, ਛੋਟੇ ਮੁੱਲ ਤੋਂ ਵਡੇ ਮੁੱਲ ਵਾਲਾ ਬਣ ਕੇ ਪੰਚਾਂ (ਸਰਾਫ ਲੋਕਾਂ, ਪਾਰਖੂਆਂ) ਵਿਚ ਪਰਵਾਣ ਮੰਨਿਆਂ ਜਾਂਦਾ ਹੈ। ੩. ਪਾਰਸ ਵੀ ਪੱਥਰ ਵਰਗਾ ਹੁੰਦਾ ਹੈ, ਪਰ ਜੇ ਹਰ ਕੋਈ (ਉਸ ਨਾਲ ਕੱਦ ਵਿਚ ਮਿਲਦਾ ਜੁਲਦਾ ਪੱਥਰ) ਜਾਤੀ ਦਾ ਅਭਿਮਾਨ ਕਰਕੇ ਆਖੇ ਕਿ ਮੈਂ ਵੀ ਪਾਰਸ ਹਾਂ, ਤਾਂ ਉਹ ਪਾਰਸ ਨਹੀਂ ਬਣ ਸਕਦਾ। ੪. ਪੱਥਰ ਨੂੰ ਪਾਣੀ ਵਿਚ ਸੁੱਟੋ, ਤਾਂ ਉਹ ਭੜ ਭੜ ਕਰਕੇ ਪਾਣੀ ਵਿਚ ਆਪਣੇ ਭਾਰ ਦੇ ਭਰਮ ਵਿਚ ਭੁਲਾ ਉਸੇ ਛਿਨ ਡੁੱਬ ਜਾਂਦਾ ਹੈ (ਕਿ ਮੈਂ ਕਿੰਨਾ ਭਾਰ ਵਾਲਾ ਹਾਂ)। ੫. ਉਹ ਪਾਣੀ ਵਿਚ ਡੁੱਬ ਕੇ ਵੀ ਅਭਿੱਜ ਰਹਿੰਦਾ ਹੈ, ਤੇ (ਆਪਣੇ ਭਾਰ ਨਾਲ ਪੋਲੇ) ਘੜਿਆਂ ਨੂੰ ਹੀ ਭੰਨਣਾ ਜਾਣਦਾ ਹੈ। ੬. (ਪਰ ਇਹੋ ਪੱਥਰ ਜੇ) ਅੱਗ ਵਿਚ ਰਖ ਦਿਓ, ਤਾਂ ਸੇਕ ਨਾਲ ਫੁੱਟ ਜਾਵੇਗਾ, ਤੇ ਹਥੌੜੇ (ਅਹਰਣ) ਦੀ ਮਾਰ ਨਾਲ ਹੈਰਾਨ ਹੁੰਦਾ ਹੈ (ਭਾਵ ਟੋਟੇ ਟੋਟੇ ਹੋ ਜਾਂਦਾ ਹੈ)। ੭. (ਇਸੇ ਤਰ੍ਹਾਂ ਮਨਮੁਖ, ਉੱਚੀ ਕੁਲ ਤੇ ਮਾਇਆਧਾਰੀ ਦੇ ਹੰਕਾਰੀ ਭਾਰ ਨਾਲ) ਸਾਧ ਸੰਗਤ ਵਿਚ ਆਉਂਦਾ ਤਾਂ ਹੈ, ਗੁਰ ਸ਼ਬਦ ਸੁਣਦਾ ਵੀ ਹੈ ਪਰ ਗੁਰੂ ਦੇ ਉੱਚੇ ਸਿਧਾਂਤ ਰੂਪ (ਉਪਦੇਸ਼) ਦਾ ਧਾਰਨੀ ਨਹੀਂ ਬਣਦਾ (ਪੱਥਰ ਵਾਂਗ ਅਭਿੱਜ ਤੇ ਭਾਰਾ ਹੋ, ਸੰਸਾਰੀ ਸੋਚਾਂ ਦੇ ਪਾਣੀ ਵਿਚ ਹੀ ਡੁੱਬਾ ਰਹਿੰਦਾ ਹੈ)। ੮. ਕਪਟੀ (ਮਨਮੁਖ) ਨੂੰ ਜ਼ੋਰ ਜਬਰ ਕੀਤੇ ਜਾਣ ਨਾਲ ਵੀ ਪ੍ਰੇਮ ਦਾ ਭਾਉ ਪੈਦਾ ਨਹੀਂ ਹੋ ਸਕਦਾ॥ ੧੧॥

੧੨. ਹੰਸ ਤੇ ਕਾਂ ਦੀ ਨਿਆਈਂ ਗੁਰਮੁਖ ਤੇ ਮਨਮੁਖ

੧. ਮਾਣਕ ਮੋਤੀ ਮਾਨਸਰਿ ਨਿਰਮਲੁ ਨੀਰੁ ਸੁਥਾਉਂ ਸੁਹੰਦਾ।
੨. ਹੰਸੁ ਵੰਸੁ ਨਿਹਚਲ ਮਤੀ ਸੰਗਤਿ ਪੰਗਤਿ ਸਾਥੁ ਬਣੰਦਾ।
੩. ਮਾਣਕ ਮੋਤੀ ਚੋਗ ਚੁਗਿ ਮਾਣੁ ਮਹਤੁ ਆਨੰਦੁ ਵਧੰਦਾ।
੪. ਕਾਉ ਨਿਥਾਉ ਨਿਨਾਉ ਹੈ ਹੰਸਾ ਵਿਚਿ ਉਦਾਸੁ ਹੋਵੰਦਾ।
੫. ਭਖੁ ਅਭਖੁ ਅਭਖੁ ਭਖੁ ਵਣ ਵਣ ਅੰਦਰਿ ਭਰਮਿ ਭਵੰਦਾ।
੬. ਸਾਧਸੰਗਤਿ ਗੁਰ ਸਬਦੁ ਸੁਣਿ ਤਨ ਅੰਦਰਿ ਮਨੁ ਥਿਰੁ ਨ ਰਹੰਦਾ।
੭. ਬਜਰ ਕਪਾਟ ਨ ਖੁਲ੍ਹੈ ਜੰਦਾ ॥੧੨॥

ਪਦ ਅਰਥ - ਸੁਥਾਉਂ=ਸੋਹਣੀ ਥਾਂ। ਸੁਹੰਦਾ=ਸ਼ੋਭਾ ਪਾਉਂਦਾ ਹੈ। ਹੰਸੁ ਵੰਸੁ=ਹੰਸਾਂ ਦੀ ਜਾਤ, ਕੁਲ। ਮਹਤੁ=ਮਹੱਤਤਾ। ਬਜਰ ਕਪਾਟ=ਪੱਕੇ ਬੂਹੇ।

ਅਰਥ - ੧.(ਸੁੱਚੇ) ਮਾਣਕ (ਲਾਲ) ਤੇ ਹੀਰੇ ਮੋਤੀ ਮਾਨਸਰੋਵਰ ਦੇ ਨਿਰਮਲ ਨੀਰ (ਪਾਣੀ) ਵਿਚ ਹੁੰਦੇ ਹਨ, ਜੋ ਸੋਹਣੀ ਤੇ ਚੰਗੀ ਥਾਂ 'ਤੇ ਸ਼ੋਭਾ ਪਾਉਂਦੇ ਹਨ। ੨. ਹੰਸਾਂ ਦੀ ਬੰਸ ਦੀ ਮਤ ਨਿਸਚਲ (ਦ੍ਰਿੜ੍ਹਤਾ ਵਾਲੀ) ਹੈ, ਤੇ ਐਸੇ ਹੰਸਾਂ ਦੀ ਸੰਗਤ ਤੇ ਪੰਗਤ ਵਿਚ ਬੈਠ ਕੇ ਹੀ ਸੱਚਾ ਸਾਥ ਬਣਦਾ ਹੈ। ੩. (ਗੁਰਮੁਖ ਸਾਧ ਸੰਗਤ ਰੂਪ ਮਾਨ ਸਰੋਵਰ ਵਿਚੋਂ) ਮਾਣਕ, ਮੋਤੀਆਂ ਦੀ ਚੋਗ ਚੁਗਦੇ ਹਨ (ਗੁਰ ਉਪਦੇਸ਼ ਦੇ ਸੱਚੇ ਵੀਚਾਰ ਰੂਪ ਮੋਤੀ ਤੇ ਮਾਣਕ) ਤੇ ਮਾਣ ਮਹੱਤਤਾ (ਵਡਿਆਈ ਪ੍ਰਾਪਤ ਕਰਕੇ) ਆਨੰਦ ਤੇ ਪ੍ਰਸੰਨਤਾ ਨੂੰ ਵਧਾਉਂਦੇ ਹਨ। ੪. ਪਰ ਕਾਉਂ (ਮਨਮੁਖ) ਨਿਥਾਵਾਂ ਤੇ ਨਿਨਾਵਾਂ (ਜਿਸ ਦਾ ਨਾਉਂ ਭੀ ਚੰਗਾ ਨਹੀਂ ਹੈ) ਹੰਸਾਂ ਵਿਚ ਬੈਠਾ ਉਦਾਸ ਤੇ ਨਿੰਮੋਝੂਣਾ ਹੋ ਜਾਂਦਾ ਹੈ। ੫. ਭੱਖ ਅਭੱਖ ਨੂੰ ਖਾਣ ਲਈ ਉਹ ਵਣ ਵਣ (ਇੱਕ ਦਰਖਤ ਤੋਂ ਦੂਜੇ ਦਰਖਤ) 'ਤੇ ਬੈਠਦਾ ਭੱਖ ਅਭੱਖ ਖਾਂਦਾ ਭਰਮ ਵਿਚ ਹੀ ਭੁੱਲਾ ਰਹਿੰਦਾ ਹੈ। ੬. (ਮਨਮੁਖ ਦਾ ਚਿਤ) ਸਾਧ ਸੰਗਤ ਵਿਚ ਗੁਰ ਸ਼ਬਦ ਨੂੰ ਸੁਣ ਕੇ ਸਰੀਰ ਵਿਚ ਥਿਰ ਨਹੀਂ ਰਹਿੰਦਾ। ੭. ਮਨਮੁਖ ਦੇ ਭਰਮ ਦੇ ਕਰੜੇ ਪਰਦੇ ਨਹੀਂ ਖੁਲ੍ਹਦੇ॥ ੧੨ ॥

੧੩. ਸੰਜਮ ਤੋਂ ਬਿਨਾਂ ਰੋਗ ਵਧਦਾ ਹੀ ਜਾਂਦਾ ਹੈ

੧. ਰੋਗੀ ਮਾਣਸੁ ਹੋਇ ਕੈ ਫਿਰਦਾ ਬਾਹਲੇ ਵੈਦ ਪੁਛੰਦਾ।
੨. ਕਚੈ ਵੈਦ ਨ ਜਾਣਨੀ ਵੇਦਨ ਦਾਰੂ ਰੋਗੀ ਸੰਦਾ।
੩. ਹੋਰੋ ਦਾਰੂ ਰੋਗੁ ਹੋਰੁ ਹੋਇ ਪਚਾਇੜ ਦੁਖ ਸਹੰਦਾ।
੪. ਆਵੈ ਵੈਦੁ ਸੁਵੈਦੁ ਘਰਿ ਦਾਰੂ ਦਸੈ ਰੋਗੁ ਲਹੰਦਾ।

੫. ਸੰਜਮਿ ਰਹੈ ਨ ਖਾਇ ਪਥੁ ਖਟਾ ਮਿਠਾ ਸਾਉ ਚਖੰਦਾ।
੬. ਦੋਸੁ ਨ ਦਾਰੂ ਵੈਦ ਨੋ ਵਿਣੁ ਸੰਜਮਿ ਨਿਤ ਰੋਗੁ ਵਧੰਦਾ।
੭. ਕਪਟ ਸਨੇਹੀ ਹੋਇ ਕੈ ਸਾਧਸੰਗਤਿ ਵਿਚਿ ਆਇ ਬਹੰਦਾ।
੮. ਦੁਰਮਤਿ ਦੂਜੈ ਭਾਇ ਪਚੰਦਾ॥ ੧੩॥

ਪਦ ਅਰਥ - ਮਾਣਸੁ=ਮਨੁਖ। ਵੇਦਨ=ਦੁੱਖ। ਪਚਾਇੜ=ਵਿਗੜਿਆ ਰੋਗ। ਪਥੁ=ਪ੍ਰਹੇਜ਼। ਸੁਵੈਦੁ=ਸਿਆਣਾ ਵੈਦ। ਸੰਜਮਿ=ਸੰਤੋਖ।

ਅਰਥ - ੧. ਮਨੁਖ ਰੋਗੀ ਹੋ ਕੇ ਬਹੁਤੇ ਵੈਦਾਂ ਹਕੀਮਾਂ ਕੋਲ ਜਾਂਦਾ ਹੈ ਤੇ ਪੁੱਛਦਾ ਹੈ (ਕਿ ਮੈਨੂੰ ਕੀ ਹੋ ਗਿਆ ਹੈ ? ਮੇਰਾ ਇਲਾਜ ਕਰੋ)। ੨. ਪਰ ਕੱਚਾ (ਅਨਾੜੀ) ਵੈਦ ਨਹੀਂ ਜਾਣ ਸਕਦਾ ਕਿ ਰੋਗੀ ਨੂੰ ਕੀ ਰੋਗ ਹੈ, ਉਸ ਨੂੰ ਕੀ ਦੁੱਖ ਹੈ (ਤੇ ਇਸ ਨੂੰ ਕਿਹੜੀ ਦੁਵਾਈ ਦਿਆਂ ?) ੩. ਰੋਗ ਕੁਝ ਹੁੰਦਾ ਹੈ ਤੇ ਦਾਰੂ (ਦਵਾਈ) ਕਿਸੇ ਹੋਰ ਰੋਗ ਦੀ ਖਾ ਕੇ (ਰੋਗੀ ਸਗੋਂ ਬਹੁਤਾ) ਦੁੱਖ ਸਹਾਰਦਾ ਹੈ। ੪. (ਪਰ ਜੇ ਉਹ ਪਹਿਲੋਂ ਹੀ ਕਿਸੇ) ਚੰਗੇ ਸਿਆਣੇ ਵੈਦ ਜਾਂ ਹਕੀਮ ਕੋਲ ਜਾਂਦਾ, ਤਾਂ (ਉਹ ਉਸ ਨੂੰ ਉਸ ਦਾ) ਰੋਗ ਦੇਖ ਕੇ ਠੀਕ ਦਵਾਈ ਦੇਂਦਾ ਤੇ ਉਸ ਦਾ ਦੁੱਖ ਦੂਰ ਕਰ ਦਿੰਦਾ ਹੈ। ੫. (ਪਰ ਜੇ ਰੋਗੀ) ਸੰਜਮ ਵਿਚ ਨਾ ਰਹੇ, ਨਾ ਦਵਾਈ ਖਾਣ ਸਮੇਂ ਪ੍ਰਹੇਜ਼ਗਾਰੀ ਦਾ ਹੀ ਖਿਆਲ ਰੱਖੇ, ਸੁਆਦਾਂ ਦੇ ਅਧੀਨ ਹੋ ਖੱਟਾ ਮਿੱਠਾ ਸਭ ਸੁਆਦਾਂ ਨੂੰ ਚਖੀ ਜਾਂਦਾ ਹੈ। ੬. (ਤਾਂ ਇਸ ਵਿਚ) ਨਾ ਦੋਸ਼ ਦਾਰੂ ਦਾ ਹੈ ਨਾ ਵੈਦ ਦਾ, ਸਗੋਂ ਇਹ ਤਾਂ ਸੰਜਮ ਤੇ ਪ੍ਰਹੇਜ਼ਗਾਰੀ ਤੋਂ ਬਿਨਾਂ ਰੋਗੀ ਦਾ ਰੋਗ ਨਿੱਤ ਵਧਦਾ ਹੀ ਜਾਂਦਾ ਹੈ। ੭. ਧੋਖੇਬਾਜ਼ ਪ੍ਰੇਮੀਆਂ (ਮਨਮੁਖਾਂ ਦੀ ਵੀ ਇਹੋ ਹਾਲਤ ਹੈ ਕਿ ਜਿਹੜੇ) ਸਾਧ ਸੰਗਤ ਵਿਚ ਤਾਂ ਆ ਬੈਠਦੇ ਹਨ (ਤੇ ਉੱਤੋਂ ਵੱਡੇ ਪ੍ਰੇਮੀ ਹੋਣ ਦਾ ਮਾਣ ਦਿਖਾਂਦੇ ਹਨ)। ੮. ਭੈੜੀ ਮੱਤ ਨੂੰ ਧਾਰਨ ਵਾਲਾ, ਦੂਜੇ ਭਾਵ (ਦੁਬਿਧਾ) ਦੀ ਅੱਗ ਵਿਚ ਹੀ ਸੜਦਾ ਰਹਿੰਦਾ ਹੈ, ਉਸ ਨੂੰ ਗੁਰਮੁਖਤਾਈ ਪ੍ਰਾਪਤ ਨਹੀਂ ਹੁੰਦੀ॥ ੧੩॥

੧੪. ਮਨਮੁਖ ਨਾਲ ਖੋਤੇ ਦਾ ਦ੍ਰਿਸ਼ਟਾਂਤ

੧. ਚੋਆ ਚੰਦਨੁ ਮੇਦੁ ਲੈ ਮੇਲੁ ਕਪੂਰ ਕਥੂਰੀ ਸੰਦਾ।
੨. ਸਭ ਸੁਗੰਧ ਰਲਾਇ ਕੈ ਗੁਰੁ ਗਾਂਧੀ ਅਰਗਜਾ ਕਰੰਦਾ।
੩. ਮਜਲਸ ਆਵੈ ਸਾਹਿਬਾਂ ਗੁਣ ਅੰਦਰਿ ਹੋਇ ਗੁਣ ਮਹਕੰਦਾ।
੪. ਗਦਹਾ ਦੇਹੀ ਖਉਲੀਐ ਸਾਰ ਨ ਜਾਣੈ ਨਰਕ ਭਵੰਦਾ।
੫. ਸਾਧਸੰਗਤਿ ਗੁਰ ਸਬਦੁ ਸੁਣਿ ਭਾਉ ਭਗਤਿ ਹਿਰਦੈ ਨ ਧਰੰਦਾ।
੬. ਅੰਨ੍ਹਾਂ ਅਖੀ ਹੋਵਈ ਬੋਲਾ ਕੰਨਾਂ ਸੁਣ ਨ ਸੁਣੰਦਾ।
੭. ਬਧਾ ਚਟੀ ਜਾਇ ਭਰੰਦਾ॥ ੧੪॥

ਪਦ ਅਰਥ - ਚੋਆ=ਗੁਲਾਬ ਦਾ ਅਰਕ। ਮੇਦੁ=ਮੁਸ਼ਕ ਬਿਲਾਈ। ਕਥੂਰੀ=ਕਸਤੂਰੀ। ਗੁਰ ਗਾਂਧੀ=ਵੱਡਾ ਅਤਾਰ। ਅਰਗਜਾ=ਸੁਗੰਧੀਆਂ ਦਾ ਸਮੂਹ। ਮਜਲਸ=ਸਭਾ।

ਅਰਥ - ੧. ਚੋਆ (ਅਰਕ ਗੁਲਾਬ), ਚੰਦਨ, ਮੁਸ਼ਕ ਬਿਲਾਈ ਨੂੰ ਕਪੂਰ ਤੇ ਕਸਤੂਰੀ (ਸੁਗੰਧਤ ਵਸਤੂਆਂ) ਨਾਲ ਮਿਲਾ ਕੇ, ੨. ਤੇ ਸਭ ਸੁਗੰਧਾਂ (ਖੁਸ਼ਬੂਆਂ) ਰਲਾ ਕੇ ਵੱਡਾ ਅਤਾਰ (ਅਤਰ ਫੁਲੇਲ ਬਣਾਉਣ ਵਾਲਾ) ਅਰਗਜਾ (ਸੁਗੰਧੀਆਂ ਦਾ ਸਮੂਹ) ਬਣਾਉਂਦਾ ਹੈ। ੩. ਵੱਡੇ ਲੋਕਾਂ ਦੀ ਸਭਾ ਵਿਚ ਜਦ ਇਹ ਪੁਜਦਾ ਹੈ ਤਾਂ ਗੁਣੀ ਲੋਕਾਂ ਵਾਂਗ ਇਹ ਵੀ ਉਥੇ ਆਪਣੇ (ਗੁਣ) ਮਹਿਕ ਨੂੰ ਖੂਬ ਮਹਿਕਾਉਂਦਾ ਹੈ। ੪. (ਪਰ ਜੇ ਉਹੀ ਅਰਗਜਾ) ਇੱਕ ਖੋਤੇ ਨੂੰ ਮਲ ਦੇਈਏ ਤਾਂ ਉਸ ਨਰਕੀ ਜੀਅ, ਰੂੜੀਆਂ (ਗੰਦਗੀ) 'ਤੇ ਭਉਣ ਵਾਲੇ ਨੂੰ, ਇਸ ਮਹਿਕ (ਅਰਗਜੇ) ਦੀ ਕੀ ਸਾਰ ਲੱਗੇ। (ਭਾਵ ਉਹ ਇਸਦੀ ਮਹੱਤਤਾ ਨੂੰ ਨਹੀਂ ਜਾਣ ਸਕਦਾ)। ੫. (ਤਿਵੇਂ ਹੀ ਮਨਮੁਖ ਹੋ ਕੇ) ਸਾਧ ਸੰਗਤ ਵਿਚ ਆ ਕੇ ਗੁਰਸ਼ਬਦ ਨੂੰ ਸੁਣਦਾ ਹੈ, ਪਰ ਉਹ ਇਸ ਦੀ ਭਾਉ ਭਗਤੀ ਨੂੰ ਹਿਰਦੇ ਵਿਚ ਨਹੀਂ ਕਰਦਾ। ੬. ਉਹ ਅੱਖਾਂ ਨਾਲ ਸਾਧ ਸੰਗਤ ਦੇ ਦਰਸ਼ਨ ਕਰਦਾ ਵੀ ਅੰਨ੍ਹਾ ਹੈ ਤੇ ਕੰਨਾਂ ਨਾਲ ਗੁਰ ਉਪਦੇਸ਼ ਸੁਣਦਾ ਭੀ ਬੋਲਾ ਹੀ ਜਾਣੋ। ੭. (ਕਿਉਂਕਿ) ਕਿਸੇ ਦੇ ਕਹੇ ਕਹਾਏ ਜੇ ਉਹ ਸਾਧ ਸੰਗਤ ਵਿਚ ਜਾਂਦਾ ਹੈ ਤਾਂ ਇਹ ਬੱਧਾ ਹੋਇਆ ਚੱਟੀ ਭਰਨ ਵਾਲੀ ਗੱਲ ਹੈ॥ ੧੪॥

੧੫. ਕਾਲਾ ਕੰਬਲ ਤੇ ਸੋਹਣਾ ਰੇਸ਼ਮੀ ਕੱਪੜਾ, ਗੁਰਮੁਖ ਤੇ ਮਨਮੁਖ

੧. ਧੋਤੇ ਹੋਵਨਿ ਉਜਲੇ ਪਾਟ ਪਟੰਬਰ ਖਰੈ ਅਮੋਲੇ।
੨. ਰੰਗ ਬਿਰੰਗੀ ਰੰਗੀਅਨ ਸਭੇ ਰੰਗ ਸੁਰੰਗੁ ਅਡੋਲੇ।
੩. ਸਾਹਿਬ ਲੈ ਲੈ ਪੈਨ੍ਹਦੇ ਰੂਪ ਰੰਗ ਰਸ ਵਸ ਨਿਕੋਲੇ।
੪. ਸੋਭਾਵੰਤੁ ਸੁਹਾਵਣੇ ਚਜ ਅਚਾਰ ਸੀਗਾਰ ਵਿਚੋਲੇ।
੫. ਕਾਲਾ ਕੰਬਲੁ ਉਜਲਾ ਹੋਇ ਨ ਧੋਤੈ ਰੰਗਿ ਨਿਰੋਲੇ।
੬. ਸਾਧਸੰਗਤਿ ਗੁਰ ਸਬਦੁ ਸੁਣਿ ਝਾਕੈ ਅੰਦਰਿ ਨੀਰੁ ਵਿਰੋਲੇ।
੭. ਕਪਟ ਸਨੇਹੀ ਉਜੜ ਖੋਲੇ॥ ੧੫॥

ਪਦ ਅਰਥ - ਪਾਟ ਪਟੰਬਰ=ਰੇਸ਼ਮੀ ਕਪੜੇ। ਸੁਰੰਗੁ=ਸੋਹਣੇ ਰੰਗ। ਨਿਕੋਲੇ=ਨਵੀਨ। ਨਿਰੋਲੇ=ਬਿਲਕੁਲ ਠੀਕ। ਵਿਰੋਲੇ=ਰਿੜਕਣਾ। ਉਜੜ ਖੋਲੇ=ਉਜੜੇ ਹੋਏ ਘਰ।

ਅਰਥ - ੧. ਰੇਸ਼ਮੀ ਕੱਪੜੇ ਧੋਤਿਆਂ ਬੜੇ ਹੀ ਸਾਫ ਸੁਥਰੇ ਹੋ ਕੇ, ਵੱਡੀ ਕੀਮਤ ਵਾਲੇ ਹੁੰਦੇ ਹਨ। ੨. ਕਈ ਸੋਹਣੇ ਰੰਗਾਂ (ਲਾਲ, ਪੀਲੇ, ਨੀਲੇ ਆਦਿ) ਨਾਲ ਰੰਗ ਕੇ, ਰੰਗ ਬਿਰੰਗੇ ਸੋਹਣੇ ਪੱਕੇ ਰੰਗਾਂ ਵਾਲੇ ਬਣਦੇ ਹਨ। ੩. ਅਮੀਰ ਤੇ ਮੁਸਾਹਿਬ ਲੋਕ ਲੈ ਲੈ (ਮੁੱਲ ਖਰੀਦ) ਕੇ ਪਹਿਨਦੇ ਹਨ, ਰੂਪ ਰੰਗ (ਸੁਹੱਪਣ)

ਦੇ ਵਸ ਹੋ, ਨਵੇਂ ਨਿਕੋਲੇ (ਭਾਂਤ ਭਾਂਤ ਦੇ ਫੈਸ਼ਨਾਂ ਵਾਲੇ) ਹੁੰਦੇ ਹਨ। ੪. ਚਜ ਅਚਾਰ (ਭਾਵ ਵਿਆਹਾਂ ਤੇ ਹੋਰ ਐਸੇ ਸਮਿਆਂ) 'ਤੇ ਇਹ ਸ਼ੋਭਾ ਪਾਉਣ ਵਾਲੇ ਸੁੰਦਰ ਰੇਸ਼ਮੀ ਕਪੜੇ (ਸਮੇਂ ਨੂੰ ਸੁਹਾਵਣਾ ਬਣਾਉਣ ਦੀ) ਵਿਚੋਲਗੀ ਕਰਦੇ ਹਨ। ੫. ਕਾਲਾ ਕੰਬਲ (ਜਿੰਨਾ ਮਰਜ਼ੀ ਹੈ) ਧੋਵੋ ਉਹ ਚਿੱਟਾ ਹੋਣ ਵਿਚ ਨਹੀਂ ਆਉਂਦਾ, ਨਾ ਉਸ ਉਤੇ ਕੋਈ ਸ਼ੁੱਧ ਰੰਗ ਹੀ ਚੜ੍ਹਦਾ ਹੈ। ੬. ਕਾਲੇ ਕੰਬਲ ਵਾਂਗ (ਮਨਮੁਖ) ਸਾਧ ਸੰਗਤ ਵਿਚ ਜਾ ਕੇ ਗੁਰ ਸ਼ਬਦ ਸੁਣਦਾ ਹੈ, ਪਰ ਉਸਦਾ ਧਿਆਨ ਏਧਰ ਓਧਰ ਵੇਖੀ ਜਾਣ ਵਿਚ ਹੀ ਲੱਗਾ ਰਹਿੰਦਾ ਹੈ, ਭਾਵ ਪਾਣੀ ਰਿੜਕਣ ਵਾਂਗ ਕੋਈ ਲਾਭ ਨਹੀਂ ਉਠਾਉਂਦਾ, ੭. ਸੋ ਕਪਟੀ ਲੋਕ ਉਜੜੇ ਘਰ ਵਾਂਗ ਸੱਖਣੇ ਹੀ ਰਹਿ ਜਾਂਦੇ ਹਨ॥ ੧੫॥

੧੬. ਮਨਮੁਖ ਬੂਆੜ ਵਰਗੇ ਨਿਸਫਲ ਹਨ

੧. ਖੇਤੈ ਅੰਦਰਿ ਜੰਮਿ ਕੈ ਸਭ ਦੂੰ ਉੱਚਾ ਹੋਇ ਵਿਖਾਲੇ।
੨. ਬੂਟੁ ਵਡਾ ਕਰਿ ਫੈਲਦਾ ਹੋਇ ਚੁਹਚੁਹਾ ਆਪੁ ਸਮਾਲੇ।
੩. ਖੇਤਿ ਸਫਲ ਹੋਇ ਲਾਵਣੀ ਛੁਟਨਿ ਤਿਲੁ ਬੂਆੜ ਨਿਰਾਲੇ।
੪. ਨਿਹਫਲ ਸਾਰੇ ਖੇਤ ਵਿਚਿ ਜਿਉ ਸਰਵਾੜ ਕਮਾਦ ਵਿਚਾਲੇ।
੫. ਸਾਧਸੰਗਤਿ ਗੁਰ ਸਬਦੁ ਸੁਣਿ ਕਪਟ ਸਨੇਹੁ ਕਰਨਿ ਬੇਤਾਲੇ।
੬. ਨਿਹਫਲ ਜਨਮੁ ਅਕਾਰਥਾ ਹਲਤਿ ਪਲਤਿ ਹੋਵਨਿ ਮੁਹ ਕਾਲੇ।
੭. ਜਮ ਪੁਰਿ ਜਮ ਜੰਦਾਰਿ ਹਵਾਲੇ॥ ੧੬॥

ਪਦ ਅਰਥ - ਬੂਟੁ=ਮੁੱਢ। ਚੁਹਚੁਹਾ=ਲਹਿਲਹਾਉਂਦਾ। ਲਾਵਣੀ=ਵਾਢੀ। ਬੂਆੜ-ਥੋਥੇ। ਸਰਵਾੜ=ਸਰਕੜਾ। ਬੇਤਾਲੇ=ਭੂਤਨਿਆਂ ਵਰਗੇ। ਜਮ ਜੰਦਾਰਿ=ਜਿੰਦੜੀ ਦਾ ਦੁਸ਼ਮਨ, ਜਮ। ਹਵਾਲੇ=ਸਪੁਰਦ।

ਅਰਥ - ੧. ਖੇਤ ਵਿਚ ਜੰਮ ਕੇ (ਤਿਲ ਦਾ ਬੂਟਾ) ਸਭ ਤੋਂ ਉੱਚਾ ਹੋ ਹੋ (ਆਪਣੇ ਆਪ ਨੂੰ) ਵਿਖਾਲਦਾ ਹੈ। ੨. ਮੁੱਢ ਤੋਂ ਵੱਡਾ ਹੋ ਕੇ ਉਪਰ ਨੂੰ ਫੈਲਦਾ ਹੈ, ਤੇ ਲਹਿਲਹਾਉਂਦਾ ਆਪਣੇ ਆਪ ਨੂੰ ਸੰਭਾਲ੍ਹਦਾ ਹੈ। ੩. ਜਦੋਂ ਖੇਤ ਪੱਕ ਜਾਂਦਾ ਤਾਂ ਵਾਢੀ ਕਰਕੇ, ਬੂਆੜ (ਫੋਕੇ) ਤਿਲਾਂ ਨੂੰ ਵੱਖ ਕਰ ਦਿੱਤਾ ਜਾਂਦਾ ਹੈ। ੪. (ਇਹ ਬੂਆੜ) ਸਾਰੇ ਖੇਤ ਵਿਚ ਨਿਹਫਲ ਹੁੰਦਾ ਹੈ, ਜਿਵੇਂ ਕਮਾਦ (ਗੰਨਿਆਂ) ਦੇ ਖੇਤ ਵਿਚ ਸਰਕੜਾ ਵਾਧੂ ਜੰਮ ਪੈਂਦਾ ਹੈ। ੫. (ਇਸੇ ਤਰ੍ਹਾਂ ਮਨਮੁਖ) ਸਾਧ ਸੰਗਤ ਗੁਰ ਸ਼ਬਦ ਨੂੰ ਸੁਣਦਾ ਹੈ, ਪਰ ਧੋਖੇਬਾਜ਼ ਪ੍ਰੇਮੀ ਦੀ ਨਿਆਈਂ ਬੇਤਾਲਾ (ਭੂਤਨਾ) ਹੀ ਬਣਿਆਂ ਰਹਿੰਦਾ ਹੈ। ੬. ਉਹ ਆਪਣੇ ਜਨਮ ਨੂੰ ਬੇਅਰਥਾ ਹੀ ਗੁਆ ਕੇ ਹਲਤ ਪਲਤ (ਏਥੇ ਓਥੇ) ਆਪਣਾ ਮੂੰਹ ਕਾਲਾ ਕਰਾਉਂਦਾ ਹੈ। ੭. ਫੇਰ ਜਮਪੁਰੀ ਵਿਚ ਜਮਾਂ ਦੇ ਹਵਾਲੇ ਹੋ ਜਾਂਦਾ ਹੈ॥ ੧੬॥

੧੭. ਕੈਹਾਂ ਵਾਂਗ ਚਿਲਕਦਾ ਮਨਮੁਖ ਰੂਪ

੧. ਉਜਲ ਕੈਹਾਂ ਚਿਲਕਣਾ ਥਾਲੀ ਜੇਵਣਿ ਜੂਠੀ ਹੋਵੈ।
੨. ਜੂਠਿ ਸੁਆਹੂ ਮਾਂਜੀਐ ਗੰਗਾ ਜਲ ਅੰਦਰਿ ਲੈ ਧੋਵੈ।
੩. ਬਾਹਰੁ ਸੁਚਾ ਧੋਤਿਆਂ ਅੰਦਰਿ ਕਾਲਖ ਅੰਤਿ ਵਿਗੋਵੈ।
੪. ਮਨਿ ਜੂਠੇ ਤਨਿ ਜੂਠਿ ਹੈ ਥੁਕਿ ਪਵੈ ਮੁਹਿ ਵਜੈ ਰੋਵੈ।
੫. ਸਾਧਸੰਗਤਿ ਗੁਰ ਸਬਦੁ ਸੁਣਿ ਕਪਟ ਸਨੇਹੀ ਗਲਾਂ ਗੋਵੈ।
੬. ਗਲੀ ਤ੍ਰਿਪਤਿ ਨ ਹੋਵਈ ਖੰਡੁ ਖੰਡੁ ਕਰਿ ਸਾਉ ਨ ਭੋਵੈ।
੭. ਮਖਨੁ ਖਾਇ ਨ ਨੀਰੁ ਵਿਲੋਵੈ ॥੧੭॥

ਪਦ ਅਰਥ - ਜੇਵਣਿ=ਭੋਜਨ ਖਾਣਾ। ਵਿਗੋਵੈ=ਖੁਆਰ ਹੋਣਾ। ਗਲਾਂ ਗੋਵੈ=ਗੱਪਾਂ ਮਾਰਦਾ ਹੈ। ਸਾਉ ਨ ਭੋਵੈ=ਸ੍ਵਾਦ ਨਹੀਂ ਹੋ ਸਕਦਾ। ਵਿਲੋਵੈ=ਰਿੜਕਣਾ।

ਅਰਥ - ੧. ਕੈਂਹਾਂ (ਦੇਖਣ ਨੂੰ) ਬੜਾ ਉਜਲਾ, ਚਿੱਟਾ ਤੇ ਚਿਲਕਣਾ ਹੁੰਦਾ ਹੈ। (ਇਸ ਦੀ) ਥਾਲੀ ਵਿਚ ਰੋਟੀ ਖਾਣ ਤੇ ਜਦ ਜੂਠੀ ਹੋ ਜਾਂਦੀ ਹੈ, ੨. ਤਾਂ ਇਸ ਨੂੰ ਸੁਆਹ ਨਾਲ ਮਾਂਜੀਦਾ ਹੈ, (ਪਰ ਕੱਟੜ ਕਰਮਕਾਂਡੀ ਇਸ ਨੂੰ ਫਿਰ) ਗੰਗਾ ਦੇ ਜਲ ਨਾਲ ਵੀ ਧੋਂਦੇ ਹਨ। ੩. ਬਾਹਰੋਂ ਤਾਂ ਭਾਵੇਂ ਇਹ ਮਾਂਜਿਆਂ ਧੋਤਿਆਂ ਸੁੱਚਾ ਹੋ ਜਾਂਦਾ ਹੈ, ਪਰ ਅੰਦਰ ਇਸ ਦੇ ਨਿਰੀ ਕਾਲਖ ਹੈ, ਜੋ ਅੰਤ ਵਿਚ ਇਸ ਨੂੰ ਖੁਆਰ ਕਰਦੀ ਹੈ। ੪. (ਮਨਮੁਖ ਦੀ ਮਿਸਾਲ ਹੈ ਕਿ ਉਹ ਬਾਹਰੋਂ ਭਾਵੇਂ ਕਿੰਨੇ ਸੋਹਣੇ ਕਪੜੇ ਪਾ ਲਵੇ, ਪਰ) ਉਸਦੇ ਮਨ ਤੇ ਤਨ ਵਿਚ ਜੂਠ ਹੀ ਜੂਠ (ਕੁਚੀਲਤਾ ਹੀ ਕੁਚੀਲਤਾ) ਹੈ। (ਕੈਂਹਾਂ ਦਾ ਟੱਲ ਤੇ ਸੰਖ ਜਦ) ਵਜਾਈਦਾ ਹੈ, ਤਾਂ ਉਸ ਉਤੇ ਵਜਾਉਣ ਵਾਲੇ ਦੀਆਂ ਥੁੱਕਾਂ ਡਿੱਗਦੀਆਂ ਹਨ ਤੇ ਰੋਂਦਾ ਹੈ। ੫. (ਇਸੇ ਤਰ੍ਹਾਂ) ਸਾਧ ਸੰਗਤ ਵਿਚ ਗੁਰ ਸ਼ਬਦ ਸੁਣ ਕੇ ਕਪਟੀ ਮਿੱਤਰ ਵਾਂਗ ਉਹ ਬੜੀਆਂ ਗੱਪਾਂ ਮਾਰਦੇ, (ਤੇ ਆਪਣੇ ਮੂੰਹੋਂ ਮੀਆਂ ਮਿੱਠੂ ਬਣ ਬਣ ਬਹਿੰਦੇ ਹਨ)। ੬. ਪਰ ਨਿਰੇ ਗੱਪ ਗਿਆਨ ਨਾਲ ਕੁਝ ਨਹੀਂ ਬਣਦਾ। ਮੂੰਹੋਂ ਕੇਵਲ ਖੰਡ ਖੰਡ ਕਹੀ ਜਾਈਏ (ਪਰ ਮੂੰਹ ਵਿਚ ਪਾਏ ਬਗੈਰ) ਸੁਆਦ ਨਹੀਂ ਆ ਸਕਦਾ, ਨਿਰਾ ਕਹਿਣ ਨਾਲ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ੭. ਜਿਵੇਂ ਕੋਈ ਕਹੇ ਕਿ ਮੈਂ ਪਾਣੀ ਰਿੜਕ ਕੇ ਮੱਖਣ ਖਾ ਲਵਾਂ, ਤਾਂ ਨਹੀਂ ਖਾ ਸਕਦਾ॥ ੧੭॥

੧੮. ਅਰੰਡ ਤੇ ਕਲੇਰ—ਮਨਮੁਖਾਂ ਵਰਗੇ

੧. ਰੁਖਾਂ ਵਿਚਿ ਕੁਰੁਖ ਹਨਿ ਦੋਵੈਂ ਅਰੰਡ ਕਨੇਰ ਦੁਆਲੇ।
੨. ਅਰੰਡੂ ਫਲੈ ਅਰਡੋਲੀਆਂ ਫਲ ਅੰਦਰਿ ਬੀਅ ਚਿਤਮਿਤਾਲੇ।
੩. ਨਿਬਹੈ ਨਾਹੀਂ ਨਿਜੜਾ ਹਰਵਰਿਆਈ ਹੋਇ ਉਚਾਲੇ।

੪. ਕਲੀਆਂ ਪਵਨਿ ਕਨੇਰ ਨੋਂ ਦੁਰਮਤਿ ਵਿਚਿ ਦੁਰਗੰਧਿ ਦਿਖਾਲੇ।
੫. ਬਾਹਰੁ ਲਾਲੁ ਗੁਲਾਲੁ ਹੋਇ ਅੰਦਰਿ ਚਿਟਾ ਦੁਬਿਧਾ ਨਾਲੇ।
੬. ਸਾਧਸੰਗਤਿ ਗੁਰ ਸਬਦੁ ਸੁਣਿ ਗਣਤੀ ਵਿਚਿ ਭਵੈ ਭਰਨਾਲੇ।
੭. ਕਪਟ ਸਨੇਹ ਖੇਹ ਮੁਹਿ ਕਾਲੇ॥ ੧੮॥

ਪਦ ਅਰਥ - ਕੁਰੁਖ=ਮੰਦੇ ਰੁਖ। ਅਰਡੋਲੀਆਂ=ਡੋਡੀਆਂ। ਚਿਤਮਿਤਾਲੇ=ਚਿਤ ਮਿਤਰੇ, ਰੰਗ ਬਰੰਗੇ। ਨਿਜੜਾ=ਜੜ-ਹੀਨ। ਹਰਵਰਿਆਵੀ=ਹਵਾ ਦਾ ਬੁੱਲ੍ਹਾ। ਉਚਾਲੇ=ਉਖੜ ਜਾਂਦਾ ਹੈ। ਖੇਹ=ਪਾਪਾਂ ਦਾ ਘੱਟਾ।

ਅਰਥ - ੧. ਰੁਖਾਂ ਵਿਚੋਂ ਕੁਰੁਖ, ਅਰੰਡ ਤੇ ਕਨੇਰ ਹਨ, ਇਹ ਦੋਵੇਂ ਖੇਤਾਂ ਦੇ ਦੁਆਲੇ ਪੈਦਾ ਹੁੰਦੇ ਹਨ। ੨. ਅਰੰਡ ਫਲਦਾ ਹੈ, ਇਸ ਨੂੰ ਡੋਡੀਆਂ ਲੱਗਦੀਆਂ ਹਨ ਜਿਸ ਵਿਚ ਚਿਤਰੇ-ਮਿਤਰੇ (ਰੰਗ ਬਰੰਗੇ) ਬੀਜ ਹੁੰਦੇ ਹਨ। ਇਸ ਦੀ ਜੜ ਨਹੀਂ ਹੁੰਦੀ, (ਭਾਵ ਜ਼ਮੀਨ ਦੇ ਉਤੇ ਹੀ ਹੁੰਦਾ ਹੈ)। ੩. ਜ਼ਰਾ ਵੀ ਹਵਾ ਦਾ ਬੁੱਲ੍ਹਾ ਆਇਆ ਨਹੀਂ ਤੇ ਉਖੜਿਆ ਨਹੀਂ, ਇਹ ਨਿਭਦਾ ਨਹੀਂ। ੪. ਕਨੇਰ ਵੀ ਖੇਤ ਦੇ ਉਦਾਲੇ ਹੁੰਦੀ ਹੈ, ਜਿਸ ਨੂੰ ਕਲੀਆਂ ਲੱਗਦੀਆਂ ਹਨ, ਜੋ ਉਤੋਂ ਸੋਹਣੀਆਂ ਹੁੰਦੀਆਂ ਹਨ, ਪਰ ਵਿਚੋਂ (ਮਨਮੁਖ ਵਾਂਗ) ਦੁਰਮੱਤ ਵਿਚ ਤੇ ਦੁਰਗੰਧੀ ਹੀ ਫੈਲਾਉਂਦੀਆਂ ਹਨ। ੫. ਬਾਹਰੋਂ ਲਾਲ ਗੁਲਾਲ ਤੇ ਅੰਦਰੋਂ ਬਿਲਕੁਲ ਸਫੈਦ (ਭਾਵ ਮਨਮੁਖ ਬਾਹਰੋਂ ਬਾਹਰੋਂ ਭਾਵੇਂ ਕਿੰਨੇ ਸੋਹਣੇ, ਸੁਚੱਜੇ ਲੱਗਦੇ ਹੋਣ, ਪਰ ਅੰਦਰ ਉਨ੍ਹਾਂ ਦੇ) ਦੁਬਿਧਾ ਹੀ ਭਰੀ ਹੁੰਦੀ ਹੈ। ੬. ਸਾਧ ਸੰਗਤ ਵਿਚ ਜਾ ਕੇ ਗੁਰ ਸ਼ਬਦ ਸੁਣਦੇ ਹਨ, ਪਰ ਅੰਦਰ ਉਨ੍ਹਾਂ ਦੇ (ਘਰ ਦੇ ਹਿਸਾਬਾਂ ਦੀਆਂ ਹੀ) ਗਿਣਤੀਆਂ ਹੁੰਦੀਆਂ ਹਨ ਉਹ ਇਨ੍ਹਾਂ ਗਿਣਤੀਆਂ ਦੇ ਭਾਰ ਨਾਲ ਹੀ ਭਰੇ ਰਹਿੰਦੇ ਹਨ (ਸਾਧ ਸੰਗਤ ਵਿਚੋਂ ਕੁਝ ਵੀ ਪ੍ਰਾਪਤ ਨਹੀਂ ਕਰਦੇ)। ੭. ਪਰ ਐਸੇ ਕਪਟੀ ਮਿੱਤਰਾਂ ਦਾ ਅਖੀਰ 'ਤੇ ਮੂੰਹ ਕਾਲਾ ਹੁੰਦਾ ਹੈ ਤੇ ਉਹਨਾਂ ਦੇ ਸਿਰ ਵਿਚ ਪਾਪਾਂ ਦੀ ਸੁਆਹ ਹੀ ਪੈਂਦੀ ਹੈ॥ ੧੮॥

੧੯. ਅੱਕ ਦੇ ਟਿੱਡੇ ਤੇ ਜੋਕ ਵਰਗਾ ਮਨਮੁਖ

੧. ਵਣ ਵਿਚਿ ਫਲੈ ਵਣਾਸਪਤਿ ਬਹੁ ਰਸੁ ਗੰਧ ਸੁਗੰਧ ਸੁਹੰਦੇ।
੨. ਅੰਬ ਸਦਾ ਫਲ ਸੋਹਣੈ ਆੜੂ ਸੇਵ ਅਨਾਰ ਫਲੰਦੇ।
੩. ਦਾਖ ਬਿਜਉਰੀ ਜਾਮਣੂ ਖਿਰਣੀ ਤੂਤ ਖਜੂਰਿ ਅਨੰਦੇ।
੪. ਪੀਲੂ ਪੇਝੂ ਬੇਰ ਬਹੁ ਕੇਲੇ ਤੇ ਅਖਰੋਟ ਬਣੰਦੇ।
੫. ਮੂਲਿ ਨ ਭਾਵਨੀ ਅਕਟਿਡਿ ਅੰਮ੍ਰਿਤ ਫਲ ਤਜਿ ਅਕ ਵਸੰਦੇ।
੬. ਜੇ ਥਣ ਜੋਕ ਲਵਾਈਐ ਦੁਧੁ ਨ ਪੀਐ ਲੋਹੂ ਗੰਦੇ।
੭. ਸਾਧਸੰਗਤਿ ਗੁਰੁ ਸਬਦੁ ਸੁਣਿ ਗਣਤੀ ਅੰਦਰਿ ਝਾਕ ਝਖੰਦੇ।
੮. ਕਪਟ ਸਨੇਹਿ ਨ ਥੇਹਿ ਜੁੜੰਦੇ॥ ੧੯॥

ਪਦ ਅਰਥ - ਖਿਰਣੀ=ਨਿਮੋਲੀ ਵਰਗਾ ਫਲ। ਅਨੰਦੇ=ਆਨੰਦ ਦੇਣ ਵਾਲੇ। ਝਾਕ ਝਖੰਦੇ=ਝਖਾਂ ਮਾਰਦੇ। ਥੇਹਿ=ਟਿਕਾਣੇ 'ਤੇ।

ਅਰਥ - ੧. ਜੰਗਲ ਵਿਚ ਬਨਾਸਪਤੀ ਫਲਦੀ ਫੁਲਦੀ ਹੈ, ਜਿਸ ਵਿਚ ਕਈ ਪ੍ਰਕਾਰ ਦੇ ਰਸਾਂ ਤੇ ਸੁਗੰਧੀਆਂ ਵਾਲੇ ਬ੍ਰਿਛ ਬੂਟੇ ਸ਼ੋਭਾ ਪਾਉਂਦੇ ਹਨ। ੨. ਅੰਬਾਂ ਦੇ ਫਲ ਸਦਾ ਹੀ ਸੋਹਣੇ ਹੁੰਦੇ ਹਨ ਤੇ ਆੜੂ, ਸੇਅ, ਅਨਾਰ ਤੇ ਫਲਾਂ ਦੇ ਬ੍ਰਿਛ ਫਲਦੇ ਹਨ। ੩. ਦਾਖਾਂ ਬਿਜਉਰ ਦੀਆਂ, ਜਾਮਣੂ, ਖਿਰਣੀ, ਤੂਤਾਂ ਤੇ ਖਜੂਰਾਂ ਆਨੰਦ ਦਾਇਕ ਹਨ। ੪. ਪੀਲੂ, ਪੇਝੂ, ਬੇਰ ਬੜੇ ਹੀ ਕੇਲੇ ਤੇ ਅਖਰੋਟ ਜਿਨ੍ਹਾਂ ਬੂਟਿਆਂ ਤੋਂ ਲੱਭਦੇ ਹਨ। ੫. (ਪਰ ਇਹ ਸਾਰੇ ਰਸੀਲੇ ਤੇ ਸੁਗੰਧਤ ਫਲ) ਅੱਕ 'ਤੇ ਰਹਿਣ ਵਾਲੇ ਟਿੱਡੇ ਨੂੰ ਬਿਲਕੁਲ ਹੀ ਚੰਗੇ ਨਹੀਂ ਲੱਗਦੇ। ਉਹ ਉਪ੍ਰੋਕਤ ਅੰਮ੍ਰਿਤ ਫਲਾਂ ਨੂੰ ਛੱਡ ਕੇ (ਕੌੜੇ ਕਸੈਲੇ) ਅੱਕ 'ਤੇ ਹੀ ਵਸਦਾ ਹੈ। ੬. (ਇਸੇ ਤਰ੍ਹਾਂ ਹੀ) ਜੋਕ ਹੈ। ਜੇ ਉਸ ਨੂੰ (ਦੁੱਧ ਵਾਲੇ) ਥਣਾਂ ਨਾਲ ਲਾ ਦੇਈਏ, ਤਾਂ ਉਹ ਅੰਮ੍ਰਿਤ ਦੁੱਧ ਪੀਣ ਦੀ ਥਾਵੇਂ ਖੂਨ ਪੀਂਦੀ ਹੈ। ੭. (ਏਦਾਂ ਹੀ ਮਨਮੁਖ ਦੀ ਹਾਲਤ ਹੈ) ਉਹ ਸਾਧ ਸੰਗਤ ਵਿਚ ਜਾ ਕੇ ਗੁਰ ਸ਼ਬਦ (ਉਪਦੇਸ਼) ਨੂੰ ਸੁਣਦੇ ਵੀ ਘਰਾਂ ਦੇ ਧੰਦਿਆਂ ਦੀ ਗਿਣਤੀਆਂ ਕਰਨ ਵਿਚ ਹੀ ਲੱਗੇ ਰਹਿੰਦੇ ਹਨ ਤੇ ਵਿਸ਼ੇ ਵਿਕਾਰਾਂ ਦੀ ਝਾਕ ਵਿਚ ਲੱਗੇ ਝਖਾਂ ਹੀ ਮਾਰਦੇ ਰਹਿੰਦੇ ਹਨ। ੮. (ਇਸ ਲਈ) ਐਸੇ ਧੋਖੇਬਾਜ਼ ਮਿੱਤਰ ਕਿਸੇ ਵੀ ਟਿਕਾਣੇ 'ਤੇ ਪਹੁੰਚ ਨਹੀਂ ਸਕਦੇ। (ਭਰਮ ਵਿਚ ਹੀ ਭਰਮਦੇ ਫਿਰਦੇ ਹਨ) ॥ ੧੯ ॥

੨੦. ਮਨਮੁਖਾਂ ਦੀ ਗਿਣਤੀ ਦੇ ਦ੍ਰਿਸ਼ਟਾਂਤ

੧. ਡਡੂ ਬਗਲੇ ਸੰਖ ਲਖ ਅਕ ਜਵਾਹੇ ਬਿਸੀਅਰਿ ਕਾਲੇ।
੨. ਸਿੰਬਲ ਘੁੱਘੂ ਚਕਵੀਆਂ ਕੜਛ ਹਸਤਿ ਲਖ ਸੰਢੀ ਨਾਲੇ।
੩. ਪਥਰ ਕਾਂਵ ਰੋਗੀ ਘਣੇ ਗਦਹੁ ਕਾਲੇ ਕੰਬਲ ਭਾਲੇ।
੪. ਕੈਹੈ ਤਿਲ ਬੂਆੜਿ ਲਖ ਅਕਤਿਡ ਅਰੰਡ ਤੁਮੇ ਚਿਤਰਾਲੇ।
੫. ਕਲੀ ਕਨੇਰ ਵਖਾਣੀਐ ਸਭ ਅਵਗੁਣ ਮੈ ਤਨਿ ਭੀਹਾਲੇ।
੬. ਸਾਧਸੰਗਤਿ ਗੁਰ ਸਬਦੁ ਸੁਣਿ ਗੁਰ ਉਪਦੇਸੁ ਨ ਰਿਦੇ ਸਮਾਲੇ।
੭. ਧ੍ਰਿਗੁ ਜੀਵਣੁ ਬੇਮੁਖ ਬੇਤਾਲੇ ॥ ੨੦ ॥

ਪਦ ਅਰਥ - ਅਕ ਜਿਵਾਹੇ=ਅੱਕ ਤੇ ਜਵਾਹ ਦੇ ਬੂਟੇ। ਘੁੱਘੂ=ਉੱਲੂ। ਕੜਛ=ਕੜਛੀਆਂ। ਹਸਤਿ=ਹਾਥੀ। ਲਖ ਸੰਢੀ=ਲੱਖਾਂ ਬਾਂਝ ਔਰਤਾਂ। ਭਾਲੇ=ਰਿੱਛ। ਭੀਹਾਲੇ=ਭਿਆਨਕ।

ਅਰਥ - ੧. ਲੱਖਾਂ ਹੀ ਡੱਡੂ, ਬਗਲੇ ਤੇ ਸੰਖ (ਵੱਜਣ ਵਾਲੇ), ਅੱਕ ਤੇ ਜਿਵਾਹਾਂ ਦੇ ਬੂਟੇ ਅਤੇ ਕਾਲੇ ਸੱਪ ਹਨ। ੨. ਸਿੰਬਲ ਦੇ ਉੱਚੇ ਬ੍ਰਿਛ, ਉੱਲੂ, ਚਕਵੀਆਂ, ਕੜਛੀਆਂ, ਲੱਖਾਂ ਹੀ ਹਾਥੀ ਤੇ ਲੱਖਾਂ ਹੀ ਬਾਂਝ (ਸੰਢ) ਇਸਤ੍ਰੀਆਂ ਹਨ। ੩. ਪਥਰਾਂ (ਵਰਗੇ ਅਭਿਜ) ਕਾਵਾਂ ਵਰਗੇ ਵੱਡੇ ਰੋਗੀ, ਕਾਲੇ ਖੋਤੇ ਤੇ ਕਾਲੇ ਕੰਬਲ ਲੱਖਾਂ ਹਨ। ੪. ਕੈਂਹਾਂ, ਤਿਲ ਬੂਆੜ, (ਥੋਥੇ ਤਿਲ) ਲੱਖਾਂ ਹੀ ਅੱਕ-ਟਿੱਡੇ, ਅਰੰਡ, ਤੁੰਮੇ ਚਿਤਰ-ਮਿਤਰੇ ਹਨ। ੫. ਕਨੇਰਾਂ

ਦੀਆਂ ਕਲੀਆਂ (ਉਪਰੋਂ ਰੰਗ ਬਰੰਗੀਆਂ, ਲਾਲ ਗੁਲਾਲ ਤੇ ਵਿਚੋਂ ਚਿੱਟੇ, ਦੁਬਿਧਾ ਦੇ ਮਾਰੇ ਹੋਏ) ਆਖੇ ਜਾਂਦੇ ਹਨ। (ਭਾਈ ਸਾਹਿਬ ਕਹਿੰਦੇ ਹਨ ਕਿ ਇਹ) ਸਭ ਭਿਆਨਕ ਅਵਗੁਣ ਮੇਰੇ ਵਿਚ ਹਨ। (ਇਹ ਨਿਰਮਾਣਤਾ ਦੀ ਹੱਦ ਹੈ)। ੬. ਸਾਧ ਸੰਗਤ ਵਿਚ ਜਾ ਕੇ (ਉਪ੍ਰੋਕਤ ਅਵਗੁਣਾਂ ਵਾਲੇ ਮਨਮੁਖ) ਗੁਰ-ਸ਼ਬਦ ਸੁਣਦੇ ਹਨ, ਪਰ ਗੁਰ ਉਪਦੇਸ਼ ਨੂੰ ਹਿਰਦੇ ਵਿਚ ਨਹੀਂ ਸੰਭਾਲਦੇ (ਭਾਵ ਧਾਰਦੇ)। ੭. ਧ੍ਰਿਗ ਜੀਵਣ ਹੈ, (ਐਸੇ ਮਨਮੁਖਾਂ ਦਾ ਜੋ) ਬੇਮੁਖ ਤੇ ਬੇਤਾਲੇ ਹਨ॥ ੨੦॥

੨੧. ਕਿਤਨੇ ਹੀ ਨਿੰਦਕ ਤੇ ਬੇਮੁਖ ਹਨ

੧. ਲਖ ਨਿੰਦਕ ਲਖ ਬੇਮੁਖਾਂ ਦੂਤ ਦੁਸਟ ਲਖ ਲੂਣ ਹਰਾਮੀ।
੨. ਸ੍ਵਾਮਿ ਧੋਹੀ ਅਕਿਰਤਘਣਿ ਚੋਰ ਜਾਰ ਲਖ ਲਖ ਪਹਿਨਾਮੀ।
੩. ਬਾਮ੍ਹਣ ਗਾਈਂ ਵੰਸ ਘਾਤ ਲਾਇਤਬਾਰ ਹਜਾਰ ਅਸਾਮੀ।
੪. ਕੂੜਿਆਰ ਗੁਰੁ ਗੋਪ ਲਖ ਗੁਨਹਗਾਰ ਲਖ ਲਖ ਬਦਨਾਮੀ।
੫. ਅਪਰਾਧੀ ਬਹੁ ਪਤਿਤ ਲਖ ਅਵਗੁਣਿਆਰ ਖੁਆਰ ਖੁਨਾਮੀ।
੬. ਲਖ ਲਿਬਾਸੀ ਦਗਾਬਾਜ ਲਖ ਸੈਤਾਨ ਸਲਾਮਿ ਸਲਾਮੀ।
੭. ਤੂੰ ਵੇਖਹਿ ਹਉ ਮੁਕਰਾ ਹਉ ਕਪਟੀ ਤੂੰ ਅੰਤਰਿਜਾਮੀ।
੮. ਪਤਿਤ ਉਧਾਰਣੁ ਬਿਰਦੁ ਸੁਆਮੀ॥ ੨੧॥ ੧੭॥

ਪਦ ਅਰਥ - ਸ੍ਵਾਮਿ ਧੋਹੀ=ਮਾਲਕ ਨਾਲ ਦਗਾ ਕਰਨ ਵਾਲੇ। ਪਹਿਨਾਮੀ=ਬਦਨਾਮ। ਬਾਮ੍ਹਣ=ਬ੍ਰਹਮ ਨੂੰ ਜਾਣ ਲੈਣ ਵਾਲੇ ਸੰਤ ਭਗਤ। ਲਾਇਤਬਾਰ=ਬੇਇਤਬਾਰੇ। ਅਸਾਮੀ=ਐਬੀ ਤੇ ਮੁਜਰਮ। ਖੁਨਾਮੀ=ਗੁਨਾਹ। ਲਿਬਾਸੀ=ਦਿਖਾਵੇ ਦੇ ਭੇਖੀ।

ਅਰਥ - ੧. ਲੱਖਾਂ ਹੀ ਨਿੰਦਕ, ਲੱਖਾਂ ਹੀ ਬੇਮੁਖ, ਦੂਤ ਤੇ ਦੁਸ਼ਟ ਤੇ ਲੱਖਾਂ ਹੀ ਲੂਣ ਹਰਾਮੀ, (ਅਕ੍ਰਿਤਘਣ) ਹਨ। ੨. ਲੱਖਾਂ ਹੀ ਮਾਲਕਾਂ ਨਾਲ ਦਗਾ ਕਰਨ ਵਾਲੇ ਧ੍ਰੋਹੀ, ਲੱਖਾਂ ਹੀ ਚੋਰ, ਯਾਰ ਤੇ ਲੱਖਾਂ ਹੀ ਬਦਨਾਮੀਆਂ ਵਾਲੇ ਹਨ। ੩. ਸੰਤ, ਗਾਵਾਂ ਤੇ ਵੰਸ ਦੇ ਘਾਤੀ ਹਨ, ਲੱਖਾਂ ਹੀ ਬੇਇਤਬਾਰੇ, ਹਜ਼ਾਰਾਂ ਹੀ ਐਬੀ ਤੇ ਜੁਰਮ ਕਰਨ ਵਾਲੇ ਲੋਕ ਹਨ। ੪. ਲੱਖਾਂ ਝੂਠੇ ਤੇ ਗੁਰੂ ਦੇ ਨਿੰਦਕ, ਲੱਖਾਂ ਗੁਨਾਹਗਾਰ ਤੇ ਲੱਖਾਂ ਹੀ ਬਦਨਾਮ ਹੋਏ ਲੋਕ ਹਨ। ੫. ਅਪਰਾਧੀ ਤੇ ਪਤਿਤ (ਪਾਪੀ) ਬੇਅੰਤ ਹਨ ਤੇ ਲੱਖਾਂ ਹਨ ਅਵਗੁਣਿਆਰੇ ਜੋ ਕਸੂਰ, ਜੁਰਮ ਕਰਕੇ, ਖੁਆਰ ਹੁੰਦੇ ਹਨ। ੬. ਲੱਖਾਂ ਹੀ ਭੇਖੀ ਤੇ ਦਗੇਬਾਜ਼ ਹਨ, ਲੱਖਾਂ ਹੀ ਸ਼ੈਤਾਨੀ ਹਰਕਤਾਂ ਕਰਨ ਵਾਲੇ ਧੋਖੇ ਦੀਆਂ ਸਲਾਮਾਂ ਕਰਨ ਵਾਲੇ ਸਲਾਮੀਏ ਹਨ। ੭. (ਹੇ ਪਰਮੇਸ਼ਰ !) ਤੂੰ ਵੇਖਦਾ ਹੈਂ, ਪਰ ਮੈਂ ਮੁਕਰਦਾ ਹਾਂ, ਮੈਂ ਕਪਟੀ ਹਾਂ ਤੇ ਤੂੰ ਅੰਤਰਜਾਮੀ ਹੈਂ। ੮. (ਹੇ ਪ੍ਰਭੂ !) ਤੂੰ ਪਤਿਤ ਉਧਾਰਣ ਵਾਲਾ ਹੈਂ ਤੇ ਹੇ ਮਾਲਕ ! ਇਹ ਤੇਰਾ ਬਿਰਦ (ਪੈਜ) ਹੈ॥ ੨੧॥ ੧੭॥

ਵਾਰ ੧੮

ੴ ਸਤਿਗੁਰ ਪ੍ਰਸਾਦਿ॥

੧. ਪਰਮੇਸ਼ਰ ਦੀ ਸਿਫਤ ਸਲਾਹ ਦਾ ਮੰਗਲ

੧. ਇਕ ਕਵਾਉ ਪਸਾਉ ਕਰਿ ਓਅੰਕਾਰ ਅਨੇਕ ਅਕਾਰਾ।
੨. ਪਉਣੁ ਪਾਣੀ ਬੈਸੰਤਰੋ ਧਰਤਿ ਅਗਾਸਿ ਨਿਵਾਸੁ ਵਿਥਾਰਾ।
੩. ਜਲ ਥਲ ਤਰਵਰ ਪਰਬਤਾਂ ਜੀਅ ਜੰਤ ਆਗਣਤ ਅਪਾਰਾ।
੪. ਇਕੁ ਵਰਭੰਡੁ ਅਖੰਡੁ ਹੈ ਲਖ ਵਰਭੰਡ ਪਲਕ ਪਲਕਾਰਾ।
੫. ਕੁਦਰਤਿ ਕੀਮ ਨ ਜਾਣੀਐ ਕੇਵਡੁ ਕਾਦਰੁ ਸਿਰਜਣਹਾਰਾ।
੬. ਅੰਤੁ ਬਿਅੰਤੁ ਨ ਪਾਰਾਵਾਰਾ॥੧॥

ਪਦ ਅਰਥ - ਕਵਾਉ=ਬੋਲ। ਪਸਾਉ=ਪਸਾਰਾ। ਬੈਸੰਤਰੋ=ਅਗਨੀ। ਵਿਥਾਰਾ=ਵਿਸਤਾਰ ਕੀਤਾ। ਵਰਭੰਡੁ=ਉੱਤਮ ਭਾਂਡਾ, ਪਰਮੇਸ੍ਵਰ। ਕੀਮ=ਕੀਮਤ। ਕਾਦਰੁ=ਕਰਤਾ। ਪਾਰਾਵਾਰਾ=ਉਰਾਰ ਪਾਰਾ।

ਅਰਥ - ੧. (ਪਰਮੇਸ਼ਰ ਜੀ ਨੇ) ਇਕੋ ਵਾਕ ਬੋਲ ਕੇ ਸਾਰਾ ਪਸਾਰਾ (ਸ੍ਰਿਸ਼ਟੀ) ਦਾ ਕਰ ਦਿੱਤਾ। ਓਅੰਕਾਰ (ਇੱਕ ਤੋਂ ਅਨੇਕਾਂ ਅਕਾਰ ਬਣਾ ਦਿੱਤੇ। ੨. ਪਉਣ, ਪਾਣੀ, ਅਗਨੀ, ਧਰਤੀ ਤੇ ਆਕਾਸ਼ ਵਿਚ ਆਪਣੇ ਨਿਵਾਸ ਦਾ ਵਿਸਥਾਰ ਕਰ ਦਿੱਤਾ। ੩. ਜਲ (ਸਮੁੰਦਰ), ਧਰਤੀ ਤੇ ਦਰਖਤ ਪਰਬਤ (ਪਹਾੜ) ਆਗਣਤ ਤੇ ਅਪਾਰ ਜੀਅ ਜੰਤ ਰਚ ਦਿੱਤੇ। ੪. ਇੱਕ ਵਰਭੰਡੁ (ਉੱਤਮ ਭਾਂਡਾ ਜਿਸ ਵਚ) ਆਤਮਾ ਅਖੰਡ ਹੈ, (ਜਿਸ ਨੇ) ਲੱਖਾਂ ਵਰਭੰਡ (ਸ੍ਰੇਸ਼ਟ ਭਾਂਡੇ, ਆਤਮਾ ਦਾ ਨਿਵਾਸ ਰੱਖਣ ਵਾਲੇ) ਇੱਕ ਅੱਖ ਪਲਕ ਦੇ ਝਲਕਣ (ਪਲਕਾਰੇ) ਵਿਚ ਬਣਾ ਦਿੱਤੇ। ੫. ਜੇ ਅਸੀਂ ਕੁਦਰਤ (ਪਰਮੇਸ਼ਰ ਦੀ ਰਚਨਾ) ਦੀ ਕੀਮਤ ਨੂੰ ਨਹੀਂ ਜਾਣ ਸਕਦੇ, ਤਾਂ ਉਹ ਕਾਦਰ (ਸ੍ਰਿਸ਼ਟੀ ਦਾ ਰਚਨਹਾਰ) ਕਿੱਡਾ ਕੁ ਹੈ, (ਕਿਵੇਂ ਜਾਣ ਸਕਦੇ ਹਾਂ)। ੬. ਉਹ ਅੰਤ ਰਹਿਤ ਬੇਅੰਤ ਹੈ, ਜਿਸ ਦੇ ਉਰਾਰ ਪਾਰ ਨੂੰ ਨਹੀਂ ਜਾਣ ਸਕੀਦਾ॥੧॥

੨. ਫਿਰ ਪਰਮੇਸ਼ਰ ਦੀ ਵਡਿਆਈ ਦਾ ਹੀ ਵਰਣਨ

੧. ਕੇਵਡੁ ਵਡਾ ਆਖੀਐ ਵਡੇ ਦੀ ਵਡੀ ਵਡਿਆਈ।
੨. ਵਡੀ ਹੂੰ ਵਡਾ ਵਖਾਣੀਐ ਸੁਣਿ ਸੁਣਿ ਆਖਣੁ ਆਖ ਸੁਣਾਈ।

੩. ਰੋਮ ਰੋਮ ਵਿਚਿ ਰਖਿਓਨੁ ਕਰਿ ਵਰਭੰਡ ਕਰੋੜਿ ਸਮਾਈ।
੪. ਇਕੁ ਕਵਾਉ ਪਸਾਉ ਜਿਸੁ ਤੋਲਿ ਅਤੋਲੁ ਨ ਤੁਲਿ ਤੁਲਾਈ।
੫. ਵੇਦ ਕਤੇਬਹੁ ਬਾਹਰਾ ਅਕਥ ਕਹਾਣੀ ਕਥੀ ਨ ਜਾਈ।
੬. ਅਬਿਗਤਿ ਗਤਿ ਕਿਵ ਅਲਖੁ ਲਖਾਈ॥ ੨ ॥

ਪਦ ਅਰਥ - ਵਡਿਆਈ=ਮਹਿਮਾ। ਕਰੋੜਿ ਸਮਾਈ=ਕਰੋੜਾਂ ਹੀ ਰੱਖ ਦਿੱਤੇ ਹਨ। ਅਤੋਲੁ=ਤੋਲੇ ਨਹੀਂ ਜਾ ਸਕਦੇ। ਅਬਿਗਤਿ ਗਤਿ=ਨਾ ਕਹੀ ਜਾਣ ਵਾਲੀ ਹਾਲਤ।

ਅਰਥ - ੧. (ਉਹ ਪਰਮੇਸ਼ਰ ਨੂੰ) ਕਿੱਡਾ ਕੁ ਵੱਡਾ ਆਖੀਏ ? ਉਸ ਵੱਡੇ ਦੀ ਵਡਿਆਈ (ਮਹਿਮਾ) ਬਹੁਤ ਹੀ ਵੱਡੀ ਹੈ। ੨. ਉਸ ਵੱਡੇ ਨੂੰ ਵੱਡਾ ਹੀ ਆਖਿਆ ਜਾਂਦਾ ਹੈ, ਸੁਣ ਸੁਣ ਕੇ ਵੀ ਵੱਡਾ ਹੀ ਆਖ ਕੇ ਸੁਣਾਇਆ ਜਾਂਦਾ ਹੈ। ੩. (ਉਸ ਪਰਮੇਸ਼ਰ ਨੇ) ਰੋਮ ਰੋਮ ਵਿਖੇ ਕਰੋੜਾਂ, ਬ੍ਰਹਮੰਡਾਂ ਦੀ ਸਮਾਈ ਕਰ ਰੱਖੀ ਹੈ। ੪. ਜਿਸ ਦੇ ਇੱਕ ਵਾਕ ਦਾ ਏਡਾ ਵੱਡਾ ਪਸਾਰਾ ਹੋ ਗਿਆ ਹੈ ਕਿ ਜਿਸ ਦਾ ਤੋਲ ਵੀ ਨਹੀਂ ਤੁਲ ਸਕਦਾ। (ਭਾਵ ਉਸਦੀ ਮਹਿਮਾ ਪਰੇ ਤੋਂ ਪਰੇ ਹੈ)। ੫. ਵੇਦਾਂ ਕਤੇਬਾਂ (ਵਾਲਿਆਂ ਨੇ ਵੀ ਪਰਮੇਸ਼ਰ ਦੀ ਵਡਿਆਈ ਲਿਖੀ ਹੈ, ਪਰ ਉਹ ਉਨੀਆਂ ਕੁ ਹੀ ਵਡਿਆਈਆਂ ਵਾਲਾ ਨਹੀਂ) ਉਸ ਅਕਥਨੀਜ ਦੀ ਅਕਥ ਕਹਾਣੀ ਨੂੰ ਕੋਈ ਕਥ ਨਹੀਂ ਸਕਦਾ। (ਭਾਵ ਹਰਿ ਜਸ ਨੂੰ ਕਿਸੇ ਕਥਨ ਜਾਂ ਵਾਕ ਵਿਚ ਮੁਕੰਮਲ ਨਹੀਂ ਦੱਸਿਆ ਜਾ ਸਕਦਾ)। ੬. ਸੋ ਐਸੇ (ਮਨੁਖੀ ਗਿਆਨ ਤੋਂ ਅਪਹੁੰਚ, ਪਰੇ ਤੇ ਦੂਰ ਤੋਂ ਦੂਰ ਰਹਿਣ ਵਾਲੇ) ਪ੍ਰਭੂ ਦੀ ਹਾਲਤ ਨੂੰ ਕੋਈ ਕਿਵੇਂ ਜਾਣੇ ਤੇ ਨਾ ਵੇਖੇ ਜਾ ਸਕਣ ਵਾਲੇ ਨੂੰ ਕੋਈ ਕਿਵੇਂ ਵੇਖ ਸਕਦਾ ਹੈ॥ ੨ ॥

੩. ਕੁਦਰਤ ਦੀ ਕਾਰਾਗਰੀ ਵੀ ਬੇਅੰਤ ਹੈ

੧. ਜੀਉ ਪਾਇ ਤਨੁ ਸਾਜਿਆ ਮੁਹੁ ਅਖੀ ਨਕੁ ਕੰਨ ਸਵਾਰੇ।
੨. ਹਥ ਪੈਰ ਦੇ ਦਾਤਿ ਕਰਿ ਸਬਦ ਸੁਰਤਿ ਸੁਭ ਦਿਸਟਿ ਦੁਆਰੇ।
੩. ਕਿਰਤਿ ਵਿਰਤਿ ਪਰਕਿਰਤਿ ਬਹੁ ਸਾਸਿ ਗਿਰਾਸਿ ਨਿਵਾਸੁ ਸੰਜਾਰੇ।
੪. ਰਾਗ ਰੰਗ ਰਸ ਪਰਸਦੇ ਗੰਧ ਸੁਗੰਧ ਸੰਧਿ ਪਰਕਾਰੇ।
੫. ਛਾਦਨ ਭੋਜਨ ਬੁਧਿ ਬਲੁ ਟੇਕ ਬਿਬੇਕ ਵੀਚਾਰ ਵੀਚਾਰੇ।
੬. ਦਾਨੇ ਕੀਮਤਿ ਨਾ ਪਵੈ ਬੇਸੁਮਾਰ ਦਾਤਾਰ ਪਿਆਰੇ।
੭. ਲੇਖ ਅਲੇਖ ਅਸੰਖ ਅਪਾਰੇ॥ ੩ ॥

ਪਦ ਅਰਥ - ਦੁਆਰੇ=ਸਰੀਰ ਦੇ ੯ ਰਸਤੇ : ਦੋ ਅੱਖਾਂ, ਦੋ ਨਾਸਾਂ, ਦੋ ਕੰਨ, ਮੂੰਹ, ਇੰਦ੍ਰੀ ਤੇ ਗੁਦਾ। ਕਿਰਤਿ ਵਿਰਤਿ=ਸਰੀਰ ਨੂੰ ਪਾਲਣ ਲਈ ਕਿਰਤ ਕਰਨੀ। ਪਰਕਿਰਤਿ=ਪਰਾਈ ਸੇਵਾ। ਸੰਜਾਰੇ=ਰੱਖੇ। ਸੰਧਿ=ਮੇਲ। ਛਾਦਨ ਭੋਜਨ=ਕਪੜਾ ਤੇ ਰੋਟੀ। ਟੇਕ ਬਿਬੇਕ=ਗਿਆਨ ਦਾ ਆਸਰਾ।

ਅਰਥ - ੧. ਜੀਵ ਨੂੰ ਪੈਦਾ ਕਰਕੇ (ਉਸਦੇ ਰਹਿਣ ਲਈ) ਸਰੀਰ ਬਣਾਇਆ, ਜਿਸ ਨੂੰ ਮੂੰਹ, ਅੱਖਾਂ, ਨੱਕ ਤੇ ਕੰਨ ਬਣਾ ਕੇ ਸੰਵਾਰ ਦਿੱਤਾ। ੨. (ਉਸ ਸਰੀਰ ਨੂੰ ਪਰਮੇਸ਼ਰ ਨੇ) ਹੱਥਾਂ ਪੈਰਾਂ ਦੀ ਦਾਤ ਦਿੱਤੀ, ਸ਼ਬਦ (ਨੂੰ ਸਮਝਣ ਲਈ) ਸੁਰਤ ਤੇ ਸ਼ੁਭ ਦ੍ਰਿਸ਼ਟੀ ਦੁਆਰੇ (ਅੱਖਾਂ ਦੀ ਨਜ਼ਰ) ਦੀ ਅਮੋਲਕ ਬਖਸ਼ਿਸ਼ ਕੀਤੀ। ੩. ਹੱਥਾਂ ਨਾਲ ਉਪਜੀਵਕਾ ਕਮਾਉਣ ਤੇ ਹੋਰ ਦੂਜਿਆਂ ਦੀ ਬਹੁ ਪ੍ਰਕਾਰੀ ਸੇਵਾ, ਪ੍ਰਾਣਾਂ (ਸੁਆਸਾਂ) ਦਾ ਨਿਵਾਸ ਕੀਤਾ। (ਇਹ ਤਨ ਦੀ ਸਾਰੀ ਬਣਾਵਟ ਪ੍ਰਭੂ ਦੀਆਂ ਦਾਤਾਂ ਹਨ)। ੪. ਰਾਗ (ਸੁਣਨ ਦੇ) ਰਸ ਤੇ ਸਪਰਸ਼ਤਾ ਦੇ ਰੰਗ (ਆਨੰਦ) ਦਿੱਤੇ, ਬਦਬੂ ਤੇ ਸੁਗੰਧ ਦਾ ਮਿਲਾਪ ਬੜੇ ਤਰੀਕਿਆਂ ਨਾਲ ਮੇਲ ਦਿੱਤਾ। ੫. ਕਪੜੇ ਤੇ ਭੋਜਨ, ਬੁਧੀ ਤੇ ਬਲ ਅਤੇ (ਮੋਖਸ਼ ਲਈ) ਗਿਆਨ ਦੀਆਂ ਵਿਚਾਰਾਂ ਵਿਚਾਰਨ ਦਾ ਆਸਰਾ ਦਿੱਤਾ। ੬. (ਸੋ ਐਸੀਆਂ) ਬਖਸ਼ਿਸ਼ਾਂ ਬਖਸ਼ਣ ਵਾਲੇ (ਪ੍ਰਭੂ ਦੀਆਂ ਦਾਤਾਂ ਦੀ) ਕੋਈ ਵੀ ਕੀਮਤ ਨਹੀਂ ਪੈ ਸਕਦੀ। ਬੇਸ਼ੁਮਾਰ ਦਾਤਾਂ ਤੇ ਉਸਦੇ ਬੇਅੰਤ ਪਿਆਰ ਦੀ ਕੀਮਤ ਵੀ ਨਹੀਂ ਪੈ ਸਕਦੀ। ੭. ਜੋ ਲੇਖ (ਲਿਖਤ) ਤੋਂ ਰਹਿਤ, ਗਿਣਤੀ ਰਹਿਤ ਹੈ ਅਤੇ ਉਸਦਾ ਆਰ ਪਾਰ ਨਹੀਂ ਪੈ ਸਕਦਾ॥ ੩॥

੪. ਰਚਨਾ ਭਾਵੇਂ ਕਿੰਨੀ ਵੱਡੀ ਹੈ, ਪਰ ਸਭ ਹਿਸਾਬ ਵਿੱਚ ਹੈ

੧. ਪੰਜਿ ਤਤੁ ਪਰਵਾਣੁ ਕਰਿ ਖਾਣੀ ਚਾਰਿ ਜਗਤੁ ਉਪਾਇਆ।
੨. ਲਖ ਚਉਰਾਸੀਹ ਜੂਨਿ ਵਿਚਿ ਆਵਾਗਵਣ ਚਲਤੁ ਵਰਤਾਇਆ।
੩. ਇਕਸ ਇਕਸ ਜੂਨਿ ਵਿਚਿ ਜੀਅ ਜੰਤ ਅਣਗਣਤ ਵਧਾਇਆ।
੪. ਲੇਖੈ ਅੰਦਰਿ ਸਭ ਕੋ ਸਭਨਾ ਮਸਤਕਿ ਲੇਖੁ ਲਿਖਾਇਆ।
੫. ਲੇਖੈ ਸਾਸ ਗਿਰਾਸ ਦੇ ਲੇਖ ਲਿਖਾਰੀ ਅੰਤੁ ਨ ਪਾਇਆ।
੬. ਆਪਿ ਅਲੇਖੁ ਨ ਅਲਖੁ ਲਖਾਇਆ॥ ੪॥

ਪਦ ਅਰਥ - ਪਰਵਾਣੁ=ਪ੍ਰਮਾਣੀਕ। ਮਸਤਕਿ=ਮੱਥੇ 'ਤੇ। ਸਾਸ ਗਿਰਾਸ=ਸੁਆਸ ਤੇ ਅਹਾਰ। ਲਿਖਾਰੀ=ਲਿਖਣ ਵਾਲਾ।

ਅਰਥ - ੧. (ਪਰਮੇਸ਼ਰ ਨੇ) ਪੰਜਾਂ ਤੱਤਾਂ ਨੂੰ ਪ੍ਰਮਾਣੀਕਤਾ ਦੇ ਕੇ (ਉਨ੍ਹਾਂ ਰਾਹੀਂ) ਚਾਰ ਖਾਣੀਆਂ (ਅੰਡਜ, ਜੇਰਜ, ਸੇਤਜ ਤੇ ਉਤਭੁਜ) ਦੁਆਰਾ ਜਗਤ ਨੂੰ ਪੈਦਾ ਕੀਤਾ ਹੈ। ੨. ਲੱਖ ਚੁਰਾਸੀ ਜੂਨਾਂ ਬਣਾ ਕੇ, ਉਨ੍ਹਾਂ ਜੂਨਾਂ ਲਈ ਫਿਰ ਆਵਾਗਵਣ (ਜੰਮਣ ਮਰਨ) ਦਾ ਕੌਤਕ ਵਰਤਾ ਦਿੱਤਾ। ੩. ਇਕੱਲੀ ਇਕੱਲੀ ਜੂਨ ਵਿਚ ਅਣਗਿਣਤ ਜੀਵਾਂ ਤੇ ਜੰਤੂਆਂ ਨੂੰ ਵਧਾ ਦਿੱਤਾ। (ਜਿਨ੍ਹਾਂ ਦੀ ਗਿਣਤੀ ਨਹੀਂ ਹੋ ਸਕਦੀ)। ੪. ਇਸ ਸਭ ਕੁਝ ਦਾ ਲੇਖਾ ਤੇ ਹਿਸਾਬ ਕਾਇਮ ਕਰ ਦਿੱਤਾ ਹੈ ਤੇ ਇਸ ਹਿਸਾਬ ਨੂੰ ਹਰ ਇਕ ਦੇ ਮੱਥੇ 'ਤੇ ਲਿਖ ਦਿੱਤਾ। ੫. ਲੇਖੇ ਦੇ ਸੁਆਸ, ਗਿਰਾਸ (ਗਰਾਹੀਆਂ) ਹਨ ਤੇ ਏਡਾ ਵੱਡਾ ਲੇਖਾ ਹੈ (ਕਿ ਕਿਸੇ ਵੀ) ਲਿਖਾਰੀ ਨੇ ਇਸ ਲੇਖੇ (ਪ੍ਰਭੂ ਦੇ ਹਿਸਾਬ) ਦਾ ਅੰਤ ਨਹੀਂ ਪਾਇਆ। ੬. (ਪਰਮੇਸ਼ਰ) ਆਪ ਅਲੇਖ (ਲੇਖੇ ਰਹਿਤ) ਹੈ ਤੇ ਨਾ ਹੀ ਉਸ ਅਲਖ (ਨਾ ਜਾਣੇ ਜਾ ਸਕਣ ਵਾਲੇ ਪ੍ਰਭੂ ਨੂੰ ਅੱਜ ਤਕ ਕਿਸੇ ਨੇ) ਜਾਣਿਆਂ ਹੀ ਹੈ॥ ੪॥

੫. ਸਾਰੀ ਕੁਦਰਤ ਪ੍ਰਭੂ ਦੇ ਭੈ ਵਿਚ ਹੈ

੧. ਭੈ ਵਿਚਿ ਧਰਤਿ ਅਗਾਸੁ ਹੈ ਨਿਰਾਧਾਰ ਭੈ ਭਾਰਿ ਧਰਾਇਆ।
੨. ਪਉਣੁ ਪਾਣੀ ਬੈਸੰਤਰੋ ਭੈ ਵਿਚਿ ਰਖੈ ਮੇਲਿ ਮਿਲਾਇਆ।
੩. ਪਾਣੀ ਅੰਦਰਿ ਧਰਤਿ ਧਰਿ ਵਿਣੁ ਥੰਮ੍ਾ ਆਗਾਸੁ ਰਹਾਇਆ।
੪. ਕਾਠੈ ਅੰਦਰਿ ਅਗਨਿ ਧਰਿ ਕਰਿ ਪਰਫੁਲਿਤ ਸੁਫਲੁ ਫਲਾਇਆ।
੫. ਨਵੀ ਦੁਆਰੀ ਪਵਣੁ ਧਰਿ ਭੈ ਵਿਚਿ ਸੂਰਜੁ ਚੰਦ ਚਲਾਇਆ।
੬. ਨਿਰਭਉ ਆਪਿ ਨਿਰੰਜਨੁ ਰਾਇਆ॥ ੫॥

ਪਦ ਅਰਥ - ਨਿਰਾਧਾਰ=ਆਸਰੇ ਬਗੈਰ। ਅਗਾਸੁ=ਆਕਾਸ਼। ਕਾਠੈ=ਲੱਕੜੀ। ਨਵੀ ਦੁਆਰੀ=ਨੌਂ ਰਸਤੇ : ਅੱਖਾਂ, ਨਾਸਾਂ ਤੇ ਕੰਨ ਆਦਿ। ਨਿਰਭਉ=ਡਰ ਰਹਿਤ।

ਅਰਥ - ੧. ਧਰਤੀ ਤੇ ਆਕਾਸ਼ (ਪ੍ਰਭੂ ਦੇ) ਭੈ ਵਿਚ ਹਨ, (ਜਿਨ੍ਹਾਂ ਨੂੰ ਪ੍ਰਭੂ ਨੇ ਆਪਣੇ) ਭੈ ਵਿਚ ਨਿਰਆਸਰੇ ਰੱਖ ਕੇ ਟਿਕਾਇਆ ਹੋਇਆ ਹੈ। ੨. ਪਉਣ, ਪਾਣੀ ਤੇ ਅਗਨੀ ਆਦਿ ਸਾਰੇ ਹੀ ਤੱਤ ਡਰ ਵਿਚ ਰੱਖ ਕੇ ਉਨ੍ਹਾਂ ਨੂੰ ਇੱਕ ਦੂਜੇ ਨਾਲ ਮੇਲ ਦਿੱਤਾ ਹੋਇਆ ਹੈ। ੩. ਆਕਾਸ਼ ਨੂੰ ਥੰਮ੍ਹਾਂ ਦੇ ਬਿਨਾਂ ਹੀ ਖੜਾ ਕਰ ਰੱਖਿਆ ਹੈ ਤੇ ਧਰਤੀ ਨੂੰ ਪਾਣੀ ਦੇ ਵਿਚ ਟਿਕਾਇਆ ਹੋਇਆ ਹੈ। ੪. ਲੱਕੜਾਂ ਵਿਚ ਅੱਗ ਬੰਨ੍ਹ ਰੱਖੀ ਹੈ, (ਪਰ ਫੇਰ ਵੀ ਪਾਣੀ ਨਾਲ) ਬ੍ਰਿਛਾਂ ਨੂੰ ਫਲ ਫੁੱਲਾਂ ਵਾਲੇ ਬਣਾਉਂਦਾ ਹੈ, (ਭਾਵ ਅੱਗ ਤੇ ਪਾਣੀ ਆਪਣੇ ਸੁਭਾਵਾਂ ਦੇ ਉਲਟ, ਉਸ ਦੇ ਰੱਖੇ ਹੋਏ ਰਹਿੰਦੇ ਹਨ, ਇੱਕ ਦੂਜੇ ਨਾਲ ਟਕਰਾਉਂਦੇ ਨਹੀਂ)। ੫. ਨੌਂ (ਮਨੁਖੀ) ਦੁਆਰਿਆਂ ਵਿਚ ਪੌਣ ਟਿਕਾ ਰੱਖੀ ਹੈ ਤੇ ਭੈ ਵਿਚ ਹੀ ਸੂਰਜ ਤੇ ਚੰਦਰਮਾਂ ਨੂੰ (ਲੰਮਾਂ ਸਫਰ) ਚੱਲਣਾ ਪੈਂਦਾ ਹੈ। ੬. ਕੇਵਲ ਭਉ (ਡਰ) ਤੋਂ ਬਿਨਾਂ ਜੇ ਕੋਈ ਹੈ, ਤਾਂ ਉਹ ਆਪ ਪ੍ਰਭੂ ਨਿਰੰਕਾਰ (ਮਾਇਆ ਤੋਂ ਅਲੇਪ) ਸਰਬ ਸ਼ਕਤੀਮਾਨ ਰਾਇਆ ਹੀ ਹੈ॥ ੫॥

੬. ਪ੍ਰਭੂ ਵੱਡੇ ਤੋਂ ਵੱਡਾ ਹੈ ਤੇ ਵਿਆਪਕ ਹੈ

੧. ਲਖ ਅਸਮਾਨ ਉਚਾਣਿ ਚੜ੍ਹਿ ਉਚਾ ਹੋਇ ਨ ਅੰਬੜਿ ਸਕੈ।
੨. ਊਚੀ ਹੂੰ ਊਚਾ ਘਣਾ ਥਾਉ ਗਿਰਾਉ ਨ ਨਾਉ ਅਥਕੈ।
੩. ਲਖ ਪਤਾਲ ਨੀਵਾਣਿ ਜਾਇ ਨੀਵਾ ਹੋਇ ਨ ਨੀਵੈ ਤਕੈ।
੪. ਪੂਰਬਿ ਪਛਮਿ ਉਤਰਾਧਿ ਦਖਣਿ ਫੇਰਿ ਚਉਫੇਰਿ ਨ ਢਕੈ।
੫. ਓੜਕ ਮੂਲੁ ਨ ਲਭਈ ਓਪਤਿ ਪਰਲਉ ਅਖਿ ਫਰਕੈ।
੬. ਫੁਲਾਂ ਅੰਦਰਿ ਵਾਸੁ ਮਹਕੈ॥ ੬॥

ਪਦ ਅਰਥ - ਊਚਾਣਿ=ਉਚਾਈ। ਅੰਬੜਿ=ਪਹੁੰਚਣਾ। ਅਥਕੈ=ਥਕਾਵਟ ਰਹਿਤ। ਨੀਵਾਣਿ=ਡੂੰਘਿਆਈ। ਨ ਨੀਵੈ ਤਕੈ=ਡੂੰਘਾਈ ਨੂੰ ਵੀ ਦੇਖ ਨਹੀਂ ਸਕਦਾ। ਢਕੈ-ਕੱਜਣਾ। ਓਪਤਿ=ਉਤਪੱਤੀ। ਮਹਕੈ=ਮਹਿਕ ਵਾਂਗ ਵਿਆਪਕ।

ਅਰਥ - ੧. ਲੱਖਾਂ ਅਸਮਾਨਾਂ 'ਤੇ ਚੜ੍ਹ ਕੇ ਜੇ ਕੋਈ ਉੱਚਾ ਚੜ੍ਹ ਜਾਏ ਤਾਂ ਫਿਰ ਵੀ ਉਸ ਦੀ ਉਚਾਈ ਨੂੰ ਨਹੀਂ ਜਾਣ ਸਕਦਾ। ੨. (ਕਿਉਂਕਿ) ਉੱਚੇ ਤੋਂ ਉੱਚਾ ਜੋ ਵੀ ਥਾਉਂ ਜਾਂ ਗਿਰਾਉਂ (ਟਿਕਾਣਾ) ਹੈ, ਉਹ ਸਭ ਉਸ ਪ੍ਰਭੂ ਦੀ ਵਿਆਪਕਤਾ ਵਿਚ ਹਨ, (ਤੇ ਉਹ ਐਸਾ) ਅਥੱਕ ਹੈ (ਕਿ ਉਸ ਨੂੰ ਡੂੰਘੀ ਤੋਂ ਡੂੰਘੀ, ਤੇ ਉੱਚੀ ਤੋਂ ਉੱਚੀ ਥਾਂ 'ਤੇ ਪਹੁੰਚਣ ਵਿਚ ਥਕਾਵਟ ਨਹੀਂ ਹੁੰਦੀ, ਭਾਵ ਉਹ ਸਭ ਥਾਂ ਹੀ ਹਾਜ਼ਰ ਨਾਜ਼ਰ ਹੈ)। ੩. ਲੱਖਾਂ ਪਾਤਾਲਾਂ ਵਿਚ ਡੂੰਘੇ ਚਲੇ ਜਾਓ, ਪਰ ਉਸ (ਪ੍ਰਭੂ) ਦੀ ਡੂੰਘਿਆਈ ਨੂੰ ਨਹੀਂ ਪੁੱਜ ਸਕਦੇ। ੪. ਉਹ ਪ੍ਰਭੂ ਪੂਰਬ, ਪੱਛਮ, ਉੱਤਰ ਤੇ ਦੱਖਣ ਵਿਚ ਫਿਰਦਾ ਹੈ, ਤੇ ਚਉਫੇਰਿਓਂ ਕੋਈ ਚੀਜ਼ ਉਸ ਨੂੰ ਢੱਕ (ਕੱਜ) ਜਾਂ ਰੋਕ ਨਹੀਂ ਸਕਦੀ। ੫. (ਇਸ ਲਈ ਉਸਦਾ) ਅੰਤ ਕਿਸ ਤਰ੍ਹਾਂ ਵੀ ਨਹੀਂ ਲੱਭ ਸਕਦਾ ਜਿਸ ਵਿਚ ਅੱਖ ਦੇ ਫਰਕਣ ਜਿੰਨੇ ਸਮੇਂ ਵਿਚ ਸਾਰੀ ਸ੍ਰਿਸ਼ਟੀ ਨੂੰ ਉਤਪੰਨ ਕਰ ਦੇਣ ਦੀ ਸ਼ਕਤੀ ਹੈ। ੬. (ਐਸਾ ਵਿਸ਼ਾਲ ਸ਼ਕਤੀ ਵਾਲਾ ਪ੍ਰਭੂ) ਫੁੱਲਾਂ ਦੀ ਮਹਿਕ ਵਾਂਗ ਸਾਰੀ ਰਚਨਾ ਵਿਚ ਵਿਆਪਕ ਹੈ॥੬॥

੭. ਕੁਦਰਤ ਦੇ ਭੇਦ ਨੂੰ ਕਾਦਰ ਹੀ ਜਾਣਦਾ ਹੈ

੧. ਓਅੰਕਾਰਿ ਅਕਾਰੁ ਕਰਿ ਥਿਤਿ ਵਾਰੁ ਨ ਮਾਹੁ ਜਣਾਇਆ।
੨. ਨਿਰੰਕਾਰੁ ਆਕਾਰੁ ਵਿਣੁ ਏਕੰਕਾਰ ਨ ਅਲਖੁ ਲਖਾਇਆ।
੩. ਆਪੇ ਆਪਿ ਉਪਾਇ ਕੈ ਆਪੇ ਅਪਣਾ ਨਾਉ ਧਰਾਇਆ।
੪. ਆਦਿ ਪੁਰਖੁ ਆਦੇਸੁ ਹੈ ਹੈ ਭੀ ਹੋਸੀ ਹੋਂਦਾ ਆਇਆ।
੫. ਆਦਿ ਨ ਅੰਤੁ ਬਿਅੰਤੁ ਹੈ ਆਪੇ ਆਪਿ ਨ ਆਪੁ ਗਣਾਇਆ।
੬. ਆਪੇ ਆਪੁ ਉਪਾਇ ਸਮਾਇਆ॥੭॥

ਪਦ ਅਰਥ - ਮਾਹੁ=ਮਹੀਨਾ। ਆਕਾਰੁ=ਸਰੂਪ। ਆਦੇਸੁ=ਨਮਸਕਾਰ। ਨ ਆਪੁ ਗਣਾਇਆ= ਆਪਣਾ ਆਪ ਨਹੀਂ ਜਤਾਉਂਦਾ। ਸਮਾਇਆ=ਲੀਨ ਹੋ ਜਾਂਦਾ ਹੈ।

ਅਰਥ - ੧. (ਜਦੋਂ) ਓਅੰਕਾਰ (ਪਰਮੇਸ਼ਵਰ) ਨੇ ਆਕਾਰ (ਕੁਦਰਤ ਦੀ ਰਚਨਾ) ਕੀਤੀ, ਤਾਂ ਉਸ ਸਮੇਂ ਨਾ ਕੋਈ ਥਿੱਤ ਵਾਰ, ਨਾ ਮਹੀਨਾ ਸੀ (ਭਾਵ ਪਹਿਲੇ ਤਾਂ ਸੁੰਨ, ਚੁੱਪ ਚਾਪ ਤੇ ਸ਼ਾਂਤੀ, ਕੋਈ ਚੀਜ਼ ਵੀ ਪਹਿਲੇ ਨਹੀਂ ਸੀ)। ੨. ਪਰਮੇਸ਼ਰ (ਨਿਰੰਕਾਰ) ਆਕਾਰ ਤੋਂ ਬਿਨਾਂ (ਕੇਵਲ) ਜੋਤੀ ਸਰੂਪ ਹੀ ਸੀ। ਉਸ ਓਅੰਕਾਰ (ਪਸਾਰਾ ਕਰਨ ਵਾਲੇ ਪ੍ਰਭੂ ਨੇ) ਆਪਣਾ ਭੇਦ ਕਿਸੇ ਨੂੰ ਵੀ ਨਹੀਂ ਜਤਾਇਆ। ੩. ਆਪੇ ਤੋਂ ਆਪਣਾ ਆਪ ਪੈਦਾ ਕਰਕੇ ਆਪੇ ਹੀ ਆਪਣਾ ਨਾਉਂ ਜੀਵਾਂ ਦੇ ਮੁਕਤ ਹੋਣ ਲਈ (ਪਰਮੇਸ਼ਰ ਪਰਮ-ਆਤਮਾ) ਧਰਾਇਆ ਸੀ (ਨਾਮ ਨੂੰ ਮੁਕਤੀ ਦਾ ਸਾਧਨ ਬਣਾ ਦਿੱਤਾ)। ੪. (ਐਸੇ) ਆਦਿ ਪੁਰਖ (ਪਰਮੇਸ਼ਰ) ਨੂੰ ਨਮਸਕਾਰ ਹੈ, (ਜਿਹੜਾ) ਹੁਣ ਹੈ, ਹੈ ਭੀ ਸੀ, ਤੇ ਅੱਗੇ ਵੀ ਮੁੱਢ ਤੋਂ ਹੀ ਹੁੰਦਾ ਆਇਆ ਹੈ।

੫. ਉਸ ਦਾ ਨਾ ਕੋਈ ਆਦਿ ਹੈ ਤੇ ਨਾ ਅੰਤ ਹੈ ਭਾਵ ਬੇਅੰਤ ਹੈ। ਉਹ ਸਭ ਕੁਝ ਆਪੇ ਹੀ ਆਪ ਹੈ, ਪਰ ਆਪਣਾ ਆਪ ਕਿਸੇ ਨੂੰ ਜਤਾਉਂਦਾ ਨਹੀਂ ਹੈ। ੬. ਉਹ (ਸ੍ਰਿਸ਼ਟੀ ਨੂੰ) ਆਪੇ ਤੋਂ ਹੀ ਰਚਦਾ ਹੈ ਤੇ ਫਿਰ ਆਪਣੇ ਵਿਚ ਹੀ ਲੀਨ ਕਰ ਲੈਂਦਾ ਹੈ॥ ੭॥

੮. ਪਰਮੇਸ਼ਰ ਆਪਣੀ ਰਚਨਾ ਤੋਂ ਵੀ ਅਗੰਮ ਤੇ ਅਗੋਚਰ ਹੈ

੧. ਰੋਮ ਰੋਮ ਵਿਚਿ ਰਖਿਓਨੁ ਕਰਿ ਵਰਭੰਡ ਕਰੋੜਿ ਸਮਾਈ।
੨. ਕੇਵਡੁ ਵਡਾ ਆਖੀਐ ਕਿਤੁ ਘਰਿ ਵਸੈ ਕੇਵਡੁ ਜਾਈ।
੩. ਇਕੁ ਕਵਾਉ ਅਮਾਉ ਹੈ ਲਖ ਦਰੀਆਉ ਨ ਕੀਮਤਿ ਪਾਈ।
੪. ਪਰਵਦਗਾਰੁ ਅਪਾਰੁ ਹੈ ਪਾਰਾਵਾਰੁ ਨ ਅਲਖੁ ਲਖਾਈ।
੫. ਏਵਡੁ ਵਡਾ ਹੋਇ ਕੈ ਕਿਥੈ ਰਹਿਆ ਆਪੁ ਲੁਕਾਈ।
੬. ਸੁਰ ਨਰ ਨਾਥ ਰਹੇ ਲਿਵ ਲਾਈ॥ ੮॥

ਪਦ ਅਰਥ - ਵਰਭੰਡ=ਬ੍ਰਹਿਮੰਡ। ਸਮਾਈ=ਸਮਾਏ ਹੋਏ, ਰਚੇ ਹੋਏ। ਜਾਈ=ਜਗ੍ਹਾ। ਅਮਾਉ=ਮਿਣਤੀ ਰਹਿਤ। ਪਰਵਦਗਾਰੁ=ਸਭ ਦੇ ਪਾਲਣ ਵਾਲਾ।

ਅਰਥ - ੧. ਇੱਕ ਇੱਕ ਰੋਮ ਵਿਚ (ਪਰਮੇਸ਼ਰ ਨੇ) ਕਰੋੜਾਂ ਹੀ ਬ੍ਰਹਮੰਡਾਂ (ਸ੍ਰਿਸ਼ਟੀਆਂ) ਨੂੰ ਰਚ ਕੇ ਸਮਾ ਰੱਖਿਆ ਹੈ। ੨. (ਇਸ ਲਈ ਐਸੇ ਪਰਮੇਸ਼ਰ ਨੂੰ) ਕਿਤਨਾ ਕੁ ਵੱਡਾ ਕਹੀਏ, ਤੇ ਕਿਤਨੇ ਵੱਡੇ ਘਰ ਵਿਚ ਉਹ ਰਹਿੰਦਾ ਹੋਵੇਗਾ ਤੇ ਉਹ ਕਿੱਡੀ ਕੁ ਥਾਂ ਹੋਵੇਗੀ ? ੩. ਜਿਸ ਦੇ ਇੱਕ ਵਾਕ ਹੁੰਦੇ ਹੀ ਮਿਣਤੀ (ਗਿਣਤੀ) ਰਹਿਤ ਏਡਾ ਵੱਡਾ ਪਸਾਰਾ ਪਸਰ ਗਿਆ ਕਿ ਲੱਖਾਂ ਹੀ (ਧਰਤੀਆਂ ਤੇ) ਦਰਿਆ ਵਗ ਤੁਰੇ, ਜਿਨ੍ਹਾਂ ਦਾ ਅੰਤ (ਕੀਮਤ) ਨਹੀਂ ਆਉਂਦਾ। ੪. ਫਿਰ ਉਹ ਪਰਵਦਗਾਰ (ਪਰਮੇਸ਼ਰ) ਸਭ ਦੀ ਪਾਲਣਾ ਕਰਨ ਵਾਲਾ ਅਪਾਰ (ਸਮਰੱਥਾ ਵਾਲਾ) ਹੈ, ਜਿਸ ਦਾ ਉਰਾਰ ਪਾਰ ਨਹੀਂ ਪੈਂਦਾ, ਨਾ (ਉਸ) ਅਲਖ (ਪ੍ਰਭੂ) ਦੀ ਲਖਤਾ ਹੀ ਹੋ ਸਕਦੀ ਹੈ। ੫. ਏਡਾ ਵੱਡਾ ਹੋ ਕੇ, ਉਹ ਫਿਰ ਆਪਣੇ ਆਪ ਨੂੰ ਲੁਕਾ ਕੇ ਕਿਸ ਥਾਂ 'ਤੇ ਬੈਠਾ ਹੈ। ੬. ਸਭ ਦੇਵਤੇ, ਨਰ (ਭਗਤ), ਨਾਥ (ਜੋਗੀ) ਲੋਕ ਸਮਾਧੀਆਂ ਲਾ ਲਾ ਹਾਰ ਗਏ ਹਨ, (ਪਰ ਉਸ ਦਾ ਅੰਤ ਨਹੀਂ ਪਾ ਸਕੇ)॥ ੮॥

੯. ਪਰਮੇਸ਼ਰ ਆਪਣੇ ਕੀਤੇ ਕੰਮਾਂ ਤੋਂ ਵੀ ਅਗੰਮ ਹੈ

੧. ਲਖ ਦਰੀਆਉ ਕਵਾਉ ਵਿਚਿ ਅਤਿ ਅਸਗਾਹ ਅਥਾਹ ਵਹੰਦੇ।
੨. ਆਦਿ ਨ ਅੰਤੁ ਬਿਅੰਤੁ ਹੈ ਅਗਮ ਅਗੋਚਰ ਫੇਰ ਫਿਰੰਦੇ।
੩. ਅਲਖੁ ਅਪਾਰੁ ਵਖਾਣੀਐ ਪਾਰਾਵਾਰੁ ਨ ਪਾਰ ਲਹੰਦੇ।

੪. ਲਹਰਿ ਤਰੰਗ ਨਿਸੰਗ ਲਖ ਸਾਗਰ ਸੰਗਮ ਰੰਗ ਰਵੰਦੇ।
੫. ਰਤਨ ਪਦਾਰਥ ਲਖ ਲਖ ਮੁਲਿ ਅਮੁਲਿ ਨ ਤੁਲਿ ਤੁਲੰਦੇ।
੬. ਸਦਕੇ ਸਿਰਜਣਹਾਰਿ ਸਿਰੰਦੇ ॥ ੯ ॥

ਪਦ ਅਰਥ - ਕਵਾਉ=ਵਾਕ। ਅਸਗਾਹ=ਜੋ ਗਾਹਿਆ ਨਾ ਜਾਏ। ਲਹਰਿ=ਪਾਣੀ ਦੀ ਛੱਲ। ਤਰੰਗ=ਪਾਣੀ ਵਿਚ ਬੁਲਬੁਲਾ। ਰੰਗ ਰਵੰਦੇ=ਇੱਕ ਰੂਪ ਹੋ ਜਾਂਦੇ। ਸਿਰੰਦੇ=ਸਿਰਜਣਹਾਰ।

ਅਰਥ - ੧. ਓਸ (ਪ੍ਰਭੂ) ਦੇ ਇੱਕ ਬੋਲ (ਰੂਪ ਸਰੀਰ) ਵਿਚ, ਅਤਿ ਅਸਗਾਹ (ਡੂੰਘੇ) ਤੇ ਅਥਾਹ (ਦਰਿਆ) ਵਹਿ ਰਹੇ ਹਨ। ੨. (ਉਹ, ਜਿਸਦਾ) ਨਾ ਆਦਿ ਹੈ, ਨਾ ਅੰਤ, ਤੇ ਬੇਅੰਤ ਹੈ, ਅਗੰਮ ਅਗੋਚਰ ਫੇਰਾਂ (ਗਿਣਤੀ ਵਿਚ ਨਾ ਆਉਣ ਵਾਲੇ) ਨੂੰ ਫਿਰ ਰਹੇ ਹਨ। (ਭਾਵ ਬ੍ਰਹਮਾ ਤੇ ਵਿਸ਼ਨੂੰ ਵਰਗੇ ਦੇਵਤੇ ਵੀ ਪ੍ਰਭੂ ਦੀ ਰਚਨਾ ਰੂਪੀ ਦੇਹ (ਸ੍ਰਿਸ਼ਟੀ ਵਿਚ) ਘੁੰਮਣ ਘੇਰੇ ਖਾਂਦੇ ਫਿਰਦੇ ਹਨ, ਅੰਤ ਨਹੀਂ ਪਾ ਸਕਦੇ)। ੩. (ਉਹ ਪ੍ਰਭੂ) ਅਲਖ ਤੇ ਅਪਾਰ ਕਿਹਾ ਜਾਂਦਾ ਹੈ, ਉਸ ਦਾ ਪਾਰਾਵਾਰ ਨਹੀਂ ਪੈ ਸਕਦਾ, (ਅੰਤ) ਨਹੀਂ ਲੱਭ ਸਕਦਾ। ੪. ਉਸ ਦੀ ਸ੍ਰਿਸ਼ਟੀ ਰੂਪ ਸਮੁੰਦਰ ਵਿਚ ਲੱਖਾਂ ਲਹਿਰਾਂ ਤੇ ਤਰੰਗ ਨਿਸੰਗ ਉੱਠ ਰਹੇ ਹਨ, ਜੋ ਸਮੁੰਦਰਾਂ ਦੇ ਮੇਲ ਦਾ ਰੰਗ ਪੈਦਾ ਕਰਦੇ, ਤੇ ਉਸੇ ਰੰਗ ਵਿਚ ਰੰਗੀਜੇ ਜਾ ਰਹੇ ਹਨ। ੫. ਲੱਖਾਂ ਹੀ ਰਤਨ ਤੇ ਰਤਨਾਂ ਵਰਗੇ ਪਦਾਰਥ ਹਨ, ਜਿਨ੍ਹਾਂ ਦੇ ਮੁੱਲ ਜਾਣੇ ਨਹੀਂ ਜਾ ਸਕਦੇ, ਜੋ ਅਮੁਲ ਹਨ ਤੇ ਕੀਮਤ ਦੇ ਤੋਲ ਨਾਲ ਤੋਲੇ ਨਹੀਂ ਜਾ ਸਕਦੇ। ੬. ਮੈਂ ਸਦਕੇ ਹਾਂ, ਬਲਿਹਾਰ ਹਾਂ ਐਸੇ ਸਿਰਜਣਹਾਰ (ਕਰਤੇ) ਦੇ॥ ੯॥

੧੦. ਪਰਮੇਸ਼ਰ ਪੂਰਨ ਤੇ ਨਿਰਲੇਪ ਹੈ

੧. ਪਰਵਦਗਾਰੁ ਸਲਾਹੀਐ ਸਿਰਠਿ ਉਪਾਈ ਰੰਗ ਬਿਰੰਗੀ।
੨. ਰਾਜਿਕੁ ਰਿਜਕੁ ਸਬਾਹਿਦਾ ਸਭਨਾ ਦਾਤਿ ਕਰੇ ਅਣਮੰਗੀ।
੩. ਕਿਸੈ ਜਿਵੇਹਾ ਨਾਹਿ ਕੋ ਦੁਬਿਧਾ ਅੰਦਰਿ ਮੰਦੀ ਚੰਗੀ।
੪. ਪਾਰਬ੍ਰਹਮੁ ਨਿਰਲੇਪੁ ਹੈ ਪੂਰਨੁ ਬ੍ਰਹਮੁ ਸਦਾ ਸਹਲੰਗੀ।
੫. ਵਰਨਾਂ ਚਿਹਨਾਂ ਬਾਹਰਾ ਸਭਨਾ ਅੰਦਰਿ ਹੈ ਸਰਬੰਗੀ।
੬. ਪਉਣੁ ਪਾਣੀ ਬੈਸੰਤਰੁ ਸੰਗੀ ॥ ੧੦ ॥

ਪਦ ਅਰਥ - ਪਰਵਦਗਾਰੁ=ਪਾਲਕ। ਸਬਾਹਿਦਾ=ਪਹੁੰਚਾਂਦਾ ਹੈ। ਰਾਜਿਕੁ=ਰਿਜ਼ਕ ਦੇਣ ਵਾਲਾ। ਸਹਲੰਗੀ=ਮੇਲੀ। ਸਰਬੰਗੀ=ਸਭ ਨਾਲ ਮਿਲਿਆ ਹੋਇਆ। ਸੰਗੀ=ਸਾਥੀ।

ਅਰਥ - ੧. ਪ੍ਰਿਤਪਾਲਣਾ ਕਰਨ ਵਾਲੇ ਨੂੰ ਹੀ ਸਲਾਹੀਏ, ਜਿਸ ਨੇ ਰੰਗਾਂ ਰੰਗ ਦੀ ਸ੍ਰਿਸ਼ਟੀ ਪੈਦਾ ਕੀਤੀ ਹੈ। ੨. ਉਹ ਰਿਜ਼ਕ ਦਾ ਮਾਲਕ (ਰਾਜ਼ਕ) ਸਭ ਨੂੰ ਰਿਜ਼ਕ (ਰੋਜ਼ੀ) ਦੇਂਦਾ ਹੈ, ਤੇ ਸਭਨਾਂ ਨੂੰ ਅਣਮੰਗੀਆਂ ਦਾਤਾਂ ਦੇਂਦਾ ਹੈ। ੩. ਇਕ ਦੂਜੇ ਨਾਲ ਕਿਸੇ ਦਾ ਰੰਗ ਰੂਪ (ਮੁਹਾਂਦਰਾ) ਨਹੀਂ ਮਿਲਦਾ, (ਭਾਵ ਕਿਸੇ

ਵਰਗਾ ਦੂਜਾ ਨਹੀਂ, ਜਿਵੇਂ) ਦੁਬਿਧਾ ਵਿਚ ਪੈ ਕੇ (ਭਰਮ ਕੇ) ਕੋਈ ਚੰਗਾ (ਦੈਵੀ ਗੁਣਾਂ ਵਾਲਾ) ਤੇ ਕੋਈ ਮੰਦਾ (ਅਸੁਰੀ ਔਗੁਣਾਂ ਵਾਲਾ) ਹੈ। ੪. ਪਰ ਪਰਮੇਸ਼ਰ ਇਸ ਸਭ ਕੁਝ ਤੋਂ ਨਿਰਲੇਪ ਹੈ, ਪਰ ਸਭ ਦੇ ਨਾਲ ਤੇ ਸਰਬ ਵਿਚ ਮਿਲਿਆ ਹੋਇਆ (ਵਿਆਪਕ) ਹੈ। ੫. ਵਰਣਾਂ ਚਿਹਨਾਂ ਦੀ ਪਕੜ ਤੋਂ (ਪਰਮੇਸ਼ਰ) ਬਾਹਰ ਹੈ, ਪਰ ਪਾਣੀ ਵਿਚ ਪਾਣੀ ਦੇ ਮਿਲਣ ਵਾਂਗ ਸਭ ਨਾਲ ਮਿਲਿਆ ਹੋਇਆ ਵੀ ਹੈ। ੬. (ਏਥੋਂ ਤਕ ਕਿ) ਪੌਣ, ਪਾਣੀ ਤੇ ਅਗਨੀ ਵਿਚ ਵੀ ਉਹ ਸਭ ਦਾ ਸਾਥੀ ਹੈ। (ਭਾਵ ਪੰਜਾਂ ਤੱਤਾਂ ਵਿਚ ਵੀ ਵਿਆਪਕ ਹੈ)॥ ੧੦॥

੧੧. ਮਾਇਆ ਪ੍ਰਭੂ ਦੀ ਰਚਨਾ ਹੈ

੧. ਓਅੰਕਾਰਿ ਆਕਾਰੁ ਕਰਿ ਮਖੀ ਇਕ ਉਪਾਈ ਮਾਇਆ।
੨. ਤਿਨਿ ਲੋਅ ਚਉਦਹ ਭਵਣੁ ਜਲ ਥਲੁ ਮਹੀਅਲੁ ਛਲੁ ਕਰਿ ਛਾਇਆ।
੩. ਬ੍ਰਹਮਾ ਬਿਸਨ ਮਹੇਸੁ ਤ੍ਰੈ ਦਸ ਅਵਤਾਰ ਬਜਾਰਿ ਨਚਾਇਆ।
੪. ਜਤੀ ਸਤੀ ਸੰਤੋਖੀਆ ਸਿਧ ਨਾਥ ਬਹੁ ਪੰਥ ਭਵਾਇਆ।
੫. ਕਾਮ ਕਰੋਧ ਵਿਰੋਧ ਵਿਚਿ ਲੋਭ ਮੋਹੁ ਕਰਿ ਧ੍ਰੋਹੁ ਲੜਾਇਆ।
੬. ਹਉਮੈ ਅੰਦਰਿ ਸਭੁ ਕੋ ਸੇਰਹੁ ਘਟਿ ਨ ਕਿਨੈ ਅਖਾਇਆ।
੭. ਕਾਰਣੁ ਕਰਤੇ ਆਪੁ ਲੁਕਾਇਆ॥ ੧੧॥

ਪਦ ਅਰਥ - ਆਕਾਰੁ=ਸਰੂਪ। ਮਖੀ=ਮਖਿਕਾ, ਚਮਕ ਦਮਕ ਵਾਲੀ। ਧ੍ਰੋਹੁ=ਛਲ, ਫਰੇਬ। ਸੇਰਹੁ=ਪੂਰੇ ਸੇਰ ਤੋਂ। ਕਾਰਣੁ=ਭੇਦ।

ਅਰਥ - ੧. ਓਅੰਕਾਰ (ਪਰਮੇਸ਼ਰ) ਨੇ ਸ੍ਰਿਸ਼ਟੀ ਦਾ ਆਕਾਰ ਕਾਇਮ ਕਰਕੇ ਫਿਰ ਮੱਖੀ ਰੂਪ (ਹਰ ਇੱਕ ਉਤੇ ਬਹਿਣ ਵਾਲੀ) ਮਾਇਆ ਨੂੰ ਪੈਦਾ ਕੀਤਾ। ੨. ਮੱਖੀ (ਛਲ ਰੂਪ ਤੇ ਨਾ ਟਿਕਣ ਵਾਲੀ) ਮਾਇਆ ਨੇ ਤਿੰਨੇ ਲੋਕ, ਚਉਦਾਹ ਭਵਨ ਜਲ ਥਲ ਤੇ ਧਰਤੀ ਤੇ ਆਕਾਸ਼ ਨੂੰ ਆਪਣੇ ਛਲ ਨਾਲ ਛਲ ਲੀਤਾ ਹੈ। ੩. ਬ੍ਰਹਮਾ, ਵਿਸ਼ਨੂੰ, ਮਹੇਸ਼ (ਤਿੰਨ ਵੱਡੇ ਦੇਵਤੇ) ਤੇ ਦਸ ਅਵਤਾਰਾਂ ਦੇ ਸ੍ਵਾਂਗਾਂ ਨੂੰ ਬਾਜ਼ਾਰਾਂ ਵਿਚ ਨਚਾ ਦਿੱਤਾ। ੪. ਜਤੀ, ਸਤੀ ਸੰਤੋਖੀਆਂ, ਸਿੱਧਾਂ ਤੇ ਨਾਥਾਂ ਨੂੰ ਬਹੁਤੇ ਰਾਹਾਂ ਵਿਚ ਭਰਮਾ ਦਿੱਤਾ ਹੈ। ੫. ਕਾਮ, ਕ੍ਰੋਧ ਵਿਚ ਪੈ ਵਿਰੋਧੀ ਹੋ ਕੇ, ਲੋਭ ਮੋਹ ਦੇ ਧ੍ਰੋਹ (ਧੋਖੇ) ਵਿਚ (ਮਾਇਆ ਨੇ) ਸਾਰੇ ਹੀ ਲੜਾ ਦਿੱਤੇ ਹਨ। ੬. (ਹਉਮੈ ਤੇ ਹੰਕਾਰ ਦੇ ਨਸ਼ੇ ਵਿਚ ਸਾਰੇ ਹੀ ਨਸ਼ੱਈ ਹੋ ਗਏ ਹਨ! ਕੋਈ ਵੀ ਆਪਣੇ ਆਪ ਨੂੰ ਊਣਾ (ਪੂਰੇ ਸੇਰ ਤੋਂ) ਜਾਂ ਘੱਟ ਨਹੀਂ ਅਖਵਾਉਂਦਾ। ੭. ਪਰ ਇਹ ਕੋਈ ਵੀ ਨਹੀਂ ਜਾਣਦਾ ਕਿ ਇਸ ਸਾਰੇ ਝਗੜੇ ਦੇ ਮੂਲ ਕਾਰਣ ਨੂੰ ਕਰਤੇ ਨੇ ਆਪ ਲੁਕਾਇਆ, ਭਾਵ ਆਪਣੇ ਹੱਥ ਵਿਚ ਰੱਖਿਆ ਹੋਇਆ ਹੈ॥ ੧੧॥

੧੨. ਪ੍ਰਭੂ ਦਾ ਹੁਕਮ ਵੱਡਾ ਤੇ ਮਹਾਨ ਹੈ

੧. ਪਾਤਿਸਾਹਾਂ ਪਾਤਿਸਾਹੁ ਹੈ ਅਬਚਲੁ ਰਾਜੁ ਵਡੀ ਪਾਤਿਸਾਹੀ।
੨. ਕੇਵਡੁ ਤਖਤੁ ਵਖਾਣੀਐ ਕੇਵਡੁ ਮਹਲੁ ਕੇਵਡੁ ਦਰਗਾਹੀ।
੩. ਕੇਵਡੁ ਸਿਫਤਿ ਸਲਾਹੀਐ ਕੇਵਡੁ ਮਾਲੁ ਮੁਲਖੁ ਅਵਗਾਹੀ।
੪. ਕੇਵਡੁ ਮਾਣੁ ਮਹਤੁ ਹੈ ਕੇਵਡੁ ਲਸਕਰ ਸੇਵ ਸਿਪਾਹੀ।
੫. ਹੁਕਮੈ ਅੰਦਰਿ ਸਭ ਕੋ ਕੇਵਡੁ ਹੁਕਮੁ ਨ ਬੇਪਰਵਾਹੀ।
੬. ਹੋਰਸੁ ਪੁਛਿ ਨ ਮਤਾ ਨਿਬਾਹੀ॥ ੧੨॥

ਪਦ ਅਰਥ - ਅਬਚਲੁ=ਅਟਲ। ਦਰਗਾਹੀ=ਦਰਬਾਰ। ਸਿਫਤਿ=ਮਹਿਮਾ। ਅਵਗਾਹੀ=ਬੇਅੰਤ। ਮਾਣੁ ਮਹਤੁ=ਵੱਡਾ ਮਾਣ ਪ੍ਰਤਾਪ। ਲਸਕਰ=ਸੈਨਾ। ਸੇਵ ਸਿਪਾਹੀ=ਸੇਵਕ, ਜੋ ਸਿਪਾਹੀਆਂ ਵਾਂਗ ਤਿਆਰ ਬਰ ਤਿਆਰ ਹੁਕਮੀ ਹਨ। ਬੇਪਰਵਾਹੀ=ਚਿੰਤਾ ਰਹਿਤ, ਬੇਫਿਕਰ।

ਅਰਥ - ੧. (ਪਰਮੇਸ਼ਰ) ਪਾਤਸ਼ਾਹਾਂ ਦਾ ਵੀ ਵੱਡਾ ਪਾਤਸ਼ਾਹ ਹੈ। ਜਿਸ ਦਾ ਰਾਜ ਅਚਲ ਅਤੇ ਵੱਡੀ (ਬੇਓੜਕੀ) ਪਾਤਸ਼ਾਹਤ ਹੈ। ੨. ਉਸ ਦੇ ਰਾਜ-ਸਿੰਘਾਸਣ ਨੂੰ ਕਿੱਡਾ ਕੁ ਕਹਿ ਕੇ ਦੱਸੀਏ। ਕਿੱਡੇ ਕੁ ਉਸ ਦੇ ਰਾਜ-ਮੰਦਰ (ਮਹਲ) ਹਨ ਤੇ ਕਿੱਡਾ ਕੁ ਵੱਡਾ ਦਰਬਾਰ (ਦਰਗਾਹ ਇਨਸਾਫ ਕਰਨ ਵਾਲੀ) ਹੈ। ੩. ਐਸੇ ਮਹਾਨ ਪਰਮੇਸ਼ਰ ਦੀ ਕਿੰਨੀ ਕੁ ਸਿਫਤ ਸਲਾਹੁਤਾ ਕਰ ਕਰ ਸਲਾਹੀਏ। ਕਿੰਨਾ ਕੁ ਉਸਦਾ ਮਾਲ (ਸਾਜ਼ੋ-ਸਮਾਨ) ਹੈ ਤੇ ਕਿੰਨਾ ਮੁਲਖ ਦਾ (ਰਕਬਾ) ਹੈ ਜੋ ਗਾਹਿਆ (ਫਿਰਿਆ) ਨਹੀਂ ਜਾ ਸਕਦਾ। ੪. ਕਿੱਡੇ ਕੁ ਉਹ ਮਾਣ (ਸਤਿਕਾਰ) ਤੇ ਮਹੱਤਤਾ (ਪਰਤਾਪ) ਵਾਲਾ ਹੈ, ਕਿੰਨੇ ਕੁ ਹਜ਼ੂਰੀ ਸੇਵਕ, ਸਿਪਾਹੀ ਤੇ ਕਿੰਨੀ ਕੁ ਫੌਜਾਂ ਦਾ ਲਸ਼ਕਰ ਹੈ (ਭਾਵ ਸਭ ਕੁਝ ਹੀ ਗਿਣਤੀ ਤੇ ਅੰਦਾਜ਼ੇ ਤੋਂ ਰਹਿਤ) ਹੈ। ੫. ਸਭ ਉਤੇ ਉਸਦਾ ਹੁਕਮ ਹੈ, ਤੇ ਸਭ ਉਸਦੇ ਹੁਕਮ ਵਿਚ ਹਨ, ਪਰ ਹੁਕਮ ਦਾ ਵੀ ਕੋਈ ਅੰਦਾਜ਼ਾ ਨਹੀਂ ਕਿ ਕਿੱਡਾ ਬੇਪਰਵਾਹੀ ਵਾਲਾ ਹੈ। ੬. ਪਰਮੇਸ਼ਰ ਹੁਕਮ ਕਰਨ ਲੱਗਿਆਂ ਕਿਸੇ ਹੋਰਸ ਨਾਲ ਸਲਾਹ ਨਹੀਂ ਕਰਦਾ, ਜੋ ਕੁੱਛ ਕਰਦਾ ਹੈ ਉਹ ਆਪ ਹੀ ਕਰੀ ਜਾ ਰਿਹਾ ਹੈ॥ ੧੨॥

੧੩. ਦਾਤਾਂ ਨੂੰ ਪਾ ਕੇ ਦਾਤੇ ਨੂੰ ਵਿਸਾਰਨ ਵਾਲੇ

੧. ਲਖ ਲਖ ਬ੍ਰਹਮੇ ਵੇਦ ਪੜਿ ਇਕਸ ਅਖਰ ਭੇਦੁ ਨ ਜਾਤਾ।
੨. ਜੋਗ ਧਿਆਨ ਮਹੇਸ ਲਖ ਰੂਪ ਨ ਰੇਖ ਨ ਭੇਖੁ ਪਛਾਤਾ।
੩. ਲਖ ਅਵਤਾਰ ਅਕਾਰ ਕਰਿ ਤਿਲੁ ਵੀਚਾਰੁ ਨ ਬਿਸਨ ਪਛਾਤਾ।
੪. ਲਖ ਲਖ ਨਉਤਨ ਨਾਉ ਲੈ ਲਖ ਲਖ ਸੇਖ ਵਿਸੇਖ ਨ ਤਾਤਾ।

੫. ਚਿਰੁ ਜੀਵਣੁ ਬਹੁ ਹੰਢਣੇ ਦਰਸਨ ਪੰਥ ਨ ਸਬਦੁ ਸਿਞਾਤਾ।
੬. ਦਾਤਿ ਲੁਭਾਇ ਵਿਸਾਰਨਿ ਦਾਤਾ॥ ੧੩॥

ਪਦ ਅਰਥ - ਇਕਸ ਅਖਰ=ਪਾਰਬ੍ਰਹਮ ਦਾ ਨਾਮ, ਉਹ ਇੱਕ ਅੱਖਰ ਜੋ ਖਰਦਾ ਨਹੀਂ, ਪਰਮੇਸ਼ਰ। ਤਾਤਾ=ਤੱਤ ਰੂਪ। ਬਹੁ ਹੰਢਣੇ=ਵੱਡੀ ਉਮਰਾ ਵਾਲੇ। ਵਿਸੇਖ=ਵਿਸਥਾਰ।

ਅਰਥ - ੧. ਲੱਖਾਂ ਹੀ ਬ੍ਰਹਮੇ ਵੇਦਾਂ ਨੂੰ ਲੱਖ ਲੱਖ ਵੇਰਾਂ ਪੜ੍ਹਦੇ ਹਨ, ਪਰ ਇਕ ਅੱਖਰ (ਜੋ ਮਿਟਣ ਤੇ ਬੁਝਣ ਵਾਲਾ ਨਹੀਂ) ਪਰਮੇਸ਼ਰ ਦੇ ਭੇਦ ਨੂੰ ਨਹੀਂ ਜਾਣ ਸਕੇ। ੨. ਜੋਗੀਆਂ ਦੇ ਧਿਆਨ (ਸਮਾਧੀ) ਵਿਚ ਲੱਖਾਂ ਹੀ ਸ਼ਿਵ ਹਨ, ਜਿਨ੍ਹਾਂ ਨੇ ਪ੍ਰਭੂ ਦੇ ਰੂਪ, ਚਿਹਨ ਜਾਂ ਕਿਸੇ ਭੇਖ (ਸੂਰਤ) ਨੂੰ ਪਛਾਣਿਆਂ ਹੀ ਨਹੀਂ। ੩. ਲੱਖਾਂ ਅਵਤਾਰਾਂ ਦੇ ਸਰੂਪ ਵਿਸ਼ਨੂੰ ਜੀ ਨੇ ਧਾਰੇ ਹਨ, ਪਰ ਉਨ੍ਹਾਂ ਨੇ ਪਰਮੇਸ਼ਰ ਦੇ ਭੇਦ ਬਾਰੇ ਇੱਕ ਤਿਲ ਮਾਤਰ ਭੀ ਜਾਣਕਾਰੀ ਜਾਂ ਪਛਾਣ ਪ੍ਰਾਪਤ ਨਹੀਂ ਕੀਤੀ। ੪. ਲੱਖਾਂ ਸ਼ੇਸ਼ਨਾਗ ਜੋ ਲੱਖਾਂ ਹੀ ਪ੍ਰਭੂ ਜੀ ਦੇ, ਰੋਜ਼ ਹੀ ਨਵੇਂ ਤੋਂ ਨਵੇਂ ਨਾਮ ਉਚਾਰਦੇ ਹਨ, ਉਨ੍ਹਾਂ ਭੀ ਪ੍ਰਭੂ ਦੀ ਵਿਸ਼ੇਸ਼ਤਾਈ ਦੇ ਤੱਤ ਸਾਰ ਨੂੰ ਨਹੀਂ ਜਾਣਿਆਂ। ੫. ਅਨੇਕਾਂ ਲੰਮੀਆਂ ਉਮਰਾਂ ਵਾਲੇ, ਤੇ ਬਹੁਤ ਉਮਰਾਂ ਭੋਗਣ ਵਾਲਿਆਂ (ਛੇਆਂ ਹੀ) ਧਰਮਾਂ ਤੇ (ਜੋਗੀਆਂ ਦੇ ੧੨) ਰਸਤਿਆਂ ਨੇ ਇੱਕ ਸ਼ਬਦ (ਪ੍ਰਭੂ) ਨੂੰ ਨਹੀਂ ਪਛਾਣਿਆਂ। ੬. ਉਹਨਾਂ ਨੇ ਦਾਤਾਂ ਨੂੰ ਪ੍ਰਾਪਤ ਕਰਕੇ, ਦਾਤਾਂ ਦੇ ਲੋਭ ਵਿਚ ਹੀ ਫਸ ਕੇ ਦੇਣ ਵਾਲੇ ਦਾਤਾਰ ਪ੍ਰਭੂ ਨੂੰ ਵਿਸਾਰ ਹੀ ਦਿੱਤਾ॥ ੧੩॥

੧੪. ਕਰਤੇ ਨੂੰ ਪ੍ਰਾਪਤ ਕਰਨ ਦਾ ਗਾਡੀ ਰਾਹੁ

੧. ਨਿਰੰਕਾਰ ਆਕਾਰੁ ਕਰਿ ਗੁਰ ਮੂਰਤਿ ਹੋਇ ਧਿਆਨ ਧਰਾਇਆ।
੨. ਚਾਰਿ ਵਰਨ ਗੁਰਸਿਖ ਕਰਿ ਸਾਧਸੰਗਤਿ ਸਚ ਖੰਡੁ ਵਸਾਇਆ।
੩. ਵੇਦ ਕਤੇਬਹੁ ਬਾਹਰਾ ਅਕਥ ਕਥਾ ਗੁਰ ਸਬਦੁ ਸੁਣਾਇਆ।
੪. ਵੀਹਾਂ ਅੰਦਰਿ ਵਰਤਮਾਨੁ ਗੁਰਮੁਖਿ ਹੋਇ ਇਕੀਹ ਲਖਾਇਆ।
੫. ਮਾਇਆ ਵਿਚਿ ਉਦਾਸੁ ਕਰਿ ਨਾਮੁ ਦਾਨੁ ਇਸਨਾਨੁ ਦਿੜਾਇਆ।
੬. ਬਾਰਹ ਪੰਥ ਇਕਤ੍ਰ ਕਰਿ ਗੁਰਮੁਖਿ ਗਾਡੀ ਰਾਹੁ ਚਲਾਇਆ।
੭. ਪਤਿ ਪਉੜੀ ਚੜਿ ਨਿਜ ਘਰਿ ਆਇਆ॥ ੧੪॥

ਪਦ ਅਰਥ - ਆਕਾਰੁ=ਸੂਰਤ। ਗਾਡੀ ਰਾਹੁ=ਸੌਖਾ ਰਾਹ। ਪਤਿ ਪਉੜੀ=ਸਾਧ ਸੰਗਤਿ।

ਅਰਥ - ੧. ਨਿਰੰਕਾਰ (ਪਰਮੇਸ਼ਰ) ਨੇ ਸਰੂਪ ਗੁਰੂ ਮੂਰਤਿ (ਗੁਰੂ ਨਾਨਕ ਦੇਵ ਜੀ ਦਾ) ਬਣਾਇਆ, (ਜਿਸ ਨੇ ਭੁੱਲੀ ਦੁਨੀਆਂ ਨੂੰ ਪਰਮੇਸ਼ਰ ਦਾ ਧਿਆਨ) ਦਿਵਾਇਆ। ੨. ਚਾਰੇ ਵਰਣਾਂ (ਖਤ੍ਰੀ, ਬ੍ਰਾਹਮਣ, ਸੂਦ ਤੇ ਵੈਸ਼ਾਂ) ਨੂੰ ਸਿੱਖ ਬਣਾ ਕੇ, ਸਾਧ ਸੰਗਤਿ ਰੂਪ ਸੱਚਖੰਡ ਵਸਾ ਦਿੱਤਾ, (ਜਿਥੇ ਵਾਹਿਗੁਰੂ ਦੀਆਂ ਸਿਫਤ-ਸਲਾਹਾਂ ਹੁੰਦੀਆਂ ਤੇ ਗੁਰਮੁਖ ਬਣਨ ਦਾ ਉਪਦੇਸ਼ ਪ੍ਰਾਪਤ ਹੁੰਦਾ ਹੈ)। ੩. ਗੁਰੂ ਜੀ ਨੇ ਜੋ ਸ਼ਬਦ (ਪਰਮੇਸ਼ਰ ਦੀ ਸਿਫਤ-ਸਲਾਹ ਦਾ) ਸੁਣਾਇਆ, ਉਹ ਵੇਦਾਂ ਕਤੇਬਾਂ ਤੋਂ ਬਾਹਰਾ ਤੇ ਜਿਸਦੀ ਕਥਾ ਕਹਿਣੀ ਅਕੱਥਨੀਜ

ਹੈ। ੪. ਸਾਰਾ ਸੰਸਾਰ, ਸੰਸਾਰੀ ਧੰਦਿਆਂ ਵਿਚ ਹੀ ਖਚਤ ਹੋ ਰਿਹਾ ਸੀ, ਪਰ (ਜਿਸ ਨੇ ਗੁਰੂ ਨਾਨਕ ਦੇਵ ਜੀ ਦਾ ਅਮੋਲਕ) ਸ਼ਬਦ ਉਪਦੇਸ਼ ਸੁਣ ਕੇ ਗੁਰਮੁਖਤਾਈ ਵੱਲ ਪੈਰ ਵਧਾਇਆ, ਉਹ (ਸੰਸਾਰੀ ਅਧੋਗਤੀ ਵਾਲੀ ਹਾਲਤ ਵਿਚੋਂ ਹੌਲੀ ਹੌਲੀ ਉੱਚਾ ਹੋ), ਇਕੀਹ (ਪਰਮੇਸ਼ਰ) ਦੀ ਲਖਤਾ ਵਾਲਾ ਹੋ ਗਿਆ, (ਉਸ ਨੂੰ ਸਭ ਪਾਸੇ ਪਰਮੇਸ਼ਰ ਦੀ ਜੋਤ ਦਾ ਪਸਾਰਾ ਹੀ ਨਜ਼ਰ ਆਉਣ ਲੱਗ ਜਾਂਦਾ ਹੈ)। ੫. ਮਾਇਆ ਦੇ ਵਿਚ ਹੀ ਉਦਾਸੀ ਧਾਰਨ ਕਰਕੇ, ਨਾਮ ਦਾਨ ਤੇ ਇਸ਼ਨਾਨ ਨੂੰ ਦ੍ਰਿੜ੍ਹ ਕਰ ਲਿਆ। ੬. (ਸ੍ਰੀ ਗੁਰੂ ਨਾਨਕ ਦੇਵ ਜੀ ਨੇ) ਜੋਗੀਆਂ ਦੇ ਬਾਰਾਂ ਪੰਥਾਂ ਨੂੰ ਇਕ ਥਾਂ ਇਕੱਠੇ ਕਰ (ਭਾਵ ਔਖੇ ਤੇ ਬਿਖਮ ਕਰਮ ਕਾਂਡਾਂ ਦਾ ਤਿਆਗ ਕਰਾ ਕੇ, ਇਕੋ) ਗੁਰਮੁਖ ਗਾਡੀ ਰਾਹੁ (ਸਿੱਧਾ ਪੱਧਰਾ ਚਲਾ ਦਿੱਤਾ)। ੭. (ਇਸ ਤਰ੍ਹਾਂ ਗੁਰਮੁਖ ਗੁਰਸਿੱਖ, ਗਾਡੀ ਰਾਹੁ 'ਤੇ ਚਲ ਕੇ) ਪਤਿ-ਅਬਰੋ ਦੀਆਂ ਪਉੜੀਆਂ 'ਤੇ ਚੜ੍ਹਦਾ ਚੜ੍ਹਦਾ ਅਖੀਰ ਆਪਣੇ ਨਿਜ ਘਰ (ਨਿੱਜ ਸ੍ਵਰੂਪ) ਵਿਚ ਜਾ ਪੁੱਜਾ॥ ੧੪॥

੧੫. ਗੁਰਮੁਖ ਮਾਰਗ 'ਤੇ ਚਲਣ ਵਾਲੇ ਗੁਰਮੁਖ ਰਾਹੀ

੧. ਗੁਰਮੁਖਿ ਮਾਰਗਿ ਪੈਰੁ ਧਰਿ ਦੁਬਿਧਾ ਵਾਟ ਕੁਵਾਟ ਨ ਧਾਇਆ।
੨. ਸਤਿਗੁਰ ਦਰਸਨੁ ਦੇਖਿ ਕੈ ਮਰਦਾ ਜਾਂਦਾ ਨਦਰਿ ਨ ਆਇਆ।
੩. ਕੰਨੀ ਸਤਿਗੁਰ ਸਬਦੁ ਸੁਣਿ ਅਨਹਦ ਰੁਣ ਝੁਣਕਾਰ ਸੁਣਾਇਆ।
੪. ਸਤਿਗੁਰ ਸਰਣੀ ਆਇ ਕੈ ਨਿਹਚਲੁ ਸਾਧੂ ਸੰਗਿ ਮਿਲਾਇਆ।
੫. ਚਰਣ ਕਵਲ ਮਕਰੰਦ ਰਸਿ ਸੁਖ ਸੰਪਟ ਵਿਚਿ ਸਹਜਿ ਸਮਾਇਆ।
੬. ਪਿਰਮ ਪਿਆਲਾ ਅਪਿਉ ਪੀਆਇਆ॥ ੧੫॥

ਪਦ ਅਰਥ - ਕੁਵਾਟ=ਮਾੜਾ ਰਾਹ। ਰੁਣ ਝੁਣਕਾਰ=ਸ਼ਬਦ ਰਸ ਦਾ ਇੱਕ ਰਸ ਪ੍ਰਵਾਹ। ਨਿਹਚਲੁ=ਅਡੋਲ। ਸੁਖ ਸੰਪਟ=ਸੁਖਾਂ ਦਾ ਸਮੂਹ (ਡੱਬਾ)। ਅਪਿਉ=ਬੇਫਿਕਰਾਂ ਵਾਲੀ ਮਸਤੀ ਤੇ ਸੁਖ।

ਅਰਥ - ੧. ਗੁਰਮੁਖ (ਆਪਣੇ ਨਾਮ ਸਿਮਰਨ) ਦੇ ਰਾਹ 'ਤੇ ਹੀ ਪੈਰ ਧਰਦੇ ਹਨ, ਹੋਰ ਦੁਬਿਧਾ ਤੇ ਭਰਮ ਵਾਲੀਆਂ ਕੁਵਾਟਾਂ (ਖੋਟੇ ਰਸਤਿਆਂ) ਵੱਲ ਨਹੀਂ ਜਾਂਦੇ। ੨. ਸਤਿਗੁਰਾਂ ਦੇ ਦਰਸ਼ਨਾਂ ਨੂੰ ਦੇਖ ਕੇ (ਉਨ੍ਹਾਂ ਨੂੰ ਨਿਸ਼ਚਾ ਹੋ ਗਿਆ ਕਿ ਸਭ ਕੁਝ ਪਰਮੇਸ਼ਰ ਦਾ ਕੀਤਾ ਹੀ ਹੋ ਰਿਹਾ ਹੈ, ਇਸ ਲਈ) ਉਨ੍ਹਾਂ ਨੂੰ ਮਰਣ ਜੀਵਨ ਦਾ ਤੌਖਲਾ ਨਜ਼ਰ ਨਹੀਂ ਆਉਂਦਾ। (ਉਹ ਸਭ ਕੁਝ ਭਾਣੇ ਵਿਚ ਹੀ ਸਮਝਦੇ ਹਨ)। ੩. ਕੰਨਾਂ ਨਾਲ ਗੁਰ ਸ਼ਬਦ ਨੂੰ ਸੁਣਨ ਨਾਲ ਹੀ ਉਨ੍ਹਾਂ ਦੇ ਅੰਦਰ ਅਨਹਦ ਸ਼ਬਦ ਦੇ ਰਸ ਦੀ ਝੁਣਕਾਰ ਸੁਣਦੀ ਹੈ। ੪. ਸਤਿਗੁਰੂ ਦੀ ਸ਼ਰਣ ਆਉਣ ਕਰਕੇ, (ਸਤਿਗੁਰੂ ਨੇ) ਉਹਨਾਂ ਨੂੰ ਨਿਹਚਲ ਮੱਤ ਵਾਲੇ ਸਾਧੂਆਂ ਨਾਲ ਮੇਲ ਦਿੱਤਾ ਹੈ। ੫. ਜਿਨ੍ਹਾਂ ਦੇ ਚਰਣ ਕਵਲਾਂ ਦੇ ਰਸ ਅੰਮ੍ਰਿਤ ਨੂੰ ਪੀਂਦੇ ਤੇ ਉਸ ਨੂੰ ਸੁਖਾਂ ਦਾ ਪਟਾਰਾ ਸਮਝਕੇ ਉਸੇ ਵਿਚ ਲਿਵਲੀਨ ਰਹਿੰਦੇ ਹਨ। ੬. ਗੁਰਮੁਖ ਪ੍ਰੇਮ ਦੇ ਪਿਆਲੇ ਨੂੰ ਪੀਂਦੇ ਤੇ ਸਦਾ ਹੀ ਉਸਦੀ ਖੁਮਾਰੀ ਵਿਚ ਮਸਤ ਰਹਿੰਦੇ ਹਨ॥ ੧੫॥

੧੬. ਜੀਵਨ-ਮੁਕਤੀ ਦੀ ਸਾਦਰਸ਼ ਮੂਰਤੀ—ਗੁਰਮੁਖ

੧. ਸਾਧਸੰਗਤਿ ਕਰਿ ਸਾਧਨਾ ਪਿਰਮ ਪਿਆਲਾ ਅਜਰੁ ਜਰਣਾ।
੨. ਪੈਰੀ ਪੈ ਪਾ ਖਾਕੁ ਹੋਇ ਆਪੁ ਗਵਾਇ ਜੀਵੰਦਿਆਂ ਮਰਣਾ।
੩. ਜੀਵਣ ਮੁਕਤਿ ਵਖਾਣੀਐ ਮਰਿ ਮਰਿ ਜੀਵਣੁ ਡੁਬਿ ਡੁਬਿ ਤਰਣਾ।
੪. ਸਬਦੁ ਸੁਰਤਿ ਲਿਵਲੀਣੁ ਹੋਇ ਅਪਿਉ ਪੀਅਣੁ ਤੈ ਅਉਚਰ ਚਰਣਾ।
੫. ਅਨਹਦ ਨਾਦ ਅਵੇਸ ਕਰਿ ਅੰਮ੍ਰਿਤ ਵਾਣੀ ਨਿਝਰੁ ਝਰਣਾ।
੬. ਕਰਣ ਕਾਰਣ ਸਮਰਥੁ ਹੋਇ ਕਾਰਣੁ ਕਰਣੁ ਨ ਕਾਰਣੁ ਕਰਣਾ।
੭. ਪਤਿਤ ਉਧਾਰਣ ਅਸਰਣ ਸਰਣਾ॥ ੧੬॥

ਪਦ ਅਰਥ - ਸਾਧਨਾ=ਘਾਲਣਾ। ਪਾਖਾਕੁ=ਚਰਣਾਂ ਦੀ ਧੂੜੀ। ਅਉਚਰ=ਔਖਾ ਕੰਮ ਭਾਵ ਹੰਕਾਰ ਨੂੰ ਖਤਮ ਕਰਨਾ। ਚਰਣਾ=ਖਾ ਜਾਣਾ। ਨਿਝਰੁ=ਇੱਕ ਰਸ।

ਅਰਥ - ੧. ਸਾਧ ਸੰਗਤ ਵਿਚ ਜਾ ਕੇ (ਨਾਮ ਸਿਮਰਨ ਤੇ ਸੇਵਾ ਦੀ) ਸਾਧਨਾ (ਭਾਵ ਘਾਲ ਕਮਾਈ ਕਰਕੇ) ਪ੍ਰੇਮ ਦਾ ਪਿਆਲਾ (ਅਜਰ ਵਸਤੂ) ਪੀਤਾ, ਜੋ ਅਜਰ (ਨਾ ਜਰੀ ਜਾਣ ਵਾਲੀ ਅਵਸਥਾ ਦਾ) ਜਰਣਾ ਹੈ। ੨. (ਉਹ ਅਵਸਥਾ ਹੈ) ਪੈਰੀਂ ਪੈਣਾ ਤੇ ਪੈਰਾਂ ਦੀ ਧੂੜੀ ਵਾਂਗ ਹੋ ਜਾਣਾ ਹੈ। ਆਪੇ ਨੂੰ ਗਵਾ ਕੇ (ਐਉਂ ਹੋਣਾ ਕਿ) ਜੀਂਵਦੇ ਹੀ ਮਰਨਾ ਹੈ (ਏਨੀ ਨਿਮ੍ਰਤਾ ਧਾਰਨ ਕਰਨੀ ਹੈ, ਅਪਣੱਤ, ਹਉਮੈ ਨੂੰ ਖਤਮ ਕਰਕੇ)। ੩. ਇਸ ਅਵਸਥਾ 'ਤੇ ਪੁੱਜੇ ਹੋਏ ਨੂੰ ਹੀ ਫਿਰ ਜੀਵਨ ਮੁਕਤ ਆਖਿਆ ਜਾਂਦਾ ਹੈ, ਜੋ ਮਰ ਕੇ (ਮਾਇਕ-ਵਾਸ਼ਨਾ ਤੋਂ) ਜੀਵਤ ਹੁੰਦੇ ਤੇ (ਮੌਤ ਤੇ ਡਰ ਤੋਂ) ਡੁੱਬ ਡੁੱਬ ਕੇ (ਪਰਮੇਸ਼ਰ ਦੇ ਪ੍ਰੇਮ ਵਿਚ) ਤਰ ਪੈਂਦੇ ਹਨ। ੪. ਗੁਰੂ ਦੇ ਸ਼ਬਦ ਨੂੰ ਸੁਣ ਕੇ (ਹਿਰਦੇ ਵਿਚੋਂ ਹਉਮੈ ਹੰਕਾਰ ਨੂੰ ਕੱਢ ਦਿੱਤਾ ਤੇ) ਉਸ ਨੂੰ ਹਿਰਦੇ ਵਿਚ ਵਸਾ ਲਿਆ ਹੈ। ਸਮਾਧੀ ਸਥਿਤ ਹੋ, ਪੰਜੇ ਕਾਮ ਕ੍ਰੋਧ ਆਦਿ ਨਾ ਜਿੱਤੇ ਜਾਣ ਵਾਲਿਆਂ ਨੂੰ ਜਿੱਤ ਲਿਆ ਹੈ। ੫. ਅਨਹਦ ਸ਼ਬਦ ਦਾ ਨਾਦ ਜੋ ਸੁੱਤੇ ਸਿਧ ਇਕ ਰਸ ਵਜਦਾ ਹੈ, ਉਸ ਵਿਚ ਪ੍ਰਵੇਸ਼ ਕਰ ਲਿਆ ਹੈ, ਇਕ ਰਸ ਬਾਣੀ ਉਨ੍ਹਾਂ ਦੇ ਹਿਰਦੇ ਵਿਚ ਝਰਦੀ ਹੈ। ੬. (ਇਸੇ ਅਵਸਥਾ ਵਿਚ ਪੁੱਜ ਕੇ ਉਹ) ਕਰਣ ਕਾਰਣ ਸਮਰੱਥ ਹੋ ਜਾਂਦੇ ਹਨ, ਜੋ ਵੀ ਕਰਨਾ ਚਾਹੁਣ ਕਰ ਸਕਦੇ ਹਨ, ਪਰ ਉਹ ਇਸ ਸ਼ਕਤੀ ਨੂੰ ਜਰਦੇ ਹਨ, ਭਾਣੇ ਵਿਚ ਰਹਿੰਦੇ ਹਨ (ਭਾਵ ਆਪਣਾ ਆਪ ਦਿਖਾਉਂਦੇ ਨਹੀਂ)। ੭. ਪਤਿਤਾਂ (ਪਾਪੀਆਂ) ਦਾ ਉਧਾਰ ਕਰਨ ਵਾਲੇ ਹਨ ਤੇ ਅਸਰਣ (ਜਿਨ੍ਹਾਂ ਨੂੰ ਕੋਈ ਆਸਰਾ ਨਾ ਦੇਵੇ, ਉਹਨਾਂ ਦੀ ਬਾਂਹ ਫੜਨ ਵਾਲੇ) ਹਨ ਭਾਵ ਉਨ੍ਹਾਂ ਨੂੰ ਸ਼ਰਨ (ਆਸਰਾ) ਦੇਣ ਵਾਲੇ ਹਨ॥ ੧੬॥

੧੭. ਗੁਰਮੁਖ ਦੀ ਕਿਰਿਆ—ਤਰਨਾ ਤੇ ਤਾਰਨਾ

੧. ਗੁਰਮੁਖਿ ਭੈ ਵਿਚਿ ਜੰਮਣਾ ਭੈ ਵਿਚਿ ਰਹਿਣਾ ਭੈ ਵਿਚਿ ਚਲਣਾ।

੨. ਸਾਧਸੰਗਤਿ ਭੈ ਭਾਇ ਵਿਚਿ ਭਗਤਿ ਵਛਲੁ ਕਰਿ ਅਛਲੁ ਛਲਣਾ।
੩. ਜਲ ਵਿਚਿ ਕਵਲੁ ਅਲਿਪਤ ਹੋਇ ਆਸ ਨਿਰਾਸ ਵਲੇਵੈ ਵਲਣਾ।
੪. ਅਹਰਣਿ ਘਣ ਹੀਰੇ ਜੁਗਤਿ ਗੁਰਮਤਿ ਨਿਹਚਲੁ ਅਟਲੁ ਨ ਟਲਣਾ।
੫. ਪਰਉਪਕਾਰ ਵੀਚਾਰਿ ਵਿਚਿ ਜੀਅ ਦੈਆ ਮੋਮ ਵਾਂਗੀ ਢਲਣਾ।
੬. ਚਾਰਿ ਵਰਨ ਤੰਬੋਲ ਰਸੁ ਆਪੁ ਗਵਾਇ ਰਲਾਇਆ ਰਲਣਾ।
੭. ਵਟੀ ਤੇਲੁ ਦੀਵਾ ਹੋਇ ਬਲਣਾ॥੧੭॥

ਪਦ ਅਰਥ - ਵਲੇਵੈ=ਧੰਧੇ। ਘਣ=ਵਦਾਣ। ਢਲਣਾ=ਪੰਘਰਣਾ। ਰਲਾਇਆ ਰਲਣਾ=ਰਲਾਣ 'ਤੇ ਰਲ ਜਾਣਾ। ਬਲਣਾ=ਕੁਰਬਾਨ ਹੋਣਾ।

ਅਰਥ - ੧. ਗੁਰਮੁਖ ਭੈ ਵਿਚ ਹੀ ਜਨਮ ਲੈਂਦੇ, ਭੈ ਵਿਚ ਹੀ ਜ਼ਿੰਦਗੀ ਗੁਜ਼ਾਰਦੇ ਤੇ ਅਖੀਰ ਚਲਾਣੇ ਸਮੇਂ ਵੀ (ਪ੍ਰਭੂ ਦੇ) ਭੈ ਵਿਚ ਹੀ ਚਲਦੇ ਹਨ। ੨. (ਕਿਉਂਕਿ) ਉਹ ਸਾਧ ਸੰਗਤ ਵਿਚੋਂ ਭੈ ਤੇ ਭਾਉ (ਪ੍ਰੇਮ) ਹੀ ਪ੍ਰਾਪਤ ਕਰਦੇ ਹਨ, ਜਿਸ ਨਾਲ ਉਹ ਭਗਤੀ ਕਰਕੇ ਨਾ ਛਲੇ ਜਾਣ ਵਾਲੇ (ਪ੍ਰਭੂ) ਨੂੰ ਛਲ ਲੈਂਦੇ (ਭਾਵ ਪ੍ਰਾਪਤ ਕਰ ਲੈਂਦੇ) ਹਨ। ੩. (ਉਹ ਜੀਵਨ ਦੇ ਦਿਨ ਸੰਸਾਰ ਵਿਚ ਐਉਂ ਗੁਜ਼ਾਰਦੇ ਹਨ ਜਿਵੇਂ) ਕੰਵਲ ਜਲ ਵਿਚ ਹੁੰਦਾ, ਜਲ ਤੋਂ ਅਲੇਪ (ਉੱਚਾ) ਹੋ ਕੇ ਰਹਿੰਦਾ ਹੈ, ਆਸਾਂ ਵਿਚ ਨਿਰਾਸ ਰਹਿੰਦੇ, ਤੇ ਧੰਦਿਆਂ ਦੀ ਫਾਹੀ ਵਿਚ ਕਾਬੂ ਨਹੀਂ ਆਉਂਦੇ। ੪. (ਉਹ ਜਗਤ ਦੁੱਖਾਂ ਸੁਖਾਂ ਦੇ) ਹਥੌੜੇ ਤੇ ਵਦਾਣ ਦੀਆਂ ਸੱਟਾਂ ਖਾ ਕੇ ਵੀ ਹੀਰੇ ਵਾਂਗ ਪੱਕੇ ਤੇ ਅਡੋਲ ਹੋ ਕੇ ਅਚਲ ਤੇ ਅਟੱਲ ਹੋ ਨਿਬੜਦੇ ਹਨ। ੫. ਉਹ ਪਰਉਪਕਾਰ ਦੇ ਵਿਚਾਰਾਂ ਵਿਚ ਹੀ ਰਹਿੰਦੇ ਹਨ ਤੇ ਦਇਆ (ਤਰਸ) ਕਰਨ ਲਈ ਹਰ ਸਮੇਂ ਦਿਲ ਨੂੰ ਮੋਮ ਵਾਂਗੂੰ ਜੀਅ-ਦਇਆ ਵਿਚ ਢਾਲੀ ਰੱਖਦੇ ਹਨ। ੬. ਚਾਰੇ ਵਰਣਾਂ ਦੇ ਲੋਕਾਂ ਵਿਚ ਐਉਂ ਮਿਲੇ ਰਹਿੰਦੇ ਹਨ ਜਿਵੇਂ ਪਾਨ ਵਿਚ ਚੂਨਾ, ਕੱਥਾ ਤੇ ਹੋਰ ਵੱਖ ਵੱਖ ਚੀਜ਼ਾਂ ਮਿਲ ਕੇ ਇਕ ਰੂਪ (ਲਾਲ) ਹੋ ਜਾਂਦੀਆਂ ਹਨ। (ਭਾਵ ਸਭ ਦੇ ਪਿਆਰੇ ਬਣ ਕੇ, ਵਖੇਵੇਂ ਜਾਂ ਤਰਫਦਾਰੀ ਦੇ ਸੁਭਾਵ ਤੋਂ ਬਿਲਕੁਲ ਹੀ ਅਭਾਵ ਵਾਲੇ ਹੋ ਜਾਂਦੇ ਹਨ)। ੭. ਵੱਟੀ ਦੇ ਤੇਲ ਵਾਂਗ ਇਕ ਰਸ ਰੂਪ ਹੋ ਕੇ ਬਲਦੇ ਹਨ (ਭਾਵ ਜੀਵਨ ਦੇ ਦਿਨ ਗੁਜ਼ਾਰਦੇ ਹਨ)॥੧੭॥

੧੮. ਗੁਰਮੁਖਾਂ ਦੀ ਜੀਵਨ-ਜੁਗਤਿ

੧. ਸਤੁ ਸੰਤੋਖੁ ਦਇਆ ਧਰਮੁ ਅਰਥ ਕਰੋੜਿ ਨ ਓੜਕੁ ਜਾਣੈ।
੨. ਚਾਰ ਪਦਾਰਥ ਆਖੀਅਨਿ ਹੋਇ ਲਖੂਣਿ ਨ ਪਲੁ ਪਰਵਾਣੈ।
੩. ਰਿਧੀ ਸਿਧੀ ਲਖ ਲਖ ਨਿਧਿ ਨਿਧਾਨ ਲਖ ਤਿਲੁ ਨ ਤੁਲਾਣੈ।
੪. ਦਰਸਨ ਦ੍ਰਿਸਟਿ ਸੰਜੋਗ ਲਖ ਸਬਦ ਸੁਰਤਿ ਲਿਵ ਲਖ ਹੈਰਾਣੈ।

੫. ਗਿਆਨ ਧਿਆਨ ਸਿਮਰਣ ਅਸੰਖ ਭਗਤਿ ਜੁਗਤਿ ਲਖ ਨੇਤ ਵਖਾਣੈ।
੬. ਪਿਰਮ ਪਿਆਲਾ ਸਹਜਿ ਘਰੁ ਗੁਰਮੁਖਿ ਸੁਖ ਫਲ ਚੋਜ ਵਿਡਾਣੈ।
੭. ਮਤਿ ਬੁਧਿ ਸੁਧਿ ਲਖ ਮੇਲਿ ਮਿਲਾਣੈ॥ ੧੮॥

ਪਦ ਅਰਥ - ਲਖੂਣਿ=ਲੱਖਾਂ ਹੋਣ। ਪਰਵਾਣੈ=ਬਰਾਬਰ। ਹੈਰਾਣੈ=ਹੈਰਾਨ ਹੋਣਾ। ਚੋਜ ਵਿਡਾਣੈ=ਅਸਚਰਜ ਰੂਪ ਚੋਜ।

ਅਰਥ - ੧. ਸਤ, ਸੰਤੋਖ, ਦਇਆ, ਧਰਮ, ਤੇ ਅਰਥ (ਪਦਾਰਥ, ਮਾਲ ਦੌਲਤ) ਕਰੋੜਾਂ ਹੀ ਹੋਣ, ਜਿਨ੍ਹਾਂ ਦਾ ਅੰਤ ਨਾ ਆ ਸਕੇ। ੨. ਚਾਰ ਪਦਾਰਥ (ਧਰਮ, ਅਰਥ, ਕਾਮ ਤੇ ਮੋਖਸ਼) ਜੋ ਆਖੇ ਜਾਂਦੇ ਹਨ, ਜੇ ਲੱਖਾਂ ਦੀ ਗਿਣਤੀ ਵਿਚ ਹੋਣ ਤਾਂ ਵੀ (ਗੁਰਮੁਖ ਦੇ ਸੁਖ ਫਲ ਦੀ) ਬਰੋਬਰੀ ਨਹੀਂ ਕਰ ਸਕਦੇ। ੩. ਰਿੱਧੀਆਂ ਸਿੱਧੀਆਂ ਲੱਖਾਂ ਹੀ ਹੋਣ ਤੇ ਨਾਲ ਨਿਧੀਆਂ (੯ ਪ੍ਰਕਾਰ ਦੇ ਖਜ਼ਾਨੇ) ਵੀ ਲੱਖਾਂ ਹੋਣ, ਤਦ ਵੀ (ਗੁਰਮੁਖ ਦੇ) ਇੱਕ ਤਿਲ ਨਾਲ ਵੀ ਨਹੀਂ ਤੁਲ ਸਕਦੇ। (ਭਾਵ ਗੁਰਮੁਖ ਦੇ ਸੁਖ ਫਲ ਦੀ ਇੱਕ ਤਿਲ ਜਿੰਨੀ ਵੀ ਕੀਮਤ ਨਹੀਂ ਰੱਖਦੇ)। ੪. (ਗੁਰਮੁਖਾਂ ਦੇ ਆਪਣੇ ਸਤਿਗੁਰੂ ਜੀ ਦੇ) ਦਰਸ਼ਨ ਦ੍ਰਿਸ਼ਟੀ ਦੇ ਲੱਖਾਂ ਸੰਜੋਗ, ਸ਼ਬਦ ਤੇ ਸੁਰਤ ਦੀ ਲਿਵਲੀਨਤਾ (ਸਮਾਧੀ) ਨੂੰ ਵੇਖ ਕੇ ਉਪ੍ਰੋਕਤ ਸਾਰੇ ਪਦਾਰਥ ਤੇ ਵਡਿਆਈਆਂ) ਹੈਰਾਨ ਪਰੇਸ਼ਾਨ ਹੁੰਦੇ ਹਨ। ੫. ਲੱਖਾਂ ਹੀ ਗਿਆਨ, ਲੱਖਾਂ ਹੀ ਧਿਆਨ ਤੇ ਅਸੰਖਾਂ ਸਿਮਰਣ, ਭਗਤੀਆਂ ਜੁਗਤੀਆਂ ਨੂੰ ਵੇਖ ਕੇ ਬੇਅੰਤ (ਗਿਣਤੀ ਰਹਿਤ ਮਹੱਤਤਾ ਵਾਲੇ) ਆਖ ਰਹੇ ਹਨ। ੬. ਪ੍ਰੇਮ ਦਾ ਪਿਆਲਾ ਸਹਿਜ ਅਵਸਥਾ ਦੇ ਘਰ ਵਿਚ ਪੁੱਜ ਕੇ ਗੁਰਮੁਖ ਦੇ ਸੁਖ ਫਲਾਂ ਦੇ ਚੋਜ ਅਸਚਰਜ ਰੂਪ ਦੇ ਹਨ। ੭. (ਗੁਰਮੁਖਾਂ ਦੀ) ਮਤਿ (ਅਕਲ), ਬੁਧੀ (ਗਿਆਨਵਾਨ) ਦੇ ਸੁਖ ਲੱਖਾਂ ਹਨ ਜੋ ਗੁਰਮੁਖਾਂ ਦੇ ਵਾਹਿਗੁਰੂ ਦੇ ਮੇਲ ਵਿਚ ਮਿਲ ਕੇ ਇਕ ਰੂਪ ਹੋਏ ਹਨ॥ ੧੮॥

੧੯. ਸਭ ਤੋਂ ਸ੍ਰੇਸ਼ਟ ਸੱਚਾ ਆਚਾਰ

੧. ਜਪ ਤਪ ਸੰਜਮ ਲਖ ਲਖ ਹੋਮ ਜਗ ਨਈਵੇਦ ਕਰੋੜੀ।
੨. ਵਰਤ ਨੇਮ ਸੰਜਮ ਘਣੇ ਕਰਮ ਧਰਮ ਲਖ ਤੰਦੁ ਮਰੋੜੀ।
੩. ਤੀਰਥ ਪੁਰਬ ਸੰਜੋਗ ਲਖ ਪੁੰਨ ਦਾਨੁ ਉਪਕਾਰ ਨ ਓੜੀ।
੪. ਦੇਵੀ ਦੇਵ ਸਰੇਵਣੇ ਵਰ ਸਰਾਪ ਲਖ ਜੋੜ ਵਿਛੋੜੀ।
੫. ਦਰਸਨ ਵਰਨ ਅਵਰਨ ਲਖ ਪੂਜਾ ਅਰਚਾ ਬੰਧਨ ਤੋੜੀ।
੬. ਲੋਕ ਵੇਦ ਗੁਣ ਗਿਆਨ ਲਖ ਜੋਗ ਭੋਗ ਲਖ ਝਾੜਿ ਪਛੋੜੀ।
੭. ਸਚਹੁ ਓਰੈ ਸਭ ਕਿਹੁ ਲਖ ਸਿਆਣਪ ਸੱਭਾ ਥੋੜੀ।
੮. ਉਪਰਿ ਸਚੁ ਅਚਾਰੁ ਚਮੋੜੀ॥ ੧੯॥

ਪਦ ਅਰਥ - ਨਈਵੇਦ=ਠਾਕੁਰਾਂ ਨੂੰ ਭੋਗ ਲਾਉਣਾ। ਤੰਦੁ ਮਰੋੜੀ=ਕੱਚੇ ਸੂਤਰ ਦੇ ਤੰਦ ਦੀ ਵੱਟੀ ਭਾਵ ਸੂਤਰ ਦੀ ਮਾਲਾ। ਓੜੀ=ਓੜਕ, ਅਖੀਰ। ਸਰੇਵਣੇ=ਸੇਵਾ ਕਰਨੀ। ਝਾੜਿ ਪਛੋੜੀ=ਝਾੜ ਕੇ ਪਿੱਛੇ ਸੁੱਟ ਦੇਣੇ।

ਅਰਥ - ੧. ਜਪ ਤੇ ਤਪ (ਪੂਜਾ ਪਾਠ ਤੇ ਧੂਣੇ ਸੇਕ ਕੇ ਤਪ ਕਰਨੇ), ਸੰਜਮ (ਸਾਧਨਾ ਆਦਿ) ਦੇ ਕਰਨੇ ਤੇ ਲੱਖਾਂ ਹੋਮ ਜਗ, ਠਾਕੁਰਾਂ ਨੂੰ ਕਰੋੜਾਂ ਭੋਗ ਲਾਉਣੇ। ੨. ਵਰਤ ਰੱਖਣੇ, ਨੇਮ ਨਿਬਾਹੁਣੇ ਤੇ ਅਨੇਕਾਂ ਹੀ ਤਰ੍ਹਾਂ ਦੇ ਸੰਜਮ (ਪਥ ਪ੍ਰਹੇਜ਼ਗਾਰੀਆਂ) ਲਖਾਂ ਹੀ ਕਰਨਾ ਧਰਮ ਤੇ ਮਾਲਾ ਫੇਰਨੀਆਂ। ੩. ਲੱਖਾਂ ਤੀਰਥਾਂ ਦੇ ਪੁਰਬ-ਸੰਜੋਗਾਂ ਤੇ ਲੱਖਾਂ ਹੀ ਦਾਨ ਪੁੰਨ ਅਤੇ ਉਪਕਾਰ ਕਰਨੇ, ਜਿਨ੍ਹਾਂ ਦਾ ਅੰਤ ਨਾ ਆ ਸਕੇ। ੪. ਦੇਵੀ ਦੇਵਤਿਆਂ ਦੀ ਸੇਵਾ ਤੇ ਲੱਖਾਂ ਅਰਾਧਨਾਂ ਕਰਨੀਆਂ, ਲੱਖਾਂ ਹੀ ਵਰ ਲੱਖਾਂ ਸਰਾਪ ਦੇ ਕੇ ਜੁੜਿਆਂ ਨੂੰ ਤੋੜਨਾ (ਤੇ ਟੁੱਟੇ ਹੋਇਆਂ ਨੂੰ ਜੋੜਨਾ)। ੫. (ਚਾਰੇ) ਵਰਣਾਂ, (ਛਿਆਂ) ਦਰਸ਼ਨਾਂ ਤੇ ਹੋਰ ਅਵਰਣ ਮਿਲਗੋਭਾ ਜਾਤਾਂ ਦੇ ਲੋਕ, ਪੂਜਾ ਪਾਠ ਦੇ ਸਭ ਬੰਧਨ ਤੋੜ ਦੇਣੇ। ੬. ਲੱਖਾਂ ਹੀ ਲੋਕ, ਸ਼ਾਸਤਰ, ਵੇਦਾਂ ਦੇ ਗੁਣ ਤੇ ਗਿਆਨ, ਲੱਖਾਂ ਹੀ ਜੋਗ-ਜੁਗਤੀਆਂ, ਭੋਗ-ਭੁਗਤੀਆਂ, ਸਭ ਨੂੰ ਝਾੜ ਝੰਬ ਕੇ ਪਿਛਾਂਹ ਕਰ ਦਿੱਤਾ। ੭. ਸੱਚ ਤੋਂ ਬਿਨਾਂ ਇਹ ਸਭ ਉਰੇ ਦੀਆਂ ਗੱਲਾਂ ਹਨ। ਸੱਚ ਤੋਂ ਬਿਨਾਂ ਲੱਖਾਂ ਹੀ ਸਿਆਣਪਾਂ ਸਭ ਥੋੜ੍ਹੀਆਂ (ਭਾਵ ਨਿਰਾਰਥ) ਹਨ। ੮. ਸਭ ਤੋਂ ਉਪਰ ਸੱਚ ਤੇ ਸੱਚਾ ਆਚਾਰ ਹੀ ਹੈ, ਬਾਕੀ ਸਭ ਕੰਮ, ਮੁਰਦਾ ਸਰੀਰ ਦੀ ਨਿਆਈਂ ਚਮੜੇ ਹੀ ਹਨ॥ ੧੯॥

੨੦. ਸੱਚੇ ਸਤਿਗੁਰੂ ਦਾ ਵਿਹਾਰ ਸੱਚਾ ਹੈ

੧. ਸਤਿਗੁਰ ਸਚਾ ਪਾਤਿਸਾਹੁ ਸਾਧਸੰਗਤਿ ਸਚੁ ਤਖਤੁ ਸੁਹੇਲਾ।
੨. ਸਚੁ ਸਬਦੁ ਟਕਸਾਲ ਸਚੁ ਅਸਟ ਧਾਤੁ ਇਕ ਪਾਰਸ ਮੇਲਾ।
੩. ਸਚਾ ਅਬਿਚਲ ਰਾਜ ਹੈ ਸਚ ਮਹਲ ਨਵਹਾਣ ਨਵੇਲਾ।
੪. ਸਚਾ ਹੁਕਮੁ ਵਰਤਦਾ ਸਚਾ ਅਮਰੁ ਸਚੋ ਰਸ ਕੇਲਾ।
੫. ਸਚੀ ਸਿਫਤਿ ਸਲਾਹ ਸਚੁ ਸਚੁ ਸਲਾਹਣੁ ਅੰਮ੍ਰਿਤ ਵੇਲਾ।
੬. ਸਚਾ ਗੁਰਮੁਖਿ ਪੰਥੁ ਹੈ ਸਚੁ ਉਪਦੇਸ ਨ ਗਰਬਿ ਗਹੇਲਾ।
੭. ਆਸਾ ਵਿਚਿ ਨਿਰਾਸ ਗਤਿ ਸਚਾ ਖੇਲੁ ਮੇਲੁ ਸਚੁ ਖੇਲਾ।
੮. ਗੁਰਮੁਖਿ ਸਿਖੁ ਗੁਰੂ ਗੁਰ ਚੇਲਾ॥ ੨੦॥

ਪਦ ਅਰਥ - ਸੁਹੇਲਾ=ਸੌਖ ਵਾਲਾ, ਭਾਵ ਸੁਖੀ। ਅਬਿਚਲ=ਨਿਹਚਲ। ਨਵਹਾਣ=ਨਵੇਂ ਰੰਗ ਰੂਪ ਵਾਲਾ। ਨਵੇਲਾ=ਸਦਾ ਹੀ ਨਵਾਂ। ਸਚਾ ਅਮਰੁ=ਸੱਚਾ ਹੁਕਮ, ਨ ਮਰਨ ਵਾਲਾ। ਕੇਲਾ=ਆਨੰਦ। ਗਰਬਿ ਗਹੇਲਾ=ਹੰਕਾਰ ਵਿਚ ਆਇਆ ਹੋਇਆ।

ਅਰਥ - ੧. ਸਤਿਗੁਰੂ ਜੀ ਸੱਚੇ ਪਾਤਸ਼ਾਹ ਹਨ, (ਜਿਨ੍ਹਾਂ ਦਾ) ਸਾਧ ਸੰਗਤ ਸੱਚਾ ਤਖ਼ਤ ਹੈ, ਜੋ

ਸੋਖਾ ਤੇ ਸਦਾ ਹੀ ਸੁਖਾਂ ਦੇ ਦੇਣ ਵਾਲਾ ਹੈ। ੨. (ਸਾਧ ਸੰਗਤ ਸਤਿਗੁਰੂ ਦੇ) ਸ਼ਬਦ ਦੀ ਸੱਚੀ ਟਕਸਾਲ ਹੈ, (ਜਿਥੇ ਸ਼ਬਦ ਨਾਲ ਗੁਰਸਿੱਖੀ ਰੂਪ ਦੀ ਘਾੜਤ ਘੜੀਦੀ ਹੈ, ਪਰ ਇਹ ਟਕਸਾਲ) ਪਾਰਸ ਰੂਪ ਹੈ, ਜਿਸ ਦੇ ਛੁਹਣ ਨਾਲ ਅੱਠੇ ਧਾਤਾਂ (ਲੋਹਾ, ਤਾਂਬਾ ਆਦਿ) ਸੋਨਾ, (ਇਕ ਧਾਤ) ਬਣ ਜਾਂਦੀਆਂ ਹਨ। ੩. (ਸਤਿਗੁਰੂ ਜੀ ਦਾ) ਸੱਚਾ ਅਤੇ ਅਬਿਚਲ ਰਾਜ ਹੈ (ਜੋ ਸਦਾ ਹੀ ਇਕ ਰਸ) ਸੱਚੇ ਮਹਿਲ (ਆਪਣੇ ਨਿਜ ਸਰੂਪ ਵਿਚ) ਨਵੇਂ ਰੰਗ ਤੇ ਨਵੇਂ ਰੂਪ ਵਾਲਾ (ਸੁਸ਼ੋਭਤ ਹੋ ਰਿਹਾ) ਹੈ। ੪. ਉਥੇ (ਸਤਿਗੁਰੂ ਜੀ ਦੇ ਰਾਜ ਦਰਬਾਰ, ਸਾਧ ਸੰਗਤ ਵਿਚ) ਸੱਚਾ ਹੁਕਮ ਵਰਤੀਂਦਾ ਹੈ, ਤੇ ਸੱਚੇ ਪ੍ਰਭੂ ਦਾ ਹੁਕਮ ਹੈ, ਜੋ ਸੱਚੇ ਰਸ ਵਾਲਾ ਤੇ ਆਨੰਦ ਦੇਣ ਵਾਲਾ ਹੈ। ੫. ਉਥੇ ਸੱਚੇ (ਪ੍ਰਭੂ) ਦੀ ਸੱਚੀ ਸਿਫਤ ਸਲਾਹੁਤਾ ਹੀ ਹੁੰਦੀ ਹੈ, ਸਦਾ ਹੀ ਸੱਚ ਹੀ ਸ਼ਲਾਘਾ ਅੰਮ੍ਰਿਤ ਵੇਲੇ (ਸੱਚੀ ਬਾਣੀ ਦਾ ਗਾਇਨ) ਹੁੰਦੀ ਹੈ। ੬. ਇਹ ਗੁਰੂ ਦਾ ਸੱਚਾ ਗੁਰਮੁਖਤਾਈ ਵਾਲਾ ਰਸਤਾ ਹੈ, ਸੱਚਾ ਹੀ ਉਪਦੇਸ਼ ਹੈ (ਹੋਰ ਦੁਨਿਆਵੀ ਪਾਤਸ਼ਾਹਾਂ ਵਾਲਾ ਏਥੇ) ਆਕੜ ਅਫਰੇਵਾਂ (ਹੰਕਾਰ ਦਾ) ਨਹੀਂ ਹੈ। ੭. ਗੁਰਮੁਖ ਆਸਾ ਵਿਚ ਨਿਰਾਸਾ ਵਾਲੀ ਹਾਲਤ ਵਿਚ ਰਹਿੰਦੇ ਹਨ, ਇਹੋ ਸੱਚੀ ਚਾਲ ਤੇ ਸੱਚਾ ਖੇਲ ਹੈ। ਉਹ ਮੇਲ ਭੀ ਸੱਚਾ ਮੇਲਦੇ ਹਨ, (ਭਾਵ ਜਿਸ 'ਤੇ ਉਪਕਾਰ ਕਰਕੇ ਮੇਲ ਦੇਣ, ਫੇਰ ਵਿਛੋੜਦੇ ਨਹੀਂ) ਇਹੋ ਹੀ ਉਨ੍ਹਾਂ ਦਾ ਸੱਚਾ ਖੇਲ ਹੈ। ੮. (ਅਜੇਹੇ ਗੁਰੂ ਦੇ ਵਰੋਸਾਏ ਹੋਏ) ਗੁਰਮੁਖ ਸਿੱਖ ਹਨ, ਜੋ ਗੁਰੂ ਦੇ ਚੇਲੇ—ਗੁਰੂ ਦੀ ਪਦਵੀ ਤਕ ਪਹੁੰਚ ਜਾਂਦੇ ਹਨ॥ ੨੦॥

੨੧. ਗੁਰਮੁਖ ਭਾਣੇ ਤੇ ਰਜ਼ਾ ਵਿਚ ਰਾਜ਼ੀ ਰਹਿੰਦਾ ਹੈ

੧. ਗੁਰਮੁਖਿ ਹਉਮੈ ਪਰਹਰੈ ਮਨਿ ਭਾਵੈ ਖਸਮੈ ਦਾ ਭਾਣਾ।
੨. ਪੈਰੀ ਪੈ ਪਾ ਖਾਕ ਹੋਇ ਦਰਗਹ ਪਾਵੈ ਮਾਣੁ ਨਿਮਾਣਾ।
੩. ਵਰਤਮਾਨ ਵਿਚਿ ਵਰਤਦਾ ਹੋਵਣਹਾਰ ਸੋਈ ਪਰਵਾਣਾ।
੪. ਕਾਰਣੁ ਕਰਤਾ ਜੋ ਕਰੈ ਸਿਰਿ ਧਰਿ ਮੰਨਿ ਕਰੈ ਸੁਕਰਾਣਾ।
੫. ਰਾਜੀ ਹੋਇ ਰਜਾਇ ਵਿਚਿ ਦੁਨੀਆਂ ਅੰਦਰਿ ਜਿਉ ਮਿਹਮਾਣਾ।
੬. ਵਿਸਮਾਦੀ ਵਿਸਮਾਦ ਵਿਚਿ ਕੁਦਰਤਿ ਕਾਦਰ ਨੋ ਕੁਰਬਾਣਾ।
੭. ਲੇਪ ਅਲੇਪ ਸਦਾ ਨਿਰਬਾਣਾ॥ ੨੧॥

ਪਦ ਅਰਥ - ਪਰਹਰੈ=ਛੱਡ ਦਿੰਦਾ ਹੈ। ਹੋਵਣਹਾਰ=ਭਾਵੀ, ਪ੍ਰਭੂ ਦਾ ਹੁਕਮ (ਹੋਣੀ)। ਪਰਵਾਣਾ=ਪਰਵਾਨ, ਮੰਨਣਾ। ਸੁਕਰਾਣਾ=ਧੰਨਵਾਦ। ਮਿਹਮਾਣਾ=ਪ੍ਰਾਹੁਣਾ। ਨਿਰਬਾਣਾ=ਬੰਧਨਾਂ ਤੋਂ ਮੁਕਤ।

ਅਰਥ - ੧. ਗੁਰਮੁਖ ਸੁਭਾਵ ਵਾਲੇ ਹਉਮੈ ਨੂੰ ਛੱਡ ਦਿੰਦੇ ਹਨ ਤੇ ਉਨ੍ਹਾਂ ਦੇ ਮਨ ਖਸਮ (ਪ੍ਰਭੂ) ਦਾ ਭਾਣਾ ਹੀ ਚੰਗਾ ਲੱਗਦਾ ਹੈ। ੨. (ਸਾਧ ਸੰਗਤ ਤੇ ਗੁਰੂ ਦੇ) ਸ਼ਰਨੀ ਲੱਗ ਕੇ ਚਰਣ ਧੂੜ ਬਣ ਕੇ, ਦਰਗਾਹ (ਪ੍ਰਭੂ ਦੇ ਦਰਬਾਰ) ਵਿਚ ਨਿਮਾਣੇ ਬਣ ਮਾਣ ਪਾਉਂਦੇ ਹਨ। ੩. ਸਮੇਂ ਦੀ ਵਰਤਮਾਨੀ ਵਿਚ ਜੋ ਭਾਣਾ ਵਰਤਦਾ ਹੈ ਉਸਨੂੰ ਪ੍ਰਭੂ ਦੀ ਭਾਵੀ (ਹੋਣੀ ਜਾਂ ਹੁਕਮ) ਸਮਝ ਕੇ, ਉਸੇ ਨੂੰ ਬਿਨਾਂ ਝਿਜਕ ਪਰਵਾਨ ਕਰਦੇ ਹਨ। ੪. (ਉਹ ਸਮਝਦੇ ਹਨ ਕਿ) ਜੋ ਵੀ ਕਾਰਣ ਬਣਿਆਂ ਹੈ, ਇਹ ਕਰਤੇ ਦਾ ਕੀਤਾ ਬਣਿਆਂ

ਹੈ। ਇਸ ਲਈ ਉਸ ਨੂੰ ਸਿਰ ਮੱਥੇ ਮੰਨਦੇ ਤੇ (ਭਾਵੇਂ ਦੁੱਖ ਹੋਵੇ ਭਾਵੇਂ ਸੁਖ ਪ੍ਰਭੂ ਦਾ) ਸ਼ੁਕਰਾਣਾ (ਧੰਨਵਾਦ) ਕਰਦੇ ਹਨ। ੫. ਉਹ ਪ੍ਰਭੂ ਦੀ ਰਜ਼ਾ (ਮਰਜ਼ੀ) ਵਿਚ ਹੀ ਰਾਜ਼ੀ ਰਹਿੰਦੇ ਹਨ ਤੇ ਦੁਨੀਆਂ ਅੰਦਰ ਇਸ ਤਰ੍ਹਾਂ ਰਹਿੰਦੇ ਹਨ ਜਿਵੇਂ ਪ੍ਰਾਹੁਣਾ (ਮੁਸਾਫਰ) ਹੁੰਦਾ ਹੈ। ੬. ਗੁਰਮੁਖ ਅਚਰਜ ਰੂਪ ਪ੍ਰਭੂ ਦੀ ਵਿਸਮਾਦਤਾ ਵਿਚ ਮਸਤ ਰਹਿੰਦੇ ਤੇ ਕਰਤੇ ਦੀ ਕੁਦਰਤ ਤੋਂ ਬਲਿਹਾਰੇ ਜਾਂਦੇ ਹਨ। ੭. ਉਹ ਸਦਾ ਹੀ ਲੇਪ (ਸੰਸਾਰ ਦੀ ਪਕੜ) ਤੋਂ ਅਲੇਪ ਰਹਿੰਦੇ ਤੇ ਨਿਰਬੰਧਨ ਹੋ ਜੀਵਨ ਨੂੰ ਗੁਜ਼ਾਰਦੇ ਹਨ॥ ੨੧॥

੨੨. ਗੁਰਮੁਖ ਹੁਕਮੀ ਬੰਦਾ ਹੈ

੧. ਹੁਕਮੀ ਬੰਦਾ ਹੋਇ ਕੈ ਸਾਹਿਬੁ ਦੇ ਹੁਕਮੈ ਵਿਚਿ ਰਹਣਾ।
੨. ਹੁਕਮੈ ਅੰਦਰਿ ਸਭ ਕੋ ਸਭਨਾ ਆਵਟਣ ਹੈ ਸਹਣਾ।
੩. ਦਿਲੁ ਦਰੀਆਉ ਸਮਾਉ ਕਰਿ ਗਰਬੁ ਗਵਾਇ ਗਰੀਬੀ ਵਹਣਾ।
੪. ਵੀਹ ਇਕੀਹ ਉਲੰਘਿ ਕੈ ਸਾਧਸੰਗਤਿ ਸਿੰਘਾਸਣਿ ਬਹਣਾ।
੫. ਸਬਦੁ ਸੁਰਤਿ ਲਿਵਲੀਣੁ ਹੋਇ ਅਨਭਉ ਅਘੜ ਘੜਾਏ ਗਹਣਾ।
੬. ਸਿਦਕ ਸਬੂਰੀ ਸਾਬਤਾ ਸਾਕਰੁ ਸੁਕਰਿ ਨ ਦੇਣਾ ਲਹਣਾ।
੭. ਨੀਰਿ ਨ ਡੁਬਣੁ ਅਗਿ ਨ ਦਹਣਾ॥ ੨੨॥

ਪਦ ਅਰਥ - ਆਵਟਣ=ਅੱਗ ਦਾ ਸੇਕ। ਸਮਾਉ ਕਰਿ=ਸਮਾਈ ਕਰਕੇ। ਵੀਹ ਇਕੀਹ=ਜੀਵ ਤੇ ਈਸ਼੍ਵਰ। ਅਨਭਉ=ਅਨੁਭਵੀ। ਸਬੂਰੀ=ਸਬਰ ਤੇ ਸਿਦਕ। ਸਾਕਰੁ=ਸ਼ੁਕਰ ਕਰਨ ਵਾਲਾ।

ਅਰਥ - ੧. ਗੁਰਮੁਖ ਹੁਕਮ ਦਾ ਦਾਸ (ਬੰਦਾ) ਹੋ ਕੇ, ਸਾਹਿਬ (ਮਾਲਕ) ਦੇ ਹੁਕਮ ਵਿਚ ਰਹਿੰਦਾ ਹੈ। ੨. (ਉਸ ਨੂੰ ਦ੍ਰਿੜ੍ਹ ਹੋ ਜਾਂਦਾ ਹੈ ਕਿ ਜੋ ਕੁਝ ਵੀ ਹੋ ਰਿਹਾ ਹੈ) ਸਭ (ਮਾਲਕ ਦੇ) ਹੁਕਮ ਵਿਚ ਹੀ ਹੁੰਦਾ ਹੈ, (ਭਾਵ ਸਾਰਾ ਸੰਸਾਰ ਹੁਕਮ ਵਿਚ ਹੀ ਹੈ) ਤੇ ਹੁਕਮ ਨਾਲ ਆਏ ਦੁੱਖ (ਦੇ ਸ਼ੋਕ) ਨੂੰ ਸਭਨਾਂ ਨੂੰ ਸਹਿਣਾ ਹੀ ਪੈਂਦਾ ਹੈ (ਕੋਈ ਕੁਝ ਵੀ ਕਰੇ, ਲਿਖਿਆ ਲੇਖ-ਹੁਕਮ ਭੋਗਣਾ ਹੀ ਪੈਂਦਾ ਹੈ)। ੩. (ਇਸ ਲਈ ਗੁਰਮੁਖ) ਦਿਲ ਨੂੰ ਦਰਿਆ (ਪ੍ਰਭੂ ਦੇ ਭਾਣੇ) ਵਿਚ ਸਮੋ ਕੇ, ਹੰਕਾਰ ਨੂੰ ਖਤਮ ਕਰਕੇ, ਗਰੀਬੀ ਵਿਚ (ਨਿਮ੍ਰਤਾ ਧਾਰਨ ਕਰਕੇ) ਰਹਿੰਦੇ ਹਨ। ੪. ਗੁਰਮੁਖ ਸੰਸਾਰੀ ਹਾਲਤ (ਵੀਹ) ਤੇ ਇਕੀਹ (ਈਸ਼੍ਵਰੀ ਹੱਦ) ਨੂੰ ਲੰਘ ਕੇ ਸਾਧ ਸੰਗਤ ਵਿਚ ਲਿਵਲੀਨ ਸੱਚੇ ਸਿੰਘਾਸਣ 'ਤੇ ਜਾ ਬੈਠਦੇ ਹਨ। ੫. (ਉਥੇ) ਸ਼ਬਦ ਤੇ ਸੁਰਤ ਦੀ ਸਮਾਧੀ ਵਿਚ ਲਿਵਲੀਨ ਹੋ ਕੇ ਅਨੁਭਵ (ਜੋ ਹਿਰਦੇ ਵਿਚ ਸੁਤੇ ਹੀ ਉਤਰਦਾ ਹੈ) ਨਾਲੇ ਅਘੜ (ਮਨ ਨੂੰ) ਘੜ ਕੇ ਸੁੰਦਰ ਗਹਿਣੇ ਬਣਾ ਲੈਂਦੇ ਹਨ। ੬. ਗੁਰਮੁਖ ਸਿਦਕ ਤੇ ਸਬਰ (ਸੰਤੋਖ) ਵਿਚ ਸਾਬਤ (ਮੁਕੰਮਲ) ਰਹਿ ਕੇ ਸ਼ੁਕਰ ਤੇ ਸ਼ੁਕਰਾਨੇ ਦਾ ਹੀ ਲੈਣਾ ਦੇਣਾ ਕਰੇ। ੭. (ਫਿਰ ਉਸਨੂੰ ਸੰਸਾਰੀ ਪਦਾਰਥਾਂ ਦਾ) ਪਾਣੀ ਡੋਬਦਾ ਨਹੀਂ, (ਤੇ ਤ੍ਰਿਸ਼ਨਾ ਦੀ) ਅੱਗ ਦਾ ਸੇਕ ਨਹੀਂ ਲੱਗਦਾ॥ ੨੨॥

੨੩. ਸਿੱਖ ਦੀ ਗੁਰੂ ਨਾਲ ਮਹਾਨ ਪ੍ਰੀਤੀ

੧. ਮਿਹਰ ਮੁਹਬਤਿ ਆਸਕੀ ਇਸਕੁ ਮੁਸਕੁ ਕਿਉ ਲੁਕੈ ਲੁਕਾਇਆ।
੨. ਚੰਦਨ ਵਾਸੁ ਵਣਾਸਪਤਿ ਹੋਇ ਸੁਗੰਧੁ ਨ ਆਪੁ ਗਣਾਇਆ।
੩. ਨਦੀਆਂ ਨਾਲੇ ਗੰਗ ਮਿਲਿ ਹੋਇ ਪਵਿਤੁ ਨ ਆਖਿ ਸੁਣਾਇਆ।
੪. ਹੀਰੇ ਹੀਰਾ ਬੇਧਿਆ ਅਣੀ ਕਣੀ ਹੋਇ ਰਿਦੈ ਸਮਾਇਆ।
੫. ਸਾਧਸੰਗਤਿ ਮਿਲਿ ਸਾਧ ਹੋਇ ਪਾਰਸ ਮਿਲਿ ਪਾਰਸ ਹੋਇ ਆਇਆ।
੬. ਨਿਹਚਉ ਨਿਹਚਲੁ ਗੁਰਮਤੀ ਭਗਤਿ ਵਛਲੁ ਹੋਇ ਅਛਲੁ ਛਲਾਇਆ।
੭. ਗੁਰਮੁਖਿ ਸੁਖ ਫਲੁ ਅਲਖੁ ਲਖਾਇਆ ॥ ੨੩ ॥ ੧੮ ॥

ਪਦ ਅਰਥ - ਮਿਹਰ=ਕ੍ਰਿਪਾ ਦ੍ਰਿਸ਼ਟੀ। ਇਸਕੁ ਮੁਸਕੁ=ਪ੍ਰੀਤੀ ਤੇ ਮਹਿਕ। ਅਣੀ ਕਣੀ=ਅਣੀ ਵਿਚ ਹੀਰੇ ਦੀ ਕਣੀ। ਪਾਰਸ=ਸਤਿਗੁਰੂ।

ਅਰਥ - ੧. ਕਿਰਪਾ (ਸਤਿਗੁਰੂ ਦੀ ਅਤੇ) ਪ੍ਰੀਤੀ (ਜਾਂ ਪਿਆਰ) ਜੋ ਇਸ਼ਕ ਦੇ ਉੱਚ ਦਰਜੇ ਦੀ ਹੋਵੇ ਤਾਂ ਇਹ ਸੁਗੰਧੀ ਵਾਂਗ ਲੁਕਣ ਵਾਲੀ ਵਸਤੂ ਨਹੀਂ ਹੈ। ੨. ਜਿਵੇਂ ਚੰਦਨ ਜੰਗਲ ਵਿਚ ਹੁੰਦਾ ਹੈ, ਪਰ ਉਸਦੀ ਮਹਿਕ ਨਾਲ, ਮਹਿਕ ਵਾਲੀ ਬਣ ਕੇ ਉਹ ਕਿਸੇ ਨੂੰ ਜਤਾਉਂਦੇ ਨਹੀਂ, (ਪਰ ਮਹਿਕ ਤੋਂ ਪਛਾਣ ਹੋ ਜਾਂਦੀ ਹੈ)। ੩. ਆਮ ਨਦੀਆਂ ਨਾਲੇ (ਵੀ ਇਸ ਤਰ੍ਹਾਂ) ਗੰਗਾ ਨਾਲ ਮਿਲ ਕੇ ਗੰਗਾ ਵਾਂਗ ਪਵਿੱਤਰ ਹੋ ਜਾਂਦੇ ਹਨ, ਪਰ ਉਹ ਇਹ ਨਹੀਂ ਆਖਦੇ ਫਿਰਦੇ ਕਿ ਅਸੀਂ ਪਵਿੱਤਰ ਹੋ ਗਏ ਹਾਂ। ੪. ਹੀਰੇ ਨੂੰ ਹੀਰਾ ਹੀ ਵਿੰਨ੍ਹਦਾ ਹੈ, (ਪਰ ਕੇਵਲ ਉਸੇ ਹਾਲਤ ਵਿਚ) ਜਦ ਹੀਰੇ ਦੀ ਕਣੀ ਵਰਮੇ ਦੀ ਅਣੀ ਉਪਰ ਲੱਗ ਕੇ ਹੀਰੇ ਦੇ ਵਿਚ ਧੱਸ ਕੇ, ਹੀਰੇ ਦੇ ਹਿਰਦੇ ਵਿਚ ਜਾ ਸਮਾਉਂਦੀ ਹੈ। (ਇਸੇ ਤਰ੍ਹਾਂ ਸਤਿਗੁਰੂ ਜੀ ਸ਼ਬਦ ਦੀ ਕਣੀ ਨੂੰ ਸਿੱਖ ਦੇ ਹਿਰਦੇ ਵਿਚ ਪ੍ਰਵੇਸ਼ ਕਰ ਦੇਂਦੇ ਹਨ ਤਾਂ ਸਿੱਖ ਦਾ ਹਿਰਦਾ ਸ਼ਬਦ ਨਾਲ ਵਿੰਨ੍ਹਿਆ ਜਾ ਕੇ ਗੁਰੂ ਚਰਣਾਂ ਵਿਚ ਸਮਾ ਜਾਂਦਾ ਹੈ)। ੫. (ਐਸਾ ਸਿੱਖ ਫਿਰ) ਸਾਧ ਸੰਗਤ ਵਿਚ ਮਿਲ ਕੇ ਸੱਚਾ ਸਾਧ (ਸੰਤ) ਹੋ ਜਾਂਦਾ ਹੈ, ਉਹ ਪਾਰਸ (ਗੁਰੂ) ਨਾਲ ਮਿਲ ਕੇ ਪਾਰਸ ਹੀ ਹੋ ਜਾਂਦਾ ਹੈ। ੬. ਸਿੱਖ ਗੁਰੂ ਦੀ ਨਿਹਚਲ ਮੱਤ ਨੂੰ ਨਿਸ਼ਚੈ ਨਾਲ ਪ੍ਰਾਪਤ ਕਰਕੇ ਨਿਹਚਲ ਮੱਤ ਵਾਲਾ ਹੋ ਜਾਂਦਾ ਹੈ ਜਿਵੇਂ ਕਿ ਪਰਮੇਸ਼ਰ ਭਗਤ ਵਛਲ ਹੋਣ ਦੇ ਕਾਰਣ ਆਪਣੇ ਭਗਤਾਂ ਕੋਲੋਂ ਆਪ ਹੀ ਛਲਿਆ ਜਾਂਦਾ ਹੈ। ੭. (ਇਸੇ ਤਰ੍ਹਾਂ) ਗੁਰਮੁਖ ਨੂੰ (ਗੁਰੂ ਨਾਲ ਮਿਲ ਕੇ) ਸੁਖ ਫਲ (ਇਹ ਮਿਲਦਾ ਹੈ ਕਿ ਉਹ) ਅਲਖ (ਨਾ ਜਾਣੇ ਜਾ ਸਕਣ ਵਾਲੇ ਪ੍ਰਭੂ ਨੂੰ) ਜਾਣ ਲੈਂਦਾ ਹੈ॥ ੨੩ ॥ ੧੮ ॥

ਵਾਰ ੧੯

ੴ ਸਤਿਗੁਰ ਪ੍ਰਸਾਦਿ॥

੧. ਸੱਚੇ ਪਰਮੇਸ਼ਰ ਦੀ ਸਿਫਤ ਸਲਾਹ (ਮੰਗਲ)

੧. ਗੁਰਮੁਖਿ ਏਕੰਕਾਰ ਆਪਿ ਉਪਾਇਆ।
੨. ਓਅੰਕਾਰਿ ਅਕਾਰੁ ਪਰਗਟੀ ਆਇਆ।
੩. ਪੰਚ ਤਤ ਵਿਸਤਾਰੁ ਚਲਤੁ ਰਚਾਇਆ।
੪. ਖਾਣੀ ਬਾਣੀ ਚਾਰਿ ਜਗਤੁ ਉਪਾਇਆ।
੫. ਕੁਦਰਤਿ ਅਗਮ ਅਪਾਰੁ ਅੰਤੁ ਨ ਪਾਇਆ।
੬. ਸਚੁ ਨਾਉ ਕਰਤਾਰੁ ਸਚਿ ਸਮਾਇਆ॥ ੧॥

ਪਦ ਅਰਥ - ਗੁਰਮੁਖਿ=ਮੁਖੀ ਗੁਰੂ। ਅਕਾਰੁ=ਸਰੂਪ। ਚਲਤੁ=ਕੌਤਕ।

ਅਰਥ - ੧. ਪਰਮੇਸ਼ਰ ਨੇ ਆਪ ਮੁਖੀ ਸਤਿਗੁਰੂ (ਗੁਰੂ ਨਾਨਕ ਦੇਵ ਜੀ ਨੂੰ) ਪੈਦਾ ਕੀਤਾ ਹੈ। ੨. ਇਹ ਪ੍ਰਭੂ ਸੁਆਮੀ ਦਾ ਹੀ ਸਰੂਪ (ਗੁਰਦੇਵ ਜੀ) ਸਨ, ਜੋ ਪ੍ਰਗਟ ਰੂਪ ਵਿਚ ਸੰਸਾਰ 'ਤੇ ਉਜਾਗਰ ਹੋਏ। ੩. ਪੰਜਾਂ ਤੱਤਾਂ ਦਾ ਵਿਸਥਾਰ ਕਰਕੇ ਇੱਕ ਚਲਤ (ਖੇਡ) ਨੂੰ ਰਚ ਦਿੱਤਾ ਹੈ। ੪. ਚਾਰ ਖਾਣੀਆਂ, (ਅੰਡਜ, ਜੇਰਜ, ਸੇਤਜ ਤੇ ਉਤਭੁਜ) ਤੇ ਚਾਰ ਹੀ ਬਾਣੀਆਂ (ਪਰਾ, ਪਸੰਤੀ, ਮੱਧਮਾ ਅਤੇ ਬੈਖਰੀ) ਨਾਲ ਜਗਤ ਨੂੰ ਸਾਜ ਦਿੱਤਾ ਹੈ। ੫. (ਉਸ ਦੀ) ਕੁਦਰਤ (ਰਚਨਾ ਤੇ ਪਸਾਰਾ) ਏਡਾ ਅਗੰਮ ਤੇ ਅਪਾਰ ਹੈ ਕਿ ਮਨ ਨਾਲ ਵਿਚਾਰ ਕੇ ਜਾਂ ਕੋਈ ਬੋਲ ਬੋਲ ਕੇ ਕੁਛ ਅੰਦਾਜਾ ਜਾਂ ਹਿਸਾਬ ਨਹੀਂ ਲਾਇਆ ਜਾ ਸਕਦਾ (ਕਿ ਕਿੰਨੀ ਕੁ ਵੱਡੀ ਉਸ ਦੀ ਕੁਦਰਤ ਹੈ)। ੬. (ਉਹੀ) ਸੱਚਾ ਕਰਤਾਰ (ਜਿਸ ਨੇ ਇਹ ਸਭ ਕੁਛ ਬਣਾਇਆ ਹੈ, ਉਹੀ) ਸੱਚਾ (ਆਪ ਆਪਣੀ ਕੁਦਰਤ) ਵਿਚ ਸਮਾ ਰਿਹਾ ਹੈ। ਭਾਵ ਹਰ ਥਾਂ ਵਿਆਪਕ ਹੈ॥ ੧॥

੨. ਮਨੁੱਖਾ ਜਨਮ ਵਿਚ ਗੁਰਮੁਖਤਾਈ ਉੱਤਮ ਹੈ

੧. ਲਖ ਚਉਰਾਸੀਹ ਜੂਨਿ ਫੇਰਿ ਫਿਰਾਇਆ।
੨. ਮਾਣਸ ਜਨਮੁ ਦੁਲੰਭ ਕਰਮੀ ਪਾਇਆ।
੩. ਉਤਮੁ ਗੁਰਮੁਖਿ ਪੰਥੁ ਆਪੁ ਗਵਾਇਆ।

੪. ਸਾਧਸੰਗਤਿ ਰਹਰਾਸਿ ਪੈਰੀਂ ਪਾਇਆ।
੫. ਨਾਮੁ ਦਾਨੁ ਇਸਨਾਨੁ ਸਚੁ ਦਿੜਾਇਆ।
੬. ਸਬਦੁ ਸੁਰਤਿ ਲਿਵ ਲੀਣੁ ਭਾਣਾ ਭਾਇਆ॥ ੨ ॥

ਪਦ ਅਰਥ - ਦੁਲੰਭੁ=ਮੁਸ਼ਕਿਲ ਨਾਲ ਲੱਭਦਾ ਹੈ। ਰਹਰਾਸਿ=ਰਹੁਰੀਤੀ। ਆਪੁ ਗਵਾਇਆ=ਆਪਾ ਭਾਵ ਗਵਾਉਣਾ। ਭਾਇਆ=ਚੰਗਾ ਲੱਗਾ।

ਅਰਥ - ੧. (ਪਰਮੇਸ਼ਰ ਨੇ) ੮੪ ਲੱਖ ਜੂਨਾਂ ਵਿਚ ਫੇਰ ਫੇਰ ਕੇ (ਭੁਆਂਟਣੀਆਂ ਦਿੱਤੀਆਂ, ਭਾਵ ਕਈ ਕੁਝ ਬਣ ਕੇ ਜੰਮਿਆ, ਮਰਿਆ ਤੇ ਫਿਰ ਕੁਝ ਹੋਰ ਇਸ ਤਰ੍ਹਾਂ ਦਾ ਚੱਕਰ ਫੇਰ ਬਣਾਈ ਰੱਖਿਆ)। ੨. ਮਨੁੱਖਾ ਜਨਮ ਵੱਡੀ ਦੁਰਲੱਭ ਜੂਨੀ ਹੈ, ਜੋ ਕਰਮਾਂ (ਬਖਸ਼ਿਸ਼ਾਂ) ਨਾਲ ਪ੍ਰਾਪਤ ਹੋਈ ਹੈ। ੩. (ਫਿਰ ਮਨੁਖਾ ਜਨਮ ਵਿਚ ਅੱਗੋਂ) ਗੁਰਮੁਖਾਂ (ਗੁਰੂ ਨਾਨਕ ਦਾ ਚਲਾਇਆ ਗਾਡੀ ਰਾਹੁ) ਪੰਥ ਉੱਤਮ ਹੈ, (ਕਿਉਂਕਿ ਇਹ ਆਪਾ-ਭਾਵ) ਦੂਈ-ਦ੍ਵੈਤ) ਨੂੰ ਗਵਾਉਣ ਤੇ ਪ੍ਰਾਪਤ ਹੁੰਦਾ ਹੈ। ੪. (ਕਿਵੇਂ ਪ੍ਰਾਪਤ ਹੋਇਆ ?) ਸਾਧ ਸੰਗਤ ਵਿਚ ਜਾ ਕੇ (ਗੁਰਮੁਖਾਂ ਵਾਲੀ) ਰਹੁਰੀਤੀ (ਤੇ ਚਲਣ ਨਾਲ) ਪੈਰੀਂ ਪੈਣ (ਨਿਮ੍ਰਤਾ ਧਾਰਨ) ਨਾਲ ਮਿਲਿਆ। ੫. (ਫਿਰ ਸਾਧ ਸੰਗਤ ਦੇ ਮਿਲਾਪ ਤੋਂ) ਨਾਮ, ਦਾਨ, ਇਸ਼ਨਾਨ ਤੇ ਸੱਚ ਨੂੰ ਆਪਣੇ ਜੀਵਨ ਦਾ ਦ੍ਰਿੜ੍ਹਤਾ ਨਾਲ (ਅੰਗ ਬਣਾ ਲਿਆ)। ੬. ਸਦਾ ਹੀ ਗੁਰ ਸ਼ਬਦ ਵਿਚ (ਧਿਆਨ) ਸੁਰਤੀ ਨੂੰ ਜੋੜੀ ਰੱਖਣਾ, ਲਿਵਲੀਨ ਹੋ ਕੇ (ਪ੍ਰਭੂ ਦੇ) ਭਾਣੇ ਨੂੰ ਹੀ ਚੰਗਾ ਜਾਣਨ ਲੱਗ ਜਾਣਾ, (ਇਹ ਗੁਰਮੁਖਾਂ ਦੀ ਰਹੁਰਤੀ ਹੈ॥ ੨ ॥

੩. ਗੁਰਮੁਖ ਦੀ ਜੀਵਨ-ਜੁਗਤਿ

੧. ਗੁਰਮੁਖਿ ਸੁਘੜੁ ਸੁਜਾਣੁ ਗੁਰ ਸਮਝਾਇਆ।
੨. ਮਿਹਮਾਣੀ ਮਿਹਮਾਣੁ ਮਜਲਸਿ ਆਇਆ।
੩. ਖਾਵਾਲੇ ਸੋ ਖਾਣੁ ਪੀਐ ਪੀਆਇਆ।
੪. ਕਰੈ ਨ ਗਰਬੁ ਗੁਮਾਣੁ ਹਸੈ ਹਸਾਇਆ।
੫. ਪਾਹੁਨੜਾ ਪਰਵਾਣੁ ਕਾਜੁ ਸੁਹਾਇਆ।
੬. ਮਜਲਸ ਕਰਿ ਹੈਰਾਣੁ ਉਠਿ ਸਿਧਾਇਆ॥ ੩ ॥

ਪਦ ਅਰਥ - ਸੁਘੜੁ=ਸਿਆਣਾ। ਮਿਹਮਾਣੀ=ਪ੍ਰਾਹੁਣਚਾਰੀ। ਮਜਲਸਿ=ਸਭਾ। ਹੈਰਾਣੁ= ਅਸਚਰਜ। ਮਜਲਸ=ਸੰਗੀ ਸਾਥੀਆਂ ਦੀ ਸੰਗਤ।

ਅਰਥ - ੧. ਗੁਰੂ ਜੀ ਦੇ ਸਮਝਾਏ ਤੇ ਸਿਖਾਏ ਗੁਰਮੁਖ (ਆਪ ਤੋਂ ਆਪ ਹੀ) ਸਿਆਣੇ ਤੇ ਸੁਜਾਣ (ਮੰਨੇ ਜਾਣ ਵਾਲੇ ਚਤੁਰ) ਹੁੰਦੇ ਹਨ। ੨. (ਉਹ ਸੰਸਾਰ ਵਿਚ) ਆਏ ਹਨ, ਪ੍ਰਾਹੁਣਿਆਂ ਵਾਂਗ, ਜੋ ਠੀਕ ਪ੍ਰਾਹੁਣਚਾਰੀ ਕਰਦੇ ਤੇ ਕਰਾਉਂਦੇ ਹਨ (ਕਾਰ ਵਿਹਾਰ ਤੇ ਪ੍ਰਮਾਰਥ ਨੂੰ ਠੀਕ ਢੰਗ ਨਾਲ ਨਿਭਾਉਂਦੇ ਹਨ)।

੩. (ਜੋ ਵੀ ਸੰਸਾਰ ਦਾ ਮਾਲਕ, ਪ੍ਰਭੂ) ਉਨ੍ਹਾਂ ਨੂੰ ਘਰ ਵਿਚ ਖਾਣ ਲਈ ਦਿੰਦਾ ਹੈ, ਉਹੀ ਖਾਂਦੇ ਹਨ, ਜੋ ਪੀਣ ਨੂੰ ਮਿਲਦਾ ਹੈ ਓਹੀ ਪੀਂਦੇ ਹਨ (ਭਾਵ ਲੋਭ ਲਾਲਚ ਤੋਂ ਸੁਤੰਤਰ ਹਨ)। ੪. (ਉਹ ਕਿਸੇ ਗੱਲ ਦਾ) ਹੰਕਾਰ ਜਾਂ ਗਰਬ ਗੁਮਾਨ ਨਹੀਂ ਕਰਦੇ, (ਜਿੰਨਾ ਕੁ ਪ੍ਰਭੂ) ਹੱਸਣ ਦਾ ਸਮਾਂ ਦੇਵੇ, ਜਾਂ ਹਸਾਵੇ ਓਨਾ ਕੁ ਹੀ ਹੱਸਦੇ ਹਨ, (ਵਾਧੂ ਗੱਪ-ਗਿਆਨ ਦੇ ਹਾਸਿਆਂ ਤੋਂ ਨਿਰਲੇਪ ਰਹਿੰਦੇ ਹਨ)। ੫. ਸੰਸਾਰ 'ਤੇ ਪ੍ਰਾਹੁਣੇ ਵਾਂਗ ਆਉਣਾ ਉਨ੍ਹਾਂ ਦਾ ਹੀ ਪ੍ਰਵਾਣ ਹੁੰਦਾ ਹੈ, ਜਿਹੜੇ ਚੰਗੇ ਤੇ ਸੁਚੱਜੇ ਕੰਮਾਂ ਵਿਚ ਹੀ ਸੁਭਾਇਮਾਨ ਹੁੰਦੇ ਹਨ, (ਭਾਵ ਬੁਰੇ ਕੰਮਾਂ ਦੀ ਰੁਚੀ ਦਾ ਹੀ ਅਭਾਵ ਕਰ ਦੇਂਦੇ) ਹਨ। ੬. ਗੁਰਮੁਖ ਇਸ ਤਰ੍ਹਾਂ ਦੀ ਉੱਚ ਜ਼ਿੰਦਗੀ ਬਿਤਾ ਕੇ) ਜਦ ਸੰਸਾਰ ਤੋਂ ਜਾਂਦੇ ਹਨ ਤਾਂ ਪਿਛਲੇ ਯਾਦ ਕਰਨ ਵਾਲਿਆਂ ਨੂੰ ਹੈਰਾਨ ਕਰਨ ਵਾਲੇ ਕਾਰਨਾਮਿਆਂ ਦੀ ਦਾਸਤਾਨ ਦੇ ਜਾਂਦੇ ਹਨ॥ ੩॥

੪. ਚਲਣ ਦੀ ਜਾਚ ਗੁਰਮੁਖ ਹੀ ਜਾਣਦਾ ਹੈ

੧. ਗੋਇਲੜਾ ਦਿਨ ਚਾਰਿ ਗੁਰਮੁਖਿ ਜਾਣੀਐ।
੨. ਮੰਝੀ ਲੈ ਮਿਹਵਾਰਿ ਚੋਜ ਵਿਡਾਣੀਐ।
੩. ਵਰਸੈ ਨਿਝਰ ਧਾਰਿ ਅੰਮ੍ਰਿਤ ਵਾਣੀਐ।
੪. ਵੰਝੁਲੀਐ ਝੀਗਾਰਿ ਮਜਲਸਿ ਮਾਣੀਐ।
੫. ਗਾਵਣਿ ਮਾਝ ਮਲਾਰਿ ਸੁਘੜੁ ਸੁਜਾਣੀਐ।
੬. ਹਉਮੈ ਗਰਬੁ ਨਿਵਾਰਿ ਮਨਿ ਵਸਿ ਆਣੀਐ।
੭. ਗੁਰਮੁਖਿ ਸਬਦੁ ਵੀਚਾਰਿ ਸਚਿ ਸਿਞਾਣੀਐ॥ ੪॥

ਪਦ ਅਰਥ - ਗੋਇਲੜਾ=ਉਜਾੜ, ਚਰਨ ਵਾਲੀ ਥਾਂ। ਮਿਹਵਾਰਿ=ਮਹੀਆਂ ਵਾਲੇ, ਮਾਹੀ। ਵਾਣੀਐ=ਬਾਣੀ। ਵੰਝੁਲੀਐ ਝੀਗਾਰਿ=ਬੰਸਰੀਆਂ ਦੀ ਧੁਨ।

ਅਰਥ - ੧. ਇਹ ਸੰਸਾਰ ਗੋਇਲੜੇ (ਗਾਈਆਂ ਮਹੀਆਂ ਦੇ ਚਰਨ ਵਾਲੀ ਥਾਂ ਵਾਂਗ) ਚਾਰ ਦਿਨਾਂ ਦਾ ਮੇਲਾ ਹੈ, ਗੁਰਮੁਖ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ੨. ਮਾਹੀ ਲੋਕ (ਗਊਆਂ ਮੱਝਾਂ ਚਾਰਨ ਵਾਲੇ) ਜਿਵੇਂ ਗਊਆਂ ਮਹੀਆਂ ਨੂੰ ਚਾਰਨ ਲਈ ਬਾਹਰ ਬੇਅਬਾਦ ਥਾਵਾਂ 'ਤੇ ਲੈ ਕੇ ਚਲੇ ਜਾਂਦੇ ਹਨ, ਗਊਆਂ ਮੱਝਾਂ ਚਰਦੀਆਂ ਹਨ ਤੇ ਉਹ ਉਥੇ ਅਸਚਰਜ (ਦੌੜ-ਭੱਜਦੀਆਂ) ਖੇਡਾਂ ਖੇਡਦੇ ਹਨ। ੩. (ਉਹ) ਮੀਂਹ ਦੀ ਨਿੱਝਰ ਧਾਰਾ ਵਰਸਦੀ ਵਿਚ ਵੀ ਜਾਂਦੇ ਹਨ ਤੇ ਉਥੇ ਬਹਿ ਕੇ ਮਿੱਠੇ ਮਿੱਠੇ ਗੀਤ ਗਾਉਂਦੇ ਹਨ। ੪. ਵੰਝਲੀਆਂ (ਬਾਂਸਰੀਆਂ) ਦੀ ਮਸਤ ਧੁਨਾਂ ਵਜਾ ਕੇ, ਆਪਣੇ ਸਾਥੀਆਂ ਨਾਲ ਰੰਗ ਮਾਣਦੇ ਹਨ। ੫. (ਉਹ ਰਾਗਾਂ ਦੇ ਜਾਣੂੰ ਹੁੰਦੇ ਹਨ, ਇਸ ਲਈ) ਸਿਆਣੇ ਗਵਈਆਂ ਵਾਂਗ ਮਾਝ ਤੇ ਮਲਾਰ ਦੀਆਂ ਧੁਨਾਂ ਗਾਉਂਦੇ ਹਨ ਤੇ ਮਨ ਨੂੰ ਵਸ ਕਰ ਲੈਣ ਵਾਲੇ ਰਾਗ ਅਲਾਪਦੇ ਹਨ। ੬. ਹੰਕਾਰ ਨੂੰ ਦੂਰ ਕਰਕੇ ਮਨ ਨੂੰ ਵਸ ਵਿਚ ਲਿਆਉਂਦੇ ਹਨ। ੭. ਗੁਰਮੁਖ ਵੀ ਇਸੇ ਤਰ੍ਹਾਂ ਸ਼ਬਦ ਦੀ ਵਿਚਾਰ ਕਰਕੇ ਸੱਚ ਨੂੰ ਪਛਾਣ ਲੈਂਦੇ ਹਨ ਕਿ—ਇਹ ਸੰਸਾਰ ਮੁਸਾਫਰ ਖਾਨੇ ਵਾਂਗ ਹੀ ਹੈ॥ ੪॥

੫. ਸੰਸਾਰ ਮੁਸਾਫਰਖਾਨਾ ਹੈ

੧. ਵਾਟ ਵਟਾਊ ਰਾਤਿ ਸਰਾਈਂ ਵਸਿਆ।
੨. ਉਠ ਚਲਿਆ ਪਰਭਾਤਿ ਮਾਰਗਿ ਦਸਿਆ।
੩. ਨਾਹਿ ਪਰਾਈ ਤਾਤਿ ਨ ਚਿਤਿ ਰਹਸਿਆ।
੪. ਮੁਏ ਨ ਪੁਛੈ ਜਾਤਿ ਵਿਵਾਹਿ ਨ ਹਸਿਆ।
੫. ਦਾਤਾ ਕਰੇ ਜੁ ਦਾਤਿ ਨ ਭੁਖਾ ਤਸਿਆ।
੬. ਗੁਰਮੁਖਿ ਸਿਮਰਣੁ ਵਾਤਿ ਕਵਲੁ ਵਿਗਸਿਆ॥ ੫॥

ਪਦ ਅਰਥ - ਵਾਟ ਵਟਾਊ=ਯਾਤਰੀ, ਮੁਸਾਫਰ। ਪਰਭਾਤਿ=ਪਹੁ ਫੁਟਣਾ। ਮਾਰਗਿ=ਰਸਤਾ। ਤਾਤਿ=ਪਰਾਈ ਚਿੰਤਾ, ਦ੍ਵੈਸ਼। ਵਾਤਿ=ਮੁਖ। ਵਿਗਸਿਆ=ਖਿੜਿਆ।

ਅਰਥ - ੧. ਰਾਹੇ ਜਾਂਦਾ ਮੁਸਾਫਰ, ਰਾਤ ਸਮੇਂ, ਕਿਸੇ ਸਰਾਂ ਵਿਚ ਜਾ ਕੇ ਰਿਹਾ। ੨. ਉਥੋਂ ਦਿਨ ਦੇ ਚੜ੍ਹਾਉ ਤੋਂ ਪਹਿਲੇ ਹੀ ਉੱਠ ਕੇ ਜਦੋਂ ਰਸਤਾ ਦਿਸਣ ਲੱਗ ਪਿਆ, ਤੁਰ ਪਿਆ। ੩. (ਰਾਤ ਰਹਿਣ ਵਿਚ) ਨਾ ਉਸ ਨੂੰ ਕੋਈ ਪਰਾਏ ਦੀ ਤੰਗੀ ਹੀ ਹੋਈ, ਤੇ ਨਾ ਹੀ ਚਿਤ ਕਿਸੇ ਰਹੱਸ (ਸੁਆਦ) ਵਿਚ ਆਇਆ। ੪. ਰਸਤੇ ਵਿਚ ਜਾਂਦੇ ਨਾ ਕਿਸੇ ਮਰਨ ਵਾਲੇ ਦੀ ਜਾਤ ਪੁੱਛੀ (ਕਿ ਕੌਣ ਹੈ) ਤੇ ਨਾ ਹੀ ਕਿਸੇ ਦੀ ਬਰਾਤ ਜਾਂ ਵਿਆਹ ਨੂੰ ਵੇਖ ਕੇ ਉਸ ਦੇ ਮਨ ਨੂੰ ਹਾਸਾ ਆਇਆ। ੫. (ਤਿਵੇਂ ਹੀ ਗੁਰਮੁਖ, ਮੁਸਾਫਰ ਵਾਂਗ) ਦਾਤਾ (ਪਰਮੇਸ਼ਰ) ਜੋ ਦਾਤ ਦੇਵੇ, ਉਹੀ ਲੈਂਦੇ ਹਨ, ਭੁੱਖੇ ਜਾਂ ਤਿਹਾਏ ਰਹਿਣ ਦੀ ਸ਼ਿਕਾਇਤ ਜਾਂ ਗਿਲਾ ਨਹੀਂ ਕਰਦੇ। ੬. ਗੁਰਮੁਖਾਂ ਨੂੰ ਸਿਮਰਣ ਦੀ (ਹੀ ਵੱਡੀ ਦਾਤ ਪ੍ਰਾਪਤ ਹੈ), ਇਸੇ ਲਈ ਉਨ੍ਹਾਂ ਦਾ ਮੂੰਹ ਸਿਮਰਨ ਕਰਕੇ ਕੰਵਲ ਵਾਂਗ ਖਿੜਿਆ ਰਹਿੰਦਾ ਹੈ॥ ੫॥

੬. ਗੁਰਮੁਖ ਦੀ ਜੀਵਨ-ਜੁਗਤਿ

੧. ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ।
੨. ਤਾਰੇ ਜਾਤਿ ਸਨਾਤਿ ਅੰਬਰਿ ਭਾਲੀਅਨਿ।
੩. ਫੁਲਾਂ ਦੀ ਬਾਗਾਤਿ ਚੁਣਿ ਚੁਣਿ ਚਾਲੀਅਨਿ।
੪. ਤੀਰਥਿ ਜਾਤੀ ਜਾਤਿ ਨੈਣ ਨਿਹਾਲੀਅਨਿ।
੫. ਹਰਿਚੰਦਉਰੀ ਝਾਤਿ ਵਸਾਇ ਉਚਾਲੀਅਨਿ।
੬. ਗੁਰਮੁਖਿ ਸੁਖ ਫਲ ਦਾਤਿ ਸਬਦਿ ਸਮ੍ਹਾਲੀਅਨਿ॥ ੬॥

ਪਦ ਅਰਥ - ਜਾਤਿ ਸਨਾਤਿ=ਵੱਡੇ ਛੋਟੇ ਤਾਰੇ। ਅੰਬਰਿ=ਆਕਾਸ਼। ਬਾਗਾਤਿ=ਬਾਗ। ਉਚਾਲੀਅਨਿ= ਨਸ਼ਟ ਕੀਤੀਆਂ ਜਾਂਦੀਆਂ ਹਨ।

ਅਰਥ - ੧. ਦੀਵਾਲੀ ਦੀ ਰਾਤ ਨੂੰ ਹਰ ਘਰ ਵਿਚ (ਖੁਸ਼ੀ ਨਾਲ) ਦੀਵੇ ਬਾਲੇ ਜਾਂਦੇ ਹਨ (ਜੋ ਕੁਝ ਚਿਰ ਮਗਰੋਂ ਬੁਝ ਜਾਂਦੇ ਹਨ)। ੨. (ਇਸੇ ਤਰ੍ਹਾਂ ਰਾਤ ਵੇਲੇ) ਵੱਡੇ ਛੋਟੇ ਤਾਰੇ ਅਸਮਾਨ ਵਿਚ ਨਿਕਲ ਕੇ ਚਮਕਾਂ ਮਾਰਦੇ ਤੇ ਲਿਸ਼ਕਦੇ ਹਨ, (ਪਰ ਦਿਨ ਚੜ੍ਹਦੇ ਹੀ ਖਤਮ ਹੋ ਜਾਂਦੇ ਹਨ)। ੩. ਬਾਗਾਂ ਵਿਚ ਤਰ੍ਹਾਂ ਤਰ੍ਹਾਂ ਦੇ ਫੁੱਲ ਖਿੜਦੇ ਹਨ, (ਪਰ ਕੁਝ ਚਿਰ ਹੀ ਪੂਰੇ ਖਿੜਦੇ ਹਨ ਕਿ ਮਾਲੀ) ਉਨ੍ਹਾਂ ਨੂੰ ਚੁਣ ਚੁਣ ਕੇ ਤੋੜ ਲੈਂਦਾ ਹੈ। ੪. ਯਾਤਰੀਆਂ ਦੇ ਟੋਲਿਆਂ ਦੇ ਟੋਲੇ ਤੀਰਥਾਂ ਪੁਰ ਯਾਤਰਾ ਕਰਨ ਜਾਂਦੇ ਹਨ, ਤੇ ਅੱਖਾਂ ਨਾਲ ਦੇਖਦੇ ਹਾਂ (ਕਿ ਮੁੜ ਤੀਰਥਾਂ ਨੂੰ ਖਾਲੀ ਕਰ ਆਉਂਦੇ ਹਨ)। ੫. ਹਰਿਚੰਦਉਰੀ ਵਾਂਗ ਸੰਸਾਰ ਵਿਚ ਅਨੇਕਾਂ ਅਜੇਹੀਆਂ ਨਗਰੀਆਂ ਦੀ ਝਾਤੀ (ਦਿਖਾਵੇ ਮਾਤ੍ਰ) ਦਿਸਦੀ ਹੈ ਤੇ ਖਤਮ ਹੋ ਜਾਂਦੀ ਹੈ, ਵਸਦੀ ਤੇ ਉਜੜ ਜਾਂਦੀ ਹੈ। ੬. (ਪਰ ਅਸਲ ਵਿਚ) ਜੋ ਜੀਵਨ ਦਾ ਸੁਖ ਫਲ, ਸ਼ਬਦ ਦੀ ਦਾਤ (ਪ੍ਰਭੂ ਦਾ ਸਿਮਰਨ ਤੇ ਭਜਨ) ਹੈ, ਉਹ ਗੁਰੂ ਦੇ ਵਰੋਸਾਏ ਗੁਰਮੁਖ ਹੀ ਸੰਭਾਲਦੇ ਹਨ॥ ੬॥

੭. ਸੰਸਾਰ ਦਾ ਵਾਸਾ ਪੇਕਾ ਘਰ ਹੈ

੧. ਗੁਰਮੁਖਿ ਮਨਿ ਪਰਗਾਸੁ ਗੁਰਿ ਉਪਦੇਸਿਆ।
੨. ਪੇਈਅੜੈ ਘਰਿ ਵਾਸੁ ਮਿਟੈ ਅੰਦੇਸਿਆ।
੩. ਆਸਾ ਵਿਚਿ ਨਿਰਾਸੁ ਗਿਆਨੁ ਅਵੇਸਿਆ।
੪. ਸਾਧਸੰਗਤਿ ਰਹਰਾਸਿ ਸਬਦਿ ਸੰਦੇਸਿਆ।
੫. ਗੁਰਮੁਖਿ ਦਾਸਨਿ ਦਾਸ ਮਤਿ ਪਰਵੇਸਿਆ।
੬. ਸਿਮਰਣ ਸਾਸਿ ਗਿਰਾਸਿ ਦੇਸ ਵਿਦੇਸਿਆ॥ ੭॥

ਪਦ ਅਰਥ - ਪੇਈਅੜੈ=ਪੇਕਿਆਂ ਦਾ ਘਰ। ਅੰਦੇਸਿਆ=ਸੰਸੇ ਤੇ ਡਰ। ਅਵੇਸਿਆ=ਨਿਵਾਸ। ਵਿਦੇਸਿਆ=ਪਰਦੇਸ।

ਅਰਥ - ੧. ਗੁਰਮੁਖਾਂ ਦੇ ਮਨ ਵਿਚ ਚਾਨਣਾ ਹੋ ਜਾਂਦਾ ਹੈ, ਜਿਨ੍ਹਾਂ ਨੂੰ ਗੁਰੂ ਜੀ ਨੇ ਉਪਦੇਸ਼ ਦਿੱਤਾ ਹੈ। ੨. (ਉਹ ਸੰਸਾਰ ਦੇ ਵਸੇਬੇ ਨੂੰ) ਪੇਕੇ ਘਰ ਵਿਚ ਰਹਿਣੀ ਵਾਂਗ ਸਮਝਦੇ ਹਨ, (ਕਿਉਂਕਿ) ਉਨ੍ਹਾਂ ਦੇ ਅੰਦੇਸੇ ਤੇ ਭਰਮ ਮਿਟ ਚੁੱਕੇ ਹਨ। ੩. ਉਹ ਆਸਾ ਦੇ ਵਿਚ ਨਿਰਾਸ ਹੋ ਕੇ ਰਹਿੰਦੇ ਹਨ, (ਕਿਉਂਕਿ ਉਨ੍ਹਾਂ ਦੇ ਗੁਰੂ ਦੇ ਬਖਸ਼ੇ) ਗਿਆਨ ਵਿਚ ਵਾਸਾ ਹੋ ਜਾਂਦਾ ਹੈ। ੪. ਸਾਧ ਸੰਗਤ ਦੀ ਰਹੁਰੀਤੀ (ਇਹੋ ਹੈ ਕਿ ਸਾਧ ਸੰਗਤ ਵਿਚ ਜਾਣ ਵਾਲੇ ਨੂੰ) ਗੁਰ ਸ਼ਬਦ ਦਾ ਹੀ ਸੰਦੇਸ਼ਾ ਦਿੱਤਾ ਜਾਂਦਾ ਹੈ। ੫. ਗੁਰਮੁਖ ਨਿਮ੍ਰਤਾ ਧਾਰਨ ਕਰਕੇ ਦਾਸਾਂ ਦੇ ਦਾਸ ਬਣਨ ਦੀ ਮੱਤ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦੇ ਹਨ। ੬. ਉਹ ਸੁਆਸ ਸੁਆਸ ਪ੍ਰਭੂ ਦੇ ਸਿਮਰਨ ਵਿਚ ਹੀ ਗੁਜ਼ਾਰਦੇ ਹਨ। ਭਾਵੇਂ ਉਹ ਆਪਣੇ ਦੇਸ ਵਿਚ ਹੋਣ ਤੇ ਭਾਵੇਂ ਪ੍ਰਦੇਸ ਵਿਚ, ਸਿਮਰਨ ਨੂੰ ਜਾਰੀ ਰੱਖਦੇ ਹਨ॥ ੭॥

੮. ਜਗਤ ਦਾ ਵਾਸਾ ਬੇੜੀ ਦੇ ਪੂਰ ਤੇ ਦਰਖਤ ਦੀ ਛਾਂ ਵਰਗਾ ਹੈ

੧. ਨਦੀ ਨਾਵ ਸੰਜੋਗੁ ਮੇਲਿ ਮਿਲਾਇਆ।
੨. ਸੁਹਣੇ ਅੰਦਰਿ ਭੋਗੁ ਰਾਜੁ ਕਮਾਇਆ।
੩. ਕਦੇ ਹਰਖੁ ਕਦੇ ਸੋਗੁ ਤਰਵਰ ਛਾਇਆ।
੪. ਕਟੈ ਹਉਮੈ ਰੋਗੁ ਨ ਆਪੁ ਗਣਾਇਆ।
੫. ਘਰ ਹੀ ਅੰਦਰਿ ਜੋਗੁ ਗੁਰਮੁਖਿ ਪਾਇਆ।
੬. ਹੋਵਣਹਾਰ ਸੁ ਹੋਗੁ ਗੁਰ ਸਮਝਾਇਆ॥ ੮॥

ਪਦ ਅਰਥ - ਸੰਜੋਗੁ=ਮੇਲ। ਸੁਹਣੇ=ਸੁਪਨਾ। ਤਰਵਰ=ਬ੍ਰਿਛ। ਹੋਵਣਹਾਰ=ਜੋ ਕੁਝ ਹੋ ਰਿਹਾ ਹੈ। ਹੋਗੁ=ਹੁੰਦਾ ਹੈ।

ਅਰਥ - ੧. ਜਿਵੇਂ ਨਦੀ ਵਿਚ (ਬੇੜੀ ਦੇ ਪੂਰ) ਦਾ ਮੇਲ ਹੁੰਦਾ ਹੈ, ਪਰ ਨਦੀ ਤੋਂ ਪਾਰ ਹੁੰਦੇ ਹੀ ਸਭ ਆਪੋ ਆਪਣੇ ਰਾਹੀਂ ਪੈ ਜਾਂਦੇ ਹਨ। ੨. ਸੁਪਨੇ ਵਿਚ ਜੇ ਕੋਈ ਰਾਜਾ ਬਣ ਜਾਏ ਤਾਂ ਸੁਪਨੇ ਵਿਚ ਹੀ ਰਾਜਾ ਰਹੇਗਾ, ਜਾਗ ਖੁਲ੍ਹਣ 'ਤੇ ਸਭ ਕੁਝ ਖਤਮ ਹੋ ਜਾਂਦਾ ਹੈ। ੩. ਕਦੇ ਖੁਸ਼ੀ ਅਤੇ ਕਦੀ ਗਮੀ ਆ ਜਾਂਦੀ ਹੈ, ਬ੍ਰਿਛ ਦੀ ਛਾਂ ਵਾਂਗੂੰ ਟਿਕਣ ਵਾਲੀ ਕੋਈ ਵਸਤੂ ਨਹੀਂ ਹੈ। ੪. (ਪਰ ਜਿਨ੍ਹਾਂ ਗੁਰਮੁਖਾਂ ਦੇ ਸਤਿਗੁਰੂ ਦੀ ਕ੍ਰਿਪਾ ਨਾਲ) ਹਉਮੈ ਦੇ ਰੋਗ ਕੱਟੇ ਗਏ ਹਨ, ਉਹ ਆਪਣੀ ਇਸ ਵਡਿਆਈ ਨੂੰ ਕਿਸੇ ਤਾਈਂ ਜਣਾਉਂਦੇ ਨਹੀਂ ੫. (ਉਨ੍ਹਾਂ ਨੇ) ਘਰ ਵਿਚ ਰਹਿੰਦੇ ਹੀ ਜੋਗ-ਜੁਗਤ ਨੂੰ ਗੁਰਮੁਖਤਾਈ ਨਾਲ ਪ੍ਰਾਪਤ ਕਰ ਲਿਆ ਹੈ। ੬. ਉਹਨਾਂ ਗੁਰਮੁਖਾਂ ਨੂੰ ਸਤਿਗੁਰੂ ਜੀ ਨੇ ਇਹ ਗੱਲ ਦ੍ਰਿੜ੍ਹ ਕਰਾ ਦਿੱਤੀ ਹੈ ਕਿ ਜੋ ਕੁਛ ਵਰਤ ਰਿਹਾ ਹੈ, ਇਹ ਸਭ ਪ੍ਰਭੂ ਦਾ ਭਾਣਾ ਹੈ। (ਇਸ ਲਈ ਉਹ ਭਾਣੇ ਵਿਚ ਸ਼ਾਕਰ ਰਹਿੰਦੇ ਹਨ)॥ ੮॥

੯. ਗੁਰਮੁਖ ਦੀ ਜੀਵਨ-ਜੁਗਤੀ

੧. ਗੁਰਮੁਖਿ ਸਾਧੂ ਸੰਗੁ ਚਲਣੁ ਜਾਣਿਆ।
੨. ਚੇਤਿ ਬਸੰਤੁ ਸੁਰੰਗੁ ਸਭ ਰੰਗ ਮਾਣਿਆ।
੩. ਸਾਵਣ ਲਹਰਿ ਤਰੰਗ ਨੀਰੁ ਨੀਵਾਣਿਆ।
੪. ਸਜਣ ਮੇਲੁ ਸੁ ਢੰਗ ਚੋਜ ਵਿਡਾਣਿਆ।
੫. ਗੁਰਮੁਖਿ ਪੰਥੁ ਨਿਪੰਗੁ ਦਰਿ ਪਰਵਾਣਿਆ।
੬. ਗੁਰਮਤਿ ਮੇਲੁ ਅਭੰਗੁ ਸਤਿ ਸੁਹਾਣਿਆ॥ ੯॥

ਪਦ ਅਰਥ - ਚੇਤਿ ਬਸੰਤੁ=ਬਸੰਤ ਦਾ ਮੌਸਮ। ਸੁਰੰਗੁ=ਸੋਹਣਾ ਪ੍ਰੇਮ। ਸਾਵਣ=ਸਤਿਸੰਗ ਦੀ ਬਰਖਾ। ਲਹਰਿ ਤਰੰਗ=ਗੁਰ ਸ਼ਬਦ ਦੀ ਕਥਾ।

ਅਰਥ - ੧. ਗੁਰਮੁਖ ਨੇ ਸਾਧੂਆਂ ਦੇ ਸੰਗ ਵਿਚ ਬੈਠ ਕੇ (ਇਸ ਗੱਲ ਨੂੰ ਨਿਸ਼ਚਿਤ ਤੌਰ 'ਤੇ) ਜਾਣਿਆਂ ਹੈ ਕਿ (ਇਸ ਅਸਥਿਰ ਸੰਸਾਰ ਤੋਂ ਜ਼ਰੂਰ) ਚਲਣਾ ਪੈਣਾ ਹੈ। ੨. (ਮਨੁਖਾ ਜਨਮ) ਬਸੰਤ ਦੀ ਬਹਾਰ ਵਰਗਾ ਖੇੜੇ ਵਾਲਾ ਸਮਾਂ ਹੈ, ਜਿਸ ਦੇ ਸਭ ਰੰਗਾਂ ਨੂੰ (ਗੁਰਮੁਖ ਨੇ ਹਿਰਦੇ ਵਿਚ, ਸਾਧ ਸੰਗਤ ਕਰਕੇ) ਮਾਣ ਲਿਆ ਹੈ। ੩. ਸਾਵਣ ਦੇ ਮਹੀਨੇ ਵਿਚ ਵਰਖਾ ਦੇ ਮੀਂਹ ਦਾ ਪਾਣੀ ਨਿਵਾਣ ਵੱਲ ਹੀ ਜਾਂਦਾ ਹੈ। (ਗੁਰਮੁਖ ਨੇ ਇਸ ਤੋਂ ਸਿੱਖਿਆ ਲੈ ਕੇ ਨਿਮ੍ਰਤਾ ਧਾਰਨ ਕੀਤੀ ਹੈ ਤੇ ਸੰਸਾਰਕ ਭੋਗਾਂ ਤੇ ਰਸਾਂ ਕਸਾਂ ਤੋਂ ਮੂੰਹ ਭਵਾ ਲਿਆ ਹੈ)। ੪. (ਐਸੇ) ਸੱਜਣਾਂ ਦਾ ਮੇਲ ਵੀ ਬੜੇ ਹੀ ਸੁੰਦਰ ਰੰਗ ਢੰਗ ਵਾਲਾ ਤੇ ਅਸਚਰਜ ਕੌਤਕਾਂ ਵਾਲਾ ਹੁੰਦਾ ਹੈ। ੫. ਗੁਰਮੁਖਾਂ ਦਾ ਪੰਥ (ਰਸਤਾ) ਨਿਰੋਲ ਸ਼ੁੱਧ (ਮੈਲ ਜਾਂ ਦ੍ਵੈਤ-ਭਾਵ ਤੋਂ ਰਹਿਤ ਹੁੰਦਾ ਹੈ) ਜੋ ਪਰਮੇਸ਼ਰ ਦੇ ਦਰ (ਦਰਵਾਜ਼ੇ) ਦਾ ਪ੍ਰਮਾਣੀਕ ਰਾਹ ਹੈ। ੬. ਗੁਰਮੁਖ ਦਾ ਮੇਲ ਟੁੱਟਣ ਵਾਲਾ ਨਹੀਂ ਹੈ, ਉਨ੍ਹਾਂ ਨੂੰ ਸਤਿ ਸਰੂਪ (ਅਕਾਲ ਪੁਰਖ) ਹੀ ਸੁੰਦਰ ਤੇ ਸ਼ੋਭਾ ਵਾਲਾ ਲੱਗਦਾ ਹੈ, ਤੇ ਉਹ ਉਸੇ ਵਿਚ ਹੀ ਇਕ-ਰਸ ਲੀਨ ਹੋਏ ਰਹਿੰਦੇ ਹਨ॥ ੯॥

੧੦. ਗੁਰਮੁਖ ਦੀ ਪ੍ਰੇਮਾ-ਭਗਤੀ, ਸਫਲ ਜਨਮ ਦੀ ਸੂਚਕ ਹੈ

੧. ਗੁਰਮੁਖਿ ਸਫਲ ਜਨੰਮੁ ਜਗ ਵਿਚਿ ਆਇਆ।
੨. ਗੁਰਮਤਿ ਪੂਰ ਕਰੰਮੁ ਆਪੁ ਗਵਾਇਆ।
੩. ਭਾਉ ਭਗਤਿ ਕਰਿ ਕੰਮੁ ਸੁਖ ਫਲੁ ਪਾਇਆ।
੪. ਗੁਰ ਉਪਦੇਸੁ ਅਗੰਮੁ ਰਿਦੈ ਵਸਾਇਆ।
੫. ਧੀਰਜੁ ਧੁਜਾ ਧਰੰਮੁ ਸਹਜਿ ਸੁਭਾਇਆ।
੬. ਸਹੈ ਨ ਦੂਖ ਸਹੰਮੁ ਭਾਣਾ ਭਾਇਆ॥ ੧੦॥

ਪਦ ਅਰਥ - ਕਰੰਮੁ=ਬਖਸ਼ਿਸ਼। ਭਾਉ ਭਗਤਿ=ਪ੍ਰੇਮਾ-ਭਗਤੀ। ਅਗੰਮੁ=ਪਹੁੰਚ ਤੋਂ ਪਰੇ। ਧੁਜਾ=ਆਸਰਾ, ਝੰਡਾ।

ਅਰਥ - ੧. ਗੁਰਮੁਖਾਂ ਦਾ ਜਗ ਵਿਚ ਆਉਣਾ ਸਫਲਾ ਹੈ (ਕਿਉਂਕਿ ਉਨ੍ਹਾਂ ਦਾ ਮਾਰਗ ਗੁਰੂ ਦਾ ਦੱਸਿਆ ਉਪਦੇਸ਼ ਹੁੰਦਾ ਹੈ ਤੇ ਉਹ ਉਸ ਤੋਂ ਲਾਂਭੇ ਨਹੀਂ ਜਾਂਦੇ)। ੨. ਗੁਰੂ ਦੀ ਮੱਤ ਪੂਰੀ ਬਖਸ਼ਿਸ਼ ਕਰਦੀ ਹੈ, ਕਿਉਂਕਿ ਉਨ੍ਹਾਂ ਨੇ ਆਪਾ ਭਾਵ (ਦ੍ਵੈਤ ਤੇ ਦੂਈ ਨੂੰ ਆਪਣੇ ਹਿਰਦੇ ਵਿਚੋਂ) ਗਵਾ ਦਿੱਤਾ ਹੁੰਦਾ ਹੈ। ੩. ਉਨ੍ਹਾਂ ਦਾ ਹਰ ਕੰਮ ਭਾਉ (ਪ੍ਰੇਮਾ) ਭਗਤੀ ਦੇ ਦਾਇਰੇ ਵਿਚ ਹੁੰਦਾ ਹੈ, ਜਿਸ ਕਰਕੇ ਉਹ ਸੁਖ ਫਲ ਪ੍ਰਾਪਤ ਕਰਦੇ ਹਨ। ੪. ਉਨ੍ਹਾਂ ਨੇ ਆਪਣੇ ਹਿਰਦੇ ਵਿਚ ਸਤਿਗੁਰੂ ਦੇ ਬਖਸ਼ੇ ਅਗੰਮ (ਅਪਹੁੰਚ ਪ੍ਰਭੂ

ਦੇ) ਉਪਦੇਸ਼ ਨੂੰ ਵਸਾ ਲਿਆ ਹੁੰਦਾ ਹੈ। ੫. ਉਨ੍ਹਾਂ ਨੇ ਸਹਿਜ ਸੁਭਾਅ ਹੀ ਆਪਣੇ ਆਪ ਨੂੰ ਧੀਰਜ ਤੇ ਧਰਮ ਦੀ ਧੁਜਾ ਬਣਾਇਆ ਹੋਇਆ ਹੈ। ੬. ਉਹ ਦੁੱਖਾਂ ਤੋਂ ਦੁੱਖੀ ਨਹੀਂ ਹੁੰਦੇ, ਕਿਉਂਕਿ ਉਹਨਾਂ ਨੂੰ ਪ੍ਰਭੂ ਦਾ ਭਾਣਾ ਮਿੱਠਾ ਲੱਗਦਾ ਹੈ॥ ੧੦॥

੧੧. ਗੁਰਮੁਖ ਦੀ ਜੀਵਨ-ਕਿਰਿਆ

੧. ਗੁਰਮੁਖਿ ਦੁਰਲਭ ਦੇਹ ਅਉਸਰੁ ਜਾਣਦੇ।
੨. ਸਾਧਸੰਗਤਿ ਅਸਨੇਹ ਸਭ ਰੰਗ ਮਾਣਦੇ।
੩. ਸਬਦ ਸੁਰਤਿ ਲਿਵ ਲੇਹ ਆਖਿ ਵਖਾਣਦੇ।
੪. ਦੇਹੀ ਵਿਚਿ ਬਿਦੇਹ ਸਚੁ ਸਿਞਾਣਦੇ।
੫. ਦੁਬਿਧਾ ਓਹੁ ਨ ਏਹੁ ਇਕੁ ਪਛਾਣਦੇ।
੬. ਚਾਰਿ ਦਿਹਾੜੇ ਥੇਹੁ ਮਨ ਵਿਚਿ ਆਣਦੇ॥ ੧੧॥

ਪਦ ਅਰਥ - ਅਉਸਰੁ=ਵੇਲਾ। ਅਸਨੇਹ=ਪ੍ਰੇਮ-ਪਿਆਰ। ਲੇਹ=ਰਸ। ਬਿਦੇਹ=ਜੀਵਨ ਮੁਕਤਿ। ਥੇਹੁ=ਸੰਸਾਰ।

ਅਰਥ - ੧. ਗੁਰਮੁਖ (ਮਨੁਖਾ) ਦੇਹ ਨੂੰ ਇੱਕ ਅਲੱਭ ਵਸਤੂ ਦੇ ਲੱਭਣ ਵਾਲਾ ਸਮਾਂ ਜਾਣਦੇ ਹਨ। ੨. ਉਹ ਸਾਧ ਸੰਗਤ ਵਿਚ ਆਪਣਾ ਪ੍ਰੇਮ ਲਾਉਂਦੇ ਹਨ (ਤੇ ਸ਼ਬਦ ਦੀ ਵਿਚਾਰ ਵਿਚ ਹੀ) ਸਾਰੇ ਰੰਗ ਮਾਣਦੇ ਹਨ। ੩. (ਸਾਧ ਸੰਗਤ ਵਿਚ ਜਾ ਕੇ ਉਹ) ਸ਼ਬਦ ਤੇ ਸੁਰਤ ਦੀ ਲਿਵ ਲਾਉਂਦੇ ਤੇ ਲਿਵ-ਧਿਆਨ ਦੇ ਰਸ ਨੂੰ ਹੀ ਮਾਣਦੇ ਤੇ ਵਖਾਣਦੇ (ਮੂੰਹੋਂ ਕਹਿੰਦੇ) ਹਨ। ੪. ਦੇਹੀ ਵਿਚ ਰਹਿੰਦੇ ਹੋਏ ਹੀ ਉਹ ਦੇਹ ਦੇ ਨਾਸ਼ਮਾਨ ਸੁਖਾਂ ਦਾ ਤਿਆਗ ਕਰ ਦੇਂਦੇ ਹਨ ਤੇ ਇੱਕ ਸੱਚ ਨੂੰ ਹੀ ਸਿਆਣਦੇ ਹਨ। ੫. ਉਨ੍ਹਾਂ ਲਈ ਦੁਬਿਧਾ ਨਾ ਏਥੇ ਨਾ ਓਥੇ (ਅੱਗੇ) ਹੈ, (ਕਿਉਂਕਿ ਉਹ ਕੇਵਲ) ਇੱਕ (ਪ੍ਰਭੂ) ਨੂੰ ਹੀ ਪਛਾਣਦੇ ਹਨ। ੬. (ਉਹ ਸਮਝ ਲੈਂਦੇ ਹਨ ਕਿ) ਇਹ ਸੰਸਾਰ ਚਾਰ ਦਿਨਾਂ ਲਈ (ਜ਼ਿੰਦਗੀ) ਹੈ, (ਤੇ ਇਹੋ ਗੱਲ) ਉਹ ਮਨ ਵਿਚ ਵਸਾ ਲੈਂਦੇ ਹਨ॥ ੧੧॥

੧੨. ਜਗਤ ਦਾ ਤਾਰਕ—ਸੱਚਾ ਗੁਰਮੁਖ

੧. ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।
੨. ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।
੩. ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।
੪. ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ।

੫. ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ।
੬. ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ॥ ੧੨॥

ਪਦ ਅਰਥ - ਵਿਰਲਾ=ਕੋਈ ਇਕੋ ਹੀ। ਆਪੁ=ਆਪਾ-ਭਾਵ। ਸਚੁ ਕਮਾਇਆ=ਸੱਚ ਦੀ ਕਮਾਈ ਕੀਤੀ। ਸਵਾਰਿ=ਸਫਲਾ ਕਰਕੇ।

ਅਰਥ - ੧. ਕੋਈ ਪਰਉਪਕਾਰੀ ਗੁਰਮੁਖ (ਸੰਸਾਰ 'ਤੇ) ਵਿਰਲਾ ਹੀ ਜਨਮ ਲੈਂਦਾ ਹੈ। ੨. ਗੁਰਮੁਖ ਓਹੀ ਹੈ, ਜਿਸ ਵਿਚ ਆਪਾ (ਦ੍ਵੈਤ ਭਾਵ) ਨਹੀਂ, ਉਸੇ ਗੁਰਮੁਖ ਨੇ ਹੀ (ਪ੍ਰਭੂ ਦੇ ਬਖਸ਼ੇ) ਸੁਖ ਫਲ (ਗੁਰਮੁਖਤਾਈ) ਨੂੰ ਪ੍ਰਾਪਤ ਕੀਤਾ ਹੈ। ੩. ਗੁਰਮੁਖਾਂ (ਦਾ ਕੰਮ ਏਹੀ ਹੈ ਕਿ ਉਹ) ਸ਼ਬਦ ਤੇ ਸ਼ਬਦ ਦੀ ਕਥਾ (ਸਾਖੀ) ਤੇ ਉਸ ਦੀ ਸਿੱਖਿਆ ਹੋਰ ਸਿੱਖਾਂ ਨੂੰ ਸੁਣਾਉਂਦੇ ਹਨ। ੪. ਗੁਰਮੁਖ ਸ਼ਬਦ ਦੀ ਵਿਚਾਰ ਵਿਚ ਹੀ ਲਿਵਲੀਨ ਰਹਿੰਦੇ ਹਨ ਤੇ (ਸੱਚ) ਤੇ ਉਪਦੇਸ਼ ਦੀ ਹੀ ਕਮਾਈ ਕਰਦੇ ਹਨ, (ਸੱਚ ਵਿਚ ਜ਼ਿੰਦਗੀ ਨੂੰ ਢਾਲ ਦੇਂਦੇ ਹਨ)। ੫. ਉਹਨਾਂ ਦੇ ਹਿਰਦੇ ਵਿਚ ਵੀ ਸੱਚ ਤੇ ਮੂੰਹ ਵਿਚ ਵੀ ਸੱਚ ਹੀ ਹੁੰਦਾ ਹੈ, ਭਾਵ ਉਹ ਅੰਦਰੋਂ ਬਾਹਰੋਂ ਸੱਚੇ ਹੁੰਦੇ ਹਨ ਤੇ ਸੱਚ ਹੀ ਉਹਨਾਂ ਨੂੰ ਸੋਹਣਾ ਲੱਗਦਾ ਹੈ ਤੇ ਸੱਚ ਨਾਲ ਉਹ ਆਪ ਵੀ ਸ਼ੋਭਾ ਵਾਲੇ ਹੋ ਜਾਂਦੇ ਹਨ। ੬. (ਇਸ ਤਰ੍ਹਾਂ) ਗੁਰਮੁਖ ਆਪਣੇ ਜੀਵਨ ਨੂੰ ਸਵਾਰ (ਭਾਵ ਸਫਲਾ ਕਰ) ਲੈਂਦੇ ਹਨ (ਤੇ ਅਜੇਹੇ ਗੁਰਮੁਖਾਂ ਦੀ ਸੰਗਤ ਕਰਨ ਵਾਲਾ) ਜਗਤ ਵੀ ਤਰ ਜਾਂਦਾ ਹੈ॥ ੧੨॥

੧੩. ਗੁਰਮੁਖ ਦੀ ਜੀਵਨ-ਚਾਲ

੧. ਗੁਰਮੁਖਿ ਆਪੁ ਗਵਾਇ ਆਪੁ ਪਛਾਣਿਆ।
੨. ਗੁਰਮੁਖਿ ਸਤਿ ਸੰਤੋਖੁ ਸਹਜਿ ਸਮਾਣਿਆ।
੩. ਗੁਰਮੁਖਿ ਧੀਰਜੁ ਧਰਮੁ ਦਇਆ ਸੁਖੁ ਮਾਣਿਆ।
੪. ਗੁਰਮੁਖਿ ਅਰਥੁ ਵੀਚਾਰਿ ਸਬਦੁ ਵਖਾਣਿਆ।
੫. ਗੁਰਮੁਖਿ ਹੋਂਦੇ ਤਾਣ ਰਹੈ ਨਿਤਾਣਿਆ।
੬. ਗੁਰਮੁਖਿ ਦਰਗਹ ਮਾਣੁ ਹੋਇ ਨਿਮਾਣਿਆ॥ ੧੩॥

ਪਦ ਅਰਥ - ਸਮਾਣਿਆ=ਸਮਾ, ਲੀਨ ਹੋ ਗਏ। ਵਖਾਣਿਆ=ਕਿਹਾ। ਮਾਣਿਆ=ਮਾਣਨਾ ਕੀਤਾ।

ਅਰਥ - ੧. ਗੁਰਮੁਖਾਂ ਨੇ ਆਪਾ-ਭਾਵ (ਹਉਮੈ ਤੇ ਹੰਗਤਾ) ਨੂੰ ਗਵਾ ਕੇ ਆਪਣੇ ਆਪੇ ਨੂੰ (ਸ੍ਵੈ-ਸਰੂਪ) ਨੂੰ ਪਛਾਣਿਆਂ ਹੈ। ੨. ਗੁਰਮੁਖਿ ਸਤਿ, ਸੰਤੋਖ ਵਿਚ ਹੀ ਵਰਤਦਾ ਹੈ ਤੇ ਫਿਰ ਸਹਜ-ਪਦ ਵਿਚ ਸਮਾ ਜਾਂਦਾ ਹੈ। ੩. ਗੁਰਮੁਖ ਧੀਰਜਵਾਨ, ਧਰਮ ਵਾਲਾ ਤੇ ਦਇਆ (ਨੂੰ ਆਪਣੇ ਜੀਵਨ ਦਾ ਅੰਗ ਬਣਾ ਕੇ ਸੱਚਾ) ਸੁਖ ਮਾਣਦਾ ਹੈ। ੪. ਗੁਰਮੁਖ ਨੇ ਸ਼ਬਦ ਦੇ ਅਰਥਾਂ ਨੂੰ ਵੀਚਾਰ (ਸਮਝ ਕੇ) ਫਿਰ ਸ਼ਬਦ ਦਾ ਜਾਪ ਕੀਤਾ ਹੈ ਤੇ ਵਰਣਨ ਕੀਤਾ ਹੈ। ੫. ਗੁਰਮੁਖ ਵਿਚ ਭਾਵੇਂ ਕਿੰਨਾ ਤਾਣ (ਜ਼ੋਰ) ਹੋਵੇ, ਪਰ ਉਹ ਤਾਣ ਹੁੰਦੇ ਵੀ ਨਿਤਾਣਾ ਰਹਿੰਦਾ ਹੈ, (ਕਿਸੇ ਨਾਲ ਜ਼ੋਰ ਨਹੀਂ ਕਰਦਾ, ਨਾ ਦਿਖਾਉਂਦਾ ਹੀ ਹੈ)। ੬. (ਇਸੇ

ਤਰ੍ਹਾਂ ਦੀ ਗੁਜ਼ਰਾਨ ਕਰਨ ਕਰਕੇ, ਐਸੇ) ਨਿਤਾਣਾ ਰਹਿਣ ਵਾਲੇ ਗੁਰਮੁਖ ਨੂੰ (ਪ੍ਰਭੂ ਦੀ) ਦਰਗਾਹ (ਦਰਬਾਰ) ਵਿਚ ਮਾਣ ਪ੍ਰਾਪਤ ਹੁੰਦਾ ਹੈ॥ ੧੩॥

੧੪. ਰੱਬ ਦੀ ਰਜ਼ਾ ਦੇ ਪੁਜਾਰੀ, ਗੁਰਮੁਖ

੧. ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।
੨. ਸਚੀ ਦਰਗਹ ਜਾਇ ਸਚਾ ਪਿੜੁ ਮਲਿਆ।
੩. ਗੁਰਮੁਖਿ ਭੋਜਨੁ ਭਾਉ ਚਾਉ ਅਲਲਿਆ।
੪. ਗੁਰਮੁਖਿ ਨਿਹਚਲੁ ਚਿਤੁ ਨ ਹਲੈ ਹਲਿਆ।
੫. ਗੁਰਮੁਖਿ ਸਚੁ ਅਲਾਉ ਭਲੀ ਹੂੰ ਭਲਿਆ।
੬. ਗੁਰਮੁਖਿ ਸਦੇ ਜਾਨਿ ਆਵਨਿ ਘਲਿਆ॥ ੧੪॥

ਪਦ ਅਰਥ - ਸਵਾਰਿ=ਸਫਲਾ ਕਰਕੇ। ਪਿੜ=ਮੈਦਾਨ। ਅਲਲਿਆ=ਅਡੋਲ, ਸਥਿਰ। ਅਲਾਉ=ਬੋਲਦੇ ਹਨ।

ਅਰਥ - ੧. ਗੁਰਮੁਖ (ਜਗਤ ਵਿਚੋਂ ਆਪਣੇ) ਜਨਮ ਨੂੰ ਸੰਵਾਰ ਕੇ (ਭਾਵ ਸਫਲਾ ਕਰਕੇ) ਦਰਗਾਹ (ਪਰਲੋਕ) ਨੂੰ ਚਲਦੇ ਹਨ। ੨. (ਉਹਨਾਂ ਨੇ ਪ੍ਰਭੂ ਦੀ) ਸੱਚੀ ਦਰਗਾਹ (ਦਰਬਾਰ) ਵਿਚ ਜਾ ਕੇ, ਸੱਚਾ ਪਿੜ (ਸੱਚ ਵਾਲੇ ਪਾਸੇ ਜਿਥੇ ਅੱਗੇ ਵੀ ਮਹਾਨ ਪੁਰਖ ਬੈਠੇ ਹੁੰਦੇ ਹਨ ਉਥੇ) ਆਪਣੀ ਰੱਖੀ ਥਾਂ ਨੂੰ ਜਾ ਮਲਿਆ। ੩. ਗੁਰਮੁਖਾਂ ਦਾ ਭੋਜਨ ਵੀ ਪ੍ਰੇਮ ਦਾ ਹੀ ਭੋਜਨ ਹੈ ਤੇ ਉਤਸ਼ਾਹ ਵੀ ਐਸਾ ਵੱਡਾ ਤੇ ਅਡੋਲ (ਸਥਿਰ ਰਹਿਣ ਵਾਲਾ) ਹੈ (ਕਿ ਚਾਉ ਮੁਕਦਾ ਹੀ ਨਹੀਂ, ਸਦਾ ਹੀ ਖੇੜਾ ਤੇ ਉਤਸ਼ਾਹ ਕਾਇਮ ਰਹਿੰਦਾ ਹੈ)। ੪. ਗੁਰਮੁਖਾਂ ਦਾ ਚਿਤ (ਸਿਮਰਨ ਵਿਚ) ਨਿਹਚਲ ਹੈ, (ਜੋ ਦੁੱਖਾਂ ਸੁਖਾਂ ਦੇ) ਹਿਲਾਏ ਹਿਲਦੇ ਨਹੀਂ। ੫. ਗੁਰਮੁਖ ਜੋ ਬੋਲਦੇ ਹਨ, ਸਭ ਸੱਚ ਹੀ ਬੋਲਦੇ ਹਨ ਤੇ ਉਨ੍ਹਾਂ ਦਾ ਬੋਲਣਾ ਭਲਿਆਂ ਤੋਂ ਵੀ ਭਲਾ ਹੁੰਦਾ ਹੈ। ੬. (ਅਜੇਹੇ) ਗੁਰਮੁਖ (ਪ੍ਰਭੂ ਦੇ) ਸੱਦੇ ਆਉਣ 'ਤੇ ਹੀ (ਪ੍ਰਭੂ ਕੋਲ) ਜਾਂਦੇ ਹਨ ਤੇ ਉਸ ਦੇ ਘਲਣ ਨਾਲ ਹੀ (ਸੰਸਾਰ 'ਤੇ) ਆਉਂਦੇ ਹਨ॥ ੧੪॥

੧੫. ਗੁਰਮੁਖ ਦੇ ਅਮੋਲਕ ਗੁਣਾਂ ਦੀ ਝਾਕੀ

੧. ਗੁਰਮੁਖਿ ਸਾਧਿ ਅਸਾਧੁ ਸਾਧੁ ਵਖਾਣੀਐ।
੨. ਗੁਰਮੁਖਿ ਬੁਧਿ ਬਿਬੇਕ ਬਿਬੇਕੀ ਜਾਣੀਐ।
੩. ਗੁਰਮੁਖਿ ਭਾਉ ਭਗਤਿ ਭਗਤੁ ਪਛਾਣੀਐ।
੪. ਗੁਰਮੁਖਿ ਬ੍ਰਹਮ ਗਿਆਨੁ ਗਿਆਨੀ ਬਾਣੀਐ।

੫. ਗੁਰਮੁਖਿ ਪੂਰਣ ਮਤਿ ਸਬਦਿ ਨੀਸਾਣੀਐ।
੬. ਗੁਰਮੁਖਿ ਪਉੜੀ ਪਤਿ ਪਿਰਮ ਰਸੁ ਮਾਣੀਐ॥ ੧੫॥

ਪਦ ਅਰਥ - ਅਸਾਧੁ=ਨਾ ਸਾਧੇ ਜਾਣ ਵਾਲੇ। ਬਿਬੇਕੀ=ਤੱਤ ਗਿਆਨ ਦੇ ਜਾਣਨਹਾਰ। ਬਾਣੀਐ=ਬਾਣ ਵਾਲੇ। ਪਿਰਮ ਰਸੁ=ਪ੍ਰੀਤਮ ਤੇ ਆਨੰਦ।

ਅਰਥ - ੧. ਗੁਰਮੁਖ ਉਨ੍ਹਾਂ ਅਸਾਧ ਰੋਗਾਂ (ਵਿਕਾਰਾਂ—ਕਾਮ, ਕ੍ਰੋਧ ਆਦਿ ਜੋ ਜਿੱਤੇ ਜਾਣੇ ਅਸਾਨ ਨਹੀਂ) ਨੂੰ ਜਿੱਤ ਲੈਂਦੇ ਹਨ, (ਇਸੇ ਲਈ ਹੀ ਉਹ) ਸਾਧੂ ਕਹੇ ਜਾਂਦੇ ਹਨ। ੨. ਗੁਰਮੁਖਾਂ ਦੀ ਬੁਧੀ ਬਿਬੇਕ (ਵਿਚਾਰਵਾਨ) ਵਾਲੀ ਹੁੰਦੀ ਹੈ, ਇਸੇ ਲਈ ਹੀ ਉਹ ਸ਼ੁਭ ਵਿਚਾਰਾਂ ਵਾਲੇ ਜਾਣੇ ਜਾਂਦੇ ਹਨ। ੩. ਗੁਰਮੁਖਾਂ ਵਿਚ ਪ੍ਰੇਮਾ-ਭਗਤੀ ਹੁੰਦੀ ਹੈ, ਇਸੇ ਲਈ ਉਹ ਭਗਤ ਕਰਕੇ ਹੀ ਪਛਾਣੇ ਜਾਂਦੇ ਹਨ। ੪. ਗੁਰਮੁਖਾਂ ਨੂੰ ਇਹ ਗਿਆਨ ਹੁੰਦਾ ਹੈ ਕਿ ਸੰਸਾਰ ਵਿਚ ਸਭ ਕੁਝ ਬ੍ਰਹਮ ਹੀ ਬ੍ਰਹਮ ਹੈ, ਇਸੇ ਲਈ ਉਹ ਬ੍ਰਹਮ ਗਿਆਨੀ ਕਰਕੇ ਜਾਣੇ ਜਾਂਦੇ ਹਨ। ੫. ਗੁਰਮੁਖ ਪੂਰਨ ਮਤਵਾਨ ਹੁੰਦੇ ਹਨ, ਉਨ੍ਹਾਂ ਦੀ ਮੱਤ (ਬੋਲਾਂ) ਵਿਚੋਂ ਗੁਰੂ ਦੇ ਸ਼ਬਦ ਦੀ ਸਿੱਖਿਆ ਵਾਲੀ ਮੱਤ ਦੀ ਹੀ ਨਿਸ਼ਾਨੀ ਪ੍ਰਗਟ ਹੁੰਦੀ ਹੈ। ੬. ਗੁਰਮੁਖ (ਪ੍ਰਭੂ ਦੀ ਬਖਸ਼ੀ) ਪਤ-ਅਬਰੋ (ਇਜ਼ਤ ਸਨਮਾਨ ਦੀ ਪਉੜੀ 'ਤੇ ਚੜ੍ਹ ਕੇ (ਪ੍ਰਭੂ ਦੇ) ਪ੍ਰੇਮ ਰਸ ਨੂੰ ਮਾਣਦੇ ਹਨ॥ ੧੫॥

੧੬. ਗੁਰਮੁਖ ਦੀਆਂ ਵਡਿਆਈਆਂ

੧. ਸਚੁ ਨਾਉ ਕਰਤਾਰੁ ਗੁਰਮੁਖਿ ਪਾਈਐ।
੨. ਗੁਰਮੁਖਿ ਓਅੰਕਾਰੁ ਸਬਦਿ ਧਿਆਈਐ।
੩. ਗੁਰਮੁਖਿ ਸਬਦੁ ਵੀਚਾਰੁ ਸਦਾ ਲਿਵ ਲਾਈਐ।
੪. ਗੁਰਮੁਖਿ ਸਚੁ ਅਚਾਰੁ ਸਚੁ ਕਮਾਈਐ।
੫. ਗੁਰਮੁਖਿ ਮੋਖ ਦੁਆਰੁ ਸਹਜਿ ਸਮਾਈਐ।
੬. ਗੁਰਮੁਖਿ ਨਾਮੁ ਅਧਾਰੁ ਨ ਪਛੋਤਾਈਐ॥ ੧੬॥

ਪਦ ਅਰਥ - ਸਬਦਿ=ਪਰਮੇਸ਼ਰ ਦਾ ਨਾਮ। ਲਿਵ=ਧਿਆਨ। ਅਚਾਰੁ=ਜੀਵਨ ਢੱਜ। ਮੋਖ=ਮੁਕਤੀ। ਸਹਜਿ=ਚੋਥਾ ਪਦ।

ਅਰਥ - ੧. ਗੁਰਮੁਖਾਂ ਤੋਂ ਸੱਚੇ ਪ੍ਰਭੂ ਦਾ ਸੱਚਾ ਨਾਮ ਪ੍ਰਾਪਤ ਹੁੰਦਾ ਹੈ। ੨. ਗੁਰਮੁਖ ਓਅੰਕਾਰ (ਪ੍ਰਭੂ ਦੇ ਸੱਚੇ) ਨਾਮ ਤੇ ਸ਼ਬਦ ਦਾ ਧਿਆਨ ਧਰਦੇ ਹਨ। ੩. ਗੁਰਮੁਖਾਂ ਕੋਲ ਹੀ ਪ੍ਰਭੂ ਦੇ ਸੱਚੇ ਸ਼ਬਦ ਦੀ ਵੀਚਾਰ ਹੁੰਦੀ ਹੈ, ਤੇ ਉਹ ਸਦਾ ਸ਼ਬਦ ਦੀ ਵਿਚਾਰ ਵਿਚ ਹੀ ਮਨ ਨੂੰ ਜੋੜਦੇ (ਲਿਵ ਲਾਉਂਦੇ) ਹਨ ੪. ਗੁਰਮੁਖਾਂ ਦਾ ਆਚਾਰ (ਵਰਤੋਂ ਵਿਹਾਰ) ਸੱਚਾ ਹੈ, ਤੇ ਉਹ ਸਦਾ ਸੱਚ ਦੀ ਹੀ ਕਮਾਈ ਕਰਦੇ ਹਨ। ੫. (ਕਿਉਂਕਿ ਉਹ ਸੱਚ ਤੇ ਸੱਚੇ ਦੇ ਨਾਮ ਸਿਮਰਨ ਤੋਂ ਐਧਰ ਓਧਰ ਨਹੀਂ ਹੁੰਦੇ), ਇਸ ਲਈ ਗੁਰਮੁਖਾਂ ਦੇ ਦਰਸ਼ਨ ਹੀ ਮੋਖ ਦਾ ਦਰਵਾਜ਼ਾ ਹਨ, (ਤੇ ਉਨ੍ਹਾਂ ਦੇ ਦਰਸ਼ਨਾਂ ਨਾਲ) ਸਹਿਜ ਪਦ ਵਿਚ

ਲੀਨ ਹੋ ਜਾਈਦਾ ਹੈ। ੬. (ਗੁਰਮੁਖਾਂ ਨੂੰ ਕੇਵਲ ਸੱਚੇ) ਨਾਮ ਦਾ ਹੀ ਆਸਰਾ ਹੈ (ਨਾਮ ਦੇ ਆਧਾਰ ਨਾਲ ਉਹ) ਦੁੱਖ ਦਾ ਪਛੋਤਾਵਾ ਨਹੀਂ ਕਰਦੇ, ਭਾਵ ਦੁੱਖ ਨੂੰ ਦੁੱਖ ਨਹੀਂ ਮੰਨਦੇ, ਭਾਣੇ ਵਿਚ ਹੀ ਖੁਸ਼ ਤੇ ਪ੍ਰਸੰਨ ਰਹਿੰਦੇ ਹਨ॥ ੧੬॥

੧੭. ਗੁਰਮੁਖਤਾਈ ਦੀ ਵਿਸ਼ੇਸ਼ਤਾ

੧. ਗੁਰਮੁਖਿ ਪਾਰਸੁ ਪਰਸਿ ਪਾਰਸੁ ਹੋਈਐ।
੨. ਗੁਰਮੁਖਿ ਹੋਇ ਅਪਰਸੁ ਦਰਸੁ ਅਲੋਈਐ।
੩. ਗੁਰਮੁਖਿ ਬ੍ਰਹਮ ਧਿਆਨੁ ਦੁਬਿਧਾ ਖੋਈਐ।
੪. ਗੁਰਮੁਖਿ ਪਰ ਧਨ ਰੂਪ ਨਿੰਦ ਨ ਗੋਈਐ।
੫. ਗੁਰਮੁਖਿ ਅੰਮ੍ਰਿਤੁ ਨਾਉ ਸਬਦੁ ਵਿਲੋਈਐ।
੬. ਗੁਰਮੁਖਿ ਹਸਦਾ ਜਾਇ ਅੰਤ ਨ ਰੋਈਐ॥ ੧੭॥

ਪਦ ਅਰਥ - ਪਰਸਿ=ਛੁਹ ਕੇ। ਅਪਰਸੁ=ਅਛੋਹ। ਅਲੋਈਐ=ਵੇਖਣਾ। ਗੋਈਐ=ਕਥਨ ਕਰਨਾ। ਵਿਲੋਈਐ=ਰਿੜਕਣਾ।

ਅਰਥ - ੧. ਗੁਰਮੁਖ (ਪਾਰਸ) ਦੀ ਇਹ ਵਿਸ਼ੇਸ਼ਤਾ ਹੈ ਕਿ ਉਸ ਨਾਲ ਛੋਹਣ ਕਰਕੇ ਉਸ ਵਰਗੇ ਪਾਰਸ ਬਣ ਜਾਈਦਾ ਹੈ। ੨. ਗੁਰਮੁਖ (ਸੰਸਾਰ ਵਿਚ ਰਹਿੰਦੇ ਹੋਏ, ਸੰਸਾਰੀ ਵਿਕਾਰਾਂ) ਤੋਂ ਨਿਰਲੇਪ ਹੋ ਰਹਿੰਦੇ ਹਨ ਤੇ (ਹਿਰਦੇ ਵਿਚ ਕੇਵਲ ਪ੍ਰਭੂ ਦੇ) ਦਰਸ਼ਨਾਂ ਨੂੰ ਹੀ ਲੋਚਦੇ ਹਨ। ੩. (ਇਸੇ ਲਈ ਉਨ੍ਹਾਂ) ਗੁਰਮੁਖਾਂ ਦਾ ਬ੍ਰਹਮ (ਪਰਮੇਸ਼ਰ) ਵਿਚ ਹੀ ਧਿਆਨ ਲੱਗਾ ਰਹਿੰਦਾ ਤੇ ਉਹ ਦੁਬਿਧਾ (ਦ੍ਵੈਤ ਭਾਵ) ਨੂੰ ਮੇਟ ਤੇ ਗਵਾ ਦੇਂਦੇ ਹਨ। ੪. ਗੁਰਮੁਖ ਪਰ ਧਨ ਤੇ (ਪਰ ਇਸਤ੍ਰੀ ਦੇ) ਰੂਪ ਵੱਲ (ਨਹੀਂ ਵੇਖਦੇ), ਨਾ ਨਿੰਦਿਆ ਸੁਣਦੇ ਹਨ ਤੇ ਨਾ ਹੀ ਕਰਦੇ ਹਨ। ੫. ਗੁਰਮੁਖ ਕੇਵਲ (ਪ੍ਰਭੂ ਦੇ) ਅੰਮ੍ਰਿਤ ਨਾਮ ਨੂੰ ਜਪਦੇ ਤੇ (ਗੁਰੂ ਕੇ) ਸ਼ਬਦ ਦਾ ਵਿਚਾਰ (ਰਿੜਕਣਾ) ਕਰਦੇ ਹਨ। ੬. ਗੁਰਮੁਖ ਅੰਤ ਸਮੇਂ (ਪ੍ਰਭੂ ਕੋਲ ਜਾਂਦੇ) ਹੱਸਦੇ ਹਨ ਤੇ (ਮੌਤ ਦੇ ਦੁੱਖ ਨਾਲ) ਰੋਂਦੇ ਵੀ ਨਹੀਂ, ਭਾਵ ਅੰਤ ਸਮੇਂ ਵੀ ਆਨੰਦ ਵਿਚ ਹੀ ਰਹਿੰਦੇ ਹਨ॥ ੧੭॥

੧੮. ਗੁਰਮੁਖ ਦੀ ਵਿਚਿੱਤ੍ਰਤਾ

੧. ਗੁਰਮੁਖਿ ਪੰਡਿਤੁ ਹੋਇ ਜਗੁ ਪਰਬੋਧੀਐ।
੨. ਗੁਰਮੁਖਿ ਆਪੁ ਗਵਾਇ ਅੰਦਰੁ ਸੋਧੀਐ।
੩. ਗੁਰਮੁਖਿ ਸਤੁ ਸੰਤੋਖੁ ਨ ਕਾਮੁ ਕਰੋਧੀਐ।
੪. ਗੁਰਮੁਖਿ ਹੈ ਨਿਰਵੈਰੁ ਨ ਵੈਰ ਵਿਰੋਧੀਐ।

੫. ਚਹੁ ਵਰਨਾ ਉਪਦੇਸੁ ਸਹਜਿ ਸਮੋਧੀਐ।
੬. ਧੰਨੁ ਜਣੇਦੀ ਮਾਉ ਜੋਧਾ ਜੋਧੀਐ॥ ੧੮॥

ਪਦ ਅਰਥ - ਪਰਬੋਧੀਐ=ਸਿੱਖਿਆ ਦੇਣੀ। ਵਿਰੋਧੀਐ=ਵਿਰੋਧਤਾ ਤੇ ਵੈਰ ਭਾਵਨਾ। ਸਮੋਧੀਐ=ਸਮਾਉਣਾ। ਜੋਧਾ ਜੋਧੀਐ=ਜੋਧਿਆਂ ਵਿਚੋਂ ਵੱਡਾ ਜੋਧਾ।

ਅਰਥ - ੧. ਗੁਰਮੁਖ ਪੰਡਿਤ (ਵਿਦਵਾਨ) ਹੋ ਕੇ ਜਗਤ ਨੂੰ ਉਪਦੇਸ਼ (ਸਿੱਖਿਆ) ਦੇਂਦੇ ਹਨ। ੨. ਗੁਰਮੁਖ ਆਪਾ ਭਾਵ (ਦ੍ਵੈਤ) ਨੂੰ ਗੁਆ ਦੇਂਦੇ ਹਨ, ਤੇ ਆਪਣੇ ਅੰਦਰ (ਇੰਦ੍ਰਿਆਂ ਤੇ ਮਨ ਦੀ) ਸੋਧ ਸੁਧਾਈ ਕਰਦੇ ਹਨ। ੩. ਗੁਰਮੁਖ ਸਤ ਤੇ ਸੰਤੋਖ (ਸੱਚ ਅਤੇ ਸਬਰ) ਦੇ ਧਨੀ ਹੁੰਦੇ ਹਨ ਤੇ ਉਹਨਾਂ ਅੰਦਰ ਨਾ ਕਾਮ-ਵਾਸ਼ਨਾ ਹੁੰਦੀ ਹੈ ਤੇ ਨਾ ਹੀ ਕਰੋਧ ਦੀ ਭਾਵਨਾ ਉਪਜਦੀ ਹੈ। ੪. ਗੁਰਮੁਖ ਨਿਰਵੈਰ ਹੁੰਦੇ ਹਨ ਤੇ ਉਨ੍ਹਾਂ ਦਾ ਕਿਸੇ ਨਾਲ ਵੀ ਵੈਰ ਵਿਰੋਧ ਨਹੀਂ ਹੁੰਦਾ (ਉਹ ਸਬਰ ਨਾਲ ਇਨ੍ਹਾਂ ਭਾਵਨਾਂ ਨੂੰ ਦਬਾ ਲੈਂਦੇ ਹਨ ਤੇ ਭਾਣੇ ਨੂੰ ਮਿੱਠਾ ਕਰ ਮੰਨਦੇ ਹਨ) ੫. ਉਹ ਚਾਰੇ ਵਰਣਾਂ ਦੇ ਲੋਕਾਂ ਨੂੰ ਉਪਦੇਸ਼ ਦੇਂਦੇ ਹਨ ਤੇ ਸਹਿਜ ਵਿਖੇ ਲਿਵਲੀਨ ਹੋਏ ਰਹਿੰਦੇ ਹਨ। ੬. (ਐਸੇ) ਗੁਰਮੁਖ ਦੀ ਜਨਨੀ (ਮਾਤਾ) ਧੰਨ ਹੈ, ਜਿਸ ਨੇ ਐਸਾ ਸੂਰਮਾ (ਜੋ ਵਿਕਾਰਾਂ ਦੀ ਫੌਜ ਦਾ ਜੇਤੂ ਹੈ) ਜੋਧਾ ਤੇ ਬਹਾਦਰ ਪੁੱਤਰ ਪੈਦਾ ਕੀਤਾ ਹੈ॥ ੧੮॥

੧੯. ਗੁਰਮੁਖਾਂ ਦੀ ਕਿਰਿਆ ਦਾ ਵਰਣਨ

੧. ਗੁਰਮੁਖਿ ਸਤਿਗੁਰ ਵਾਹੁ ਸਬਦਿ ਸਲਾਹੀਐ।
੨. ਗੁਰਮੁਖਿ ਸਿਫਤਿ ਸਲਾਹ ਸਚੀ ਪਤਿਸਾਹੀਐ।
੩. ਗੁਰਮੁਖਿ ਸਚੁ ਸਨਾਹੁ ਦਾਦਿ ਇਲਾਹੀਐ।
੪. ਗੁਰਮੁਖਿ ਗਾਡੀ ਰਾਹੁ ਸਚੁ ਨਿਬਾਹੀਐ।
੫. ਗੁਰਮੁਖਿ ਮਤਿ ਅਗਾਹੁ ਨ ਗਾਹਣਿ ਗਾਹੀਐ।
੬. ਗੁਰਮੁਖਿ ਬੇਪਰਵਾਹੁ ਨ ਬੇਪਰਵਾਹੀਐ॥ ੧੯॥

ਪਦ ਅਰਥ - ਵਾਹੁ=ਸਿਫਤੀ ਲਾਇਕ। ਸਨਾਹੁ=ਸੰਜੋਅ। ਦਾਦਿ ਇਲਾਹੀਐ=ਨਿਰੰਕਾਰ ਦੀ ਬਖਸ਼ਿਸ਼। ਗਾਡੀ ਰਾਹੁ=ਸੌਖਾ ਤੇ ਪੱਧਰਾ ਰਾਹ। ਅਗਾਹੁ=ਡੂੰਘਾ।

ਅਰਥ - ੧. ਗੁਰਮੁਖ ਸਤਿ ਸਰੂਪ ਵਾਹਿਗੁਰੂ (ਤੇ ਸਤਿਗੁਰੂ) ਦੇ ਸ਼ਬਦ ਦੀ ਸਿਫਤ ਸਲਾਹੁਤਾ ਕਰਦੇ ਹਨ। ੨. ਗੁਰਮੁਖਾਂ ਕੋਲ ਸਿਫਤ-ਸਲਾਹ (ਕੇਵਲ) ਸੱਚੇ ਪਾਤਸ਼ਾਹ (ਪਰਮੇਸ਼ਰ ਤੇ ਸਤਿਗੁਰੂ) ਜੀ ਦੀ ਹੈ, (ਤੇ ਉਹਨਾਂ ਕੋਲ ਸੱਚੀ ਪਾਤਸ਼ਾਹੀ ਵੀ ਇਸੇ ਗੱਲ ਦੀ ਹੀ ਹੈ)। ੩. ਗੁਰਮੁਖ ਸੱਚੇ (ਪਰਮੇਸ਼ਰ ਨੂੰ ਹੀ) ਸਲਾਹੁੰਦੇ (ਤੇ ਵਡਿਆਈ ਕਰਦੇ) ਹਨ ਤੇ ਉਹਨਾਂ ਕੋਲ ਇੱਕ ਕਿਸਮ ਦੀ ਦਾਦਿ-ਇਲਾਹੀ (ਰੱਬੀ ਬਖਸ਼ਿਸ਼) ਹੈ। ੪. ਗੁਰਮੁਖਾਂ ਦਾ ਰਸਤਾ (ਗੁਰੂ ਦਾ ਦੱਸਿਆ) ਗਾਡੀ ਰਾਹੁ ਹੈ, ਜੋ ਸੱਚ (ਸੱਚੇ ਪ੍ਰਭੂ ਤੀਕ)

ਪਹੁੰਚਾ ਦਿੰਦਾ ਹੈ। ੫. ਗੁਰਮੁਖਾਂ ਦੀ ਮਤਿ (ਵਿਚ ਗੁਰੂ ਦੇ ਉਪਦੇਸ਼ ਦਾ ਅਸਰ ਹੁੰਦਾ ਹੈ, ਜਿਸ ਕਰਕੇ ਉਹ) ਗਹਿਰੇ ਵਿਦਵਾਨਾਂ ਵਾਲੀ ਹੁੰਦੀ ਹੈ, ਜਿਸ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ। ੬. ਗੁਰਮੁਖ ਬੇਪਰਵਾਹ ਹੁੰਦੇ ਹਨ, (ਪਰ ਜੇ ਕੋਈ ਆਸ਼ਾ ਕਰਕੇ ਉਨ੍ਹਾਂ ਦੀ ਸ਼ਰਨ ਵਿਚ ਆਵੇ ਤਾਂ ਉਸਦੀ ਮਦਦ ਕਰਨ ਤੋਂ) ਬੇਪਰਵਾਹ ਨਹੀਂ ਹੁੰਦੇ॥ ੧੯॥

੨੦. ਗੁਰਮੁਖਾਂ ਦੀ ਸ਼ੋਭਾ

੧. ਗੁਰਮੁਖਿ ਪੂਰਾ ਤੋਲੁ ਨ ਤੋਲਣਿ ਤੋਲੀਐ।
੨. ਗੁਰਮੁਖਿ ਪੂਰਾ ਬੋਲੁ ਨ ਬੋਲਣਿ ਬੋਲੀਐ।
੩. ਗੁਰਮੁਖਿ ਮਤਿ ਅਡੋਲ ਨ ਡੋਲਣਿ ਡੋਲੀਐ।
੪. ਗੁਰਮੁਖਿ ਪਿਰਮੁ ਅਮੋਲੁ ਨ ਮੋਲਣਿ ਮੋਲੀਐ।
੫. ਗੁਰਮੁਖਿ ਪੰਥੁ ਨਿਰੋਲੁ ਨ ਰੋਲਣਿ ਰੋਲੀਐ।
੬. ਗੁਰਮੁਖਿ ਸਬਦੁ ਅਲੋਲੁ ਪੀ ਅੰਮ੍ਰਿਤ ਝੋਲੀਐ॥ ੨੦॥

ਪਦ ਅਰਥ - ਤੋਲਣਿ=ਤੱਕੜ। ਪਿਰਮੁ=ਪਿਆਰ। ਨਿਰੋਲੁ=ਰਲੇ ਤੋਂ ਰਹਿਤ। ਅਲੋਲੁ=ਸਥਿਰ। ਝੋਲੀਐ=ਝੋਲ ਕੇ, ਨਿਤਾਰ ਕੇ।

ਅਰਥ - ੧. ਗੁਰਮੁਖਾਂ ਦੀ ਹਰ ਵਸਤੂ ਦਾ ਪੂਰਾ ਤੋਲ ਹੈ, ਜਿਸ ਨੂੰ ਕੋਈ ਚਾਹੇ ਕਿ ਅਕਲ ਦੀ ਤੱਕੜੀ ਨਾਲ ਤੋਲੇ, ਤਾਂ ਤੋਲ ਨਹੀਂ ਸਕਦਾ। ੨. ਗੁਰਮੁਖਾਂ ਦਾ ਬਚਨ ਭੀ ਪੂਰਾ ਹੈ, (ਕੱਚਾ ਬਚਨ ਨਹੀਂ ਕਰਦੇ, ਜੋ ਕਹਿੰਦੇ ਹਨ, ਕਰ ਦਿਖਾਉਂਦੇ ਹਨ) ਜੋ ਰੀਸ ਕਰਨ ਨਾਲ ਬੋਲ ਕੇ ਬੋਲਿਆ ਨਹੀਂ ਜਾਂਦਾ (ਭਾਵ ਜੇ ਕੋਈ ਕਰਨੀ ਰਹਿਤ ਮਨੁਖ ਉਨ੍ਹਾਂ ਦੇ ਬੋਲਾਂ ਦੀ ਰੀਸ ਕਰਨਾ ਚਾਹੇ, ਤਾਂ ਨਹੀਂ ਕਰ ਸਕਦਾ)। ੩. ਗੁਰਮੁਖਾਂ ਦੀ ਮਤਿ ਸਥਿਰਤਾ ਵਾਲੀ ਹੈ, (ਜੋ ਕਿਸੇ ਦੇ ਦਬਾਅ ਜਾਂ ਹੋਰ ਭਰਮ ਭੁਲੇਖੇ ਵਿਚ ਪਾ ਕੇ) ਡੁਲਾਇਆਂ ਡੋਲਦੀ ਨਹੀਂ। ੪. ਗੁਰਮੁਖਾਂ ਦਾ ਪਿਆਰ ਵੀ ਬੜੀ ਅਮੋਲਕ ਵਸਤੂ ਹੈ, ਜੋ ਕਿਸੇ ਮੁੱਲ ਨਾਲ ਖਰੀਦਿਆ ਨਹੀਂ ਜਾ ਸਕਦਾ। ੫. ਗੁਰਮੁਖਾਂ ਦਾ ਪੰਥ (ਰਸਤਾ) ਵੀ ਨਿਰੋਲ (ਮਿਲਾਵਟ ਰਹਿਤ) ਹੈ, ਜੋ ਕਿਸੇ ਦੇ ਰੋਲਿਆਂ (ਜਾਂ ਰਲਾਇਆਂ ਕਿਸੇ ਹੋਰ ਨਾਲ ਰਲਦਾ) ਰੁਲਦਾ ਨਹੀਂ ਹੈ। ੬. ਗੁਰਮੁਖਾਂ ਦਾ ਸ਼ਬਦ (ਉਪਦੇਸ਼ ਅੰਮ੍ਰਿਤ) ਸਥਿਰਤਾ ਵਾਲਾ ਹੈ, (ਜਿਸ ਨੂੰ ਵਿਸ਼ਿਆਂ ਦੇ ਬੂਰ ਨੂੰ ਹਟਾ ਕੇ) ਝੋਲ ਕੇ ਪੀਤਾ ਜਾ ਸਕਦਾ ਹੈ॥ ੨੦॥

੨੧. ਗੁਰਮੁਖਾਂ ਦੀ ਵਡਿਆਈ ਵੱਡੀ ਹੈ

੧. ਗੁਰਮੁਖਿ ਸੁਖ ਫਲ ਪਾਇ ਸਭ ਫਲ ਪਾਇਆ।
੨. ਰੰਗ ਸੁਰੰਗ ਚੜ੍ਹਾਇ ਸਭ ਰੰਗ ਲਾਇਆ।
੩. ਗੰਧ ਸੁਗੰਧਿ ਸਮਾਇ ਬੋਹਿ ਬੁਹਾਇਆ।

੪. ਅੰਮ੍ਰਿਤ ਰਸ ਤ੍ਰਿਪਤਾਇ ਸਭ ਰਸ ਆਇਆ।
੫. ਸਬਦ ਸੁਰਤਿ ਲਿਵ ਲਾਇ ਅਨਹਦ ਵਾਇਆ।
੬. ਨਿਜ ਘਰਿ ਨਿਹਚਲ ਜਾਇ ਨ ਦਹਦਿਸ ਧਾਇਆ ॥੨੧॥੧੯॥

ਪਦ ਅਰਥ - ਸੁਰੰਗ=ਸੋਹਣਾ ਰੰਗ। ਬੁਹਾਇਆ=ਸੁਗੰਧਤ ਕਰ ਦੇਣਾ। ਤ੍ਰਿਪਤਾਇ=ਰੱਜ ਕੇ। ਵਾਇਆ=ਵਜਾਇਆ। ਨਿਹਚਲ=ਅਡੋਲ।

ਅਰਥ - ੧. ਗੁਰਮੁਖਾਂ ਨੇ ਸੁਖ ਫਲ (ਆਤਮ ਰਸ ਆਨੰਦ) ਪਾ ਕੇ ਇਸੇ ਦੀ ਬਦੌਲਤ ਹੋਰ ਸਭ ਫਲ (ਸੁਖ) ਪ੍ਰਾਪਤ ਕਰ ਲਏ ਹਨ। ੨. (ਉਹਨਾਂ 'ਤੇ ਜੀਵਨ-ਪਦ ਦਾ) ਸੁੰਦਰ ਰੰਗ ਚੜ੍ਹ ਗਿਆ ਹੈ (ਜਿਸ ਨਾਲ ਗੁਰਮੁਖਾਂ ਨੂੰ ਹੋਰ ਵੀ) ਸਭ ਰੰਗ (ਭਾਗ) ਲੱਗ ਗਏ ਹਨ। ੩. (ਗੁਰਮੁਖਾਂ ਦੇ ਅੰਦਰ ਸੇਵਾ ਤੇ ਸਿਮਰਨ ਦੀ) ਖੁਸ਼ਬੋ ਤੇ ਸੁਗੰਧੀ ਸਮਾਈ ਹੋਈ ਹੈ, (ਜਿਸ ਸੁਗੰਧੀ ਨਾਲ ਉਨ੍ਹਾਂ ਨੇ ਆਪਣੇ ਸਭ ਆਲੇ ਦੁਆਲੇ ਨੂੰ) ਸੁਗੰਧਤ ਕਰ ਦਿੱਤਾ ਹੈ। ੪. ਉਹ ਅੰਮ੍ਰਿਤ ਰਸ (ਦੇ ਭੋਜਨ ਨਾਲ) ਤ੍ਰਿਪਤ ਹੋ ਗਏ ਹਨ ਭਾਵ ਰੱਜ ਗਏ ਹਨ, ਜਿਸ ਨਾਲ ਉਹਨਾਂ ਨੂੰ ਸਾਰੇ ਹੀ ਰਸ ਪ੍ਰਾਪਤ ਹੋ ਗਏ ਹਨ। ੫. ਗੁਰਮੁਖਾਂ ਨੇ ਸ਼ਬਦ ਨੂੰ ਸੁਰਤੀ (ਧਿਆਨ) ਵਿਚ ਰੱਖ ਕੇ ਲਿਵ ਜੋੜੀ ਹੈ ਤੇ ਆਪਣੇ ਅੰਦਰ ਅਨਹਦ (ਇਕ ਰਸ) ਦੇ ਵਾਜੇ ਵਜਦੇ ਸੁਣੇ ਹਨ। ੬. (ਇਸ ਤਰ੍ਹਾਂ ਗੁਰਮੁਖ) ਆਪਣੇ ਨਿੱਜ ਘਰ ਦੇ ਅਸਥਿਰ 'ਤੇ ਪੁੱਜ ਜਾਂਦੇ ਹਨ ਤੇ (ਮਨਮੁਖਾਂ ਦੇ ਦੁਖਦਾਈ) ਦਸੋ-ਦਿਸ਼ਾਂ ਦੀ ਭੱਜ-ਨੱਠ ਦੇ ਚੱਕਰ ਵਿਚ ਨਹੀਂ ਪੈਂਦੇ॥੨੧॥੧੯॥

ਵਾਰ ੨੦

ੴ ਸਤਿਗੁਰ ਪ੍ਰਸਾਦਿ॥

੧. ਸਤਿਗੁਰ ਸਾਹਿਬਾਨ ਦੀ ਸਿਫਤ-ਸਲਾਹ (ਮੰਗਲ)

੧. ਸਤਿਗੁਰ ਨਾਨਕ ਦੇਉ ਆਪੁ ਉਪਾਇਆ।
੨. ਗੁਰ ਅੰਗਦੁ ਗੁਰਸਿਖੁ ਬਬਾਣੇ ਆਇਆ।
੩. ਗੁਰਸਿਖੁ ਹੈ ਗੁਰ ਅਮਰੁ ਸਤਿਗੁਰ ਭਾਇਆ।
੪. ਰਾਮਦਾਸੁ ਗੁਰਸਿਖੁ ਗੁਰੁ ਸਦਵਾਇਆ।
੫. ਗੁਰੁ ਅਰਜਨੁ ਗੁਰਸਿਖੁ ਪਰਗਟੀ ਆਇਆ।
੬. ਗੁਰਸਿਖੁ ਹਰਿਗੋਵਿੰਦੁ ਨ ਲੁਕੈ ਲੁਕਾਇਆ॥ ੧॥

ਪਦ ਅਰਥ - ਆਪੁ=ਵਾਹਿਗੁਰੂ ਨੇ। ਬਬਾਣੇ=ਬਾਬੇ ਦੀ ਸ਼ਰਨ (ਹਜ਼ੂਰੀ ਵਿਚ)। ਭਾਇਆ=ਚੰਗਾ ਲੱਗਾ। ਪ੍ਰਗਟੀ=ਪ੍ਰਸਿੱਧਤਾ।

ਅਰਥ - ੧. ਸਤਿਗੁਰੂ ਨਾਨਕ ਦੇਵ ਜੀ ਨੂੰ (ਪਰਮੇਸ਼ਰ ਨੇ) ਆਪ (ਇਸ ਜਗਤ ਵਿਖੇ) ਉਪਾਇਆ ਹੈ। ੨. ਗੁਰੂ ਅੰਗਦ ਦੇਵ ਜੀ ਗੁਰੂ ਦੇ ਸਿੱਖ ਬਣ ਕੇ ਬਾਬੇ ਦੇ ਚਰਣੀਂ ਆਣ ਲੱਗੇ (ਤੇ ਸੇਵਾ ਕਰਕੇ, ਗੁਰੂ ਦਾ ਸਰੂਪ ਹੀ ਬਣ ਗਏ)। ੩. (ਅੱਗੋਂ) ਸਿੱਖ ਗੁਰੂ ਅਮਰ (ਦਾਸ ਜੀ ਹੋਏ, ਜੋ ਸੇਵਾ ਕਰਦੇ ਹੋਏ) ਸਤਿਗੁਰੂ (ਜੀ ਦੇ ਮਨ) ਨੂੰ ਭਾ ਗਏ (ਮਨਜ਼ੂਰ ਹੋ ਗਏ)। ੪. ਫਿਰ ਰਾਮ ਦਾਸ ਜੀ ਗੁਰਸਿੱਖ ਹੋਏ, (ਜੋ ਸੇਵਾ ਕਰਕੇ ਤੇ ਨਿਮ੍ਰਤਾ ਦੇ ਪਿਆਰ ਨਾਲ ਗੁਰੂ ਦੀ ਨਜ਼ਰ ਚੜ੍ਹ ਗਏ ਤੇ) ਗੁਰੂ (ਅਮਰਦਾਸ ਦਾ ਰੂਪ ਹੋ) ਗੁਰੂ ਸਦਵਾਏ। ੫. ਗੁਰੂ ਅਰਜਨ ਦੇਵ ਜੀ ਫਿਰ ਗੁਰ ਸਿੱਖ ਦੇ ਰੂਪ ਵਿਚ ਸਤਿਗੁਰੂ ਜੀ ਦੇ ਸਨਮੁਖ ਆਏ ਤੇ ਗੁਰੂ ਬਣ ਕੇ ਹੀ ਫਿਰ ਪ੍ਰਗਟ (ਪ੍ਰਸਿੱਧ) ਹੋਏ। ੬. ਗੁਰੂ ਦੇ ਸਿੱਖ ਗੁਰੂ ਹਰਿਗੋਵਿੰਦ ਸਾਹਿਬ (ਫਿਰ ਐਸੇ ਪ੍ਰਗਟ ਹੋਏ ਕਿ ਪ੍ਰਿਥੀ ਚੰਦ ਤੇ ਚੰਦੂ ਸਵਾਹੀ ਦੇ ਸਾਰਾ ਜ਼ੋਰ ਲਾਉਣ 'ਤੇ ਵੀ) ਲੁਕਾਇਆਂ ਲੁਕ ਨਾ ਸਕੇ (ਚੜ੍ਹਦੀ ਕਲਾ ਵਿਚ ਗਏ)॥ ੧॥

੨. ਇਕ ਜੋਤਿ ਦੇ ਪ੍ਰਕਾਸ਼ਕ ਸਤਿਗੁਰੂ

੧. ਗੁਰਮੁਖਿ ਪਾਰਸੁ ਹੋਇ ਪੂਜ ਕਰਾਇਆ।
੨. ਅਸਟ ਧਾਤੁ ਇਕੁ ਧਾਤੁ ਜੋਤਿ ਜਗਾਇਆ।
੩. ਬਾਵਨ ਚੰਦਨੁ ਹੋਇ ਬਿਰਖੁ ਬੋਹਾਇਆ।
੪. ਗੁਰਸਿਖੁ ਸਿਖੁ ਗੁਰ ਹੋਇ ਅਚਰਜੁ ਦਿਖਾਇਆ।
੫. ਜੋਤੀ ਜੋਤਿ ਜਗਾਇ ਦੀਪੁ ਦੀਪਾਇਆ।
੬. ਨੀਰੈ ਅੰਦਰਿ ਨੀਰੁ ਮਿਲੈ ਮਿਲਾਇਆ॥ ੨॥

ਪਦ ਅਰਥ - ਅਸਟ=ਅੱਠ। ਬੋਹਾਇਆ=ਸੁਗੰਧਤ ਕੀਤਾ। ਅਚਰਜੁ=ਕੌਤਕ। ਦੀਪਾਇਆ= ਪ੍ਰਕਾਸ਼ ਕੀਤਾ।

ਅਰਥ - ੧. ਗੁਰਮੁਖ ਪਾਰਸ ਦਾ ਰੂਪ ਹਨ ਜੋ ਸਿੱਖਾਂ ਨੂੰ ਆਪਣੀ ਸੰਗਤ (ਸਿੱਖਿਆ) ਨਾਲ ਪੂਜਨੀਕ ਬਣਾ ਦੇਂਦੇ ਹਨ। ੨. ਉਹ (ਗੁਰਮੁਖ) ਅੱਠਾਂ ਧਾਤਾਂ (ਭਾਵ ਚਾਰੇ ਵਰਣਾਂ ਤੇ ਚਾਰੇ ਆਸ਼੍ਰਮਾਂ) ਨੂੰ ਸਿਖ ਮੱਤ ਦੇ ਕੇ ਉਨ੍ਹਾਂ ਦੇ ਅੰਦਰ ਪ੍ਰਭੂ ਦੀ ਜਗਮਗ ਕਰ ਰਹੀ ਜੋਤ ਦਾ ਪ੍ਰਕਾਸ਼ ਕਰ ਦਿੰਦੇ ਹਨ। ੩. (ਜਿਵੇਂ) ਇੱਕ ਚੰਦਨ ਦਾ ਬ੍ਰਿਛ (ਆਪਣੇ ਆਲੇ ਦੁਆਲੇ ਦੇ ਸਾਰੇ) ਬ੍ਰਿਛਾਂ ਨੂੰ ਸੁਗੰਧਤ ਕਰ ਦੇਂਦਾ ਹੈ। ੪. ਇਸੇ ਤਰ੍ਹਾਂ ਹੀ ਜਿਹੜੇ ਗੁਰੂ ਦੇ ਸਿੱਖ ਬਣਦੇ ਹਨ, ਉਨ੍ਹਾਂ ਵਿਚੋਂ ਹੀ ਸਿੱਖ ਗੁਰੂ ਦਾ ਸਰੂਪ ਹੋ ਕੇ ਅਸਚਰਜਤਾ (ਇੱਕ ਜੋਤ ਤੇ ਦੋ ਰੂਪ) ਪ੍ਰਗਟ ਕਰਦੇ ਹਨ। ੫. (ਇਹ ਇਉਂ ਹੀ ਹੈ, ਜਿਵੇਂ) ਇੱਕ ਜੋਤ ਤੋਂ ਦੂਸਰੀ ਜੋਤਿ ਨੂੰ (ਦੀਵੇ ਨਾਲ ਦੀਵਾ ਬਾਲ ਕੇ) ਪ੍ਰਕਾਸ਼ਮਾਨ ਕਰ ਦੇਈਦਾ ਹੈ। ੬. (ਉਸੇ ਤਰ੍ਹਾਂ ਜਿਵੇਂ) ਪਾਣੀ ਵਿਚ ਪਾਣੀ ਨੂੰ ਮਿਲਾ ਕੇ ਪਾਣੀ ਨੂੰ ਇੱਕ ਰੂਪ ਕਰ ਦੇਈਦਾ ਹੈ। (ਇਸੇ ਤਰ੍ਹਾਂ ਗੁਰੂ ਨੇ ਸਿੱਖ ਨੂੰ ਆਪਣੇ ਨਾਲ ਮੇਲ ਕੇ ਆਪਣਾ ਰੂਪ ਹੀ ਬਣਾ ਦਿੱਤਾ ਹੈ)॥ ੨॥

੩. ਗੁਰਮੁਖ ਦੀ ਰਹਿਣੀ-ਬਹਿਣੀ ਦੀ ਵਿਲੱਖਣਤਾ

੧. ਗੁਰਮੁਖਿ ਸਫਲੁ ਜਨੰਮੁ ਸਤਿਗੁਰੁ ਪਾਇਆ।
੨. ਗੁਰਮੁਖਿ ਪੂਰ ਕਰੰਮੁ ਸਰਣੀ ਆਇਆ।
੩. ਸਤਿਗੁਰ ਪੈਰੀ ਪਾਇ ਨਾਉ ਦਿੜਾਇਆ।
੪. ਘਰ ਹੀ ਵਿਚਿ ਉਦਾਸੁ ਨ ਵਿਆਪੈ ਮਾਇਆ।
੫. ਗੁਰ ਉਪਦੇਸੁ ਕਮਾਇ ਅਲਖੁ ਲਖਾਇਆ।
੬. ਗੁਰਮੁਖਿ ਜੀਵਨ ਮੁਕਤੁ ਆਪੁ ਗਵਾਇਆ॥ ੩॥

ਪਦ ਅਰਥ - ਸਫਲੁ=ਫਲ ਵਾਲੀ। ਕਰੰਮੁ=ਬਖਸ਼ਿਸ਼। ਜੀਵਨ ਮੁਕਤੁ=ਜੀਉਂਦੇ ਜੀਅ ਮੁਕਤੀ। ਨ ਵਿਆਪੈ=ਪੋਂਹਦੀ ਨਹੀਂ।

ਅਰਥ - ੧. ਗੁਰਮੁਖਾਂ ਦਾ ਜਨਮ (ਸੰਸਾਰ 'ਤੇ ਆਉਣਾ) ਸਫਲਾ ਹੈ, ਜਿਨ੍ਹਾਂ ਨੇ ਪੂਰੇ ਸਤਿਗੁਰੂ ਨੂੰ ਪ੍ਰਾਪਤ ਕੀਤਾ ਹੈ। ੨. ਗੁਰਮੁਖ ਪੂਰਨ ਕਰਮਾਂ (ਭਾਗਾਂ) ਵਾਲੇ ਹਨ, ਜਿਨ੍ਹਾਂ ਨੇ ਸੱਚੇ ਸਤਿਗੁਰੂ ਦੀ ਸ਼ਰਨ ਪ੍ਰਾਪਤ ਕੀਤੀ ਹੈ। ੩. (ਗੁਰਮੁਖਾਂ ਨੂੰ) ਸਤਿਗੁਰੂ ਜੀ ਨੇ ਸ਼ਰਨ ਵਿਚ ਰੱਖ ਕੇ, ਚਰਣੀਂ ਲਾ ਕੇ, (ਪ੍ਰਭੂ ਦੇ) ਨਾਮ ਸਿਮਰਨ ਵਿਚ ਦ੍ਰਿੜ੍ਹ ਕਰ ਦਿੱਤਾ ਹੈ। ੪. (ਸਤਿਗੁਰੂ ਦੀ ਸਿੱਖਿਆ ਪ੍ਰਾਪਤ ਕਰਕੇ) ਗੁਰਮੁਖ ਘਰ ਵਿਚ ਰਹਿੰਦੇ (ਖਾਂਦੇ ਪੀਂਦੇ, ਹੱਸਦੇ ਖੇਡਦੇ) ਸੁਰਤੀ ਵਿਚ ਉਦਾਸ ਹੋ ਕੇ ਰਹਿੰਦੇ ਹਨ ਤੇ ਮਾਇਆ (ਦੇ ਵਿਸ਼ੇ-ਵਿਕਾਰ) ਉਨ੍ਹਾਂ ਨੂੰ ਨਹੀਂ ਵਿਆਪਦੇ। ੫. ਗੁਰਮੁਖ ਨਾਮ ਦੇ ਅਭਿਆਸ ਨਾਲ ਕਮਾਈ ਕਰਦੇ ਹਨ ਤੇ ਉਸ ਅਲਖ (ਨਾ ਲਖੇ ਜਾਣ ਵਾਲੇ ਪ੍ਰਭੂ ਨੂੰ) ਲਖ ਲੈਂਦੇ ਹਨ। ਭਾਵ ਉਨ੍ਹਾਂ ਦੇ ਗਿਆਨ ਦੇ ਨੇਤਰ ਖੁਲ੍ਹ ਜਾਂਦੇ ਹਨ। ੬. ਇਸ ਜੀਵਨ ਜੁਗਤੀ ਨਾਲ ਗੁਰਮੁਖ ਇਸ ਜੀਵਨ ਵਿਚ ਹੀ ਮੁਕਤ ਹੋ ਜਾਂਦੇ ਹਨ, ਕਿਉਂਕਿ ਉਹ ਆਪਾ ਭਾਵ (ਹਉਮੈ ਤੇ ਮੈਂ-ਮੇਰੀ) ਨੂੰ ਉੱਕਾ ਹੀ ਤਿਆਗ ਦੇਂਦੇ ਹਨ॥ ੩॥

੪. ਗੁਰਮੁਖ ਦੀ ਜੀਵਨ ਰਹੁਰੀਤੀ

੧. ਗੁਰਮੁਖਿ ਆਪੁ ਗਵਾਇ ਨ ਆਪੁ ਗਣਾਇਆ।
੨. ਦੂਜਾ ਭਾਉ ਮਿਟਾਇ ਇਕੁ ਧਿਆਇਆ।
੩. ਗੁਰ ਪਰਮੇਸਰੁ ਜਾਣਿ ਸਬਦੁ ਕਮਾਇਆ।
੪. ਸਾਧਸੰਗਤਿ ਚਲਿ ਜਾਇ ਸੀਸੁ ਨਿਵਾਇਆ।
੫. ਗੁਰਮੁਖਿ ਕਾਰ ਕਮਾਇ ਸੁਖ ਫਲੁ ਪਾਇਆ।
੬. ਪਿਰਮ ਪਿਆਲਾ ਪਾਇ ਅਜਰੁ ਜਰਾਇਆ॥ ੪॥

ਪਦ ਅਰਥ - ਆਪੁ=ਆਪਾ ਭਾਵ। ਦੂਜਾ ਭਾਉ=ਮੇਰ ਤੇਰ ਦੀ ਪਕੜ। ਸੁਖ ਫਲੁ=ਜੀਵਨ ਜੁਗਤਿ। ਪਿਰਮ ਪਿਆਲਾ=ਪ੍ਰੇਮ ਦਾ ਪਿਆਲਾ।

ਅਰਥ - ੧. ਗੁਰਮੁਖਾਂ ਨੇ ਮੈਂ-ਮੇਰੀ ਦੇ ਆਪਾ ਭਾਵ ਨੂੰ ਮਿਟਾ ਦਿੱਤਾ ਹੈ, ਪਰ ਇਸ ਆਪਾ ਮਿਟਾਉਣ ਦੀ ਮਹੱਤਤਾ ਨੂੰ ਕਿਸੇ ਤਾਈਂ ਜਣਾਇਆ ਨਹੀਂ। ੨. ਉਨ੍ਹਾਂ ਨੇ ਦੂਜੇ ਭਾਵ ਦੇ ਅੰਧੇਰੇ ਨੂੰ ਮਿਟਾ ਕੇ, ਇੱਕ ਪ੍ਰਭੂ ਪਰਮੇਸ਼ਰ ਦਾ ਸਿਮਰਨ ਕੀਤਾ ਹੈ। ੩. ਗੁਰੂ (ਸਿੱਖਿਆ ਦੇਣ ਵਾਲੇ ਸਤਿਗੁਰੂ ਜੀ) ਨੂੰ ਪਰਮੇਸ਼ਰ ਦਾ ਰੂਪ ਜਾਣ ਕੇ, ਉਨ੍ਹਾਂ ਵੱਲੋਂ ਮਿਲੇ ਗੁਰ ਸ਼ਬਦ ਦੀ ਕਮਾਈ ਕੀਤੀ ਹੈ। ੪. ਉਹ ਸਾਧ ਸੰਗਤ ਵਿਚ ਅੰਮ੍ਰਿਤ ਵੇਲੇ ਚਲ ਕੇ ਜਾਂਦੇ ਹਨ ਤੇ ਸੀਸ ਨਿਵਾ ਕੇ ਬੈਠ ਕੇ ਸ਼ਬਦ ਦਾ ਕੀਰਤਨ ਸੁਣਦੇ ਹਨ। ੫. ਉਹ ਗੁਰਮੁਖਾਂ ਦੀ ਕਾਰ ਕਰਦੇ (ਨਾਮ ਸਿਮਰਨ ਦੇ ਅਭਿਆਸ ਦੀ) ਕਮਾਈ ਕਰਦੇ ਹਨ, (ਜਿਸ ਦਾ ਨਤੀਜਾ) ਸੁਖ ਫਲ ਪ੍ਰਾਪਤ ਕਰਦੇ ਹਨ। ੬. ਸੁਖ ਫਲ ਪ੍ਰਾਪਤ ਕਰਕੇ, ਸ਼ਬਦ ਦੀ ਕਮਾਈ ਕਰਕੇ, ਪ੍ਰਭੂ-ਪ੍ਰੇਮ ਦਾ ਪਿਆਲਾ ਪੀਂਦੇ ਹਨ ਤੇ ਇਸ ਪ੍ਰੇਮ ਰਸ ਦੇ ਮਹਾਨ ਆਤਮਿਕ ਸ਼ਕਤੀ ਦੇ ਸੁਖ ਦਾ ਨਾ ਜਰੇ ਜਾਣ ਵਾਲਾ ਆਨੰਦ ਮਾਣਦੇ ਹਨ ਤੇ ਕਿਸੇ ਨੂੰ ਜਣਾਉਂਦੇ ਨਹੀਂ॥ ੪॥

੫. ਗੁਰਮੁਖਾਂ ਦੀ ਨਿੱਤ-ਕਿਰਿਆ

੧. ਅੰਮ੍ਰਿਤ ਵੇਲੇ ਉਠਿ ਜਾਗਿ ਜਗਾਇਆ।
੨. ਗੁਰਮੁਖਿ ਤੀਰਥ ਨਾਇ ਭਰਮ ਗਵਾਇਆ।
੩. ਗੁਰਮੁਖਿ ਮੰਤੁ ਸਮ੍ਹਾਲਿ ਜਾਪੁ ਜਪਾਇਆ।
੪. ਗੁਰਮੁਖਿ ਨਿਹਚਲੁ ਹੋਇ ਇਕ ਮਨਿ ਧਿਆਇਆ।
੫. ਮਥੈ ਟਿਕਾ ਲਾਲੁ ਨਿਸਾਣੁ ਸੁਹਾਇਆ।
੬. ਪੈਰੀ ਪੈ ਗੁਰ ਸਿਖ ਪੈਰੀ ਪਾਇਆ॥ ੫॥

ਪਦ ਅਰਥ - ਜਾਗਿ ਜਗਾਇਆ=ਆਪ ਜਾਗੇ ਤੇ ਹੋਰਨਾਂ ਨੂੰ ਜਗਾਇਆ। ਮੰਤੁ=ਗੁਰ ਮੰਤ੍ਰ। ਸਮ੍ਹਾਲਿ=ਸੰਭਾਲ ਕੇ, ਠੀਕ ਤਰ੍ਹਾਂ ਨਾਲ।

ਅਰਥ - ੧. (ਗੁਰਮੁਖ ਆਪ) ਅੰਮ੍ਰਿਤ ਵੇਲੇ ਉੱਠਦੇ ਹਨ ਤੇ (ਇਸ਼ਨਾਨ ਕਰਕੇ) ਸੁਚੇਤ ਹੋ (ਸਿਮਰਨ ਭਜਨ ਵਿਚ) ਜਾਗਦੇ (ਤੇ ਹੋਰਨਾਂ ਨੂੰ ਇਸ ਸੁਚੱਜੇ ਪਾਸੇ ਚਲਣ ਲਈ) ਜਗਾਉਂਦੇ ਹਨ। ੨. ਗੁਰਮੁਖ (ਸਿਮਰਨ ਭਜਨ ਦੇ) ਤੀਰਥ ਵਿਚ ਇਸ਼ਨਾਨ ਕਰਕੇ ਸਭ ਭਰਮਾਂ ਭੁਲੇਖਿਆਂ ਨੂੰ ਦੂਰ ਕਰਦੇ ਹਨ। ੩. ਗੁਰਮੁਖ ਲੋਕ ਗੁਰਮੰਤ੍ਰ (ਗੁਰ ਸਿੱਖਿਆ ਨੂੰ) ਸੰਭਾਲਦੇ ਹਨ, ਭਾਵ ਦ੍ਰਿੜ੍ਹਤਾ ਨਾਲ ਆਪ ਜਾਪ ਕਰਦੇ (ਤੇ ਹੋਰਨਾਂ ਤੋਂ) ਜਪਾਉਂਦੇ ਹਨ। ੪. ਗੁਰਮੁਖ ਮਨ ਨੂੰ ਅਡੋਲ ਕਰਕੇ, ਨਿਹਚਲ ਹੋ, ਇੱਕ ਮਨ ਹੋ (ਪਰਮੇਸ਼ਰ ਨੂੰ) ਧਿਆਉਂਦੇ ਹਨ ਤੇ ਇਸ ਘਾਲ ਕਮਾਈ ਨਾਲ ਉਹ ਜੀਵਨ ਖੇਡ ਨੂੰ ਜਿੱਤ ਜਾਂਦੇ ਹਨ। ੫. ਇਸ ਪੁੱਗੇ ਹੋਏ ਗੁਰਮੁਖ ਦੇ ਮੱਥੇ 'ਤੇ ਪ੍ਰਵਾਨਗੀ ਦਾ ਜਲਾਲਮਈ ਟਿੱਕਾ (ਪ੍ਰਤਾਪ ਦਾ) ਨੀਸ਼ਾਨ ਸ਼ੋਭਾ ਪਾਉਂਦਾ ਹੈ। ੬. (ਗੁਰਮੁਖ) ਆਪ ਗੁਰਸਿੱਖਾਂ ਦੀ ਪੈਰੀਂ ਪੈਂਦੇ ਹਨ। (ਗੁਰਸਿੱਖੀ ਦੀ ਰਹੁਰੀਤੀ ਨੂੰ ਨਿਭਾਉਂਦੇ ਹਨ ਤੇ ਇਸੇ ਕਿਰਿਆ ਨੂੰ ਅੱਗੋਂ ਸਿੱਖਾਂ ਵਿਚ) ਪੈਰੀਂ ਪੈਣਾ ਪ੍ਰਚਲਿਤ ਕਰ ਦਿੰਦੇ ਹਨ॥ ੫॥

੬. ਗੁਰਸਿੱਖ ਦੀ ਰਹੁਰੀਤ

੧. ਪੈਰੀ ਪੈ ਗੁਰਸਿਖ ਪੈਰ ਧੁਆਇਆ।
੨. ਅੰਮ੍ਰਿਤ ਵਾਣੀ ਚਖਿ ਮਨੁ ਵਸਿ ਆਇਆ।
੩. ਪਾਣੀ ਪਖਾ ਪੀਹਿ ਭਠੁ ਝੁਕਾਇਆ।
੪. ਗੁਰਬਾਣੀ ਸੁਣਿ ਸਿਖਿ ਲਿਖਿ ਲਿਖਾਇਆ।
੫. ਨਾਮੁ ਦਾਨੁ ਇਸਨਾਨੁ ਕਰਮ ਕਮਾਇਆ।
੬. ਨਿਵ ਚਲਣੁ ਮਿਠ ਬੋਲ ਘਾਲਿ ਖਵਾਇਆ॥ ੬॥

ਪਦ ਅਰਥ - ਅੰਮ੍ਰਿਤ ਵਾਣੀ=ਗੁਰਬਾਣੀ ਦਾ ਰਸ। ਭਠੁ ਝੁਕਾਇਆ=ਲੰਗਰ ਦੀ ਸੇਵਾ। ਲਿਖਿ ਲਿਖਾਇਆ=ਲਿਖਦੇ ਤੇ ਲਿਖਾਉਂਦੇ। ਘਾਲਿ ਖਵਾਇਆ=ਦਸਾਂ ਨੌਹਾਂ ਦੀ ਕਿਰਤ ਕਰਕੇ, ਆਪ ਖਾਂਦੇ ਤੇ ਹੋਰਨਾਂ ਨੂੰ ਖੁਆਉਂਦੇ ਹਨ।

ਅਰਥ - ੧. (ਗੁਰਮੁਖ ਘਰ ਆਏ) ਗੁਰਸਿੱਖ ਦੇ ਪੈਰੀਂ ਪੈਂਦੇ, (ਭਾਵ ਚਰਣਾਂ ਨੂੰ ਪਰਸਦੇ ਹਨ ਤੇ ਫੇਰ ਉਨ੍ਹਾਂ ਦੇ) ਪੈਰ ਧੋ ਕੇ ਸੇਵਾ ਕਰਦੇ ਹਨ। ੨. (ਫਿਰ ਉਸ) ਅੰਮ੍ਰਿਤ ਬਾਣੀ ਦੇ ਰਸ ਨੂੰ ਪੀਂਦੇ ਹਨ, ਜਿਸ ਨਾਲ ਕਿ (ਅਮੋੜ) ਮਨ ਨੂੰ ਵੱਸ ਵਿਚ ਕਰ ਲਈਦਾ ਹੈ। ੩. ਗੁਰਮੁਖ ਪਾਣੀ ਢੋਂਦੇ, ਪੱਖਾ ਝੱਲਣ (ਦੀ ਸੇਵਾ ਕਰਦੇ ਤੇ ਲੰਗਰ ਵਿਚ ਅੱਗ) ਬਾਲਣ ਦੀ ਸੇਵਾ ਕਰਦੇ (ਰੋਟੀਆਂ ਪਕਾਉਂਦੇ) ਹਨ। ੪. ਉਹ ਗੁਰਬਾਣੀ ਨੂੰ ਸੁਣਦੇ, ਸਿੱਖਦੇ ਤੇ ਸਿਖਾਉਂਦੇ ਹਨ। ੫. (ਇਸ ਤਰ੍ਹਾਂ) ਨਾਮ ਦਾਨ ਤੇ ਇਸ਼ਨਾਨ (ਗੁਰਸਿੱਖੀ ਦੇ ਵੱਡੇ ਅਸੂਲਾਂ ਦੇ) ਕਰਮਾਂ ਦੀ ਕਮਾਈ ਕਰਦੇ ਹਨ। ੬. ਨਿਮ੍ਰਤਾ ਨਾਲ ਰਹਿੰਦੇ, ਮਿੱਠਾ ਬੋਲਦੇ, ਦਸਾਂ ਨੌਹਾਂ ਦੀ ਕਿਰਤਾ ਕਰਕੇ ਖਾਂਦੇ ਹਨ ਤੇ ਹੋਰਨਾਂ ਨੂੰ ਖੁਆਉਂਦੇ ਹਨ ਭਾਵ ਲੋੜਵੰਦ ਦੀ ਸੇਵਾ ਕਰਦੇ ਹਨ॥ ੬॥

੭. ਗੁਰਸਿੱਖਾਂ ਦਾ ਗੁਰਸਿੱਖਾਂ ਨਾਲ ਮੇਲ-ਮਿਲਾਪ

੧. ਗੁਰਸਿਖਾਂ ਗੁਰਸਿਖ ਮੇਲਿ ਮਿਲਾਇਆ।
੨. ਭਾਇ ਭਗਤਿ ਗੁਰਪੁਰਬ ਕਰੈ ਕਰਾਇਆ।
੩. ਗੁਰਸਿਖ ਦੇਵੀ ਦੇਵ ਜਠੇਰੇ ਭਾਇਆ।
੪. ਗੁਰਸਿਖ ਮਾਂ ਪਿਉ ਵੀਰ ਕੁਟੰਬ ਸਬਾਇਆ।
੫. ਗੁਰਸਿਖ ਖੇਤੀ ਵਣਜੁ ਲਾਹਾ ਪਾਇਆ।
੬. ਹੰਸ ਵੰਸ ਗੁਰਸਿਖ ਗੁਰਸਿਖ ਜਾਇਆ॥ ੭॥

ਪਦ ਅਰਥ - ਭਾਇ ਭਗਤਿ=ਪ੍ਰੇਮਾ-ਭਗਤੀ। ਜਠੇਰੇ=ਵੱਡ ਵਡੇਰੇ। ਵੀਰ=ਮਾਂ ਪਿਉ ਜਾਏ ਭਰਾ। ਵਣਜੁ=ਵਿਉਪਾਰ।

ਅਰਥ - ੧. (ਸਤਿਗੁਰੂ ਨੇ) ਗੁਰਸਿੱਖਾਂ ਦਾ ਮੇਲ ਗੁਰਸਿੱਖਾਂ ਨਾਲ ਹੀ ਮਿਲਾ ਦਿੱਤਾ ਹੈ। ੨. ਗੁਰਸਿੱਖ ਪ੍ਰੇਮ ਭਾਵਨਾ ਨਾਲ ਗੁਰਪੁਰਬ (ਸਤਿਗੁਰੂਆਂ ਦੇ ਜੋੜ ਮੇਲੇ) ਕਰਦੇ ਤੇ ਮਨਾਉਂਦੇ ਹਨ। ੩. ਗੁਰਸਿੱਖ ਗੁਰਸਿੱਖਾਂ ਨੂੰ ਹੀ ਆਪਣੇ ਪੂਜਜ ਦੇਵੀ ਦੇਵਤੇ ਤੇ ਵਡੇਰੇ ਜਾਣਦੇ ਹਨ। ੪. ਉਹ ਗੁਰਸਿੱਖਾਂ ਨੂੰ ਮਾਤਾ ਪਿਤਾ ਤੇ ਸਕੇ ਮਾਂ-ਪਿਉ ਜਾਏ ਵੀਰਾਂ (ਭਰਾਵਾਂ) ਵਾਂਗਰ ਇਕੋ ਪਰਿਵਾਰ ਦੇ ਹੀ ਮੈਂਬਰਾਂ ਵਾਂਗ ਸਾਰਿਆਂ ਨੂੰ ਜਾਣਦੇ ਹਨ। ੫. ਗੁਰੂ ਦੇ ਸਿੱਖ ਦੀ ਸੇਵਾ ਨੂੰ ਹੀ ਸੱਚੀ ਖੇਤੀ (ਜ਼ਿਮੀਦਾਰਾ) ਤੇ ਵਿਉਪਾਰ ਵਿਚ ਲਾਭ ਪ੍ਰਾਪਤ ਕਰਨਾ ਜਾਣਦੇ ਹਨ। ੬. ਗੁਰਸਿੱਖਾਂ ਦੀ ਬੰਸ ਹੰਸਾਂ ਦੀ ਬੰਸ ਵਾਂਗ ਪਵਿਤ੍ਰ ਗੁਣਾਂ ਵਾਲੀ ਜਾਣਦੇ ਹਨ, (ਗੁਰਸਿੱਖਾਂ ਦੇ ਜਾਏ, ਭਾਵ ਗੁਰਸਿੱਖਾਂ ਦੇ ਘਰ ਜਨਮ ਲੈਣ ਵਾਲਿਆਂ ਨੂੰ ਹੀ ਪਰਮ ਸਤਿਗੁਰੂ ਦੇ ਸੇਵਕ ਜਾਣ ਕੇ ਉਨ੍ਹਾਂ ਨਾਲ ਹੀ ਸਭ ਵਰਤੋਂ ਵਿਹਾਰ ਤੇ ਉਨ੍ਹਾਂ ਦੀ ਸੇਵਾ ਤੇ ਸੰਗਤ ਕਰਨ ਵਿਚ ਹੀ ਜੀਵਨ-ਪਦ ਨੂੰ ਠੀਕ ਤਰ੍ਹਾਂ ਗ੍ਰਹਿਣ ਕਰਨਾ ਜਾਣਦੇ ਹਨ)॥ ੭॥

੮. ਗੁਰਸਿੱਖ ਸ਼ਗਨ, ਅਪਸ਼ਗਨ ਤੇ ਭਰਮ ਵਿਚ ਨਹੀਂ ਪੈਂਦੇ

੧. ਸਜਾ ਖਬਾ ਸਉਣੁ ਨ ਮੰਨਿ ਵਸਾਇਆ।
੨. ਨਾਰਿ ਪੁਰਖ ਨੋ ਵੇਖਿ ਨ ਪੈਰੁ ਹਟਾਇਆ।
੩. ਭਾਖ ਸੁਭਾਖ ਵੀਚਾਰਿ ਨ ਛਿਕ ਮਨਾਇਆ।
੪. ਦੇਵੀ ਦੇਵ ਨ ਸੇਵਿ, ਨ ਪੂਜ ਕਰਾਇਆ।
੫. ਭੰਭਲ ਭੂਸੇ ਖਾਇ ਨ ਮਨੁ ਭਰਮਾਇਆ।
੬. ਗੁਰਸਿਖ ਸਚਾ ਖੇਤੁ ਬੀਜ ਫਲਾਇਆ॥ ੮॥

ਪਦ ਅਰਥ - ਸਜਾ ਖਬਾ=ਦੁੱਖ ਸੁਖ। ਸਉਣੁ=ਸ਼ਗਨ। ਭਾਖ ਸੁਭਾਖ=ਚੰਗਾ ਮੰਦਾ ਬੋਲ। ਭੰਭਲਭੂਸੇ=ਚਿੰਤਾ, ਸੋਚ ਤੇ ਦੁਚਿੱਤਾ-ਪਨ।

ਅਰਥ - ੧. ਸੱਜਾ ਅੰਗ ਫਰਕਣ ਨੂੰ ਚੰਗਾ ਤੇ ਖੱਬੇ ਅੰਗ ਦੇ ਫਰਕਣ ਨੂੰ ਮੰਦਾ ਸ਼ਗਨ ਆਖਦੇ ਹਨ, ਪਰ ਗੁਰਸਿੱਖ ਇਨ੍ਹਾਂ ਗੱਲਾਂ ਨੂੰ ਮਨ ਵਿਚ ਨਹੀਂ ਲਿਆਉਂਦੇ। ੨. ਨਾਰੀ ਤੇ ਪੁਰਖ ਵੇਖ ਕੇ ਪੈਰ ਪਿਛਾਂਹ ਨਹੀਂ ਹਟਾਉਂਦੇ। ੩. ਬੋਲ ਕੁਬੋਲ (ਕੁੱਤੇ, ਬਿੱਲੀ ਜਾਂ ਕਾਂ ਬੋਲਣ ਆਦਿ) ਦੀ ਵਿਚਾਰ ਨਹੀਂ ਕਰਦੇ, ਨਾ ਹੀ ਨਿੱਛ ਵਜਣ ਵੱਲ ਧਿਆਨ ਦੇਂਦੇ ਹਨ। ੪. ਗੁਰਸਿੱਖ ਦੇਵੀ ਦੇਵਤਿਆਂ (ਸ਼ੁੱਕਰ, ਛਨੀ, ਮੰਗਲ ਜਾਂ ਗੁੱਗਾ ਪੀਰ, ਸ਼ਿਵਜੀ, ਗਰੜ ਜਾਂ ਭੈਰਉ ਆਦਿ) ਦੀ ਪੂਜਾ ਨਹੀਂ ਕਰਦੇ। (ਇਸ ਭਰਮ ਵਿਚ ਪੈ ਕੇ ਕਿ ਫਲਾਣਾ, ਫਲਾਣੇ ਕੰਮ ਸਵਾਰਦਾ ਹੈ ਜਾਂ ਫਲਾਣੇ ਫਲਾਣੇ ਕੰਮ ਵਿਗਾੜਦਾ ਹੈ)। ੫. ਗੁਰਸਿੱਖ ਇਸ ਤਰ੍ਹਾਂ ਦੇ ਵਹਿਮਾਂ ਤੇ ਭਰਮਾਂ ਦੇ ਭੰਭਲਭੂਸਿਆਂ (ਭਿਕੋਡੋਲਿਆਂ) ਵਿਚ ਨਹੀਂ ਪੈਂਦੇ। ੬. ਗੁਰੂ ਦੇ ਸਿੱਖ ਸੱਚਾ ਖੇਤ ਹਨ, (ਜਿਥੇ ਸ਼ਰਧਾ ਭਾਵਨਾ ਦਾ) ਬੀਜ ਵਧਦਾ ਫੁੱਲਦਾ ਹੈ ਤੇ ਅੱਗੇ ਤੋਂ ਅੱਗੇ ਫੈਲਦਾ ਹੈ॥ ੮॥

੯. ਸਾਧ ਸੰਗਤ ਰੂਪ ਸੱਚਖੰਡ

੧. ਕਿਰਤਿ ਵਿਰਤਿ ਮਨੁ ਧਰਮੁ ਸਚੁ ਦਿੜਾਇਆ।
੨. ਸਚੁ ਨਾਉ ਕਰਤਾਰੁ ਆਪੁ ਉਪਾਇਆ।
੩. ਸਤਿਗੁਰ ਪੁਰਖੁ ਦਇਆਲੁ ਦਇਆ ਕਰਿ ਆਇਆ।
੪. ਨਿਰੰਕਾਰ ਆਕਾਰੁ ਸਬਦੁ ਸੁਣਾਇਆ।
੫. ਸਾਧਸੰਗਤਿ ਸਚੁ ਖੰਡ ਥੇਹੁ ਵਸਾਇਆ।
੬. ਸਚਾ ਤਖਤੁ ਬਣਾਇ ਸਲਾਮੁ ਕਰਾਇਆ॥ ੯॥

ਪਦ ਅਰਥ - ਕਿਰਤਿ ਵਿਰਤਿ=ਉਪਜੀਵਕਾ ਲਈ ਕਿਰਤ ਕਰਨੀ। ਆਕਾਰੁ=ਸਰੂਪ। ਥੇਹੁ=ਅਸਥਾਨ ਜਾਂ ਨਗਰ। ਸਲਾਮੁ=ਨਮਸਕਾਰ।

ਅਰਥ - ੧. (ਸਤਿਗੁਰੂ ਦੇ ਸਿੱਖ) ਉਪਜੀਵਕਾ ਲਈ ਧਰਮ ਦੀ ਕਿਰਤ ਕਰਦੇ ਹਨ ਤੇ ਸੱਚ ਨੂੰ ਹੀ ਦ੍ਰਿੜ੍ਹਤਾ ਨਾਲ ਪੱਲੇ ਬੰਨ੍ਹਦੇ ਹਨ, ੨. (ਜਾਣਦੇ ਹਨ ਕਿ) ਸੱਚਾ ਨਾਮ ਕਰਤਾਰ ਦਾ ਹੈ, ਜੋ ਉਸ (ਪ੍ਰਭੂ) ਨੇ ਆਪ ਹੀ ਪੈਦਾ ਕੀਤਾ ਹੈ। ੩. ਸਤਿਗੁਰੂ ਪੁਰਖ ਜੋ ਦਇਆਲੂ ਹਨ, ਉਹ ਦਇਆ ਕਰਕੇ (ਗੁਰਸਿੱਖਾਂ ਕੋਲ) ਆਪ ਹੀ ਆਉਂਦੇ ਹਨ। ੪. ਸਤਿਗੁਰੂ ਨਿਰੰਕਾਰ ਦਾ ਸਰੂਪ ਹਨ, ਜਿਨ੍ਹਾਂ ਨੇ ਸੱਚਾ ਸ਼ਬਦ (ਉਪਦੇਸ਼) ਸੁਣਾਇਆ ਹੈ। ੫. (ਸ਼ਬਦ ਦੀ ਵਿਚਾਰ ਲਈ) ਸਤਿਗੁਰੂ ਜੀ ਨੇ ਸਾਧ ਸੰਗਤ ਰੂਪੀ ਸੱਚਖੰਡ ਦਾ ਥੇਹੁ (ਨਗਰ) ਵਸਾ ਦਿੱਤਾ ਹੈ। ੬. ਸਤਿਸੰਗ ਸੱਚਾ ਤਖ਼ਤ ਹੈ, ਤੇ ਪ੍ਰਭੂ ਦੇ ਸੱਚੇ ਤਖ਼ਤ ਦਾ ਟਿਕਾਣਾ ਹੈ, ਜਿਥੇ ਗੁਰਸਿੱਖ ਬੈਠ ਕੇ ਸੱਚੇ ਸ਼ਬਦ ਦਾ ਕੀਰਤਨ ਸੁਣਦੇ ਹਨ ਤੇ ਇਸ ਸੱਚੇ ਤਖ਼ਤ ਨੂੰ ਨਮਸਕਾਰਾਂ ਕਰਦੇ ਹਨ॥ ੯॥

੧੦. ਗੁਰਸਿੱਖਾਂ ਦੀ ਸੇਵਾ

੧. ਗੁਰਸਿਖਾ ਗੁਰਸਿਖ ਸੇਵਾ ਲਾਇਆ।
੨. ਸਾਧਸੰਗਤਿ ਕਰਿ ਸੇਵ ਸੁਖ ਫਲੁ ਪਾਇਆ।
੩. ਤਪੜੁ ਝਾੜਿ ਵਿਛਾਇ ਧੂੜੀ ਨਾਇਆ।
੪. ਕੋਰੇ ਮਟ ਅਣਾਇ ਨੀਰੁ ਭਰਾਇਆ।
੫. ਆਣਿ ਮਹਾ ਪਰਸਾਦੁ ਵੰਡਿ ਖੁਆਇਆ॥ ੧੦॥

ਪਦ ਅਰਥ - ਸੁਖ ਫਲੁ=ਆਤਮਿਕ ਸੁਖ, ਸ਼ਾਂਤੀ। ਤਪੜੁ=ਦਰੀਆਂ ਤੇ ਵਿਛੌਣੇ। ਧੂੜੀ=ਸੰਗਤ ਦੇ ਚਰਣਾਂ ਦੀ ਧੂੜ। ਮਹਾ ਪਰਸਾਦੁ=ਕੜਾਹ ਪ੍ਰਸ਼ਾਦ।

ਅਰਥ - ੧. ਗੁਰਸਿੱਖ ਆਪ ਸੇਵਾ ਕਰਦਾ ਹੈ ਤੇ ਹੋਰ ਗੁਰਸਿੱਖਾਂ ਨੂੰ (ਗੁਰੂ ਦੀ ਸੇਵਾ ਵਿਚ) ਲਾਉਂਦਾ ਹੈ। ੨. ਗੁਰਸਿੱਖ ਸਾਧ ਸੰਗਤ ਦੀ ਸੇਵਾ ਕਰਕੇ ਸੁਖ ਫਲ (ਆਤਮਿਕ ਤੇ ਪ੍ਰਮਾਰਥਕ ਸੁਖ ਤੇ ਸ਼ਾਂਤੀ) ਨੂੰ ਪ੍ਰਾਪਤ ਕਰਦਾ ਹੈ। ੩. (ਉਹ ਨਿੱਤ ਸੇਵਾ ਕਰਦੇ ਹਨ ਤੇ ਸੰਗਤ ਦੇ ਬੈਠਣ ਲਈ) ਤੱਪੜ (ਦਰੀਆਂ ਤੇ ਚਾਦਰਾਂ) ਆਦਿ ਝਾੜ ਕੇ ਵਿਛਾਉਂਦੇ ਹਨ (ਤੇ ਸਾਧ ਸੰਗਤ ਦੇ ਚਰਨਾਂ ਦੀ ਧੂੜੀ ਵਿਚ) ਇਸ਼ਨਾਨ ਕਰਦੇ ਹਨ। (ਤੱਪੜ ਤੇ ਦਰੀਆਂ ਝਾੜਨ ਨਾਲ ਧੂੜੀ ਉਨ੍ਹਾਂ ਉਤੇ ਪੈਂਦੀ ਹੈ)। ੪. (ਫਿਰ ਸਾਧ ਸੰਗਤ ਦੇ ਜਲ ਛਕਣ ਲਈ ਗੁਰਸਿੱਖ) ਕੋਰੇ ਮੱਟ (ਵੱਡੇ ਘੜੇ) ਖਰੀਦ ਕੇ ਲਿਆਉਂਦੇ ਹਨ ਤੇ ਉਨ੍ਹਾਂ ਨੂੰ ਭਰ ਕੇ ਠੰਢਾ ਜਲ ਸੰਗਤਾਂ ਨੂੰ ਪਿਆਉਂਦੇ ਹਨ। ੫. ਫਿਰ ਉਹ ਸਾਧ ਸੰਗਤ ਦੇ ਅੱਗੇ ਮਹਾਂ ਪਰਸਾਦ (ਕੜਾਹ ਪ੍ਰਸ਼ਾਦ) ਲਿਆ ਕੇ ਭੇਟਾ ਕਰਦੇ ਹਨ ਤੇ ਸਤ ਸੰਗਤ ਵਿਚ ਵੰਡ ਕੇ ਸਭ ਨੂੰ ਛਕਾਉਂਦੇ ਹਨ॥ ੧੦॥

੧੧. ਗੁਰਸਿੱਖ ਕਿਹੋ ਜੇਹੀ ਘਾਲ ਕਮਾਈ ਕਰੇ

੧. ਹੋਇ ਬਿਰਖੁ ਸੰਸਾਰੁ ਸਿਰ ਤਲਵਾਇਆ।
੨. ਨਿਹਚਲੁ ਹੋਇ ਨਿਵਾਸੁ ਸੀਸੁ ਨਿਵਾਇਆ।
੩. ਹੋਇ ਸੁਫਲ ਫਲੁ ਸਫਲੁ ਵਟ ਸਹਾਇਆ।
੪. ਸਿਰਿ ਕਰਵਤੁ ਧਰਾਇ ਜਹਾਜੁ ਬਣਾਇਆ।
੫. ਪਾਣੀ ਦੇ ਸਿਰਿ ਵਾਟ ਰਾਹੁ ਚਲਾਇਆ।
੬. ਸਿਰਿ ਕਰਵਤੁ ਧਰਾਇ ਸੀਸ ਚੜਾਇਆ॥ ੧੧॥

ਪਦ ਅਰਥ - ਤਲਵਾਇਆ=ਸਿਰ ਦੇ ਭਾਰ। ਵਟ=ਢੇਮਾਂ ਤੇ ਵੱਟੇ। ਕਰਵਤੁ=ਵੱਡਾ ਆਰਾ। ਚੜਾਇਆ=ਚੜ੍ਹਾਉਣਾ।

ਅਰਥ - ੧. ਜਿਵੇਂ ਬ੍ਰਿਛ ਸਿਰ ਥੱਲੇ ਨੂੰ ਕਰਕੇ ਸੰਸਾਰ ਵਿਚ ਪੈਦਾ ਹੋਇਆ ਹੈ। ਇਸੇ ਤਰ੍ਹਾਂ ਸਿੱਖ ਸਿਰ (ਹੰਕਾਰ) ਨੂੰ ਥੱਲੇ ਤੇ ਪੈਰ (ਆਪਣੀਆਂ ਨੇਕ ਕਰਨੀਆਂ ਨਿਮ੍ਰਤਾ ਆਦਿ ਨੂੰ ਉਚਿਆ ਰੱਖੇ)। ੨. ਸਿੱਖ ਦੇ ਮਨ ਦਾ ਨਿਵਾਸ (ਬ੍ਰਿਛ ਵਾਂਗ) ਅਡੋਲ ਇੱਕ ਥਾਂ ਟਿਕੇ, ਤੇ ਸੀਸ ਨਿਮ੍ਰਤਾ ਧਾਰਨ ਕਰਕੇ ਹਮੇਸ਼ਾਂ ਨਿਵਿਆਂ ਰਹੇ। ੩. ਜਿਵੇਂ ਬ੍ਰਿਛ ਫਲਾਂ ਵਾਲਾ ਹੁੰਦਾ ਹੈ, ਤਾਂ ਲੋਕ ਉਸ ਨੂੰ ਵੱਟੇ ਤੇ ਢੇਮਾਂ ਮਾਰਦੇ ਹਨ ਤੇ ਬ੍ਰਿਛ ਅੱਗੋਂ ਉਨ੍ਹਾਂ ਨੂੰ ਫਲ ਖਾਣ ਲਈ ਦੇਂਦਾ ਹੈ (ਇਸੇ ਤਰ੍ਹਾਂ ਨਿਰਮਾਣ ਹੋ ਕੇ ਸਿੱਖ, ਸੇਵਾ ਦੀ ਘਾਲ ਕਮਾਈ ਕਰੇ)। ੪. ਜਿਵੇਂ ਲੱਕੜ ਨੂੰ ਸਿਰ 'ਤੇ ਆਰਾ ਰੱਖ ਕੇ ਚੀਰਦੇ ਹਨ ਤੇ ਫੱਟੇ ਬਣਾ ਕੇ ਜਹਾਜ਼ ਬਣਾਉਂਦੇ ਹਨ ਤੇ ਜਹਾਜ਼ ਫਿਰ ਲੋਕਾਂ ਨੂੰ ਚੜ੍ਹਾ ਕੇ ਅਥਾਹ ਪਾਣੀਆਂ ਤੋਂ ਪਾਰ ਕਰਦਾ ਹੈ, (ਇਸੇ ਤਰ੍ਹਾਂ ਸਿੱਖ ਦੁੱਖ ਸਹਾਰ ਕੇ, ਕੁਰਬਾਨੀ ਦੇ ਕੇ ਪਰਉਪਕਾਰੀ ਬਣੇ)। ੫. ਪਾਣੀ ਦੇ ਸਿਰ 'ਤੇ ਬੈਠ ਕੇ ਜਿਵੇਂ ਪਾਰ ਹੋਈਦਾ ਹੈ, ਜਾਂ ਰਸਤੇ ਪਈਦਾ ਹੈ, (ਇਸੇ ਤਰ੍ਹਾਂ ਗੁਰਸਿੱਖ ਸੰਸਾਰ ਦੇ ਵਿਚ ਡੁੱਬੇ ਨਾ, ਸਿਰ 'ਤੇ ਚਲਣ ਵਾਂਗ ਤੁਰੇ ਤੇ ਭਵਜਲ ਨੂੰ ਲੰਘ ਜਾਏ)। ੬. ਜਿਵੇਂ ਲੱਕੜ ਦੇ ਸਿਰ 'ਤੇ ਆਰਾ ਰੱਖਣ ਵਾਲੇ ਤਰਖਾਣ ਨੂੰ ਵੀ ਲਕੜ ਸਿਰ 'ਤੇ ਬਿਠਾ ਕੇ ਦਰਿਆ ਤੋਂ ਪਾਰ ਕਰਦੀ ਹੈ, (ਇਵੇਂ ਸਿੱਖ ਬੁਰੇ ਕਰਨ ਵਾਲੇ ਦਾ ਵੀ ਭਲਾ ਕਰੇ)॥ ੧੧॥

੧੨. ਪਰਉਪਕਾਰੀ ਦੀ ਮਹਾਨਤਾ

੧. ਲੋਹੇ ਤਛਿ ਤਛਾਇ ਲੋਹਿ ਜੜਾਇਆ।
੨. ਲੋਹਾ ਸੀਸੁ ਚੜਾਇ ਨੀਰਿ ਤਰਾਇਆ।
੩. ਆਪਨੜਾ ਪੁਤੁ ਪਾਲਿ ਨ ਨੀਰਿ ਡੁਬਾਇਆ।
੪. ਅਗਰੈ ਡੋਬੈ ਜਾਣਿ ਡੋਬਿ ਤਰਾਇਆ।
੫. ਗੁਣ ਕੀਤੇ ਗੁਣ ਹੋਇ ਜਗੁ ਪਤੀਆਇਆ।
੬. ਅਵਗੁਣ ਸਹਿ ਗੁਣੁ ਕਰੈ ਘੋਲਿ ਘੁਮਾਇਆ॥ ੧੨॥

ਪਦ ਅਰਥ - ਤਛਿ ਤਛਾਇ=ਵਢਾ ਟੁਕੀ ਕਰਕੇ ਸਫਾਈ ਕਰਨੀ। ਜੜਾਇਆ=ਜੜਨਾ। ਪਤੀਆਇਆ=ਪਤੀਜਣਾ, ਯਕੀਨ ਕਰਨਾ। ਘੋਲਿ ਘੁਮਾਇਆ=ਬਲਿਹਾਰੇ ਜਾਣਾ।

ਅਰਥ - ੧. (ਲੋਹੇ ਦੇ ਤੇਸੇ ਤੇ ਆਰੇ ਨਾਲ) ਕਟਾ ਵੱਢ ਕਰਕੇ, ਸਾਫ ਸੁਥਰਾ ਕਰਕੇ (ਲੱਕੜ ਦੇ ਚੀਰੇ ਫੱਟਿਆਂ ਨੂੰ ਫਿਰ) ਲੋਹੇ ਦੇ ਕਿੱਲਾਂ ਨਾਲ ਜੋੜ ਦੇਈਦਾ ਹੈ। ੨. (ਪਰਉਪਕਾਰੀ ਲੱਕੜ ਫਿਰ ਵੀ) ਲੋਹੇ ਨੂੰ ਸਿਰ 'ਤੇ ਚੁੱਕ ਕੇ ਪਾਣੀ ਵਿਚੋਂ ਤਰ ਕੇ ਪਾਰ ਕਰ ਦੇਂਦੀ ਹੈ। ੩. ਪਾਣੀ ਨੇ (ਬ੍ਰਿਛ ਆਦਿ ਲੱਕੜੀ ਨੂੰ) ਪੁੱਤਰ ਵਾਂਗ ਪਾਲਿਆ ਹੈ, ਪਾਣੀ ਉਸ ਨੂੰ ਫਿਰ ਆਪਣੇ ਵਿਚ ਡੋਬਦਾ ਨਹੀਂ। ੪. (ਪਰ) ਅਗਰ ਦੀ ਲੱਕੜ ਨੂੰ ਪਾਣੀ ਜਾਣ ਕੇ ਡੋਬਦਾ ਹੈ, (ਇਸ ਲਈ ਕਿ) ਡੁੱਬ ਕੇ ਤਰਨ ਮਗਰੋਂ ਦੀ ਕੀਮਤ ਵਧ ਜਾਂਦੀ ਹੈ। ੫. (ਪਾਣੀ ਇਹ) ਗੁਣ ਕਰਦਾ ਹੈ ਤੇ ਇਸ ਗੁਣ ਕਰਕੇ ਹੀ ਅਗਰ ਪ੍ਰਵਾਨ ਹੁੰਦਾ ਹੈ ਤੇ ਜਗਤ ਨੂੰ ਇਸੇ ਤਰ੍ਹਾਂ ਉਸ ਤੇ ਪ੍ਰਤੀਤ ਹੁੰਦੀ ਹੈ (ਕਿ ਠੀਕ ਇਹ ਅਗਰ ਹੀ ਹੈ)। ੬. (ਭਲੇ ਨਾਲ ਤਾਂ ਸਾਰੇ ਭਲਾ ਵਰਤਾਉ ਹੀ ਕਰਦੇ ਹਨ, ਪਰ ਇਹੋ ਜਿਹਾ ਕੋਈ ਵਿਰਲਾ ਹੈ) ਜੋ ਬੁਰੇ ਨਾਲ (ਬੁਰਾਈ ਨੂੰ ਸਹਾਰਕੇ) ਵੀ ਗੁਣ ਕਰੇ। (ਐਸੇ ਪੁਰਸ਼, ਗੁਰਮੁਖ ਗੁਰਸਿੱਖ ਤੋਂ) ਮੈਂ ਬਲਿਹਾਰੇ ਜਾਂਦਾ ਹਾਂ॥ ੧੨॥

੧੩. ਹੁਕਮ ਮੰਨਣ ਦੀ ਮਹਾਨਤਾ

੧. ਮੰਨੈ ਸਤਿਗੁਰ ਹੁਕਮੁ ਹੁਕਮਿ ਮਨਾਇਆ।
੨. ਭਾਣਾ ਮੰਨੈ ਹੁਕਮਿ ਗੁਰ ਫੁਰਮਾਇਆ।
੩. ਪਿਰਮ ਪਿਆਲਾ ਪੀਵਿ ਅਲਖੁ ਲਖਾਇਆ।
੪. ਗੁਰਮੁਖਿ ਅਲਖੁ ਲਖਾਇ ਨ ਅਲਖੁ ਲਖਾਇਆ।
੫. ਗੁਰਮੁਖਿ ਆਪੁ ਗਵਾਇ ਨ ਆਪੁ ਗਣਾਇਆ।
੬. ਗੁਰਮੁਖਿ ਸੁਖ ਫਲੁ ਪਾਇ ਬੀਜ ਫਲਾਇਆ॥ ੧੩॥

ਪਦ ਅਰਥ - ਪਿਰਮ ਪਿਆਲਾ=ਪ੍ਰੇਮ ਰਸ ਦਾ ਪਿਆਲਾ। ਅਲਖੁ=ਨਾ ਲਖੇ ਜਾਣ ਵਾਲਾ ਪਰਮੇਸ਼ਰ। ਗਣਾਇਆ=ਜਤਾਉਣਾ। ਫਲਾਇਆ=ਫੈਲਾਉ ਕੀਤਾ।

ਅਰਥ - ੧. ਜੋ ਵੀ ਸਤਿਗੁਰੂ ਦਾ ਹੁਕਮ (ਸਹੀ ਅਰਥਾਂ ਵਿਚ ਮੰਨਦਾ ਹੈ, ਜਿਵੇਂ ਕਿ ਗੁਰੂ ਅੰਗਦ ਦੇਵ ਜੀ ਜਾਂ ਗੁਰੂ ਅਮਰਦਾਸ ਜੀ ਨੇ ਮੰਨਿਆ, ਤਾਂ ਉਨ੍ਹਾਂ ਨੇ ਗੁਰਤਾ ਪ੍ਰਾਪਤ, ਕਰ ਸ਼੍ਰੋਮਣੀ ਹੋ) ਆਪਣੇ ਹੁਕਮ (ਨੂੰ ਸਿੱਖਾਂ ਤੋਂ) ਮੰਨਵਾਇਆ। ੨. ਪਰਮੇਸ਼ਰ ਦਾ ਭਾਣਾ ਮੰਨਣਾ ਹੁਕਮ ਹੈ, ਇਹ (ਹੁਕਮ ਅੱਗੋਂ) ਸਤਿਗੁਰੂ ਜੀ ਨੇ (ਸਿੱਖਾਂ ਪ੍ਰਤੀ) ਫੁਰਮਾਇਆ ਹੈ। ੩. (ਗੁਰਸਿੱਖਾਂ ਨੇ) ਪ੍ਰੇਮ ਰਸ ਦਾ ਪਿਆਲਾ ਪੀ ਕੇ, ਅਲਖ (ਪ੍ਰਭੂ) ਨੂੰ ਲਖ (ਜਾਣ) ਲੀਤਾ ਹੈ। ੪. (ਪਰ) ਗੁਰਮੁਖ ਅਲਖ (ਪ੍ਰਭੂ ਦੇ ਭੇਦ) ਨੂੰ ਪਾ ਕੇ (ਇਹ) ਨਹੀਂ ਜਤਾਉਂਦੇ (ਕਿ ਅਸਾਂ ਪ੍ਰਭੂ ਨੂੰ ਪਾ ਲਿਆ ਹੈ)। ੫. ਗੁਰਮੁਖ ਨੇ ਆਪਾ-ਭਾਵ ਨੂੰ ਗੁਆ ਕੇ (ਦੂਈ ਦ੍ਵੈਤ ਨੂੰ ਤਿਆਗ ਕੇ) ਆਪਣੇ ਆਪ ਨੂੰ ਜਣਾਇਆ ਨਹੀਂ, (ਭਾਵ ਇਹ ਹਉਮੈ ਤੋਂ ਬਚ ਜਾਂਦੇ ਹਨ ਤੇ ਆਪਣੀ ਮਹੱਤਤਾ ਵਡਿਆਈ ਨੂੰ ਐਵੇਂ ਨਹੀਂ ਕਿਸੇ ਤਾਈਂ ਜਤਾਉਂਦੇ ਫਿਰਦੇ)। ੬. ਗੁਰਮੁਖ ਨੇ (ਇਸ ਆਤਮਿਕ) ਸੁਖ ਫਲ ਨੂੰ ਪ੍ਰਾਪਤ ਕਰਕੇ (ਹੋਰ ਗੁਰਸਿੱਖਾਂ ਦੀਆਂ ਸਰੀਰ ਰੂਪ ਖੇਤੀਆਂ ਵਿਚ ਬੀਜ ਕੇ) ਇਸ ਬੀਜ ਨੂੰ ਹੋਰ ਫੈਲਾਇਆ ਹੈ॥ ੧੩॥

੧੪. ਗੁਰੂ ਚੇਲੇ ਦੀ ਘਾਲ ਕਮਾਈ

੧. ਸਤਿਗੁਰ ਦਰਸਨੁ ਦੇਖਿ ਧਿਆਨੁ ਧਰਾਇਆ।
੨. ਸਤਿਗੁਰ ਸਬਦੁ ਵੀਚਾਰਿ ਗਿਆਨੁ ਕਮਾਇਆ।
੩. ਚਰਣ ਕਵਲ ਗੁਰ ਮੰਤੁ ਚਿਤਿ ਵਸਾਇਆ।
੪. ਸਤਿਗੁਰ ਸੇਵ ਕਮਾਇ ਸੇਵ ਕਰਾਇਆ।
੫. ਗੁਰ ਚੇਲਾ ਪਰਚਾਇ ਜਗ ਪਰਚਾਇਆ।
੬. ਗੁਰਮੁਖਿ ਪੰਥੁ ਚਲਾਇ ਨਿਜ ਘਰਿ ਛਾਇਆ॥ ੧੪॥

ਪਦ ਅਰਥ - ਪਰਚਾਇ=ਪ੍ਰਸੰਨਤਾ ਨਾਲ ਪਰਚਾਉਣਾ। ਸੇਵ ਕਰਾਇਆ=ਸੇਵਾ ਕਰਾਉਂਦਾ ਹੈ। ਛਾਇਆ=ਅਸਥਿਰ ਹੋਣਾ।

ਅਰਥ - ੧. ਸਤਿਗੁਰੂ ਜੀ ਦਾ ਦਰਸ਼ਨ ਕਰਕੇ (ਚੇਲਾ ਆਪਣੇ ਪੂਰਨ ਸਤਿਗੁਰੂ ਜੀ ਦਾ ਨੇਤਰ ਮੁੰਦ ਕੇ, ਹਿਰਦੇ ਵਿਚ) ਧਿਆਨ ਧਰਦਾ ਹੈ। ੨. ਚੇਲਾ ਸਤਿਗੁਰੂ ਦੇ ਸ਼ਬਦ (ਬਖਸ਼ੇ ਉਪਦੇਸ਼) ਦੀ ਵੀਚਾਰ ਕਰਦਾ ਹੈ (ਤੇ ਗੁਰੂ ਦੇ) ਬਖਸ਼ੇ ਗਿਆਨ ਅਨੁਸਾਰ ਕਮਾਈ ਕਰਦਾ ਹੈ। ੩. (ਗੁਰਸਿੱਖ ਸਤਿਗੁਰੂ ਦੇ) ਚਰਣ ਕਵਲਾਂ ਅਤੇ ਗੁਰ ਮੰਤਰ ਨੂੰ ਚਿਤ ਵਿਚ ਵਸਾਉਂਦਾ ਹੈ। ੪. ਉਹ ਸਤਿਗੁਰੂ (ਦੇ ਬਖਸ਼ੇ ਹੁਕਮ ਤੇ ਰਹੁਰੀਤੀ ਅਨੁਸਾਰ) ਸੇਵਾ ਦੀ ਕਮਾਈ ਕਰਦਾ ਹੈ ਤੇ (ਅੱਗੋਂ ਹੋਰਨਾਂ ਕੋਲੋਂ) ਸੇਵਾ ਕਰਾਉਂਦਾ ਹੈ। ੫. ਚੇਲਾ ਸਤਿਗੁਰੂ 'ਤੇ ਪੂਰਨ ਪ੍ਰਤੀਤ ਕਰਦਾ ਹੈ, ਤੇ ਅੱਗੋਂ ਜਗਤ ਨੂੰ (ਸਤਿਗੁਰੂ ਦੇ ਸੱਚੇ ਉਪਦੇਸ਼ ਦੀ) ਪ੍ਰਤੀਤੀ ਕਰਾਉਂਦਾ ਹੈ। ੬. ਗੁਰਮੁਖ (ਆਪਣੇ ਸਤਿਗੁਰੂ ਦੇ ਚਲਾਏ) ਪੰਥ ਨੂੰ ਚਲਾਉਂਦਾ ਹੈ, ਤੇ ਨਿੱਜ ਘਰ (ਆਪਣੇ ਸ੍ਵੈ ਸਰੂਪ) ਵਿਚ ਪ੍ਰਵਿਰਤ ਹੋ ਕੇ ਆਪਣੇ ਜੀਵਨ 'ਤੇ ਛਾ ਜਾਂਦਾ ਹੈ, (ਭਾਵ ਜੀਵਨ ਮੁਕਤੀ ਪ੍ਰਾਪਤ ਕਰ ਲੈਂਦਾ ਹੈ)॥ ੧੪॥

੧੫. ਗੁਰਸਿੱਖ ਨੂੰ ਜੋਗ ਦੀ ਜੁਗਤ ਸਤਿਗੁਰੂ ਦੱਸਦਾ ਹੈ

੧. ਜੋਗ ਜੁਗਤਿ ਗੁਰਸਿਖ ਗੁਰ ਸਮਝਾਇਆ।
੨. ਆਸਾ ਵਿਚਿ ਨਿਰਾਸਿ ਨਿਰਾਸੁ ਵਲਾਇਆ।
੩. ਥੋੜਾ ਪਾਣੀ ਅੰਨੁ ਖਾਇ ਪੀਆਇਆ।
੪. ਥੋੜਾ ਬੋਲਣ ਬੋਲਿ ਨ ਝਖਿ ਝਖਾਇਆ।
੫. ਥੋੜੀ ਰਾਤੀ ਨੀਦ ਨ ਮੋਹਿ ਫਹਾਇਆ।
੬. ਸੁਹਣੇ ਅੰਦਰਿ ਜਾਇ ਨ ਲੋਭ ਲੁਭਾਇਆ॥ ੧੫॥

ਪਦ ਅਰਥ - ਜੋਗ ਜੁਗਤਿ=ਜੀਵਨ-ਜਾਚ ਦੀ ਜੁਗਤੀ। ਵਲਾਇਆ=ਵੇਲਾ ਲੰਘਾਉਣਾ। ਝਖਿ=ਝੂਠ ਜਾਂ ਬਕਬਾਦ। ਸੁਹਣੇ=ਸੁਪਨੇ ਵਿਚ।

ਅਰਥ - ੧. ਜੋਗ (ਜੀਵਨ ਜਾਚ) ਦੀ ਜੁਗਤੀ ਗੁਰਸਿੱਖਾਂ ਨੂੰ ਸਤਿਗੁਰੂ ਜੀ ਨੇ ਆਪ ਹੀ ਸਮਝਾਈ ਹੈ। ੨. (ਕ੍ਰਿ:—ਉਹ) ਆਸ਼ਾਵਾਂ ਭਰੇ (ਸੰਸਾਰ ਵਿਚ) ਆਸ਼ਾ ਤੋਂ ਰਹਿਤ ਹੋ ਰਹਿੰਦੇ ਹਨ ਤੇ ਨਿਰਆਸ ਹੋ ਕੇ ਆਪਣੇ ਜੀਵਨ ਦੇ ਸਮੇਂ ਨੂੰ ਗੁਜ਼ਾਰਦੇ ਹਨ। ੩. ਉਹ ਅੰਨ ਥੋੜ੍ਹਾ ਖਾਂਦੇ ਹਨ ਤੇ ਪਾਣੀ ਥੋੜ੍ਹਾ ਹੀ ਪੀਂਦੇ ਹਨ, ਭਾਵ ਸੁਆਦਾਂ ਦੇ ਲੋਭ ਤੇ ਸਰੀਰਕ ਸੁਖਾਂ ਦੀ ਆਸ ਤੋਂ ਵੀ ਨਿਰਾਸ ਹੋ ਰਹਿੰਦੇ ਹਨ। ੪. (ਗੁਰਸਿੱਖ) ਬੋਲਦੇ ਵੀ ਥੋੜ੍ਹਾ ਹੀ ਹਨ ਤੇ ਐਵੇਂ ਵਾਧੂ ਘਾਟੂ ਨਹੀਂ ਬੋਲਦੇ। ੫. ਉਹ ਨੀਂਦ ਵੀ ਘਟ ਹੀ ਲੈਂਦੇ ਹਨ ਤੇ ਨਾ ਹੀ ਕਿਸੇ (ਵਿਕਾਰ ਦੇ) ਮੋਹ ਵਿਚ ਫਸਦੇ ਹਨ। ੬. (ਏਥੋਂ ਤਕ ਕਿ ਜੀਵਨ-ਅਭਿਆਸ ਨਾਲ) ਜੇ ਉਹ ਸੁਪਨੇ ਵਿਚ ਵੀ ਚਲੇ ਜਾਣ, ਤਾਂ ਉਸ ਵਿਚ ਵੀ (ਕਿਸੇ ਵਿਕਾਰੀ) ਲੋਭ ਦੇ ਲੋਭਾਇਮਾਨ ਨਹੀਂ ਹੁੰਦੇ। (ਭਾਵ ਹਰ ਸਮੇਂ ਉਨ੍ਹਾਂ ਦਾ ਚਿਤ ਪਰਮੇਸ਼ਰ ਤੇ ਸਤਿਗੁਰੂ ਨਾਲ ਜੁੜ ਕੇ ਗੁਰਮੁਖਤਾਈ ਦੇ ਅਭਿਆਸੀ ਰੰਗ ਵਿਚ ਹੀ ਰੰਗਿਆ ਰਹਿੰਦਾ ਹੈ, ਵਾਧੂ ਘਾਟੂ ਗੱਲਾਂ ਦਾ ਉਨ੍ਹਾਂ ਦੇ ਮਨ 'ਤੇ ਅਸਰ ਹੀ ਨਹੀਂ ਪੈਂਦਾ)॥ ੧੫॥

੧੬. ਫਿਰ ਓਹੀ ਜੀਵਨ-ਜੁਗਤੀ ਦਾ ਵਰਣਨ

੧. ਮੁੰਦ੍ਰਾ ਗੁਰ ਉਪਦੇਸੁ ਮੰਤ੍ਰੁ ਸੁਣਾਇਆ।
੨. ਖਿੰਥਾ ਖਿਮਾ ਸਿਵਾਇ ਝੋਲੀ ਪਤਿ ਪਾਇਆ।
੩. ਪੈਰੀ ਪੈ ਪਾ ਖਾਕ ਬਿਭੂਤ ਬਣਾਇਆ।
੪. ਪਿਰਮ ਪਿਆਲਾ ਪਤ ਭੋਜਨੁ ਭਾਇਆ।
੫. ਡੰਡਾ ਗਿਆਨ ਵਿਚਾਰੁ ਦੂਤ ਸਿਧਾਇਆ।
੬. ਸਹਜ ਗੁਫਾ ਸਤਿਸੰਗੁ ਸਮਾਧਿ ਸਮਾਇਆ॥ ੧੬॥

ਪਦ ਅਰਥ - ਮੁੰਦ੍ਰਾ=ਕੰਨ ਵਿਚ ਪਾਉਣ ਵਾਲੀਆਂ। ਖਿੰਥਾ=ਖਫਨੀ। ਪਤਿ=ਗਿਆਨ। ਪਿਰਮ ਪਿਆਲਾ=ਪ੍ਰੇਮ ਰਸ ਦਾ ਪਿਆਲਾ। ਸਿਧਾਇਆ=ਵੱਸ ਕੀਤੇ।

ਅਰਥ - ੧. (ਜੋਗੀ ਤਾਂ ਕੰਨ ਵਿਚ ਮੁੰਦ੍ਰਾਂ ਜੋਗ ਦੀ ਨਿਸ਼ਾਨੀ ਵਜੋਂ ਪਾਉਂਦੇ ਹਨ, ਪਰ ਗੁਰਸਿੱਖ ਦੀਆਂ) ਮੁੰਦ੍ਰਾਂ ਗੁਰ ਉਪਦੇਸ਼ ਹੈ, (ਜੋ ਉਸ ਦੇ ਕੰਨਾਂ ਨਾਲ) ਗੁਰ ਮੰਤ੍ਰ ਨੂੰ ਸੁਣਿਆ ਹੈ। ੨. ਗੁਰਸਿੱਖ ਖਿੰਥਾ (ਖਫਨੀ) ਖਿਮਾ ਦੀ ਬਣਾਉਂਦੇ (ਤੇ ਖੈਰ ਲੈਣ ਲਈ) ਝੋਲੀ ਪਤਿ (ਇਜ਼ਤ ਅਬਰੋ) ਦੀ ਪਾਉਂਦੇ ਹਨ ਜੋ ਮਾਇਆ (ਦੇ ਵਿਚ ਜੀਂਦਿਆਂ ਉਨ੍ਹਾਂ ਨੂੰ ਮਾਇਆ) ਤੋਂ ਨਿਰਲੇਪ ਰੱਖਦੀ ਹੈ। ੩. ਪੈਰੀਂ ਪੈਂਦੇ ਹਨ ਤੇ ਪੈਰਾਂ ਦੀ ਧੂੜ ਦੀ ਹੀ (ਗੁਰਸਿੱਖ) ਬਿਭੂਤੀ ਲਾਉਂਦੇ ਹਨ (ਚੁੱਲ੍ਹੇ ਦੀ ਸੁਆਹ ਪਿੰਡੇ 'ਤੇ ਨਹੀਂ ਮਲਦੇ)। ੪. ਪ੍ਰੇਮ ਦਾ ਪਿਆਲਾ (ਭਾਵ ਰਸ ਜੋ ਪੀਂਦੇ ਹਨ, (ਇਹੀ ਉਨ੍ਹਾਂ ਦੀ) ਪਤਿ ਹੈ, ਤੇ ਇਹੋ ਪ੍ਰੇਮ ਦੇ ਰਸ ਦਾ ਭਜਨ ਹੀ ਉਨ੍ਹਾਂ ਨੂੰ ਭਾਉਂਦਾ (ਚੰਗਾ ਲੱਗਦਾ) ਹੈ। ੫. (ਗੁਰਸਿੱਖ) ਗੁਰ-ਗਿਆਨ ਦੀ ਵਿਚਾਰ ਦਾ ਡੰਡਾ ਹੱਥ ਵਿਚ ਰੱਖਦੇ ਹਨ, (ਜਿਸ ਨਾਲ ਉਹ ਕਾਮ ਕ੍ਰੋਧ ਆਦਿ) ਵਿਕਾਰਾਂ (ਦੂਤਾਂ) ਨੂੰ ਸੋਧਦੇ (ਦੂਰ ਰੱਖਦੇ) ਹਨ। ੬. ਸਹਿਜ ਦੀ ਗੁਫਾ ਰੂਪ ਸਤ ਸੰਗਤ ਵਿਚ ਸਮਾਧੀ ਜੋੜਦੇ ਹਨ (ਤੇ ਇਸੇ ਲਗਨ ਵਿਚ ਫਿਰ) ਜੁੜੇ ਹੀ ਰਹਿੰਦੇ (ਸਮਾਏ ਰਹਿੰਦੇ) ਹਨ॥ ੧੬॥

੧੭. ਫਿਰ ਓਹੀ ਗੁਰਮੁਖਾਂ ਦੀ ਕਰਨੀ ਦਾ ਵਰਣਨ

੧. ਸਿੰਙੀ ਸੁਰਤਿ ਵਿਸੇਖੁ ਸਬਦੁ ਵਜਾਇਆ।
੨. ਗੁਰਮੁਖਿ ਆਈ ਪੰਥੁ ਨਿਜ ਘਰੁ ਪਾਇਆ।
੩. ਆਦਿ ਪੁਰਖੁ ਆਦੇਸੁ ਅਲਖੁ ਲਖਾਇਆ।
੪. ਗੁਰ ਚੇਲੇ ਰਹਰਾਸਿ ਮਨੁ ਪਰਚਾਇਆ।
੫. ਵੀਹ ਇਕੀਹ ਚੜ੍ਹਾਇ ਸਬਦੁ ਮਿਲਾਇਆ॥ ੧੭॥

ਪਦ ਅਰਥ - ਸਿੰਙੀ=ਜੋਗੀ ਇਸ ਨੂੰ ਵਜਾਉਂਦੇ ਹਨ। ਆਈ ਪੰਥੁ=ਜੋਗੀਆਂ ਦਾ ਇੱਕ ਫਿਰਕਾ। ਵੀਹ ਇਕੀਹ=ਸੰਸਾਰੀ ਹਾਲਤ ਤੋਂ ਅੱਗੇ ਈਸ਼ਵਰੀ ਮਿਲਾਪ।

ਅਰਥ - ੧ (ਜੋਗੀ ਘਰ ਘਰ ਮੰਗਣ ਜਾਂਦੇ ਹਨ, ਤਾਂ ਗਲ ਵਿਚ ਪਾਈ) ਸਿੰਙੀ ਨੂੰ ਵਜਾਉਂਦੇ ਹਨ, (ਪਰ ਗੁਰਮੁਖ) ਸੁਰਤ ਦੀ ਵਿਸ਼ੇਸ਼ ਸਿੰਙੀ ਬਣਾ ਕੇ ਉਸ ਰਾਹੀਂ (ਗੁਰੂ ਦੇ ਬਖਸ਼ੇ ਉਪਦੇਸ਼ ਰੂਪ) ਸ਼ਬਦ ਨੂੰ ਵਜਾਉਂਦੇ ਹਨ। ੨, ਗੁਰਮੁਖਾਂ ਦਾ ਆਈ ਪੰਥ (ਜੋਗੀਆਂ ਦੇ ਇੱਕ ਵੱਡੇ ਪੰਥ ਦਾ ਨਾਮ 'ਆਈ ਪੰਥ' ਹੈ) ਇਹੀ ਹੈ ਕਿ ਉਹ ਨਿੱਜ ਘਰ (ਆਪਣੇ ਸ੍ਵੈ ਸ੍ਵਰੂਪ) ਨੂੰ ਪ੍ਰਾਪਤ ਕਰ ਲੈਂਦੇ ਹਨ। ੩. (ਜੋਗੀ ਜਿਥੇ ਜਾਂਦੇ ਹਨ 'ਆਦੇਸ' ਦਾ ਉਚਾਰਨ ਕਰਦੇ ਹਨ,ਪਰ) ਗੁਰਮੁਖ ਆਦਿ ਪੁਰਖ (ਨਿਰੰਕਾਰ ਪਰਮੇਸ਼ਰ) ਨੂੰ ਨਮਸਕਾਰ (ਆਦੇਸ) ਕਰਦੇ ਹਨ ਤੇ ਉਸ ਅਲਖ (ਨਾ ਲਖੇ ਜਾਣ ਵਾਲੇ ਪ੍ਰਭੂ) ਨੂੰ ਜਾਣ ਲੈਂਦੇ ਹਨ (ਕਿ ਉਹ ਸਭ ਪਾਸੇ ਵਿਆਪਕ ਹੈ ਤੇ ਇਸ ਗੱਲ ਨੂੰ ਦ੍ਰਿੜ੍ਹਤਾ ਨਾਲ ਪੱਲੇ ਬੰਨ੍ਹ ਲੈਂਦੇ ਹਨ)। ੪. ਗੁਰੂ ਨੇ ਚੇਲੇ (ਗੁਰਸਿੱਖ) ਨੂੰ ਸੱਚੀ ਰਹੁਰੀਤ ਵੱਲ ਤੋਰ ਕੇ, ਉਸ ਦੇ ਮਨ ਨੂੰ (ਸਚੇ ਪ੍ਰਭੂ ਦੀ) ਪ੍ਰਤੀਤੀ ਵਿਚ ਦ੍ਰਿੜ੍ਹ ਕਰ ਦਿੱਤਾ ਹੈ।

੫. (ਇਸ ਤਰ੍ਹਾਂ) ਗੁਰੂ ਦੇ ਬਖਸ਼ੇ ਸ਼ਬਦ (ਉਪਦੇਸ਼) ਨੇ ਸਿੱਖ ਨੂੰ ਵੀਹ (ਸੰਸਾਰ) ਤੋਂ ਅੱਗੇ ਇਕੀਹ (ਪਰਮੇਸ਼ਰ) ਨਾਲ ਮੇਲ ਕਰਾ ਦਿੱਤਾ ਹੈ॥ ੧੭॥

੧੮. ਗੁਰਸਿੱਖ ਜਗਤ ਦੀ ਬਾਜੀ ਨੂੰ ਜਿੱਤਦਾ ਹੈ

੧. ਗੁਰ ਸਿਖ ਸੁਣਿ ਗੁਰਸਿਖ ਸਿਖੁ ਸਦਾਇਆ।
੨. ਗੁਰ ਸਿਖੀ ਗੁਰਸਿਖ ਸਿਖ ਸੁਣਾਇਆ।
੩. ਗੁਰ ਸਿਖ ਸੁਣਿ ਕਰਿ ਭਾਉ ਮੰਨਿ ਵਸਾਇਆ।
੪. ਗੁਰਸਿਖਾ ਗੁਰ ਸਿਖ ਗੁਰਸਿਖ ਭਾਇਆ।
੫. ਗੁਰ ਸਿਖ ਗੁਰਸਿਖ ਸੰਗੁ ਮੇਲਿ ਮਿਲਾਇਆ।
੬. ਚਉਪੜਿ ਸੋਲਹ ਸਾਰ ਜੁਗ ਜਿਣਿ ਆਇਆ॥ ੧੮॥

ਪਦ ਅਰਥ - ਗੁਰ ਸਿਖ=ਗੁਰੂ ਦੀ ਸਿੱਖਿਆ। ਭਾਉ=ਪ੍ਰੇਮ। ਸੋਲਹ ਸਾਰ=ਚਉਪੜ ਦੀਆਂ ਸੋਲਾਂ ਨਰਦਾਂ। ਜੁਗ=ਜੋੜਾ, ਭਾਵ ਦੋ।

ਅਰਥ - ੧. ਗੁਰੂ ਦੀ ਸਿੱਖਿਆ ਨੂੰ ਸੁਣ ਕੇ, ਗੁਰ ਸਿੱਖ ਨੇ ਆਪਣੇ ਆਪ ਨੂੰ ਸਿੱਖ ਸਦਵਾਇਆ ਹੈ। ੨. ਸਿੱਖ ਨੇ ਗੁਰ ਸਿੱਖਿਆ ਨੂੰ ਗੁਰੂ ਪਾਸੋਂ ਸਿੱਖ ਕੇ ਹੀ ਅੱਗੋਂ (ਆਪਣੇ ਗੁਰ ਭਾਈ) ਸਿੱਖ ਨੂੰ (ਉਹੀ ਉਪਦੇਸ਼ ਤੇ ਸਿੱਖਿਆ ਨੂੰ) ਸੁਣਾਇਆ ਹੈ। ੩. ਗੁਰੂ ਦੀ ਸਿੱਖਿਆ ਨੂੰ ਸੁਣ ਕੇ ਹੀ ਸਿੱਖ ਨੇ, ਮਨ ਵਿਚ ਪ੍ਰੇਮ ਨੂੰ ਵਸਾਇਆ (ਭਾਵ ਦ੍ਰਿੜ੍ਹ) ਕੀਤਾ ਹੈ। ੪. ਗੁਰ ਸਿੱਖਾਂ ਨੂੰ ਗੁਰੂ ਦੀ ਸਿੱਖਿਆ ਤੇ ਗੁਰੂ ਦੀ ਸਿੱਖਿਆ ਨੂੰ ਗ੍ਰਹਿਣ ਕਰਨ ਵਾਲੇ ਗੁਰਸਿੱਖ ਹੀ ਚੰਗੇ ਲੱਗੇ, (ਭਾਵ ਭਾਏ ਹਨ)। ੫. ਗੁਰੂ ਦੇ ਸਿੱਖ ਨੇ ਗੁਰੂ ਦੇ ਸਿੱਖ ਨਾਲ ਹੀ (ਸਾਕ, ਸੰਬੰਧ ਤੇ ਹੋਰ ਰਿਸ਼ਤੇ ਆਦਿ ਦਾ) ਮੇਲ ਮਿਲਾਪ ਕੀਤਾ ਹੈ (ਗੁਰਸਿੱਖਾਂ ਤੋਂ ਬਿਨਾਂ ਹੋਰ ਮਨਮਤੀਆਂ ਨਾਲ ਮੇਲ ਨਹੀਂ ਕਰਦਾ)। ੬. ਇਸ ਤਰ੍ਹਾਂ (ਗੁਰੂ ਦੀ ਸਿੱਖਿਆ 'ਤੇ ਚਲ ਕੇ ਗੁਰਸਿੱਖ) ਨੇ ਸੰਸਾਰ ਦੀ ਸੋਲਾਂ ਨਰਦਾਂ ਵਾਲੀ ਚਉਪੜ ਦੀ ਖੇਡ ਨੂੰ ਜਿੱਤ ਲਿਆ ਹੈ। (ਗੁਰ ਸਿੱਖਿਆ ਨੂੰ ਸੁਣ ਕੇ ਮੰਨਣ ਵਾਲੇ ਤੇ ਕਥਨ ਕਰਕੇ ਹੋਰਨਾਂ ਨੂੰ ਗੁਰਸਿੱਖੀ ਦੀ ਪ੍ਰੇਮ ਚੇਟਕ ਲਾਉਣ ਵਾਲੇ, ਦੋਵੇਂ ਤਰ੍ਹਾਂ ਦੇ ਗੁਰਸਿੱਖ ਚਉਪੜ ਜਿੱਤ ਕੇ ਹੀ ਜਾਂਦੇ ਹਨ ਤੇ ਜੋ ਨਹੀਂ ਸੁਣਦੇ ਜਾਂ ਸੁਣਾਂਦੇ ਉਹ ਦੋਵੇਂ ਹਾਰ ਕੇ ਜਾਂਦੇ ਹਨ)॥ ੧੮॥

੧੯. ਗੁਰਮੁਖ ਲਈ ਸੰਸਾਰ ਸ਼ਤਰੰਜ ਦੀ ਖੇਡ ਹੈ

੧. ਸਤਰੰਜ ਬਾਜੀ ਖੇਲੁ ਬਿਸਾਤਿ ਬਣਾਇਆ।
੨. ਹਾਥੀ ਘੋੜੇ ਰਥ ਪਿਆਦੇ ਆਇਆ।
੩. ਹੁਇ ਪਾਤਿਸਾਹੁ ਵਜੀਰ ਦੁਇ ਦਲ ਛਾਇਆ।

੪. ਹੋਇ ਗੜਾਵਢਿ ਜੋਧ ਜੁਧੁ ਮਚਾਇਆ।
੫. ਗੁਰਮੁਖਿ ਚਾਲ ਚਲਾਇ ਹਾਲ ਪੁਜਾਇਆ।
੬. ਪਾਇਕ ਹੋਇ ਵਜੀਰੁ ਗੁਰਿ ਪਹੁਚਾਇਆ॥ ੧੯॥

ਪਦ ਅਰਥ – ਬਿਸਾਤਿ=ਸਾਜੋ ਸਮਾਨ। ਗੜਾਵਢਿ=ਆਪਸ ਵਿਚ ਭਿੜਕੇ। ਗੁਰਮੁਖਿ ਚਾਲ=ਗੁਰਮੁਖਾਂ ਦੇ ਮਾਰਗ 'ਤੇ ਤੋਰ ਕੇ। ਪਾਇਕ=ਦਾਸ, ਸੇਵਕ।

ਅਰਥ - ੧. ਸ਼ਤਰੰਜ ਦੀ ਬਾਜ਼ੀ ਰੂਪ ਖੇਲ (ਸੰਸਾਰ ਦੀ ਖੇਡ) ਤੇ ਉਸ ਦਾ ਸਾਰਾ ਸਾਮਾਨ (ਨਰਦਾਂ ਆਦਿ ਪਰਮੇਸ਼ਰ ਨੇ) ਬਣਾਇਆ ਹੈ। ੨. (ਇਸ ਖੇਡ ਵਿਚ) ਹਾਥੀ (ਮਸਤ ਚਾਲ ਚਲਣ ਵਾਲੇ), ਘੋੜੇ (ਤੇਜ਼ੀ ਵਾਲੇ) ਤੇ ਰਥ ਘੋੜਿਆਂ ਵਾਲੇ ਪਿਆਦੇ (ਸਿਪਾਹੀ) ਸਭ ਤਰ੍ਹਾਂ ਦੇ ਲੋਕ, ਨੀਵੇਂ ਉਚੇ ਤੇ ਵੱਡੇ ਪੈਦਾ ਕੀਤੇ ਹਨ। ੩. ਚੋਪੜ ਵਿਚ ਪਾਤਸ਼ਾਹ ਤੇ ਵਜ਼ੀਰ ਦੀ ਖੇਡ ਹੈ, (ਪਰ ਸੰਸਾਰ ਦਾ ਮਾਲਕ ਵਾਹਿਗੁਰੂ ਤੇ ਉਸਦਾ ਵਜੀਰ ਸਤਿਗੁਰੂ ਜੀ ਹਨ) ਦੋ ਦਲ (ਗੁਰਮੁਖਾਂ ਤੇ ਮਨਮੁਖਾਂ ਦੇ) ਸੰਸਾਰ ਵਿਚ ਛਾਏ ਹੋਏ ਹਨ। ੪. ਜੋਧੇ ਆਪਸ ਵਿਚ (ਭਲਾਈ ਤੇ ਬੁਰਾਈ ਦੇ ਸੂਚਕ) ਘਮਸਾਨ ਮਚਾ ਰਹੇ ਹਨ, (ਇਕ ਦੂਜੇ ਨੂੰ, ਭਾਵ ਸੱਚ ਨੂੰ ਝੂਠ ਤੇ ਝੂਠ ਨੂੰ ਸੱਚ) ਮਾਤ ਕਰਨ ਦੇ ਯਤਨ ਕਰ ਰਹੇ ਹਨ। ੫. (ਪਰ ਇਹਨਾਂ ਵਿਚੋਂ) ਗੁਰਮੁਖ (ਸੂਰਮਾ) ਆਪਣੀ ਹੀ ਚਾਲੇ ਚਲ ਰਿਹਾ ਹੈ, ਆਪਣੇ ਹਾਲ (ਸਮੇਂ ਤੇ ਸਰੀਰ ਨੂੰ ਸਫਲਾ ਬਣਾ ਕੇ) ਅੱਗੇ ਅੱਗੇ ਜਾ ਰਿਹਾ ਹੈ। ੬. ਜੋ ਵੀ ਦਾਸ (ਬਣ ਕੇ ਨਿਮ੍ਰਤਾ ਧਾਰਦਾ ਹੈ, ਗੁਰੂ) ਵਜੀਰ ਉਸ ਨੂੰ ਵਾਹਿਗੁਰੂ ਨਾਲ ਮੇਲਦਾ ਹੈ। (ਭਾਵ ਸੰਸਾਰ ਦੀ ਖੇਡ ਵਿਚੋਂ ਜੇਤੂ ਬਣਾ ਕੇ ਤਾਰ ਦਿੰਦਾ ਹੈ)॥ ੧੯॥

੨੦. ਗੁਰਮੁਖਿ ਭੈ ਵਿੱਚ ਹੀ ਚਲਦੇ ਰਹਿੰਦੇ ਹਨ

੧. ਭੈ ਵਿਚਿ ਨਿਮਣਿ ਨਿਮਿ ਭੈ ਵਿਚਿ ਜਾਇਆ।
੨. ਭੈ ਵਿਚਿ ਗੁਰਮੁਖਿ ਪੰਥਿ ਸਰਣੀ ਆਇਆ।
੩. ਭੈ ਵਿਚਿ ਸੰਗਤਿ ਸਾਧ ਸਬਦੁ ਕਮਾਇਆ।
੪. ਭੈ ਵਿਚਿ ਜੀਵਨੁ ਮੁਕਤਿ ਭਾਣਾ ਭਾਇਆ।
੫. ਭੈ ਵਿਚਿ ਜਨਮੁ ਸਵਾਰਿ ਸਹਜਿ ਸਮਾਇਆ।
੬. ਭੈ ਵਿਚਿ ਨਿਜ ਘਰਿ ਜਾਇ ਪੂਰਾ ਪਾਇਆ॥ ੨੦॥

ਪਦ ਅਰਥ – ਨਿਮਣਿ ਨਿਮਿ=ਗਰਭ ਵਿਚ ਆ ਕੇ। ਭਾਇਆ=ਚੰਗਾ ਲੱਗਾ। ਸਹਜਿ=ਸ਼ਾਂਤੀ ਪਦ। ਪੂਰਾ ਪਾਇਆ=ਪਰਮੇਸ਼ਰ ਨੂੰ ਪ੍ਰਾਪਤ ਕੀਤਾ।

ਅਰਥ - ੧. (ਮਨੁੱਖ ਪਰਮੇਸ਼ਰ ਦੇ) ਭੈ ਵਿਚ ਹੀ ਮਾਂ ਦੇ ਗਰਭ ਵਿਚ ਨਿੰਮਦਾ ਹੈ ਤੇ ਫਿਰ ਜਨਮ ਲੈਂਦਾ ਹੈ। ੨. ਭੈ ਵਿਚ ਹੀ (ਮਨੁੱਖ) ਗੁਰਮੁਖਾਂ ਦੇ ਪੰਥ ਵਿਚ ਸ਼ਰਣੀ ਆਣ ਪੈਂਦਾ ਹੈ। ੩. (ਪ੍ਰਭੂ ਦੇ) ਭੈ ਵਿਚ ਹੀ (ਮਨੁੱਖ) ਸਾਧ ਸੰਗਤ ਵਿਚ ਆ ਕੇ ਸ਼ਬਦ ਦੀ ਕਮਾਈ ਕਰਦਾ ਹੈ। ੪. (ਮਨੁੱਖ) ਭੈ

ਵਿਚ ਪੈ ਕੇ (ਘਾਲ ਕਮਾਈ ਕਰਕੇ) ਜੀਵਨ ਪਦਵੀ ਨੂੰ ਪ੍ਰਾਪਤ ਕਰਕੇ, ਪਰਮੇਸ਼ਰ ਦੇ) ਭਾਣੇ ਨੂੰ ਹੀ ਚੰਗਾ ਜਾਣਦਾ ਹੈ (ਭਾਵ ਭਾਣੇ ਵਿਚ ਹੀ ਚਲਦਾ ਹੈ, 'ਤੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ ਹੈ)। ੫. ਗੁਰਮੁਖ ਭੈ ਵਿਚ ਰਹਿ ਕੇ ਹੀ ਜਨਮ ਨੂੰ ਸਵਾਰਦਾ ਹੈ ਤੇ ਸਹਿਜ (ਆਤਮਿਕ ਆਨੰਦ ਵਿਚ ਲੀਨ ਹੋ ਜਾਂਦਾ ਹੈ। ੬. ਭੈ ਵਿਚ ਰਹਿ ਕੇ, (ਪ੍ਰਭੂ ਦੇ ਭਾਣੇ ਨੂੰ ਸਿਰ ਮੱਥੇ 'ਤੇ ਮੰਨ ਕੇ ਗੁਰਮੁਖ ਨਿੱਜ ਘਰ (ਆਪਣੇ ਸ੍ਵੈ ਸਰੂਪ ਜਾਂ ਆਤਮਿਕ ਮੰਡਲ ਵਿਚ) ਪਹੁੰਚ ਜਾਂਦਾ ਹੈ, (ਜਿਥੇ ਜਾ ਕੇ ਅੰਤਰ ਆਤਮੇ ਉਹ) ਪੂਰੇ (ਸਾਖਸ਼ਾਤ ਪ੍ਰਭੂ ਦੇ) ਦਰਸ਼ਨਾਂ ਨੂੰ ਪ੍ਰਾਪਤ ਕਰ ਲੈਂਦਾ ਹੈ (ਭਾਵ ਅਭੇਦ ਹੋ ਜਾਂਦਾ ਹੈ)॥ ੨੦॥

੨੧. ਸਤਿਗੁਰੂ ਮਹਿਮਾ

੧. ਗੁਰ ਪਰਮੇਸਰੁ ਜਾਇ ਸਰਣੀ ਆਇਆ।
੨. ਗੁਰ ਚਰਣੀ ਚਿਤੁ ਲਾਇ ਨ ਚਲੈ ਚਲਾਇਆ।
੩. ਗੁਰਮਤਿ ਨਿਹਚਲੁ ਹੋਇ ਨਿਜ ਪਦ ਪਾਇਆ।
੪. ਗੁਰਮੁਖਿ ਕਾਰ ਕਮਾਇ ਭਾਣਾ ਭਾਇਆ।
੫. ਗੁਰਮੁਖਿ ਆਪੁ ਗਵਾਇ ਸਚਿ ਸਮਾਇਆ।
੬. ਸਫਲੁ ਜਨਮੁ ਜਗਿ ਆਇ ਜਗਤੁ ਤਰਾਇਆ॥ ੨੧॥ ੨੦॥

ਪਦ ਅਰਥ - ਨਿਹਚਲੁ=ਅਡੋਲ। ਨਿਜ ਪਦ=ਸਹਿਜ ਅਵਸਥਾ। ਭਾਇਆ=ਚੰਗਾ ਲੱਗਾ। ਸਮਾਇਆ=ਲੀਨ ਹੋ ਜਾਣਾ।

ਅਰਥ - ੧. (ਗੁਰਸਿੱਖ) ਗੁਰੂ ਨੂੰ ਪਰਮੇਸ਼ਰ ਦਾ ਰੂਪ ਜਾਣ ਕੇ ਹੀ ਗੁਰੂ ਜੀ ਦੀ ਸ਼ਰਣ ਆਉਂਦਾ ਹੈ। ੨. (ਐਸੇ ਪੂਰੇ) ਗੁਰੂ ਦੇ ਚਰਣਾਂ ਦੀ ਪ੍ਰੀਤੀ ਕਰਕੇ ਉਹ ਕਿਸੇ ਦਾ ਚਲਾਇਆ, ਚਲਾਏਮਾਨ ਨਹੀਂ ਹੁੰਦਾ (ਭਾਵ ਦ੍ਰਿੜ੍ਹ ਹੋ ਜਾਂਦਾ ਹੈ)। ੩. ਗੁਰੂ ਦੀ ਮੱਤ (ਸਿੱਖਿਆ 'ਤੇ ਅਮਲ ਕਰਕੇ ਗੁਰਸਿੱਖ) ਅਸਥਿਰ ਤੇ ਅਡੋਲ ਹੋ ਕੇ ਨਿੱਜ ਪਦ (ਆਪਣੇ ਆਤਮਿਕ ਸਰੂਪ) ਨੂੰ ਪ੍ਰਾਪਤ ਕਰ ਲੈਂਦਾ ਹੈ। ੪. ਗੁਰਸਿੱਖ ਗੁਰਮੁਖਾਂ ਵਾਲੀ ਕਾਰ ਕਮਾ ਕੇ (ਘਾਲ ਕਮਾਈ ਕਰਕੇ ਪਰਮੇਸ਼ਰ ਦੇ ਵਰਤ ਰਹੇ) ਭਾਣੇ ਨੂੰ ਹੀ ਚੰਗਾ ਜਾਣਦਾ ਹੈ ਤੇ (ਉਸ ਤੋਂ ਮੂੰਹ ਨਹੀਂ ਮੋੜਦਾ)। ੫. ਗੁਰਮੁਖ ਆਪਾ ਭਾਵ (ਮੈਂ-ਮੇਰੀ) ਨੂੰ ਗਵਾ ਕੇ, ਹਉਮੈ ਨੂੰ ਮੇਟ ਕੇ ਸੱਚ ਵਿਚ ਸਮਾ ਜਾਂਦਾ ਹੈ (ਉਸ ਨੂੰ ਸਭ ਪਾਸੇ ਭਲੇ ਬੁਰੇ ਵਿਚ ਪਰਮੇਸ਼ਰ ਵਿਆਪਕ ਜਾਪਦਾ ਹੈ)। ੬. ਐਸੇ ਗੁਰਮੁਖ ਦਾ ਸੰਸਾਰ 'ਤੇ ਆਉਣਾ ਸਫਲਾ ਹੈ, ਉਸ ਦਾ ਜੀਵਨ ਸਫਲਾ ਹੋ ਗਿਆ ਹੈ, ਤੇ ਉਸ ਦੀ ਸੰਗਤ ਨਾਲ ਜਗਤ ਤਰਦਾ ਹੈ॥ ੨੧॥ ੨੦॥

ਵਾਰ ੨੧

ੴ ਸਤਿਗੁਰ ਪ੍ਰਸਾਦਿ ॥

੧. ਵਾਹਿਗੁਰੂ ਤੇ ਸਤਿਗੁਰੂ ਜੀ ਦੀ ਮਹਿਮਾ, ਮੰਗਲ

੧. ਪਾਤਿਸਾਹਾ ਪਾਤਿਸਾਹੁ ਸਤਿ ਸੁਹਾਣੀਐ।
੨. ਵਡਾ ਬੇਪਰਵਾਹ ਅੰਤੁ ਨ ਜਾਣੀਐ।
੩. ਲਉਬਾਲੀ ਦਰਗਾਹ ਆਖਿ ਵਖਾਣੀਐ।
੪. ਕੁਦਰਤ ਅਗਮੁ ਅਥਾਹੁ ਚੋਜ ਵਿਡਾਣੀਐ।
੫. ਸਚੀ ਸਿਫਤਿ ਸਲਾਹ ਅਕਥ ਕਹਾਣੀਐ।
੬. ਸਤਿਗੁਰ ਸਚੇ ਵਾਹੁ ਸਦ ਕੁਰਬਾਣੀਐ॥ ੧॥

ਪਦ ਅਰਥ - ਸੁਹਾਣੀਐ=ਸ਼ੋਭਾ ਪਾਉਂਦਾ। ਲਉਬਾਲੀ=ਬੇਪਰਵਾਹ। ਅਕਥ=ਨ ਕਥੀ ਜਾਣ ਵਾਲੀ। ਵਾਹੁ=ਅਸਚਰਜ।

ਅਰਥ - ੧. (ਪਰਮੇਸ਼ਰ) ਪਾਤਿਸ਼ਾਹਾਂ ਦਾ ਪਾਤਿਸ਼ਾਹ ਹੈ, ਸੱਚ ਸਰੂਪ ਹੈ ਤੇ ਸਦਾ ਹੀ (ਇਕ-ਰਸ) ਸ਼ੋਭਾ ਵਾਲਾ (ਸੁੰਦਰ) ਹੈ। ੨. ਉਹ ਵੱਡਾ ਬੇਪਰਵਾਹ ਹੈ ਤੇ ਉਸ ਦਾ ਅੰਤ ਨਹੀਂ ਜਾਣਿਆਂ ਜਾ ਸਕਦਾ। ੩. ਉਸ ਦੀ ਦਰਗਾਹ (ਦਰਬਾਰ, ਸੱਚਖੰਡ) ਵੀ ਬੇਪਰਵਾਹੀਆਂ ਵਾਲਾ ਹੈ, ਇਸੇ ਲਈ ਉਸ ਨੂੰ ਬੇਪਰਵਾਹ ਹੀ ਆਖਿਆ ਜਾਂਦਾ ਹੈ। (ਕਿਉਂਕਿ ਹੋਰ ਉਸ ਦੀ ਬਰਾਬਰੀ ਵਾਲਾ ਹੈ ਹੀ ਕੋਈ ਨਹੀਂ)। ੪. (ਉਸ ਕਾਦਰ ਦੀ) ਕੁਦਰਤ ਦਾ ਵੀ ਥਾਹ ਨਹੀਂ ਲੱਗਦਾ ਤੇ ਨਾ ਹੀ ਉਸਦੇ ਅੰਤ ਤੀਕ ਕੋਈ ਪਹੁੰਚ ਹੀ ਸਕਦਾ ਹੈ, ਉਹ ਵੱਡੇ ਕੌਤਕਾਂ ਵਾਲਾ ਹੈ। ੫. ਉਸਦੀ ਸਿਫਤ ਸਲਾਹ ਸੱਚੀ ਹੈ, ਕਿਉਂਕਿ ਉਸ ਦੀ ਸ਼ੋਭਾ ਤੇ ਕੀਰਤੀ (ਮਨੁਖੀ ਸਮਝ ਦੇ) ਕਹਿਣ ਤੇ ਕਥਨ ਦੇ ਦਾਇਰੇ ਵਿਚ ਆ ਹੀ ਨਹੀਂ ਸਕਦੀ। ੬. ਉਸ ਪਰਮੇਸ਼ਰ ਤੇ ਸੱਚੇ ਸਤਿਗੁਰੂ ਤੋਂ ਮੈਂ ਕੁਰਬਾਨ ਜਾਂਦਾ ਹਾਂ॥ ੧॥

੨. ਪਰਮੇਸ਼ਰ ਦੀ ਸਿਫਤ ਸਲਾਹ

੧. ਬ੍ਰਹਮੇ ਬਿਸਨ ਮਹੇਸ ਲਖ ਧਿਆਇਦੇ।
੨. ਨਾਰਦ ਸਾਰਦ ਸੇਸ ਕੀਰਤਿ ਗਾਇਦੇ।

३. ਗਣ ਗੰਧਰਬ ਗਣੇਸ ਨਾਦ ਵਜਾਇਦੇ।
੪. ਛਿਅ ਦਰਸਨ ਕਰਿ ਵੇਸ ਸਾਂਗ ਬਣਾਇਦੇ।
੫. ਗੁਰ ਚੇਲੇ ਉਪਦੇਸ ਕਰਮ ਕਮਾਇਦੇ।
੬. ਆਦਿ ਪੁਰਖੁ ਆਦੇਸੁ ਪਾਰੁ ਨ ਪਾਇਦੇ॥ ੨॥

ਪਦ ਅਰਥ - ਸਾਰਦ=ਸੁਰੱਸ੍ਵਤੀ, ਰਸਨਾ ਤੇ ਨਿਵਾਸ ਕਰਨ ਵਾਲੀ ਗੈਬੀ ਸ਼ਕਤੀ। ਸੇਸ=ਸ਼ੇਸ਼ਨਾਗ। ਕੀਰਤਿ=ਮਹਿਮਾ। ਨਾਦ=ਧੁਨੀਆਂ।

ਅਰਥ - ੧. (ਉਸ ਸਭ ਦੇ ਕਰਤੇ ਪਰਮੇਸ਼ਰ ਦਾ) ਬ੍ਰਹਮਾ, ਬਿਸ਼ਨ ਤੇ ਸ਼ਿਵਜੀ ਵਰਗੇ ਲੱਖਾਂ ਹੀ ਸਿਮਰਨ ਕਰ ਰਹੇ ਹਨ। ੨. ਨਾਰਦ ਰਿਖੀ, ਸੁਰੱਸ੍ਵਤੀ ਦੇਵੀ, ਸ਼ੇਸ਼ ਨਾਗ (ਹਜ਼ਾਰ ਰਸਨਾ ਵਾਲਾ), (ਹੇ ਪ੍ਰਭੂ!) ਤੇਰੀ ਸਿਫਤ-ਸਲਾਹ ਨੂੰ ਗਾ ਰਹੇ ਹਨ। ੩. (ਨੰਦੀ ਭ੍ਰਿੰਗੀ ਆਦਿ) ਗਣ, ਗੰਧਰਬ (ਤੇ ਸ਼ਿਵਜੀ ਦਾ ਪੁੱਤਰ) ਗਣੇਸ਼ ਵਾਜਿਆਂ ਨਾਲ ਸੁਰਾਂ ਵਿਚ ਗਾ ਰਹੇ ਹਨ। ੪. ਛੇ ਦਰਸ਼ਨ (ਧਰਮ), ਜੋਗੀ, ਜੰਗਮ ਆਦਿ ਅਨੇਕਾਂ ਭੇਸ ਧਾਰ ਕੇ (ਪ੍ਰਭੂ ਦੀ ਕੀਰਤੀ ਨੂੰ ਸੁਹੱਪਣ ਦੇਣ ਲਈ) ਸਾਂਗ ਬਣਾ ਬਣਾਕੇ ਦੱਸ ਰਹੇ ਹਨ। ੫. ਗੁਰੂ ਚੇਲਿਆਂ ਨੂੰ ਉਪਦੇਸ਼ ਦੇ ਰਹੇ ਹਨ, (ਤੇ ਅੱਗੋਂ ਚੇਲੇ, ਗੁਰੂ ਦੀ ਸਿੱਖਿਆ ਅਨੁਸਾਰ) ਕਰਮ ਕਰ ਰਹੇ ਹਨ। ੬. ਆਦੇਸ (ਨਮਸਕਾਰ ਹੈ ਉਸ ਬੇਅੰਤ) ਆਦਿ ਪੁਰਖ ਨੂੰ, ਜਿਸ ਦੇ ਅੰਤ ਨੂੰ ਕੋਈ ਵੀ ਨਹੀਂ ਪਾ ਸਕਦਾ॥ ੨॥

੩. ਫਿਰ ਉਹੀ ਕਰਤੇ ਪੁਰਖ ਦੀ ਉਸਤਤਿ

੧. ਪੀਰ ਪੈਕੰਬਰ ਹੋਇ ਕਰਦੇ ਬੰਦਗੀ।
੨. ਸੇਖ ਮਸਾਇਕ ਹੋਇ ਕਰਿ ਮੁਹਛੰਦਗੀ।
੩. ਗਉਸ ਕੁਤਬ ਕਈ ਲੋਇ ਦਰ ਬਖਸੰਦਗੀ।
੪. ਦਰ ਦਰਵੇਸ ਖਲੋਇ ਮਸਤ ਮਸੰਦਗੀ।
੫. ਵਲੀ-ਉਲਹ ਸੁਣਿ ਸੋਇ ਕਰਨਿ ਪਸੰਦਗੀ।
੬. ਦਰਗਹ ਵਿਰਲਾ ਕੋਇ ਬਖਤ ਬਿਲੰਦਗੀ॥ ੩॥

ਪਦ ਅਰਥ - ਬੰਦਗੀ=ਭਜਨ ਸਿਮਰਨ, ਨਿਮ੍ਰਤਾ ਸਹਿਤ। ਮਸਾਇਕ=ਘਾਲ ਕਮਾਈਆਂ ਵਿਚ ਲੱਗੇ। ਸ਼ੇਖ ਦਾ ਬਹੁਵਚਨ ਵੀ ਹੈ। ਮੁਹਛੰਦਗੀ=ਮੁਹਤਾਜੀ। ਮਸੰਦਗੀ=ਮਸਨਦ (ਗੱਦੀ) 'ਤੇ ਬੈਠਣ ਵਾਲੇ। ਪਸੰਦਗੀ=ਪਸੰਦ। ਗਉਸ ਕੁਤਬ=ਮੁਸਲਮਾਨੀ ਮਤ ਦੇ ਵਿਦਵਾਨ।

ਅਰਥ - ੧. (ਮੁਸਲਮਾਨੀ ਮਤ ਦੇ) ਪੀਰ ਪੈਕੰਬਰ ਹੋ ਕੇ (ਪਰਮੇਸ਼ਰ ਦੀ) ਬੰਦਗੀ ਕਰਦੇ ਹਨ। ੨. ਸ਼ੇਖ ਮਸਾਇਕ (ਵੱਡੇ ਵੱਡੇ ਨਾਮੀ ਮੁਸਲਮਾਨ ਵਿਦਵਾਨ) ਹੋ ਕੇ (ਪਰਮੇਸ਼ਰ ਦੀ) ਮੁਹਤਾਜੀ ਹੀ ਕਰਦੇ

ਹਨ (ਭਾਵ ਬੰਦਗੀ ਵਿਚ ਰਹਿੰਦੇ ਹਨ)। ੩. ਗਉਸ ਅਤੇ ਕੁਤਬ (ਆਦਿ ਨਾਮੀ ਮੁਸਲਮਾਨਾਂ ਦੇ ਵਿਦਵਾਨ ਪ੍ਰਭੂ ਦੀ) ਦਰਗਹ ਤੋਂ ਬਖਸ਼ਿਸ਼ਾਂ ਹੀ ਮੰਗਦੇ ਹਨ। ੪. (ਤੇ ਕਈ ਇਨ੍ਹਾਂ ਵਿਚੋਂ, ਪ੍ਰਭੂ ਦੀ) ਦਰਗਾਹ ਦੇ ਦਰ ਦੇ ਦਰਵੇਸ਼ (ਫਕੀਰੀ ਧਾਰਨ ਕਰਕੇ) ਹੋ ਖਲੋਤੇ ਹਨ, ਤੇ ਇਸੇ ਗੱਲ ਵਿਚ ਹੀ ਉਹ ਮਸਤ ਹੋ ਮਸਨਦਾਂ 'ਤੇ ਬੈਠਣ ਵਾਲਿਆਂ ਵਾਂਗ ਹੋ ਰਹੇ ਹਨ। ੫. ਕਈ ਵਲੀ ਉਲਹ (ਅੱਲਾ ਦੇ ਸੱਚੇ ਖਿਦਮਤਗਾਰ, ਸਾਈਂ ਲੋਕ) ਬਣ ਰਹੇ ਹਨ ਤੇ ਏਸੇ ਹਾਲਤ ਵਿਚ ਰਹਿਣ ਨੂੰ ਉਹ ਪਸੰਦ ਕਰਦੇ ਹਨ। ੬. (ਪਰ ਏਨੀਆਂ ਘਾਲ ਕਮਾਈਆਂ ਦੇ ਬਾਵਜੂਦ) ਕੋਈ ਵਿਰਲਾ ਹੀ ਹੈ, (ਜੋ ਪਰਮੇਸ਼ਰ ਦੀ) ਦਰਗਹ (ਦਰਬਾਰ) ਵਿਚ ਉੱਚੇ ਮੁਰਾਤਬੇ ਨੂੰ ਹਾਸਲ ਕਰਦਾ ਹੈ (ਭਾਵ ਹਉਮੈ ਤੇ ਹੰਕਾਰ ਦੀਆਂ ਊਣਤਾਈਆਂ ਦਾ ਸ਼ਿਕਾਰ ਹੋ ਕੇ, ਉੱਚ ਦਰਜੇ 'ਤੇ ਨਹੀਂ ਪੁੱਜ ਸਕਦੇ)॥ ੩॥

੪. ਪਰਮੇਸ਼ਰ ਨੂੰ ਕਰਤਾ ਜਾਣੋ

੧. ਸੁਣਿ ਆਖਾਣਿ ਵਖਾਣੁ ਆਖਿ ਵਖਾਣਿਆ।
੨. ਹਿੰਦੂ ਮੁਸਲਮਾਣੁ ਨ ਸਚੁ ਸਿਞਾਣਿਆ।
੩. ਦਰਗਹ ਪਤਿ ਪਰਵਾਣੁ ਮਾਣੁ ਨਿਮਾਣਿਆ।
੪. ਵੇਦ ਕਤੇਬ ਕੁਰਾਣੁ ਨ ਆਖਰੁ ਜਾਣਿਆ।
੫. ਦੀਨ ਦੁਨੀ ਹੈਰਾਣੁ ਚੋਜ ਵਿਡਾਣਿਆ।
੬. ਕਾਦਰ ਨੋ ਕੁਰਬਾਣੁ ਕੁਦਰਤਿ ਮਾਣਿਆ॥ ੪॥

ਪਦ ਅਰਥ - ਆਖਾਣਿ ਵਖਾਣੁ=ਆਖੇ ਹੋਏ ਕਥਨਾਂ ਦੇ ਵਰਣਨ। ਭਾਵ ਸ਼ਾਸਤਰਾਂ ਦੇ ਵਖਿਆਨ। ਆਖਰੁ=ਅੰਤ ਨੂੰ। ਚੋਜ=ਕੌਤਕ। ਵਿਡਾਣਿਆ=ਅਸਚਰਜ। ਕੁਦਰਤਿ=ਪ੍ਰਭੂ ਦੀ ਪ੍ਰਪੰਚ ਰੂਪ ਰਚਨਾ।

ਅਰਥ - ੧. (ਹੋਰਨਾਂ ਦੇ) ਆਖਾਣਿ ਨੂੰ (ਭਾਵ ਧਰਮ ਪੁਸਤਕਾਂ ਦੀਆਂ ਲਿਖਤਾਂ ਨੂੰ) ਸੁਣ ਕੇ, ਆਖਦੇ (ਭਾਵ ਅਗੋਂ ਕਥਾ ਵਾਚਕ ਲੋਕਾਂ ਨੂੰ ਸੁਣਾਉਂਦੇ) ਹਨ। ੨. ਹਿੰਦੂ ਤੇ ਮੁਸਲਮਾਨ ਦੋਹਾਂ ਨੇ ਹੀ ਸੱਚ ਨੂੰ ਨਹੀਂ ਪਛਾਣਿਆ। ੩. (ਇਸ ਅਸਲੀਅਤ ਨੂੰ ਨਹੀਂ ਜਾਣਿਆਂ ਕਿ ਰੱਬ ਦੀ) ਦਰਗਹ ਵਿਚ ਤਾਂ ਪਤਿ (ਇਜ਼ਤ) ਉਸੇ ਦੀ ਹੀ ਪਰਵਾਣ ਹੋਣੀ ਹੈ, ਜਿਸ ਨੇ ਮਾਣ ਹੁੰਦੇ ਹੋਏ ਵੀ ਨਿਮਾਣਾ ਹੋ ਕੇ (ਨਿਮ੍ਰਤਾ ਧਾਰਣ ਕੀਤੀ) ਹੈ। ੪. ਵੇਦਾਂ, ਕਤੇਬਾਂ ਤੇ ਕੁਰਾਨ ਆਦਿ (ਧਰਮ ਗ੍ਰੰਥਾਂ) ਨੇ ਵੀ (ਪ੍ਰਮੇਸ਼ਰ ਦਾ) ਅੰਤ ਨਹੀਂ ਪਾਇਆ। (ਹੱਦਾਂ ਵਾਲੀਆਂ ਵਸਤਾਂ, ਬੇਹੱਦ ਦਾ ਅੰਤ ਕਿਵੇਂ ਪਾ ਸਕਦੀਆਂ ਹਨ ?) ੫. ਦੀਨ ਅਤੇ ਦੁਨੀਆਂ (ਏਥੇ ਓਥੇ, ਦੋਹਾਂ ਜਹਾਨਾਂ) ਦੇ ਲੋਕ ਹੈਰਾਨ ਹੋ ਰਹੇ ਹਨ ਕਿ ਪਰਮੇਸ਼ਰ ਕਿੰਨੇ ਅਸਚਰਜ ਕੌਤਕਾਂ ਵਾਲਾ ਹੈ। ੬. ਐਸੇ ਕਾਦਰ (ਸ੍ਰਿਸ਼ਟੀ ਦੇ ਸਾਜਣਹਾਰ) ਤੋਂ ਵਾਰਨੇ ਤੇ ਬਲਿਹਾਰੇ ਜਾਈਏ, ਜਿਸ ਨੇ ਐਡੀ ਕੁਦਰਤ ਨੂੰ ਆਸਰਾ ਤੇ ਮਾਣ ਦੇ ਰੱਖਿਆ ਹੈ॥ ੪॥

੫. ਹੋਰ ਰਸਾਂ ਕਸਾਂ ਵਿਚ ਫਿਰਨ ਵਾਲੇ ਪ੍ਰਭੂ ਨੂੰ ਨਹੀਂ ਪਾ ਸਕਦੇ

੧. ਲਖ ਲਖ ਰੂਪ ਸਰੂਪ ਅਨੂਪ ਸਿਧਾਵਹੀ।
੨. ਰੰਗ ਬਿਰੰਗ ਸੁਰੰਗ ਤਰੰਗ ਬਣਾਵਹੀ।
੩. ਰਾਗ ਨਾਦ ਵਿਸਮਾਦ ਗੁਣ ਨਿਧਿ ਗਾਵਹੀ।
੪. ਰਸ ਕਸ ਲਖ ਸੁਆਦ ਚਖਿ ਚਖਾਵਹੀ।
੫. ਗੰਧ ਸੁਗੰਧ ਕਰੋੜਿ ਮਹ ਮਹਕਾਵਈ।
੬. ਗੈਰ ਮਹਲਿ ਸੁਲਤਾਨ ਮਹਲੁ ਨ ਪਾਵਹੀ॥ ੫॥

ਪਦ ਅਰਥ - ਸਿਧਾਵਹੀ=ਖਤਮ ਹੋ ਜਾਂਦੇ ਹਨ। ਤਰੰਗ=ਤਰ੍ਹਾਂ ਤਰ੍ਹਾਂ ਦੇ ਖੇਲ। ਵਿਸਮਾਦ=ਹੈਰਾਨੀਜਨਕ। ਗੁਣ ਨਿਧਿ=ਗੁਣਾਂ ਦਾ ਖ਼ਜ਼ਾਨਾ। ਮਹ=ਸੁਗੰਧੀ।

ਅਰਥ - ੧. ਲੱਖਾਂ ਹੀ ਰੂਪ ਵਾਲੇ, ਚੰਗੇ ਸਰੂਪ ਵਾਲੇ ਤੇ ਐਸੇ ਅਨੂਪਮ ਰੂਪ ਵਾਲੇ, ਜਿਨ੍ਹਾਂ ਦੇ ਰੂਪ ਦਾ ਮੁਕਾਬਲਾ ਕਰਨ ਵਾਲਾ ਕੋਈ ਨਹੀਂ ਹੈ, ਇਹੋ ਜੇਹੇ ਸਭ ਚਲੇ ਜਾਂਦੇ (ਭਾਵ ਮਰ ਮੁਕ ਜਾਂਦੇ ਹਨ)। ੨. ਕਈ ਤਰ੍ਹਾਂ ਦੇ ਰੰਗ ਤੇ ਬਿਰੰਗ (ਬਿਨਾਂ ਰੰਗ ਦੇ) ਅਤੇ ਚੰਗੇ ਰੰਗਾਂ ਵਾਲੇ ਤਰੰਗ (ਇਸ ਸੰਸਾਰ ਸਮੁੰਦਰ ਵਿਚ ਬੁਲਬੁਲਿਆਂ ਵਾਂਗ ਅਨੇਕਾਂ ਕੌਤਕ ਹੁੰਦੇ ਹਨ) ਉੱਠਦੇ ਤੇ ਬਣ ਕੇ ਮੁਕ ਜਾਂਦੇ ਹਨ। ੩. ਕਈ ਤਰ੍ਹਾਂ ਦੇ ਰਾਗ ਹਨ, ਸਾਜਾਂ ਦੇ ਨਾਦ ਵਜਦੇ ਹਨ ਜੋ ਮਸਤੀ ਤੇ ਵਜਦ ਵਿਚ ਲੈ ਆਉਂਦੇ ਹਨ, ਇਹ ਸਭ ਅਕਾਲ ਪੁਰਖ ਦੀਆਂ ਸਿਫਤਾਂ ਗਾ ਰਹੇ ਹਨ। ੪. ਲੱਖਾਂ ਹੀ (ਮਿੱਠੇ) ਰਸ, ਕੌੜੇ ਰਸ ਤੇ ਸੁਆਦ ਹਨ, ਜੋ ਚਖੇ ਤੇ ਚਖਾਏ ਜਾ ਰਹੇ ਹਨ। ੫. ਕਰੋੜਾਂ ਹਨ ਜੋ ਕੇਵਲ ਗੰਧ ਸੁਗੰਧ (ਵਾਸ਼ਨਾ ਤੇ ਖੁਸ਼ਬੂ) ਦੇ ਰਸ ਵਿਚ ਲੱਗੇ ਮਹਿਕਾਂ ਨੂੰ ਹੀ ਮਹਿਕਾਈ ਰੱਖਦੇ ਹਨ। ੬. (ਪਰ ਪਰਮੇਸ਼ਰ ਵੱਲੋਂ ਭੁੱਲ ਕੇ, ਐਸੇ ਲੋਕ) ਮਾਲਕ ਦੇ ਮਹਲ ਤੋਂ ਦੂਰ ਹੋਰ ਥਾਵਾਂ 'ਤੇ ਹੀ ਰਹਿਣਗੇ, ਮਾਲਕ (ਪ੍ਰਭੂ ਦਾ) ਮਹਲ ਪ੍ਰਾਪਤ ਨਹੀਂ ਕਰ ਸਕਣਗੇ, ਭਾਵ ਜੂਨੀਆਂ ਵਿਚ ਭਟਕਣਗੇ, ਮੋਖ ਪ੍ਰਾਪਤ ਨਹੀਂ ਕਰ ਸਕਣਗੇ॥ ੫॥

੬. ਚੇਤਨ ਤੇ ਜੜ੍ਹ ਸ਼ਕਤੀਆਂ ਦੀ ਦੁਬਿਧਾ

੧. ਸਿਵ ਸਕਤੀ ਦਾ ਮੇਲੁ ਦੁਬਿਧਾ ਹੋਵਈ।
੨. ਤ੍ਰੈ ਗੁਣ ਮਾਇਆ ਖੇਲੁ ਭਰਿ ਭਰਿ ਧੋਵਈ।
੩. ਚਾਰਿ ਪਦਾਰਥ ਭੇਲੁ ਹਾਰ ਪਰੋਵਈ।
੪. ਪੰਜਿ ਤਤ ਪਰਵੇਲ ਅੰਤਿ ਵਿਗੋਵਈ।
੫. ਛਿਅ ਰੁਤਿ ਬਾਰਹ ਮਾਹ ਹਸਿ ਹਸਿ ਰੋਵਈ।
੬. ਰਿਧਿ ਸਿਧਿ ਨਵ ਨਿਧਿ ਨੀਦ ਨ ਸੋਵਈ॥ ੬॥

ਪਦ ਅਰਥ - ਸਿਵ ਸਕਤੀ=ਚੇਤਨ ਤੇ ਜੜ੍ਹ। ਦੁਬਿਧਾ=ਸ੍ਰਿਸ਼ਟੀ। ਭੇਲੁ=ਮੇਲ। ਪਰਵੇਲ=ਪੁਤਲਾ। ਵਿਗੋਵਈ=ਖਤਮ ਹੋਣਾ।

ਅਰਥ - ੧. ਸ਼ਿਵ ਸ਼ਕਤੀ (ਚੇਤਨ ਤੇ ਜੜ੍ਹ) ਦੇ ਮੇਲ ਤੋਂ ਦੁਬਿਧਾ ਰੂਪ ਜਗਤ ਦਾ ਪਸਾਰਾ ਪੈਦਾ ਹੁੰਦਾ ਹੈ, ਜੋ ਜੜ੍ਹ ਤੇ ਚੇਤਨ ਅਵਸਥਾਂ ਦਾ ਸਥੂਲ ਰੂਪ ਪ੍ਰਕ੍ਰਿਤੀ ਬਣਦਾ ਹੈ ਤੇ ਇਸੇ ਨਾਲ ਹੀ ਸੰਸਾਰ ਵਿਚ ਸਾਰੇ ਕਾਰ ਵਿਹਾਰ ਦੀ ਹਲਚਲ ਹੋ ਰਹੀ ਹੈ। (ਪਰ ਜਦੋਂ ਜੜ੍ਹ ਤੇ ਸ਼ਕਤੀ ਇਕ ਰੂਪ ਹੋ ਜਾਣ, ਉਦੋਂ ਹੀ ਸੰਸਾਰ ਦੀ ਖੇਡ (ਹਿਲਜੁਲ) ਖਤਮ ਹੋ ਜਾਂਦੀ ਹੈ)। ੨. ਤਿੰਨਾਂ ਗੁਣਾਂ (ਰਜੋ, ਸਤੋ ਤੇ ਤਮੋ) ਵਾਲੀ ਮਾਇਆ ਦਾ ਖੇਲ ਹੋ ਰਿਹਾ ਹੈ। (ਲੋਕ ਅਉਗਣਾਂ ਰਜੋ ਤਮੋ ਦੀ ਬਰਕਤ ਨਾਲ) ਆਪਣੇ ਆਪ ਨੂੰ ਭਰਦੇ ਤੇ ਫਿਰ (ਸਤੋ ਗੁਣੀ ਕਰਮਾਂ ਨਾਲ ਅਉਗੁਣਾਂ ਨੂੰ) ਧੋਣ ਦਾ ਯਤਨ ਕਰਦੇ ਹਨ। ੩. ਚਾਰ ਪਦਾਰਥਾਂ (ਧਰਮ, ਅਰਥ, ਕਾਮ ਤੇ ਮੋਖ) ਨੂੰ ਮੇਲ ਕੇ ਹਾਰ ਵਾਂਗ ਪਰੋ ਕੇ (ਗਲ ਪਾਉਂਦੇ ਹਨ)। ੪. ਪਰ ਪੰਜ ਤੱਤਾਂ ਦੇ ਪੁਤਲੇ (ਸਰੀਰ) ਅੰਤ ਨੂੰ (ਆਯੂ ਭੋਗ ਕੇ) ਨਾਸ ਹੁੰਦੇ ਤੇ (ਮੁੜ ਮੁੜ ਜਨਮ ਲੈਣ ਦੇ ਚੱਕਰ ਵਿਚ ਪੈ ਜਾਂਦੇ ਹਨ)। ੫. ਫਿਰ ਉਨ੍ਹਾਂ ਲਈ ਛੀਏ ਰੁਤਾਂ ਤੇ ਬਾਰਾਂ ਹੀ ਮਹੀਨੇ, ਕਦੀ ਹੱਸਣ ਵਾਲੇ ਤੇ ਕਦੀ ਰੋਣ ਵਾਲੇ (ਦੁੱਖ ਸੁਖ) ਬਣ ਜਾਂਦੇ ਹਨ। ੬. (ਕਿਉਂਕਿ ਦੁਬਿਧਾ, ਪ੍ਰਕਿਰਤੀ ਹੈ ਹੀ ਐਸੀ ਕਿ ਜੇ) ਰਿੱਧੀਆਂ, ਸਿੱਧੀਆਂ, ਨਿਧੀਆਂ ਪ੍ਰਾਪਤ ਕਰ ਵੀ ਲੈਣ, ਤਦ ਵੀ ਉਨ੍ਹਾਂ ਦਾ ਮਨ ਪਤੀਜਦਾ ਨਹੀਂ ਤੇ (ਸ਼ਾਂਤੀ ਦੀ) ਨੀਂਦ ਕਦੇ ਵੀ ਨਹੀਂ ਸੌਂ ਸਕਦੇ। (ਦ੍ਵੈਤ ਵਿਚ ਹੀ ਭਰਮਦੇ ਤੇ ਕਲਪਦੇ ਰਹਿੰਦੇ ਹਨ)॥ ੬॥

੭. ਭਾਉ-ਭਗਤੀ ਤੋਂ ਬਿਨਾਂ ਸਭ ਕੁਝ ਨਿਸਫਲ ਹੈ

੧. ਸਹਸ ਸਿਆਣਪ ਲਖ ਕੰਮਿ ਨ ਆਵਹੀ।
੨. ਗਿਆਨ ਧਿਆਨ ਉਨਮਾਨੁ ਅੰਤੁ ਨ ਪਾਵਹੀ।
੩. ਲਖ ਸਸੀਅਰ ਲਖ ਭਾਨੁ ਅਹਿਨਿਸਿ ਧਜਾਵਹੀ।
੪. ਲਖ ਪਰਕਿਰਤਿ ਪਰਾਣ ਕਰਮ ਕਮਾਵਹੀ।
੫. ਲਖ ਲਖ ਗਰਬ ਗੁਮਾਨ ਲੱਜ ਲਜਾਵਹੀ।
੬. ਲਖ ਲਖ ਦੀਨ ਈਮਾਨ ਤਾੜੀ ਲਾਵਹੀ।
੭. ਭਾਉ ਭਗਤਿ ਭਗਵਾਨ ਸਚਿ ਸਮਾਵਹੀ॥ ੭॥

ਪਦ ਅਰਥ - ਸਿਆਣਪ=ਅਕਲ। ਉਨਮਾਨੁ=ਮਸਤੀ ਵਿਚ ਰਹਿਣ ਵਾਲੇ। ਸਸੀਅਰ=ਚੰਦਰਮਾਂ। ਭਾਨੁ=ਸੂਰਜ। ਪਰਕਿਰਤਿ ਪਰਾਣ=ਮਾਇਕ ਰੂਪ, ਜਾਂ ਮਾਇਆ ਦੇ ਆਸ਼ਰਤ ਹੋ ਰਹੇ।

ਅਰਥ - ੧. ਹਜ਼ਾਰਾਂ ਹੀ ਸਿਆਣਪਾਂ ਕੰਮ ਨਹੀਂ ਆਉਂਦੀਆਂ, (ਜਦੋਂ ਪਰਮੇਸ਼ਰ ਦੀ ਭਾਵੀ ਆਣ ਕੇ ਵਗਦੀ ਹੈ)। ੨. ਲੱਖਾਂ ਗਿਆਨੀ ਤੇ ਧਿਆਨ ਲਾ ਕੇ ਉਨਮਨ ਅਵਸਥਾ (ਮਸਤੀ) ਵਿਚ ਪਹੁੰਚ ਜਾਣ ਵਾਲੇ (ਪ੍ਰਮੇਸ਼ਰ ਦੀ ਗਤੀ) ਦਾ ਅਨੁਮਾਨ ਨਹੀਂ ਲਾ ਸਕਦੇ, ਨਾ ਅੰਤ ਹੀ ਪਾ ਸਕਦੇ ਹਨ। ੩. ਲੱਖਾਂ ਚੰਦਰਮਾਂ ਤੇ ਲੱਖਾਂ ਹੀ ਸੂਰਜ (ਪ੍ਰਮੇਸ਼ਰ ਦੀ) ਰਾਤ ਦਿਨੇ ਅਰਾਧਨਾ ਕਰਦੇ ਹਨ (ਪਰ ਜਿਸ ਪ੍ਰੇਮ-ਮਈ

ਹਾਲਤ ਦੀ ਲੋੜ ਹੁੰਦੀ ਹੈ, ਉਸ ਤੋਂ ਕਿਤੇ ਦੂਰ ਰਹਿੰਦੇ ਹਨ)। ੪. ਲੱਖਾਂ ਹੀ ਲੋਕ ਮਾਇਆ ਦੇ ਸਹਾਰੇ (ਯੱਗ ਆਦਿਕਾਂ ਤੇ ਪੁੰਨ ਦਾਨ ਦੇ ਪਰਾਇਣ ਹੋ) ਕਰਮ ਕਮਾਉਂਦੇ ਹਨ। ੫. ਲੱਖਾਂ ਹੀ ਐਸੇ ਲੋਕ ਹਨ ਜੋ ਗਰੂਰ ਤੇ ਹੰਕਾਰ ਨਾਲ ਭਰੇ ਹੋਏ ਹਨ ਤੇ ਲੱਖਾਂ ਹੀ ਲੱਜਾ ਨਾਲ (ਸ਼ਰਮ ਨਾਲ) ਜੋ ਸਿਰ ਨੀਵਾਂ ਪਾਈ ਰਖਦੇ ਹਨ। ੬. ਲੱਖਾਂ ਹੀ ਦੀਨ ਤੇ ਈਮਾਨ ਦੇ ਆਸਰੇ ਹੋ ਸਮਾਧੀਆਂ ਲਾਉਂਦੇ ਹਨ। ੭. (ਪਰ) ਪ੍ਰਮੇਸ਼ਰ ਦੀ ਸੱਚੀ ਭਾਉ ਭਗਤੀ (ਪ੍ਰੇਮ ਹੀ ਇਕ ਅਜੇਹੀ ਵਸਤੂ ਹੈ, ਜੋ ਪ੍ਰਭੂ ਦੇ ਸੱਚੇ ਪ੍ਰੇਮ ਵਿਚ ਮਿਲਾ ਦਿੰਦੀ ਹੈ ਭਾਵ ਪ੍ਰੇਮਾ ਭਗਤੀ ਵਾਲੇ ਹੀ ਪ੍ਰਭੂ ਨੂੰ ਪ੍ਰਾਪਤ ਕਰਦੇ ਹਨ॥ ੭॥

੮. ਭਾਉ ਭਗਤੀ ਤੋਂ ਬਿਨਾਂ ਹੋਰ ਪਰਚੇ ਵਾਧੂ ਹਨ

੧. ਲਖ ਪੀਰ ਪਾਤਿਸਾਹ ਪਰਚੇ ਲਾਵਹੀ।
੨. ਜੋਗ ਭੋਗ ਲਖ ਰਾਹ ਸੰਗਿ ਚਲਾਵਹੀ।
੩. ਦੀਨ ਦੁਨੀ ਅਸਗਾਹ ਹਾਥਿ ਨ ਪਾਵਹੀ।
੪. ਕਟਕ ਮੁਰੀਦ ਪਨਾਹ ਸੇਵ ਕਮਾਵਹੀ।
੫. ਅੰਤੁ ਨ ਸਿਫਤਿ ਸਲਾਹ ਆਖਿ ਸੁਣਾਵਹੀ।
੬. ਲਉਬਾਲੀ ਦਰਗਾਹ ਖੜੇ ਧਿਆਵਹੀ॥ ੮॥

ਪਦ ਅਰਥ - ਪਰਚੇ=ਕਰਾਮਤ ਦੀ ਪ੍ਰਤੀਤ। ਸੰਗਿ=ਸਾਥੀ, ਮੰਡਲੀਆਂ। ਹਾਥਿ=ਥਾਹ। ਕਟਕ=ਸਮੂਹ। ਪਨਾਹ=ਓਟ, ਆਸਰਾ। ਲਉਬਾਲੀ=ਬੇਪ੍ਰਵਾਹ।

ਅਰਥ - ੧. ਲੱਖਾਂ ਪੀਰੀਆਂ ਦੇ ਪਾਤਸ਼ਾਹ (ਵੱਡੇ ਪੀਰ) ਕਰਾਮਾਤਾਂ ਨਾਲ ਆਪਣੇ ਪ੍ਰਭਾਵ ਲੋਕਾਂ 'ਤੇ ਪਾਉਂਦੇ ਹਨ। ੨. ਜੋਗ ਤੇ ਭੋਗ ਦੇ ਲੱਖਾਂ ਰਾਹ ਚਲਾ ਕੇ, ਆਪਣੇ ਨਾਲ ਚੇਲਿਆਂ ਦੀਆਂ ਮੰਡਲੀਆਂ ਤੋਰ ਲੈਂਦੇ ਹਨ। ੩. (ਏਨੇ ਪ੍ਰਭਾਵਸ਼ਾਲੀ ਹਨ, ਪਰ ਇਹ ਦੁਨੀਆਂ ਨੂੰ ਭਰਮਾਉਣ ਵਾਲੇ) ਬੇਅੰਤ ਨਾ ਦੁਨੀਆਂ ਦੀ ਹਾਥ (ਥਾਹ) ਪਾ ਸਕਦੇ ਹਨ, ਨਾ ਦੀਨ (ਧਰਮ) ਦੀ ਗੌਰਵਤਾ ਨੂੰ ਹੀ ਜਾਣ ਸਕਦੇ ਹਨ। ੪., ਭਾਵੇਂ ਮੁਰੀਦਾਂ ਦੇ ਟੋਲਿਆਂ ਦੇ ਟੋਲੇ, ਉਨ੍ਹਾਂ ਦੀ ਪਨਾਹ ਵਿਚ ਰਹਿੰਦੇ ਹਨ ਤੇ ਸੇਵਾ ਕਰਦੇ ਭਾਵ ਜੋ ਪੀਰ ਜੀ ਫ਼ੁਰਮਾਉਂਦੇ, ਓਹੀ ਸੇਵਾ ਕਰਦੇ ਹਨ। ੫. (ਪਰਮੇਸ਼ਰ ਦੀ) ਸਿਫਤ ਤੇ ਸਲਾਹੁਤਾ ਦਾ ਅੰਤ ਨਹੀਂ ਹੈ, (ਇਹ ਗੱਲ ਵੀ ਉਹ) ਕਈਆਂ ਨੂੰ ਆਖ ਕੇ ਸੁਣਾਉਂਦੇ ਹਨ। ੬. (ਪਰ ਉਹ ਵਿਰਲੇ ਹੀ ਹਨ ਜੋ ਬੇਪਰਵਾਹ (ਪਰਮੇਸ਼ਰ ਦੀ) ਦਰਗਾਹ ਦੇ (ਬੂਹੇ ਅੱਗੇ) ਖੜੇ ਹੋ, (ਅਕਾਲ ਪੁਰਖ ਦੀ) ਅਰਾਧਨਾ ਕਰ ਰਹੇ ਹਨ, ਭਾਵ ਅੰਤਰ ਆਤਮੇ ਧਿਆਨ ਵਿਚ ਮਸਤ ਹਨ॥ ੮॥

੯. ਭਾਉ ਭਗਤੀ ਤੋਂ ਬਿਨਾਂ ਸਭ ਕੁਛ ਨਿਹਫਲ ਹੈ

੧. ਲਖ ਸਾਹਿਬਿ ਸਿਰਦਾਰ ਆਵਣ ਜਾਵਣੇ।

੨. ਲਖ ਵਡੇ ਦਰਬਾਰ ਬਣਤ ਬਣਾਵਣੇ।
੩. ਦਰਬ ਭਰੇ ਭੰਡਾਰ ਗਣਤ ਗਣਾਵਣੇ।
੪. ਪਰਵਾਰੈ ਸਾਧਾਰ ਬਿਰਦ ਸਦਾਵਣੇ।
੫. ਲੋਭ ਮੋਹ ਅਹੰਕਾਰ ਧੋਹ ਕਮਾਵਣੇ।
੬. ਕਰਦੇ ਚਾਰੁ ਵੀਚਾਰਿ ਦਹ ਦਿਸਿ ਧਾਵਣੇ।
੭. ਲਖ ਲਖ ਬੁਜਰਕਵਾਰ ਮਨ ਪਰਚਾਵਣੇ॥ ੯॥

ਪਦ ਅਰਥ - ਬਣਤ=ਬਣਾਵਟਾਂ ਤੇ ਸਜਾਵਟਾਂ। ਗਣਤ=ਗਿਣਤੀਆਂ। ਬਿਰਦ=ਪੈਜ। ਧੋਹ=ਧੋਖਾ। ਚਾਰੁ ਵੀਚਾਰਿ=ਸੁੰਦਰ ਸਲਾਹਾਂ ਵਾਲੇ। ਬੁਜਰਕਵਾਰ=ਬਜ਼ੁਰਗ।

ਅਰਥ - ੧. ਲੱਖਾਂ ਹੀ ਸਾਹਿਬ ਸਿਰਦਾਰ (ਸਭਾ ਸ਼ਿੰਗਾਰਾਂ ਵਾਲੇ ਹਨ) ਜੋ ਆਉਣ ਜਾਣ ਵਾਲੇ ਹੀ ਹਨ (ਭਾਵ ਸੰਸਾਰ ਵਿਚ ਮੁਸਾਫਿਰ ਦੀ ਨਿਆਈਂ ਹਨ। ੨. ਲੱਖਾਂ ਹੀ ਵੱਡੇ ਦਰਬਾਰਾਂ ਵਾਲੇ, ਜੋ ਹਰ ਸਮੇਂ ਬਣਤਾਂ ਸਕੀਮਾਂ, (ਕਿਸੇ ਨੂੰ ਜਿੱਤਣ ਦੀਆਂ ਕਿਸੇ ਨੂੰ ਮਾਰਨ ਦੀਆਂ) ਬਣਾਉਂਦੇ ਰਹਿੰਦੇ ਹਨ। ੩. ਜਿਨ੍ਹਾਂ ਦੇ ਖਜ਼ਾਨੇ ਧਨ ਨਾਲ ਭਰੇ ਹੋਏ ਹਨ, (ਉਹ) ਆਪਣੇ ਧਨ ਦੀ ਗਿਣਤੀ ਹੀ ਗਿਣਾਉਂਦੇ (ਭਾਵ ਹਿਸਾਬ ਕਿਤਾਬ) ਕਰਦੇ ਰਹਿੰਦੇ ਹਨ। ੪. ਕਈ ਪਰਿਵਾਰਾਂ ਦੇ ਸੁਧਾਰ (ਭਾਵ ਸੇਵਾ) ਕਰਦੇ ਹਨ (ਜੋ ਆਪਣੇ ਆਪ ਨੂੰ ਇਸੇ ਗੱਲ ਲਈ) ਬਿਰਦ (ਲਾਜ) ਰੱਖਣ ਵਾਲ਼ੇ ਸਦਵਾਉਂਦੇ ਹਨ (ਕਿ ਸਾਡੇ ਬਿਨਾਂ ਐਸਾ ਕੋਈ ਹੋਰ ਕਰ ਹੀ ਨਹੀਂ ਸੀ ਸਕਦਾ)। ੫. ਲੋਭ ਦੇ ਮੋਹ ਵਿਚ ਫਸ ਕੇ ਫਿਰ ਹੰਕਾਰ ਵੀ ਕਰਦੇ ਹਨ, (ਤੇ ਹੰਕਾਰ ਵਿਚ ਆਏ ਲੋਕਾਂ ਨਾਲ) ਧੋਖਾ ਤੇ ਕਪਟ ਵੀ ਕਮਾਉਂਦੇ ਹਨ। ੬. ਕਈ ਸੁੰਦਰ ਵਿਚਾਰਾਂ ਵਿਚ ਲੱਗੇ ਦਸਾਂ ਦਿਸ਼ਾਂ ਵਿਚ ਦੌੜਦੇ ਫਿਰਦੇ ਹਨ। ੭. ਲੱਖਾਂ ਹੀ ਬਜ਼ੁਰਗ ਮਹੰਤ (ਆਪਣੇ ਆਪ ਨੂੰ ਆਖਦੇ) ਹਨ ਤੇ ਆਪਣਾ ਮਨ (ਇਸ ਗੱਲ ਨਾਲ ਹੀ) ਪਰਚਾਉਂਦੇ ਹਨ (ਕਿ ਅਸੀਂ ਬੜੇ ਵੱਡੇ ਹਾਂ)॥੯॥

੧੦. ਲੱਖਾਂ ਹੀ ਹੋਰ ਹੋਰ ਕਰਮ ਕਰਨ ਵਾਲੇ ਹਨ

੧. ਲਖ ਦਾਤੇ ਦਾਤਾਰ ਮੰਗਿ ਮੰਗਿ ਦੇਵਹੀ।
੨. ਅਉਤਰਿ ਲਖ ਅਵਤਾਰ ਕਾਰ ਕਰੇਵਹੀ।
੩. ਅੰਤੁ ਨ ਪਾਰਾਵਾਰੁ ਖੇਵਟ ਖੇਵਹੀ।
੪. ਵੀਚਾਰੀ ਵੀਚਾਰਿ ਭੇਤੁ ਨ ਦੇਵਹੀ।
੫. ਕਰਤੂਤੀ ਆਚਾਰਿ ਕਰਿ ਜਸੁ ਲੇਵਹੀ।
੬. ਲਖ ਲਖ ਜੇਵਣਹਾਰ ਜੇਵਣ ਜੇਵਹੀ।
੭. ਲਖ ਦਰਗਹ ਦਰਬਾਰ ਸੇਵਕ ਸੇਵਹੀ॥ ੧੦॥

ਪਦ ਅਰਥ - ਅਉਤਰਿ=ਅਵਤਾਰ ਲੈਣਾ। ਖੇਵਟ=ਮਲਾਹ। ਖੇਵਹੀ=ਜਹਾਜ਼ ਚਲਾਉਂਦੇ। ਜੇਵਣਹਾਰ=ਰਸੋਈਏ। ਜੇਵਣ=ਭੋਜਨ। ਦਰਗਹ ਦਰਬਾਰ=ਸ਼ਾਹੀ ਅਦਾਲਤ ਜਾਂ ਦਰਬਾਰ।

ਅਰਥ - ੧. ਲੱਖਾਂ ਹੀ ਦਾਤੇ ਦਾਨ ਕਰਨ ਵਾਲੇ ਹਨ ਜੋ ਦਾਨ ਮੰਗਣ ਵਾਲਿਆਂ ਨੂੰ ਮੂੰਹ ਮੰਗੇ ਦਾਨ ਦੇਂਦੇ ਹਨ। ੨. ਲੱਖਾਂ ਅਵਤਾਰ, ਅਵਤਾਰ ਧਾਰ ਕੇ, ਅਵਤਾਰਾਂ ਵਾਲੀ ਕਾਰ ਕਰਦੇ ਹਨ। ੩. (ਇਸ ਸੰਸਾਰ ਵਿਚ ਆ ਕੇ ਆਗੂ) ਮਲਾਹ ਬਣਦੇ ਹਨ, (ਲੋਕਾਂ ਨੂੰ ਪਾਰ ਕਰਨ ਦਾ ਨਿਸ਼ਚਾ ਤਾਂ ਦੇਂਦੇ ਹਨ ਪਰ) ਨਾ ਸੰਸਾਰ ਦਾ ਤੇ ਨਾ ਪਰਮੇਸ਼ਰ ਦਾ ਹੀ ਅੰਤ ਪਾ ਸਕਦੇ ਹਨ (ਬਸ ਆਪਣੀ ਬੁੱਧੀ ਦੀ ਸਮਝ ਅਨੁਸਾਰ ਹੀ ਦੌੜ ਲਾ ਸਕਦੇ ਹਨ)। ੪. ਕਈ ਵਿਚਾਰਾਂ ਵਿਚਾਰਨ ਵਾਲੇ ਵੀ ਹਨ (ਆਪਣੇ ਆਪ ਨੂੰ ਸਿਆਣਪ ਵਾਲੇ ਮੰਨਦੇ ਹਨ) ਪਰ (ਪ੍ਰਭੂ ਦੇ) ਅੰਤ ਦਾ ਪਤਾ ਨਹੀਂ ਦੇ ਸਕਦੇ। ੫. ਕਰਤੂਤਾਂ (ਵੱਡੇ ਕੰਮ) ਕਰਨ ਵਾਲੇ (ਜੱਗ ਆਦਿਕਾਂ ਦੇ) ਕਰਮ ਕਰਦੇ ਤੇ ਜੱਸ ਪ੍ਰਾਪਤ ਕਰਦੇ ਹਨ। ੬. (ਜੱਗਾਂ ਲਈ) ਲੱਖਾਂ ਹੀ ਰਸੋਈਏ (ਭੋਜਨ ਤਿਆਰ ਕਰਨ ਵਾਲੇ) ਤੇ ਲੱਖਾਂ ਹੀ ਭੋਜਨ ਖਾਣ ਵਾਲੇ ਹਨ। ੭. ਲੱਖਾਂ ਹੀ ਦਰਬਾਰ ਤੇ ਸਭਾ ਲਾਉਣ ਵਾਲੇ (ਰਾਜੇ ਮਹਾਰਾਜਿਆਂ) ਦੇ ਸੇਵਕ ਹੁੰਦੇ ਹਨ, ਜੋ ਸੇਵਾ ਦੇ ਕੰਮ ਕਰਦੇ ਹਨ॥ ੧੦॥

੧੧. ਭਾਉ ਭਗਤੀ ਤੋਂ ਬਗੈਰ, ਹੋਰ ਕਰਮ-ਕਾਂਡ

੧. ਸੂਰ ਵੀਰ ਵਰੀਆਮ ਜੋਰੁ ਜਣਾਵਹੀ।
੨. ਸੁਣਿ ਸੁਣਿ ਸੁਰਤੇ ਲਖ ਆਖਿ ਸੁਣਾਵਹੀ।
੩. ਖੋਜੀ ਖੋਜਨਿ ਖੋਜਿ ਦਹਿ ਦਿਸਿ ਧਾਵਹੀ।
੪. ਚਿਰ ਜੀਵੈ ਲਖ ਹੋਇ ਨ ਓੜਕੁ ਪਾਵਹੀ।
੫. ਖਰੇ ਸਿਆਣੇ ਹੋਇ ਨ ਮਨੁ ਸਮਝਾਵਹੀ।
੬. ਲਉਬਾਲੀ ਦਰਗਾਹ ਚੋਟਾਂ ਖਾਵਹੀ॥ ੧੧॥

ਪਦ ਅਰਥ - ਵਰੀਆਮ=ਬਹਾਦਰ। ਸੁਰਤੇ=ਸੁਣਨ ਵਾਲੇ। ਲਉਬਾਲੀ=ਬੇਪ੍ਰਵਾਹ। ਚੋਟਾਂ=ਸਜ਼ਾਵਾਂ।

ਅਰਥ - ੧. ਸੂਰਬੀਰ ਤੇ ਬਹਾਦਰ ਅਤਿਰਥੀ ਜੋਧੇ, ਆਪੋ ਆਪਣਾ ਬਲ ਦਿਖਾਉਂਦੇ ਹਨ। ੨. ਲੱਖਾਂ ਹੀ ਸੁਣਨ ਵਾਲੇ ਤੇ ਲੱਖਾਂ ਹੀ ਆਖ ਆਖ ਕੇ (ਧਰਮ ਪੁਸਤਕਾਂ ਦੇ ਵਖਿਆਨ) ਸੁਣਾਉਣ ਵਾਲੇ ਹਨ। ੩. ਲੱਖਾਂ ਹੀ ਖੋਜੀ ਖੋਜਾਂ ਕਰਦੇ (ਪਰਮੇਸ਼ਰ ਨੂੰ ਲੱਭਦੇ ਫਿਰਦੇ) ਦਸਾਂ ਹੀ ਦਿਸ਼ਾਵਾਂ ਵੱਲ ਦੌੜੀ ਜਾ ਰਹੇ ਹਨ। ੪. ਲੱਖਾਂ ਹੀ ਚਿਰ ਜੀਵਨ ਵਾਲੇ (ਮਾਰਕੰਡਾ ਰਿਖੀ ਵਾਂਗ) ਹੋਏ ਹਨ, (ਜੋ ਖੋਜਾਂ ਕਰਦੇ ਰਹੇ, ਭਜਨ ਸਿਮਰਨ ਵਿਚ ਵੀ ਲੱਗੇ ਰਹੇ) ਪਰ ਓੜਕ ਤੇ ਅੰਤ ਕਿਸੇ ਨੂੰ ਵੀ ਹੱਥ ਨਹੀਂ ਲੱਗਾ। ੫. ਵੱਡੇ ਵੱਡੇ ਸਿਆਣੇ ਹੋਏ ਹਨ, (ਜੋ ਹੋਰਨਾਂ ਨੂੰ ਤਾਂ ਸਮਝਾਉਂਦੇ ਰਹੇ, ਪਰ ਉਨ੍ਹਾਂ ਨੇ) ਆਪਣੇ ਮਨ, ਜਾਂ ਆਪਣੇ ਆਪ ਨੂੰ ਸਮਝਾਣ ਦਾ ਜਤਨ ਨਹੀਂ ਕੀਤਾ। ੬. (ਪ੍ਰਭੂ) ਦੀ ਦਰਗਾਹ ਬੇਪਰਵਾਹੀ ਵਾਲੀ ਹੈ, (ਓਥੇ ਕਿਸੇ ਦਾ ਲਿਹਾਜ਼ ਜਾਂ ਮੁਲਾਹਜ਼ਾ ਨਹੀਂ ਚਲਦਾ, ਓਥੇ ਤਾਂ ਭੁੱਲੇ ਹੋਏ ਲੋਕਾਂ ਨੂੰ ਚੋਟਾਂ ਪੈਂਦੀਆਂ ਹਨ ਤੇ ਡੰਡੇ ਵਜਦੇ ਹਨ, ਭਾਵ ਕੀਤੇ ਕਰਮਾਂ ਦੀਆਂ ਸਜ਼ਾਵਾਂ ਮਿਲਦੀਆਂ ਹਨ॥ ੧੧॥

੧੨. ਗਰਬ ਹੰਕਾਰ ਤੇ ਸਬਰ ਸੰਤੋਖ

੧. ਹਿਕਮਤਿ ਲਖ ਹਕੀਮ ਚਲਤ ਬਣਾਵਹੀ।
੨. ਆਕਲ ਹੋਇ ਫਹੀਮ ਮਤੇ ਮਤਾਵਹੀ।
੩. ਗਾਫਲ ਹੋਇ ਗਨੀਮ ਵਾਦ ਵਧਾਵਹੀ।
੪. ਲੜਿ ਲੜਿ ਕਰਨਿ ਮੁਹੀਮ ਆਪੁ ਗਣਾਵਹੀ।
੫. ਹੋਇ ਜਦੀਦ ਕਦੀਮ ਨ ਖੁਦੀ ਮਿਟਾਵਹੀ।
੬. ਸਾਬਰੁ ਹੋਇ ਹਲੀਮ ਆਪੁ ਗਵਾਵਹੀ॥ ੧੨॥

ਪਦ ਅਰਥ - ਹਿਕਮਤਿ=ਚਕਿਤਸਾ। ਚਲਤ=ਇਲਾਜ ਦਵਾਈਖਾਨੇ। ਆਕਲ=ਵਿਦਵਾਨ। ਫਹੀਮ=ਸਮਝਣ ਵਾਲੇ, ਸਿਆਣੇ। ਮਤੇ=ਸਲਾਹਾਂ। ਮਤਾਵਹੀ=ਸਕੀਮਾਂ ਬਣਾਉਂਦੇ। ਕਦੀਮ=ਪੁਰਾਤਨ। ਖੁਦੀ=ਗਰਬ, ਅਭਿਮਾਨ। ਸਾਬਰੁ=ਸਬਰ ਵਾਲੇ। ਹਲੀਮ=ਸਹਿਨ ਸ਼ੀਲ।

ਅਰਥ - ੧. ਬੀਮਾਰਾਂ ਦੀ ਚਕਿਤਸਾ ਕਰਨ ਵਾਲੇ ਵੈਦ ਜਾਂ ਹਕੀਮ, (ਦੁਆਵਾਂ ਦੇ ਨੁਸਖੇ) ਬਣਾਉਂਦੇ ਹਨ ਤੇ ਦੁਕਾਨਾਂ ਚਲਾਉਂਦੇ ਹਨ। ੨. ਬੁਧੀਵਾਨ ਲੋਕ (ਆਪੋ ਆਪਣੇ ਹੁਨਰਾਂ ਲਈ) ਸੋਚਾਂ ਕਰਦੇ, ਸਲਾਹਾਂ ਕਰਦੇ ਤੇ (ਵਾਧੇ ਦੀਆਂ) ਸਕੀਮਾਂ ਬਣਾਉਂਦੇ ਹਨ। ੩. (ਕਈ ਦੁਸ਼ਮਨ ਵੱਲੋਂ) ਗਾਫਲ (ਬੇਪ੍ਰਵਾਹ ਜਾਂ ਅਵੇਸਲੇ ਹੋ ਕੇ ਆਪਣੇ ਲਈ ਖਤਰੇ ਤੇ ਝਗੜੇ ਵਧਾ ਲੈਂਦੇ ਹਨ। ੪. (ਕਈ) ਲੜਨ ਲਈ ਮੁਹਿੰਮਾਂ (ਫੌਜਾਂ) ਲੈ ਕੇ ਚੜ੍ਹਦੇ ਹਨ ਤੇ ਲੜ ਲੜ ਕੇ ਆਪਣਾ ਜ਼ੋਰ ਜਤਾਉਂਦੇ ਹਨ ਕਿ ਸਾਡੇ ਨਾਲ ਜੋ ਵੀ ਲੜੇਗਾ, ਮਰੇਗਾ। ੫. ਕਈ ਜਨਮ ਤੋਂ ਮਰਨ ਪ੍ਰਯੰਤ ਹੰਕਾਰ ਕਰਨੋ ਨਹੀਂ ਹਟਦੇ (ਤੇ ਦੁੱਖੀ ਰਹਿੰਦੇ ਹਨ, ਹਉਮੈ ਹੰਕਾਰ ਵਿਚ ਸੜਦੇ ਰਹਿੰਦੇ ਹਨ, ਪਰ ਸੁਖੀ ਹੋਣ ਲਈ) ਹੰਕਾਰ ਨੂੰ ਨਹੀਂ ਮਿਟਾਉਂਦੇ ੬. ਜਿਨ੍ਹਾਂ ਨੇ ਸੰਤੋਖ ਤੇ ਸਹਿਨ-ਸ਼ੀਲਤਾ ਨੂੰ ਧਾਰਨ ਕੀਤਾ ਹੈ, ਉਹ ਆਪਾ ਭਾਵ ਨੂੰ ਮਿਟਾ ਦਿੰਦੇ ਹਨ॥ ੧੨॥

੧੩. ਅਭਿਮਾਨ ਨੂੰ ਛੱਡਣ ਵਾਲੇ ਹੀ ਮਨਜ਼ੂਰ ਹੁੰਦੇ ਹਨ

੧. ਲਖ ਲਖ ਪੀਰ ਮੁਰੀਦ ਮੇਲ ਮਿਲਾਵਹੀ।
੨. ਸੁਹਦੇ ਲਖ ਸਹੀਦ ਜਾਰਤ ਲਾਵਹੀ।
੩. ਲਖ ਰੋਜੇ ਲਖ ਈਦ ਨਿਵਾਜ ਕਰਾਵਹੀ।
੪. ਕਰਿ ਕਰਿ ਗੁਫਤ ਸੁਨੀਦ ਮਨ ਪਰਚਾਵਹੀ।
੫. ਹੁਜਰੇ ਕੁਲਫ ਕੁਲੀਦ ਜੁਹਦ ਕਮਾਵਹੀ।
੬. ਦਰਿ ਦਰਵੇਸ ਰਸੀਦ ਨ ਆਪੁ ਜਣਾਵਹੀ॥ ੧੩॥

ਪਦ ਅਰਥ - ਸੁਹਦੇ=ਗਰੀਬ, ਮਜ਼ਲੂਮ। ਸਹੀਦ=ਧਰਮ ਲਈ ਲੜ ਮਰਨ ਵਾਲੇ ਸੂਰਬੀਰ। ਜਾਰਤ=ਯਾਤਰਾ। ਗੁਫਤ ਸੁਨੀਦ=ਸਵਾਲ ਜਵਾਬ। ਹੁਜਰੇ=ਪੂਜਾ ਦੀ ਥਾਂ। ਕੁਲਫ=ਜੰਦਰਾ। ਕੁਲੀਦ=ਕੁੰਜੀ। ਜੁਹਦ=ਤਪ ਤਿਆਗ। ਰਸੀਦ=ਪੁੱਜੇ ਹੋਏ, ਭਜਨੀਕ।

ਅਰਥ - ੧. ਲੱਖਾਂ ਪੀਰ ਲੱਖਾਂ ਹੀ ਮੁਰੀਦਾਂ ਦੇ ਮੇਲ ਨੂੰ ਮਿਲਾਉਂਦੇ, ਭਾਵ (ਇਕੱਠ ਕਰਦੇ) ਹਨ। ੨. ਲੱਖਾਂ ਹੀ ਗਰੀਬ ਤੇ ਮਜ਼ਲੂਮ ਹਨ ਤੇ ਲੱਖਾਂ ਹੀ ਸ਼ਹੀਦ ਹਨ, ਜਿਨ੍ਹਾਂ ਦੀਆਂ ਕਬਰਾਂ ਦੀਆਂ ਲੋਕ ਜ਼ਿਆਰਤਾਂ (ਯਾਤਰਾ) ਕਰਦੇ ਤੇ ਮੇਲੇ ਲਾਉਂਦੇ ਹਨ। ੩. ਲੱਖਾਂ ਹੀ ਰੋਜ਼ੇ ਤੇ ਲੱਖਾਂ ਈਦਾਂ ਮਨਾਉਂਦੇ, ਨਿਮਾਜ਼ਾਂ ਪੜ੍ਹਾਉਂਦੇ ਹਨ ਤੇ ਆਪ ਨਿਮਾਜ਼ਾਂ ਕਰਦੇ ਹਨ। ੪. (ਫਿਰ) ਉੱਤਰ-ਪ੍ਰਸ਼ਨ (ਸਵਾਲ ਜਵਾਬ) ਕਰ ਕਰ ਕੇ ਇਕ ਦੂਜੇ ਨਾਲ ਮਨ ਪਰਚਾਉਂਦੇ ਹਨ। ੫. (ਮਨ ਰੂਪ) ਜੰਦਰੇ ਨੂੰ ਖੋਹਲਣ ਲਈ ਜੁਹਦ (ਤਪ, ਤਿਆਗ ਤੇ ਪਰਹੇਜ਼ਗਾਰੀ) ਲਈ ਮਸਜਦਾਂ ਵਿਚ ਜਾ ਜਾ ਘਾਲਣਾ ਘਾਲਦੇ ਹਨ। ੬. (ਪਰ) ਪ੍ਰਭੂ (ਖੁਦਾ ਦੀ) ਦਰਗਾਹ ਦੇ ਦਰਵਾਜ਼ੇ 'ਤੇ ਉਸੇ ਨੂੰ ਪਹੁੰਚਣਾ ਨਸੀਬ ਹੁੰਦਾ ਹੈ, ਜੋ ਆਪਾ ਭਾਵ (ਖੁਦੀ) ਨੂੰ ਮਿਟਾਉਂਦੇ ਹਨ ਤੇ ਨਿਰਇਛਤ ਹੋ ਕੇ ਖੁਦਾ ਦੀ ਬੰਦਗੀ ਕਰਦੇ ਹਨ॥ ੧੩॥

੧੪. ਹਉਮੈ ਵਾਲੇ ਸੰਸਾਰੀ, ਪ੍ਰਭੂ ਦੇ ਦਰ 'ਤੇ ਡਰਾਉਣੇ ਰੂਪ ਹਨ

੧. ਉਚੇ ਮਹਲ ਉਸਾਰਿ ਵਿਛਾਇ ਵਿਛਾਵਣੇ।
੨. ਵਡੇ ਦੁਨੀਆਦਾਰ ਨਾਉ ਗਣਾਵਣੇ।
੩. ਕਰਿ ਗੜ ਕੋਟ ਹਜਾਰ ਰਾਜ ਕਮਾਵਣੇ।
੪. ਲਖ ਲਖ ਮਨਸਬਦਾਰ ਵਜਹੁ ਵਧਾਵਣੇ।
੫. ਪੂਰ ਭਰੇ ਅਹੰਕਾਰ ਆਵਣ ਜਾਵਣੇ।
੬. ਤਿਤੁ ਸਚੇ ਦਰਬਾਰ ਖਰੇ ਡਰਾਵਣੇ॥ ੧੪॥

ਪਦ ਅਰਥ - ਵਿਛਾਵਣੇ=ਪਲੰਘਾਂ 'ਤੇ ਵਿਛਾਈਆਂ। ਦੁਨੀਆਦਾਰ=ਸੰਸਾਰੀ ਲੋਕ। ਮਨਸਬਦਾਰ=ਅਹੁਦੇਦਾਰ। ਵਜਹੁ=ਤਨਖਾਹ, ਮਾਹਵਾਰੀ।

ਅਰਥ - ੧. ਉੱਚੇ ਉੱਚੇ ਮਹੱਲ ਤੇ ਮੰਦਰ ਉਸਾਰ ਕੇ (ਅਮੀਰ ਲੋਕ ਕੀਮਤੀ ਤੇ ਸ਼ਾਨਦਾਰ) ਵਿਛਾਉਣੇ ਵਿਛਾਉਂਦੇ ਹਨ। ੨. ਵੱਡੇ ਦੁਨੀਆਂਦਾਰੀ (ਸੰਸਾਰੀ) ਬਣ ਕੇ, (ਕੋਈ ਸ਼ਾਹ, ਕੋਈ ਜ਼ਿਮੀਦਾਰ, ਕੋਈ ਰਾਜਾ, ਕੋਈ ਮਹਾਰਾਜਾ ਤੇ ਕਈ ਅਮੀਰ ਵਜ਼ੀਰ) ਨਾਵਾਂ ਨੂੰ ਗਿਣਾਉਂਦੇ ਹਨ। ੩. ਹਜ਼ਾਰਾਂ ਹੀ ਕਿਲ੍ਹੇ ਤੇ ਕੋਟ (ਧਨ ਮਾਲ ਅਤੇ ਫੌਜਾਂ ਦੇ ਰੱਖਣ ਲਈ ਬਣਾਉਂਦੇ) ਹਨ ਅਤੇ (ਦੂਰ ਦੂਰ ਤਕ) ਰਾਜ ਕਮਾਉਂਦੇ ਹਨ। ੪. ਜਿਨ੍ਹਾਂ ਦੇ ਲੱਖਾਂ ਹੀ ਅਹੁਦੇਦਾਰ ਹਨ ਤੇ ਜਿਨ੍ਹਾਂ ਦੀਆਂ ਲੱਖਾਂ ਤੀਕ ਤਨਖਾਹਾਂ ਵਧੀਆਂ ਹੋਈਆਂ ਹਨ। ੫. (ਪਰ) ਇਹ ਸਭ ਹੰਕਾਰ (ਦੀ ਬੇੜੀ 'ਤੇ ਚੜ੍ਹੇ ਹੋਏ) ਪੂਰਾਂ ਦੇ ਪੂਰ ਹੀ ਹਨ। ੬. ਉਸ ਪ੍ਰਭੂ

(ਜੋ ਸਭਨਾਂ ਨੂੰ ਰੋਜ਼ੀ ਤੇ ਰਿਜ਼ਕ ਪਹੁੰਚਾਉਂਦਾ ਹੈ, ਉਸ ਨੂੰ ਭੁਲਾ ਦੇਣ ਕਰਕੇ) ਸੱਚੇ ਦਰਬਾਰ ਵਿਚ (ਜਦੋਂ ਇਹ ਹੰਕਾਰੀ, ਵੱਡੇ ਵੱਡੇ ਦੁਨੀਆਂਦਾਰ ਲੋਕ) ਜਾਂਦੇ ਹਨ, ਤਾਂ ਓਥੇ ਇਹ ਖਰੇ ਡਰਾਉਣੇ ਰੂਪ ਵਾਲੇ ਹੁੰਦੇ ਹਨ (ਕੀਤੇ ਕਰਮਾਂ ਦਾ ਫਲ ਮਿਲਣ ਕਰਕੇ, ਜਮਾਂ ਦੀ ਮਾਰ ਨਾਲ ਕਰੂਪ ਹੋ, ਡਰਾਉਣੇ ਲੱਗਦੇ) ਹਨ॥ ੧੪॥

੧੫. ਸਭ ਕਰਮ-ਕਾਂਡ ਪਾਖੰਡ ਹਨ

੧. ਤੀਰਥ ਲਖ ਕਰੋੜਿ ਪੁਰਬੀ ਨਾਵਣਾ।
੨. ਦੇਵੀ ਦੇਵ ਸਥਾਨ ਸੇਵ ਕਰਾਵਣਾ।
੩. ਜਪ ਤਪ ਸੰਜਮ ਲਖ ਸਾਧਿ ਸਧਾਵਣਾ।
੪. ਹੋਮ ਜਗ ਨਈਵੇਦ ਭੋਗ ਲਗਾਵਣਾ।
੫. ਵਰਤ ਨੇਮ ਲਖ ਦਾਨ ਕਰਮ ਕਮਾਵਣਾ।
੬. ਲਉਬਾਲੀ ਦਰਗਾਹ ਪਖੰਡ ਨ ਜਾਵਣਾ॥ ੧੫॥

ਪਦ ਅਰਥ - ਪੁਰਬੀ=ਮਿਥਿਆ ਹੋਇਆ ਚੰਗਾ ਦਿਨ। ਨਈਵੇਦ=ਠਾਕੁਰਾਂ ਦਾ ਭੋਗ। ਸਾਧਿ=ਸਾਧਨਾ ਕਰਨੀਆਂ। ਲਉਬਾਲੀ=ਬੇਪ੍ਰਵਾਹ ਪਰਮੇਸ਼ਰ ਦੀ ਥਾਂ।

ਅਰਥ - ੧. ਤੀਰਥਾਂ ਤੇ ਲੱਖਾਂ ਵਾਰੀ ਜਾਣਾ ਤੇ ਪੁਰਬੀਆਂ (ਪਵਿੱਤਰ ਮੰਨੇ ਜਾਂਦੇ ਨਿਸ਼ਚਿਤ ਦਿਨਾਂ) 'ਤੇ ਇਸ਼ਨਾਨ ਕਰਨੇ। ੨. ਦੇਵੀ ਦੇਵਤਿਆਂ ਦੇ ਪੂਜਾ-ਸਥਾਨਾਂ 'ਤੇ ਜਾ ਕੇ ਪੂਜਾ ਅਤੇ ਸੇਵਾ ਆਦਿ ਕਰਨੀਆਂ। ੩. ਲੱਖਾਂ ਹੀ ਜਪ, ਤਪ ਤੇ ਸੰਜਮ (ਵਰਤ ਨੇਮ ਆਦਿ) ਦੀ ਸਾਧਨਾ ਦੇ ਸਾਧਨ ਕਰਨੇ। ੪. ਹੋਮ, ਜਗ ਕਰਨੇ ਤੇ ਨਈਵੇਦਾਂ ਨਾਲ (ਠਾਕੁਰਾਂ ਨੂੰ) ਭੋਗ ਲਗਾਉਣੇ। ੫. ਵਰਤ ਰੱਖਣੇ, ਨੇਮ ਨਿਬਾਹੁਣੇ ਤੇ ਲੱਖਾਂ ਹੀ ਪ੍ਰਕਾਰ ਦੇ ਦਾਨ ਪੁੰਨ ਕਰਨੇ ਤੇ ਹੋਰ ਕਰਮ-ਕਾਂਡ ਆਦਿ ਕਰਨੇ (ਸਭ ਦੇਖਾ-ਦੇਖੀ ਦੇ ਹੀ ਕਰਮ-ਕਾਂਡ ਹਨ। ੬. (ਕਿਉਂਕਿ) ਪ੍ਰਭੂ ਦੀ ਦਰਗਾਹ (ਪਰਮੇਸ਼ਰ ਦੇ ਦਰਬਾਰ) ਵਿਚ (ਇਹ ਵਰਤ ਨੇਮ ਜਾਂ ਹੋਰ ਦਾਨ ਪੁੰਨ ਦੇ ਕਰਮ) ਸਭ ਪਾਖੰਡ ਰੂਪ ਹੀ ਗਿਣੇ ਜਾਂਦੇ ਹਨ, ਤੇ ਉਥੋਂ ਤਕ ਪੁੱਜਣ ਦੀ ਇਹਨਾਂ ਕਰਮ-ਕਾਂਡਾਂ ਵਿਚ ਸ਼ਕਤੀ ਹੀ ਨਹੀਂ। ਗੁਰਵਾਕ ਹੈ—ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮ ਜਾਗਾਤੀ ਲੂਟਹਿ॥ ੧੫॥

੧੬. ਪ੍ਰਭੂ ਦੀ ਬੰਦਗੀ ਕਰਨ ਵਾਲਿਆਂ ਤੋਂ ਸਭ ਹੇਚ ਹਨ

੧. ਪੋਪਲੀਆਂ ਭਰਨਾਲਿ ਲਖ ਤਰੰਦੀਆਂ।
੨. ਓੜਕ ਓੜਕ ਭਾਲਿ ਸੁਧਿ ਨ ਲਹੰਦੀਆਂ।
੩. ਅਨਲ ਮਨਲ ਕਰਿ ਖਿਆਲ ਉਮਗਿ ਉਡੰਦੀਆਂ।

੪. ਉਛਲਿ ਕਰਨਿ ਉਛਾਲ ਨ ਉਭਿ ਚੜੰਦੀਆਂ।
੫. ਲਖ ਅਗਾਸ ਪਤਾਲ ਕਰਿ ਮੁਹਛੰਦੀਆਂ।
੬. ਦਰਗਹ ਇਕ ਰਵਾਲ ਬੰਦੇ ਬੰਦੀਆਂ॥ ੧੬॥

ਪਦ ਅਰਥ - ਪੋਪਲੀਆਂ=ਪੋਲੀਆਂ, ਭਾਵ ਬੇੜੀਆਂ। ਭਰਨਾਲਿ=ਦਰਿਆ, ਸਮੁੰਦਰ। ਅਨਲ ਮਨਲ=ਇਕ ਪੰਛੀ, ਜੋ ਹਰ ਸਮੇਂ ਉੱਡਦਾ ਹੀ ਰਹਿੰਦਾ ਹੈ। ਉਮਗਿ=ਉਮਾਹ। ਰਵਾਲ=ਇਕ ਕਿਣਕੇ ਦਾ ਵੀ ਕੁਝ ਹਿੱਸਾ। ਬੰਦੇ=ਬੰਦਗੀ ਕਰਨ ਵਾਲੇ।

ਅਰਥ - ੧. ਲੱਖਾਂ ਹੀ ਬੇੜੀਆਂ ਅਥਾਹ ਸਮੁੰਦਰ ਦੇ ਉਤੇ ਤਰਦੀਆਂ ਹਨ। ੨. ਇਹ ਬੇੜੀਆਂ ਭਾਵੇਂ ਦੂਰ ਦੂਰ ਤਕ ਪਾਣੀ ਵਿਚ ਜਾਂਦੀਆਂ (ਪਰ ਜੇ ਆਖੋ ਕਿ ਇਹ ਸਮੁੰਦਰ ਦੀ ਗਹਿਰ ਗੰਭੀਰਤਾ ਦਾ ਕੋਈ ਥਾਹ ਬੰਨਾ ਲੱਭ ਲੈਣ) ਤਾਂ ਨਹੀਂ ਲੱਭ ਸਕਦੀਆਂ। ੩. (ਇਸੇ ਤਰ੍ਹਾਂ) ਅਨਲ ਮਨਲ ਨਾਂ ਦਾ ਪੰਛੀ ਵੀ ਇਹੀ ਖਿਆਲ ਕਰਕੇ (ਕਿ ਆਕਾਸ਼ ਦਾ ਅੰਤ, ਕੋਈ ਹਿਸਾਬ) ਲੈ ਲਵਾਂ, ਖੁਸ਼ੀਆਂ ਨਾਲ ਆਕਾਸ਼ ਵਿਚ ਉੱਡਦਾ ਫਿਰਦਾ ਹੈ, (ਪਰ ਅੰਤ ਨਹੀਂ ਲੈ ਸਕਦਾ)। ੪. (ਅਨਲ ਮਨਲ) ਦੇ ਬੱਚੇ (ਆਂਡੇ) ਵੀ ਉਛਲ ਉਛਲ ਕੇ ਆਕਾਸ਼ ਨੂੰ ਉੱਡ ਜਾਂਦੇ ਹਨ, (ਪਰ ਆਕਾਸ਼ ਵਿਚ ਰਹਿੰਦੇ) ਉਸਦਾ ਅੰਤ ਨਹੀਂ ਪਾ ਸਕਦੇ। ੫. ਲੱਖਾਂ ਹੀ ਆਕਾਸ਼ ਤੇ ਪਾਤਾਲ (ਜਿਨ੍ਹਾਂ ਦਾ ਕੋਈ ਅੰਤ ਨਹੀਂ ਪਾ ਸਕਦਾ, ਐਸੇ ਅਥਾਹ ਸਮੁੰਦਰ ਤੇ ਆਕਾਸ਼, ਉਸ ਕਰਤੇ ਪਰਮੇਸ਼ਰ) ਦਾ ਅੰਤ ਨਹੀਂ ਪਾ ਸਕਦੇ (ਤੇ ਆਕਾਸ਼ ਪਾਤਾਲ ਦੇ ਵਾਸੀ ਪਰਮੇਸ਼ਰ ਦੀ ਹੀ) ਮਹੁਛੰਦਗੀ ਭਾਵ ਮੁਥਾਜੀ ਕਰਦੇ ਹਨ। ੬. ਇਹ ਅਥਾਹ ਸਮੁੰਦਰ ਤੇ ਆਕਾਸ਼ (ਪ੍ਰਭੂ ਦੀ) ਦਰਗਾਹ ਦੇ ਦਾਸ ਦਾਸੀਆਂ ਅੱਗੇ ਇਕ ਕਿਣਕੇ ਦੇ ਸਮਾਨ ਹਨ॥ ੧੬॥

੧੭. ਪਰਮੇਸ਼ਰ ਦੀ ਅਥਾਹ ਸ਼ਕਤੀ

੧. ਤ੍ਰੈ ਗੁਣ ਮਾਇਆ ਖੇਲੁ ਕਰਿ ਦੇਖਾਲਿਆ।
੨. ਖਾਣੀ ਬਾਣੀ ਚਾਰਿ ਚਲਤੁ ਉਠਾਲਿਆ।
੩. ਪੰਜਿ ਤਤ ਉਤਪਤਿ ਬੰਧਿ ਬਹਾਲਿਆ।
੪. ਛਿਅ ਰੁਤਿ ਬਾਰਹ ਮਾਹ ਸਿਰਜਿ ਸਮ੍ਹਾਲਿਆ।
੫. ਅਹਿਨਿਸਿ ਸੂਰਜ ਚੰਦੁ ਦੀਵੇ ਬਾਲਿਆ।
੬. ਇਕੁ ਕਵਾਉ ਪਸਾਉ ਨਦਰਿ ਨਿਹਾਲਿਆ॥ ੧੭॥

ਪਦ ਅਰਥ - ਖੇਲੁ=ਕੌਤਕ, ਪਸਾਰਾ। ਚਲਤੁ=ਕੌਤਕ। ਬੰਧਿ=ਨੇਮ। ਸਿਰਜਿ=ਬਣਾ ਕੇ। ਸਮ੍ਹਾਲਿਆ=ਸੰਭਾਲ ਕੀਤੀ। ਕਵਾਉ=ਬਚਨ।

ਅਰਥ - ੧. ਤ੍ਰੈ ਗੁਣੀ (ਰਜੋ, ਸਤੋ ਤੇ ਤਮੋ) ਮਾਇਆ ਨੂੰ ਰਚ ਕੇ, ਉਸ ਨਾਲ (ਸ੍ਰਿਸ਼ਟੀ ਦਾ) ਸਾਰਾ ਖੇਲ (ਚਲਦਾ) ਦਿਖਾ ਦਿੱਤਾ ਹੈ। ੨. ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ ਤੇ ਉਤਭੁਜ) ਅਤੇ

ਚਾਰ ਬਾਣੀਆਂ (ਪਰਾ, ਪਸੰਤੀ, ਮਧਮਾ ਤੇ ਬੈਖਰੀ) ਦਾ ਚਲਿਤ (ਤਮਾਸ਼ਾ) ਰਚਾ ਦਿੱਤਾ ਹੈ। ੩. ਪੰਜ ਤੱਤ (ਪ੍ਰਿਥਵੀ, ਆਕਾਸ਼, ਹਵਾ, ਅਗਨੀ ਤੇ ਪਾਣੀ) ਪੈਦਾ ਕਰਕੇ, ਸ੍ਰਿਸ਼ਟੀ ਦੀ ਰਚਨਾ ਨੂੰ ਉਨ੍ਹਾਂ ਦੇ ਨਿਯਮਾਂ ਵਿਚ ਰੱਖ ਦਿੱਤਾ ਹੈ। ੪. ਛੇ ਰੁੱਤਾਂ ਤੇ ਬਾਰਾਂ ਮਹੀਨੇ (ਵਕਤ ਦੀ ਵੰਡ ਦਾ ਹਿਸਾਬ) ਬਣਾ ਕੇ (ਸਾਰੀ ਪ੍ਰਕਿਰਤੀ ਨੂੰ ਉਸ ਦੇ ਨਿਯਮਾਂ ਵਿਚ) ਸੰਭਾਲ ਦਿੱਤਾ ਹੈ। ੫. ਦਿਨ ਤੇ ਰਾਤ ਲਈ, ਸੂਰਜ ਤੇ ਚੰਦਰਮਾਂ ਦੀਵੇ ਬਾਲ ਕੇ (ਆਕਾਸ਼ ਵਿਚ ਚੜ੍ਹਾ ਦਿੱਤੇ ਹਨ)। ੬. (ਇਹ ਪਰਮੇਸ਼ਰ ਦੇ) ਇਕੋ ਵਾਕ ਨਾਲ ਹੋਇਆ ਪਸਾਰਾ ਹੈ, (ਜਿਸ ਵਿਚ ਅਕਾਲ ਪੁਰਖ ਆਪ ਬੈਠ ਕੇ) ਸਭ ਨੂੰ ਆਪਣੀ ਨਜ਼ਰ ਥਲੇ ਰੱਖ ਰਿਹਾ ਹੈ। (ਭਾਵ-ਰਵ ਰਹਿਆ ਸਰਬਤ੍ਰ ਮਹਿ॥ ਉਸਦੀ ਹੋਂਦ ਤੋਂ ਬਿਨਾਂ ਕੋਈ ਵੀ ਖਾਲੀ ਨਹੀਂ, ਤੇ ਉਸਦੀ ਨਜ਼ਰ ਤੋਂ ਕੋਈ ਵੀ ਦੂਰ ਨਹੀਂ)॥ ੧੭॥

੧੮. ਕਰਤਾ ਪੁਰਖ ਨਿਰਲੇਪ ਹੈ

੧. ਕੁਦਰਤਿ ਇਕੁ ਕਵਾਉ ਥਾਪ ਉਥਾਪਦਾ।
੨. ਤਿਦੂ ਲਖ ਦਰੀਆਉ ਨ ਓੜਕੁ ਜਾਪਦਾ।
੩. ਲਖ ਬ੍ਰਹਮੰਡ ਸਮਾਉ ਨ ਲਹਰਿ ਵਿਆਪਦਾ।
੪. ਕਰਿ ਕਰਿ ਵੇਖੈ ਚਾਉ ਲਖ ਪਰਤਾਪਦਾ।
੫. ਕਉਣੁ ਕਰੈ ਅਰਥਾਉ ਵਰ ਨ ਸਰਾਪ ਦਾ।
੬. ਲਹੈ ਨ ਪਛੋਤਾਉ ਪੁੰਨੁ ਨ ਪਾਪ ਦਾ॥ ੧੮॥

ਪਦ ਅਰਥ - ਕਵਾਉ=ਵਾਕ। ਉਥਾਪਦਾ=ਢਾਹ ਦਿੰਦਾ। ਸਮਾਉ=ਸਮਾ ਰਿਹਾ। ਪਰਤਾਪਦਾ=ਪ੍ਰਗਟ ਹੋ ਰਿਹਾ ਹੈ। ਅਰਥਾਉ=ਨਿਰਣਾ।

ਅਰਥ - ੧. (ਅਕਾਲ ਪੁਰਖ ਆਪਣੀ) ਕੁਦਰਤ ਰੂਪ ਰਚਨਾ ਨੂੰ ਇਕੋ ਵਾਕ ਨਾਲ ਥਾਪ ਦਿੰਦਾ (ਤੇ ਫਿਰ ਇਕੋ ਵਾਕ ਨਾਲ) ਨਾਸ ਵੀ ਕਰ ਦਿੰਦਾ ਹੈ (ਇਹ ਉਸ ਦੀ ਖੇਡ ਹੈ)। ੨. (ਇਕ ਵਾਕ ਤੋਂ ਹੀ) ਲੱਖਾਂ ਦਰਿਆਵਾਂ ਦੇ ਵਹਿਣ ਵਗ ਤੁਰੇ ਹਨ, ਜਿਨ੍ਹਾਂ ਦਾ ਕੋਈ ਅੰਤ ਨਹੀਂ ਆਉਂਦਾ। ੩. (ਐਉਂ ਹੈ ਜਿਵੇਂ) ਲੱਖਾਂ ਬ੍ਰਹਮੰਡ (ਉਸ ਦੇ ਇਕ ਵਾਕ ਵਿਚ ਹੀ) ਸਮਾਏ ਹੋਏ ਹਨ, (ਜਿਨ੍ਹਾਂ ਦੀ ਆਪ ਉਸ ਨੂੰ ਕੋਈ) ਲਹਿਰ (ਭਾਵ ਖਿੱਚ) ਨਹੀਂ ਵਿਆਪਦੀ, (ਆਪ ਪਰਮੇਸ਼ਰ ਇਸ ਬਦਲਦੀ ਸ੍ਰਿਸ਼ਟੀ ਵਿਚ, ਇਕ-ਰਸ ਤੇ ਇਕ-ਸਾਰ ਹੋ ਕੇ ਰਹਿੰਦਾ ਹੈ)। ੪. ਉਹ (ਪਰਮੇਸ਼ਰ ਬੜੇ) ਚਾਉ (ਉਮਾਹ) ਨਾਲ ਆਪਣੀ ਰਚਨਾ ਨੂੰ ਕਰ ਕਰ (ਭਾਵ ਥਾਪ ਕੇ) ਦੇਖ ਰਿਹਾ ਹੈ, ਲੱਖਾਂ ਹੀ ਪ੍ਰਭਾਵਸ਼ਾਲੀ, ਪ੍ਰਤਾਪਵਾਨਾਂ ਨੂੰ ਪੈਦਾ ਕਰਦਾ ਹੈ। ੫. (ਹੁਣ) ਕੌਣ ਹੈ, ਜੋ ਉਸ ਦੇ ਅਰਥਾਉ (ਨਿਸ਼ਚੈ ਜਾਂ ਨਿਰਣੈ) ਨੂੰ ਕਹਿ ਸਕਦਾ ਹੈ (ਕਿ ਉਹ ਕਿਸੇ) ਵਰ ਜਾਂ ਸਰਾਪ (ਦੇ ਅਧੀਨ ਐਸਾ) ਕਰਦਾ ਹੈ। ੬. (ਪਰ ਇਹ ਗੱਲ ਜਾਣ ਲੈਣੀ ਚਾਹੀਦੀ ਹੈ ਕਿ ਉਹ) ਨਾ ਕਿਸੇ ਪੁੰਨ ਦਾ ਫਲ ਲੈਂਦਾ ਹੈ, ਨਾ ਕਿਸੇ ਪਾਪ ਦਾ (ਸਭ ਕੁਝ ਸ੍ਰਿਸ਼ਟੀ ਦੇ ਨਾਲ ਹੀ ਉਪਜਦਾ ਤੇ ਨਾਲ ਹੀ ਖਤਮ ਹੋ ਜਾਂਦਾ ਹੈ)। ਉਸ ਨੂੰ ਕਿਸੇ ਚੀਜ਼ ਦਾ ਵੀ ਪਛਤਾਵਾ ਨਹੀਂ ਹੈ॥ ੧੮॥

੧੯. ਬੇਪਰਵਾਹ ਪ੍ਰਭੂ ਦੀ ਅਥਾਹ ਕੁਦਰਤ

੧. ਕੁਦਰਤਿ ਅਗਮੁ ਅਥਾਹੁ ਅੰਤੁ ਨ ਪਾਈਐ।
੨. ਕਾਦਰੁ ਬੇਪਰਵਾਹੁ ਕਿਨ ਪਰਚਾਈਐ।
੩. ਕੇਵਡੁ ਹੈ ਦਰਗਾਹ ਆਖਿ ਸੁਣਾਈਐ।
੪. ਕੋਇ ਨ ਦਸੈ ਰਾਹੁ ਕਿਤੁ ਬਿਧਿ ਜਾਈਐ।
੫. ਕੇਵਡੁ ਸਿਫਤਿ ਸਲਾਹ ਕਿਉ ਕਰਿ ਧਿਆਈਐ।
੬. ਅਬਿਗਤਿ ਗਤਿ ਅਸਗਾਹੁ ਨ ਅਲਖੁ ਲਖਾਈਐ॥ ੧੯॥

ਪਦ ਅਰਥ - ਕੁਦਰਤਿ=ਰਚਨਾ ਦਾ ਪਸਾਰਾ। ਕਾਦਰੁ=ਕੁਦਰਤ ਦਾ ਕਰਤਾ। ਅਸਗਾਹੁ=ਅਥਾਹ, ਅੰਤ ਰਹਿਤ। ਦਰਗਾਹ=ਪ੍ਰਭੂ ਦਾ ਦਰਬਾਰ।

ਅਰਥ - ੧. (ਪਰਮੇਸ਼ਰ ਦੀ) ਕੁਦਰਤਿ (ਭਾਵ ਜਗਤ ਪਸਾਰਾ) ਏਨੀ ਅਪਹੁੰਚ ਤੇ ਅਥਾਹ ਹੈ ਕਿ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ। ੨. ਕਰਤਾ ਪੁਰਖ ਬੇਪਰਵਾਹ ਹੈ, ਤੇ (ਉਸ ਨੂੰ) ਪਰਚਾਉਣਾ (ਭਾਵ ਵਸ ਵਿਚ ਕਰਨਾ) ਕੋਈ ਸੌਖੀ ਗੱਲ ਨਹੀਂ ਹੈ। ੩. (ਐਸੇ ਬੇਪਰਵਾਹ ਪ੍ਰਭੂ ਦਾ) ਦਰਬਾਰ ਕਿੰਨਾ ਵੱਡਾ ਹੈ ਤੇ ਉਸਦੇ ਵਿਸਥਾਰ ਨੂੰ ਕੌਣ ਕੋਈ ਆਖ ਕੇ ਸੁਣਾ ਸਕਦਾ ਹੈ। ੪. (ਕਰਤੇ ਦੀ ਦਰਗਾਹ ਵੱਲ) ਜਾਣ ਦਾ ਕੋਈ ਰਸਤਾ ਦੱਸੇ (ਤਾਂ ਚਲੇ ਜਾਈਏ, ਪਰ ਠੀਕ ਤਰ੍ਹਾਂ ਦੀ ਵਾਕਫੀ ਵਾਲਾ ਰਾਹ ਕੋਈ ਨਹੀਂ ਜਾਣਦਾ, ਇਸ ਲਈ ਫਿਰ) ਕਿਹੜੀ ਬਿਧੀ ਨਾਲ ਉਥੇ ਪੁੱਜੀਏ ? ੫. ਏਨੀ ਵੱਡੀ ਸਿਫਤ ਸਲਾਹ (ਵਾਲੇ ਪ੍ਰਭੂ ਨੂੰ) ਕਿਸ ਤਰੀਕੇ ਨਾਲ ਧਿਆਈਏ ਜਾਂ (ਉਸਦਾ) ਜਾਪ ਕਰੀਏ। ੬. ਉਸਦੀ ਗਤਿ (ਹਾਲਤ) ਨਾ ਜਾਣੇ ਜਾ ਸਕਣ ਵਾਲੀ ਗਤਿ ਹੈ, ਜੋ ਅਸਗਾਹੁ (ਅਥਾਹ) ਹੈ। ਐਸੇ ਅਲਖ ਪ੍ਰਭੂ ਨੂੰ ਕਿਵੇਂ ਜਾਣਿਆ ਜਾ ਸਕਦਾ ਹੈ ?॥੧੯॥

੨੦. ਐਸਾ ਪ੍ਰਭੂ ਗੁਰੂ ਦੀ ਕਿਰਪਾ ਨਾਲ ਪਾਈਦਾ ਹੈ

੧. ਆਦਿ ਪੁਰਖੁ ਪਰਮਾਦਿ ਅਚਰਜੁ ਆਖੀਐ।
੨. ਆਦਿ ਅਨੀਲੁ ਅਨਾਦਿ ਸਬਦੁ ਨ ਸਾਖੀਐ।
੩. ਵਰਤੈ ਆਦਿ ਜੁਗਾਦਿ ਨ ਗਲੀ ਗਾਖੀਐ।
੪. ਭਗਤਿ ਵਛਲੁ ਅਛਲਾਦਿ ਸਹਜਿ ਸੁਭਾਖੀਐ।
੫. ਉਨਮਨਿ ਅਨਹਦਿ ਨਾਦਿ ਲਿਵ ਅਭਿਲਾਖੀਐ।
੬. ਵਿਸਮਾਦੈ ਵਿਸਮਾਦ ਪੂਰਨ ਪਾਖੀਐ।
੭. ਪੂਰੈ ਗੁਰ ਪਰਸਾਦਿ ਕੇਵਲ ਕਾਖੀਐ॥ ੨੦॥ ੨੧॥

ਪਦ ਅਰਥ - ਪਰਮਾਦਿ=ਸਭ ਦਾ ਆਦਿ। ਅਨੀਲੁ=ਗਿਣਤੀ ਰਹਿਤ। ਗਾਖੀਐ=ਵਿਚਾਰਿਆ ਜਾਂਦਾ ਹੈ। ਅਛਲਾਦਿ=ਨਾ ਛਲੇ ਜਾਣ ਵਾਲਾ। ਪਾਖੀਐ=ਪੱਖਾਂ ਵਾਲਾ। ਕਾਖੀਐ=ਮਿਲ ਸਕਦਾ ਹੈ।

ਅਰਥ - ੧. (ਪਰਮੇਸ਼ਰ) ਆਦਿ ਪੁਰਖ ਹੈ, (ਉਸ ਆਦਿ ਦਾ ਨੀਯਤ ਸਮਾਂ ਕੋਈ ਨਹੀਂ ਮਿਲਦਾ, ਇਸ ਲਈ) ਉਹ ਪਰਮਾਦਿ ਹੈ ਅਤੇ ਉਹ ਕੌਤਕੀ, ਅਸਚਰਜ ਤੇ ਅਦਭੁਤ ਆਖਿਆ ਜਾਂਦਾ ਹੈ। ੨. ਆਦਿ ਪੁਰਖ, ਜੋ ਅਣਗਿਣਤ ਹੈ, ਆਦਿ ਤੋਂ ਰਹਿਤ ਹੈ (ਇਸ ਬਾਰੇ ਕੋਈ ਵੀ) ਸ਼ਬਦ, ਸਾਖੀ ਜਾਂ ਕਥਾ, ਇਸ ਗੱਲ ਦੀ ਗੁਆਹੀ ਨਹੀਂ ਦਿੰਦਾ, (ਕਿ ਉਹ ਫਲਾਣੇ ਸਮੇਂ ਤੋਂ ਹੈ)। ੩. (ਪਰਮੇਸ਼ਰ ਹੀ) ਮੁੱਢੋਂ ਤੇ ਆਦਿ ਜੁਗਾਦਿ ਤੋਂ ਵਰਤ ਰਿਹਾ ਹੈ ਜਿਸ ਨੂੰ (ਕੇਵਲ) ਗੱਲਾਂ ਨਾਲ ਸਾਬਤ ਨਹੀਂ ਕੀਤਾ ਜਾ ਸਕਦਾ। ੪. ਉਹ ਭਗਤਾਂ ਦੀ ਪੈਜ ਰੱਖਣ ਵਾਲਾ, ਨਾ ਛਲੇ ਜਾਣ ਵਾਲਿਆਂ ਨੂੰ ਵੀ ਛਲਣ ਵਾਲਾ ਹੈ, ਸਹਜ ਅਵਸਥਾ ਦਾ ਪ੍ਰਤੀਕ ਕਿਹਾ ਜਾਂਦਾ ਹੈ। ੫. ਜਦੋਂ ਉਨਮਨਿ (ਚੌਥੇ ਪਦ ਦੀ ਸਹਜ ਅਵਸਥਾ ਵਿਚ ਜਾ ਕੇ) ਅਨਹਦਿ ਨਾਦਿ ਸੁਣਨ ਵਾਲੀ ਲਿਵ ਲੱਗ ਜਾਂਦੀ ਹੈ, ਤਾਂ ਫਿਰ ਇਸ ਲਿਵ ਨਾਲ ਹੀ ਪਿਆਰ ਤੇ ਉਸੇ ਦੀ ਆਸ ਚੰਗੀ ਲੱਗਦੀ ਹੈ। ੬. ਇਸ ਵਿਸਮਾਦੀ (ਮਸਤੀ ਦੀ ਹਾਲਤ ਵਿਚ) ਮਸਤ ਹੋ ਕੇ ਹੀ ਉਸ ਪੂਰਨ (ਪਰਮੇਸ਼ਰ) ਨੂੰ ਪਾਈਦਾ ਹੈ। ੭. (ਪਰ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ) ਪ੍ਰਭੂ ਦਾ ਮਿਲਾਪ ਕੇਵਲ ਪੂਰੇ ਗੁਰੂ ਦੀ ਕਿਰਪਾ ਨਾਲ ਹੀ ਹੁੰਦਾ ਹੈ। (ਹੋਰ ਕੋਈ ਸਾਧਨ ਨਹੀਂ ਹੈ)॥ ੨੦॥ ੨੧॥

ਵਾਰ ੨੨

ੴ ਸਤਿਗੁਰ ਪ੍ਰਸਾਦਿ॥

੧. ਸੱਚੇ ਪ੍ਰਭੂ ਨਿਰੰਕਾਰ ਦੀ ਸਿਫਤ-ਸਲਾਹ (ਮੰਗਲ)

੧. ਨਿਰਾਧਾਰ ਨਿਰੰਕਾਰੁ ਨ ਅਲਖੁ ਲਖਾਇਆ।
੨. ਹੋਆ ਏਕੰਕਾਰੁ ਆਪੁ ਉਪਾਇਆ।
੩. ਓਅੰਕਾਰਿ ਅਕਾਰੁ ਚਲਿਤੁ ਰਚਾਇਆ।
੪. ਸਚੁ ਨਾਉ ਕਰਤਾਰੁ ਬਿਰਦੁ ਸਦਾਇਆ।
੫. ਸਚਾ ਪਰਵਦਗਾਰੁ ਤ੍ਰੈ ਗੁਣ ਮਾਇਆ।
੬. ਸਿਰਠੀ ਸਿਰਜਣਹਾਰੁ ਲੇਖੁ ਲਿਖਾਇਆ।
੭. ਸਭਸੈ ਦੇ ਆਧਾਰੁ ਨ ਤੋਲਿ ਤੁਲਾਇਆ।
੮. ਲਿਖਿਆ ਥਿਤਿ ਨ ਵਾਰੁ ਨ ਮਾਹੁ ਜਣਾਇਆ।
੯. ਵੇਦ ਕਤੇਬ ਵੀਚਾਰੁ ਨ ਆਖਿ ਸੁਣਾਇਆ॥ ੧॥

ਪਦ ਅਰਥ - ਨਿਰਾਧਾਰ=ਆਸਰੇ ਤੋਂ ਬਗੈਰ। ਏਕੰਕਾਰੁ=ਕੇਵਲ ਇਕ ਪ੍ਰਭੂ। ਪਰਵਦਗਾਰੁ=ਪਾਲਣਾ ਕਰਨ ਵਾਲਾ। ਸਿਰਠੀ=ਸ੍ਰਿਸ਼ਟੀ।

ਅਰਥ - ੧. ਨਿਰੰਕਾਰ (ਪਰਮੇਸ਼ਰ) ਕਿਸੇ ਦੇ ਆਸਰੇ ਨਹੀਂ ਹੈ, (ਸਗੋਂ ਉਹ ਐਸਾ ਹੈ ਕਿ ਉਸ) ਅਲਖ (ਨਾ ਲਖੇ ਜਾਣੇ ਵਾਲੇ ਨੇ) ਕਿਸੇ ਨੂੰ ਆਪਣਾ ਆਪ ਲਖਾਇਆ ਹੀ ਨਹੀਂ। ੨. ਇਕ ਤੇ ਫਿਰ ਓਅੰਕਾਰ (ਪਸਾਰੇ ਵਾਲਾ) ਸਰਗੁਨ ਰੂਪ ਹੋਇਆ (ਭਾਵ ਆਪ ਇਕੱਲਾ ਪ੍ਰਗਟ ਹੋਇਆ)। ੩. ਫਿਰ ਇਕ ਆਪੇ ਤੋਂ ਆਕਾਰ (ਪਸਾਰਾ ਕਰਕੇ) ਸਾਰਾ ਕੌਤਕ ਰਚ ਦਿੱਤਾ। ੪. ਓਅੰਕਾਰ ਤੋਂ ਸੱਚਾ ਨਾਮ (ਸਤਿਨਾਮੁ) ਤੇ ਫਿਰ ਕਰਤਾਰ (ਕਰਤਾ ਪੁਰਖ) ਹੋ ਕੇ (ਭਗਤਾਂ ਦੀ ਪੈਜ ਰੱਖਣ) ਬਿਰਦ (ਪਾਲਣ) ਸਦਵਾਇਆ। ੫. ਸੱਚੇ, ਸਭ ਦੀ ਪਾਲਣਾ ਕਰਨ ਵਾਲੇ ਪਰਮੇਸ਼ਰ ਨੇ (ਫਿਰ) ਤਿੰਨ ਗੁਣੀ ਮਾਇਆ ਦਾ ਰੂਪ ਬਣਾ ਦਿੱਤਾ (ਤੇ ਆਪ ਫਿਰ ਨਿਰਾਕਾਰ ਤੇ ਨਿਰਾਧਾਰ ਹੀ ਹੋ ਰਿਹਾ)। ੬. (ਤ੍ਰਿਗੁਣੀ ਸੰਸਾਰ ਭਾਵ) ਸ੍ਰਿਸ਼ਟੀ ਦੇ ਸਿਰਜਣਹਾਰ ਨੇ ਲੇਖ ਲਿਖ ਦਿੱਤਾ ਕਿ (ਕਰਮਾਂ ਅਨੁਸਾਰ ਫਲ ਮਿਲਦਾ ਜਾਏ, ਸੋ ਜੇਹਾ ਕਰਮ ਤੇਹਾ ਫਲ ਦੇ ਅਸੂਲ 'ਤੇ ਸੰਸਾਰ ਚਲਦਾ ਗਿਆ)। ੭. ਸੰਸਾਰ ਨੂੰ ਭਾਵ (ਲੇਖੇ ਵਿਚ ਪਾ ਕੇ ਵੀ ਉਹ ਪਰਮੇਸ਼ਰ) ਸਭਸ ਨੂੰ ਆਸਰਾ ਤੇ ਆਧਾਰ ਦੇ ਰਿਹਾ ਹੈ, (ਤੇ ਅਜਿਹਾ ਆਸਰਾ ਜਿਸ ਨੂੰ) ਕੋਈ ਤੋਲ ਨਹੀਂ ਸਕਦਾ। (ਭਾਵ ਉਸ ਦੀ ਆਸਰਾ ਰੂਪ ਵਡਿਆਈ ਨੂੰ ਵੀ ਕੋਈ ਤੋਲ ਜਾਂ ਅੰਦਾਜ਼ਾ ਨਹੀਂ ਲਾ ਸਕਦਾ)। ੮. ਥਿੱਤ ਜਾਂ ਵਾਰ (ਇਸ ਸ੍ਰਿਸ਼ਟੀ ਦੇ ਮੁੱਢ ਦਾ) ਨਹੀਂ ਲਿਖਿਆ, ਨਾ ਕੋਈ ਮਹੀਨਾ ਹੀ ਲਿਖਿਆ ਹੈ। ੯. (ਸ੍ਰਿਸ਼ਟੀ ਕਦੋਂ ਦੀ ਹੈ ?) ਇਸ ਬਾਰੇ ਵੇਦਾਂ ਕਤੇਬਾਂ ਨੇ ਵੀ ਕੋਈ ਵੀ ਵਿਚਾਰ (ਨਹੀਂ ਦੱਸੇ) ਨਾ ਕਿਸੇ ਕੁਝ ਇਸ ਬਾਰੇ ਆਖ ਕੇ ਹੀ ਸੁਣਾਇਆ ਹੈ॥ ੧॥

੨. ਪ੍ਰਭੂ ਦੀ ਅਥਾਹ ਸ਼ਕਤੀ

੧. ਨਿਰਾਲੰਬੁ ਨਿਰਬਾਣੁ ਬਾਣੁ ਚਲਾਇਆ।
੨. ਉਡੈ ਹੰਸ ਉਚਾਣ ਕਿਨਿ ਪਹੁਚਾਇਆ।
੩. ਖੰਭੀ ਚੋਜ ਵਿਡਾਣੁ ਆਣਿ ਮਿਲਾਇਆ।
੪. ਧ੍ਰੂ ਚੜਿਆ ਅਸਮਾਣਿ ਨ ਟਲੈ ਟਲਾਇਆ।
੫. ਮਿਲੈ ਨਿਮਾਣੈ ਮਾਣੁ ਆਪੁ ਗਵਾਇਆ।
੬. ਦਰਗਹ ਪਤਿ ਪਰਵਾਣੁ ਗੁਰਮੁਖਿ ਧਿਆਇਆ॥ ੨॥

ਪਦ ਅਰਥ - ਨਿਰਾਲੰਬੁ=ਆਸਰੇ ਤੋਂ ਬਿਨਾਂ। ਨਿਰਬਾਣੁ=ਬੰਧਨ ਰਹਿਤ। ਉਚਾਣ=ਉੱਚਾ, ਆਕਾਸ਼ ਵਿਚ। ਖੰਭੀ=ਖੰਭਾਂ ਨਾਲ। ਵਿਡਾਣੁ=ਅਸਚਰਜ।

ਅਰਥ - ੧. (ਪਰਮੇਸ਼ਰ ਨੇ) ਬਿਨਾਂ ਸਹਾਰੇ ਤੇ ਬਿਨਾਂ ਬੰਧਨ ਤੋਂ ਬਾਣ (ਤੀਰ) ਚਲਾਇਆ ਹੈ। ੨. ਹੰਸ ਉੱਚੀਆਂ ਉਡਾਣਾਂ ਲਾਉਂਦਾ ਤੇ (ਮਾਨ ਸਰੋਵਰ 'ਤੇ ਜੋ ਸਭ ਤੋਂ ਉਪਰ ਤੇ ਉੱਚੀ ਚੋਟੀ 'ਤੇ ਹੈ) ਜਾ ਪਹੁੰਚਾਂਦਾ ਹੈ। (ਪ੍ਰਸ਼ਨ ਕਰਦੇ ਹਨ ਕਿ ਅਜੇਹਾ ਕੌਣ ਹੈ ?) ੩. ਉੱਤਰ ਦਿੱਤਾ ਹੈ ਕਿ ਪ੍ਰਮੇਸ਼ਰ ਨੇ

ਹੰਸ ਦੇ ਖੰਭਾਂ ਵਿਚ ਅਜਿਹੀ ਅਸਚਰਜਤਾ ਭਰੀ, ਸ਼ਕਤੀ ਭਰ ਦਿੱਤੀ ਹੈ। (ਕਿ ਜਿਨ੍ਹਾਂ ਨਾਲ ਉੱਡ ਕੇ ਉਹ ਬਲਿਓਂ ਫਿਰ ਉੱਚਾ) ਮਾਨ ਸਰੋਵਰ ਦੀ ਉਚਾਈ 'ਤੇ ਜਾ ਪਹੁੰਚਦਾ (ਭਾਵ ਜਾ ਮਿਲਦਾ) ਹੈ। ੪. ਧ੍ਰੂ ਨੂੰ (ਤਾਰਾ ਬਣਾ) ਅਸਮਾਨ 'ਤੇ ਚਾੜ੍ਹ ਦਿੱਤਾ ਹੈ, (ਜੋ ਸਤਿਜੁਗ ਦੇ ਸਮੇਂ ਤੋਂ ਆਕਾਸ਼ ਵਿਚ ਸਥਿਤ ਹੈ ਤੇ ਕਿਸੇ ਦੇ) ਟਲਾਇਆਂ, ਭਾਵ ਹਿਲਾਇਆਂ ਹਿਲਦਾ ਨਹੀਂ ਹੈ। ੫. (ਇਹ) ਆਪਾ ਭਾਵ ਗਵਾ ਕੇ (ਹਉਮੈ-ਰਹਿਤ ਭਗਤੀ ਦਾ ਸਿੱਟਾ ਹੈ ਕਿ ਬਾਲਕ ਧ੍ਰੂ) ਨਿਮਾਣੇ ਨੂੰ ਏਡਾ ਮਾਣ ਮਿਲਿਆ ਹੈ। ੬. ਦਰਗਾਹ (ਪਰਮੇਸ਼ਰ ਦੇ ਦਰਬਾਰ) ਵਿਚ ਉਸੇ ਦੀ ਪਤਿ (ਇੱਜ਼ਤ-ਅਬਰੋ) ਪਰਵਾਨ ਭਾਵ ਮਨਜ਼ੂਰ ਹੁੰਦੀ ਹੈ, ਜਿਸ ਨੇ ਗੁਰੂ ਤੋਂ ਵਰੋਸਾ ਕੇ (ਗੁਰਮੁਖ ਬਣ ਕੇ) ਪ੍ਰਭੂ ਨੂੰ ਅਰਾਧਿਆ, (ਭਾਵ ਸਿਮਰਿਆ, ਚੇਤੇ ਕੀਤਾ) ਹੈ॥ ੨॥

੩. ਪ੍ਰਭੂ ਦੀ ਸੱਤਾ ਦਾ ਬਿਰਤਾਂਤ

੧. ਓੜਕੁ ਓੜਕੁ ਭਾਲਿ ਨ ਓੜਕੁ ਪਾਇਆ।
੨. ਓੜਕੁ ਭਾਲਣਿ ਗਏ ਸਿ ਫੇਰ ਨ ਆਇਆ।
੩. ਓੜਕੁ ਲਖ ਕਰੋੜਿ ਭਰਮਿ ਭੁਲਾਇਆ।
੪. ਆਦੁ ਵਡਾ ਵਿਸਮਾਦੁ ਨ ਅੰਤੁ ਸੁਣਾਇਆ।
੫. ਹਾਥਿ ਨ ਪਾਰਾਵਾਰੁ ਲਹਰੀ ਛਾਇਆ।
੬. ਇਕੁ ਕਵਾਉ ਪਸਾਉ ਨ ਅਲਖੁ ਲਖਾਇਆ।
੭. ਕਾਦਰੁ ਨੋ ਕੁਰਬਾਣੁ ਕੁਦਰਤਿ ਮਾਇਆ।
੮. ਆਪੇ ਜਾਣੈ ਆਪੁ ਗੁਰਿ ਸਮਝਾਇਆ॥ ੩॥

ਪਦ ਅਰਥ - ਓੜਕੁ=ਅੰਤ, ਆਖਰੀ ਦਮ ਤਕ। ਵਿਸਮਾਦੁ=ਹੈਰਾਨੀਜਨਕ। ਹਾਥਿ=ਥਾਹ, ਅੰਤ। ਲਹਰੀ=ਆਨੰਦ ਮਈ ਝਲਕਾਰੇ।

ਅਰਥ - ੧. (ਬੜੇ ਉਪਾਅ, ਸਿਆਣਪਾਂ ਤੇ ਚਤੁਰਾਈਆਂ ਨਾਲ ਅਥਾਹ ਪਰਮੇਸ਼ਰ ਦੇ ਅੰਤ ਨੂੰ ਲੱਭਣ ਦੀ ਕਈਆਂ ਨੇ ਕੋਸ਼ਿਸ਼ ਕੀਤੀ, ਪਰ ਕਿਸੇ ਨੂੰ ਵੀ ਅੰਤ ਨਹੀਂ ਮਿਲ ਸਕਿਆ। ੨. (ਕਿਉਂਕਿ) ਜਿਹੜੇ ਵੀ ਏਸ ਪਾਸੇ ਪਏ, ਅੰਤ ਨੂੰ ਪਾਉਣਾ ਚਾਹਿਆ, ਉਹ ਆਪਣਾ ਅੰਤ ਕਰਵਾ ਬੈਠੇ, ਮੁੜ ਕੇ ਪ੍ਰਤੀਤੀ ਦੇ ਘਰ ਨਹੀਂ ਪਰਤੇ, ਭਰਮਾਂ ਵਿਚ ਹੀ ਖਤਮ ਹੋ ਗਏ। ੩. (ਤੇ ਹੋਰ) ਲੱਖਾਂ, ਕਰੋੜਾਂ ਨੂੰ ਇਸ ਅੰਤ ਦੇ ਲਭਣ ਨੇ ਭਰਮਾਂ ਵਿਚ ਪਾ ਕੇ ਭੁਲਾ ਦਿੱਤਾ ਹੈ। ੪. ਜਿਸ (ਪ੍ਰਭੂ ਦਾ) ਆਦਿ (ਮੁੱਢ) ਏਨਾ ਅਸਚਰਜ ਹੈ (ਕਿ ਜਿਸ ਦਾ ਪਤਾ ਹੀ ਨਹੀਂ, ਤਾਂ ਇਸ ਦੇ) ਅੰਤ ਨੂੰ (ਕੌਣ) ਆਖ ਕੇ ਸੁਣਾ ਸਕਦਾ ਹੈ। ੫. (ਜਿਸ ਪ੍ਰਭੂ ਦਾ ਸਮੁੰਦਰ ਵਾਂਗ) ਉਰਾਰ ਪਾਰ ਦਾ ਪਤਾ ਨਹੀਂ ਲੱਗਦਾ, ਉਸ ਦੀ ਥਾਹ (ਹਾਥਿ) ਕੌਣ ਪਾਵੇ ? (ਤੇ ਉਸਦੀਆਂ ਕੁਦਰਤੀ ਜੋ) ਲਹਿਰਾਂ (ਬੇਪ੍ਰਵਾਹੀਆਂ) ਛਾ ਰਹੀਆਂ ਹਨ (ਉਨ੍ਹਾਂ ਨੂੰ ਕੌਣ ਸਮਝੇ ?) ੬. ਇਕ ਵਾਕ ਨਾਲ ਏਨਾ ਵੱਡਾ ਪਸਾਰਾ ਕਰਨ ਵਾਲੇ ਪ੍ਰਭੂ ਨੇ ਆਪਣੇ ਭੇਦ ਨੂੰ ਰਤਾ ਭਰ ਵੀ ਕਿਸੇ ਤਾਈਂ ਜਣਾਇਆ, ਲਖਾਇਆ ਨਹੀਂ ਹੈ। ੭. ਉਸ ਕਾਦਰ (ਕੁਦਰਤ ਦੇ ਰਚਨਹਾਰ) ਤੋਂ ਬਲਿਹਾਰ ਜਾਂਦੇ ਹਾਂ, ਜਿਸ ਦੀ ਸ਼ਕਤੀ

(ਮਾਇਆ) ਕੁਦਰਤ ਦੇ ਪਸਾਰੇ ਵਿਚ ਪਰਮੇਸ਼ਰ ਵਾਂਗ ਹੀ ਵਿਆਪਕ ਹੋ ਰਹੀ ਹੈ। (ਭਾਵ ਹਰ ਇਕ ਦੇ ਉੱਤੇ ਹਾਵੀ ਹੈ, ਕੋਈ ਇਸ ਤੋਂ ਰਹਿਤ ਨਹੀਂ ਹੈ)। ੮. ਸਾਨੂੰ ਗੁਰਦੇਵ ਜੀ ਨੇ ਸਮਝਾ ਦਿੱਤਾ ਹੈ (ਤੇ ਸਾਨੂੰ ਉਸਦੇ ਅੰਤ ਨੂੰ ਜਾਣਨ ਦੇ ਭਰਮ ਵੱਲੋਂ ਹਟਾ ਦਿੱਤਾ ਹੈ) ਕਿ ਪਰਮੇਸ਼ਰ ਆਪਣੇ ਆਪ ਨੂੰ ਆਪ ਹੀ ਜਾਣਦਾ ਹੈ॥ ੩ ॥

੪. ਸ੍ਰਿਸ਼ਟੀ ਦੇ ਰਚਨਹਾਰ ਦੀਆਂ ਵਡਿਆਈਆਂ

੧. ਸਚਾ ਸਿਰਜਣਿਹਾਰੁ ਸਚਿ ਸਮਾਇਆ।
੨. ਸਚਹੁ ਪਉਣੁ ਉਪਾਇ ਘਟਿ ਘਟਿ ਛਾਇਆ।
੩. ਪਵਣਹੁ ਪਾਣੀ ਸਾਜਿ ਸੀਸੁ ਨਿਵਾਇਆ।
੪. ਤੁਲਹਾ ਧਰਤਿ ਬਣਾਇ ਨੀਰ ਤਰਾਇਆ।
੫. ਨੀਰਹੁ ਉਪਜੀ ਅਗਿ ਵਣਖੰਡੁ ਛਾਇਆ।
੬. ਅਗੀ ਹੋਦੀ ਬਿਰਖੁ ਸੁਫਲ ਫਲਾਇਆ।
੭. ਪਉਣੁ ਪਾਣੀ ਬੈਸੰਤਰੁ ਮੇਲਿ ਮਿਲਾਇਆ।
੮. ਆਦਿ ਪੁਰਖੁ ਆਦੇਸੁ ਖੇਲੁ ਰਚਾਇਆ॥ ੪॥

ਪਦ ਅਰਥ - ਸਿਰਜਣਿਹਾਰੁ=ਸ੍ਰਿਸ਼ਟੀ ਦਾ ਕਰਤਾ। ਤੁਲਹਾ=ਸਹਾਰਾ ਰੂਪ। ਅਗਿ=ਬੜਵਾ ਅਗਨੀ। ਵਣਖੰਡੁ=ਬਨਾਸਪਤੀ। ਆਦੇਸੁ=ਨਮਸਕਾਰ।

ਅਰਥ - ੧. ਸ੍ਰਿਸ਼ਟੀ ਦਾ ਰਚਨਹਾਰ (ਸਿਰਜਨਹਾਰ) ਆਪ ਸੱਚਾ ਹੈ, ਤੇ ਸੱਚ ਰੂਪ ਹੋ ਕੇ ਆਪਣੀ ਰਚਨਾ (ਸੰਸਾਰ) ਵਿਚ ਵਿਆਪਕ ਹੈ। ੨. ਸੱਚ ਤੋਂ ਹੀ ਪੌਣ ਪੈਦਾ ਕੀਤੀ, (ਜੋ ਹਰ ਜੀਵ ਜੰਤੂ ਵਿਚ) ਛਾਈ ਹੋਈ ਹੈ। ੩. ਪੌਣ ਤੋਂ ਪਾਣੀ ਨੂੰ ਪੈਦਾ ਕਰਕੇ (ਸਭ ਨੂੰ ਹਰਿਆਂ ਰੱਖਣ ਲਈ) ਨੀਵੇਂ ਪਾਸੇ ਜਾਣ ਵਾਲਾ (ਸੀਸ ਨਿਵਾ ਕੇ ਚਲਣ ਵਾਲਾ) ਬਣਾ ਦਿੱਤਾ। ੪. (ਪਾਣੀ ਦੇ ਚਲਣ ਲਈ) ਧਰਤੀ ਨੂੰ ਆਸਰਾ ਰੂਪ ਬਣਾ ਕੇ, ਫਿਰ ਧਰਤੀ ਨੂੰ ਪਾਣੀ ਉਤੇ ਹੀ ਰੱਖ ਦਿੱਤਾ ਹੈ। (ਜਿਥੇ ਕਿਥੇ ਧਰਤੀ ਦੇ ਥੱਲੇ ਪਾਣੀ ਹੈ ਤੇ ਇਸੇ ਅਟਲ ਸਚਾਈ ਨੂੰ ਹੀ ਬਿਆਨ ਕਰ ਰਹੇ ਹਨ)। ੫. ਪਾਣੀ ਤੋਂ ਅਗਨੀ ਪੈਦਾ ਕਰ ਦਿੱਤੀ (ਭਾਵ ਧਰਤੀ ਉਤੇ ਪਾਣੀ ਦੀ ਤਰਾਉਤ ਨਾਲ) ਵਣਖੰਡ (ਬਨਾਸਪਤੀ, ਲੱਕੜੀ) ਜੰਗਲਾਂ ਦੇ ਜੰਗਲ ਉਗਾ ਦਿੱਤੇ। ੬. (ਪਰਮੇਸ਼ਰ ਦਾ ਅਜਬ ਕੌਤਕ ਹੈ ਕਿ ਬਨਾਸਪਤੀ ਵਿਚ ਅੱਗ ਹੈ, ਪਰ ਅੱਗ ਦੇ ਹੁੰਦੇ ਵੀ ਉਹ) ਬਨਾਸਪਤੀ ਪਾਣੀ ਨਾਲ ਹੀ ਫਲਦੀ ਫੁੱਲਦੀ ਹੈ। ੭. (ਪਰਮੇਸ਼ਰ ਨੇ, ਵਿਰੋਧੀ ਤੱਤਾਂ) ਅੱਗ, ਹਵਾ ਤੇ ਪਾਣੀ) ਦਾ ਮਿਲਾਪ ਕਰ ਦਿੱਤਾ ਹੈ। ੮. (ਸੋ) ਐਸੇ ਪਰਮ ਪੁਰਖ (ਆਦਿ ਪੁਰਖ) ਨੂੰ ਨਮਸਕਾਰ (ਆਦੇਸੁ) ਹੈ, ਜਿਸ ਨੇ ਇਸ ਸਾਰੇ ਖੇਲ ਨੂੰ ਪੈਦਾ ਕੀਤਾ ਹੈ॥ ੪ ॥

੫. ਰਚਨਾ ਦੀ ਵਿਚਿੱਤ੍ਰਤਾ

੧. ਕੇਵਡੁ ਆਖਾ ਸਚੁ ਸਚੇ ਭਾਇਆ।
੨. ਕੇਵਡੁ ਹੋਆ ਪਉਣੁ ਫਿਰੈ ਚਉਵਾਇਆ।
੩. ਚੰਦਣ ਵਾਸੁ ਨਿਵਾਸੁ ਬਿਰਖ ਬੋਹਾਇਆ।
੪. ਖਹਿ ਖਹਿ ਵੰਸੁ ਗਵਾਇ ਵਾਂਸੁ ਜਲਾਇਆ।
੫. ਸਿਵ ਸਕਤੀ ਸਹਲੰਗੁ ਅੰਗੁ ਜਣਾਇਆ।
੬. ਕੋਇਲ ਕਾਉ ਨਿਆਉ ਬਚਨ ਸੁਣਾਇਆ।
੭. ਖਾਣੀ ਬਾਣੀ ਚਾਰਿ ਸਾਹ ਗਣਾਇਆ।
੮. ਪੰਜਿ ਸਬਦ ਪਰਵਾਣੁ ਨੀਸਾਣੁ ਬਜਾਇਆ॥ ੫॥

ਪਦ ਅਰਥ - ਚਉਵਾਇਆ=ਚਾਰੇ ਪਾਸੇ। ਬੋਹਾਇਆ=ਸੁਗੰਧਤ ਕਰ ਦਿੱਤਾ। ਸਿਵ ਸਕਤੀ=ਸਤੋ ਗੁਣ ਤੇ ਤਮੋ ਗੁਣ। ਸਹਲੰਗੁ=ਮਿਲਾਪ। ਸਾਹ=ਸੁਆਸ।

ਅਰਥ - ੧. ਕਿਤਨਾ ਕੁ ਮੈਂ ਵਿਸਥਾਰ ਸੱਚ ਦਾ ਕਰਾਂ (ਕਿ ਉਹ ਸੱਚ ਕਿਤਨਾ ਮਹਾਨ ਹੈ, ਜੋ) ਸੱਚੇ ਨੂੰ ਭਾਉਂਦਾ ਹੋਵੇ। ੨. (ਉਸ) ਪਉਣੁ ਬਾਰੇ ਮੈਂ ਕੀ ਕਹਿਕੇ ਦੱਸਾਂ, ਕਿ ਕਿੱਡੀ ਕੁ ਹੈ, ਜੋ ਚਾਰੇ ਪਾਸੇ (ਹਨੇਰੀਆਂ, ਝੱਖੜ ਤੇ ਤੂਫਾਨਾਂ ਦੇ ਰੂਪ ਵਿਚ) ਫਿਰ ਰਹੀ ਹੈ। ੩. ਚੰਦਨ ਵਿਚ ਸੁਗੰਧੀ ਦਾ ਵਾਸਾ ਹੈ, (ਜੋ ਚਾਰੇ ਪਾਸੇ ਦੇ ਬ੍ਰਿਛਾਂ ਨੂੰ) ਸੁਗੰਧਤ ਕਰ ਦਿੰਦੀ ਹੈ। ੪. ਪਰ ਉਸ ਦੇ ਨਾਲ ਹੀ ਵਾਂਸਾਂ ਦਾ ਜੰਗਲ ਹੁੰਦਾ ਹੈ ਜੋ ਪੈਦਾ ਤਾਂ ਇਕੱਠੇ ਹੁੰਦੇ ਹਨ ਪਰ ਵੱਡੇ ਹੋ ਖਹਿ ਖਹਿ ਮਰਦੇ ਹਨ, (ਤੇ ਆਪਣੀ ਖਹਿ ਖਹਿ ਦੇ ਕਲੇਸ਼ ਵਿਚੋਂ ਨਿਕਲੀ ਅੱਗ ਨਾਲ) ਸੜ ਭੁਜ ਜਾਂਦੇ ਹਨ ਤੇ ਆਪਣੀ ਵੰਸ, ਕੁਟੰਬ ਦਾ ਖਾਤਮਾ ਕਰਾ ਲੈਂਦੇ ਹਨ। ੫. (ਇਸ ਦਾ ਭਾਵ ਇਹ ਹੈ ਕਿ) ਸ਼ਿਵ (ਸਤੋ ਗੁਣੀ ਚੰਦਨ ਵਰਗੀ ਸੀਤਲਤਾ) ਤੇ ਸ਼ਕਤੀ (ਵਾਂਸਾਂ ਦੀ ਅੱਗ) ਦੇ ਮੇਲ ਨਾਲ ਦੋਹਾਂ ਨੇ ਆਪੋ ਆਪਣਾ ਅੰਗ (ਪੱਖ) ਪਾਲਿਆ ਹੈ (ਜਾਂ ਪੱਖ ਪ੍ਰਗਟ ਕੀਤਾ ਹੈ)। ੬. ਕੋਇਲ (ਸੁਰੀਲੀ ਤੇ ਦੈਵੀ ਆਵਾਜ਼) ਤੇ ਕਾਂ (ਦਾ ਨਿਖੇੜਾ) ਉਨ੍ਹਾਂ ਦੀ ਬੋਲੀ ਤੋਂ ਹੀ ਹੋ ਜਾਂਦਾ ਹੈ (ਭਾਵ ਝਟ ਹੀ ਸਮਝ ਆ ਜਾਂਦੀ ਹੈ ਕਿ ਇਹ ਆਵਾਜ਼ ਕਾਂ ਦੀ ਤੇ ਇਹ ਕੋਇਲ ਦੀ ਹੈ)। ੭. ਚਾਰੇ ਖਾਣੀਆਂ ਦੇ ਜੀਵ ਜੰਤੂਆਂ ਦੀ ਜੋ ਬਣਾਵਟ ਬਣਾਈ ਹੈ, ਉਸ ਵਿਚ ਸੁਆਸ (ਪ੍ਰਾਣ) ਗਿਣ ਕੇ ਹਿਸਾਬ ਨਾਲ) ਪਾਏ ਹਨ। ੮. ਪੰਜ ਸ਼ਬਦ (ਅਨਹਦ ਸ਼ਬਦ) ਹੀ (ਪ੍ਰਭੂ ਦੇ ਦਰ) ਪ੍ਰਵਾਨ ਹੁੰਦੇ ਹਨ, ਜਿਨ੍ਹਾਂ ਦੇ ਵੱਜਣ ਤੋਂ ਹੀ ਉਹ (ਆਪਣੇ ਆਪ) ਪ੍ਰਗਟ ਹੋ ਜਾਂਦੇ ਹਨ॥ ੫॥

੬. ਸੱਚੇ ਸਾਧੂ ਦੀ ਘਾਲਣਾ ਦਾ ਵਰਣਨ

੧. ਰਾਗ ਨਾਦ ਸੰਬਾਦ ਗਿਆਨੁ ਚੇਤਾਇਆ।

੨. ਨਉ ਦਰਵਾਜੇ ਸਾਧਿ ਸਾਧੁ ਸਦਾਇਆ।
੩. ਵੀਹ ਇਕੀਹ ਉਲੰਘਿ ਨਿਜ ਘਰਿ ਆਇਆ।
੪. ਪੂਰਕ ਕੁੰਭਕ ਰੇਚਕ ਤ੍ਰਾਟਕ ਧਾਇਆ।
੫. ਨਿਉਲੀ ਕਰਮ ਭੁਯੰਗੁ ਆਸਣ ਲਾਇਆ।
੬. ਇੜਾ ਪਿੰਗੁਲਾ ਝਾਗ ਸੁਖਮਨਿ ਛਾਇਆ।
੭. ਖੇਚਰ ਭੂਚਰ ਚਾਚਰ ਸਾਧਿ ਸਧਾਇਆ।
੮. ਸਾਧ ਅਗੋਚਰ ਖੇਲੁ ਉਨਮਨਿ ਆਇਆ॥ ੬॥

ਪਦ ਅਰਥ - ਸੰਬਾਦ=ਚਰਚਾ, ਬਹਿਸ। ਸਾਧਿ=ਸੋਧ ਕੇ। ਵੀਹ=ਜਗਤ। ਇਕੀਹ=ਵਾਹਿਗੁਰੂ। ਪੂਰਕ=ਸੁਾਸਾਂ ਦਾ ਚੜ੍ਹਾਣਾ। ਰੇਚਕ=ਸੁਾਸ ਉਤਾਰਨੇ। ਤ੍ਰਾਟਕ=ਇੜਾ, ਪਿੰਗਲਾ, ਸੁਖਮਨਾ, ਤਿੰਨ ਨਾੜੀਆਂ। ਭੁਯੰਗੁ=ਕੰਗਰੋੜ ਦੀ ਨਾੜੀ।

ਅਰਥ - ੧. ਰਾਗ ਦੇ ਨਾਦ (ਆਵਾਜ਼) ਇਹ ਸ਼ਬਦ ਦਾ ਸੰਬਾਦ (ਆਪਸੀ ਵਿਚਾਰ ਪ੍ਰਭੂ ਦੇ ਬਾਰੇ) ਗਿਆਨ ਦਾ ਹੀ ਚੇਤਾ ਕਰਾਉਂਦੇ ਹਨ। ੨. ਨੌਂ ਦਰਵਾਜੇ (ਗੋਲਕਾਂ) ਨੂੰ ਸੋਧ ਕੇ, (ਭਾਵ ੯ ਨੂੰ ਸੰਸਾਰ ਵੱਲੋਂ ਰੋਕ ਕੇ, ਅੰਤਰਮੁਖੀ ਹੋ ਕੇ) ਸਾਧ ਅਖਵਾਉਂਦੇ ਹਨ। ੩. (ਐਸੇ ਸਾਧੂ ਫਿਰ ਇਸ ਤਰ੍ਹਾਂ ਦੀ ਘਾਲ ਕਮਾਈ ਕਰਦੇ ਹੋਏ) ਵੀਹ (ਇਸ ਸੰਸਾਰ ਦੇ ਝੰਜਟਾਂ ਵਿਚੋਂ) ਨਿਕਲ ਕੇ ਇਕੀਹ (ਈਸ਼ਵਰੀ ਪੂਰਨ ਗਿਆਨ ਦੇ ਦਾਇਰੇ ਵਿਚੋਂ) ਸ੍ਵੈ-ਸਰੂਪ ਵਿਚ ਜਾ ਪਹੁੰਚਦੇ ਹਨ। ੪. ਸੁਾਸਾਂ ਨੂੰ ਚੜ੍ਹਾਉਣਾ, ਉਤਾਰਨਾ ਆਦਿ ਤਿੰਨਾਂ ਨਾੜੀਆਂ ਨੂੰ ਲੰਘ ਜਾਂਦਾ ਹੈ। ੫. ਫਿਰ ਨਿਉਲੀ ਕਰਮ (ਸਰੀਰ ਨੂੰ ਸੋਧ ਕੇ) ਭੁਯੰਗਮ (ਕੰਗਰੋੜ ਦੀ ਨਾੜੀ ਦੁਆਰੇ ਲੰਘ ਦਸਮ ਦੁਆਰ ਵਿਚ) ਜਾ ਆਸਣ ਲਾਉਂਦੇ ਹਨ। ੬. ਇੜਾ ਤੇ ਪਿੰਗਲਾ (ਸੱਜੀ ਖੱਬੀ ਨਾਸਕਾ ਰਾਹੀਂ ਸੁਾਸਾਂ ਦੇ ਉਤਾਰ ਚੜ੍ਹਾਉ ਦੀ) ਘਾਲਣਾ ਨੂੰ ਝਾਗ (ਘਾਲ ਕੇ) ਦਸਮ ਦੁਆਰ ਦੀ ਤੀਜੀ ਨਾੜ ਸੁਖਮਨਾ ਉਤੇ ਛਾ ਜਾਂਦੇ (ਭਾਵ ਪੂਰਨ ਟਿਕਾਉ ਪ੍ਰਾਪਤ ਕਰ ਲੈਂਦੇ ਹਨ)। ੭. ਖੇਚਰ, ਭੂਚਰ ਤੇ ਚਾਚਰ (ਇਹ ਜੋਗੀਆਂ ਦੀਆਂ ਅਗੋਚਰੀ, ਉਨਮਨੀ ਆਦਿ ਪੰਜ ਮੁੰਦ੍ਰਾ) ਸਾਧ ਲੈਂਦੇ ਹਨ, ਤਾਂ ਜਾ ਕੇ ਸਾਧ ਸਦਾਉਂਦੇ ਹਨ (ਜੋਗੀ ਏਨੀਆਂ ਘਾਲਣਾਂ ਘਾਲ ਕੇ ਜੋਗੀ ਸਦਵਾਉਂਦੇ ਹਨ, ਤੇ ਇਸ ਨੂੰ ਜੋਗੀ ਦੀ ਮੁਕੰਮਲ ਘਾਲਣਾ ਕਿਹਾ ਜਾਂਦਾ ਹੈ)। ੮. ਇਉਂ ਸਾਧੂ ਅਗੋਚਰ ਖੇਲ (ਸਮਝ ਤੇ ਪਹੁੰਚ ਤੋਂ ਪਰੇ ਦੀ ਖੇਡ) ਦੇ ਮਾਲਕ ਹੋ ਕੇ (ਰੂਪ, ਰਸ, ਗੰਧ, ਸ਼ਬਦ ਤੇ ਸਪਰਸ਼ ਆਦਿਕ ਇੰਦ੍ਰੀਆਂ ਦੇ ਰਸਾਂ ਦੀ ਪਕੜ ਤੋਂ ਆਜ਼ਾਦ ਹੋ ਕੇ) ਉਨਮਨ (ਸਹਜ ਅਵਸਥਾ, ਚੌਥੇ ਪਦ) ਵਿਚ ਪਹੁੰਚ ਜਾਂਦੇ ਹਨ॥ ੬॥

੭. ਜੋਗੀਆਂ ਬਾਰੇ ਜੋਗ ਦੀ ਵਾਕਫ਼ੀਅਤ

੧. ਤ੍ਰੈ ਸਤੁ ਅੰਗੁਲ ਲੈ ਮਨੁ ਪਵਣੁ ਮਿਲਾਇਆ।
੨. ਸੋ ਹੰ ਸਹਜਿ ਸੁਭਾਇ ਅਲਖ ਲਖਾਇਆ।

੩. ਨਿਝਰਿ ਧਾਰਿ ਚੁਆਇ ਅਪਿਉ ਪੀਆਇਆ।
੪. ਅਨਹਦ ਧੁਨਿ ਲਿਵ ਲਾਇ ਨਾਦ ਵਜਾਇਆ।
੫. ਅਜਪਾ ਜਾਪੁ ਜਪਾਇ ਸੁੰਨ ਸਮਾਇਆ।
੬. ਸੁੰਨਿ ਸਮਾਧਿ ਸਮਾਇ ਆਪੁ ਗਵਾਇਆ।
੭. ਗੁਰਮੁਖਿ ਪਿਰਮੁ ਚਖਾਇ ਨਿਜ ਘਰੁ ਛਾਇਆ।
੮. ਗੁਰਸਿਖਿ ਸੰਧਿ ਮਿਲਾਇ ਪੂਰਾ ਪਾਇਆ॥ ੭॥

ਪਦ ਅਰਥ - ਤ੍ਰੈ ਸਤੁ=ਦਸ। ਨਿਝਰਿ=ਇਕ ਰਸ ਧਾਰਾ। ਅਪਿਉ=ਅੰਮ੍ਰਿਤ। ਸੁੰਨਿ=ਅਫੁਰ। ਪਿਰਮੁ=ਪ੍ਰੇਮ ਰਸ। ਸੰਧਿ=ਮਿਲਾਪ।

ਅਰਥ - ੧. ਜੋਗੀ ਉਂਗਲ ਦੇ ਪ੍ਰਮਾਣ (ਅਨੁਸਾਰ ਸੁਆਸਾਂ ਨੂੰ ਬਾਹਰ ਖਿੱਚ ਕੇ, ਫਿਰ ਅੰਦਰ ਲਿਜਾ ਕੇ) ਉਨ੍ਹਾਂ ਵਿਚ ਮਨ ਤੇ ਪੌਣ ਨੂੰ ਮਿਲਾਉਂਦੇ ਹਨ। ੨. ਸੋਲਾਂ ਵੇਰੀ (ਇਸ ਤਰੀਕੇ ਨਾਲ) ਸੋ ਹੰ ਮੰਤ੍ਰ (ਦਾ ਜਾਪ ਕਰਦੇ, ਪ੍ਰਾਣ ਚੜ੍ਹਾਉਂਦੇ ਤੇ ਉਤਾਰਦੇ ਇਸ ਅਭਿਆਸ ਵਿਚ ਮੁਕੰਮਲ ਹੋ ਜਾਂਦੇ ਹਨ ਤਾਂ (ਸੁਭਾਵਕ ਹੀ ਅਲਖ ਪਰਮੇਸ਼ਰ ਨੂੰ ਸਹਿਜ ਸੁਭਾਵ ਲਖਿਆ (ਜਾਣ ਜਾਂਦੇ ਹਨ)। ੩. (ਫਿਰ ਨਿਸ਼ਾਨੀ ਇਹ ਪ੍ਰਗਟ ਹੁੰਦੀ ਹੈ ਕਿ ਦਸਮ ਦੁਆਰ ਵਿਚੋਂ) ਇਕ ਰਸ ਅੰਮ੍ਰਿਤ ਦੀ ਧਾਰ ਵਗ ਤੁਰਦੀ ਹੈ, (ਜਿਸ ਨੂੰ ਅਭਿਆਸੀ) ਪੀਂਦਾ ਹੈ। ੪. (ਇਸ ਉਪਰੰਤ ਇਕ ਰਸ ਅਨਹਦ ਧੁਨੀ ਵਾਲੇ ਵਾਜੇ ਵਜਦੇ ਹਨ (ਅਨਹਦ ਧੁਨੀ) ਵਿਚ ਲਿਵ ਲੱਗ ਜਾਂਦੀ ਹੈ ਨਾਦ ਦੇ ਵੱਜਣ ਦੀ ਮਸਤੀ ਮਸਤ ਕਰਕੇ (ਸਮਾਧੀ ਸਥਿਰ ਕਰ ਦੇਂਦੀ ਹੈ)। ੫. (ਇਉਂ ਆਪਣੇ ਆਪ ਸੋ ਹੰ ਸ਼ਬਦ ਦਾ) ਅਜਪਾ ਜਾਪ ਸੁੰਨ ਸਮਾਧੀ ਦੀ ਅਫੁਰ ਦਸ਼ਾ ਵਰਤ ਜਾਂਦੀ ਹੈ। ੬. ਇਉਂ ਜੋਗੀ ਸੁੰਨ (ਅਫੁਰ) ਸਮਾਧੀ ਵਿਚ ਜੁੜ ਕੇ ਆਪਣੀ ਬਿਰਤੀ, ਸੁਰਤ ਤੇ ਪ੍ਰਾਣਾਂ ਨੂੰ ਰੋਕ ਛੱਡਦੇ ਹਨ। ੭. (ਇਹ ਤਾਂ ਜੋਗੀਆਂ ਦੀ ਕਮਾਈ ਹੈ, ਪਰ) ਗੁਰਮੁਖ ਲੋਕ (ਗੁਰੂ ਦੀ ਕਿਰਪਾ ਨਾਲ, ਸੁਤੇ ਸਿਧ ਹੀ) ਪ੍ਰੇਮ ਰਸ ਨੂੰ ਚਖ ਕੇ ਨਿੱਜ ਸਰੂਪ ਵਿਚ ਛਾਏ (ਮਗਨ) ਰਹਿੰਦੇ ਹਨ। ੮. ਗੁਰੂ ਤੇ ਸਿੱਖ ਦੀ ਇਸ ਪ੍ਰਸਪਰ ਏਕਤਾ ਤੇ ਮਿਲਾਪ ਨਾਲ ਪੂਰੇ ਗੁਰੂ ਦੀ ਕਿਰਪਾ ਨਾਲ ਪਰਮੇਸ਼ਰ ਦਾ ਮਿਲਾਪ ਹੋ ਜਾਂਦਾ ਹੈ॥ ੭॥

੮. ਗੁਰੂ ਤੇ ਸਿੱਖ ਦੇ ਮਿਲਾਪ ਦੀ ਮਹਿਮਾ

੧. ਜੋਤੀ ਜੋਤਿ ਜਗਾਇ ਦੀਵਾ ਬਾਲਿਆ।
੨. ਚੰਦਨ ਵਾਸੁ ਨਿਵਾਸੁ ਵਣਾਸਪਤਿ ਫਾਲਿਆ।
੩. ਸਲਲੈ ਸਲਲਿ ਸੰਜੋਗੁ ਤ੍ਰਿਬੇਣੀ ਚਾਲਿਆ।
੪. ਪਵਣੈ ਪਵਣੁ ਸਮਾਇ ਅਨਹਦੁ ਭਾਲਿਆ।
੫. ਹੀਰੈ ਹੀਰਾ ਬੇਧਿ ਪਰੋਇ ਦਿਖਾਲਿਆ।

੬. ਪਥਰੁ ਪਾਰਸੁ ਹੋਇ ਪਾਰਸੁ ਪਾਲਿਆ।
੭. ਅਨਲ ਪੰਖਿ ਪੁਤੁ ਹੋਇ ਪਿਤਾ ਸਮ੍ਹਾਲਿਆ।
੮. ਬ੍ਰਹਮੈ ਬ੍ਰਹਮੁ ਮਿਲਾਇ ਸਹਜਿ ਸੁਖਾਲਿਆ॥ ੮॥

ਪਦ ਅਰਥ – ਵਾਸੁ=ਸੁਗੰਧੀ। ਫਾਲਿਆ=ਫਲਿਆ ਜਾਂ ਫੈਲਿਆ। ਸਲਲਿ=ਪਾਣੀ। ਅਨਲ=ਆਕਾਸ਼ ਦਾ ਪੰਛੀ।

ਅਰਥ - ੧. (ਸਿੱਖ ਤੇ ਗੁਰੂ ਦੇ ਮਿਲਾਪ ਦੀ ਪ੍ਰਥਾ ਨੂੰ ਇਸ ਪਉੜੀ ਵਿਚ ਸਪਸ਼ਟ ਕਰਦੇ ਹਨ ਕਿ ਜਿਵੇਂ) ਦੀਵੇ ਦੀ ਲਾਟ ਨਾਲ ਲੱਗ ਕੇ ਦੂਜਾ ਦੀਵਾ ਜਗ ਪੈਂਦਾ ਹੈ, (ਤਿਵੇਂ ਹੀ ਸਿੱਖ ਦੇ ਅੰਦਰ) ਜੋਤੀ ਤੋਂ ਜੋਤ ਜਗ ਪੈਂਦੀ ਹੈ। ੨. (ਹੋਰ ਉਦਾਹਰਣ ਦੇਂਦੇ ਹਨ ਕਿ ਜਿਵੇਂ) ਚੰਦਨ ਵਿਚ ਸੁਗੰਧੀ ਹੁੰਦੀ ਹੈ, ਉਸ ਦੀ ਵਾਸ਼ਨਾ ਨਾਲ ਆਲੇ ਦੁਆਲੇ ਦੀ ਸਾਰੀ ਬਨਾਸਪਤੀ ਮਹਿਕ ਉੱਠਦੀ ਹੈ। ੩. ਜਿਵੇਂ ਗੰਗਾ ਜਮਨਾ ਤੇ ਸੁਰਸਵਤੀ ਦੇ ਪਾਣੀਆਂ ਦੇ ਮੇਲ ਨਾਲ ਤ੍ਰਿਬੇਣੀ ਬਣ ਕੇ (ਪਾਣੀ ਇਕੱਠਾ ਇਕ ਰੂਪ ਹੋ ਚਲਦਾ ਹੈ)। ੪. ਜਿਵੇਂ ਪੌਣ ਵਿਚ ਪੌਣ ਮਿਲ ਜਾਂਦੀ ਹੈ, ਜਾਂ ਅਨਹਦ ਸ਼ਬਦ ਦੀਆਂ ਆਵਾਜ਼ਾਂ ਇਕ ਸੁਰ ਹੋ ਵੱਜਣ ਲੱਗ ਜਾਂਦੀਆਂ ਹਨ। ੫. (ਇਸੇ ਤਰ੍ਹਾਂ ਜਿਵੇਂ ਹੀਰੇ ਨਾਲ ਹੀ ਹੀਰਾ ਵਿੰਨ੍ਹਿਆਂ ਜਾਂਦਾ ਹੈ, ਤੇ ਫੇਰ ਹੀਰਿਆਂ ਦੀ ਮਾਲਾ ਬਣਦੀ ਹੈ। ੬. ਜਿਵੇਂ ਪੱਥਰ ਰੂਪ ਪਾਰਸ ਪੱਥਰਾਂ ਵਿਚੋਂ ਹੀ ਪਾਈਦਾ ਹੈ। ੭. ਜਿਵੇਂ ਅਨਲ ਪੰਛੀ ਆਪਣੇ ਬੱਚੇ ਆਕਾਸ਼ ਵਿਚ ਹੀ ਦੇਂਦਾ ਤੇ ਸਮ੍ਹਾਲਦਾ ਹੈ। (ਭਾਵ ਇਹ ਪੰਛੀ ਆਕਾਸ਼ ਵਿਚੋਂ ਧਰਤੀ ਵੱਲ ਆਉਂਦਾ ਹੀ ਨਹੀਂ)। ੮. ਇਸੇ ਤਰ੍ਹਾਂ ਹੀ ਬ੍ਰਹਮ ਨੂੰ ਸਹਿਜੇ ਹੀ ਬ੍ਰਹਮ (ਜੋਤੀ) ਦਾ ਮਿਲਾਪ ਹੋ ਜਾਂਦਾ ਹੈ। (ਇਸ ਪਉੜੀ ਵਿਚ ਆਤਮਿਕ ਮੇਲ ਦੀ ਵਿਸ਼ੇਸ਼ਤਾ ਤੇ ਇਹ ਕਿਵੇਂ ਸਹਿਜ-ਸੁਭਾ ਹੋ ਜਾਂਦਾ ਹੈ, ਇਹ ਵੱਖ ਵੱਖ ਦ੍ਰਿਸ਼ਟਾਂਤਾਂ—ਦੀਵੇ ਦਾ, ਚੰਦਨ ਦਾ, ਪਾਣੀ ਦਾ, ਹਵਾ ਦਾ, ਹੀਰੇ ਦਾ, ਪੱਥਰ ਰੂਪ ਪਾਰਸ ਦਾ, ਅਨਲ ਪੰਛੀ ਦਾ, ਤੇ ਅਖੀਰ 'ਤੇ ਇਸੇ ਭਾਂਤ ਬ੍ਰਹਮ ਤੋਂ ਬ੍ਰਹਮ ਦਾ ਮੇਲ (ਸੰਧੀ) ਹੋ ਜਾਣਾ ਦੱਸਿਆ ਹੈ)॥ ੮॥

੯. ਪਰਮੇਸ਼ਰ ਦੀ ਮਹਿਮਾ ਤੇ ਗੁਣਾਨਵਾਦ

੧. ਕੇਵਡੁ ਇਕੁ ਕਵਾਉ ਪਸਾਉ ਕਰਾਇਆ।
੨. ਕੇਵਡੁ ਕੰਡਾ ਤੋਲੁ ਤੋਲਿ ਤੁਲਾਇਆ।
੩. ਕਰਿ ਬ੍ਰਹਮੰਡ ਕਰੋੜਿ ਕਵਾਉ ਵਧਾਇਆ।
੪. ਲਖ ਲਖ ਧਰਤਿ ਅਗਾਸਿ ਅਧਰ ਧਰਾਇਆ।
੫. ਪਉਣੁ ਪਾਣੀ ਬੈਸੰਤਰੁ ਲਖ ਉਪਾਇਆ।
੬. ਲਖ ਚਉਰਾਸੀਹ ਜੋਨਿ ਖੇਲੁ ਰਚਾਇਆ।
੭. ਜੋਨਿ ਜੋਨਿ ਜੀਅ ਜੰਤ ਅੰਤੁ ਨ ਪਾਇਆ।
੮. ਸਿਰਿ ਸਿਰਿ ਲੇਖੁ ਲਿਖਾਇ ਅਲੇਖੁ ਧਿਆਇਆ॥ ੯॥

ਪਦ ਅਰਥ - ਕਵਾਉ=ਬੋਲ। ਕੰਡਾ=ਤੱਕੜ। ਅਧਰ=ਬਿਨਾਂ ਆਸਰੇ ਦੇ। ਅਲੇਖੁ=ਲੇਖੇ ਰਹਿਤ।

ਅਰਥ - ੧. ਉਹ ਇਕੋ ਬੋਲ ਕਿੱਡਾ ਕੁ ਵੱਡਾ ਹੋਵੇਗਾ (ਜਿਸ ਇਕ ਵਾਕ ਤੋਂ ਪ੍ਰਭੂ ਨੇ ਇਹ ਬੇ-ਗਿਣਤ ਤੇ ਅੰਤ ਤੋਂ ਰਹਿਤ) ਪਸਾਰਾ ਪਸਾਰ ਦਿੱਤਾ ਹੈ। ੨. ਉਹ ਤੋਲਣ ਵਾਲਾ ਕੰਡਾ (ਤੱਕੜ) ਕਿੱਡਾ ਕੁ ਹੋਵੇਗਾ, (ਜਿਸ ਨਾਲ ਸਿਰਜਨਾ ਦੀ ਹਰ ਚੀਜ਼ ਨੂੰ ਉਸ ਪ੍ਰਭੂ ਨੇ) ਤੋਲਿਆ ਹੋਵੇਗਾ। ੩. (ਆਪਣੇ ਵਾਕ ਨੂੰ ਪ੍ਰਭੂ ਨੇ ਏਨਾ) ਵਧਾ ਦਿੱਤਾ ਹੈ ਕਿ ਉਸ ਨਾਲ ਕਰੋੜਾਂ ਹੀ ਬ੍ਰਹਿਮੰਡ ਰਚੇ ਗਏ ਹਨ। ੪. ਲੱਖਾਂ ਹੀ ਧਰਤੀਆਂ ਬਣਾ ਦਿੱਤੀਆਂ ਹਨ ਤੇ ਲੱਖਾਂ ਹੀ ਆਕਾਸ਼ ਬਿਨਾਂ ਆਸਰੇ ਦੇ ਖੜੇ ਕਰ ਦਿੱਤੇ ਹਨ। ੫. ਲੱਖਾਂ ਹੀ ਪੌਣਾਂ (ਅਸਗਾਹ) ਪਾਣੀ ਤੇ ਅਗਨੀ ਨੂੰ ਲੱਖਾਂ (ਰੂਪਾਂ ਵਿਚ) ਪੈਦਾ ਕਰ ਦਿੱਤਾ ਹੈ। ੬. ਫੇਰ ਚੌਰਾਸੀ ਲੱਖ ਜੂਨਾਂ ਦਾ ਖੇਲ ਰਚਾ ਦਿੱਤਾ ਹੈ। ੭. ਇਕ ਇਕ ਜੋਨੀ ਵਿਚ ਏਨੇ ਜੀਵ ਤੇ ਜੰਤੂ (ਪੈਦਾ ਕਰ ਦਿੱਤੇ ਹਨ) ਕਿ ਜਿਨ੍ਹਾਂ ਦਾ ਅੰਤ ਹੀ ਨਹੀਂ ਆ ਸਕਦਾ। ੮. (ਫਿਰ ਉਸ ਦੀ ਖੇਡ ਦਾ ਅਸਚਰਜ ਤੇ ਅਚੰਭਵ ਕੌਤਕ ਇਹ ਹੈ ਕਿ) ਕੋਈ ਵੀ ਜੀਵ ਐਸਾ ਨਹੀਂ, ਜੋ (ਪ੍ਰਭੂ ਦੇ) ਲੇਖੇ ਜਾਂ ਹਿਸਾਬ ਵਿਚ ਨਾ ਹੋਵੇ। ਹਰ ਇਕ ਦੇ ਸਿਰ 'ਤੇ ਲੇਖਾਂ ਦਾ ਚੱਕਰ ਪਹਿਲੇ ਲਿਖ ਦਿੱਤਾ ਹੈ (ਕਰਮਾਂ ਅਨੁਸਾਰ,) ਪਰ ਆਪ ਐਸਾ ਅਲੇਖ ਹੈ (ਕਿ ਉਸ ਉਤੇ ਕਿਸੇ ਦਾ ਲੇਖਾ ਨਹੀਂ, ਅਸੀਂ ਐਸੇ ਅਲਖ) ਨੂੰ ਹੀ ਸਿਮਰਦੇ ਤੇ ਉਸੇ ਦਾ ਧਿਆਨ ਧਰਦੇ ਹਾਂ॥ ੯॥

੧੦. ਗੁਰਮੁਖ ਰਾਹੀ ਦਾ ਜੀਵਨ ਰਸਤਾ

੧. ਸਤਿਗੁਰ ਸਚਾ ਨਾਉ ਆਖਿ ਸੁਣਾਇਆ।
੨. ਗੁਰ ਮੂਰਤਿ ਸਚੁ ਥਾਉ ਧਿਆਨੁ ਧਰਾਇਆ।
੩. ਸਾਧਸੰਗਤਿ ਅਸਰਾਉ ਸਚਿ ਸੁਹਾਇਆ।
੪. ਦਰਗਹ ਸਚੁ ਨਿਆਉ ਹੁਕਮੁ ਚਲਾਇਆ।
੫. ਗੁਰਮੁਖਿ ਸਚੁ ਗਿਰਾਉ ਸਬਦ ਵਸਾਇਆ।
੬. ਮਿਟਿਆ ਗਰਬੁ ਗੁਆਉ ਗਰੀਬੀ ਛਾਇਆ।
੭. ਗੁਰਮਤਿ ਸਚੁ ਹਿਆਉ ਅਜਰੁ ਜਰਾਇਆ।
੮. ਤਿਸੁ ਬਲਿਹਾਰੈ ਜਾਉ ਸੁ ਭਾਣਾ ਭਾਇਆ॥ ੧੦॥

ਪਦ ਅਰਥ - ਅਸਰਾਉ=ਆਸਰਾ। ਗਿਰਾਉ=ਨਗਰ। ਗੁਆਉ=ਗੁਮਾਨ। ਹਿਆਉ=ਹਿਰਦੇ ਵਿਚ। ਭਾਇਆ=ਚੰਗਾ ਲੱਗਾ।

ਅਰਥ - ੧. ਸਤਿਗੁਰੂ ਜੀ ਨੇ ਸੱਚਾ ਨਾਉਂ (ਸਭ ਤਾਈਂ) ਆਖ ਕੇ ਸੁਣਾ ਦਿੱਤਾ ਹੈ (ਕਿ ਇਹ ਪਰਮੇਸ਼ਰ ਹੀ ਸਭ ਦਾ ਰਚਨਹਾਰ ਹੈ, ਦੇਵੀ ਦੇਵਤੇ ਉਸਦੀ ਕ੍ਰਿਤ ਹਨ)। ੨. ਧਿਆਨ ਧਰਨਾ ਹੈ ਤਾਂ ਕੇਵਲ ਗੁਰ ਮੂਰਤਿ ਦਾ ਸੱਚਾ ਧਿਆਨ ਧਰੋ। (ਭਾਵ ਉਸਦੇ ਦੱਸੇ ਰਾਹ 'ਤੇ ਤੁਰੋ)। ੩. (ਉਨ੍ਹਾਂ ਫੁਰਮਾਇਆ ਹੈ :—) ਸਾਧ ਸੰਗਤ

ਹੀ ਸੱਚਾ ਆਸਰਾ ਹੈ, ਜਿਥੇ ਕਿ ਸੱਚ ਹੀ ਸ਼ੋਭਾ ਪਾ ਰਿਹਾ ਹੈ, (ਉਥੇ ਝੂਠ ਨੂੰ ਟਿਕਾਣਾ ਨਹੀਂ ਮਿਲਦਾ)। ੪. ਦਰਗਹ (ਪ੍ਰਭੂ ਦੇ ਦਰਬਾਰ) ਸੱਚਾ ਨਿਆਉਂ ਹੁੰਦਾ ਹੈ, ਉਥੇ (ਪ੍ਰਭੂ ਦਾ ਐਸਾ) ਹੁਕਮ ਵਰਤ (ਚਲ) ਰਿਹਾ ਹੈ। ੫. ਗੁਰਮੁਖਾਂ ਲਈ (ਸਾਧ ਸੰਗਤ ਹੀ) ਸੱਚਾ ਨਗਰ ਹੈ, ਜਿਥੇ (ਗੁਰੂ ਦੇ ਸ਼ਬਦ—ਸਿੱਖਿਆ) ਦਾ ਵਾਸਾ ਹੋ ਰਿਹਾ ਹੈ। ੬. ਉਥੇ (ਸਾਧ ਸੰਗਤ ਵਿਚ ਗੁਰੂ ਦੇ ਸ਼ਬਦ ਨੂੰ ਸੁਣ ਕੇ) ਗਰਬ ਤੇ ਗੁਮਾਨ ਮਿੱਟ ਜਾਂਦਾ ਹੈ ਤੇ ਗਰੀਬੀ (ਨਿਮ੍ਰਤਾ) ਛਾ ਜਾਂਦੀ ਹੈ। ੭. (ਗੁਰਮੁਖ ਹੀ) ਗੁਰੂ ਦੀ ਸੱਚੀ ਮੱਤ (ਸਿੱਖਿਆ ਨੂੰ) ਸੁਣ ਕੇ ਹਿਰਦੇ ਵਿਚ ਵਸਾ ਕੇ, ਅਜਰ (ਨਾ ਸਹੇ ਜਾਣ ਵਾਲੇ, ਭਾਵ ਮੁਕਾਬਲਾ ਨਾ ਕੀਤੇ ਜਾਣ ਵਾਲੇ ਹਾਲਾਤ ਨੂੰ) ਜਰ ਲੈਂਦਾ ਹੈ। ੮. (ਐਸੇ ਗੁਰਮੁਖ ਦੇ) ਬਲਿਹਾਰੇ ਜਾਂਦੇ ਹਾਂ, ਜਿਸ ਨੂੰ ਪਰਮੇਸ਼ਰ ਦਾ ਭਾਣਾ ਹੀ ਚੰਗਾ ਲੱਗਾ ਹੈ (ਤੇ ਜੋ ਗੁਰੂ ਦੇ ਹੁਕਮ ਵੱਲੋਂ ਭਾਵੇਂ ਕਿੰਨਾ ਵੀ ਸਖਤ ਹੋਵੇ, ਸਿਰ ਤਕ ਦੀ ਵੀ ਕੁਰਬਾਨੀ ਦੇਣ ਵਾਲਾ ਹੋਵੇ, ਉਸ ਵੱਲੋਂ ਮੂੰਹ ਨਹੀਂ ਮੋੜਦੇ)॥ ੧੦॥

੧੧. ਗੁਰਮੁਖ ਤੇ ਗੁਰਸਿੱਖ ਦੀ ਕਮਾਈ

੧. ਸਚੀ ਖਸਮ ਰਜਾਇ ਭਾਣਾ ਭਾਵਣਾ।
੨. ਸਤਿਗੁਰ ਪੈਰੀ ਪਾਇ ਆਪੁ ਗੁਵਾਵਣਾ।
੩. ਗੁਰ ਚੇਲਾ ਪਰਚਾਇ ਮਨੁ ਪਤੀਆਵਣਾ।
੪. ਗੁਰਮੁਖਿ ਸਹਜਿ ਸੁਭਾਇ ਨ ਅਲਖ ਲਖਾਵਣਾ।
੫. ਗੁਰਸਿਖ ਤਿਲ ਨ ਤਮਾਇ ਕਾਰ ਕਮਾਵਣਾ।
੬. ਸਬਦ ਸੁਰਤਿ ਲਿਵ ਲਾਇ ਹੁਕਮੁ ਮਨਾਵਣਾ।
੭. ਵੀਹ ਇਕੀਹ ਲੰਘਾਇ ਨਿਜ ਘਰਿ ਜਾਵਣਾ।
੮. ਗੁਰਮੁਖਿ ਸੁਖ ਫਲ ਪਾਇ ਸਹਜਿ ਸਮਾਵਣਾ॥ ੧੧॥

ਪਦ ਅਰਥ - ਰਜਾਇ=ਮਰਜ਼ੀ। ਪਰਚਾਇ=ਯਕੀਨ ਵਿਚ ਲੈ ਕੇ। ਤਮਾਇ=ਤਮ੍ਹਾ, ਲਾਲਚ, ਲੋਭ। ਮਨਾਵਣਾ=ਭਾਵ ਮੰਨਣਾ।

ਅਰਥ - ੧. (ਗੁਰਮੁਖ) ਪਰਮੇਸ਼ਰ ਦੀ ਸੱਚੀ ਰਜ਼ਾ (ਮਰਜ਼ੀ, ਹੁਕਮ) ਨੂੰ ਚੰਗਾ ਜਾਣਦੇ ਹਨ, ਤੇ ਉਨ੍ਹਾਂ ਨੂੰ ਪਰਮੇਸ਼ਰ ਦਾ ਭਾਣਾ ਹੀ ਚੰਗਾ ਲੱਗਦਾ ਹੈ। ੨. ਉਹ ਆਪਣੇ ਆਪ ਨੂੰ ਸਤਿਗੁਰੂ ਦੇ ਚਰਣਾਂ (ਭਾਵ ਸ਼ਰਣ) ਵਿਚ ਰੱਖ ਕੇ, ਆਪਣੀ ਹੰਗਤਾ ਤੇ ਮੈਂ-ਮੇਰੀ ਨੂੰ ਗੁਆ ਦੇਂਦੇ ਹਨ। ੩. ਗੁਰੂ (ਸਿੱਖ ਦੀ ਸੇਵਾ ਨੂੰ ਵੇਖ ਕੇ ਪਤੀਜਦਾ ਹੈ) ਤੇ ਪ੍ਰਸੰਨ ਹੁੰਦਾ ਹੈ ਤੇ ਫਿਰ ਸਿੱਖ ਦੇ ਮਨ ਨੂੰ ਵੀ ਪਤੀਆਉਂਦਾ, ਭਾਵ ਯਕੀਨ ਵਿਚ ਪੱਕਾ ਕਰ ਦੇਂਦਾ ਹੈ। ੪. ਗੁਰੂ ਦੁਆਰੇ (ਸਿੱਖ) ਸਹਿਜ ਸੁਭਾਅ ਹੀ ਅਲਖ (ਪਰਮੇਸ਼ਰ) ਨੂੰ ਲਖ ਭਾਵ ਜਾਣ ਲੈਂਦਾ ਹੈ। ੫. ਗੁਰੂ ਦੇ ਸਿੱਖ ਨੂੰ ਰਤਾ ਵੀ ਲੋਭ ਤੇ ਲਾਲਚ ਨਹੀਂ ਹੁੰਦਾ, ਤੇ ਉਹ ਨਿਰਇੱਛਤ ਹੋ ਕੇ ਗੁਰੂ ਦੀ ਸੇਵਾ ਦੀ ਕਾਰ ਨੂੰ ਕਮਾਉਂਦਾ ਹੈ। ੬. ਉਹ ਸ਼ਬਦ ਨਾਲ ਸੁਰਤ ਜੋੜ ਕੇ ਲਿਵ ਲਾਉਂਦਾ

ਹੈ ਤੇ (ਗੁਰੂ ਦੇ) ਹੁਕਮ ਨੂੰ ਮੰਨਦਾ ਹੈ, (ਪਿਛਾਂਹ ਨਹੀਂ ਮੁੜਦਾ)। ੭. ਉਹ ਵੀਹ (ਤਿੰਨ ਗੁਣੀ ਸੰਸਾਰ ਤੋਂ ਉੱਚਾ ਉੱਠ ਕੇ) ਇਕੀਹ (ਪਰਮੇਸ਼ਰ ਦੀ ਹੱਦ ਨੂੰ) ਟੱਪ ਕੇ, ਆਪਣੇ ਨਿੱਜ ਘਰ (ਸ੍ਵੈ-ਸਰੂਪ) ਵਿਚ ਜਾ ਪੁੱਜਦਾ ਹੈ। ੮. ਗੁਰਮੁਖ ਨੂੰ ਸੁਖ ਫਲ ਇਹੋ ਪ੍ਰਾਪਤ ਹੁੰਦਾ ਹੈ ਕਿ ਸਹਿਜ ਅਵਸਥਾ ਵਿਚ ਲੀਨ ਹੋ ਜਾਂਦਾ ਹੈ॥ ੧੧॥

੧੨. ਗੁਰ-ਪਦਵੀ ਤਕ ਸਿੱਖ ਦਾ ਪਹੁੰਚ ਜਾਣਾ

੧. ਇਕ ਗੁਰੂ ਇਕੁ ਸਿਖੁ ਗੁਰਮੁਖਿ ਜਾਣਿਆ।
੨. ਗੁਰ ਚੇਲਾ ਗੁਰ ਸਿਖੁ ਸਚਿ ਸਮਾਣਿਆ।
੩. ਸੋ ਸਤਿਗੁਰ ਸੋ ਸਿਖੁ ਸਬਦੁ ਵਖਾਣਿਆ।
੪. ਅਚਰਜ ਭੂਰ ਭਵਿਖ ਸਚੁ ਸੁਹਾਣਿਆ।
੫. ਲੇਖੁ ਅਲੇਖੁ ਅਲਿਖੁ ਮਾਣੁ ਨਿਮਾਣਿਆ।
੬. ਸਮਸਰਿ ਅੰਮ੍ਰਿਤੁ ਵਿਖੁ ਨ ਆਵਣ ਜਾਣਿਆ।
੭. ਨੀਸਾਣਾ ਹੋਇ ਲਿਖੁ ਹਦ ਨੀਸਾਣਿਆ।
੮. ਗੁਰ ਸਿਖਹੁ ਗੁਰ ਸਿਖੁ ਹੋਇ ਹੈਰਾਣਿਆ॥ ੧੨॥

ਪਦ ਅਰਥ - ਸਮਾਣਿਆ=ਸਮਾਉਣਾ। ਸੁਹਾਣਿਆ=ਸ਼ੋਭਾ ਵਾਲਾ, ਸ਼ੋਭਨੀਕ। ਅਲਿਖੁ=ਲਿਖਤ ਵਿਚ ਨਾ ਆ ਸਕਣ ਵਾਲਾ। ਨੀਸਾਣਾ=ਪ੍ਰਗਟ, ਉਜਾਗਰ।

ਅਰਥ - ੧. (ਗੁਰੂ ਨਾਨਕ ਵਰਗਾ ਗੁਰੂ ਤੇ ਗੁਰੂ ਅੰਗਦ ਵਰਗਾ ਸਿੱਖ) ਇਕ ਗੁਰੂ ਤੇ ਇਕ ਸਿੱਖ ਇਹੋ ਗੱਲ ਗੁਰਮੁਖਾਂ ਨੇ (ਠੀਕ ਠੀਕ) ਜਾਣੀ ਹੈ। ੨. ਗੁਰੂ ਦਾ ਚੇਲਾ ਆਖੋ, ਜਾਂ ਗੁਰੂ ਦਾ ਸਿੱਖ ਆਖ ਲਵੋ ਦੋਵੇਂ ਇਕ ਰੂਪ ਹੋ ਕੇ ਸੱਚ ਵਿਚ ਸਮਾ ਗਏ ਹਨ। ੩. ਉਹੋ ਸੱਚਾ ਸਤਿਗੁਰੂ ਹੈ ਤੇ ਉਹੋ ਸੱਚਾ ਸਿੱਖ ਹੈ, ਜੋ ਸ਼ਬਦ ਹੀ ਆਖਦੇ (ਤੇ ਸ਼ਬਦ ਹੀ ਸੁਣਦੇ ਹਨ)। ੪. (ਸਿੱਖ ਤੇ ਗੁਰੂ) ਉਹ ਅਚਰਜ ਰੂਪ ਹਨ ਤੇ ਭੂਤ ਭਵਿੱਖ ਵਿਚ ਵੀ ਜਿਹੜੇ ਅਚਰਜ ਹੀ ਸਨ, ਜੋ ਸੱਚ ਵਿਚ ਹੀ ਸ਼ੋਭਾ ਪਾਉਂਦੇ ਰਹੇ, (ਤੇ ਉਨ੍ਹਾਂ ਨੂੰ ਸੱਚ ਹੀ ਪਿਆਰਾ ਲੱਗਾ)। ੫. ਲੇਖੇ ਤੋਂ ਅਲੇਖ ਅਤੇ ਅਲਿਖ (ਲਿਖਤ ਵਿਚ ਉਨ੍ਹਾਂ ਦੀ ਸ਼ੋਭਾ ਲਿਖੀ ਨਹੀਂ ਜਾ ਸਕਦੀ) ਐਸੇ ਉਹ (ਸਿੱਖ ਤੇ ਗੁਰੂ (ਨਿਮਾਣਿਆਂ ਦੇ ਮਾਣ ਹਨ)। ੬. (ਉਹ) ਅੰਮ੍ਰਿਤ ਤੇ ਜ਼ਹਿਰ ਨੂੰ ਇਕਸ ਜੇਹਾ ਜਾਣਦੇ ਹਨ (ਭਾਵ ਬੁਰੇ ਭਲੇ, ਸਭ ਨੂੰ ਪ੍ਰਭੂ ਦੀ ਕਿਰਤ ਸਮਝ ਕੇ, ਕਿਸੇ ਦਾ ਤ੍ਰਿਸਕਾਰ ਨਹੀਂ ਕਰਦੇ)। ੭. ਇਸ ਦਾਇਰੇ ਵਿਚ ਉਹ ਪ੍ਰਗਟ (ਗੁਰਮੁਖ) ਹਨ। ੮. (ਗੁਰੂ ਅੰਗਦ ਸਿੱਖ ਸਨ; ਪਰ ਜਦ ਉਹ ਗੁਰੂ ਨਾਨਕ ਵਰਗੇ, ਸਿੱਖ ਤੋਂ ਗੁਰੂ ਰੂਪ ਬਣੇ) ਤਾਂ ਬਾਕੀ ਦੇ ਗੁਰਸਿੱਖ ਸੁਣ ਸੁਣ ਹੈਰਾਨ ਹੋਣ (ਕਿ ਇਹ ਕੀ ਅਸਚਰਜ ਕੌਤਕ ਸਤਿਗੁਰੂ ਜੀ ਨੇ ਵਰਤਾ ਦਿੱਤਾ, ਸੇਵਕ ਨੂੰ ਆਪਣਾ ਰੂਪ ਬਣਾ ਦਿੱਤਾ ਹੈ)॥ ੧੨॥

੧੩. ਗੁਰਮੁਖਤਾਈ ਦੀ ਵਡਿਆਈ

੧. ਪਿਰਮ ਪਿਆਲਾ ਪੂਰਿ ਅਪਿਓ ਪੀਆਵਣਾ।
੨. ਮਹਰਮੁ ਹਕੁ ਹਜੂਰਿ ਅਲਖੁ ਲਖਾਵਣਾ।
੩. ਘਟ ਅਵਘਟ ਭਰਪੂਰਿ ਰਿਦੈ ਸਮਾਵਣਾ।
੪. ਬੀਅਹੁ ਹੋਇ ਅੰਗੂਰੁ ਸੁਫਲਿ ਸਮਾਵਣਾ।
੫. ਬਾਵਨ ਹੋਇ ਠਰੂਰ ਮਹਿ ਮਹਿਕਾਵਣਾ।
੬. ਚੰਦਨ ਚੰਦ ਕਪੂਰ ਮੇਲਿ ਮਿਲਾਵਣਾ।
੭. ਸਸੀਅਰ ਅੰਦਰਿ ਸੂਰ ਤਪਤਿ ਬੁਝਾਵਣਾ।
੮. ਚਰਣ ਕਵਲ ਦੀ ਧੂਰਿ ਮਸਤਕਿ ਲਾਵਣਾ।
੯. ਕਾਰਣ ਲਖ ਅੰਕੂਰ ਕਰਣੁ ਕਰਾਵਣਾ।
੧੦. ਵਜਨਿ ਅਨਹਦ ਤੂਰ ਜੋਤਿ ਜਗਾਵਣਾ॥ ੧੩॥

ਪਦ ਅਰਥ - ਪਿਰਮ=ਪ੍ਰੇਮ। ਪੂਰਿ=ਪੂਰਨ। ਅਪਿਓ=ਅੰਮ੍ਰਿਤ। ਮਹਰਮੁ=ਦਿਲ ਦਾ ਭੇਤੀ, ਮਿੱਤਰ। ਹਕੁ=ਸੱਚ, ਨਿਆਉ। ਠਰੂਰ=ਠੰਢਾ ਠਾਰ। ਮਹਿ ਮਹਿਕਾਵਣਾ=ਚਾਰੇ ਪਾਸੇ ਸੁਗੰਧੀ ਫਲਾ ਦੇਣੀ।

ਅਰਥ - ੧. ਪ੍ਰੀਤ-ਅੰਮ੍ਰਿਤ ਦਾ ਪਿਆਲਾ, ਨੱਕੋ ਨੱਕ ਭਰਿਆ, ਜਿਨ੍ਹਾਂ ਪੀ ਲਿਆ ਹੈ। ੨. ਉਹ ਹਰ ਥਾਂ ਹਾਜ਼ਰਾ-ਹਜ਼ੂਰ ਪਰਮੇਸ਼ਰ ਦੇ ਜਾਣਕਾਰ ਹੋ ਜਾਂਦੇ ਹਨ ਤੇ ਨਾ ਲਖੇ ਜਾਣ ਵਾਲੇ ਪ੍ਰਭੂ ਦੀ ਉਨ੍ਹਾਂ ਨੂੰ ਲਖਤਾ ਹੋ ਜਾਂਦੀ ਹੈ। ੩. ਘਟਾਂ ਤੇ ਅਵਘਟਾਂ ਵਿਚ ਭਰਪੂਰ (ਵਿਆਪਕ) ਹੋ ਕੇ ਪਰਮੇਸ਼ਰ ਹਰ ਹਿਰਦੇ ਵਿਚ ਹੀ ਸਮਾ ਰਿਹਾ ਹੈ। ੪. (ਇਹ ਗੁਰੂ ਉਪਦੇਸ਼ ਦੇ) ਬੀਜ ਦਾ ਅੰਗੂਰ (ਉਹਨਾਂ ਦੇ ਹਿਰਦੇ ਵਿਚ) ਉਗਮ ਪੈਂਦਾ ਹੈ। (ਜਿਸ ਨੂੰ ਗਿਆਨ ਦੀ ਪ੍ਰਾਪਤੀ ਦੇ) ਫਲ ਲੱਗਦੇ ਹਨ। ੫. (ਜਿਨ੍ਹਾਂ ਨੂੰ ਇਹ ਗਿਆਨ ਫਲ ਲੱਗਦਾ ਹੈ, ਉਹਨਾਂ ਦੀ ਨਿਸ਼ਾਨੀ ਦੱਸਦੇ ਹਨ ਕਿ ਉਹ) ਬਾਵਨ ਚੰਦਨ ਦੀ ਨਿਆਈਂ ਸੀਤਲਤਾ ਧਾਰਨ ਕਰਕੇ, ਗੁਰਸਿੱਖ (ਗੁਰ ਸ਼ਬਦ ਦੀ ਮਹਿਮਾ ਰੂਪ) ਸੁਗੰਧੀ ਨੂੰ ਧਰਤੀ 'ਤੇ ਖਿਲਾਰਦੇ ਹਨ। ੬. ਚੰਦਨ, ਚੰਦ੍ਰਮਾਂ ਤੇ ਕਪੂਰ ਸੀਤਲ (ਮੰਨੇ ਜਾਂਦੇ ਹਨ) ਪਰ (ਗੁਰ ਸ਼ਬਦ ਦੇ ਪ੍ਰੇਮ ਦਾ ਪਿਆਲਾ ਪੀਣ ਵਾਲੇ ਦੀ) ਇਹ ਬਰਾਬਰੀ ਨਹੀਂ ਕਰ ਸਕਦੇ (ਗੁਰਸਿੱਖ ਦੇ ਮੇਲ ਨਾਲ ਨਹੀਂ ਮਿਲ ਸਕਦੇ)। ੭. ਸੂਰਜ (ਵਿਸ਼ੇ ਵਿਕਾਰਾਂ ਦੀ ਮਚਦੀ ਅਗਨੀ ਨੂੰ ਇਹ) ਚੰਦਰਮਾਂ ਵਾਂਗ ਆਪਣੀ ਸੀਤਲਤਾ ਨਾਲ (ਸ਼ਾਂਤ, ਖਤਮ) ਕਰ ਦਿੰਦੇ ਹਨ। ੮. (ਅਜਿਹੇ ਗਿਆਨਵਾਨ ਗੁਰਸਿਖ ਦੀ) ਚਰਣ ਧੂੜੀ ਮੱਥੇ 'ਤੇ ਲਾਉਣੀ ਚਾਹੀਦੀ ਹੈ। ੯. ਇਹ ਚਰਣ ਧੂੜੀ (ਗੁਰ ਉਪਦੇਸ਼, ਸ਼ਬਦ ਦੇ ਹਿਰਦੇ ਵਿਚ) ਲੱਖਾਂ ਬੀਜਾਂ ਦੇ ਅੰਗੂਰ ਪੈਦਾ ਕਰਨ ਦੇ ਕਾਰਣ ਪੈਦਾ ਕਰ ਦਿੰਦੀ ਹੈ। ੧੦. (ਇਸੇ ਅੰਗੂਰ ਦਾ ਹੀ ਫਲ ਹੈ ਕਿ) ਹਿਰਦੇ ਵਿਚ ਪਿਆਰੇ (ਪ੍ਰਭੂ) ਦੀ ਜੋਤ ਜਗ ਪੈਂਦੀ ਹੈ ਤੇ ਅਨਹਦ ਨਾਦ ਦੇ ਵਾਜੇ ਵਜਦੇ ਸੁਣਾਈ ਦੇਣ ਲੱਗ ਜਾਂਦੇ ਹਨ॥ ੧੩॥

੧੪. ਗੁਰਮੁਖਾਂ ਦੀ ਚਰਣ-ਧੂੜੀ ਦੀ ਮਹਿਮਾ

੧. ਇਕੁ ਕਵਾਉ ਅਤੋਲੁ ਕੁਦਰਤਿ ਜਾਣੀਐ।
੨. ਓਅੰਕਾਰੁ ਅਬੋਲੁ ਚੋਜ ਵਿਡਾਣੀਐ।
੩. ਲਖ ਦਰੀਆਵ ਅਲੋਲੁ ਪਾਣੀ ਆਣੀਐ।
੪. ਹੀਰੇ ਲਾਲ ਅਮੋਲੁ ਗੁਰਸਿਖ ਜਾਣੀਐ।
੫. ਗੁਰਮਤਿ ਅਚਲ ਅਡੋਲ ਪਤਿ ਪਰਵਾਣੀਐ।
੬. ਗੁਰਮੁਖਿ ਪੰਥੁ ਨਿਰੋਲੁ ਸਚੁ ਸੁਹਾਣੀਐ।
੭. ਸਾਇਰ ਲਖ ਢੰਢੋਲ ਸਬਦੁ ਨੀਸਾਣੀਐ।
੮. ਚਰਣ ਕਵਲ ਰਜ ਘੋਲਿ ਅੰਮ੍ਰਿਤ ਵਾਣੀਐ।
੯. ਗੁਰਮੁਖਿ ਪੀਤਾ ਰਜਿ ਅਕਥ ਕਹਾਣੀਐ॥ ੧੪॥

ਪਦ ਅਰਥ - ਕਵਾਉ=ਵਾਕ। ਅਬੋਲੁ=ਬੋਲ ਦੀ ਸ਼ਕਤੀ ਤੋਂ ਪਰੇ। ਅਲੋਲੁ=ਅੰਮ੍ਰਿਤ ਰੂਪ। ਅਚਲ=ਅਡੋਲ। ਸਾਇਰ=ਢਾਡੀ, ਕਵੀ। ਰਜ=ਧੂੜੀ।

ਅਰਥ - ੧. (ਜਿਵੇਂ ਪ੍ਰਭੂ ਦੇ ਸ੍ਰਿਸ਼ਟੀ ਦੇ ਰਚਣ ਸਮੇਂ ਦੇ) ਇਕ ਵਾਕ ਨੂੰ ਤੋਲਿਆ ਨਹੀਂ ਜਾ ਸਕਦਾ, (ਇਸੇ ਤਰ੍ਹਾਂ ਇਕ ਵਾਕ ਤੋਂ ਬਣੀ ਰਚਨਾ-ਮਈ) ਕੁਦਰਤ ਨੂੰ ਵੀ ਅਤੋਲ ਹੀ ਜਾਣ ਲਵੋ। ੨. ਓਅੰਕਾਰ (ਪ੍ਰਭੂ) ਬੋਲੀ (ਸ਼ਬਦਾਂ) ਰਾਹੀਂ ਨਹੀਂ ਜਾਣਿਆਂ ਜਾ ਸਕਦਾ, (ਕਿਉਂਕਿ) ਉਸ ਦੇ ਚੋਜ ਅਤਿ ਅਸਚਰਜਮਈ ਹਨ, (ਜਿਨ੍ਹਾਂ ਦੀ ਮਨੁੱਖੀ ਮਨ ਨੂੰ ਸਮਝ ਪੈ ਹੀ ਨਹੀਂ ਸਕਦੀ)। ੩. ਲੱਖਾਂ ਦਰਿਆ ਅੰਮ੍ਰਿਤ ਰੂਪੀ ਜਲ ਨੂੰ ਵਹਾਉਂਦੇ ਹਨ। ੪. (ਇਸੇ ਤਰ੍ਹਾਂ ਗੁਰੂ ਦੇ ਉਪਦੇਸ਼ ਨਾਲ) ਅਨੇਕਾਂ ਗੁਰਸਿੱਖ ਹੀਰੇ ਤੇ ਲਾਲਾਂ ਵਰਗੇ ਅਮੋਲਕ ਜੀਵਨਾਂ ਵਾਲੇ ਬਣ ਗਏ ਹਨ, ਇਹ ਜਾਣ ਲਵੋ। ੫. ਜਿਨ੍ਹਾਂ ਅੰਦਰ ਨਾ ਚਲਾਏਮਾਨ ਹੋਣ ਵਾਲੀ ਗੁਰੂ ਦੀ ਮੱਤ ਤੇ ਅਡੋਲਤਾ ਹੈ, (ਉਹ) ਪਰਵਾਣ ਮੱਤ ਵਾਲੇ ਮੰਨੇ ਗਏ ਹਨ। ੬. ਗੁਰਮੁਖਾਂ ਦਾ ਰਸਤਾ ਨਿਰੋਲ ਗੁਰੂ ਦੀ ਮੱਤ ਵਾਲਾ ਹੈ, ਜੋ ਸੱਚਾ ਤੇ ਸੋਹਣਾ ਲੱਗ ਰਿਹਾ ਹੈ। (ਭਾਵ ਸ਼ੋਭਾ ਵਾਲਾ) ਹੈ। ੭. ਸ਼ਾਇਰ (ਸਿਫਤਾਂ ਕਰਨ ਵਾਲੇ, ਪ੍ਰਭੂ ਦੇ ਪਿਆਰੇ) ਲੱਖਾਂ ਵਿਚੋਂ ਟੋਲਣ 'ਤੇ ਵਿਰਲੇ ਮਿਲਦੇ ਹਨ, ਜਿਨ੍ਹਾਂ ਦੀ ਨਿਸ਼ਾਨੀ (ਕੇਵਲ) ਸ਼ਬਦ (ਦੇ ਜਾਪ ਵਾਲੀ) ਹੀ ਹੈ। ੮. (ਉਨ੍ਹਾਂ ਦੇ) ਚਰਣ ਕੰਵਲਾਂ ਦੀ ਰਜ (ਧੂੜ) ਪਾਣੀ ਵਿਚ ਘੁਲੀ ਹੋਈ ਅੰਮ੍ਰਿਤ ਵਰਗੀ (ਸ੍ਰੇਸ਼ਟ) ਹੁੰਦੀ ਹੈ। ੯. (ਇਸ ਅੰਮ੍ਰਿਤ ਨੂੰ) ਗੁਰਮੁਖਾਂ ਨੇ ਰੱਜ ਰੱਜ ਪੀਤਾ ਹੈ (ਜਿਸਦੀ ਮਹਿਮਾ) ਅਕਥ ਕਹਾਣੀ ਵਰਗੀ ਹੈ॥ ੧੪॥

੧੫. ਪਰਮੇਸ਼ਰ ਦੀ ਵਡਿਆਈ ਵੀ ਅਕੱਥ ਹੈ

੧. ਕਾਦਰੁ ਨੋ ਕੁਰਬਾਣੁ ਕੀਮ ਨ ਜਾਣੀਐ।

੨. ਕੇਵਡੁ ਵਡਾ ਹਾਣੁ ਆਖਿ ਵਖਾਣੀਐ।
੩. ਕੇਵਡੁ ਆਖਾ ਤਾਣੁ ਮਾਣੁ ਨਿਮਾਣੀਐ।
੪. ਲਖ ਜਿਮੀ ਅਸਮਾਣੁ ਤਿਲੁ ਨ ਤੁਲਾਣੀਐ।
੫. ਕੁਦਰਤਿ ਲਖ ਜਹਾਨੁ ਹੋਇ ਹੈਰਾਣੀਐ।
੬. ਸੁਲਤਾਨਾ ਸੁਲਤਾਨ ਹੁਕਮੁ ਨੀਸਾਣੀਐ।
੭. ਲਖ ਸਾਇਰ ਨੈਸਾਣ ਬੂੰਦ ਸਮਾਣੀਐ।
੮. ਕੂੜ ਅਖਾਣ ਵਖਾਣ ਅਕਥ ਕਹਾਣੀਐ॥ ੧੫॥

ਪਦ ਅਰਥ - ਕਾਦਰੁ=ਕੁਦਰਤ ਦਾ ਕਰਤਾ। ਕੀਮ=ਮੁੱਲ। ਹਾਣੁ=ਬਰਾਬਰ। ਸਾਇਰ=ਸਮੁੰਦਰ। ਨੈਸਾਣ=ਨਦੀਆਂ ਨਾਲੇ।

ਅਰਥ - ੧. (ਸ੍ਰਿਸ਼ਟੀ ਦੇ) ਰਚਨਹਾਰ (ਮਾਲਕ) ਤੋਂ ਅਸੀਂ ਕੁਰਬਾਨ ਤੇ ਵਾਰਨੇ ਜਾਂਦੇ ਹਾਂ, ਜਿਸ ਦੀ (ਕੁਦਰਤ, ਰਚਨਾ) ਦੀ ਕੀਮਤ ਨਹੀਂ ਪਾਈ ਜਾਂਦੀ। ੨. ਕਿੰਨੀ ਤੇ ਕਿਸ ਦੀ ਬਰਾਬਰਤਾ ਵਾਲਾ ਵੱਡਾ ਕਹਿ ਕੇ, (ਉਸ ਦੀ ਵਡਿਆਈ ਨੂੰ) ਆਖੀਏ, ੩. ਉਸ ਦੇ ਤਾਣ (ਸ਼ਕਤੀ) ਨੂੰ ਵੱਡਾ ਆਖੀਏ ਜੋ ਨਿਮਾਣਿਆਂ ਨੂੰ ਮਾਣ ਦੇਣ ਵਾਲਾ (ਤੇ ਹੰਕਾਰੀਆਂ ਦੇ ਹੰਕਾਰ ਦੂਰ ਕਰਨ ਵਾਲਾ) ਹੈ। ੪. ਪ੍ਰਭੂ ਨੇ ਲੱਖਾਂ ਹੀ ਜ਼ਮੀਨਾਂ ਤੇ ਅਸਮਾਨ (ਬਣਾ ਦਿੱਤੇ ਹਨ, ਜਿਨ੍ਹਾਂ ਦਾ) ਤਿਲ ਜਿੰਨਾ ਵੀ ਤੋਲ ਨਹੀਂ ਕੀਤਾ ਜਾ ਸਕਦਾ। (ਭਾਵ ਉਸ ਦੀ ਵਡਿਆਈ ਦਾ ਵੀ ਅਸੀਂ ਅੰਤ ਨਹੀਂ ਪਾ ਸਕਦੇ)। ੫. (ਉਸ ਦੀ ਰਚਨਾ ਵਿਚ) ਕੁਦਰਤ ਰੂਪ ਲੱਖਾਂ ਹੀ ਜਹਾਨ (ਬ੍ਰਹਿਮੰਡ, ਧਰਤੀ ਤੇ ਆਕਾਸ਼ ਦੇ) ਹਨ, (ਜਿਨ੍ਹਾਂ ਦਾ ਅੰਤ ਨਾ ਆਉਂਦਾ ਵੇਖ) ਹੈਰਾਨ ਰਹਿ ਜਾਈਦਾ ਹੈ। ੬. (ਉਹ ਕਰਤਾ) ਸੁਲਤਾਨਾਂ ਦਾ ਸੁਲਤਾਨ (ਬਾਦਸ਼ਾਹਾਂ ਦਾ ਵੱਡਾ ਬਾਦਸ਼ਾਹ) ਹੈ, (ਜਿਸ ਦਾ) ਹੁਕਮ ਪ੍ਰਗਟ (ਪ੍ਰਤੱਖ) ਹੈ। ੭. ਲੱਖਾਂ ਹੀ ਸਮੁੰਦਰ ਜੋ ਅਥਾਹ ਪ੍ਰਗਟ ਹਨ, ਪਰ ਉਸ ਕਾਦਰ ਦੀ ਇਕ ਬੂੰਦ ਦੇ ਸਮਾਨ ਹੀ ਹਨ। ੮. (ਜਿਹੜੇ ਉਸ ਕਰਤੇ ਬਾਰੇ ਕੋਈ ਦਾਅਵਾ ਕਰਦੇ ਹਨ ਕਿ ਐਡਾ ਹੈ, ਜਾਂ ਫਲਾਣੀ ਥਾਂ ਹੈ, ਉਹ) ਝੂਠੇ ਹਨ, ਝੂਠ ਕਹਿੰਦੇ ਤੇ ਝੂਠ ਦੇ ਵਖਿਆਨ ਕਰਦੇ ਹਨ, (ਕਿਉਂਕਿ ਕਰਤੇ ਦੀਆਂ ਤਾਂ ਬਾਤਾਂ ਹੀ) ਅਕੱਥ ਕਥਾਵਾਂ ਹਨ॥ ੧੫॥

੧੬. ਗੁਰਮੁਖ ਦੀ ਮਹਿਮਾ

੧. ਚਲਣੁ ਹੁਕਮੁ ਰਜਾਇ ਗੁਰਮੁਖਿ ਜਾਣਿਆ।
੨. ਗੁਰਮੁਖਿ ਪੰਥਿ ਚਲਾਇ ਚਲਣੁ ਭਾਣਿਆ।
੩. ਸਿਦਕੁ ਸਬੂਰੀ ਪਾਇ ਕਰਿ ਸੁਕਰਾਣਿਆ।
੪. ਗੁਰਮੁਖਿ ਅਲਖੁ ਲਖਾਇ ਚੋਜ ਵਿਡਾਣਿਆ।

੫. ਵਰਤਣ ਬਾਲ ਸੁਭਾਇ ਆਦਿ ਵਖਾਣਿਆ।
੬. ਸਾਧਸੰਗਤਿ ਲਿਵ ਲਾਇ ਸਚੁ ਸੁਹਾਣਿਆ।
੭. ਜੀਵਨ ਮੁਕਤਿ ਕਰਾਇ ਸਬਦੁ ਸਿਞਾਣਿਆ।
੮. ਗੁਰਮੁਖਿ ਆਪੁ ਗਵਾਇ ਆਪੁ ਪਛਾਣਿਆ॥ ੧੬॥

ਪਦ ਅਰਥ - ਰਜਾਇ=ਵਾਹਿਗੁਰੂ ਦਾ ਭਾਣਾ। ਭਾਣਿਆ=ਚੰਗਾ ਲਗਾ ਹੈ। ਸਿਦਕੁ=ਦ੍ਰਿੜ੍ਹਤਾ। ਸਬੂਰੀ=ਸੰਤੋਖ। ਸੁਕਰਾਣਿਆ=ਸ਼ੁਕਰ ਗੁਜ਼ਾਰੀ।

ਅਰਥ - ੧. (ਪ੍ਰਭੂ ਦੇ) ਹੁਕਮ ਤੇ ਰਜ਼ਾ ਵਿਚ ਹੀ ਗੁਰਮੁਖਾਂ ਨੇ (ਸੰਸਾਰ 'ਤੇ) ਚਲਣਾ ਜਾਣਿਆਂ ਹੈ (ਭਾਵ ਜੰਮਣ-ਮਰਨ ਦੀ ਸਾਰੀ ਖੇਡ ਪ੍ਰਭੂ ਦੀ ਰਜ਼ਾ ਵਿਚ ਚਲ ਰਹੀ ਹੈ, ਗੁਰਮੁਖਾਂ ਨੇ ਇਹ ਗੱਲ ਦ੍ਰਿੜ੍ਹਤਾ ਨਾਲ ਜਾਣ ਲਈ ਹੈ)। ੨. ਗੁਰਮੁਖਾਂ ਦਾ ਪੰਥ (ਮਾਰਗ) ਹੀ ਏਹੋ ਜਿਹਾ ਚਲਾਇਆ ਹੈ ਕਿ ਜਿਸ ਵਿਚ ਵਾਹਿਗੁਰੂ ਦਾ ਭਾਣਾ ਹੀ ਮੰਨਣਾ ਹੈ, (ਭਾਣੇ ਦੀ ਰਜ਼ਾ ਵਿਚ ਹੀ ਰਹਿਣਾ ਹੈ)। ੩. ਗੁਰਮੁਖ ਸਿਦਕ (ਯਕੀਨ) ਤੇ ਸਬਰ (ਸੰਤੋਖ) ਨੂੰ ਪ੍ਰਾਪਤ ਕਰਕੇ, ਹਰ ਸਮੇਂ ਸ਼ੁਕਰਗੁਜ਼ਾਰੀ ਵਿਚ ਸ਼ੁਕਰਾਨੇ ਹੀ ਕਰਦੇ ਰਹਿੰਦੇ ਹਨ। ੪. (ਇਸ ਮਾਰਗ ਤੇ ਚਲ ਕੇ) ਗੁਰਮੁਖ ਅਲਖ (ਪਰਮੇਸ਼ਰ) ਨੂੰ ਜਾਣ ਜਾਂਦੇ ਹਨ ਕਿ ਉਹ ਪ੍ਰਭੂ ਅਸਚਰਜ ਕੌਤਕਾਂ ਵਾਲਾ ਹੈ। ੫. (ਉਹ ਪ੍ਰਭੂ ਨੂੰ ਪਿਤਾ ਸਮਾਨ ਜਾਣ ਕੇ, ਆਪਣੇ) ਸੁਭਾਉ ਤੇ ਹੋਰ ਵਰਤੋਂ ਵਿਹਾਰ ਨੂੰ ਬਾਲਕਾਂ ਵਾਂਗ ਹੀ ਬਣਾ ਲੈਂਦੇ ਹਨ ਤੇ ਇਹ ਸੁਭਾਉ (ਭਗਤਾਂ ਦਾ ਹੈ) ਜੋ ਮੁੱਢ ਕਦੀਮ ਤੋਂ ਹੀ ਕਥਨ ਕੀਤਾ ਜਾਂਦਾ ਹੈ (ਭਾਵ ਬਾਲਕਾਂ ਵਾਂਗ ਹਰਖ ਸੋਗ ਤੋਂ ਅਤੀਤ ਰਹਿੰਦੇ ਹਨ)। ੬. ਗੁਰਮੁਖ ਸਾਧ ਸੰਗਤ ਵਿਚ ਲਿਵ ਲਾਉਂਦੇ ਹਨ ਤੇ ਸਚਾਈ ਸਦਾ ਹੀ ਉਨ੍ਹਾਂ ਦੇ ਸਦਾਚਾਰ ਦੀ ਸੁੰਦਰਤਾ ਬਣੀ ਰਹਿੰਦੀ ਹੈ। ੭. (ਗੁਰਮੁਖ ਆਪਣੇ) ਆਪ ਨੂੰ ਜੀਵਨ ਮੁਕਤ ਬਣਾ ਲੈਂਦੇ ਹਨ (ਤੇ ਇਸ ਗੱਲ ਨੂੰ ਉਹ) ਸ਼ਬਦ ਦੀ ਕਸਵੱਟੀ ਨਾਲ ਪਛਾਣਦੇ ਹਨ। ੮. ਗੁਰਮੁਖ ਨੇ ਆਪਾ (ਮੈਂ-ਮੇਰੀ ਤੇ ਹਉਮੈ ਨੂੰ) ਗਵਾ ਕੇ (ਭਾਵ ਆਪਣੇ) ਆਤਮਿਕ ਸ੍ਵੈ-ਸ੍ਰੂਪ ਨੂੰ ਪਛਾਣ ਲਿਆ ਹੈ॥ ੧੬॥

੧੭. ਸਤਿਗੁਰ ਬੇਪ੍ਰਵਾਹ ਦੀ ਵਡਿਆਈ

੧. ਅਬਿਗਤਿ ਗਤਿ ਅਸਗਾਹ ਆਖਿ ਵਖਾਣੀਐ।
੨. ਗਹਿਰ ਗੰਭੀਰ ਅਥਾਹ ਹਾਥਿ ਨ ਆਣੀਐ।
੩. ਬੂੰਦ ਲਖ ਪਰਵਾਹ ਹੁਲੜ ਵਾਣੀਐ।
੪. ਗੁਰਮੁਖਿ ਸਿਫਤਿ ਸਲਾਹ ਅਕਥ ਕਹਾਣੀਐ।
੫. ਪਾਰਾਵਾਰੁ ਨ ਰਾਹੁ ਬਿਅੰਤੁ ਸੁਹਾਣੀਐ।
੬. ਲਉਬਾਲੀ ਦਰਗਾਹ ਨ ਆਵਣ ਜਾਣੀਐ।

੭. ਵਡਾ ਵੇਪਰਵਾਹੁ ਤਾਣੁ ਨਿਤਾਣੀਐ।
੮. ਸਤਿਗੁਰ ਸਚੇ ਵਾਹੁ ਹੋਇ ਹੈਰਾਣੀਐ॥ ੧੭॥

ਪਦ ਅਰਥ - ਅਬਿਗਤਿ ਗਤਿ=ਨਾ ਜਾਣੀ ਜਾ ਸਕਣ ਵਾਲੀ ਗਤਿ (ਹਾਲਤ)। ਹੁਲੜ ਵਾਣੀਐ=ਹੜਾਂ ਵਾਲੇ ਛੱਲਾਂ ਨਾਲ ਭਰਪੂਰ ਨਦੀਆਂ ਨਾਲੇ। ਲਉਬਾਲੀ=ਪ੍ਰਭੂ ਦੀ ਬੇਪ੍ਰਵਾਹੀ ਦੇ ਅਲਖ ਵਾਲੀ ਵੱਡੀ ਦਰਗਾਹ।

ਅਰਥ - ੧. ਪ੍ਰਭੂ ਦੀ ਸਮਝ ਵਿਚ ਨਾ ਆਉਣ ਵਾਲੀ ਡੂੰਘੀ ਤੇ ਅਥਾਹ ਗਤਿ ਆਖ ਕੇ ਕਥਨ ਕੀਤੀ ਜਾਂਦੀ ਹੈ। ੨. ਉਹ ਗਹਿਰ ਗੰਭੀਰ ਤੇ ਅਥਾਹ (ਸ਼ਕਤੀ) ਹੈ, ਜਿਸ ਦੀ ਹਾਥਿ (ਥਾਹ) ਹੱਥ ਨਹੀਂ ਆਉਂਦੀ। ੩. ਉਸਦੀ ਇਕ ਬੂੰਦ ਨਾਲ ਲੱਖਾਂ ਪਰਵਾਹ ਚਲ ਪੈਂਦੇ ਹਨ, ਜਿਨ੍ਹਾਂ ਨਾਲ ਨਦੀਆਂ ਨਾਲਿਆਂ ਵਿਚ ਹੜ ਆ ਜਾਂਦੇ ਹਨ। ੪. ਗੁਰਮੁਖ (ਪ੍ਰਭੂ ਦੀ) ਸਿਫਤ ਸਲਾਹ ਕਰਦੇ ਤੇ ਅਕਥ ਕਹਾਣੀਆਂ ਸੁਣਦੇ ਤੇ ਸੁਣਾਉਂਦੇ ਹਨ। ੫. (ਪ੍ਰਭੂ ਦੀ ਸਿਫਤ ਸਲਾਹ ਦਾ) ਪਾਰਾਵਾਰ ਨਹੀਂ ਤੇ ਨਾ ਹੀ ਉਸ ਦੀ (ਸਿਫਤ ਸਲਾਹ ਦੀ) ਕੋਈ ਰਾਹ ਹੀ ਹੈ, (ਕਿਉਂਕਿ) ਉਹ ਬੇਅੰਤ ਹੈ ਤੇ ਸਦਾ ਹੀ ਸੁੰਦਰ ਤੇ ਸ਼ੋਭਾ ਵਾਲਾ ਹੈ। ੬. (ਉਸ ਦੀ) ਦਰਗਾਹ (ਦਰਬਾਰ) ਬੇਪਰਵਾਹ ਹੈ, (ਜਿਥੇ ਕਿਸੇ ਦਾ ਦਬਾਅ ਜਾਂ ਉੱਚਾ ਪ੍ਰਭਾਵ ਨਹੀਂ ਹੈ)। ੭. (ਪਰ ਹਾਂ ਉਸ ਦਰਬਾਰ ਵਿਚ) ਨਿਤਾਣਿਆਂ ਨੂੰ ਤਾਣ (ਸ਼ਕਤੀ ਦੀ) ਬਖਸ਼ਿਸ਼ ਹੁੰਦੀ ਹੈ (ਤੇ ਹੰਕਾਰੀਆਂ ਨੂੰ ਦੰਡ ਮਿਲਦਾ ਹੈ)। ੮. ਸਤਿਗੁਰ ਸੱਚੇ ਪਾਤਸ਼ਾਹ ਵਾਹੁ (ਅਸਚਰਜਤਾ ਵਾਲੇ) ਹਨ, ਜਿਨ੍ਹਾਂ ਨੂੰ ਸੋਚ ਵਿਚਾਰ ਕੇ ਹੈਰਾਨ ਹੀ ਹੋਈਦਾ ਹੈ (ਕਿਉਂਕਿ ਪੂਰੀ ਸਮਝ ਨਹੀਂ ਪੈਂਦੀ, ਇਸੇ ਲਈ ਹੀ ਉਹ ਅਬਿਗਤਿ ਗਤਿ ਵਾਲੇ ਹਨ)॥ ੧੭॥

੧੮. ਗੁਰਮੁਖਾਂ ਲਈ ਸਾਧ ਸੰਗਤ ਹੀ ਸੱਚਖੰਡ ਹੈ

੧. ਸਾਧਸੰਗਤਿ ਸਚ ਖੰਡੁ ਗੁਰਮੁਖਿ ਜਾਈਐ।
੨. ਸਚੁ ਨਾਉ ਬਲਵੰਡੁ ਗੁਰਮੁਖਿ ਧਿਆਈਐ।
੩. ਪਰਮ ਜੋਤਿ ਪਰਚੰਡੁ ਜੁਗਤਿ ਜਗਾਈਐ।
੪. ਸੋਧਿ ਡਿਠਾ ਬ੍ਰਹਮੰਡੁ ਲਵੈ ਨ ਲਾਈਐ।
੫. ਤਿਸੁ ਨਾਹੀ ਜਮ ਡੰਡੁ ਸਰਣਿ ਸਮਾਈਐ।
੬. ਘੋਰ ਪਾਪ ਕਰਿ ਖੰਡੁ ਨਰਕਿ ਨ ਪਾਈਐ।
੭. ਚਾਵਲ ਅੰਦਰਿ ਵੰਡੁ ਉਬਰਿ ਜਾਈਐ।
੮. ਸਚਹੁ ਸਚੁ ਅਖੰਡੁ ਕੂੜੁ ਛੁਡਾਈਐ॥ ੧੮॥

ਪਦ ਅਰਥ - ਸਚਖੰਡੁ=ਪ੍ਰਭੂ ਦੇ ਨਿਵਾਸ ਦਾ ਥਾਂ। ਬਲਵੰਡੁ=ਸ਼ਕਤੀ ਸ਼ਾਲੀ। ਪਰਚੰਡੁ=ਤਿੱਖੇ ਵੇਗ ਵਾਲੀ। ਵੰਡੁ=ਛਿਲਕਾ। ਅਖੰਡੁ=ਨ ਟੁੱਟਣ ਵਾਲਾ।

ਅਰਥ - ੧. ਸਾਧ ਸੰਗਤ ਹੀ ਸੱਚਖੰਡ ਹੈ (ਜਿਥੇ ਪ੍ਰਭੂ ਦੀ ਅਕਥ ਕਥਾ ਹੁੰਦੀ ਹੈ) ਤੇ ਗੁਰਮੁਖਾਂ ਨੂੰ (ਇਸ ਗੱਲ 'ਤੇ ਪੂਰਨ ਵਿਸ਼ਵਾਸ ਹੈ ਤੇ ਉਹ) ਠੀਕ ਜਾਣਦੇ ਹਨ। ੨. (ਗੁਰਮੁਖ ਪ੍ਰਭੂ ਦੇ) ਸੱਚੇ ਨਾਮ ਨੂੰ ਹੀ ਸਭ ਸ਼ਕਤੀਆਂ ਦਾ ਭੰਡਾਰ ਸਮਝਦੇ ਹਨ ਤੇ ਉਸੇ ਦਾ ਜਾਪ ਕਰਦੇ ਹਨ। ੩. ਪਰਮ ਜੋਤ ਰੂਪ ਦੀ ਪਰਚੰਡਤਾ (ਸ਼ਕਤੀ ਰੂਪ ਚਾਨਣੇ ਨੂੰ) ਆਪਣੇ ਹਿਰਦੇ ਵਿਚ (ਜਾਪ ਤੇ ਧਿਆਨ ਦੀ) ਜੁਗਤੀ ਨਾਲ ਜਗਾ ਲੈਂਦੇ ਹਨ। ੪. (ਗੁਰਮੁਖਾਂ ਨੇ) ਸਾਰੇ ਬ੍ਰਹਿਮੰਡ ਦੀ (ਹਰ ਵਸਤੂ ਨੂੰ ਸੋਚ ਵਿਚਾਰ ਤੇ ਘੋਖ ਕੇ) ਸੋਧ ਲਿਆ ਹੈ (ਇਹ ਜਾਣ ਲਿਆ ਹੈ ਕਿ) ਪ੍ਰਭੂ ਦੀ ਪਰਮ ਜੋਤ ਦੇ ਬਰਾਬਰ ਹੋਰ ਕੋਈ ਜੋਤੀ ਨਹੀਂ ਹੈ। ੫. (ਤੇ ਜਿਹੜਾ) ਪ੍ਰਭੂ ਦੀ ਸ਼ਰਣ ਵਿਚ ਸਮਾ (ਭਾਵ ਲੀਨ) ਹੋ ਜਾਂਦਾ ਹੈ, ਉਸ ਲਈ ਜਮਾਂ ਦੇ ਦੰਡ (ਦੇ ਡਰ) ਮੁੱਕ ਜਾਂਦੇ ਹਨ। ੬. (ਸ਼ਰਣ ਵਿਚ ਜਾਂ ਪ੍ਰਭੂ ਆਸਰੇ ਹੋ ਰਹਿਣ ਵਾਲੇ ਦੇ) ਘੋਰ ਪਾਪ ਟੁਕੜੇ ਟੁਕੜੇ ਹੋ ਜਾਂਦੇ ਹਨ ਤੇ ਫਿਰ ਨਰਕਾਂ ਵਿਚ ਪੈਣ ਦਾ ਸੁਆਲ ਹੀ ਬਾਕੀ ਨਹੀਂ ਰਹਿੰਦਾ। ੭. (ਪਰ ਉਥੇ ਝੂਠੇ ਤੇ ਸੱਚੇ ਦੋਹਾਂ ਦੀ ਪਰਖ ਹੁੰਦੀ ਹੈ ਤੇ ਝੂਠੇ ਇਉਂ ਬਾਹਰ ਸੁੱਟੇ ਜਾਂਦੇ, ਜਿਵੇਂ) ਚੌਲਾਂ ਨੂੰ ਛੱਟ ਕੇ ਵੰਡ (ਛਿਲੜਾਂ) ਨੂੰ ਬਾਹਰ ਸੁੱਟ ਦਿੱਤਾ ਜਾਂਦਾ ਹੈ। ਛੱਟਣ ਨਾਲ ਉਹ (ਛਿਲੜ) ਆਪ ਤੋਂ ਆਪ ਹੀ ਉਬਰਦੇ ਤੇ ਵੱਖ ਹੋ ਕੇ ਬਾਹਰ ਚਲੇ ਜਾਂਦੇ ਹਨ। ੮. (ਇਸੇ ਤਰ੍ਹਾਂ) ਅਖੰਡ ਸੱਚਾਂ ਦੇ ਸੱਚ ਵਿਚੋਂ, ਝੂਠ ਵੀ ਛੱਟ ਕੇ ਬਾਹਰ ਧੱਕੇ ਜਾਂਦੇ ਹਨ ਤੇ ਬਲਵੰਡ ਸੱਚੇ ਨਾਮ ਅੱਗੇ ਉਨ੍ਹਾਂ ਦੀ ਇਕ ਵੀ ਨਹੀਂ ਚਲਦੀ॥ ੧੮॥

੧੯. ਗੁਰਸਿੱਖਾਂ ਨੂੰ ਸ਼ਾਬਾਸ਼

੧. ਗੁਰਸਿਖਾ ਸਾਬਾਸ ਜਨਮੁ ਸਵਾਰਿਆ।
੨. ਗੁਰਸਿਖਾ ਰਹਰਾਸਿ ਗੁਰੂ ਪਿਆਰਿਆ।
੩. ਗੁਰਮੁਖਿ ਸਾਸਿ ਗਿਰਾਸਿ ਨਾਉ ਚਿਤਾਰਿਆ।
੪. ਮਾਇਆ ਵਿਚਿ ਉਦਾਸੁ ਗਰਬੁ ਨਿਵਾਰਿਆ।
੫. ਗੁਰਮੁਖਿ ਦਾਸਨਿ ਦਾਸ ਸੇਵ ਸੁਚਾਰਿਆ।
੬. ਵਰਤਨਿ ਆਸ ਨਿਰਾਸ ਸਬਦੁ ਵੀਚਾਰਿਆ।
੭. ਗੁਰਮੁਖਿ ਸਹਜਿ ਨਿਵਾਸੁ ਮਨ ਹਠ ਮਾਰਿਆ।
੮. ਗੁਰਮੁਖਿ ਮਨਿ ਪਰਗਾਸੁ ਪਤਿਤ ਉਧਾਰਿਆ॥ ੧੯॥

ਪਦ ਅਰਥ - ਰਹਰਾਸਿ=ਰਹੁ ਰੀਤੀ। ਸੁਚਾਰਿਆ=ਸੱਚੇ ਸੁੱਚੇ ਆਚਾਰ ਵਾਲੇ। ਮਨ ਹਠ=ਮਨ ਦੀਆਂ ਅੜੀਅਲ ਬਾਤਾਂ। ਪਤਿਤ=ਪਾਪੀ।

ਅਰਥ - ੧. ਜਿਨ੍ਹਾਂ ਗੁਰਸਿੱਖਾਂ ਨੇ (ਗੁਰੂ ਦੀ ਸਿੱਖਿਆ 'ਤੇ ਚਲ ਕੇ) ਆਪਣੇ ਜਨਮ ਨੂੰ ਸਵਾਰ ਲਿਆ ਹੈ, ਉਨ੍ਹਾਂ ਨੂੰ ਸ਼ਾਬਾਸ਼ ਹੈ। ੨. ਗੁਰਸਿੱਖਾਂ ਦੀ ਇਹੋ ਰਹੁਰੀਤੀ ਹੈ (ਕਿ ਉਨ੍ਹਾਂ ਨੇ ਸਿੱਖਿਆ ਨੂੰ ਮੰਨਦਿਆਂ) ਗੁਰੂ ਨਾਲ ਪਿਆਰ ਕੀਤਾ ਹੈ। ੩. (ਐਸੇ ਗੁਰਸਿੱਖਾਂ ਨੇ) ਗੁਰਮੁਖ ਦੀ ਪਦਵੀ ਪ੍ਰਾਪਤ ਕਰਕੇ ਸਾਸ ਗਿਰਾਸ

(ਪ੍ਰਭੂ ਦੇ ਨਾਮ ਨੂੰ ਹੀ) ਚੇਤੇ ਕੀਤਾ ਹੈ ਤੇ ਸਿਮਰਨ ਕੀਤਾ ਹੈ। ੪. ਉਹ ਮਾਇਆ ਵਿਚ ਹੀ ਉਦਾਸ ਰਹਿੰਦੇ ਹਨ, (ਉਨ੍ਹਾਂ ਨੇ ਆਪਣੀ ਹਉਮੈ ਬਿਰਤੀ ਨੂੰ ਪਕੜ ਕੇ) ਗਰਬ ਹੰਕਾਰ ਨੂੰ ਮਿਟਾ ਦਿੱਤਾ ਹੈ। ੫. ਗੁਰਸਿੱਖਾਂ ਵਿਚ (ਇਤਨੀ ਨਿਰਮਾਣਤਾ ਹੋ ਜਾਂਦੀ ਹੈ ਕਿ ਉਹ) ਦਾਸਾਂ ਦੇ ਵੀ ਦਾਸ ਬਣਦੇ ਹਨ ਤੇ ਉੱਚੇ ਸੁੱਚੇ ਸ੍ਰੇਸ਼ਟਾਚਾਰ ਵਾਲੇ ਬਣ ਜਾਂਦੇ ਹਨ। ੬. ਆਸ਼ਾ ਵਿਚ ਹੁੰਦੇ ਭੀ ਨਿਰਾਸਤਾ ਵਾਲੇ (ਉਦਾਸ ਸੁਭਾਉ) ਹੋ ਕੇ ਰਹਿੰਦੇ ਹਨ ਤੇ (ਕੇਵਲ ਗੁਰੂ ਕੇ) ਸ਼ਬਦ ਦੀ ਹੀ ਵਿਚਾਰ ਕਰਦੇ ਹਨ (ਹੋਰ ਵਿਚਾਰਾਂ ਦੇ ਵਿਚਾਰ ਉਨ੍ਹਾਂ ਨੂੰ ਚੰਗੇ ਨਹੀਂ ਲੱਗਦੇ)। ੭. ਗੁਰਮੁਖਾਂ ਦਾ ਸਹਜ (ਤੁਰੀਆ ਪਦ) ਵਿਚ ਨਿਵਾਸ ਹੋ ਜਾਂਦਾ ਹੈ ਤੇ ਉਹ ਆਪਣੇ ਅੜੀਅਲ ਮਨ ਦੇ ਹੱਠਾਂ ਨੂੰ ਮਾਰ ਕੇ ਖਤਮ ਕਰ ਦਿੰਦੇ ਹਨ। ੮. ਗੁਰਮੁਖ ਦੇ ਮਨ ਵਿਚ ਪਤਿਤ ਉਧਾਰਕ (ਪ੍ਰਭੂ ਦਾ) ਪ੍ਰਕਾਸ਼ ਹੋ ਜਾਂਦਾ ਹੈ, (ਤੇ ਫਿਰ) ਪਤਿਤ ਉਨ੍ਹਾਂ ਦੀ ਸੰਗਤ ਕਰਕੇ ਤਰ ਜਾਂਦੇ ਹਨ॥ ੧੯ ॥

੨੦. ਗੁਰਮੁਖਾਂ ਦੀ ਘਾਲ-ਕਮਾਈ

੧. ਗੁਰਸਿਖਾ ਜੈਕਾਰੁ ਸਤਿਗੁਰ ਪਾਇਆ।
੨. ਪਰਵਾਰੈ ਸਾਧਾਰੁ ਸਬਦੁ ਕਮਾਇਆ।
੩. ਗੁਰਮੁਖਿ ਸਚੁ ਆਚਾਰੁ ਭਾਣਾ ਭਾਇਆ।
੪. ਗੁਰਮੁਖਿ ਮੋਖ ਦੁਆਰੁ ਆਪ ਗਵਾਇਆ।
੫. ਗੁਰਮੁਖਿ ਪਰਉਪਕਾਰ ਮਨੁ ਸਮਝਾਇਆ।
੬. ਗੁਰਮੁਖਿ ਸਚੁ ਆਧਾਰੁ ਸਚਿ ਸਮਾਇਆ।
੭. ਗੁਰਮੁਖਾ ਲੋਕਾਰੁ ਲੇਪੁ ਨ ਲਾਇਆ।
੮. ਗੁਰਮੁਖਿ ਏਕੰਕਾਰੁ ਅਲਖੁ ਲਖਾਇਆ॥ ੨੦॥

ਪਦ ਅਰਥ - ਸਾਧਾਰੁ=ਉਧਾਰਨਾ। ਆਚਾਰੁ=ਕਰਨੀ। ਆਧਾਰੁ=ਆਸਰਾ। ਲੋਕਾਰੁ=ਲੋਕਾਚਾਰੀ, ਲੋਕ-ਲਾਜ। ਲੇਪੁ=ਲੱਗਣਾ।

ਅਰਥ - ੧. (ਉਨ੍ਹਾਂ) ਗੁਰਸਿੱਖਾਂ ਦੀ ਜੈ ਜੈ ਕਾਰ ਹੁੰਦੀ ਹੈ, (ਜਿਨ੍ਹਾਂ ਨੇ) ਪੂਰੇ ਸਤਿਗੁਰੂ ਦੇ ਦਰਸ਼ਨ ਕੀਤੇ ਹਨ ਤੇ ਉਨ੍ਹਾਂ ਨੂੰ (ਮਨ ਕਰਕੇ) ਗੁਰੂ ਧਾਰਨ ਕਰ ਲਿਆ ਹੈ। ੨. (ਪੂਰੇ ਸਤਿਗੁਰੂ ਤੋਂ ਪ੍ਰਾਪਤ ਹੋਏ) ਸ਼ਬਦ (ਉਪਦੇਸ਼) ਦੀ ਕਮਾਈ ਨਾਲ (ਉਨ੍ਹਾਂ ਨੇ ਆਪਣਾ ਆਪ ਤੇ) ਆਪਣੇ ਪਰਿਵਾਰ ਨੂੰ ਉਧਾਰ ਦਿੱਤਾ ਹੈ। ੩. ਗੁਰਮੁਖਾਂ ਦਾ ਆਚਾਰ (ਕਥਨੀ ਤੇ ਕਰਨੀ, ਕਰਤੱਬ) ਇਹੀ ਹੈ ਕਿ ਹਰ ਮਸਲੇ ਵਿਚ ਉਨ੍ਹਾਂ ਨੂੰ ਪ੍ਰਭੂ ਦਾ ਭਾਣਾ ਹੀ ਚੰਗਾ ਲੱਗਾ ਹੈ। ੪. ਗੁਰਮੁਖ ਮੋਖ ਦੁਆਰੇ (ਮੁਕਤੀ) ਦਾ ਵਸੀਲਾ ਹਨ। ਉਹ ਆਪਾ (ਭਾਵ ਮੈਂ-ਮੇਰੀ ਨੂੰ) ਗਵਾ ਦਿੰਦੇ ਹਨ। ੫. ਗੁਰਮੁਖ ਪਰਉਪਕਾਰ ਕਰਦੇ ਹਨ ਤੇ ਇਹੋ ਕਹਿ ਕੇ ਮਨ ਨੂੰ ਸਮਝਾਉਂਦੇ ਹਨ ਕਿ ਪਰਉਪਕਾਰ ਚੰਗਾ ਹੈ। ੬. ਗੁਰਮੁਖਾਂ ਨੂੰ ਕੇਵਲ ਸੱਚ ਦਾ ਹੀ ਆਸਰਾ ਹੈ ਤੇ ਉਹ ਸੱਚ (ਦੀ ਸ੍ਰੇਸ਼ਟਤਾਈ ਵਿਚ ਹੀ) ਲੀਨ ਹੋ ਰਹਿੰਦੇ ਹਨ। (ਉਹ ਸੱਚ ਤੇ ਸੱਚੇ ਆਚਾਰ ਤੋਂ

ਉਪਰ ਹੋਰ ਕਿਸੇ ਨੂੰ ਨਹੀਂ ਮੰਨਦੇ)। ੭. ਗੁਰਮੁਖਾਂ ਨੂੰ (ਸੰਸਾਰ ਦੀ) ਲੋਕਾਚਾਰੀ ਤੇ ਲੋਕ ਲਾਜ ਦਾ ਉੱਕਾ ਹੀ ਲੇਪ ਨਹੀਂ ਲੱਗਦਾ (ਭਾਵ ਉਹ ਲੋਕ-ਲਾਜ ਦੀ ਕਾਣ ਨੂੰ ਹੀ ਤਿਆਗ ਦੇਂਦੇ ਹਨ ਤੇ ਉਹ ਕੁਝ ਕਰਦੇ ਹਨ ਜੋ ਗੁਰੂ ਦੀ ਸਿੱਖਿਆ ਦੇ ਅਨੁਕੂਲ ਹੁੰਦਾ ਹੈ)। ੮. (ਐਸੇ) ਗੁਰਮੁਖਾਂ ਨੂੰ ਏਕੰਕਾਰ (ਪਰਮੇਸ਼ਰ) ਨੇ (ਆਪਣੇ) ਅਲਖ ਰੂਪ ਨੂੰ ਲਖਾ ਦਿੱਤਾ ਹੈ॥ ੨੦॥

੨੧. ਗੁਰਮੁਖਾਂ ਦੀ ਸ੍ਰੇਸ਼ਟਤਾਈ

੧. ਗੁਰਮੁਖਿ ਸਸੀਅਰ ਜੋਤਿ ਅੰਮ੍ਰਿਤ ਵਰਸਣਾ।
੨. ਅਸਟ ਧਾਤੁ ਇਕ ਧਾਤੁ ਪਾਰਸੁ ਪਰਸਣਾ।
੩. ਚੰਦਨ ਵਾਸੁ ਨਿਵਾਸੁ ਬਿਰਖ ਸੁਦਰਸਣਾ।
੪. ਗੰਗ ਤਰੰਗ ਮਿਲਾਪੁ ਨਦੀਆਂ ਸਰਸਣਾ।
੫. ਮਾਨ ਸਰੋਵਰ ਹੰਸ ਨ ਤ੍ਰਿਸਨਾ ਤਰਸਣਾ।
੬. ਪਰਮ ਹੰਸ ਗੁਰਸਿਖ ਦਰਸ ਅਦਰਸਣਾ।
੭. ਚਰਣ ਸਰਣ ਗੁਰਦੇਵ ਪਰਸ ਅਪਰਸਣਾ।
੮. ਸਾਧਸੰਗਤਿ ਸਚ ਖੰਡੁ ਅਮਰ ਨ ਮਰਸਣਾ॥ ੨੧॥ ੨੨॥

ਪਦ ਅਰਥ - ਸਸੀਅਰ=ਚੰਦਰਮਾਂ। ਅਸਟ=ਅੱਠ। ਇਕ ਧਾਤੁ=ਸੋਨਾ। ਸੁਦਰਸਣਾ=ਆਪਣੇ ਵਰਗਾ ਹੀ। ਅਦਰਸਣਾ=ਸ਼ੁਧ ਹਿਰਦੇ ਵਾਲੇ, ਜੋ ਔਰ ਗੈਰ ਦੇ ਦਰਸ਼ਨ ਨਹੀਂ ਕਰਦੇ।

ਅਰਥ - ੧. ਗੁਰਮੁਖ ਚੰਦਹਮਾਂ ਦੀ ਜੋਤ (ਵਰਗੇ ਸੀਤਲ ਹਨ, ਜਿਸ ਵਿਚੋਂ ਠੰਢੇ) ਅੰਮ੍ਰਿਤ ਨਾਮ ਦੀ ਵਰਖਾ ਹੁੰਦੀ ਹੈ। ੨. (ਗੁਰਮੁਖ) ਪਾਰਸ ਵਰਗੇ ਹਨ। (ਪਾਰਸ) ਅੱਠਾਂ ਧਾਤਾਂ ਨੂੰ ਲੱਗ ਕੇ ਇਕ ਧਾਤ (ਸੋਨਾ) ਬਣਾ ਦਿੰਦਾ ਹੈ, ਤੇ (ਗੁਰਮੁਖ ਪ੍ਰਭੂ ਦੇ ਨਾਮ ਦੇ ਸਿਮਰਨ ਦੀ ਸੰਗਤੀਆਂ ਦੇ ਹਿਰਦੇ ਵਿਚ ਹੈ)। ੩. (ਜਿਵੇਂ) ਚੰਦਨ (ਦਾ ਬ੍ਰਿਛ) ਆਪਣੀ ਮਹਿਕ ਨਾਲ ਆਪਣੇ ਆਸ ਪਾਸ ਦੀ ਸਾਰੀ ਬਨਸਪਤੀ ਨੂੰ ਮਹਿਕ ਵਾਲੇ (ਆਪਣੇ ਵਰਗੇ) ਬਣਾ ਦੇਂਦਾ ਹੈ। ੪. (ਜਿਵੇਂ) ਗੰਗਾ ਹੋਰ ਨਦੀਆਂ ਨਾਲਿਆਂ ਦੇ ਪਾਣੀਆਂ ਨੂੰ ਆਪਣੇ ਵਿਚ ਮਿਲਾ ਕੇ ਆਪਣੇ ਵਰਗਾ ਪਵਿੱਤਰ (ਗੰਗਾ ਜਲ) ਬਣਾ ਦੇਂਦੀ ਹੈ। ੫. (ਗੁਰਮੁਖਾਂ ਨੂੰ) ਮਾਨ ਸਰੋਵਰ ਦੇ ਹੰਸਾਂ ਵਾਂਗ ਸੰਸਾਰਕ ਪਦਾਰਥਾਂ ਦੀ ਨਾ ਕੋਈ ਤ੍ਰਿਸ਼ਨਾ ਤੇ ਨਾ ਹੀ ਤਰਸੇਵਾਂ ਹੁੰਦਾ ਹੈ। ੬. ਗੁਰਮੁਖ ਸਿੱਖ ਪਰਮ ਹੰਸਾਂ ਵਰਗੇ ਹਨ, ਜਿਨ੍ਹਾਂ ਦੇ ਦਰਸ਼ਨ ਲਈ ਉਹ ਲੋਕ ਇੱਛਾ ਕਰਦੇ ਹਨ, ਜਿਨ੍ਹਾਂ ਨੇ ਕਿਸੇ ਨੂੰ ਵੀ ਆਪ ਦਰਸ਼ਨ ਨਹੀਂ ਦਿੱਤੇ ਹੁੰਦੇ (ਭਾਵ ਜਿਨ੍ਹਾਂ ਦੀ ਹੋਰ ਕਿਸੇ 'ਤੇ ਸ਼ਰਧਾ ਨਹੀਂ ਬੱਝਦੀ, ਤੇ ਕੇਵਲ ਸ਼ੁਧ ਹਿਰਦੇ ਨਾਲ ਸੱਚੇ ਪ੍ਰਭੂ-ਪਿਆਰਿਆਂ ਦਾ ਮਿਲਾਪ ਹੀ ਲੋਚਦੇ ਹਨ) ਸੋ ਗੁਰਸਿੱਖ ਹੀ ਐਸੇ ਪਰਮ ਹੰਸ ਹਨ। ੭. (ਜਿਨ੍ਹਾਂ ਨੇ) ਕੇਵਲ (ਪੂਰੇ) ਗੁਰਦੇਵ ਦੀ ਸ਼ਰਣ ਪ੍ਰਾਪਤ ਕੀਤੀ ਹੈ (ਭਾਵੇਂ ਉਹ ਸੰਸਾਰ ਦੀ ਨਜ਼ਰ ਵਿਚ ਅਪਰਸ (ਨੀਚ) ਹੀ ਹਨ, (ਪਰ ਪਰਮੇਸ਼ਰ ਦੀ ਭਗਤੀ ਤੁਫੈਲ ਉਹ) ਪਰਸਣਯੋਗ ਹੋ ਗਏ ਹਨ। ੮. ਉਹ ਸਾਧ ਸੰਗਤ ਰੂਪ ਸੱਚਖੰਡ (ਦੇ ਵਾਸੀ ਬਣ ਕੇ) ਅਮਰ ਹੋ ਜਾਂਦੇ ਹਨ ਤੇ ਜੰਮਣ-ਮਰਨ ਦੇ ਗੇੜ ਤੋਂ ਮੁਕਤ ਹੋ ਜਾਂਦੇ ਹਨ॥ ੨੧॥ ੨੨॥

ਵਾਰ ੨੩

ੴ ਸਤਿਗੁਰ ਪ੍ਰਸਾਦਿ॥

੧. ਪੂਰੇ ਗੁਰੂ ਦੇ ਪਰਤਾਪ ਦੀ ਮਹਿਮਾ-ਮੰਗਲਾਚਰਣ

੧. ਸਤਿ ਰੂਪ ਗੁਰੁ ਦਰਸਣੋ ਪੂਰਨ ਬ੍ਰਹਮੁ ਅਚਰਜੁ ਦਿਖਾਇਆ।
੨. ਸਤਿ ਨਾਮੁ ਕਰਤਾ ਪੁਰਖੁ ਪਾਰਬ੍ਰਹਮੁ ਪਰਮੇਸਰੁ ਧਿਆਇਆ।
੩. ਸਤਿਗੁਰ ਸਬਦ ਗਿਆਨੁ ਸਚੁ ਅਨਹਦ ਧੁਨਿ ਵਿਸਮਾਦੁ ਸੁਣਾਇਆ।
੪. ਗੁਰਮੁਖਿ ਪੰਥੁ ਚਲਾਇਓਨੁ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।
੫. ਗੁਰ ਸਿਖੁ ਦੇ ਗੁਰਸਿਖ ਕਰਿ ਸਾਧਸੰਗਤਿ ਸਚੁ ਖੰਡੁ ਵਸਾਇਆ।
੬. ਸਚੁ ਰਾਸ ਰਹਰਾਸਿ ਦੇ ਸਤਿਗੁਰ ਗੁਰਸਿਖ ਪੈਰੀ ਪਾਇਆ।
੭. ਚਰਣ ਕਵਲ ਪਰਤਾਪੁ ਜਣਾਇਆ॥੧॥

ਪਦ ਅਰਥ - ਵਿਸਮਾਦੁ=ਮਸਤੀ ਭਰੀ ਦਸ਼ਾ। ਗੁਰਸਿਖ=ਗੁਰੂ ਦੀ ਸਿੱਖਿਆ। ਰਹਰਾਸਿ=ਸੱਚਾ ਮਾਰਗ। ਜਣਾਇਆ=ਪ੍ਰਗਟ ਕੀਤਾ।

ਅਰਥ - ੧. (ਪਰਮੇਸ਼ਰ ਵਲੋਂ ਭੇਜੇ) ਸੱਤਿ ਸਰੂਪ ਗੁਰੂ (ਨਾਨਕ ਦੇਵ ਜੀ) ਨੇ ਪਾਰਬ੍ਰਹਮ (ਵਾਹਿਗੁਰੂ) ਨੂੰ ਹੀ ਪੂਰਨ ਅਸਚਰਜ ਰੂਪ ਵਾਲਾ ਦਿਖਾਇਆ ਹੈ। ੨. (ਪੂਰਨ) ਗੁਰੂ ਨੇ ਸਤਿਨਾਮ ਕਰਤਾ ਪੁਰਖੁ, ਪਾਰਬ੍ਰਹਮ (ਪੂਰਨ) ਪਰਮੇਸ਼ਰ ਦਾ ਜਾਪ ਕੀਤਾ (ਤੇ ਕਰਵਾਇਆ ਹੈ)। ੩. ਸਤਿਗੁਰੂ ਦਾ ਸੱਚਾ ਸ਼ਬਦ ਸੱਚਾ ਗਿਆਨ ਸੀ, (ਜਿਸ ਨੇ ਸਿਮਰਨ ਕਰਨ ਵਾਲੇ ਨੂੰ) ਅਨਹਦ ਧੁਨੀ ਦੇ ਵਿਸਮਾਦ (ਮਸਤੀ ਭਰੇ ਮੰਡਲਾਂ ਤਕ ਪਹੁੰਚਣ ਦੀ ਬਿਧੀ ਦਾ ਗਿਆਨ ਸਮਝਾਇਆ ਤੇ) ਸੁਣਾਇਆ ਹੈ। ੪. (ਐਸਾ ਕਰਕੇ ਪੂਰੇ ਸਤਿਗੁਰੂ ਜੀ ਨੇ ਇਕ) ਗੁਰਮੁਖਾਂ ਦਾ ਪੰਥ (ਰਾਹ ਖੋਲ੍ਹ ਦਿੱਤਾ) ਚਲਾਇਆ ਅਤੇ ਨਾਮ, ਦਾਨ ਤੇ ਇਸ਼ਨਾਨ ਕਰਨਾ ਦ੍ਰਿੜ ਕਰਾ ਦਿੱਤਾ ਹੈ। ੫. (ਪੂਰੇ) ਗੁਰੂ ਨੇ ਸਿੱਖਿਆ ਦੇ ਕੇ ਗੁਰਸਿੱਖ ਬਣਾ ਦਿੱਤੇ (ਉਨ੍ਹਾਂ ਦੇ ਅਭਿਆਸ ਲਈ) ਸਾਧ ਸੰਗਤ ਰੂਪ ਸੱਚਖੰਡ ਵਸਾ ਦਿੱਤਾ (ਜਿਥੇ ਕੇਵਲ ਸ਼ਬਦ ਤੇ ਗੁਰ-ਸਿੱਖਿਆ ਦੀਆਂ ਵਿਚਾਰਾਂ ਹੁੰਦੀਆਂ ਹਨ)। ੬. (ਅਗੋਂ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਖਸ਼ਿਸ਼) ਸੱਚ ਦੀ ਰਾਸ ਤੇ ਸੱਚੀ ਰਹੁ ਰੀਤੀ ਦਾ ਗਿਆਨ ਦੇ ਕੇ, (ਆਪਣੀ ਥਾਂ ਟਿਕਾ ਕੇ) ਆਪ ਚਰਣੀਂ ਲੱਗੇ ਤੇ ਸਭ ਸਿੱਖਾਂ ਨੂੰ ਵੀ (ਆਪਣੇ ਥਾਪੇ) ਸਤਿਗੁਰੂ ਦੀ ਚਰਣੀਂ ਲਾਇਆ। ੭. (ਇਸ ਤਰ੍ਹਾਂ) ਚਰਣ ਕੰਵਲਾਂ ('ਤੇ ਨਮਸਕਾਰ ਕਰਨ ਦਾ) ਪਰਤਾਪ (ਮਹਿਮਾ) ਗੁਰ ਸਿੱਖਾਂ ਨੂੰ ਦੱਸਿਆ (ਜਣਾਇਆ ਤੇ) ਸਮਝਾਇਆ॥੧॥

੨. ਤੀਰਥਾਂ ਨੂੰ ਪਵਿੱਤਰ ਕਰਨ ਵਾਲੀ ਸਾਧੂਆਂ ਦੀ ਚਰਣ ਧੂੜ

੧. ਤੀਰਥ ਨ੍ਹਾਤੇ ਪਾਪ ਜਾਨਿ ਪਤਿਤ ਉਧਾਰਣ ਨਾਉਂ ਧਰਾਇਆ।
੨. ਤੀਰਥ ਹੋਨ ਸਕਾਰਥੇ ਸਾਧ ਜਨਾਂ ਦਾ ਦਰਸਨੁ ਪਾਇਆ।
੩. ਸਾਧ ਹੋਏ ਮਨ ਸਾਧਿ ਕੈ ਚਰਣ ਕਵਲ ਗੁਰ ਚਿਤਿ ਵਸਾਇਆ।
੪. ਉਪਮਾ ਸਾਧ ਅਗਾਧਿ ਬੋਧ ਕੋਟ ਮਧੇ ਕੋ ਸਾਧੁ ਸੁਣਾਇਆ।
੫. ਗੁਰਸਿਖ ਸਾਧ ਅਸੰਖ ਜਗਿ ਧਰਮਸਾਲ ਥਾਇ ਥਾਇ ਸੁਹਾਇਆ।
੬. ਪੈਰੀ ਪੈ ਪੈਰ ਧੋਵਣੇ ਚਰਣੋਦਕੁ ਲੈ ਪੈਰੁ ਪੁਜਾਇਆ।
੭. ਗੁਰਮੁਖਿ ਸੁਖ ਫਲੁ ਅਲਖੁ ਲਖਾਇਆ ॥ ੨ ॥

ਪਦ ਅਰਥ - ਪਤਿਤ=ਪਾਪੀ। ਸਕਾਰਥੇ=ਸੁਫਲੇ। ਸਾਧਿ ਕੈ=ਜਿੱਤ ਕੇ। ਅਗਾਧਿ ਬੋਧ=ਉਚੇ ਤੇ ਡੂੰਘੇ ਵਿਚਾਰਾਂ ਵਾਲੇ। ਅਲਖੁ=ਪਰਮੇਸ਼ਰ।

ਅਰਥ - ੧. ਤੀਰਥਾਂ 'ਤੇ ਨ੍ਹਾਤਿਆਂ ਚੜ੍ਹੇ ਪਾਪ ਲੱਥ ਜਾਂਦੇ ਹਨ (ਇਸ ਮਨੌਤ ਦੇ ਅਧਾਰ 'ਤੇ ਲੋਕਾਂ ਨੇ ਤੀਰਥਾਂ ਨੂੰ) ਪਤਿਤਾਂ (ਪਾਪੀਆਂ) ਦਾ ਉਧਾਰ (ਤਾਰਨ ਵਾਲੇ) ਕਰਨ ਵਾਲੇ ਮੰਨ ਲਿਆ ਹੈ। ੨. ਪਰ ਤੀਰਥ ਤਾਂ ਆਪ ਆਪਣੇ ਆਪ ਨੂੰ ਸਾਧੂਜਨਾਂ ਦਾ ਦਰਸ਼ਨ ਕਰਕੇ, ਸਫਲਾ ਸਮਝਦੇ ਹਨ। (ਪਰ ਸਾਧੂ ਕਿਸੇ ਭੇਖੀ ਸਾਧੂ ਨੂੰ ਨਾ ਸਮਝਣਾ, ਸਾਧੂ ਤਾਂ ਉਹ ਹੈ :—) ੩. ਸਾਧੂ ਹੋਈਦਾ ਹੈ ਮਨ ਨੂੰ ਸਾਧਿ ਕੇ (ਵਸ ਕਰਕੇ, ਮਨ ਦੀਆਂ ਭੈੜੀਆਂ ਖਾਹਿਸ਼ਾਂ ਨੂੰ ਖਤਮ ਕਰਕੇ) ਤੇ ਸਤਿਗੁਰੂ ਦੇ ਚਰਣ ਕਵਲਾਂ ਨੂੰ ਚਿੱਤ ਵਿਚ ਵਸਾ ਕੇ। ੪. ਇਹੋ ਜੇਹੇ ਸਾਧੂ ਦੀ ਉਪਮਾ ਅਗਾਧ ਬੋਧ (ਅਤਿ ਉੱਚਤਮ) ਹੈ ਤੇ (ਇਹੋ ਜਿਹਾ ਸਾਧੂ ਕਰੋੜਾਂ ਵਿਚੋਂ ਕੋਈ ਇਕ ਅੱਧਾ ਹੀ ਹੁੰਦਾ ਹੈ। ੫. (ਸਤਿਗੁਰਾਂ ਦੀ ਅਗਾਧ ਮਹਿਮਾ ਤੇ ਸ਼ਰਧਾ ਰੱਖਣ ਵਾਲੇ) ਅਨੇਕਾਂ ਗੁਰਸਿੱਖ ਜਗਤ ਵਿਚ ਮੌਜੂਦ ਹਨ ਤੇ ਥਾਂ ਥਾਂ 'ਤੇ (ਗੁਰੂ ਦੀਆਂ ਥਾਪੀਆਂ) ਧਰਮਸਾਲਾਂ ਵਿਚ ਉਹ ਸੁਭਾਇਮਾਨ ਹੋ ਰਹੇ ਹਨ। ੬. ਉਹ ਗੁਰਸਿੱਖਾਂ ਦੇ ਪੈਰ ਧੋਂਦੇ ਹਨ ਤੇ ਚਰਣੋਦਕ ਲੈ ਕੇ ਗੁਰਸਿੱਖਾਂ (ਨਾਮ ਅਭਿਆਸੀਆਂ) ਦੇ ਪੈਰ ਪੂਜਦੇ ਹਨ। ੭. ਅਲਖ (ਪਰਮੇਸ਼ਰ) ਨੂੰ (ਅਜਿਹੇ ਗੁਰਮੁਖ ਗੁਰਸਿੱਖਾਂ ਨੇ) ਲੱਖ ਲਿਆ ਹੈ ਤੇ ਇਹੋ ਹੀ ਗੁਰਮੁਖਾਂ ਨੂੰ ਸੁਖ ਫਲ ਪ੍ਰਾਪਤ ਹੋਇਆ ਜਾਣੋ (ਜੋ ਧਰਮਸਾਲਾਂ ਵਿਚ ਗੁਰਸਿੱਖੀ ਦੀ ਸੇਵਾ ਤੇ ਕਮਾਈ ਕਰਦੇ ਹਨ॥ ੨ ॥

੩. ਗੁਰਸਿੱਖ ਦੀ ਚਰਣ ਧੂੜ

੧. ਪੰਜਿ ਤਤ ਉਤਪਤਿ ਕਰਿ ਗੁਰਮੁਖਿ ਧਰਤੀ ਆਪੁ ਗਵਾਇਆ।
੨. ਚਰਣ ਕਵਲ ਸਰਣਾਗਤੀ ਸਭ ਨਿਧਾਨ ਸਭੇ ਫਲ ਪਾਇਆ।
੩. ਲੋਕ ਵੇਦ ਗੁਰ ਗਿਆਨ ਵਿਚਿ ਸਾਧੂ ਧੂੜਿ ਜਗਤ ਤਰਾਇਆ।

੪. ਪਤਿਤ ਪੁਨੀਤ ਕਰਾਇ ਕੈ ਪਾਵਨ ਪੁਰਖ ਪਵਿਤ੍ਰ ਕਰਾਇਆ।
੫. ਚਰਣੋਦਕ ਮਹਿਮਾ ਅਮਿਤ ਸੇਖ ਸਹਸ ਮੁਖਿ ਅੰਤੁ ਨ ਪਾਇਆ।
੬. ਧੂੜੀ ਲੇਖੁ ਮਿਟਾਇਆ ਚਰਣੋਦਕ ਮਨੁ ਵਸਿਗਤਿ ਆਇਆ।
੭. ਪੈਰੀ ਪੈ ਜਗੁ ਚਰਨੀ ਲਾਇਆ ॥ ੩ ॥

ਪਦ ਅਰਥ - ਆਪੁ=ਆਪਾ ਭਾਵ ਹਉਮੈ। ਨਿਧਾਨ=ਪਦਾਰਥ ਜਾਂ ਖਜ਼ਾਨੇ। ਅਮਿਤ=ਅਗਿਣਤ। ਸੇਖ=ਸ਼ੇਸ਼ ਨਾਗ। ਲੇਖੁ=ਮਾੜੇ ਕਰਮ।

ਅਰਥ - ੧. (ਪਰਮੇਸ਼ਰ ਨੇ) ਪੰਜ ਤੱਤ (ਧਰਤੀ, ਆਕਾਸ਼, ਹਵਾ, ਜਲ, ਅਗਨੀ) ਬਣਾਏ ਹਨ, (ਜਿਨ੍ਹਾਂ ਵਿਚੋਂ ਗੁਰੂ ਦੇ ਵਰੋਸਾਏ) ਗੁਰਮੁਖ ਨੇ ਧਰਤੀ ਦੇ ਗੁਣ ਧਾਰਨ ਕਰਕੇ ਆਪਣਾ ਆਪਾ ਗਵਾ ਦਿੱਤਾ ਹੈ। ੨. (ਗੁਰਮੁਖਾਂ ਨੇ) ਚਰਣਾਂ ਦੀ ਸ਼ਰਣ ਪ੍ਰਾਪਤ ਕਰਕੇ ਸਭ (ਪਦਾਰਥਾਂ ਦੇ) ਖਜ਼ਾਨੇ ਤੇ ਹੋਰ ਸਭ ਫਲ ਪ੍ਰਾਪਤ ਕਰ ਲੀਤੇ ਹਨ। ੩. ਆਮ ਲੋਕਾਂ ਤੇ ਵੇਦਾਂ (ਧਰਮ ਗ੍ਰੰਥਾਂ) ਦਾ ਨਿਚੋੜ ਗੁਰੂ ਦੇ ਗਿਆਨ ਵਿਚ ਹੈ ਕਿ ਸਾਧੂਆਂ ਦੀ ਧੂੜੀ ਨੇ ਜਗਤ ਨੂੰ ਹੀ ਤਾਰ ਦਿੱਤਾ ਹੈ। ੪. (ਇਹ ਚਰਣ ਧੂੜੀ ਹੀ ਹੈ ਜੋ) ਪਾਪੀਆਂ ਨੂੰ ਵੀ ਪੁਨੀਤ ਕਰਦੀ ਹੈ ਤੇ ਪਵਿੱਤ੍ਰ ਪੁਰਖਾਂ ਦੀ ਪਵਿੱਤ੍ਰਤਾਈ ਨੂੰ ਕਾਇਮ ਰੱਖਦੀ ਹੈ। ੫. (ਸਾਧੂ ਦੀ ਧੂੜੀ ਦੇ) ਚਰਣੋਦਕ (ਅੰਮ੍ਰਿਤ) ਦੀ ਗਿਣਤੀ ਮਿਣਤੀ ਤੋਂ ਰਹਿਤ ਮਹਿਮਾ ਹੈ ਤੇ ਸ਼ੇਸ਼ ਨਾਗ ਜੋ ਹਜ਼ਾਰਾਂ ਮੂੰਹਾਂ ਵਾਲਾ ਹੈ, (ਉਹ ਨਿੱਤ ਨਵੇਂ ਦਿਨ ਨਵੇਂ ਨਾਮ ਲੈਂਦਾ ਹੈ, ਪਰ) ਉਸ ਨੇ ਵੀ ਸਾਧੂ ਧੂੜੀ ਦੀ ਮਹਿਮਾ ਦਾ ਅੰਤ ਨਹੀਂ ਜਾਣਿਆਂ। ੬. (ਸਾਧੂਆਂ ਦੀ ਚਰਣ) ਧੂੜੀ (ਕਰਮਾਂ ਦੇ ਮਾੜੇ) ਲੇਖਾਂ ਨੂੰ ਮੇਟਣ ਵਾਲੀ ਹੈ ਤੇ ਚਰਣੋਦਕ ਨਾਲ (ਦਹਿਦਿਸ ਭੱਜੇ ਫਿਰਨ ਵਾਲਾ) ਮਨ ਵਸ ਵਿਚ ਆ ਜਾਂਦਾ ਹੈ। ੭. (ਗੁਰਮੁਖ ਸਾਧੂਆਂ ਨੇ, ਗੁਰੂ ਦੀ) ਪੈਰੀਂ ਪੈ ਕੇ ਸਾਰੇ ਜਗਤ ਨੂੰ ਪੈਰੀਂ ਪਾ ਲਿਆ ਹੈ॥ ੩॥

੪. ਸਾਧੂ ਧੂੜੀ ਗੰਗਾ ਜਮਨਾ ਤੋਂ ਪਵਿੱਤਰ ਹੈ

੧. ਚਰਣੋਦਕੁ ਹੋਇ ਸੁਰਸਰੀ ਤਜਿ ਬੈਕੁੰਠ ਧਰਤਿ ਵਿਚਿ ਆਈ।
੨. ਨਉ ਸੈ ਨਦੀ ਨੜਿੰਨਵੈ ਅਠਸਠਿ ਤੀਰਥਿ ਅੰਗਿ ਸਮਾਈ।
੩. ਤਿਹੁ ਲੋਈ ਪਰਵਾਣੁ ਹੈ ਮਹਾਦੇਵ ਲੈ ਸੀਸ ਚੜ੍ਹਾਈ।
੪. ਦੇਵੀ ਦੇਵ ਸਰੇਵਦੇ ਜੈ ਜੈ ਕਾਰ ਵਡੀ ਵਡਿਆਈ।
੫. ਸਣੁ ਗੰਗਾ ਬੈਕੁੰਠ ਲਖ ਲਖ ਬੈਕੁੰਠ ਨਾਥਿ ਲਿਵ ਲਾਈ।
੬. ਸਾਧੂ ਧੂੜਿ ਦੁਲੰਭ ਹੈ ਸਾਧਸੰਗਤਿ ਸਤਿਗੁਰੁ ਸਰਣਾਈ।
੭. ਚਰਨ ਕਵਲ ਦਲ ਕੀਮ ਨ ਪਾਈ ॥ ੪ ॥

ਪਦ ਅਰਥ - ਚਰਣੋਦਕੁ=ਚਰਣਾਂ ਦਾ ਧੋਤਾ ਜਾਣਾ। ਸੁਰਸਰੀ=ਗੰਗਾ। ਪਰਵਾਣੁ=ਮੰਨੇ ਜਾਣਾ। ਸਰੇਵਦੇ=ਪੂਜਾ ਕਰਦੇ ਹਨ।

ਅਰਥ - ੧. ਗੰਗਾ (ਬਾਵਨ ਅਵਤਾਰ ਦੇ) ਚਰਨਾਂ ਦਾ ਅੰਮ੍ਰਿਤ (ਹੋਣ ਕਰਕੇ) ਬੈਕੁੰਠ ਨੂੰ ਛੱਡ ਕੇ ਧਰਤੀ ਵਿਚ ਆ ਗਈ। ੨. ਨੌ ਸੌ ਤੇ ਨੜਿਨਵੇਂ ਨਦੀਆਂ ਨੇ ਮਿਲ ਕੇ, ਅਠਾਹਠ ਤੀਰਥਾਂ ਸਮੇਤ ਗੰਗਾ ਵਿਖੇ ਸਮਾਈ ਕੀਤੀ ਹੈ, (ਇਸੇ ਕਰਕੇ ਗੰਗਾ ਦਾ ਇਸ਼ਨਾਨ ਸਭ ਤੋਂ ਵੱਧ ਉੱਤਮਤਾ ਵਾਲਾ ਮੰਨਦੇ ਹਨ)। ੩. ਤਿੰਨਾਂ ਲੋਕਾਂ ਵਿਚ ਇਹ ਗੰਗਾ ਮਾਨਨੀਜ ਹੋਈ ਹੈ, ਜਿਸ ਨੂੰ ਸ਼ਿਵ ਜੀ ਨੇ ਲੈ ਕੇ ਸਿਰ 'ਤੇ ਰੱਖ ਲਿਆ ਹੈ। ੪. ਦੇਵੀਆਂ ਦੇਵਤੇ ਇਸ ਦੀ ਪੂਜਾ ਤੇ ਅਰਾਧਨਾ ਕਰਦੇ ਹਨ ਤੇ ਜੈ ਜੈਕਾਰ ਕਰਕੇ ਇਸ ਦੀ ਵੱਡੀ ਮਹਿਮਾ ਦਾ ਕਥਨ ਕਰਦੇ ਹਨ। ੫. (ਪਰ) ਲੱਖਾਂ ਬੈਕੁੰਠ ਤੇ ਬੈਕੁੰਠ ਧਾਮਾਂ ਦੇ ਮਾਲਕ, ਸਮੇਤ ਗੰਗਾ ਦੇ ਲਿਵ ਲਾਉਂਦੇ (ਤੇ ਧਿਆਨ ਜੋੜ ਕੇ ਕਹਿ ਰਹੇ ਹਨ ਕਿ) ੬. ਸੰਤਾਂ ਦੇ ਚਰਣਾਂ ਦੀ ਧੂੜੀ ਕੀਮਤੀ ਵਸਤੂ ਹੈ, (ਜੋ ਪੂਰੇ) ਸਤਿਗੁਰੂ ਅਤੇ ਸਾਧ ਸੰਗਤ ਦੀ ਸ਼ਰਣ ਗਿਆਂ ਹੀ ਪ੍ਰਾਪਤ ਹੁੰਦੀ ਹੈ। ੭. ਸਾਧੂ ਦੇ ਚਰਣ ਕਵਲਾਂ ਦੇ ਇਕ ਕਿਣਕੇ ਦੀ ਵੀ ਕੀਮਤ ਕਿਸੇ ਨਹੀਂ ਪਾਈ। (ਸਾਧੂ ਦੇ ਚਰਣ ਕਵਲਾਂ ਦੀ ਧੂੜੀ ਸਭ ਤੋਂ ਪਵਿੱਤਰ ਤੇ ਕੀਮਤੀ ਹੈ)॥ ੪॥

੫. ਗੁਰਮੁਖ ਦੀ ਕਰਣੀ ਤੇ ਮਹਿਮਾ

੧. ਚਰਣ ਸਰਣਿ ਜਿਸੁ ਲਖਮੀ ਲਖ ਕਲਾ ਹੋਇ ਲਖੀ ਨ ਜਾਈ।
੨. ਰਿਧਿ ਸਿਧਿ ਨਿਧਿ ਸਭ ਗੋਲੀਆਂ ਸਾਧਿਕ ਸਿਧ ਰਹੇ ਲਪਟਾਈ।
੩. ਚਾਰਿ ਵਰਨ ਛਿਅ ਦਰਸਨਾਂ ਜਤੀ ਸਤੀ ਨਉ ਨਾਥ ਨਿਵਾਈ।
੪. ਤਿੰਨ ਲੋਅ ਚੌਦਹ ਭਵਨ ਜਲਿ ਥਲਿ ਮਹੀਅਲ ਛਲੁ ਕਰਿ ਛਾਈ।
੫. ਕਵਲਾਸਣੁ ਕਵਲਾਪਤੀ ਸਾਧਸੰਗਤਿ ਸਰਣਾਗਤਿ ਆਈ।
੬. ਪੈਰੀ ਪੈ ਪਾ ਖਾਕ ਹੋਇ ਆਪੁ ਗਵਾਇ ਨ ਆਪੁ ਗਣਾਈ।
੭. ਗੁਰਮੁਖਿ ਸੁਖ ਫਲੁ ਵਡੀ ਵਡਿਆਈ॥ ੫॥

ਪਦ ਅਰਥ - ਕਲਾ=ਸ਼ਕਤੀਆਂ। ਗੋਲੀਆਂ=ਟਹਿਲਣਾ, ਦਾਸੀਆਂ। ਸਾਧਿਕ=ਸਾਧਨਾ ਤੇ ਘਾਲ ਕਮਾਈ ਕਰਨ ਵਾਲੇ। ਕਵਲਾਸਣੁ=ਲੱਛਮੀ। ਕਵਲਾਪਤੀ=ਵਿਸ਼ਨੂੰ।

ਅਰਥ - ੧. (ਜਿਸ) ਲੱਛਮੀ (ਮਾਇਆ) ਦੀ ਸ਼ਰਣ ਵਿਚ (ਸਾਰਾ ਸੰਸਾਰ) ਹੈ, (ਉਹ ਲੱਛਮੀ ਗੁਰਮੁਖ ਦੀ ਸ਼ਰਨ ਵਿਚ ਹੈ) ਤੇ ਲੱਖਾਂ ਕਲਾਂ (ਸ਼ਕਤੀਆਂ) ਜਿਸ ਮਾਇਆ ਦੀ ਸ਼ਰਣ ਵਿਚ ਹਨ, ਉਹ ਕਿਸੇ ਤੋਂ ਲਖੀ (ਭਾਵ ਜਾਣੀ) ਨਹੀਂ ਜਾਂਦੀ। ੨. ਰਿੱਧੀਆਂ ਸਿੱਧੀਆਂ ਤੇ ਨਿਧੀਆਂ ਸਭ (ਲੱਛਮੀ ਦੀਆਂ) ਗੋਲੀਆਂ (ਦਾਸੀਆਂ) ਹਨ, ਸਾਧਨਾ ਕਰਨ ਵਾਲੇ ਸਾਧਕ ਵੀ ਲੱਛਮੀ ਦੀ ਲਪੇਟ ਵਿਚ ਹੀ ਹਨ। ੩. ਚਾਰ ਵਰਣ ਤੇ ਛੀਏ ਦਰਸ਼ਨ (ਛੇ ਸ਼ਾਸਤਰਾਂ ਦੇ ਵੱਖ ਵੱਖ ਧਰਮ) ਅਤੇ ਜਤੀ ਸਤੀ ਤੇ ਨਉ ਨਾਥ ਸਭਨਾਂ ਨੂੰ ਲੱਛਮੀ ਨੇ ਆਪਣੇ ਵਸ ਕਰ ਲਿਆ ਹੈ। ੪. ਤਿੰਨ ਲੋਕ, ਚੌਦਾਂ ਭਵਨ, ਜਲਾਂ ਥਲਾਂ, ਧਰਤੀ ਤੇ ਆਕਾਸ਼

ਪਾਤਾਲ ਵਿਚ ਛਲ ਰੂਪ ਹੋ ਕੇ ਇਹ ਮਾਇਆ ਸਭ 'ਤੇ ਛਾਈ ਹੋਈ ਹੈ। ੫. (ਐਸੀ ਸਭ ਨੂੰ ਵਸ ਵਿਚ ਕਰ ਲੈਣ ਵਾਲੀ) ਕਵਲਾ (ਲੱਛਮੀ) ਆਪਣੇ ਪਤੀ (ਵਿਸ਼ਨੂੰ ਸਹਿਤ) ਸਾਧ ਸੰਗਤ ਦੀ ਸ਼ਰਣ ਵਿਚ ਆਈ ਹੈ। ੬. (ਸਾਧ ਸੰਗਤ ਦੀ) ਸ਼ਰਣੀ ਲੱਗ ਕੇ, ਪੈਰੀਂ ਪੈ ਕੇ, ਚਰਣਾਂ ਦੀ ਧੂੜੀ ਬਣ ਗਈ ਹੈ, ਆਪਾ ਗਵਾ ਕੇ, ਉਹ ਫਿਰ ਆਪੇ ਨੂੰ ਜਤਾਉਂਦੀ ਵੀ ਨਹੀਂ ਹੈ। ੭. (ਇਹ ਹੈ) ਗੁਰਮੁਖਾਂ ਦਾ ਸੁਖ ਫਲ (ਦੀ ਅਚਰਜ ਕਹਾਣੀ ਤੇ ਤਪ ਤਿਆਗ ਦੀ ਅਲੌਕਿਕ ਕਥਾ, ਜਿਸ ਕਾਰਣ ਉਸ ਦੀ) ਵੱਡੀ ਤੋਂ ਵੱਡੀ ਸ਼ੋਭਾ ਹੈ॥੫॥

੬. ਬਲ ਰਾਜੇ ਤੇ ਬਾਵਨ ਰੂਪ ਦੀ ਸਾਖੀ

੧. ਬਾਵਨ ਰੂਪੀ ਹੋਇ ਕੈ ਬਲਿ ਛਲਿ ਅਛਲਿ ਆਪੁ ਛਲਾਇਆ।
੨. ਕਰੌਂ ਅਢਾਈ ਧਰਤਿ ਮੰਗਿ ਪਿਛੌਂ ਦੇ ਵਡ ਪਿੰਡੁ ਵਧਾਇਆ।
੩. ਦੁਇ ਕਰੁਵਾ ਕਰਿ ਤਿੰਨਿ ਲੋਅ ਬਲਿਰਾਜੇ ਫਿਰਿ ਮਗਰੁ ਮਿਣਾਇਆ।
੪. ਸੁਰਗਹੁ ਚੰਗਾ ਜਾਣਿ ਕੈ ਰਾਜੁ ਪਤਾਲ ਲੋਕ ਦਾ ਪਾਇਆ।
੫. ਬ੍ਰਹਮਾ ਬਿਸਨੁ ਮਹੇਸੁ ਤ੍ਰੈ ਭਗਤਿ ਵਛਲ ਦਰਵਾਨ ਸਦਾਇਆ।
੬. ਬਾਵਨ ਲਖ ਸੁਪਾਵਨਾ ਸਾਧਸੰਗਤਿ ਰਜ ਇਛ ਇਛਾਇਆ।
੭. ਸਾਧ ਸੰਗਤਿ ਗੁਰ ਚਰਨ ਧਿਆਇਆ॥੬॥

ਪਦ ਅਰਥ - ਅਛਲਿ=ਜਿਸ ਨੂੰ ਕੋਈ ਛਲ ਨਹੀਂ ਸਕਦਾ। ਕਰੁਵਾ=ਕਦਮ, ਉਲਾਂਘ। ਪਿੰਡੁ=ਦੇਹ, ਸਰੀਰ। ਮਗਰੁ=ਸਰੀਰ ਦਾ ਮਗਰਲਾ ਹਿੱਸਾ, ਕੰਡ। ਸੁਪਾਵਨਾ=ਪਵਿੱਤ੍ਰ ਤੋਂ ਪਵਿੱਤ੍ਰ।

ਅਰਥ - ੧. (ਪਰਮੇਸ਼ਰ ਨੇ ਨਿੱਕਾ ਜਿਹਾ ਬੌਣਾ) ਬਾਵਨ ਰੂਪ ਧਾਰਕੇ, ਰਾਜੇ ਬਲ ਨੂੰ ਛਲ ਲਿਆ, (ਪਰ ਬਲ ਦੀ ਭਗਤੀ 'ਤੇ ਪ੍ਰਸੰਨ ਹੋ ਕੇ, ਫਿਰ) ਅਛਲ ਨੇ ਆਪ ਛਲਾ ਲਿਆ। ੨. (ਦਾਨ ਮੰਗਿਆ ਢਾਈ ਕਦਮ ਧਰਤੀ, ਤੇ ਬਲ ਨੇ ਮੰਨ ਲਿਆ, ਪਰ) ਬਾਵਨ ਨੇ ਨਿੱਕੇ ਜਿਹੇ ਸਰੀਰ ਨੂੰ ਏਨਾ ਵਧਾਇਆ ਕਿ ੩. ਦੋ ਕਦਮਾਂ ਨਾਲ ਸਾਰੀ ਧਰਤੀ ਮਿਣ ਲਈ। ਤਿੰਨੇ ਲੋਕ ਹੀ ਉਸ ਦੇ ਦੋ ਕਦਮਾਂ ਵਿਚ ਮਿਣੇ ਗਏ। ਇਹ ਵੇਖ ਰਾਜਾ ਬਲ ਡੋਲਿਆ, ਧਰਮ (ਬਚਨ, ਪ੍ਰਣ) ਅਨੁਸਾਰ ਬਾਕੀ ਅੱਧੇ ਕਦਮ ਲਈ ਆਪਣੇ ਆਪ ਨੂੰ ਪੇਸ਼ ਕਰ ਦਿੱਤਾ। ਬਾਵਨ ਨੇ ਬਲ ਨੂੰ ਮੂੰਹ ਪਰਨੇ ਲੇਟੇ ਨੂੰ ਪਿੱਠ ਉਪਰ ਪੈਰ ਰੱਖ ਕੇ ਮਿਣਿਆ (ਤੇ ਦਬਾ ਕੇ ਪਾਤਾਲ ਵਿਚ ਧੱਕ ਦਿੱਤਾ)। ੪. (ਬਲ ਨੇ ਬਾਵਨ ਦੇ ਪੈਰ ਫੜ ਲਏ ਤਾਂ ਬਾਵਨ ਨੇ ਖ਼ੁਸ਼ ਹੋ) ਪਾਤਾਲ ਦਾ ਰਾਜ ਦੇ ਦਿੱਤਾ। (ਉਸ ਨੇ ਸੁਰਗ ਤੋਂ ਚੰਗਾ, ਪਾਤਾਲ ਦੇ ਰਾਜ ਨੂੰ ਜਾਣ ਲਿਆ। ਉਹ ੧੦੦ ਯੱਗ ਸੰਪੂਰਨ ਕਰਕੇ ਸੁਰਗਾਪੁਰੀ ਦਾ ਰਾਜ ਲੈਣਾ ਚਾਹੁੰਦਾ ਸੀ, ਪਰ ਪਰਮੇਸ਼ਰ ਨੇ ਬਾਵਨ ਰੂਪ ਹੋ, ਉਸ ਨੂੰ ਪਾਤਾਲ ਦਾ ਰਾਜ ਬਖ਼ਸ਼ ਦਿੱਤਾ)। ੫. (ਬਲ ਨੂੰ ਦਿੱਤੇ ਬਚਨ ਅਨੁਸਾਰ) ਵਿਸ਼ਨੂੰ, ਬ੍ਰਹਮਾ ਤੇ ਸ਼ਿਵਜੀ ਤਿੰਨੇ ਹੀ ਉਸ ਦੇ ਦਰ ਦੇ ਦਰਵਾਨ (ਪਹਿਰੇਦਾਰ) ਬਣ ਕੇ ਵਾਰੋ ਵਾਰੀ ਪਹਿਰਾ ਦੇ ਰਹੇ ਹਨ। ਕਿਉਂਕਿ ਪ੍ਰਭੂ ਦਾ ਬਿਰਦ ਭਗਤ ਵਛਲ ਹੈ ਤੇ ਬਲ ਦੀ ਨਿਮ੍ਰਤਾ ਧਾਰਨ ਵਿਚ ਸਭ ਭਗਤੀਆਂ ਆ ਗਈਆਂ ਤੇ ਉਸ ਨੇ ਅਛਲ ਨੂੰ ਛਲ ਲਿਆ। ੬. (ਭਾਈ ਸਾਹਿਬ ਜੀ ਲਿਖਦੇ ਹਨ ਕਿ) ਬਾਵਨ ਵਰਗੇ ਸੁਪਾਵਨ

(ਵੱਡੇ ਪਵਿੱਤ੍ਰ) ਲੱਖਾਂ ਹਨ ਜਿਨ੍ਹਾਂ ਨੇ ਸਾਧ ਸੰਗਤ ਦੀ ਚਰਣ ਧੂੜੀ ਦੀ ਇੱਛਾ ਕੀਤੀ ਹੈ, ਜੋ ਸਭ ਇੱਛਾ ਨੂੰ ਪੂਰਨ ਕਰਨ ਵਾਲੀ ਹੈ। ੭. (ਇਸ ਲਈ ਅਸਾਂ) ਸਾਧ ਸੰਗਤ ਤੇ ਗੁਰੂ ਦੇ ਚਰਣਾਂ ਦੀ ਅਰਾਧਨਾ ਕੀਤੀ ਹੈ॥ ੬॥

੭. ਸਹੰਸਰ ਬਾਹੂ ਤੇ ਪਰਸਰਾਮ ਦੀ ਸਾਖੀ

੧. ਸਹਸ ਬਾਹੁ ਜਮਦਗਨਿ ਘਰਿ ਹੋਇ ਪਰਾਹੁਣਚਾਰੀ ਆਇਆ।
੨. ਕਾਮਧੇਣੁ ਲੋਭਾਇ ਕੈ ਜਮਦਗਨੈ ਦਾ ਸਿਰੁ ਵਢਵਾਇਆ।
੩. ਪਿਟਦੀ ਸੁਣਿ ਕੈ ਰੇਣੁਕਾ ਪਰਸਰਾਮ ਧਾਈ ਕਰਿ ਧਾਇਆ।
੪. ਇਕੀਹ ਵਾਰ ਕਰੋਧ ਕਰਿ ਖੜ੍ਹੀ ਮਾਰਿ ਨਿ-ਖਤ੍ਰ ਗਵਾਇਆ।
੫. ਚਰਣ ਸਰਣਿ ਫੜਿ ਉਬਰੇ ਦੂਜੈ ਕਿਸੈ ਨ ਖੜਗੁ ਉਚਾਇਆ।
੬. ਹਉਮੈ ਮਾਰਿ ਨ ਸਕੀਆ ਚਿਰੰਜੀਵ ਹੁਇ ਆਪੁ ਜਣਾਇਆ।
੭. ਚਰਣ ਕਮਲ ਮਕਰੰਦੁ ਨ ਪਾਇਆ॥ ੭॥

ਪਦ ਅਰਥ - ਸਹਸ ਬਾਹੁ=ਹਜ਼ਾਰ ਬਾਹਵਾਂ ਵਾਲਾ। ਜਮਦਗਨਿ=ਰਿਖੀ ਦਾ ਨਾਮ ਸੀ। ਪਰਾਹੁਣਚਾਰੀ=ਪਰਾਹੁਣਾ ਬਣ ਕੇ। ਰੇਣੁਕਾ=ਜਮਦਗਨਿ ਦੀ ਪਤਨੀ। ਨਿ-ਖਤ੍ਰ=ਖੜ੍ਹੀਆਂ ਤੋਂ ਪ੍ਰਿਥਵੀ ਖਾਲੀ ਕਰ ਦਿੱਤੀ, ਭਾਵ ਸਭ ਮਾਰ ਦਿੱਤੇ।

ਅਰਥ - ੧. ਹਜ਼ਾਰ ਬਾਹਾਂ ਵਾਲਾ (ਸਹਸ ਬਾਹੁ) ਜਮਦਗਨਿ ਰਿਖੀ (ਜੋ ਰਿਸ਼ਤੇ ਵਿਚ ਉਸ ਦਾ ਸਾਂਢੂ ਸੀ) ਦੇ ਘਰ (ਜੰਗਲ ਵਿਖੇ) ਪਰਾਹੁਣਾ ਬਣ ਕੇ ਆ ਗਿਆ। ੨. (ਜਮਦਗਨਿ ਰਿਖੀ ਨੇ ਅਰਧਾਨਾ ਕੀਤੀ ਤੇ ਕਾਮਧੇਨ ਗਊ ਪ੍ਰਾਹੁਣਿਆਂ ਦੀ ਖਾਤਰਦਾਰੀ (ਸੇਵਾ ਕਰਨ ਲਈ) ਸਵਰਗਾਂ ਵਿਚੋਂ ਧਰਤੀ 'ਤੇ ਆਪਣੇ ਘਰ ਵਿਖੇ ਲੈ ਆਂਦੀ। ਤਰ੍ਹਾਂ ਤਰ੍ਹਾਂ ਦੇ ਸਵਾਦਿਸ਼ਟ ਭੋਜਨ ਰਾਜੇ ਦੀ ਫ਼ੌਜ ਤੇ ਹੋਰ ਸਭ ਨੂੰ ਮਿਲੇ। ਜਮਦਗਨਿ ਨੇ ਵੇਖ ਲਿਆ ਕਿ ਕਾਮਧੇਨ ਗਊ ਤੋਂ ਇਹ ਸਭ ਕਝ ਮਿਲਿਆ ਹੈ, ਤਾਂ ਉਹ) ਕਾਮਧੇਨ ਦਾ ਲੋਭੀ ਹੋ ਗਿਆ (ਕਿ ਇਸ ਨੂੰ ਮੈਂ ਕਬਜ਼ੇ ਵਿਚ ਕਰ ਲਵਾਂ, ਕਿਉਂਕਿ ਜਮਦਗਨਿ ਤੋਂ ਮੰਗੀ ਸੀ ਤਾਂ ਉਸ ਕਿਹਾ—ਇਹ ਮੇਰੀ ਨਹੀਂ ਹੈ, ਸਵਰਗਾਂ ਤੋਂ ਆਈ ਹੈ ਤੇ ਉਥੇ ਹੀ ਜਾਵੇਗੀ। ਉਹ ਜ਼ਬਰਦਸਤੀ ਕਰਨ ਲੱਗਾ ਤਾਂ ਕਾਮਧੇਨ ਸਵਰਗਾਂ ਨੂੰ ਉਡ ਗਈ ਤੇ ਸਹਸ ਬਾਹੁ ਨੇ ਗੁੱਸੇ ਵਿਚ ਆ ਕੇ) ਰਿਖੀ ਜਮਦਗਨਿ ਦਾ ਸਿਰ ਤਲਵਾਰ ਮਾਰ ਕੇ ਵੱਢ ਦਿੱਤਾ। ੩. (ਰਿਖੀ ਦੀ ਪਤਨੀ) ਰੇਣੁਕਾ ਪਤੀ ਦਾ ਕਤਲ ਵੇਖ ਕੇ ਵਿਰਲਾਪ ਕਰਨ ਲੱਗੀ। (ਮਾਂ ਨੂੰ ਰੋਂਦੀ ਵੇਖ) ਪਰਸਰਾਮ ਜੰਗਲ ਵਿਚੋਂ ਦੌੜ ਕੇ ਉਸ ਦੇ ਪਾਸ ਪੁੱਜਾ। ੪. (ਮਾਂ ਕੋਲੋਂ ਸਭ ਕੁਝ ਸੁਣ ਕੇ ਉਸ ਨੇ ਸਹਸ ਬਾਹੁ ਤੇ ਉਸ ਦੀ ਫੌਜ ਨੂੰ ਕੁਹਾੜੇ ਨਾਲ ਖਤਮ ਕਰ ਦਿੱਤਾ। (ਇਸ ਨੇ) ੨੧ ਵੇਰ ਧਰਤੀ ਤੋਂ ਖੱਤਰੀ ਰਾਜਿਆਂ ਨੂੰ ਮਾਰ ਕੇ ਭਜਾ ਦਿੱਤਾ। ਕਰੋਧ ਕਰਕੇ ਧਰਤੀ ਤੋਂ ਖੱਤਰੀ ਰਾਜੇ ਮਾਰ ਮੁਕਾਏ। ੫. ਜਿਹੜੇ ਬਚਦੇ ਰਹੇ, ਉਹ ਪਰਸ ਰਾਮ ਤੋਂ ਹੱਥ ਜੋੜ ਅਤੇ ਸ਼ਰਣ ਵਿਚ ਆ ਕੇ ਬਚਦੇ ਰਹੇ। ਹੋਰ ਕਿਸੇ ਨੇ ਉਸ ਵਿਰੁਧ ਖੜਗ ਨਾ ਚੁੱਕੀ। ੬. ਪਰਸ ਰਾਮ ਬਹੁਤ ਵੱਡੀ ਉਮਰ

ਦਾ ਹੋਇਆ ਪਰ ਇਹ ਹਉਮੈ ਨੂੰ ਨਾ ਮਾਰ ਸਕਿਆ। (ਖੱਤਰੀ ਭਾਵੇਂ ੨੧ ਵਾਰ ਮਾਰੇ)। ਇਹ ਆਪਾ ਜਣਾਉਣ ਲੱਗ ਪਿਆ (ਭਾਵ ਹੰਕਾਰੀ ਹੋ ਗਿਆ)। ੭. ਇਹ ਆਪਣੇ ਹੰਕਾਰ ਕਰਕੇ ਪ੍ਰਭੂ ਦੇ ਚਰਣ ਕਵਲਾਂ ਦਾ ਰਸ ਪ੍ਰਾਪਤ ਨਾ ਕਰ ਸਕਿਆ॥ ੭॥

੮. ਰਾਮ ਚੰਦਰ ਜੀ ਦਾ ਪਰਤਾਪ ਤੇ ਸਾਧੂ ਦੀ ਚਰਣ ਧੂੜੀ

੧. ਰੰਗ ਮਹਲ ਰੰਗ ਰਾਗ ਵਿਚਿ ਦਸਰਥੁ ਕਉਸਲਿਆ ਰਲੀਆਲੇ।
੨. ਮਤਾ ਮਤਾਇਨਿ ਆਪ ਵਿਚਿ ਚਾਇ ਚਈਲੇ ਖਰੇ ਸੁਖਾਲੇ।
੩. ਘਰਿ ਅਸਾੜੈ ਪੁਤੁ ਹੋਇ ਨਾਉ ਕਿ ਧਰੀਐ ਬਾਲਕ ਬਾਲੇ।
੪. ਰਾਮ ਚੰਦੁ ਨਾਉ ਲੈਂਦਿਆਂ ਤਿੰਨਿ ਹਤਿਆ ਤੇ ਹੋਇ ਨਿਰਾਲੇ।
੫. ਰਾਮ ਰਾਜ ਪਰਵਾਣ ਜਗਿ ਸਤ ਸੰਤੋਖ ਧਰਮ ਰਖਵਾਲੇ।
੬. ਮਾਇਆ ਵਿਚਿ ਉਦਾਸ ਹੋਇ ਸੁਣੈ ਪੁਰਾਣੁ ਬਸਿਸਟੁ ਬਹਾਲੇ।
੭. ਰਾਮਾਇਣੁ ਵਰਤਾਇਆ ਸਿਲਾ ਤਰੀ ਪਗ ਛੁਹਿ ਤਤਕਾਲੇ।
੮. ਸਾਧਸੰਗਤਿ ਪਗ ਧੂੜਿ ਨਿਹਾਲੇ॥ ੮॥

ਪਦ ਅਰਥ - ਰੰਗ ਮਹਲ=ਮਹਲਾਂ ਦੇ ਰਸ ਰਣਵਾਸ ਵਿਚ। ਰਲੀਆਲੇ=ਗਰਭਵਤੀ। ਚਾਇ ਚਈਲੇ= ਖੁਸ਼ੀ ਤੇ ਚਾਵਾਂ ਨਾਲ। ਬਾਲੇ=ਹੇ ਸੁੰਦਰ ਇਸਤ੍ਰੀਏ। ਤਿੰਨਿ ਹਤਿਆ=ਸਰਵਣ ਤੇ ਉਸਦੇ ਮਾਂ ਪਿਉ ਦੀ। ਰਾਮਾਇਣੁ=ਰਾਮ (ਪਰਮੇਸ਼ਰ) ਦੇ ਆਸਰੇ।

ਅਰਥ - ੧. ਰਾਜਾ ਦਸਰਥ ਦੇ ਖਾਸ ਰੰਗ ਮਹਿਲਾਂ ਵਿਚ, ਜਦ ਰਾਣੀ ਕੁੱਸ਼ਲਿਆ ਗਰਭਵਤੀ ਹੋ ਗਈ। ੨. (ਤਾਂ ਉਸ ਸਮੇਂ) ਬੜੇ ਚਾਵਾਂ ਤੇ ਖੁਸ਼ੀਆਂ ਵਿਚ ਪਤੀ ਪਤਨੀ ਆਪਸ ਵਿਚ ਸਲਾਹਾਂ ਕਰਨ ਲੱਗੇ (ਜੋ) ਬੜੇ ਹੀ ਸੁਖਾਂ ਵਿਚ ਮਸਤ ਸਨ (ਸਲਾਹ ਇਹ ਕਰਦੇ ਸਨ ਕਿ ਜੇ) ੩. ਅਸਾਡੇ ਘਰ ਪੁੱਤਰ ਹੋਵੇ, ਤਾਂ ਉਸਦਾ ਨਾਮ ਕੀ ਰੱਖਿਆ ਜਾਵੇ ? ਹੇ ਬਾਲੇ ! (ਕੁੱਸ਼ਲਿਆ ਨੂੰ ਸੰਬੋਧਨ ਕਰਕੇ ਕਿਹਾ ਹੈ)। ੪. ਰਾਮ ਚੰਦ ਨਾਉਂ (ਉਨ੍ਹਾਂ ਦੇ ਮੂੰਹੋਂ ਨਿਕਲਿਆ) ਇਹ ਨਾਮ ਲੈਂਦਿਆਂ ਹੀ ਤਿੰਨਾਂ ਹਤਿਆਂ (ਸਰਵਨ ਤੇ ਉਸਦੇ ਅੰਨ੍ਹੇ ਮਾਤਾ ਪਿਤਾ, ਜੋ ਰਾਜਾ ਦਸਰਥ ਤੋਂ ਭੁਲੇਖੇ ਵਿਚ ਆ ਕੇ ਤੀਰ ਵੱਜਣ ਨਾਲ ਮਾਰੇ ਗਏ) ਤੋਂ ਰਹਿਤ ਹੋ ਗਏ। ੫. ਰਾਮ ਚੰਦਰ ਜੀ ਦਾ ਰਾਮ ਰਾਜ ਜਗ ਤੇ ਪ੍ਰਮਾਣੀਕ ਰਾਜ ਸੀ, ਜੋ ਕਿ ਸਤ, ਸੰਤੋਖ ਤੇ ਧਰਮ ਵਾਲਾ ਰਾਜ ਸੀ। ੬. ਰਾਮ ਚੰਦਰ ਜੀ ਏਨੇ ਨਿਮ੍ਰਤਾ ਵਾਲੇ ਸਨ ਕਿ (ਗੁਰੂ) ਵਸ਼ਿਸ਼ਟ ਜੀ ਨੂੰ (ਆਪਣੇ ਤੋਂ ਉੱਚੇ) ਬਿਠਾ ਕੇ ਦਰਬਾਰ ਵਿਚ ਪੁਰਾਤਨ ਕਥਾਵਾਂ ਸੁਣਦੇ ਸਨ। ੭. (ਰਾਮ ਚੰਦਰ ਜੀ ਨੇ ਜਗਤ ਵਿਚ) ਰਾਮ-ਰਾਜ ਵਰਤਾਇਆ (ਭਾਵ ਸਭ ਨੂੰ ਨਿਸਚਿੰਤ ਕੀਤਾ, ਸਭ ਦੀਆਂ ਲੋੜਾਂ ਨੂੰ ਪੂਰਨ ਕੀਤਾ। ਇਸ ਦੇ ਨਾਲ ਸਭ ਦੇ ਮਨਾਂ ਵਿਚ ਇਹ ਗੱਲ ਪ੍ਰਪੱਕ ਕਰਕੇ ਬਿਠਾ ਦਿੱਤੀ ਕਿ ਸਾਡੇ ਜੀਵਨ) ਪ੍ਰਭੂ ਦੇ ਆਸਰੇ ਹਨ। (ਗੌਤਮ ਦੇ ਸਰਾਪ ਨਾਲ ਬਣੀ) ਸਿਲਾ ਰਾਮ ਜੀ ਦੇ ਪੈਰਾਂ ਨਾਲ ਲੱਗ ਕੇ ਤੁਰ ਗਈ।

੮. (ਰਾਮ ਚੰਦਰ ਜੀ ਪਰਮੇਸ਼ਰ ਦੇ ਪਿਆਰੇ ਸਨ) ਉਹ ਸਾਧੂ ਸੰਤਾਂ ਦੀ ਚਰਣ ਧੂੜੀ ਨੂੰ ਪਿਆਰਦੇ ਸਨ॥ ੮॥

ਭਾਵ - ਰਾਮ ਚੰਦਰ ਜੀ ਦੇ ਪ੍ਰਤਾਪ ਦਾ ਕਾਰਣ ਵੀ ਉਹਨਾਂ ਨੂੰ ਨਿਮ੍ਰਤਾ, ਭਗਤੀ ਤੇ ਸਾਧੂਆਂ ਦੀ ਸੰਗਤ ਕਰਨੀ ਦੱਸੀ ਗਈ ਹੈ।

੯. ਸ੍ਰੀ ਕ੍ਰਿਸ਼ਨ ਅਵਤਾਰ

੧. ਕਿਸਨ ਲੈਆ ਅਵਤਾਰੁ ਜਗਿ ਮਹਮਾ ਦਸਮ ਸਕੰਧੁ ਵਖਾਣੈ।
੨. ਲੀਲਾ ਚਲਤ ਅਚਰਜ ਕਰਿ ਜੋਗੁ ਭੋਗੁ ਰਸ ਰਲੀਆ ਮਾਣੈ।
੩. ਮਹਾ ਭਾਰਥੁ ਕਰਵਾਇਓਨੁ ਕੈਰੋ ਪਾਡੋ ਕਰਿ ਹੈਰਾਣੈ।
੪. ਇੰਦ੍ਰਾਦਿਕ ਬ੍ਰਹਮਾਦਿਕਾ ਮਹਿਮਾ ਮਿਤਿ ਮਿਰਜਾਦ ਨ ਜਾਣੈ।
੫. ਮਿਲੀਆ ਟਹਲਾ ਵੰਡਿ ਕੈ ਜਗਿ ਰਾਜਸੂ ਰਾਜੇ ਰਾਣੈ।
੬. ਮੰਗ ਲਈ ਹਰਿ ਟਹਲ ਏਹ ਪੈਰ ਧੋਇ ਚਰਣੋਦਕੁ ਮਾਣੈ।
੭. ਸਾਧਸੰਗਤਿ ਗੁਰ ਸਬਦੁ ਸਿਞਾਣੈ॥ ੯॥

ਪਦ ਅਰਥ - ਦਸਮ ਸਕੰਧੁ=ਭਾਗਵਤ ਪੁਰਾਣ ਦਾ ਦਸਵਾਂ ਪਰਬ। ਰਸ ਰਲੀਆ=ਖੁਸ਼ੀਆਂ ਤੇ ਆਨੰਦ। ਮਹਾ ਭਾਰਥੁ=ਘੋਰ ਤੇ ਮਹਾਨ ਯੁਧ। ਮਿਰਜਾਦ=ਮਰਯਾਦਾ, ਨਿਯਮ। ਟਹਲ=ਸੇਵਾ।

ਅਰਥ - ੧. ਕ੍ਰਿਸ਼ਨ ਜੀ ਦਾ ਜਗ 'ਤੇ ਅਵਤਾਰ ਧਾਰਨਾ, ਇਹ ਮਹਿਮਾ ਭਰੀ ਕਥਾ (ਭਾਗਵਤ ਪੁਰਾਣ ਦੇ) ਦਸਵੇਂ ਸਕੰਧ ਵਿਚ ਲਿਖੀ ਹੋਈ ਹੈ। ੨. ਉਹਨਾਂ ਨੇ ਅਸਚਰਜਤਾ ਵਾਲੀਆਂ ਲੀਲ੍ਹਾਂ, ਤਮਾਸ਼ੇ ਤੇ ਕੌਤਕ ਕੀਤੇ ਤੇ ਜੋਗ ਤੇ ਭੋਗ ਦੇ ਰਸ ਤੇ ਆਨੰਦ ਨੂੰ ਮਾਣਿਆਂ। ੩. ਸ੍ਰੀ ਕ੍ਰਿਸ਼ਨ ਜੀ ਨੇ ਮਹਾਂ ਭਾਰਥੁ ਦਾ ਵੱਡਾ ਜੰਗ ਅਖਾੜਾ ਕਰਵਾਇਆ ਤੇ ਕੌਰਵਾਂ ਪਾਂਡਵਾਂ ਦੋਹਾਂ ਨੂੰ ਹੀ ਹੈਰਾਨ ਕਰ ਦਿੱਤਾ। ੪. (ਜਿਸ ਦੀ ਹਿੰਦੂ ਧਰਮ ਅਨੁਸਾਰ) ਮਹਿਮਾ ਤੇ ਮਰਯਾਦਾ ਦੀ ਕੀਮਤ ਇੰਦਰ ਤੇ ਸ਼ਿਵਜੀ, ਵਿਸ਼ਨੂੰ, ਬ੍ਰਹਮਾ ਜੀ ਵਰਗੇ ਵੀ ਨਹੀਂ ਜਾਣ ਸਕਦੇ। ੫. ਏਨੀ ਵੱਡੀ ਗੌਰਵਤਾ ਵਾਲੇ ਕ੍ਰਿਸ਼ਨ ਜੀ ਸਨ, ਪਰ ਜਦ ਮਹਾਂਭਾਰਤ ਮਗਰੋਂ ਰਾਜਸੂ ਯੱਗ ਕਰਨ ਵੇਲੇ ਵੱਖ ਵੱਖ ਕੰਮਾਂ ਦੀਆਂ ਸੇਵਾਂ ਜਾਂ ਡਿਊਟੀਆਂ (ਟਹਿਲਾਂ) ਨੀਯਤ ਹੋਣ ਲੱਗੀਆਂ ਤਾਂ ੬. ਕ੍ਰਿਸ਼ਨ ਜੀ ਨੇ ਇਹ ਟਹਿਲ (ਸੇਵਾ) ਕਰਨੀ ਮੰਗ ਕੇ ਆਪਣੇ ਜ਼ੁੰਮੇ ਲੁਆ ਲਈ ਕਿ ਮੈਂ (ਸਾਧੂਆਂ ਦੇ) ਚਰਣ ਧੋਵਾਂਗਾ ਤੇ ਚਰਣੋਦਕ (ਚਰਣਾਂ ਦੇ ਧੋਣ ਰੂਪ ਅੰਮ੍ਰਿਤ) ਦਾ ਰੰਗ ਮਾਣਾਂਗਾ। ੭. ਸਾਧਾਂ ਦੀ ਸੰਗਤ ਤੇ ਗੁਰੂ ਦੇ ਸ਼ਬਦ (ਉਪਦੇਸ਼) ਨਾਲ ਹੀ ਇਹ ਪਛਾਣ ਹੁੰਦੀ ਹੈ। (ਭਾਵ ਹਉਮੈ ਦੇ ਤਿਆਗ ਨਾਲ ਹੀ ਨਿਮ੍ਰਤਾ ਧਾਰਨ ਕਰਕੇ ਹੀ ਮਨੁੱਖ ਸੇਵਾ ਦੀ ਕਮਾਈ ਕਰਦਾ ਹੈ)॥ ੯॥

੧੦. ਗੁਰੂ ਜੀ ਦੇ ਚਰਣ ਕਵਲਾਂ ਦੀ ਮਹਿਮਾ

੧. ਮਛ ਰੂਪ ਅਵਤਾਰੁ ਧਰਿ ਪੁਰਖਾਰਥੁ ਕਰਿ ਵੇਦ ਉਧਾਰੇ।
੨. ਕਛੁ ਰੂਪ ਹੁਇ ਅਵਤਰੇ ਸਾਗਰੁ ਮਥਿ ਜਗਿ ਰਤਨ ਪਸਾਰੇ।
੩. ਤੀਜਾ ਕਰਿ ਬੈਰਾਹ ਰੂਪੁ ਧਰਤਿ ਉਧਾਰੀ ਦੈਤ ਸੰਘਾਰੇ।
੪. ਚਉਥਾ ਕਰਿ ਨਰਸਿੰਘ ਰੂਪੁ ਅਸੁਰੁ ਮਾਰਿ ਪ੍ਰਹਿਲਾਦਿ ਉਬਾਰੇ।
੫. ਇਕਸੈ ਹੀ ਬ੍ਰਹਮੰਡ ਵਿਚਿ ਦਸ ਅਵਤਾਰ ਲਏ ਅਹੰਕਾਰੇ।
੬. ਕਰਿ ਬ੍ਰਹਮੰਡ ਕਰੋੜਿ ਜਿਨਿ ਲੂੰਅ ਲੂੰਅ ਅੰਦਰਿ ਸੰਜਾਰੇ।
੭. ਲਖ ਕਰੋੜਿ ਇਵੇਹਿਆ ਓਅੰਕਾਰ ਅਕਾਰ ਸਵਾਰੇ।
੮. ਚਰਣ ਕਮਲ ਗੁਰ ਅਗਮ ਅਪਾਰੇ ॥੧੦॥

ਪਦ ਅਰਥ - ਪੁਰਖਾਰਥੁ=ਉੱਦਮ, ਜਤਨ। ਬੈਰਾਹ=ਸੂਰ ਦਾ ਰੂਪ ਧਾਰ ਕੇ। ਅਸੁਰੁ=ਰਾਖਸ਼, ਦੈਂਤ। ਲੂੰਅ=ਰੋਮ। ਸੰਜਾਰੇ=ਸਮਾਏ ਹੋਏ ਹਨ।

ਅਰਥ - ੧. ਪਰਮਾਤਮਾ ਨੇ ਮੱਛ ਰੂਪ ਧਾਰ ਕੇ ਅਵਤਾਰ ਲਿਆ, ਜਿਸ ਨੇ ਪੁਰਸ਼ਾਰਥ (ਉੱਦਮ ਤੇ ਮਿਹਨਤ) ਕਰਕੇ ਵੇਦਾਂ ਨੂੰ ਉਧਾਰਿਆ, (ਭਾਵ ਬਚਾਇਆ)। ੨. ਫਿਰ ਕੱਛੂ ਦਾ ਰੂਪ ਧਾਰ ਅਵਤਾਰ ਲਿਆ ਤੇ ਜਗਤ ਵਿਚ ਸਮੁੰਦਰ ਨੂੰ ਰਿੜਕ ਰਤਨਾਂ ਦਾ ਪਸਾਰਾ ਕੀਤਾ। (ਚੌਦਾਂ ਰਤਨ ਕੱਢੇ ਗਏ)। ੩. ਤੀਜਾ ਸੂਰ ਦਾ ਰੂਪ ਧਾਰ ਕੇ ਅਵਤਾਰ ਲਿਆ। ਧਰਤੀ ਦਾ ਉਧਾਰ ਕੀਤਾ, (ਦੁੱਖ ਦੇਣ ਵਾਲੇ ਸਭ) ਦੈਂਤ ਮਾਰ ਮੁਕਾਏ। ੪. ਚੌਥਾ ਨਰਸਿੰਘ ਦਾ ਰੂਪ ਧਾਰਨ ਕਰਕੇ, ਦੈਂਤ ਨੂੰ ਮਾਰ ਕੇ ਪ੍ਰਹਿਲਾਦ (ਭਗਤ) ਦੀ ਰੱਖਿਆ ਕੀਤੀ, (ਉਸ ਨੂੰ ਬਚਾ ਲਿਆ, ਦੁੱਖਾਂ ਤੋਂ ਛੁਡਾ ਲਿਆ)। ੫. ਇਸ ਇਕੋ ਬ੍ਰਹਮੰਡ ਵਿਚ ਹੀ ਦਸ ਅਵਤਾਰਾਂ ਨੇ ਜਨਮ ਲਿਆ, (ਇਸ ਗੱਲ ਦਾ ਲੋਕੀ) ਹੰਕਾਰ ਕਰਦੇ ਹਨ। ੬. (ਪਰ ਇਹ ਨਹੀਂ ਜਾਣਦੇ ਕਿ ਪਰਮੇਸ਼ਰ ਨੇ ਇਹੋ ਜਿਹੇ) ਕਰੋੜਾਂ ਹੀ ਬ੍ਰਹਿਮੰਡ (ਰਚੇ ਹਨ) ਤੇ ਇੱਕ ਇੱਕ ਲੂੰਅ ਵਿਚ ਸਮਾਏ ਹੋਏ ਹਨ। ੭. ਇਹੋ ਜਿਹੇ (ਅਵਤਾਰਾਂ ਵਰਗੇ) ਲੱਖਾਂ ਤੇ ਕਰੋੜਾਂ ਸਰੂਪ (ਪਰਮੇਸ਼ਰ ਨੇ) ਸਵਾਰ ਛੱਡੇ ਹਨ, (ਜਿਨ੍ਹਾਂ ਦੇ ਮੁਕਾਬਲੇ ਇਹ ਦਸਾਂ ਦਾ ਕਥਨ ਕੀ ਚੀਜ਼ ਹੈ, ਭਾਵ ਕੁਝ ਵੀ ਨਹੀਂ)। ੮. (ਪਰ) ਇੱਕ ਗੁਰੂ ਦੇ ਚਰਣ ਕਮਲ ਐਸੇ ਅਗੰਮ (ਗਮਤਾ ਰਹਿਤ) ਤੇ ਅਪਾਰ ਉੱਚਤਾ ਵਾਲੇ ਹਨ, ਜਿਨ੍ਹਾਂ ਦੀ ਕਿ ਕੋਈ ਕੀਮਤ ਪਾ ਨਹੀਂ ਸਕਦਾ। (ਭਾਵ ਅਵਤਾਰਾਂ ਨੇ ਤਾਂ ਆਪਣੀ ਹੀ ਪੂਜਾ ਕਰਵਾਈ ਤੇ ਆਪਣੇ ਹੀ ਨਾਮ ਦਾ ਪਰਚਾਰ ਕੀਤਾ, ਪਰ ਕਰੋੜਾਂ ਬ੍ਰਹਮੰਡਾਂ ਦੇ ਸਾਜਣਹਾਰ ਪ੍ਰਭੂ ਦਾ ਨਾਮ ਗੁਰੂ ਨਾਨਕ ਦੇਵ ਜੀ ਨੇ ਹੀ ਜਪਾਇਆ, ਇਸੇ ਲਈ ਇਹ ਅਗੰਮ ਤੇ ਅਪਾਰ ਹਨ)॥੧੦॥

੧੧. ਸਤਿਗੁਰੂ ਜੀ ਦੇ ਚਰਣ ਕਵਲ ਸਭ ਤੋਂ ਸ੍ਰੇਸ਼ਟ ਹਨ

੧. ਸਾਸਤ੍ਰ ਵੇਦ ਪੁਰਾਣ ਸਭ ਸੁਣਿ ਸੁਣਿ ਆਖਣੁ ਆਖ ਸੁਣਾਵਹਿ।

੨. ਰਾਗ ਨਾਦ ਸੰਗਤਿ ਲਖ ਅਨਹਦ ਧੁਨਿ ਸੁਣਿ ਸੁਣਿ ਗੁਣ ਗਾਵਹਿ।
੩. ਸੇਖ ਨਾਗ ਲਖ ਲੋਮਸਾ ਅਬਿਗਤਿ ਗਤਿ ਅੰਦਰਿ ਲਿਵ ਲਾਵਹਿ।
੪. ਬ੍ਰਹਮੇ ਬਿਸਨੁ ਮਹੇਸ ਲਖ ਗਿਆਨੁ ਧਿਆਨੁ ਤਿਲੁ ਅੰਤੁ ਨ ਪਾਵਹਿ।
੫. ਦੇਵੀ ਦੇਵ ਸਰੇਵਦੇ ਅਲਖ ਅਭੇਵ ਨ ਸੇਵ ਪੁਜਾਵਹਿ।
੬. ਗੋਰਖ ਨਾਥ ਮਛੰਦ੍ਰ ਲਖ ਸਾਧਿਕ ਸਿਧਿ ਨੇਤ ਕਰਿ ਧਿਆਵਹਿ।
੭. ਚਰਨ ਕਮਲ ਗੁਰੁ ਅਗਮ ਅਲਾਵਹਿ ॥ ੧੧ ॥

ਪਦ ਅਰਥ - ਲੋਮਸਾ=ਇਕ ਚਿਰਜੀਵੀ ਰਿਸ਼ੀ ਦਾ ਨਾਮ ਹੈ। ਸਰੇਵਦੇ=ਸੇਵਦੇ ਹਨ। ਅਭੇਵ=ਜਿਸ ਦਾ ਭੇਦ ਨਾ ਜਾਣਿਆਂ ਜਾ ਸਕੇ। ਨੇਤ ਕਰਿ=ਬੇਅੰਤ ਹੈ, ਬੇਅੰਤ ਹੈ। ਅਲਾਵਹਿ=ਕਹਿੰਦੇ ਹਨ।

ਅਰਥ - ੧. ਸ਼ਾਸਤਰਾਂ, ਵੇਦਾਂ ਤੇ ਪੁਰਾਣਾਂ (ਦੀਆਂ ਕਥਾਵਾਂ) ਸਭ ਲੋਕ ਵਿਦਵਾਨਾਂ ਕੋਲੋਂ ਸੁਣਦੇ ਤੇ ਸੁਣ ਸੁਣ ਕੇ ਫਿਰ ਅੱਗੋਂ ਆਪ ਹੋਰਨਾਂ ਨੂੰ ਆਖ ਕੇ ਸੁਣਾਉਂਦੇ ਹਨ। ੨. ਰਾਗਾਂ ਦੇ ਸ਼ਬਦ ਲੱਖਾਂ ਸੰਗੀਤਕਾਰ ਰਾਗ ਗਾ ਕੇ ਇਕ ਰਸ ਧੁਨੀ ਦੇ ਗੀਤ ਗਾਉਂਦੇ ਹਨ ਤੇ ਸੁਣਨ ਵਾਲੇ ਗੁਣ ਗਾਉਂਦੇ ਹਨ। ੩. ਲੱਖਾਂ ਸ਼ੇਸ਼ ਨਾਗ ਤੇ ਲੱਖਾਂ ਹੀ ਲੋਮਸ ਰਿਖੀ ਵਰਗੇ (ਚਿਰਜੀਵੀ) ਨਾ ਜਾਣੀ ਜਾਣ ਵਾਲੀ ਗਤੀ ਦੇ ਮਾਲਕ (ਪਰਮੇਸ਼ਰ) ਦਾ ਧਿਆਨ (ਲਿਵ) ਲਾਉਂਦੇ ਹਨ। ੪. ਲੱਖਾਂ ਹੀ ਬ੍ਰਹਮਾ, ਬਿਸ਼ਨ ਤੇ ਮਹੇਸ਼ (ਪ੍ਰਭੂ ਦੇ) ਗਿਆਨ ਤੇ ਧਿਆਨ ਦਾ ਇੱਕ ਤਿਲ ਮਾਤਰ ਭੀ ਅੰਤ ਨਹੀਂ ਪਾ ਸਕਦੇ। ੫. ਦੇਵੀ ਦੇਵਤੇ ਸਾਰੇ ਹੀ (ਪ੍ਰਭੂ ਦੀ) ਅਰਾਧਨਾ ਕਰਦੇ ਹਨ, (ਪਰ) ਅਲਖ (ਨਾ ਲਖੇ ਜਾਣ ਵਾਲੇ) ਪ੍ਰਭੂ ਦਾ ਭੇਦ ਨਹੀਂ ਪਾ ਸਕਦੇ ਤੇ ਨਾ ਹੀ ਸੇਵਾ ਕਰਕੇ ਉਸ (ਪ੍ਰਭੂ) ਤੀਕ ਪਹੁੰਚ ਸਕਦੇ ਹਨ। ੬. ਲੱਖਾਂ ਹੀ ਗੋਰਖ ਨਾਥ ਤੇ ਮਛੰਦਰ ਵਰਗੇ ਵੀ ਲੱਖਾਂ ਹੀ ਸਾਧਨਾ ਕਰਨ ਵਾਲੇ ਸਾਧਕ ਤੇ ਲੱਖਾਂ ਹੀ ਸ਼ਕਤੀਆਂ ਪ੍ਰਾਪਤ ਕਰ ਚੁੱਕੇ ਸਿੱਧ ਲੋਕ (ਹੇ ਪ੍ਰਭੂ ! ਤੁਸਾਂ ਨੂੰ) "ਤੂੰ ਬੇਅੰਤ ਹੈਂ, ਤੂੰ ਬੇਅੰਤ ਹੈਂ" ਆਖ ਕੇ ਸਿਮਰਨ ਕਰਦੇ ਹਨ। ੭. ਗੁਰੂ ਦੇ ਚਰਣ ਕਮਲ ਅਗੰਮ ਹਨ (ਭਾਵ ਉਨ੍ਹਾਂ ਦੀ ਬਰਾਬਰੀ ਕੋਈ ਨਹੀਂ ਕਰਦਾ) ॥ ੧੧ ॥

੧੨. ਨਿਮ੍ਰਤਾ ਹੀ ਪੂਜਣ ਯੋਗ ਵਸਤੂ ਹੈ

੧. ਮਥੈ ਤਿਵੜੀ ਬਾਮਣੈ ਸਉਹੇ ਆਏ ਮਸਲਤਿ ਫੇਰੀ।
੨. ਸਿਰੁ ਉਚਾ ਅਹੰਕਾਰ ਕਰਿ ਵਲ ਦੇ ਪਗ ਵਲਾਏ ਡੇਰੀ।
੩. ਅਖੀਂ ਮੂਲਿ ਨ ਪੂਜੀਅਨਿ ਕਰਿ ਕਰਿ ਵੇਖਨਿ ਮੇਰੀ ਤੇਰੀ।
੪. ਨਕੁ ਨ ਕੋਈ ਪੂਜਦਾ ਖਾਇ ਮਰੋੜੀ ਮਣੀ ਘਨੇਰੀ।
੫. ਉਚੇ ਕੰਨ ਨ ਪੂਜੀਅਨਿ ਉਸਤਤਿ ਨਿੰਦਾ ਭਲੀ ਭਲੇਰੀ।

੬. ਬੋਲਹੁ ਜੀਭ ਨ ਪੂਜੀਐ ਰਸ ਕਸ ਬਹੁ ਚਖੀ ਦੰਦਿ ਘੇਰੀ।
੭. ਨੀਵੇਂ ਚਰਣ ਪੂਜ ਹਥ ਕੇਰੀ॥੧੨॥

ਪਦ ਅਰਥ - ਤਿਵੜੀ=ਵੱਟ, ਤਿਊੜੀਆਂ। ਸਉਹੇ=ਸਾਮ੍ਹਣਿਓਂ। ਮਸਲਤਿ ਫੇਰੀ=ਸਲਾਹ ਬਦਲ ਦੇਣੀ। ਡੇਰੀ=ਵਿੰਗਾਂ ਵਾਲੀ। ਮਣੀ=ਮੰਨੀ ਹੋਈ। ਕੇਰੀ=ਨਾਲ।

ਅਰਥ - ੧. (ਕਿਸੇ ਕੰਮ ਤੁਰੇ ਜਾਂਦਿਆਂ) ਅੱਗੋਂ ਬ੍ਰਾਹਮਣ ਮਿਲ ਪਵੇ ਉਸ ਦੇ ਮਥੇ 'ਤੇ ਤਿਊੜੀ ਹੋਵੇ ਤਾਂ ਜਾਣ ਵਾਲਾ (ਅਪਸ਼ਗਨ ਸਮਝਕੇ) ਜਿਧਰ ਜਾਣਾ ਹੋਵੇ, ਉਧਰ ਜਾਣ ਦੀ ਸਲਾਹ ਬਦਲ ਦੇਂਦਾ ਹੈ। (ਭਾਵ ਬ੍ਰਾਹਮਣ ਪੂਜਣ ਯੋਗ ਹੈ, ਪਰ ਉਸਦੀ ਤਿਊੜੀ ਅਪਸ਼ਗਨ ਹੈ)। ੨. ਹੰਕਾਰੀ ਦਾ ਸਿਰ ਜਿਸ ਉਤੇ ਵਲ ਪਾ ਪਾ ਕੇ ਪੱਗ ਬੰਨ੍ਹੀ ਹੁੰਦੀ ਹੈ, (ਉਹ ਵੀ ਝੁਕਣ ਜਾਂ ਆਦਰ ਯੋਗ ਨਹੀਂ)। ੩. ਅੱਖਾਂ ਨੂੰ ਬਿਲਕੁਲ ਹੀ ਪੂਜਿਆ ਨਹੀਂ ਜਾਂਦਾ, (ਕਿਉਂਕਿ) ਅੱਖਾਂ ਮੇਰ-ਤੇਰ (ਦ੍ਵੈਤ ਭਾਵ) ਨਾਲ ਵੇਖਦੀਆਂ ਹਨ। ੪. ਅਜਿਹੇ ਨੱਕ ਨੂੰ ਵੀ ਕੋਈ ਨਹੀਂ ਪੂਜਦਾ, ਜੋ ਨੀਵੇਂ (ਜਾਂ ਮਾੜੇ ਨੂੰ ਵੇਖ, ਨਫਰਤ ਨਾਲ) ਨੱਕ ਨੂੰ ਮਰੋੜਦਾ ਹੈ, ਕਿਉਂਕਿ ਉਸ ਵਿਚ ਮੈਂ (ਆਪੇ-ਹੰਕਾਰ) ਦੀ ਮਨੌਤ ਬੜੀ ਹੈ। ੫. ਉੱਚੇ ਕੰਨਾਂ ਦੀ ਵੀ ਕੋਈ ਪੂਜਾ ਨਹੀਂ ਕਰਦਾ, (ਕਿਉਂਕਿ ਇਹ ਹੋਰਨਾਂ ਦੀ) ਉਸਤਤਿ ਤੇ ਨਿੰਦਿਆ ਸੁਣਦੇ ਰਹਿੰਦੇ ਹਨ। ੬. ਜੀਭ (ਰਸਨਾ) ਦੀ ਪੂਜਾ ਇਸ ਲਈ ਨਹੀਂ ਹੁੰਦੀ ਕਿ ਮਾੜੇ ਬੋਲ ਬੋਲਦੀ ਹੈ ਤੇ ਦੂਜੇ ਰਸਾਂ ਕਸਾਂ ਦੇ ਸਵਾਦ ਮਾਨਣ ਲਈ ਦੰਦਾਂ ਵਿਚ ਘਿਰੀ ਰਹਿੰਦੀ ਹੈ। ੭. ਚਰਣ ਨੀਵੇਂ ਹਨ, (ਇਸ ਲਈ ਇਹ) ਹੱਥਾਂ ਨਾਲ ਪੂਜੇ ਜਾਂਦੇ ਹਨ॥੧੨॥

੧੩. ਬੱਕਰੀ ਦੀ ਨਿਰਮਾਣਤਾ ਦਾ ਦ੍ਰਿਸ਼ਟਾਂਤ

੧. ਹਸਤਿ ਅਖਾਜੁ ਗੁਮਾਨ ਕਰਿ ਸੀਹੁ ਸਤਾਣਾ ਕੋਇ ਨ ਖਾਈ।
੨. ਹੋਇ ਨਿਮਾਣੀ ਬਕਰੀ ਦੀਨ ਦੁਨੀ ਵਡਿਆਈ ਪਾਈ।
੩. ਮਰਣੈ ਪਰਣੈ ਮੰਨੀਐ ਜਗਿ ਭੋਗਿ ਪਰਵਾਣੁ ਕਰਾਈ।
੪. ਮਾਸੁ ਪਵਿਤ੍ਰੁ ਗ੍ਰਿਹਸਤ ਨੋ ਆਂਦਹੁ ਤਾਰ ਵੀਚਾਰਿ ਵਜਾਈ।
੫. ਚਮੜੇ ਦੀਆਂ ਕਰਿ ਜੁਤੀਆਂ ਸਾਧੂ ਚਰਣ ਸਰਣਿ ਲਿਵ ਲਾਈ।
੬. ਤੂਰ ਪਖਾਵਜ ਮੜੀਦੇ ਕੀਰਤਨੁ ਸਾਧਸੰਗਤਿ ਸੁਖਦਾਈ।
੭. ਸਾਧਸੰਗਤਿ ਸਤਿਗੁਰ ਸਰਣਾਈ॥੧੩॥

ਪਦ ਅਰਥ - ਹਸਤਿ=ਹਾਥੀ। ਅਖਾਜੁ=ਨਾ ਖਾਣ ਯੋਗ, ਅਪਵਿੱਤ੍ਰ। ਸੀਹੁ ਸਤਾਣਾ=ਵੱਡਾ ਸ਼ੇਰ। ਪਰਣੈ=ਵਿਆਹ ਕਾਜ। ਆਂਦਹੁ=ਆਂਦਰਾਂ ਦੇ। ਤੂਰ=ਮ੍ਰਿਦੰਗ। ਤਾਰ=ਤਾਰਾਂ।

ਅਰਥ - ੧. ਹਾਥੀ ਦਾ ਮਾਸ ਅਪਵਿੱਤ੍ਰ ਹੈ, ਕਿਉਂਕਿ ਉਹ ਹੰਕਾਰੀ ਹੈ, ਸ਼ੇਰ ਨੂੰ ਵੀ ਆਪਣੀ ਤਾਕਤ ਦਾ ਵੱਡਾ ਮਾਣ ਹੈ, (ਇਸ ਲਈ) ਉਸ ਦੇ ਮਾਸ ਨੂੰ ਵੀ ਕੋਈ ਨਹੀਂ ਖਾਂਦਾ। ੨. ਬੱਕਰੀ ਨਿਮਾਣਿਆਂ

ਵਾਂਗ ਰਹਿੰਦੀ ਹੈ, (ਤੇ ਨਿਰਮਾਣਤਾ ਦੀ) ਦੋਹਾਂ ਲੋਕਾਂ ਵਿਚ ਸ਼ੋਭਾ ਹੈ, ਏਥੇ ਵੀ ਅਤੇ ਅੱਗੇ ਵੀ। ੩. ਮਰਣੇ ਤੇ ਵਿਆਹ ਆਦਿ ਕਾਰਜਾਂ ਵਿਖੇ ਇਹ ਮੰਨੀ ਜਾਂਦੀ ਹੈ, ਜਗ 'ਤੇ ਵੱਡੇ ਭੰਡਾਰਿਆਂ ਵਿਚ ਵੀ ਇਸ ਦੀ ਪ੍ਰਮਾਣੀਕਤਾ ਹੈ। ੪. ਗ੍ਰਿਹਸਥੀ ਵਾਸਤੇ ਇਸ ਦਾ ਮਾਸ ਖਾਣਾ ਪਵਿੱਤ੍ਰ ਮੰਨਿਆਂ ਗਿਆ ਹੈ। (ਇਸ ਦੀਆਂ) ਆਂਦਰਾਂ ਦੀਆਂ ਤਾਰਾਂ ਬਣਦੀਆਂ, (ਜੋ ਤੰਤੀ ਸਾਜ਼ਾਂ 'ਤੇ ਲੱਗਦੀਆਂ ਤੇ ਵੀਚਾਰਵਾਨ (ਭਗਤ ਤੇ ਪ੍ਰੇਮੀ ਲੋਕ) ਵਜਾਉਂਦੇ ਹਨ (ਤੇ ਪ੍ਰਭੂ ਗੀਤਾਂ ਦੀ ਧੁਨ ਉੱਠਦੀ ਹੈ)। ੫. (ਬੱਕਰੀ ਦੇ) ਚਮੜੇ ਦੀਆਂ ਜੁੱਤੀਆਂ ਬਣਦੀਆਂ ਹਨ, ਜੋ ਸਾਧੂਆਂ ਦੀ ਸੰਗਤ ਵਿਚ ਜਾਣ ਵਾਲੇ ਪਹਿਨਦੇ ਹਨ। ੬. (ਬੱਕਰੀ ਦੇ ਚਮੜੇ ਦੀਆਂ) ਮ੍ਰਿਦੰਗਾਂ (ਢੋਲਕੀਆਂ) ਬਣਦੀਆਂ ਹਨ ਤੇ ਦੋੜੀਆਂ ਮੜ੍ਹ ਕੇ (ਸਾਧ ਸੰਗਤ ਵਿਖੇ) ਕੀਰਤਨ ਦੇ ਸਮੇਂ ਵਜਦੀਆਂ ਹਨ, ਇਸ ਲਈ ਵੱਡੀਆਂ ਸੁਖਦਾਈ ਹਨ। ੭. ਸਾਧ ਸੰਗਤ ਵਿਚ ਆਉਣਾ (ਇਹੋ ਹੀ) ਸਤਿਗੁਰਾਂ ਦੀ ਸ਼ਰਣ ਵਿਚ ਜਾਣਾ ਹੈ (ਤੇ ਸਤਿਸੰਗਤ ਓਹੀ ਹੈ, ਜਿਥੇ ਸਤਿਗੁਰੂ ਦਾ ਸ਼ਬਦ ਤੇ ਪ੍ਰਭੂ ਦੀ ਕੀਰਤੀ ਹੁੰਦੀ ਹੋਵੇ)॥ ੧੩ ॥

੧੪. ਮਾਣਸ ਦੇਹੀ ਦੀ ਸਫਲਤਾ ਕਿਵੇਂ ?

੧. ਸਭ ਸਰੀਰ ਅਕਾਰਥੇ ਅਤਿ ਅਪਵਿਤ੍ਰੁ ਸੁ ਮਾਣਸ ਦੇਹੀ।
੨. ਬਹੁ ਬਿੰਜਨ ਮਿਸਟਾਨ ਪਾਨ ਹੁਇ ਮਲ ਮੂਤ੍ਰ ਕੁਸੂਤ੍ਰ ਇਵੇਹੀ।
੩. ਪਾਟ ਪਟੰਬਰ ਵਿਗੜਦੇ ਪਾਨ ਕਪੂਰ ਕੁਸੰਗ ਸਨੇਹੀ।
੪. ਚੋਆ ਚੰਦਨੁ ਅਰਗਜਾ ਹੁਇ ਦੁਰਗੰਧ ਸੁਗੰਧ ਹੁਰੇਹੀ।
੫. ਰਾਜੇ ਰਾਜ ਕਮਾਂਵਦੇ ਪਾਤਿਸਾਹ ਖਹਿ ਮੁਏ ਸਭੇ ਹੀ।
੬. ਸਾਧਸੰਗਤਿ ਗੁਰੁ ਸਰਣਿ ਵਿਣੁ ਨਿਹਫਲੁ ਮਾਨਸ ਦੇਹ ਇਵੇਹੀ।
੭. ਚਰਨ ਸਰਣਿ ਮਸਕੀਨੀ ਜੇਹੀ॥ ੧੪ ॥

ਪਦ ਅਰਥ - ਅਕਾਰਥੇ=ਕਿਸੇ ਕੰਮ ਨਹੀਂ। ਬਿੰਜਨ=ਰਸੋਈ। ਮਿਸਟਾਨ=ਮਿੱਠੇ ਭੋਜਨ। ਕੁਸੂਤ੍ਰ=ਬਹੁਤ ਭੈੜੇ। ਪਾਟ ਪਟੰਬਰ=ਰੇਸ਼ਮੀ ਕੱਪੜੇ। ਕੁਸੰਗ=ਖੋਟਾ ਸੰਗ। ਸਨੇਹੀ=ਮਿਤਰ। ਹੁਰੇਹੀ=ਗਵਾ ਦਿੰਦੇ। ਨਿਹਫਲੁ=ਬੇਅਰਥ। ਮਸਕੀਨੀ=ਗਰੀਬੀ, ਨਿਰਮਾਣਤਾ।

ਅਰਥ - ੧. (ਹੋਰ) ਸਭ ਕਿਸਮਾਂ ਦੇ ਸਰੀਰ ਨਿਸਫਲ (ਬੇਅਰਥ) ਹਨ, ਪਰ ਮਾਣਸ (ਮਨੁੱਖਾ) ਦੇਹੀ ਸਭ ਤੋਂ ਨਖਿੱਧ ਤੇ ਅਪਵਿੱਤ੍ਰ ਹੈ (ਜੋ ਮਰਨ ਮਗਰੋਂ ਕਿਸੇ ਕੰਮ ਨਹੀਂ ਆਉਂਦੀ ਤੇ ਜਦ ਤਕ ਜੀਵਤ ਰਹਿੰਦੀ ਹੈ)। ੨. ਅਨੇਕਾਂ ਕਿਸਮ ਦੇ ਪਕਵਾਨ ਤੇ ਮਿੱਠੇ ਭੋਜਨ ਖਾਂਦੀ ਹੈ, ਜੋ ਮਲ-ਮੂਤਰ ਬਣਾ ਕੇ ਬੜਾ ਹੀ ਕੁਸੂਤ੍ਰ ਕੰਮ ਕਰਦੀ ਹੈ। ੩. (ਇਸ ਦੇਹ ਨਾਲ ਲੱਗ ਕੇ) ਰੇਸ਼ਮੀ ਕੱਪੜੇ ਮੈਲੇ ਹੁੰਦੇ ਤੇ ਫਿਰ ਪਾਟ ਜਾਂਦੇ ਹਨ। (ਇਸੇ ਤਰ੍ਹਾਂ) ਪਾਨ ਤੇ ਕਪੂਰ (ਸੁਗੰਧ) ਵੀ ਇਸ ਦੇਹੀ ਦੇ ਸੰਗ ਨਾਲ ਮਿਲ ਕੇ ਹਾਲੋਂ-ਬੇਹਾਲ ਹੋ ਜਾਂਦੇ ਹਨ। ੪. ਚੋਆ, ਚੰਦਨ, ਅਰਗਜਾ (ਸੁਗੰਧੀਆਂ ਦਾ ਸਮੂਹ) ਮਨੁੱਖਾ ਦੇਹੀ ਨਾਲ ਲੱਗ ਕੇ ਦੁਰਗੰਧੀ ਵਿਚ ਬਦਲ ਜਾਂਦੇ ਹਨ। ੫. ਰਾਜੇ ਰਾਜ ਕਮਾਂਵਦੇ ਹਨ, ਪਾਤਸ਼ਾਹ (ਸੁਖਾਂ ਨੂੰ ਮਾਣਦੇ ਹਨ,

ਪਰ ਸੰਤੁਸ਼ਟਤਾ ਨਹੀਂ ਤੇ ਇੱਕ ਦੂਜੇ ਨਾਲ ਈਰਖਾ ਦੇ ਵਸ ਹੋ ਕੇ) ਆਪੋ ਵਿਚ ਖਹਿ ਖਹਿ ਲੜ ਮਰਦੇ ਹਨ। ੬. ਸਾਧ ਸੰਗਤ ਤੇ ਗੁਰੂ ਦੇ ਸ਼ਬਦ ਦੀ ਵੀਚਾਰ ਬਿਨਾਂ ਗੁਰੂ ਦੇ ਆਸ਼੍ਰਿਤ ਹੋਏ ਬਿਨਾਂ ਇਹ ਮਨੁੱਖਾ ਦੇਹੀ ਨਿਸਫਲ ਹੀ ਹੈ। (ਪ੍ਰਭੂ ਦੀਆਂ ਕੀਤੀਆਂ ਬਖਸ਼ਿਸ਼ਾਂ ਤੇ ਦਿੱਤੀਆਂ ਨਿਆਮਤਾਂ ਦਾ ਗੁਣ ਨਾ ਜਾਣਨਾ, ਦੇਣ ਵਾਲੇ ਦਾ ਸ਼ੁਕਰ ਗੁਜ਼ਾਰ ਨਾ ਹੋਣ ਕਰਕੇ ਇਹ ਅਮੋਲਕ ਮਨੁੱਖਾ ਜਨਮ ਨਿਹਫਲ ਚਲਾ ਜਾਂਦਾ ਹੈ)। ੭. (ਪਰ ਜਿਨ੍ਹਾਂ ਨੇ) ਗੁਰੂ ਦੀ ਸ਼ਰਣ ਪ੍ਰਾਪਤ ਕਰਕੇ ਗਰੀਬੀ (ਮਸਕੀਨੀ) ਤੇ ਨਿਰਮਾਣਤਾ ਧਾਰਨ ਕਰ ਲਈ ਹੈ, ਉਹ ਦੇਹਾਂ ਸਫਲੀਆਂ ਕਰ ਜਾਂਦੇ ਹਨ (ਤੇ ਮੋਖ ਨੂੰ ਪ੍ਰਾਪਤ ਹੁੰਦੇ ਹਨ)॥ ੧੪॥

੧੫. ਗੁਰਮੁਖ ਭਗਤਾਂ ਦੇ ਨਾਮ

੧. ਗੁਰਮੁਖਿ ਸੁਖ ਫਲੁ ਪਾਇਆ ਸਾਧਸੰਗਤਿ ਗੁਰ ਸਰਣੀ ਆਏ।
੨. ਧ੍ਰੂ ਪ੍ਰਹਿਲਾਦੁ ਵਖਾਣੀਅਨਿ ਅੰਬਰੀਕੁ ਬਲਿ ਭਗਤਿ ਸਬਾਏ।
੩. ਸਨਕਾਦਿਕ ਜੈਦੇਉ ਜਗਿ ਬਾਲਮੀਕੁ ਸਤਿਸੰਗਿ ਤਰਾਏ।
੪. ਬੇਣੁ ਤਿਲੋਚਨੁ ਨਾਮਦੇਉ ਧੰਨਾ ਸਧਨਾ ਭਗਤ ਸਦਾਏ।
੫. ਭਗਤੁ ਕਬੀਰੁ ਵਖਾਣੀਐ ਜਨ ਰਵਿਦਾਸੁ ਬਿਦਰ ਗੁਰੁ ਭਾਏ।
੬. ਜਾਤਿ ਅਜਾਤਿ ਸਨਾਤਿ ਵਿਚਿ ਗੁਰਮੁਖਿ ਚਰਣ ਕਵਲ ਚਿਤੁ ਲਾਏ।
੭. ਹਉਮੈ ਮਾਰੀ ਪ੍ਰਗਟੀ ਆਏ॥ ੧੫॥

ਪਦ ਅਰਥ - ਸਨਕਾਦਿਕ=ਬ੍ਰਹਮਾ ਦੇ ਪੁੱਤਰ ਸਨਕ ਸਨੰਦਨ ਆਦਿ। ਜਗਿ=ਸੰਸਾਰ ਵਿਚ। ਗੁਰੁ ਭਾਏ=ਗੁਰੂ ਕਿਰਪਾ। ਅਜਾਤਿ ਸਨਾਤਿ=ਭੈੜੀਆਂ ਤੇ ਚੰਗੀਆਂ ਜਾਤਾਂ। ਗੁਰਮੁਖਿ=ਗੁਰੂ ਤੋਂ ਵਰੋਸਾਏ। ਪਰਗਟੀ ਆਏ=ਪ੍ਰਗਟ ਤੇ ਪ੍ਰਸਿੱਧ ਹੋਏ।

ਅਰਥ - ੧. ਗੁਰਮੁਖਾਂ ਨੇ (ਭਗਤੀ ਦਾ) ਸੁਖ ਫਲ ਪ੍ਰਾਪਤ ਕੀਤਾ ਹੈ। ਉਹ ਸਾਧ ਸੰਗਤ ਵਿਚ ਮਿਲ ਕੇ ਗੁਰੂ ਦੀ ਸ਼ਰਣ ਵਿਚ ਜਾਂਦੇ ਹਨ। (ਭਾਵ ਸਦਾ ਲਈ ਜੀਵਨ ਨੂੰ ਗੁਰੂ ਸ਼ਰਣ ਦੇ ਹਵਾਲੇ ਕਰ ਦਿੰਦੇ ਹਨ) ਜਿਵੇਂ :– ੨. ਧ੍ਰੂ ਜੀ ਤੇ ਪ੍ਰਹਿਲਾਦ ਬਾਰੇ ਕਿਹਾ ਜਾਂਦਾ ਹੈ। ਰਾਜਾ ਅੰਬਰੀਕ ਤੇ ਬਲ ਰਾਜਾ ਵੱਡੇ ਪ੍ਰਸਿੱਧ ਭਗਤ ਸਦਵਾਏ। ੩. ਸਨਕਾਦਿਕਾਂ (ਬ੍ਰਹਮਾ ਦੇ ਪੁੱਤਰਾਂ ਦੀ ਭਗਤੀ ਪ੍ਰਸਿੱਧ ਹੈ), ਜੈਦੇਉ, ਬਾਲਮੀਕ (ਬਟਵਾਰਾ) ਸਤਿਸੰਗ ਪ੍ਰਾਪਤ ਕਰਕੇ ਇਸ ਸੰਸਾਰ ਤੋਂ ਤਰ ਗਏ ਹਨ। ੪. ਭਗਤ ਬੇਣੀ, ਤ੍ਰਿਲੋਚਨ, ਨਾਮਦੇਵ, ਧੰਨਾ ਤੇ ਸਧਨਾ ਜੀ ਭਗਤ ਸਦਵਾਏ ਸਨ। ੫. ਕਬੀਰ ਜੀ ਨੂੰ ਵੀ ਭਗਤ ਭਗਤ ਕਰਕੇ ਲੋਕੀ ਆਖਦੇ ਹਨ, ਰਵਿਦਾਸ ਜੀ ਨੂੰ ਵੀ ਭਗਤ ਜਨ ਕਹਿੰਦੇ ਹਨ ਤੇ (ਦਾਸੀ ਦਾ ਪੁੱਤਰ, ਦਾਸਾ ਭਾਵ ਧਾਰਨ ਵਾਲਾ) ਬਿਦਰ ਜੀ ਗੁਰੂ ਨੂੰ ਭਾਏ। ੬. (ਕਈ ਇਨ੍ਹਾਂ ਵਿਚੋਂ) ਨੀਵੀਆਂ ਤੇ ਕਈ ਉੱਚੀਆਂ ਜਾਤਾਂ ਵਾਲੇ ਹਨ, ਪਰ ਗੁਰਮੁਖ ਹੋ ਕੇ ਇਨ੍ਹਾਂ ਗੁਰੂ ਚਰਣਾਂ ਵਿਚ ਚਿੱਤ ਲਾਇਆ ਹੈ (ਤੇ ਭਗਤ ਪਦਵੀ ਨੂੰ ਪੁੱਜ ਗਏ)। ੭. (ਇਹ ਗੁਰਮੁਖ ਜਨ) ਆਪਣੀ ਹਉਮੈ ਗੁਆ ਕੇ ਸੰਸਾਰ ਵਿਚ ਪ੍ਰਸਿੱਧ ਹੋਏ॥ ੧੫॥

੧੬. ਕਲਪਿਤ ਵਿਚਾਰਾਂ ਦਾ ਸਹਾਰਾ ਨਾ ਲਓ

੧. ਲੋਕ ਵੇਦ ਸੁਣਿ ਆਖਦਾ ਸੁਣਿ ਸੁਣਿ ਗਿਆਨੀ ਗਿਆਨੁ ਵਖਾਣੈ।
੨. ਸੁਰਗ ਲੋਕ ਸਣੁ ਮਾਤ ਲੋਕ ਸੁਣਿ ਸੁਣਿ ਸਾਤ ਪਤਾਲੁ ਨ ਜਾਣੈ।
੩. ਭੂਤ ਭਵਿਖ ਨ ਵਰਤਮਾਨ ਆਦਿ ਮਧਿ ਅੰਤ ਹੋਏ ਹੈਰਾਣੈ।
੪. ਉਤਮ ਮਧਮ ਨੀਚ ਹੋਇ ਸਮਝਿ ਨ ਸਕਣਿ ਚੋਜ ਵਿਡਾਣੈ।
੫. ਰਜ ਗੁਣ ਤਮ ਗੁਣ ਆਖੀਐ ਸਤਿ ਗੁਣ ਸੁਣ ਆਖਾਣ ਵਖਾਣੈ।
੬. ਮਨ ਬਚ ਕਰਮ ਸਿ ਭਰਮਦੇ ਸਾਧ ਸੰਗਤਿ ਸਤਿਗੁਰ ਨ ਸਿਞਾਣੈ।
੭. ਫਕੜੁ ਹਿੰਦੂ ਮੁਸਲਮਾਣੈ॥ ੧੬॥

ਪਦ ਅਰਥ - ਭੂਤ ਭਵਿਖ=ਲੰਘ ਚੁੱਕਾ ਤੇ ਆਉਣ ਵਾਲਾ ਸਮਾਂ। ਅੰਤ=ਅਖੀਰ। ਚੋਜ ਵਿਡਾਣੈ=ਹੈਰਾਨੀ ਵਾਲੇ ਖੇਲ, ਕੌਤਕ। ਫਕੜੁ=ਐਵੇਂ ਹੀ, ਜਾਂ ਕਲਪਿਤ।

ਅਰਥ - ੧. ਲੋਕਾਂ ਕੋਲੋਂ ਵੇਦ ਦੀਆਂ ਗੱਲਾਂ ਸੁਣ ਕੇ (ਸੁਣਨ ਵਾਲਾ ਓਹੀ ਗੱਲਾਂ ਫਿਰ) ਹੋਰਾਂ ਨੂੰ ਆਖਦਾ ਹੈ। ਸੁਣ ਸੁਣ ਕੇ ਹੀ ਗਿਆਨੀ ਲੋਕ ਗਿਆਨ ਦੀਆਂ ਗੱਲਾਂ ਆਖਦੇ ਹਨ। ੨. (ਪਰ ਕੇਵਲ) ਸੁਣ ਸੁਣ ਕੇ ਹੀ ਨਾ ਸੁਰਗ ਪੁਰੀ ਦੇ ਲੋਕ ਤੇ ਨਾ ਮਾਤ ਲੋਕ ਦੇ ਲੋਕ ਸੱਤੇ ਪਾਤਾਲਾਂ (ਭਾਵ ਧਰਤੀਆਂ) ਦੇ ਲੋਕ ਸੁਣਦੇ, (ਜ਼ਰੂਰ ਹਨ) ਪਰ ਜਾਣਦੇ ਨਹੀਂ। ੩. ਭੂਤ (ਬੀਤ ਚੁੱਕੇ ਸਮੇਂ) ਵਿਚ ਵੀ, ਭਵਿੱਖ (ਅਗਲਾ ਸਮਾਂ) ਤੇ ਵਰਤਮਾਨ (ਹੁਣ ਦੇ) ਸਮੇਂ ਵਿਚ ਵੀ, ਸੁਣਦੇ ਜ਼ਰੂਰ ਹਨ, ਪਰ ਨਾ ਸਮਝਣ ਕਰਕੇ ਆਦਿ, ਅੰਤ ਤੇ ਮੱਧ ਤੀਕਰ ਹੈਰਾਨ ਹੀ ਹੈਰਾਨ ਹਨ (ਕਿ ਇਹ ਕੀ ਗੱਲ ਹੋਈ ਕਿਵੇਂ ਬਣੀ ? ਕਿਵੇਂ ਸਮਝ ਆਵੇ ?) ੪. ਉੱਤਮ, ਮੱਧਮ ਤੇ ਨੀਚ ਸ਼੍ਰੇਣੀ (ਤਿੰਨਾਂ ਤਰ੍ਹਾਂ ਦੇ ਮਨੁੱਖ) ਉਸ ਪਰਮਾਤਮਾ ਬਾਰੇ ਤੇ ਉਸਦੇ ਅਸਚਰਜ ਕੌਤਕਾਂ ਸੰਬੰਧੀ ਕੁਝ ਵੀ ਸਮਝ ਨਹੀਂ ਸਕਦੇ। ੫. ਰਜੋ ਗੁਣੀ, ਤਮੋ ਗੁਣੀ ਤੇ ਸਤੋ ਗੁਣੀ (ਧਨਵਾਨ, ਕਰੋਧੀ ਤੇ ਤਾਕਤਵਰ ਅਤੇ ਧਰਮੀ) ਪੁਰਸ਼ ਸਭ ਅਖਾਣਾਂ (ਆਖੀਆਂ ਹੋਈਆਂ ਗੱਲਾਂ) ਨੂੰ ਹੀ ਆਖਦੇ ਜਾਂ ਦਸਦੇ ਹਨ। ੬. ਲੋਕ ਮਨ, ਬਚਨ ਤੇ ਕਰਮਾਂ ਦੇ ਭਰਮਾਂ ਵਿਚ ਪਏ ਭਰਮ ਰਹੇ ਹਨ, (ਕਿਉਂਕਿ) ਉਹ ਨਾ ਸਾਧ ਸੰਗਤ ਵਿਚ ਜਾਂਦੇ ਹਨ ਤੇ ਨਾ ਸੱਚੇ ਸਤਿਗੁਰੂ ਨੂੰ ਹੀ ਪਛਾਣਦੇ ਹਨ। ੭. (ਇਹੀ ਕਾਰਣ ਹੈ ਕਿ ਸਮੇਂ ਦੇ ਦੋਵੇਂ ਧਰਮਾਂ ਦੇ ਲੋਕ) ਹਿੰਦੂ ਅਤੇ ਮੁਸਲਮਾਨ ਨਿਰੇ ਫੱਕੜ (ਫੋਕੀ ਗਿਆਨ ਚਰਚਾ ਵਾਲੇ) ਹੀ ਹਨ, ਪੂਰੇ ਗੁਰੂ ਦੀ ਸ਼ਰਣ ਵਿਚ ਜਾ ਕੇ ਆਪਣੀ ਹਉਮੈ ਮੇਟ ਕੇ, ਸਰੀਰ ਨੂੰ ਸਫਲ ਕਰਨ ਦਾ ਕਿਸੇ ਨੂੰ ਖਿਆਲ ਹੀ ਨਹੀਂ, ਜਿਸ ਚੀਜ਼ ਲਈ ਕਿ ਮਨੁੱਖਾ ਜਨਮ ਸਭ ਤੋਂ ਉੱਤਮ ਵਸਤੂ ਮਿਲੀ ਹੈ॥ ੧੬॥

੧੭. ਹਰ ਜੁਗ ਦੇ ਵੱਖੋ ਵੱਖਰੇ ਧਰਮ

੧. ਸਤਿਜੁਗਿ ਇਕੁ ਵਿਗਾੜਦਾ ਤਿਸੁ ਪਿਛੈ ਫੜਿ ਦੇਸੁ ਪੀੜਾਏ।

੨. ਤ੍ਰੇਤੈ ਨਗਰੀ ਵਗਲੀਐ ਦੁਆਪੁਰਿ ਵੰਸੁ ਨਰਕਿ ਸਹਮਾਏ।
੩. ਜੋ ਫੇੜੈ ਸੋ ਫੜੀਦਾ ਕਲਿਜੁਗਿ ਸਚਾ ਨਿਆਉ ਕਰਾਏ।
੪. ਸਤਿਜੁਗ ਸਤੁ ਤ੍ਰੇਤੈ ਜੁਗਾ ਦੁਆਪੁਰਿ ਪੂਜਾ ਚਾਰਿ ਦਿੜਾਏ।
੫. ਕਲਿਜੁਗਿ ਨਾਉ ਅਰਾਧਣਾ ਹੋਰ ਕਰਮ ਕਰਿ ਮੁਕਤਿ ਨ ਪਾਏ।
੬. ਜੁਗਿ ਜੁਗਿ ਲੁਣੀਐ ਬੀਜਿਆ ਪਾਪੁ ਪੁੰਨੁ ਕਰਿ ਦੁਖ ਸੁਖ ਪਾਏ।
੭. ਕਲਿਜੁਗਿ ਚਿਤਵੈ ਪੁੰਨ ਫਲ ਪਾਪਹੁ ਲੇਪੁ ਅਧਰਮ ਕਮਾਏ।
੮. ਗੁਰਮੁਖਿ ਸੁਖ ਫਲੁ ਆਪੁ ਗਵਾਏ ॥ ੧੭ ॥

ਪਦ ਅਰਥ - ਵਿਗਾੜਦਾ=ਮਾੜਾ ਕੰਮ ਕਰਦਾ। ਵਗਲੀਐ=ਘੇਰ ਲਿਆ ਜਾਂਦਾ। ਪੀੜਾਏ=ਸਜ਼ਾ ਦਿੱਤੀ ਜਾਂਦੀ ਸੀ। ਲੁਣੀਐ=ਵੱਢਣਾ, ਲੈਣਾ।

ਅਰਥ - ੧. ਸਤਿਜੁਗ ਦੇ ਸਮੇਂ ਵਿਚ ਇੱਕ ਮਨੁੱਖ ਪਾਪ-ਕਰਮ ਕਰਦਾ ਸੀ, ਤਾਂ ਉਸ ਦੇ ਬਦਲੇ ਸਾਰਾ ਦੇਸ ਫੜਿਆ ਜਾਂਦਾ ਸੀ ਤੇ ਪੀੜ ਦਿੱਤਾ ਜਾਂਦਾ ਸੀ। ੨. ਤ੍ਰੇਤੇ ਵਿਚ ਇੱਕ ਦਾ ਦੋਸ਼ ਹੁੰਦਾ ਸੀ ਤਾਂ ਸਾਰੀ ਨਗਰੀ ਨੂੰ ਘੇਰ ਕੇ ਫੜ ਲਿਆ ਜਾਂਦਾ ਸੀ। ਦੁਆਪਰ ਵਿਚ ਇੱਕ ਦੇ ਪਿੱਛੇ ਸਾਰੀ ਬੰਸ ਫੜ ਕੇ ਜੇਲਾਂ (ਭਾਵ ਨਰਕ) ਵਿਚ ਪਾ ਦਿੱਤੀ ਜਾਂਦੀ ਸੀ। ੩. ਪਰ ਕਲਜੁਗ ਵਿਚ ਏਡਾ ਉੱਤਮ ਨਿਆਉਂ ਹੈ ਕਿ ਜੋ ਕਰਦਾ ਹੈ ਓਹੀ ਫੜੀਦਾ ਹੈ, ਹੋਰ ਨਹੀਂ। ੪. ਸਤਜੁਗ ਵਿਚ ਲੋਕ ਸੱਚ ਬੋਲਦੇ ਸੀ ਤੇ ਸੱਚ ਹੀ ਦ੍ਰਿੜ੍ਹ ਕਰਾਉਂਦੇ ਸੀ। ਤ੍ਰੇਤੇ ਵਿਚ ਯੱਗ ਕਰਨ ਦੀ ਰੀਤੀ ਪ੍ਰਚੱਲਤ ਸੀ ਤੇ ਦੁਆਪਰ ਵਿਚ ਪੂਜਾ, ਕਰਤਬਾਂ ਸਹਿਤ ਦਿੜਾਈਆਂ ਜਾਂਦੀਆਂ ਸਨ। ੫. ਪਰ ਕਲਜੁਗ ਵਿਚ ਕੇਵਲ ਇੱਕ ਨਾਮ-ਸਿਮਰਨ ਦੀ ਹੀ ਪ੍ਰਮੁਖਤਾ ਹੈ, ਹੋਰ ਕਰਮਾਂ ਨਾਲ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ। ੬. ਵੱਖ ਵੱਖ ਜੁਗਾਂ ਵਿਚ ਜੋ ਕੋਈ ਪਾਪ-ਪੁੰਨ ਬੀਜਦਾ (ਭਾਵ ਜੈਸਾ ਕਰਮ ਕਰਦਾ ਸੀ) ਓਹੋ ਜਿਹਾ ਫਲ ਵੱਢਦਾ ਸੀ (ਭਾਵ ਓਹੋ ਜਿਹਾ ਦੁੱਖ ਜਾਂ ਸੁਖ ਪ੍ਰਾਪਤ ਹੁੰਦਾ ਸੀ)। ੭. ਪਰ (ਇਹ ਕਲਜੁਗ ਦੀ ਵਡਿਆਈ ਜਾਂ ਵਾਧਾ ਸਮਝੋ ਕਿ) ਇਸ ਵਿਚ ਜੇ ਕੋਈ ਪੁੰਨ ਕਰਮ ਦਾ ਚਿਤਵਨ ਵੀ ਕਰੇ, ਤਾਂ ਫਲ ਮਿਲ ਜਾਂਦਾ ਹੈ, ਪਰ ਪਾਪ ਦਾ ਫਲ ਪਾਪ ਦਾ ਕਰਮ ਕਰਨ ਨਾਲ ਮਿਲਦਾ ਹੈ। ੮. ਗੁਰਮੁਖ ਨੂੰ ਸੁਖ ਪ੍ਰਾਪਤ ਹੁੰਦਾ ਹੈ, ਜੋ ਆਪਾ ਭਾਵ (ਹਉਮੈ) ਨੂੰ ਗੁਆਉਣ ਨਾਲ ਮਿਲਦਾ ਹੈ ॥ ੧੭ ॥

੧੮. ਧਰਮ ਦਾ ਧਉਲ (ਬਲਦ) ਰੂਪ ਵਿਚ ਦ੍ਰਿਸ਼ਟਾਂਤ

੧. ਸਤਜੁਗ ਦਾ ਅਨਿਆਉ ਵੇਖਿ ਧਉਲ ਧਰਮੁ ਹੋਆ ਉਡੀਣਾ।
੨. ਸੁਰਪਤਿ ਨਰਪਤਿ ਚਕ੍ਰਵੈ ਰਖਿ ਨ ਹੰਘਨਿ ਬਲ ਮਤਿ ਹੀਣਾ।
੩. ਤ੍ਰੇਤੇ ਖਿਸਿਆ ਪੈਰੁ ਇਕੁ ਹੋਮ ਜਗ ਜਗੁ ਥਾਪਿ ਪਤੀਣਾ।

੪. ਦੁਆਪੁਰਿ ਦੁਇ ਪਗ ਧਰਮ ਦੇ ਪੂਜਾ ਚਾਰ ਪਖੰਡੁ ਅਲੀਣਾ।
੫. ਕਲਿਜੁਗ ਰਹਿਆ ਪੈਰ ਇਕੁ ਹੋਇ ਨਿਮਾਣਾ ਧਰਮ ਅਧੀਣਾ।
੬. ਮਾਣੁ ਨਿਮਾਣੈ ਸਤਿਗੁਰੂ ਸਾਧਸੰਗਤਿ ਪਰਗਟ ਪਰਬੀਣਾ।
੭. ਗੁਰਮੁਖ ਧਰਮ ਸਪੂਰਣੁ ਰੀਣਾ॥ ੧੮॥

ਪਦ ਅਰਥ - ਧਉਲ=ਬੌਲਦ। ਉਡੀਣਾ=ਉਦਾਸ, ਚਿੰਤਾਤੁਰ। ਚਕ੍ਰਵੈ=ਚੱਕਰਵਰਤੀ। ਹੰਘਨਿ=ਸਕਣ। ਪਤੀਣਾ=ਪਤੀਜਣਾ। ਅਲੀਣਾ=ਭੌਰੇ ਵਾਂਗ ਮਸਤ ਹੋਣਾ। ਅਧੀਣਾ=ਆਸਰਾ ਰਹਿਤ, ਬੇਬਸ। ਰੀਣਾ=ਹੋਣਾ।

ਅਰਥ - ੧. ਸਤਜੁਗ ਦੇ ਸਮੇਂ ਵਿਚ (ਇੱਕ ਜੇ ਪਾਪ-ਕਰਮ ਕਰਦਾ, ਤਾਂ ਉਸ ਦੇ ਬਦਲੇ ਸਾਰੇ ਦੇਸ ਨੂੰ ਪੀੜ ਦੇਣਾ, ਇਹ ਵੱਡਾ) ਅਨਿਆਂ ਵੇਖ ਕੇ ਧਉਲ ਰੂਪ ਧਰਮ ਉਦਾਸ ਤੇ ਚਿੰਤਾਤੁਰ ਹੋ ਗਿਆ। ੨. (ਉਸ ਨੇ ਦੇਖਿਆ ਕਿ) ਦੇਵਤਿਆਂ ਦੇ ਰਾਜੇ (ਮੁਖੀ), ਸੰਸਾਰ ਦੇ (ਮੁਖੀ) ਰਾਜੇ ਤੇ ਚੱਕਰਵਰਤੀ (ਬਾਦਸ਼ਾਹ) ਵੀ ਧਰਮ ਨਹੀਂ ਰੱਖ ਸਕੇ, ਕਿਉਂਕਿ ਉਨ੍ਹਾਂ ਦੀ ਬੁਧੀ ਤੇ ਬਲ ਹੀਣ ਹੋ ਗਏ ਸਨ। ੩. ਤ੍ਰੇਤੇ ਵਿਚ ਧਉਲ ਰੂਪ ਧਰਮ ਦਾ ਇੱਕ ਪੈਰ ਖਿਸਕ ਗਿਆ। ਲੋਕ ਹੋਮ ਤੇ ਯੱਗ ਦੇ ਕਰਮ-ਕਾਂਡਾਂ ਵਿਚ ਹੀ ਪਤੀਜ ਗਏ। (ਉਨ੍ਹਾਂ ਸਮਝ ਲਿਆ ਕਿ ਬਸ ਇਹੋ ਕਰਮ ਹੀ ਧਰਮ ਹਨ)। ੪. ਦੁਆਪਰ ਵਿਚ ਦੋ ਪੈਰ ਹੀ ਧਰਮ ਦੇ ਰਹਿ ਗਏ, ਲੋਕ ਪੂਜਾ ਦੇ ਆਕਾਰ (ਕਰਮ-ਕਾਂਡਾਂ ਵਿਚ) ਹੀ ਲੀਨ ਹੋ ਗਏ। ੫. ਕਲਜੁਗ ਆਇਆ, ਤਾਂ ਧਰਮ ਰੂਪੀ ਧਉਲ ਦਾ ਇਕੋ ਪੈਰ ਰਹਿ ਗਿਆ। ਧਰਮ ਵਿਚਾਰਾ ਬੜਾ ਹੀ ਨਿਮਾਣਾ (ਗਰੀਬ) ਤੇ ਅਧੀਨਤਾ (ਬੇਬਸੀ) ਦਾ ਸ਼ਿਕਾਰ ਹੋ ਗਿਆ। ੬. (ਪਰ ਪ੍ਰਭੂ ਨੇ ਧਉਲ ਧਰਮ ਤੇ ਧਰਤੀ ਦੀ ਪੁਕਾਰ ਸੁਣ ਕੇ) ਨਿਮਾਣਿਆਂ ਦੇ ਮਾਣ ਸਤਿਗੁਰੂ (ਗੁਰੂ ਨਾਨਕ ਦੇਵ ਜੀ) ਨੂੰ ਸੰਸਾਰ ਵਿਚ ਭੇਜ ਦਿੱਤਾ, ਜਿਨ੍ਹਾਂ ਨੇ ਧਰਮੀ ਦੀ ਪੈਜ ਰੱਖਣ ਲਈ ਸਾਧ ਸੰਗਤਿ (ਦੀ ਨੀਂਹ ਰੱਖੀ) ਤੇ ਪਰਬੀਨ (ਪੂਰੇ ਤੌਰ 'ਤੇ) ਪ੍ਰਗਟ ਹੋਏ। ੭. ਗੁਰਮੁਖਾਂ ਨੇ ਖਤਮ ਹੋ ਰਹੇ ਧਰਮ ਦੇ ਚਾਰ ਪੈਰ ਮੁਕੰਮਲ ਕਰ ਦਿੱਤੇ॥ ੧੮॥

੧੯. ਸਤਿਗੁਰੂ ਦਾ ਗੁਰਮੁਖ ਪੰਥ

੧. ਚਾਰਿ ਵਰਨਿ ਇਕ ਵਰਨਿ ਕਰਿ ਵਰਨ ਅਵਰਨ ਸਾਧਸੰਗੁ ਜਾਪੈ।
੨. ਛਿਅ ਰੁਤੀ ਛਿਅ ਦਰਸਨਾ ਗੁਰਮੁਖਿ ਦਰਸਨੁ ਸੂਰਜੁ ਥਾਪੈ।
੩. ਬਾਰਹ ਪੰਥ ਮਿਟਾਇ ਕੈ ਗੁਰਮੁਖਿ ਪੰਥ ਵਡਾ ਪਰਤਾਪੈ।
੪. ਵੇਦ ਕਤੇਬਹੁ ਬਾਹਰਾ ਅਨਹਦ ਸਬਦੁ ਅਗੰਮ ਅਲਾਪੈ।
੫. ਪੈਰੀ ਪੈ ਪਾ ਖਾਕ ਹੋਇ ਗੁਰਸਿਖਾ ਰਹਰਾਸਿ ਪਛਾਪੈ।
੬. ਮਾਇਆ ਵਿਚਿ ਉਦਾਸੁ ਕਰਿ ਆਪੁ ਗਵਾਏ ਜਪੈ ਅਜਾਪੈ।
੭. ਲੰਘ ਨਿਕਥੈ ਵਰੈ ਸਰਾਪੈ॥ ੧੯॥

ਪਦ ਅਰਥ - ਅਵਰਨ=ਨੀਚ ਵਰਣ। ਗੁਰਮੁਖਿ ਦਰਸਨੁ=ਗੁਰਮੁਖਾਂ ਦਾ ਪੰਥ। ਅਲਾਪੈ=ਉਚਾਰਨ ਕੀਤਾ ਜਾਂਦਾ ਹੈ। ਪਛਾਪੈ=ਪਛਾਣੇ ਜਾਂਦੇ ਹਨ। ਅਜਾਪੈ=ਜਾਪ ਰਹਿਤ ਪ੍ਰਭੂ, ਅਕਾਲ ਪੁਰਖ। ਨਿਕਥੈ=ਛੱਡ ਨਿਕਲੇ ਹਨ।

ਅਰਥ - ੧. ਸਤਿਗੁਰੂ ਜੀ ਨੇ ਚਹੁੰਆਂ ਦਾ ਇੱਕ ਵਰਣ (ਗੁਰਸਿੱਖੀ) ਬਣਾ ਦਿੱਤਾ ਤੇ ਸਾਧ ਸੰਗਤ ਕਾਇਮ ਕਰ ਦਿੱਤੀ, ਜਿਥੇ ਵਰਣ ਅਵਰਣ ਸਾਧ ਸੰਗਤ ਹੀ ਹੈ। ੨. ਛੇ ਰੁਤਾਂ ਤੇ ਛੇ ਦਰਸ਼ਨਾਂ (ਵਿਚੋਂ) ਗੁਰਮੁਖ ਦਰਸ਼ਨ (ਗੁਰਸਿੱਖਾਂ ਦਾ ਧਰਮ) ਸੂਰਜ ਵਾਂਗ (ਸਤਿਗੁਰੂ ਜੀ ਨੇ) ਥਾਪ ਦਿੱਤਾ। ੩. ਜੋਗੀਆਂ ਦੇ ਬਾਰਾਂ ਪੰਥ ਮਿਟਾ ਕੇ ਗੁਰਮੁਖ ਪੰਥ ਚਲਾ ਦਿੱਤਾ, ਜੋ ਵੱਡੇ ਪਰਤਾਪ ਵਾਲਾ ਹੈ। ੪. (ਇਹ ਪੰਥ) ਵੇਦ ਤੇ ਕਤੇਬਾਂ ਤੋਂ ਬਾਹਰਾ (ਨਿਰਾਲਾ) ਹੈ, ਜੋ ਅਨਹਦ ਸ਼ਬਦ ਦੇ ਅਗੰਮੀ ਜਾਪ ਦਾ ਅਲਾਪ ਕਰਨ ਵਾਲਾ ਹੈ। ੫. (ਇਉਂ ਗੁਰਮੁਖ ਗੁਰਸਿੱਖ) ਪੈਰੀਂ ਪੈਂਦੇ ਤੇ ਪੈਰਾਂ ਦੀ ਧੂੜ ਮੱਥੇ ਨੂੰ ਲਾਉਂਦੇ ਹਨ ਤੇ ਇਹੋ ਗੁਰਸਿੱਖਾਂ ਦੀ ਰਹੁਰੀਤੀ (ਆਪਸੀ ਮਿਲਾਪ) ਦੀ ਪਛਾਣ ਸਮਝੀ ਜਾਂਦੀ ਹੈ। ੬. ਗੁਰਸਿੱਖ ਮਾਇਆ ਵਿਚ ਰਹਿੰਦੇ, ਮਾਇਆ ਤੋਂ ਉਦਾਸ (ਭਾਵ ਨਿਰਲੇਪ) ਰਹਿ ਕੇ, ਆਪਾ-ਭਾਵ (ਮੈਂ-ਮੇਰੀ) ਨੂੰ ਮਿਟਾ ਕੇ ਅਜਪਾ ਜਾਪ ਨੂੰ ਜਪਦੇ ਹਨ। (ਪਰਮੇਸ਼ਰ ਦਾ ਸਿਮਰਨ ਕਰਦੇ ਹਨ ਤੇ ਪ੍ਰੇਮ ਨਾਲ ਸੁਰਤ ਨੂੰ ਇਸ ਅਜਪਾ ਜਾਪ ਵਿਚ ਜੋੜੀ ਰੱਖਦੇ ਹਨ)। ੭. (ਜਿਸ ਕਾਰਣ ਉਹ ਗੁਰਮੁਖ) ਵਰ ਸਰਾਪ ਦੀ ਹੱਦ ਨੂੰ ਟੱਪ ਜਾਂਦੇ ਹਨ (ਭਾਵ ਉਸ ਚੌਥੇ ਪਦ ਦੀ ਅਵਸਥਾ ਵਿਚ ਪਹੁੰਚ ਜਾਂਦੇ ਹਨ, ਜਿਥੇ ਸੁਖ ਦੁੱਖ ਤੇ ਅਮੀਰ ਗਰੀਬ ਦਾ ਫਰਕ ਨਹੀਂ ਹੁੰਦਾ, ਉਹ ਸਦਾ ਇਕ-ਰਸ ਰਹਣਿ ਵਾਲੇ ਜੀਵਨ ਦੀ ਪਦਵੀ 'ਤੇ ਪਹੁੰਚ ਜਾਂਦੇ ਹਨ॥ ੧੯॥

੨੦. ਗੁਰਸਿੱਖੀ ਦੀ ਚਾਲ ਨਿਰਾਲੀ

੧. ਮਿਲਦੇ ਮੁਸਲਮਾਨ ਦੁਇ ਮਿਲਿ ਮਿਲਿ ਕਰਨਿ ਸਲਾਮਾਲੇਕੀ।
੨. ਜੋਗੀ ਕਰਨਿ ਅਦੇਸ ਮਿਲਿ ਆਦਿ ਪੁਰਖੁ ਆਦੇਸੁ ਵਿਸੇਖੀ।
੩. ਸੰਨਿਆਸੀ ਕਰਿ ਓਨਮੋ ਓਨਮ ਨਾਰਾਇਣ ਬਹੁ ਭੇਖੀ।
੪. ਬਾਮ੍ਹਣ ਨੋ ਕਰਿ ਨਮਸਕਾਰ ਕਰਿ ਆਸੀਰ ਵਚਨ ਮੁਹੁ ਦੇਖੀ।
੫. ਪੈਰੀ ਪਵਣਾ ਸਤਿਗੁਰੂ ਗੁਰ ਸਿਖਾ ਰਹਰਾਸਿ ਸਰੇਖੀ।
੬. ਰਾਜਾ ਰੰਕੁ ਬਰਾਬਰੀ ਬਾਲਕ ਬਿਰਧਿ ਨ ਭੇਦੁ ਨਿਮੇਖੀ।
੭. ਚੰਦਨ ਭਗਤਾ ਰੂਪ ਨ ਰੇਖੀ॥ ੨੦॥

ਪਦ ਅਰਥ - ਸਲਾਮਾਲੇਕੀ=ਸਲਾਮਅਲੈਕਮ। ਵਿਸੇਖੀ=ਵਿਸ਼ੇਸ਼। ਰਹਰਾਸਿ=ਰਹੁਰੀਤੀ ਜਾਂ ਨੇਮ। ਆਸੀਰ=ਅਸ਼ੀਰਵਾਦ। ਸਰੇਖੀ=ਉੱਤਮ। ਨਿਮੇਖੀ=ਨਿਮਖ ਮਾਤ੍ਰ।

ਅਰਥ - ੧. ਦੋ ਮੁਸਲਮਾਨ ਜਦੋਂ ਆਪੋ ਵਿਚ ਮਿਲਦੇ ਹਨ ਤਾਂ ਦੋਵੇਂ ਹੀ ਸਲਾਮਾ ਲੈਕਮ ਕਰਦੇ ਹਨ। ੨. ਜਦ ਜੋਗੀ ਮਿਲਦੇ ਹਨ ਤਾਂ ਇੱਕ 'ਆਦੇਸ' (ਨਮਸਕਾਰ) ਕਹਿੰਦਾ ਹੈ, ਤੇ ਦੂਜਾ ਅੱਗੋਂ 'ਆਦਿ ਪੁਰਖ ਆਦੇਸ' ਆਖਦਾ ਹੈ। (ਭਾਵ ਆਦਿ ਪੁਰਖ, ਪਰਮੇਸ਼ਰ ਨੂੰ ਨਮਸਕਾਰ ਹੋਵੇ)। ੩. (ਇਸੇ ਤਰ੍ਹਾਂ ਜਦ

ਇੱਕ) ਸੰਨਿਆਸੀ ਦੂਜੇ ਨੂੰ ਮਿਲਦਾ ਹੈ ਤਾਂ 'ਓਨਮੋ' (ਓਅੰ ਨੂੰ ਨਮਸਕਾਰ ਹੈ) ਕਹਿੰਦਾ ਹੈ ਤੇ ਅੱਗੋਂ ਦੂਜਾ ਜਵਾਬ ਵਿਚ 'ਓਨਮੋ ਨਾਰਾਇਣ' (ਨਾਰਾਇਣ ਨੂੰ ਨਮਸਕਾਰ ਹੈ) ਕਹਿੰਦਾ ਹੈ। ੪. ਬਾਮ੍ਹਣ ਨੂੰ ਜੇ ਕੋਈ ਨਮਸਕਾਰ ਕਰਦਾ ਹੈ ਤਾਂ ਉਹ ਮੂੰਹ ਤੋਂ ਅਸ਼ੀਰਵਾਦ ਦਾ ਬਚਨ ਕਰਦਾ ਹੈ, (ਪਰ ਦੂਜੇ ਨੂੰ ਦੇਖ ਕੇ) ਮੂੰਹ ਦੇਖਦਾ ਹੈ (ਕਿ ਇਹ ਨਮਸਕਾਰ ਕਰਨ ਵਾਲਾ ਕੌਣ ਹੈ?) ੫. ਸਤਿਗੁਰੂ ਜੀ ਨੇ (ਗੁਰਸਿੱਖਾਂ ਨੂੰ ਪੈਰੀਂ ਪੈਣਾ ਦੀ) ਰਹੁਰੀਤੀ 'ਤੇ ਚਲਣ ਦਾ ਹੁਕਮ ਦਿੱਤਾ ਹੈ, (ਇਸ ਲਈ ਜਦ ਇੱਕ ਗੁਰਸਿੱਖ ਦੂਜੇ ਗੁਰਸਿੱਖ ਨੂੰ ਮਿਲਦਾ ਹੈ ਤਾਂ) 'ਪੈਰੀਂ ਪੈ ਜੀ' ਦੋਵੇਂ ਹੀ ਇੱਕ ਦੂਜੇ ਨੂੰ ਆਖਦੇ ਹਨ। ੬. ਇਸ ਗੱਲ ਕਰਕੇ ਰਾਜਾ ਤੇ ਰੰਕ ਗਰੀਬ ਇਕੋ ਜਿਹੇ ਹਨ, ਨਾ ਹੀ ਬਾਲਕ ਤੇ ਬਿਰਧ ਦਾ ਕੋਈ ਤਿਲ ਮਾਤਰ ਜਿੰਨਾਂ ਵੀ ਫਰਕ ਰੱਖਦਾ ਹੈ। ੭. ਚੰਦਨ ਰੂਪ (ਮਹਿਕ ਵੰਡਣ ਵਾਲੀ) ਭਗਤੀ ਦੀ ਕੋਈ ਰੂਪ-ਰੇਖਾ ਨਹੀਂ ਹੁੰਦੀ॥ ੨੦॥

੨੧. ਨਿਮ੍ਰਤਾ ਵਿਚ ਵਰਤਣ ਦੀ ਸਿੱਖਿਆ

੧. ਨੀਚਹੁ ਨੀਚੁ ਸਦਾਵਣਾ ਗੁਰ ਉਪਦੇਸੁ ਕਮਾਵੈ ਕੋਈ।
੨. ਤ੍ਰੈ ਵੀਹਾਂ ਦੇ ਦੰਮ ਲੈ ਇਕੁ ਰੁਪਈਆ ਹੋਛਾ ਹੋਈ।
੩. ਦਸੀ ਰੁਪਯੀ ਲਈਦਾ ਇਕੁ ਸੁਨਈਆ ਹਉਲਾ ਸੋਈ।
੪. ਸਹਸ ਸੁਨਈਏ ਮੁਲੁ ਕਰਿ ਲੱਯੈ ਹੀਰਾ ਹਾਰ ਪਰੋਈ।
੫. ਪੈਰੀ ਪੈ ਪਾ ਖਾਕ ਹੋਇ ਮਨ ਬਚ ਕਰਮ ਭਰਮ ਭਉ ਖੋਈ।
੬. ਹੋਇ ਪੰਚਾਇਣੁ ਪੰਜਿ ਮਾਰ ਬਾਹਰਿ ਜਾਦਾ ਰਖਿ ਸਗੋਈ।
੭. ਬੋਲ ਅਮੋਲੁ ਸਾਧ ਜਨ ਓਈ॥੨੧॥੨੩॥

ਪਦ ਅਰਥ - ਤ੍ਰੈ ਵੀਹਾਂ=ਸੱਠ ਪੈਸੇ। ਹੋਛਾ=ਘੱਟ ਹੈ। ਸੁਨਈਆ=ਮੋਹਰ ਜਾਂ ਬੁਤਕੀ। ਪੰਚਾਇਣੁ=ਪੰਚ ਜਾਂ ਸ਼੍ਰੋਮਣੀ। ਰਖਿ ਸਗੋਈ=ਰੱਖ ਜਾਂ ਰੋਕ ਸਕਣਾ।

ਅਰਥ - ੧. ਨੀਚ ਤੋਂ ਨੀਚ (ਦਾਸਾਂ ਦਾ ਦਾਸ, ਨਿਮ੍ਰਤਾ ਧਾਰਨੀ) ਅਖਵਾਉਣਾ (ਇਹ ਗੁਰੂ ਦਾ ਉਪਦੇਸ਼ ਤੇ ਸਿੱਖਿਆ ਹੈ ਪਰ) ਇਸ ਗੁਰੂ ਉਪਦੇਸ਼ ਨੂੰ ਕਮਾਉਂਦਾ ਕੋਈ ਵਿਰਲਾ ਹੀ ਹੈ। ੨. ਤਿੰਨ ਵੀਹਾਂ ਪੈਸਿਆਂ ਨੂੰ ਦੇ ਕੇ ਜੇ ਇੱਕ ਰੁਪਈਏ ਨੂੰ ਲਈਏ ਤਾਂ ਰੁਪਏ ਦਾ ਭਾਰ ਹੋਛਾ (ਹੌਲਾ) ਰਹਿ ਜਾਂਦਾ ਹੈ। ੩. ਦਸਾਂ ਰੁਪਈਆਂ ਨੂੰ ਦੇ ਕੇ ਇੱਕ ਮੋਹਰ ਜਾਂ ਬੁਤਕੀ ਨੂੰ ਲਈਏ, ਤਾਂ ਇਸਦਾ ਭਾਰ ਵੀ ਘੱਟ ਜਾਂਦਾ ਹੈ, (ਪਰ ਕੀਮਤੀ ਬਹੁਤੀ ਹੈ)। ੪. (ਇਸੇ ਤਰ੍ਹਾਂ) ਹਜ਼ਾਰ ਮੋਹਰਾਂ ਦਾ ਮੁੱਲ ਦੇ ਕੇ, ਇੱਕ ਹੀਰਾ ਖਰੀਦ ਕੇ ਹਾਰ ਵਿਚ ਪਰੋਇਆ ਜਾਂਦਾ ਹੈ, (ਜਿਸ ਦਾ ਹਜ਼ਾਰ ਮੋਹਰਾਂ ਦੇ ਭਾਰ ਨਾਲੋਂ ਕਿਤੇ ਭਾਰ ਘੱਟ ਹੈ, ਪਰ ਮੁੱਲ ਵਿਚ ਹਜ਼ਾਰ ਗੁਣਾ ਵਧ ਮੁੱਲ ਦਾ ਹੈ। ੫. ਇਸੇ ਤਰ੍ਹਾਂ ਹੋਰ ਧਰਮਾਂ ਦੀ ਰਹੁਰੀਤੀ ਨਾਲੋਂ) ਪੈਰੀਂ ਪੈਣਾ ਤੇ ਪੈਰਾਂ ਦੀ ਖਾਕ ਹੋਣਾ (ਐਵੇਂ ਜ਼ੁਬਾਨੀ ਜ਼ੁਬਾਨੀ ਨਹੀਂ) ਮਨ, ਬਚਨਾਂ ਤੇ ਕਰਮ (ਕਰਕੇ, ਦਿਲੋਂ ਮਨੋਂ ਜੋ ਐਸਾ ਹੁੰਦਾ ਹੈ, ਉਹ) ਆਪਣੇ ਭਰਮਾਂ ਭੁਲੇਖੇ ਤੇ ਡਰਾਂ ਨੂੰ ਗਵਾ ਲੈਂਦਾ ਹੈ। ੬. (ਸਾਧ ਸੰਗਤ ਦੀ ਕਿਰਪਾ ਤੇ ਗੁਰੂ ਦੀ ਬਖਸ਼ਿਸ਼ ਨਾਲ) ਉਹ ਪੰਜਾਂ ਵਿਕਾਰਾਂ (ਕਾਮ, ਕ੍ਰੋਧ ਆਦਿ) ਨੂੰ ਮਾਰ ਕੇ ਮੁਖੀ (ਪੰਚਾਇਣ) ਤੇ ਸ੍ਰੇਸ਼ਟ (ਉੱਤਮ)

ਹੋ ਜਾਂਦਾ ਹੈ। ਤੇ (ਮਨ ਦਾ ਜੇਤੂ ਬਣ ਕੇ) ਬਾਹਰ ਨੱਸ ਨੱਸ ਜਾਣ ਵਾਲੇ ਮਨ ਨੂੰ ਆਪਣੇ ਅੰਦਰ ਹੀ ਰੋਕਣ ਵਾਲਾ (ਬਲਵਾਨ) ਹੋ ਜਾਂਦਾ ਹੈ। ੭. ਐਸੇ (ਗੁਰਮੁਖ) ਸਾਧ ਜਨਾਂ ਦੇ ਬਚਨ ਕੀਮਤੀ (ਲਾਲ ਵਾਂਗ) ਹੁੰਦੇ ਹਨ॥ ੨੧॥ ੨੩॥

ਵਾਰ ੨੪

ੴ ਸਤਿਗੁਰ ਪ੍ਰਸਾਦਿ॥

੧. ਪ੍ਰਭੂ ਦੀ ਸਿਫਤ-ਸਲਾਹ, ਮੰਗਲਾਚਰਣ

੧. ਨਾਰਾਇਣ ਨਿਜ ਰੂਪਿ ਧਰਿ ਨਾਥਾ ਨਾਥ ਸਨਾਥ ਕਰਾਇਆ।
੨. ਨਰਪਤਿ ਨਰਹ ਨਰਿੰਦੁ ਹੈ ਨਿਰੰਕਾਰਿ ਆਕਾਰੁ ਬਣਾਇਆ।
੩. ਕਰਤਾ ਪੁਰਖੁ ਵਖਾਣੀਐ ਕਾਰਣੁ ਕਰਣੁ ਬਿਰਦੁ ਬਿਰਦਾਇਆ।
੪. ਦੇਵੀ ਦੇਵ ਦੇਵਾਧਿ ਦੇਵ ਅਲਖ ਅਭੇਵ ਨ ਅਲਖੁ ਲਖਾਇਆ।
੫. ਸਤਿ ਰੂਪੁ ਸਤਿ ਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ।
੬. ਧਰਮਸਾਲ ਕਰਤਾਰ ਪੁਰੁ ਸਾਧਸੰਗਤਿ ਸਚ ਖੰਡੁ ਵਸਾਇਆ।
੭. ਵਾਹਿਗੁਰੂ ਗੁਰ ਸਬਦੁ ਸੁਣਾਇਆ॥ ੧॥

ਪਦ ਅਰਥ - ਨਾਥਾ ਨਾਥ=ਅਨਾਥਾਂ ਦਾ ਨਾਥ। ਸਨਾਥ=ਸ੍ਰੇਸ਼ਟ ਨਾਥ। ਆਕਾਰੁ=ਸਰੂਪ। ਬਿਰਦੁ=ਲਾਜ ਪਾਲਣ, ਧਰਮ। ਦੇਵਾਧਿ ਦੇਵ=ਦੇਵਤਿਆਂ ਦਾ ਵੀ ਵੱਡਾ ਦੇਵਤਾ, ਪ੍ਰਭੂ।

ਅਰਥ - ੧. ਨਾਰਾਇਣ (ਵਾਹਿਗੁਰੂ) ਨੇ ਆਪਣਾ ਖਾਸ ਰੂਪ ਧਾਰ ਕੇ, ਅਨਾਥਾਂ ਤੇ ਨਾਥਾਂ ਸਭ ਨੂੰ ਪ੍ਰਭੂ ਦੀ ਯਾਦ ਵਾਲੇ (ਸਨਾਥ) ਬਣਾਇਆ। ੨. ਸਭ ਮਨੁੱਖਾਂ ਦਾ ਮਾਲਕ ਜੋ ਨਿਰੰਕਾਰ ਹੈ, ਉਸੇ ਨੇ ਹੀ ਇਹ ਸਰੂਪ ਧਾਰਿਆ ਹੈ। ੩. ਪਰਮੇਸ਼ਰ ਨੂੰ ਕਰਤਾ ਪੁਰਖ ਆਖਿਆ ਜਾਂਦਾ ਹੈ, ਜੋ ਸਭ ਕਾਰਣਾਂ ਦਾ ਵੀ ਕਰਤਾ ਹੈ ਤੇ ਵੱਡੇ ਬਿਰਦ (ਧਰਮ) ਨੂੰ ਪਾਲਣ ਵਾਲਾ ਹੈ। ੪. ਉਹ ਪ੍ਰਭੂ ਸਭ ਦੇਵੀਆਂ ਤੇ ਦੇਵਤਿਆਂ ਦਾ ਵੱਡਾ ਦੇਵਤਾ ਹੈ, ਉਸ ਅਲਖ ਅਭੇਵ ਨੂੰ ਅਲਖ (ਆਪਣਾ ਸ੍ਵੈ-ਸਰੂਪ ਤਾਈਂ ਕਿਸੇ ਨੂੰ) ਜਤਾਇਆ ਨਹੀਂ। ੫. ਸਤਿ ਸਰੂਪ (ਅਕਾਲ ਪੁਰਖ ਦੇ) ਸਤਿ ਨਾਮ (ਸੱਚੇ ਨਾਮ) ਨੂੰ ਸਤਿਗੁਰੂ ਨਾਨਕ ਦੇਵ ਜੀ ਨੇ (ਜਪਿਆ ਤੇ) ਜਪਾਇਆ। ੬. ਕਰਤਾਰਪੁਰ ਵਿਖੇ ਧਰਮਸਾਲ (ਧਰਮ ਦਾ ਮੂਲ ਕੇਂਦਰ) ਬਣਾ ਕੇ ਸਾਧ ਸੰਗਤ ਰੂਪੀ ਸੱਚਖੰਡ ਵਸਾ ਦਿੱਤਾ। ੭. (ਸਾਧ ਸੰਗਤ ਰੂਪੀ ਸੱਚਖੰਡ ਵਿਚ ਸੁਸ਼ੋਭਤ ਹੋ ਕੇ) ਸਤਿਗੁਰੂ ਜੀ ਨੇ ਵਾਹਿਗੁਰੂ ਸ਼ਬਦ (ਦਾ ਮੰਤਰ, ਜਾਪ ਕਰਨ ਲਈ) ਸੁਣਾਇਆ॥ ੧॥

੨. ਜਗਤ ਦੇ ਸੱਚੇ ਗੁਰੂ, ਗੁਰੂ ਨਾਨਕ ਦੇਵ ਜੀ

੧. ਨਿਹਚਲ ਨੀਉ ਧਰਾਈਓਨੁ ਸਾਧਸੰਗਤਿ ਸਚ ਖੰਡ ਸਮੇਉ।
੨. ਗੁਰਮੁਖਿ ਪੰਥੁ ਚਲਾਇਓਨੁ ਸੁਖ ਸਾਗਰੁ ਬੇਅੰਤੁ ਅਮੇਉ।
੩. ਸਚਿ ਸਬਦਿ ਆਰਾਧੀਐ ਅਗਮ ਅਗੋਚਰੁ ਅਲਖ ਅਭੇਉ।
੪. ਚਹੁ ਵਰਨਾਂ ਉਪਦੇਸਦਾ ਛਿਅ ਦਰਸਨ ਸਭਿ ਸੇਵਕ ਸੇਉ।
੫. ਮਿਠਾ ਬੋਲਣੁ ਨਿਵ ਚਲਣੁ ਗੁਰਮੁਖਿ ਭਾਉ ਭਗਤਿ ਅਰਥੇਉ।
੬. ਆਦਿ ਪੁਰਖੁ ਆਦੇਸੁ ਹੈ ਅਬਿਨਾਸੀ ਅਤਿ ਅਛਲ ਅਛੇਉ।
੭. ਜਗਤੁ ਗੁਰੂ ਗੁਰੁ ਨਾਨਕ ਦੇਉ ॥ ੨ ॥

ਪਦ ਅਰਥ - ਸਮੇਉ=ਲੀਨ ਹੋਏ। ਅਮੇਉ=ਤੋਲ ਰਹਿਤ। ਅਭੇਉ=ਭੇਦ ਰਹਿਤ। ਸੇਉ=ਸੇਵਾ ਦੇ ਯੋਗ। ਅਰਥੇਉ=ਵਾਸਤੇ ਜਾਂ ਲੋੜਵੰਦ। ਅਛੇਉ=ਛਿਦਣ ਤੋਂ ਰਹਿਤ।

ਅਰਥ - ੧. ਸਾਧ ਸੰਗਤ ਰੂਪ ਸੱਚਖੰਡ ਦੀ ਸਦਾ ਕਾਇਮ ਰਹਿਣ ਵਾਲੀ ਨੀਂਹ (ਸਤਿਗੁਰੂ ਜੀ ਨੇ ਦ੍ਰਿੜ੍ਹਤਾ ਤੇ ਨਿਸ਼ਚੈ ਕਰਕੇ) ਧਰ ਦਿੱਤੀ। ੨. (ਨੀਂਹ ਕੀ ਧਰੀ ?) ਗੁਰਮੁਖ ਪੰਥ (ਗੁਰੂ ਤੋਂ ਵਰਸਾਉਣ ਵਾਲਿਆਂ ਦਾ) ਰਸਤਾ ਖੋਲ੍ਹ ਦਿੱਤਾ, ਜੋ ਬੇਅੰਤ ਸੁਖਾਂ ਦਾ ਸਾਗਰ ਤੇ ਮਿਣਤੀ ਤੋਂ ਰਹਿਤ ਹੈ। ੩. (ਸਾਧ ਸੰਗਤ ਵਿਚ) ਸਚੇ ਸ਼ਬਦ (ਉਪਦੇਸ਼) ਦੀ ਪੂਜਾ ਤੇ ਅਰਾਧਨਾ ਹੁੰਦੀ ਹੈ, (ਕਿਉਂਕਿ ਸਤਿਗੁਰੂ ਦਾ ਸ਼ਬਦ) ਅਗੰਮ, ਅਗੋਚਰ, ਅਲਖ ਅਤੇ ਅਭੇਵ (ਗਮਤਾ ਰਹਿਤ, ਪਰੇ ਤੋਂ ਪਰੇ, ਨਾ ਜਾਣੇ ਜਾਣ ਵਾਲਾ ਤੇ ਭੇਦ ਰਹਿਤ) ਹੈ। ੪. ਇਹ ਪੰਥ ਚਾਰੇ ਵਰਣਾਂ, ਛਿਆਂ ਦਰਸ਼ਨਾਂ (ਧਰਮਾਂ), ਪੂਜਾ ਕਰਨ ਵਾਲੇ (ਸੇਵਕਾਂ) ਤੇ ਪੂਜਾ ਕਰਵਾਉਣ ਵਾਲੇ ਸਭ ਨੂੰ ਉਪਦੇਸ਼ਦਾ ਹੈ। ੫. ਮਿੱਠਾ ਬੋਲਣਾ, ਨਿਵ ਕੇ ਚਲਣਾ ਅਤੇ ਪ੍ਰੇਮਾ-ਭਗਤੀ ਦੀ ਹੀ ਕਾਰ ਵਿਚ ਲੱਗੇ ਰਹਿਣਾ, ਇਹ ਗੁਰਮੁਖਾਂ (ਦੇ ਜੀਵਨ) ਦੀ ਜੁਗਤ ਹੈ। ੬. ਆਦਿ ਪੁਰਖ ਨੂੰ ਨਮਸਕਾਰ ਹੈ, ਜੋ ਨਾਸ ਰਹਿਤ ਹੈ, ਵਿਸ਼ੇਸ਼ ਰੂਪ ਵਿਚ ਨਾ ਛਲੇ ਜਾਣ ਵਾਲਾ ਤੇ ਭੇਦ ਰਹਿਤ ਹੈ। (ਭਾਵ ਪਰਮੇਸ਼ਰ ਦੇ ਥਾਪੇ ਗੁਰੂ ਨਾਨਕ ਦਾ ਕੋਈ ਪਾਰਾਵਾਰ ਨਹੀਂ ਪਾ ਸਕਦਾ)। ੭. ਐਸੇ ਜਗਤ ਦੇ ਗੁਰੂ, ਗੁਰੂ ਨਾਨਕ ਦੇਵ ਜੀ ਹਨ ॥ ੨ ॥

੩. ਬੇਪਰਵਾਹ ਸਤਿਗੁਰੂ, ਸੱਚਾ ਪਾਤਸ਼ਾਹ

੧. ਸਤਿਗੁਰ ਸਚਾ ਪਾਤਿਸਾਹੁ ਬੇਪਰਵਾਹੁ ਅਥਾਹੁ ਸਹਾਬਾ।
੨. ਨਾਉ ਗਰੀਬ ਨਿਵਾਜੁ ਹੈ ਬੇਮੁਹਤਾਜ ਨ ਮੋਹੁ ਮੁਹਾਬਾ।
੩. ਬੇਸੁਮਾਰੁ ਨਿਰੰਕਾਰੁ ਹੈ ਅਲਖ ਅਪਾਰੁ ਅਲਾਹ ਸਿਵਾਬਾ।

੪. ਕਾਇਮੁ ਦਾਇਮੁ ਸਾਹਿਬੀ ਹਾਜਰੁ ਨਾਜਰੁ ਵੇਦ ਕਿਤਾਬਾ।
੫. ਅਗਮੁ ਅਡੋਲੁ ਅਤੋਲੁ ਹੈ ਤੋਲਣਹਾਰੁ ਨ ਡੰਡੀ ਛਾਬਾ।
੬. ਇਕੁ ਛਤਿ ਰਾਜੁ ਕਮਾਂਵਦਾ ਦੁਸਮਣੁ ਦੂਤੁ ਨ ਸੋਰ ਸਰਾਬਾ।
੭. ਆਦਲੁ ਅਦਲੁ ਚਲਾਇਦਾ ਜਾਲਮੁ ਜੁਲਮੁ ਨ ਜੋਰ ਜਰਾਬਾ।
੮. ਜਾਹਰ ਪੀਰ ਜਗਤੁ ਗੁਰੁ ਬਾਬਾ ॥ ੩ ॥

ਪਦ ਅਰਥ - ਸਹਾਬਾ=ਸਾਹਿਬ, ਮਾਲਕਾਂ ਦਾ ਮਾਲਕ। ਮੁਹਾਬਾ=ਸਭ ਨੂੰ ਮੋਹਣ ਵਾਲਾ। ਸਿਞਾਬਾ=ਸਿਞਾਣਿਆ ਗਿਆ ਹੈ। ਹਾਜਰੁ ਨਾਜਰੁ=ਪ੍ਰਤੱਖ ਹਾਜ਼ਰੀ। ਸੋਰ ਸਰਾਬਾ=ਰੌਲਾ ਗੌਲਾ, ਸ਼ੋਰ ਸ਼ਰਾਬਾ। ਅਦਲੁ=ਇਨਸਾਫ ਕਰਨ ਵਾਲਾ। ਜਰਾਬਾ=ਦੁੱਖ।

ਅਰਥ - ੧. ਸਤਿਗੁਰੂ (ਨਾਨਕ ਦੇਵ) ਜੀ ਸੱਚੇ ਪਾਤਸ਼ਾਹ ਹਨ। ਬੇਪਰਵਾਹ ਤੇ ਅਥਾਹ ਵਡਿਆਈਆਂ (ਸਾਹਿਬੀਆਂ) ਦੇ ਮਾਲਕ ਹਨ। ੨. (ਉਹ ਆਪ ਭਾਵੇਂ ਅਤਿ ਮਹਿਮਾ ਵਾਲੇ ਹਨ, ਪਰ ਗਰੀਬਾਂ 'ਤੇ ਦਇਆ ਕਰਨ ਵਾਲੇ) ਗਰੀਬ ਨਿਵਾਜ ਹਨ! ਬੇਮੁਹਤਾਜ ਹਨ, ਨਾ ਉਨ੍ਹਾਂ ਨੂੰ ਕਿਸੇ ਨਾਲ ਖਾਸ ਪਿਆਰ (ਮੋਹ ਦੀ ਖਿੱਚ) ਹੈ, ਨਾ ਕਿਸੇ ਦਾ ਡਰ ਹੈ। ੩. ਨਿਰੰਕਾਰ ਜੋ ਬੇਸ਼ੁਮਾਰ ਤੇ ਅਲਖ, ਅਪਾਰ ਹੈ, ਐਸੇ ਪ੍ਰਭੂ ਨੂੰ (ਗੁਰੂ ਨਾਨਕ ਦੇਵ ਜੀ ਨੇ ਹੀ) ਸਿੰਞਾਤਾ ਹੈ। ੪. (ਗੁਰੂ ਨਾਨਕ ਦੇਵ ਜੀ ਦੀ) ਸਾਹਿਬੀ (ਪ੍ਰਮੁਖਤਾ) ਸਦਾ ਹੀ ਕਾਇਮ ਤੇ ਪੁਖਤਾ ਹੈ, (ਕਿਉਂਕਿ ਉਸ ਦਾ) ਹਾਜ਼ਰ ਨਾਜ਼ਰ (ਪ੍ਰਭੂ ਨਾਲ ਪ੍ਰੇਮ) ਹੈ, ਜੋ ਵੇਦਾਂ ਕਤੇਬਾਂ (ਵਿਚੋਂ) ਨਹੀਂ ਮਿਲਦਾ। ੫. ਉਹ ਪ੍ਰਭੂ ਅਗੰਮ (ਗੰਮਤਾ ਰਹਿਤ), ਡੋਲਣ ਤੋਂ ਰਹਿਤ ਤੇ ਤੁਲਣ ਵਿਚ ਨਹੀਂ ਆਉਂਦਾ, ਨਾ ਉਸ ਦੇ ਤੋਲਣ ਵਾਲਾ ਕੋਈ ਡੰਡੀ ਤੇ ਛਾਬਾ (ਭਾਵ ਤੱਕੜ ਹੈ)। ੬. ਛਤਰਪਤੀਆਂ ਵਾਂਗ ਉਸ ਦਾ ਵੱਡਾ ਰਾਜ ਹੈ, ਜਿਥੇ ਉਹ ਰਾਜ ਕਰਦਾ ਹੈ, ਉਥੇ ਨਾ ਕੋਈ ਦੁਸ਼ਮਨ ਹੈ, ਨਾ ਦੂਤ (ਵੈਰ ਭਾਵਨਾ) ਹੈ ਤੇ ਨਾ ਹੀ ਕੋਈ ਰੌਲਾ ਗੌਲਾ ਹੈ (ਭਾਵ ਅਮਨ ਚੈਨ ਵਾਲਾ, ਸੁਖ ਸ਼ਾਂਤੀ ਵਾਲਾ ਗੁਰੂ ਨਾਨਕ ਦੀ ਪਾਤਸ਼ਾਹੀ ਦਾ ਰਾਜ ਹੈ)। ੭. (ਸਤਿਗੁਰੂ ਜੀ) ਆਪ ਅਦਲ (ਨਿਆਂ ਕਰਨ ਵਾਲੇ) ਨਿਆਏਦਾਰ ਹਨ, (ਇਸ ਲਈ) ਉਥੇ ਜ਼ਾਲਮ ਨੂੰ ਜ਼ੁਲਮ ਕਰਨ ਦਾ ਹੀਆ ਹੀ ਨਹੀਂ ਪੈਂਦਾ, ਜਿਸ ਕਰਕੇ ਕਿਸੇ ਨੂੰ ਦੁੱਖ ਕਸ਼ਟ ਨਹੀਂ ਹੁੰਦਾ। ੮. (ਇਸ ਤਰ੍ਹਾਂ ਦਾ) ਜ਼ਾਹਰਾ ਪੀਰ, ਜਗਤ-ਗੁਰੂ (ਨਾਨਕ) ਬਾਬਾ ਹੈ॥ ੩ ॥

੪. ਜ਼ਾਹਰਾ ਪੀਰ, ਜਗਤ-ਗੁਰੂ ਬਾਬਾ ਨਾਨਕ

੧. ਗੰਗ ਬਨਾਰਸ ਹਿੰਦੂਆਂ ਮੁਸਲਮਾਣਾਂ ਮਕਾ ਕਾਬਾ।
੨. ਘਰਿ ਘਰਿ ਬਾਬਾ ਗਾਵੀਐ ਵਜਨਿ ਤਾਲ ਮ੍ਰਿਦੰਗੁ ਰਬਾਬਾ।
੩. ਭਗਤਿ ਵਛਲੁ ਹੋਇ ਆਇਆ ਪਤਿਤ ਉਧਾਰਣੁ ਅਜਬੁ ਅਜਾਬਾ।
੪. ਚਾਰਿ ਵਰਨ ਇਕ ਵਰਨ ਹੋਇ ਸਾਧਸੰਗਤਿ ਮਿਲਿ ਹੋਇ ਤਰਾਬਾ।
੫. ਚੰਦਨੁ ਵਾਸੁ ਵਣਾਸਪਤਿ ਅਵਲਿ ਦੋਮ ਨ ਸੇਮ ਖਰਾਬਾ।

੬. ਹੁਕਮੈ ਅੰਦਰਿ ਸਭ ਕੋ ਕੁਦਰਤਿ ਕਿਸ ਦੀ ਕਰੈ ਜਵਾਬਾ।
੭. ਜਾਹਰ ਪੀਰੁ ਜਗਤੁ ਗੁਰ ਬਾਬਾ ॥ ੪ ॥

ਪਦ ਅਰਥ - ਬਨਾਰਸ=ਕਾਸ਼ੀ ਸ਼ਹਿਰ ਜੋ ਗੰਗਾ ਦਰਿਆ ਦੇ ਕਿਨਾਰੇ ਹੈ। ਅਜਬੁ ਅਜਾਬਾ=ਅਜਬ ਤੇ ਅਸਚਰਜ ਰੂਪ। ਤਰਾਬਾ=ਤਰਨਾ। ਜਵਾਬਾ=ਉੱਤਰ ਦੇਣਾ।

ਅਰਥ - ੧. ਗੰਗਾ (ਹਰਦੁਵਾਰ) ਤੇ ਬਨਾਰਸ (ਕਾਸ਼ੀ) ਇਹ ਹਿੰਦੂਆਂ ਦੇ ਤੀਰਥ ਹਨ, ਜਿਥੋਂ ਉਹ ਮੁਕਤੀ ਚਾਹੁੰਦੇ ਹਨ ਤੇ ਮੁਸਲਮਾਨ ਮੱਕੇ ਤੇ ਮਦੀਨੇ ਦੀ ਜ਼ਿਆਰਤ (ਯਾਤਰਾ) ਕਰਦੇ ਹਨ। (ਮੱਕਾ ਹਜ਼ਰਤ ਮੁਹੰਮਦ ਦਾ ਜਨਮ ਅਸਥਾਨ ਤੇ ਮਦੀਨਾ ਚਲਾਣੇ ਦਾ ਅਸਥਾਨ ਹੈ)। ੨. (ਪਰ ਰੱਬ ਰੂਪ ਗੁਰੂ ਨਾਨਕ) ਦਾ ਜਸ ਘਰੁ ਘਰ ਵਿਚ ਹੋ ਰਿਹਾ ਹੈ ਜਿਥੇ ਜੋੜੀਆਂ, ਮ੍ਰਿਦੰਗ ਤੇ ਰਬਾਬ ਵੱਜ ਰਹੇ ਹਨ (ਤੇ ਇਲਾਹੀ ਕੀਰਤਨ ਹੋ ਰਿਹਾ ਹੈ)। ੩. (ਗੁਰੂ ਨਾਨਕ) ਭਗਤ ਵਛਲ ਰੂਪ ਧਾਰ ਕੇ ਜਗਤ 'ਤੇ ਆਇਆ ਹੈ, ਜੋ ਪਾਪੀਆਂ ਨੂੰ ਵੀ ਤਾਰਦਾ ਹੈ ਤੇ ਅਜਬ ਰੰਗਾਂ ਦੇ ਅਸਚਰਜ ਕੌਤਕਾਂ ਨੂੰ ਕਰ ਰਿਹਾ ਹੈ। ੪. ਚਾਰੇ ਵਰਣਾਂ ਦੇ ਲੋਕ ਇੱਕ ਵਰਣ (ਗੁਰਸਿੱਖੀ ਦਾ ਮਾਰਗ) ਸਾਧ ਸੰਗਤ ਵਿਚ ਮਿਲ ਕੇ (ਸੰਸਾਰ ਸਮੁੰਦਰ ਤੋਂ) ਪਾਰ ਹੋ ਰਹੇ ਹਨ। ੫. ਜਿਵੇਂ ਚੰਦਨ ਦੀ ਵਾਸ਼ਨਾ ਵਿਚ ਗੁਣ ਹੈ ਕਿ ਉਹ ਆਸ ਪਾਸ ਦੀ ਸਭ ਬਨਾਸਪਤੀ ਨੂੰ ਆਪਣੇ ਵਰਗੀ ਵਾਸ਼ਨਾ ਵਾਲੀ ਬਣਾ ਦੇਂਦੀ ਹੈ, ਉਸ ਵਿਚ ਪਹਿਲਾ, ਦੂਜਾ ਜਾਂ ਤੀਜਾ (ਭੇਦ ਭਾਵ) ਨਹੀਂ ਪਾਉਂਦੀ, ਇਸੇ ਤਰ੍ਹਾਂ ਸਾਧ ਸੰਗਤ ਰੂਪ ਸੱਚਖੰਡ ਵਿਚ ਜਿਹੜਾ ਮਿਲਦਾ ਹੈ, ਉਹ ਚੰਦਨ ਵਾਂਗ ਗੁਰਸਿੱਖੀ ਦੀ ਸੁੰਦਰ ਸੁਗੰਧੀ (ਗੁਣਾਂ) ਵਾਲਾ ਬਣ ਜਾਂਦਾ ਹੈ। ੬. (ਸਾਧ ਸੰਗਤ) ਵਿਚ ਸਭ ਕੋਈ (ਗੁਰੂ ਨਾਨਕ ਦੇ) ਹੁਕਮ ਵਿਚ ਹੈ, ਕਿਸੇ ਦੀ ਮਜਾਲ ਨਹੀਂ ਕਿ ਹੁਕਮ ਨੂੰ ਜਵਾਬ ਦੇਵੇ ਜਾਂ ਮੋੜੇ। ੭. (ਗੁਰੂ ਨਾਨਕ ਗੁਰੂਆਂ ਦਾ ਗੁਰੂ) ਜ਼ਾਹਰ ਹੈ (ਹਿੰਦੂਆਂ ਦਾ) ਗੁਰੂ ਹੈ (ਤੇ ਮੁਸਲਮਾਨਾਂ ਦਾ) ਪੀਰ ਹੈ, ਇਹ ਗੱਲ ਪ੍ਰਗਟ (ਪ੍ਰਤੱਖ) ਹੈ॥ ੪ ॥

੫. ਚੇਲੇ ਨੂੰ ਅੰਗਾਂ ਨਾਲ ਲਾ ਕੇ ਗੁਰੂ ਅੰਗਦ ਬਣਾ ਦਿੱਤਾ

੧. ਅੰਗਹੁ ਅੰਗੁ ਉਪਾਇਓਨੁ ਗੰਗਹੁ ਜਾਣੁ ਤਰੰਗੁ ਉਠਾਇਆ।
੨. ਗਹਿਰ ਗੰਭੀਰੁ ਗਹੀਰੁ ਗੁਣੁ ਗੁਰਮੁਖਿ ਗੁਰੁ ਗੋਬਿੰਦੁ ਸਦਾਇਆ।
੩. ਦੁਖ ਸੁਖ ਦਾਤਾ ਦੇਣਿਹਾਰੁ ਦੁਖ ਸੁਖ ਸਮਸਰਿ ਲੇਪੁ ਨ ਲਾਇਆ।
੪. ਗੁਰ ਚੇਲਾ ਚੇਲਾ ਗੁਰੂ ਗੁਰੁ ਚੇਲੇ ਪਰਚਾ ਪਰਚਾਇਆ।
੫. ਬਿਰਖਹੁ ਫਲੁ ਫਲ ਤੇ ਬਿਰਖੁ ਪਿਉ ਪੁਤਹੁ ਪੁਤੁ ਪਿਉ ਪਤੀਆਇਆ।
੬. ਪਾਰਬ੍ਰਹਮੁ ਪੂਰਨੁ ਬ੍ਰਹਮੁ ਸਬਦੁ ਸੁਰਤਿ ਲਿਵ ਅਲਖ ਲਖਾਇਆ।
੭. ਬਾਬਾਣੇ ਗੁਰ ਅੰਗਦੁ ਆਇਆ ॥ ੫ ॥

ਪਦ ਅਰਥ - ਅੰਗਹੁ ਅੰਗੁ=ਅੰਗਾਂ ਤੋਂ ਗੁਰੂ ਅੰਗਦ। ਗਹਿਰ ਗੰਭੀਰੁ=ਡੂੰਘੇ ਤੋਂ ਡੂੰਘਾ। ਲੇਪੁ=ਛੋਹ।

ਪਰਚਾ=ਪ੍ਰੇਮ ਦਾ। ਪਰਚਾਇਆ=ਪਾਸ ਕਰ ਲਿਆ। ਬਾਬਾਣੈ=ਬਾਬੇ ਦੇ ਘਰ। ਸਬਦੁ ਸੁਰਤਿ=ਸ਼ਬਦ ਨੂੰ ਸੁਰਤ ਵਿਚ।

ਅਰਥ - ੧. (ਬਾਬੇ ਗੁਰੂ ਨਾਨਕ ਨੇ) ਆਪਣੇ ਅੰਗਾਂ (ਸਰੀਰ) ਨਾਲ ਲਗਾ ਕੇ (ਗੁਰੂ) ਅੰਗਦ ਜੀ ਨੂੰ ਪੈਦਾ ਕਰ ਦਿੱਤਾ, (ਮਾਨੋਂ ਜਿਵੇਂ) ਗੰਗਾ (ਦਰਿਆ) ਵਿਚੋਂ ਤਰੰਗ ਪੈਦਾ ਹੁੰਦੀ ਹੈ। ੨. ਗਹਿਰ ਗੰਭੀਰ (ਅਥਾਹ ਡੂੰਘਾ) ਤੇ ਅਥਾਹ ਗੁਣਾਂ ਵਾਲਾ ਗੁਰਮੁਖ, ਗੁਰੂ ਤੇ ਗੋਬਿੰਦ ਸਦਾਇਆ (ਅਖਵਾਇਆ)। ੩. ਉਹ ਦੁੱਖਾਂ ਤੇ ਸੁਖਾਂ ਦੋਹਾਂ ਦਾ ਦਾਤਾ ਹੈ। ਦੁੱਖ ਤੇ ਸੁਖ ਉਸ ਲਈ ਇਕੋ ਜੇਹੇ ਹਨ ਤੇ ਦੁੱਖਾਂ ਸੁਖਾਂ ਦਾ ਉਸ ਨੂੰ ਰਤਾ ਵੀ ਲੇਪ (ਅਸਰ) ਨਹੀਂ ਹੁੰਦਾ। ੪. ਗੁਰੂ ਚੇਲਾ (ਗੁਰੂ ਨਾਨਕ ਤੇ ਗੁਰੂ ਅੰਗਦ) ਨੇ ਅਜਿਹਾ ਪ੍ਰੇਮ ਦਾ ਪਰਚਾ (ਪਿਆਰ ਵਾਲਾ) ਪਾਇਆ ਕਿ ਗੁਰੂ ਚੇਲਾ ਬਣ ਗਿਆ ਤੇ ਚੇਲਾ ਗੁਰੂ ਥਾਪਿਆ ਗਿਆ (ਦੋਵੇਂ ਇੱਕ ਰੂਪ ਹੋ ਗਏ)। ੫. (ਜਿਵੇਂ) ਬ੍ਰਿਛ ਨੂੰ ਫਲ ਲੱਗਦਾ ਹੈ ਤੇ ਫਲ ਦੇ ਬੀਜ ਤੋਂ ਅੱਗੋਂ ਫਿਰ ਬ੍ਰਿਛ ਹੁੰਦਾ ਹੈ ਭਾਵ ਪਿਉ ਪੁੱਤਰ 'ਤੇ ਪਤੀਜਿਆ (ਪ੍ਰਸੰਨ ਹੋਇਆ) ਤੇ ਪੁੱਤਰ ਪਿਉ ਦਾ ਪਿਆਰਾ ਪ੍ਰੇਮੀ ਬਣਿਆ (ਪਤੀਜ ਗਿਆ)। ੬. ਪਾਰਬ੍ਰਹਮ ਜੋ ਪੂਰਨ ਬ੍ਰਹਮ ਰੂਪ ਹੈ, ਉਸ ਅਲਖ ਰੂਪ ਨੂੰ, ਸ਼ਬਦ ਤੇ ਸੁਰਤ ਵਿਚ ਲਿਵ ਲਗਾ ਕੇ ਜਣਾ ਦਿੱਤਾ ਹੈ। ੭. (ਇਸ ਤਰ੍ਹਾਂ) ਬਾਬੇ (ਨਾਨਕ) ਦੇ ਘਰੋਂ ਗੁਰੂ ਅੰਗਦ ਦੇਵ ਜੀ ਪ੍ਰਗਟ ਹੋ ਗਏ॥ ੫॥

੬. ਬਾਬੇ ਦੇ ਘਰ ਗੁਰੂ ਅੰਗਦ ਦਾ ਚਾਨਣਾ

੧. ਪਾਰਸੁ ਹੋਆ ਪਾਰਸਹੁ ਸਤਿਗੁਰ ਪਰਚੇ ਸਤਿਗੁਰੁ ਕਹਣਾ।
੨. ਚੰਦਨੁ ਹੋਇਆ ਚੰਦਨਹੁ ਗੁਰ ਉਪਦੇਸ ਰਹਤ ਵਿਚਿ ਰਹਣਾ।
੩. ਜੋਤਿ ਸਮਾਣੀ ਜੋਤਿ ਵਿਚਿ ਗੁਰਮਤਿ ਸੁਖੁ ਦੁਰਮਤਿ ਦੁਖ ਦਹਣਾ।
੪. ਅਚਰਜ ਨੋ ਅਚਰਜੁ ਮਿਲੈ ਵਿਸਮਾਦੈ ਵਿਸਮਾਦੁ ਸਮਹਣਾ।
੫. ਅਪਿਉ ਪੀਅਣ ਨਿਝਰੁ ਝਰਣੁ ਅਜਰੁ ਜਰਣੁ ਅਸਹੀਅਣੁ ਸਹਣਾ।
੬. ਸਚੁ ਸਮਾਣਾ ਸਚੁ ਵਿਚਿ ਗਾਡੀ ਰਾਹੁ ਸਾਧਸੰਗਿ ਵਹਣਾ।
੭. ਬਾਬਾਣੈ ਘਰਿ ਚਾਨਣੁ ਲਹਣਾ॥ ੬॥

ਪਦ ਅਰਥ - ਕਹਣਾ=ਅਖਵਾਇਆ। ਦਹਣਾ=ਦਗਧ ਹੋਏ। ਅਪਿਉ=ਅੰਮ੍ਰਿਤ। ਨਿਝਰੁ ਝਰਣੁ=ਇਕ ਰਸ ਧਾਰਾ ਛਿੱਗਣੀ। ਅਸਹੀਅਣੁ=ਅਸਹਿ। ਵਹਣਾ=ਵਹਾਉ। ਬਾਬਾਣੈ ਘਰਿ=ਬਾਬੇ ਦੇ ਸਰੂਪ ਰੂਪ ਵਿਚ।

ਅਰਥ - ੧. ਪਾਰਸ (ਗੁਰੂ ਨਾਨਕ) ਤੋਂ ਪਾਰਸ (ਗੁਰੂ ਅੰਗਦ) ਬਣ ਗਿਆ, ਸਤਿਗੁਰੂ ਨਾਲ ਪ੍ਰੀਤੀ ਪਾ ਕੇ ਅੱਗੋਂ ਸਤਿਗੁਰੂ ਦਾ ਰੂਪ ਹੀ ਸਦਵਾਏ। ੨. ਉਹ ਚੰਦਨ (ਰੂਪ ਸਤਿਗੁਰੂ) ਤੋਂ ਚੰਦਨ ਬਣ ਕੇ, ਗੁਰੂ-ਉਪਦੇਸ਼ ਦੀ ਰਹਿਤ (ਰਹਿਣੀ) ਵਿਚ ਰਹਿਣ ਲੱਗ ਗਏ। (ਸਤਿਗੁਰੂ ਦੇ ਪਾਏ ਪੂਰਨਿਆਂ 'ਤੇ ਚਲਣ ਲੱਗ ਗਏ)। ੩. ਜੋਤ ਵਿਚ ਚਿੱਤ ਲਾ ਕੇ ਜੋਤਿ ਵਿਚ ਹੀ ਸਮਾ ਗਏ। ਗੁਰੂ ਮਤ ਦੇ ਸੁਖ ਨੇ ਦੁਰਮੱਤ

ਦੇ ਸਭ ਦੁੱਖ ਦੂਰ ਕਰ ਦਿੱਤੇ (ਭਾਵ ਉਹੀ ਸ਼ਕਤੀ ਗੁਰੂ ਅੰਗਦ ਹੀ ਪ੍ਰਗਟ ਹੋ ਗਈ, ਜਿਸ ਨਾਲ ਗੁਰੂ ਨਾਨਕ ਦੇਵ ਜੀ ਦਰਸ਼ਨ ਕਰਨ ਆਏ ਸਿੱਖ ਸੇਵਕਾਂ ਦੇ ਦੁਰਮੱਤ ਦੇ ਦੁੱਖ ਨਾਸ ਕਰ ਦਿੰਦੇ ਸਨ)। ੪. ਅਸਚਰਜ ਨੂੰ ਅਸਚਰਜਤਾ ਹੀ ਮਿਲ ਗਈ, ਵਿਸਮਾਦ ਰੂਪ (ਮਗਨਤਾ) ਵਿਸਮਾਦ ਵਿਚ ਹੀ ਮਿਲ ਗਈ, (ਭਾਵ ਪਰਮੇਸ਼ਰ ਨੇ ਗੁਰ ਅੰਗਦ ਦੇਵ ਜੀ ਦੇ ਭਗਤੀ-ਭਾਵ ਨੂੰ ਜੋ ਉਨ੍ਹਾਂ ਦੇ ਹਿਰਦੇ ਵਿਚ ਪਹਿਲੇ ਹੀ ਪ੍ਰਚੰਡ ਰੂਪ ਵਿਚ ਸੀ, ਉਹ ਪ੍ਰਚੰਡ ਭਗਤੀ ਰੂਪ ਧੁਰੋਂ ਆਈ ਸ਼ਕਤੀ ਨਾਲ ਮਿਲ ਕੇ, ਫਿਰ ਗੁਰੂ 'ਨਾਨਕ ਦੀ ਭਗਤੀ ਵਾਲੇ ਰੂਪ ਪ੍ਰਗਟ ਹੋ ਗਏ)। ੫. (ਇਹੋ ਕਾਰਣ ਸੀ ਕਿ ਗੁਰ ਅੰਗਦ ਜੀ ਨੇ ਲਹਿਣਾ ਰੂਪ ਵਿਚ ਗੁਰ ਨਾਨਕ ਤੋਂ ਉਹ) ਅੰਮ੍ਰਿਤ ਪੀਤਾ, ਜਿਸ ਦੀ ਇਕ-ਰਸ ਧਾਰਾ ਝਰਣੀ ਸੀ (ਤੇ ਇਹ ਹਰ ਇੱਕ ਦੇ ਹਿਰਦੇ ਵਿਚ ਨਾ ਝਰ ਸਕਦੀ ਹੈ ਨਾ ਠਹਿਰ ਸਕਦੀ ਹੈ, ਐਸੀ) ਅਜਰ ਵਸਤੂ ਸੀ, ਜੋ ਜਰਨੀ ਸੌਖੀ ਨਹੀਂ ਸੀ, (ਪਰ ਗੁਰੂ ਅੰਗਦ ਦੇਵ ਜੀ ਦੇ ਹਿਰਦੇ ਵਿਚ) ਉਹ ਨਾ ਸਹੀ ਜਾ ਸਕਣ ਵਾਲੀ ਸ਼ਕਤੀ ਦਾ ਨਿਵਾਸ ਹੋ ਗਿਆ। ੬. ਸੋ ਇਸ ਤਰ੍ਹਾਂ ਸੱਚ ਵਿਚ ਸੱਚ ਸਮਾ ਗਿਆ। ਸਾਧ ਸੰਗਤ ਦਾ ਗਾਡੀ ਰਾਹੁ (ਜੋ ਗੁਰੂ ਜੀ ਨੇ ਸ਼ੁਰੂ ਕੀਤਾ ਸੀ) ਉਹ ਦਰਿਆ ਦੇ ਵਹਿਣ ਵਾਂਗ ਵਹਿ ਤੁਰਿਆ (ਭਾਵ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇ ਪ੍ਰਚਾਰੇ ਸਿੱਖੀ ਮਾਰਗ ਨੂੰ ਉਨ੍ਹਾਂ ਦੇ ਪੂਰਨਿਆਂ 'ਤੇ ਹੀ ਬੜੀ ਸੁੰਦਰ ਰੀਤੀ ਨਾਲ ਤੋਰ ਦਿੱਤਾ)। ੭. ਇਉਂ ਗੁਰ ਅੰਗਦ ਦੇਵ ਜੀ ਬਾਬੇ (ਗੁਰ ਨਾਨਕ) ਦੇ ਘਰ ਦਾ ਚਾਨਣ ਬਣ ਕੇ ਚਮਕੇ (ਤੇ ਪ੍ਰਗਟ ਹੋ ਗਏ)॥ ੬॥

੭. ਗੁਰੂ ਅੰਗਦ ਗੁਰੂ ਨਾਨਕ ਦੇਵ ਜੀ ਦਾ ਸੁਪੁਤ੍ਰ

੧. ਸਬਦੈ ਸਬਦੁ ਮਿਲਾਇਆ ਗੁਰਮੁਖਿ ਅਘੜੁ ਘੜਾਏ ਗਹਣਾ।
੨. ਭਾਇ ਭਗਤਿ ਭੈ ਚਲਣਾ ਆਪੁ ਗਣਾਇ ਨ ਖਲਹਲੁ ਖਹਣਾ।
੩. ਦੀਨ ਦੁਨੀ ਦੀ ਸਾਹਿਬੀ ਗੁਰਮੁਖਿ ਗੋਸ ਨਸੀਨੀ ਬਹਣਾ।
੪. ਕਾਰਣ ਕਰਣ ਸਮਰਥ ਹੈ ਹੋਇ ਅਛਲੁ ਛਲ ਅੰਦਰਿ ਛਹਣਾ।
੫. ਸਤੁ ਸੰਤੋਖੁ ਦਇਆ ਧਰਮ ਅਰਥ ਵੀਚਾਰਿ ਸਹਜਿ ਘਰਿ ਘਹਣਾ।
੬. ਕਾਮ ਕ੍ਰੋਧੁ ਵਿਰੋਧੁ ਛਡਿ ਲੋਭ ਮੋਹੁ ਅਹੰਕਾਰਹੁ ਤਹਣਾ।
੭. ਪੁਤੁ ਸਪੁਤੁ ਬਬਾਣੇ ਲਹਣਾ॥ ੭॥

ਪਦ ਅਰਥ - ਅਘੜੁ=ਘਾੜਤ ਰਹਿਤ। ਖਲਹਲੁ=ਗੜਬੜਾਹਟ। ਗੋਸ ਨਸੀਨੀ=ਏਕਾਂਤ ਨਿਵਾਸ। ਛਹਣਾ=ਝੁਕਣਾ। ਘਹਣਾ=ਪੱਕਾ ਨਿਵਾਸ। ਤਹਣਾ=ਤ੍ਰਬਕਣਾ।

ਅਰਥ - ੧. ਗੁਰੂ ਨਾਨਕ ਦੇਵ ਜੀ ਨੇ ਸ਼ਬਦ (ਉਪਦੇਸ਼) ਨੂੰ ਸ਼ਬਦ ਵਿਚ ਮਿਲਾ ਦਿੱਤਾ। ਗੁਰੂ ਅੰਗਦ ਜੀ ਹੈ ਤਾਂ ਸੋਨਾ ਹੀ ਸੀ, ਪਰ ਉਸ ਨੂੰ ਆਪਣੀ ਤਰਜ਼ ਨਾਲ ਢਾਲ ਕੇ ਗੁਰੂ ਨਾਨਕ ਦੇਵ ਜੀ ਨੇ ਗਹਿਣਾ ਬਣਾ ਦਿੱਤਾ (ਆਪਣਾ ਰੂਪ ਕਰ ਦਿੱਤਾ)। ੨. ਉਹ ਪ੍ਰੇਮਾ-ਭਗਤੀ ਦੇ ਰੰਗ ਵਿਚ ਰੰਗੀਜ ਕੇ, (ਪਿਆਰੇ ਦੇ) ਭੈ ਵਿਚ ਚੱਲੇ ਤੇ ਆਪਾ-ਭਾਵ (ਮੈਂ-ਮੇਰੀ) ਨੂੰ ਮਿਟਾ ਕੇ (ਸੰਸਾਰ ਦੇ ਆਪਾ-ਧਾਪੀ ਧਰਮਾਂ

ਦੇ) ਰੌਲੇ ਗੌਲੇ ਦੀ ਖੜਖੱਸ ਤੋਂ ਦੂਰ ਹੋ ਗਏ। ੩. ਉਹ ਦੀਨ ਦੁਨੀਆਂ ਦੀ ਸਾਹਿਬੀ ਦੇ ਮਾਲਕ ਬਣ ਗਏ ਤੇ ਗੁਰਮੁਖਾਂ ਦੀ ਰਹਿਤ (ਇਕਾਂਤ ਵਿਚ ਟਿਕ ਜਾਣਾ) ਦੇ ਧਾਰਣੀ ਬਣ ਗਏ। ੪. ਉਹ ਸਭ ਕੁਝ ਕਰਨ ਕਾਰਨ ਸਮਰੱਥ ਦੇ ਮਾਲਕ ਹਨ, ਜੋ ਛਲ ਰੂਪ ਸੰਸਾਰ ਵਿਚ ਅਛਲ (ਭਾਵ ਨਿਰਲੇਪ) ਹੋ ਕੇ ਛੁਪ ਰਹੇ (ਆਮ ਸੰਸਾਰੀ ਮਨੁੱਖਾਂ ਵਾਂਗ ਹੀ ਬਣ ਰਹੇ)। ੫. ਸਤ, ਸੰਤੋਖ ਦੇ ਗੁਣਾਂ ਵਿਚ ਰਹਿੰਦੇ, ਧਰਮ ਤੇ ਅਰਥ ਨੂੰ ਵੀਚਾਰਦੇ ਹੋਏ ਸਹਿਜ ਘਰ (ਚਉਥੇ ਪਦ ਵਿਚ ਜਾ ਦਾਖਲ ਹੋਏ। ੬. ਕਾਮ, ਕ੍ਰੋਧ ਤੇ ਵੈਰ ਵਿਰੋਧੀ ਭਾਵਨਾਵਾਂ ਨੂੰ ਤਿਆਗ ਕੇ ਲੋਭ ਮੋਹ ਤੇ ਹੰਕਾਰ ਆਦਿ ਵਿਕਾਰਾਂ ਨੂੰ ਤ੍ਰਾਹ ਦੇਣਾ, (ਡਰਾ ਦੇਣਾ, ਵਿਕਾਰਾਂ ਦਾ ਬਿਲਕੁਲ ਹੀ ਅਭਾਵ ਕਰ ਦੇਣਾ) ਇਹ ਸਹਿਜ-ਘਰ ਵਿਚ ਨਿਵਾਸ ਹੋ ਜਾਣ ਦੀ ਅਵਸਥਾ ਹੈ, ਜਿਸ ਵਿਚ ਗੁਰੂ ਅੰਗਦ ਦੇਵ ਜੀ ਟਿਕ ਗਏ। ੭. ਸੋ ਇਹੋ ਜਿਹੇ ਸੁਪੁੱਤਰ (ਚੰਗੇ ਪੁੱਤਰ) ਬਾਬੇ (ਗੁਰੂ ਨਾਨਕ ਦੇ) ਘਰ ਲਹਿਣਾ ਜੀ ਹੋਏ॥ ੭॥

੮. ਗੁਰੂ ਅੰਗਦ ਸੁਪੁਤ੍ਰ ਦੀ ਮਹਿਮਾ

੧. ਗੁਰੁ ਅੰਗਦੁ ਗੁਰੁ ਅੰਗੁ ਤੇ ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ।
੨. ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉ ਦੀਵਾ ਬਲਿਆ।
੩. ਹੀਰੈ ਹੀਰਾ ਬੇਧਿਆ ਛਲੁ ਕਰਿ ਅਛਲੀ ਅਛਲੁ ਛਲਿਆ।
੪. ਕੋਈ ਬੁਝਿ ਨ ਹੰਘਈ ਪਾਣੀ ਅੰਦਰਿ ਪਾਣੀ ਰਲਿਆ।
੫. ਸਚਾ ਸਚੁ ਸੁਹਾਵੜਾ ਸਚੁ ਅੰਦਰਿ ਸਚੁ ਸਚਹੁ ਢਲਿਆ।
੬. ਨਿਹਚਲੁ ਸਚਾ ਤਖਤੁ ਹੈ ਅਬਿਚਲ ਰਾਜ ਨ ਹਲੈ ਹਲਿਆ।
੭. ਸਚ ਸਬਦੁ ਗੁਰਿ ਸਉਪਿਆ ਸਚ ਟਕਸਾਲਹੁ ਸਿਕਾ ਚਲਿਆ।
੮. ਸਿਧ ਨਾਥ ਅਵਤਾਰ ਸਭ ਹਥ ਜੋੜਿ ਕੈ ਹੋਏ ਖਲਿਆ।
੯. ਸਚਾ ਹੁਕਮੁ ਸੁ ਅਟਲੁ ਨ ਟਲਿਆ॥ ੮॥

ਪਦ ਅਰਥ - ਅੰਗੁ=ਸਰੀਰ ਦੇ ਅੰਗ। ਹੰਘਈ=ਸਕਣਾ। ਸਚਹੁ ਢਲਿਆ=ਪ੍ਰਭੂ ਤੋਂ ਆਇਆ। ਅਬਿਚਲ=ਨਾ ਚਲਾਇਮਾਨ ਹੋਣ ਵਾਲਾ। ਸਿਕਾ=ਮੁਹਰ ਰੂਪ।

ਅਰਥ - ੧. ਗੁਰੂ ਅੰਗਦ ਦੇਵ ਜੀ ਗੁਰੂ (ਨਾਨਕ ਦੇਵ ਜੀ ਮਹਾਰਾਜ ਦੇ ਸਰੀਰ ਦੇ) ਅੰਗਾਂ ਨਾਲ ਲੱਗਣ ਪਿੱਛੋਂ ਇਉਂ ਫਲੇ, ਜਿਵੇਂ ਅੰਮ੍ਰਿਤ ਫਲਾਂ ਵਾਲੇ ਬਿਰਖ ਦੇ ਬੀਜਾਂ ਤੋਂ ਅੰਮ੍ਰਿਤ ਫਲ ਹੀ ਉਤਪੰਨ ਹੁੰਦੇ ਹਨ (ਭਾਵ ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਦੇ ਈਸ਼ਵਰੀ ਗੁਣਾਂ ਨਾਲ ਫਲੀ-ਭੂਤ ਹੋਏ)। ੨. ਜੋਤੀ ਤੋਂ ਜੋਤ ਜਗ ਪਈ, ਜਿਵੇਂ ਦੀਵੇ ਤੋਂ ਦੀਵਾ ਜਗਦਾ ਹੈ। ੩. ਹੀਰੇ ਨੂੰ ਹੀਰੇ ਦੀ ਕਣੀ ਨੇ ਵਿੰਨ੍ਹ ਦਿੱਤਾ, ਨਾ ਛਲੇ ਜਾਣ ਵਾਲੇ (ਗੁਰੂ ਨਾਨਕ ਜੀ ਨੇ) ਜਾਦੂ ਦੀ ਤਰ੍ਹਾਂ ਅਛਲ (ਨਾ ਛਲੇ ਜਾਣ ਵਾਲੇ ਗੁਰ ਅੰਗਦ ਦੇਵ ਜੀ) ਨੂੰ ਛਲ ਲੀਤਾ, (ਭਾਵ ਵਸ ਵਿਚ ਕਰਕੇ, ਆਪਣਾ ਰੂਪ ਬਣਾ ਲੀਤਾ)। ੪. ਕੋਈ ਇਸ

(ਭੇਦ) ਨੂੰ ਸਮਝ ਨਹੀਂ ਸਕਦਾ, (ਪਰ ਹੋਇਆ ਇਉਂ ਹੈ) ਜਿਵੇਂ ਪਾਣੀ ਵਿਚ ਪਾਣੀ ਮਿਲ ਕੇ ਅਭੇਦ (ਇੱਕ ਰੂਪ) ਹੋ ਜਾਂਦਾ ਹੈ। ੫. ਸੱਚਾ (ਗੁਰੂ ਨਾਨਕ ਜੋ ਸੱਚ ਦਾ ਪ੍ਰਚਾਰਕ ਸੀ ਤੇ ਉਨ੍ਹਾਂ ਪਾਸ) ਸਦਾ ਹੀ ਸ਼ੋਭਾ ਦੇਣ ਵਾਲਾ ਸੱਚ ਸੀ, (ਜਿਸ ਨਾਲ) ਸੱਚ ਦੇ ਵਿਚ ਸੱਚ (ਗੁਰੂ ਅੰਗਦ ਦੇਵ ਜੀ) ਹੀ ਢਲਿਆ। ੬. (ਇਸ ਲਈ, ਗੁਰੂ ਨਾਨਕ ਦਾ ਰਾਜ-ਜੋਗ ਵਾਲਾ ਗੁਰਤਾ ਰੂਪ) ਸਦਾ ਹੀ ਅਸਥਿਰ ਰਹਿਣ ਵਾਲਾ ਤਖ਼ਤ ਹੈ, ਜੋ ਹਿਲਾਇਆ ਹਿਲ ਨਹੀਂ ਸਕਦਾ। ੭. ਸੱਚਾ ਸ਼ਬਦ (ਕਰਤੇ ਪੁਰਖ ਦਾ) ਗੁਰ (ਨਾਨਕ ਦੇਵ ਜੀ) ਨੇ ਥਾਪ ਦਿੱਤਾ (ਜੋ ਅੱਗੋਂ) ਸੱਚੀ ਟਕਸਾਲ ਤੋਂ ਸਿੱਕਾ (ਗੁਰਤਾ ਦਾ) ਤੁਰ ਪਿਆ। ੮. ਸਿੱਧ, ਨਾਥ ਤੇ ਅਵਤਾਰ ਸਾਰੇ ਹੀ ਹੱਥ ਜੋੜ ਕੇ ਖਲੋ ਗਏ। (ਜੋ ਦਿਲੋਂ ਮਨੋ ਇਹ ਅਰਦਾਸ ਕਰ ਰਹੇ ਹਨ :— ਕਿ ਆਪ ਦੀ)। ੯. ਆਗਿਆ ਸੱਚੀ ਹੈ, ਤੇ ਕਦੇ ਵੀ ਉਸ ਨੂੰ ਟਾਲਿਆ ਨਹੀਂ ਜਾ ਸਕਦਾ॥ ੮॥

੯. ਗੁਰੂ ਪਦਵੀ ਦੀ ਵਡਿਆਈ

੧. ਅਛਲੁ ਅਛੇਦੁ ਅਭੇਦੁ ਹੈ ਭਗਤਿਵਛਲ ਹੋਇ ਅਛਲ ਛਲਾਇਆ।
੨. ਮਹਿਮਾ ਮਿਤਿ ਮਿਰਜਾਦ ਲੰਘਿ ਪਰ ਮਿਤਿ ਪਾਰਾਵਾਰੁ ਨ ਪਾਇਆ।
੩. ਰਹਰਾਸੀ ਰਹਰਾਸਿ ਹੈ ਪੈਰੀ ਪੈ ਜਗੁ ਪੈਰੀ ਪਾਇਆ।
੪. ਗੁਰਮੁਖਿ ਸੁਖਫਲੁ ਅਮਰਪਦੁ ਅੰਮ੍ਰਿਤਬ੍ਰਿਖਿ ਅੰਮ੍ਰਿਤ ਫਲ ਲਾਇਆ।
੫. ਗੁਰ ਚੇਲਾ ਚੇਲਾ ਗੁਰੂ ਪੁਰਖਹੁ ਪੁਰਖ ਉਪਾਇ ਸਮਾਇਆ।
੬. ਵਰਤਮਾਨ ਵੀਹਿ ਵਿਸਵੇ ਹੋਇ ਇਕੀਹ ਸਹਜਿ ਘਰਿ ਆਇਆ।
੭. ਸਚਾ ਅਮਰੁ ਅਮਰਿ ਵਰਤਾਇਆ॥ ੯॥

ਪਦ ਅਰਥ - ਅਛਲ ਛਲਾਇਆ=ਅਛਲ ਹੁੰਦੇ ਹੋਏ ਛਲਿਆ ਗਿਆ। ਰਹਰਾਸਿ=ਰਹੁਰੀਤ, ਸੱਚਾ ਰਾਹ। ਵਰਤਮਾਨ=ਸੰਸਾਰ ਰੂਪ। ਇਕੀਹ=ਇੱਕ ਪ੍ਰਭੂ ਦੀ ਆਸ਼ਾ। ਅਮਰਿ=ਹੁਕਮ।

ਅਰਥ - ੧. ਜੋ ਅਛਲ, ਅਛੇਦ ਤੇ ਅਭੇਦ (ਨਾ ਛਲੇ ਜਾਣ ਵਾਲਾ, ਨਾ ਛੇਦੇ ਜਾਣ ਵਾਲਾ ਤੇ ਭੇਦ ਰਹਿਤ ਪ੍ਰਭੂ ਹੈ) ਭਗਤਾਂ ਦੀ ਖਾਤਰ ਉਸ ਨੇ ਆਪ ਨੂੰ ਛਲਾ ਲਿਆ, (ਭਾਵ ਭਗਤਾਂ ਦੇ ਵਸ ਹੋ ਗਿਆ)। ੨. ਮਹਿਮਾ (ਸਿਫਤ-ਸਲਾਹ ਜੋ ਹੈ ਉਹ) ਹੱਦ ਤੇ ਅਸੂਲਾਂ ਨੂੰ ਟੱਪ ਗਈ। ਮਿਣਤੀ ਰਹਿਤ ਹੋਣ ਕਰਕੇ ਉਸ ਦਾ ਪਾਰਾਵਾਰ ਕਿਸੇ ਨੇ ਵੀ ਨਹੀਂ ਪਾਇਆ। ੩. ਰਹੁਰੀਤੀਆਂ ਵਿਚੋਂ ਰਹੁਰੀਤ ਇਹੋ ਹੀ (ਮੁਖੀ) ਹੈ, (ਜੋ ਗੁਰੂ ਜੀ) ਨੇ ਜਗ 'ਤੇ ਪੈਰੀਂ ਪੈਣ ਦਾ ਰਸਤਾ ਚਲਾ ਦਿੱਤਾ ਹੈ (ਭਾਵ ਗੁਰੂ ਅੰਗਦ ਦੇ ਚਰਣੀਂ ਲੱਗ, ਫਿਰ ਗੁਰੂ ਅਮਰਦਾਸ ਨੇ) ਜਗ ਨੂੰ ਪੈਰੀਂ ਪਾਇਆ ਹੈ। ੪. ਗੁਰਮੁਖ ਨੂੰ ਸੁਖ ਫਲ ਅਮਰ ਪਦਵੀ ਦਾ (ਭਾਵ) ਅੰਮ੍ਰਿਤ ਬਿਰਖ ਨੂੰ ਅੰਮ੍ਰਿਤ ਫਲ ਹੀ ਲਾਇਆ ਹੈ। (ਭਾਵ ਗੁਰੂ ਨਾਨਕ ਨੇ ਗੁਰੂ ਅੰਗਦ ਤੋਂ ਗੁਰੂ ਅਮਰਦਾਸ ਬਣੇ)। ੫. ਗੁਰੂ ਚੇਲਾ ਬਣਿਆ, ਜਦੋਂ ਚੇਲੇ ਨੂੰ ਸੀਸ ਨਿਵਾ ਕੇ ਉਸ ਨੂੰ ਥਾਂ 'ਤੇ ਥਾਪ ਦਿੱਤਾ, ਪੁਰਖ ਤੋਂ ਪੁਰਖ (ਗੁਰੂ ਨਾਨਕ ਤੋਂ ਗੁਰੂ ਅੰਗਦ ਤੇ ਹੁਣ ਗੁਰੂ ਅੰਗਦ ਗੁਰੂ ਅਮਰਦਾਸ) ਵਿਚ ਸਮਾ ਗਏ, (ਭਾਵ ਅਭੇਦ ਹੋ ਕੇ ਇਕ ਰੂਪ ਹੋ ਗਏ)। ੬. ਵੀਹ ਵਿਸਵੇ (ਜੋ ਜਗਤ) ਵਰਤਮਾਨ ਗੁਣਾਂ ਵਿਚ

ਵਰਤ ਰਿਹਾ ਹੈ, ਉਥੋਂ ਨਿਕਲ ਇਕੀਹ (ਚੌਥੇ ਪਦ) ਦੇ ਸਹਿਜ ਘਰ ਵਿਚ (ਗੁਰੂ ਅਮਰਦਾਸ ਜੀ) ਆ ਦ੍ਰਿੜ ਹੋਏ। ੭. ਗੁਰੂ ਅਮਰਦਾਸ ਜੀ ਨੇ ਸੱਚਾ ਹੁਕਮ ਵਰਤਾ ਦਿੱਤਾ॥ ੯॥

੧੦. ਗੁਰੂ ਤੋਂ ਚੇਲਾ ਤੇ ਚੇਲੇ ਤੋਂ ਗੁਰੂ-ਰੀਤ ਚਲ ਪਈ

੧. ਸਬਦੁ ਸੁਰਤਿ ਪਰਚਾਇ ਕੈ ਚੇਲੇ ਤੇ ਗੁਰੁ ਗੁਰੁ ਤੇ ਚੇਲਾ।
੨. ਵਾਣਾ ਤਾਣਾ ਆਖੀਐ ਸੂਤੁ ਇਕੁ ਹੁਇ ਕਪੜੁ ਮੇਲਾ।
੩. ਦੁਧਹੁ ਦਹੀ ਵਖਾਣੀਐ ਦਹੀਅਹੁ ਮਖਣੁ ਕਾਜੁ ਸੁਹੇਲਾ।
੪. ਮਿਸਰੀ ਖੰਡੁ ਵਖਾਣੀਐ ਜਾਣੁ ਕਮਾਦਹੁ ਰੇਲਾ ਪੇਲਾ।
੫. ਖੀਰਿ ਖੰਡੁ ਘਿਉ ਮੇਲਿ ਕਰਿ ਅਤਿ ਵਿਸਮਾਦੁ ਸਾਦ ਰਸ ਕੇਲਾ।
੬. ਪਾਨ ਸੁਪਾਰੀ ਕਥੁ ਮਿਲਿ ਚੂਨੇ ਰੰਗੁ ਸੁਰੰਗ ਸੁਹੇਲਾ।
੭. ਪੋਤਾ ਪਰਵਾਣੀਕੁ ਨਵੇਲਾ॥ ੧੦॥

ਪਦ ਅਰਥ - ਵਾਣਾ ਤਾਣਾ=ਤਾਣਾ ਪੇਟਾ। ਕਾਜੁ ਸੁਹੇਲਾ=ਸ਼ੋਭਨੀਕ ਕਾਰਜ। ਰੇਲਾ ਪੇਲਾ=ਗੁੜ ਸ਼ੱਕਰ। ਰਸ ਕੇਲਾ=ਰਸਦਾਇਕ। ਸੁਹੇਲਾ=ਸੌਖਾ, ਸੋਹਣਾ।

ਅਰਥ - ੧. ਸ਼ਬਦ ਦੀ ਸੁਰਤ ਵਿਚ (ਲਿਵ ਲਾ ਕੇ) ਪ੍ਰੇਮ ਵਿਚ ਪਰਚ ਕੇ ਚੇਲੇ ਤੋਂ ਗੁਰੂ ਤੇ ਗੁਰੂ ਤੋਂ ਚੇਲਾ ਅਭੇਦ ਹੋ ਗਏ (ਭਾਵ ਇੱਕ ਰੂਪ ਹੋ ਗਏ)। ੨. ਜਿਵੇਂ ਤਾਣੇ ਤੇ ਪੇਟੇ ਦੇ ਨਾਉਂ (ਵੱਖ ਵੱਖ) ਆਖਦੇ ਹਨ, ਪਰ ਸੂਤ ਇੱਕ ਹੀ ਹੁੰਦਾ ਹੈ, ਜਿਸ ਨਾਲ ਕੱਪੜਾ ਬਣ ਜਾਂਦਾ ਹੈ। ੩. ਦੁੱਧ ਤੋਂ (ਦਹੀਂ ਜਮਾ ਕੇ) ਉਸ ਨੂੰ ਦਹੀਂ ਆਖਦੇ ਹਨ, ਤੇ ਦਹੀਂ ਤੋਂ ਮੱਖਣ ਕੱਢਦੇ ਹਨ, ਜਿਨ੍ਹਾਂ ਨਾਲ ਕਾਜ ਸੁਹੇਲੇ (ਚੰਗੇ) ਹੁੰਦੇ ਹਨ। ੪. ਕਮਾਦ ਨੂੰ ਰੇਲ ਪੇਲ (ਪੀੜ ਕੇ) ਗੁੜ ਸ਼ੱਕਰ ਹੁੰਦੀ ਹੈ ਤੇ ਉਸ ਤੋਂ ਅੱਗੇ ਮਿਸ਼ਰੀ ਤੇ ਖੰਡ ਬਣਦੀ ਹੈ। ੫. ਦੁੱਧ, ਖੰਡ ਤੇ ਘਿਉ ਮਿਲ ਕੇ ਬੜੇ ਵਿਚਿੱਤਰ ਤੇ ਰਸ ਵਾਲੇ ਸੁਆਦਿਸ਼ਟ ਪਦਾਰਥ ਬਣਦੇ ਹਨ। ੬. ਪਾਨ ਦੇ ਪੱਤੇ ਵਿਚ ਚੂਨਾ, ਕੱਥਾ ਤੇ ਸੁਪਾਰੀ ਪੈਂਦੇ ਹਨ, ਜੋ ਚੱਬਣ ਮਗਰੋਂ ਸੋਹਣਾ ਲਾਲ ਰੰਗ ਬਣ ਜਾਂਦੇ ਹਨ। ੭. ਇਸ ਤਰ੍ਹਾਂ (ਗੁਰੂ ਨਾਨਕ ਦਾ ਸੁਪੁਤ੍ਰ ਅੰਗਦ, ਤੇ ਗੁਰ ਅੰਗਦ ਤੋਂ) ਪੋਤਰਾ (ਗੁਰੂ ਅਮਰਦਾਸ) ਪ੍ਰਮਾਣੀਕ ਹੋਇਆ, ਜੋ ਨਿੱਤ ਨਵੇਂ ਤੋਂ ਨਵੀਂ ਸ਼ੋਭਾ ਵਾਲਾ ਹੈ॥ ੧੦॥

੧੧. ਗੁਰੂ ਅਮਰਦਾਸ ਜੀ ਦੀ ਮਹਿਮਾ

੧. ਤਿਲਿ ਮਿਲਿ ਫੁਲ ਅਮੁਲ ਜਿਉ ਗੁਰਸਿਖ ਸੰਧਿ ਸੁਗੰਧ ਫੁਲੇਲਾ।
੨. ਖਾਸਾ ਮਲਮਲਿ ਸਿਰੀਸਾਫੁ ਸਾਹ ਕਪਾਹ ਚਲਤ ਬਹੁ ਖੇਲਾ।
੩. ਗੁਰ ਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਮਿਲਿ ਅੰਮ੍ਰਿਤ ਵੇਲਾ।

੪. ਦੁਨੀਆ ਕੂੜੀ ਸਾਹਿਬੀ ਸਚ ਮਣੀ ਸਚ ਗਰਬਿ ਗਹੇਲਾ।
੫. ਦੇਵੀ ਦੇਵ ਦੁੜਾਇਅਨੁ ਜਿਉ ਮਿਰਗਾਵਲਿ ਦੇਖਿ ਬਘੇਲਾ।
੬. ਹੁਕਮਿ ਰਜਾਈ ਚਲਣਾ ਪਿਛੇ ਲਗੇ ਨਕਿ ਨਕੇਲਾ।
੭. ਗੁਰਮੁਖਿ ਸਚਾ ਅਮਰਿ ਸੁਹੇਲਾ॥ ੧੧॥

ਪਦ ਅਰਥ - ਫੁਲੇਲਾ=ਚੰਬੇਲੀ। ਸੰਧਿ=ਮਿਲਾਪ ਦੀ ਹੱਦ। ਸਿਰੀਸਾਫੁ=ਕਪੜਾ। ਸਾਹ=ਰਾਜੇ ਮਹਾਰਾਜੇ। ਸਚ ਮਣੀ=ਸੱਚਾ ਮਾਣ। ਗਹੇਲਾ=ਮਸਤੀ। ਬਘੇਲਾ=ਸ਼ੇਰ। ਨਕੇਲਾ=ਨੱਕ ਵਿਚ ਨੱਥ ਜਾਂ ਲਗਾਮ।

ਅਰਥ - ੧. ਤਿਲਾਂ ਦਾ ਫੁੱਲਾਂ ਨਾਲ ਮੇਲ ਕਰਕੇ ਜਿਵੇਂ ਅਮੋਲਕ ਸੁਗੰਧੀ ਵਾਲਾ ਤੇਲ (ਫੁਲੇਲ, ਅਤਰ) ਬਣ ਜਾਂਦਾ ਹੈ, ਇਵੇਂ ਹੀ ਸਿੱਖ ਗੁਰੂ ਨਾਲ ਮਿਲ ਕੇ ਫੁਲੇਲ (ਗੁਰਸਿੱਖੀ) ਦੀ ਸੁਗੰਧੀ ਵਾਲਾ ਹੋ ਜਾਂਦਾ ਹੈ। ੨. ਖਾਸਾ, ਮਲਮਲ ਤੇ ਸਿਰੀ ਸਾਫ ਆਦਿ ਕੱਪੜਿਆਂ ਦੀਆਂ ਵੱਖ ਵੱਖ ਕਿਸਮਾਂ ਸਭ ਕਪਾਹ ਦਾ ਹੀ ਖੇਲ ਹੈ (ਇਸੇ ਤਰ੍ਹਾਂ) ਜਿਵੇਂ ਬ੍ਰਹਮ (ਸ਼ਾਹ) ਦਾ ਇਹ ਸਭ ਸੰਸਾਰ ਅਜਬ ਚਲਿਤ (ਕੌਤਕਾਂ) ਦਾ ਮੁਜੱਸਮਾ ਹੈ। ੩. ਗੁਰੂ ਦੀ ਮੂਰਤ ਗੁਰ ਸ਼ਬਦ ਹੈ, ਜੋ ਅੰਮ੍ਰਿਤ ਵੇਲੇ ਨਿੱਤ ਸਾਧ ਸੰਗਤ ਵਿਚੋਂ ਮਿਲਦਾ ਹੈ। (ਸ਼ਬਦ ਨੂੰ ਪੜ੍ਹਨਾ, ਸੁਣਨਾ ਜਾਂ ਗਾਇਨ ਕਰਨਾ ਇਹ ਸਭ ਗੁਰੂ ਮੂਰਤ ਦੇ ਰੂਪ-ਦਰਸ਼ਨ ਹਨ)। ੪. (ਸ਼ਬਦ ਨੂੰ ਉਚਾਰਨ ਵਾਲੇ ਗੁਰੂ ਦੀ ਵਡਿਆਈ ਹੈ ਕਿ ਉਹ) ਦੁਨੀਆਂ ਦੀ ਸਾਹਿਬੀ (ਰਾਜਗੀਰੀ) ਨੂੰ ਝੂਠਾ ਸਮਝਦੇ ਹਨ ਤੇ ਸੱਚ ਦਾ ਮਾਣ ਹਨ ਤੇ ਸੱਚ ਦੀ ਮਸਤੀ ਵਿਚ ਹੀ ਮਸਤ ਰਹਿੰਦੇ ਹਨ। ੫. (ਐਸੇ ਸੱਚੇ) ਗੁਰੂ ਦੇ ਪਰਤਾਪ (ਨੂੰ ਦੇਖ ਕੇ ਦੇਵੀ ਦੇਵਤੇ ਐਉਂ ਨਠ ਪਏ ਹਨ, ਜਿਵੇਂ) ਸ਼ੇਰ ਬਘੇਲੇ ਦੀ ਆਵਾਜ਼ (ਭਬਕ) ਸੁਣ ਕੇ ਮਿਰਗਾਂ ਦੀਆਂ ਡਾਰਾਂ ਨੂੰ ਭੱਜਣ ਦੀ ਪੈ ਜਾਂਦੀ ਹੈ। ੬. (ਗੁਰੂ ਦੇ) ਹੁਕਮ ਦੀ ਰਜ਼ਾ (ਮਰਜ਼ੀ) ਵਿਚ ਪਿੱਛੇ ਲੱਗ ਐਉਂ ਤੁਰਦੇ ਹਨ ਜਿਵੇਂ ਨੱਕ ਵਿਚ ਨਕੇਲ (ਲਗਾਮ) ਪਾਈ ਹੁੰਦੀ ਹੈ। (ਪ੍ਰੇਮ ਦੀ ਨਕੇਲ ਦੇ ਖਿੱਚੇ ਪਿੱਛੇ ਪਿੱਛੇ ਤੁਰੇ ਜਾਂਦੇ ਹਨ)। ੭. ਐਸਾ ਸੁਖਾਂ ਦਾ ਸਰੂਪ ਸ੍ਰੀ ਗੁਰੂ ਅਮਰਦਾਸ ਜੀ ਹੈ ਜੋ ਸੱਚਾ ਗੁਰਮੁਖ ਹੈ॥ ੧੧॥

੧੨. ਗੁਰੂ ਅਮਰਦਾਸ ਜੀ ਦਾ ਪਰਤਾਪ

੧. ਸਤਿਗੁਰ ਹੋਆ ਸਤਿਗੁਰਹੁ ਅਚਰਜੁ ਅਮਰ ਅਮਰਿ ਵਰਤਾਇਆ।
੨. ਸੋ ਟਿਕਾ ਸੋ ਬੈਹਣਾ ਸੋਈ ਸਚਾ ਹੁਕਮੁ ਚਲਾਇਆ।
੩. ਖੋਲਿ ਖਜਾਨਾ ਸਬਦੁ ਦਾ ਸਾਧਸੰਗਤਿ ਸਚੁ ਮੇਲਿ ਮਿਲਾਇਆ।
੪. ਗੁਰ ਚੇਲਾ ਪਰਵਾਣੁ ਕਰਿ ਚਾਰਿ ਵਰਨ ਲੈ ਪੈਰੀ ਪਾਇਆ।
੫. ਗੁਰਮੁਖਿ ਇਕੁ ਧਿਆਈਐ ਦੁਰਮਤਿ ਦੂਜਾ ਭਾਉ ਮਿਟਾਇਆ।
੬. ਕੁਲਾ ਧਰਮ ਗੁਰਸਿਖ ਸਭ ਮਾਇਆ ਵਿਚਿ ਉਦਾਸੁ ਰਹਾਇਆ।
੭. ਪੂਰੇ ਪੂਰਾ ਥਾਟੁ ਬਣਾਇਆ॥ ੧੨॥

ਪਦ ਅਰਥ - ਅਮਰ=ਹੁਕਮ। ਬੈਹਣਾ=ਗੁਰਤਾ ਗੱਦੀ ਦਾ ਸਿੰਘਾਸਣ। ਕੁਲਾ ਧਰਮ=ਕੁਲ ਦਾ ਧਰਮ। ਥਾਟੁ=ਪ੍ਰਬੰਧ ਜਾਂ ਬਣਾਉ।

ਅਰਥ - ੧. ਸਤਿਗੁਰੂ (ਗੁਰੂ ਅੰਗਦ) ਤੋਂ ਸਤਿਗੁਰੂ (ਗੁਰੂ ਅਮਰਦਾਸ) ਹੋਏ, ਤੇ ਅਸਚਰਜ ਅਮਰ (ਹੁਕਮ ਦੀ ਅਦੁਤੀ) ਖੇਡ ਵਰਤਾ ਦਿੱਤੀ। ੨. ਸੋਈਓ (ਗੁਰਤਾ ਦਾ) ਤਿਲਕ ਤੇ ਓਹੀਓ (ਗੁਰਤਾ ਦਾ ਰਾਜ) ਸਿੰਘਾਸਣ ਤੇ ਓਹੀ ਸੱਚਾ (ਪ੍ਰਭੂ ਦੇ ਨਾਮ ਦਾ) ਹੁਕਮ ਚਲਾਇਆ (ਭਾਵ ਗੁਰੂ ਨਾਨਕ ਦੀ ਚਲਾਈ ਰਹੁਰੀਤੀ ਨੂੰ ਹੀ ਚਲਾਇਆ)। ੩. ਸ਼ਬਦ ਦੇ ਖਜ਼ਾਨੇ ਨੂੰ ਖੋਲ ਕੇ ਸਾਧ ਸੰਗਤ ਵਿਚ ਸੱਚ ਦੇ ਮੇਲੀਆਂ ਨੂੰ ਮੇਲ ਦਿੱਤਾ। ੪. ਚੇਲੇ (ਗੁਰੂ ਅਮਰਦਾਸ) ਨੂੰ ਪ੍ਰਮਾਣੀਕ ਬਣਾ ਕੇ, (ਗੁਰੂ ਅੰਗਦ ਦੇਵ ਜੀ ਨੇ) ਚਾਰੇ ਵਰਣਾਂ ਨੂੰ (ਉਸਦੀ) ਚਰਣੀ ਲਾ ਦਿੱਤਾ। ੫. ਹੋਰ ਮਤਾਂ ਦੇ ਜੋ ਦੂਜੇ ਦੁਰਮੱਤ ਭਾਵ ਸਨ, ਉਹ ਮੇਟ ਕੇ ਸਭ ਗੁਰਸਿੱਖਾਂ ਨੇ ਗੁਰਮੁਖਾਂ ਵਾਂਗ ਹੋ ਕੇ ਇੱਕ ਪਰਮੇਸ਼ਰ ਦੀ ਹੀ ਅਰਾਧਨਾ ਕੀਤੀ (ਜੋ ਸਭ ਦਾ ਮਾਲਕ ਤੇ ਸਿਰਜਨਹਾਰ ਹੈ)। ੬. ਆਪਣੇ ਚਾਰੇ ਵਰਣਾਂ ਦੇ ਗੁਰਸਿਖਾਂ ਦੇ ਕੁਲਾ ਧਰਮ (ਪਹਿਲੇ ਧਰਮ) ਮਿਟਾ ਕੇ, ਇੱਕ ਸਿੱਖੀ ਧਰਮ (ਗੁਰਮੁਖ ਮਾਰਗ) ਮਾਇਆ ਵਿਚ ਉਦਾਸ ਰਹਿਣ ਦਾ ਦ੍ਰਿੜ੍ਹ ਕਰਵਾ ਦਿੱਤਾ। ੭. (ਇਉਂ ਪੂਰੇ ਗੁਰੂ, ਗੁਰੂ ਅੰਗਦ ਦੇਵ ਜੀ ਨੇ ਆਪਣੇ ਪਿੱਛੋਂ ਦੇ) ਸਭ ਪ੍ਰਬੰਧ ਮੁਕੰਮਲ ਕਰਕੇ, ਪੂਰਾ ਥਾਟ ਬਣਾ ਦਿੱਤਾ॥ ੧੨ ॥

੧੩. ਗੁਰੂ ਅਮਰਦਾਸ ਜੀ ਦੀ ਵਡਿਆਈ

੧. ਆਦਿ ਪੁਰਖੁ ਆਦੇਸੁ ਕਰਿ ਆਦਿ ਜੁਗਾਦਿ ਸਬਦ ਵਰਤਾਇਆ।
੨. ਨਾਮੁ ਦਾਨੁ ਇਸਨਾਨੁ ਦ੍ਰਿੜੁ ਗੁਰੁ ਸਿਖ ਦੇ ਸੈਂਸਾਰੁ ਤਰਾਇਆ।
੩. ਕਲੀਕਾਲ ਇਕ ਪੈਰ ਹੁਇ ਚਾਰ ਚਰਨ ਕਰਿ ਧਰਮੁ ਧਰਾਇਆ।
੪. ਭਲਾ ਭਲਾ ਭਲਿਆਈਅਹੁ ਪਿਉ ਦਾਦੇ ਦਾ ਰਾਹੁ ਚਲਾਇਆ।
੫. ਅਗਮ ਅਗੋਚਰ ਗਹਣਗਤਿ ਸਬਦ ਸੁਰਤਿ ਲਿਵ ਅਲਖੁ ਲਖਾਇਆ।
੬. ਅਪਰੰਪਰ ਆਗਾਧਿ ਬੋਧਿ ਪਰਮਿਤਿ ਪਾਰਾਵਾਰ ਨ ਪਾਇਆ।
੭. ਆਪੇ ਆਪਿ ਨ ਆਪੁ ਜਣਾਇਆ॥ ੧੩ ॥

ਪਦ ਅਰਥ - ਆਦਿ ਪੁਰਖੁ=ਗੁਰੂ ਨਾਨਕ,ਆਦਿ ਪੁਰਖ ਪਰਮੇਸ਼ਰ ਦਾ ਸਰੂਪ। ਭਲਾ=ਗੁਰੂ ਅਮਰਦਾਸ ਜੀ ਦੀ ਜਾਤ। ਗਹਣਗਤਿ=ਔਖੀ ਗਤਿ। ਆਗਾਧਿ ਬੋਧਿ=ਸਮਝ ਤੋਂ ਪਰੇ ਦਾ ਗਿਆਨ। ਪਰਮਿਤਿ=ਅਨੰਤ।

ਅਰਥ - ੧. ਆਦਿ ਪੁਰਖ (ਪਰਮੇਸ਼ਰ) ਤੇ ਆਦਿ ਗੁਰੂ (ਨਾਨਕ) ਨੂੰ ਨਮਸਕਾਰ ਹੈ, ਜਿਨ੍ਹਾਂ ਨੇ ਮੁਢ ਤੇ ਜੁਗਾਂ ਦੇ ਵੀ ਮੁੱਢ ਤੋਂ ਸ਼ਬਦ (ਨਾਮ) ਨੂੰ ਹੀ ਵਰਤਾਇਆ ਹੈ। ੨. (ਧੁਰੋਂ ਪ੍ਰਭੂ ਦੇ ਭੇਜੇ ਗੁਰੂ ਨਾਨਕ ਦੇਵ ਜੀ ਨੇ ਪਰਮੇਸ਼ਰ ਤੋਂ ਪ੍ਰਾਪਤ ਕੀਤੀ) ਨਾਮ, ਦਾਨ ਤੇ ਇਸ਼ਨਾਨ ਦੀ ਗੁਰ-ਸਿੱਖਿਆ ਨੂੰ ਦ੍ਰਿੜ੍ਹਾ ਕੇ ਸੰਸਾਰ ਨੂੰ ਤਾਰ ਦਿੱਤਾ। ੩. ਕਲਜੁਗ ਵਿਚ ਧਰਮ ਦਾ ਇੱਕ ਪੈਰ ਸੀ, ਪਰ ਗੁਰੂ ਜੀ ਨੇ ਇੱਕ ਨੂੰ ਹੀ (ਨਾਮ, ਸਤ, ਸੰਤੋਖ ਤੇ ਵੀਚਾਰ ਦੀ ਧਾਰਨਾ ਦੇ ਕੇ) ਚੌਹਾਂ ਵਰਗਾ ਕਰ ਦਿੱਤਾ। ਚੌਹਾਂ ਵਰਣਾਂ ਨੂੰ ਧਰਮ

ਦੀ ਸਿੱਖਿਆ ਦਿੱਤੀ। ੪. ਭੱਲਾ ਜਾਤ ਵਾਲੇ ਗੁਰੂ ਅਮਰਦਾਸ ਜੀ ਨੇ ਆਪਣੀ ਭਲਿਆਈ ਕਰਕੇ ਭਲਾ ਕਰਮ ਕੀਤਾ ਤੇ ਪਿਉ-ਦਾਦੇ (ਗੁਰੂ ਨਾਨਕ ਤੇ ਗੁਰੂ ਅੰਗਦ ਜੀ) ਦੇ ਮਾਰਗ ਨੂੰ ਹੀ ਅੱਗੇ ਤੋਰਿਆ। ੫. ਸਤਿਗੁਰੂ ਜੀ ਨੇ ਅਗੰਮ ਅਗੋਚਰ ਤੇ ਅਗਾਧ ਗਤਿ ਵਾਲੇ ਪ੍ਰਭੂ ਨੂੰ ਸ਼ਬਦ ਵਿਚ ਸੁਰਤ ਲਵਾ ਕੇ ਆਪਣੇ ਸਿੱਖਾਂ ਨੂੰ ਲਖਾ ਦਿੱਤਾ। ੬. ਇਸੇ ਕਰਕੇ ਸਤਿਗੁਰੂ ਅਮਰਦਾਸ ਜੀ ਦੀ ਮਹਿਮਾ ਪਰੇ ਤੋਂ ਪਰੇ ਤੇ ਅਗਾਧ ਹੈ। ਉਸ ਦਾ ਪਾਰਾਵਾਰ ਕਿਸੇ ਨੇ ਵੀ ਨਹੀਂ ਪਾਇਆ। ੭. ਗੁਰੂ ਅਮਰਦਾਸ ਜੀ ਨੇ ਆਪੇ ਆਪ ਹੋ ਕੇ ਆਪਣਾ ਆਪ ਕਿਸੇ ਨੂੰ ਨਹੀਂ ਜਣਾਇਆ॥ ੧੩॥

੧੪. ਗੁਰੂ ਰਾਮਦਾਸ ਜੀ ਦੀ ਉਪਮਾ

੧. ਰਾਗ ਦੋਖ ਨਿਰਦੋਖੁ ਹੈ ਰਾਜੁ ਜੋਗ ਵਰਤੈ ਵਰਤਾਰਾ।
੨. ਮਨਸਾ ਵਾਚਾ ਕਰਮਣਾ ਮਰਮੁ ਨ ਜਾਪੈ ਅਪਰ ਅਪਾਰਾ।
੩. ਦਾਤਾ ਭੁਗਤਾ ਦੈਆ ਦਾਨਿ ਦੇਵਸਥਲੁ ਸਤਿਸੰਗੁ ਉਧਾਰਾ।
੪. ਸਹਜ ਸਮਾਧਿ ਅਗਾਧਿ ਬੋਧਿ ਸਤਿਗੁਰੁ ਸਚੁ ਸਵਾਰਣਹਾਰਾ।
੫. ਗੁਰੁ ਅਮਰਹੁ ਗੁਰੁ ਰਾਮਦਾਸੁ ਜੋਤੀ ਜੋਤਿ ਜਗਾਇ ਜੁਹਾਰਾ।
੬. ਸਬਦ ਸੁਰਤਿ ਗੁਰ ਸਿਖੁ ਹੋਇ ਅਨਹਦ ਬਾਣੀ ਨਿਝਰਧਾਰਾ।
੭. ਤਖਤੁ ਬਖਤੁ ਪਰਗਟੁ ਪਾਹਾਰਾ॥ ੧੪॥

ਪਦ ਅਰਥ - ਨਿਰਦੋਖੁ=ਦੋਸ਼ਾਂ ਤੋਂ ਰਹਿਤ। ਮਰਮੁ=ਭੇਦ। ਦੇਵਸਥਲੁ=ਹਰੀ ਦਾ ਮੰਦਰ। ਜੁਹਾਰਾ=ਨਮਸਕਾਰ। ਬਖਤੁ=ਭਾਗ। ਪਾਹਾਰਾ=ਸੰਸਾਰ।

ਅਰਥ - ੧. (ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਵਿਚ) ਰਾਗ ਦ੍ਵੈਖ ਤੇ ਦੋਸ਼ਾਂ ਤੋਂ ਰਹਿਤ ਗਿਆਨ ਜੋਗ ਦਾ ਵਰਤਾਰਾ ਵਰਤ ਰਿਹਾ ਹੈ। ੨. ਮਨ ਬਾਣੀ ਤੇ ਕਰਮ ਕਰਕੇ ਕਿਸੇ ਨੂੰ ਅਸਲ ਰਾਜ਼ ਦਾ ਪਤਾ ਨਹੀਂ ਲੱਗ ਸਕਿਆ, ਕਿਉਂਕਿ ਸਤਿਗੁਰੂ ਜੀ ਅਪਰ ਅਪਾਰ ਹਨ। ੩. ਕਿਤੇ ਤਾਂ ਆਪ ਦਇਆ ਕਰਕੇ ਦਾਨੀ ਤੇ ਦਾਤਾ ਹਨ ਤੇ ਕਿਤੇ ਆਪ ਹੀ ਭੁਗਤਾ ਹਨ, (ਆਪ ਨੇ) ਸਤਿਸੰਗ ਦੇ ਜੁੜਨ ਲਈ ਹਰਿਮੰਦਰ ਦੀ ਰਚਨਾ ਕੀਤੀ। ੪. ਸਤਿਗੁਰੂ ਜੀ ਸੱਚੇ ਦੇ ਸਵਾਰਣਹਾਰੇ, ਸਹਿਜ ਸਮਾਧੀ ਅਗਾਧ ਬੋਧ ਦਸ਼ਾ ਵਿਚ ਚਲੇ। ੫. ਸਤਿਗੁਰੂ ਅਮਰਦਾਸ ਜੀ ਨੇ ਆਪਣੀ ਜੋਤ ਤੋਂ ਗੁਰੂ ਰਾਮਦਾਸ ਜੀ ਦੀ ਜੋਤ ਜਗਾਈ ਤੇ ਉਹਨਾਂ ਨੂੰ ਨਮਸਕਾਰ ਕੀਤੀ। ੬. ਆਪ ਨੇ ਗੁਰੂ ਜੀ ਦੇ ਸਿੱਖ ਬਣ ਕੇ ਸ਼ਬਦ ਸੁਰਤ ਦੀ ਸੋਝੀ ਕੀਤੀ ਹੈ ਤੇ ਅਨਹਦ ਬਾਣੀ ਦੀ ਨਿਰੰਤਰ ਧਾਰਾ ਦਾ ਆਨੰਦ ਪ੍ਰਾਪਤ ਕੀਤਾ ਹੈ। ੭. ਸਤਿਗੁਰੂ ਜੀ ਦੀ ਗੁਰ ਗੱਦੀ ਤੇ ਉੱਤਮ ਭਾਗ ਸਾਰੇ ਸੰਸਾਰ ਵਿਚ ਪ੍ਰਗਟ ਹੋਏ ਹਨ॥ ੧੪॥

੧੫. ਲੋਕ ਪ੍ਰਲੋਕ ਦਾ ਥੰਮੁ ਗੁਰੂ ਰਾਮਦਾਸ

੧. ਪੀਊ ਦਾਦੇ ਜੇਵੇਹਾ ਪੜਦਾਦੇ ਪਰਵਾਣੁ ਪੜੋਤਾ।
੨. ਗੁਰਮਤਿ ਜਾਗਿ ਜਗਾਇਦਾ ਕਲਿਜੁਗ ਅੰਦਰਿ ਕੌੜਾ ਸੋਤਾ।
੩. ਦੀਨ ਦੁਨੀ ਦਾ ਥੰਮੁ ਹੁਇ ਭਾਰੁ ਅਥਰਬਣ ਥੰਮਿ੍ ਖਲੋਤਾ।
੪. ਭਉਜਲੁ ਭਉ ਨ ਵਿਆਪਈ ਗੁਰ ਬੋਹਿਥ ਚੜਿ ਖਾਇ ਨ ਗੋਤਾ।
੫. ਅਵਗੁਣ ਲੈ ਗੁਣ ਵਿਕਣੈ ਗੁਰ ਹਟ ਨਾਲੈ ਵਣਜ ਸਓਤਾ।
੬. ਮਿਲਿਆ ਮੂਲਿ ਨ ਵਿਛੁੜੈ ਰਤਨ ਪਦਾਰਥ ਹਾਰੁ ਪਰੋਤਾ।
੭. ਮੈਲਾ ਕਦੇ ਨ ਹੋਵਈ ਗੁਰ ਸਰਵਰਿ ਨਿਰਮਲ ਜਲ ਧੋਤਾ।
੮. ਬਾਬਾਣੈ ਕੁਲਿ ਕਵਲੁ ਅਛੋਤਾ॥ ੧੫॥

ਪਦ ਅਰਥ - ਪੜਦਾਦੇ=ਗੁਰੂ ਨਾਨਕ ਦੇਵ ਜੀ। ਪੜੋਤਾ=ਗੁਰੂ ਰਾਮਦਾਸ। ਕੌੜਾ ਸੋਤਾ=ਉਥਾਰੇ ਨੀਂਦਰ। ਸਓਤਾ=ਸਫਲ। ਅਛੋਤਾ=ਨਿਰਲੇਪ।

ਅਰਥ - ੧. ਪਿਤਾ (ਗੁਰੂ ਅਮਰਦਾਸ ਜੀ), ਦਾਦਾ (ਗੁਰੂ ਅੰਗਦ ਜੀ) ਤੇ ਪੜਦਾਦਾ (ਗੁਰੂ ਨਾਨਕ ਦੇਵ ਜੀ ਦੀ ਵੰਸ ਵਿਚ) ਉਹਨਾਂ ਵਰਗਾ ਹੀ ਪ੍ਰਮਾਣੀਕ ਪੜੋਤਾ (ਗੁਰੂ ਰਾਮਦਾਸ ਜੀ) ਹੋਇਆ। ੨. ਆਪ ਨੇ ਗੁਰੂ ਮਤਿ ਨੂੰ ਗ੍ਰਹਿਣ ਕਰਕੇ ਕਲਿਜੁਗ ਵਿਚ ਆਪ ਜਾਗ ਕੇ ਹੋਰਨਾਂ ਨੂੰ ਉਥਾਰੇ ਦੀ ਨੀਂਦ ਤੋਂ ਜਗਾਇਆ। ੩. ਆਪ ਨੇ ਲੋਕ ਤੇ ਪ੍ਰਲੋਕ ਦਾ ਥੰਮ੍ ਬਣ ਕੇ ਭਾਰੀ ਬੋਝ ਨੂੰ ਥੰਮ੍ਹਿਆ। ੪. (ਗੁਰ ਸਿੱਖ ਨੂੰ) ਗੁਰੂ ਦੇ ਜਹਾਜ਼ 'ਤੇ ਚੜ੍ਹ ਕੇ ਸੰਸਾਰ ਦਾ ਡਰ ਨਹੀਂ ਵਿਆਪਦਾ ਤੇ ਨਾ ਹੀ ਫਿਰ ਉਹ ਸੰਸਾਰ ਸਾਗਰ ਵਿਚ ਗੋਤੇ ਖਾਂਦਾ ਹੈ। ੫. ਸਤਿਗੁਰੂ ਜੀ ਦੀ ਹੱਟੀ ਨਾਲ ਵਣਜ ਕੀਤਾ ਲਾਹੇਵੰਦਾ ਹੁੰਦਾ ਹੈ ਕਿਉਂਕਿ ਉਥੇ (ਸਿੱਖ) ਆਪਣੇ ਅਵਗੁਣ ਦੇ ਕੇ ਗੁਣਾਂ ਦੀ ਰਾਸ ਲੈਂਦਾ ਹੈ। ੬. ਰਤਨ ਪਦਾਰਥ (ਉੱਤਮ ਗੁਣਾਂ) ਦਾ ਪਰੋਤਾ ਹੋਇਆ ਹਾਰ ਮਿਲ ਜਾਣ ਨਾਲ ਫਿਰ ਉਹ ਹਾਰ ਵਿਛੜਦਾ ਨਹੀਂ। ੭. ਗੁਰੂ ਜੀ ਦੇ ਸਤਿਸੰਗ ਰੂਪੀ ਪਵਿੱਤਰ ਸਰੋਵਰ ਦਾ ਜਲ ਅੰਤਿ ਨਿਰਮਲ ਹੈ (ਇਸ ਵਿਚ) ਇਸ਼ਨਾਨ ਕੀਤਿਆਂ ਮਨ ਨਿਰਮਲ ਹੋ ਜਾਂਦਾ ਹੈ, ਜੋ ਫਿਰ ਮੈਲਾ ਨਹੀਂ ਹੁੰਦਾ। ੮. ਗੁਰੂ ਨਾਨਕ ਦੇਵ ਜੀ ਕੁਲ ਵਿਚ ਇਹੋ ਜਿਹੇ ਕੰਵਲ ਵਾਂਗੂੰ ਨਿਰਲੇਪ (ਗੁਰੂ ਰਾਮਦਾਸ ਜੀ) ਹੋਏ ਹਨ॥ ੧੫॥

੧੬. ਗੁਰਮੁਖਾਂ ਨੂੰ ਸੱਚ ਦੀ ਪ੍ਰਾਪਤੀ ਹੁੰਦੀ ਹੈ

੧. ਗੁਰਮੁਖਿ ਮੇਲਾ ਸਚ ਦਾ ਸਚਿ ਮਿਲੈ ਸਚਿਆਰ ਸੰਜੋਗੀ।
੨. ਘਰਬਾਰੀ ਪਰਵਾਰ ਵਿਚਿ ਭੋਗ ਭੁਗਤਿ ਰਾਜੇ ਰਸੁ ਭੋਗੀ।

੩. ਆਸਾ ਵਿਚਿ ਨਿਰਾਸ ਹੁਇ ਜੋਗ ਜੁਗਤਿ ਜੋਗੀਸਰੁ ਜੋਗੀ।
੪. ਦੇਦਾ ਰਹੈ ਨ ਮੰਗੀਐ ਮਰੈ ਨ ਹੋਇ ਵਿਜੋਗ ਵਿਜੋਗੀ।
੫. ਆਧਿ ਬਿਆਧਿ ਉਪਾਧਿ ਹੈ ਵਾਇ ਪਿਤ ਕਫੁ ਰੋਗ ਅਰੋਗੀ।
੬. ਦੁਖੁ ਸੁਖੁ ਸਮਸਰਿ ਗੁਰਮਤੀ ਸੰਪੈ ਹਰਖ ਨ ਅਪਦਾ ਸੋਗੀ।
੭. ਦੇਹ ਬਿਦੇਹੀ ਲੋਗ ਅਲੋਗੀ॥ ੧੬॥

ਪਦ ਅਰਥ - ਸਚਿਆਰ ਸੰਜੋਗੀ=ਸੱਚਿਆਂ ਦਾ ਮੇਲੀ। ਬਿਦੇਹੀ=ਮੁਕਤ ਸਰੂਪ। ਅਲੋਗੀ=ਅਤੀਤ।

ਅਰਥ - ੧. ਗੁਰਮੁਖਾਂ ਨੂੰ ਸੱਚ (ਪ੍ਰਭੂ) ਦਾ ਮੇਲ ਹੁੰਦਾ ਹੈ, ਕਿਉਂਕਿ ਸੱਚੇ ਪੁਰਸ਼ਾਂ ਦੇ ਮਿਲਾਪ ਨਾਲ ਹੀ ਸੱਚ ਦੀ ਪ੍ਰਾਪਤੀ ਹੁੰਦੀ ਹੈ। ੨. ਗੁਰੂ ਜੀ ਪਰਿਵਾਰ ਵਿਚ ਘਰ ਬਾਰੀ ਹੋ ਰਹਿੰਦੇ ਹਨ ਤੇ ਸਭ ਰੋਗਾਂ ਨੂੰ ਭੋਗਦੇ ਹੋਏ ਰਸ ਭੋਗੀ ਰਾਜੇ ਪ੍ਰਤੀਤ ਹੁੰਦੇ ਹਨ। ੩. (ਸਤਿਗੁਰੂ ਜੀ) ਆਸਾ ਵਿਚ ਨਿਰਾਸ ਹੋ ਕੇ ਰਹਿੰਦੇ ਹਨ ਤੇ ਇਉਂ ਜੋਗੀਆਂ ਵਾਲੀ ਜੁਗਤੀ ਨਾਲ ਜੋਗੀਸ਼ਰ ਬਣ ਕੇ ਜੁੜਦੇ ਹਨ। ੪. (ਆਪ) ਅਜਿਹਾ ਦਾਨ ਦਿੰਦੇ ਰਹਿੰਦੇ ਹਨ ਕਿ ਉਸ ਨੂੰ ਮੁੜ ਕੇ ਵਾਪਿਸ ਨਹੀਂ ਮੰਗਦੇ, ਇਹੋ ਜਿਹੇ ਦਾਨੀ ਨਾ ਮਰਦੇ ਹਨ ਤੇ ਨਾ ਹੀ ਵਿਛੜਦੇ ਹਨ। ੫. (ਆਪ) ਆਧੀ, ਬਿਆਧੀ ਤੇ ਉਪਾਧੀ ਤੋਂ ਰਹਿਤ ਹਨ ਤੇ ਵਾਤ, ਪਿਤ ਤੇ ਕਫ ਦੇ ਰੋਗਾਂ ਤੋਂ ਮੁਕਤ ਹਨ। ੬. (ਆਪ ਲਈ) ਦੁੱਖ ਤੇ ਸੁਖ ਸਮਾਨ ਹਨ, ਆਪ ਗੁਰੂ ਦੀ ਮਤ ਤੇ ਦ੍ਰਿੜ੍ਹ ਹਨ ਧਨ ਪਦਾਰਥ ਹੋਵੇ ਜਾਂ ਨਾ ਹੋਣ। ਆਪ ਨੂੰ ਖੁਸ਼ੀ ਜਾਂ ਸੋਗ ਨਹੀਂ। ੭. (ਗੁਰੂ ਰਾਮਦਾਸ ਜੀ) ਇਸ ਸਰੀਰ ਵਿਚ ਵਸਦੇ ਹੋਏ ਬਿਦੇਹੀ (ਮੁਕਤ ਸਰੂਪ) ਹਨ ਤੇ ਲੋਕਾਂ ਵਿਚ ਰਹਿੰਦੇ ਹੋਏ ਨਿਰਲੇਪ ਹਨ॥ ੧੬॥

੧੭. ਪਰਉਪਕਾਰੀ ਸ੍ਰੀ ਗੁਰੂ ਰਾਮਦਾਸ ਜੀ

੧. ਸਭਨਾ ਸਾਹਿਬੁ ਇਕੁ ਹੈ ਦੂਜੀ ਜਾਇ ਨ ਹੋਇ ਨ ਹੋਗੀ।
੨. ਸਹਜ ਸਰੋਵਰਿ ਪਰਮਹੰਸੁ ਗੁਰਮਤਿ ਮੋਤੀ ਮਾਣਕ ਚੋਗੀ।
੩. ਖੀਰ ਨੀਰ ਜਿਉ ਕੂੜੁ ਸਚੁ ਤਜਣੁ ਭਜਣੁ ਗੁਰ ਗਿਆਨ ਅਪੋਗੀ।
੪. ਇਕ ਮਨਿ ਇਕੁ ਅਰਾਧਨਾ ਪਰਿਹਰਿ ਦੂਜਾ ਭਾਉ ਦਰੋਗੀ।
੫. ਸਬਦ ਸੁਰਤਿ ਲਿਵ ਸਾਧ ਸੰਗਿ ਸਹਜਿ ਸਮਾਧਿ ਅਗਾਧਿ ਘਰੋਗੀ।
੬. ਜੰਮਣੁ ਮਰਣਹੁ ਬਾਹਰੇ ਪਰਉਪਕਾਰ ਪਰਮਪਰ ਜੋਗੀ।
੭. ਰਾਮਦਾਸ ਗੁਰ ਅਮਰ ਸਮੋਗੀ॥ ੧੭॥

ਪਦ ਅਰਥ - ਸਹਜ ਸਰੋਵਰਿ=ਸ਼ਾਂਤੀ ਦੇ ਸਰੋਵਰ। ਦਰੋਗੀ=ਝੂਠ। ਪਰਮਪਰ=ਪਰੇ ਤੋਂ ਪਰੇ। ਸਮੋਗੀ=ਸਮਾਇਆ।

ਅਰਥ - ੧. ਸਾਰਿਆਂ ਦਾ ਮਾਲਕ ਇੱਕ (ਗੁਰੂ ਰਾਮਦਾਸ) ਹੀ ਹੈ, ਦੂਜੀ ਜਗ੍ਹਾ ਨਾ ਅੱਗੇ ਹੋਈ ਹੈ ਤੇ ਨਾ ਕੋਈ ਅੱਗੇ ਹੋਵੇਗੀ। ੨. ਸਤਿਗੁਰੂ ਰਾਮਦਾਸ ਜੀ ਸ਼ਾਂਤੀ ਦੇ ਸਰੋਵਰ ਤੇ ਪਰਮਹੰਸ ਹਨ, ਉਥੇ ਗੁਰਮੱਤ ਰੂਪੀ ਮਾਣਕ ਤੇ ਮੋਤੀਆਂ ਦੀ ਚੋਗ ਹੈ। ੩. ਹੇ ਗੁਰਸਿੱਖ! ਦੁੱਧ ਤੇ ਪਾਣੀ ਵਾਂਗੂੰ ਝੂਠ ਤੇ ਸੱਚ ਹੈ, ਤੂੰ ਗੁਰੂ ਦੇ ਗਿਆਨ ਨੂੰ ਗ੍ਰਹਿਣ ਕਰ ਕੇ ਝੂਠ ਨੂੰ ਛੱਡ ਕੇ ਸੱਚ ਨੂੰ ਧਾਰਨ ਕਰ। ੪. ਤੂੰ ਆਪਣਾ ਮਨ ਇਕਾਗਰ ਕਰਕੇ ਇੱਕ ਪ੍ਰਭੂ ਦਾ ਸਿਮਰਨ ਕਰ, ਦੂਜਾ ਭਾਵ ਤੇ ਹੋਰ ਛਲ ਕਪਟ ਨੂੰ ਤਿਆਗ ਦੇ। ੫. ਸਤਿਗੁਰੂ ਜੀ ਸ਼ਬਦ ਸੁਰਤ ਦੀ ਲਿਵ ਵਿਚ ਸਹਿਜ ਪਦ ਦੇ ਅਨੁਭਵ ਵਿਚ ਹਨ ਤੇ ਘਰ ਬਾਰੀ (ਗ੍ਰਿਹਸਥੀ) ਹਨ। ੬. ਗੁਰੂ ਜੀ ਜਨਮ ਮਰਨ ਤੋਂ ਰਹਿਤ ਹਨ ਤੇ ਮਹਾਨ ਪਰਉਪਕਾਰੀ ਹਨ। ਆਪ ਉੱਚੀ ਤੋਂ ਉੱਚੀ ਦਸ਼ਾ ਵਾਲੇ ਜੋਗੀ ਹਨ, ੭. ਸ੍ਰੀ ਗੁਰੂ ਰਾਮਦਾਸ ਜੀ ਵਿਚ ਸਤਿਗੁਰੂ ਅਮਰਦਾਸ ਜੀ ਜੋਤ-ਰੂਪ ਹੋ ਕੇ ਸਮਾ ਰਹੇ ਹਨ॥ ੧੭॥

੧੮. ਸ੍ਰੀ ਗੁਰੂ ਅਰਜਨ ਦੇਵ ਜੀ ਸੱਚੇ ਸਿਰਜਣਹਾਰ ਹਨ

੧. ਅਲਖ ਨਿਰੰਜਨੁ ਆਖੀਐ ਅਕਲ ਅਜੋਨਿ ਅਕਾਲ ਅਪਾਰਾ।
੨. ਰਵਿ ਸਸਿ ਜੋਤਿ ਉਦੋਤ ਲੰਘਿ ਪਰਮ ਜੋਤਿ ਪਰਮੇਸਰੁ ਪਿਆਰਾ।
੩. ਜਗ ਮਗ ਜੋਤਿ ਨਿਰੰਤਰੀ ਜਗ ਜੀਵਨ ਜਗ ਜੈ ਜੈ ਕਾਰਾ।
੪. ਨਮਸਕਾਰ ਸੰਸਾਰ ਵਿਚਿ ਆਦਿ ਪੁਰਖ ਆਦੇਸੁ ਉਧਾਰਾ।
੫. ਚਾਰਿ ਵਰਨ ਛਿਅ ਦਰਸਨਾਂ ਗੁਰਮੁਖਿ ਮਾਰਗਿ ਸਚੁ ਅਚਾਰਾ।
੬. ਨਾਮੁ ਦਾਨੁ ਇਸਨਾਨੁ ਦਿੜਿ ਗੁਰਮੁਖਿ ਭਾਇ ਭਗਤਿ ਨਿਸਤਾਰਾ।
੭. ਗੁਰੁ ਅਰਜਨੁ ਸਚੁ ਸਿਰਜਣਹਾਰਾ॥ ੧੮॥

ਪਦ ਅਰਥ- ਨਿਰੰਜਨੁ=ਮਾਇਆ ਤੋਂ ਰਹਿਤ। ਅਕਾਲ=ਕਲਪਣਾ ਤੋਂ ਰਹਿਤ। ਨਿਰੰਤਰੀ=ਇਕਸਾਰ। ਸਚੁ ਅਚਾਰਾ=ਸੱਚੇ ਆਚਾਰ ਵਾਲਾ।

ਅਰਥ - ੧. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗਤਿ ਨੂੰ ਕੋਈ ਨਹੀਂ ਜਾਣ ਸਕਦਾ, ਆਪ ਮਾਇਆ ਤੋਂ ਰਹਿਤ, ਕਲਪਣਾ ਤੋਂ ਰਹਿਤ, ਜੂਨਾਂ ਤੋਂ ਰਹਿਤ, ਕਾਲ ਤੋਂ ਰਹਿਤ ਤੇ ਅਪਾਰ ਹਨ। ੨. ਸੂਰਜ ਤੇ ਚੰਦਰਮਾਂ ਦੇ ਪ੍ਰਕਾਸ਼ ਤੋਂ ਉਪਰ ਪਰਮ ਜੋਤੀ ਸਰੂਪ ਪ੍ਰਭੂ ਪਿਆਰਾ ਹੈ। ੩. ਉਹਨਾਂ ਵਿਚ ਪ੍ਰਭੂ ਦੀ ਜੋਤ ਦਾ ਪ੍ਰਕਾਸ਼ ਇਕ ਰਸ ਪ੍ਰਕਾਸ਼ ਰਿਹਾ ਹੈ, ਉਹ ਜਗਤ ਦਾ ਜੀਵਨ ਹਨ, ਇਸ ਕਰਕੇ ਸਾਰਾ ਸੰਸਾਰ ਉਨ੍ਹਾਂ ਦੀ ਜੈ ਜੈਕਾਰ ਕਰ ਰਿਹਾ ਹੈ। ੪. ਉਹਨਾਂ ਨੂੰ ਸਾਰਾ ਸੰਸਾਰ ਨਮਸਕਾਰਾਂ ਕਰਦਾ ਹੈ, ਉਹ ਆਦਿ ਪੁਰਖ ਹਨ, ਜਿਹੜਾ ਉਹਨਾਂ ਨੂੰ ਨਮਸਕਾਰ ਕਰਦਾ ਹੈ, ਉਸ ਦਾ ਉਧਾਰ ਹੋ ਜਾਂਦਾ ਹੈ। ੫. ਚਾਰ ਵਰਣਾਂ ਤੇ ਛੇ ਸ਼ਾਸਤ੍ਰਾਂ ਵਿਚੋਂ ਗੁਰਮੁਖ ਦਾ ਮਾਰਗ ਹੀ ਸੱਚੇ ਕਰਤੱਵ ਵਾਲਾ ਹੈ। ੬. ਗੁਰਮੁਖ ਦਾ ਕਰਤੱਵ ਇਹ ਹੁੰਦਾ ਹੈ ਕਿ ਉਹ ਨਾਮ ਦਾਨ ਤੇ ਇਸ਼ਨਾਨ ਵਿਚ ਦ੍ਰਿੜ੍ਹ ਰਹਿੰਦਾ ਹੈ ਤੇ ਪ੍ਰੇਮਾ-ਭਗਤੀ ਕਰਕੇ ਮੁਕਤੀ ਪ੍ਰਾਪਤ ਕਰਦਾ ਹੈ। ੭. ਸ੍ਰੀ ਗੁਰੂ ਅਰਜਨ ਦੇਵ ਜੀ ਸੱਚੇ ਸਿਰਜਣਹਾਰ ਹਨ॥ ੧੮॥

੧੯. ਗੁਰੂ ਅਰਜਨ ਜੀ ਦਾ ਰਾਜ ਅਬਚਲ ਹੈ

੧. ਪਿਉ ਦਾਦਾ ਪੜਦਾਦਿਅਹੁ ਕੁਲ ਦੀਪਕੁ ਅਜਰਾਵਰ ਨਤਾ।
੨. ਤਖਤੁ ਬਖਤੁ ਲੈ ਮਲਿਆ ਸਬਦ ਸੁਰਤਿ ਵਾਪਾਰਿ ਸਪਤਾ।
੩. ਗੁਰਬਾਣੀ ਭੰਡਾਰੁ ਭਰਿ ਕੀਰਤਨੁ ਕਥਾ ਰਹੈ ਰੰਗ ਰਤਾ।
੪. ਧੁਨਿ ਅਨਹਦਿ ਨਿਝਰੁ ਝਰੈ ਪੂਰਨ ਪ੍ਰੇਮਿ ਅਮਿਓ ਰਸ ਮਤਾ।
੫. ਸਾਧਸੰਗਤਿ ਹੈ ਗੁਰੁ ਸਭਾ ਰਤਨ ਪਦਾਰਥ ਵਣਜ ਸਹਤਾ।
੬. ਸਚੁ ਨੀਸਾਣੁ ਦੀਬਾਣੁ ਸਚੁ ਸਚੁ ਤਾਣੁ ਸਚੁ ਮਾਣੁ ਮਹਤਾ।
੭. ਅਬਚਲੁ ਰਾਜੁ ਹੋਆ ਸਣਖਤਾ॥੧੯॥

ਪਦ ਅਰਥ - ਪੜਦਾਦਿਅਹੁ=ਗੁਰੂ ਅੰਗਦ ਦੇਵ ਜੀ। ਨਤਾ=ਪੋਤਰੇ ਦਾ ਪੋਤਰਾ (ਸ੍ਰੀ ਗੁਰੂ ਅਰਜਨ ਦੇਵ ਜੀ)। ਸਹਤਾ=ਲਾਭਦਾਇਕ। ਸਣਖਤਾ=ਸ੍ਰੇਸ਼ਟ।

ਅਰਥ - ੧. ਪਿਤਾ (ਗੁਰੂ ਰਾਮਦਾਸ ਜੀ), ਦਾਦਾ (ਗੁਰੂ ਅਮਰਦਾਸ ਜੀ,) ਪੜਦਾਦਾ (ਗੁਰੂ ਅੰਗਦ ਦੇਵ ਜੀ ਤੇ ਗੁਰੂ ਨਾਨਕ ਦੇਵ ਜੀ) ਦੀ ਕੁਲ ਦੇ ਦੀਪਕ, ਪੰਜਵੀਂ ਥਾਇੰ ਅਜਰ ਸ੍ਰੀ ਗੁਰੂ ਅਰਜਨ ਜੀ ਹੋਏ। ੨. ਆਪ ਨੇ ਗੁਰਗੱਦੀ ਤੇ ਉੱਤਮ ਭਾਗਾਂ ਨੂੰ ਮੱਲ ਲੀਤਾ ਤੇ ਸ਼ਬਦ ਸੁਰਤ ਦਾ ਪਤ ਵਾਲਾ ਵਪਾਰ ਕੀਤਾ। ੩. ਆਪ ਨੇ ਗੁਰਬਾਣੀ ਇਕੱਤਰ ਕਰਕੇ (ਸਿੱਖਾਂ ਲਈ) ਖਜ਼ਾਨੇ ਭਰ ਦਿੱਤੇ ਤੇ ਆਪ ਸਦਾ ਕਥਾ ਕੀਰਤਨ ਦੇ ਰੰਗ ਵਿਚ ਰੱਤੇ ਰਹਿੰਦੇ ਹਨ। ੪. ਆਪ ਵਿਚ ਇਕ ਰਸ ਅਨਹਦ ਨਾਦ ਦੀ ਧੁਨੀ ਜਾਰੀ ਰਹਿੰਦੀ ਹੈ ਤੇ ਆਪ ਪੂਰਨ ਪ੍ਰੇਮ ਦੇ ਅੰਮ੍ਰਿਤ ਰਸ ਵਿਚ ਮਸਤ ਰਹਿੰਦੇ ਹਨ। ੫. ਜਦੋਂ ਸਤਿਗੁਰੂ ਜੀ ਦੀ ਸਤਿਸੰਗ ਦੀ ਸਭਾ ਲੱਗਦੀ ਹੈ, ਤਦੋਂ ਨਾਮ ਰੂਪੀ ਰਤਨ ਪਦਾਰਥ ਦਾ ਲਾਭਦਾਇਕ ਵਪਾਰ ਹੁੰਦਾ ਹੈ। ੬. ਸਤਿਗੁਰੂ ਜੀ ਦਾ ਨੀਸਾਣ ਤੇ ਦਰਬਾਰ ਸੱਚਾ ਹੈ, ਮਾਣ, ਤਾਣ ਤੇ ਵਡਿਆਈ ਵੀ ਸੱਚੀ ਹੈ। ੭. ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਜ ਅਬਚਲ ਤੇ ਸ੍ਰੇਸ਼ਟ ਹੈ॥ ੧੯॥

੨੦. ਗੁਰਮੁਖਾਂ ਦਾ ਛਤ੍ਰ ਨਿਰੰਜਨੀ ਹੈ

੧. ਚਾਰੇ ਚਕ ਨਿਵਾਇਓਨੁ ਸਿਖ ਸੰਗਤਿ ਆਵੈ ਅਗਣਤਾ।
੨. ਲੰਗਰੁ ਚਲੈ ਗੁਰ ਸਬਦਿ ਪੂਰੇ ਪੂਰੀ ਬਣੀ ਬਣਤਾ।
੩. ਗੁਰਮੁਖਿ ਛਤ੍ਰ ਨਿਰੰਜਨੀ ਪੂਰਨ ਬ੍ਰਹਮ ਪਰਮਪਦ ਮਤਾ।
੪. ਵੇਦ ਕਤੇਬ ਅਗੋਚਰਾ ਗੁਰਮੁਖਿ ਸਬਦੁ ਸਾਧ ਸੰਗੁ ਸਤਾ।
੫. ਮਾਇਆ ਵਿਚਿ ਉਦਾਸੁ ਕਰਿ ਗੁਰ ਸਿਖ ਜਨਕ ਅਸੰਖ ਭਗਤਾ।

੬. ਕੁਦਰਤਿ ਕੀਮ ਨ ਜਾਣੀਐ ਅਕਥ ਕਥਾ ਅਬਿਗਤ ਅਬਿਗਤਾ।
੭. ਗੁਰਮੁਖਿ ਸੁਖ ਫਲੁ ਸਹਜ ਸੁਗਤਾ ॥ ੨੦ ॥

ਪਦ ਅਰਥ - ਚਾਰੇ ਚਕ=ਚਾਰੇ ਦਿਸ਼ਾਂ। ਅਗਣਤਾ=ਬੇਗਿਣਤ। ਬਣਤਾ=ਬਨਾਵਟ। ਸਤਾ=ਸੱਤ। ਸੁਗਤਾ=ਚੰਗੀ ਰੀਤੀ।

ਅਰਥ - ੧. ਸਤਿਗੁਰੂ ਜੀ ਨੇ ਚਾਰੇ ਦਿਸ਼ਾਂ ਆਪਣੇ ਅਧੀਨ ਕਰ ਲਈਆਂ ਹਨ। (ਆਪ ਦੇ ਦਰਬਾਰ) ਬੇਅੰਤ ਸਿੱਖ ਸੰਗਤ ਦਰਸ਼ਨਾਂ ਲਈ ਆਉਂਦੀ ਹੈ। ੨. ਪੂਰੇ ਗੁਰੂ ਦੀ ਐਸੀ ਬਣੌਤ ਹੈ ਕਿ ਲੰਗਰ ਹਰ ਸਮੇਂ ਚਲਦਾ ਰਹਿੰਦਾ ਹੈ ਅਥਵਾ ਗੁਰੂ ਦੇ ਸ਼ਬਦ ਦਾ ਲੰਗਰ ਚਲਦਾ ਹੈ। ੩. ਗੁਰਮੁਖਾਂ ਦਾ ਛਤ੍ਰ ਨਿਰੰਜਨੀ ਹੈ ਤੇ ਆਪ ਪੂਰਨ ਬ੍ਰਹਮ ਦੇ ਪਰਮ ਪਦ ਵਿਚ ਮਸਤ ਰਹਿੰਦੇ ਹਨ। ੪. ਆਪ ਦੀ ਮਹਿਮਾ ਵੇਦਾਂ ਕਤੇਬਾਂ ਤੋਂ ਅਗੋਚਰ ਹੈ। ਗੁਰਮੁਖਾਂ ਦਾ ਸ਼ਬਦ ਸਾਧ ਸੰਗਤ ਦੇ ਸੱਚੇ ਸਰੂਪ ਵਿਚੋਂ ਪ੍ਰਾਪਤ ਹੁੰਦਾ ਹੈ। ੫. ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਐਸਾ ਉਪਦੇਸ਼ ਦਿੰਦੇ ਹਨ ਕਿ ਉਹਨਾਂ ਨੂੰ ਮਾਇਆ ਵਿਚ ਹੀ ਉਦਾਸ ਕਰ ਦਿੰਦੇ ਹਨ। ਅਨੇਕਾਂ ਸਿੱਖਾਂ ਨੂੰ ਆਪ ਨੇ ਜਨਕ ਵਰਗੇ ਭਗਤ ਬਣਾ ਦਿੱਤਾ ਹੈ। ੬. ਸਤਿਗੁਰੂ ਜੀ ਦੀ ਸਮਰੱਥਾ ਤੇ ਕੀਮਤ ਦਾ ਅੰਤ ਨਹੀਂ ਪਾਇਆ ਜਾ ਸਕਦਾ, ਉਹਨਾਂ ਦੀ ਕਥਾ ਕਹਿਣ ਤੋਂ ਬਾਹਰ ਹੈ ਤੇ ਉਨ੍ਹਾਂ ਦੀ ਗਤਿ ਨੂੰ ਸਮਝਣਾ ਕਠਿਨ ਹੈ। ੭. ਗੁਰਮੁਖਾਂ ਨੂੰ ਸਤਿਗੁਰੂ ਜੀ ਦੀ ਸੰਗਤ ਕਰਨ ਨਾਲ ਸੁਖ ਫਲ ਦੀ ਪ੍ਰਾਪਤੀ ਸਹਿਜੇ ਤੇ ਚੰਗੀ ਰੀਤੀ ਨਾਲ ਹੋ ਜਾਂਦੀ ਹੈ॥ ੨੦॥

੨੧. ਹਰਿਗੋਵਿੰਦੁ ਸਦਾ ਵਿਗਸੰਦਾ

੧. ਹਰਖਹੁ ਸੋਗਹੁ ਬਾਹਰਾ ਹਰਣ ਭਰਣ ਸਮਰਥੁ ਸਰੰਦਾ।
੨. ਰਸ ਕਸ ਰੂਪ ਨ ਰੇਖਿ ਵਿਚਿ ਰਾਗ ਰੰਗ ਨਿਰਲੇਪੁ ਰਹੰਦਾ।
੩. ਗੋਸਟਿ ਗਿਆਨ ਅਗੋਚਰਾ ਬੁਧਿ ਬਲ ਬਚਨ ਬਿਬੇਕ ਨ ਛੰਦਾ।
੪. ਗੁਰ ਗੋਵਿੰਦੁ ਗੋਵਿੰਦੁ ਗੁਰੁ ਹਰਿਗੋਵਿੰਦੁ ਸਦਾ ਵਿਗਸੰਦਾ।
੫. ਅਚਰਜ ਨੋ ਅਚਰਜ ਮਿਲੈ ਵਿਸਮਾਦੈ ਵਿਸਮਾਦ ਮਿਲੰਦਾ।
੬. ਗੁਰਮੁਖਿ ਮਾਰਗਿ ਚਲਣਾ ਖੰਡੇ ਧਾਰ ਕਾਰ ਨਿਬਹੰਦਾ।
੭. ਗੁਰ ਸਿਖ ਲੈ ਗੁਰ ਸਿਖੁ ਚਲੰਦਾ॥ ੨੧ ॥

ਪਦ ਅਰਥ - ਸਰੰਦਾ=ਸਿਰਜਣਾ। ਛੰਦਾ=ਮੁਛੰਦਗੀ। ਨਿਬਹੰਦਾ=ਨਿਬਾਹੁਣਾ। ਵਿਗਸੰਦਾ=ਪ੍ਰਸੰਨ।

ਅਰਥ - ੧. ਸਤਿਗੁਰੂ (ਹਰਿਗੋਬਿੰਦ ਜੀ) ਖੁਸ਼ੀ ਗਮੀ ਤੋਂ ਨਿਰਲੇਪ ਹਨ, ਹਰਣ ਭਰਣ ਤੇ ਸਿਰਜਣਾ ਕਰਨ ਵਿਚ ਉਹ ਸਮਰੱਥ ਹਨ। ੨. ਆਪ ਰਸ, ਕਸ, ਰੂਪ, ਰੇਖ, ਰਾਗ ਤੇ ਰੰਗ ਤੋਂ ਰਹਿਤ ਹਨ। ੩. ਗਿਆਨ ਦੀ ਚਰਚਾ ਤੋਂ ਅਗੋਚਰ ਹਨ ਤੇ ਉਥੇ ਬੁਧੀ, ਬਲ, ਬਚਨ, ਬਿਬੇਕ ਤੇ ਛਲ ਆਦਿ ਦੀ ਪੇਸ਼ ਨਹੀਂ ਜਾਂਦੀ। ੪. ਸਤਿਗੁਰ ਜੀ ਗੋਬਿੰਦ ਦਾ ਰੂਪ ਹਨ ਤੇ ਗੋਬਿੰਦ ਗੁਰੂ ਰੂਪ ਹਨ, (ਇਸ ਤਰਾਂ ਪ੍ਰਭੂ ਨਾਲ ਅਭੇਦ ਹੋਏ)

ਸ੍ਰੀ ਗੁਰੂ ਹਰਿਗੋਬਿੰਦ ਜੀ ਸਦਾ ਪ੍ਰਸੰਨ ਰਹਿੰਦੇ ਹਨ। ੫. ਅਸਚਰਜ ਰੂਪ ਤੇ ਵਿਸਮਾਦ ਨੂੰ ਵਿਸਮਾਦ ਮਿਲਦਾ ਹੈ। ੬. ਗੁਰਮੁਖਾਂ ਦਾ ਮਾਰਗ ਖੰਡੇ ਦੀ ਧਾਰ ਨਾਲੋਂ ਤਿੱਖਾ ਹੈ। ਇਸ ਤੇ ਚਲਣ ਦੀ ਕਾਰ ਸਤਿਗੁਰੂ ਜੀ ਆਪ ਹੀ ਨਿਬਾਹੁੰਦੇ ਹਨ। ੭. ਸਤਿਗੁਰੂ ਜੀ ਦੀ ਸਿੱਖਿਆ ਲੈ ਕੇ ਗੁਰਸਿੱਖ ਇਹੋ ਜਿਹੇ ਕਠਿਨ ਮਾਰਗ 'ਤੇ ਚਲਦੇ ਹਨ॥ ੨੧॥

੨੨. ਗੁਰੂ ਜੀ ਦਾ ਚਰਣਾਂਮ੍ਰਿਤ ਅੰਮ੍ਰਿਤ ਹੈ

੧. ਹੰਸਹੁ ਹੰਸ ਗਿਆਨੁ ਕਰਿ ਦੁਧੈ ਵਿਚਹੁ ਕਢੈ ਪਾਣੀ।
੨. ਕਛਹੁ ਕਛੁ ਧਿਆਨਿ ਧਰਿ ਲਹਰਿ ਨ ਵਿਆਪੈ ਘੁੰਮਣਵਾਣੀ।
੩. ਕੂੰਜਹੁ ਕੂੰਜੁ ਵਖਾਣੀਐ ਸਿਮਰਣੁ ਕਰਿ ਉਡੈ ਅਸਮਾਣੀ।
੪. ਗੁਰ ਪਰਚੈ ਗੁਰ ਜਾਣੀਐ ਗਿਆਨਿ ਧਿਆਨਿ ਸਿਮਰਣਿ ਗੁਰਬਾਣੀ।
੫. ਗੁਰ ਸਿਖ ਲੈ ਗੁਰਸਿਖ ਹੋਣਿ ਸਾਧ ਸੰਗਤਿ ਜਗ ਅੰਦਰਿ ਜਾਣੀ।
੬. ਪੈਰੀ ਪੈ ਪਾਖਾਕ ਹੋਇ ਗਰਬੁ ਨਿਵਾਰਿ ਗਰੀਬੀ ਆਣੀ।
੭. ਪੀ ਚਰਣੋਦਕੁ ਅੰਮ੍ਰਿਤ ਵਾਣੀ॥ ੨੨॥

ਪਦ ਅਰਥ - ਹੰਸਹੁ=ਹੰਸਾਂ ਵਿਚੋਂ। ਕਛਹੁ=ਕੱਛੂਆਂ ਵਿਚੋਂ। ਘੁੰਮਣਵਾਣੀ=ਘੁੰਮਣਘੇਰੀ। ਅਸਮਾਣੀ=ਆਕਾਸ਼ਾਂ ਵਿਚ।

ਅਰਥ - ੧. ਹੰਸਹੁ (ਸੰਤਾਂ) ਵਿਚੋਂ (ਸਤਿਗੁਰ ਉਹ) ਹੰਸ ਹਨ, ਜਿਹੜੇ ਗਿਆਨੁ (ਉਪਦੇਸ਼) ਕਰ ਕੇ ਦੁਧੈ (ਸੱਚ) ਵਿਚੋਂ ਪਾਣੀ (ਝੂਠ) ਨੂੰ ਵਖਰਾ ਕਰ ਦਿੰਦੇ ਹਨ। ੨. ਕੱਛੂਆਂ ਵਿਚੋਂ (ਸਤਿਗੁਰੂ ਜੀ) ਉਸ ਕੱਛੂ ਵਾਂਗੂੰ ਹਨ, ਜੋ ਬੜੇ ਧਿਆਨ ਨਾਲ ਆਪਣੇ ਸਿੱਖਾਂ ਨੂੰ ਪਾਲਦੇ ਹਨ ਤੇ ਉਹਨਾਂ ਨੂੰ ਜਗਤ ਦੀਆਂ ਘੁੰਮਣਘੇਰੀਆਂ ਨਹੀਂ ਪੋਂਹਦੀਆਂ। ੩. ਕੂੰਜਾਂ ਵਿਚੋਂ ਸਤਿਗੁਰੂ ਜੀ ਉਸ ਕੂੰਜ ਵਾਂਗੂੰ ਹਨ, ਜੋ ਅਸਮਾਨਾਂ ਵਿਚ ਉਡਦੀ ਹੋਈ ਵੀ ਆਪਣੇ ਬੱਚਿਆਂ ਨੂੰ ਯਾਦ ਰੱਖਦੀ ਹੈ। ੪. ਸਿੱਖਾਂ ਦਾ ਇਹ ਕਰਤੱਵ ਹੋਣਾ ਚਾਹੀਦਾ ਹੈ ਕਿ ਉਹ ਸਤਿਗੁਰੂ ਜੀ ਨਾਲ ਪ੍ਰੀਤੀ ਰੱਖਣ ਤੇ ਗੁਰੂ ਜੀ ਦੀ ਗੁਰਬਾਣੀ ਦੁਆਰਾ ਗਿਆਨ, ਧਿਆਨ ਤੇ ਪ੍ਰਭੂ ਦਾ ਸਿਮਰਨ ਕਰਨ। ੫. ਸਿੱਖ ਸਤਿਗੁਰੂ ਜੀ ਦੀ ਸਿੱਖਿਆ ਲੈ ਕੇ ਗੁਰਸਿੱਖ ਬਣਨ ਤੇ ਸੰਸਾਰ ਵਿਚ ਸਿੱਖ ਜਿਥੇ ਵੀ ਜਾਣ, ਉਥੇ ਹੀ ਸਤਿਸੰਗ ਕਰਨ। ੬. (ਗੁਰਸਿੱਖ) ਗੁਰਸਿੱਖਾਂ ਦੀ ਪੈਰੀਂ ਪੈਣ ਤੇ ਆਪਣੇ ਆਪ ਨੂੰ ਗੁਰਸਿੱਖਾਂ ਦੀ ਖਾਕ ਸਮਾਨ ਸਮਝਣ, ਹੰਕਾਰ ਛੱਡ ਕੇ ਹਿਰਦੇ ਵਿਚ ਨਿਮ੍ਰਤਾ ਵਸਾਉਣ। ੭. ਸਤਿਗੁਰਾਂ ਦਾ ਚਰਣਾਂਮ੍ਰਿਤ ਅੰਮ੍ਰਿਤ ਸਮਾਨ ਜਾਣ ਕੇ ਗੁਰਸਿੱਖ ਛਕਣ॥ ੨੨॥

੨੩. ਗੁਰ ਅਰਜਨ ਵਿਟਹੁ ਕੁਰਬਾਣੀ

੧. ਰਹਿਦੇ ਗੁਰੁ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ।

੨. ਦਰਸਨੁ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤਿ ਸਮਾਣੀ।
੩. ਸਬਦੁ ਸੁਰਤਿ ਲਿਵ ਮਿਰਗ ਜਿਉ ਭੀੜ ਪਈ ਚਿਤਿ ਅਵਰੁ ਨ ਆਣੀ।
੪. ਚਰਣ ਕਵਲ ਮਿਲਿ ਭਵਰ ਜਿਉ ਸੁਖ ਸੰਪਟ ਵਿਚਿ ਰੈਣਿ ਵਿਹਾਣੀ।
੫. ਗੁਰ ਉਪਦੇਸੁ ਨ ਵਿਸਰੈ ਬਾਬੀਹੇ ਜਿਉ ਆਖ ਵਖਾਣੀ।
੬. ਗੁਰਮੁਖਿ ਸੁਖਫਲੁ ਪਿਰਮ ਰਸੁ ਸਹਜ ਸਮਾਧਿ ਸਾਧ ਸੰਗਿ ਜਾਣੀ।
੭. ਗੁਰ ਅਰਜਨ ਵਿਟਹੁ ਕੁਰਬਾਣੀ ॥ ੨੩ ॥

ਪਦ ਅਰਥ - ਰਹਿਦੇ=ਸਥਿਰ। ਮੀਨ ਕੁਲੀਨ=ਮੱਛੀ ਦੀ ਕੁਲ ਵਾਂਗੂੰ। ਹੇਤੁ=ਖਾਤਰ।

ਅਰਥ - ੧. (ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ) ਸਮੇਂ ਸਤਿਗੁਰੂ ਅਰਜਨ ਦੇਵ ਜੀ ਦਾ ਸਦਾ ਸਥਿਰ ਪ੍ਰਭੂ ਦੀ ਜੋਤ ਵਿਚ ਮੱਛੀ ਦੇ ਦਰਿਆ ਵਿਚ ਲੀਨ ਰਹਿਣ ਵਾਂਗੂੰ ਲੀਨ ਹੋ ਗਏ। ੨. ਪਤੰਗੇ ਵਾਂਗੂੰ ਜੋਤੀ ਸਰੂਪ ਪਰਮਾਤਮਾ ਦਾ ਦਰਸ਼ਨ ਕਰਕੇ ਸਤਿਗੁਰੂ ਜੀ ਦੀ ਜੋਤ ਜੋਤੀ (ਪ੍ਰਭੂ) ਵਿਚ ਸਮਾ ਗਈ। ੩. ਬੜੀ ਮੁਸੀਬਤ ਪੈਣ 'ਤੇ ਵੀ ਸਤਿਗੁਰੂ ਜੀ ਦੀ ਸੁਰਤ ਸ਼ਬਦ ਵਿਚ ਲੀਨ ਰਹੀ ਉਹਨਾਂ ਦੇ ਚਿੱਤ ਵਿਚ ਕਿਸੇ ਤਰ੍ਹਾਂ ਦਾ ਕੋਈ ਹੋਰ ਖਿਆਲ ਨਹੀਂ ਆਇਆ, ਜਿਵੇਂ ਹਰਨ ਨਾਦ ਵਿਚ ਮਸਤ ਰਹਿੰਦਾ ਹੈ। ੪. ਭੌਰੇ ਵਾਂਗੂੰ ਸਤਿਗੁਰਾਂ ਦੀ ਸੁਰਤੀ ਪ੍ਰਭੂ ਦੇ ਚਰਣਾਂ ਵਿਚ ਲੱਗੀ ਰਹੀ, ਮਾਨੋ ਸੁਖਾਂ ਦੇ ਡੱਬੇ ਵਿਚ ਰਹਿੰਦਿਆਂ ਉਹਨਾਂ ਦੀ ਰਾਤ ਬੀਤ ਗਈ। ੫. ਸਤਿਗੁਰਾਂ ਨੂੰ ਆਪਣੇ ਗੁਰਾਂ ਦਾ ਉਪਦੇਸ਼ ਨਾ ਵਿਸਰਿਆ, ਆਪ ਅੰਤ ਤਕ ਬਬੀਹੇ ਵਾਂਗੂੰ ਸ਼ਬਦ ਦਾ ਜਾਪ ਕਰਦੇ ਰਹੇ। ੬. ਗੁਰਮੁਖ (ਸ੍ਰੀ ਗੁਰੂ ਅਰਜਨ ਦੇਵ ਜੀ ਨੇ) ਪ੍ਰੇਮ ਰਸ, ਸੁਖ ਰੂਪ ਫਲ ਤੇ ਸਹਿਜ ਸਮਾਧੀ ਸਾਧ ਸੰਗਤ ਵਿਚ ਹੀ ਜਾਣੀ। ੭. ਭਾਈ ਸਾਹਿਬ ਜੀ ਕਹਿੰਦੇ ਹਨ ਕਿ ਇਹੋ ਜਿਹੀ ਅਸਚਰਜ ਕਰਨੀ ਵਾਲੇ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਮੈਂ ਬਲਿਹਾਰੇ ਜਾਂਦਾ ਹਾਂ॥ ੨੩॥

੨੪. ਹਰਿਗੋਵਿੰਦ ਗੁਰੁ ਗੁਰ ਭਾਇਆ

੧. ਪਾਰਬ੍ਰਹਮੁ ਪੂਰਨ ਬ੍ਰਹਮਿ ਸਤਿਗੁਰ ਆਪੇ ਆਪੁ ਉਪਾਇਆ।
੨. ਗੁਰੁ ਗੋਬਿੰਦੁ ਗੋਵਿੰਦੁ ਗੁਰੁ ਜੋਤਿ ਇਕ ਦੁਇ ਨਾਵ ਧਰਾਇਆ।
੩. ਪੁਤੁ ਪਿਅਹੁ ਪਿਉ ਪੁਤ ਤੇ ਵਿਸਮਾਦਹੁ ਵਿਸਮਾਦੁ ਸੁਣਾਇਆ।
੪. ਬਿਰਖਹੁ ਫਲੁ ਫਲ ਤੇ ਬਿਰਖੁ ਅਾਚਰਜਹੁ ਆਚਰਜੁ ਸੁਹਾਇਆ।
੫. ਨਦੀ ਕਿਨਾਰੇ ਆਖੀਅਨਿ ਪੁਛੇ ਪਾਰਾਵਾਰੁ ਨ ਪਾਇਆ।
੬. ਹੋਰਨਿ ਅਲਖੁ ਨ ਲਖੀਐ ਗੁਰੁ ਚੇਲੇ ਮਿਲਿ ਅਲਖੁ ਲਖਾਇਆ।
੭. ਹਰਿ ਗੋਵਿੰਦੁ ਗੁਰੂ ਗੁਰੁ ਭਾਇਆ ॥੨੪ ॥

ਪਦ ਅਰਥ - ਪਾਰਬ੍ਰਹਮ=ਨਿਰਗੁਣ ਪ੍ਰਭੂ। ਪੂਰਨ ਬ੍ਰਹਮ=ਸਰਗੁਣ ਸਰੂਪ ਪ੍ਰਭੂ।

ਅਰਥ - ੧. ਨਿਰਗੁਣ ਪ੍ਰਭੂ ਨੇ ਸਰਗੁਣ ਸਤਿਗੁਰੂ ਨਾਨਕ ਦੇਵ ਅਥਵਾ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਸਰੂਪ ਵਿਚੋਂ ਉਤਪੰਨ ਕੀਤਾ ਹੈ। ੨. ਗੁਰੂ ਗੋਬਿੰਦ ਰੂਪ ਹੈ ਤੇ ਗੋਬਿੰਦ ਗੁਰੂ ਰੂਪ ਹੈ, ਜੋਤ ਇਕੋ ਹੈ, ਪਰ ਨਾਂ ਦੋ ਧਰਾਏ ਹਨ। ੩. ਪਿਉ ਤੋਂ ਪੁੱਤਰ ਤੇ ਪੁੱਤਰ ਤੋਂ ਪਿਉ, ਅਸਚਰਜ ਤੋਂ ਅਸਚਰਜ ਰੂਪ ਸੁਣਿਆ ਗਿਆ। ੪. ਬ੍ਰਿਛ ਤੋਂ ਫਲ ਹੋਇਆ ਤੇ ਫਲ ਤੋਂ ਬ੍ਰਿਛ ਹੋਇਆ, ਇਹ ਅਸਚਰਜ ਤੋਂ ਅਸਚਰਜ ਰੂਪ ਸੁਭਾਇਮਾਨ ਹੋਇਆ। ੫. ਨਦੀ ਦੇ ਦੋ ਕਿਨਾਰੇ ਕਹੇ ਜਾਂਦੇ ਹਨ, ਪਰ ਪੁੱਛਣ 'ਤੇ ਕੋਈ ਦੱਸ ਨਹੀਂ ਸਕਦਾ ਕਿ ਨਦੀ ਦਾ ਉਰਾਰ ਤੇ ਪਾਰ ਕਿਹੜਾ ਹੈ। ੬. ਆਮ ਲੋਕਾਂ ਵਿਚੋਂ ਕਿਸੇ ਨੇ ਉਸ ਅਲਖ ਪ੍ਰਭੂ ਨੂੰ ਨਹੀਂ ਜਾਣਿਆਂ, ਗੁਰੂ (ਅਰਜਨ ਦੇਵ) ਜੀ ਨੇ ਆਪਣੇ ਚੇਲੇ (ਸ੍ਰੀ ਗੁਰੂ ਹਰਿਗੋਬਿੰਦ ਜੀ) ਨੂੰ ਪ੍ਰਭੂ ਦੀ ਲਖਤਾ ਕਰਾਈ ਹੈ। ੭. ਸ੍ਰੀ ਗੁਰੂ ਹਰਿਗੋਬਿੰਦ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਨ ਨੂੰ ਚੰਗੇ ਲੱਗੇ॥ ੨੪॥

੨੫. ਗੁਰ ਮੂਰਤਿ ਗੁਰ ਸਬਦੁ ਹੈ

੧. ਨਿਰੰਕਾਰੁ ਨਾਨਕ ਦੇਉ ਨਿਰੰਕਾਰਿ ਆਕਾਰ ਬਣਾਇਆ।
੨. ਗੁਰੁ ਅੰਗਦੁ ਗੁਰੁ ਅੰਗ ਤੇ ਗੰਗਹੁ ਜਾਣੁ ਤਰੰਗ ਉਠਾਇਆ।
੩. ਅਮਰਦਾਸੁ ਗੁਰੁ ਅੰਗਦਹੁ ਜੋਤਿ ਸਰੂਪ ਚਲਤੁ ਵਰਤਾਇਆ।
੪. ਗੁਰੁ ਅਮਰਹੁ ਗੁਰੁ ਰਾਮਦਾਸੁ ਅਨਹਦ ਨਾਦਹੁ ਸਬਦੁ ਸੁਣਾਇਆ।
੫. ਰਾਮਦਾਸਹੁ ਅਰਜਨੁ ਗੁਰੂ ਦਰਸਨੁ ਦਰਪਨਿ ਵਿਚਿ ਦਿਖਾਇਆ।
੬. ਹਰਿਗੋਬਿੰਦ ਗੁਰ ਅਰਜਨਹੁ ਗੁਰੁ ਗੋਬਿੰਦ ਨਾਉ ਸਦਵਾਇਆ।
੭. ਗੁਰ ਮੂਰਤਿ ਗੁਰ ਸਬਦੁ ਹੈ ਸਾਧ ਸੰਗਤਿ ਵਿਚਿ ਪਰਗਟੀ ਆਇਆ।
੮. ਪੈਰੀ ਪਾਇ ਸਭ ਜਗਤੁ ਤਰਾਇਆ॥ ੨੫॥ ੨੪॥

ਪਦ ਅਰਥ - ਆਕਾਰ=ਸਰੀਰ। ਤਰੰਗ=ਲਹਿਰ। ਦਰਪਨਿ=ਸ਼ੀਸ਼ਾ।

ਅਰਥ - ੧. ਸ੍ਰੀ ਗੁਰੂ ਨਾਨਕ ਦੇਵ ਜੀ ਨਿਰੰਕਾਰ ਰੂਪ ਹਨ, ਇਹ ਸਰੀਰ ਨਿਰੰਕਾਰ ਨੇ ਆਪਣਾ ਹੀ ਬਣਾਇਆ ਹੈ। ੨. ਗੁਰੂ ਨਾਨਕ ਦੇਵ ਜੀ ਦੇ ਅੰਗ ਤੋਂ ਗੰਗਾ ਦੇ ਤਰੰਗ ਵਾਂਗੂੰ ਗੁਰੂ ਅੰਗਦ ਦੇਵ ਜੀ ਉਤਪੰਨ ਹੋਏ। ੩. ਗੁਰੂ ਅੰਗਦ ਦੇਵ ਜੀ ਦੀ ਜੋਤ ਤੋਂ ਗੁਰੂ ਅਮਰਦਾਸ ਜੀ ਦੀ ਜੋਤ ਪ੍ਰਗਟ ਹੋਈ ਤੇ ਜਗਤ ਵਿਚ ਕੌਤਕ ਵਰਤਾਏ। ੪. ਗੁਰੂ ਅਮਰਦਾਸ ਜੀ ਤੋਂ ਗੁਰੂ ਰਾਮਦਾਸ ਜੀ ਪ੍ਰਗਟ ਹੋਏ ਮਾਨੋਂ ਅਨਹਦ ਨਾਦ ਤੋਂ ਅਨਹਦ ਸ਼ਬਦ ਸੁਣਾਇਆ ਹੈ। ੫. ਗੁਰੂ ਰਾਮਦਾਸ ਜੀ ਤੋਂ ਗੁਰੂ ਅਰਜਨ ਦੇਵ ਜੀ ਪ੍ਰਗਟ ਹੋਏ ਜਿਵੇਂ ਸ਼ੀਸ਼ੇ ਵਿਚ ਅਕਸ ਦੇਖੀਦਾ ਹੈ, ੬. ਗੁਰੂ ਅਰਜਨ ਦੇਵ ਜੀ ਤੋਂ ਗੁਰੂ ਹਰਿਗੋਬਿੰਦ ਜੀ ਹੋਏ ਜਿਨ੍ਹਾਂ ਨੇ ਗੁਰੂ-ਗੋਬਿੰਦ ਨਾਂ ਸਦਵਾਇਆ ਹੈ। ੭. ਗੁਰੂ ਦੀ (ਪ੍ਰਤੱਖ) ਮੂਰਤੀ ਗੁਰੂ ਦਾ ਸ਼ਬਦ ਹੈ, ਜੋ ਸਾਧ ਸੰਗਤ ਵਿਚੋਂ ਪ੍ਰਗਟ ਹੁੰਦੀ ਹੈ। ੮. ਇਸ ਤਰ੍ਹਾਂ ਆਪਣੇ ਚਰਣਾਂ ਨਾਲ ਸਤਿਗੁਰਾਂ ਨੇ ਸਾਰੇ ਸੰਸਾਰ ਨੂੰ ਤਾਰਿਆ ਹੈ॥ ੨੫॥ ੨੪॥

ਵਾਰ ੨੫

ੴ ਸਤਿਗੁਰ ਪ੍ਰਸਾਦਿ॥

੧. ਛੇਵੇਂ ਸਤਿਗੁਰਾਂ ਦਾ ਮੰਗਲਾਚਰਣ

੧. ਆਦਿ ਪੁਰਖੁ ਆਦੇਸੁ ਕਰਿ ਆਦਿ ਪੁਰਖ ਆਦੇਸੁ ਕਰਾਇਆ।
੨. ਏਕੰਕਾਰ ਅਕਾਰੁ ਕਰਿ ਗੁਰੁ ਗੋਵਿੰਦੁ ਨਾਉ ਸਦਵਾਇਆ।
੩. ਪਾਰਬ੍ਰਹਮੁ ਪੂਰਨ ਬ੍ਰਹਮੁ ਨਿਰਗੁਣ ਸਰਗੁਣ ਅਲਖੁ ਲਖਾਇਆ।
੪. ਸਾਧਸੰਗਤਿ ਆਰਾਧਿਆ ਭਗਤਿ ਵਛਲੁ ਹੋਇ ਅਛਲੁ ਛਲਾਇਆ।
੫. ਓਅੰਕਾਰ ਅਕਾਰ ਕਰਿ ਇਕੁ ਕਵਾਉ ਪਸਾਉ ਪਸਾਇਆ।
੬. ਰੋਮ ਰੋਮ ਵਿਚਿ ਰਖਿਓਨੁ ਕਰਿ ਬ੍ਰਹਮੰਡੁ ਕਰੋੜਿ ਸਮਾਇਆ।
੭. ਸਾਧ ਜਨਾ ਗੁਰ ਚਰਨ ਧਿਆਇਆ॥ ੧॥

ਪਦ ਅਰਥ - ਆਦੇਸੁ=ਨਮਸਕਾਰ। ਗੁਰੁ ਗੋਵਿੰਦੁ=ਸ੍ਰੀ ਗੁਰੂ ਹਰਿਗੋਵਿੰਦ ਜੀ। ਭਗਤਿ ਵਛਲੁ=ਭਗਤਾਂ ਦਾ ਪਿਆਰਾ। ਪਸਾਉ=ਪਸਾਰਾ।

ਅਰਥ - ੧. ਗੁਰੂ ਜੀ ਨੇ ਪ੍ਰਭੂ ਨੂੰ ਨਮਸਕਾਰ ਕੀਤੀ ਹੈ ਤੇ ਪ੍ਰਭੂ ਨੇ ਸਾਰੇ ਸੰਸਾਰ ਤੋਂ ਗੁਰੂ ਨੂੰ ਨਮਸਕਾਰ ਕਰਵਾਈ ਹੈ। ੨. ਨਿਰਾਕਾਰ ਨੇ ਆਪ ਹੀ ਸਰੀਰ ਧਾਰਨ ਕਰਕੇ ਗੁਰੂ ਹਰਿਗੋਵਿੰਦ ਨਾਂ ਸਦਵਾਇਆ ਹੈ। ੩. ਪੂਰਨ ਬ੍ਰਹਮ ਪ੍ਰਭੂ ਨੇ ਨਿਰਗੁਣ ਤੋਂ ਸਰਗੁਣ ਹੋ ਕੇ ਅਲਖ ਨੇ ਆਪਣਾ ਆਪ ਲਖਾਇਆ ਹੈ। ੪. ਸਾਧ ਸੰਗਤ ਨੇ ਪ੍ਰਭੂ ਨੂੰ ਅਰਾਧਿਆ, ਭਗਤਾਂ ਦਾ ਪਿਆਰਾ ਹੋਣ ਕਰਕੇ ਅਛਲ ਪ੍ਰਭੂ ਨੇ ਆਪਣੇ ਆਪ ਨੂੰ ਛਲਾਇਆ। (ਭਾਵ ਭਗਤਾਂ ਦੀ ਖਾਤਰ ਪ੍ਰਭੂ ਨੇ ਕਈ ਅਵਤਾਰ ਧਾਰੇ ਤੇ ਸੰਸਾਰ ਦੀ ਕਲਿਆਣ ਕੀਤੀ)। ੫. ਇੱਕ ਓਅੰਕਾਰ ਨੇ ਇੱਕ ਵਾਕ ਕਹਿਕੇ ਸਾਰੇ ਬ੍ਰਹਿਮੰਡ ਦਾ ਪਸਾਰਾ ਪਸਾਰ ਦਿੱਤਾ। ੬. ਇੱਕ ਇੱਕ ਰੋਮ ਵਿਚ ਕਰੋੜਾਂ ਬ੍ਰਹਿਮੰਡਾਂ ਦੀ ਸਮਾਈ ਕਰ ਦਿੱਤੀ ਹੈ। ੭. ਇਸ ਗੱਲ ਦਾ ਗਿਆਨ ਉਹਨਾਂ ਨੂੰ ਹੁੰਦਾ ਹੈ, ਜਿਨ੍ਹਾਂ ਨੇ ਸਾਧ ਸੰਗਤ ਵਿਚ ਰਹਿ ਕੇ ਗੁਰੂ ਦੇ ਚਰਣਾਂ ਨੂੰ ਧਿਆਇਆ ਹੈ॥ ੧॥

੨. ਗੁਰਮੁਖਾਂ ਦਾ ਮਾਰਗ

੧. ਗੁਰਮੁਖਿ ਮਾਰਗਿ ਪੈਰੁ ਧਰਿ ਦਹਿਦਿਸਿ ਬਾਰਹਵਾਟ ਨ ਧਾਇਆ।

੨. ਗੁਰਮੂਰਤਿ ਗੁਰਧਿਆਨੁ ਧਰਿ ਘਟਿ ਘਟਿ ਪੂਰਨ ਬ੍ਰਹਮੁ ਦਿਖਾਇਆ।
੩. ਸਬਦ ਸੁਰਤਿ ਉਪਦੇਸੁ ਲਿਵ ਪਾਰਬ੍ਰਹਮ ਗੁਰ ਗਿਆਨੁ ਜਣਾਇਆ।
੪. ਸਿਲਾ ਅਲੂਣੀ ਚਟਣੀ ਚਰਣ ਕਵਲ ਚਰਣੋਦਕੁ ਪਿਆਇਆ।
੫. ਗੁਰਮਤਿ ਨਿਹਚਲੁ ਚਿਤੁ ਕਰਿ ਸੁਖ ਸੰਪਟ ਵਿਚਿ ਨਿਜ ਘਰੁ ਛਾਇਆ।
੬. ਪਰ ਤਨ ਪਰ ਧਨ ਪਰਹਰੈ ਪਾਰਸਿ ਪਰਸਿ ਅਪਰਸੁ ਰਹਾਇਆ।
੭. ਸਾਧ ਅਸਾਧਿ ਸਾਧ ਸੰਗਿ ਆਇਆ॥ ੨ ॥

ਪਦ ਅਰਥ - ਮਾਰਗਿ=ਰਸਤਾ। ਬਾਰਹ ਵਾਟ=ਬਾਰਾਂ ਰਸਤੇ। ਸਿਲਾ=ਪੱਥਰ ਦਾ ਟੁਕੜਾ। ਪਰਹਰੇ=ਛੱਡ ਦਿੱਤੇ। ਅਪਰਸ=ਅਲੇਪ।

ਅਰਥ - ੧. ਜਿਨ੍ਹਾਂ ਨੇ ਗੁਰਮੁਖਾਂ ਦੇ ਮਾਰਗ ਵੱਲ ਕਦਮ ਰੱਖਿਆ ਹੈ, ਉਹ ਫਿਰ ਦਸਾਂ ਦਿਸ਼ਾਂ ਤੇ ਜੋਗੀਆਂ ਦੇ ਬਾਰਾਂ ਪੰਥਾਂ ਵੱਲ ਨਹੀਂ ਦੌੜਦੇ। ੨. ਕਿਉਂਕਿ ਉਹਨਾਂ ਗੁਰਮੁਖਾਂ ਨੂੰ ਗੁਰੂ ਦੇ ਸ਼ਬਦ ਦਾ ਧਿਆਨ ਧਰਨ ਨਾਲ ਹਰ ਪਾਸੇ ਪੂਰਨ ਪ੍ਰਭੂ ਹੀ ਨਜ਼ਰ ਆਉਂਦਾ ਹੈ। ੩. ਗੁਰੂ ਦੇ ਸ਼ਬਦ ਨੂੰ ਸੁਰਤੀ ਵਿਚ ਵਸਾਉਣ ਨਾਲ ਤੇ ਸ਼ਬਦ ਨਾਲ ਲਿਵ ਲਾਉਣ ਕਰਕੇ ਉਹਨਾਂ ਗੁਰਮੁਖਾਂ ਅੰਦਰ ਗਿਆਨ ਪ੍ਰਗਟ ਹੋ ਜਾਂਦਾ ਹੈ। ੪. ਜਿਨ੍ਹਾਂ ਗੁਰਮੁਖਾਂ ਨੇ ਇਸ ਅਲੂਣੀ ਸਿਲਾ ਨੂੰ ਚਟਿਆ ਹੈ, ਉਹਨਾਂ ਪ੍ਰਭੂ ਦੇ ਚਰਣਾਂ ਦਾ ਚਰਨਾਂਮ੍ਰਿਤ ਆਪ ਪੀਤਾ ਹੈ ਤੇ ਹੋਰਨਾਂ ਨੂੰ ਪਿਆਇਆ ਹੈ। ੫. ਗੁਰੂ ਦੀ ਮੱਤ ਵਿਚ ਗੁਰਮੁਖਾਂ ਨੇ ਆਪਣੇ ਚਿੱਤ ਨੂੰ ਨਿਹਚਲ ਕਰ ਲਿਆ ਹੈ ਤੇ ਉਹ ਨਿਜ ਸਰੂਪ ਦੇ ਸੁਖ ਵਿਚ ਸਥਿਤ ਹੋ ਗਏ ਹਨ। ੬. ਉਹ ਗੁਰਮੁਖ ਪਾਰਸ ਰੂਪ ਸਤਿਗੁਰੂ ਨੂੰ ਪਰਸ ਕੇ ਅਲੇਪ ਹੋ ਗਏ ਹਨ ਤੇ ਹੁਣ ਉਹਨਾਂ ਨੇ ਪਰਾਈ ਇਸਤ੍ਰੀ ਤੇ ਪਰਾਏ ਧਨ ਦੀ ਝਾਕ ਛੱਡ ਦਿੱਤੀ ਹੈ। ੭. ਗੁਰਮੁਖਾਂ ਨੇ ਸਾਧ ਸੰਗਤ ਵਿਚ ਆ ਕੇ ਅਸਾਧ ਮਨ ਨੂੰ ਸਾਧ ਲਿਆ ਹੈ॥ ੨ ॥

੩. ਗੁਰਮੁਖਾਂ ਦੀ ਮਰਯਾਦਾ

੧. ਜਿਉ ਵੜ ਬੀਉ ਸਜੀਉ ਹੋਇ ਕਰਿ ਵਿਸਥਾਰੁ ਬਿਰਖੁ ਉਪਜਾਇਆ।
੨. ਬਿਰਖਹੁ ਹੋਇ ਸਹੰਸ ਫਲ ਫਲ ਫਲ ਵਿਚਿ ਬਹੁ ਬੀਅ ਸਮਾਇਆ।
੩. ਦੂਤੀਆ ਚੰਦੁ ਅਗਾਸ ਜਿਉ ਆਦਿ ਪੁਰਖ ਆਦੇਸੁ ਕਰਾਇਆ।
੪. ਤਾਰੇ ਮੰਡਲੁ ਸੰਤ ਜਨ ਧਰਮਸਾਲ ਸਚ ਖੰਡ ਵਸਾਇਆ।
੫. ਪੈਰੀ ਪੈ ਪਾਖਾਕ ਹੋਇ ਆਪੁ ਗਵਾਇ ਨ ਆਪੁ ਜਣਾਇਆ।
੬. ਗੁਰਮੁਖਿ ਸੁਖ ਫਲੁ ਧ੍ਰੂ ਜਿਵੈ ਨਿਹਚਲ ਵਾਸੁ ਅਗਾਸੁ ਚੜ੍ਹਾਇਆ।
੭. ਸਭ ਤਾਰੇ ਚਉਫੇਰਿ ਫਿਰਾਇਆ॥ ੩ ॥

ਪਦ ਅਰਥ - ਵੜ=ਬੋਹੜ। ਸਜੀਉ=ਪੁੰਗਰਨਾ। ਸਹੰਸ=ਹਜ਼ਾਰਾਂ। ਆਦਿ ਪੁਰਖ=ਪ੍ਰਭੂ।

ਅਰਥ - ੧. ਜਿਸ ਤਰ੍ਹਾਂ ਬੋਹੜ ਦਾ ਬੀਜ ਪੁੰਗਰ ਕੇ ਬੜੇ ਵਿਸਥਾਰ ਵਾਲਾ ਬ੍ਰਿਛ ਪੈਦਾ ਕਰਦਾ ਹੈ। ੨. (ਫਿਰ) ਉਸ ਬ੍ਰਿਛ ਤੋਂ ਅੱਗੋਂ ਹਜ਼ਾਰਾਂ ਫਲ ਪੈਦਾ ਹੁੰਦੇ ਹਨ ਤੇ ਹਰ ਇੱਕ ਫਲ ਵਿਚ ਬੇਅੰਤ ਬੀਜ ਉਤਪੰਨ ਹੁੰਦੇ ਹਨ (ਇਸੇ ਤਰ੍ਹਾਂ ਗੁਰੂ ਸ਼ਬਦ ਦੀ ਕਮਾਈ ਕਰਕੇ ਗੁਰਮੁਖ ਬਣਿਆ ਮਨੁੱਖ ਅੱਗੋਂ ਹਜ਼ਾਰਾਂ ਨੂੰ ਗੁਰਮੁਖ ਬਣਾਉਂਦਾ ਹੈ)। ੩. ਆਦਿ ਪੁਰਖ (ਪਰਮਾਤਮਾ) ਆਕਾਸ਼ ਵਿਚ ਦੂਜ ਦੇ ਚੰਦਰਮਾਂ ਵਾਂਗੂ ਸਭਨਾਂ ਤੋਂ ਨਮਸਕਾਰ ਕਰਵਾਉਂਦਾ ਹੈ। ੪. ਤਾਰਾ ਮੰਡਲ ਵਾਂਗੂੰ ਸੰਤ ਜਨ ਧਰਮਸਾਲਾ ਸੱਚਖੰਡ ਰੂਪ ਅਸਮਾਨ ਵਿਚ ਵਸਦੇ ਹਨ। ੫. ਗੁਰਮੁਖ ਚਰਣਾਂ ਦੀ ਧੂੜੀ ਬਣ ਕੇ ਚਰਣ-ਬੰਦਨਾਂ ਕਰਦੇ ਹਨ ਤੇ ਆਪਾ ਭਾਵ ਗੁਆ ਕੇ ਆਪਣਾ ਭਾਵ ਗੁਆ ਕੇ ਆਪਣਾ ਆਪ ਨਹੀਂ ਜਣਾਉਂਦੇ। ੬. ਗੁਰਮੁਖ ਧ੍ਰੂਅ ਵਾਂਗੂ ਸੱਚਖੰਡ ਰੂਪ ਆਕਾਸ਼ ਵਿਚ ਅਟੱਲ ਹੋ ਕੇ ਵਸਦੇ ਹਨ। ੭. ਸਾਰੇ ਤਾਰੇ ਉਹਨਾਂ ਦੇ ਇਰਦ ਗਿਰਦ ਚੱਕਰ ਮਾਰਦੇ ਹਨ (ਭਾਵ ਗੁਰਮੁਖਾਂ ਦੀ ਸੰਗਤ ਵਿਚ ਬੇਅੰਤ ਲੋਕ ਆਉਂਦੇ ਹਨ)॥ ੩॥

੪. ਭਗਤ ਨਾਮਦੇਵ ਜੀ ਦੀ ਮਹਿਮਾ

੧. ਨਾਮਾ ਛੀਂਬਾ ਆਖੀਐ ਗੁਰਮੁਖਿ ਭਾਇ ਭਗਤਿ ਲਿਵ ਲਾਈ।
੨. ਖਤ੍ਰੀ ਬ੍ਰਾਹਮਣ ਦੇਹੁਰੈ ਉਤਮ ਜਾਤਿ ਕਰਨਿ ਵਡਿਆਈ।
੩. ਨਾਮਾ ਪਕੜਿ ਉਠਾਲਿਆ ਬਹਿ ਪਿਛਵਾੜੈ ਹਰਿ ਗੁਣ ਗਾਈ।
੪. ਭਗਤ ਵਛਲੁ ਆਖਾਇਦਾ ਫੇਰਿ ਦੇਹੁਰਾ ਪੈਜਿ ਰਖਾਈ।
੫. ਦਰਗਹ ਮਾਣੁ ਨਿਮਾਣਿਆ ਸਾਧ ਸੰਗਤਿ ਸਤਿਗੁਰ ਸਰਣਾਈ।
੬. ਉਤਮੁ ਪਦਵੀ ਨੀਚ ਜਾਤਿ ਚਾਰੇ ਵਰਣ ਪਏ ਪਗਿ ਆਈ।
੭. ਜਿਉ ਨੀਵਾਨਿ ਨੀਰੁ ਚਲਿ ਜਾਈ॥ ੪॥

ਪਦ ਅਰਥ - ਦੇਹੁਰੈ=ਠਾਕੁਰ ਦੁਆਰੇ ਵਿਚ। ਪਿਛਵਾੜੈ=ਪਿੱਛੇ। ਪੈਜਿ=ਪ੍ਰਤੀਗਿਆ। ਪਗਿ=ਪੈਰੀਂ।

ਅਰਥ - ੧. ਭਗਤ ਨਾਮਦੇਵ, ਜੋ ਜਾਤ ਦਾ ਛੀਂਬਾ ਕਿਹਾ ਜਾਂਦਾ ਸੀ, ਉਸ ਨੇ ਗੁਰਮੁਖਾਂ ਵਾਂਗੂੰ ਪ੍ਰਭੂ ਦੀ ਪ੍ਰੇਮਾ-ਭਗਤੀ ਵਿਚ ਲਿਵ ਲਾਈ। ੨. ਠਾਕੁਰ ਦੁਆਰੇ ਵਿਚ ਖੱਤ੍ਰੀ ਬ੍ਰਾਹਮਣ ਆਦਿ ਉੱਚੀਆਂ ਜਾਤੀਆਂ ਦੇ ਲੋਕ ਪ੍ਰਭੂ ਦੀ ਉਸਤਤੀ ਕਰ ਰਹੇ ਸਨ। ੩. ਠਾਕੁਰ ਦੁਆਰੇ ਦੇ ਪੰਡਿਆਂ ਨੇ (ਸੰਗਤ ਵਿਚ ਬੈਠੇ) ਨਾਮਦੇਵ ਨੂੰ (ਨੀਵੀਂ ਜਾਤ ਦਾ ਜਾਣ ਕੇ) ਫੜ ਕੇ ਬਾਹਰ ਕੱਢ ਦਿੱਤਾ। ਨਾਮਦੇਵ ਠਾਕੁਰ ਦੁਆਰੇ ਦੇ ਪਿੱਛੇ ਬਹਿ ਕੇ ਹਰੀ ਦੇ ਗੁਣ ਗਾਉਣ ਲੱਗ ਪਿਆ। ੪. ਪ੍ਰਭੂ ਜੋ ਭਗਤਾਂ ਦਾ ਪਿਆਰਾ ਕਹਾਉਂਦਾ ਹੈ, ਉਸ ਨੇ ਨਾਮਦੇਵ ਦੀ ਖਾਤਰ ਠਾਕੁਰ ਦੁਆਰੇ ਨੂੰ ਫੇਰ ਕੇ ਆਪਣੇ ਭਗਤ ਦੀ ਪੈਜ ਰੱਖ ਲਈ। ੫. ਜਿਹੜੇ ਪੁਰਸ਼ ਸਾਧ ਸੰਗਤ ਵਿਚ ਜਾ ਕੇ ਸਤਿਗੁਰੂ ਦੀ ਸ਼ਰਣ ਵਿਚ ਵਸਦੇ ਹਨ, ਉਹਨਾਂ ਨਿਮਾਣਿਆਂ ਨੂੰ ਪ੍ਰਭੂ ਦੀ ਦਰਗਾਹ ਵਿਚ ਮਾਣ ਮਿਲਦਾ ਹੈ। ੬. ਉੱਚੀ ਪਦਵੀ ਵਾਲੇ (ਖੱਤ੍ਰੀ ਬ੍ਰਾਹਮਣ) ਤੇ ਨੀਵੀਂ

ਜਾਤ ਵਾਲੇ ਸ਼ੂਦਰ ਆਦਿ, ਚੋਹਾਂ ਵਰਣਾਂ ਦੇ ਲੋਕ ਨਾਮਦੇਵ ਦੀ ਚਰਣੀਂ ਆ ਕੇ ਲੱਗੇ ਹਨ। ਇਸ ਤਰ੍ਹਾਂ, ੭. ਜਿਸ ਤਰ੍ਹਾਂ ਪਾਣੀ ਨੀਵੇਂ ਪਾਸੇ ਜਾਂਦਾ ਹੈ॥ ੪॥

੫. ਭਗਤਾਂ ਦੀ ਕੋਈ ਜਾਤ ਨਹੀਂ ਹੁੰਦੀ

੧. ਅਸੁਰ ਭਭੀਖਣੁ ਭਗਤੁ ਹੈ ਬਿਦਰੁ ਸੁ ਵਿਖਲੀ ਪਤ ਸਰਣਾਈ।
੨. ਧੰਨਾ ਜਟੁ ਵਖਾਣੀਐ ਸਧਨਾ ਜਾਤਿ ਅਜਾਤਿ ਕਸਾਈ।
੩. ਭਗਤੁ ਕਬੀਰੁ ਜੁਲਾਹੜਾ ਨਾਮਾ ਛੀਂਬਾ ਹਰਿ ਗੁਣ ਗਾਈ।
੪. ਕੁਲਿ ਰਵਿਦਾਸੁ ਚਮਾਰੁ ਹੈ ਸੈਣੁ ਸਨਾਤੀ ਅੰਦਰਿ ਨਾਈ।
੫. ਕੋਇਲ ਪਾਲੈ ਕਾਵਣੀ ਅੰਤਿ ਮਿਲੈ ਅਪਣੇ ਕੁਲ ਜਾਈ।
੬. ਕਿਸਨੁ ਜਸੋਧਾ ਪਾਲਿਆ ਵਾਸਦੇਵ ਕੁਲ ਕਵਲ ਸਦਾਈ।
੭. ਘਿਅ ਭਾਂਡਾ ਨ ਵਿਚਾਰੀਐ ਭਗਤਾ ਜਾਤਿ ਸਨਾਤਿ ਨ ਕਾਈ।
੮. ਚਰਣ ਕਵਲ ਸਤਿਗੁਰ ਸਰਣਾਈ॥ ੫॥

ਪਦ ਅਰਥ - ਅਸੁਰ=ਰਾਖਸ਼। ਵਿਖਲੀ=ਵੇਸਵਾ। ਘਿਅ ਭਾਂਡਾ=ਘਿਉ ਰੱਖਣ ਵਾਲਾ ਕੁੱਪਾ।

ਅਰਥ - ੧. ਰਾਖਸ਼ਾਂ ਦੀ ਕੁਲ ਵਿਚ ਬਿਭੀਖਣ ਭਗਤ ਹੋਇਆ ਹੈ, ਬਿਦਰ, ਅਤੇ ਵੇਸ਼ਵਾ (ਪ੍ਰਭੂ ਦੀ) ਸ਼ਰਣ ਵਿਚ ਆਏ। ੨. ਧੰਨਾ ਭਗਤ ਜੱਟ ਕਿਹਾ ਜਾਂਦਾ ਹੈ ਤੇ ਸਧਨਾ ਨੀਵੀਂ ਜਾਤ ਦਾ ਕਸਾਈ ਹੋਇਆ ਹੈ। ੩. ਭਗਤ ਕਬੀਰ ਜੁਲਾਹਿਆਂ ਦੇ ਘਰ ਜਨਮਿਆ ਤੇ ਨਾਮਾ ਛੀਂਬਾ ਹੁੰਦਾ ਹੋਇਆ ਪ੍ਰਭੂ ਦੇ ਗੁਣ ਗਾਉਣ ਲੱਗਾ। ੪. ਚਮਿਆਰਾਂ ਦੀ ਕੁਲ ਵਿਚ ਰਵਿਦਾਸ ਹੋਇਆ ਹੈ ਤੇ ਨੀਵੀਆਂ ਜਾਤਾਂ ਵਿਚ ਸੈਨ ਨਾਈ ਪ੍ਰਭੂ ਦਾ ਭਗਤ ਸੀ। ੫. ਜਿਵੇਂ ਕਾਉਣੀ ਕੋਇਲ ਨੂੰ ਆਪਣੀ ਅੰਸ਼ ਜਾਣ ਕੇ ਪਾਲਦੀ ਹੈ, ਪਰ ਅਖੀਰ ਨੂੰ ਉਹ ਕੋਇਲ ਦਾ ਬੱਚਾ ਆਪਣੀ ਕੁਲ ਵਿਚ ਜਾ ਮਿਲਦਾ ਹੈ। ੬. ਜਸੋਧਾਂ (ਗੁਜਰੀ) ਨੇ ਕ੍ਰਿਸ਼ਨ ਦੀ ਪਾਲਣਾ ਕੀਤੀ, ਪਰ ਉਸ ਨੂੰ ਵਾਸਦੇਵ ਦੀ ਕੁਲ ਦਾ ਕੰਵਲ ਹੀ ਕਿਹਾ ਜਾਂਦਾ ਹੈ। (ਇਸੇ ਤਰ੍ਹਾਂ ਨੀਵੀਂ ਜਾਤੀ ਵਿਚ ਪੈਦਾ ਹੋਏ ਮਨੁੱਖਾਂ ਨੂੰ ਪ੍ਰਭੂ ਦੀ ਭਗਤੀ ਦੇ ਪ੍ਰਤਾਪ ਕਰਕੇ ਭਗਤ ਕਿਹਾ ਜਾਣ ਲੱਗਾ)। ੭. ਜਿਸ ਤਰ੍ਹਾਂ ਘਿਉ ਦੇ ਭਾਂਡੇ ਬਾਰੇ ਕੋਈ ਵਿਚਾਰ ਨਹੀਂ ਕੀਤੀ ਜਾਂਦੀ, ਇਸੇ ਤਰ੍ਹਾਂ ਭਗਤਾਂ ਦੀ ਉੱਚੀ ਨੀਵੀਂ ਜਾਤ ਨੂੰ ਕੋਈ ਨਹੀਂ ਵਿਚਾਰਦਾ। ੮. ਸਤਿਗੁਰੂ ਜੀ ਦੇ ਚਰਣਾਂ ਵਿਚ ਸ਼ਰਣ ਲੈਣ ਵਾਲੇ ਉੱਤਮ ਪਦਵੀ ਪ੍ਰਾਪਤ ਕਰਦੇ ਹਨ॥ ੫॥

੬. ਨੀਵੇਂ ਥਾਂ ਪੈਦਾ ਹੋਈਆਂ ਉੱਤਮ ਵਸਤਾਂ

੧. ਡੇਮੂੰ ਖਖਰਿ ਮਿਸਰੀ ਮਖੀ ਮੇਲੁ ਮਖੀਰੁ ਉਪਾਇਆ।

੨. ਪਾਟ ਪਟੰਬਰ ਕੀੜਿਅਹੁ ਕੁਟਿ ਕਟਿ ਸਣੁ ਕਿਰਤਾਸੁ ਬਣਾਇਆ।
੩. ਮਲਮਲ ਹੋਇ ਵੜੇਵਿਅਹੁ ਚਿਕੜਿ ਕਵਲੁ ਭਵਰੁ ਲੋਭਾਇਆ।
੪. ਜਿਉ ਮਣਿ ਕਾਲੇ ਸਪ ਸਿਰਿ ਪਥਰੁ ਹੀਰੇ ਮਾਣਕ ਛਾਇਆ।
੫. ਜਾਣੁ ਕਥੂਰੀ ਮਿਰਗ ਤਨਿ ਨਾਉ ਭਗਉਤੀ ਲੋਹੁ ਘੜਾਇਆ।
੬. ਮੁਸਕੁ ਬਿਲੀਅਹੁ ਮੇਦੁ ਕਰਿ ਮਜਲਸ ਅੰਦਰਿ ਮਹ ਮਹਕਾਇਆ।
੭. ਨੀਚ ਜੋਨਿ ਉਤਮੁ ਫਲੁ ਪਾਇਆ ॥ ੬ ॥

ਪਦ ਅਰਥ - ਖਖਰਿ=ਡੇਮੂੰਆਂ ਦੇ ਘਰ। ਮਖੀਰੁ=ਸ਼ਹਿਦ। ਕਿਰਤਾਸੁ=ਕਾਗਜ਼। ਕਥੂਰੀ=ਕਸਤੂਰੀ। ਭਗਉਤੀ=ਤਲਵਾਰ।

ਅਰਥ - ੧. ਡੇਮੂੰਆਂ ਦੀ ਖੱਖਰ ਵਿਚੋਂ ਮਿਸ਼ਰੀ ਤੇ ਮੱਖੀਆਂ ਦੇ ਮੇਲ ਤੋਂ ਸ਼ਹਿਦ ਪੈਦਾ ਹੁੰਦਾ ਹੈ। ੨. ਰੇਸ਼ਮ ਦੇ ਕਪੜੇ ਕੀੜਿਆਂ ਤੋਂ ਬਣਦੇ ਹਨ ਤੇ ਸਣ ਨੂੰ ਕੁਟ ਕੁਟ ਕੇ ਕਾਗਜ਼ ਬਣਾਏ ਜਾਂਦੇ ਹਨ। ੩. ਵੜੇਵਿਆਂ ਤੋਂ ਮਲਮਲ (ਆਦਿ ਸੁੰਦਰ ਕਪੜੇ ਬਣਦੇ ਹਨ) ਤੇ ਚਿੱਕੜ ਵਿਚੋਂ ਬੜਾ ਸੁੰਦਰ ਕੌਲ ਫੁੱਲ ਪੈਦਾ ਹੁੰਦਾ ਹੈ, ਜਿਸ 'ਤੇ ਭੌਰੇ ਲੁਭਾਇਮਾਨ ਹੁੰਦੇ ਹਨ। ੪. ਕਾਲੇ ਸੱਪ ਦੇ ਸਿਰ ਵਿਚ ਮਣੀ ਹੁੰਦੀ ਹੈ ਤੇ ਪੱਥਰਾਂ ਵਿਚ ਹੀਰੇ ਤੇ ਮਾਣਕ ਚਮਕਦੇ ਹਨ। ੫. ਕਸਤੂਰੀ ਹਰਨਾਂ ਦੀ ਨਾਭੀ ਵਿਚ ਹੁੰਦੀ ਹੈ ਤੇ ਲੋਹੇ ਦੀ ਤਲਵਾਰ ਬਣਾਈ ਜਾਂਦੀ ਹੈ। ੬. ਬਿੱਲੀ ਦੀ ਮਿੱਝ ਤੋਂ ਮੁਸ਼ਕਬਿਲਾਈ ਬਣਾਈ ਜਾਂਦੀ ਹੈ, ਜੋ ਮਜਲਸਾਂ ਅੰਦਰ ਮਹਿਕਦੀ ਹੈ। ੭. ਇਸੇ ਤਰ੍ਹਾਂ ਨੀਵੀਂਆਂ ਜਾਤਾਂ ਵਿਚ ਪੈਦਾ ਹੋਏ ਭਗਤਾਂ ਨੂੰ ਉੱਤਮ ਪਦਵੀ ਪ੍ਰਾਪਤ ਹੋਈ ਤੇ ਉਹਨਾਂ ਨੇ ਉੱਤਮ ਫਲ ਪ੍ਰਾਪਤ ਕਰ ਲਿਆ ਹੈ॥ ੬॥

੭. ਰਾਜਾ ਬਲਿ ਦਾ ਵਰਣਨ

੧. ਬਲਿ ਪੋਤਾ ਪ੍ਰਹਿਲਾਦ ਦਾ ਇੰਦਰ ਪੁਰੀ ਦੀ ਇਛ ਇਛੰਦਾ।
੨. ਕਰਿ ਸੰਪੂਰਣੁ ਜਗੁ ਸਉ ਇਕ ਇਕੋਤਰੁ ਜਗੁ ਕਰੰਦਾ।
੩. ਬਾਵਨ ਰੂਪੀ ਆਇ ਕੈ ਗਰਬੁ ਨਿਵਾਰਿ ਭਗਤ ਉਧਰੰਦਾ।
੪. ਇੰਦ੍ਰਾਸਣ ਨੋ ਪਰਹਰੈ ਜਾਇ ਪਤਾਲਿ ਸੁ ਹੁਕਮੀ ਬੰਦਾ।
੫. ਬਲਿ ਛਲਿ ਆਪੁ ਛਲਾਇਓਨੁ ਦਰਵਾਜੇ ਦਰਵਾਣ ਹੋਵੰਦਾ।
੬. ਸ੍ਵਾਤਿ ਬੂੰਦ ਲੈ ਸਿਪ ਜਿਉ ਮੋਤੀ ਚੁਭੀ ਮਾਰਿ ਸੁਹੰਦਾ।
੭. ਹੀਰੈ ਹੀਰਾ ਬੇਧਿ ਮਿਲੰਦਾ॥ ੭॥

ਪਦ ਅਰਥ - ਇਛੰਦਾ=ਚਾਹਵਾਨ ਸੀ। ਇਕੋਤਰੁ=ਇੱਕ ਸੌ ਇੱਕ। ਦਰਵਾਣ=ਪਹਿਰੇਦਾਰ। ਸੁਹੰਦਾ=ਸੁਭਾਇਮਾਨ।

ਅਰਥ - ੧. (ਵਿਰੋਚਨ ਦਾ ਪੁੱਤਰ ਤੇ ਭਗਤ ਪ੍ਰਹਿਲਾਦ ਦਾ ਪੋਤਰਾ) ਰਾਜਾ ਬਲਿ ਇੰਦਰਪੁਰੀ ਦੇ ਰਾਜ ਦਾ ਚਾਹਵਾਨ ਸੀ। ੨. ਉਸ ਨੇ ਇਸ ਰਾਜ ਦੀ ਪ੍ਰਾਪਤੀ ਲਈ ਇੱਕ ਸੌ ਜਗ ਸੰਪੂਰਨ ਕੀਤਾ ਤੇ ਇੱਕ ਹੋਰ ਜੱਗ ਕਰ ਰਿਹਾ ਸੀ। ੩. (ਪ੍ਰਭੂ ਨੇ) ਬਾਵਨ ਰੂਪ ਵਿਚ ਆ ਕੇ ਉਸ ਦਾ ਅਹੰਕਾਰ ਦੂਰ ਕੀਤਾ ਤੇ ਆਪਣੇ ਭਗਤ (ਬਲਿ ਰਾਜਾ) ਦਾ ਉਧਾਰ ਕੀਤਾ। ੪. ਬਲਿ ਰਾਜਾ ਨੇ ਇੰਦਰਪੁਰੀ ਦੇ ਰਾਜ ਦੀ ਇੱਛਾ ਕੀਤੀ ਤੇ ਹੁਕਮੀ ਬੰਦਾ ਬਣ ਕੇ ਪਾਤਾਲ-ਪੁਰੀ ਵਿਚ ਚਲਾ ਗਿਆ। ੫. ਪ੍ਰਭੂ ਬਾਵਨ ਰੂਪ ਹੋ ਕੇ ਰਾਜਾ ਬਲਿ ਨੂੰ ਛਲਨ ਆਇਆ ਸੀ ਪਰ ਛਲਿਆ ਆਪ ਹੀ ਗਿਆ ਤੇ ਦਰਵਾਨ ਬਣ ਕੇ ਰਾਜੇ ਦੇ ਦਰ 'ਤੇ ਪਹਿਰੇਦਾਰ ਬਣ ਗਿਆ। ੬. ਜਿਵੇਂ ਸਿੱਪ ਸ੍ਵਾਂਤ ਬੂੰਦ ਲੈ ਕੇ ਟੁੱਭੀ ਮਾਰ ਕੇ ਸੁੰਦਰ ਮੋਤੀ ਬਣ ਜਾਂਦਾ ਹੈ। ੭. (ਇਸੇ ਤਰ੍ਹਾਂ ਬਲਿ ਰਾਜੇ ਦਾ ਮਾਣ) ਹੀਰੇ ਵਾਂਗੂੰ ਵਿੰਨ੍ਹਿਆਂ ਗਿਆ ਤੇ ਉਹ ਪ੍ਰਭੂ ਨਾਲ ਮਿਲ ਗਿਆ॥ ੭॥

੮. ਕੀੜੀ ਦਾ ਵਰਣਨ

੧. ਨੀਚਹੁ ਨੀਚ ਸਦਾਵਣਾ ਕੀੜੀ ਹੋਇ ਨ ਆਪੁ ਗਣਾਏ।
੨. ਗੁਰਮੁਖਿ ਮਾਰਗਿ ਚਲਣਾ ਇਕਤੁ ਖਡੁ ਸਹੰਸ ਸਮਾਏ।
੩. ਘਿਅ ਸਕਰ ਦੀ ਵਾਸੁ ਲੈ ਜਿਥੈ ਧਰੀ ਤਿਥੈ ਚਲਿ ਜਾਏ।
੪. ਡੁਲੈ ਖੰਡੁ ਜੁ ਰੇਤੁ ਵਿਚਿ ਖੰਡੂ ਦਾਣਾ ਚੁਣਿ ਚੁਣਿ ਖਾਏ।
੫. ਭ੍ਰਿੰਗੀ ਦੇ ਭੈ ਜਾਇ ਮਰਿ ਹੋਵੈ ਭ੍ਰਿੰਗੀ ਮਾਰਿ ਜੀਵਾਏ।
੬. ਅੰਡਾ ਕਛੂ ਕੂੰਜ ਦਾ ਆਸਾ ਵਿਚਿ ਨਿਰਾਸੁ ਵਲਾਏ।
੭. ਗੁਰਮੁਖਿ ਗੁਰਸਿਖੁ ਸੁਖ ਫਲੁ ਪਾਏ॥ ੮॥

ਪਦ ਅਰਥ - ਖਡੁ=ਖੁੱਡ। ਸਹੰਸ=ਹਜ਼ਾਰ। ਵਾਸੁ=ਵਾਸ਼ਨਾ।

ਅਰਥ - ੧. (ਗੁਰਮੁਖ) ਕੀੜੀ ਵਾਂਗੂੰ ਆਪਣੇ ਆਪ ਨੂੰ ਨੀਵਾਂ ਸਦਾਉਂਦੇ ਹਨ ਤੇ ਆਪਣਾ ਆਪ ਜਣਾਉਂਦੇ ਨਹੀਂ। ੨. ਗੁਰਮੁਖਾਂ ਦੇ ਮਾਰਗ 'ਤੇ ਚਲਣਾ ਇਸ ਤਰ੍ਹਾਂ ਦਾ ਹੈ ਜਿਵੇਂ ਕੀੜੀਆਂ ਇੱਕ ਖੁੱਡ ਵਿਚ ਹਜ਼ਾਰਾਂ ਹੀ ਸਮਾਈਆਂ ਰਹਿੰਦੀਆਂ ਹਨ (ਭਾਵ ਪ੍ਰੇਮ ਨਾਲ ਰਹਿਣਾ)। ੩. ਕੀੜੀ ਘਿਉ ਸ਼ੱਕਰ ਦੀ ਵਾਸ਼ਨਾ ਲੈ ਕੇ ਜਿਥੇ ਕੋਈ ਚੀਜ਼ ਧਰੀ ਹੋਵੇ, ਉਥੇ ਪਹੁੰਚ ਜਾਂਦੀ ਹੈ, ਇਸੇ ਤਰ੍ਹਾਂ ਗੁਰਮੁਖ ਸਾਧ ਸੰਗਤ ਦੀ ਖ਼ਬਰ ਮਿਲਦਿਆਂ ਹੀ ਉਥੇ ਪਹੁੰਚ ਜਾਂਦੇ ਹਨ। ੪. ਜਿਵੇਂ ਖੰਡ ਰੇਤ ਵਿਚ ਡੁਲ੍ਹੀ ਹੋਵੇ ਤਾਂ ਕੀੜੀ ਉਥੋਂ ਖੰਡ ਚੁਣ ਲੈਂਦੀ ਹੈ, ਇਸੇ ਤਰ੍ਹਾਂ ਗੁਰਮੁਖ ਔਗੁਣਾਂ ਵਿਚੋਂ ਵੀ ਗੁਣ ਲੈ ਲੈਂਦੇ ਹਨ। ੫. ਜਿਵੇਂ ਕੀੜੀ ਭ੍ਰਿੰਗੀ ਦੇ ਡਰ ਕਰਕੇ ਮਰ ਜਾਂਦੀ ਹੈ ਤੇ ਫਿਰ ਭ੍ਰਿੰਗੀ ਦਾ ਰੂਪ ਹੀ ਹੋ ਜਾਂਦੀ ਹੈ, ਇਸੇ ਤਰ੍ਹਾਂ ਗੁਰਮੁਖ ਜੀਵਤ ਭਾਵ ਤੋਂ ਮਰ ਕੇ ਫਿਰ ਗੁਰਮੁਖਤਾਈ ਵਿਚ ਜੀਉਂਦੇ ਹਨ। ੬. ਫਿਰ ਉਹ ਕੱਛੂ ਤੇ ਕੂੰਜ ਦੇ ਬੱਚੇ ਵਾਂਗੂੰ ਆਸਾ ਵਿਚ ਨਿਰਾਸ ਹੋ ਕੇ ਰਹਿੰਦੇ ਹਨ। ੭. ਗੁਰਮੁਖ ਗੁਰੂ ਦੀ ਸਿੱਖਿਆ ਲੈ ਕੇ ਸੁਖ ਫਲ ਦੀ ਪ੍ਰਾਪਤੀ ਕਰਦੇ ਹਨ॥ ੮॥

੯. ਨਿੱਕਿਆਂ ਦੇ ਪ੍ਰਸਿੱਧ ਪ੍ਰਸੰਗ

੧. ਸੂਰਜ ਪਾਸਿ ਬਿਆਸੁ ਜਾਇ ਹੋਇ ਭੁਣਹਣਾ ਕੰਨਿ ਸਮਾਣਾ।
੨. ਪੜ੍ਹਿ ਵਿਦਿਆ ਘਰਿ ਆਇਆ ਗੁਰਮੁਖਿ ਬਾਲਮੀਕ ਮਨਿ ਭਾਣਾ।
੩. ਆਦਿ ਬਿਆਸ ਵਖਾਣੀਐ ਕਥਿ ਕਥਿ ਸਾਸਤ੍ਰ ਵੇਦ ਪੁਰਾਣਾ।
੪. ਨਾਰਦਿ ਮੁਨਿ ਉਪਦੇਸਿਆ ਭਗਤਿ ਭਾਗਵਤੁ ਪੜ੍ਹਿ ਪਤੀਆਣਾ।
੫. ਚਉਦਹ ਵਿਦਿਆ ਸੋਧਿ ਕੈ ਪਰਉਪਕਾਰੁ ਅਚਾਰੁ ਸੁਖਾਣਾ।
੬. ਪਰਉਪਕਾਰੀ ਸਾਧਸੰਗੁ ਪਤਿਤ ਉਧਾਰਣੁ ਬਿਰਦੁ ਵਖਾਣਾ।
੭. ਗੁਰਮੁਖਿ ਸੁਖ ਫਲੁ ਪਤਿ ਪਰਵਾਣਾ ॥ ੯ ॥

ਪਦ ਅਰਥ - ਭੁਣਹਣਾ=ਪਰਾਂ ਵਾਲਾ ਨਿੱਕਾ ਕੀੜਾ। ਪਤੀਆਣਾ=ਪਤੀਜਿਆ। ਸੁਖਾਣਾ=ਸੁਖ ਪ੍ਰਾਪਤ ਕੀਤਾ। ਪਤਿ ਪਰਵਾਣਾ=ਪਤ ਪ੍ਰਵਾਨ ਹੋਈ।

ਅਰਥ - ੧. ਬਿਆਸ, ਸੂਰਜ ਦੇ ਕੋਲ ਜਾ ਕੇ ਛੋਟਾ ਜਿਹਾ ਕੀੜਾ ਬਣ ਕੇ (ਉਚਸ੍ਰਵਾ ਘੋੜੇ ਦੇ) ਕੰਨ ਵਿਚ ਜਾ ਸਮਾਇਆ। (ਭਾਵ—ਛੋਟਾ ਬਣ ਕੇ ਬਿਆਸ ਨੇ ਉੱਚੀ ਵਿਦਿਆ ਪ੍ਰਾਪਤ ਕੀਤੀ)। ੨. ਬਾਲਮੀਕ ਗੁਰੂ ਦੇ ਦੁਆਰੇ ਨਿਮਾਣਾ ਹੋ ਕੇ ਵਿਦਿਆ ਪੜ੍ਹ ਕੇ ਮਨ ਭਾਉਣਾ ਗੁਰਮੁਖ ਬਣ ਕੇ ਘਰ ਆਇਆ। ੩. ਬਿਆਸ ਮੁਨੀ ਨੇ ਵੇਦਾਂ ਪੁਰਾਣਾਂ ਦੀ ਕਥਾਵਾਂ ਨੂੰ ਵਰਣਨ ਕੀਤਾ (ਪਰ ਉਸ ਦਾ ਹਿਰਦਾ ਸ਼ਾਂਤ ਨਾ ਹੋਇਆ)। ੪. (ਸ਼ਾਂਤੀ ਦੀ ਪ੍ਰਾਪਤੀ ਵਾਸਤੇ ਉਹ ਨਾਰਦ ਮੁਨੀ ਕੋਲ ਗਿਆ) ਨਾਰਦ ਮੁਨੀ ਨੇ ਉਸ ਨੂੰ ਭਗਤੀ ਦਾ ਉਪਦੇਸ਼ ਦਿੱਤਾ, ਤਦ ਭਗਤੀ ਰੂਪ ਭਾਗਵਤ ਨੂੰ ਪੜ੍ਹ ਕੇ ਬਿਆਸ ਦਾ ਮਨ ਸ਼ਾਂਤ ਹੋਇਆ। ੫. ਚੌਦਾਂ ਵਿਦਿਆਂ ਦੀ ਵਿਚਾਰ ਕਰਨ ਤੋਂ ਬਾਅਦ ਪਰਉਪਕਾਰ ਦੇ ਕਾਰਜ ਕਰਨ ਵਿਚ ਬਿਆਸ ਮੁਨੀ ਨੂੰ ਸੁਖ ਪ੍ਰਾਪਤ ਹੋਇਆ। ੬. ਸਾਧ ਸੰਗਤ ਪਰਉਪਕਾਰ ਕਰਦੀ ਹੈ ਤੇ ਪਾਪੀਆਂ ਦਾ ਉਧਾਰ ਕਰਨਾ ਸਾਧ ਸੰਗਤ ਦਾ ਬਿਰਦ ਕਿਹਾ ਜਾਂਦਾ ਹੈ। ੭. ਗੁਰਮੁਖਾਂ ਦੀ ਪਤ ਪ੍ਰਵਾਨ ਹੋਈ ਤੇ ਉਹਨਾਂ ਨੇ ਸੁਖ ਫਲ ਪ੍ਰਾਪਤ ਕੀਤਾ ਹੈ॥ ੯॥

ਭਾਵ—ਉੱਚੀ ਵਿਦਿਆ ਪੜ੍ਹਨ ਨਾਲ ਸ਼ਾਂਤੀ ਨਹੀਂ ਮਿਲਦੀ। ਪਰਉਪਕਾਰ ਤੇ ਨੇਕੀ ਕਰਨ ਨਾਲ ਮਨ ਸ਼ਾਂਤ ਹੁੰਦਾ ਹੈ।

੧੦. ਸੁਕਦੇਵ ਦਾ ਪ੍ਰਸੰਗ

੧. ਬਾਰਹ ਵਰ੍ਹੇ ਗਰਭਾਸਿ ਵਸਿ ਜੰਮਦੇ ਹੀ ਸੁਕਿ ਲਈ ਉਦਾਸੀ।
੨. ਮਾਇਆ ਵਿਚਿ ਅਤੀਤ ਹੋਇ ਮਨ ਹਠ ਬੁਧਿ ਨ ਬੰਦ ਖਲਾਸੀ।

੩. ਪਿਤਾ ਬਿਆਸ ਪਰਬੋਧਿਆ ਗੁਰ ਕਰਿ ਜਨਕ ਸਹਜ ਅਭਿਆਸੀ।
੪. ਤਜਿ ਦੁਰਮਤਿ ਗੁਰਮਤਿ ਲਈ ਸਿਰ ਧਰਿ ਜੂਠਿ ਮਿਲੀ ਸਾਬਾਸੀ।
੫. ਗੁਰ ਉਪਦੇਸੁ ਅਵੇਸੁ ਕਰਿ ਗਰਬਿ ਨਿਵਾਰਿ ਜਗਤਿ ਗੁਰ ਦਾਸੀ।
੬. ਪੈਰੀ ਪੈ ਪਾ ਖਾਕ ਹੋਇ ਗੁਰਮਤਿ ਭਾਉ ਭਗਤਿ ਪਰਗਾਸੀ।
੭. ਗੁਰਮੁਖਿ ਸੁਖ ਫਲੁ ਸਹਜ ਨਿਵਾਸੀ ॥ ੧੦ ॥

ਪਦ ਅਰਥ - ਉਦਾਸੀ=ਵੈਰਾਗ। ਪਰਬੋਧਿਆ=ਉਪਦੇਸ਼ ਦਿੱਤਾ। ਦੁਰਮਤਿ=ਖੋਟੀ ਮੱਤ। ਸਾਬਾਸੀ=ਸ਼ਾਬਾਸ਼।

ਅਰਥ - ੧. ਸੁਕਦੇਵ ਬਾਰਾਂ ਵਰ੍ਹੇ ਮਾਤਾ ਦੇ ਗਰਭ ਵਿਚ ਵਸਿਆ ਤੇ ਜੰਮਦਿਆਂ ਹੀ ਉਹ ਵਿਰਕਤ ਹੋ ਗਿਆ। ੨. ਮਾਇਆ ਵੱਲੋਂ ਤਾਂ ਉਸ ਦਾ ਮਨ ਵੈਰਾਗੀ ਹੋ ਗਿਆ, ਪਰ ਮਨ ਤੇ ਹਠ ਤੋਂ ਉਸ ਦਾ ਛੁਟਕਾਰਾ ਨਾ ਹੋਇਆ। ੩. ਸੁਕਦੇਵ ਦੇ ਪਿਤਾ ਬਿਆਸ ਮੁਨੀ ਨੇ ਉਸ ਨੂੰ ਉਪਦੇਸ਼ ਦਿੱਤਾ ਕਿ ਸਹਿਜ ਅਭਿਆਸੀ ਰਾਜਾ ਜਨਕ ਨੂੰ ਗੁਰੂ ਧਾਰਨ ਕਰ। ੪. (ਸੁਕਦੇਵ ਨੇ ਪਿਤਾ ਦਾ ਬਚਨ ਮੰਨ ਕੇ) ਆਪਣੀ ਹਠ-ਬ੍ਰਿਤੀ ਨੂੰ ਤਿਆਗ ਕੇ ਗੁਰੂ ਦੀ ਮੱਤ ਲਈ ਤੇ ਜੂਠੀਆਂ ਪਤਲਾਂ ਆਪਣੇ ਸਿਰ 'ਤੇ ਧਰਦਿਆਂ ਹੋਇਆਂ ਸ਼ਾਬਾਸ਼ ਲਈ। ੫. ਗੁਰੂ ਦੇ ਉਪਦੇਸ਼ ਨੂੰ ਧਾਰਨ ਕਰਕੇ ਉਸ ਨੇ ਆਪਣਾ ਹੰਕਾਰ ਦੂਰ ਕੀਤਾ ਤਾਂ ਜਗਤ ਉਸ ਦਾ ਦਾਸ ਹੋਇਆ। ੬. ਪੈਰੀਂ ਪੈਣ ਤੇ ਪੈਰਾਂ ਦੀ ਖਾਕ ਹੋਣ ਨਾਲ ਹੀ ਗੁਰੂ ਦੀ ਮੱਤ ਤੇ ਭਗਤੀ ਭਾਵ ਦਾ ਪ੍ਰਕਾਸ਼ ਹੁੰਦਾ ਹੈ। ੭. (ਇਸ ਤਰ੍ਹਾਂ) ਗੁਰਮੁਖਾਂ ਨੂੰ ਸੁਖ ਫਲ ਮਿਲਦਾ ਹੈ ਤੇ ਉਹਨਾਂ ਦਾ ਸਹਿਜ ਅਵਸਥਾ ਵਿਚ ਨਿਵਾਸ ਹੁੰਦਾ ਹੈ ॥ ੧੦ ॥

੧੧. ਗੁਰਮਤਿ ਰਿਦੈ ਗਰੀਬੀ ਆਵੈ

੧. ਰਾਜ ਜੋਗੁ ਹੈ ਜਨਕ ਦਾ ਵਡਾ ਭਗਤੁ ਕਰਿ ਵੇਦੁ ਵਖਾਣੈ।
੨. ਸਨਕਾਦਿਕ ਨਾਰਦ ਉਦਾਸ ਬਾਲ ਸੁਭਾਇ ਅਤੀਤੁ ਸੁਹਾਣੈ।
੩. ਜੋਗ ਭੋਗ ਲਖ ਲੰਘਿ ਕੈ ਗੁਰਸਿਖ ਸਾਧਸੰਗਤਿ ਨਿਰਬਾਣੈ।
੪. ਆਪੁ ਗਣਾਇ ਵਿਗੁਚਣਾ ਆਪੁ ਗਵਾਏ ਆਪੁ ਸਿਞਾਣੈ।
੫. ਗੁਰਮੁਖਿ ਮਾਰਗੁ ਸਚ ਦਾ ਪੈਰੀ ਪਵਣਾ ਰਾਜੇ ਰਾਣੈ।
੬. ਗਰਬੁ ਗੁਮਾਨੁ ਵਿਸਾਰਿ ਕੈ ਗੁਰਮਤਿ ਰਿਦੈ ਗਰੀਬੀ ਆਣੈ।
੭. ਸਚੀ ਦਰਗਹ ਮਾਣੁ ਨਿਮਾਣੈ ॥ ੧੧ ॥

ਪਦ ਅਰਥ - ਵੇਦੁ=ਚਾਰ ਵੇਦ। ਅਤੀਤੁ=ਵੈਰਾਗਵਾਨ। ਨਿਰਬਾਣੈ=ਬੰਧਨ ਰਹਿਤ।

ਅਰਥ - ੧. ਰਾਜਾ ਜਨਕ ਰਾਜ ਤੇ ਜੋਗ ਦੋਵੇਂ ਕਮਾਉਂਦਾ ਸੀ, ਇਸ ਲਈ ਵੇਦਾਂ ਨੇ ਉਸ ਨੂੰ ਵੱਡਾ ਭਗਤ ਕਿਹਾ ਹੈ। ੨. ਸਨਕਾਦਿਕ ਤੇ ਨਾਰਦ ਮੁਨੀ ਬਾਲ ਅਵਸਥਾ ਤੋਂ ਹੀ ਉਦਾਸ ਹੋ ਗਏ ਤੇ ਉਹਨਾਂ ਨੂੰ ਵੈਰਾਗ ਅਵਸਥਾ ਹੀ ਚੰਗੀ ਲੱਗਦੀ ਰਹੀ। ੩. ਗੁਰਮੁਖ ਲੱਖਾਂ ਜੋਗਾਂ ਤੇ ਭੋਗਾਂ ਨੂੰ ਲੰਘ ਕੇ ਸਾਧ ਸੰਗਤ ਵਿਚ ਹੀ ਨਿਰਬਾਣ (ਨਿਰਬੰਧਨ) ਹੋ ਕੇ ਰਹਿੰਦੇ ਹਨ। ੪. ਜਿਹੜੇ ਹੰਕਾਰ ਕਰਕੇ ਆਪਣਾ ਆਪ ਗਣਾਉਂਦੇ ਹਨ, ਉਹ ਖੱਜਲ ਖਵਾਰ ਹੁੰਦੇ ਹਨ। ਆਪਾ ਭਾਵ ਛੱਡਿਆਂ ਹੀ ਆਪੇ ਦੀ ਸੋਝੀ ਹੁੰਦੀ ਹੈ। ੫. ਗੁਰਮੁਖਾਂ ਦਾ ਰਸਤਾ ਸੱਚ ਦਾ ਹੈ, ਜਿਸ ਵਿਚ ਰਾਜੇ ਤੇ ਗਰੀਬ ਨੂੰ ਪੈਰੀਂ ਪੈਣਾ ਸਿਖਾਇਆ ਜਾਂਦਾ ਹੈ। ੬. ਗੁਰਮੁਖ ਹੰਕਾਰ ਤਿਆਗ ਕੇ, ਗੁਰੂ ਦੀ ਸਿੱਖਿਆ ਲੈ ਕੇ ਆਪਣੇ ਮਨ ਵਿਚ ਨਿਮ੍ਰਤਾ ਲਿਆਉਂਦੇ ਹਨ। ੭. ਗੁਰਮੁਖ ਨਿਮਾਣੇ ਬਣ ਕੇ ਸੱਚੀ ਦਰਗਾਹ ਵਿਚ ਮਾਣ ਪ੍ਰਾਪਤ ਕਰਦੇ ਹਨ॥ ੧੧॥

੧੨. ਚਰਣੋਦਕ ਦੀ ਵਡਿਆਈ

੧. ਸਿਰੁ ਉਚਾ ਅਭਿਮਾਨੁ ਵਿਚਿ ਕਾਲਖ ਭਰਿਆ ਕਾਲੇ ਵਾਲਾ।
੨. ਭਰਵਟੇ ਕਾਲਖ ਭਰੇ ਪਿਪਣੀਆ ਕਾਲਖ ਸੂਰਾਲਾ।
੩. ਲੋਇਣ ਕਾਲੇ ਜਾਣੀਅਨਿ ਦਾੜੀ ਮੁਛਾ ਕਰਿ ਮੁਹ ਕਾਲਾ।
੪. ਨਕ ਅੰਦਰਿ ਨਕ ਵਾਲ ਬਹੁ ਲੂੰਇ ਲੂੰਇ ਕਾਲਖ ਬੇਤਾਲਾ।
੫. ਉਚੈ ਅੰਗ ਨ ਪੂਜੀਅਨਿ ਚਰਣ ਧੂੜਿ ਗੁਰਮੁਖਿ ਧਰਮਸਾਲਾ।
੬. ਪੈਰਾ ਨਖ ਮੁਖ ਉਜਲੇ ਭਾਰੁ ਉਚਾਇਨਿ ਦੇਹੁ ਦੁਰਾਲਾ।
੭. ਸਿਰ ਧੋਵਣੁ ਅਪਵਿੱਤ੍ਰ ਹੈ ਗੁਰਮੁਖਿ ਚਰਣੋਦਕ ਜਗਿ ਭਾਲਾ।
੮. ਗੁਰਮੁਖਿ ਸੁਖ ਫਲੁ ਸਹਜੁ ਸੁਖਾਲਾ॥ ੧੨॥

ਪਦ ਅਰਥ - ਭਰਵਟੇ=ਭੌਂਹਾਂ। ਪਿਪਣੀਆ=ਪਲਕਾਂ। ਸੂਰਾਲਾ=ਸੂਲਾਂ। ਬੇਤਾਲਾ=ਡਰਾਉਣਾ। ਦੁਰਾਲਾ=ਦੁੱਖ।

ਅਰਥ - ੧. ਸਿਰ ਉੱਚਾ ਹੋਣ ਕਰਕੇ ਹੰਕਾਰ ਵਿਚ ਹੈ ਤੇ ਉਹ ਕਾਲੇ ਵਾਲਾਂ ਨਾਲ ਭਰਿਆ ਹੋਇਆ ਹੈ। ੨. ਭੌਹਾਂ ਵੀ ਕਾਲਖ ਨਾਲ ਭਰੀਆਂ ਪਈਆਂ ਹਨ। ਪਲਕਾਂ ਵੀ ਕਾਲਖ ਨਾਲ ਭਰੀਆਂ ਹੋਈਆਂ ਸੂਲਾਂ ਵਾਂਗੂੰ ਤਿੱਖੀਆਂ ਹਨ। ੩. ਅੱਖਾਂ ਵੀ ਕਾਲੀਆਂ ਹਨ ਤੇ ਦਾਹੜੀ ਮੁੱਛਾਂ ਕਰਕੇ ਮੂੰਹ ਵੀ ਕਾਲਾ ਹੋਇਆ ਹੋਇਆ ਹੈ। ੪. ਨੱਕ ਦੇ ਅੰਦਰ ਬਹੁਤ ਵਾਲ ਹਨ ਤੇ ਲੂੰ ਲੂੰ ਕਾਲਖ ਦਾ ਭਰਿਆ ਡਰਾਉਣਾ ਜਾਪਦਾ ਹੈ। ੫. ਉੱਚੇ ਹੋਣ ਕਰਕੇ ਅੰਗਾਂ ਦੀ ਪੂਜਾ ਨਹੀਂ ਹੁੰਦੀ। ਗੁਰਮੁਖ ਧਰਮਸਾਲਾ ਵਿਚੋਂ ਚਰਣ ਧੂੜ ਹੀ ਲੈਂਦੇ ਹਨ। ੬. ਪੈਰਾਂ ਦੇ ਨੌਂਹ ਚਿੱਟੇ ਮੂੰਹਾਂ ਵਾਲੇ ਹਨ। ਪੈਰ ਦੁੱਖਾਂ ਦੇ ਘਰ ਸਰੀਰ ਦਾ ਭਾਰ ਚੁੱਕਦੇ ਹਨ। ੭. ਸਿਰ ਧੋ ਕੇ (ਪੀਣਾ) ਅਪਵਿੱਤਰ ਮੰਨਿਆਂ ਜਾਂਦਾ ਹੈ। ਗੁਰਮੁਖ-ਜਨ ਚਰਣਾਂ ਦਾ ਧੋਣ (ਚਰਣਾਂਮ੍ਰਿਤ) ਹੀ ਲੱਭਦੇ ਹਨ। ੮. ਗੁਰਮੁਖ ਸੁਖ ਫਲ ਪ੍ਰਾਪਤ ਕਰ ਕੇ ਸਹਿਜੇ ਹੀ ਸੁਖਾਂ ਦੇ ਘਰ ਵਿਚ ਟਿਕੇ ਰਹਿੰਦੇ ਹਨ॥ ੧੨॥

੧੩. ਪ੍ਰਭੂ ਦੀ ਰਚਨਾ

੧. ਜਲ ਵਿਚਿ ਧਰਤੀ ਧਰਮਸਾਲ ਧਰਤੀ ਅੰਦਰਿ ਨੀਰ ਨਿਵਾਸਾ।
੨. ਚਰਨ ਕਵਲ ਸਰਣਾਗਤੀ ਨਿਹਚਲ ਧੀਰਜੁ ਧਰਮੁ ਸੁਵਾਸਾ।
੩. ਕਿਰਖ ਬਿਰਖ ਕੁਸਮਾਵਲੀ ਬੂਟੀ ਜੜੀ ਘਾਹ ਅਬਿਨਾਸਾ।
੪. ਸਰ ਸਾਇਰ ਗਿਰਿ ਮੇਰੁ ਬਹੁ ਰਤਨ ਪਦਾਰਥ ਭੋਗ ਬਿਲਾਸਾ।
੫. ਦੇਵ ਸਥਲ ਤੀਰਥ ਘਣੇ ਰੰਗ ਰੂਪ ਰਸ ਕਸ ਪਰਗਾਸਾ।
੬. ਗੁਰ ਚੇਲੇ ਰਹਰਾਸਿ ਕਰਿ ਗੁਰਮੁਖਿ ਸਾਧਸੰਗਤਿ ਗੁਣਤਾਸਾ।
੭. ਗੁਰਮੁਖਿ ਸੁਖ ਫਲੁ ਆਸ ਨਿਰਾਸਾ॥ ੧੩॥

ਪਦ ਅਰਥ - ਨੀਰ=ਜਲ। ਕਿਰਖ=ਖੇਤੀ। ਅਬਿਨਾਸਾ=ਅਖੁਟ। ਗੁਣਤਾਸਾ=ਗੁਣਾਂ ਦਾ ਸਾਗਰ।

ਅਰਥ - ੧. ਧਰਮ ਦਾ ਅਸਥਾਨ ਧਰਤੀ ਪਾਣੀ ਵਿਚ ਟਿਕੀ ਹੋਈ ਹੈ ਤੇ ਧਰਤੀ ਦੇ ਅੰਦਰ ਵੀ ਪਾਣੀ ਵਸਦਾ ਹੈ। ੨. ਭਗਤ ਜਨਾਂ ਦੇ ਚਰਣਾਂ ਦੀ ਛੂਹ ਨਾਲ ਅਚਲਤਾ, ਧੀਰਜ ਤੇ ਧਰਮ ਦਾ ਧਰਤੀ ਵਿਚ ਨਿਵਾਸ ਹੁੰਦਾ ਹੈ। ੩. ਧਰਤੀ ਉਤੇ ਖੇਤੀਆਂ, ਬ੍ਰਿਛ, ਫੁਲਵਾੜੀਆਂ, ਬੂਟੀਆਂ ਤੇ ਘਾਹ ਆਦਿ ਅਖੁੱਟ ਹੁੰਦਾ ਹੈ। ੪. ਤਲਾ, ਸਮੁੰਦਰ, ਪਹਾੜ, ਮੇਰੁ, ਬਹੁਤੇ ਰਤਨ, ਪਦਾਰਥਾਂ ਦੇ ਭੋਗ ਬਿਲਾਸ ਵਾਲੇ ਹਨ। ੫. ਬਹੁਤੇ ਦੇਵਤਿਆਂ ਦੇ ਮੰਦਰ ਤੇ ਤੀਰਥ, ਰੰਗ ਰੂਪ ਤੇ ਰਸਾਂ ਕਸਾਂ (ਧਰਤੀ 'ਤੇ) ਪ੍ਰਕਾਸ਼ ਹੋ ਰਿਹਾ ਹੈ। ੬. ਗੁਰੂ ਤੇ ਚੇਲੇ ਦੀ ਮਰਯਾਦਾ ਕਰਕੇ ਗੁਰਮੁਖਾਂ ਦੀ ਸੰਗਤ ਗੁਣਾਂ ਦਾ ਸਮੁੰਦਰ ਹੋ ਜਾਂਦਾ ਹੈ। ੭. ਗੁਰਮੁਖ ਆਸਾ ਤੋਂ ਨਿਰਾਸ ਰਹਿੰਦੇ ਹਨ ਤੇ ਸੁਖ ਫਲ ਪ੍ਰਾਪਤ ਕਰਦੇ ਹਨ॥ ੧੩॥

੧੪. ਸਾਧ ਚਰਣ ਪੂਜਾ ਗੁਰ ਭਾਈ

੧. ਰੋਮ ਰੋਮ ਵਿਚਿ ਰਖਿਓਨੁ ਕਰਿ ਬ੍ਰਹਮੰਡ ਕਰੋੜਿ ਸਮਾਈ।
੨. ਪਾਰਬ੍ਰਹਮੁ ਪੂਰਨ ਬ੍ਰਹਮੁ ਸਤਿ ਪੁਰਖ ਸਤਿਗੁਰੁ ਸੁਖਦਾਈ।
੩. ਚਾਰਿ ਵਰਨ ਗੁਰਸਿਖ ਹੋਇ ਸਾਧਸੰਗਤਿ ਸਤਿਗੁਰ ਸਰਣਾਈ।
੪. ਗਿਆਨ ਧਿਆਨ ਸਿਮਰਣਿ ਸਦਾ ਗੁਰਮੁਖਿ ਸਬਦਿ ਸੁਰਤਿ ਲਿਵਲਾਈ।
੫. ਭਾਇ ਭਗਤ ਭਉ ਪਿਰਮ ਰਸ ਸਤਿਗੁਰੁ ਮੂਰਤਿ ਰਿਦੇ ਵਸਾਈ।
੬. ਏਵਡੁ ਭਾਰੁ ਉਚਾਇੰਦੇ ਸਾਧ ਚਰਣ ਪੂਜਾ ਗੁਰ ਭਾਈ।
੭. ਗੁਰਮੁਖਿ ਸੁਖ ਫਲੁ ਕੀਮ ਨ ਪਾਈ॥ ੧੪॥

ਪਦ ਅਰਥ - ਸਤਿ ਪੁਰਖ=ਪ੍ਰਭੂ। ਸਤਿਗੁਰ=ਗੁਰੂ ਨਾਨਕ ਦੇਵ। ਭਾਇ ਭਗਤਿ=ਪ੍ਰੇਮਾ-ਭਗਤੀ। ਪਿਰਮ ਰਸ=ਪ੍ਰੇਮ ਰਸ। ਕੀਮ=ਕੀਮਤ।

ਅਰਥ - ੧. (ਪਰਮੇਸ਼ਰ ਨੇ) ਕਰੋੜਾਂ ਬ੍ਰਹਿਮੰਡਾਂ ਦੀ ਸਮਾਈ ਰੋਮ ਰੋਮ (ਭਾਵ ਆਪਣੀ ਸ਼ਕਤੀ) ਵਿਚ ਰੱਖੀ ਹੋਈ ਹੈ। ੨. ਉਸ ਨਿਰਗੁਣ ਪਰਮੇਸ਼ਰ ਨੇ ਸਰਗੁਣ ਸਰੂਪ ਵਿਚ ਸਤਿਗੁਰ ਦਾ ਸੁਖਦਾਈ ਰੂਪ ਧਾਰਨ ਕੀਤਾ ਹੈ। ੩. ਚਾਰੇ ਵਰਣਾਂ ਦੇ ਲੋਕ ਗੁਰਮੁਖ ਬਣ ਕੇ ਸਾਧ ਸੰਗਤ ਦੀ ਸ਼ਰਣ ਵਿਚ ਆਏ ਹਨ। ੪. ਗਿਆਨ ਧਿਆਨ ਤੇ ਸਿਮਰਨ ਕਰਕੇ ਗੁਰਮੁਖਾਂ ਨੇ ਸਦਾ ਹੀ ਸ਼ਬਦ ਵਿਚ ਆਪਣੀ ਸੁਰਤੀ ਨੂੰ ਜੋੜਿਆ ਹੈ। ੫. ਗੁਰਮੁਖਾਂ ਨੇ ਪ੍ਰੇਮਾ-ਭਗਤੀ, ਭੈ ਤੇ ਪਿਆਰੇ ਪ੍ਰੇਮ ਰਸ ਨੂੰ ਧਾਰਨ ਕਰਕੇ ਸਤਿਗੁਰੂ ਦੀ ਮੂਰਤ ਨੂੰ ਆਪਣੇ ਹਿਰਦੇ ਵਿਚ ਵਸਾਇਆ ਹੈ। ੬. ਚਰਣ ਏਡਾ ਵੱਡਾ ਭਾਰ ਚੁੱਕਦੇ ਹਨ, ਇਸ ਲਈ ਸਾਧਾਂ ਦੇ ਚਰਣਾਂ ਦੀ ਪੂਜਾ ਹੀ ਵੱਡੇ ਭਾਇ ਵਾਲੀ (ਸ੍ਰੇਸ਼ਟ) ਹੈ। ੭. ਗੁਰਮੁਖਾਂ ਦੇ ਸੁਖ ਫਲ ਦੀ ਕੀਮਤ ਨਹੀਂ ਪਾਈ ਜਾ ਸਕਦੀ॥ ੧੪ ॥

੧੫. ਖਹਿ ਖਹਿ ਮਰਦੇ ਰਾਜੇ

੧. ਵਸੈ ਛਹਬਰ ਲਾਇ ਕੈ ਪਰਨਾਲੀਂ ਹੁਇ ਵੀਹੀਂ ਆਵੈ।
੨. ਲਖ ਨਾਲੇ ਉਛਲ ਚਲਨਿ ਲਖ ਪਰਵਾਹੀ ਵਾਹ ਵਹਾਵੈ।
੩. ਲਖ ਨਾਲੇ ਲਖ ਵਾਹਿ ਵਹਿ ਨਦੀਆ ਅੰਦਰਿ ਰਲੇ ਰਲਾਵੈ।
੪. ਨਉ ਸੈ ਨਦੀ ਨੜਿੰਨਵੈ ਪੂਰਬਿ ਪਛਮਿ ਹੋਇ ਚਲਾਵੈ।
੫. ਨਦੀਆ ਜਾਇ ਸਮੁੰਦ ਵਿਚਿ ਸਾਗਰ ਸੰਗਮੁ ਹੋਇ ਮਿਲਾਵੈ।
੬. ਸਤਿ ਸਮੁੰਦ ਗੜਾੜ ਮਹਿ ਜਾਇ ਸਮਾਹਿ ਨ ਪੇਟੁ ਭਰਾਵੈ।
੭. ਜਾਇ ਗੜਾੜੁ ਪਤਾਲ ਹੇਠਿ ਹੋਇ ਤਵੇ ਦੀ ਬੂੰਦ ਸਮਾਵੈ।
੮. ਸਿਰ ਪਾਤਿਸਾਹਾਂ ਲਾਖ ਲਖ ਇੰਨਣੁ ਜਾਲ ਤਵੇ ਨੋ ਤਾਵੈ।
੯. ਮਰਦੇ ਖਹਿ ਖਹਿ ਦੁਨੀਆ ਦਾਵੈ॥ ੧੫ ॥

ਪਦ ਅਰਥ - ਛਹਬਰ=ਝੜੀ। ਵੀਹੀਂ=ਗਲੀਆਂ। ਵਾਹ=ਹੜ੍ਹ। ਗੜਾੜ=ਮਹਾਂ ਸਾਗਰ। ਇੰਨਣੁ=ਲਕੜੀ।

ਅਰਥ - ੧. ਝੜੀ ਲਾ ਕੇ ਮੀਂਹ ਵਸਦਾ ਹੈ ਤੇ ਫਿਰ ਪਰਨਾਲਿਆਂ ਰਾਹੀਂ ਪਾਣੀ ਗਲੀਆਂ ਵਿਚ ਆਉਂਦਾ ਹੈ। ੨. ਫਿਰ ਉਸ ਪਾਣੀ ਨਾਲ ਲੱਖਾਂ ਨਾਲੇ ਉੱਛਲ ਕੇ ਚਲਦੇ ਹਨ ਤੇ ਲੱਖਾਂ ਹੀ ਪਰਵਾਹ ਰਲ ਕੇ ਹੜ੍ਹ ਵਹਾਉਂਦੇ ਹਨ। ੩. ਲੱਖਾਂ ਨਾਲੇ ਤੇ ਲੱਖਾਂ ਹੀ ਹੜ੍ਹ ਵਗ ਵਗ ਕੇ ਵੱਡੀਆਂ ਨਦੀਆਂ ਵਿਚ ਰਲ ਜਾਂਦੇ ਹਨ। ੪. ਨੌਂ ਸੌ ਨੜਿੰਨਵੇਂ ਨਦੀਆਂ ਪੂਰਬ ਤੇ ਪੱਛਮ ਵਿਚ ਚਲਦੀਆਂ ਹਨ। ੫. ਇਹ ਨਦੀਆਂ ਸਮੁੰਦਰ ਵਿਚ ਜਾ ਰਲਦੀਆਂ ਹਨ ਤੇ ਸਮੁੰਦਰ ਨਾਲ ਸੰਗਮ ਕਰਕੇ ਉਸ ਵਿਚ ਮਿਲ ਜਾਂਦੀਆਂ ਹਨ।

੬. ਇਹੋ ਜਿਹੇ ਸੱਤ ਸਮੁੰਦਰ ਮਹਾਂ ਸਾਗਰ ਵਿਚ ਜਾ ਕੇ ਮਿਲਦੇ ਹਨ, ਪਰ ਉਸਦਾ ਪੇਟ ਵੀ ਨਹੀਂ ਭਰਦਾ। ੭. ਉਹ ਮਹਾਂ ਸਾਗਰ ਪਾਤਾਲ ਵਿਚ ਜਾ ਕੇ ਤਤੇ ਤਵੇ 'ਤੇ ਬੂੰਦ ਹੋ ਕੇ ਸਮਾ ਜਾਂਦਾ ਹੈ। ੮. ਲੱਖਾਂ ਪਾਤਸ਼ਾਹਾਂ ਦੇ ਸਿਰ ਬਾਲਣ ਬਣ ਕੇ ਉਸ ਤਵੇ ਨੂੰ ਤਪਾਉਂਦੇ ਹਨ। ੯. ਉਹਨਾਂ ਪਾਤਸ਼ਾਹਾਂ ਦੇ ਸਿਰ ਬਾਲਣ ਵਾਂਗੂੰ ਬਲਦੇ ਹਨ, ਜਿਹੜੇ ਦੁਨੀਆਂ 'ਤੇ ਦਾਹਵੇਦਾਰ ਬਣ ਬਣ ਕੇ ਖਹਿ ਖਹਿ ਮਰਦੇ ਹਨ॥ ੧੫॥

ਭਾਵ—ਸਾਰੀ ਦੁਨੀਆਂ 'ਤੇ ਆਪਣਾ ਰਾਜ ਕਾਇਮ ਕਰਨ ਦੀ ਇੱਛਾ ਕਰਨ ਵਾਲੇ ਬਾਦਸ਼ਾਹਾਂ ਦਾ ਅੰਤ ਨੂੰ ਮੰਦਾ ਹਾਲ ਹੁੰਦਾ ਹੈ।

੧੬. ਗੁਰਮੁਖ ਤਾਣ ਹੁੰਦਿਆਂ ਵੀ ਨਿਤਾਣੇ ਹੁੰਦੇ ਹਨ

੧. ਇਕਤੁ ਥੇਕੈ ਦੁਇ ਖੜਗੁ ਦੁਇ ਪਾਤਿਸਾਹ ਨ ਮੁਲਕਿ ਸਮਾਣੈ।
੨. ਵੀਹ ਫਕੀਰ ਮਸੀਤਿ ਵਿਚਿ ਖਿੰਥ ਖਿੰਧੋਲੀ ਹੇਠਿ ਲੁਕਾਣੈ।
੩. ਜੰਗਲ ਅੰਦਰਿ ਸੀਹ ਦੁਇ ਪੋਸਤ ਡੋਡੇ ਖਸਖਸ ਦਾਣੈ।
੪. ਸੂਲੀ ਉਪਰਿ ਖੇਲਣਾ ਸਿਰਿ ਧਰਿ ਛਤ੍ਰ ਬਜਾਰ ਵਿਕਾਣੈ।
੫. ਫੋਨੂ ਅੰਦਰਿ ਪੀੜੀਅਨਿ ਪੋਸਤਿ ਪੀਹਿ ਪਿਆਲੇ ਛਾਣੈ।
੬. ਲਉਬਾਲੀ ਦਰਗਾਹ ਵਿਚਿ ਗਰਬੁ ਗੁਨਾਹੀ ਮਾਣੁ ਨਿਮਾਣੈ।
੭. ਗੁਰਮੁਖਿ ਹੋਂਦੇ ਤਾਣਿ ਨਿਤਾਣੈ॥ ੧੬॥

ਪਦ ਅਰਥ - ਥੇਕੈ=ਮਿਆਨ। ਖਿੰਥ=ਖਫਨੀ। ਖਿੰਧੋਲੀ=ਗੋਦੜੀ।

ਅਰਥ - ੧. ਇੱਕ ਮਿਆਨ ਵਿਚ ਦੋ ਤਲਵਾਰਾਂ ਤੇ ਇੱਕ ਦੇਸ਼ ਵਿਚ ਦੋ ਬਾਦਸ਼ਾਹ ਨਹੀਂ ਸਮਾਉਂਦੇ। ੨. (ਪਰ) ਮਸੀਤ ਵਿਚ ਵੀਹ ਫਕੀਰ ਇੱਕ ਖਫਨੀ ਜਾਂ ਗੋਦੜੀ ਵਿਚ ਲੁਕ ਜਾਂਦੇ ਹਨ। ੩. ਰਾਜੇ ਇਉਂ ਹਨ ਜਿਵੇਂ ਇੱਕ ਜੰਗਲ ਵਿਚ ਦੋ ਸ਼ੇਰ ਹੁੰਦੇ ਹਨ ਤੇ ਫਕੀਰ ਇਸ ਤਰ੍ਹਾਂ ਹਨ ਜਿਵੇਂ ਪੋਸਤ ਦੇ ਡੋਡੇ ਵਿਚ ਖਸਖਾਸ ਦੇ (ਬੇਅੰਤ) ਦਾਣੇ ਹੁੰਦੇ ਹਨ। ੪. ਪੋਸਤ ਪਹਿਲੇ ਸੂਲੀ (ਡੰਡੀ) ਉਪਰ ਖੇਡਦਾ ਹੈ, ਫਿਰ ਸਿਰ ਤੇ ਛਤ੍ਰ ਧਾਰ ਕੇ ਬਾਜ਼ਾਰ ਵਿਚ ਵਿਕਦਾ ਹੈ। ੫. ਖਸਖਾਸ ਨੂੰ ਕੋਹਲੂ ਵਿਚ ਪੀੜ ਕੇ ਤੇਲ ਕਢਦੇ ਹਨ ਤੇ ਪੋਸਤ ਨੂੰ ਮਲ ਛਾਣ ਕੇ ਪਿਆਲਿਆਂ ਵਿਚ ਪਾ ਕੇ (ਲੋਕ) ਪੀਂਦੇ ਹਨ। ੬. ਬੇਪਰਵਾਹ ਪ੍ਰਭੂ ਦੀ ਦਰਗਾਹ ਵਿਚ ਅਹੰਕਾਰੀ ਮੁਜਰਮ ਗਿਣੇ ਜਾਂਦੇ ਹਨ ਤੇ ਨਿਮ੍ਰਤਾ ਵਾਲੇ (ਨਿਮਾਣੇ) ਮਾਣ ਪਾਉਂਦੇ ਹਨ। ੭. ਗੁਰਮੁਖ ਤਾਣ ਹੁੰਦਿਆਂ ਵੀ ਨਿਤਾਣੇ ਹੋ ਕੇ ਰਹਿੰਦੇ ਹਨ॥ ੧੬॥

੧੭. ਨਿਮਾਣੀ ਬੱਕਰੀ ਤੇ ਸ਼ੇਰ

੧. ਸੀਹ ਪਜੂਤੀ ਬਕਰੀ ਮਰਦੀ ਹੋਈ ਖਿੜ ਖਿੜ ਹਸੀ।

੨. ਸੀਹੁ ਪੁਛੈ ਵਿਸਮਾਦੁ ਹੋਇ ਇਤੁ ਅਉਸਰਿ ਕਿਤੁ ਰਹਸਿ ਰਹਸੀ।
੩. ਬਿਨਉ ਕਰੇਂਦੀ ਬਕਰੀ ਪੁਤ੍ਰ ਅਸਾਡੇ ਕੀਚਨਿ ਖਸੀ।
੪. ਅਕ ਧਤੂਰਾ ਖਾਧਿਆਂ ਕੁਹਿ ਕੁਹਿ ਖਲ ਉਖਲਿ ਵਿਣਸੀ।
੫. ਮਾਸੁ ਖਾਨਿ ਗਲ ਵਢਿ ਕੈ ਹਾਲੁ ਤਿਨਾੜਾ ਕਉਣੁ ਹੋਵਸੀ।
੬. ਗਰਬੁ ਗਰੀਬੀ ਦੇਹ ਖੇਹ ਖਾਜੁ ਅਖਾਜੁ ਅਕਾਜੁ ਕਰਸੀ।
੭. ਜਗਿ ਆਇਆ ਸਭ ਕੋਈ ਮਰਸੀ ॥ ੧੭ ॥

ਪਦ ਅਰਥ - ਪਜੁਤੀ=ਫੜੀ ਹੋਈ। ਵਿਸਮਾਦੁ=ਹੈਰਾਨ। ਖਸੀ=ਨਾਮਰਦ। ਵਿਣਸੀ=ਨਾਸ ਕਰਨ।

ਅਰਥ - ੧. ਸ਼ੇਰ ਦੀ ਕਾਬੂ ਕੀਤੀ ਹੋਈ ਬੱਕਰੀ ਮਰਨ ਵੇਲੇ ਖਿੜ ਖਿੜ ਕਰਕੇ ਹੱਸ ਪਈ। ੨. ਸ਼ੇਰ ਹੈਰਾਨ ਹੋ ਕੇ ਉਸ ਨੂੰ ਪੁੱਛਦਾ ਹੈ ਕਿ ਇਸ ਵੇਲੇ ਤੂੰ ਕਿਸ ਕਰਕੇ ਹੱਸੀ ਹੈਂ? ੩. ਅੱਗੋਂ ਬੱਕਰੀ ਬੇਨਤੀ ਕਰਦੀ ਹੈ ਕਿ ਸਾਡੇ ਪੁੱਤਰਾਂ ਨੂੰ ਖੱਸੀ (ਨਾਮਰਦ) ਕੀਤਾ ਜਾਏ, ਤਾਂਕਿ ਸਾਡੀ ਵੰਸ਼ ਅੱਗੇ ਨਾ ਵਧੇ ਤੇ ਨਾ ਹੀ ਮੇਰੇ ਵਾਂਗੂੰ ਉਹ ਦੁੱਖ ਸਹਿਣ। ੪. ਅੱਕ ਤੇ ਧਤੂਰਾ ਆਦਿ ਖਾਂਦਿਆਂ ਸਾਨੂੰ ਕੋਹ ਕੋਹ ਕੇ ਮਾਰਿਆ ਜਾਂਦਾ ਹੈ ਤੇ ਸਾਡੀ ਖੱਲ ਲਾਹ ਕੇ ਸਾਨੂੰ ਖਤਮ ਕਰ ਦਿੱਤਾ ਜਾਂਦਾ ਹੈ। ੫. ਪਰ ਜਿਹੜੇ (ਤੇਰੇ ਵਾਂਗੂ) ਹੋਰਨਾਂ ਦਾ ਗਲ ਵਢ ਕੇ ਮਾਸ ਖਾਂਦੇ ਹਨ, ਉਹਨਾਂ ਦਾ ਕੀ ਹਾਲ ਹੋਵੇਗਾ? ੬. ਹੰਕਾਰੀਆਂ ਤੇ ਗਰੀਬਾਂ ਦੀ ਦੇਹ ਤਾਂ ਖੇਹ ਹੋ ਜਾਏਗੀ, (ਪਰ) ਜਿਹੜੇ ਚੰਗਾ ਕੰਮ ਕਰਨਗੇ ਉਹ ਹਲਾਲ ਤੇ ਜੋ ਮੰਦੇ ਕਰਮ ਕਰਨਗੇ ਉਹ ਹਰਾਮ ਹੋਣਗੇ। ੭. ਇਸ ਸੰਸਾਰ ਵਿਚ ਜਿਹੜਾ ਆਇਆ ਹੈ, ਉਹ ਅੰਤ ਨੂੰ ਮਰ ਜਾਏਗਾ ॥ ੧੭ ॥

ਭਾਵ—ਨਿਮਾਣੀ ਬੱਕਰੀ ਜੀਉਂਦਿਆਂ ਵੀ ਤੇ ਮਰ ਕੇ ਵੀ ਅਨੇਕਾਂ ਕੰਮ ਸਵਾਰਦੀ ਹੈ, ਪਰ ਹੰਕਾਰੀ ਸ਼ੇਰ ਕਿਸੇ ਕੰਮ ਨਹੀਂ ਆਉਂਦਾ।

੧੮. ਗੁਰਮੁਖ ਆਸਾ ਤੋਂ ਨਿਰਾਸ ਰਹਿੰਦੇ ਹਨ

੧. ਚਰਣ ਕਵਲ ਰਹਰਾਸਿ ਕਰਿ ਗੁਰਮੁਖਿ ਸਾਧਸੰਗਤਿ ਪਰਗਾਸੀ।
੨. ਪੈਰੀ ਪੈ ਪਾਖਾਕ ਹੋਇ ਲੇਖ ਅਲੇਖ ਅਮਰ ਅਬਿਨਾਸੀ।
੩. ਕਰਿ ਚਰਣੋਦਕੁ ਆਚਮਨ ਆਧਿ ਬਿਆਧਿ ਉਪਾਧਿ ਖਲਾਸੀ।
੪. ਗੁਰਮਤਿ ਆਪੁ ਗਵਾਇਆ ਮਾਇਆ ਅੰਦਰਿ ਕਰਨਿ ਉਦਾਸੀ।
੫. ਸਬਦ ਸੁਰਤਿ ਲਿਵਲੀਣੁ ਹੋਇ ਨਿਰੰਕਾਰ ਸਚ ਖੰਡਿ ਨਿਵਾਸੀ।
੬. ਅਬਿਗਤਿ ਗਤਿ ਅਗਾਧਿ ਬੋਧਿ ਅਕਥ ਕਥਾ ਅਚਰਜ ਗੁਰਦਾਸੀ।
੭. ਗੁਰਮੁਖਿ ਸੁਖ ਫਲੁ ਆਸ ਨਿਰਾਸੀ ॥ ੧੮ ॥

ਪਦ ਅਰਥ - ਲੇਖ ਅਲੇਖ=ਲੇਖੇ ਤੋਂ ਰਹਿਤ ਹੋਣਾ। ਆਚਮਨ=ਪੀਣਾ।

ਅਰਥ - ੧. ਜਿਨ੍ਹਾਂ ਗੁਰਸਿੱਖਾਂ ਨੇ ਸਾਧ ਸੰਗਤ ਵਿਚ ਰਹਿਕੇ ਸਤਿਗੁਰਾਂ ਦੇ ਚਰਣ ਕਵਲਾਂ ਦੀ ਮਰਿਆਦਾ ਪ੍ਰਗਾਸੀ (ਭਾਵ ਧਾਰਨ) ਕੀਤੀ ਹੈ। ੨. ਉਹ ਪੈਰੀਂ ਪੈ ਕੇ ਪੈਰਾਂ ਦੀ ਖਾਕ ਹੋ ਗਏ ਹਨ ਤੇ ਉਹ ਲੇਖਿਆਂ ਤੋਂ ਰਹਿਤ ਹੋ ਕੇ ਅਮਰ ਤੇ ਅਬਿਨਾਸੀ ਹੋ ਗਏ ਹਨ। ੩. ਉਹਨਾਂ ਨੇ ਸਤਿਗੁਰਾਂ ਦੇ ਚਰਣਾਂ ਦਾ ਅੰਮ੍ਰਿਤ ਪਾਨ ਕਰਕੇ ਤਿੰਨਾਂ ਰੋਗਾਂ (ਆਧੀ, ਬਿਆਧੀ ਤੇ ਉਪਾਧੀ) ਤੋਂ ਛੁਟਕਾਰਾ ਪਾ ਲਿਆ ਹੈ। ੪. ਗੁਰਸਿੱਖਾਂ ਨੇ ਗੁਰੂ ਦੀ ਸਿੱਖਿਆ ਲੈ ਕੇ ਆਪਾ ਭਾਵ (ਹਉਮੈ) ਨੂੰ ਗੁਆ ਦਿੱਤਾ ਹੈ ਤੇ ਉਹ ਮਾਇਆ ਵਿਚ ਰਹਿੰਦੇ ਹੋਏ ਵੀ ਉਦਾਸੀ ਕਰ ਰਹੇ ਹਨ। ੫. ਉਹ ਸ਼ਬਦ ਵਿਚ ਸੁਰਤ ਨੂੰ ਜੋੜ ਕੇ ਮਗਨ ਰਹਿੰਦੇ ਹਨ ਤੇ ਨਿਰੰਕਾਰ ਦੇ ਸੱਚਖੰਡ ਵਿਚ ਨਿਵਾਸ ਕਰਦੇ ਹਨ। ੬. ਜਿਹੜੇ ਗੁਰਸਿੱਖ ਸਤਿਗੁਰੂ ਜੀ ਦੇ ਦਾਸ ਹਨ, ਉਹਨਾਂ ਦੀ ਗਤਿ ਅਬਗਤ ਤੇ ਡੂੰਘੇ ਗਿਆਨ ਵਾਲੀ ਹੈ। ਉਹਨਾਂ ਦੀ ਕਥਾ ਅਕਥ ਤੇ ਅਸਚਰਜ ਹੈ। ੭. ਗੁਰਸਿੱਖ ਸੁਖ ਫਲ ਪ੍ਰਾਪਤ ਕਰਕੇ ਆਸਾ ਤੋਂ ਨਿਰਾਸ ਹੋ ਕੇ ਰਹਿੰਦੇ ਹਨ॥ ੧੮॥

੧੯. ਸਤਿਸੰਗ ਪਾਪੀਆਂ ਨੂੰ ਪਵਿੱਤਰ ਕਰਦਾ ਹੈ

੧. ਸਣ ਵਣ ਵਾੜੀ ਖੇਤੁ ਇਕੁ ਪਰਉਪਕਾਰੁ ਵਿਕਾਰੁ ਜਣਾਵੈ।
੨. ਖਲ ਕਢਾਹਿ ਵਟਾਇ ਸਣ ਰਸਾ ਬੰਧਨੁ ਹੋਇ ਬਨ੍ਹਾਵੈ।
੩. ਖਾਸਾ ਮਲਮਲ ਸਿਰੀਸਾਫੁ ਸੂਤੁ ਕਤਾਇ ਕਪਾਹ ਵੁਣਾਵੈ।
੪. ਲਜਣੁ ਕਜਣੁ ਹੋਇ ਕੈ ਸਾਧੁ ਅਸਾਧੁ ਬਿਰਦੁ ਬਿਰਦਾਵੈ।
੫. ਸੰਗ ਦੋਖ ਨਿਰਦੋਖ ਮੋਖ ਸੰਗ ਸੁਭਾਉ ਨ ਸਾਧੁ ਮਿਟਾਵੈ।
੬. ਤੂਪੜੁ ਹੋਵੈ ਧਰਮਸਾਲ ਸਾਧਸੰਗਤਿ ਪਗ ਧੂੜਿ ਧੁਮਾਵੈ।
੭. ਕਟਿ ਕੁਟਿ ਸਣ ਕਿਰਤਾਸੁ ਕਰਿ ਹਰਿ ਜਸੁ ਲਿਖਿ ਪੁਰਾਣ ਸੁਣਾਵੈ।
੮. ਪਤਿਤ ਪੁਨੀਤ ਕਰੈ ਜਨ ਭਾਵੈ॥ ੧੯॥

ਪਦ ਅਰਥ - ਵਣ ਵਾੜੀ=ਕਪਾਹ। ਵਿਕਾਰੁ=ਖੋਟੇ ਕੰਮ। ਲਜਣੁ ਕਜਣੁ=ਨੰਗੇਜ ਨੂੰ ਕੱਜਣਾ। ਕਿਰਤਾਸੁ=ਕਾਗਜ਼।

ਅਰਥ - ੧. ਸਣ ਤੇ ਕਪਾਹ ਦਾ ਖੇਤ ਇਕੋ ਹੁੰਦਾ ਹੈ, ਪਰ ਕਪਾਹ ਪਰਉਪਕਾਰ ਕਰਦੀ ਹੈ ਤੇ ਸਣ ਖੋਟੀ ਕਾਰ ਕਰਦੀ ਹੈ। ੨. ਸਣ ਆਪਣੀ ਛਿੱਲ ਲੁਹਾ ਕੇ ਵੱਟੀ ਜਾਂਦੀ ਹੈ ਤੇ ਰੱਸਾ ਬਣ ਕੇ ਲੋਕਾਂ ਨੂੰ ਬੰਨ੍ਹਾਉਂਦੀ ਹੈ। ੩. (ਕਪਾਹ ਦਾ ਪਰਉਪਕਾਰ ਇਹ ਹੈ ਕਿ ਉਹ) ਖਾਸਾ, ਮਲਮਲ ਤੇ ਸਿਰੀ ਸਾਫ ਆਦਿ ਕਪੜੇ ਆਪਣੇ ਸੂਤ ਤੋਂ ਉਣਵਾਉਂਦੀ ਹੈ। ੪. ਕਪਾਹ ਹਰ ਚੰਗੇ ਮੰਦੇ ਆਦਮੀ ਦਾ ਨੰਗੇਜ ਢਕਦੀ ਹੈ। ੫. ਨਿਰਦੋਖ ਸੰਤਾਂ ਦੀ ਸੰਗਤ ਕਰਕੇ ਦੋਸ਼ੀ ਵੀ ਮੁਕਤ ਹੋ ਜਾਂਦੇ ਹਨ ਕਿਉਂਕਿ ਸਾਧ ਆਪਣਾ ਸੁਭਾਅ ਗੁਆਉਂਦੇ ਨਹੀਂ। ੬. (ਜੇਕਰ) ਸਣ ਤੱਪੜ ਬਣ ਕੇ ਧਰਮਸਾਲ ਵਿਚ ਆ ਜਾਂਦੀ ਹੈ ਤਾਂ ਉਹ ਸਾਧ ਸੰਗਤ

ਦੀ ਚਰਣ ਧੂੜ ਵਿਚ ਰਹਿ ਕੇ ਸਫਲ ਹੋ ਜਾਂਦੀ ਹੈ। ੭. ਸਣ ਨੂੰ ਕੁਟ ਕੁਟ ਕੇ ਕਾਗਜ਼ ਬਣਾਇਆ ਜਾਂਦਾ ਹੈ ਤੇ ਸੰਤ ਉਸ ਉਤੇ ਹਰੀ ਦਾ ਜਸ ਲਿਖ ਕੇ ਲੋਕਾਂ ਨੂੰ ਸੁਣਾਉਂਦੇ ਹਨ। ੮. ਇਸ ਤਰ੍ਹਾਂ ਹਰੀ-ਜਨ ਜੇ ਚਾਹੁਣ ਤਾਂ ਪਾਪੀਆਂ ਨੂੰ ਵੀ ਪਵਿੱਤਰ ਕਰ ਦੇਂਦੇ ਹਨ॥ ੧੯॥

੨੦. ਭਲੀ ਸੰਗਤ ਦਾ ਗੁਣ

੧. ਪਥਰ ਚਿਤੁ ਕਠੋਰੁ ਹੈ ਚੂਨਾ ਹੋਵੈ ਅਗੀਂ ਦਧਾ।
੨. ਅਗ ਬੁਝੈ ਜਲੁ ਛਿੜਕਿਐ ਚੂਨਾ ਅਗਿ ਉਠੇ ਅਤਿ ਵਧਾ।
੩. ਪਾਣੀ ਪਾਏ ਵਿਹੁ ਨ ਜਾਇ ਅਗਨਿ ਨ ਛੁਟੈ ਅਵਗੁਣ ਬਧਾ।
੪. ਜੀਭੈ ਉਤੈ ਰਖਿਆ ਛਾਲੇ ਪਵਨਿ ਸੰਗਿ ਦੁਖ ਲਧਾ।
੫. ਪਾਨ ਸੁਪਾਰੀ ਕਥੁ ਮਿਲਿ ਰੰਗੁ ਸੁਰੰਗੁ ਸੰਪੂਰਣੁ ਸਧਾ।
੬. ਸਾਧਸੰਗਤਿ ਮਿਲਿ ਸਾਧੁ ਹੋਇ ਗੁਰਮੁਖਿ ਮਹਾ ਅਸਾਧ ਸਮਧਾ।
੭. ਆਪੁ ਗਵਾਇ ਮਿਲੈ ਪਲੁ ਅਧਾ॥ ੨੦॥ ੨੫॥

ਪਦ ਅਰਥ - ਦਧਾ=ਸਾੜਿਆ। ਵਧਾ=ਬਹੁਤ। ਸਧਾ=ਚੰਗਾ। ਸਮਧਾ=ਸਾਰਾ।

ਅਰਥ - ੧. ਪੱਥਰ ਦਾ ਚਿੱਤ ਕਰੜਾ ਹੁੰਦਾ ਹੈ, ਪਰ ਜੇ ਉਸ ਨੂੰ ਅੱਗ ਵਿਚ ਸਾੜ ਦਿੱਤਾ ਜਾਏ ਤਾਂ ਉਹ ਕਲੀ ਬਣ ਜਾਂਦਾ ਹੈ। ੨. ਅੱਗ ਤੇ ਪਾਣੀ ਪਾਇਆਂ ਅੱਗ ਬੁਝ ਜਾਂਦੀ ਹੈ, ਪਰ ਜੇ ਕਲੀ 'ਤੇ ਪਾਣੀ ਪਾਇਆ ਜਾਏ ਤਾਂ ਉਸ ਦੀ ਅੱਗ ਵੱਧ ਜਾਂਦੀ ਹੈ। ੩. ਪਾਣੀ ਪਾਉਣ ਨਾਲ ਉਸ ਦੀ ਵਿਹੁ ਰੂਪੀ ਅੱਗ ਨਹੀਂ ਬੁੱਝਦੀ, ਉਹ ਇਹੋ ਜਿਹਾ ਔਗੁਣਾਂ ਵਿਚ ਬੱਝਾ ਹੋਇਆ ਹੈ। ੪. ਉਸ ਨੂੰ ਜੇ ਜੀਭ ਉਤੇ ਰੱਖਿਆ ਜਾਏ ਤਾਂ ਜੀਭ 'ਤੇ ਛਾਲੇ ਪੈ ਜਾਂਦੇ ਹਨ। ਉਸ ਦੇ ਸੰਗ ਕਰਕੇ ਦੁੱਖ ਹੀ ਮਿਲਦਾ ਹੈ। ੫. (ਉਹੋ ਕਲੀ) ਜੇ ਪਾਨ, ਸੁਪਾਰੀ ਤੇ ਕਥੇ ਨਾਲ ਮਿਲਾ ਦਿੱਤੀ ਜਾਏ ਤਾਂ ਬੜਾ ਸੁੰਦਰ ਲਾਲ ਰੰਗ ਬਣ ਜਾਂਦਾ ਹੈ। ੬. ਇਸੇ ਤਰ੍ਹਾਂ ਸਾਧ ਸੰਗਤ ਵਿਚ ਮਿਲ ਕੇ ਸਾਧ ਹੋ ਜਾਈਦਾ ਹੈ, ਕਿਉਂਕਿ ਗੁਰਮੁਖ-ਜਨ ਮਹਾਂ ਅਸਾਧ ਨੂੰ ਵੀ ਸਾਧ ਲੈਂਦੇ ਹਨ। ੭. ਜਿਹੜਾ ਕੋਈ ਆਪਾ ਭਾਵ ਗੁਆ ਕੇ ਅੱਧਾ ਪਲ ਵੀ ਸੰਤਾਂ ਨੂੰ ਮਿਲਦਾ ਹੈ, ਉਹ ਮੁਕਤ ਹੋ ਜਾਂਦਾ ਹੈ॥ ੨੦॥ ੨੫॥

ਭਾਵ—ਗੁਰਮੁਖਾਂ ਦੀ ਸੰਗਤ ਕਰਕੇ ਮਨਮੁਖ ਵੀ ਗੁਰਮੁਖ ਬਣ ਜਾਂਦੇ ਹਨ।

ਵਾਰ ੨੬

ੴ ਸਤਿਗੁਰ ਪ੍ਰਸਾਦਿ॥

੧. ਸਤਿਗੁਰੂ ਜੀ ਦਾ ਮੰਗਲਾਚਰਣ

੧. ਸਤਿਗੁਰ ਸਚਾ ਪਾਤਿਸਾਹੁ ਪਾਤਿਸਾਹਾ ਪਾਤਿਸਾਹੁ ਸਿਰੰਦਾ।
੨. ਸਚੈ ਤਖਤਿ ਨਿਵਾਸੁ ਹੈ ਸਾਧਸੰਗਤਿ ਸਚ ਖੰਡਿ ਵਸੰਦਾ।
੩. ਸਚੁ ਫੁਰਮਾਣੁ ਨੀਸਾਣੁ ਸਚੁ ਸਚਾ ਹੁਕਮੁ ਨ ਮੂਲਿ ਫਿਰੰਦਾ।
੪. ਸਚੀ ਸਬਦੁ ਟਕਸਾਲ ਸਚੁ ਗੁਰ ਤੇ ਗੁਰ ਹੁਇ ਸਬਦ ਮਿਲੰਦਾ।
੫. ਸਚੀ ਭਗਤਿ ਭੰਡਾਰ ਸਚੁ ਰਾਗ ਰਤਨ ਕੀਰਤਨੁ ਭਾਵੰਦਾ।
੬. ਗੁਰਮੁਖਿ ਸਚਾ ਪੰਥੁ ਹੈ ਸਚੁ ਦੋਹੀ ਸਚੁ ਰਾਜੁ ਕਰੰਦਾ।
੭. ਵੀਹ ਇਕੀਹ ਚੜ੍ਹਾਉ ਚੜ੍ਹੰਦਾ॥੧॥

ਪਦ ਅਰਥ - ਸਿਰੰਦਾ=ਸਿਰਜਣਹਾਰ। ਵਸੰਦਾ=ਵਸਾਉਣ ਵਾਲਾ। ਦੋਹੀ=ਦੁਹਾਈ।

ਅਰਥ - ੧. ਸਤਿਗੁਰੂ ਸੱਚਾ ਪਾਤਸ਼ਾਹ ਹੈ ਤੇ ਉਹ ਪਾਤਸ਼ਾਹਾਂ ਦੇ ਪਾਤਸ਼ਾਹਾਂ ਦਾ ਸਿਰਜਣਹਾਰ ਹੈ। ੨. ਉਹ ਸੱਚੇ ਤਖ਼ਤ 'ਤੇ ਨਿਵਾਸ ਕਰਦਾ ਹੈ ਤੇ ਸਾਧ ਸੰਗਤ ਰੂਪੀ ਸੱਚਖੰਡ ਦੇ ਵਸਾਉਣ ਵਾਲਾ ਹੈ। ੩. ਉਸ ਦਾ ਫੁਰਮਾਨ (ਆਗਿਆ) ਸੱਚਾ ਹੈ ਤੇ ਉਸ ਦਾ ਝੰਡਾ ਵੀ ਸੱਚਾ ਹੈ। ਉਸ ਦੇ ਸੱਚੇ ਹੁਕਮ ਨੂੰ ਕੋਈ ਮੋੜ ਨਹੀਂ ਸਕਦਾ। ੪. ਉਸ ਦੀ ਸ਼ਬਦ ਰੂਪ ਟਕਸਾਲ ਸੱਚੀ ਹੈ, ਜਿਹੜਾ ਗੁਰੂ ਦੇ ਸ਼ਬਦ ਨੂੰ ਮਿਲਦਾ ਹੈ, ਉਹ ਗੁਰੂ ਰੂਪ ਹੋ ਜਾਂਦਾ ਹੈ। ੫. ਉਸ ਦੀ ਭਗਤੀ ਦਾ ਭੰਡਾਰ (ਖਜ਼ਾਨਾ) ਸੱਚਾ ਹੈ। ਰਾਗ ਰਤਨ ਰੂਪ ਕੀਰਤਨ ਗੁਰੂ ਨੂੰ ਚੰਗਾ ਲੱਗਦਾ ਹੈ। ੬. ਗੁਰਮੁਖ ਦਾ ਮਾਰਗ ਸੱਚਾ ਹੈ, ਉਸ ਦੀ ਸੱਚ ਦੀ ਦੋਹੀ (ਡੌਂਡੀ) ਵੀ ਸੱਚੀ ਹੈ ਤੇ ਉਹ ਸੱਚਾ ਰਾਜ ਕਰਦਾ ਹੈ। ੭. ਉਹ ਵੀਹ (ਸੰਸਾਰ) ਵਿਖੇ ਇਕੀਹ (ਪ੍ਰਭੂ) ਦੇ ਪ੍ਰੇਮ ਵਿਚ ਚੜ੍ਹਨ ਵਾਲਾ ਹੈ॥੧॥

੨. ਗੁਰੂ ਹੀ ਪਰਮੇਸ਼ਰ ਰੂਪ ਹੈ

੧. ਗੁਰ ਪਰਮੇਸਰੁ ਜਾਣੀਐ ਸਚੇ ਸਚਾ ਨਾਉ ਧਰਾਇਆ।
੨. ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।

੩. ਏਕੰਕਾਰਹੁ ਸਬਦ ਧੁਨਿ ਓਅੰਕਾਰਿ ਅਕਾਰੁ ਬਣਾਇਆ।
੪. ਇਕਦੂ ਹੋਇ ਤਿਨਿ ਦੇਵ ਤਿਹੁੰ ਮਿਲਿ ਦਸ ਅਵਤਾਰ ਗਣਾਇਆ।
੫. ਆਦਿ ਪੁਰਖੁ ਆਦੇਸੁ ਹੈ ਓਹੁ ਵੇਖੈ ਓਨ੍ਹਾ ਨਦਰਿ ਨ ਆਇਆ।
੬. ਸੇਖ ਨਾਗ ਸਿਮਰਣੁ ਕਰੈ ਨਾਵਾ ਅੰਤੁ ਬਿਅੰਤੁ ਨ ਪਾਇਆ।
੭. ਗੁਰਮੁਖਿ ਸਚੁ ਨਾਉ ਮਨਿ ਭਾਇਆ ॥ ੨ ॥

ਪਦ ਅਰਥ - ਤਿਨਿ ਦੇਵ=ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ। ਆਦੇਸੁ=ਦੇਸ ਕਾਲ ਵਸਤੂ ਦੇ ਭੇਦ ਤੋਂ ਰਹਿਤ।

ਅਰਥ - ੧. ਗੁਰੂ ਨੂੰ ਪਰਮੇਸ਼ਰ ਦਾ ਰੂਪ ਹੀ ਜਾਣੋ, ਕਿਉਂਕਿ ਸੱਚੇ ਪਰਮੇਸ਼ਰ ਨੇ ਹੀ ਸੱਚਾ ਨਾਮ ਧਰਾਇਆ ਹੈ। ੨. ਨਿਰਾਕਾਰ ਪ੍ਰਭੂ ਨੇ ਸਾਕਾਰ ਰੂਪ ਹੋ ਕੇ ਏਕੰਕਾਰ ਸਦਵਾਇਆ ਹੈ। ੩. ਏਕੰਕਾਰ ਤੋਂ ਹੀ ਸ਼ਬਦ ਦੀ ਧੁਨੀ ਹੋਈ ਹੈ ਤੇ ਉਸ ਨੇ ਓਅੰਕਾਰ ਦਾ ਸਰੂਪ ਬਣਾਇਆ ਹੈ। ੪. ਇਕ ਪ੍ਰਭੂ ਤੋਂ ਤਿੰਨ ਦੇਵਤੇ ਉਤਪੰਨ ਹੋਏ ਹਨ ਤੇ ਉਹਨਾਂ ਤਿੰਨਾਂ ਨੇ ਮਿਲ ਕੇ ਦਸਾਂ ਅਵਤਾਰਾਂ ਨੂੰ ਗਿਣਾਇਆ ਹੈ। ੫. ਆਦਿ ਪੁਰਖ (ਪਰਮੇਸ਼ਰ) ਦੇਸ ਕਾਲ ਵਸਤੂ ਦੇ ਭੇਦ ਤੋਂ ਰਹਿਤ ਹੈ। ਉਹ ਤਾਂ ਅਵਤਾਰਾਂ ਨੂੰ ਵੇਖਦਾ ਹੈ, ਪਰ ਉਹਨਾਂ (ਅਵਤਾਰਾਂ) ਨੂੰ ਉਹ (ਪ੍ਰਭੂ) ਨਜ਼ਰ ਨਹੀਂ ਆਉਂਦਾ। ੬. ਸ਼ੇਸ਼ਨਾਗ ਪ੍ਰਭੂ ਦੇ ਨਾਵਾਂ ਦਾ ਸਿਮਰਨ ਕਰਦਾ ਹੈ, ਪਰ ਉਸ ਪ੍ਰਭੂ ਦੇ ਬੇਅੰਤ ਨਾਵਾਂ ਦਾ ਕੋਈ ਅੰਤ ਨਹੀਂ ਪਾਇਆ ਜਾਂਦਾ। ੭. ਉਸ ਪ੍ਰਭੂ ਦਾ ਸੱਚਾ ਨਾਮ ਗੁਰਮੁਖਾਂ ਨੂੰ ਚੰਗਾ ਲੱਗਾ ਹੈ॥ ੨ ॥

੩. ਪ੍ਰਭੂ ਦੀ ਉਸਤਤੀ

੧. ਅੰਬਰੁ ਧਰਤਿ ਵਿਛੋੜਿਅਨੁ ਕੁਦਰਤਿ ਕਰਿ ਕਰਤਾਰ ਕਹਾਇਆ।
੨. ਧਰਤੀ ਅੰਦਰਿ ਪਾਣੀਐ ਵਿਣੁ ਥੰਮਾਂ ਆਗਾਸੁ ਰਹਾਇਆ।
੩. ਇੰਨ੍ਹਣ ਅੰਦਰਿ ਅਗਿ ਧਰਿ ਅਹਿਨਿਸਿ ਸੂਰਜੁ ਚੰਦੁ ਉਪਾਇਆ।
੪. ਛਿਅ ਰੁਤਿ ਬਾਰਹ ਮਾਹ ਕਰਿ ਖਾਣੀ ਬਾਣੀ ਚਲਤੁ ਰਚਾਇਆ।
੫. ਮਾਣਸ ਜਨਮੁ ਦੁਲੰਭੁ ਹੈ ਸਫਲੁ ਜਨਮੁ ਗੁਰੁ ਪੂਰਾ ਪਾਇਆ।
੬. ਸਾਧਸੰਗਤਿ ਮਿਲਿ ਸਹਜਿ ਸਮਾਇਆ ॥ ੩ ॥

ਪਦ ਅਰਥ - ਅੰਬਰੁ=ਅਸਮਾਨ। ਕੁਦਰਤਿ=ਮਾਇਆ। ਇੰਨ੍ਹਣ=ਬਾਲਣ।

ਅਰਥ - ੧. ਪ੍ਰਭੂ ਨੇ ਆਕਾਸ਼ ਤੇ ਧਰਤੀ ਨੂੰ ਵਿਛੋੜਿਆ ਹੈ ਤੇ ਇਸੇ ਕੁਦਰਤ (ਸ਼ਕਤੀ) ਕਰਕੇ ਉਸ ਨੇ ਕਰਤਾਰ (ਕਰਨਹਾਰ) ਕਹਾਇਆ ਹੈ। ੨. ਧਰਤੀ ਦੇ ਅੰਦਰ ਤੇ ਬਾਹਰ ਪਾਣੀ ਹੀ ਪਾਣੀ ਹੈ ਤੇ ਉਸ ਨੇ ਬਿਨਾਂ ਥੰਮ੍ਹਾਂ ਦੇ ਆਕਾਸ਼ ਨੂੰ ਠੱਖਿਆ ਹੋਇਆ ਹੈ। ੩. ਉਸ ਨੇ ਲੱਕੜਾਂ ਵਿਚ ਅੱਗ ਨੂੰ ਧਰਿਆ

ਹੋਇਆ ਹੈ ਰਾਤ ਤੇ ਦਿਨ ਸਮੇਂ ਚਾਨਣਾ ਕਰਨ ਲਈ ਸੂਰਜ ਤੇ ਚੰਦਰਮਾਂ ਨੂੰ ਬਣਾਇਆ ਹੈ ੪. ਉਸ ਪ੍ਰਭੂ ਨੇ ਛੇ ਰੁਤਾਂ, ਬਾਰਾਂ ਮਹੀਨੇ, (ਚਾਰ) ਖਾਣੀਆਂ ਤੇ (ਚਾਰ) ਬਾਣੀਆਂ ਦਾ ਕੌਤਕ ਰਚਿਆ ਹੋਇਆ ਹੈ। ੫. ਇਹ ਮਨੁੱਖਾ ਜਨਮ ਬੜਾ ਦੁਰਲੱਭ ਹੈ, ਜਿਸ ਨੇ ਪੂਰੇ ਗੁਰੂ ਨੂੰ ਪਾਇਆ ਹੈ, ਉਸ ਦਾ ਜਨਮ ਸਫਲਾ ਹੈ। ੬. ਉਹ ਫਿਰ ਸਾਧ ਸੰਗਤ ਵਿਚ ਮਿਲ ਕੇ ਸਹਿਜ ਵਿਚ ਸਮਾ ਜਾਂਦਾ ਹੈ ਭਾਵ ਮੁਕਤ ਹੋ ਜਾਂਦਾ ਹੈ॥ ੩॥

੪. ਚਾਰ ਪਦਾਰਥ ਗੁਰਮੁਖਾਂ ਦੇ ਪਿੱਛੇ ਫਿਰਦੇ ਹਨ

੧. ਸਤਿਗੁਰੁ ਸਚੁ ਦਾਤਾਰੁ ਹੈ ਮਾਣਸ ਜਨਮੁ ਅਮੋਲੁ ਦਿਵਾਇਆ।
੨. ਮੂਹੁ ਅਖੀ ਨਕੁ ਕੰਨੁ ਕਰਿ ਹਥ ਪੈਰ ਦੇ ਚਲੈ ਚਲਾਇਆ।
੩. ਭਾਉ ਭਗਤਿ ਉਪਦੇਸੁ ਕਰਿ ਨਾਮੁ ਦਾਨੁ ਇਸਨਾਨੁ ਦਿੜਾਇਆ।
੪. ਅੰਮ੍ਰਿਤ ਵੇਲੈ ਨਾਵਣਾ ਗੁਰਮੁਖਿ ਜਪੁ ਗੁਰਮੰਤੁ ਜਪਾਇਆ।
੫. ਰਾਤਿ ਆਰਤੀ ਸੋਹਿਲਾ ਮਾਇਆ ਵਿਚਿ ਉਦਾਸੁ ਰਹਾਇਆ।
੬. ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇਇ ਨ ਆਪੁ ਗਣਾਇਆ।
੭. ਚਾਰਿ ਪਦਾਰਥ ਪਿਛੈ ਲਾਇਆ॥ ੪॥

ਪਦ ਅਰਥ - ਦਾਤਾਰੁ=ਦਾਤਾ। ਚਲੈ ਚਲਾਇਆ=ਚਲਾਏ ਹੋਏ ਚਲਦੇ ਹਨ। ਦਿੜਾਇਆ=ਪੱਕਾ ਕਰਾਇਆ ਹੈ। ਚਾਰਿ ਪਦਾਰਥ=ਧਰਮ, ਅਰਥ, ਕਾਮ ਤੇ ਮੋਖ।

ਅਰਥ - ੧. ਸਤਿਗੁਰੂ ਸੱਚਾ ਦਾਤਾ ਹੈ, ਜਿਸ ਨੇ ਸਾਨੂੰ ਅਮੋਲਕ ਮਨੁੱਖਾ ਜਨਮ ਬਖਸ਼ਿਆ ਹੈ। ੨. ਮੂੰਹ, ਅੱਖਾਂ, ਨੱਕ, ਕੰਨ ਆਦਿ ਗਿਆਨ ਇੰਦਰੇ ਤੇ ਹੱਥ ਪੈਰ ਆਦਿ ਕਰਮ ਇੰਦਰੇ ਦਿੱਤੇ ਹਨ, ਜਿਨ੍ਹਾਂ ਦੇ ਚਲਾਇਆਂ ਇਹ ਜੀਵ ਚਲਦਾ ਹੈ। ੩. ਸਤਿਗੁਰੂ ਨੇ ਭਾਉ ਭਗਤੀ ਦਾ ਉਪਦੇਸ਼ ਕਰਕੇ ਨਾਮ, ਦਾਨ ਤੇ ਇਸ਼ਨਾਨ ਨੂੰ ਦ੍ਰਿੜ੍ਹ ਕਰਾਇਆ ਹੈ। ੪. ਅੰਮ੍ਰਿਤ ਸਮੇਂ ਇਸ਼ਨਾਨ ਕਰਨਾ ਦੱਸ ਕੇ ਗੁਰਸਿੱਖਾਂ ਕੋਲੋਂ ਗੁਰੂ ਦਾ ਮੰਤਰ ਜਪੁ (ਜਪੁ ਜੀ) ਦਾ ਜਪਾਇਆ ਹੈ। ੫. ਰਾਤ ਨੂੰ ਆਰਤੀ ਤੇ ਸੋਹਿਲੇ ਦਾ ਪਾਠ ਕਰਨਾ ਦੱਸਿਆ ਹੈ ਤੇ ਮਾਇਆ ਵਿਚ ਰਹਿੰਦਿਆਂ ਉਦਾਸ ਰਖਾਇਆ ਹੈ। ੬. ਮਿੱਠਾ ਬੋਲਣਾ, ਨਿਮ੍ਰਤਾ ਵਿਚ ਚਲਣਾ ਤੇ (ਆਪਣੀ ਧਰਮ ਦੀ ਕਿਰਤ ਵਿਚੋਂ) ਲੋੜਵੰਦ ਨੂੰ ਦੇ ਕੇ ਆਪਣਾ ਆਪ ਨਾ ਜਣਾਉਣਾ, (ਇਹ ਸਿੱਖੀ ਦੇ ਸਿਧਾਂਤ ਗੁਰਸਿੱਖਾਂ ਨੂੰ ਦ੍ਰਿੜ੍ਹ ਕਰਾਏ ਹਨ)। ੭. ਚਾਰੇ ਪਦਾਰਥ ਗੁਰਸਿੱਖਾਂ ਦੇ ਪਿੱਛੇ ਲਾ ਦਿੱਤੇ ਹਨ॥ ੪॥

ਭਾਵ—ਗੁਰਸਿੱਖੀ ਦੇ ਨਿਯਮਾਂ ਤੇ ਚਲਣ ਵਾਲੇ ਨੂੰ ਦੁਨਿਆਵੀ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਅੰਤ ਨੂੰ ਉਹ ਮੁਕਤ ਹੋ ਜਾਂਦੇ ਹਨ।

੫. ਗੁਰਦੇਵ ਦੀ ਮਹਿਮਾ

੧. ਸਤਿਗੁਰੁ ਵਡਾ ਆਖੀਐ ਵਡੇ ਦੀ ਵਡੀ ਵਡਿਆਈ।

੨. ਓਅੰਕਾਰਿ ਅਕਾਰੁ ਕਰਿ ਲਖ ਦਰੀਆਉ ਨ ਕੀਮਤਿ ਪਾਈ।
੩. ਇਕ ਵਰਭੰਡੁ ਅਖੰਡੁ ਹੈ ਜੀਅ ਜੰਤ ਕਰਿ ਰਿਜਕੁ ਦਿਵਾਈ।
੪. ਲੂੰਅ ਲੂੰਅ ਵਿਚਿ ਰਖਿਓਨੁ ਕਰਿ ਵਰਭੰਡ ਕਰੋੜਿ ਸਮਾਈ।
੫. ਕੇਵਡੁ ਵਡਾ ਆਖੀਐ ਕਵਣ ਥਾਉ ਕਿਸੁ ਪੁਛਾਂ ਜਾਈ।
੬. ਅਪੜਿ ਕੋਇ ਨ ਹੰਘਈ ਸੁਣਿ ਸੁਣਿ ਆਖਣ ਆਖਿ ਸੁਣਾਈ।
੭. ਸਤਿਗੁਰੁ ਮੂਰਤਿ ਪਰਗਟੀ ਆਈ॥ ੫ ॥

ਪਦ ਅਰਥ - ਵਰਭੰਡ=ਬ੍ਰਹਿਮੰਡ।

ਅਰਥ - ੧. ਸਤਿਗੁਰੂ ਨੂੰ ਸਾਰੇ ਵੱਡਾ ਆਖਦੇ ਹਨ, (ਕਿਉਂਕਿ) ਵੱਡੇ ਦੀ ਵਡਿਆਈ ਵੱਡੀ ਹੈ। ੨. ਓਅੰਕਾਰ ਨੇ ਹੀ ਇਹ ਸਤਿਗੁਰੂ ਦਾ ਸਰੂਪ ਧਾਰਨ ਕੀਤਾ ਹੈ, ਜਿਸ ਦੀ ਲੱਖਾਂ ਦਰਿਆਵਾਂ (ਬ੍ਰਹਮਾ ਆਦਿਕ ਦੇਵਤਿਆਂ) ਨੇ ਕੀਮਤ ਨਹੀਂ ਪਾਈ। ੩. ਇਸ ਬ੍ਰਹਿਮੰਡ ਵਿਚ ਇਕੋ ਅਖੰਡ ਪ੍ਰਭੂ ਹੀ ਵਿਆਪ ਰਿਹਾ ਹੈ, ਜੋ ਸਭ ਜੀਵ ਜੰਤੂਆਂ ਨੂੰ ਰਿਜ਼ਕ ਦੇ ਰਿਹਾ ਹੈ। ੪. ਉਸ ਪ੍ਰਭੂ ਨੇ ਇੱਕ ਇੱਕ ਰੋਮ ਵਿਚ ਕਰੋੜਾਂ ਬ੍ਰਹਿਮੰਡਾਂ ਦੀ ਸਮਾਈ ਕਰ ਰੱਖੀ ਹੈ। ੫. ਉਹ ਪ੍ਰਭੂ ਕਿੱਡਾ ਕੁ ਵੱਡਾ ਹੈ, ਕਿਸ ਥਾਂ ਰਹਿੰਦਾ ਹੈ, ਇਹ ਭੇਦ ਕਿਸ ਨੂੰ ਜਾ ਕੇ ਪੁੱਛੀਏ ? ੬. ਕਿਸੇ ਵਿਚ ਐਨੀ ਸ਼ਕਤੀ ਨਹੀਂ ਕਿ ਕੋਈ ਉਸ ਤਕ ਅਪੜ ਸਕੇ। ਸਭ ਕੋਈ ਸੁਣ ਸੁਣ ਕੇ ਹੀ ਅੱਗੋਂ ਲੋਕਾਂ ਨੂੰ ਸੁਣਾ ਰਿਹਾ ਹੈ। ੭. (ਅਕਾਲ ਪੁਰਖ ਦੀ) ਮੂਰਤ ਹੀ ਸਤਿਗੁਰੂ (ਨਾਨਕ) ਵਿਚ ਪ੍ਰਗਟ ਹੋ ਕੇ ਆਈ ਹੈ॥ ੫॥

ਭਾਵ—ਪ੍ਰਭੂ ਤੇ ਸਤਿਗੁਰੂ ਨਾਨਕ ਦੇਵ ਜੀ ਵਿਚ ਕੋਈ ਭਿੰਨ ਭੇਦ ਨਹੀਂ।

੬. ਗੁਰੂ ਜੀ ਦੀ ਉਸਤਤੀ

੧. ਧਿਆਨੁ ਮੂਲੁ ਗੁਰ ਦਰਸਨੋ ਪੂਰਨ ਬ੍ਰਹਮੁ ਜਾਣਿ ਜਾਣੋਈ।
੨. ਪੂਜ ਮੂਲ ਸਤਿਗੁਰੁ ਚਰਣ ਕਰਿ ਗੁਰਦੇਵ ਸੇਵ ਸੁਖ ਹੋਈ।
੩. ਮੰਤ੍ਰ ਮੂਲੁ ਸਤਿਗੁਰੁ ਬਚਨ ਇਕ ਮਨਿ ਹੋਇ ਅਰਾਧੈ ਕੋਈ।
੪. ਮੋਖ ਮੂਲੁ ਕਿਰਪਾ ਗੁਰੂ ਜੀਵਨੁ ਮੁਕਤਿ ਸਾਧ ਸੰਗਿ ਸੋਈ।
੫. ਆਪੁ ਗਣਾਇ ਨ ਪਾਈਐ ਆਪੁ ਗਵਾਇ ਮਿਲੈ ਵਿਰਲੋਈ।
੬. ਆਪੁ ਗਵਾਏ ਆਪ ਹੈ ਸਭ ਕੋ ਆਪਿ ਆਪੇ ਸਭੁ ਕੋਈ।
੭. ਗੁਰੁ ਚੇਲਾ ਚੇਲਾ ਗੁਰੁ ਹੋਈ॥ ੬ ॥

ਪਦ ਅਰਥ - ਜਾਣੋਈ=ਜਾਣਨ ਵਾਲਾ। ਮੋਖ ਮੂਲੁ=ਮੁਕਤੀ ਦਾ ਕਾਰਣ।

ਅਰਥ - ੧. ਗੁਰੂ ਦਾ ਦਰਸ਼ਨ ਸਭ ਧਿਆਨਾਂ ਦਾ ਮੂਲ ਹੈ, ਸਤਿਗੁਰੂ ਹੀ ਪੂਰਨ ਬ੍ਰਹਮ ਦਾ ਸਰੂਪ ਹਨ, ਇਸ ਗੱਲ ਨੂੰ ਕੋਈ ਜਾਣਨ ਵਾਲਾ ਹੀ ਜਾਣਦਾ ਹੈ। ੨. ਸਭ ਪੂਜਾ ਦੇ ਮੂਲ ਸਤਿਗੁਰੂ ਦੇ ਚਰਣ ਹਨ, ਜਿਨ੍ਹਾਂ ਦੀ ਪੂਜਾ ਕਰਕੇ ਸਭ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ। ੩. ਸਭ ਮੰਤਰਾਂ ਦਾ ਮੂਲ ਸਤਿਗੁਰੂ ਦੇ (ਅਮੋਲਕ) ਬਚਨ ਹਨ, ਪਰ ਕੋਈ ਵਿਰਲਾ ਹੀ ਇਹਨਾਂ ਬਚਨਾਂ ਦੀ ਅਰਾਧਨਾ ਕਰਦਾ ਹੈ। ੪. ਮੁਕਤੀ ਦਾ ਮਾਰਗ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ, ਸਾਧ ਸੰਗਤ ਵਿਚ ਮਿਲ ਕੇ ਜਵੀਨ-ਮੁਕਤੀ ਪ੍ਰਾਪਤ ਕਰਦਾ ਹੈ। ੫. ਆਪਣਾ ਆਪ ਜਣਾਉਣ ਨਾਲ (ਗੁਰੂ ਦੀ ਕਿਰਪਾ) ਨਹੀਂ ਮਿਲਦੀ। ਆਪਾ ਭਾਵ ਗੁਆ ਕੇ ਕੋਈ ਵਿਰਲਾ ਹੀ ਗੁਰੂ ਦੀ ਕਿਰਪਾ ਪ੍ਰਾਪਤ ਕਰਦਾ ਹੈ। ੬. ਆਪਣਾ ਆਪ ਗੁਵਾਉਣ (ਹਉਮੈ ਛੱਡਣ) ਨਾਲ ਆਪੇ ਦੀ ਸੋਝੀ ਹੁੰਦੀ ਹੈ ਤੇ ਫਿਰ ਹਰ ਕੋਈ ਆਪਣਾ ਆਪ ਹੀ ਦਿਸਦਾ ਤੇ ਸਭ ਕੋਈ ਉਸ ਨੂੰ ਆਪਣਾ ਹੀ ਜਾਣਦਾ ਹੈ। ੭. (ਇਸ ਤਰ੍ਹਾਂ ਦੀ ਸੋਝੀ ਪ੍ਰਾਪਤ ਕਰਨ ਤੋਂ ਬਾਅਦ) ਗੁਰੂ ਦਾ ਚੇਲਾ, ਗੁਰੂ ਰੂਪ ਹੋ ਜਾਂਦਾ ਹੈ॥ ੬॥

੭. ਚਹੁੰ ਜੁਗਾਂ ਦੇ ਧਰਮਾਂ ਦਾ ਵਰਣਨ

੧. ਸਤਿਜੁਗਿ ਪਾਪ ਕਮਾਣਿਆ ਇਕਸ ਪਿਛੈ ਦੇਸੁ ਦੁਖਾਲਾ।
੨. ਤ੍ਰੇਤੈ ਨਗਰੀ ਪੀੜੀਐ ਦੁਆਪੁਰਿ ਪਾਪੁ ਵੰਸੁ ਕੋ ਗਾਲਾ।
੩. ਕਲਿਜੁਗਿ ਬੀਜੈ ਸੋ ਲੁਣੈ ਵਰਤੈ ਧਰਮ ਨਿਆਉ ਸੁਖਾਲਾ।
੪. ਫਲੈ ਕਮਾਣਾ ਤਿਹੁ ਜੁਗੀਂ ਕਲਿਜੁਗਿ ਸਫਲੁ ਧਰਮੁ ਤਤਕਾਲਾ।
੫. ਪਾਪ ਕਮਾਣੈ ਲੇਪੁ ਹੈ ਚਿਤਵੈ ਧਰਮ ਸੁਫਲੁ ਫਲ ਵਾਲਾ।
੬. ਭਾਇ ਭਗਤਿ ਗੁਰਪੁਰਬ ਕਰਿ ਬੀਜਨਿ ਬੀਜੁ ਸਚੀ ਧਰਮਸਾਲਾ।
੭. ਸਫਲ ਮਨੋਰਥ ਪੂਰਣ ਘਾਲਾ॥ ੭॥

ਪਦ ਅਰਥ - ਕਮਾਣਿਆ=ਕਮਾਉਣ ਨਾਲ। ਪੀੜੀਐ=ਪੀੜੀਦੀ ਸੀ। ਵੰਸੁ=ਕੁਲ। ਲੁਣੈ=ਵਢਦਾ ਹੈ। ਘਾਲਾ=ਕਮਾਈ।

ਅਰਥ - ੧. ਸਤਿਜੁਗ ਵਿਚ ਪਾਪ ਕਰਨ ਨਾਲ ਇਕ ਦੇ ਦੋਸ਼ ਬਦਲੇ ਸਾਰਾ ਦੇਸ ਦੁੱਖੀ ਹੁੰਦਾ ਹੈ। ੨. ਤਰੇਤੇ ਜੁਗ ਵਿਚ ਇੱਕ ਦੇ ਦੋਸ਼ ਬਦਲੇ ਸਾਰੀ ਨਗਰੀ ਨੂੰ ਦੰਡ ਦਿੱਤਾ ਜਾਂਦਾ ਸੀ ਤੇ ਦੁਆਪੁਰ ਜੁਗ ਵਿਚ ਪਾਪੀ ਦੀ ਸਾਰੀ ਕੁਲ ਨੂੰ ਨਾਸ ਕਰ ਦਿੱਤਾ ਜਾਂਦਾ ਸੀ। ੩. ਕਲਿਜੁਗ ਵਿਚ ਜੋ ਕੋਈ ਬੀਜਦਾ ਹੈ, ਉਹੋ ਵੱਢਦਾ ਹੈ, (ਇਸ ਜੁਗ ਵਿਚ) ਧਰਮ ਦਾ ਸੌਖਾ ਨਿਆਂ ਵਰਤ ਰਿਹਾ ਹੈ। ੪. ਤਿੰਨਾਂ ਜੁਗਾਂ ਵਿਚ ਕੀਤੇ ਕਰਮਾਂ ਦਾ ਫਲ ਚਿਰਾਕਾ ਮਿਲਦਾ ਸੀ, ਪਰ ਕਲਿਜੁਗ ਵਿਚ ਕੀਤੇ ਕਰਮ ਤਤਕਾਲ ਹੀ ਸੁਖਦਾਈ ਫਲ ਦਿੰਦੇ ਹਨ। ੫. ਪਾਪ ਕਰਨ ਨਾਲ ਹੀ ਉਸ ਦਾ ਦੋਸ਼ ਲੱਗਦਾ ਹੈ, ਪਰ ਧਰਮ ਚਿਤਵਨ ਨਾਲ ਹੀ ਉੱਤਮ ਫਲਾਂ ਨਾਲ ਫਲਦਾ ਹੈ। ੬. ਇਸ ਲਈ ਗੁਰਸਿਖ ਪ੍ਰੇਮਾ-ਭਗਤੀ ਕਰਕੇ ਸੱਚੀ ਧਰਮਸਾਲ ਵਿਚ ਗੁਰਪੁਰਬ ਮਨਾ ਕੇ ਚੰਗੇ ਬੀਜ ਬੀਜਦੇ ਹਨ। ੭. (ਐਸੇ ਗੁਰਸਿੱਖਾਂ ਦੇ ਸਾਰੇ) ਮਨੋਰਥ ਸਫਲ ਹੋ ਜਾਂਦੇ ਹਨ ਤੇ ਉਹਨਾਂ ਦੀ ਕੀਤੀ ਕਮਾਈ ਪੂਰਨ ਹੋ ਜਾਂਦੀ ਹੈ॥ ੭॥

੮. ਕਲਿਜੁਗ ਵਿੱਚ ਨਾਮ ਦੀ ਪ੍ਰਧਾਨਤਾ ਹੈ

੧. ਸਤਿਜੁਗਿ ਸਤਿ ਤ੍ਰੇਤੈ ਜਗਾ ਦੁਆਪੁਰਿ ਪੂਜਾ ਬਾਹਲੀ ਘਾਲਾ।
੨. ਕਲਿਜੁਗਿ ਗੁਰਮੁਖਿ ਨਾਉਂ ਲੈ ਪਾਰਿ ਪਵੈ ਭਵਜਲ ਭਰਨਾਲਾ।
੩. ਚਾਰਿ ਚਰਣ ਸਤਿਜੁਗੈ ਵਿਚਿ ਤ੍ਰੇਤੈ ਚਉਥੈ ਚਰਣ ਉਕਾਲਾ।
੪. ਦੁਆਪੁਰਿ ਹੋਏ ਪੈਰ ਦੁਇ ਇਕਤੈ ਪੈਰ ਧਰੰਮੁ ਦੁਖਾਲਾ।
੫. ਮਾਣੁ ਨਿਮਾਣੈ ਜਾਣਿ ਕੈ ਬਿਨਉ ਕਰੈ ਕਰਿ ਨਦਰਿ ਨਿਹਾਲਾ।
੬. ਗੁਰ ਪੂਰੈ ਪਰਗਾਸੁ ਕਰਿ ਧੀਰਜੁ ਧਰਮ ਸਚੀ ਧਰਮਸਾਲਾ।
੭. ਆਪੇ ਖੇਤੁ ਆਪੇ ਰਖਵਾਲਾ ॥ ੮ ॥

ਪਦ ਅਰਥ - ਜਗਾ=ਜੱਗਾਂ ਕਰਕੇ। ਘਾਲਾ=ਕਮਾਈ। ਭਰਨਾਲਾ=ਸਮੁੰਦਰ। ਉਕਾਲਾ=ਹਟ ਗਿਆ। ਦੁਖਾਲਾ=ਦੁੱਖੀ।

ਅਰਥ - ੧. ਸਤਿਜੁਗ ਵਿਚ ਸੱਚ ਬੋਲਣ ਕਰਕੇ, ਤਰੇਤੇ ਵਿਚ ਜੱਗ ਆਦਿ ਕਰਮਾਂ ਕਰਕੇ ਤੇ ਦੁਆਪਰ ਵਿਚ ਪੂਜਾ ਆਦਿ ਬਹੁਤੇ ਕਰਮ ਕੀਤਿਆਂ (ਮੁਕਤੀ ਪ੍ਰਾਪਤ ਹੁੰਦੀ ਸੀ)। ੨. ਕਲਿਜੁਗ ਵਿਚ ਗੁਰਮੁਖ ਪ੍ਰਭੂ ਦਾ ਨਾਮ ਜਪ ਕੇ ਹੀ ਇਸ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦੇ ਹਨ। ੩. ਸਤਿਜੁਗ ਵਿਚ ਧਰਮ ਦੇ ਚਾਰ ਪੈਰ ਹੁੰਦੇ ਸਨ, ਪਰ ਤਰੇਤੇ ਵਿਚ ਇੱਕ ਪੈਰ ਹਟ ਗਿਆ। ੪. ਦੁਆਪਰ ਵਿਚ ਧਰਮ ਦੇ ਦੋ ਪੈਰ ਹੀ ਰਹਿ ਗਏ ਤੇ ਹੁਣ ਕਲਿਜੁਗ ਵਿਚ ਧਰਮ ਦਾ ਇੱਕ ਪੈਰ ਰਹਿ ਗਿਆ ਹੈ, ਇਸ ਲਈ ਧਰਮ ਦੁੱਖੀ ਹੈ। ੫. ਪ੍ਰਭੂ ਨੂੰ ਨਿਮਾਣਿਆਂ ਨੂੰ ਮਾਣ ਦੇਣ ਵਾਲਾ ਜਾਣ ਕੇ ਧਰਮ ਬੇਨਤੀ ਕਰਦਾ ਹੈ ਪ੍ਰਭੂ ! ਆਪਣੀ ਮਿਹਰ ਦੀ ਨਜ਼ਰ ਨਾਲ ਮੈਨੂੰ ਨਿਹਾਲ ਕਰੋ। ੬. ਧਰਮ ਦੀ ਬੇਨਤੀ ਮੰਨ ਕੇ ਪ੍ਰਭੂ ਨੇ ਪੂਰੇ ਗੁਰੂ (ਨਾਨਕ) ਦਾ ਪ੍ਰਕਾਸ਼ ਕੀਤਾ, ਜਿਸ ਨੇ ਧੀਰਜ ਤੇ ਧਰਮ ਵਾਲੀ ਸੱਚੀ ਧਰਮਸਾਲ ਕਾਇਮ ਕੀਤੀ। ੭. ਆਪਣੀ ਬੀਜੀ ਖੇਤੀ ਦਾ ਪ੍ਰਭੂ ਆਪ ਹੀ ਰਖਵਾਲਾ ਬਣਿਆ ਹੈ। (ਭਾਵ-ਆਪਣੇ ਭਗਤਾਂ ਦੀ ਪ੍ਰਭੂ ਆਪ ਹੀ ਰੱਖਿਆ ਕਰਦਾ ਹੈ) ॥ ੮ ॥

੯. ਨਿਮ੍ਰਤਾ ਹੀ ਸ੍ਰੇਸ਼ਟ ਹੈ

੧. ਜਿਨ੍ਹਾਂ ਭਾਉ ਤਿਨ ਨਾਹਿ ਭਉ ਮੁਚੁ ਭਉ ਅਗੈ ਨਿਭਵਿਆਹਾ।
੨. ਅਗਿ ਤਤੀ ਜਲ ਸੀਅਲਾ ਨਿਵ ਚਲੈ ਸਿਰੁ ਕਰੈ ਉਤਾਹਾ।
੩. ਭਰਿ ਡੁਬੈ ਖਾਲੀ ਤਰੈ ਵਜਿ ਨ ਵਜੈ ਘੜੈ ਜਿਵਾਹਾ।
੪. ਅੰਬ ਸੁਫਲ ਫਲਿ ਝੁਕਿ ਲਹੈ ਦੁਖ ਫਲੁ ਅਰੰਡੁ ਨ ਨਿਵੈ ਤਲਾਹਾ।

੫. ਮਨੁ ਪੰਖੇਰੂ ਧਾਵਦਾ ਸੰਗਿ ਸੁਭਾਇ ਜਾਇ ਫਲ ਖਾਹਾ।
੬. ਧਰਿ ਤਾਰਾਜੂ ਤੋਲੀਐ ਹਉਲਾ ਭਾਰਾ ਤੋਲੁ ਤੁਲਾਹਾ।
੭. ਜਿਣਿ ਹਾਰੈ ਹਾਰੈ ਜਿਣੈ ਪੈਰਾ ਉਤੇ ਸੀਸੁ ਧਰਾਹਾ।
੮. ਪੈਰੀ ਪੈ ਜਗ ਪੈਰੀ ਪਾਹਾ ॥ ੯ ॥

ਪਦ ਅਰਥ - ਮੁਚੁ=ਬਹੁਤ। ਨਿਭਵਿਆਹਾ=ਬੇਡਰ ਹਨ। ਸੀਅਲਾ=ਠੰਢਾ। ਜਿਵਾਹਾ=ਜਿਸ ਤਰ੍ਹਾਂ। ਤਾਰਾਜੂ=ਤੱਕੜੀ।

ਅਰਥ - ੧. ਜਿਨ੍ਹਾਂ ਜੀਵਾਂ ਨੇ ਪ੍ਰਭੂ ਦਾ ਡਰ ਮੰਨਿਆ ਹੈ, ਉਹਨਾਂ ਨੂੰ ਜਮਾਂ ਦਾ ਡਰ ਨਹੀਂ ਵਿਆਪਦਾ ਤੇ ਜਿਹੜੇ ਪ੍ਰਭੂ ਦੇ ਡਰ ਨੂੰ ਨਹੀਂ ਮੰਨਦੇ ਉਹਨਾਂ ਨੂੰ ਜਮ ਦਾ ਡਰ ਵਿਆਪਦਾ ਹੈ। ੨. ਅੱਗ ਸਿਰ ਉੱਚਾ ਕਰਦੀ ਹੈ, ਇਸ ਲਈ ਤੱਤੀ ਹੈ ਤੇ ਪਾਣੀ ਸਿਰ ਨੀਵਾਂ ਕਰਕੇ ਚਲਦਾ ਹੈ, ਇਸ ਲਈ ਠੰਢਾ ਹੈ। ੩. ਘੜਾ ਭਰਿਆ ਹੋਵੇ ਤਾਂ ਪਾਣੀ ਵਿਚ ਡੁੱਬ ਜਾਂਦਾ ਹੈ ਤੇ ਖਾਲੀ ਹੋਣ ਕਰਕੇ ਤਰਦਾ ਹੈ, ਭਰਿਆ ਹੋਣ ਕਰਕੇ ਘੜਾ ਵਜਦਾ ਨਹੀਂ, ਖਾਲੀ ਹੋਣ ਕਰਕੇ ਉਸ ਵਿਚੋਂ ਰਾਗ ਦੀਆਂ ਧੁਨਾਂ ਨਿਕਲਦੀਆਂ ਹਨ। ੪. ਅੰਬ ਦਾ ਬੂਟਾ ਝੁਕਦਾ ਹੈ, ਤਾਂ ਹੀ ਉਸ ਨਾਲ ਮਿੱਠੇ ਫਲ ਲੱਗਦੇ ਹਨ ਤੇ ਇਰੰਡ ਦਾ ਬੂਟਾ ਝੁਕਦਾ ਨਹੀਂ, ਇਸ ਲਈ ਉਸ ਨਾਲ ਕੌੜੇ ਫਲ ਲਗਦੇ ਹਨ। ੫. (ਮਨੁੱਖ ਦਾ) ਮਨ ਪੰਛੀ ਵਾਂਗੂੰ ਹਰ ਪਾਸੇ ਦੌੜਦਾ ਫਿਰਦਾ ਹੈ ਤੇ ਉਹ ਜਿਹੋ ਜਿਹੀ ਸੰਗਤ ਕਰਦਾ ਹੈ, ਉਹੋ ਜਿਹਾ ਫਲ ਖਾਂਦਾ ਹੈ। ੬. ਤੱਕੜੀ 'ਤੇ ਜਦੋਂ ਕੋਈ ਵਸਤੂ ਰੱਖ ਕੇ ਤੋਲੀਏ ਤਾਂ ਹੌਲੇ ਭਾਰੇ ਤੋਲ ਦਾ ਪਤਾ ਲੱਗਦਾ ਹੈ (ਨਿਵਣ ਵਾਲਾ ਪਾਸਾ ਭਾਰਾ ਗਿਣਿਆਂ ਜਾਂਦਾ ਹੈ) ੭. ਜਿੱਤਣ ਵਾਲਾ ਹਾਰਦਾ ਹੈ ਤੇ ਹਾਰਨ ਵਾਲਾ ਜਿੱਤ ਜਾਂਦਾ ਹੈ, ਪੈਰਾਂ ਉਤੇ ਹੀ ਸਿਰ ਧਰਿਆ ਜਾਂਦਾ ਹੈ। ੮. ਜਿਹੜਾ (ਗੁਰਾਂ ਦੀ) ਪੈਰੀਂ ਪਿਆ ਹੈ, ਉਸ ਦੇ ਪੈਰਾਂ 'ਤੇ ਸਾਰਾ ਜਗਤ ਪਿਆ ਹੈ॥ ੯ ॥

੧੦. ਜੈਸੀ ਭਾਵਨੀ ਤੈਸਾ ਫਲ

੧. ਸਚੁ ਹੁਕਮੁ ਸਚੁ ਲੇਖੁ ਹੈ ਸਚੁ ਕਾਰਣੁ ਕਰਿ ਖੇਲੁ ਰਚਾਇਆ।
੨. ਕਾਰਣੁ ਕਰਤੇ ਵਸਿ ਹੈ ਵਿਰਲੈ ਦਾ ਓਹੁ ਕਰੈ ਕਰਾਇਆ।
੩. ਸੋ ਕਿਹੁ ਹੋਰੁ ਨ ਮੰਗਈ ਖਸਮੈ ਦਾ ਭਾਣਾ ਤਿਸੁ ਭਾਇਆ।
੪. ਖਸਮੈ ਏਵੈ ਭਾਵਦਾ ਭਗਤਿ ਵਛਲੁ ਹੁਇ ਬਿਰਦੁ ਸਦਾਇਆ।
੫. ਸਾਧ ਸੰਗਤਿ ਗੁਰ ਸਬਦੁ ਲਿਵ ਕਾਰਣੁ ਕਰਤਾ ਕਰਦਾ ਆਇਆ।
੬. ਬਾਲ ਸੁਭਾਇ ਅਤੀਤ ਜਗਿ ਵਰ ਸਰਾਪ ਦਾ ਭਰਮੁ ਚੁਕਾਇਆ।
੭. ਜੇਹਾ ਭਾਉ ਤੇਹੋ ਫਲੁ ਪਾਇਆ ॥ ੧੦ ॥

ਪਦ ਅਰਥ - ਲੇਖੁ=ਮਸਤਕ ਦਾ ਲਿਖਿਆ ਹੋਇਆ। ਖੇਲੁ=ਕੌਤਕ। ਵਿਰਲੈ ਦਾ=ਭਗਤ-ਜਨਾਂ ਦਾ। ਅਤੀਤ=ਵੈਰਾਗਵਾਨ। ਭਰਮੁ=ਸੰਕਲਪ।

ਅਰਥ - ੧. (ਅਕਾਲ ਪੁਰਖ ਆਪ ਸੱਚਾ ਹੈ, ਇਸ ਲਈ ਉਸ ਦਾ) ਹੁਕਮ ਵੀ ਸੱਚਾ ਹੈ, ਉਸ ਦਾ ਲਿਖਿਆ ਲੇਖ ਵੀ ਸੱਚਾ ਹੈ ਤੇ ਉਸ ਨੇ ਸੱਚਾ ਕਾਰਣ ਕਰਕੇ ਇਸ ਬ੍ਰਹਿਮੰਡ ਦਾ ਖੇਲ ਰਚਾਇਆ ਹੈ। ੨. ਸਭ ਕਾਰਣ ਕਰਤੇ ਦੇ ਆਪਣੇ ਵਸ ਵਿਚ ਹਨ, ਪਰ ਕਦੀ ਕਦੀ ਕਿਸੇ ਵਿਰਲੇ (ਭਗਤ-ਜਨ) ਦਾ ਕਿਹਾ ਵੀ ਕਰ ਲੈਂਦਾ ਹੈ। ੩. (ਏਡੇ ਵੱਡੇ ਦਰਜੇ ਵਾਲਾ ਭਗਤ ਵੀ ਇਸ ਗੁਣ ਵਾਲਾ ਹੈ ਕਿ ਉਹ) ਹੋਰ ਕਿਸੇ ਕੋਲੋਂ ਕੁਛ ਮੰਗਦਾ ਹੀ ਨਹੀਂ, ਉਸ ਨੂੰ ਆਪਣੇ ਮਾਲਕ (ਪ੍ਰਭੂ) ਦਾ ਭਾਣਾ ਹੀ ਚੰਗਾ ਲੱਗਦਾ ਹੈ। ੪. ਪਾਰਬ੍ਰਹਮ ਨੂੰ ਵੀ ਇਹੋ ਭਾਉਂਦਾ ਹੈ ਕਿ ਉਹ ਆਪਣੇ ਨਾਮ ਦੀ ਪੈਜ ਰੱਖੇ, ਕਿਉਂਕਿ ਉਹ ਭਗਤ ਵਛਲ ਸਦਾਉਂਦਾ ਹੈ। ੫. (ਭਗਤ-ਜਨ ਵੀ) ਸਾਧ ਸੰਗਤ ਵਿਚ ਮਿਲ ਕੇ ਗੁਰੂ ਦੇ ਸ਼ਬਦ ਵਿਚ ਲਿਵ ਲਾਈ ਰੱਖਦੇ ਹਨ ਤੇ ਉਹ ਜਾਣਦੇ ਹਨ ਕਿ ਪ੍ਰਭੂ ਹੀ ਸਭ ਕੁਛ ਕਰਦਾ ਹੈ, (ਇਸ ਲਈ ਜੋ ਕੁਛ ਉਹ ਕਰਦਾ ਹੈ, ਉਹ ਭਲਾ ਹੀ ਹੈ)। ੬. ਪ੍ਰਭੂ ਦਾ ਭਗਤ ਬਾਲਾਂ ਦੇ ਸੁਭਾਵ ਵਾਂਗੂੰ ਜਗਤ ਤੋਂ ਅਤੀਤ (ਵੈਰਾਗਵਾਨ) ਹੋ ਕੇ ਰਹਿੰਦਾ ਹੈ ਤੇ ਉਸ ਨੇ ਵਰ ਤੇ ਸਰਾਪ ਆਦਿ ਦਾ ਭਰਮ ਖਤਮ ਕਰ ਦਿੱਤਾ ਹੈ। ੭. (ਭਗਤ-ਜਨਾਂ ਦਾ ਇਹ ਨਿਸ਼ਚਾ ਹੁੰਦਾ ਹੈ ਕਿ) ਜਿਹੋ ਜਿਹੀ ਕਿਸੇ ਦੀ ਭਾਵਨਾ ਹੁੰਦੀ ਹੈ, ਉਹੋ ਜਿਹਾ ਫਲ ਉਸ ਨੂੰ ਮਿਲਦਾ ਹੈ॥ ੧੦॥

੧੧. ਫਰੀਦਾ ਬੁਰੇ ਦਾ ਭਲਾ ਕਰ

੧. ਅਉਗੁਣ ਕੀਤੇ ਗੁਣ ਕਰੈ ਸਹਜਿ ਸੁਭਾਉ ਤਰੋਵਰ ਹੰਦਾ।
੨. ਵਢਣ ਵਾਲਾ ਛਾਉ ਬਹਿ ਚੰਗੇ ਦਾ ਮੰਦਾ ਚਿਤਵੰਦਾ।
੩. ਫਲ ਦੇ ਵਟ ਵਗਾਇਆਂ ਵਢਣ ਵਾਲੇ ਤਾਰਿ ਤਰੰਦਾ।
੪. ਬੇਮੁਖ ਫਲ ਨਾ ਪਾਇਦੇ ਸੇਵਕ ਫਲ ਅਣਗਣਤ ਫਲੰਦਾ।
੫. ਗੁਰਮੁਖਿ ਵਿਰਲਾ ਜਾਣੀਐ ਸੇਵਕੁ ਸੇਵਕ ਸੇਵ ਕਰੰਦਾ।
੬. ਜਗੁ ਜੋਹਾਰੇ ਚੰਦ ਨੋ ਸਾਇਰ ਲਹਰਿ ਅਨੰਦੁ ਵਧੰਦਾ।
੭. ਜੋ ਤੇਰਾ ਜਗੁ ਤਿਸ ਦਾ ਬੰਦਾ॥ ੧੧॥

ਪਦ ਅਰਥ - ਤਰੋਵਰ=ਬ੍ਰਿਛ। ਚਿਤਵੰਦਾ=ਚਿਤਵਦਾ ਹੈ। ਤਾਰਿ=ਨਦੀ। ਬੰਦਾ=ਦਾਸ।

ਅਰਥ - ੧. ਬ੍ਰਿਛ ਦਾ ਇਹ ਸ਼ਾਂਤੀ ਵਾਲਾ ਸੁਭਾਵ ਹੈ ਕਿ ਉਹ ਔਗੁਣ ਕਰਨ ਵਾਲੇ ਨਾਲ ਵੀ ਗੁਣ (ਉਪਕਾਰ) ਕਰਦਾ ਹੈ। ੨. ਬ੍ਰਿਛ ਦੇ ਥੱਲੇ ਛਾਵੇਂ ਬੈਠਾ ਤਰਖਾਣ ਉਸ ਚੰਗੇ ਦਾ ਵੀ ਮੰਦਾ ਚਿਤਵਦਾ ਹੈ ਕਿ ਇਹ ਟਾਹਣ ਵੱਢ ਕੇ ਲੈ ਜਾਵਾਂ। ੩. ਵੱਟੇ ਮਾਰਨ ਵਾਲਿਆਂ ਨੂੰ ਵੀ ਬ੍ਰਿਛ ਫਲ ਦੇਂਦਾ ਹੈ ਵੱਢਣ ਵਾਲੇ ਨੂੰ (ਬੇੜੀ 'ਤੇ ਚੜ੍ਹਾ ਕੇ) ਨਦੀ ਤੋਂ ਪਾਰ ਕਰਦਾ ਹੈ। (ਇਹੋ ਸੁਭਾਵ ਗੁਰਮੁਖਾਂ ਦਾ ਹੁੰਦਾ ਹੈ ਕਿ ਉਹ ਬੁਰੇ ਦਾ ਵੀ ਭਲਾ ਕਰਦੇ ਹਨ)। ੪. ਬੇਮੁਖ (ਮਨਮੁਖ) ਪੁਰਸ਼ ਗੁਰਮੁਖਾਂ ਤੋਂ ਫਲ ਪ੍ਰਾਪਤ ਨਹੀਂ ਕਰਦੇ,

ਪਰ ਸੇਵਕ (ਗੁਰਮੁਖ) ਅਨੇਕਾਂ ਚੰਗੇ ਫਲਾਂ ਨਾਲ ਫਲਦਾ ਹੈ। ੫. ਗੁਰਮੁਖ ਕੋਈ ਵਿਰਲਾ ਹੁੰਦਾ ਹੈ, ਜੋ ਸੇਵਕ ਹੋ ਕੇ ਸੇਵਕਾਂ ਦੀ ਸੇਵਾ ਕਰਦਾ ਹੈ। ੬. ਸਾਰਾ ਜਗਤ (ਦੂਜ ਦੇ) ਚੰਦਰਮਾਂ ਨੂੰ ਨਮਸਕਾਰਾਂ ਕਰਦਾ ਹੈ ਤੇ ਸਮੁੰਦਰ ਆਨੰਦ ਦੀਆਂ ਲਹਿਰਾਂ ਵਧਾਉਂਦਾ ਹੈ (ਭਾਵ ਉਹ ਵੀ ਚੰਦਰਮਾਂ ਨੂੰ ਨਮਸਕਾਰ ਕਰਦਾ ਹੈ)। ੭. (ਹੇ ਪ੍ਰਭੂ !) ਜੋ ਤੇਰਾ ਸੇਵਕ ਬਣਦਾ ਹੈ, ਸਾਰਾ ਜਗਤ ਉਸਦਾ ਸੇਵਕ ਬਣ ਕੇ ਸੇਵਾ ਕਰਦਾ ਹੈ॥ ੧੧॥

੧੨. ਗੁਰਮੁਖਾਂ ਦੇ ਬਚਨ ਅਮੋਲਕ ਰਤਨ ਹਨ

੧. ਜਿਉ ਵਿਸਮਾਦੁ ਕਮਾਦੁ ਹੈ ਸਿਰ ਤਲਵਾਇਆ ਹੋਇ ਉਪੰਨਾ।
੨. ਪਹਿਲੇ ਖਲ ਉਖਲਿਕੈ ਟੋਟੇ ਕਰਿ ਕਰਿ ਭੰਨਣਿ ਭੰਨਾ।
੩. ਕੋਲੂ ਪਾਇ ਪੀੜਾਇਆ ਰਸ ਟਟਰਿ ਕਸ ਇੰਨਣ ਵੰਨਾ।
੪. ਦੁਖ ਸੁਖ ਅੰਦਰਿ ਸਬਰੁ ਕਰਿ ਖਾਇ ਅਵਟਣੁ ਜਗ ਧੰਨ ਧੰਨਾ।
੫. ਗੁੜ ਸਕਰੁ ਖੰਡੁ ਮਿਸਰੀ ਗੁਰਮੁਖ ਸੁਖ ਫਲੁ ਸਭ ਰਸ ਬੰਨਾ।
੬. ਪਿਰਮ ਪਿਆਲਾ ਪੀਵਣਾ ਮਰਿ ਮਰਿ ਜੀਵਣੁ ਥੀਵਣੁ ਗੰਨਾ।
੭. ਗੁਰਮੁਖਿ ਬੋਲ ਅਮੋਲ ਰਤੰਨਾ॥ ੧੨॥

ਪਦ ਅਰਥ - ਵਿਸਮਾਦੁ=ਅਸਚਰਜ। ਸਿਰ ਤਲਵਾਇਆ=ਸਿਰ ਹੇਠਾਂ। ਖਲ=ਖੋਰੀ। ਉਖਲਿਕੈ=ਲਾਹ ਕੇ। ਟਟਰਿ=ਕੜਾਹਾ। ਕਸ=ਪੱਛੀਆਂ। ਅਵੱਟਣੁ=ਉਬਾਲੇ।

ਅਰਥ - ੧. ਜਿਵੇਂ ਕਮਾਦ ਦਾ ਅਸਚਰਜ ਰੂਪ ਹੈ, ਜੋ ਸਿਰ ਹੇਠਾਂ ਕਰਕੇ ਪੈਦਾ ਹੁੰਦਾ ਹੈ। ੨. ਪਹਿਲੇ ਉਸ ਦੀ ਖੱਲ (ਖੋਰੀ) ਲਾਹ ਕੇ ਫਿਰ ਟੋਟੇ ਟੋਟੇ ਕੀਤਾ ਜਾਂਦਾ ਹੈ। ੩. ਫਿਰ ਉਸ ਨੂੰ ਵੇਲਣੇ ਵਿਚ ਪੀੜਿਆ ਜਾਂਦਾ ਹੈ, ਉਸ ਦੀ ਰਹੁ ਨੂੰ ਕੜਾਹੇ ਵਿਚ ਪਾਇਆ ਜਾਂਦਾ ਹੈ ਤੇ ਪੱਛੀਆਂ ਨੂੰ ਬਾਲਣ ਵਾਂਗੂੰ (ਬਾਲਿਆ ਜਾਂਦਾ ਹੈ)। ੪. (ਉਹ ਕਮਾਦ) ਦੁੱਖ ਸੁਖ ਨੂੰ ਸਬਰ ਨਾਲ ਸਹਾਰਦਾ ਹੈ ਤੇ ਉਬਾਲੇ ਖਾਂਦਾ ਹੈ। ਸੰਸਾਰ ਉਸ ਨੂੰ ਧੰਨ ਧੰਨ ਕਹਿੰਦਾ ਹੈ। ੫. (ਤਿਵੇਂ) ਗੁੜ, ਸ਼ੱਕਰ, ਖੰਡ ਤੇ ਮਿਸ਼ਰੀ ਵਾਂਗੂੰ ਗੁਰਮੁਖ ਹਨ, ਜੋ ਸਾਰੇ ਸੁਖ ਫਲ ਤੇ ਰਸਾਂ ਦਾ ਆਸਰਾ ਹਨ। ੬. (ਗੁਰਮੁਖ) ਪ੍ਰੇਮ ਪਿਆਲਾ ਪੀ ਕੇ ਗੰਨੇ ਵਾਂਗੂੰ ਮਰ ਕੇ ਜੀਵਨ-ਮੁਕਤ ਹੋ ਜਾਂਦੇ ਹਨ। ੭. ਗੁਰਮੁਖਾਂ ਦੇ ਬਚਨ ਅਮੋਲਕ ਰਤਨ ਹਨ (ਜੋ ਗੰਨੇ ਵਾਂਗੂੰ ਮਿੱਠੇ ਤੇ ਪਿਆਰੇ ਹਨ)॥ ੧੨॥

੧੩. ਗੁਰਮੁਖ ਅਜਰ ਨੂੰ ਜਰਦਾ ਹੈ

੧. ਗੁਰੁ ਦਰੀਆਉ ਅਮਾਉ ਹੈ ਲਖ ਦਰੀਆਉ ਸਮਾਉ ਕਰੰਦਾ।
੨. ਇਕਸ ਇਕਸ ਦਰੀਆਉ ਵਿਚਿ ਲਖ ਤੀਰਥ ਦਰੀਆਉ ਵਹੰਦਾ।

੩. ਇਕਤੁ ਇਕਤੁ ਵਾਹੜੈ ਕੁਦਰਤਿ ਲਖ ਤਰੰਗ ਉਠੰਦਾ।
੪. ਸਾਇਰ ਸਣੁ ਰਤਨਾਵਲੀ ਚਾਰਿ ਪਦਾਰਥੁ ਮੀਨ ਤਰੰਦਾ।
੫. ਇਕਤੁ ਲਹਿਰ ਨ ਪੁਜਨੀ ਕੁਦਰਤਿ ਅੰਤੁ ਨ ਅੰਤ ਲਹੰਦਾ।
੬. ਪਿਰਮ ਪਿਆਲੇ ਇਕ ਬੂੰਦ ਗੁਰਮੁਖ ਵਿਰਲਾ ਅਜਰੁ ਜਰੰਦਾ।
੭. ਅਲਖ ਲਖਾਇ ਨ ਅਲਖੁ ਲਖੰਦਾ ॥ ੧੩ ॥

ਪਦ ਅਰਥ - ਅਮਾਉ=ਮਿਣਤੀ ਤੋਂ ਰਹਿਤ। ਸਮਾਉ=ਸਮਾਈ। ਵਾਹੜੈ=ਪ੍ਰਵਾਹ। ਮੀਨ=ਮੱਛੀ।

ਅਰਥ - ੧. ਗੁਰੂ ਰੂਪ ਦਰਿਆ ਮਿਣਤੀ ਤੋਂ ਰਹਿਤ ਹੈ, ਇਸ ਵਿਚ ਲੱਖਾਂ ਦਰਿਆਵਾਂ (ਸੇਵਕਾਂ) ਦੀ ਸਮਾਈ ਹੁੰਦੀ ਹੈ। ੨. (ਉਸ) ਇੱਕ ਇੱਕ ਦਰਿਆ ਵਿਚ ਲੱਖਾਂ ਤੀਰਥਾਂ ਦੇ ਦਰਿਆ ਵਗਦੇ ਹਨ (ਭਾਵ ਇੱਕ ਗੁਰੂ ਦੇ ਸਿੱਖ ਦਾ ਦਰਸ਼ਨ ਲੱਖਾਂ ਤੀਰਥਾਂ ਵਰਗਾ ਫਲਦਾਇਕ ਹੈ)। ੩. ਉਹਨਾਂ ਦੇ ਇੱਕ ਇੱਕ ਪ੍ਰਵਾਹ ਵਿਚ ਲੱਖਾਂ ਕੁਦਰਤੀ ਤਰੰਗ ਉੱਠਦੇ ਹਨ (ਭਾਵ ਇੱਕ ਗੁਰਮੁਖ ਦੀ ਸੰਗਤ ਨਾਲ ਲੱਖਾਂ ਦਾ ਉਧਾਰ ਹੁੰਦਾ ਹੈ)। ੪. ਸਮੁੰਦਰ ਕਈ ਰਤਨਾਂ ਤੇ ਚਾਰ ਪਦਾਰਥਾਂ ਸਮੇਤ ਮੱਛੀ ਵਾਂਗੂ (ਗੁਰ-ਦਰਿਆ) ਵਿਚ ਤਰਦਾ ਹੈ। ੫. (ਉਹ ਰਤਨ ਤੇ ਚਾਰੇ ਪਦਾਰਥ ਗੁਰੂ ਦੀ) ਇਕ ਲਹਿਰ (ਬਚਨ) ਤਕ ਨਹੀਂ ਪੁੱਜ ਸਕਦੇ ਤੇ ਗੁਰਾਂ ਦੀ ਸ਼ਕਤੀ ਦਾ ਅੰਤ ਨਹੀਂ ਪਾ ਸਕਦੇ। ੬. (ਸਤਿਗੁਰੂ ਦੇ) ਪ੍ਰੇਮ-ਪਿਆਲੇ ਦੀ ਇੱਕ ਬੂੰਦ ਅਜਰ ਵਸਤੂ ਹੈ, ਉਸ ਅਜਰ ਵਸਤੂ ਨੂੰ ਕੋਈ ਗੁਰਮੁਖ ਹੀ ਜਾਣਦਾ ਹੈ। ੭. (ਉਹ ਗੁਰਮੁਖ ਉਸ) ਅਲਖ ਨੂੰ ਜਾਣ ਤਾਂ ਲੈਂਦਾ ਹੈ, ਪਰ ਅੱਗੋਂ ਕਿਸੇ ਨੂੰ ਜਣਾਉਂਦਾ ਨਹੀਂ (ਕਿ ਮੈਂ ਕੁਛ ਪ੍ਰਾਪਤ ਕਰ ਲਿਆ ਹੈ)॥੧੩॥

੧੪. ਪ੍ਰਭੂ ਦੀ ਮਹਿਮਾ ਬੇਅੰਤ ਹੈ

੧. ਬ੍ਰਹਮੇ ਥਕੇ ਬੇਦ ਪੜਿ ਇੰਦ੍ਰ ਇੰਦਾਸਣ ਰਾਜੁ ਕਰੰਦੇ।
੨. ਮਹਾਂਦੇਵ ਅਵਧੂਤ ਹੋਇ ਦਸ ਅਵਤਾਰੀ ਬਿਸਨੁ ਭਵੰਦੇ।
੩. ਸਿਧ ਨਾਥ ਜੋਗੀਸਰਾਂ ਦੇਵੀ ਦੇਵ ਨ ਭੇਵ ਲਹੰਦੇ।
੪. ਤਪੇ ਤਪੀਸੁਰ ਤੀਰਥਾਂ ਜਤੀ ਸਤੀ ਦੇਹ ਦੂਖ ਸਹੰਦੇ।
੫. ਸੇਖਨਾਗ ਸਭ ਰਾਗ ਮਿਲਿ ਸਿਮਰਣੁ ਕਰਿ ਨਿਤਿ ਗੁਣ ਗਾਵੰਦੇ।
੬. ਵਡਭਾਗੀ ਗੁਰਸਿਖ ਜਗਿ ਸਬਦੁ ਸੁਰਤਿ ਸਤਸੰਗਿ ਮਿਲੰਦੇ।
੭. ਗੁਰਮੁਖਿ ਸੁਖ ਫਲੁ ਅਲਖੁ ਲਖੰਦੇ ॥ ੧੪ ॥

ਪਦ ਅਰਥ - ਇੰਦਾਸਣ=ਇੰਦਰ ਦਾ ਸਿੰਘਾਸਨ। ਅਵਧੂਤ=ਤਿਆਗੀ। ਭੇਵ=ਭੇਦ।

ਅਰਥ - ੧. (ਕਈ) ਬ੍ਰਹਮਾ ਵੇਦ ਪੜ੍ਹ ਪੜ੍ਹ ਕੇ ਤੇ (ਕਈ) ਇੰਦਰ ਇੰਦਰਪੁਰੀ ਦਾ ਰਾਜ ਕਰ ਕਰ ਕੇ ਥੱਕ ਗਏ ਹਨ। ੨. (ਕਈ) ਸ਼ਿਵਜੀ ਤਿਆਗੀ ਹੋ ਕੇ ਤੇ (ਕਈ) ਵਿਸ਼ਨੂੰ ਅਵਤਾਰ ਬਣ ਬਣ

ਕੇ ਫਿਰਦੇ ਰਹੇ। ੩. ਸਿੱਧਾਂ, ਨਾਥਾਂ, ਜੋਗੀਸ਼ਰਾਂ, ਦੇਵੀਆਂ ਤੇ ਦੇਵਤਿਆਂ ਆਦਿ ਵਿਚੋਂ ਕਿਸੇ ਨੇ (ਉਸ ਪ੍ਰਭੂ ਦੇ) ਭੇਦ ਨੂੰ ਨਹੀਂ ਪਾਇਆ। ੪. (ਕਈ) ਤਪੀਆਂ ਨੇ ਤੀਰਥਾਂ 'ਤੇ ਤਪ ਕੀਤਾ ਤੇ (ਕਈ) ਜਤੀਆਂ ਸਤੀਆਂ ਨੇ ਸਰੀਰ 'ਤੇ ਕਸ਼ਟ ਸਹਾਰੇ। ੫. ਸ਼ੇਸ਼ਨਾਗ ਨਿੱਤ ਪ੍ਰਭੂ ਦੇ ਗੁਣ ਗਾਉਂਦਾ ਹੈ ਤੇ ਸਾਰੇ ਰਾਗ ਆਪਣੇ ਪਰਿਵਾਰ ਸਮੇਤ ਸਿਮਰਨ ਕਰਦੇ ਹਨ, (ਪਰ ਇਹਨਾਂ ਵਿਚੋਂ ਕੋਈ ਵੀ ਪ੍ਰਭੂ ਦੇ ਭੇਦ ਨੂੰ ਨਹੀਂ ਜਾਣ ਸਕਿਆ। ੬. ਉਹ ਗੁਰਸਿੱਖ ਸੰਸਾਰ ਵਿਚ ਵੱਡੇ ਭਾਗਾਂ ਵਾਲੇ ਹਨ, ਜੋ ਸ਼ਬਦ ਵਿਚ ਸੁਰਤ ਨੂੰ ਜੋੜ ਕੇ ਸਤਿਸੰਗ ਵਿਚ ਜਾਂਦੇ ਹਨ। ੭. ਉਹ ਗੁਰਮੁਖ ਸੁਖ ਫਲ ਪ੍ਰਾਪਤ ਕਰਕੇ ਉਸ ਅਲਖ ਪ੍ਰਭੂ ਨੂੰ ਲਖ ਲੈਂਦੇ ਹਨ॥ ੧੪॥

੧੫. ਨਿਵਹਿ ਸੁ ਗਉਰਾ ਹੋਇ

੧. ਸਿਰ ਤਲਵਾਇਆ ਬਿਰਖੁ ਹੈ ਹੋਇ ਸਹਸ ਫਲ ਸੁਫਲ ਫਲੰਦਾ।
੨. ਨਿਰਮਲੁ ਨੀਰੁ ਵਖਾਣੀਐ ਸਿਰੁ ਨੀਵਾਂ ਨੀਵਾਣਿ ਚਲੰਦਾ।
੩. ਸਿਰੁ ਉਚਾ ਨੀਵੇਂ ਚਰਣ ਗੁਰਮੁਖਿ ਪੈਰੀ ਸੀਸੁ ਪਵੰਦਾ।
੪. ਸਭਦੂ ਨੀਵੀ ਧਰਤਿ ਹੋਇ ਅਨੁ ਧਨੁ ਸਭੁ ਸੈਸਾਰੁ ਸਹੰਦਾ।
੫. ਧੰਨੁ ਧਰਤੀ ਓਹੁ ਥਾਉ ਧੰਨੁ ਗੁਰੁ ਸਿਖ ਸਾਧੂ ਪੈਰੁ ਧਰੰਦਾ।
੬. ਚਰਣ ਧੂੜਿ ਪਰਧਾਨ ਕਰਿ ਸੰਤ ਵੇਦ ਜਸੁ ਗਾਵਿ ਸੁਣੰਦਾ।
੭. ਵਡਭਾਗੀ ਪਾ ਖਾਕ ਲਹੰਦਾ॥ ੧੫॥

ਪਦ ਅਰਥ - ਸਹਸ ਫਲ=ਹਜ਼ਾਰਾਂ ਫਲ। ਪਾ ਖਾਕ=ਚਰਣ ਧੂੜ।

ਅਰਥ - ੧. ਬ੍ਰਿਛ ਆਪਣਾ ਸਿਰ ਹੇਠਾਂ ਰੱਖਦਾ ਹੈ ਤਾਂ ਉਹ ਹਜ਼ਾਰਾਂ ਫਲਾਂ ਨਾਲ ਫਲਦਾ ਹੈ। ੨. ਪਾਣੀ ਸਿਰ ਨੀਵਾਂ ਰੱਖ ਕੇ ਨੀਵਾਣ ਵੱਲ ਚਲਦਾ ਹੈ ਤਦੇ ਹੀ ਉਸ ਨੂੰ ਨਿਰਮਲ ਕਿਹਾ ਜਾਂਦਾ ਹੈ। ੩. ਸਿਰ ਉੱਚਾ ਹੁੰਦਾ ਹੈ ਤੇ ਪੈਰ ਨੀਵੇਂ ਹੁੰਦੇ ਹਨ, ਪਰ ਸਿਰ ਗੁਰਮੁਖਾਂ ਦੀ ਪੈਰੀਂ ਪੈਂਦਾ ਹੈ। ੪. ਸਾਰਿਆਂ ਤੋਂ ਨੀਵੀਂ ਧਰਤੀ ਹੈ, ਪਰ ਉਸ ਤੋਂ ਸਾਰਾ ਸੰਸਾਰ ਅੰਨ ਧਨ ਪ੍ਰਾਪਤ ਕਰਦਾ ਹੈ। ੫. (ਇਸ ਲਈ) ਉਹ ਧਰਤੀ ਤੇ ਉਹ ਥਾਂ ਧੰਨ ਹੈ, ਜਿਥੇ ਗੁਰੂ ਦਾ ਸਿੱਖ ਸਾਧ ਆਪਣਾ ਪੈਰ ਧਰਦਾ ਹੈ। ੬. ਉਹਨਾਂ ਗੁਰਮੁਖਾਂ ਦੀ ਚਰਣ ਧੂੜੀ ਦੀ ਪ੍ਰਧਾਨਤਾ (ਵਡਿਆਈ) ਨੂੰ ਸੰਤ ਤੇ ਵੇਦ ਗਾ ਕੇ ਸੁਣਾਉਂਦੇ ਹਨ। ੭. ਵੱਡੇ ਭਾਗਾਂ ਵਾਲੇ ਹਨ ਉਹ ਪੁਰਸ਼, ਜੋ ਇਸ ਚਰਣ ਧੂੜ ਨੂੰ ਲੈ ਕੇ ਆਪਣੇ ਮਸਤਕ 'ਤੇ ਲਾਉਂਦੇ ਹਨ॥ ੧੫॥

੧੬. ਸਤਿਗੁਰੂ ਨਾਨਕ ਜੀ ਪੂਰਨ ਗੁਰੂ ਹਨ

੧. ਪੂਰਾ ਸਤਿਗੁਰੁ ਜਾਣੀਐ ਪੂਰੇ ਪੂਰਾ ਠਾਟੁ ਬਣਾਇਆ।
੨. ਪੂਰੇ ਪੂਰਾ ਤੋਲੁ ਹੈ ਘਟੈ ਨ ਵਧੈ ਘਟਾਇ ਵਧਾਇਆ।

੩. ਪੂਰੇ ਪੂਰੀ ਮਤਿ ਹੈ ਹੋਰਸੁ ਪੁਛਿ ਨ ਮਤਾ ਪਕਾਇਆ।
੪. ਪੂਰੇ ਪੂਰਾ ਮੰਤੁ ਹੈ ਪੂਰਾ ਬਚਨੁ ਨ ਟਲੈ ਟਲਾਇਆ।
੫. ਸਭੇ ਇਛਾ ਪੂਰੀਆ ਸਾਧਸੰਗਤਿ ਮਿਲਿ ਪੂਰਾ ਪਾਇਆ।
੬. ਵੀਹ ਇਕੀਹ ਉਲੰਘਿਕੈ ਪਤਿ ਪਉੜੀ ਚੜ੍ਹਿ ਨਿਜ ਘਰਿ ਆਇਆ।
੭. ਪੂਰੇ ਪੂਰਾ ਹੋਇ ਸਮਾਇਆ ॥ ੧੬ ॥

ਪਦ ਅਰਥ - ਠਾਟੁ=ਬਣਾਉ। ਮਤਾ=ਗੁਰਮਤਾ।

ਅਰਥ - ੧. ਸਤਿਗੁਰੂ (ਨਾਨਕ ਦੇਵ ਜੀ) ਨੂੰ ਪੂਰਾ ਗੁਰੂ ਜਾਣੋ, (ਕਿਉਂਕਿ) ਉਸ ਪੂਰੇ (ਗੁਰੂ) ਨੇ ਪੂਰਾ ਬਣਾਉ ਬਣਾਇਆ ਹੈ। ੨. ਪੂਰੇ (ਗੁਰੂ) ਦਾ ਤੋਲ (ਵਿਚਾਰ) ਵੀ ਪੂਰਾ ਹੈ ਜੋ ਕਿਸੇ ਦੇ ਯਤਨ ਨਾਲ ਘਟਦਾ ਵਧਦਾ ਨਹੀਂ। ੩. ਪੂਰੇ (ਗੁਰੂ) ਦੀ ਮੱਤ (ਸਿੱਖਿਆ) ਵੀ ਪੂਰੀ ਹੈ, ਕਿਉਂਕਿ ਉਹ ਕਿਸੇ ਤੋਂ ਪੁੱਛ ਕੇ ਕੋਈ ਸਲਾਹ ਨਹੀਂ ਕਰਦਾ। ੪. ਪੂਰੇ (ਗੁਰੂ) ਦਾ ਉਪਦੇਸ਼ ਵੀ ਪੂਰਾ ਹੈ। ਉਸ ਦਾ ਬਚਨ ਵੀ ਪੂਰਾ ਹੈ ਜੋ ਕਿਸੇ ਦੇ ਟਲਾਇਆਂ ਟਲਦਾ ਨਹੀਂ। ੫. ਜਿਸ ਨੇ ਸਾਧ ਸੰਗਤ ਵਿਚ ਮਿਲ ਕੇ ਪੂਰੇ ਗੁਰੂ ਨੂੰ ਲਭ ਲਿਆ ਹੈ, ਉਸ ਦੀਆਂ ਸਭ ਮਨੋਕਾਮਨਾ ਪੂਰਨ ਹੋ ਜਾਂਦੀਆਂ ਹਨ। ੬. ਉਹ ਸਿੱਖ ਸੰਸਾਰਕ ਗਿਣਤੀਆਂ ਨੂੰ ਲੰਘ ਕੇ ਪਤਿ (ਇੱਜ਼ਤ) ਦੀ ਪਉੜੀ ਚੜ੍ਹ ਕੇ ਆਪਣੇ ਘਰ (ਸ੍ਵੈ-ਸਰੂਪ) ਵਿਚ ਪਹੁੰਚ ਜਾਂਦਾ ਹੈ। ੭. (ਅਤੇ ਪੂਰਨ ਹੋ ਕੇ ਪੂਰੇ ਪ੍ਰਭੂ) ਵਿਚ ਸਮਾ ਜਾਂਦਾ ਹੈ॥ ੧੬ ॥

੧੭. ਸਤਿਗੁਰੂ ਸਦਾ ਜਾਗਦਾ ਹੈ

੧. ਸਿਧ ਸਾਧਿਕ ਮਿਲਿ ਜਾਗਦੇ ਕਰਿ ਸਿਵਰਾਤੀ ਜਾਤੀ ਮੇਲਾ।
੨. ਮਹਾਦੇਉ ਅਉਧੂਤੁ ਹੈ ਕਵਲਾਸਣਿ ਆਸਣਿ ਰਸ ਕੇਲਾ।
੩. ਗੋਰਖੁ ਜੋਗੀ ਜਾਗਦਾ ਗੁਰਿ ਮਾਛਿੰਦ੍ਰ ਧਰੀ ਸੁ ਧਰੇਲਾ।
੪. ਸਤਿਗੁਰੁ ਜਾਗਿ ਜਗਾਇਦਾ ਸਾਧਸੰਗਤਿ ਮਿਲਿ ਅੰਮ੍ਰਿਤ ਵੇਲਾ।
੫. ਨਿਜ ਘਰਿ ਤਾੜੀ ਲਾਈਅਨੁ ਅਨਹਦ ਸਬਦ ਪਿਰਮ ਰਸ ਖੇਲਾ।
੬. ਆਦਿ ਪੁਰਖ ਆਦੇਸੁ ਹੈ ਅਲਖ ਨਿਰੰਜਨ ਨੇਹੁ ਨਵੇਲਾ।
੭. ਚੇਲੇ ਤੇ ਗੁਰੁ ਗੁਰੁ ਤੇ ਚੇਲਾ ॥ ੧੭ ॥

ਪਦ ਅਰਥ - ਸਾਧਿਕ=ਸਾਧਨਾ ਕਰਨ ਵਾਲੇ। ਜਾਤੀ=ਯਾਤਰੂ। ਅਉਧੂਤੁ=ਜੋਗੀ। ਕਵਲਾਸਣਿ= ਬ੍ਰਹਮਾ। ਧਰੇਲਾ=ਰਾਣੀ ਦਾ ਨਾਂ ਹੈ।

ਅਰਥ - ੧. ਸਿੱਧ, ਸਾਧਿਕ ਤੇ ਜਾਤ੍ਰੀ ਸ਼ਿਵਰਾਤਰੀ ਦਾ ਮੇਲਾ ਕਰਦੇ ਹਨ ਤੇ ਸਾਰੀ ਰਾਤ ਜਾਗਦੇ ਹਨ। ੨. ਸ਼ਿਵਜੀ ਜੋਗ ਵਿਚ ਮਸਤ ਰਹਿੰਦਾ ਹੈ ਤੇ ਬ੍ਰਹਮਾ ਕੰਵਲ ਦੇ ਆਸਣ ਦਾ ਰਸ ਮਾਣ ਰਿਹਾ ਹੈ।

੩. ਜੋਗੀ ਗੋਰਖ ਜਾਂਗਦਾ ਹੈ, ਉਸਦਾ ਗੁਰੂ ਮਾਛਿੰਦ੍ਰ ਨਾਥ ਧਰੇਲ ਰਾਣੀ ਵਿਚ ਪ੍ਰਵੇਸ਼ ਕਰਕੇ ਆਨੰਦ ਮਾਣਦਾ ਹੈ। ੪. (ਸਤਿਗੁਰੂ ਨਾਨਕ ਦੇਵ ਜੀ) ਆਪ ਜਾਗਦੇ ਹਨ ਤੇ ਅੰਮ੍ਰਿਤ ਵੇਲੇ ਹੋਰ ਸਿੱਖ ਸੰਗਤਾਂ ਨੂੰ ਸਾਧ ਸੰਗਤ ਕਰਨ ਲਈ ਜਗਾਉਂਦੇ ਹਨ। ੫. (ਸਤਿਗੁਰੂ ਜੀ ਤੇ ਉਹਨਾਂ ਦੇ ਸਿੱਖ) ਆਪਣੇ ਸਰੂਪ ਵਿਚ ਸਮਾਧੀ ਲਾਉਂਦੇ ਹਨ ਤੇ ਅਨਹਦ ਸ਼ਬਦ ਤੇ ਪ੍ਰੇਮ-ਰਸ ਵਿਚ ਖੇਡਦੇ ਹਨ। ੬. ਆਦਿ ਪੁਰਖ (ਗੁਰੂ ਨਾਨਕ) ਜੀ ਨੂੰ ਮੇਰੀ ਨਮਸਕਾਰ ਹੈ, ਜਿਸ ਦਾ ਨਿਤ ਨਵਾਂ ਪ੍ਰੇਮ ਅਲਖ ਤੇ ਮਾਇਆ ਰਹਿਤ ਪ੍ਰਭੂ ਨਾਲ ਬਣਿਆਂ ਰਹਿੰਦਾ ਹੈ। ੭. ਉਸਦੇ ਉਪਦੇਸ਼ ਦੀ ਕਮਾਈ ਕਰਕੇ ਚੇਲਾ ਗੁਰੂ ਬਣ ਜਾਂਦਾ ਹੈ ਤੇ ਫਿਰ ਗੁਰੂ ਚੇਲਾ ਰੂਪ ਹੋ ਕੇ ਉਸ ਨੂੰ ਨਮਸਕਾਰ ਕਰਦਾ ਹੈ। (ਭਾਵ ਗੁਰੂ ਤੇ ਚੇਲੇ ਵਿਚ ਕੋਈ ਭਿੰਨ ਭੇਦ ਨਹੀਂ ਰਹਿੰਦਾ)॥ ੧੭॥

੧੮. ਸੱਚ ਸੱਚਾ ਹੈ—ਝੂਠ ਝੂਠਾ ਹੈ

੧. ਬ੍ਰਹਮਾ ਬਿਸਨੁ ਮਹੇਸੁ ਤ੍ਰੈ ਸੈਸਾਰੀ ਭੰਡਾਰੀ ਰਾਜੇ।
੨. ਚਾਰਿ ਵਰਨ ਘਰਬਾਰੀਆ ਜਾਤਿ ਪਾਤਿ ਮਾਇਆ ਮੁਹਤਾਜੇ।
੩. ਛਿਅ ਦਰਸਨ ਛਿਅ ਸਾਸਤ੍ਰਾ ਪਾਖੰਡਿ ਕਰਮ ਕਰਨਿ ਦੇਵਾਜੇ।
੪. ਸੰਨਿਆਸੀ ਦਸ ਨਾਮ ਧਰਿ ਜੋਗੀ ਬਾਰਹ ਪੰਥ ਨਿਵਾਜੇ।
੫. ਦਹਦਿਸਿ ਬਾਰਹ ਵਾਟ ਹੋਇ ਪਰ ਘਰ ਮੰਗਨਿ ਖਾਜ ਅਖਾਜੇ।
੬. ਚਾਰਿ ਵਰਨ ਗੁਰ ਸਿਖ ਮਿਲਿ ਸਾਧਸੰਗਤਿ ਵਿਚਿ ਅਨਹਦ ਵਾਜੇ।
੭. ਗੁਰਮੁਖਿ ਵਰਨ ਅਵਰਨ ਹੋਇ ਦਰਸਨੁ ਨਾਉਂ ਪੰਥ ਸੁਖ ਸਾਜੇ।
੮. ਸਚੁ ਸਚਾ ਕੂੜਿ ਕੂੜੇ ਪਾਜੇ॥ ੧੮॥

ਪਦ ਅਰਥ - ਮੁਹਤਾਜੇ=ਮੁਥਾਜੀ। ਦੇਵਾਜੇ=ਦਿਖਾਵਾ।

ਅਰਥ - ੧. ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਤਿੰਨੇ ਦੇਵਤੇ ਸੰਸਾਰੀ, ਭੰਡਾਰੀ ਤੇ ਪ੍ਰਹਾਰੀ ਰਾਜੇ ਹਨ। ੨. ਚੌਹਾਂ ਵਰਣਾਂ ਦੇ ਲੋਕ ਗ੍ਰਹਿਸਥੀ ਹੋ ਕੇ, ਜਾਤ ਪਾਤ ਤੇ ਮਾਇਆ ਦੇ ਮੁਹਤਾਜ ਹੋ ਕੇ ਫਿਰਦੇ ਹਨ। ੩. ਕੋਈ ਛੇ ਦਰਸ਼ਨਾਂ (ਧਰਮਾਂ) ਤੇ ਕੋਈ ਛੇ ਸ਼ਾਸਤਰਾਂ ਦੇ ਪਾਖੰਡੀ ਕਰਮਾਂ ਵਿਚ ਲੱਗ ਕੇ ਦਿਖਾਵੇ ਦਿਖਾ ਰਹੇ ਹਨ। ੪. ਸੰਨਿਆਸੀਆਂ ਨੇ ਆਪਣੇ ਫਿਰਕਿਆਂ ਦੇ ਦਸ ਨਾਂ ਰੱਖੇ ਹਨ ਤੇ ਕੋਈ ਬਾਰਾਂ ਪੰਥ ਬਣਾਈ ਫਿਰਦੇ ਹਨ। ੫. ਇਹ ਸਾਰੇ ਬਿਪਤਾ ਵਿਚ ਗ੍ਰਸੇ ਹੋਏ ਦਸਾਂ ਦਿਸ਼ਾਂ ਵਿਚ ਭਟਕ ਰਹੇ ਹਨ ਤੇ ਘਰ ਘਰ ਮੰਗ ਕੇ ਧਾਨ ਕੁਧਾਨ ਖਾਂਦੇ ਫਿਰਦੇ ਹਨ। ੬. ਚੌਹਾਂ ਵਰਣਾਂ ਦੇ ਲੋਕ ਗੁਰਸਿੱਖ ਬਣ ਕੇ ਸਾਧ ਸੰਗਤ ਵਿਚ ਮਿਲ ਕੇ ਅਨਹਦ (ਬਾਣੀ ਦਾ) ਉਚਾਰਨ ਕਰਦੇ ਹਨ। ੭. ਗੁਰਮੁਖ ਵਰਣ ਤੇ ਅਵਰਣ ਤੋਂ ਉੱਚੇ ਹੋ ਕੇ ਨਾਮ ਜਪਣ ਦਾ ਸੁਖਦਾਈ ਪੰਥ ਸਾਜਦੇ ਹਨ। ੮. ਸੱਚ ਸਦਾ ਸੱਚ ਹੈ ਤੇ ਝੂਠੇ ਦਾ ਪਾਜ ਝੂਠਾ ਹੈ॥ ੧੮॥

੧੯. ਸਤਿਗੁਰੂ ਗੁਣਾਂ ਦਾ ਸਾਗਰ ਹੈ

੧. ਸਤਿਗੁਰ ਗੁਣੀ ਨਿਧਾਨੁ ਹੈ ਗੁਣ ਕਰਿ ਬਖਸੈ ਅਵਗੁਣਿਆਰੇ।
੨. ਸਤਿਗੁਰੁ ਪੂਰਾ ਵੈਦੁ ਹੈ ਪੰਜੇ ਰੋਗ ਅਸਾਧ ਨਿਵਾਰੇ।
੩. ਸੁਖ ਸਾਗਰੁ ਗੁਰੁਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ।
੪. ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ।
੫. ਗੁਰੁ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੈ ਉਤਾਰੇ।
੬. ਸਤਿਗੁਰੁ ਪੁਰਖੁ ਸੁਜਾਣੁ ਹੈ ਵਡੇ ਅਜਾਣ ਮੁਗਧ ਨਿਸਤਾਰੇ।
੭. ਸਤਿਗੁਰੁ ਆਗੂ ਜਾਣੀਐ ਬਾਹ ਪਕੜਿ ਅੰਧਲੇ ਉਧਾਰੇ।
੮. ਮਾਣੁ ਨਿਮਾਣੇ ਸਦ ਬਲਿਹਾਰੇ ॥ ੧੯ ॥

ਪਦ ਅਰਥ - ਗੁਣੀ ਨਿਧਾਨੁ=ਗੁਣਾਂ ਦਾ ਖਜ਼ਾਨਾ। ਪੰਜੇ ਰੋਗ=(ਕਾਮ ਕ੍ਰੋਧ ਆਦਿ)। ਸੁਜਾਣੁ=ਚਤੁਰ। ਆਗੂ=ਰਾਹ ਦੱਸਣ ਵਾਲਾ।

ਅਰਥ - ੧. ਸਤਿਗੁਰੂ (ਨਾਨਕ ਦੇਵ) ਗੁਣਾਂ ਦਾ ਖਜ਼ਾਨਾ ਹੈ, ਜੋ ਅਵਗੁਣਿਆਰਿਆਂ 'ਤੇ ਮਿਹਰ ਕਰਕੇ ਉਹਨਾਂ ਨੂੰ ਬਖਸ਼ ਲੈਂਦਾ ਹੈ। ੨. ਸਤਿਗੁਰੂ ਪੂਰਾ ਵੈਦ ਹੈ, ਜੋ ਪੰਜ ਅਸਾਧ ਰੋਗਾਂ (ਕਾਮ, ਕਰੋਧ, ਲੋਭ, ਮੋਹ ਤੇ ਅਹੰਕਾਰ) ਨੂੰ ਨਾਸ ਕਰ ਦੇਂਦਾ ਹੈ। ੩. ਸਤਿਗੁਰੂ ਸੁਖਾਂ ਦਾ ਸਮੁੰਦਰ ਹੈ, ਜੋ ਦੁਖੀਆਂ ਦੇ ਦੁੱਖ ਮੇਟ ਕੇ ਤੇ ਸੁਖੀ ਕਰਕੇ ਆਪਣੇ ਨਾਲ ਮੇਲ ਲੈਂਦਾ ਹੈ। ੪. ਪੂਰਾ ਸਤਿਗੁਰੂ ਵੈਰ ਰਹਿਤ ਹੈ, ਜੋ ਨਿੰਦਕਾਂ ਦੋਖੀਆਂ ਤੇ ਬੇਮੁੱਖਾਂ ਨੂੰ ਤਾਰ ਦੇਂਦਾ ਹੈ। ੫. ਪੂਰਾ ਗੁਰੂ ਨਿਰਭਉ (ਨਿਡਰ) ਹੈ, ਜੋ ਜਨਮ ਮਰਨ ਦੇ ਡਰ ਉਤਾਰ ਦੇਂਦਾ ਹੈ। ੬. ਸਤਿਗੁਰੂ ਸੁਜਾਣ (ਚਤੁਰ) ਪੁਰਖ ਹੈ, ਜੋ ਅੰਞਾਣ ਤੇ ਮੂਰਖਾਂ ਨੂੰ ਤਾਰ ਦੇਂਦਾ ਹੈ। ੭. ਸਤਿਗੁਰੂ ਆਗੂ (ਰਾਹ ਦੱਸਣ ਵਾਲਾ ਹੈ) ਹੈ ਤੇ ਜੋ ਅੰਧਲੇ (ਅਗਿਆਨੀਆਂ) ਦੀ ਬਾਂਹ ਫੜ ਕੇ ਉਧਾਰ ਕਰ ਦੇਂਦਾ ਹੈ। ੮. ਨਿਮਾਣਿਆਂ ਨੂੰ ਮਾਣ ਦੇਣ ਵਾਲੇ ਸਤਿਗੁਰੂ ਤੋਂ ਮੈਂ ਸਦਾ ਬਲਿਹਾਰ ਜਾਂਦਾ ਹਾਂ ॥੧੯॥

੨੦. ਸਤਿਗੁਰੂ ਜੀ ਬੰਦੀ-ਛੋੜ ਹਨ

੧. ਸਤਿਗੁਰੁ ਪਾਰਸਿ ਪਰਸਿਐ ਕੰਚਨੁ ਕਰੈ ਮਨੂਰ ਮਲੀਣਾ।
੨. ਸਤਿਗੁਰੁ ਬਾਵਨੁ ਚੰਦਨੋ ਵਾਸੁ ਸੁਵਾਸੁ ਕਰੈ ਲਾਖੀਣਾ।
੩. ਸਤਿਗੁਰੁ ਪੂਰਾ ਪਾਰਿਜਾਤੁ ਸਿੰਮਲੁ ਸਫਲੁ ਕਰੈ ਸੰਗਿ ਲੀਣਾ।
੪. ਮਾਨ ਸਰੋਵਰੁ ਸਤਿਗੁਰੂ ਕਾਗਹੁ ਹੰਸੁ ਜਲਹੁ ਦੁਧੁ ਪੀਣਾ।

੫. ਗੁਰ ਤੀਰਥੁ ਦਰੀਆਉ ਹੈ ਪਸੂ ਪਰੇਤ ਕਰੈ ਪਰਬੀਣਾ।
੬. ਸਤਿਗੁਰ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ।
੭. ਗੁਰਮੁਖਿ ਮਨ ਅਪਤੀਜੁ ਪਤੀਣਾ ॥੨੦॥

ਪਦ ਅਰਥ - ਕੰਚਨੁ=ਸੋਨਾ। ਮਲੀਣਾ=ਮੈਲਾ। ਲਾਖੀਣਾ=ਲੱਖਾਂ ਦਾ। ਪਰਬੀਣਾ=ਚਤੁਰ। ਓਡੀਣਾ=ਉਦਾਸ।

ਅਰਥ - ੧. ਸਤਿਗੁਰੂ (ਨਾਨਕ ਦੇਵ ਜੀ) ਪਾਰਸ ਹਨ, ਜੋ ਮਲੀਨ (ਮਨੂਰ ਰੂਪ) ਪ੍ਰਾਣੀਆਂ ਨੂੰ ਸ਼ੁੱਧ ਸੋਨਾ ਬਣਾ ਦਿੰਦੇ ਹਨ। ੨. ਸਤਿਗੁਰੂ ਜੀ ਬਾਵਨ ਚੰਦਨ ਹਨ, ਜੋ ਆਪਣੀ ਵਾਸ਼ਨਾ ਨਾਲ ਅਨੇਕਾਂ ਸਿੱਖਾਂ ਨੂੰ ਵਾਸ਼ਨਾ ਵਾਲਾ ਬਣਾ ਕੇ ਲੱਖਾਂ ਦਾ ਕਰ ਦਿੰਦੇ ਹਨ। ੩. ਸਤਿਗੁਰੂ ਜੀ ਪੂਰਨ ਕਲਪ ਬ੍ਰਿਛ ਹਨ ਜੋ ਸਿੰਮਲ ਵਾਂਗੂੰ ਨਿਰਗੁਣ ਜੀਵਾਂ ਨੂੰ ਆਪਣੀ ਸੰਗਤ ਨਾਲ ਸਫਲਾ ਕਰ ਦਿੰਦੇ ਹਨ। ੪. ਸਤਿਗੁਰੂ ਜੀ ਮਾਨਸਰੋਵਰ ਹਨ, ਜੋ ਕਾਂ ਵਾਂਗੂੰ ਖੋਟੇ ਜੀਵਾਂ ਨੂੰ ਹੰਸਾਂ ਵਾਂਗੂੰ ਉੱਜਲ ਕਰ ਦਿੰਦੇ ਹਨ। ਫਿਰ ਉਹ ਜੀਵ ਹੰਸਾਂ ਵਾਂਗੂੰ ਜਲ ਤੇ ਦੁੱਧ ਦਾ ਨਿਖੇੜਾ ਕਰਨ ਵਾਲੇ (ਭਾਵ ਖੋਟੇ ਖਰੇ ਦੀ ਪਛਾਣ ਕਰਨ ਵਾਲੇ) ਹੋ ਜਾਂਦੇ ਹਨ। ੫. ਸਤਿਗੁਰੂ ਜੀ ਦਰਿਆ ਵਾਂਗੂੰ ਚਲਦਾ ਤੀਰਥ ਹਨ, ਜੋ ਪਸ਼ੂਆਂ ਤੇ ਪਰੇਤਾਂ ਨੂੰ ਚਤੁਰ ਕਰ ਦਿੰਦੇ ਹਨ। ੬. ਸਤਿਗੁਰੂ ਜੀ ਬੰਦੀ-ਛੋੜ ਹਨ, ਜੋ ਜਨਮ ਮਰਨ ਦੀ ਫਾਹੀ ਕੱਟ ਦਿੰਦੇ ਹਨ ਤੇ ਉਦਾਸ ਹੋਇਆਂ ਨੂੰ ਜੀਵਨ-ਮੁਕਤ ਕਰ ਦਿੰਦੇ ਹਨ। ੭. ਗੁਰਮੁਖ (ਸਤਿਗੁਰੂ ਜੀ) ਦੀ ਸੰਗਤ ਵਿਚ ਆ ਕੇ ਅਪਤੀਜ ਮਨ ਵੀ ਪਤੀਜ ਜਾਂਦਾ ਹੈ (ਭਾਵ ਮਨ ਸ਼ਾਂਤ ਹੋ ਕੇ ਸਹਿਜ ਅਵਸਥਾ ਵਿਚ ਟਿਕ ਜਾਂਦਾ ਹੈ)॥ ੨੦॥

੨੧. ਗੁਰੂ ਨਾਨਕ ਦੇਵ ਜੀ ਦੀ ਵਡਿਆਈ

੧. ਸਿਧ ਨਾਥ ਅਵਤਾਰ ਸਭ ਗੋਸਟਿ ਕਰਿ ਕਰਿ ਕੰਨ ਫੜਾਇਆ।
੨. ਬਾਬਰ ਕੇ ਬਾਬੇ ਮਿਲੇ ਨਿਵਿ ਨਿਵਿ ਸਭ ਨਬਾਬੁ ਨਿਵਾਇਆ।
੩. ਪਤਿਸਾਹਾ ਮਿਲਿ ਵਿਛੁੜੇ ਜੋਗ ਭੋਗ ਛਡਿ ਚਲਿਤੁ ਰਚਾਇਆ।
੪. ਦੀਨ ਦੁਨੀਆ ਦਾ ਪਾਤਿਸਾਹੁ ਬੇਮੁਹਤਾਜੁ ਰਾਜੁ ਘਰਿ ਆਇਆ।
੫. ਕਾਦਰ ਹੋਇ ਕੁਦਰਤਿ ਕਰੇ ਏਹ ਭਿ ਕੁਦਰਤਿ ਸਾਂਗੁ ਬਣਾਇਆ।
੬. ਇਕਨਾ ਜੋੜਿ ਵਿਛੋੜਿਦਾ ਚਿਰੀ ਵਿਛੁੰਨੇ ਆਣਿ ਮਿਲਾਇਆ।
੭. ਸਾਧਸੰਗਤਿ ਵਿਚਿ ਅਲਖੁ ਲਖਾਇਆ ॥੨੧॥

ਪਦ ਅਰਥ - ਗੋਸਟਿ=ਚਰਚਾ। ਬਾਬਰ ਕੇ=ਮੁਗਲ ਬਾਦਸ਼ਾਹ। ਰਾਜੁ ਘਰਿ=ਗਿਆਨ ਦਾ ਘਰ।

ਅਰਥ - ੧. (ਗੁਰੂ ਨਾਨਕ ਦੇਵ ਜੀ ਨੇ) ਸਿੱਧਾਂ, ਨਾਥਾਂ ਆਦਿ ਅਵਤਾਰਾਂ ਨਾਲ ਚਰਚਾ ਕਰਕੇ ਉਹਨਾਂ ਨੂੰ ਕੰਨ ਫੜਾਏ (ਭਾਵ ਆਪਣੇ ਅਧੀਨ ਕੀਤਾ)। ੨. ਬਾਬਰ ਦੇ (ਮੁਗਲ ਹਕੂਮਤ) ਦੇ ਨਵਾਬਾਂ

(ਮੁਸਾਹਿਬਾਂ) ਨੇ ਬਾਬੇ (ਗੁਰੂ ਨਾਨਕ) ਅੱਗੇ ਨਿਉਂ ਕੇ ਨਮਸਕਾਰਾਂ ਕੀਤੀਆਂ। ੩. ਆਪ ਪਾਤਸ਼ਾਹਾਂ ਦੇ ਮੇਲ ਤੋਂ ਵਿਛੜ ਗਏ ਤੇ ਜੋਗ ਭੋਗ ਨੂੰ ਛੱਡ ਕੇ ਨਵਾਂ ਹੀ ਕੌਤਕ ਰਚਿਆ (ਭਾਵ ਦੇਸ ਦੇ ਉਧਾਰ ਲਈ ਸਭ ਕੰਮ ਕਾਰ ਤਿਆਗ ਦਿੱਤਾ)। ੪. ਦੀਨ ਦੁਨੀਆਂ ਦਾ ਪਾਤਸ਼ਾਹ (ਗੁਰੂ ਨਾਨਕ) ਬੇਮੁਹਤਾਜ ਹੋ ਕੇ ਗਿਆਨ ਦੇ ਘਰ ਵਿਚ ਆ ਗਿਆ। ੫. ਕਰਤਾ ਹੋ ਕੇ ਕੁਦਰਤ ਦੀ ਰਚਨਾ ਕਰਦਾ ਹੈ, ਇਹ ਸਾਂਗ (ਸਰੂਪ) ਵੀ ਉਸਦਾ ਬਣਾਇਆ ਹੋਇਆ ਹੈ। ੬. ਇਕਨਾਂ ਜੁੜਿਆਂ ਹੋਇਆਂ ਨੂੰ ਉਹ ਵਿਛੋੜਾ ਦਿੰਦਾ ਹੈ ਤੇ ਇਕਨਾਂ ਚਿਰ ਦੇ ਵਿਛੜਿਆਂ ਨੂੰ ਆਣ ਕੇ (ਪ੍ਰਭੂ) ਨਾਲ ਮੇਲ ਦਿੰਦਾ ਹੈ। ੭. ਸਾਧ ਸੰਗਤ ਵਿਚ ਜਾ ਕੇ ਉਸ ਅਲਖ (ਪ੍ਰਭੂ) ਨੂੰ ਲਖ ਲਈਦਾ ਹੈ॥ ੨੧॥

੨੨. ਸਤਿਗੁਰੂ ਜੀ ਵੱਡੇ ਪਾਤਸ਼ਾਹ ਹਨ

੧. ਸਤਿਗੁਰੁ ਪੂਰਾ ਸਾਹੁ ਹੈ ਤ੍ਰਿਭਵਣ ਜਗੁ ਤਿਸ ਦਾ ਵਣਜਾਰਾ।
੨. ਰਤਨ ਪਦਾਰਥ ਬੇਸੁਮਾਰ ਭਾਉ ਭਗਤਿ ਲਖ ਭਰੇ ਭੰਡਾਰਾ।
੩. ਪਾਰਿਜਾਤ ਲਖ ਬਾਗ ਵਿਚਿ ਕਾਮਧੇਣੁ ਦੇ ਵਗ ਹਜਾਰਾ।
੪. ਲਖਮੀਆਂ ਲਖ ਗੋਲੀਆਂ ਪਾਰਸ ਦੇ ਪਰਬਤੁ ਅਪਾਰਾ।
੫. ਲਖ ਅੰਮ੍ਰਿਤ ਲਖ ਇੰਦ੍ਰ ਲੈ ਹੁਇ ਸਕੈ ਛਿੜਕਨਿ ਦਰਬਾਰਾ।
੬. ਸੂਰਜ ਚੰਦ ਚਰਾਗ ਲਖ ਰਿਧਿ ਸਿਧਿ ਨਿਧਿ ਬੋਹਲ ਅੰਬਾਰਾ।
੭. ਸਭੇ ਵੰਡ ਵੰਡਿ ਦਿਤਿਓਨੁ ਭਾਉ ਭਗਤਿ ਕਰਿ ਸਚੁ ਪਿਆਰਾ।
੮. ਭਗਤਿ ਵਛਲੁ ਸਤਿਗੁਰੁ ਨਿਰੰਕਾਰਾ॥ ੨੨॥

ਪਦ ਅਰਥ - ਪੂਰਾ ਸਾਹੁ=ਵੱਡਾ ਪਾਤਸ਼ਾਹ। ਵਣਜਾਰਾ=ਵਪਾਰੀ। ਪਾਰਿਜਾਤ=ਕਲਪ ਬ੍ਰਿਛ। ਸਕੈ=ਮਾਸ਼ਕੀ। ਚਰਾਗ=ਦੀਵੇ। ਬੋਹਲ=ਖਲਵਾੜੇ।

ਅਰਥ - ੧. ਸਤਿਗੁਰੂ (ਨਾਨਕ ਦੇਵ ਜੀ) ਚੱਕਰਵਰਤੀ (ਵੱਡੇ) ਪਾਤਸ਼ਾਹ ਹਨ, ਤਿੰਨਾਂ ਲੋਕਾਂ ਦੇ ਜੀਵ ਉਹਨਾਂ ਦੇ ਵਪਾਰੀ ਹਨ। ੨. (ਆਪ ਦੇ ਘਰ) ਪ੍ਰੇਮਾ-ਭਗਤੀ ਰੂਪ ਬੇਸ਼ੁਮਾਰ ਰਤਨ ਪਦਾਰਥਾਂ ਦੇ ਲੱਖਾਂ ਹੀ ਖਜ਼ਾਨੇ ਭਰੇ ਹੋਏ ਹਨ। ੩. (ਆਪ ਦੇ ਸਤਿਸੰਗ ਰੂਪੀ) ਬਾਗ ਵਿਚ ਲੱਖਾਂ ਹੀ ਕਲਪ ਬ੍ਰਿਛ ਹਨ ਤੇ ਕਾਮਧੇਨ ਗਊਆਂ ਦੇ ਹਜ਼ਾਰਾਂ ਵੱਗ ਫਿਰਦੇ ਹਨ। ੪. (ਆਪ ਦੇ ਦਰਬਾਰ ਵਿਚ) ਲੱਖਾਂ ਲਛਮੀਆਂ ਟਹਿਲ ਕਰਨ ਲਈ ਗੋਲੀਆਂ ਹਨ ਤੇ ਪਾਰਸ ਦੇ ਬੇਅੰਤ ਪਹਾੜ ਹਨ। ੫. ਆਪ (ਦੇ ਸਤਿਸੰਗ ਰੂਪੀ ਦਰਬਾਰ ਵਿਚ) ਲੱਖਾਂ ਇੰਦਰ ਲੱਖਾਂ ਅੰਮ੍ਰਿਤ ਲੈ ਕੇ ਮਾਸ਼ਕੀ ਬਣ ਕੇ ਛਿੜਕਾ ਕਰਦੇ ਹਨ। ੬. ਸੂਰਜ ਚੰਦਰਮਾਂ ਵਰਗੇ ਲੱਖਾਂ ਦੀਵੇ (ਆਪ ਦੇ ਦਰਬਾਰ ਵਿਚ) ਪ੍ਰਕਾਸ਼ ਕਰਦੇ ਹਨ ਤੇ ਆਪ ਦੇ ਦਰ 'ਤੇ ਰਿੱਧੀਆਂ ਸਿੱਧੀਆਂ ਤੇ ਨਿਧੀਆਂ ਦੇ ਖਲਵਾੜੇ ਭਰੇ ਪਏ ਹਨ। ੭. (ਇਹ ਦਾਤਾਂ ਸਤਿਗੁਰੂ ਜੀ) ਪ੍ਰੇਮਾ-ਭਗਤੀ ਤੇ ਸੱਚ ਨਾਲ ਪਿਆਰ ਕਰਨ ਵਾਲੇ ਗੁਰਸਿੱਖਾਂ ਵਿਚ ਵੰਡ ਦਿੰਦੇ ਹਨ। ੮. ਨਿਰੰਕਾਰ ਸਰੂਪ ਸਤਿਗੁਰੂ (ਨਾਨਕ ਦੇਵ ਜੀ) ਆਪਣੇ ਭਗਤਾਂ (ਗੁਰਸਿੱਖਾਂ) ਦੇ ਪਿਆਰੇ ਹਨ॥ ੨੨॥

੨੩. ਸਮੁੰਦਰ ਵਿਚੋਂ ਨਿਕਲੇ ਚੌਦਾਂ ਰਤਨ

੧. ਖੀਰ ਸਮੁੰਦੁ ਵਿਰੋਲਿ ਕੈ ਕਢਿ ਰਤਨ ਚਉਦਹ ਵੰਡਿ ਲੀਤੇ।
੨. ਮਣਿ ਲਖਮੀ ਪਾਰਿਜਾਤ ਸੰਖੁ ਸਾਰੰਗ ਧਣਖੁ ਬਿਸਨੁ ਵਸਿ ਕੀਤੇ।
੩. ਕਾਮਧੇਣੁ ਤੇ ਅਪਛਰਾਂ ਐਰਾਪਤਿ ਇੰਦ੍ਰਾਸਣਿ ਸੀਤੇ।
੪. ਕਾਲਕੂਟ ਤੇ ਅਰਧ ਚੰਦ ਮਹਾਂਦੇਵ ਮਸਤਕਿ ਧਰਿ ਪੀਤੇ।
੫. ਘੋੜਾ ਮਿਲਿਆ ਸੂਰਜੈ ਮਦੁ ਅੰਮ੍ਰਿਤੁ ਦੇਵ ਦਾਨਵ ਰੀਤੇ।
੬. ਕਰੇ ਧਨੰਤਰੁ ਵੈਦਗੀ ਡਸਿਆ ਤੱਛਕਿ ਮਤਿ ਬਿਪਰੀਤੇ।
੭. ਗੁਰ ਉਪਦੇਸੁ ਅਮੋਲਕਾ ਰਤਨ ਪਦਾਰਥ ਨਿਧਿ ਅਗਣੀਤੇ।
੮. ਸਤਿਗੁਰ ਸਿਖਾਂ ਸਚੁ ਪਰੀਤੇ॥ ੨੩॥

ਪਦ ਅਰਥ - ਵਿਰੋਲਿਕੈ=ਰਿੜਕ ਕੇ। ਕਾਲਕੂਟ=ਜ਼ਹਿਰ। ਰੀਤੇ=ਮਰਯਾਦਾ। ਅਗਣੀਤੇ=ਅਣਗਿਣਤ।

ਅਰਥ - ੧. (ਦੇਵਤਿਆਂ ਤੇ ਰਾਖਸ਼ਾਂ ਨੇ) ਸਮੁੰਦਰ ਨੂੰ ਰਿੜਕ ਕੇ ਚੌਦਾਂ ਰਤਨ ਕੱਢੇ ਤੇ ਉਹਨਾਂ ਨੂੰ ਆਪੋ ਵਿਚ ਵੰਡ ਲਿਆ। ੨. ਕੌਸਤਕ ਮਣੀ, ਲਛਮੀ, ਕਲਪ ਬ੍ਰਿਛ, ਸੰਖ ਤੇ ਸਾਰੰਗ (ਧਨੁਖ) ਇਹ ਪੰਜ ਰਤਨ ਵਿਸ਼ਨੂੰ ਨੇ ਆਪਣੇ ਵਸ ਵਿਚ ਕਰ ਲਏ। ੩. ਕਾਮਧੇਨ ਗਊ, ਰੰਭਾ ਅਪੱਛਰਾਂ ਤੇ ਐਰਾਪਤਿ ਹਾਥੀ ਇਹ ਤਿੰਨ ਰਤਨ ਇੰਦਰ ਨੇ ਸੰਭਾਲ ਲਏ। ੪. ਕਾਲਕੂਟ (ਜ਼ਹਿਰ) ਤੇ ਦੂਜ ਦਾ ਚੰਦ੍ਰਮਾਂ, ਇਹ ਦੋ ਰਤਨ ਸ਼ਿਵਜੀ ਨੇ (ਬੜੇ ਸਤਿਕਾਰ ਨਾਲ) ਮਸਤਕ 'ਤੇ ਧਾਰਨ ਕਰ ਲਏ। ੫. ਉਚੀਸ਼੍ਰਵਾ ਘੋੜਾ ਸੂਰਜ ਨੂੰ ਮਿਲਿਆ। ਸ਼ਰਾਬ ਦਾਨਵਾਂ ਨੂੰ ਤੇ ਅੰਮ੍ਰਿਤ ਦੇਵਤਿਆਂ ਨੂੰ ਮਿਲਣ ਦੀ ਮਰਯਾਦਾ ਕਾਇਮ ਹੋਈ। ੬. ਧਨੰਤਰ ਵੈਦ ਵੈਦਗੀ ਕਰਦਾ ਸੀ, ਪਰ ਪ੍ਰੀਛਤ ਰਾਜਾ ਨੂੰ ਜਦ ਤੱਛਕ ਨਾਗ ਨੇ ਡੱਸਿਆ ਸੀ, ਤਦ ਉਸ ਦੇ ਇਲਾਜ ਕਰਨ ਸਮੇਂ ਧਨੰਤਰ ਵੈਦ ਦੀ ਮੱਤ ਵੀ ਮਾਰੀ ਗਈ ਸੀ (ਜੋ ਮਾਇਆ ਲੈ ਕੇ ਆਪਣੇ ਘਰ ਉੱਠ ਆਇਆ ਸੀ)। ੭. ਗੁਰੂ ਰੂਪ ਸਮੁੰਦਰ ਵਿਚ ਬੇਸ਼ੁਮਾਰ (ਉਪਦੇਸ਼ ਰੂਪੀ) ਅਮੋਲਕ ਰਤਨ ਹਨ, ਜੋ ਆਪ ਆਪਣੇ ਗੁਰਸਿੱਖਾਂ ਨੂੰ ਖੁਲ੍ਹੇ ਦਿਲ ਨਾਲ ਵੰਡਦੇ ਹਨ, ਕੋਈ ਵਿਤਕਰਾ ਨਹੀਂ ਕਰਦੇ। ੮. (ਇਸੇ ਕਰਕੇ) ਸਤਿਗੁਰੂ (ਨਾਨਕ ਜੀ) ਨਾਲ ਸਿੱਖਾਂ ਦੀ ਸੱਚੀ ਪ੍ਰੀਤ ਹੈ॥ ੨੩॥

੨੪. ਸਿੱਖਾਂ ਦਾ ਸਤਿਗੁਰੂ ਜੀ ਨਾਲ ਪ੍ਰੇਮ

੧. ਧਰਮਸਾਲ ਕਰਿ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ।
੨. ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ।

੩. ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ।
੪. ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰੁ ਖਿਲਾਇਆ।
੫. ਬਾਣੀ ਕਰਿ ਸੁਣਿ ਗਾਂਵਦਾ ਕਥੈ ਨ ਸੁਣੈ ਨ ਗਾਵਿ ਸੁਣਾਇਆ।
੬. ਸੇਵਕ ਪਾਸ ਨ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ।
੭. ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।
੮. ਅਜਰੁ ਜਰੈ ਨ ਆਪੁ ਜਣਾਇਆ ॥ ੨੪ ॥

ਪਦ ਅਰਥ - ਬਹੀਦਾ=ਬੈਠਦੇ ਸਨ। ਗੜਿ=ਕਿਲ੍ਹਾ। ਉੱਮਤਿ=ਸਿੱਖ ਸੰਗਤ। ਆਗੂ=ਸ਼੍ਰੋਮਣੀ।

(ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਹਿਲੇ ਸਤਿਗੁਰਾਂ ਨਾਲੋਂ ਤਬਦੀਲ ਹੋਈ ਮਰਯਾਦਾ ਵੇਖ ਕੇ ਕਈ ਲੋਕ ਇਸ ਪ੍ਰਕਾਰ ਵਿਚਾਰ ਕਰਦੇ ਸਨ :—)

ਅਰਥ - ੧. (ਪਹਿਲੇ ਪੰਜੇ ਗੁਰੂ) ਧਰਮਸਾਲ ਬਣਾ ਕੇ ਬੈਠਦੇ ਸਨ, (ਪਰ ਇਹ ਛੇਵਾਂ ਗੁਰੂ) ਇੱਕ ਥਾਂ 'ਤੇ ਨਹੀਂ ਟਿਕਦਾ। ੨. ਪਹਿਲੇ ਗੁਰੂਆਂ ਦੇ ਦਰਬਾਰ ਵਿਚ ਬਾਦਸ਼ਾਹ ਦਰਸ਼ਨਾਂ ਲਈ ਆਉਂਦੇ ਸਨ, ਪਰ ਇਹ ਪਾਤਸ਼ਾਹਾਂ ਦਾ ਚੜ੍ਹਾਇਆ ਕਿਲ੍ਹੇ 'ਤੇ ਚੜ੍ਹਿਆ ਹੈ, (ਭਾਵ ਗਵਾਲੀਅਰ ਦੇ ਕਿਲ੍ਹੇ ਵਿਚ ਕੈਦੀ ਬਣਿਆ ਹੈ)। ੩. ਸਿੱਖ ਸੰਗਤ ਨੂੰ (ਛੇਵੇਂ ਪਾਤਸ਼ਾਹ) ਦੇ ਦਰਸ਼ਨ ਨਸੀਬ ਨਹੀਂ ਹੁੰਦੇ, ਕਿਉਂਕਿ ਇਹ ਦੌੜਿਆ ਫਿਰਦਾ ਹੈ ਤੇ ਕਿਸੇ ਦੇ ਡਰਾਇਆਂ ਡਰਦਾ ਨਹੀਂ। ੪. (ਪੰਜੇ ਗੁਰੂ) ਸਿੰਘਾਸਨ 'ਤੇ ਬੈਠ ਕੇ ਸਿੱਖਾਂ ਨੂੰ ਉਪਦੇਸ਼ ਕਰਦੇ ਸਨ, ਪਰ ਇਹ ਕੁੱਤੇ ਰੱਖ ਕੇ ਸ਼ਿਕਾਰ ਖੇਡਦਾ ਫਿਰਦਾ ਹੈ। ੫. (ਪੰਜੇ ਗੁਰੂ) ਬਾਣੀ ਉਚਾਰਨ ਕਰਕੇ ਸੁਣਾਉਂਦੇ ਸਨ ਤੇ ਗਾਉਂਦੇ ਸਨ, ਪਰ ਇਹ (ਛੇਵਾਂ ਗੁਰੂ) ਨਾ ਬਾਣੀ ਰਚਦਾ ਹੈ, ਨਾ ਸੁਣਦਾ ਹੈ ਤੇ ਨਾ ਹੀ ਗਾ ਕੇ ਸੁਣਾਉਂਦਾ ਹੈ। ੬. (ਛੇਵੇ ਗੁਰੂ ਨੇ) ਸੇਵਕ ਨੂੰ ਤਾਂ ਆਪਣੇ ਪਾਸ ਰੱਖਿਆ ਨਹੀਂ, ਪਰ ਇਹ ਦੋਖੀ ਦੁਸ਼ਟਾਂ (ਪੈਂਦੇ ਖਾਂ ਵਰਗਿਆਂ) ਨੂੰ ਆਗੂ ਬਣਾ ਕੇ ਆਪਣੇ ਕੋਲ ਰੱਖਦਾ ਹੈ। ੭. (ਪਰ) ਸੱਚ ਕਿਸੇ ਦੇ ਲੁਕਾਇਆਂ ਲੁਕਦਾ ਨਹੀਂ, (ਇਸ ਲਈ) ਗੁਰਸਿੱਖ ਸਤਿਗੁਰੂ ਜੀ ਦੇ ਚਰਣ ਕਵਲਾਂ ਦੇ ਭੌਰੇ ਬਣ ਕੇ ਲੁਭਾਇਮਾਨ ਹੁੰਦੇ ਹਨ। ੮. (ਸਿੱਖਾਂ ਦਾ ਇਹ ਨਿਸ਼ਚਾ ਹੈ ਕਿ ਛੇਵੇਂ ਸਤਿਗੁਰਾਂ ਨੇ) ਅਜਰ ਵਸਤੂ ਨੂੰ ਜਰ ਕੇ ਆਪਣਾ ਆਪ ਕਿਸੇ ਨੂੰ ਜਣਾਇਆ ਨਹੀਂ ॥ ੨੪ ॥

੨੫. ਪ੍ਰੇਮ-ਰਸ ਕਠਿਨਤਾ ਨਾਲ ਮਿਲਦਾ ਹੈ

੧. ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ।
੨. ਸਪ ਪਲੇਟੇ ਚੰਨਣੈ ਬੂਹੇ ਜੰਦਾ ਕੁਤਾ ਜਾਗੈ।
੩. ਕਵਲੈ ਕੰਡੇ ਜਾਣੀਅਨਿ ਸਿਆਣਾ ਇਕੁ ਕੋਈ ਵਿਚਿ ਫਾਗੈ।
੪. ਜਿਉ ਪਾਰਸੁ ਵਿਚਿ ਪਥਰਾਂ ਮਣਿ ਮਸਤਕਿ ਜਿਉ ਕਾਲੈ ਨਾਗੈ।

੫. ਰਤਨੁ ਸੋਹੈ ਗਲਿ ਪੋਤ ਵਿਚਿ ਮੈਗਲੁ ਬਧਾ ਕਚੈ ਧਾਗੈ।
੬. ਭਾਵ ਭਗਤਿ ਭੁਖ ਜਾਇ ਘਰਿ ਬਿਦਰੁ ਖਵਾਲੈ ਪਿੰਨੀ ਸਾਗੈ।
੭. ਚਰਣ ਕਵਲ ਗੁਰੁ ਸਿਖ ਭਉਰ ਸਾਧਸੰਗਤ ਸਹਲੰਗੁ ਸਭਾਗੈ।
੮. ਪਿਰਮ ਪਿਆਲੇ ਦੁਤਰੁ ਝਾਗੈ॥ ੨੫॥

ਪਦ ਅਰਥ - ਢਿੰਗਰੀ=ਛਾਪੇ। ਫਾਗੈ=ਹੋਲੀਆਂ। ਪੋਤ=ਕੱਚ ਦੇ ਮਣਕੇ। ਮੈਗਲੁ=ਹਾਥੀ। ਝਾਗੈ=ਲੰਘ ਗਏ।

ਅਰਥ - ੧. ਖੇਤਾਂ ਦੇ ਉਦਾਲੇ ਵਾੜ ਵਾਸਤੇ ਜਿਵੇਂ ਛਾਪੇ ਤੇ ਬਾਗਾਂ ਦੇ ਆਸੇ ਪਾਸੇ ਜਿਵੇਂ ਕਿੱਕਰ ਹੁੰਦੇ ਹਨ। ੨. ਚੰਦਨ ਦੇ ਦੁਆਲੇ ਜਿਵੇਂ ਸੱਪ ਹੁੰਦੇ ਹਨ, ਬੂਹੇ ਨੂੰ ਜੰਦਰਾ ਲੱਗਾ ਹੁੰਦਾ ਹੈ ਤੇ ਕੁੱਤੇ ਜਾਗਦੇ ਹਨ। ੩. ਜਿਵੇਂ ਕੰਵਲ ਨੂੰ ਕੰਡੇ ਜਾਣੀਦੇ ਹਨ ਤੇ ਜਿਵੇਂ ਹੋਲੀਆਂ ਦੇ ਦਿਨਾਂ ਵਿਚ ਕੋਈ ਸਿਆਣਾ, ਇਆਣੇ ਖਰੂਦੀਆਂ ਵਿਚ ਘਿਰ ਜਾਂਦਾ ਹੈ। ੪. ਜਿਵੇਂ ਪਾਰਸ ਪੱਥਰਾਂ ਵਿਚ ਘਿਰਿਆ ਹੁੰਦਾ ਹੈ ਤੇ ਜਿਵੇਂ ਕਾਲੇ ਨਾਗ ਦੇ ਮਸਤਕ ਵਿਚ ਮਣੀ ਹੁੰਦੀ ਹੈ। ੫. ਜਿਵੇਂ ਗਲ ਦੀ ਮਾਲਾ ਦੇ ਕੱਚ ਦੇ ਮਣਕਿਆਂ ਵਿਚ ਰਤਨ ਸ਼ੋਭਦਾ ਹੈ ਤੇ ਜਿਵੇਂ ਹਾਥੀ ਕੱਚੇ ਧਾਗਿਆਂ ਦੇ ਬਣੇ ਰੱਸੇ ਨਾਲ ਬੱਝਾ ਹੁੰਦਾ ਹੈ। ੬. ਜਿਵੇਂ ਕ੍ਰਿਸ਼ਨ ਜੀ ਨੇ ਪ੍ਰੇਮਾ-ਭਗਤੀ ਦੇ ਅਧੀਨ ਹੋ ਕੇ ਬਿਦਰ ਦੇ ਘਰ ਜਾ ਕੇ ਸਾਗ ਦੀ ਪਿੰਨੀ ਖਾਧੀ ਸੀ। ੭. (ਇਸੇ ਤਰ੍ਹਾਂ) ਸਤਿਗੁਰੂਆਂ ਦੇ ਚਰਣ ਕਵਲਾਂ ਤੇ ਸਾਧ ਸੰਗਤ ਨਾਲ ਉੱਤਮ ਭਾਗਾਂ ਵਾਲੇ ਗੁਰਸਿੱਖ ਲੱਗੇ ਹੋਏ ਹਨ। ੮. (ਸੰਸਾਰਕ) ਕਸ਼ਟ ਝਾਗ ਕੇ ਹੀ ਪ੍ਰੇਮ-ਰਸ ਦਾ ਪਿਆਲਾ ਪ੍ਰਾਪਤ ਹੁੰਦਾ ਹੈ॥ ੨੫॥

੨੬. ਮੁਰੀਦ ਮੁਰਦਾ ਹੋ ਕੇ ਗੁਰੂ ਕਬਰ ਵਿਚ ਸਮਾਉਂਦਾ ਹੈ

੧. ਭਵਜਲ ਅੰਦਰਿ ਮਾਨਸਰੁ ਸਤ ਸਮੁੰਦੀ ਗਹਿਰ ਗੰਭੀਰਾ।
੨. ਨਾ ਪਤਣੁ ਨਾ ਪਾਤਣੀ ਪਾਰਾਵਾਰੁ ਨ ਅੰਤੁ ਨ ਚੀਰਾ।
੩. ਨਾ ਬੇੜੀ ਨਾ ਤੁਲਹੜਾ ਵੰਝੀ ਹਾਥਿ ਨ ਧੀਰਕ ਧੀਰਾ।
੪. ਹੋਰੁ ਨ ਕੋਈ ਅਪੜੈ ਹੰਸ ਚੁਗੰਦੇ ਮੋਤੀ ਹੀਰਾ।
੫. ਸਤਿਗੁਰੁ ਸਾਂਗਿ ਵਰਤਦਾ ਪਿੰਡੁ ਵਸਾਇਆ ਫੇਰਿ ਅਹੀਰਾ।
੬. ਚੰਦੁ ਅਮਾਵਸ ਰਾਤਿ ਜਿਉ ਅਲਖੁ ਨ ਲਖੀਐ ਮਛੁਲੀ ਨੀਰਾ।
੭. ਮੁਏ ਮੁਰੀਦ ਗੋਰਿ ਗੁਰ ਪੀਰਾ॥ ੨੬॥

ਪਦ ਅਰਥ - ਮਾਨਸਰੁ=ਮਾਨਸਰੋਵਰ। ਗਹਿਰ ਗੰਭੀਰਾ=ਬਹੁਤ ਡੂੰਘਾ। ਪੀਰਾ=ਪੂਜਨੀਕ। ਗੋਰਿ=ਕਬਰ।

ਅਰਥ - ੧. ਜਗਤ ਅੰਦਰ ਮਾਨਸਰੋਵਰ ਸੱਤਾਂ ਸਮੁੰਦਰਾਂ ਨਾਲੋਂ ਵੀ ਬਹੁਤ ਡੂੰਘਾ ਤੇ ਬਹੁਤ ਪਰਾਂ

ਹੈ। ੨. ਨਾ ਹੀ ਉਸ ਦਾ ਕੋਈ ਘਾਟ ਹੈ ਤੇ ਨਾ ਹੀ ਕੋਈ ਮਲਾਹ ਹੈ ਤੇ ਨਾ ਹੀ ਪਾਰਾਵਾਰ ਤੇ ਹੱਦ ਹੈ। ੩. (ਉਸ ਸਰੋਵਰ ਨੂੰ ਪਾਰ ਕਰਨ ਲਈ) ਨਾ ਕੋਈ ਬੇੜੀ ਹੈ ਤੇ ਨਾ ਹੀ ਕੋਈ ਤੁਲਹਾ ਹੈ। ਨਾ ਕੋਈ ਵੰਝ ਹੈ, ਜਿਸ ਨਾਲ ਉਸ ਦੀ ਡੂੰਘਾਈ ਜਾਣੀ ਜਾ ਸਕੇ। ਨਾ ਹੀ ਕੋਈ ਧੀਰਜ ਦੇਣ ਵਾਲਾ ਹੈ ਤੇ ਨਾ ਹੀ ਧੀਰਜ ਹੈ। ੪. ਉਥੇ ਹੋਰ ਕੋਈ ਨਹੀਂ ਅੱਪੜਦਾ, ਪਰ ਹੰਸ ਉਥੇ ਪਹੁੰਚ ਕੇ ਮੋਤੀਆਂ ਦਾ ਚੋਗਾ ਚੁਗਦੇ ਹਨ। ੫. ਸਤਿਗੁਰੂ ਜੀ ਨੇ ਸਵਾਂਗ ਵਰਤਾਇਆ ਹੈ ਤੇ ਅਹੀਰਾਂ ਦਾ ਪਿੰਡ ਵਸਾਇਆ ਹੈ (ਭਾਵ ਗੋਇਲ ਵਾਸੇ ਸੰਸਾਰ ਵਿਚ ਆਪ ਸਤਿਗੁਰੂ ਜੀ ਮਨੁੱਖੀ ਜਾਮੇ ਵਿਚ ਵੱਸ ਰਹੇ ਹਨ)। ੬. ਮਸਿਆ ਦੀ ਰਾਤ ਦੇ ਚੰਦ੍ਰਮਾਂ ਵਾਂਗੂੰ ਤੇ ਪਾਣੀ ਵਿਚ ਲੁਕੇ ਮੱਛ ਵਾਂਗੂੰ ਸਤਿਗੁਰੂ ਜੀ ਲੁਕੇ ਹੋਏ ਹਨ। ੭. ਜਿਹੜੇ ਮੁਰੀਦ ਜੀਵਤ ਭਾਵ ਤੋਂ ਮਰੇ ਹਨ (ਭਾਵ ਜਿਨ੍ਹਾਂ ਦੀ ਹਉਮੈ ਨਾਸ ਹੋ ਗਈ ਹੈ) ਉਹ ਮੁਰੀਦ ਹੀ ਪੂਜਨੀਕ ਗੁਰੂ ਰੂਪ ਕਬਰ ਵਿਚ ਸਮਾਉਂਦੇ ਹਨ॥ ੨੬॥

੨੭. ਗੁਰਸਿੱਖ ਦੀ ਗੁਰੂ ਨਾਲ ਪ੍ਰੀਤ ਸੱਚੀ ਹੁੰਦੀ ਹੈ

੧. ਮਛੀ ਦੇ ਪਰਵਾਰ ਵਾਂਗਿ ਜੀਵਣਿ ਮਰਣਿ ਨ ਵਿਸਰੈ ਪਾਣੀ।
੨. ਜਿਉ ਪਰਵਾਰੁ ਪਤੰਗ ਦਾ ਦੀਪਕ ਬਾਝੁ ਨ ਹੋਰ ਸੁ ਜਾਣੀ।
੩. ਜਿਉ ਜਲ ਕਵਲੁ ਪਿਆਰੁ ਹੈ ਭਵਰ ਕਵਲ ਕੁਲ ਪ੍ਰੀਤਿ ਵਖਾਣੀ।
੪. ਬੂੰਦ ਬਬੀਹੇ ਮਿਰਗ ਨਾਦ ਕੋਇਲ ਜਿਉ ਫਲ ਅੰਬਿ ਲੁਭਾਣੀ।
੫. ਮਾਨ ਸਰੋਵਰੁ ਹੰਸੁਲਾ ਓਹੁ ਅਮੋਲਕ ਰਤਨਾ ਖਾਣੀ।
੬. ਚਕਵੀ ਸੂਰਜ ਹੇਤੁ ਹੈ ਚੰਦ ਚਕੋਰੈ ਚੋਜ ਵਿਡਾਣੀ।
੭. ਗੁਰਸਿਖ ਵੰਸੀ ਪਰਮ ਹੰਸ ਸਤਿਗੁਰ ਸਹਜਿ ਸਰੋਵਰੁ ਜਾਣੀ।
੮. ਮੁਰਗਾਈ ਨੀਸਾਣੁ ਨੈਸਾਣੀ॥ ੨੭॥

ਪਦ ਅਰਥ - ਬਬੀਹਾ=ਚਾਤ੍ਰਿਕ। ਹੇਤੁ=ਪਿਆਰ।

ਅਰਥ - ੧. (ਜਿਵੇਂ) ਮੱਛੀ ਦੇ ਪਰਿਵਾਰ ਨੂੰ ਜੀਉਂਦਿਆਂ ਮਰਦਿਆਂ ਪਾਣੀ ਨਹੀਂ ਵਿਸਰਦਾ। ੨. ਜਿਵੇਂ ਪਤੰਗੇ ਦਾ ਪਰਿਵਾਰ ਦੀਵੇ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਜਾਣਦਾ। ੩. ਜਿਵੇਂ ਕੰਵਲ ਦਾ ਜਲ ਨਾਲ ਪਿਆਰ ਹੈ, ਜਿਵੇਂ ਭੌਰਿਆਂ ਦੀ ਕੁਲ ਕੰਵਲ ਨਾਲ ਪ੍ਰੀਤ ਕਰਦੀ ਹੈ। ੪. ਜਿਵੇਂ ਬਬੀਹੇ ਦੀ ਸ੍ਵਾਂਤੀ ਬੂੰਦ ਨਾਲ ਪ੍ਰੀਤ ਹੁੰਦੀ ਹੈ, ਹਰਨ ਦਾ ਨਾਦ ਨਾਲ ਪਿਆਰ ਹੁੰਦਾ ਹੈ ਤੇ ਕੋਇਲ ਅੰਬ ਨੂੰ ਵੇਖ ਕੇ ਲੁਭਾਇਮਾਨ ਹੁੰਦੀ ਹੈ। ੫. ਮਾਨਸਰੋਵਰ 'ਤੇ ਹੰਸ ਰਹਿੰਦਾ ਹੈ ਤੇ ਮੋਤੀਆਂ ਦਾ ਅਮੋਲਕ ਖਾਣਾ ਖਾਂਦਾ ਹੈ। ੬. ਚਕਵੀ ਦਾ ਸੂਰਜ ਨਾਲ ਪਿਆਰ ਹੈ ਤੇ ਚੰਦ੍ਰਮਾਂ ਨਾਲ ਚਕੋਰ ਅਸਚਰਜ ਕੌਤਕ ਕਰਦਾ ਹੈ (ਭਾਵ ਚੰਦ੍ਰਮਾਂ ਨੂੰ ਵੇਖ ਕੇ ਚਕੋਰ ਅੱਗ ਖਾਣ ਲੱਗ ਜਾਂਦਾ ਹੈ)। ੭. (ਇਸੇ ਤਰ੍ਹਾਂ) ਗੁਰਸਿੱਖਾਂ ਦੀ ਵੰਸ ਪਰਮਹੰਸ ਹੈ, ਉਹ ਸਤਿਗੁਰਾਂ ਨੂੰ ਸ਼ਾਂਤੀ ਦਾ ਸਰੋਵਰ ਜਾਣਦੀ ਹੈ। ੮. (ਉਹ) ਮੁਰਗਾਈ ਵਾਂਗੂੰ ਨਦੀ ਦੇ ਸਾਹਮਣੇ

ਪਾਣੀ ਵੱਲ ਜਾਂਦੀ ਹੈ (ਭਾਵ ਗੁਰਸਿੱਖ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਜਾਣ ਸਮੇਂ ਸੰਸਾਰਕ ਕਠਿਨਾਈਆਂ ਤੋਂ ਨਹੀਂ ਡਰਦੇ ਅਰ ਆਪਣੀ ਪ੍ਰੀਤ ਨੂੰ ਦ੍ਰਿੜ੍ਹਤਾ ਨਾਲ ਨਿਭਾਉਂਦੇ ਹਨ)॥ ੨੭॥

੨੮. ਗੁਰਮੁਖ ਆਤਮਿਕ ਸੁਖ ਪ੍ਰਾਪਤ ਕਰਦਾ ਹੈ

੧. ਕਛੂ ਅੰਡਾ ਸੇਂਵਦਾ ਜਲ ਬਾਹਰਿ ਧਰਿ ਧਿਆਨੁ ਧਰੰਦਾ।
੨. ਕੂੰਜ ਕਰੇਂਦੀ ਸਿਮਰਣੋ ਪੂਰਣ ਬਚਾ ਹੋਇ ਉਡੰਦਾ।
੩. ਕੁਕੜੀ ਬਚਾ ਪਾਲਦੀ ਮੁਰਗਾਈ ਨੋ ਜਾਇ ਮਿਲੰਦਾ।
੪. ਕੋਇਲ ਪਾਲੈ ਕਾਵਣੀ ਲੋਹੂ ਲੋਹੂ ਰਲੈ ਰਲੰਦਾ।
੫. ਚਕਵੀ ਅਤੇ ਚਕੋਰ ਕੁਲ ਸਿਵ ਸ਼ਕਤੀ ਮਿਲਿ ਮੇਲੁ ਕਰੰਦਾ।
੬. ਚੰਦ ਸੂਰਜੁ ਸੇ ਜਾਣੀਅਨਿ ਛਿਅ ਰੁਤਿ ਬਾਰਹ ਮਾਹ ਦਿਸੰਦਾ।
੭. ਗੁਰਮੁਖਿ ਮੇਲਾ ਸਚ ਦਾ ਕਵੀਆਂ ਕਵਲ ਭਵਰੁ ਵਿਗਸੰਦਾ।
੮. ਗੁਰਮੁਖਿ ਸੁਖ ਫਲੁ ਅਲਖੁ ਲਖੰਦਾ॥ ੨੮॥

ਪਦ ਅਰਥ - ਸੇਂਵਦਾ=ਪਾਲ ਲੈਂਦਾ। ਸਿਵ=ਚੰਦ੍ਰਮਾਂ। ਸ਼ਕਤੀ=ਸੂਰਜ।

ਅਰਥ - ੧. ਕੱਛੂ ਆਪਣੇ ਆਂਡੇ ਨੂੰ ਪਾਣੀ ਤੋਂ ਬਾਹਰ ਧਰਦਾ ਹੈ ਤੇ ਉਸ ਦਾ ਧਿਆਨ ਧਰ ਕੇ ਹੀ ਉਸ ਨੂੰ ਪਾਲ ਲੈਂਦਾ ਹੈ। ੨. ਕੂੰਜ ਵੀ ਆਪਣੇ ਬੱਚੇ ਨੂੰ ਸਿਮਰਦੀ (ਧਿਆਨ ਵਿਚ ਰੱਖਦੀ) ਹੈ ਤੇ ਬੱਚਾ ਪਲ ਕੇ ਉੱਡਣ ਲੱਗ ਜਾਂਦਾ ਹੈ। ੩. ਕੁਕੜੀ ਮੁਰਗਾਬੀ ਦਾ ਬੱਚਾ ਪਾਲਦੀ ਹੈ, ਪਰ ਉਹ ਵੱਡਾ ਹੋ ਕੇ ਆਪਣੀ ਮਾਂ ਨੂੰ ਜਾ ਮਿਲਦਾ ਹੈ। ੪. ਕੋਇਲ ਦੇ ਬੱਚੇ ਨੂੰ ਕਾਉਣੀ ਪਾਲਦੀ ਹੈ, ਪਰ ਜਦ ਉਹ ਸਿਆਣਾ ਹੁੰਦਾ ਹੈ ਤਾਂ ਲਹੂ ਨਾਲ ਲਹੂ ਜਾ ਰਲਦਾ ਹੈ (ਭਾਵ ਕੋਇਲ ਦਾ ਬੱਚਾ ਕੋਇਲ ਨੂੰ ਜਾ ਮਿਲਦਾ ਹੈ)। ੫. ਚਕਵੀ ਦੀ ਕੁਲ ਸੂਰਜ ਨਾਲ ਤੇ ਚਕੋਰ ਦੀ ਕੁਲ ਚੰਦ੍ਰਮਾਂ ਨਾਲ ਪ੍ਰੀਤ ਕਰਦੀ ਹੈ ਤੇ ਉਸ ਨੂੰ ਜਾ ਮਿਲਦੀ ਹੈ। ੬. ਚੰਦ੍ਰਮਾਂ ਤੇ ਸੂਰਜ ਛੇ ਰੁਤਾਂ ਤੇ ਬਾਰਾਂ ਮਹੀਨਿਆਂ ਵਿਚ ਦਿਸਦੇ ਜਾਣੀਦੇ ਹਨ। ੭. ਚੰਦ੍ਰਮਾਂ ਨੂੰ ਵੇਖ ਕੇ ਕੰਮੀਆਂ ਤੇ ਸੂਰਜ ਨੂੰ ਵੇਖ ਕੇ ਕੰਵਲ ਖਿੜਦਾ ਹੈ (ਇਸੇ ਤਰ੍ਹਾਂ) ਗੁਰਮੁਖ ਰੂਪੀ ਭੌਰੇ ਦਾ ਆਪਣੇ ਸਤਿਗੁਰਾਂ ਨਾਲ ਸੱਚਾ ਮੇਲ ਹੈ। ੮. ਗੁਰਮੁਖ (ਆਤਮਿਕ) ਸੁਖ ਫਲ ਨੂੰ ਪ੍ਰਾਪਤ ਕਰਕੇ ਉਸ ਅਲਖ (ਪ੍ਰਭੂ) ਨੂੰ ਲਖ ਲੈਂਦਾ ਹੈ॥ ੨੮॥

੨੯. ਪੁੱਤਰ, ਪਿਉ ਦਾਦੇ ਦੇ ਮਾਰਗ 'ਤੇ ਚਲਦਾ ਹੈ

੧. ਪਾਰਸਵੰਸੀ ਹੋਇ ਕੈ ਸਭਨਾ ਧਾਤੂ ਮੇਲਿ ਮਿਲੰਦਾ।
੨. ਚੰਦਨ ਵਾਸੁ ਸੁਭਾਉ ਹੈ ਅਫਲ ਸਫਲ ਵਿਚਿ ਵਾਸੁ ਧਰੰਦਾ।

੩. ਲਖ ਤਰੰਗੀ ਗੰਗ ਹੋਇ ਨਦੀਆ ਨਾਲੇ ਗੰਗ ਹੋਵੰਦਾ।
੪. ਦਾਵਾ ਦੁਧੁ ਪਿਆਲਿਆ ਪਾਤਿਸਾਹਾ ਕੋਕਾ ਭਾਵੰਦਾ।
੫. ਲੂਣੁ ਖਾਇ ਪਾਤਿਸਾਹ ਦਾ ਕੋਕਾ ਚਾਕਰ ਹੋਇ ਵਲੰਦਾ।
੬. ਸਤਿਗੁਰ ਵੰਸੀ ਪਰਮ ਹੰਸੁ ਗੁਰੁ ਸਿਖ ਹੰਸ ਵੰਸੁ ਨਿਬਹੰਦਾ।
੭. ਪਿਉ ਦਾਦੇ ਦੇ ਰਾਹਿ ਚਲੰਦਾ॥ ੨੯॥

ਪਦ ਅਰਥ - ਵਲੰਦਾ=ਦਿਨ ਬਿਤਾਉਂਦਾ ਹੈ। ਚਲੰਦਾ=ਚਲਦੇ ਹਨ।

ਅਰਥ - ੧. ਪਾਰਸ ਦੀ ਵੰਸ ਦਾ ਪਾਰਸ ਹੋਰ ਧਾਤਾਂ ਨੂੰ ਆਪਣੇ ਨਾਲ ਮੇਲ ਕੇ ਸੋਨਾ ਬਣਾ ਦਿੰਦਾ ਹੈ। ੨. ਚੰਦਨ ਦਾ ਇਹ ਸੁਭਾਵ ਹੈ ਕਿ ਉਹ ਹੋਰ ਅਫਲ ਤੇ ਸਫਲ ਬਿਰਛਾਂ ਵਿਚ ਆਪਣੀ ਵਾਸ਼ਨਾ ਧਰਦਾ ਹੈ। ੩. ਲੱਖਾਂ ਲਹਿਰਾਂ ਵਾਲੀ ਜੋ ਗੰਗਾ ਹੈ ਉਸ ਵਿਚ ਹੋਰ ਅਨੇਕਾਂ ਨਦੀਆਂ ਤੇ ਨਾਲੇ ਮਿਲ ਕੇ ਗੰਗਾ ਦਾ ਰੂਪ ਹੋ ਜਾਂਦੇ ਹਨ। ੪. ਕੋਕਾ (ਪਾਤਸ਼ਾਹ ਨੂੰ ਦੁੱਧ ਪਿਆਉਣ ਵਾਲੀ ਦਾ ਪਤੀ) ਹੁੰਦਾ ਤਾਂ ਨੌਕਰ ਹੈ, ਪਰ ਪਾਤਸ਼ਾਹ 'ਤੇ ਉਸ ਦਾ ਦਾਵ੍ਹਾ ਹੁੰਦਾ ਹੈ ਤੇ ਪਾਤਸ਼ਾਹ ਵੀ ਉਸ ਨੂੰ ਪਿਆਰ ਕਰਦਾ ਹੈ। ੫. ਪਾਤਸ਼ਾਹ ਦਾ ਲੂਣ ਖਾਣ ਕਰਕੇ ਕੋਕਾ ਨੌਕਰ ਹੋ ਕੇ ਦਿਨ ਬਿਤਾਉਂਦਾ ਹੈ। ੬. (ਇਸੇ ਤਰ੍ਹਾਂ) ਸਤਿਗੁਰੂ ਜੀ ਦੀ ਵੰਸ ਦੇ ਪਰਮਹੰਸ (ਗੁਰਸਿੱਖ) ਹੰਸ ਦੀ ਵੰਸ ਵਾਂਗੂੰ ਸਮਾਂ ਬਿਤਾਉਂਦੇ ਹਨ। ੭. ਅਤੇ ਪਿਉ ਦਾਦੇ ਦੇ ਚਲਾਏ ਹੋਏ ਮਾਰਗ 'ਤੇ ਚਲਦੇ ਹਨ॥ ੨੯॥

੩੦. ਗੁਰਸਿੱਖ ਅੰਮ੍ਰਿਤ ਵੇਲੇ ਸਾਧ ਸੰਗਤ ਵਿਚ ਜਾਂਦੇ ਹਨ

੧. ਜਿਉ ਲਖ ਤਾਰੇ ਚਮਕਦੇ ਨੇੜਿ ਨ ਦਿਸੈ ਰਾਤਿ ਅਨੇਰੇ।
੨. ਸੂਰਜੁ ਬਦਲ ਛਾਇਆ ਰਾਤਿ ਨ ਪੁਜੈ ਦਿਹਸੈ ਫੇਰੇ।
੩. ਜੇ ਗੁਰ ਸਾਂਗਿ ਵਰਤਦਾ ਦੁਬਿਧਾ ਚਿਤਿ ਨ ਸਿਖਾਂ ਕੇਰੇ।
੪. ਛਿਅ ਰੁਤੀ ਇਕੁ ਸੁਝੁ ਹੈ ਘੁਘੂ ਸੁਝ ਨ ਸੁਝੈ ਹੇਰੇ।
੫. ਚੰਦਮੁਖੀ ਸੂਰਜਮੁਖੀ ਕਵਲੈ ਭਵਰ ਮਿਲਨਿ ਚਉਫੇਰੇ।
੬. ਸਿਵ ਸਕਤੀ ਨੋ ਲੰਘਿ ਕੈ ਸਾਧਸੰਗਤਿ ਜਾਇ ਮਿਲਨਿ ਸਵੇਰੇ।
੭. ਪੈਰੀ ਪਵਣਾ ਭਲੇ ਭਲੇਰੇ॥ ੩੦॥

ਪਦ ਅਰਥ - ਦਿਹ=ਦਿਨ। ਘੁਘੂ=ਉੱਲੂ। ਸੁਝ=ਸੂਰਜ।

ਅਰਥ - ੧. ਜਿਵੇਂ ਰਾਤ ਨੂੰ ਲੱਖਾਂ ਤਾਰੇ ਚਮਕਦੇ ਹਨ, ਪਰ ਰਾਤ ਦੇ ਹਨੇਰੇ ਕਰਕੇ ਕੋਲ ਪਈ ਚੀਜ਼ ਵੀ ਨਹੀਂ ਦਿਸਦੀ। ੨. ਦਿਨ ਸਮੇਂ ਬੱਦਲ ਭਾਵੇਂ ਸੂਰਜ ਨੂੰ ਚਾਰੇ ਪਾਸਿਆਂ ਤੋਂ ਢੱਕ ਲੈਣ, ਪਰ ਫਿਰ ਵੀ ਰਾਤ ਨਹੀਂ ਪੈਂਦੀ। ੩. ਜੇ ਸਤਿਗੁਰੂ ਕੋਈ ਸਵਾਂਗ (ਕੌਤਕ) ਕਰਦਾ ਹੈ ਤਾਂ ਸਿੱਖਾਂ ਦੇ ਮਨ ਨਹੀਂ ਬਦਲਦੇ,

ਉਹਨਾਂ ਦੇ ਮਨ ਵਿਚ ਕੋਈ ਦੁਬਿਧਾ ਨਹੀਂ ਆਉਂਦੀ। ੪. ਛੇ ਰੁੱਤਾਂ ਵਿਚ ਇਕੋ ਸੂਰਜ ਹੁੰਦਾ ਹੈ, ਪਰ ਉੱਲੂ ਨੂੰ ਸੂਰਜ ਨਹੀਂ ਦਿਸਦਾ (ਇਸੇ ਤਰ੍ਹਾਂ ਮਨਮੁਖਾਂ ਨੂੰ ਗੁਰੂ ਨਹੀਂ ਦਿਸਦਾ)। ੫. ਜੇਕਰ ਸੂਰਜ ਨੂੰ ਵੇਖ ਕੇ ਖਿੜਨ ਵਾਲਾ ਕੰਵਲ ਚੰਦ੍ਰਮਾਂ ਨੂੰ ਵੇਖ ਕੇ ਖਿੜ ਪਵੇ, ਤਦ ਵੀ ਭੌਰੇ ਉਸ ਕੰਵਲ ਨੂੰ ਆ ਮਿਲਦੇ ਹਨ। (ਇਸੇ ਤਰ੍ਹਾਂ ਸਤਿਗੁਰੂ ਜੀ ਭਾਵੇਂ ਕਿਸੇ ਭੇਸ ਵਿਚ ਹੋਣ, ਸਿੱਖ ਉਹਨਾਂ ਨੂੰ ਆ ਮਿਲਦੇ ਹਨ)। ੬. ਗੁਰਸਿੱਖ ਸਤੋ ਤੇ ਤਮੋ ਨੂੰ ਲੰਘ ਕੇ ਅੰਮ੍ਰਿਤ ਵੇਲੇ ਸਾਧ ਸੰਗਤ ਵਿਚ ਸਤਿਗੁਰੂ ਨੂੰ ਜਾ ਮਿਲਦੇ ਹਨ। ੭. ਅਤੇ ਉਥੇ (ਸਤਿਸੰਗਤ ਵਿਚ) ਜਾ ਕੇ ਹੋਰ ਇੱਕ ਭਲੇ ਬੁਰੇ ਨੂੰ ਪੈਰੀਂ ਪੈਣਾ ਕਰਦੇ ਹਨ। (ਭਾਵ ਸਤਿਸੰਗ ਵਿਚ ਹਰ ਸਿੱਖ ਗੁਰਭਾਈ ਹੁੰਦਾ ਹੈ)॥ ੩੦॥

੩੧. ਸਤਿਗੁਰੂ ਦਾ ਦਰਬਾਰ ਸੱਚਾ ਹੈ

੧. ਦੁਨੀਆਵਾ ਪਾਤਿਸਾਹੁ ਹੋਇ ਦੇਇ ਮਰੈ ਪੁਤੈ ਪਾਤਿਸਾਹੀ।
੨. ਦੋਹੀ ਫੇਰੈ ਆਪਣੀ ਹੁਕਮੀ ਬੰਦੇ ਸਭ ਸਿਪਾਹੀ।
੩. ਕੁਤਬਾ ਜਾਇ ਪੜ੍ਹਾਇਦਾ ਕਾਜੀ ਮੁਲਾਂ ਕਰੈ ਉਗਾਹੀ।
੪. ਟਕਸਾਲੈ ਸਿਕਾ ਪਵੈ ਹੁਕਮੈ ਵਿਚਿ ਸੁਪੇਦੀ ਸਿਆਹੀ।
੫. ਮਾਲੁ ਮੁਲਕੁ ਅਪਣਾਇਦਾ ਤਖਤ ਬਖਤ ਚੜ੍ਹਿ ਬੇਪਰਵਾਹੀ।
੬. ਬਾਬਾਣੈ ਘਰਿ ਚਾਲ ਹੈ ਗੁਰਮੁਖਿ ਗਾਡੀ ਰਾਹੁ ਨਿਬਾਹੀ।
੭. ਇਕ ਦੋਹੀ ਟਕਸਾਲ ਇਕ ਕੁਤਬਾ ਤਖਤੁ ਸਚਾ ਦਰਗਾਹੀ।
੮. ਗੁਰਮੁਖਿ ਸੁਖ ਫਲੁ ਦਾਦਿ ਇਲਾਹੀ॥ ੩੧॥

ਪਦ ਅਰਥ-ਬੰਦੇ=ਨੌਕਰ। ਤਖਤ ਬਖਤ=ਰਾਜ ਗੱਦੀ। ਦੋਹੀ=ਪ੍ਰਭੂ ਦੀ ਦੁਹਾਈ। ਦਰਗਾਹੀ=ਸਭਾ। ਦਾਦਿ=ਇਨਸਾਫ਼।

ਅਰਥ - ੧. ਦੁਨੀਆਂ ਦਾ ਬਾਦਸ਼ਾਹ ਆਪਣੇ ਪੁੱਤਰ ਨੂੰ ਰਾਜ-ਗੱਦੀ ਦੇ ਕੇ ਮਰ ਜਾਂਦਾ ਹੈ। ੨. (ਰਾਜ-ਗੱਦੀ 'ਤੇ ਬੈਠਾ ਪੁੱਤਰ) ਆਪਣੀ ਦੁਹਾਈ ਫੇਰਦਾ ਹੈ ਤੇ ਸਭ ਸਿਪਾਹੀ ਉਸ ਦੇ ਹੁਕਮ ਦੇ ਦਾਸ ਹੁੰਦੇ ਹਨ। ੩. (ਮਸੀਤ ਵਿਚ) ਜਾ ਕੇ ਉਹ ਕੁਤਬਾ ਪੜ੍ਹਾਉਂਦਾ ਹੈ, ਸਭ ਕਾਜ਼ੀ ਮੁੱਲਾਂ ਉਸ ਦੀ ਗਵਾਹੀ ਭਰਦੇ ਹਨ। ੪. ਟਕਸਾਲ ਵਿਚੋਂ ਉਸ ਦੇ ਨਾਂ ਦਾ ਸਿੱਕਾ ਚਾਲੂ ਹੋ ਜਾਂਦਾ ਹੈ ਤੇ ਸਭ ਸਿਆਹੀ ਸਫੈਦੀ ਉਸ ਦੇ ਹੁਕਮ ਨਾਲ ਹੁੰਦੀ ਹੈ। ੫. ਉਹ ਸਭ ਮਾਲ ਤੇ ਮੁਲਕ ਨੂੰ ਆਪਣਾ ਬਣਾ ਲੈਂਦਾ ਹੈ, ਭਾਗਾਂ ਵਾਲੇ ਤਖ਼ਤ (ਰਾਜ-ਸਿੰਘਾਸਣ) 'ਤੇ ਬੈਠ ਕੇ ਉਹ ਬੇਪਰਵਾਹੀ ਕਰਦਾ ਹੈ। ੬. (ਪਰ) ਬਾਬਾਣੈ (ਗੁਰੂ ਘਰ) ਵਿਚ ਉਹੋ ਚਾਲ (ਮਰਯਾਦਾ) ਚਲਦੀ ਹੈ। ਜਿਹੜਾ ਗੁਰੂ ਬਣਦਾ ਹੈ, ਉਹ ਗੁਰਮੁਖਾਂ ਵਾਲਾ ਗਾਡੀ ਰਾਹ ਚਲਾਉਂਦਾ ਹੈ। ੭. ਗੁਰੂ ਘਰ ਵਿਚ ਇਕੋ ਅਕਾਲ ਪੁਰਖ ਦੇ ਨਾਂ ਦੀ ਦੁਹਾਈ ਹੈ, ਇਕੋ ਸਤਿਸੰਗ ਰੂਪੀ ਟਕਸਾਲ ਹੈ, ਇਕੋ ਗੁਰਬਾਣੀ ਰੂਪ ਕੁਤਬਾ ਹੈ, ਇਕੋ ਗੁਰ-ਗੱਦੀ ਦਾ ਤਖ਼ਤ ਹੈ ਤੇ ਇਕੋ ਨਿਆਂ ਕਰਨ ਵਾਲਾ ਸੱਚਾ ਦਰਬਾਰ ਹੈ। ੮. ਪ੍ਰਭੂ ਦਾ ਨਿਆਂ ਇਹ ਹੈ ਕਿ ਗੁਰਮੁਖਾਂ ਨੂੰ ਸੁਖ ਫਲ ਮਿਲਦਾ ਹੈ॥ ੩੧॥

੩੨. ਦੂਜੇ ਭਾਵ ਵਾਲੇ ਦਾ ਮੰਦਾ ਹਾਲ ਹੁੰਦਾ ਹੈ

੧. ਜੇ ਕੋ ਆਪੁ ਗਣਾਇ ਕੈ ਪਾਤਿਸਾਹਾਂ ਤੇ ਆਕੀ ਹੋਵੈ।
੨. ਹੁਇ ਕਤਲਾਮੁ ਹਰਾਮਖੋਰੁ ਕਾਠੁ ਨ ਖਫਣੁ ਚਿਤਾ ਨ ਟੋਵੈ।
੩. ਟਕਸਾਲਹੁ ਬਾਹਰਿ ਘੜੈ ਖੋਟੈਹਾਰਾ ਜਨਮੁ ਵਿਗੋਵੈ।
੪. ਲਿਬਾਸੀ ਫੁਰਮਾਣੁ ਲਿਖਿ ਹੋਇ ਨੁਕਸਾਨੀ ਅੰਝੂ ਰੋਵੈ।
੫. ਗਿਦੜ ਦੀ ਕਰਿ ਸਾਹਿਬੀ ਬੋਲਿ ਕੁਬੋਲੁ ਨ ਅਬਿਚਲੁ ਹੋਵੈ।
੬. ਮੁਹਿ ਕਾਲੈ ਗਦਹਿ ਚੜ੍ਹੈ ਰਾਉ ਪੜੇ ਵੀ ਭਰਿਆ ਧੋਵੈ।
੭. ਦੂਜੈ ਭਾਇ ਕੁਥਾਇ ਖਲੋਵੈ॥ ੩੨॥

ਪਦ ਅਰਥ - ਲਿਬਾਸੀ ਫੁਰਮਾਣੁ=ਝੂਠਾ ਹੁਕਮਨਾਮਾ। ਰਾਉ=ਸਵਾਹ।

ਅਰਥ - ੧. ਜਿਹੜਾ ਆਦਮੀ ਪਾਤਸ਼ਾਹ ਤੋਂ ਆਕੀ ਹੋ ਕੇ ਆਪਣਾ ਆਪ ਜਣਾਉਂਦਾ ਹੈ। ੨. (ਉਸ) ਹਰਾਮਖੋਰ ਨੂੰ ਕਤਲ ਕੀਤਾ ਜਾਂਦਾ ਹੈ, ਉਸ ਦੀ ਦੇਹ ਲਈ ਨਾ ਤਖ਼ਤਾ ਮਿਲਦਾ ਹੈ, ਨਾ ਖੱਫਣ, ਨਾ ਚਿਤਾ ਤੇ ਨਾ ਹੀ ਕਬਰ ਮਿਲਦੀ ਹੈ। ੩. ਟਕਸਾਲ ਤੋਂ ਬਾਹਰ ਜਿਹੜਾ ਆਦਮੀ ਖੋਟਾ ਸਿੱਕਾ ਘੜਦਾ ਹੈ, ਉਹ ਆਪਣੀ ਜ਼ਿੰਦਗੀ ਐਵੇਂ ਗੁਆ ਲੈਂਦਾ ਹੈ (ਉਸ ਨੂੰ ਬਾਦਸ਼ਾਹ ਵੱਲੋਂ ਸਖਤ ਸਜ਼ਾ ਮਿਲਦੀ ਹੈ)। ੪. ਬਣਾਉਟੀ (ਝੂਠੇ) ਫੁਰਮਾਨ ਲਿਖ ਕੇ ਜਾਰੀ ਕਰਨ ਵਾਲੇ ਦਾ ਨੁਕਸਾਨ ਹੁੰਦਾ ਹੈ ਤੇ (ਅੰਤ ਨੂੰ) ਉਹ ਅੱਖਾਂ ਵਿਚ ਹੰਝੂ ਭਰ ਭਰ ਕੇ ਰੋਂਦਾ ਹੈ। ੫. ਜਿਹੜਾ ਗਿੱਦੜ ਵਾਂਗੂੰ ਪਾਤਸ਼ਾਹੀ ਕਰਦਾ ਹੈ, ਉਹ ਖੋਟੇ ਬੋਲਾਂ ਕਰਕੇ ਅਚਲ ਨਹੀਂ ਹੁੰਦਾ। ੬. ਉਸ ਝੂਠੇ ਦਾ ਮੂੰਹ ਕਾਲਾ ਕਰਕੇ ਖੋਤੇ 'ਤੇ ਚੜ੍ਹਾਇਆ ਜਾਂਦਾ ਹੈ ਉਸ ਦੇ ਸਿਰ ਵਿਚ ਸੁਆਹ ਪੈਂਦੀ ਹੈ ਤੇ ਉਹ ਫਿਰ ਰੋਂਦਾ ਹੈ। ੭. (ਇਸੇ ਤਰ੍ਹਾਂ) ਜਿਹੜਾ ਗੁਰੂ ਘਰ ਵਿਚ ਦੂਜੇ ਭਾਵ ਦਾ ਪ੍ਰਚਾਰ ਕਰਦਾ ਹੈ ਉਹ ਕੁਥਾਂਇੰ ਖਲੋਂਦਾ ਹੈ ਭਾਵ ਉਸ ਦਾ ਮੰਦਾ ਹਾਲ ਹੁੰਦਾ ਹੈ॥ ੩੨॥

੩੩. ਗੁਰੂ-ਵੰਸ਼ ਵਿਚ ਹਉਮੈ ਦੀ ਵਡਿਆਈ

੧. ਬਾਲ ਜਤੀ ਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ।
੨. ਲਖਮੀਦਾਸਹੁ ਧਰਮਚੰਦ ਪੋਤਾ ਹੁਇ ਕੈ ਆਪੁ ਗਣਾਇਆ।
੩. ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ।
੪. ਮੋਹਣੁ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ।
੫. ਮੀਣਾ ਹੋਆ ਪਿਰਥੀਆ ਕਰਿ ਕਰਿ ਤੋਂਢਕ ਬਰਲੁ ਚਲਾਇਆ।

੬. ਮਹਾਦੇਉ ਅਹੰਮੇਉ ਕਰਿ ਕਰਿ ਬੇਮੁਖ ਕੁਤਾ ਭਉਕਾਇਆ।
੭. ਚੰਦਨ ਵਾਸੁ ਨ ਵਾਸ ਬੋਹਾਇਆ ॥ ੩੩ ॥

ਪਦ ਅਰਥ - ਮੀਣਾ=ਮੀਸਣਾ, ਕਪਟੀ। ਬਰਲੁ=ਝੱਲਪੁਣਾ।

ਅਰਥ - ੧. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵੱਡਾ ਪੁੱਤਰ ਸਿਰੀ ਚੰਦ ਬਾਲ-ਜਤੀ ਹੈ, ਜਿਸ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦੇਹੁਰਾ (ਰਾਵੀ ਦੇ ਕੰਢੇ) ਬਣਾਇਆ ਹੈ। ੨. ਦੂਜੇ ਪੁੱਤਰ ਲਖਮੀ ਦਾਸ ਤੋਂ ਧਰਮ ਚੰਦ ਨੇ ਪੈਦਾ ਹੋ ਕੇ ਆਪਣੇ ਆਪ ਨੂੰ ਜਣਾਇਆ ਹੈ। ੩. (ਗੁਰੂ ਅੰਗਦ ਦੇਵ ਜੀ ਦੇ ਪੁੱਤਰ) ਦਾਤੂ ਨੇ (ਆਪਣੇ ਭਰਾ) ਦਾਸੂ ਨੂੰ ਗੋਇੰਦਵਾਲ ਮੰਜੀ 'ਤੇ ਬਿਠਾ ਦਿੱਤਾ ਤੇ ਆਪ ਦਾਤੂ ਸਿੱਧਾਸਣ ਸਿੱਖ ਆਇਆ। (ਗੁਰ-ਗੱਦੀ ਦੇ ਲਾਇਕ ਨਾ ਹੋਣ 'ਤੇ ਵੀ ਆਪਣੇ ਆਪ ਨੂੰ ਗੁਰੂ ਕਹਾਉਣ ਲੱਗ ਪਏ)। ੪. (ਗੁਰੂ ਅਮਰਦਾਸ ਜੀ ਦਾ ਪੁੱਤਰ) ਮੋਹਨ ਕਮਲਾ (ਅਵਧੂਤ) ਹੋ ਗਿਆ ਤੇ ਉਸ ਦਾ ਛੋਟਾ ਭਰਾ ਮੋਹਰੀ ਚਉਬਾਰੇ ਦੀ ਟਹਿਲ ਹੀ ਸਿੱਖਾਂ ਕੋਲੋਂ ਕਰਵਾਉਣ ਲੱਗ ਪਿਆ। ੫. (ਗੁਰੂ ਰਾਮਦਾਸ ਜੀ ਦਾ ਵੱਡਾ ਪੁੱਤਰ) ਪ੍ਰਿਥੀਚੰਦ ਮੀਣਾ (ਕਪਟੀ) ਨਿਕਲਿਆ ਤੇ ਆਪਣੇ ਟੇਢੇ ਸੁਭਾ ਕਰਕੇ ਝੱਲਪੁਣਾ ਖਿਲਾਰਨ ਲੱਗ ਪਿਆ। ੬. (ਪ੍ਰਿਥੀ ਚੰਦ ਦਾ ਛੋਟਾ ਭਰਾ) ਮਹਾਂਦੇਉ ਅਹੰਕਾਰੀ ਹੋ ਗਿਆ ਤੇ ਉਸ ਨੂੰ ਪ੍ਰਿਥੀ ਚੰਦ ਨੇ ਕੁੱਤੇ ਵਾਂਗੂੰ ਭਉਕਾਇਆ। ੭. ਚੰਦਨ ਦੀ ਵਾਸ਼ਨਾ ਨਾਲ ਵਾਂਸ ਸੁਗੰਧਿਤ ਨਹੀਂ ਹੋਇਆ ਕਰਦੇ। (ਭਾਵ-ਗੁਰੂ-ਪੁੱਤਰਾਂ ਨੇ ਸਤਿਗੁਰੂਆਂ ਦੇ ਸੱਚ ਦੇ ਮਾਰਗ ਨੂੰ ਨਾ ਅਪਣਾਇਆ ਤੇ ਵਾਂਸਾਂ ਵਾਂਗੂੰ ਹਉਮੈ ਦੀ ਅੱਗ ਵਿਚ ਸੜਨ ਲੱਗੇ) ॥ ੩੩ ॥

੩੪. ਗੁਰ ਗੱਦੀ ਦੀ ਸੰਪ੍ਰਦਾਇ

੧. ਬਾਬਾਣੀ ਪੀੜੀ ਚਲੀ ਗੁਰ ਚੇਲੇ ਪਰਚਾ ਪਰਚਾਇਆ।
੨. ਗੁਰੁ ਅੰਗਦੁ ਗੁਰੁ ਅੰਗੁ ਤੇ ਗੁਰੁ ਚੇਲਾ ਚੇਲਾ ਗੁਰੁ ਭਾਇਆ।
੩. ਅਮਰਦਾਸੁ ਗੁਰ ਅੰਗਦਹੁ ਸਤਿਗੁਰੁ ਤੇ ਸਤਿਗੁਰੂ ਸਦਾਇਆ।
੪. ਗੁਰੁ ਅਮਰਹੁ ਗੁਰੁ ਰਾਮਦਾਸੁ ਗੁਰ ਸੇਵਾ ਗੁਰੁ ਹੋਇ ਸਮਾਇਆ।
੫. ਰਾਮਦਾਸਹੁ ਅਰਜਣੁ ਗੁਰੂ ਅੰਮ੍ਰਿਤ ਬ੍ਰਿਖਿ ਅੰਮ੍ਰਿਤ ਫਲੁ ਲਾਇਆ।
੬. ਹਰਿਗੋਵਿੰਦੁ ਗੁਰੁ ਅਰਜਨਹੁ ਆਦਿ ਪੁਰਖ ਆਦੇਸੁ ਕਰਾਇਆ।
੭. ਸੁਝੈ ਸੁਝ ਨ ਲੁਕੈ ਲੁਕਾਇਆ ॥ ੩੪ ॥

ਪਦ ਅਰਥ - ਬਾਬਾਣੀ=ਗੁਰੂ ਨਾਨਕ ਦੇਵ ਜੀ ਦੀ। ਪੀੜੀ=ਸੰਪ੍ਰਦਾ। ਸੁਝ=ਸੂਰਜ।

ਅਰਥ - ੧. ਬਾਬੇ (ਗੁਰੂ ਨਾਨਕ ਦੇਵ ਜੀ) ਦੀ ਸੰਪ੍ਰਦਾ ਚਲੀ, ਜਿਸ ਵਿਚ ਗੁਰੂ ਤੇ ਚੇਲੇ ਦਾ ਪ੍ਰੇਮ ਹੀ ਪ੍ਰਚੱਲਿਤ ਹੋਇਆ। ੨. ਗੁਰੂ ਨਾਨਕ ਦੇਵ ਜੀ ਦੇ ਅੰਗ ਤੋਂ ਗੁਰੂ ਅੰਗਦ ਜੀ ਹੋਏ, ਪਰ ਜਦੋਂ ਸੇਵਾ ਕਰਨ ਕਰਕੇ ਗੁਰੂ ਪ੍ਰਸੰਨ ਹੋਇਆ ਤਾਂ ਉਸ ਨੇ ਚੇਲੇ ਨੂੰ ਗੁਰੂ ਬਣਾ ਦਿੱਤਾ। ੩. ਗੁਰੂ ਅੰਗਦ ਦੇਵ

ਜੀ ਦੀ ਸੰਗਤ ਤੇ ਸੇਵਾ ਕਰਕੇ ਗੁਰੂ ਅਮਰਦਾਸ ਜੀ ਸਤਿਗੁਰੂ ਬਣਨ ਦੇ ਯੋਗ ਹੋਏ, ਫਿਰ ਉਹਨਾਂ ਨੇ ਸਤਿਗੁਰੂ ਸਦਵਾਇਆ। ੪. ਗੁਰੂ ਅਮਰਦਾਸ ਜੀ ਤੋਂ ਗੁਰੂ ਰਾਮਦਾਸ ਜੀ ਹੋਏ, ਜਿਹੜੇ ਗੁਰੂ ਜੀ ਦੀ ਸੇਵਾ ਕਰਕੇ ਗੁਰੂ-ਰੂਪ ਵਿਚ ਹੀ ਸਮਾ ਗਏ। (ਭਾਵ ਉਹਨਾਂ ਵਿਚ ਕੋਈ ਭਿੰਨ ਭੇਦ ਨਾ ਰਿਹਾ)। ੫. ਗੁਰੂ ਰਾਮਦਾਸ ਜੀ ਦੇ (ਸਪੁੱਤਰ) ਗੁਰੂ ਅਰਜਨ ਜੀ ਹੋਏ, ਮਾਨੋ ਅੰਮ੍ਰਿਤ ਦੇ ਬ੍ਰਿਛ ਨੂੰ ਅੰਮ੍ਰਿਤ ਦਾ ਫਲ ਲੱਗਾ ਹੈ। ੬. ਗੁਰੂ ਅਰਜਨ ਜੀ ਦੇ (ਸਪੁੱਤਰ) ਗੁਰੂ ਹਰਿਗੋਬਿੰਦ ਜੀ ਹੋਏ, ਇਹਨਾਂ ਨੇ ਸਿੱਖਾਂ ਕੋਲੋਂ ਇੱਕ ਅਕਾਲ ਪੁਰਖ ਨੂੰ ਹੀ ਨਮਸਕਾਰ ਕਰਵਾਈ, (ਹੋਰ ਸਭ ਮਤਾਂ ਨੂੰ ਤਿਆਗ ਦਿੱਤਾ)। ੭. ਚੜ੍ਹਿਆ ਸੂਰਜ ਲੁਕਾਇਆਂ ਲੁਕਦਾ ਨਹੀਂ, (ਪ੍ਰਤੱਖ ਦਿਸਦਾ ਹੈ) ॥ ੩੪ ॥

੩੫. ਈਸ਼੍ਵਰ ਦੀ ਬੇਅੰਤ ਕੁਦਰਤ ਦਾ ਵਰਣਨ

੧. ਇਕ ਕਵਾਉ ਪਸਾਉ ਕਰਿ ਓਅੰਕਾਰਿ ਕੀਆ ਪਾਸਾਰਾ।
੨. ਕੁਦਰਤਿ ਅਤੁਲ ਨ ਤੋਲੀਐ ਤੁਲਿ ਨ ਤੋਲ ਨ ਤੋਲਣਹਾਰਾ।
੩. ਸਿਰਿ ਸਿਰਿ ਲੇਖੁ ਅਲੇਖ ਦਾ ਦਾਤਿ ਜੋਤਿ ਵਡਿਆਈ ਕਾਰਾ।
੪. ਲੇਖੁ ਅਲੇਖੁ ਨ ਲਿਖੀਐ ਮਸੁ ਨ ਲੇਖਣਿ ਲਿਖਣਿਹਾਰਾ।
੫. ਰਾਗ ਨਾਦ ਅਨਹਦੁ ਧੁਨੀ ਓਅੰਕਾਰੁ ਨ ਗਾਵਣਹਾਰਾ।
੬. ਖਾਣੀ ਬਾਣੀ ਜੀਅ ਜੰਤੁ ਨਾਵ ਥਾਵ ਅਣਗਣਤ ਅਪਾਰਾ।
੭. ਇਕੁ ਕਵਾਉ ਅਮਾਉ ਹੈ ਕੇਵਡੁ ਵਡਾ ਸਿਰਜਣਹਾਰਾ।
੮. ਸਾਧਸੰਗਤਿ ਸਤਿਗੁਰ ਨਿਰੰਕਾਰਾ ॥ ੩੫ ॥ ੨੬ ॥

ਪਦ ਅਰਥ - ਕਵਾਉ=ਵਾਕ। ਤੁਲਿ=ਤੱਕੜੀ। ਤੋਲ=ਵੱਟਾ। ਮਸੁ=ਸਿਆਹੀ।

ਅਰਥ - ੧. ਓਅੰਕਾਰ (ਪ੍ਰਭੂ) ਨੇ ਇੱਕ ਵਾਕ ਤੋਂ ਹੀ ਇਹ ਸਾਰਾ ਪਸਾਰਾ ਕੀਤਾ ਹੈ। ੨. (ਉਸ ਪ੍ਰਭੂ ਦੀ) ਕੁਦਰਤ ਅਤੁੱਲ ਹੈ, ਇਹ ਤੋਲੀ ਨਹੀਂ ਜਾ ਸਕਦੀ, ਇਸ ਦੇ ਤੋਲਣ ਵਾਸਤੇ ਨਾ ਕੋਈ ਤੱਕੜੀ ਹੈ, ਨਾ ਕੋਈ ਵੱਟਾ ਹੈ ਤੇ ਨਾ ਹੀ ਕੋਈ ਤੋਲਣ ਵਾਲਾ ਹੈ। ੩. ਸਭ ਜੀਵਾਂ ਦੇ ਸਿਰਾਂ 'ਤੇ ਉਸ ਅਲੇਖ ਪ੍ਰਭੂ ਦੇ ਲਿਖੇ ਲੇਖ ਹਨ, ਦਾਤ ਜੋਤਿ ਤੇ ਵਡਿਆਈ ਦੀ ਸਾਰੀ ਕਾਰ ਉਸ ਪ੍ਰਭੂ ਦੇ ਅਧੀਨ ਹੈ। ੪. ਉਹ ਅਲੇਖ (ਪ੍ਰਭੂ) ਕਿਸੇ ਦੇ ਲੇਖਾਂ ਵਿਚ ਨਹੀਂ ਲਿਖਿਆ ਜਾ ਸਕਦਾ, ਕਿਉਂਕਿ ਉਸ ਦੇ ਲਿਖਣ ਲਈ ਨਾ ਕੋਈ ਸਿਆਹੀ ਹੈ, ਨਾ ਕੋਈ ਕਲਮ ਹੈ ਤੇ ਨਾ ਹੀ ਕੋਈ ਲਿਖਣ ਵਾਲਾ ਹੈ। ੫. ਰਾਗਾਂ ਦੀਆਂ ਇਕ ਰਸ ਧੁਨੀਆਂ ਹੋ ਰਹੀਆਂ ਹਨ, ਪਰ ਉਸ ਓਅੰਕਾਰ (ਅਕਾਲ ਪੁਰਖ) ਨੂੰ ਕੋਈ ਗਾਉਣ ਵਾਲਾ ਨਹੀਂ। ੬. ਉਸ ਪ੍ਰਭੂ ਨੇ ਚਾਰ ਖਾਣੀਆਂ ਵਿਚ ਬੇਅੰਤ ਜੀਵਾਂ ਦੀ ਰਚਨਾ ਕੀਤੀ ਹੈ, ਜਿਨ੍ਹਾਂ ਦੇ ਨਾਵਾਂ ਤੇ ਥਾਵਾਂ ਦਾ ਕੋਈ ਪਾਰਾਵਾਰ ਨਹੀਂ। ੭. ਪ੍ਰਭੂ ਦਾ ਇਕੋ ਵਾਕ ਹੀ ਮਿਣਤੀਓਂ ਬਾਹਰ ਹੈ, ਉਸ ਸਿਰਜਣਹਾਰ ਨੂੰ ਕਿੰਨਾ ਕੁ ਵੱਡਾ ਆਖੀਏ ? ੮. ਸਾਧ ਸੰਗਤ ਵਿਚ ਉਹ ਨਿਰੰਕਾਰ ਸਤਿਗੁਰੂ (ਨਾਨਕ) ਦੇ ਸਰੂਪ ਵਿਚ ਵਸਦਾ ਹੈ ॥ ੩੫ ॥ ੨੬ ॥

ਵਾਰ ੨੭

ੴ ਸਤਿਗੁਰ ਪ੍ਰਸਾਦਿ॥

੧. ਗੁਰਸਿੱਖਾਂ ਦੀ ਪ੍ਰੀਤ ਸਭ ਤੋਂ ਸ੍ਰੇਸ਼ਟ ਹੈ

੧. ਲੇਲੈ ਮਜਨੂੰ ਆਸਕੀ ਚਹੁ ਚਕੀ ਜਾਤੀ।
੨. ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ।
੩. ਸਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ।
੪. ਮੇਹੀਵਾਲ ਨੋ ਸੋਹਣੀ ਨੈ ਤਰਦੀ ਰਾਤੀ।
੫. ਰਾਂਝਾ ਹੀਰ ਵਖਾਣੀਐ ਓਹੁ ਪਿਰਮ ਪਰਾਤੀ।
੬. ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ॥ ੧॥

ਪਦ ਅਰਥ - ਆਸਕੀ=ਪ੍ਰੀਤ। ਸੋਰਠਿ=ਸੰਮੀ। ਬੀਜਾ=ਢੋਲ। ਸੁਘੜਾ=ਸਿਆਣਾ ਆਦਮੀ। ਵਾਤੀ=ਮੂੰਹ। ਨੈ=ਨਦੀ। ਪਰਭਾਤੀ=ਅੰਮ੍ਰਿਤ ਵੇਲੇ।

ਅਰਥ - ੧. ਲੇਲਾ ਤੇ ਮਜਨੂੰ ਦਾ ਪਿਆਰ ਚੌਂਹਾਂ ਦਿਸ਼ਾ ਵਿਚ ਜਾਣਿਆਂ ਗਿਆ ਹੈ। ੨. ਸੋਰਠ (ਸੰਮੀ) ਤੇ ਬੀਜਾ (ਢੋਲ) ਦੀ ਪ੍ਰੀਤ ਸਿਆਣੇ ਪੁਰਸ਼ਾਂ ਦੇ ਮੂੰਹ 'ਤੇ ਚੜ੍ਹੀ ਹੋਈ ਹੈ। ੩. ਸੱਸੀ ਤੇ ਪੁੰਨੂੰ ਵੱਖ ਵੱਖਰੀਆਂ ਜਾਤਾਂ ਦੇ ਹੁੰਦਿਆਂ ਵੀ ਪ੍ਰੀਤਵਾਨ (ਦੋਸਤ) ਹੋਏ ਹਨ। ੪. (ਆਪਣੇ ਪਿਆਰੇ) ਮਹੀਂਵਾਲ ਨੂੰ ਮਿਲਣ ਲਈ ਸੋਹਣੀ ਰੋਜ਼ ਰ਼ਾਤ ਨੂੰ ਦਰਿਆ ਵਿਚ ਤਰ ਕੇ ਮਿਲਣ ਲਈ ਜਾਂਦੀ ਸੀ। ੫. ਹੀਰ ਤੇ ਰਾਂਝੇ ਦੀ ਪ੍ਰੀਤ ਵੀ ਕਹੀ ਜਾਂਦੀ ਹੈ, (ਉਹ ਵੀ ਇੱਕ ਦੂਜੇ ਦੇ ਪਿਆਰ ਵਿਚ ਲੀਨ ਰਹਿੰਦੇ ਸਨ)। ੬. (ਪਰ) ਗੁਰੂ ਦੇ ਸਿੱਖਾਂ ਦੀ ਗੁਰੂ ਨਾਲ ਪ੍ਰੀਤ ਸਾਰਿਆਂ ਆਸ਼ਕਾਂ ਦੀ ਪ੍ਰੀਤ ਨਾਲੋਂ ਉੱਚੀ ਹੈ, ਉਹ ਅੰਮ੍ਰਿਤ ਵੇਲੇ (ਗੁਰੂ ਜਸ ਗਾਉਂਦੇ ਹਨ)॥ ੧॥

੨. ਅਮਲੀ ਆਪਣੇ ਅਮਲ ਨਹੀਂ ਛੱਡਦੇ

੧. ਅਮਲੀ ਅਮਲੁ ਨ ਛਡਨੀ ਹੁਇ ਬਹਿਨ ਇਕਠੇ
੨. ਜਿਉ ਜੂਏ ਜੂਆਰੀਆ ਲਗਿ ਦਾਵ ਉਪਠੇ।

੩. ਚੋਰੀ ਚੋਰ ਨ ਪਲਰਹਿ ਦੁਖ ਸਹਿਨ ਗਰਠੇ।
੪. ਰਹਨਿ ਨ ਗਣਿਕਾ ਵਾੜਿਅਹੁ ਵੇਕਰਮੀ ਲਠੇ।
੫. ਪਾਪੀ ਪਾਪੁ ਕਮਾਵਦੇ ਹੋਇ ਫਿਰਦੇ ਨਠੇ।
੬. ਪੀਰ ਮੁਰੀਦਾ ਪਿਰਹੜੀ ਸਭ ਪਾਪ ਪਣਠੇ॥ ੨॥

ਪਦ ਅਰਥ - ਨ ਪਲਰਹਿ=ਛੱਡਦੇ ਨਹੀਂ। ਗਰਠੇ=ਫੜੇ ਹੋਏ। ਵੇਕਰਮੀ=ਮੰਦ ਕਰਮੀ। ਪਣਠੇ=ਨਾਸ ਹੋ ਜਾਂਦੇ ਹਨ।

ਅਰਥ - ੧. ਅਮਲੀ ਆਪਣੇ ਅਮਲ ਨਹੀਂ ਛੱਡਦੇ (ਤੇ ਅਮਲ ਪੀਣ ਲਈ) ਇਕੱਠੇ ਹੋ ਕੇ ਬੈਠਦੇ ਹਨ। ੨. ਜੁਆਰੀਆਂ ਦੀ ਜੂਏ ਨਾਲ ਪ੍ਰੀਤ ਹੈ ਤੇ ਉਹ ਕਈ ਵਾਰੀ ਪੁੱਠੇ ਦਾਅ ਵੀ ਲਾ ਦਿੰਦੇ ਹਨ। ੩. ਚੋਰੀ ਕਰਨ ਤੋਂ ਚੋਰ ਨਹੀਂ ਹਟਦੇ, ਉਹ ਫੜੇ ਜਾ ਕੇ ਦੁੱਖ ਸਹਿੰਦੇ ਹਨ। ੪. ਮੰਦੇ ਕਰਮ ਕਰਨ ਵਾਲੇ ਵੇਸਵਾ ਦੇ ਘਰ ਜਾਣ ਤੋਂ ਨਹੀਂ ਹਟਦੇ। ੫. ਜੋ ਪਾਪੀ ਪੁਰਸ਼ ਹਨ, ਉਹ ਪਾਪ ਕਮਾਉਣ ਲਈ ਹਰ ਵੇਲੇ ਨੱਠੇ ਭੱਜੇ ਫਿਰਦੇ ਹਨ। ੬. (ਜਿਵੇਂ ਉਪਰੋਕਤ ਅਮਲੀਆਂ ਦੀ ਆਪਣੇ ਪਾਪ-ਕਰਮ ਵਿਚ ਪ੍ਰੀਤੀ ਹੈ ਤੇ ਉਹ ਇਹਨਾਂ ਬੁਰੀਆਂ ਆਦਤਾਂ ਕਰਕੇ ਪਾਪਾਂ ਵਿਚ ਗ੍ਰਸੇ ਰਹਿੰਦੇ ਹਨ, ਇਸੇ ਤਰ੍ਹਾਂ) ਗੁਰਸਿੱਖਾਂ ਦੀ ਆਪਣੇ ਗੁਰੂ ਨਾਲ ਸੱਚੀ ਪ੍ਰੀਤ ਹੈ ਤੇ ਇਸ ਪ੍ਰੀਤ ਕਰਕੇ ਉਹਨਾਂ ਦੇ ਸਭ ਪਾਪ ਨਾਸ ਹੋ ਜਾਂਦੇ ਹਨ॥ ੨॥

ਭਾਵ— ਜਿਵੇਂ ਪਾਪੀ ਆਪਣੇ ਅਮਲ ਨਹੀਂ ਛੱਡਦੇ ਤੇ ਕਸ਼ਟ ਸਹਿ ਕੇ ਵੀ ਆਪਣੇ ਅਮਲਾਂ ਵਿਚ ਖਚਤ ਰਹਿੰਦੇ ਹਨ, ਇਸੇ ਤਰ੍ਹਾਂ ਗੁਰਸਿੱਖ ਸੰਸਾਰਕ ਕਸ਼ਟਾਂ ਨੂੰ ਸਹਿੰਦੇ ਹੋਏ ਆਪਣੇ ਗੁਰੂ ਨਾਲ ਪ੍ਰੀਤੀ ਕਰਦੇ ਹਨ।

੩. ਗੁਰਸਿੱਖਾਂ ਦੀ ਪ੍ਰੀਤ ਸੱਚੀ ਹੁੰਦੀ ਹੈ

੧. ਭਵਰੈ ਵਾਸੁ ਵਿਣਾਸੁ ਹੈ ਫਿਰਦਾ ਫੁਲਵਾੜੀ।
੨. ਜਲੈ ਪਤੰਗੁ ਨਿਸੰਗੁ ਹੋਇ ਕਰਿ ਅਖਿ ਉਘਾੜੀ।
੩. ਮਿਰਗ ਨਾਦਿ ਬਿਸਮਾਦੁ ਹੋਇ ਫਿਰਦਾ ਓਜਾੜੀ।
੪. ਕੁੰਡੀ ਫਾਥੇ ਮਛ ਜਿਉ ਰਸਿ ਜੀਭ ਵਿਗਾੜੀ।
੫. ਹਾਥਣਿ ਹਾਥੀ ਫਾਹਿਆ ਦੁਖ ਸਹੈ ਦਿਹਾੜੀ।
੬. ਪੀਰ ਮੁਰੀਦਾ ਪਿਰਹੜੀ ਲਾਇ ਨਿਜ ਘਰ ਤਾੜੀ॥ ੩॥

ਪਦ ਅਰਥ - ਫੁਲਵਾੜੀ=ਬਾਗ। ਉਘਾੜੀ=ਖੋਹਲ ਕੇ। ਵਿਸਮਾਦੁ=ਮੋਹਿਤ। ਨਿਜ ਘਰ=ਸ੍ਵੈ ਸਰੂਪ।

ਅਰਥ - ੧. ਭੌਰਾ ਫੁੱਲਾਂ ਦੀ ਵਾਸ਼ਨਾ ਲੈਂਦਾ ਹੋਇਆ ਨਾਸ ਹੋ ਜਾਂਦਾ ਹੈ, ਪਰ ਉਹ ਫਿਰ ਵੀ ਫੁਲਵਾੜੀ ਵਿਚ ਫਿਰਦਾ ਹੈ। ੨. ਪਤੰਗਾ ਦੀਵੇ 'ਤੇ ਸੜ ਮਰਦਾ ਹੈ, ਪਰ ਉਹ ਫਿਰ ਵੀ ਅੱਖਾਂ ਖੋਹਲ

ਕੇ ਨਿਸ਼ੰਗ ਹੋ ਕੇ ਦੀਵੇ ਵੱਲ ਜਾਂਦਾ ਹੈ। ੩. ਹਰਨ (ਘੰਡੇ ਹੇੜੇ ਦੀ) ਆਵਾਜ਼ ਸੁਣ ਕੇ ਮੋਹਿਤ ਹੋਇਆ ਉਜਾੜਾਂ ਵਿਚ ਫਿਰਦਾ ਹੈ। ੪. ਮੱਛੀ ਕੁੰਡੀ ਵਿਚ ਫਸ ਜਾਂਦੀ ਹੈ ਕਿਉਂਕਿ ਉਹ ਜੀਭ ਦੇ ਰਸ ਵਿਚ ਫਸੀ ਹੁੰਦੀ ਹੈ। ੫. ਹਥਣੀ (ਦੇ ਕਲਬੂਤ ਨੂੰ ਵੇਖ ਕੇ) ਹਾਥੀ ਫਸ ਜਾਂਦਾ ਹੈ ਤੇ ਜ਼ਿੰਦਗੀ ਦੇ ਬਾਕੀ ਦਿਨ ਦੁੱਖ ਸਹਾਰਦਾ ਹੈ। ੬. ਗੁਰਸਿੱਖਾਂ ਨੇ ਆਪਣੇ ਗੁਰੂ ਨਾਲ ਸੱਚੀ ਪ੍ਰੀਤ ਲਾ ਕੇ ਆਪਣੇ ਨਿਜ ਘਰ (ਸ੍ਵੈ-ਸਰੂਪ) ਵਿਚ ਸਮਾਧੀ ਲਾਈ ਹੈ॥ ੩॥

ਭਾਵ—ਜਿਵੇਂ ਭੌਰਾ, ਪਤੰਗਾ, ਹਰਨ, ਮੱਛੀ ਤੇ ਹਾਥੀ ਦੁੱਖ ਸਹਿ ਕੇ ਵੀ ਆਪਣੀ ਪ੍ਰੀਤ ਨਿਬਾਹੁੰਦੇ ਹਨ, ਇਸੇ ਤਰ੍ਹਾਂ ਗੁਰਸਿੱਖ ਵੀ ਕਈ ਤਰ੍ਹਾਂ ਦੇ ਕਸ਼ਟ ਸਹਿ ਕੇ ਆਪਣੇ ਗੁਰੂ ਨਾਲ ਆਪਣੀ ਪ੍ਰੀਤ ਨਿਬਾਹੁੰਦੇ ਹਨ।

੪. ਗੁਰੂ ਤੇ ਸਿੱਖ ਦੀ ਪ੍ਰੀਤ ਸਦੀਵੀ ਹੈ

੧. ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।
੨. ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।
੩. ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।
੪. ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।
੫. ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ।
੬. ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥ ੪॥

ਪਦ ਅਰਥ - ਤਾਰ=ਤਾੜੀ। ਨਿਹਾਲੇ=ਵੇਖਦਾ ਹੈ। ਹੇਤ=ਪਿਆਰ। ਨੇਹੁ=ਪ੍ਰੇਮ। ਭਤਾਰ=ਪਤੀ।

ਅਰਥ - ੧. ਚਕੋਰ ਦੀ ਚੰਦ੍ਰਮਾਂ ਨਾਲ ਪ੍ਰੀਤ ਹੈ ਤੇ ਉਹ ਤਾੜੀ ਲਾ ਕੇ (ਇੱਕ ਟਕ) ਉਸ ਵੱਲ ਵੇਖਦਾ ਰਹਿੰਦਾ ਹੈ। ੨. ਚਕਵੀ ਦਾ ਸੂਰਜ ਨਾਲ ਪਿਆਰ ਹੈ, ਕਿਉਂਕਿ ਸੂਰਜ ਚੜ੍ਹਨ ਨਾਲ ਚਕਵੀ ਚਕਵੇ ਨੂੰ ਮਿਲ ਕੇ ਸੁਖੀ ਹੁੰਦੀ ਹੈ। ੩. ਕੰਵਲ ਦਾ ਪਿਆਰ ਜਲ ਨਾਲ ਹੈ, ਉਹ ਜਲ ਨੂੰ ਮਿਲ ਕੇ ਬੜੀ ਪ੍ਰਸੰਨਤਾ ਨਾਲ ਖਿੜ ਕੇ ਮੂੰਹ ਦਿਖਾਉਂਦਾ ਹੈ (ਭਾਵ ਕੰਵਲ ਜਲ ਬਿਨਾਂ ਕੁਮਲਾ ਜਾਂਦਾ ਹੈ)। ੪. ਮੋਰ ਤੇ ਪਪੀਹੇ ਕਾਲੇ ਬੱਦਲਾਂ ਨੂੰ ਵੇਖ ਕੇ (ਬੜੇ ਖੁਸ਼ ਹੋ ਕੇ) ਬੋਲਦੇ ਹਨ। ੫. ਇਸਤ੍ਰੀ ਦਾ ਆਪਣੇ ਪਤੀ ਨਾਲ ਪਿਆਰ ਹੁੰਦਾ ਹੈ ਤੇ ਮਾਂ ਪਿਆਰ ਨਾਲ ਆਪਣੇ ਪੁੱਤਰ ਦੀ ਸੰਭਾਲ ਕਰਦੀ ਹੈ। ੬. (ਇਹ ਸਭ ਪ੍ਰੀਤਾਂ ਨਾਸਵਾਨ ਹੁੰਦੀਆਂ ਹਨ, ਪਰ) ਗੁਰੂ ਤੇ ਸਿੱਖ ਦੀ ਜੋ ਪ੍ਰੀਤ ਹੈ, ਉਹ ਸਦਾ ਨਿਭਦੀ ਹੈ॥ ੪॥

੫. ਪੀਰ ਤੇ ਮੁਰੀਦ ਦੀ ਪ੍ਰੀਤ ਵਰਣਨ ਤੋਂ ਬਾਹਰ ਹੈ

੧. ਰੂਪੈ ਕਾਮੈ ਦੋਸਤੀ ਜਗ ਅੰਦਰਿ ਜਾਣੀ।
੨. ਭੁਖੈ ਸਾਦੈ ਗੰਢੁ ਹੈ ਓਹੁ ਵਿਰਤੀ ਹਾਣੀ।

੩. ਘੁਲਿ ਮਿਲਿ ਮਿਚਲਿ ਲਬਿ ਮਾਲਿ ਇਤੁ ਭਰਮਿ ਭੁਲਾਣੀ।
੪. ਊਘੈ ਸਉੜਿ ਪਲੰਘ ਜਿਉ ਸਭਿ ਰੈਣਿ ਵਿਹਾਣੀ।
੫. ਸੁਹਣੇ ਸਭ ਰੰਗ ਮਾਣੀਅਨਿ ਕਰਿ ਚੋਜ ਵਿਡਾਣੀ।
੬. ਪੀਰ ਮੁਰੀਦਾਂ ਪਿਰਹੜੀ ਓਹੁ ਅਕਥ ਕਹਾਣੀ॥ ੫॥

ਪਦ ਅਰਥ - ਸਾਦੈ=ਰੋਟੀ। ਹਾਣੀ=ਮਿਥੀ ਹੋਈ। ਸਉੜਿ=ਤੁਲਾਈ। ਸੁਹਣੇ=ਸੁਪਨਾ।

ਅਰਥ - ੧. ਸੰਸਾਰ ਵਿਚ ਇਹ ਗੱਲ ਜਾਣੀ ਗਈ ਹੈ ਕਿ ਕਾਮੀ ਦੀ ਰੂਪ (ਸੁੰਦਰਤਾ) ਨਾਲ ਪ੍ਰੀਤ ਹੈ। ੨. ਭੁੱਖੇ ਦੀ ਸਾਦੈ (ਰੋਟੀ, ਖਾਣੇ) ਨਾਲ ਪ੍ਰੀਤ ਹੈ, ਇਹ ਗੱਲ ਜਗਤ ਵਿਚ ਮਿਥੀ ਹੋਈ ਹੈ ਤੇ ਵਰਤ ਰਹੀ ਹੈ। ੩. ਲੋਭੀ ਪੁਰਸ਼ ਮਾਲ ਦੌਲਤ ਵਿਚ ਹੀ ਘੁਲ ਮਿਲ ਕੇ ਭਰਮ ਵਿਚ ਭੁੱਲਿਆ ਫਿਰਦਾ ਹੈ। ੪. ਨਿੰਦਰਾ ਵਾਲੇ ਨੂੰ ਪਲੰਘ, ਤਲਾਈ, ਬਿਸਤਰੇ ਆਦਿ ਦੀ ਖਿੱਚ ਨਹੀਂ ਹੈ, ਉਸ ਦੀ ਰਾਤ ਇਸ ਤਰ੍ਹਾਂ ਸੁਖ ਨਾਲ ਬਤੀਤ ਹੋ ਜਾਂਦੀ ਹੈ। ੫. ਸੁਪਨੇ ਵਿਚ ਮਨੁੱਖ ਕਈ ਅਸਚਰਜ ਕੌਤਕਾਂ ਵਾਲੇ ਰੰਗ ਮਾਣਦਾ ਹੈ, (ਪਰ ਜਾਗਣ 'ਤੇ ਸਭ ਕੁਛ ਨਾਸ ਹੋ ਜਾਂਦਾ ਹੈ)। ੬. ਗੁਰੂ ਨਾਲ ਸਿੱਖ ਦੀ ਜੋ ਪ੍ਰੀਤ ਹੁੰਦੀ ਹੈ, ਉਸ ਦਾ ਵਰਣਨ ਕਹਿਣ ਤੋਂ ਬਾਹਰ ਹੈ। ਉਹ ਉਪਰੋਕਤ ਦੁਨਿਆਵੀ ਪ੍ਰੀਤਾਂ ਵਾਂਗੂੰ ਅਲਪਕਾਲੀ ਨਹੀਂ ਹੁੰਦੀ, ਸਗੋਂ ਪੱਕੀ ਹੁੰਦੀ ਹੈ॥ ੫॥

੬. ਸਫਲ ਸੌਦਾ

੧. ਮਾਨ ਸਰੋਵਰ ਹੰਸਲਾ ਖਾਇ ਮਾਣਕ ਮੋਤੀ।
੨. ਕੋਇਲ ਅੰਬ ਪਰੀਤਿ ਹੈ ਮਿਲ ਬੋਲ ਸਰੋਤੀ।
੩. ਚੰਦਨ ਵਾਸੁ ਵਣਾਸੁਪਤਿ ਹੋਇ ਪਾਸ ਖਲੋਤੀ।
੪. ਲੋਹਾ ਪਾਰਸਿ ਭੇਟਿਐ ਹੋਇ ਕੰਚਨ ਜੋਤੀ।
੫. ਨਦੀਆ ਨਾਲੇ ਗੰਗ ਮਿਲਿ ਹੋਨਿ ਛੋਤ ਅਛੋਤੀ।
੬. ਪੀਰ ਮੁਰੀਦਾਂ ਪਿਰਹੜੀ ਇਹ ਖੇਪ ਸਓਤੀ॥ ੬॥

ਪਦ ਅਰਥ - ਸਰੋਤੀ=ਸੁਰ। ਕੰਚਨ=ਸੋਨਾ। ਜੋਤੀ=ਪ੍ਰਕਾਸ਼ਵਾਨ। ਛੋਤ ਅਛੋਤੀ=ਅਪਵਿੱਤਰ ਤੋਂ ਪਵਿੱਤਰ। ਖੇਪ=ਸੌਦਾ। ਸਓਤੀ=ਸਫਲਾ।

ਅਰਥ - ੧. ਹੰਸ ਮਾਨਸਰੋਵਰ 'ਤੇ ਰਹਿ ਕੇ ਮਾਣਕ ਮੋਤੀ ਖਾਂਦਾ ਹੈ। ੨. ਕੋਇਲ ਦੀ ਅੰਬ ਨਾਲ ਪ੍ਰੀਤ ਹੈ, ਉਹ ਅੰਬ ਦੇ ਬ੍ਰਿਛ 'ਤੇ ਬੈਠ ਕੇ ਮਿੱਠੀ ਸੁਰ ਨਾਲ ਰਾਗ ਅਲਾਪਦੀ ਹੈ। ੩. ਚੰਦਨ ਦੇ ਨੇੜੇ ਰਹਿਣ ਵਾਲੀ ਸਭ ਬਨਾਸਪਤੀ (ਬ੍ਰਿਛ ਬੂਟੇ) ਉਸ ਦੀ ਵਾਸ਼ਨਾ ਨਾਲ ਚੰਦਨ ਹੋ ਜਾਂਦੀ ਹੈ। ੪. ਲੋਹਾ ਪਾਰਸ ਨਾਲ ਛੋਹ ਕੇ ਸੋਨਾ ਬਣ ਜਾਂਦਾ ਹੈ ਤੇ ਪ੍ਰਕਾਸ਼ਵਾਨ ਹੋ ਜਾਂਦਾ ਹੈ। ੫. ਨਦੀਆਂ ਨਾਲੇ (ਚਾਹੇ ਉਹ

ਕਿੰਨੇ ਵੀ ਗੰਦੇ ਹੋਣ) ਗੰਗਾ ਨਾਲ ਮਿਲ ਕੇ ਪਵਿੱਤਰ ਹੋ ਜਾਂਦੇ ਹਨ। ੬. ਇਸੇ ਤਰ੍ਹਾਂ ਸਿੱਖਾਂ ਦੀ ਪ੍ਰੀਤ ਆਪਣੇ ਗੁਰੂ ਨਾਲ ਹੁੰਦੀ ਹੈ, ਉਹ ਗੁਰੂ ਦੇ ਦਰੋਂ ਸੱਚੇ ਨਾਮ ਦਾ ਸੌਦਾ ਖਰੀਦ ਕੇ ਆਪਣਾ ਜਨਮ ਸਫਲ ਕਰ ਲੈਂਦੇ ਹਨ॥ ੬॥

੭. ਗੁਰੂ ਤੇ ਸਿੱਖ ਦਾ ਸੱਚਾ ਨਾਤਾ

੧. ਸਾਹੁਰੁ ਪੀਹਰੁ ਪਖ ਤ੍ਰੈ ਘਰੁ ਨਾਨੇਹਾਲਾ।
੨. ਸਹੁਰਾ ਸਸੁ ਵਖਾਣੀਐ ਸਾਲੀ ਤੈ ਸਾਲਾ।
੩. ਮਾ ਪਿਉ ਭੈਣਾ ਭਾਇਰਾ ਪਰਵਾਰੁ ਦੁਰਾਲਾ।
੪. ਨਾਨਾ ਨਾਨੀ ਮਾਸੀਆ ਮਾਮੇ ਜੰਜਾਲਾ।
੫. ਸੁਇਨਾ ਰੁਪਾ ਸੰਜੀਐ ਹੀਰਾ ਪਰਵਾਲਾ।
੬. ਪੀਰ ਮੁਰੀਦਾਂ ਪਿਰਹੜੀ ਏਹੁ ਸਾਕੁ ਸੁਖਾਲਾ॥ ੭॥

ਪਦ ਅਰਥ - ਪੀਹਰੁ=ਪੇਕਾ। ਨਾਨੇਹਾਲਾ=ਨਾਨਕਾ ਘਰ। ਦੁਰਾਲਾ=ਬਹੁਤਾ। ਜੰਜਾਲਾ=ਝੰਬੇਲਾ। ਪਰਵਾਲਾ=ਮੂੰਗਾ।

ਅਰਥ - ੧. ਸਹੁਰਾ ਘਰ, ਪੇਕਾ ਘਰ ਤੇ ਨਾਨਕੇ, ਇਹ ਤਿੰਨੇ ਘਰ ਸਾਕਾਦਾਰੀ ਦੇ ਹਨ। ੨. (ਸਹੁਰੇ ਘਰ ਦੇ ਸਾਕ) ਸਹੁਰਾ, ਸੱਸ, ਸਾਲੀ ਤੇ ਸਾਲਾ ਕਹੇ ਜਾਂਦੇ ਹਨ। ੩. (ਪੇਕੇ ਘਰ ਦੇ ਸਾਕ) ਮਾਂ, ਪਿਓ, ਭੈਣਾਂ ਤੇ ਭਰਾ ਆਦਿ ਬਹੁਤ ਸਾਰਾ ਪਰਿਵਾਰ ਹੁੰਦਾ ਹੈ। ੪. (ਨਾਨਕੇ ਘਰ ਦੇ ਸਾਕ) ਨਾਨਾ, ਨਾਨੀ, ਮਾਸੀਆਂ ਤੇ ਮਾਮੇ ਆਦਿਕਾਂ ਦਾ ਝੰਬੇਲਾ ਹੁੰਦਾ ਹੈ। ੫. (ਇਸ ਸਾਰੀ ਸਾਕਾਦਾਰੀ ਨੂੰ ਨਿਬਾਹੁਣ ਵਾਸਤੇ) ਸੋਨਾ, ਚਾਂਦੀ, ਹੀਰੇ ਤੇ ਮੂੰਗੇ ਇਕੱਠੇ ਕਰੀਦੇ ਹਨ। ੬. (ਉਪਰੋਕਤ ਲਿਖੇ ਗਏ ਸਭ ਸਾਕ ਕੂੜੇ ਤੇ ਸੁਆਰਥੀ ਹਨ) ਗੁਰੂ ਤੇ ਸਿੱਖ ਦੀ ਪ੍ਰੀਤ ਵਾਲਾ ਸਾਕ ਸੱਚਾ ਹੈ॥ ੭॥

੮. ਸੱਚਾ ਵਪਾਰ

੧. ਵਣਜੁ ਕਰੈ ਵਾਪਾਰੀਆ ਤਿਤੁ ਲਾਹਾ ਤੋਟਾ।
੨. ਕਿਰਸਾਣੀ ਕਿਰਸਾਣੁ ਕਰਿ ਹੋਇ ਦੂਬਲਾ ਮੋਟਾ।
੩. ਚਾਕਰੁ ਲਗੈ ਚਾਕਰੀ ਰਣਿ ਖਾਂਦਾ ਚੋਟਾਂ।
੪. ਰਾਜੁ ਜੋਗੁ ਸੰਸਾਰੁ ਵਿਚਿ ਵਣ ਖੰਡ ਗੜ ਕੋਟਾ।
੫. ਅੰਤਿ ਕਾਲਿ ਜਮ ਜਾਲੁ ਪੈ ਪਾਏ ਫਲ ਫੋਟਾ।
੬. ਪੀਰ ਮੁਰੀਦਾਂ ਪਿਰਹੜੀ ਹੁਇ ਕਦੇ ਨ ਤੋਟਾ॥ ੮॥

ਪਦ ਅਰਥ - ਲਾਹਾ=ਲਾਭ। ਤੋਟਾ=ਘਾਟਾ। ਚੋਟਾਂ=ਚੋਟ। ਵਣਖੰਡ=ਜੰਗਲ। ਫੋਟਾ=ਮਾੜਾ।

ਅਰਥ - ੧. ਵਪਾਰੀ ਲੋਕ ਜੋ ਵਪਾਰ ਕਰਦੇ ਹਨ, ਉਸ ਵਿਚ ਉਹਨਾਂ ਨੂੰ ਕਦੀ ਨਫ਼ਾ ਹੁੰਦਾ ਹੈ ਤੇ ਕਦੀ ਘਾਟਾ ਪੈ ਜਾਂਦਾ ਹੈ। ੨. ਜ਼ਿਮੀਂਦਾਰ ਖੇਤੀ ਦਾ ਕੰਮ ਕਰਦੇ ਹਨ, ਉਹ ਕਰੜੀ ਮਿਹਨਤ ਕਰਨ ਨਾਲ ਕਦੇ ਮਾੜੇ ਹੋ ਜਾਂਦੇ ਹਨ ਤੇ ਕਦੇ ਚੰਗੀ ਫ਼ਸਲ ਘਰ ਆ ਜਾਣ 'ਤੇ ਖ਼ੁਸ਼ੀ ਨਾਲ ਮੋਟੇ ਹੋ ਜਾਂਦੇ ਹਨ। ੩. ਨੌਕਰ ਨੌਕਰੀ ਕਰਦੇ ਹਨ, ਮਾਲਕ ਦੀ ਖ਼ਾਤਰ ਲੜਾਈ ਵਿਚ ਜਾ ਕੇ ਉਹ ਚੋਟਾਂ ਸਹਿੰਦੇ ਹਨ। ੪. ਰਾਜਾ ਦੁਨੀਆਂ ਵਿਚ ਕਿਲ੍ਹੇ ਬਣਾ ਕੇ ਰਾਜ ਕਰਦਾ ਹੈ ਤੇ ਜੋਗੀ ਜੰਗਲ ਵਿਚ ਤਪੱਸਿਆ ਕਰਦਾ ਹੈ। ੫. ਅੰਤ ਸਮੇਂ ਉਹਨਾਂ ਨੂੰ ਫਲ ਇਹ ਮਿਲਦਾ ਹੈ ਕਿ ਰਾਜਾ ਤਾਂ ਜਮ ਦੀ ਫਾਹੀ ਵਿਚ ਪੈਂਦਾ ਹੈ ਤੇ ਜੋਗੀ ਫੁਟਿਆ ਹੋਇਆ ਫਲ ਪ੍ਰਾਪਤ ਕਰਦਾ ਹੈ (ਕਿਉਂਕਿ ਹਠ ਜੋਗ ਨਾਲ ਮੁਕਤੀ ਨਹੀਂ ਮਿਲਦੀ)। ੬. (ਪਰ) ਗੁਰੂ ਤੇ ਸਿੱਖ ਦੀ ਪ੍ਰੀਤ ਵਿਚ ਕਦੀ ਘਾਟਾ ਨਹੀਂ ਹੁੰਦਾ (ਸਦਾ ਲਾਭ ਹੀ ਹੁੰਦਾ ਹੈ)॥ ੮॥

੯. ਗੁਰਸਿੱਖਾਂ ਦੀ ਮਰਯਾਦਾ ਸੱਚੀ ਹੈ

੧. ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।
੨. ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ।
੩. ਸਾਦੀ ਜੀਭ ਨ ਰਜੀਆ ਕਰਿ ਭੋਗ ਬਿਲਾਸੇ।
੪. ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ।
੫. ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ।
੬. ਪੀਰ ਮੁਰੀਦਾਂ ਪਿਰਹੜੀ ਸਚੀ ਰਹਰਾਸੇ॥ ੯॥

ਪਦ ਅਰਥ - ਭੋਗ=ਪਦਾਰਥ। ਸੁਵਾਸੇ=ਸੁਗੰਧੀ। ਭਰਵਾਸੇ=ਆਸਰੇ। ਰਹਰਾਸੇ=ਮਰਯਾਦਾ।

ਅਰਥ - ੧. ਅੱਖਾਂ ਦੁਨੀਆਂ ਦੇ ਕਈ ਪ੍ਰਕਾਰ ਦੇ ਰੰਗ ਤਮਾਸ਼ੇ ਵੇਖ ਕੇ ਵੀ ਨਹੀਂ ਰੱਜੀਆਂ। ੨. ਉਸਤਤੀ, ਨਿੰਦਾ, ਰੋਣਾ ਤੇ ਹੱਸਣਾ ਸੁਣ ਕੇ ਕੰਨ ਵੀ ਨਹੀਂ ਰੱਜੇ। ੩. ਜੀਭ ਖਾਣਿਆਂ ਦੇ ਸੁਆਦ ਚਖ ਚਖ ਕੇ ਨਹੀਂ ਰੱਜੀ, (ਸਗੋਂ) ਪਦਾਰਥਾਂ ਦੇ ਸੁਆਦ ਲੈਣ ਵਿਚ ਆਨੰਦ ਮਾਣਦੀ ਹੈ। ੪. ਦੁਰਗੰਧੀ ਤੇ ਸੁਗੰਧੀ ਦੀ ਵਾਸ਼ਨਾ ਲੈ ਕੇ ਨੱਕ ਵੀ ਨਹੀਂ ਰੱਜਿਆ। ੫. ਕੋਈ ਜੀਵ ਲੰਮੀ ਉਮਰ ਭੋਗ ਕੇ ਵੀ ਨਹੀਂ ਰੱਜਿਆ, ਐਵੇਂ ਝੂਠੇ ਭਰੋਸਿਆਂ ਵਿਚ ਲੋਕ ਮਸਤ ਹੋਏ ਫਿਰਦੇ ਹਨ। ੬. ਜਿਨ੍ਹਾਂ ਗੁਰਸਿੱਖਾਂ ਨੇ ਆਪਣੇ ਗੁਰੂ ਨਾਲ ਸੱਚੀ ਪ੍ਰੀਤ ਕੀਤੀ ਹੈ, ਉਹਨਾਂ ਦੀ ਮਰਯਾਦਾ ਸੱਚੀ ਹੈ, (ਉਹ ਸਦਾ ਤ੍ਰਿਪਤ ਰਹਿੰਦੇ ਹਨ)॥ ੯॥

੧੦. ਗੁਰੂ ਦੀ ਸੇਵਾ ਹੀ ਸੱਚੀ ਸੇਵਾ ਹੈ

੧. ਧ੍ਰਿਗੁ ਸਿਰੁ ਜੋ ਗੁਰ ਨਾ ਨਿਵੈ ਗੁਰ ਲਗੈ ਨ ਚਰਣੀ।
੨. ਧ੍ਰਿਗੁ ਲੋਇਣਿ ਗੁਰ ਦਰਸ ਵਿਣੁ ਵੇਖੈ ਪਰ ਤਰਣੀ।

੩. ਧ੍ਰਿਗ ਸਰਵਣਿ ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।
੪. ਧ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ।
੫. ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।
੬. ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ॥ ੧੦॥

ਪਦ ਅਰਥ - ਤਰਣੀ=ਇਸਤ੍ਰੀ। ਲੋਇਣਿ=ਅੱਖਾਂ। ਸਰਵਣਿ=ਕੰਨ। ਕਰਣੀ=ਕਾਰ।

ਅਰਥ - ੧. ਉਸ ਸਿਰ ਨੂੰ ਧ੍ਰਿਕਾਰ ਹੈ, ਜੋ ਸਤਿਗੁਰੂ ਅੱਗੇ ਨਿੰਵਦਾ ਨਹੀਂ 'ਤੇ ਉਹਨਾਂ ਦੇ ਚਰਣਾਂ 'ਤੇ ਨਮਸਕਾਰ ਨਹੀਂ ਕਰਦਾ। ੨. ਉਹਨਾਂ ਅੱਖਾਂ ਨੂੰ ਵੀ ਧ੍ਰਿਕਾਰ ਹੈ, ਜੋ ਗੁਰੂ ਦੇ ਦਰਸ਼ਨ ਕਰਨ ਦੀ ਥਾਂ ਪਰਾਈਆਂ ਇਸਤ੍ਰੀਆਂ ਨੂੰ ਵੇਖਦੀਆਂ ਹਨ। ੩. ਉਹ ਕੰਨ ਵੀ ਧ੍ਰਿਗ ਹਨ, ਜੋ ਗੁਰੂ ਉਪਦੇਸ਼ ਸੁਣ ਕੇ ਉਹਨਾਂ ਵੱਲ ਆਪਣੀ ਸੁਰਤੀ ਨਹੀਂ ਧਰਦੇ। ੪. ਉਸ ਜੀਭ ਨੂੰ ਵੀ ਧ੍ਰਿਕਾਰ ਹੈ, ਜੋ ਗੁਰੂ ਦੇ ਸ਼ਬਦ ਤੋਂ ਬਿਨਾਂ ਕਿਸੇ ਹੋਰ ਮੰਤਰ ਨੂੰ ਸਿਮਰਦੀ ਹੈ। ੫. ਉਹ ਹੱਥ ਤੇ ਪੈਰ ਵੀ ਧ੍ਰਿਗ ਹਨ, ਜੋ ਸੇਵਾ ਤੋਂ ਬਿਨਾਂ ਹੋਰ ਫਜ਼ੂਲ ਕਰਨੀਆਂ ਵਿਚ ਲੱਗੇ ਰਹਿੰਦੇ ਹਨ। ੬. ਗੁਰੂ ਤੇ ਸਿੱਖ ਦੀ ਪ੍ਰੀਤ ਸੱਚੀ ਹੈ, ਗੁਰੂ ਦੀ ਸ਼ਰਣ ਪਿਆਂ ਸਿੱਖ ਨੂੰ ਆਤਮਿਕ ਸੁਖਾਂ ਦੀ ਪ੍ਰਾਪਤੀ ਹੁੰਦੀ ਹੈ॥ ੧੦॥

ਭਾਵ—ਜਿਹੜੇ ਗੁਰਸਿੱਖ ਸੰਸਾਰ ਵਿਚ ਲੋੜਵੰਦਾਂ ਦੀ ਸੇਵਾ ਕਰਦੇ ਹਨ, ਉਹਨਾਂ ਦੇ ਹੱਥ, ਪੈਰ, ਤੇ ਹੋਰ ਸਾਰੇ ਸਰੀਰਕ ਅੰਗ ਸਫਲ ਹੋ ਜਾਂਦੇ ਹਨ।

੧੧. ਗੁਰਮੁਖਾਂ ਦਾ ਸੱਚਾ ਮਾਰਗ

੧. ਹੋਰਤੁ ਰੰਗਿ ਨ ਰਚੀਐ ਸਭੁ ਕੂੜੁ ਦਿਸੰਦਾ।
੨. ਹੋਰਤੁ ਸਾਦਿ ਨ ਲਗੀਐ ਹੋਇ ਵਿਸੁਲ ਗੰਦਾ।
੩. ਹੋਰਤੁ ਰਾਗ ਨ ਰੀਝੀਐ ਸੁਣਿ ਸੁਖ ਨ ਲਹੰਦਾ।
੪. ਹੋਰੁ ਬੁਰੀ ਕਰਤੂਤਿ ਹੈ ਲਗੈ ਫਲੁ ਮੰਦਾ।
੫. ਹੋਰਤੁ ਪੰਥਿ ਨ ਚਲੀਐ ਠਗੁ ਚੋਰੁ ਮੁਹੰਦਾ।
੬. ਪੀਰ ਮੁਰੀਦਾਂ ਪਿਰਹੜੀ ਸਚੁ ਸਚਿ ਮਿਲੰਦਾ॥ ੧੧॥

ਪਦ ਅਰਥ - ਰਚੀਐ=ਲੱਗੀਏ। ਵਿਸੁਲ ਗੰਦਾ=ਜ਼ਹਿਰ ਦੀਆਂ ਗੰਦਲਾਂ। ਰੀਝੀਐ=ਪ੍ਰਸੰਨ ਹੋਈਏ। ਲਹੰਦਾ=ਮਿਲਦਾ। ਮੁਹੰਦਾ=ਠੱਗਦੇ ਹਨ।

ਅਰਥ - ੧. (ਸੰਸਾਰ ਦੇ) ਹੋਰ ਰੰਗਾਂ ਰਸਾਂ ਵਿਚ ਨਾ ਲੱਗੀਏ, ਕਿਉਂਕਿ ਇਹ ਸਾਰੇ ਰਸ ਝੂਠੇ ਦਿਸਦੇ ਹਨ। ੨. ਕਿਸੇ ਹੋਰ ਸੰਸਾਰਕ ਸੁਆਦ ਵਿਚ ਨਾ ਲੱਗੀਏ, ਕਿਉਂਕਿ ਸਭ ਦੁਨਿਆਵੀ ਸੁਆਦ ਜ਼ਹਿਰ ਦੀਆਂ ਗੰਦਲਾਂ ਵਾਂਗੂੰ ਜ਼ਹਿਰੀਲੇ ਹਨ। ੩. (ਗੁਰੂ ਦੇ ਸ਼ਬਦ ਨੂੰ ਛੱਡ ਕੇ) ਕਿਸੇ ਹੋਰ ਰਾਗ ਵਿਚ ਮਸਤ

ਨਾ ਹੋਈਏ, ਕਿਉਂਕਿ ਸੰਸਾਰਕ ਰਾਗਾਂ ਤੋਂ (ਆਤਮਿਕ) ਸੁਖ ਨਹੀਂ ਮਿਲਦਾ। ੪. ਹੋਰ ਸਭ ਕਰਮ ਬੁਰੇ ਹਨ, ਉਹਨਾਂ ਨੂੰ ਮੰਦਾ ਫਲ ਹੀ ਲੱਗਦਾ ਹੈ। ੫. (ਗੁਰਮੁਖਾਂ ਦਾ ਮਾਰਗ ਛੱਡ ਕੇ) ਕਿਸੇ ਹੋਰ ਰਸਤੇ ਉਪਰ ਨਾ ਚਲੀਏ, ਕਿਉਂਕਿ ਕਾਮ, ਕਰੋਧ ਆਦਿ ਠੱਗ ਸ਼ੁਭ ਗੁਣਾਂ ਰੂਪੀ ਦੌਲਤ ਲੁਟ ਲੈਂਦੇ ਹਨ। ੬. (ਲਾਭਕਾਰੀ ਮਾਰਗ ਇਹ ਹੈ ਕਿ) ਸਿੱਖ ਆਪਣੇ ਗੁਰੂ ਨਾਲ ਸੱਚੀ ਪ੍ਰੀਤ ਕਰੇ, ਜਿਸ ਕਰਕੇ ਉਸ ਨੂੰ ਸੱਚ (ਪ੍ਰਭੂ) ਮਿਲ ਪੈਂਦਾ ਹੈ॥ ੧੧ ॥

੧੨. ਗੁਰੂ ਨਾਲ ਪ੍ਰੀਤ ਗੁਣਵਾਨ ਬਣਾਉਂਦੀ ਹੈ

੧. ਦੂਜੀ ਆਸ ਵਿਣਾਸੁ ਹੈ ਪੂਰੀ ਕਿਉ ਹੋਵੈ।
੨. ਦੂਜਾ ਮੋਹ ਸੁ ਧ੍ਰੋਹ ਸਭੁ ਓਹੁ ਅੰਤਿ ਵਿਗੋਵੈ।
੩. ਦੂਜਾ ਕਰਮੁ ਸੁ ਭਰਮ ਹੈ ਕਰਿ ਅਵਗੁਣ ਰੋਵੈ।
੪. ਦੂਜਾ ਸੰਗੁ ਕੁਢੰਗੁ ਹੈ ਕਿਉ ਭਰਿਆ ਧੋਵੈ।
੫. ਦੂਜਾ ਭਾਉ ਕੁਦਾਉ ਹੈ ਹਾਰਿ ਜਨਮੁ ਖਲੋਵੈ।
੬. ਪੀਰ ਮੁਰੀਦਾਂ ਪਿਰਹੜੀ ਗੁਣ ਗੁਣੀ ਪਰੋਵੈ॥ ੧੨ ॥

ਪਦ ਅਰਥ - ਵਿਣਾਸੁ=ਨਾਸ। ਧ੍ਰੋਹ=ਛਲ। ਕੁਦਾਉ=ਖੋਟਾ ਦਾਅ।

ਅਰਥ - ੧. (ਪ੍ਰਭੂ) ਦੀ ਆਸ ਤੋਂ ਬਿਨਾਂ) ਕਿਸੇ ਹੋਰ ਦੀ ਆਸ ਰੱਖਣ ਨਾਲ (ਦੇਹ) ਨਾਸ ਹੋ ਜਾਂਦੀ ਹੈ, ਇਹ (ਝੂਠੀ ਆਸ) ਪੂਰੀ ਕਿਵੇਂ ਹੋ ਸਕਦੀ ਹੈ ? ੨. (ਪ੍ਰਭੂ ਨਾਲ ਸੱਚੇ ਪ੍ਰੇਮ ਤੋਂ ਬਿਨਾਂ) ਹੋਰ ਦੂਜਾ ਮੋਹ ਛਲ ਰੂਪ ਹੈ, ਉਹ ਅੰਤ ਨੂੰ ਦੁੱਖ ਦਿੰਦਾ ਹੈ। ੩. (ਸੱਚਾ ਨਾਮ ਸਿਮਰਨ ਤੋਂ ਬਿਨਾਂ) ਹੋਰ ਦੂਜੇ ਕਰਮ ਸਭ ਭਰਮ ਰੂਪ ਹਨ, ਇਹਨਾਂ ਔਗੁਣਾਂ ਕਰਕੇ ਅੰਤ ਨੂੰ ਰੋਣਾ ਪੈਂਦਾ ਹੈ। ੪. (ਸਤਿਸੰਗ ਤੋਂ ਬਿਨਾਂ) ਹੋਰ ਸਭ ਸੰਗਤ ਖੋਟੀ ਹੈ, ਉਹ ਮਨੁੱਖ ਦੇ ਪਾਪਾਂ ਨੂੰ ਕਿਵੇਂ ਧੋ ਸਕਦੀ ਹੈ? ੫. (ਪ੍ਰਭੂ ਪ੍ਰੇਮ ਤੋਂ ਬਿਨਾਂ) ਹੋਰ ਪ੍ਰੇਮ ਸਭ ਖੋਟੇ ਦਾਅ ਹਨ, ਇਸ ਨਾਲ ਅੰਤ ਨੂੰ ਹਾਰ ਹੁੰਦੀ ਹੈ। ੬. ਸਿੱਖ ਦੀ ਗੁਰੂ ਨਾਲ ਪ੍ਰੀਤ ਦਾ ਫਲ ਇਹ ਹੁੰਦਾ ਹੈ ਕਿ ਉਹ ਸਿੱਖ ਨੂੰ ਗੁਣਾਂ ਵਿਚ ਪਰੋ ਕੇ ਗੁਣਵਾਨ ਬਣਾ ਦਿੰਦੀ ਹੈ॥ ੧੨ ॥

ਭਾਵ—ਪਰਮੇਸ਼ਰ ਦੇ ਪ੍ਰੇਮ ਤੋਂ ਬਿਨਾਂ ਹੋਰ ਸਭ ਪ੍ਰੇਮ ਦੁੱਖਦਾਈ ਹੁੰਦੇ ਹਨ, ਕਿਉਂਕਿ ਉਹ ਨਾਸਵਾਨ ਹੁੰਦੇ ਹਨ।

੧੩. ਸਤਿਗੁਰੂ ਦੀ ਪ੍ਰੀਤ ਲੱਖਮੁੱਲੀ ਹੈ

੧. ਅਮਿਓ ਦ੍ਰਿਸਟਿ ਕਰਿ ਕਛੁ ਵਾਂਗਿ ਭਵਜਲ ਵਿਚਿ ਰਖੈ।
੨. ਗਿਆਨ ਅੰਸ ਦੇ ਹੰਸ ਵਾਂਗਿ ਬੁਝਿ ਭਖ ਅਭਖੈ।

੩. ਸਿਮਰਣ ਕਰਦੇ ਕੂੰਜ ਵਾਂਗਿ ਉਡਿ ਲਖੈ ਅਲਖੈ।
੪. ਮਾਤਾ ਬਾਲਕ ਹੇਤੁ ਕਰਿ ਓਹੁ ਸਾਉ ਨ ਚਖੈ।
੫. ਸਤਿਗੁਰ ਪੁਰਖੁ ਦਇਆਲੁ ਹੈ ਗੁਰਸਿਖ ਪਰਖੈ।
੬. ਪੀਰ ਮੁਰੀਦਾਂ ਪਿਰਹੜੀ ਲਖ ਮੁਲੀਅਨਿ ਕਖੈ ॥ ੧੩ ॥

ਪਦ ਅਰਥ - ਅਮਿਓ ਦ੍ਰਿਸ਼ਟਿ=ਕ੍ਰਿਪਾ ਦ੍ਰਿਸ਼ਟੀ। ਅੰਸ=ਬੁੱਧੀ।

ਅਰਥ - ੧. (ਸਤਿਗੁਰੂ ਸਿੱਖ ਉਤੇ) ਕਿਰਪਾ ਦ੍ਰਿਸ਼ਟੀ ਕਰ ਕੇ ਉਸ ਦੀ ਇਸ ਸੰਸਾਰ ਸਾਗਰ ਵਿਚ ਰੱਖਿਆ ਕਰਦਾ ਹੈ। ੨. ਅਤੇ ਹੰਸ ਵਾਂਗੂੰ ਗਿਆਨ ਦੀ ਅੰਸ (ਬੁਧੀ ਜਾਂ ਕਿਰਣ) ਦੇ ਕੇ ਸਿੱਖ ਨੂੰ ਭੱਖ ਅਭੱਖ (ਸੱਚ ਤੇ ਝੂਠ) ਦੀ ਸੋਝੀ ਕਰਾਉਂਦਾ ਹੈ। ੩. (ਸਤਿਗੁਰੂ ਜੀ) ਕੂੰਜ ਵਾਂਗੂੰ ਸਿੱਖ ਨੂੰ ਸਦਾ ਯਾਦ ਰੱਖਦੇ ਹਨ, ਇਸ ਯਾਦ ਕਰਕੇ ਸਿੱਖ ਉਸ ਅਲੱਖ (ਪ੍ਰਭੂ) ਨੂੰ ਲਖ ਲੈਂਦਾ ਹੈ। ੪. ਪੁੱਤਰ ਦੇ ਪਿਆਰ ਕਰਕੇ ਮਾਤਾ ਸੁਆਦਾਂ ਨੂੰ ਨਹੀਂ ਚੱਖਦੀ, ਤਾਂ ਕਿ ਬੱਚਾ ਦੁੱਖੀ ਨਾ ਹੋਵੇ, ਇਸੇ ਤਰ੍ਹਾਂ ਸਤਿਗੁਰੂ ਜੀ ਆਪਣੇ ਸਿੱਖ ਦੀ ਪਾਲਣਾ ਕਰਦੇ ਹਨ। ੫. ਸਤਿਗੁਰੂ ਪੁਰਖ ਦਇਆਲੂ ਹੈ ਤੇ ਉਹ ਆਪਣੇ ਸਿੱਖ ਨੂੰ ਪਰਖ ਲੈਂਦੇ ਹਨ। ੬. ਸਤਿਗੁਰੂ ਤੇ ਸਿੱਖ ਦੀ ਪ੍ਰੀਤ ਲੱਖਮੁੱਲੀ ਹੈ (ਭਾਵ ਅਨਮੋਲ ਹੈ), ਉਹ ਸਿੱਖ ਨੂੰ ਕੱਖਾਂ ਤੋਂ ਲੱਖ ਦਾ ਕਰ ਦਿੰਦੀ ਹੈ ॥ ੧੩ ॥

੧੪. ਸਿੱਖਾਂ ਦੀ ਸਤਿਗੁਰੂ ਜੀ ਨਾਲ ਪ੍ਰੀਤ

੧. ਦਰਸਨੁ ਦੇਖਿ ਪਤੰਗ ਜਿਉ ਜੋਤੀ ਜੋਤਿ ਸਮਾਵੈ।
੨. ਸਬਦ ਸੁਰਤਿ ਲਿਵ ਮਿਰਗ ਜਿਉ ਅਨਹਦ ਲਿਵ ਲਾਵੈ।
੩. ਸਾਧਸੰਗਤਿ ਵਿਚਿ ਮੀਨੁ ਹੋਇ ਗੁਰਮਤਿ ਸੁਖ ਪਾਵੈ।
੪. ਚਰਣ ਕਵਲ ਵਿਚਿ ਭਵਰੁ ਹੋਇ ਸੁਖ ਰੈਣਿ ਵਿਹਾਵੈ।
੫. ਗੁਰ ਉਪਦੇਸ ਨ ਵਿਸਰੈ ਬਾਬੀਹਾ ਧਿਆਵੈ।
੬. ਪੀਰ ਮੁਰੀਦਾਂ ਪਿਰਹੜੀ ਦੂਬਿਧਾ ਨਾ ਸੁਖਾਵੈ ॥ ੧੪ ॥

ਪਦ ਅਰਥ - ਜੋਤੀ=ਪ੍ਰਕਾਸ਼। ਲਿਵ=ਸਮਾਧੀ। ਮੀਨੁ=ਮੱਛੀ। ਬਾਬੀਹਾ=ਪਪੀਹਾ।

ਅਰਥ - ੧. (ਸਤਿਗੁਰੂ ਜੀ ਦਾ ਸਿੱਖ) ਪਤੰਗੇ ਵਾਂਗੂੰ ਜੋਤੀ ਸਰੂਪ ਸਤਿਗੁਰੂ ਜੀ ਦਾ ਦਰਸ਼ਨ ਕਰਕੇ ਸਤਿਗੁਰੂ ਜੀ ਦੀ ਜੋਤ ਵਿਚ ਸਮਾ ਜਾਂਦਾ ਹੈ। ੨. (ਸਿੱਖ) ਹਰਨ ਵਾਂਗੂੰ ਸਤਿਗੁਰੂ ਜੀ ਦੇ ਸ਼ਬਦ ਵਿਚ ਸੁਰਤੀ ਨੂੰ ਜੋੜਦਾ ਹੈ ਤੇ ਅਨਹਦ ਨਾਦ ਦਾ ਆਨੰਦ ਮਾਣਦਾ ਹੈ। ੩. (ਸਿੱਖ) ਸਾਧ ਸੰਗਤ ਰੂਪੀ ਦਰਿਆ ਵਿਚ ਜਾ ਕੇ ਮੱਛੀ ਵਾਂਗੂੰ ਮਸਤ ਹੋ ਕੇ ਗੁਰੂ ਦੀ ਸਿੱਖਿਆ 'ਤੇ ਚਲਦਾ ਹੈ ਤੇ ਸੁਖ ਪ੍ਰਾਪਤ ਕਰਦਾ ਹੈ। ੪. (ਸਤਿਗੁਰੂ ਜੀ ਦੇ) ਚਰਣ ਕੰਵਲਾਂ ਉਤੇ ਭੌਰਾ ਬਣ ਕੇ ਸਿੱਖ ਆਪਣੀ ਆਯੂ ਰੂਪੀ ਰਾਤ ਬਤੀਤ

ਕਰਦਾ ਹੈ। ੫. ਸਿੱਖ ਨੂੰ ਗੁਰੂ ਦਾ ਉਪਦੇਸ਼ ਨਹੀਂ ਭੁੱਲਦਾ, ਉਹ ਹਰ ਵੇਲੇ ਪਪੀਹੇ ਵਾਂਗੂੰ ਸਤਿਗੁਰੂ ਨੂੰ ਧਿਆਉਂਦਾ ਰਹਿੰਦਾ ਹੈ। ੬. ਸਿੱਖ ਤੇ ਗੁਰੂ ਦੀ ਪ੍ਰੀਤ ਐਸੀ ਹੈ, ਜਿਸ ਨਾਲ ਸਿੱਖ ਦੀ ਦੁਬਿਧਾ ਨਾਸ ਹੋ ਜਾਂਦੀ ਹੈ। (ਤੇ ਉਸ ਨੂੰ ਹਰ ਇੱਕ ਵਿਚ ਪ੍ਰਭੂ ਦੀ ਜੋਤ ਦਾ ਪ੍ਰਕਾਸ਼ ਹੀ ਨਜ਼ਰ ਆਉਂਦਾ ਹੈ)॥ ੧੪॥

੧੫. ਸਤਿਗੁਰੂ ਦੀ ਪ੍ਰੀਤ ਸੁਖਦਾਈ ਹੈ

੧. ਦਾਤਾ ਓਹੁ ਨ ਮੰਗੀਐ ਫਿਰਿ ਮੰਗਣਿ ਜਾਈਐ।
੨. ਹੋਛਾ ਸਾਹੁ ਨ ਕੀਚਈ ਫਿਰਿ ਪਛੋਤਾਈਐ।
੩. ਸਾਹਿਬੁ ਓਹੁ ਨ ਸੇਵੀਐ ਜਮ ਡੰਡੁ ਸਹਾਈਐ।
੪. ਹਉਮੈ ਰੋਗੁ ਨ ਕਟਈ ਓਹੁ ਵੈਦੁ ਨ ਲਾਈਐ।
੫. ਦੁਰਮਤਿ ਮੈਲੁ ਨ ਉਤਰੈ ਕਿਉਂ ਤੀਰਥਿ ਨਾਈਐ।
੬. ਪੀਰ ਮੁਰੀਦਾਂ ਪਿਰਹੜੀ ਸੁਖ ਸਹਜਿ ਸਮਾਈਐ॥ ੧੫॥

ਪਦ ਅਰਥ - ਹੋਛਾ=ਥੋੜ੍ਹ ਦਿਲਾ। ਦੁਰਮਤਿ=ਖੋਟੀ ਮੱਤ।

ਅਰਥ - ੧. ਇਹੋ ਜਿਹਾ ਦਾਤਾ ਨਾ ਮੰਗੋ, ਜਿਸ ਕੋਲੋਂ ਮੰਗਿਆਂ ਮੰਗ ਪੂਰੀ ਨਾ ਹੋਵੇ ਤੇ ਫਿਰ ਹੋਰ ਕਿਸੇ ਕੋਲ ਜਾਣਾ ਪਵੇ। ੨. ਹੋਛਾ (ਥੋੜ੍ਹ ਦਿਲਾ) ਸ਼ਾਹ ਵੀ ਨਾ ਬਣਾਓ, ਨਹੀਂ ਤਾਂ ਫਿਰ ਪਛਤਾਣਾ ਪੈਂਦਾ ਹੈ। ੩. ਇਹੋ ਜਿਹੇ ਮਾਲਕ ਦੀ ਸੇਵਾ ਵੀ ਨਾ ਕਰੋ, ਜਿਸ ਕਰਕੇ ਜਮ ਦਾ ਦੰਡ ਸਹਿਣਾ ਪਵੇ। ੪. ਜਿਹੜਾ ਵੈਦ ਹਉਮੈ ਦਾ ਰੋਗ ਨਾਸ ਨਹੀਂ ਕਰਦਾ, ਉਸ ਵੈਦ ਕੋਲ ਵੀ ਨਾ ਜਾਓ। ੫. ਜੇ ਖੋਟੀ ਮੱਤ ਦੀ ਮੈਲ ਨਹੀਂ ਉਤਰਦੀ ਤਾਂ ਇਹੋ ਜਿਹੇ ਤੀਰਥ 'ਤੇ ਕਿਉਂ ਇਸ਼ਨਾਨ ਕਰੀਏ। ੬. ਸਤਿਗੁਰੂ ਨਾਲ ਪ੍ਰੀਤ ਕਰਨੀ ਹੀ ਇੱਕ ਵੱਡਾ ਸਾਧਨ ਹੈ, ਜਿਸ ਨਾਲ ਸਿੱਖ ਸਹਿਜ ਅਵਸਥਾ ਦੇ ਸੁਖ ਵਿਚ ਸਮਾ ਜਾਂਦਾ ਹੈ॥ ੧੫॥

੧੬. ਗੁਰੂ ਦੀ ਪ੍ਰੀਤ ਹੀ ਪ੍ਰਵਾਨ ਹੁੰਦੀ ਹੈ

੧. ਮਾਲੁ ਮੁਲਕੁ ਚਤੁਰੰਗ ਦਲ ਦੁਨੀਆ ਪਾਤਿਸਾਹੀ।
੨. ਰਿਧਿ ਸਿਧਿ ਨਿਧਿ ਬਹੁ ਕਰਾਮਾਤਿ ਸਭ ਖਲਕ ਉਮਾਹੀ।
੩. ਚਿਰੁ ਜੀਵਣੁ ਬਹੁ ਹੰਢਣਾ ਗੁਣ ਗਿਆਨ ਉਗਾਹੀ।
੪. ਹੋਰਸੁ ਕਿਸੈ ਨ ਜਾਣਈ ਚਿਤਿ ਬੇਪਰਵਾਹੀ।
੫. ਦਰਗਹ ਢੋਈ ਨ ਲਹੈ ਦੁਬਿਧਾ ਬਦਰਾਹੀ।
੬. ਪੀਰ ਮੁਰੀਦਾਂ ਪਿਰਹੜੀ ਪਰਵਾਣੁ ਸੁ ਘਾਹੀ॥ ੧੬॥

ਪਦ ਅਰਥ - ਚਤੁਰੰਗ ਦਲ=ਚਾਰ ਤਰ੍ਹਾਂ ਦੀ ਫ਼ੌਜ। ਉਮਾਹੀ=ਪ੍ਰੇਮ ਕਰੇ। ਉਗਾਹੀ=ਸਾਖ। ਬੁਦਰਾਹੀ=ਖੋਟਾ ਰਾਹ।

ਅਰਥ - ੧. (ਜੇ ਕੋਈ) ਮਾਲ, ਮੁਲਕ, ਚਾਰ ਪ੍ਰਕਾਰ ਦੀ ਸੈਨਾ ਤੇ ਦੁਨੀਆਂ ਦਾ ਬਾਦਸ਼ਾਹ ਹੋਵੇ। ੨. (ਜੇ ਕੋਈ) ਰਿੱਧੀਆਂ, ਸਿੱਧੀਆਂ, ਨਿਧੀਆਂ ਦਾ ਮਾਲਕ ਤੇ ਬਹੁਤਾ ਕਰਾਮਾਤੀ ਹੋ ਜਾਵੇ ਤੇ ਸਭ ਲੋਕ ਉਸ ਨਾਲ ਪ੍ਰੇਮ ਕਰਨ। ੩. (ਜੇ ਕੋਈ) ਚਿਰਜੀਵੀ ਹੋ ਕੇ ਲੰਮੀ ਉਮਰ ਭੋਗੇ ਤੇ ਗੁਣੀ ਗਿਆਨੀ ਉਸ ਦੀ ਸਾਖ ਭਰਨ ਕਿ ਇਸ ਵਰਗਾ ਹੋਰ ਕੋਈ ਨਹੀਂ। ੪. ਆਪਣੇ ਮਨ ਵਿਚ ਬੇਪਰਵਾਹੀ ਰੱਖਦਾ ਹੋਇਆ (ਜੇ ਕੋਈ) ਹੋਰ ਕਿਸੇ ਨੂੰ ਨਾ ਸਿਞਾਣਦਾ ਹੋਵੇ। ੫. (ਪਰ ਏਨਾ ਕੁਛ ਹੋ ਜਾਣ 'ਤੇ ਵੀ ਉਸ ਪੁਰਸ਼ ਨੂੰ) ਪ੍ਰਭੂ ਦੇ ਦਰਬਾਰ ਵਿਚ ਢੋਈ (ਇੱਜ਼ਤ) ਨਹੀਂ ਮਿਲੇਗੀ, ਜੇ ਉਹ ਦੁਬਿਧਾ ਵਿਚ ਫਸ ਕੇ ਖੋਟੇ ਰਾਹ 'ਤੇ ਤੁਰਦਾ ਹੈ। ੬. ਜਿਹੜਾ ਸਿੱਖ ਸਤਿਗੁਰੂ ਜੀ ਨਾਲ ਪ੍ਰੀਤ ਕਰਦਾ ਹੈ, ਉਹੋ ਹੀ ਸੱਚੀ ਦਰਗਾਹ ਵਿਚ ਪ੍ਰਵਾਨ ਹੁੰਦਾ ਹੈ॥ ੧੬॥

੧੭. ਗੁਰੂ ਦੀ ਪ੍ਰੀਤ ਸਭ ਤੋਂ ਉੱਚੀ ਹੈ

੧. ਵਿਣੁ ਗੁਰ ਹੋਰੁ ਧਿਆਨੁ ਹੈ ਸਭ ਦੂਜਾ ਭਾਉ।
੨. ਵਿਣੁ ਗੁਰ ਸਬਦ ਗਿਆਨੁ ਹੈ ਫਿਕਾ ਆਲਾਉ।
੩. ਵਿਣੁ ਗੁਰ ਚਰਣਾਂ ਪੂਜਣਾ ਸਭੁ ਕੂੜਾ ਸੁਆਉ।
੪. ਵਿਣੁ ਗੁਰ ਬਚਨੁ ਜੁ ਮੰਨਣਾ ਊਗਾ ਪਰਥਾਉ।
੫. ਸਾਧਸੰਗਤਿ ਵਿਣੁ ਸੰਗੁ ਹੈ ਸਭੁ ਕਚਾ ਚਾਉ।
੬. ਪੀਰ ਮੁਰੀਦਾਂ ਪਿਰਹੜੀ ਜਿਣਿ ਜਾਣਨਿ ਦਾਉ॥ ੧੭॥

ਪਦ ਅਰਥ - ਆਲਾਉ=ਬਕਵਾਸ। ਊਗਾ=ਊਣਾ। ਪਰਥਾਉ=ਪਰਮਾਰਥ। ਚਾਉ=ਉਤਸ਼ਾਹ।

ਅਰਥ - ੧. ਸਤਿਗੁਰੂ ਜੀ ਦੇ ਧਿਆਨ ਤੋਂ ਬਿਨਾਂ ਹੋਰ (ਦੇਵੀ ਦੇਵਤਿਆਂ) ਦਾ ਧਿਆਨ ਧਰਨਾ ਦ੍ਵੈਤ ਭਾਵ ਵਾਲਾ ਧਿਆਨ ਹੈ। ੨. ਗੁਰੂ ਦੇ ਸ਼ਬਦ (ਉਪਦੇਸ਼) ਤੋਂ ਬਿਨਾਂ ਹੋਰ ਸਾਰੇ ਗਿਆਨ ਫਿੱਕੀ ਬਕਵਾਸ ਹੈ। ੩. ਸਤਿਗੁਰੂ ਜੀ ਦੇ ਚਰਣਾਂ ਤੋਂ ਬਿਨਾਂ ਕਿਸੇ ਹੋਰ ਦੀ ਪੂਜਾ ਕਰਨੀ ਝੂਠਾ ਸੁਆਦ ਹੈ। ੪. ਸਤਿਗੁਰੂ ਜੀ ਦੇ ਬਚਨ ਤੋਂ ਬਿਨਾਂ ਕਿਸੇ ਹੋਰ ਦੇ ਬਚਨ ਮੰਨਣ ਵਾਲਾ ਪਰਮਾਰਥ ਵੱਲੋਂ ਊਣਾ ਰਹਿੰਦਾ ਹੈ। ੫. ਸਾਧ ਸੰਗਤ ਤੋਂ ਬਿਨਾਂ ਕਿਸੇ ਹੋਰ ਦੀ ਸੰਗਤ ਕਰਨ ਵਾਲੇ ਦਾ ਉਤਸ਼ਾਹ ਕੱਚਾ ਹੁੰਦਾ ਹੈ। ੬. ਜਿਨ੍ਹਾਂ ਗੁਰਸਿੱਖਾਂ ਨੇ ਸਤਿਗੁਰੂ ਨਾਲ ਪ੍ਰੀਤੀ ਕੀਤੀ ਹੈ, ਉਹੋ ਹੀ ਜਿੱਤਣ ਦਾ ਦਾਉ ਜਾਣਦੇ ਹਨ॥ ੧੭॥

ਭਾਵ— ਸੱਚੇ ਸਤਿਗੁਰੂ ਦੇ ਉਪਦੇਸ਼ ਤੋਂ ਬਿਨਾਂ ਹੋਰ ਸਾਰੇ ਗਿਆਨ, ਧਿਆਨ, ਕਰਮ, ਧਰਮ ਤੇ ਸਿਮਰਨ ਕਿਸੇ ਲੇਖੇ ਵਿਚ ਨਹੀਂ।

੧੮. ਗੁਰੂ ਦੀ ਪ੍ਰੀਤ ਹਉਮੈ ਨਾਸ ਕਰਦੀ ਹੈ

੧. ਲਖ ਸਿਆਣਪ ਸੁਰਤਿ ਲਖ ਲਖ ਗੁਣ ਚਤੁਰਾਈ।
੨. ਲਖ ਮਤਿ ਬੁਧਿ ਸੁਧਿ ਗਿਆਨ ਧਿਆਨ ਲਖ ਪਤਿ ਵਡਿਆਈ।
੩. ਲਖ ਜਪ ਤਪ ਲਖ ਸੰਜਮਾਂ ਲਖ ਤੀਰਥ ਨ੍ਹਾਈ।
੪. ਕਰਮ ਧਰਮ ਲਖ ਜੋਗ ਭੋਗ ਲਖ ਪਾਠ ਪੜ੍ਹਾਈ।
੫. ਆਪੁ ਗਣਾਇ ਵਿਗੁਚਣਾ ਓਹੁ ਥਾਇ ਨ ਪਾਈ।
੬. ਪੀਰ ਮੁਰੀਦਾਂ ਪਿਰਹੜੀ ਹੋਇ ਆਪੁ ਗਵਾਈ॥ ੧੮॥

ਪਦ ਅਰਥ - ਸੁਰਤਿ=ਗਿਆਤ। ਪੜ੍ਹਾਈ=ਪੜ੍ਹਨਾ। ਵਿਗੁਚਣਾ=ਖਰਾਬ ਹੋਣਾ।

ਅਰਥ - ੧. ਲੱਖਾਂ ਸਿਆਣਪਾਂ ਦੀ ਗਿਆਤ, ਲੱਖਾਂ ਗੁਣ ਤੇ ਲੱਖਾਂ ਚਤੁਰਾਈਆਂ। ੨. ਲੱਖਾਂ ਸਿੱਖਿਆ, ਬੁੱਧੀ, ਹੋਸ਼, ਗਿਆਨ, ਧਿਆਨ, ਇੱਜ਼ਤਾਂ ਤੇ ਵਡਿਆਈਆਂ। ੩. ਲੱਖਾਂ ਜਪ, ਤਪ, ਲੱਖਾਂ ਸੰਜਮ ਤੇ ਲੱਖਾਂ ਤੀਰਥਾਂ ਦਾ ਇਸ਼ਨਾਨ। ੪. ਲੱਖਾਂ ਹੀ ਕਰਮ, ਧਰਮ, ਲੱਖਾਂ ਜੋਗ ਭੋਗ ਤੇ ਲੱਖਾਂ ਪੁਸਤਕਾਂ ਦਾ ਪੜ੍ਹਨਾ। ੫. ਏਨਾ ਕੁਛ ਹੋਣ ਦੇ ਬਾਵਜੂਦ ਜੇ ਕੋਈ ਆਪਣਾ ਆਪ ਜਣਾਉਂਦਾ ਹੈ ਭਾਵ ਅਹੰਕਾਰ ਕਰਦਾ ਹੈ ਤਾਂ ਉਹ ਜਨਮ ਮਰਨ ਦੇ ਗੇੜ ਵਿਚ ਪੈ ਕੇ ਖਰਾਬ ਹੁੰਦਾ ਹੈ, ਉਸ ਦਾ ਕੀਤਾ ਕੋਈ ਕਰਮ ਵੀ ਸਫਲ ਨਹੀਂ ਹੁੰਦਾ ਹੈ। ੬. ਗੁਰੂ ਤੇ ਸਿੱਖ ਦੀ ਪ੍ਰੀਤ ਹੀ ਇੱਕ ਐਸਾ ਸਾਧਨ ਹੈ, ਜਿਸ ਨਾਲ ਸਿੱਖ ਦੀ ਹਉਮੈ ਨਾਸ ਹੁੰਦੀ ਹੈ॥ ੧੮॥

੧੯. ਸਿੱਖਾਂ ਦੀ ਸੇਵਾ ਦਾ ਵਰਣਨ

੧. ਪੈਰੀ ਪੈ ਪਾ ਖਾਕ ਹੋਇ ਛਡਿ ਮਣੀ ਮਨੂਰੀ।
੨. ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ।
੩. ਤੂਪੜ ਝਾੜਿ ਵਿਛਾਇੰਦਾ ਚੁਲਿ ਝੋਕਿ ਨ ਝੂਰੀ।
੪. ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ।
੫. ਚੰਦਨੁ ਹੋਵੈ ਸਿੰਮਲਹੁ ਫਲੁ ਵਾਸੁ ਹਜੂਰੀ।
੬. ਪੀਰ ਮੁਰੀਦਾਂ ਪਿਰਹੜੀ ਗੁਰਮੁਖਿ ਮਤਿ ਪੂਰੀ॥ ੧੯॥

ਪਦ ਅਰਥ - ਮਣੀ=ਵਡਿਆਈ। ਮਨੂਰੀ=ਮਨੌਤ। ਮਜੂਰੀ=ਟਹਿਲ। ਝੋਕਿ=ਡਾਹੁਣਾ। ਹਜੂਰੀ=ਕੋਲ।

ਅਰਥ - ੧. (ਗੁਰੂ ਦਾ ਸਿੱਖ ਆਪਣੇ ਗੁਰੂ ਦੀ ਸੇਵਾ ਕਿਸ ਤਰ੍ਹਾਂ ਦੀ ਕਰਦਾ ਹੈ?) ਸਿੱਖ ਗੁਰੂ

ਜੀ ਦੇ ਚਰਣਾਂ ਦੀ ਧੂੜ ਬਣ ਕੇ ਪੈਰੀਂ ਪੈਂਦਾ ਹੈ, ਤੇ ਆਪਣਾ ਮਾਣ ਤੇ ਮਨੌਤਾਂ ਛੱਡ ਦਿੰਦਾ ਹੈ। ੨. ਸਿੱਖ ਪਾਣੀ ਭਰਨ, ਪੱਖਾ ਝਲਣ ਤੇ ਚੱਕੀ ਪੀਹਣ ਦੀ ਸੇਵਾ ਕਰਦਾ ਹੈ। ੩. (ਸਾਧ ਸੰਗਤ ਦੇ ਬੈਠਣ ਵਾਸਤੇ ਧਰਮਸਾਲ ਵਿਚ) ਤਪੜ ਝਾੜ ਕੇ ਵਿਛਾਉਂਦਾ ਹੈ ਤੇ ਲੰਗਰ ਦੇ ਚੁਲ੍ਹੇ ਵਿਚ ਬਾਲਣ ਡਾਹੁੰਦਾ ਹੋਇਆ ਉਹ ਝੁਰਦਾ ਨਹੀਂ। ੪. ਉਹ ਮੁਰੀਦ ਮੁਰਦੇ ਵਾਂਗ (ਨਿਰਮਾਣ) ਹੋ ਕੇ ਸਿਦਕ ਤੇ ਸਬਰ ਨਾਲ ਸੇਵਾ ਕਰਦਾ ਹੈ। ੫. ਜਿਵੇਂ ਸਿੰਮਲ ਦਾ ਬੂਟਾ ਚੰਦਨ ਦੇ ਕੋਲ ਰਹਿਣ ਕਰਕੇ ਸੁਗੰਧ ਵਾਲਾ ਹੋ ਜਾਂਦਾ ਹੈ, ਇਸੇ ਤਰ੍ਹਾਂ ਗੁਰਸਿੱਖ ਨਿਮ੍ਰਤਾ ਧਾਰਨ ਕਰਕੇ ਗੁਰੂ ਰੂਪ ਹੋ ਜਾਂਦਾ ਹੈ। ੬. ਜਿਹੜੇ ਸਿੱਖ ਗੁਰੂ ਨਾਲ ਸੱਚੀ ਪ੍ਰੀਤ ਕਰਦੇ ਹਨ, ਉਹਨਾਂ ਗੁਰਮੁਖਾਂ ਦੀ ਮੱਤ ਪੂਰੀ ਹੈ॥ ੧੯॥

੨੦. ਸਤਿਗੁਰੂ ਦੀ ਸੇਵਾ ਦਾ ਫਲ

੧. ਗੁਰ ਸੇਵਾ ਦਾ ਫਲੁ ਘਣਾ ਕਿਨਿ ਕੀਮਤਿ ਹੋਈ।
੨. ਰੰਗੁ ਸੁਰੰਗੁ ਅਚਰਜੁ ਹੈ ਵੇਖਾਲੇ ਸੋਈ।
੩. ਸਾਦੁ ਵਡਾ ਵਿਸਮਾਦੁ ਹੈ ਰਸੁ ਗੁੰਗੇ ਗੋਈ।
੪. ਉਤਭੁਜ ਵਾਸੁ ਨਿਵਾਸੁ ਹੈ ਕਰਿ ਚਲਤੁ ਸਮੋਈ।
੫. ਤੋਲੁ ਅਤੋਲੁ ਅਮੋਲੁ ਹੈ ਜਰੈ ਅਜਰੁ ਕੋਈ।
੬. ਪੀਰ ਮੁਰੀਦਾਂ ਪਿਰਹੜੀ ਜਾਣੈ ਜਾਣੋਈ॥ ੨੦॥

ਪਦ ਅਰਥ - ਸੁਰੰਗੁ=ਸੋਹਣਾ ਰੰਗ। ਵਿਸਮਾਦੁ=ਅਸਚਰਜ। ਗੋਈ=ਬੋਲੀ।

ਅਰਥ - ੧. ਸਤਿਗੁਰੂ ਜੀ ਦੀ ਸੇਵਾ ਦਾ ਫਲ ਬਹੁਤ ਹੈ, ਇਸ ਸੇਵਾ ਦੀ ਮਹਿਮਾ ਦਾ ਕੌਣ ਵਰਣਨ ਕਰ ਸਕਦਾ ਹੈ ? (ਭਾਵ ਕੋਈ ਨਹੀਂ ਕਰ ਸਕਦਾ)। ੨. ਇਸ ਸੇਵਾ ਦਾ ਸੋਹਣਾ ਤੇ ਅਸਚਰਜ ਲਾਲ ਰੰਗ ਹੈ, ਇਸ ਰੰਗ ਨੂੰ ਗੁਰੂ ਹੀ ਦਿਖਾ ਸਕਦਾ ਹੈ। ੩. ਗੁਰੂ ਦੀ ਸੇਵਾ ਦਾ ਸੁਆਦ ਅਸਚਰਜ ਹੈ, ਇਹ ਸੁਆਦ ਗੁੰਗੇ ਦੀ ਬੋਲੀ ਵਾਂਗੂੰ ਦੱਸਿਆ ਨਹੀਂ ਜਾ ਸਕਦਾ। ੪. ਜਿਵੇਂ ਚੰਦਨ ਦੀ ਵਾਸ਼ਨਾ ਬਨਾਸਪਤੀ ਵਿਚ ਸਮਾ ਜਾਂਦੀ ਹੈ, ਇਸੇ ਤਰ੍ਹਾਂ ਇਹ ਸੁਆਦ ਵਾਸ਼ਨਾ ਵਾਂਗੂੰ ਸਿੱਖ ਦੇ ਤਨ ਮਨ ਵਿਚ ਸਮਾ ਜਾਂਦਾ ਹੈ। ੫. ਇਸ ਸੇਵਾ ਦਾ ਤੋਲ ਅਤੋਲ ਤੇ ਅਮੋਲਕ ਹੈ, ਇਸ ਅਜਰ ਵਸਤੂ ਨੂੰ ਕੋਈ ਵਿਰਲਾ ਹੀ ਜਰਦਾ ਹੈ। ੬. ਜਿਹੜੇ ਗੁਰਸਿੱਖ ਪ੍ਰੇਮ ਤੇ ਸਿਦਕ ਨਾਲ ਸਤਿਗੁਰੂ ਜੀ ਦੀ ਸੇਵਾ ਕਰਦੇ ਹਨ, ਉਹੋ ਹੀ ਇਸ ਸੁਆਦ ਨੂੰ ਜਾਣ ਸਕਦੇ ਹਨ॥ ੨੦॥

੨੧. ਸਿੱਖ ਗੁਰੂ ਨਾਲ ਅਭੇਦ ਕਿਵੇਂ ਹੁੰਦਾ ਹੈ ?

੧. ਚੰਨਣੁ ਹੋਵੈ ਚੰਨਣਹੁ ਕੋ ਚਲਿਤੁ ਨ ਜਾਣੈ।
੨. ਦੀਵਾ ਬਲਦਾ ਦੀਵਿਅਹੁ ਸਮਸਰਿ ਪਰਵਾਣੈ।

੩. ਪਾਣੀ ਰਲਦਾ ਪਾਣੀਐ ਤਿਸੁ ਕੋ ਨ ਸਿਞਾਣੈ।
੪. ਭ੍ਰਿੰਗੀ ਹੋਵੈ ਕੀੜਿਅਹੁ ਕਿਵ ਆਖਿ ਵਖਾਣੈ।
੫. ਸਪੁ ਛੁਡੰਦਾ ਕੁੰਜ ਨੋ ਕਰਿ ਚੋਜ ਵਿਡਾਣੈ।
੬. ਪੀਰ ਮੁਰੀਦਾਂ ਪਿਰਹੜੀ ਹੈਰਾਣੁ ਹੈਰਾਣੈ॥ ੨੧॥

ਪਦ ਅਰਥ - ਚਲਿਤੁ=ਕੌਤਕ। ਪਰਵਾਣੈ=ਮਨਜ਼ੂਰ।

ਅਰਥ - ੧. ਚੰਦਨ ਦੇ ਕੋਲ ਰਹਿਣ ਵਾਲੀ ਬਨਾਸਪਤੀ ਚੰਦਨ ਹੋ ਜਾਂਦੀ ਹੈ, ਪਰ ਇਸ ਕੌਤਕ ਨੂੰ ਕੋਈ ਨਹੀਂ ਜਾਣਦਾ ਕਿ ਇਹ ਕਿਸ ਤਰ੍ਹਾਂ ਹੋ ਜਾਂਦਾ ਹੈ। ੨. ਦੀਵੇ ਤੋਂ ਦੂਜਾ ਦੀਵਾ ਬਾਲੀਏ ਤਾਂ ਦੋਹਾਂ ਦਾ ਪ੍ਰਕਾਸ਼ ਇਕੋ ਜਿਹਾ ਭਾਸਦਾ ਹੈ। ੩. ਪਾਣੀ ਵਿਚ ਪਾਣੀ ਰਲਾ ਦੇਈਏ ਤਾਂ ਉਹਨਾਂ ਦੇ ਫਰਕ ਨੂੰ ਕੋਈ ਨਹੀਂ ਸਿਆਣ ਸਕਦਾ। ੪. ਕੀੜੀ ਭ੍ਰਿੰਗੀ ਨਾਲ ਮਿਲ ਕੇ ਭ੍ਰਿੰਗੀ ਹੀ ਹੋ ਜਾਂਦੀ ਹੈ, ਫਿਰ ਕੋਈ ਇਹ ਨਹੀਂ ਕਹਿ ਸਕਦਾ ਕਿ ਇਹ ਕੀੜੀ ਹੈ। ੫. ਸੱਪ ਅਸਚਰਜ ਕੌਤਕ ਕਰਕੇ ਕਿਸ ਤਰ੍ਹਾਂ ਕੁੰਜ ਨੂੰ ਛੱਡ ਦਿੰਦਾ ਹੈ (ਇਸ ਦਾ ਭੇਤ ਕੋਈ ਨਹੀਂ ਜਾਣ ਸਕਦਾ)। ੬. (ਇਸੇ ਤਰ੍ਹਾਂ) ਗੁਰਸਿੱਖ ਦੀ ਆਪਣੇ ਗੁਰੂ ਨਾਲ ਪ੍ਰੀਤ ਬੜੀ ਅਸਚਰਜਤਾ ਵਾਲੀ ਹੁੰਦੀ ਹੈ। ਇਸ ਦੀ ਮਹਿਮਾ ਨੂੰ ਕੋਈ ਨਹੀਂ ਜਾਣ ਸਕਦਾ॥ ੨੧॥

੨੨. ਆਤਮਾ ਦੀ ਪ੍ਰਾਪਤੀ ਦਾ ਸਾਧਨ

੧. ਫੁਲੀ ਵਾਸੁ ਨਿਵਾਸੁ ਹੈ ਕਿਤੁ ਜੁਗਤਿ ਸਮਾਣੀ।
੨. ਫਲਾਂ ਅੰਦਰਿ ਜਿਉ ਸਾਦੁ ਬਹੁ ਸਿੰਜੇ ਇਕ ਪਾਣੀ।
੩. ਘਿਉ ਦੁਧੁ ਵਿਚਿ ਵਖਾਣੀਐ ਕੋ ਮਰਮੁ ਨ ਜਾਣੀ।
੪. ਜਿਉ ਬੈਸੰਤਰੁ ਕਾਠ ਵਿਚਿ ਓਹੁ ਅਲਖ ਵਿਡਾਣੀ।
੫. ਗੁਰਮੁਖਿ ਸੰਜਮਿ ਨਿਕਲੈ ਪਰਗਟੁ ਪਰਵਾਣੀ।
੬. ਪੀਰ ਮੁਰੀਦਾਂ ਪਿਰਹੜੀ ਸੰਗਤਿ ਗੁਰਬਾਣੀ॥ ੨੨॥

ਪਦ ਅਰਥ - ਜੁਗਤਿ=ਤਰੀਕਾ, ਢੰਗ। ਮਰਮੁ=ਭੇਦ। ਸੰਜਮਿ=ਉਪਾਉ।

ਅਰਥ - ੧. ਫੁੱਲਾਂ ਵਿਚ ਸੁਗੰਧੀ ਦਾ ਨਿਵਾਸ ਹੁੰਦਾ ਹੈ, ਪਰ ਕੋਈ ਇਹ ਨਹੀਂ ਜਾਣਦਾ ਕਿ ਫੁੱਲਾਂ ਵਿਚ ਸੁਗੰਧੀ ਕਿਸ ਢੰਗ ਨਾਲ ਸਮਾਈ ਹੈ। ੨. ਫਲਾਂ ਨੂੰ ਇਕੋ ਪਾਣੀ ਸਿੰਜਦਾ ਹੈ, ਪਰ ਹਰ ਫਲ ਦਾ ਸੁਆਦ ਅੱਡੋ ਅੱਡ ਹੁੰਦਾ ਹੈ। (ਇਸ ਅਸਚਰਜ ਕੌਤਕ ਨੂੰ ਕੋਈ ਨਹੀਂ ਜਾਣ ਸਕਦਾ)। ੩. ਸਾਰੇ ਲੋਕ ਇਹ ਕਹਿੰਦੇ ਹਨ ਕਿ ਦੁੱਧ ਵਿਚ ਘਿਉ ਹੁੰਦਾ ਹੈ, ਪਰ ਇਸ ਭੇਦ ਨੂੰ ਕੋਈ ਨਹੀਂ ਜਾਣਦਾ। ੪. ਜਿਵੇਂ ਲੱਕੜਾਂ ਵਿਚ ਅੱਗ ਲੁਕੀ ਹੁੰਦੀ ਹੈ, ਪਰ ਇਹ ਅਸਚਰਜ ਰੂਪ ਵਾਲੀ ਖੇਡ ਜਾਣੀ ਨਹੀਂ ਜਾਂਦੀ। ੫. (ਜਿਵੇਂ ਜੁਗਤੀ ਨਾਲ ਉਪਰੋਕਤ ਵਸਤੂਆਂ ਦੇ ਗੁਣਾਂ ਨੂੰ ਪ੍ਰਗਟ ਕਰ ਲਈਦਾ ਹੈ, ਇਸੇ ਤਰ੍ਹਾਂ) ਗੁਰਮੁਖ

ਗੁਰਮੱਤ ਦੇ ਸਾਧਨ ਨਾਲ ਆਤਮਾ ਨੂੰ ਪ੍ਰਗਟ ਕਰ ਲੈਂਦੇ ਹਨ। ੬. ਗੁਰੂ ਦੇ ਸਿੱਖ ਦੀ ਪ੍ਰੀਤ ਸੱਚੀ ਹੈ। ਗੁਰੂ ਨਾਲ ਪ੍ਰੀਤ ਕਰਕੇ ਸਿੱਖ ਨੇ ਸਤਿਸੰਗਤ ਦੁਆਰਾ ਗੁਰਬਾਣੀ ਪੜ੍ਹਨ ਦਾ ਸਾਧਨ ਧਾਰਨ ਕੀਤਾ ਹੈ॥ ੨੨॥

੨੩. ਗੁਰੂ ਤੇ ਸਿੱਖ ਧੰਨਤਾ ਯੋਗ ਹਨ

੧. ਦੀਪਕ ਜਲੈ ਪਤੰਗ ਵੰਸੁ ਫਿਰਿ ਦੇਖ ਨ ਹਟੈ।
੨. ਜਲ ਵਿਚਹੁ ਫੜਿ ਕਢੀਐ ਮਛ ਨੇਹੁ ਨ ਘਟੈ।
੩. ਘੰਡਾ ਹੇੜੈ ਮਿਰਗ ਜਿਉ ਸੁਣਿ ਨਾਦ ਪਲਟੈ।
੪. ਭਵਰੈ ਵਾਸੁ ਵਿਣਾਸੁ ਹੈ ਫੜਿ ਕਵਲੁ ਸੰਘਟੈ।
੫. ਗੁਰਮੁਖਿ ਸੁਖ ਫਲੁ ਪਿਰਮ ਰਸੁ ਬਹੁ ਬੰਧਨ ਕਟੈ।
੬. ਧੰਨੁ ਧੰਨੁ ਗੁਰਸਿੱਖ ਵੰਸੁ ਹੈ ਧੰਨੁ ਗੁਰਮਤਿ ਨਿਧਿ ਖਟੈ॥੨੩॥੨੭॥

ਪਦ ਅਰਥ - ਵਿਣਾਸੁ=ਨਾਸ। ਸੰਘਟੈ=ਜੱਫੀ ਪਾਣੀ। ਗੁਰਮਤਿ ਨਿਧਿ=ਗੁਰਮੱਤ ਦਾ ਖਜ਼ਾਨਾ। ਖਟੈ=ਖੱਟਦੇ ਹਨ।

ਅਰਥ - ੧. ਦੀਵਾ ਜਗਦਾ ਵੇਖ ਕੇ ਪਤੰਗੇ ਦੀ ਵੰਸ ਸੜ ਮਰਦੀ ਹੈ, ਹੋਰ ਪਤੰਗਿਆਂ ਨੂੰ ਸੜਦਾ ਵੇਖ ਕੇ ਦੂਜੇ ਪਤੰਗ ਪਿੱਛੇ ਨਹੀਂ ਹਟਦੇ। ੨. ਪਾਣੀ ਵਿਚੋਂ ਮੱਛ ਨੂੰ ਕੱਢ ਦੇਈਏ ਤਾਂ ਵੀ ਉਸ ਦਾ ਪ੍ਰੇਮ ਪਾਣੀ ਨਾਲੋਂ ਘਟਦਾ ਨਹੀਂ। ੩. ਘੰਡੇ ਹੇੜੇ ਦੇ ਨਾਦ (ਸ਼ਬਦ) ਨੂੰ ਸੁਣ ਕੇ ਹਰਨ ਮਸਤ ਹੋ ਜਾਂਦਾ ਹੈ, ਉਹ ਫਿਰ ਪਿੱਛੇ ਨਹੀਂ ਮੁੜਦਾ। ੪. ਭੌਰਾ ਕੰਵਲ ਦੀ ਸੁਗੰਧੀ ਲੈਂਦਾ ਹੋਇਆ ਨਾਸ ਹੋ ਜਾਂਦਾ ਹੈ, ਪਰ ਉਹ ਫਿਰ ਵੀ ਕੰਵਲ ਨੂੰ ਜੱਫੀ ਪਾਈ ਰੱਖਦਾ ਹੈ। ੫. ਗੁਰਮੁਖਾਂ ਨੇ ਪ੍ਰੇਮ-ਰਸ ਦੇ ਸੁਖ ਫਲ ਨੂੰ ਪ੍ਰਾਪਤ ਕੀਤਾ ਹੈ, ਜਿਸ ਨੇ ਗੁਰਮੁਖਾਂ ਦੇ ਬਹੁਤ ਸਾਰੇ ਬੰਧਨ ਕੱਟ ਦਿੱਤੇ ਹਨ। ਗੁਰਮੁਖ ਇਸ ਸੁਖ ਫਲ ਦੀ ਪ੍ਰਾਪਤੀ ਵਾਸਤੇ ਸੰਸਾਰ ਦੇ ਅਨੇਕਾਂ ਬੰਧਨਾਂ ਨੂੰ ਕੱਟ ਦਿੰਦੇ ਹਨ। ੬. ਧੰਨ ਹੈ ਗੁਰੂ ਤੇ ਧੰਨ ਹੈ ਗੁਰਸਿੱਖਾਂ ਦੀ ਵੰਸ। ਧੰਨ ਹੈ ਗੁਰੂ ਦੀ ਸਿੱਖਿਆ, ਜਿਸ ਨੂੰ ਗ੍ਰਹਿਣ ਕਰਕੇ ਗੁਰਸਿੱਖਾਂ ਨੇ ਆਤਮ-ਨਿਧੀ ਨੂੰ ਖੱਟਿਆ ਹੈ॥ ੨੩॥ ੨੭॥

ਵਾਰ ੨੮

ੴ ਸਤਿਗੁਰ ਪ੍ਰਸਾਦਿ॥

੧. ਗੁਰਸਿੱਖੀ ਦਾ ਮਾਰਗ ਔਖਾ ਹੈ

੧. ਵਾਲਹੁ ਨਿਕੀ ਆਖੀਐ ਖੰਡੇ ਧਾਰਹੁ ਸੁਣੀਐ ਤਿਖੀ।

੨. ਆਖਣਿ ਆਖਿ ਨ ਸਕੀਐ ਲੇਖ ਅਲੇਖ ਨ ਜਾਈ ਲਿਖੀ।
੩. ਗੁਰਮੁਖਿ ਪੰਥੁ ਵਖਾਣੀਐ ਅਪੜਿ ਨ ਸਕੈ ਇਕਤੁ ਵਿਖੀ।
੪. ਸਿਲ ਅਲੂਣੀ ਚਟਣੀ ਤੁਲਿ ਨ ਲਖ ਅਮਿਅ ਰਸ ਇਖੀ।
੫. ਗੁਰਮੁਖਿ ਸੁਖ ਫਲੁ ਪਾਇਆ ਭਾਇ ਭਗਤਿ ਵਿਰਲੀ ਜੁ ਬਰਿਖੀ।
੬. ਸਤਿਗੁਰ ਤੁਠੈ ਪਾਈਐ ਸਾਧਸੰਗਤਿ ਗੁਰਮਤਿ ਗੁਰਸਿਖੀ।
੭. ਚਾਰਿ ਪਦਾਰਥ ਭਿਖਕ ਭਿਖੀ॥ ੧ ॥

ਪਦ ਅਰਥ - ਆਖਣਿ=ਵਖਿਆਣ। ਵਿਖੀ=ਕਦਮ। ਇਖੀ=ਕਮਾਦ। ਬਰਿਖੀ=ਬ੍ਰਿਛ (ਸਰੀਰ)। ਭਿਖਕ=ਮੰਗਤੇ। ਭਿਖੀ=ਭਿੱਖਿਆ।

ਅਰਥ - ੧. (ਸਤਿਗੁਰਾਂ ਦੀ ਸਿੱਖੀ) ਵਾਲ ਤੋਂ ਵੀ ਮਹੀਨ ਕਹੀ ਜਾਂਦੀ ਹੈ ਤੇ ਖੰਡੇ ਦੀ ਧਾਰ ਤੋਂ ਤਿੱਖੀ ਸੁਣੀਦੀ ਹੈ। ੨. (ਉਸ ਦਾ) ਵਰਣਨ ਗੱਲਾਂ ਨਾਲ ਨਹੀਂ ਕੀਤਾ ਜਾ ਸਕਦਾ, ਉਹ ਲਿਖਣ ਤੋਂ ਬਾਹਰ ਹੈ, ਲਿਖੀ ਵੀ ਨਹੀਂ ਜਾ ਸਕਦੀ। ੩. ਜਿਹੜਾ ਗੁਰਮੁਖਾਂ ਦਾ ਮਾਰਗ ਕਿਹਾ ਜਾਂਦਾ ਹੈ, ਉਸ 'ਤੇ ਇੱਕ ਕਦਮ ਵੀ ਨਹੀਂ ਤੁਰਿਆ ਜਾ ਸਕਦਾ। ੪. ਸਿੱਖੀ ਦਾ ਮਾਰਗ ਹੈ ਤਾਂ ਅਲੂਣੀ ਸਿਲ ਚੱਟਣ ਦੇ ਬਰਾਬਰ, ਪਰ ਇਸ ਦੇ ਸੁਆਦ ਦੇ ਬਰਾਬਰ ਲੱਖਾਂ ਗੰਨਿਆਂ ਦਾ ਅੰਮ੍ਰਿਤ ਰਸ ਵੀ ਨਹੀਂ ਹੋ ਸਕਦਾ। ੫. ਗੁਰਮੁਖਾਂ ਨੇ ਪ੍ਰੇਮਾ-ਭਗਤੀ ਦਾ ਉਹ ਸੁਖ ਫਲ ਪ੍ਰਾਪਤ ਕੀਤਾ ਹੈ, ਜੋ ਕਿਸੇ ਵਿਰਲੇ ਬ੍ਰਿਛ ਨੂੰ ਹੀ ਲੱਗਦਾ ਹੈ। ੬. ਸਤਿਗੁਰੂ ਜੀ ਪ੍ਰਸੰਨ ਹੋਣ ਤਾਂ ਇਹ ਸੁਖ ਫਲ ਮਿਲਦਾ ਹੈ। ਸਾਧ ਸੰਗਤ ਵਿਚੋਂ ਗੁਰੂ ਦੀ ਮੱਤ ਤੇ ਗੁਰਸਿੱਖੀ ਦੀ ਦਾਤ ਮਿਲਦੀ ਹੈ। ੭. (ਸਤਿਗੁਰੂ ਜੀ ਆਪਣੇ ਦਰ 'ਤੇ ਆਏ) ਮੰਗਤਿਆਂ ਨੂੰ ਚਾਰ ਪਦਾਰਥਾਂ ਦੀ ਭਿੱਖਿਆ ਦਿੰਦੇ ਹਨ॥ ੧ ॥

੨. ਗੁਰੂ ਦਾ ਸਿੱਖ ਦੂਈ ਤੋਂ ਦੂਰ ਰਹਿੰਦਾ ਹੈ

੧. ਚਾਰਿ ਪਦਾਰਥ ਆਖੀਅਨਿ ਸਤਿਗੁਰ ਦੇਇ ਨ ਗੁਰਸਿਖੁ ਮੰਗੈ।
੨. ਅਠ ਸਿਧੀ ਨਿਧੀ ਨਵੈ ਰਿਧਿ ਨ ਗੁਰੁ ਸਿਖੁ ਢਾਕੈ ਟੰਗੈ।
੩. ਕਾਮਧੇਣੁ ਲਖ ਲਖਮੀ ਪਹੁੰਚ ਨ ਹੰਘੈ ਢੰਗਿ ਸੁਢੰਗੈ।
੪. ਲਖ ਪਾਰਸ ਲਖ ਪਾਰਿਜਾਤ ਹਥਿ ਨ ਛੁਹਦਾ ਫਲ ਨ ਅਭੰਗੈ।
੫. ਤੰਤ ਮੰਤ ਪਾਖੰਡ ਲਖ ਬਾਜੀਗਰ ਬਾਜਾਰੀ ਨੰਗੈ।
੬. ਪੀਰ ਮੁਰੀਦੀ ਗਾਖੜੀ ਇਕਸ ਅੰਗਿ ਨ ਅੰਗਣਿ ਅੰਗੈ।
੭. ਗੁਰਸਿਖੁ ਦੂਜੈ ਭਾਵਹੁ ਸੰਗੈ॥ ੨ ॥

ਪਦ ਅਰਥ - ਢਾਕੈ ਟੰਗੀ=ਲੋੜ ਵੇਲੇ। ਢੰਗਿ ਸੁਢੰਗੀ=ਚੰਗੀਆਂ ਬਣਾਵਟਾਂ ਨਾਲ। ਅਭੰਗੀ=ਨਾਸ ਰਹਿਤ। ਨੰਗੀ=ਬੇਸ਼ਰਮ। ਅੰਗਣਿ=ਵਿਹੜਾ।

ਅਰਥ - ੧. (ਸੰਸਾਰ ਵਿਚ) ਜਿਹੜੇ ਚਾਰ ਪਦਾਰਥ ਕਹੇ ਜਾਂਦੇ ਹਨ, ਉਹ ਸਤਿਗੁਰੂ ਜੀ ਆਪਣੇ ਸਿੱਖਾਂ ਨੂੰ ਆਪਣੇ ਆਪ ਦਿੰਦੇ ਹਨ, ਗੁਰਸਿੱਖ ਇਹ ਪਦਾਰਥ ਮੰਗਦੇ ਨਹੀਂ। ੨. ਅੱਠ ਸਿੱਧੀਆਂ, ਨੌਂ ਨਿਧਾਂ, ਅਠਾਰਾਂ ਰਿੱਧੀਆਂ ਨੂੰ ਗੁਰੂ ਦੇ ਸਿੱਖ ਲੋੜ ਪੈਣ 'ਤੇ ਵੀ ਨਹੀਂ ਮੰਗਦੇ, ਅਥਵਾ ਇਹਨਾਂ ਰਿੱਧੀਆਂ ਸਿੱਧੀਆਂ ਨੂੰ ਸਿੱਖ ਆਪਣੇ ਪਿੱਛੇ ਨਹੀਂ ਟੰਗੀ ਫਿਰਦੇ, ਭਾਵ ਇਹਨਾਂ ਦੀ ਇੱਛਾ ਨਹੀਂ ਕਰਦੇ। ੩. ਲੱਖਾਂ ਕਾਮਧੇਨ ਤੇ ਲੱਖਾਂ ਹੀ ਲੱਛਮੀਆਂ ਕਈ ਚੰਗੀਆਂ ਬਣਾਵਟਾਂ ਕਰਕੇ ਵੀ ਸਿੱਖ ਤਕ ਨਹੀਂ ਪਹੁੰਚ ਸਕਦੀਆਂ (ਭਾਵ ਮੋਹਿਤ ਨਹੀਂ ਕਰ ਸਕਦੀਆਂ)। ੪. ਲੱਖਾਂ ਹੀ ਪਾਰਸ ਤੇ ਲੱਖਾਂ ਹੀ ਕਲਪ ਬ੍ਰਿਛਾਂ ਦੇ ਨਾਸ ਰਹਿਤ ਫਲਾਂ ਨੂੰ ਗੁਰੂ ਦਾ ਸਿੱਖ ਹੱਥ ਨਾਲ ਛੂੰਹਦਾ ਵੀ ਨਹੀਂ। ੫. ਜਿਹੜੇ ਪੁਰਸ਼ ਤੰਤ੍ਰ ਮੰਤ੍ਰ ਆਦਿ ਲੱਖਾਂ ਪਾਖੰਡ ਕਰਦੇ ਹਨ, ਉਹ ਬਾਜ਼ੀਗਰਾਂ ਵਾਂਗੂੰ ਬੇਸ਼ਰਮ ਹਨ। ੬. ਸਤਿਗੁਰੂ ਜੀ ਦੀ ਸਿਖੀ ਬੜੀ ਔਖੀ ਹੈ, ਇਸ ਦੇ ਵਿਹੜੇ ਵਿਚ ਕਈ ਵਿਹੜੇ ਹਨ (ਭਾਵ ਪੇਚ ਵਿਚ ਪੇਚ ਹਨ।) ੭. ਗੁਰੂ ਦਾ ਸਿਖ ਦ੍ਵੈਤ ਭਾਵ ਤੋਂ ਸੰਕੋਚ ਕਰਦਾ ਹੈ (ਭਾਵ ਉਹ ਸਦਾ ਏਕਤਾ ਵਿਚ ਹੀ ਵਸਦਾ ਹੈ)॥ ੨॥

੩. ਗੁਰਸਿੱਖੀ ਦਾ ਆਨੰਦ ਕੋਈ ਵਿਰਲਾ ਹੀ ਮਾਣਦਾ ਹੈ

੧. ਗੁਰ ਸਿਖੀ ਦਾ ਸਿਖਣਾ ਨਾਦੁ ਨ ਵੇਦ ਨ ਆਖਿ ਵਖਾਣੈ।
੨. ਗੁਰ ਸਿਖੀ ਦਾ ਲਿਖਣਾ ਲਖ ਨ ਚਿਤ੍ਰ ਗੁਪਤਿ ਲਿਖਿ ਜਾਣੈ।
੩. ਗੁਰ ਸਿਖੀ ਦਾ ਸਿਮਰਣੋਂ ਸੇਖ ਅਸੰਖ ਨ ਰੇਖ ਸਿਞਾਣੈ।
੪. ਗੁਰ ਸਿਖੀ ਦਾ ਵਰਤਮਾਨੁ ਵੀਹ ਇਕੀਹ ਉਲੰਘਿ ਪਛਾਣੈ।
੫. ਗੁਰ ਸਿਖੀ ਦਾ ਬੁਝਣਾ ਗਿਆਨ ਧਿਆਨ ਅੰਦਰਿ ਕਿਵ ਆਣੈ।
੬. ਗੁਰ ਪਰਸਾਦੀ ਸਾਧਸੰਗਿ ਸਬਦ ਸੁਰਤਿ ਹੋਇ ਮਾਣੁ ਨਿਮਾਣੈ।
੭. ਭਾਇ ਭਗਤਿ ਵਿਰਲਾ ਰੰਗੁ ਮਾਣੈ॥ ੩॥

ਪਦ ਅਰਥ - ਨਾਦੁ=ਰਾਗ। ਸੇਖ ਅਸੰਖ=ਅਨੇਕਾਂ ਸ਼ੇਸ਼ਨਾਗ। ਰੇਖ=ਹੱਦ। ਭਾਇ ਭਗਤਿ=ਪ੍ਰੇਮਾ-ਭਗਤੀ।

ਅਰਥ - ੧. ਗੁਰਸਿੱਖੀ ਦੀ ਸਿੱਖਿਆ ਨੂੰ ਨਾਦ (ਰਾਗ) ਤੇ ਵੇਦ ਵੀ ਵਰਣਨ ਨਹੀਂ ਕਰ ਸਕਦੇ। ੨. ਗੁਰਸਿੱਖੀ ਦੀ ਲਿਖਤ ਨੂੰ ਲੱਖਾਂ ਚਿਤ੍ਰ ਗੁਪਤ ਵੀ ਨਹੀਂ ਲਿਖਣਾ ਜਾਣਦੇ। ੩. ਗੁਰਸਿੱਖੀ ਦੇ ਸਿਮਰਨ ਦੀ ਹੱਦ ਨੂੰ ਅਨੇਕਾਂ ਸ਼ੇਸ਼ਨਾਗ ਵੀ ਨਹੀਂ ਪਛਾਣ ਸਕਦੇ। ੪. ਗੁਰਸਿੱਖੀ ਦਾ ਵਰਤਾਵਾ ਵੀਹ ਇਕੀਹ ਨੂੰ ਲੰਘ ਕੇ ਹੀ ਪਛਾਣ ਸਕੀਦਾ ਹੈ। ੫. ਗੁਰਸਿੱਖੀ ਦੀ ਸਮਝ ਗਿਆਨ ਧਿਆਨ ਅੰਦਰ ਕਿਵੇਂ ਆ ਸਕਦੀ ਹੈ (ਭਾਵ ਨਹੀਂ ਆ ਸਕਦੀ)। ੬. ਜਿਹੜਾ ਗੁਰਸਿੱਖ ਸਤਿਗੁਰੂ ਦੀ ਕਿਰਪਾ ਨਾਲ ਸਤਿਸੰਗਤ ਵਿਚ ਜਾ ਕੇ ਸੁਰਤੀ ਵਿਚ ਸ਼ਬਦ ਨੂੰ ਵਸਾਉਂਦਾ ਹੈ ਤੇ ਮਾਣ ਹੁੰਦਿਆਂ ਨਿਮਾਣਾ ਹੁੰਦਾ ਹੈ (ਉਹੋ ਜਾਣ ਸਕਦਾ ਹੈ)। ੭. ਪ੍ਰੇਮਾ-ਭਗਤੀ ਕਰਕੇ ਕੋਈ ਵਿਰਲਾ ਹੀ ਗੁਰੂ ਦਾ ਸਿੱਖ ਗੁਰਸਿੱਖੀ ਦੇ ਆਨੰਦ ਨੂੰ ਮਾਣਦਾ ਹੈ॥ ੩॥

੪. ਗੁਰਸਿੱਖੀ ਦੇ ਭੇਦ ਨੂੰ ਵੇਦ ਵੀ ਨਹੀਂ ਜਾਣਦੇ

੧. ਗੁਰ ਸਿਖੀ ਦਾ ਸਿਖਣਾ ਗੁਰਮੁਖਿ ਸਾਧਸੰਗਤਿ ਦੀ ਸੇਵਾ।
੨. ਦਸ ਅਵਤਾਰ ਨ ਸਿਖਿਆ ਗੀਤਾ ਗੋਸਟਿ ਅਲਖ ਅਭੇਵਾ।
੩. ਵੇਦ ਨ ਜਾਣਨ ਭੇਦ ਕਿਹੁ ਲਿਖਿ ਪੜਿ ਸੁਣਿ ਸਣੁ ਦੇਵੀ ਦੇਵਾ।
੪. ਸਿਧ ਨਾਥ ਨ ਸਮਾਧਿ ਵਿਚਿ ਤੰਤ ਨ ਮੰਤ ਲੰਘਾਇਨਿ ਖੇਵਾ।
੫. ਲਖ ਭਗਤਿ ਜਗਤ ਵਿਚਿ ਲਿਖਿ ਨ ਗਏ ਗੁਰੁ ਸਿਖੀ ਟੇਵਾ।
੬. ਸਿਲ ਅਲੂਣੀ ਚਟਣੀ ਸਾਦਿ ਨ ਪੁਜੈ ਲਖ ਲਖ ਮੇਵਾ।
੭. ਸਾਧਸੰਗਤਿ ਗੁਰ ਸਬਦ ਸਮੇਵਾ ॥ ੪ ॥

ਪਦ ਅਰਥ - ਖੇਵਾ=ਚੱਪਾ। ਟੇ਼ਵਾ=ਜੋਤਸ਼। ਅਲੂਣੀ=ਫਿੱਕੀ।

ਅਰਥ - ੧. ਗੁਰਸਿੱਖੀ ਦੀ ਸਿੱਖਿਆ ਸਾਧ ਸੰਗਤ ਵਿਚ ਜਾ ਕੇ ਗੁਰਮੁਖਾਂ ਦੀ ਸੇਵਾ ਕਰਕੇ ਸਿੱਖੀ ਜਾਂਦੀ ਹੈ। ੨. ਦਸਾਂ ਅਵਤਾਰਾਂ ਨੇ ਵੀ ਇਹ ਸਿੱਖਿਆ ਨਹੀਂ ਸਿੱਖੀ ਤੇ ਇਹ ਸਿੱਖਿਆ ਗੀਤਾ ਦੀ ਗੋਸ਼ਟ ਤੋਂ ਵੀ ਅਲਖ ਤੇ ਅਭੇਵ ਹੈ। ੩. ਵੇਦ ਵੀ ਇਸ ਸਿੱਖਿਆ ਦੇ ਭੇਦ ਨੂੰ ਜਾਣਦੇ ਨਹੀਂ ਦੇਵੀ ਦੇਵਤੇ ਵੀ ਲਿਖ, ਪੜ੍ਹ, ਸੁਣ ਕੇ ਹਾਰ ਗਏ ਹਨ। ੪. ਸਿੱਧਾਂ, ਨਾਥਾਂ ਨੇ ਸਮਾਧੀਆਂ ਲਾ ਕੇ ਵੀ ਇਸ ਭੇਦ ਨੂੰ ਨਹੀਂ ਜਾਣਿਆਂ, ਤੰਤ੍ਰ ਮੰਤ੍ਰ ਵੀ ਇਸ ਵਿਚ ਨਹੀਂ ਲੰਘ ਸਕੇ (ਭਾਵ ਉਹ ਵੀ ਨਹੀਂ ਜਾਣ ਸਕੇ)। ੫. ਲੱਖਾਂ ਭਗਤ ਇਸ ਸੰਸਾਰ ਵਿਚ ਹੋ ਗੁਜ਼ਰੇ ਹਨ, ਪਰ ਗੁਰਸਿੱਖੀ ਦਾ ਜੋਤਿਸ਼ ਉਹ ਵੀ ਨਹੀਂ ਲਿਖ ਸਕੇ। ੬. ਇਹ ਅਲੂਣੀ ਸਿਲ ਦੇ ਚੱਟਣ ਦੇ ਤੁੱਲ ਹੈ, ਪਰ ਇਸ ਦੇ ਸੁਆਦ ਨੂੰ ਲੱਖਾਂ ਮੇਵਿਆਂ (ਫਲਾਂ) ਦਾ ਸੁਆਦ ਵੀ ਨਹੀਂ ਪਹੁੰਚ ਸਕਦਾ। ੭. ਸਾਧ ਸੰਗਤ ਵਿਚ ਗੁਰੂ ਦੇ ਉਪਦੇਸ਼ ਦੀ ਕਮਾਈ ਕਰਕੇ ਹੀ ਗੁਰਸਿੱਖੀ ਵਿਚ ਸਮਾਈ ਹੁੰਦੀ ਹੈ॥ ੪॥

੫. ਗੁਰਸਿੱਖ ਨਾਮ ਰਸ ਚਖਦਾ ਹੈ

੧. ਗੁਰ ਸਿਖੀ ਦਾ ਸਿਖਣਾ ਸਬਦਿ ਸੁਰਤਿ ਸਤਿਸੰਗਤਿ ਸਿਖੈ।
੨. ਗੁਰ ਸਿਖੀ ਦਾ ਲਿਖਣਾ ਗੁਰਬਾਣੀ ਸੁਣਿ ਸਮਝੈ ਲਿਖੈ।
੩. ਗੁਰ ਸਿਖੀ ਦਾ ਸਿਮਰਣੋ ਸਤਿਗੁਰੁ ਮੰਤੁ ਕੋਲੂ ਰਸੁ ਇਖੈ।
੪. ਗੁਰ ਸਿਖੀ ਦਾ ਵਰਤਮਾਨੁ ਚੰਦਨ ਵਾਸੁ ਨਿਵਾਸੁ ਬਿਰਿਖੈ।
੫. ਗੁਰ ਸਿਖੀ ਦਾ ਬੁਝਣਾ ਬੁਝਿ ਅਬੁਝਿ ਹੋਵੈ ਲੈ ਭਿਖੈ।

੬. ਸਾਧਸੰਗਤਿ ਗੁਰ ਸਬਦੁ ਸੁਣਿ ਨਾਮੁ ਦਾਨੁ ਇਸਨਾਨੁ ਸਰਿਖੈ।
੭. ਵਰਤਮਾਨੁ ਲੰਘਿ ਭੂਤ ਭਵਿਖੈ॥ ੫॥

ਪਦ ਅਰਥ - ਕੋਲੂ ਰਸੁ ਇਖੈ=ਵੇਲਣੇ ਦੇ ਕਮਾਦ-ਰਸ ਵਾਂਗੂੰ। ਸਰਿਖੈ=ਸ੍ਰੇਸ਼ਟ।

ਅਰਥ - ੧. ਗੁਰਸਿੱਖੀ ਦਾ ਸਿੱਖਣਾ ਇਹ ਹੈ ਕਿ ਸਤਿਸੰਗ ਵਿਚ ਜਾ ਕੇ ਸ਼ਬਦ ਵਿਚ ਸੁਰਤੀ ਲਾਉਣੀ ਸਿੱਖੇ। ੨. ਗੁਰੂ ਦੀ ਬਾਣੀ ਨੂੰ ਸੁਣ ਕੇ ਤੇ (ਅਰਥ) ਸਮਝ ਕੇ ਲਿਖੇ, ਇਹ ਗੁਰਸਿੱਖੀ ਦਾ ਲਿਖਣਾ ਹੈ। ੩. ਗੁਰਸਿੱਖੀ ਦਾ ਸਿਮਰਨ ਇਹ ਹੈ ਕਿ ਸਤਿਗੁਰੂ ਜੀ ਦੀ ਸਿੱਖਿਆ, ਜੋ ਵੇਲਣੇ ਵਿਚੋਂ ਨਿਕਲੇ ਕਮਾਦ ਦੇ ਰਸ ਵਾਂਗੂੰ ਮਿੱਠੀ ਹੈ ਉਸਦਾ ਰਸ ਚਖੇ। ੪. ਗੁਰਸਿੱਖੀ ਦਾ ਵਰਤਾਰਾ ਚੰਦਨ ਦੀ ਵਾਸ਼ਨਾ ਵਾਂਗੂੰ ਹੁੰਦਾ ਹੈ, ਜੋ ਆਲੇ ਦੁਆਲੇ ਦੇ ਬ੍ਰਿਛਾਂ ਨੂੰ ਸੁਗੰਧਿਤ ਕਰ ਦਿੰਦੀ ਹੈ, (ਗੁਰਸਿੱਖ ਸਭ ਨਾਲ ਪ੍ਰੇਮ ਦਾ ਵਰਤਾਉ ਕਰਦਾ ਹੈ)। ੫. ਗੁਰਸਿੱਖੀ ਦਾ ਬੁਝਣਾ (ਸਮਝਣਾ) ਇਹ ਹੈ ਕਿ ਸਮਝ ਵਾਲੀ ਬੁੱਧੀ ਦੀ ਭਿੱਖਿਆ ਲੈ ਕੇ ਫਿਰ ਅਬੁੱਝ (ਬੇਸਮਝ) ਹੋ ਜਾਵੇ (ਭਾਵ ਵੇਖਕੇ ਅਣਡਿੱਠ ਕਰੇ)। ੬. ਸਾਧ ਸੰਗਤ ਵਿਚੋਂ ਗੁਰੂ ਦਾ ਸ਼ਬਦ (ਉਪਦੇਸ਼) ਸੁਣ ਕੇ ਨਾਮ, ਦਾਨ ਤੇ ਇਸ਼ਨਾਨ ਆਦਿ ਸ੍ਰੇਸ਼ਟ ਕਰਮਾਂ ਦਾ ਅਭਿਆਸ ਕਰੇ। ੭. ਇਸ ਤਰ੍ਹਾਂ ਗੁਰਸਿੱਖ ਵਰਤਮਾਨ, ਭੂਤ ਤੇ ਭਵਿੱਖਤ (ਤਿੰਨਾਂ ਕਾਲਾਂ ਤੋਂ) ਲੰਘ ਜਾਵੇ (ਭਾਵ ਤਿੰਨ ਕਾਲਾਂ ਵਿਚ ਇੱਕ ਸਮਾਨ ਰਹੇ)॥ ੫॥

੬. ਗੁਰਸਿੱਖ ਧਰਮ ਦੀ ਕਮਾਈ ਕਰੇ

੧. ਗੁਰ ਸਿਖੀ ਦਾ ਬੋਲਣਾ ਹੁਇ ਮਿਠ ਬੋਲਾ ਲਿਖੈ ਨ ਲੇਖੈ।
੨. ਗੁਰ ਸਿਖੀ ਦਾ ਚਲਣਾ ਚਲੈ ਭੈ ਵਿਚਿ ਲੀਤੇ ਭੇਖੈ।
੩. ਗੁਰ ਸਿਖੀ ਦਾ ਰਾਹੁ ਏਹੁ ਗੁਰਮੁਖਿ ਚਾਲ ਚਲੈ ਸੋ ਦੇਖੈ।
੪. ਘਾਲਿ ਖਾਇ ਸੇਵਾ ਕਰੈ ਗੁਰ ਉਪਦੇਸੁ ਅਵੇਸੁ ਵਿਸੇਖੈ।
੫. ਆਪੁ ਗਣਾਇ ਨ ਅਪੜੈ ਆਪੁ ਗਵਾਏ ਰੂਪ ਨ ਰੇਖੈ।
੬. ਮੁਰਦੇ ਵਾਂਗੁ ਮੁਰੀਦ ਹੋਇ ਗੁਰ ਗੋਰੀ ਵੜਿ ਅਲਖ ਅਲੇਖੈ।
੭. ਅੰਤੁ ਨ ਮੰਤੁ ਨ ਸੇਖ ਸਰੇਖੈ॥ ੬॥

ਪਦ ਅਰਥ - ਘਾਲਿ ਖਾਇ=ਕਮਾਈ ਕਰਕੇ ਖਾਵੇ। ਸੇਖ ਸਰੇਖੈ=ਸ਼ੇਸ਼ਨਾਗ ਵਰਗੇ।

ਅਰਥ - ੧. ਗੁਰਸਿੱਖੀ ਦਾ ਬੋਲਣਾ ਇਹ ਹੈ ਕਿ ਗੁਰਸਿੱਖ ਮਿੱਠ ਬੋਲਾ ਹੋ ਕੇ ਵੀ ਇਸ ਗੁਣ ਨੂੰ ਕਿਸੇ ਲੇਖੇ ਵਿਚ ਨਾ ਲਿਖੇ (ਕਿ ਮੈਂ ਬੜਾ ਮਿੱਠ-ਬੋਲਾ ਹਾਂ)। ੨. ਗੁਰਸਿੱਖੀ ਦਾ ਚਲਣਾ ਇਹ ਹੈ ਕਿ ਗੁਰਸਿੱਖੀ ਦੇ ਭੇਖ ਨੂੰ ਲੈ ਕੇ ਗੁਰੂ ਦੇ ਭੈ ਵਿਚ ਚਲੇ। ੩. ਗੁਰਸਿੱਖੀ ਦਾ ਰਾਹ (ਮਾਰਗ) ਇਹ ਹੈ ਕਿ ਜੋ ਗੁਰਮੁਖਾਂ ਦੀ ਚਾਲ ਵੇਖੇ, ਉਸ ਅਨੁਸਾਰ ਚਲੇ। ੪. (ਗੁਰਸਿੱਖ ਧਰਮ ਦੀ) ਕਮਾਈ ਕਰਕੇ ਆਪ ਖਾਵੇ ਤੇ ਅੱਗੋਂ ਲੋੜਵੰਦਾਂ ਦੀ ਸੇਵਾ ਕਰੇ ਤੇ ਸਤਿਗੁਰੂ ਜੀ ਦੇ ਉਪਦੇਸ਼ ਵਿਚ ਵਿਸ਼ੇਸ਼ ਕਰਕੇ ਪ੍ਰਵੇਸ਼ ਕਰੇ।

੫. ਆਪਣਾ ਆਪ ਗਵਾਏ ਬਿਨਾਂ (ਸਹੀ ਮੰਜ਼ਲ 'ਤੇ) ਨਹੀਂ ਪਹੁੰਚਿਆ ਜਾਂਦਾ, ਇਸ ਲਈ ਗੁਰਸਿੱਖ ਆਪਣਾ ਆਪ ਗੁਆ ਕੇ ਕਿਸੇ ਰੂਪ ਰੇਖ ਵਿਚ ਨਾ ਰਹੇ। ੬. ਗੁਰਸਿੱਖ ਮੁਰਦੇ ਵਾਂਗੂੰ ਮੁਰੀਦ ਹੋ ਕੇ ਗੁਰੂ ਰੂਪ ਗੋਰ (ਕਬਰ) ਵਿਚ ਪੈ ਕੇ ਅਲਖ ਅਲੇਖ ਹੋ ਜਾਵੇ। ੭. (ਇਸ ਦੇ ਫਲ ਨੂੰ) ਸ਼ੇਸ਼ਨਾਗ ਵਰਗੇ ਵੀ ਨਹੀਂ ਜਾਣ ਸਕਦੇ॥ ੬॥

੭. ਗੁਰਸਿੱਖੀ ਦਾ ਸਿੱਖਣਾ ਬੜਾ ਕਠਿਨ ਹੈ

੧. ਗੁਰ ਸਿਖੀ ਦਾ ਸਿਖਣਾ ਗੁਰੁ ਸਿਖ ਸਿਖਣ ਬਜਰੁ ਭਾਗਾ।
੨. ਗੁਰ ਸਿਖੀ ਦਾ ਲਿਖਣਾ ਲੇਖੁ ਅਲੇਖੁ ਨ ਲਿਖਣਹਾਰਾ।
੩. ਗੁਰ ਸਿਖੀ ਦਾ ਤੋਲਣਾ ਤੁਲਿ ਨ ਤੋਲਿ ਤੁਲੈ ਤੁਲ ਧਾਰਾ।
੪. ਗੁਰ ਸਿਖੀ ਦਾ ਦੇਖਣਾ ਗੁਰਮੁਖਿ ਸਾਧਸੰਗਤਿ ਗੁਰਦੁਆਰਾ।
੫. ਗੁਰ ਸਿਖੀ ਦਾ ਚਖਣਾ ਸਾਧਸੰਗਤਿ ਗੁਰੁ ਸਬਦੁ ਵੀਚਾਰਾ।
੬. ਗੁਰ ਸਿਖੀ ਦਾ ਸਮਝਣਾ ਜੋਤੀ ਜੋਤਿ ਜਗਾਵਣਹਾਰਾ।
੭. ਗੁਰਮੁਖਿ ਸੁਖ ਫਲੁ ਪਿਰਮੁ ਪਿਆਰਾ॥ ੭॥

ਪਦ ਅਰਥ - ਬਜਰੁ=ਕਠਿਨ। ਤੁਲ ਧਾਰਾ=ਤੋਲਣ ਵਾਲਾ।

ਅਰਥ - ੧. ਗੁਰਸਿੱਖੀ ਦਾ ਸਿੱਖਣਾ ਬੜੇ ਭਾਰੀ ਬੱਜਰ ਵਾਂਗੂੰ ਕਠਿਨ ਹੈ, ਇਸ ਨੂੰ ਗੁਰਸਿੱਖ ਹੀ ਸਿੱਖਦੇ ਹਨ। ੨. ਗੁਰਸਿੱਖੀ ਦਾ ਲਿਖਣਾ ਲੇਖੇ ਤੋਂ ਅਲੇਖ (ਬਾਹਰ) ਹੈ, ਇਸ ਨੂੰ ਲਿਖਣ ਵਾਲਾ ਕੋਈ ਨਹੀਂ। ੩. ਗੁਰਸਿੱਖੀ ਨੂੰ ਤੋਲਣ ਲਈ ਨਾ ਕੋਈ ਤੱਕੜੀ ਤੇ ਨਾ ਕੋਈ ਵੱਟਾ ਹੈ ਤੇ ਨਾ ਹੀ ਕੋਈ ਤੋਲਣ ਵਾਲਾ ਹੈ। ੪. ਗੁਰਸਿੱਖੀ ਦਾ ਦਰਸ਼ਨ ਗੁਰਦਵਾਰੇ, ਗੁਰਮੁਖਾਂ ਤੇ ਸਾਧ ਸੰਗਤ ਵਿਚੋਂ ਹੁੰਦਾ ਹੈ। ੫. ਗੁਰਸਿੱਖੀ ਦਾ ਚੱਖਣਾ (ਰਸ ਮਾਨਣਾ) ਇਹ ਹੈ ਕਿ ਸਾਧ ਸੰਗਤ ਵਿਚ ਜਾ ਕੇ ਗੁਰੂ ਦੇ ਸ਼ਬਦ (ਉਪਦੇਸ਼) ਦੀ ਵਿਚਾਰ ਕੀਤੀ ਜਾਏ। ੬. ਗੁਰਸਿੱਖੀ ਦਾ ਸਮਝਣਾ ਪ੍ਰਭੂ ਦੀ ਜੋਤ ਜਗਾਉਣ ਵਾਲਾ ਹੈ (ਭਾਵ ਗੁਰਸਿੱਖ ਨੂੰ ਹਰ ਪਾਸੇ ਉਸ ਪਰਮਾਤਮਾ ਦੀ ਜੋਤ ਹੀ ਦਿੱਸਦੀ ਹੈ)। ੭. ਗੁਰਮੁਖ ਆਪਣੇ ਪਿਆਰੇ ਦੇ ਪ੍ਰੇਮ ਨੂੰ ਹੀ ਸੁਖ ਫਲ ਜਾਣਦੇ ਹਨ (ਸੰਸਾਰ ਦੇ ਹੋਰ ਸੁਖਾਂ ਨੂੰ ਗੁਰਮੁਖ ਤੁਛ ਸਮਝਦੇ ਹਨ)॥ ੭॥

੮. ਗੁਰਸਿੱਖ ਆਪਣੇ ਸਤਿਗੁਰੂ ਵੱਲ ਹੀ ਵੇਖਦੇ ਹਨ

੧. ਗੁਰ ਸਿਖੀ ਦਾ ਰੂਪੁ ਦੇਖਿ ਇਕਸ ਬਾਝੁ ਨ ਹੋਰਸੁ ਦੇਖੈ।
੨. ਗੁਰ ਸਿਖੀ ਦਾ ਚਖਣਾ ਲਖ ਅੰਮ੍ਰਿਤ ਫਲ ਫਿਕੇ ਲੇਖੈ।
੩. ਗੁਰ ਸਿਖੀ ਦਾ ਨਾਦੁ ਸੁਣਿ ਲਖ ਅਨਹਦ ਵਿਸਮਾਦ ਅਲੇਖੈ।

੪. ਗੁਰ ਸਿਖੀ ਦਾ ਪਰਸਣਾ ਠੰਢਾ ਤਤਾ ਭੇਖ ਅਭੇਖੈ।
੫. ਗੁਰ ਸਿਖੀ ਦੀ ਵਾਸੁ ਲੈ ਹੁਇ ਦੁਰਗੰਧ ਸੁਗੰਧ ਸਰੇਖੈ।
੬. ਗੁਰ ਸਿਖੀ ਮਰ ਜੀਵਣਾ ਭਾਇ ਭਗਤਿ ਭੈ ਨਿਮਖ ਨਮੇਖੈ।
੭. ਅਲਿਪ ਰਹੈ ਗੁਰ ਸਬਦਿ ਵਿਸੇਖੈ॥ ੮॥

ਪਦ ਅਰਥ - ਸਰੇਖੈ=ਸਮਾਨ। ਅਲਿਪ=ਅਲੇਪ।

ਅਰਥ - ੧. ਗੁਰਸਿੱਖੀ ਦਾ ਰੂਪ ਜਿਨ੍ਹਾਂ ਨੇ ਵੇਖ ਲਿਆ ਹੈ, ਉਹ ਫਿਰ ਕਿਸ ਹੋਰ (ਦੇਵੀ ਦੇਵਤੇ) ਨੂੰ ਨਹੀਂ ਵੇਖਦੇ। ੨. ਜਿਨ੍ਹਾਂ ਨੇ ਗੁਰਸਿੱਖੀ ਦੇ ਰਸ ਨੂੰ ਚੱਖਿਆ ਹੈ, ਉਹ ਫਿਰ ਲੱਖਾਂ ਅੰਮ੍ਰਿਤ ਫਲਾਂ ਨੂੰ ਫਿੱਕਾ ਜਾਣਦੇ ਹਨ। ੩. ਗੁਰਸਿੱਖੀ ਦਾ ਨਾਦ (ਸ਼ਬਦ) ਜਿਨ੍ਹਾਂ ਨੇ ਸੁਣਿਆਂ ਹੈ, ਉਹ ਲੱਖਾਂ ਅਨਹਦ ਅਸਚਰਜ ਰੂਪ ਰਾਗਾਂ ਨੂੰ ਕੁਛ ਨਹੀਂ ਜਾਣਦੇ। ੪. ਗੁਰਸਿੱਖੀ ਦਾ ਜਿਨ੍ਹਾਂ ਨੇ ਸਪਰਸ਼ ਕੀਤਾ ਹੈ ਉਹ ਠੰਢੇ ਤੱਤੇ ਦੇ ਭੇਖ ਤੋਂ ਅਭੇਖ ਹੋ ਗਏ ਹਨ। ੫. ਜਿਨ੍ਹਾਂ ਨੇ ਗੁਰਸਿੱਖੀ ਦੀ ਵਾਸ਼ਨਾ ਲਈ ਹੈ, ਉਹ ਹੋਰ ਅਤਰ ਫੁਲੇਲਾਂ ਦੀ ਵਾਸ਼ਨਾ ਨੂੰ ਦੁਰਗੰਧ ਸਮਾਨ ਜਾਣਦੇ ਹਨ। ੬. ਜਿਹੜਾ ਸੰਸਾਰ ਵੱਲੋਂ ਮਰ ਕੇ ਗੁਰਸਿੱਖੀ ਵਿਚ ਜੀਵਿਆ ਹੈ, ਉਹ ਹਰ ਘੜੀ ਪ੍ਰੇਮਾ-ਭਗਤੀ ਤੇ ਪ੍ਰਭੂ ਦੇ ਭੈ ਵਿਚ ਰਹਿੰਦਾ ਹੈ। ੭. ਉਹ ਗੁਰਸਿੱਖ (ਸੰਸਾਰ ਵੱਲੋਂ) ਅਲੇਪ ਰਹਿੰਦਾ ਹੈ ਤੇ ਗੁਰੂ ਦੇ ਸ਼ਬਦ ਵਿਚ ਵਿਸ਼ੇਸ਼ ਤੌਰ 'ਤੇ ਲੱਗਾ ਰਹਿੰਦਾ ਹੈ॥ ੮॥

੯. ਗੁਰਮੁਖਾਂ ਦਾ ਮਾਰਗ ਸੱਚਾ ਹੈ

੧. ਗੁਰਮੁਖਿ ਸਚਾ ਪੰਥੁ ਹੈ ਸਿਖੁ ਸਹਜ ਘਰਿ ਜਾਇ ਖਲੋਵੈ।
੨. ਗੁਰਮੁਖਿ ਸਚੁ ਰਹਰਾਸਿ ਹੈ ਪੈਰੀਂ ਪੈ ਪਾ ਖਾਕੁ ਜੁ ਹੋਵੈ।
੩. ਗੁਰੁ ਸਿਖੀ ਦਾ ਨਾਵਣਾ ਗੁਰਮਤਿ ਲੈ ਦੁਰਮਤਿ ਮਲੁ ਧੋਵੈ।
੪. ਗੁਰੁ ਸਿਖੀ ਦਾ ਪੂਜਣਾ ਗੁਰਸਿਖ ਪੂਜ ਪਿਰਮ ਰਸੁ ਭੋਵੈ।
੫. ਗੁਰੁ ਸਿਖੀ ਦਾ ਮੰਨਣਾ ਗੁਰ ਬਚਨੀ ਗਲਿ ਹਾਰੁ ਪਰੋਵੈ।
੬. ਗੁਰੁ ਸਿਖੀ ਦਾ ਜੀਵਣਾ ਜੀਂਵਦਿਆਂ ਮਰਿ ਹਉਮੈ ਖੋਵੈ।
੭. ਸਾਧਸੰਗਤਿ ਗੁਰੁ ਸਬਦ ਵਿਲੋਵੈ॥ ੯॥

ਪਦ ਅਰਥ - ਸਹਜ ਘਰਿ=ਸਹਿਜ ਅਵਸਥਾ। ਭੋਵੈ=ਮਿਲਦਾ ਹੈ।

ਅਰਥ - ੧. ਗੁਰਮੁਖਾਂ ਦਾ ਮਾਰਗ ਸੱਚਾ ਹੈ, ਜਿਹੜਾ ਇਸ 'ਤੇ ਚਲਦਾ ਹੈ, ਉਹ ਸਹਿਜ ਅਵਸਥਾ (ਪ੍ਰਭੂ ਦੇ ਸਰੂਪ) ਵਿਖੇ ਜਾ ਮਿਲਦਾ ਹੈ। ੨. ਗੁਰਮੁਖਾਂ ਦਾ ਪੈਰੀਂ ਪੈਣਾ ਤੇ ਪੈਰਾਂ ਦੀ ਧੂੜੀ ਹੋਣਾ, ਇਹ ਉਹਨਾਂ ਦੀ ਸੱਚੀ ਮਰਯਾਦਾ ਹੈ। ੩. ਗੁਰਸਿੱਖੀ ਦਾ ਇਸ਼ਨਾਨ ਇਹ ਹੈ ਕਿ ਗੁਰੂ ਦੀ ਸਿੱਖਿਆ ਲੈ ਕੇ ਖੋਟੀ ਮੱਤ ਨੂੰ ਧੋ ਦੇਣਾ। ੪. ਗੁਰਸਿੱਖੀ ਦੀ ਪੂਜਾ ਇਹੋ ਹੈ ਕਿ ਗੁਰਸਿੱਖਾਂ ਦੀ ਸੇਵਾ ਕਰਕੇ ਪ੍ਰੇਮ-ਰਸ ਨੂੰ

ਭੇਗਣਾ। ੫. ਗੁਰਸਿੱਖੀ ਦੀ ਪੂਜਾ ਇਹੋ ਹੈ ਕਿ ਗੁਰੂ ਦੇ ਬਚਨਾਂ ਦਾ ਹਾਰ ਗਲ ਵਿਚ ਪਰੋ ਕੇ ਧਾਰਨ ਕਰੇ। ੬. ਗੁਰਸਿੱਖੀ ਦਾ ਜਿਉਣਾ ਇਹ ਹੈ ਕਿ ਜੀਵਤ-ਭਾਵ ਤੋਂ ਮਰ ਕੇ ਹਉਮੈ ਨੂੰ ਨਾਸ਼ ਕਰੇ। ੭. ਗੁਰਸਿੱਖ ਦਾ ਇਹ ਕਰਤੱਵ ਹੈ ਕਿ (ਉਹ) ਸਾਧ ਸੰਗਤ ਵਿਚ ਜਾ ਕੇ ਗੁਰੂ ਦੇ ਸ਼ਬਦ ਨੂੰ ਵਿਚਾਰੇ॥ ੯॥

੧੦. ਗੁਰਸਿੱਖਾਂ ਦੀ ਕਾਰ

੧. ਗੁਰਮੁਖਿ ਸੁਖ ਫਲੁ ਖਾਵਣਾ ਦੁਖੁ ਸੁਖੁ ਸਮਕਰਿ ਅਉਚਰ ਚਰਣਾ।
੨. ਗੁਰ ਸਿਖੀ ਦਾ ਗਾਵਣਾ ਅੰਮ੍ਰਿਤ ਬਾਣੀ ਨਿਝਰੁ ਝਰਣਾ।
੩. ਗੁਰ ਸਿਖੀ ਧੀਰਜੁ ਧਰਮੁ ਪਿਰਮ ਪਿਆਲਾ ਅਜਰੁ ਜਰਣਾ।
੪. ਗੁਰ ਸਿਖੀ ਦਾ ਸੰਜਮੋ ਡਰਿ ਨਿਡਰੁ ਨਿਡਰ ਮੁਚ ਡਰਣਾ।
੫. ਗੁਰ ਸਿਖੀ ਮਿਲਿ ਸਾਧਸੰਗਿ ਸਬਦ ਸੁਰਤਿ ਜਗੁ ਦੁਤਰੁ ਤਰਣਾ।
੬. ਗੁਰ ਸਿਖੀ ਦਾ ਕਰਮੁ ਏਹੁ ਗੁਰ ਫੁਰਮਾਏ ਗੁਰਸਿਖ ਕਰਣਾ।
੭. ਗੁਰ ਕਿਰਪਾ ਗੁਰੁ ਸਿਖ ਗੁਰੁ ਸਰਣਾ॥ ੧੦॥

ਪਦ ਅਰਥ - ਅਉਚਰ=ਕਾਮਾਦਿ ਵਿਸ਼ੇ। ਝਰਣਾ=ਉਚਾਰਨ।

ਅਰਥ - ੧. ਗੁਰਮੁਖਾਂ ਨੇ ਸੁਖ ਫਲ ਦਾ ਖਾਣਾ ਖਾ ਕੇ ਦੁੱਖ ਸੁਖ ਨੂੰ ਇਕੋ ਜਿਹਾ ਜਾਣ ਕੇ ਕਾਮ ਕਰੋਧ ਆਦਿ ਵਿਸ਼ਿਆਂ ਨੂੰ ਨਾਸ ਕੀਤਾ ਹੈ। ੨. ਗੁਰਸਿੱਖੀ ਦਾ ਗਾਉਣਾ ਇਹੋ ਹੈ ਕਿ ਅੰਮ੍ਰਿਤਮਈ ਗੁਰਬਾਣੀ ਦਾ ਇਕਰਸ ਉਚਾਰਨ ਕੀਤਾ ਜਾਵੇ। ੩. ਗੁਰਸਿੱਖੀ ਦਾ ਧਰਮ ਧੀਰਜ ਇਹੋ ਹੈ ਕਿ ਪ੍ਰੇਮ ਪਿਆਲਾ ਪੀ ਕੇ ਅਜਰ ਵਸਤੂ ਨੂੰ ਜਰ ਜਾਵੇ। ੪. ਗੁਰਸਿੱਖੀ ਦਾ ਸੰਜਮ (ਸਾਧਨ) ਇਹੋ ਹੈ ਕਿ ਸੰਸਾਰਕ ਡਰਾਂ ਤੋਂ ਨਿੱਡਰ ਹੋ ਕੇ ਨਿੱਡਰ (ਪ੍ਰਭੂ) ਦੇ ਭੈ ਨੂੰ ਮਨ ਵਿਚ ਧਾਰਨ ਕਰਨਾ। ੫. ਗੁਰਸਿੱਖ ਸਾਧ ਸੰਗਤ ਵਿਚ ਮਿਲ ਕੇ ਸ਼ਬਦ ਵਿਚ ਸੁਰਤ ਨੂੰ ਜੋੜ ਕੇ ਇਸ ਸੰਸਾਰ ਸਾਗਰ ਤੋਂ ਤਰ ਜਾਂਦੇ ਹਨ। ੬. ਗੁਰਸਿੱਖੀ ਦਾ (ਮੁੱਖ) ਕਰਮ ਇਹੋ ਹੈ ਕਿ ਜੋ ਗੁਰੂ ਆਖੇ, ਸਿੱਖ ਉਸ ਬਚਨ ਦੀ ਕਮਾਈ ਕਰੇ। ੭. ਗੁਰੂ ਦੀ ਕਿਰਪਾ ਨਾਲ ਹੀ ਗੁਰੂ ਦਾ ਸਿੱਖ ਸਤਿਗੁਰੂ ਦੀ ਸ਼ਰਣ ਵਿਚ ਜਾਂਦਾ ਹੈ॥ ੧੦॥

੧੧. ਪਰਉਪਕਾਰੀ ਸਤਿਗੁਰੂ

੧. ਵਾਸਿ ਸੁਵਾਸੁ ਨਿਵਾਸੁ ਕਰਿ ਸਿੰਮਲਿ ਗੁਰਮੁਖਿ ਸੁਖ ਫਲ ਲਾਏ।
੨. ਸੋਇਨਾ ਹੋਇ ਮਨੂਰੁ ਮਿਲੁ ਕਾਗਹੁ ਪਰਮ ਹੰਸੁ ਕਰਵਾਏ।
੩. ਪਸੂ ਪਰੇਤਹੁ ਦੇਵ ਕਰਿ ਸਤਿਗੁਰ ਦੇਵ ਸੇਵ ਭੈ ਪਾਏ।
੪. ਸਭ ਨਿਧਾਨ ਰਖਿ ਸੰਖ ਵਿਚਿ ਹਰਿ ਜੀ ਲੈ ਲੈ ਹਥਿ ਵਜਾਏ।

੫. ਪਤਿਤ ਉਧਾਰਣੁ ਆਖੀਐ ਭਗਤਿ ਵਛਲ ਹੋਇ ਆਪੁ ਛਲਾਏ।
੬. ਗੁਣ ਕੀਤੇ ਗੁਣ ਕਰੇ ਜਗ ਅਵਗੁਣ ਕੀਤੇ ਗੁਣ ਗੁਰ ਭਾਏ।
੭. ਪਰਉਪਕਾਰੀ ਜਗ ਵਿਚਿ ਆਏ॥ ੧੧ ॥

ਪਦ ਅਰਥ - ਸਿੰਮਲਿ=ਮਨਮੁਖ। ਮਨੂਰੁ=ਲੋਹੇ ਦੀ ਮੈਲ।

ਅਰਥ - ੧. (ਸਤਿਗੁਰੂ ਜੀ) ਵਾਸ਼ਨਾ ਵਿਚੋਂ ਉੱਤਮ ਨਾਮ ਰੂਪ ਵਾਸ਼ਨਾ ਦਾ ਨਿਵਾਸ ਪਾ ਕੇ ਸਿੰਮਲ (ਮਨਮੁਖ) ਨੂੰ ਸੁਖ ਫਲ ਲਾ ਦਿੰਦੇ ਹਨ। ੨. (ਸਤਿਗੁਰੂ ਜੀ) ਮਨੂਰ ਵਾਂਗੂੰ ਮੈਲੇ ਮਨੁੱਖ ਨੂੰ ਸੋਨਾ ਬਣਾ ਦਿੰਦੇ ਹਨ ਤੇ ਕਾਵਾਂ ਨੂੰ ਪਰਮਹੰਸਾਂ ਵਰਗੇ ਉੱਜਲੇ ਕਰ ਦਿੰਦੇ ਹਨ। ੩. ਸਤਿਗੁਰੂ ਜੀ ਦੀ ਸੇਵਾ ਭੈ ਪਾ ਕੇ (ਪ੍ਰੇਮਾ-ਭਗਤੀ ਲਾ ਕੇ) ਪਸ਼ੂਆਂ ਤੇ ਪਰੇਤਾਂ ਨੂੰ ਦੇਵਤੇ ਬਣਾ ਦਿੰਦੀ ਹੈ। ੪. ਵਿਸ਼ਨੂੰ ਭਗਵਾਨ ਦੇ ਹੱਥ ਵਾਲੇ ਸੰਖ ਵਿਚ ਜਿਵੇਂ ਚਾਰ ਪਦਾਰਥ ਹੁੰਦੇ ਹਨ, ਇਸੇ ਤਰ੍ਹਾਂ ਸਾਰੇ ਪਦਾਰਥ ਸ਼ਬਦ ਰੂਪੀ ਸੰਖ ਵਿਚ ਹਨ, ਜਿਸ ਨੂੰ ਉਪਦੇਸ਼ ਦਵਾਰਾ ਸਤਿਗੁਰੂ ਜੀ ਵਜਾਉਂਦੇ ਹਨ। ੫. ਸਤਿਗੁਰੂ ਦਾ ਬਿਰਦ ਪਤਿਤ ਉਧਾਰਣ ਹੈ, ਉਹ ਭਗਤਾਂ (ਗੁਰਸਿੱਖਾਂ) ਦੇ ਵਸ ਵਿਚ ਹੋ ਕੇ ਆਪਣਾ ਆਪ ਛਲਾ ਲੈਂਦੇ ਹਨ। ੬. ਸੰਸਾਰ ਵਿਚ ਗੁਣ ਕਰਨ ਵਾਲੇ ਨਾਲ ਹਰ ਕੋਈ ਭਲਾ ਹੀ ਕਰਦਾ ਹੈ, ਪਰ ਅਵਗੁਣਾਂ ਪਰ ਗੁਣ ਕਰਨਾ ਇਹ ਸਤਿਗੁਰੂ ਨੂੰ ਹੀ ਭਾਉਂਦਾ ਹੈ। ੭. (ਪਰਉਪਕਾਰ ਕਰਨ ਲਈ ਹੀ) ਪਰਉਪਕਾਰੀ ਸਤਿਗੁਰੂ ਜੀ ਸੰਸਾਰ ਵਿਚ ਆਏ ਹਨ॥ ੧੧ ॥

੧੨. ਸਿੱਖ ਕਿਸੇ ਨੂੰ ਮੰਦਾ ਨਹੀਂ ਜਾਣਦਾ

੧. ਫਲ ਦੇ ਵਟ ਵਗਾਇਆਂ ਤਛਣਹਾਰੇ ਤਾਰਿ ਤਰੰਦਾ।
੨. ਤਛੇ ਪੁਤ ਨ ਡੋਬਈ ਪੁਤ ਵੈਰੁ ਜਲ ਜੀ ਨ ਧਰੰਦਾ।
੩. ਵਰਸੈ ਹੋਇ ਸਹੰਸ ਧਾਰ ਮਿਲਿ ਗਿਲ ਜਲੁ ਨੀਵਾਣਿ ਚਲੰਦਾ।
੪. ਡੋਬੈ ਡਬੈ ਅਗਰ ਨੋ ਆਪੁ ਛਡਿ ਪੁਤ ਪੈਜ ਰਖੰਦਾ।
੫. ਤਰਿ ਡੁਬੈ ਡੁਬਾ ਤਰੈ ਜਿਣਿ ਹਾਰੈ ਹਾਰੈ ਸੁ ਜਿਣੰਦਾ।
੬. ਉਲਟਾ ਖੇਲੁ ਪਿਰੰਮ ਦਾ ਪੈਰਾਂ ਉਪਰਿ ਸੀਸੁ ਨਿਵੰਦਾ।
੭. ਆਪਹੁ ਕਿਸੈ ਨ ਜਾਣੈ ਮੰਦਾ॥ ੧੨ ॥

ਪਦ ਅਰਥ - ਤਾਰਿ=ਨਦੀ। ਤਛੇ=ਕੱਟਣਾ। ਸਹੰਸ=ਹਜ਼ਾਰ। ਮਿਲਿ ਗਿਲ=ਰਲ ਮਿਲ ਕੇ।

ਅਰਥ - ੧. ਵੱਟੇ ਮਾਰਿਆਂ ਬ੍ਰਿਛ ਫਲ ਦਿੰਦਾ ਹੈ, ਤੇ ਬ੍ਰਿਛ ਵੱਢਣ ਵਾਲੇ ਤਰਖਾਣ ਨੂੰ ਨਦੀ ਤੋਂ ਪਾਰ ਕਰ ਦਿੰਦਾ ਹੈ। ੨. ਪੁੱਤਰ (ਬ੍ਰਿਛ) ਦੇ ਵੱਢਣ ਵਾਲੇ ਦਾ ਵੈਰ ਦਿਲ ਵਿਚ ਨਹੀਂ ਰੱਖਦਾ ਤੇ ਉਸ ਨੂੰ ਨਦੀ ਵਿਚ ਡੋਬਦਾ ਨਹੀਂ। ੩. ਹਜ਼ਾਰਾਂ ਧਾਰਾਂ ਹੋ ਕੇ (ਮੀਂਹ) ਵਸਦਾ ਹੈ ਤੇ ਸਾਰਾ ਪਾਣੀ ਰਲ

ਮਿਲ ਕੇ ਨੀਵਾਣ ਵੱਲ ਚਲਦਾ ਹੈ। ੪. ਪਾਣੀ ਅਗਰ ਦੇ ਟੋਟੇ ਡੋਬਦਾ ਹੈ ਤੇ ਆਪਣਾ ਧਰਮ ਛੱਡ ਕੇ ਪੁੱਤਰ ਦੀ ਪੈਜ ਰੱਖਦਾ ਹੈ (ਪਾਣੀ ਵਿਚ ਅਗਰ ਡੁੱਬਣ ਨਾਲ ਮਹਿੰਗਾ ਵਿਕਦਾ ਹੈ)। ੫. ਜੋ ਤਰਦਾ ਹੈ, ਉਸ ਨੂੰ ਡੁੱਬਾ ਜਾਣੋ ਤੇ ਜੋ ਡੁੱਬਦਾ ਹੈ ਉਸ ਨੂੰ ਤਰਿਆ ਸਮਝੋ, ਇਸੇ ਤਰ੍ਹਾਂ ਜਿੱਤਣ ਵਾਲਾ ਹਾਰਦਾ ਹੈ ਤੇ ਹਾਰਨ ਵਾਲਾ ਜਿੱਤ ਜਾਂਦਾ ਹੈ। ੬. ਇਹ ਪ੍ਰੇਮ ਦੀ ਖੇਡ ਉਲਟੀ ਹੈ, ਪੈਰਾਂ ਉਪਰ ਸਿਰ ਰਖੀਦਾ ਹੈ। ੭. ਗੁਰਸਿੱਖ ਕਿਸੇ ਨੂੰ ਆਪਣੇ ਤੋਂ ਬੁਰਾ ਨਹੀਂ ਜਾਣਦਾ॥ ੧੨॥

੧੩. ਸਿੱਖ ਹਰ ਸਮੇਂ ਪਰਉਪਕਾਰ ਹੀ ਕਰਦਾ ਹੈ

੧. ਧਰਤੀ ਪੈਰਾਂ ਹੇਠਿ ਹੈ ਧਰਤੀ ਹੇਠਿ ਵਸੰਦਾ ਪਾਣੀ।
੨. ਪਾਣੀ ਚਲੈ ਨੀਵਾਣ ਨੋ ਨਿਰਮਲੁ ਸੀਤਲੁ ਸੁਧੁ ਪਰਾਣੀ।
੩. ਬਹੁ ਰੰਗੀ ਇਕ ਰੰਗੁ ਹੈ ਸਭਨਾਂ ਅੰਦਰਿ ਇਕੋ ਜਾਣੀ।
੪. ਤਤਾ ਹੋਵੈ ਧੁਪ ਵਿਚਿ ਛਾਵੈ ਠੰਢਾ ਵਿਰਤੀ ਹਾਣੀ।
੫. ਤਪਦਾ ਪਰਉਪਕਾਰ ਨੋ ਠੰਢੇ ਪਰਉਪਕਾਰ ਵਿਹਾਣੀ।
੬. ਅਗਨਿ ਬੁਝਾਏ ਤਪਤਿ ਵਿਚਿ ਠੰਢਾ ਹੋਵੈ ਬਿਲਮੁ ਨ ਆਣੀ।
੭. ਗੁਰੁ ਸਿਖੀ ਦੀ ਏਹੁ ਨੀਸਾਣੀ॥ ੧੩॥

ਪਦ ਅਰਥ - ਵਸੰਦਾ=ਵਸਦਾ ਹੈ। ਵਿਰਤੀ ਹਾਣੀ=ਹਾਣੀਆਂ ਨਾਲ ਇਕੋ ਜਿਹਾ ਵਰਤਣਾ।

ਅਰਥ - ੧. ਧਰਤੀ ਪੈਰਾਂ ਹੇਠ ਰਹਿੰਦੀ ਹੈ ਤੇ ਧਰਤੀ ਦੇ ਹੇਠਾਂ ਪਾਣੀ ਵਸਦਾ ਹੈ ੨. ਪਾਣੀ ਨੀਵਾਣ ਵੱਲ ਚਲਦਾ ਹੈ, ਇਸੇ ਲਈ ਉਹ ਆਪ ਨਿਰਮਲ ਤੇ ਠੰਢਾ ਹੁੰਦਾ ਹੈ ਤੇ ਸਭ ਪ੍ਰਾਣੀਆਂ ਨੂੰ ਠੰਢਾ ਤੇ ਸ਼ੁੱਧ ਕਰਦਾ ਹੈ। ੩. ਪਾਣੀ ਬਹੁਤੇ ਰੰਗਾਂ ਵਿਚ ਮਿਲ ਕੇ ਇਕ ਰੰਗ (ਰੂਪ) ਹੋ ਜਾਂਦਾ ਹੈ ਤੇ ਸਾਰਿਆਂ (ਬਰਤਨਾਂ) ਅੰਦਰ ਉਹ ਇਕੋ ਜਿਹਾ ਹੋ ਜਾਂਦਾ ਹੈ। ੪. ਪਾਣੀ ਧੁੱਪ ਵਿਚ ਤੱਤਾ ਹੋ ਜਾਂਦਾ ਹੈ ਤੇ ਛਾਂ ਵਿਚ ਠੰਢਾ ਹੋ ਜਾਂਦਾ ਹੈ। ਜਿਹੋ ਜਿਹਾ ਹਾਣੀ (ਸਾਥੀ) ਹੋਵੇ ਉਹੋ ਜਿਹਾ ਉਹ ਵਰਤਦਾ ਹੈ। ੫. ਪਰਉਪਕਾਰ ਕਰਨ ਲਈ ਪਾਣੀ ਤਪਦਾ ਹੈ ਤੇ ਠੰਢਾ ਹੋ ਕੇ ਵੀ ਪਰਉਪਕਾਰ ਵਿਚ ਸਮਾਂ ਬਿਤਾਉਂਦਾ ਹੈ। ੬. ਤੱਤਾ ਹੁੰਦਾ ਹੋਇਆ ਵੀ ਅੱਗ ਨੂੰ ਬੁਝਾ ਦਿੰਦਾ ਹੈ ਤੇ ਠੰਢਾ ਹੋਣ ਵਿਚ ਵੀ ਦੇਰ ਨਹੀਂ ਕਰਦਾ। ੭. ਗੁਰਸਿੱਖਾਂ ਦੀ ਵੀ ਇਹ ਨਿਸ਼ਾਨੀ ਹੈ ਕਿ ਉਹ ਹਰ ਸਮੇਂ ਤੇ ਹਰ ਹਾਲਤ ਵਿਚ ਪਰਉਪਕਾਰ ਹੀ ਕਰਦੇ ਰਹਿੰਦੇ ਹਨ॥ ੧੩॥

੧੪. ਸਿੱਖ ਨਿਮ੍ਰਤਾ ਵਿਚ ਰਹਿੰਦਾ ਹੈ

੧. ਪਾਣੀ ਅੰਦਰਿ ਧਰਤਿ ਹੈ ਧਰਤੀ ਅੰਦਰਿ ਪਾਣੀ ਵਸੈ।
੨. ਧਰਤੀ ਰੰਗੁ ਨ ਰੰਗ ਸਭ ਧਰਤੀ ਸਾਉ ਨ ਸਭ ਰਸ ਰਸੈ।

੩. ਧਰਤੀ ਗੰਧੁ ਨ ਗੰਧ ਬਹੁ ਧਰਤਿ ਨ ਰੂਪ ਅਨੂਪ ਤਰਸੈ।
੪. ਜੇਹਾ ਬੀਜੈ ਸੋ ਲੁਣੈ ਕਰਮਿ ਭੂਮਿ ਸਭ ਕੋਈ ਦਸੈ।
੫. ਚੰਦਨ ਲੇਪੁ ਨ ਲੇਪੁ ਹੈ ਕਰਿ ਮਲ ਮੂਤ ਕਸੂਤੁ ਨ ਧਸੈ।
੬. ਵੂਠੇ ਮੀਹ ਜਮਾਇਦੇ ਡਵਿ ਲਗੈ ਅੰਗੂਰੁ ਵਿਗਸੈ।
੭. ਦੁਖਿ ਨ ਰੋਵੈ ਸੁਖਿ ਨ ਹਸੈ ॥ ੧੪ ॥

ਪਦ ਅਰਥ - ਤਰਸੈ=ਤਰਸਦੇ ਹਨ। ਧਸੈ=ਗੁੱਸੇ ਹੋਣਾ। ਡਵਿ=ਅੱਗ।

ਅਰਥ - ੧. ਧਰਤੀ ਪਾਣੀ ਵਿਚ ਟਿਕੀ ਹੋਈ ਹੈ ਤੇ ਧਰਤੀ ਦੇ ਅੰਦਰ ਪਾਣੀ ਵਸਦਾ ਹੈ। ੨.ਧਰਤੀ ਦਾ ਕੋਈ ਰੰਗ ਨਹੀਂ, ਪਰ ਸਾਰੇ ਰੰਗ ਧਰਤੀ ਵਿਚ ਹੀ ਹਨ, ਧਰਤੀ ਦਾ ਕੋਈ ਸੁਆਦ ਨਹੀਂ, ਪਰ ਸਾਰੇ ਸੁਆਦ ਧਰਤੀ ਵਿਚ ਹੀ ਹਨ। ੩. ਧਰਤੀ ਵਿਚ ਕੋਈ ਸੁਗੰਧੀ ਨਹੀਂ, ਪਰ ਸਾਰੀਆਂ ਸੁਗੰਧਾਂ ਧਰਤੀ ਵਿਚ ਹੀ ਹਨ। ਧਰਤੀ ਦਾ ਕੋਈ ਰੂਪ ਨਹੀਂ, ਪਰ ਸਭ ਸੁੰਦਰ ਰੂਪਾਂ ਨਾਲ ਧਰਤੀ ਰਸੀ ਹੋਈ ਹੈ ਤੇ ਸਾਰੇ ਲੋਕ ਇਸ ਦੇ ਸਰੂਪ ਨੂੰ ਤਰਸਦੇ ਹਨ। ੪. ਇਹ ਧਰਤੀ ਕਰਮਾਂ ਦੀ ਭੂਮੀ ਹੈ, ਜਿਹੋ ਜਿਹਾ ਕੋਈ ਬੀਜਦਾ ਹੈ, ਉਹੋ ਜਿਹਾ ਵਢਦਾ ਹੈ। ਇਹ ਗੱਲ ਸਾਰੇ ਦਸਦੇ ਹਨ। ੫. ਚੰਦਨ ਦੇ ਲੇਪ ਕਰਨ ਨਾਲ ਧਰਤੀ ਲਿਪਾਇਮਾਨ ਨਹੀਂ ਹੁੰਦੀ ਤੇ ਮਲ ਮੂਤਰ ਦੇ ਕਸੂਤ੍ਰ ਨਾਲ ਕਿਸੇ 'ਤੇ ਗੁੱਸੇ ਨਹੀਂ ਹੁੰਦੀ। ੬. ਮੀਂਹ ਵਸਣ ਨਾਲ ਲੋਕ ਧਰਤੀ ਵਿਚ ਅੰਨ ਬੀਜਦੇ ਹਨ ਤੇ ਅੱਗ ਲੱਗਣ ਨਾਲ ਵੀ ਉਹ ਅੰਗੂਰ ਫੁਟਾਉਂਦੀ ਹੈ (ਸਰਕੜੇ ਦੇ ਨਵੇਂ ਬੂਟੇ ਪੁੰਗਰਦੇ ਹਨ)। ੭. ਦੁੱਖ ਹੋਣ ਨਾਲ ਧਰਤੀ ਰੋਂਦੀ ਨਹੀਂ ਤੇ ਸੁਖ ਵਿਚ ਹੱਸਦੀ ਨਹੀਂ। (ਇਹੋ ਕਰਮ ਗੁਰਸਿੱਖ ਦੇ ਹੁੰਦੇ ਹਨ। ਉਹ ਧਰਤੀ ਵਾਂਗੂੰ ਨਿਮ੍ਰਤਾ, ਸ਼ਹਿਨਸ਼ੀਲਤਾ ਤੇ ਪਰਉਪਕਾਰ ਕਰਦਾ ਹੈ ਤੇ ਸੁਖ ਨੂੰ ਇਕ ਸਮਾਨ ਜਾਣਦਾ ਹੈ)॥ ੧੪ ॥

੧੫. ਸਿੱਖ ਦਾ ਨਿੱਤ ਕਰਮ

੧. ਪਿਛਲ ਰਾਤੀਂ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ।
੨. ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।
੩. ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ।
੪. ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ।
੫. ਸਾਧਸੰਗਤਿ ਮਿਲਿ ਗਾਂਵਦੇ ਰਾਤਿ ਦਿਹੈਂ ਨਿਤ ਚਲਿ ਚਲਿ ਜਾਏ।
੬. ਸਬਦ ਸੁਰਤਿ ਪਰਚਾ ਕਰੈ ਸਤਿਗੁਰੁ ਪਰਚੈ ਮਨੁ ਪਰਚਾਏ।
੭. ਆਸਾ ਵਿਚਿ ਨਿਰਾਸੁ ਵਲਾਏ ॥ ੧੫ ॥

ਪਦ ਅਰਥ - ਪਿਛਲ ਰਾਤੀਂ=ਅੰਮ੍ਰਿਤ ਵੇਲੇ। ਗੁਰਮਤਿ=ਗੁਰੂ ਦੀ ਸਿੱਖਿਆ। ਸੁਕ੍ਰਿਤੁ=ਚੰਗੀ ਕਿਰਤ।

ਪਰਚਾ=ਪ੍ਰੇਮ। ਵਲਾਏ=ਰਹਿੰਦਾ ਹੈ।

ਅਰਥ - ੧. ਸਿੱਖ ਅੰਮ੍ਰਿਤ ਵੇਲੇ ਜਾਗੇ; ਨਹੀਂ, ਪਰ ਸਾਰੇ ਸੁਆਦ ਨਾਮ, ਦਾਨ ਤੇ ਇਸ਼ਨਾਨ ਨੂੰ ਦ੍ਰਿੜ ਕਰੇ (ਭਾਵ ਅਭਿਆਸ ਕਰੇ)। ੨. ਮਿੱਠੇ ਬਚਨ ਬੋਲੇ, ਨਿਮ੍ਰਤਾ ਵਿਚ ਚਲੇ ਤੇ (ਆਪਣੀ ਕਮਾਈ ਵਿਚੋਂ) ਹਥੋਂ ਦੇ ਕੇ (ਦਾਨ ਕਰਕੇ) ਭਲਾ ਮਨਾਏ। ੩. ਥੋੜ੍ਹਾ ਸੌਵੇਂ, ਥੋੜ੍ਹਾ ਖਾਏ, ਥੋੜ੍ਹਾ ਹੀ ਬੋਲੇ ਤੇ ਗੁਰੂ ਦੀ ਸਿੱਖਿਆ ਨੂੰ ਗ੍ਰਹਿਣ ਕਰੇ। ੪. ਧਰਮ ਦੀ ਕਿਰਤ ਕਰਕੇ ਖਾਏ, ਚੰਗੇ ਕੰਮ ਕਰੇ ਤੇ ਵੱਡਾ ਹੋ ਕੇ ਵੀ ਆਪਣੇ ਆਪ ਨੂੰ ਨਾ ਜਣਾਏ (ਭਾਵ ਹਉਮੈ ਨਾ ਕਰੇ)। ੫. ਜਿਥੇ ਸਾਧ ਸੰਗਤ ਹੋਵੇ, ਉਥੇ ਮਿਲ ਕੇ ਕੀਰਤਨ ਕਰੇ ਤੇ ਦਿਨੇ ਰਾਤ ਸਤਸੰਗ ਕਰਨ ਲਈ ਚਲ ਕੇ ਜਾਵੇ। ੬. ਸ਼ਬਦ ਵਿਚ ਪ੍ਰੇਮ ਨਾਲ ਸੁਰਤੀ ਨੂੰ ਲਾਵੇ ਤੇ ਸਤਿਗੁਰੂ ਦੇ ਪ੍ਰੇਮ ਵਿਚ ਆਪਣੇ ਮਨ ਨੂੰ ਪਰਚਾਵੇ। ੭. ਆਸਾ ਵਿਚ ਨਿਰਾਸ ਹੋ ਕੇ ਸਮਾਂ ਬਤੀਤ ਕਰੇ॥ ੧੫॥

ਭਾਵ—ਗੁਰਸਿੱਖ ਆਪਣੀ ਜ਼ਿੰਦਗੀ ਨੂੰ ਉਪਰੋਕਤ ਢੰਗ ਨਾਲ ਬਤੀਤ ਕਰਕੇ ਆਪਣੇ ਜੀਵਨ ਨੂੰ ਸਫਲਾ ਕਰੇ।

੧੬. ਗੁਰਸਿੱਖ ਦੇ ਲੱਛਣ

੧. ਗੁਰ ਚੇਲਾ ਚੇਲਾ ਗੁਰੂ ਗੁਰੁ ਸਿਖ ਸੁਣਿ ਗੁਰਸਿਖੁ ਸਦਾਵੈ।
੨. ਇਕ ਮਨਿ ਇਕੁ ਅਰਾਧਣਾ ਬਾਹਰਿ ਜਾਂਦਾ ਵਰਜਿ ਰਹਾਵੈ।
੩. ਹੁਕਮੀ ਬੰਦਾ ਹੋਇ ਕੈ ਖਸਮੈ ਦਾ ਭਾਣਾ ਤਿਸੁ ਭਾਵੈ।
੪. ਮੁਰਦਾ ਹੋਇ ਮੁਰੀਦ ਸੋਇ ਕੋ ਵਿਰਲਾ ਗੁਰਿ ਗੋਰਿ ਸਮਾਵੈ।
੫. ਪੈਰੀ ਪੈ ਪਾ ਖਾਕੁ ਹੋਇ ਪੈਰਾਂ ਉਪਰਿ ਸੀਸੁ ਧਰਾਵੈ।
੬. ਆਪੁ ਗਵਾਏ ਆਪੁ ਹੋਇ ਦੂਜਾ ਭਾਉ ਨ ਨਦਰੀ ਆਵੈ।
੭. ਗੁਰੁ ਸਿਖੀ ਗੁਰੁ ਸਿਖੁ ਕਮਾਵੈ॥ ੧੬॥

ਪਦ ਅਰਥ - ਬਾਹਰਿ ਜਾਂਦਾ=ਮਨ , ਜੋ ਬਾਹਰ ਦੌੜਦਾ ਹੈ। ਵਰਜਿ ਰਹਾਵੈ=ਰੋਕ ਕੇ ਰੱਖੇ। ਗੋਰਿ=ਕਬਰ। ਦੂਜਾ ਭਾਉ=ਦ੍ਵੈਤ।

ਅਰਥ - ੧. ਗੁਰੂ ਦਾ ਸਿੱਖ ਬਣ ਕੇ ਜੋ ਗੁਰੂ ਦੀ ਸਿੱਖਿਆ ਸੁਣਦਾ ਹੈ, ਉਹ ਚੇਲਾ ਗੁਰੂ ਤੇ ਗੁਰੂ ਚੇਲਾ ਹੋ ਜਾਂਦਾ ਹੈ, ਭਾਵ ਗੁਰੂ ਤੇ ਚੇਲਾ ਇੱਕ ਰੂਪ ਹੋ ਜਾਂਦੇ ਹਨ, ੨. ਇੱਕ ਮਨ ਹੋ ਕੇ ਇੱਕ ਪ੍ਰਭੂ ਦਾ ਸਿਮਰਨ ਕਰੇ ਤੇ ਬਾਹਰ ਵੱਲ (ਸੰਸਾਰਕ ਪਦਾਰਥਾਂ ਵੱਲ) ਦੌੜਦੇ ਮਨ ਨੂੰ ਰੋਕ ਕੇ ਰੱਖੇ। ੩. ਹੁਕਮ ਮੰਨਣ ਵਾਲਾ ਦਾਸ ਹੋ ਕੇ ਰਹੇ ਤੇ ਪ੍ਰਭੂ ਦਾ ਭਾਣਾ ਉਸ ਨੂੰ ਚੰਗਾ ਲੱਗੇ। ੪. ਜੋ ਮੁਰਦੇ ਵਾਂਗੂੰ ਹੋ ਜਾਵੇ ਉਹ ਮੁਰੀਦ ਹੈ, ਐਸਾ ਮੁਰੀਦ ਕੋਈ ਵਿਰਲਾ ਹੁੰਦਾ ਹੈ ਜੋ ਗੁਰੂ ਰੂਪੀ ਕਬਰ ਵਿਚ ਸਮਾਉਂਦਾ ਹੈ। ੫. ਉਹ ਪੈਰੀਂ ਪੈ ਕੇ ਸਤਿਗੁਰੂ ਜੀ ਦੇ ਚਰਣਾਂ ਦੀ ਧੂੜ ਬਣ ਜਾਂਦਾ ਹੈ ਤੇ ਹਰ ਗੁਰਸਿੱਖ ਦੇ ਚਰਣਾਂ 'ਤੇ ਆਪਣਾ ਸਿਰ ਨਿਵਾਉਂਦਾ ਹੈ। ੬. ਉਹ ਆਪਾ ਭਾਵ (ਹਉਮੈ) ਗਵਾ ਕੇ ਆਪ (ਪ੍ਰਭੂ ਰੂਪ) ਹੋ ਜਾਂਦਾ

ਹੈ, ਉਸ ਨੂੰ ਹੋਰ ਦੂਜਾ ਭਾਉ ਨਜ਼ਰ ਹੀ ਨਹੀਂ ਆਉਂਦਾ। ੭. ਉਪਰੋਕਤ ਵਰਣਨ ਕੀਤੀ ਸਿੱਖੀ ਨੂੰ ਕੋਈ ਵਿਰਲਾ ਗੁਰਸਿੱਖ ਹੀ ਕਮਾਉਂਦਾ ਹੈ॥ ੧੬॥

੧੭. ਵਿਰਲੇ ਗੁਰਸਿੱਖ

੧. ਤੇ ਵਿਰਲੇ ਸੈਂਸਾਰ ਵਿਚਿ ਦਰਸਨ ਜੋਤਿ ਪਤੰਗ ਮਿਲੰਦੇ।
੨. ਤੇ ਵਿਰਲੇ ਸੈਂਸਾਰ ਵਿਚਿ ਸਬਦ ਸੁਰਤਿ ਹੋਇ ਮਿਰਗ ਮਰੰਦੇ।
੩. ਤੇ ਵਿਰਲੇ ਸੈਂਸਾਰ ਵਿਚਿ ਚਰਣ ਕਵਲ ਹੁਇ ਭਵਰ ਵਸੰਦੇ।
੪. ਤੇ ਵਿਰਲੇ ਸੈਂਸਾਰ ਵਿਚਿ ਪਿਰਮ ਸਨੇਹੀ ਮੀਨ ਤਰੰਦੇ।
੫. ਤੇ ਵਿਰਲੇ ਸੈਂਸਾਰ ਵਿਚਿ ਗੁਰੁ ਸਿਖ ਗੁਰੁ ਸਿਖ ਸੇਵ ਕਰੰਦੇ।
੬. ਭੈ ਵਿਚਿ ਜੰਮਨਿ ਭੈ ਰਹਨਿ ਭੈ ਵਿਚਿ ਮਰਿ ਗੁਰੁ ਸਿਖ ਜੀਵੰਦੇ।
੭. ਗੁਰਮੁਖ ਸੁਖ ਫਲੁ ਪਿਰਮੁ ਚਖੰਦੇ॥ ੧੭॥

ਪਦ ਅਰਥ - ਮਿਰਗ=ਹਰਨ। ਮੀਨ=ਮੱਛੀ। ਚਖੰਦੇ=ਚਖਦੇ ਹਨ।

ਅਰਥ - ੧. ਉਹ ਮਨੁੱਖ ਸੰਸਾਰ ਵਿਚ ਵਿਰਲੇ ਹਨ, ਜੋ ਗੁਰੂ ਦੀ ਜੋਤ ਦੇ ਦਰਸ਼ਨ ਕਰਨ ਲਈ ਪਤੰਗੇ ਵਾਂਗੂੰ ਮਿਲਦੇ ਹਨ। ੨. ਸੰਸਾਰ ਵਿਚ ਉਹ ਪੁਰਸ਼ ਵਿਰਲੇ ਹੁੰਦੇ ਹਨ, ਜੋ ਹਰਨ ਵਾਂਗੂੰ ਸ਼ਬਦ ਵਿਚ ਸੁਰਤੀ ਜੋੜ ਕੇ ਮਰਦੇ ਹਨ (ਭਾਵ ਮਸਤ ਹੁੰਦੇ ਹਨ)। ੩. ਐਸੇ ਜੀਵ ਸੰਸਾਰ ਵਿਚ ਵਿਰਲੇ ਹੁੰਦੇ ਹਨ ਜੋ ਸਤਿਗੁਰੂ ਜੀ ਦੇ ਚਰਣ ਕੰਵਲਾਂ ਦੇ ਭੌਰੇ ਬਣ ਕੇ ਵਸਦੇ ਹਨ। ੪. ਸੰਸਾਰ ਵਿਚ ਇਹੋ ਜਿਹੇ ਮਨੁੱਖ ਵਿਰਲੇ ਹੁੰਦੇ ਹਨ, ਜੋ ਮੱਛੀ ਵਾਂਗੂੰ ਸਮੁੰਦਰ ਵਿਚ ਤਰਦੇ ਹਨ। ੫. ਸੰਸਾਰ ਵਿਚ ਉਹ ਗੁਰੂ ਦੇ ਸਿੱਖ ਵਿਰਲੇ ਹੁੰਦੇ ਹਨ, ਜੋ ਗੁਰੂ ਤੇ ਗੁਰੂ ਦੇ ਸਿੱਖਾਂ ਦੀ ਸੇਵਾ ਕਰਦੇ ਹਨ। ੬. ਜਿਹੜੇ ਸਿੱਖ (ਪ੍ਰਭੂ ਦੇ) ਭੈ ਵਿਚ ਹੀ ਜੰਮਦੇ ਹਨ, ਭੈ ਵਿਚ ਹੀ ਰਹਿੰਦੇ ਹਨ ਤੇ ਭੈ ਵਿਚ ਹੀ ਮਰਦੇ ਹਨ, ਉਹ ਗੁਰਸਿੱਖ ਸਦਾ ਹੀ ਜੀਉਂਦੇ ਹਨ। ੭. ਗੁਰਮੁਖ (ਪ੍ਰਭੂ ਦੇ) ਪ੍ਰੇਮ ਦੇ ਸੁਖ ਫਲ ਨੂੰ ਚਖਦੇ ਹਨ॥ ੧੭॥

੧੮. ਗੁਰਸਿੱਖੀ ਦਾ ਆਨੰਦ ਸਭ ਤੋਂ ਉੱਤਮ ਹੈ

੧. ਲਖ ਜਪ ਤਪ ਲਖ ਸੰਜਮਾਂ ਹੋਮ ਜਗ ਲਖ ਵਰਤ ਕਰੰਦੇ।
੨. ਲਖ ਤੀਰਥ ਲਖ ਊਲਖਾ ਲਖ ਪੁਰੀਆ ਲਖ ਪੁਰਬ ਲਗੰਦੇ।
੩. ਦੇਵੀ ਦੇਵਲ ਦੇਹੁਰੇ, ਲਖ ਪੁਜਾਰੀ ਪੂਜ ਕਰੰਦੇ।
੪. ਜਲ ਥਲ ਮਹੀਅਲ ਭਰਮਦੇ ਕਰਮ ਧਰਮ ਲਖ ਫੇਰਿ ਫਿਰੰਦੇ।

੫. ਲਖ ਪਰਬਤ ਵਣ ਖੰਡ ਲਖ ਲਖ ਉਦਾਸੀ ਹੋਇ ਭਵੰਦੇ।
੬. ਅਗਨੀ ਅੰਗੁ ਜਲਾਇੰਦੇ ਲਖ ਹਿਮੰਚਲਿ ਜਾਇ ਗਲੰਦੇ।
੭. ਗੁਰੁ ਸਿਖੀ ਸੁਖੁ ਤਿਲੁ ਨ ਲਹੰਦੇ॥੧੮॥

ਪਦ ਅਰਥ - ਊਲਖਾ=ਕੰਨ ਪਾਟੇ ਜੋਗੀ। ਪੁਰੀਆ=ਕਾਸ਼ੀ ਮਥਰਾ ਆਦਿ। ਵਣਖੰਡ=ਜੰਗਲ। ਹਿਮੰਚਲਿ=ਹਿਮਾਲਿਆ ਪਹਾੜ।

ਅਰਥ - ੧. ਲੱਖਾਂ ਜਪ ਤਪ, ਲੱਖਾਂ ਸੰਜਮ ਤੇ ਹੋਮ, ਲੱਖਾਂ ਜੱਗ 'ਤੇ ਵਰਤ ਕਰਦੇ ਹਨ। ੨. ਲੱਖਾਂ ਤੀਰਥ, ਲੱਖਾਂ ਜੋਗੀ, ਲੱਖਾਂ ਪੁਰੀਆਂ (ਕਾਸ਼ੀ ਮਥਰਾ ਆਦਿ) ਤੇ ਲੱਖਾਂ ਪੁਰਬ (ਕੁੰਭ) ਲੱਗਦੇ ਹਨ। ੩. ਲੱਖਾਂ ਦੇਵੀਆਂ ਦੇ ਮੰਦਰ ਤੇ ਲੱਖਾਂ ਦੇਹੁਰਿਆਂ ਵਿਚ ਪੁਜਾਰੀ ਪੂਜਾ ਕਰਦੇ ਹਨ। ੪. (ਲੱਖਾਂ) ਜਲਾਂ ਥਲਾਂ ਤੇ ਪ੍ਰਿਥਵੀ 'ਤੇ ਭੌਂਦੇ ਫਿਰਦੇ ਹਨ। ੫. ਲੱਖਾਂ ਪਹਾੜਾਂ, ਜੰਗਲਾਂ ਵਿਚ ਉਦਾਸੀ ਹੋ ਕੇ ਭੌਂ ਰਹੇ ਹਨ। ੬. ਲੱਖਾਂ ਹੀ ਪੰਚ ਅਗਨੀਆਂ ਵਿਚ ਸਰੀਰ ਸਾੜਦੇ ਹਨ ਤੇ ਲੱਖਾਂ ਹਿਮਾਲਿਆ ਪਰਬਤ ਵਿਚ ਜਾ ਕੇ ਗਲਦੇ ਹਨ। ੭. (ਪਰ ਇਹ ਸਾਰੇ ਕਰਮ ਕਰਨ ਵਾਲੇ) ਗੁਰਸਿੱਖੀ ਦੇ ਆਨੰਦ ਨੂੰ ਤਿਲ ਭਰ ਵੀ ਪ੍ਰਾਪਤ ਨਹੀਂ ਕਰਦੇ॥੧੮॥

ਭਾਵ—ਗੁਰਸਿੱਖੀ ਦਾ ਆਨੰਦ ਸਭ ਕਰਮ ਕਾਂਡਾਂ ਨਾਲੋਂ ਸ੍ਰੇਸ਼ਟ ਹੈ।

੧੯. ਪੂਰੇ ਗੁਰੂ ਤੋਂ ਬਿਨਾਂ ਮੋਹ ਦੀ ਫਾਹੀ ਨਹੀਂ ਟੁੱਟਦੀ

੧. ਚਾਰਿ ਵਰਣ ਕਰਿ ਵਰਤਿਆ ਵਰਨੁ ਚਿਹਨੁ ਕਿਹੁ ਨਦਰਿ ਨ ਆਇਆ।
੨. ਛਿਅ ਦਰਸਨੁ ਭੇਖ ਧਾਰੀਆਂ ਦਰਸਨ ਵਿਚਿ ਨ ਦਰਸਨੁ ਪਾਇਆ।
੩. ਸੰਨਿਆਸੀ ਦਸ ਨਾਵ ਧਰਿ ਨਾਉ ਗਣਾਇ ਨ ਨਾਉ ਧਿਆਇਆ।
੪. ਰਾਵਲ ਬਾਰਹ ਪੰਥ ਕਰਿ ਗੁਰਮੁਖ ਪੰਥੁ ਨ ਅਲਖੁ ਲਖਾਇਆ।
੫. ਬਹੁ ਰੂਪੀ ਬਹੁ ਰੂਪੀਏ ਰੂਪ ਨ ਰੇਖ ਨ ਲੇਖੁ ਮਿਟਾਇਆ।
੬. ਮਿਲਿ ਮਿਲਿ ਚਲਦੇ ਸੰਗ ਲਖ ਸਾਧੂ ਸੰਗਿ ਨ ਰੰਗ ਰੰਗਾਇਆ।
੭. ਵਿਣ ਗੁਰੁ ਪੂਰੇ ਮੋਹੇ ਮਾਇਆ॥੧੯॥

ਪਦ ਅਰਥ - ਵਰਨੁ ਚਿਹਨੁ=ਰੂਪ ਰੰਗ। ਰਾਵਲ=ਜੋਗੀ।

ਅਰਥ - ੧. (ਕੁਦਰਤ ਰੂਪ ਹੋ ਕੇ ਪ੍ਰਭੂ) ਚੌਹਾਂ ਵਰਣਾਂ ਵਿਚ ਵਰਤ ਰਿਹਾ ਹੈ, ਪਰ ਉਸਦਾ ਰੂਪ ਰੰਗ ਕਿਸੇ ਨੂੰ ਨਜ਼ਰ ਨਹੀਂ ਆਇਆ। ੨. ਛੇ ਦਰਸ਼ਨਾਂ (ਮਤਾਂ) ਦੇ ਭੇਖ ਧਾਰੀਆਂ ਨੇ ਦਰਸ਼ਨਾਂ (ਮਤਾਂ) ਵਿਚ ਰਹਿੰਦੇ ਹੋਇਆਂ (ਪ੍ਰਭੂ) ਦੇ ਦਰਸ਼ਨ ਨਹੀਂ ਪਾਏ। ੩. ਸੰਨਿਆਸੀਆਂ ਨੇ ਆਪਣੇ ਫਿਰਕਿਆਂ ਦੇ ਦਸ ਨਾਂ ਰੱਖੇ ਹਨ, ਉਹ ਵੀ ਆਪਣੇ ਫਿਰਕਿਆਂ ਦੇ ਨਾਂ ਹੀ ਗਿਣਾਉਂਦੇ ਰਹੇ, ਉਸ ਪ੍ਰਭੂ ਦਾ ਨਾਂ ਕਿਸੇ ਨੇ ਵੀ

ਨਹੀਂ ਧਿਆਇਆ। ੪. ਜੋਗੀਆਂ ਨੇ ਆਪਣੇ ਬਾਰਾਂ ਪੰਥ ਬਣਾਏ, ਪਰ ਗੁਰਮੁਖਾਂ ਦੇ ਅਲਖ ਮਾਰਗ ਨੂੰ ਕਿਸੇ ਨੇ ਵੀ ਨਹੀਂ ਜਾਣਿਆਂ। ੫. ਬਹੁਰੂਪੀਆਂ ਨੇ ਕਈ ਰੂਪ ਬਣਾਏ, ਪਰ ਉਹਨਾਂ ਨੇ ਵੀ ਅਕਾਲ ਪੁਰਖ ਦੇ ਰੂਪ ਰੇਖ ਨੂੰ ਨਾ ਜਾਣਿਆਂ ਤੇ ਨਾ ਹੀ ਆਪਣੇ ਕਰਮਾਂ ਦੇ ਲੇਖ ਨੂੰ ਹੀ ਮਿਟਾਇਆ। ੬. ਲੱਖਾਂ ਮੰਡਲੀਆਂ ਬਣਾਕੇ ਤੁਰੇ ਫਿਰਦੇ ਹਨ, ਪਰ ਉਹਨਾਂ ਨੇ ਸਾਧ ਸੰਗਤ ਵਿਚ ਮਿਲ ਕੇ ਆਪਣੇ ਆਪ ਨੂੰ ਰੰਗਿਆ ਨਹੀਂ। ੭. ਪੂਰੇ ਸਤਿਗੁਰਾਂ ਦੇ ਮਿਲਾਪ ਤੋਂ ਬਿਨਾਂ ਸਭ ਮੋਹ ਮਾਇਆ ਵਿਚ ਮੋਹੇ ਹੋਏ ਹਨ। (ਕੋਈ ਵੀ ਮੁਕਤ ਨਹੀਂ)॥ ੧੯॥

੨੦. ਗੁਰੂ ਦੀ ਮੱਤ ਅਨੁਸਾਰ ਕੋਈ ਵਿਰਲਾ ਹੀ ਚਲਦਾ ਹੈ

੧. ਕਿਰਸਾਣੀ ਕਿਰਸਾਣ ਕਰਿ ਖੇਤ ਬੀਜਿ ਸੁਖ ਫਲੁ ਨ ਲਹੰਦੇ।
੨. ਵਣਜੁ ਕਰਨਿ ਵਾਪਾਰੀਏ ਲੈ ਲਾਹਾ ਨਿਜ ਘਰਿ ਨ ਵਸੰਦੇ।
੩. ਚਾਕਰ ਕਰਿ ਕਰਿ ਚਾਕਰੀ ਹਉਮੈ ਮਾਰਿ ਨ ਸੁਲਹ ਕਰੰਦੇ।
੪. ਪੁੰਨ ਦਾਨ ਚੰਗਿਆਈਆਂ ਕਰਿ ਕਰਿ ਕਰਤਬ ਥਿਰੁ ਨ ਰਹੰਦੇ।
੫. ਰਾਜੇ ਪਰਜੇ ਹੋਇ ਕੈ ਕਰਿ ਕਰਿ ਵਾਦੁ ਨ ਪਾਰਿ ਪਵੰਦੇ।
੬. ਗੁਰ ਸਿਖ ਸੁਣਿ ਗੁਰੁ ਸਿਖ ਹੋਇ ਸਾਧਸੰਗਤਿ ਕਰਿ ਮੇਲ ਮਿਲੰਦੇ।
੭. ਗੁਰਮਤਿ ਚਲਦੇ ਵਿਰਲੇ ਬੰਦੇ॥ ੨੦॥

ਪਦ ਅਰਥ - ਕਿਰਸਾਣੀ=ਜ਼ਿਮੀਂਦਾਰੀ। ਵਣਜੁ=ਵਪਾਰ। ਚਾਕਰ=ਨੌਕਰ। ਵਾਦੁ= ਲੜਾਈ ਝਗੜੇ।

ਅਰਥ - ੧. ਜ਼ਿਮੀਂਦਾਰ ਖੇਤੀ ਬਾੜੀ ਕਰਦੇ ਹਨ, ਉਹ ਖੇਤ ਵਿਚ ਬੀਜ ਬੀਜਦੇ ਹੋਏ ਆਤਮਿਕ ਸੁਖ ਨਹੀਂ ਲੈਂਦੇ। ੨. ਵਪਾਰੀ ਲੋਕ ਵਪਾਰ ਕਰਕੇ ਨਫਾ ਖਟਦੇ ਹਨ, ਪਰ ਆਪਣੇ ਸਰੂਪ ਵਿਚ ਉਹ ਵੀ ਨਹੀਂ ਵਸਦੇ। ੩. ਨੌਕਰ ਨੌਕਰੀ ਕਰਕੇ ਆਪਣੀ ਹਉਮੈ ਨੂੰ ਮਾਰ ਕੇ (ਪ੍ਰਭੂ ਨਾਲ) ਸੁਲ੍ਹਾ (ਮੇਲ) ਨਹੀਂ ਕਰਦੇ। ੪. ਪੁੰਨ ਦਾਨ ਤੇ ਹੋਰ ਭਲਿਆਈਆਂ ਦੇ ਕਰਤੱਵ ਕਰਨਹਾਰੇ ਅਚਲ ਹੋ ਕੇ ਨਹੀਂ ਰਹਿੰਦੇ। ੫. ਰਾਜੇ ਤੇ ਰਈਅਤ ਹੋ ਕੇ ਲੋਕ ਲੜਾਈਆਂ ਝਗੜਿਆਂ ਵਿਚ ਪਏ ਰਹਿੰਦੇ ਹਨ, ਪਰ (ਸੰਸਾਰ ਸਾਗਰ ਤੋਂ) ਪਾਰ ਨਹੀ ਹੁੰਦੇ। ੬. ਜਿਹੜੇ ਪੁਰਸ਼ ਗੁਰੂ ਦੀ ਸਿੱਖਿਆ ਸੁਣ ਕੇ ਗੁਰਸਿੱਖ ਬਣਦੇ ਹਨ, ਉਹ ਸਾਧ ਸੰਗਤ ਵਿਚ ਮਿਲ ਕੇ (ਵਾਹਿਗੁਰੂ ਨਾਲ) ਮਿਲਦੇ ਹਨ। ੭. ਵਿਰਲੇ ਬੰਦੇ ਹੀ ਐਸੇ ਹਨ, ਜੋ ਗੁਰੂ ਦੀ ਸਿੱਖਿਆ 'ਤੇ ਚਲਦੇ ਹਨ (ਬਹੁਤੇ ਆਪਣੀ ਮਨ ਮੱਤ ਹੀ ਕਰਦੇ ਹਨ)॥ ੨੦॥

੨੧. ਗੁਰਸਿੱਖੀ ਤੋਂ ਬਿਨਾਂ ਆਤਮ-ਸੁਖ ਨਹੀਂ ਮਿਲਦਾ

੧. ਗੁੰਗਾ ਗਾਵਿ ਨ ਜਾਣਈ ਬੋਲਾ ਸੁਣੈ ਨ ਅੰਦਰਿ ਆਣੈ।
੨. ਅੰਨ੍ਹੈ ਦਿਸਿ ਨ ਆਵਈ ਰਾਤਿ ਅਨ੍ਹੇਰੀ ਘਰੁ ਨ ਸਿਞਾਣੈ।

੩. ਚਲਿ ਨ ਸਕੈ ਪਿੰਗੁਲਾ ਲੂਲ੍ਹਾ ਗਲਿ ਮਿਲਿ ਹੇਤੁ ਨ ਜਾਣੈ।
੪. ਸੰਢਿ ਸੁਪੁਤੀ ਨ ਥੀਐ ਖੁਸਰੇ ਨਾਲਿ ਨ ਰਲੀਆਂ ਮਾਣੈ।
੫. ਜਣਿ ਜਣਿ ਪੁਤਾਂ ਮਾਈਆਂ ਲਾਡਲੇ ਨਾਂਵ ਧਰੇਨਿ ਧਿਙਾਣੈ।
੬. ਗੁਰਸਿਖੀ ਸਤਿਗੁਰੂ ਵਿਣੁ ਸੂਰਜੁ ਜੋਤਿ ਨ ਹੋਇ ਟਟਾਣੈ।
੭. ਸਾਧਸੰਗਤਿ ਗੁਰ ਸਬਦੁ ਵਖਾਣੈ ॥ ੨੧ ॥

ਪਦ ਅਰਥ - ਲਾਡਲੇ=ਚੰਗੇ ਨਾਂ। ਟਟਾਣੈ=ਟਟਹਿਣਾ।

ਅਰਥ - ੧. (ਜਿਵੇਂ) ਗੁੰਗਾ ਗਾਉਣਾ ਨਹੀਂ ਜਾਣਦਾ ਤੇ ਬੋਲਾ ਸੁਣ ਨਹੀਂ ਸਕਦਾ। ੨. (ਜਿਵੇਂ) ਅੰਨ੍ਹਾ ਵੇਖ ਨਹੀਂ ਸਕਦਾ ਤੇ (ਜਿਵੇਂ) ਅਨ੍ਹੇਰੀ ਰਾਤ ਵਿਚ ਆਪਣੇ ਘਰ ਦੀ ਸਿਆਣ ਨਹੀਂ ਹੁੰਦੀ। ੩. (ਜਿਵੇਂ) ਪਿੰਗਲਾ ਤੁਰ ਫਿਰ ਨਹੀਂ ਸਕਦਾ ਤੇ ਲੂਲ੍ਹਾ ਗਲ ਨਾਲ ਮਿਲਣ ਦੇ ਪਿਆਰ ਨੂੰ ਨਹੀਂ ਜਾਣਦਾ। ੪. (ਜਿਵੇਂ) ਬਾਂਝ ਇਸਤ੍ਰੀ ਪੁੱਤਰ ਨਹੀਂ ਜੰਮਦੀ ਤੇ ਖੁਸਰੇ ਨਾਲ ਕੋਈ (ਇਸਤ੍ਰੀ) ਰੰਗ ਰਲੀਆਂ ਨਹੀਂ ਮਾਣ ਸਕਦੀ। ੫. ਪੁੱਤਰ ਜੰਮ ਜੰਮ ਕੇ ਮਾਵਾਂ ਉਹਨਾਂ ਦੇ ਲਾਡ ਨਾਲ ਚੰਗੇ ਚੰਗੇ ਨਾਂ ਧਰਦੀਆਂ ਹਨ। ੬. ਗੁਰਸਿੱਖੀ ਤੇ ਸਤਿਗੁਰੂ ਤੋਂ ਬਿਨਾਂ ਉਹ ਇਸ ਤਰ੍ਹਾਂ ਹਨ ਜਿਵੇਂ ਸੂਰਜ ਦੇ ਪ੍ਰਕਾਸ਼ ਸਾਹਮਣੇ ਟਟਹਿਣੇ ਦੀ ਕੋਈ ਹਸਤੀ ਨਹੀਂ ਹੁੰਦੀ। ੭. ਸਾਧ ਸੰਗਤ ਦਵਾਰਾ ਹੀ ਗੁਰੂ ਦਾ ਸ਼ਬਦ ਜਪਿਆ ਜਾਂਦਾ ਹੈ॥ ੨੧॥

ਭਾਵ—ਗੁਰਸਿੱਖੀ ਤੋਂ ਬਿਨਾਂ ਕੋਈ ਆਤਮਿਕ ਸੁਖ ਨਹੀਂ ਮਾਣ ਸਕਦਾ।

੨੨. ਗੁਰਸਿੱਖੀ ਸਭ ਕਰਮਾਂ ਨਾਲੋਂ ਸ੍ਰੇਸ਼ਟ ਹੈ

੧. ਲਖ ਧਿਆਨ ਸਮਾਧਿ ਲਾਇ ਗੁਰਮੁਖਿ ਰੂਪਿ ਨ ਅਪੜਿ ਸਕੈ।
੨. ਲਖ ਗਿਆਨ ਵਖਾਣਿ ਕਰ ਸਬਦ ਸੁਰਤਿ ਉਡਾਰੀ ਥਕੈ।
੩. ਬੁਧਿ ਬਲ ਬਚਨ ਬਿਬੇਕ ਲਖ ਢਹਿ ਢਹਿ ਪਵਨਿ ਪਿਰਮ ਦਰਿ ਧਕੈ।
੪. ਜੋਗ ਭੋਗ ਬੈਰਾਗ ਲਖ ਸਹਿ ਨ ਸਕਹਿ ਗੁਣ ਵਾਸੁ ਮਹਕੈ।
੫. ਲਖ ਅਚਰਜ ਅਚਰਜ ਹੋਇ ਅਬਿਗਤਿ ਗਤਿ ਅਬਿਗਤਿ ਵਿਚਿ ਅਕੈ।
੬. ਵਿਸਮਾਦੀ ਵਿਸਮਾਦੁ ਲਖ ਅਕਥ ਕਥਾ ਵਿਚਿ ਸਹਮਿ ਸਹਕੈ।
੭. ਗੁਰਸਿਖੀ ਦੈ ਅਖਿ ਫਰਕੈ ॥ ੨੨ ॥ ੨੮ ॥

ਪਦ ਅਰਥ - ਵਖਾਣਿ=ਵਖਿਆਨ, ਭਾਸ਼ਣ। ਅਕੈ=ਅੱਕ ਜਾਂਦੇ ਹਨ।

ਅਰਥ - ੧. ਲੱਖਾਂ ਧਿਆਨੀ ਸਮਾਧੀਆਂ ਲਾਉਂਦੇ ਹਨ, ਪਰ ਗੁਰਮੁਖ ਦੇ ਰੂਪ ਤਕ ਕੋਈ ਨਹੀਂ ਪਹੁੰਚ ਸਕਦਾ। ੨. ਲੱਖਾਂ ਗਿਆਨੀ ਵਖਿਆਨ ਕਰਦੇ ਹਨ, ਪਰ ਬ੍ਰਹਮ ਦੀ ਉਡਾਰੀ ਵੱਲ ਉਹਨਾਂ ਦੀ

ਸੁਰਤ ਵੀ ਥੱਕ ਜਾਂਦੀ ਹੈ। ੩. ਬੁੱਧੀ ਦੇ ਬਲ ਨਾਲ ਲੱਖਾਂ ਲੋਕ ਵਿਵੇਕ ਦੇ ਬਚਨ ਕਰਦੇ ਹਨ, ਪਰ ਪਤੀ (ਪ੍ਰਭੂ) ਦੇ ਦਰ ਤੋਂ ਧੱਕੇ ਖਾ ਖਾ ਕੇ ਉਹ ਵੀ ਡਿੱਗ ਪੈਂਦੇ ਹਨ। ੪. ਲੱਖਾਂ ਲੋਕ ਭੋਗਾਂ ਵੱਲੋਂ ਵੈਰਾਗੀ ਹੋ ਕੇ ਜੋਗ ਧਾਰਦੇ ਹਨ, ਪਰ ਸ਼ੁਭ ਗੁਣਾਂ ਦੀ ਵਾਸ਼ਨਾ ਨੂੰ ਉਹ ਵੀ ਨਹੀਂ ਸਹਾਰ ਸਕਦੇ। (ਭਾਵ ਉਹ ਸ਼ੁਭ ਗੁਣਾਂ ਵੱਲੋਂ ਖਾਲੀ ਰਹਿੰਦੇ ਹਨ)। ੫. ਲੱਖਾਂ ਲੋਕ (ਪ੍ਰਭੂ ਦੇ) ਅਸਚਰਜ ਕੌਤਕ ਵੇਖ ਕੇ ਅਸਚਰਜ ਹੁੰਦੇ ਹਨ, ਪਰ ਵਾਹਿਗੁਰੂ ਦੀ ਗਤੀ ਨੂੰ ਜਾਣਨ ਸਮੇਂ ਉਹ ਵੀ ਅੱਕ ਜਾਂਦੇ ਹਨ (ਭਾਵ ਪ੍ਰਭੂ ਦੀ ਗਤੀ) ਨੂੰ ਉਹ ਵੀ ਨਹੀਂ ਜਾਣ ਸਕਦੇ)। ੬. ਲੱਖਾਂ ਹੀ ਵਿਸਮਾਦ ਰੂਪ ਪਰਮਾਤਮਾ ਦੀ ਅਕਥ ਕਥਾ ਵਿਚ ਸਹਿਮੇ ਹੋਏ ਸਹਿਕਦੇ ਹਨ। ੭. (ਇਹ ਸਾਰੇ) ਗੁਰਸਿੱਖੀ ਦੇ ਅੱਖ ਝਮਕਣ ਜਿੰਨੇ ਆਨੰਦ ਨੂੰ ਵੀ ਨਹੀਂ ਮਾਣ ਸਕਦੇ॥ ੨੨ ॥ ੨੮॥

ਭਾਵ—ਗੁਰਸਿੱਖੀ ਸਭ ਗਿਆਨ ਧਿਆਨ ਤੇ ਹੋਰ ਕਰਮਾਂ ਨਾਲੋਂ ਸ੍ਰੇਸ਼ਟ ਹੈ। ਇਸ ਦੇ ਆਨੰਦ ਨੂੰ ਕੋਈ ਗਿਆਨੀ, ਧਿਆਨੀ, ਵੈਰਾਗੀ ਤੇ ਜੋਗੀ ਨਹੀਂ ਜਾਣ ਸਕਦਾ।

ਵਾਰ ੨੯

ੴ ਸਤਿਗੁਰ ਪ੍ਰਸਾਦਿ॥

੧. ਸਾਧ ਸੰਗਤ ਹੀ ਸੱਚਖੰਡ ਹੈ

੧. ਆਦਿ ਪੁਰਖ ਆਦੇਸੁ ਹੈ ਸਤਿਗੁਰੁ ਸਚੁ ਨਾਉ ਸਦਵਾਇਆ॥
੨. ਚਾਰਿ ਵਰਨ ਗੁਰਸਿਖ ਕਰਿ ਗੁਰਮੁਖਿ ਸਚਾ ਪੰਥੁ ਚਲਾਇਆ।
੩. ਸਾਧਸੰਗਤਿ ਮਿਲਿ ਗਾਂਵਦੇ ਸਤਿਗੁਰੁ ਸਬਦੁ ਅਨਾਹਦੁ ਵਾਇਆ।
੪. ਗੁਰ ਸਾਖੀ ਉਪਦੇਸੁ ਕਰਿ ਆਪਿ ਤਰੈ ਸੈਸਾਰੁ ਤਰਾਇਆ।
੫. ਪਾਨ ਸੁਪਾਰੀ ਕਥੁ ਮਿਲਿ ਚੂਨੇ ਰੰਗੁ ਸੁਰੰਗ ਚੜ੍ਹਾਇਆ।
੬. ਗਿਆਨੁ ਧਿਆਨੁ ਸਿਮਰਣਿ ਜੁਗਤਿ ਗੁਰਮਤਿ ਮਿਲਿ ਗੁਰ ਪੂਰਾ ਪਾਇਆ।
੭. ਸਾਧਸੰਗਤਿ ਸਚ ਖੰਡੁ ਵਸਾਇਆ॥ ੧॥

ਪਦ ਅਰਥ - ਆਦੇਸੁ=ਨਮਸਕਾਰ। ਵਾਇਆ=ਵਜਾਇਆ। ਸਚਖੰਡੁ=ਪ੍ਰਭੂ ਦਾ ਟਿਕਾਣਾ।

ਅਰਥ - ੧. ਉਸ ਆਦਿ ਪੁਰਖ (ਪਰਮਾਤਮਾ) ਨੂੰ ਨਮਸਕਾਰ ਹੈ, ਜਿਸ ਨੇ ਆਪਣਾ ਸੱਚਾ ਨਾਮ ਸਤਿਗੁਰੂ (ਨਾਨਕ ਦੇਵ) ਸਦਵਾਇਆ ਹੈ। ੨. (ਉਸ ਸਤਿਗੁਰੂ ਨੇ) ਚੌਹਾਂ ਵਰਣਾਂ ਨੂੰ ਇੱਕ ਕਰਕੇ ਗੁਰਮੁਖਾਂ ਦਾ ਸੱਚਾ ਪੰਥ ਚਲਾਇਆ ਹੈ। ੩. ਗੁਰਸਿੱਖ ਸਾਧ ਸੰਗਤ ਵਿਚ ਮਿਲ ਕੇ ਗਾਉਂਦੇ (ਕੀਰਤਨ ਕਰਦੇ) ਹਨ ਤੇ ਸਤਿਗੁਰੂ

ਦੇ ਸ਼ਬਦ ਦੀ ਅਨਹਦ ਧੁਨੀ ਵਜਾਉਂਦੇ ਹਨ। ੪. ਸਿੱਖ ਗੁਰੂ ਦੀ ਸਿੱਖਿਆ 'ਤੇ ਆਪ ਚਲਦੇ ਤੇ ਹੋਰਨਾਂ ਨੂੰ ਚਲਾ ਕੇ ਆਪ ਤਰਦੇ ਹਨ ਤੇ ਸੰਸਾਰ ਨੂੰ ਤਾਰਦੇ ਹਨ। ੫. (ਜਿਵੇਂ) ਪਾਨ, ਸੁਪਾਰੀ, ਕੱਥਾ ਤੇ ਚੂਨਾ ਮਿਲ ਕੇ ਸੁੰਦਰ ਲਾਲ ਰੰਗ ਬਣ ਜਾਂਦਾ ਹੈ (ਤਿਵੇਂ ਚਾਰ ਵਰਣ ਮਿਲ ਕੇ ਗੁਰਮੁਖਾਂ ਦਾ ਉੱਤਮ ਪੰਥ ਬਣ ਜਾਂਦਾ ਹੈ)। ੬. ਜਿਸ ਨੇ ਪੂਰੇ ਗੁਰੂ ਨੂੰ ਮਿਲ ਕੇ ਗੁਰਮੱਤ ਨੂੰ ਪ੍ਰਾਪਤ ਕੀਤਾ ਹੈ, ਉਸ ਨੇ ਗਿਆਨ ਧਿਆਨ ਤੇ ਸਿਮਰਨ ਦੀ ਜੁਗਤੀ ਨੂੰ ਪੂਰੀ ਤਰ੍ਹਾਂ ਜਾਣ ਲਿਆ ਹੈ। ੭. (ਪ੍ਰਭੂ ਦਾ ਨਿਵਾਸ-ਅਸਥਾਨ) ਸੱਚਖੰਡ ਸਤਿਗੁਰੂ (ਨਾਨਕ ਦੇਵ ਜੀ) ਨੇ ਸਾਧ ਸੰਗਤ ਦੇ ਰੂਪ ਵਿਚ ਵਸਾਇਆ ਹੈ॥ ੧॥

ਭਾਵ—"ਕਹੁ ਕਬੀਰ ਇਹੁ ਕਹੀਐ ਕਾਹਿ॥ ਸਾਧਸੰਗਤਿ ਬੈਕੁੰਠੈ ਆਹਿ॥"

੨. ਗੁਰੂ ਦੀ ਸਿੱਖਿਆ ਖੋਟੀ ਮੱਤ ਦੂਰ ਕਰਦੀ ਹੈ

੧. ਪਰ ਤਨ ਪਰ ਧਨ ਪਰ ਨਿੰਦ ਮੇਟਿ ਨਾਮੁ ਦਾਨੁ ਇਸਨਾਨੁ ਦਿੜਾਇਆ।
੨. ਗੁਰਮਤਿ ਮਨੁ ਸਮਝਾਇ ਕੈ ਬਾਹਰਿ ਜਾਂਦਾ ਵਰਜਿ ਰਹਾਇਆ।
੩. ਮਨਿ ਜਿਤੈ ਜਗੁ ਜਿਣਿ ਲਇਆ ਅਸਟਧਾਤੁ ਇਕ ਧਾਤੁ ਕਰਾਇਆ।
੪. ਪਾਰਸ ਹੋਏ ਪਾਰਸਹੁ ਗੁਰ ਉਪਦੇਸੁ ਅਵੇਸੁ ਦਿਖਾਇਆ।
੫. ਜੋਗ ਭੋਗ ਜਿਣਿ ਜੁਗਤਿ ਕਰਿ ਭਾਇ ਭਗਤਿ ਭੈ ਆਪੁ ਗਵਾਇਆ।
੬. ਆਪੁ ਗਇਆ ਆਪਿ ਵਰਤਿਆ ਭਗਤਿ ਵਛਲ ਹੋਇ ਵਸਗਤਿ ਆਇਆ।
੭. ਸਾਧਸੰਗਤਿ ਵਿਚਿ ਅਲਖੁ ਲਖਾਇਆ॥ ੨॥

ਪਦ ਅਰਥ - ਪਰ ਤਨ=ਪਰਾਈ ਇਸਤ੍ਰੀ। ਵਰਜਿ ਰਹਾਇਆ=ਰੋਕ ਰੱਖਿਆ। ਅਵੇਸੁ=ਘਰ।

ਅਰਥ - ੧. (ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖਾਂ ਨੂੰ) ਪਰਾਈ ਇਸਤ੍ਰੀ, ਪਰਾਇਆ ਧਨ ਤੇ ਪਰਾਈ ਨਿੰਦਾ ਤੋਂ ਹਟਾ ਕੇ ਨਾਮ, ਦਾਨ ਤੇ ਇਸ਼ਨਾਨ ਦ੍ਰਿੜ੍ਹ ਕਰਾਇਆ ਹੈ। ੨. ਗੁਰੂ ਦੀ ਸਿੱਖਿਆ ਨਾਲ (ਸਿੱਖਾਂ ਨੇ) ਆਪਣੇ ਆਪ ਨੂੰ ਸਮਝਾ ਕੇ ਬਾਹਰ ਵੱਲ ਦੌੜਦੇ ਮਨ ਨੂੰ ਰੋਕ ਕੇ ਰੱਖਿਆ ਹੈ। ੩. ਮਨ ਨੂੰ ਜਿੱਤ ਲੈਣ ਨਾਲ ਹੀ ਜਗਤ ਨੂੰ ਜਿੱਤਿਆ ਜਾਂਦਾ ਹੈ। ਸਤਿਗੁਰੂ ਨੇ ਅੱਠਾਂ ਧਾਤਾਂ ਦੀ ਇੱਕ ਧਾਤ ਕਰ ਦਿੱਤੀ ਹੈ। (ਭਾਵ ਚੌਹਾਂ ਵਰਣਾਂ ਨੂੰ ਮੇਲ ਕੇ ਇੱਕ ਗੁਰਮਤਿ ਦਾ ਮਾਰਗ ਚਾਲੂ ਕਰ ਦਿੱਤਾ ਹੈ)। ੪. ਪਾਰਸ ਰੂਪ ਗੁਰੂ ਦੇ ਉਪਦੇਸ਼ ਵਿਚ ਜਿਨ੍ਹਾਂ ਨੇ ਆਪਣਾ ਘਰ ਬਣਾਇਆ ਹੈ (ਭਾਵ ਹਿਰਦੇ ਵਿਚ ਵਸਾਇਆ ਹੈ) ਉਹ ਸਿੱਖ ਪਾਰਸ ਹੋ ਗਏ ਹਨ। ੫. ਜੋਗ ਭੋਗ ਜਿੱਤਣ ਦੀ ਜੁਗਤੀ ਕਰਕੇ ਸਿੱਖਾਂ ਨੂੰ ਪ੍ਰੇਮਾ-ਭਗਤੀ ਤੇ ਪ੍ਰਭੂ ਦੇ ਭੈ ਵਿਚ ਆਪਾ ਭਾਵ (ਹਉਮੈ) ਦੇ ਨਾਸ ਹੋਣ ਨਾਲ ਹਰ ਪਾਸੇ ਪ੍ਰਭੂ ਦਾ ਵਰਤਾਰਾ ਹੀ ਨਜ਼ਰ ਆਉਂਦਾ ਹੈ, ੬. ਭਗਤਾਂ ਦਾ ਪਿਆਰਾ ਪ੍ਰਭੂ ਆਪਣੇ ਭਗਤਾਂ ਦੇ ਵਸ ਵਿਚ ਰਹਿੰਦਾ ਹੈ। ੭. ਸਾਧ ਸੰਗਤ ਵਿਚ ਅਲਖ ਪਰਮਾਤਮਾ ਦਾ ਗਿਆਨ ਹੋ ਜਾਂਦਾ ਹੈ॥ ੨॥

੩. ਸਾਧ ਸੰਗਤ ਦੀ ਵਡਿਆਈ

੧. ਸਬਦ ਸੁਰਤਿ ਮਿਲਿ ਸਾਧਸੰਗਿ ਗੁਰਮੁਖਿ ਦੁਖ ਸੁਖ ਸਮ ਕਰਿ ਸਾਧੇ।
੨. ਹਉਮੈ ਦੁਰਮਤਿ ਪਰਹਰੀ ਗੁਰਮਤਿ ਸਤਿਗੁਰ ਪੁਰਖੁ ਆਰਾਧੇ।
੩. ਸਿਵ ਸਕਤੀ ਨੋ ਲੰਘਿ ਕੈ ਗੁਰਮੁਖਿ ਸੁਖ ਫਲੁ ਸਹਜ ਸਮਾਧੇ।
੪. ਗੁਰੁ ਪਰਮੇਸਰੁ ਏਕੁ ਜਾਣਿ ਦੂਜਾ ਭਾਉ ਮਿਟਾਇ ਉਪਾਧੇ।
੫. ਜੰਮਣ ਮਰਣਹੁ ਬਾਹਰੇ ਅਜਰਾਵਰਿ ਮਿਲਿ ਅਗਮ ਅਗਾਧੇ।
੬. ਆਸ ਨ ਤ੍ਰਾਸ ਉਦਾਸ ਘਰਿ ਹਰਖ ਸੋਗ ਵਿਹੁ ਅੰਮ੍ਰਿਤ ਖਾਧੇ।
੭. ਮਹਾ ਅਸਾਧ ਸਾਧਸੰਗ ਸਾਧੇ ॥ ੩ ॥

ਪਦ ਅਰਥ - ਸਮ=ਇਕੋ ਜਿਹਾ। ਦੁਰਮਤਿ=ਖੋਟੀ ਮੱਤ। ਮਹਾ ਅਸਾਧ=ਨਾ ਸਾਧਿਆ ਜਾਣ ਵਾਲਾ।

ਅਰਥ - ੧. ਗੁਰਮੁਖ ਸਾਧ ਸੰਗਤ ਵਿਚ ਮਿਲ ਕੇ ਆਪਣੀ ਸੁਰਤੀ ਨੂੰ ਸ਼ਬਦ ਵਿਖੇ ਜੋੜਦੇ ਹਨ ਤੇ ਦੁੱਖ ਸੁਖ ਨੂੰ ਇਕੋ ਜਿਹਾ ਜਾਣਦੇ ਹਨ। ੨. (ਗੁਰਸਿੱਖਾਂ ਨੇ) ਹਉਮੈ ਤੇ ਖੋਟੀ ਮੱਤ ਤਿਆਗ ਦਿੱਤੀ ਹੈ ਤੇ ਉਹ ਗੁਰੂ ਦੀ ਸਿੱਖਿਆ ਲੈ ਕੇ ਇੱਕ ਸਤਿਗੁਰ ਪੁਰਖ (ਪ੍ਰਭੂ) ਦੀ ਅਰਾਧਨਾ ਕਰਦੇ ਹਨ। ੩. ਸ਼ਿਵ ਸ਼ਕਤੀ (ਤਿੰਨਾਂ ਗੁਣਾਂ) ਨੂੰ ਲੰਘ ਕੇ ਗੁਰਮੁਖ ਸਹਿਜ ਸਮਾਧੀ ਦੇ ਸੁਖ ਫਲ ਵਿਚ ਸਮਾਈ ਕਰਦੇ ਹਨ। ੪. (ਗੁਰਮੁਖ) ਗੁਰੂ ਤੇ ਪ੍ਰਭੂ ਨੂੰ ਇੱਕ ਰੂਪ ਜਾਣ ਕੇ ਦੂਜਾ ਭਾਉ (ਦ੍ਵੈਤ) ਦੀ ਉਪਾਧੀ ਨੂੰ ਮਿਟਾ ਦੇਂਦੇ ਹਨ। ੫. (ਗੁਰਸਿੱਖ) ਜਨਮ ਮਰਨ ਤੇ ਬੁਢਾਪੇ ਦੇ ਬੰਧਨਾਂ ਤੋਂ ਮੁਕਤ ਹੋ ਕੇ ਅਗਮ ਅਗਾਧ ਪ੍ਰਭੂ ਵਿਚ ਮਿਲ ਜਾਂਦੇ ਹਨ। ੬. (ਗੁਰਮੁਖ) ਤ੍ਰਿਸ਼ਨਾ ਤੇ ਭੈ ਨੂੰ ਛੱਡ ਕੇ ਘਰ ਵਿਚ ਹੀ ਉਦਾਸ ਰਹਿੰਦੇ ਹਨ ਤੇ ਖੁਸ਼ੀ ਗਮੀ, ਜ਼ਹਿਰ ਤੇ ਅੰਮ੍ਰਿਤ ਨੂੰ ਇੱਕ ਸਮਾਨ ਜਾਣਦੇ ਹਨ। ੭. ਨਾ ਸਾਧੇ ਜਾਣ ਵਾਲੇ (ਕਾਮ, ਕਰੋਧ ਆਦਿ ਵੈਰੀਆਂ ਨੂੰ) ਸਾਧ ਸੰਗਤ ਦੇ ਪ੍ਰਤਾਪ ਕਰਕੇ ਗੁਰਮੁਖ ਸਾਧ ਲੈਂਦੇ ਹਨ॥ ੩ ॥

੪. ਗੁਰਸਿੱਖ ਆਪਣੇ ਮਨ ਨੂੰ ਸਾਧਦੇ ਹਨ

੧. ਪਉਣੁ ਪਾਣੀ ਬੈਸੰਤਰੋ ਰਜ ਗੁਣੁ ਤਮ ਗੁਣੁ ਸਤ ਗੁਣੁ ਜਿਤਾ।
੨. ਮਨ ਬਚ ਕਰਮ ਸੰਕਲਪ ਕਰਿ ਇਕ ਮਨਿ ਹੋਇ ਵਿਗੋਇ ਦੁਚਿਤਾ।
੩. ਲੋਕ ਵੇਦ ਗੁਰ ਗਿਆਨ ਲਿਵ ਅੰਦਰਿ ਇਕੁ ਬਾਹਰਿ ਬਹੁ ਭਿਤਾ।
੪. ਮਾਤ ਲੋਕ ਪਾਤਾਲ ਜਿਣਿ ਸੁਰਗ ਲੋਕ ਵਿਚਿ ਹੋਇ ਅਖਿਤਾ।
੫. ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇ ਕਰਿ ਪਤਿਤ ਪਵਿਤਾ।

६. ਗੁਰਮੁਖਿ ਸੁਖ ਫਲੁ ਪਾਇਆ ਅਤੁਲੁ ਅਡੋਲੁ ਅਮੋਲੁ ਅਮਿਤਾ।
੭. ਸਾਧਸੰਗਤਿ ਮਿਲਿ ਪੀੜਿ ਨ ਪਿਤਾ ॥ ੪ ॥

ਪਦ ਅਰਥ - ਵਿਗੋਇ ਦੁਚਿੱਤਾ=ਦੁਬਿਧਾ ਨੂੰ ਨਾਸ ਕਰ ਦਿੱਤਾ ਹੈ। ਭਿਤਾ=ਤਰ੍ਹਾਂ।

ਅਰਥ - ੧. (ਗੁਰਸਿੱਖਾਂ ਨੇ) ਪੌਣ, ਪਾਣੀ, ਅੱਗ ਰੂਪ ਰਜੋ, ਤਮੋ ਤੇ ਸਤੋ ਗੁਣਾਂ ਨੂੰ ਜਿੱਤ ਲਿਆ ਹੈ। ੨. (ਉਹਨਾਂ ਨੇ) ਮਨ, ਬਾਣੀ ਤੇ ਸਰੀਰ ਨੂੰ ਸੰਕਲਪ ਕਰਕੇ (ਭਾਵ ਤਿਆਗ ਕੇ) ਇੱਕ ਮਨ ਹੋ ਕੇ ਦੁਚਿੱਤੀ (ਦ੍ਵੈਤ-ਭਾਵ) ਨੂੰ ਨਾਸ ਕਰ ਦਿੱਤਾ ਹੈ। ੩. ਗੁਰੂ ਦੇ ਗਿਆਨ ਦੀ ਲਿਵ ਹੀ ਗੁਰਮੁਖਾਂ ਦਾ ਲੋਕ ਤੇ ਵੇਦ ਹੈ। ਅੰਦਰੋਂ ਮਨ ਕਰਕੇ ਉਹ ਇੱਕ ਹਨ (ਭਾਵ ਉਹਨਾਂ ਦਾ ਮਨ ਟਿਕਾ ਵਿਚ ਰਹਿੰਦਾ ਹੈ), ਪਰ ਬਾਹਰੋਂ ਉਹ ਕਈ ਤਰ੍ਹਾਂ ਦੇ ਦਿਖਾਈ ਦਿੰਦੇ ਹਨ। ੪. ਮਾਤ ਲੋਕ ਤੇ ਪਦਾਰਥਾਂ ਦੀ ਵਾਸ਼ਨਾ ਨੂੰ ਉਹਨਾਂ ਨੇ ਜਿੱਤ ਲਿਆ ਹੈ ਤੇ ਸੁਰਗ ਲੋਕ ਦੇ ਪਦਾਰਥਾਂ ਨੂੰ ਉਹ ਪ੍ਰਾਹੁਣਿਆਂ ਵਾਂਗ ਜਾਣਦੇ ਹਨ। ੫. ਉਹ ਮਿੱਠਾ ਬੋਲ ਕੇ ਨਿਉਂਕੇ ਚਲਦੇ ਹਨ ਤੇ ਹੱਥੋਂ ਦਾਨ ਦੇ ਕੇ ਪਾਪੀਆਂ ਨੂੰ ਵੀ ਪਵਿੱਤਰ ਕਰਦੇ ਹਨ। ੬. ਗੁਰਮੁਖਾਂ ਨੇ ਅਤੁੱਲ, ਅਡੋਲ ਤੇ ਅਮੋਲ ਅੰਮ੍ਰਿਤ ਦੇ ਸੁਖ ਫਲ ਨੂੰ ਪ੍ਰਾਪਤ ਕਰ ਲਿਆ ਹੈ। ੭. ਗੁਰਮੁਖ ਸਾਧ ਸੰਗਤ ਵਿਚ ਮਿਲ ਕੇ ਮਨ ਨੂੰ ਪੀੜ ਕੇ ਮਨ ਦਾ ਪਿੱਤਾ ਕਢ ਦਿੰਦੇ ਹਨ। (ਭਾਵ ਆਪਣੇ ਮਨ ਦੇ ਖੋਟ ਨੂੰ ਦੂਰ ਕਰਕੇ ਮਨ ਨੂੰ ਸ਼ੁੱਧ ਕਰ ਲੈਂਦੇ ਹਨ)॥ ੪ ॥

੫. ਗੁਰਸਿੱਖਾਂ ਅੱਗੇ ਚਾਰ ਪਦਾਰਥ ਹੱਥ ਜੋੜ ਕੇ ਹਾਜ਼ਰ ਰਹਿੰਦੇ ਹਨ

੧. ਚਾਰਿ ਪਦਾਰਥ ਹਥ ਜੋੜਿ ਹੁਕਮੀ ਬੰਦੇ ਰਹਨਿ ਖੜੋਤੇ।
੨. ਚਾਰੇ ਚਕ ਨਿਵਾਇਆ ਪੈਰੀ ਪੈ ਇਕ ਸੂਤਿ ਪਰੋਤੇ।
੩. ਵੇਦ ਨ ਪਾਇਨਿ ਭੇਦੁ ਕਿਹੁ ਪੜਿ ਪੜਿ ਪੰਡਿਤ ਸੁਣਿ ਸੁਣਿ ਸ੍ਰੋਤੇ।
੪. ਚਹੁ ਜੁਗਿ ਅੰਦਰ ਜਾਗਦੀ ਓਤਿ ਪੋਤਿ ਮਿਲਿ ਜਗਮਗ ਜੋਤੇ।
੫. ਚਾਰਿ ਵਰਨ ਇਕ ਵਰਨ ਹੋਇ ਗੁਰਸਿਖ ਵੜੀਅਨਿ ਗੁਰਮੁਖਿ ਗੋਤੇ।
੬. ਧਰਮਸਾਲ ਵਿਚਿ ਬੀਜਦੇ ਕਰਿ ਗੁਰਪੁਰਬ ਸੁ ਵਣਜ ਸਓਤੇ।
੭. ਸਾਧਸੰਗਤਿ ਮਿਲਿ ਦਾਦੇ ਪੋਤੇ ॥ ੫ ॥

ਪਦ ਅਰਥ - ਚਾਰਿ ਪਦਾਰਥ=ਧਰਮ, ਅਰਥ, ਕਾਮ ਤੇ ਮੋਖ। ਸੂਤਿ=ਮਰਜਾਦਾ।

ਅਰਥ - ੧. (ਗੁਰਸਿੱਖ ਅੱਗੇ) ਚਾਰੇ ਪਦਾਰਥ ਹੱਥ ਜੋੜਕੇ ਹੁਕਮੀ ਬੰਦਿਆਂ (ਦਾਸਾਂ) ਵਾਂਗੂੰ ਖੜੋਤੇ ਰਹਿੰਦੇ ਹਨ। ੨. ਜਿਸ ਪ੍ਰਭੂ ਨੇ ਇੱਕ ਸੂਤ ਮਰਜਾਦਾ) ਵਿਚ ਸੰਸਾਰ ਨੂੰ ਪਰੋਇਆ ਹੋਇਆ ਹੈ, ਉਸ ਦੀ ਚਰਣੀਂ ਲੱਗ ਕੇ ਗੁਰਮੁਖਾਂ ਨੇ ਚੌਹਾਂ ਚੱਕਾਂ ਨੂੰ ਨਿਵਾਇਆ ਹੈ। ੩. ਵੇਦਾਂ ਨੇ ਵੀ ਕੁਛ ਭੇਦ ਨਹੀਂ ਜਾਣਿਆਂ।

ਪੰਡਿਤ ਪੜ੍ਹ ਪੜ੍ਹ ਕੇ ਤੇ ਸਰੋਤੇ ਸੁਣ ਸੁਣ ਕੇ ਥੱਕ ਗਏ ਹਨ। ੪. ਪਰਮੇਸ਼ਰ ਦੀ ਪ੍ਰਕਾਸ਼ਮਈ ਜੋਤ ਜਗਮਗ ਕਰਕੇ ਤਾਣੇ ਪੇਟੇ ਵਾਂਗੂੰ ਮਿਲ ਕੇ ਚਹੁੰ ਜੁਗਾਂ ਵਿਚ ਜਗ ਰਹੀ ਹੈ। ੫. ਚੋਹਾਂ ਵਰਣਾਂ ਤੋਂ ਇੱਕ ਵਰਣ ਹੋ ਕੇ ਗੁਰਸਿੱਖ ਆਪਣੇ ਗੋਤ੍ਰ (ਸਿੱਖ ਧਰਮ) ਵਿਚ ਮਿਲ ਕੇ ਬੈਠਦੇ ਹਨ। ੬. (ਗੁਰਸਿੱਖ) ਧਰਮਸਾਲ ਵਿਚ ਗੁਰਪੁਰਬ ਮਨਾ ਕੇ ਨਫੇਵੰਦ ਵਪਾਰ ਦਾ ਬੀਜ ਬੀਜਦੇ ਹਨ। ੭. ਸਾਧ ਸੰਗਤ ਵਿਚ ਸਭ ਦਾਦੇ ਤੇ ਪੋਤਰੇ (ਵੱਡੇ ਤੇ ਛੋਟੇ) ਇੱਕ ਸਮਾਨ ਹਨ॥ ੫॥

੬. ਗੁਰੂ ਦੇ ਸਿੱਖ ਗੁਰਭਾਈ ਹਨ

੧. ਕਾਮੁ ਕ੍ਰੋਧੁ ਅਹੰਕਾਰ ਸਾਧਿ ਲੋਭ ਮੋਹ ਦੀ ਜੋਹ ਮਿਟਾਈ।
੨. ਸਤੁ ਸੰਤੋਖੁ ਦਇਆ ਧਰਮੁ ਅਰਥੁ ਸਮਰਥੁ ਸੁਗਰਥੁ ਸਮਾਈ।
੩. ਪੰਜੇ ਤਤ ਉਲੰਘਿਆ ਪੰਜਿ ਸਬਦ ਵਜੀ ਵਾਧਾਈ।
੪. ਪੰਜੇ ਮੁਦ੍ਰਾ ਵਸਿ ਕਰਿ ·ਪੰਚਾਇਣੁ ਹੁਇ ਦੇਸ ਦੁਹਾਈ।
੫. ਪਰਮੇਸਰ ਹੈ ਪੰਜ ਮਿਲਿ ਲੇਖ ਅਲੇਖ ਨ ਕੀਮਤਿ ਪਾਈ।
੬. ਪੰਜ ਮਿਲੇ ਪਰਪੰਚ ਤਜਿ ਅਨਹਦ ਸਬਦ ਸੁਰਤਿ ਲਿਵਲਾਈ।
੭. ਸਾਧਸੰਗਤਿ ਸੋਹਨਿ ਗੁਰ ਭਾਈ॥ ੬॥

ਪਦ ਅਰਥ - ਜੋਹ=ਤਾੜਨਾ। ਸੁਗਰਥੁ=ਸਮਰੱਥਾ। ਪਰਪੰਚ=ਵਲ ਛਲ।

ਅਰਥ - ੧. (ਗੁਰਸਿੱਖਾਂ ਨੇ) ਕਾਮ, ਕ੍ਰੋਧ, ਹੰਕਾਰ ਨੂੰ ਜਿੱਤ ਕੇ ਲੋਭ ਤੇ ਮੋਹ ਦੀ ਤਾੜਨਾ ਮਿਟਾ ਦਿੱਤੀ ਹੈ ਤੇ ੨. ਸਤ, ਸੰਤੋਖ, ਦਇਆ, ਧਰਮ ਤੇ ਵਿਚਾਰ ਦੀ ਸ੍ਰੇਸ਼ਟ ਸਮਰੱਥਾ ਹਿਰਦੇ ਵਿਚ ਸਮਾ ਲਈ ਹੈ। ੩. (ਗੁਰਮੁਖ) ਪੰਜਾਂ ਤੋਂ ਲੰਘ ਗਏ ਹਨ ਤੇ ਉਹਨਾਂ ਦੇ ਹਿਰਦਿਆਂ ਵਿਚ ਪੰਜਾਂ ਸ਼ਬਦਾਂ ਦੀ ਵਧਾਈ ਵੱਜ ਰਹੀ ਹੈ (ਭਾਵ ਖੁਸ਼ੀ ਪ੍ਰਗਟ ਹੋ ਰਹੀ ਹੈ)। ੪. (ਜੋਗੀਆਂ ਦੀਆਂ) ਪੰਜੇ ਮੁੰਦਰਾਂ ਵੱਲੋਂ ਮਨ ਨੂੰ ਵਸ ਕਰ ਲਿਆ ਹੈ ਅਤੇ ਪੰਚਾਇਣ (ਉਪਕਾਰੀ) ਹੋ ਕੇ ਦੇਸ ਵਿਚ ਦੁਹਾਈ ਦਿੱਤੀ ਹੈ। ੫. ਪੰਜਾਂ ਦੇ ਮਿਲਿਆਂ ਪ੍ਰਭੂ ਦਾ ਮਿਲਾਪ ਹੁੰਦਾ ਹੈ। ਉਹ ਪ੍ਰਭੂ ਲੇਖੇ ਤੋਂ ਅਲੇਖ ਹੈ, ਉਸ ਦੀ ਕਿਸੇ ਨੇ ਕੀਮਤ ਨਹੀਂ ਪਾਈ। ੬. (ਗੁਰਸਿੱਖਾਂ ਨੇ) ਸੰਸਾਰ ਦੇ ਪਰਪੰਚਾਂ (ਵਲਾਂ ਛਲਾਂ) ਨੂੰ ਤਿਆਗਿਆ ਤਾਂ ਉਹਨਾਂ ਨੂੰ ਪੰਜਾਂ (ਪ੍ਰਭੂ ਦੇ ਪਿਆਰਿਆਂ) ਦਾ ਮੇਲ ਹੋਇਆ ਤੇ ਅਨਹਦ ਸ਼ਬਦ ਵਿਚ ਸੁਰਤੀ ਦੀ ਲਿਵ ਲਾਈ। ੭. (ਇਸ ਤਰ੍ਹਾਂ) ਸਾਧ ਸੰਗਤ ਵਿਚ ਗੁਰਸਿੱਖ ਗੁਰਭਾਈ ਬਣ ਕੇ ਸ਼ੋਭਦੇ ਹਨ ॥ ੬॥

੭. ਗੁਰਮੁਖ ਸਹਿਜ ਪਦ ਵਿਚ ਸਮਾ ਜਾਂਦੇ ਹਨ

੧. ਛਿਅ ਦਰਸਨ ਤਰਸਨਿ ਘਣੇ ਗੁਰਮੁਖਿ ਸਤਿਗੁਰੁ ਦਰਸਨੁ ਪਾਇਆ।
੨. ਛਿਅ ਸਾਸਤ੍ਰ ਸਮਝਾਵਣੀ ਗੁਰਮੁਖਿ ਗੁਰੁ ਉਪਦੇਸੁ ਦਿੜਾਇਆ।

੩. ਛਿਅ ਨਾਦ ਵਿਸਮਾਦ ਵਿਚਿ ਗੁਰਮਤਿ ਸਤਿਗੁਰ ਸਬਦੁ ਸੁਣਾਇਆ।
੪. ਛਿਅ ਰੁਤੀ ਕਰਿ ਵਰਤਮਾਨ ਸੂਰਜੁ ਇਕੁ ਚਲਤੁ ਵਰਤਾਇਆ।
੫. ਛਿਅ ਰਸ ਸਾਉ ਨ ਪਾਇਨੀ ਗੁਰਮੁਖਿ ਸੁਖੁ ਫਲੁ ਪਿਰਮੁ ਚਖਾਇਆ।
੬. ਜਤੀ ਸਤੀ ਚਿਰੁ ਜੀਵਣੇ ਚਕ੍ਰਵਰਤਿ ਹੋਇ ਮੋਹੇ ਮਾਇਆ।
੭. ਸਾਧਸੰਗਤਿ ਮਿਲਿ ਸਹਜਿ ਸਮਾਇਆ ॥ ੭ ॥

ਪਦ ਅਰਥ - ਘਣੇ=ਬਹੁਤ। ਸਾਉ=ਸੁਆਦ।

ਅਰਥ - ੧. (ਜਿਨ੍ਹਾਂ ਗੁਰਮੁਖਾਂ ਨੇ) ਸ੍ਰੀ ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਕੀਤਾ ਹੈ, ਉਹਨਾਂ ਦੇ ਦਰਸ਼ਨਾਂ ਲਈ ਛੇ ਦਰਸ਼ਨਾਂ (ਮਤਾਂ) ਵਾਲੇ ਤਰਸਦੇ ਹਨ। ੨. ਛੇ ਸ਼ਾਸਤ੍ਰਾਂ ਦੇ ਪਾਠੀ ਸੰਸਾਰਕ ਸਮਝਾਵਣੀਆਂ ਦਿੰਦੇ ਹਨ, ਪਰ ਗੁਰਮੁਖਾਂ ਨੇ ਸਤਿਗੁਰੂ ਜੀ ਦੇ ਉਪਦੇਸ਼ ਨੂੰ ਹੀ ਦ੍ਰਿੜ੍ਹ ਕੀਤਾ ਹੈ। ੩. ਸਤਿਗੁਰਾਂ ਨੇ ਗੁਰਸਿੱਖਾਂ ਨੂੰ ਜਿਹੜਾ ਸ਼ਬਦ ਸੁਣਾਇਆ ਹੈ, ਉਸ ਨੂੰ ਛੇ ਰਾਗਾਂ ਦੇ ਗਾਉਣ ਵਾਲੇ ਵੀ ਸੁਣ ਕੇ ਹੈਰਾਨ ਹੋ ਰਹੇ ਹਨ। ੪. ਛੇ ਰੁੱਤਾਂ ਜੋ ਸੰਸਾਰ ਵਿਚ ਵਰਤ ਰਹੀਆਂ ਹਨ, ਉਹਨਾਂ ਵਿਚ ਇਕੋ ਸੂਰਜ ਦਾ ਕੌਤਕ ਵਰਤ ਰਿਹਾ ਹੈ, (ਇਸੇ ਤਰ੍ਹਾਂ ਪ੍ਰਭੂ ਸਭ ਵਿਚ ਇੱਕ ਸਮਾਨ ਵਰਤ ਰਿਹਾ ਹੈ) ੫. ਗੁਰਸਿੱਖਾਂ ਨੇ ਜਿਹੜਾ ਪ੍ਰੇਮ ਰੂਪ ਸੁਖ ਫਲ ਚਖਿਆ ਹੈ, ਉਸ ਵਰਗਾ ਸੁਆਦ ਛੇ ਰਸਾਂ ਦੇ ਪਦਾਰਥਾਂ ਵਿਚੋਂ ਵੀ ਨਹੀਂ ਮਿਲਦਾ। ੬. ਜਤੀ, ਸਤੀ, ਚਿਰਜੀਵਣੇ (ਲੰਮੀ ਉਮਰ ਵਾਲੇ) ਤੇ ਚੱਕਰਵਰਤੀ ਰਾਜੇ ਸਭ ਮਾਇਆ ਦੇ ਮੋਹ ਵਿਚ ਮੋਹਿਤ ਹੋਏ ਹੋਏ ਹਨ। ੭. ਸਾਧ ਸੰਗਤ ਵਿਚ ਮਿਲਣ ਵਾਲੇ ਗੁਰਮੁਖ ਸਹਿਜ ਪਦ ਵਿਚ ਸਮਾ ਜਾਂਦੇ ਹਨ॥ ੭॥

੮. ਗੁਰਸਿੱਖ ਗੁਰੂ ਦੇ ਸ਼ਬਦ ਦੀ ਕਮਾਈ ਕਰਦਾ ਹੈ

੧. ਸਤ ਸਮੁੰਦ ਸਮਾਇ ਲੈ ਭਵਜਲ ਅੰਦਰਿ ਰਹੇ ਨਿਰਾਲਾ।
੨. ਸਤੇ ਦੀਪ ਅਨ੍ਹੇਰੁ ਹੈ ਗੁਰਮੁਖਿ ਦੀਪਕੁ ਸਬਦ ਉਜਾਲਾ।
੩. ਸਤੇ ਪੁਰੀਆ ਸੋਧੀਆ ਸਹਜ ਪੁਰੀ ਸਚੀ ਧਰਮਸਾਲਾ।
੪. ਸਤੇ ਰੋਹਣਿ ਸਤ ਵਾਰ ਸਾਧੇ ਫੜਿ ਫੜਿ ਮਥੇ ਵਾਲਾ।
੫. ਤ੍ਰੈ ਸਤੇ ਬ੍ਰਹਮੰਡ ਕਰਿ ਵੀਹ ਇਕੀਹ ਉਲੰਘਿ ਸੁਖਾਲਾ।
੬. ਸਤੇ ਸੁਰ ਭਰਪੂਰੁ ਕਰਿ ਸਤੀ ਧਾਰੀ ਪਾਰਿ ਪਿਆਲਾ।
੭. ਸਾਧਸੰਗਤਿ ਗੁਰ ਸਬਦ ਸਮਾਲਾ ॥ ੮ ॥

ਪਦ ਅਰਥ - ਸਮਾਇ=ਥਾਹ। ਬ੍ਰਹਮੰਡ=ਸੰਸਾਰ। ਸਮਾਲਾ=ਸੰਭਾਲਿਆ।

ਅਰਥ - ੧. (ਗੁਰੂ ਦਾ ਸਿੱਖ—ਗੁਰਮੁਖ) ਸੱਤਾਂ ਸਮੁੰਦਰਾਂ ਦੀ ਥਾਹ ਲੈ ਕੇ ਸੰਸਾਰ ਵਿਚ ਨਿਰਾਲਾ ਹੀ ਰਹਿੰਦਾ ਹੈ। ੨. ਸੱਤਾਂ ਦੀਪਾਂ ਵਿਚ ਅਗਿਆਨ ਦਾ ਅੰਧੇਰਾ ਵਰਤ ਰਿਹਾ ਹੈ, ਪਰ ਗੁਰਮੁਖਾਂ ਨੇ ਗੁਰ-ਸ਼ਬਦ

ਰੂਪੀ ਦੀਪਕ ਜਗਾ ਕੇ ਪ੍ਰਕਾਸ਼ ਕਰ ਲਿਆ ਹੈ। ੩. (ਗੁਰਮੁਖਾਂ ਨੇ) ਸੱਤ ਪੁਰੀਆਂ ਨੂੰ ਸਾਧ ਕੇ ਸ਼ਾਂਤੀ ਦੀ ਨਗਰੀ ਭਾਵ ਸੱਚੀ ਧਰਮਸ਼ਾਲਾ ਕਾਇਮ ਕੀਤੀ ਹੈ ਤੇ ੪. ਰੋਹਣੀ ਆਦਿ ਨਛੱਤਰਾਂ ਦੇ ਸੱਤਾਂ ਚੱਕਰਾਂ ਤੇ ਸੱਤਾਂ ਵਾਰਾਂ ਨੂੰ ਸਿਰ ਦੇ ਵਾਲਾਂ ਤੋਂ ਫੜ ਫੜ ਕੇ ਸਾਧ ਲਿਆ ਹੈ ਭਾਵ ਨਛੱਤਰਾਂ ਤੇ ਵਾਰਾਂ ਦੀ ਮਨੌਤ ਨੂੰ ਛੱਡ ਦਿੱਤਾ ਹੈ। ੫. (ਗੁਰਮੁਖ) ਤ੍ਰੈ ਸੱਤੇ (ਇੱਕੀ ਪੁਰੀਆਂ) ਦੇ ਬ੍ਰਹਿਮੰਡ ਨੂੰ ਲੰਘ ਕੇ ਵੀਹ-ਇਕੀਹ ਦੀਆਂ ਗਿਣਤੀਆਂ ਨੂੰ ਛੱਡ ਕੇ ਸੁਖੀ ਹੋ ਗਏ ਹਨ। ੬. (ਗੁਰਮੁਖਾਂ ਨੇ) ਰਾਗਾਂ ਦੀਆਂ ਸੱਤਾਂ ਸੁਰਾਂ ਵੱਲੋਂ ਮਨ ਨੂੰ ਭਰਪੂਰ ਕਰਕੇ ਪਹਾੜ ਦੀਆਂ ਸੱਤਾਂ ਧਾਰਾਂ (ਬਿਖਮ ਚੋਟੀਆਂ) ਨੂੰ ਪਾਰ ਕਰ ਲਿਆ ਹੈ। ੭. ਗੁਰਮੁਖਾਂ ਨੇ ਸਾਧ ਸੰਗਤ ਵਿਚ ਮਿਲ ਕੇ ਸਤਿਗੁਰੂ ਦੇ ਸ਼ਬਦ (ਉਪਦੇਸ਼) ਦੀ ਸੰਭਾਲ ਕੀਤੀ ਹੈ॥ ੮॥

ਭਾਵ—ਗੁਰਸਿੱਖ ਸਾਧ ਸੰਗਤ ਵਿਚ ਮਿਲ ਕੇ ਗੁਰੂ ਦੇ ਸ਼ਬਦ (ਉਪਦੇਸ਼) ਦੀ ਕਮਾਈ ਕਰਦਾ ਹੈ ਤੇ ਉਹ ਹੋਰ ਵਹਿਮਾਂ ਨੂੰ ਤਿਆਗ ਦਿੰਦਾ ਹੈ।

੯. ਮਨ ਨੂੰ ਸਾਧਨ ਲਈ ਸਾਧ ਸੰਗਤ ਸ੍ਰੇਸ਼ਟ ਹੈ

੧. ਅਠ ਖੰਡਿ ਪਾਖੰਡ ਮਤਿ ਗੁਰਮਤਿ ਇਕ ਮਨਿ ਇਕ ਧਿਆਇਆ।
੨. ਅਸਟ ਧਾਤੁ ਪਾਰਸ ਮਿਲੀ ਗੁਰਮੁਖਿ ਕੰਚਨੁ ਜੋਤਿ ਜਗਾਇਆ।
੩. ਰਿਧਿ ਸਿਧਿ ਸਿਧ ਸਾਧਿਕਾਂ ਆਦਿ ਪੁਰਖ ਆਦੇਸੁ ਕਰਾਇਆ।
੪. ਅਠੈ ਪਹਰ ਅਰਾਧੀਐ ਸਬਦ ਸੁਰਤਿ ਲਿਵ ਅਲਖੁ ਲਖਾਇਆ।
੫. ਅਸਟ ਕੁਲੀ ਵਿਹੁ ਉਤਰੀ ਸਤਿਗੁਰ ਮਤਿ ਨ ਮੋਹੇ ਮਾਇਆ।
੬. ਮਨੁ ਅਸਾਧੁ ਨ ਸਾਧੀਐ ਗੁਰਮੁਖਿ ਸੁਖ ਫਲੁ ਸਾਧਿ ਸਧਾਇਆ।
੭. ਸਾਧਸੰਗਤਿ ਮਿਲਿ ਮਨ ਵਸਿ ਆਇਆ॥ ੯॥

ਪਦ ਅਰਥ - ਖੰਡਿ=ਹਿੱਸੇ। ਸਧਾਇਆ=ਸਾਧਿਆ।

ਅਰਥ - ੧. ਸੰਸਾਰ ਦੇ ਅੱਠ ਹਿੱਸੇ (ਚਾਰ ਵਰਣ ਤੇ ਚਾਰ ਆਸ਼੍ਰਮ) ਪਾਖੰਡਾਂ ਵਿਚ ਫਸੇ ਹੋਏ ਹਨ, ਪਰ ਗੁਰਸਿੱਖਾਂ ਨੇ ਗੁਰੂ ਦੀ ਸਿੱਖਿਆ ਦਵਾਰਾ ਇੱਕ ਪ੍ਰਭੂ ਨੂੰ ਇੱਕ ਮਨ ਹੋ ਕੇ ਅਰਾਧਿਆ ਹੈ। ੨. ਅੱਠਾਂ ਧਾਤਾਂ (ਚਾਰ ਵਰਣ ਤੇ ਚਾਰ ਆਸ਼੍ਰਮ) ਗੁਰੂ ਰੂਪ ਪਾਰਸ ਨਾਲ ਮਿਲੀਆਂ ਤਾਂ ਸੁਨਹਿਰੀ ਜੋਤ ਪ੍ਰਗਟ ਹੋਈ (ਭਾਵ ਗੁਰਮੁਖਾਂ ਦੇ ਪੰਥ ਦਾ ਪ੍ਰਕਾਸ਼ ਹੋਇਆ)। ੩. (ਸਤਿਗੁਰਾਂ ਨੇ) ਰਿੱਧੀਆਂ ਸਿੱਧੀਆਂ ਵਾਲੇ ਸਿੱਧ ਸਾਧਕਾਂ ਨੂੰ ਅਕਾਲ ਪੁਰਖ ਦੇ ਨਮਸਕਾਰ ਕਰਨ ਵਾਲੇ (ਸੇਵਕ) ਬਣਾ ਦਿੱਤਾ। ੪. (ਗੁਰਸਿੱਖਾਂ ਨੂੰ) ਅੱਠੇ ਪਹਿਰ ਪ੍ਰਭੂ ਦੀ ਅਰਾਧਨਾ ਕਰਕੇ ਤੇ ਸ਼ਬਦ ਵਿਚ ਲਿਵ ਲਾ ਕੇ ਅਲਖ ਪ੍ਰਭੂ ਦੀ ਲਖਤਾ ਹੋ ਗਈ ਹੈ। ੫. (ਉਹਨਾਂ ਦੀ) ਅੱਠ ਕੁਲੀ (ਸੱਪਾਂ ਦੀ) ਜ਼ਹਿਰ ਉਤਰ ਗਈ ਹੈ ਤੇ ਸਤਿਗੁਰਾਂ ਦੀ ਸਿੱਖਿਆ ਦੇ ਪ੍ਰਤਾਪ ਨਾਲ ਹੁਣ ਉਹਨਾਂ ਦਾ ਮਨ ਮਾਇਆ ਦੇ ਪਦਾਰਥਾਂ ਵਿਚ ਮੋਹਿਤ ਨਹੀਂ ਹੁੰਦਾ। ੬. ਜਿਹੜਾ ਮਨ ਅਸਾਧ ਸੀ, ਵਸ ਵਿਚ ਨਹੀਂ ਸੀ ਆਉਂਦਾ, ਉਹ ਗੁਰਮੁਖਾਂ ਨੇ ਪ੍ਰੇਮਾ-ਭਗਤੀ ਨਾਲ ਸਾਧ ਲਿਆ ਹੈ

(ਭਾਵ ਅਸਾਧ ਮਨ ਨੂੰ ਵਸ ਵਿਚ ਕਰ ਲਿਆ ਹੈ)। ੭. ਸਾਧ ਸੰਗਤ ਵਿਚ ਮਿਲਣ ਨਾਲ ਮਨ ਕਾਬੂ ਵਿਚ ਆ ਜਾਂਦਾ ਹੈ॥ ੯॥

ਭਾਵ—ਮਨ ਨੂੰ ਬੁਰਿਆਈਆਂ ਵੱਲੋਂ ਮੋੜਨ ਲਈ ਸਾਧ ਸੰਗਤ ਹੀ ਸ੍ਰੇਸ਼ਟ ਸਾਧਨ ਹੈ।

੧੦. ਨਾਮ ਜਪਣ ਨਾਲ ਜੀਭ ਸਫਲ ਹੁੰਦੀ ਹੈ

੧. ਨਉ ਪਰਕਾਰੀ ਭਗਤਿ ਕਰਿ ਸਾਧੈ ਨਵੈ ਦੁਆਰ ਗੁਰਮਤੀ।
੨. ਗੁਰਮੁਖਿ ਪਿਰਮੁ ਚਖਾਇਆ ਗਾਵੈ ਜੀਭ ਰਸਾਇਣਿ ਰਤੀ।
੩. ਨਵੀ ਖੰਡੀ ਜਾਣਾਇਆ ਰਾਜੁ ਜੋਗ ਜਿਣਿ ਸਤੀ ਅਸਤੀ।
੪. ਨਉ ਕਰਿ ਨਉ ਘਰ ਸਾਧਿਆ ਵਰਤਮਾਨ ਪਰਲਉ ਉਤਪਤੀ।
੫. ਨਵ ਨਿਧਿ ਪਿਛਲਗਣੀ ਨਾਥ ਅਨਾਥ ਸਨਾਥ ਜੁਗਤੀ।
੬. ਨਉ ਉਖਲ ਵਿਚਿ ਉਖਲੀ ਮਿਠੀ ਕਉੜੀ ਠੰਢੀ ਤਤੀ।
੭. ਸਾਧ ਸੰਗਤਿ ਗੁਰਮਤਿ ਸਣਖਤੀ॥ ੧੦॥

ਪਦ ਅਰਥ - ਪਿਰਮੁ=ਪ੍ਰੇਮ। ਰਸਾਇਣ=ਰਸ ਦਾ ਘਰ। ਸਤੀ ਅਸਤੀ=ਚੰਗੇ ਮੰਦੇ ਗੁਣ। ਨਉ ਕਰਿ=ਨੌਂ ਗੋਲਕਾਂ। ਸਣਖਤੀ=ਆਨੰਦ।

ਅਰਥ - ੧. ਨੌਂ ਤਰ੍ਹਾਂ ਦੀ ਭਗਤੀ ਕਰਕੇ ਜਿਹੜੇ ਨੌਂ ਦਰਵਾਜ਼ੇ ਭਗਤ ਜਨ ਸਾਧਦੇ ਹਨ, ਉਹ ਗੁਰਮੁਖਾਂ ਨੇ ਗੁਰੂ ਦੀ ਸਿੱਖਿਆ ਲੈ ਕੇ ਪ੍ਰੇਮਾ-ਭਗਤੀ ਦਵਾਰਾ ਸਾਧ ਲਏ ਹਨ। ੨. ਗੁਰਮੁਖਾਂ ਦੀ ਜੀਭ ਪ੍ਰੇਮ-ਰਸਾਇਣ ਵਿਚ ਰੱਤੀ ਹੋਈ ਉਸ ਪ੍ਰਭੂ ਦਾ ਜਸ ਗਾਇਨ ਕਰਦੀ ਹੈ। ੩. (ਗੁਰਮੁਖਾਂ ਨੇ) ਰਾਜ ਜੋਗ ਕਰਕੇ ਭਲੇ ਬੁਰੇ (ਗੁਣਾਂ) ਨੂੰ ਜਿੱਤ ਲਿਆ ਹੈ ਤੇ ਉਹਨਾਂ ਨੇ ਆਪਣੇ ਆਪ ਨੂੰ ਸੰਸਾਰ ਵਿਚ ਪ੍ਰਗਟ ਕੀਤਾ ਹੈ। ੪. (ਗੁਰਮੁਖਾਂ ਨੇ) ਗੋਲਕਾਂ ਵਾਲੇ ਨਵੇਂ ਘਰ (ਸੰਸਾਰ) ਵਿਚ ਤਿੰਨ ਕਾਲਾਂ, ਵਰਤਮਾਨ, ਪਰਲੋ ਤੇ ਉਤਪੱਤੀ ਨੂੰ ਸਿਧ ਕਰ ਲਿਆ ਹੈ। ੫. (ਇਹਨਾਂ ਗੁਣਾਂ ਕਰਕੇ ਗੁਰਮੁਖਾਂ ਦੇ) ਪਿੱਛੇ ਨੌਂ ਨਿਧੀਆਂ ਲੱਗੀਆਂ ਫਿਰਦੀਆਂ ਹਨ ਤੇ ਉਹ ਨਾਥਾਂ ਅਨਾਥਾਂ ਨੂੰ ਮੁਕਤ ਹੋਣ ਦੀ ਜੁਗਤੀ ਦੱਸਦੇ ਹਨ। ੬. ਨੌਂ ਗੋਲਕਾਂ ਵਿਚੋਂ ਜੀਭ ਦੀ ਗੋਲਕ ਜੋ ਮਿੱਠੀ, ਕੌੜੀ, ਠੰਢੀ ਤੇ ਤੱਤੀ ਹੁੰਦੀ ਹੈ, ਉਹ ੭. ਸਾਧ ਸੰਗਤ ਵਿਚ ਗੁਰੂ ਦੀ ਸਿੱਖਿਆ ਲੈ ਕੇ ਸੁਹਾਗਵਤੀ ਹੋਈ ਹੈ ਭਾਵ ਉਹ ਜੀਭ ਗੁਰੂ ਸ਼ਬਦ ਦਾ ਜਾਪ ਕਰਕੇ ਆਨੰਦ ਮਾਣਦੀ ਹੈ॥ ੧੦॥

੧੧. ਗੁਰਸਿੱਖ ਦਾ ਕਰਤੱਵ

੧. ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।
੨. ਉਸੁ ਸੂਅਰੁ ਉਸੁ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ।

੩. ਪੁਤ੍ਰ ਕਲਤ੍ਰ ਕੁਟੰਬੁ ਦੇਖਿ ਮੋਹੇ ਮੋਹਿ ਨ ਧੋਹਿ ਧਿਙਾਣੈ।
੪. ਉਸਤਤਿ ਨਿੰਦਾ ਕੰਨਿ ਸੁਣਿ ਆਪਹੁ ਬੁਰਾ ਨ ਆਖਿ ਵਖਾਣੈ।
੫. ਵਡ ਪਰਤਾਪੁ ਨ ਆਪੁ ਗਣਿ ਕਰਿ ਅਹੰਮੇਉ ਨ ਕਿਸੈ ਰਞਾਣੈ।
੬. ਗੁਰਮੁਖਿ ਸੁਖਫਲ ਪਾਇਆ ਰਾਜੁ ਜੋਗੁ ਰਸ ਰਲੀਆ ਮਾਣੈ।
੭. ਸਾਧਸੰਗਤਿ ਵਿਟਹੁ ਕੁਰਬਾਣੈ॥ ੧੧ ॥

ਪਦ ਅਰਥ - ਧਿਙਾਣੈ=ਧੱਕਾ। ਅਹੰਮੇਉ=ਹੰਕਾਰ। ਰਲੀਆ=ਖੁਸ਼ੀਆਂ।

ਅਰਥ - ੧. (ਗੁਰਸਿੱਖ) ਪਰਾਈ ਸੁੰਦਰ ਇਸਤ੍ਰੀਆਂ ਨੂੰ ਵੇਖ ਕੇ ਮਾਵਾਂ, ਭੈਣਾਂ ਤੇ ਧੀਆਂ ਸਮਾਨ ਜਾਣੇ। ੨. ਪਰਾਇਆ ਧਨ ਉਸ ਹਿੰਦੂ ਲਈ ਗਊ ਤੇ ਮੁਸਲਮਾਨ ਲਈ ਸੂਰ ਦੇ ਬਰਾਬਰ ਹੈ। ੩. ਪੁੱਤਰ, ਇਸਤ੍ਰੀ ਤੇ ਪਰਿਵਾਰ ਨੂੰ ਵੇਖ ਕੇ ਮੋਹਿਤ ਨਾ ਹੋਵੇ ਨਾ ਹੀ ਕਿਸੇ ਨਾਲ ਧੋਖਾ ਤੇ ਜ਼ਬਰਦਸਤੀ (ਧੱਕਾ) ਕਰੇ। ੪. ਉਸਤਤ ਤੇ ਨਿੰਦਾ ਸੁਣ ਕੇ ਕਿਸੇ ਨੂੰ ਆਪਣੇ ਤੋਂ ਬੁਰਾ ਨਾ ਸਮਝੇ। ੫. ਆਪਣੇ ਆਪ ਨੂੰ ਵੱਡੇ ਪ੍ਰਤਾਪ ਵਾਲਾ ਨਾ ਜਾਣੇ ਤੇ ਨਾ ਹੀ ਅਹੰਕਾਰ ਕਰਕੇ ਕਿਸੇ ਨੂੰ ਦੁੱਖ ਦੇਵੇ। ੬. (ਇਹ ਕਰਤੱਵ ਕਰਨ ਨਾਲ) ਗੁਰਮੁਖ ਨੂੰ ਸੁਖ ਫਲ ਦੀ ਪ੍ਰਾਪਤੀ ਹੁੰਦੀ ਹੈ ਤੇ ਉਹ ਰਾਜ ਜੋਗ ਆਨੰਦ ਤੇ ਖੁਸ਼ੀਆਂ ਮਾਣਦਾ ਹੈ। ੭. (ਮੈਂ) ਸਾਧ ਸੰਗਤ ਤੋਂ ਬਲਿਹਾਰ ਜਾਂਦਾ ਹਾਂ (ਜਿਥੋਂ ਇਸ ਉੱਤਮ ਦਾਤ ਦੀ ਪ੍ਰਾਪਤੀ ਹੁੰਦੀ ਹੈ)॥ ੧੧ ॥

੧੨. ਗੁਰਮੁਖ ਦੀ ਅਵਸਥਾ

੧. ਗੁਰਮੁਖਿ ਪਿਰਮੁ ਚਖਾਇਆ ਭੁਖ ਨ ਖਾਣੁ ਪੀਅਣੁ ਅੰਨੁ ਪਾਣੀ।
੨. ਸਬਦ ਸੁਰਤਿ ਨੀਂਦ ਉਘੜੀ ਜਾਗਦਿਆਂ ਸੁਖ ਰੈਣਿ ਵਿਹਾਣੀ।
੩. ਸਾਹੇ ਬਧੇ ਸੋਹਣੇ ਮੈਲਾਪੜ ਪਰਵਾਣੁ ਪਰਾਣੀ।
੪. ਚਲਣੁ ਜਾਣਿ ਸੁਜਾਣ ਹੋਇ ਜਗ ਮਿਹਮਾਨ ਆਏ ਮਿਹਮਾਣੀ।
੫. ਸਚੁ ਵਣਜਿ ਖੇਪ ਲੈ ਚਲੇ ਗੁਰਮੁਖਿ ਗਾਡੀ ਰਾਹੁ ਨੀਸਾਣੀ।
੬. ਹਲਤਿ ਪਲਤਿ ਮੁਖ ਉਜਲੇ ਗੁਰ ਸਿਖ ਗੁਰਸਿਖਾਂ ਮਨਿ ਭਾਣੀ।
੭. ਸਾਧਸੰਗਤਿ ਵਿਚਿ ਅਕਥ ਕਹਾਣੀ॥ ੧੨ ॥

ਪਦ ਅਰਥ - ਭੁਖ=ਤ੍ਰਿਸ਼ਨਾ। ਸਾਹੇ ਬਧੇ=ਗਾਨਾ ਬੱਧੇ। ਹਲਤਿ ਪਲਤਿ=ਲੋਕ ਪਰਲੋਕ।

ਅਰਥ - ੧. (ਗੁਰਮੁਖਾਂ ਨੇ ਪ੍ਰਭੂ ਦੇ) ਪ੍ਰੇਮ ਰਸ ਨੂੰ ਚਖਿਆ ਹੈ, ਇਸ ਲਈ ਉਹਨਾਂ ਨੂੰ ਅੰਨ ਪਾਣੀ ਤੇ ਖਾਣ ਪੀਣ ਦੀ ਤ੍ਰਿਸ਼ਨਾ ਨਹੀਂ ਰਹਿੰਦੀ। ੨. (ਉਹਨਾਂ ਦੀ) ਸ਼ਬਦ ਵਿਚ ਸੁਰਤ ਲਗਣ ਕਰਕੇ ਅਗਿਆਨ ਦੀ ਨੀਂਦ ਨਾਸ ਹੋ ਗਈ ਹੈ ਤੇ ਉਨ੍ਹਾਂ ਦੀ ਜਾਗਦਿਆਂ ਅਵਸਥਾ ਰੂਪ ਰਾਤ ਸੁਖ ਨਾਲ ਬਤੀਤ ਹੁੰਦੀ ਹੈ। ੩. (ਉਹ ਗੁਰਮੁਖ) ਗਾਨਾ ਬੱਧੇ ਲਾੜੇ ਵਾਂਗੂੰ ਮੈਲੇ ਕਪੜਿਆਂ ਵਿਚ ਵੀ ਪ੍ਰਵਾਨ ਹਨ। ੪. (ਉਹ

ਇਸ ਸੰਸਾਰ ਵਿਚੋਂ) ਚਲੇ ਜਾਣਾ ਜਾਣ ਕੇ ਸੁਚੇਤ ਹੁੰਦੇ ਹਨ ਤੇ ਪ੍ਰਾਹੁਣੇ ਵਾਂਗੂੰ ਇਸ ਸੰਸਾਰ ਵਿਚ ਰਹਿੰਦੇ ਹਨ। ੫. (ਉਹ) ਸੱਚੇ ਵਣਜ ਦੀ ਖੇਪ ਲੈ ਕੇ ਚਲਦੇ ਹਨ। ਗੁਰਮੁਖਾਂ ਦੇ ਗਾੜੀ ਰਾਹ ਦੀ ਇਹੋ ਨਿਸ਼ਾਨੀ ਹੈ। ੬. ਗੁਰਮੁਖਾਂ ਦੇ ਮਨ ਨੂੰ ਗੁਰੂ ਦੀ ਸਿੱਖਿਆ ਚੰਗੀ ਲੱਗਦੀ ਹੈ, ਇਸ ਲਈ ਉਹਨਾਂ ਦੇ ਲੋਕ ਪਰਲੋਕ ਵਿਚ ਮੁਖ ਉੱਜਲੇ ਹੁੰਦੇ ਹਨ। ੭. ਸਾਧ ਸੰਗਤ ਵਿਚ ਉਸ ਅਕਥ (ਪ੍ਰਭੂ) ਦੀ ਕਹਾਣੀ ਹੁੰਦੀ ਹੈ ਭਾਵ ਸਾਧ ਸੰਗਤ ਵਿਚ ਪ੍ਰਭੂ ਦਾ ਜਸ ਕੀਤਾ ਜਾਂਦਾ ਹੈ॥ ੧੨॥

੧੩. ਸਿੱਖੀ ਦੀ ਪ੍ਰਾਪਤੀ ਦਾ ਸਾਧਨ ਸਾਧ ਸੰਗਤ ਹੈ

੧. ਹਉਮੈ ਗਰਬੁ ਨਿਵਾਰੀਐ ਗੁਰਮੁਖਿ ਰਿਦੈ ਗਰੀਬੀ ਆਵੈ।
੨. ਗਿਆਨ ਮਤੀ ਘਟਿ ਚਾਨਣਾ ਭਰਮ ਅਗਿਆਨੁ ਅੰਧੇਰੁ ਮਿਟਾਵੈ।
੩. ਹੋਇ ਨਿਮਾਣਾ ਢਹਿ ਪਵੈ ਦਰਗਹ ਮਾਣੁ ਨਿਮਾਣਾ ਪਾਵੈ।
੪. ਖਸਮੈ ਸੋਈ ਭਾਂਵਦਾ ਖਸਮੈ ਦਾ ਜਿਸੁ ਭਾਣਾ ਭਾਵੈ।
੫. ਭਾਣਾ ਮੰਨੈ ਮੰਨੀਐ ਅਪਣਾ ਭਾਣਾ ਆਪਿ ਮਨਾਵੈ।
੬. ਦੁਨੀਆ ਵਿਚਿ ਪਰਾਹੁਣਾ ਦਾਵਾ ਛਡਿ ਰਹੈ ਲਾ ਦਾਵੈ।
੭. ਸਾਧਸੰਗਤਿ ਮਿਲਿ ਹੁਕਮਿ ਕਮਾਵੈ॥ ੧੩॥

ਪਦ ਅਰਥ - ਗਰਬੁ=ਹੰਕਾਰ। ਗਰੀਬੀ=ਨਿਮ੍ਰਤਾ। ਗਿਆਨਮਤੀ=ਗਿਆਨ ਦੀ ਸਿੱਖਿਆ। ਲਾ ਦਾਵੈ=ਦਾਵੇ ਤੋਂ ਬਿਨਾਂ।

ਅਰਥ - ੧. (ਗੁਰਮੁਖਾਂ ਨੇ ਆਪਣੇ ਮਨ ਵਿਚੋਂ) ਹੰਕਾਰ ਨੂੰ ਨਾਸ ਕਰ ਦਿੱਤਾ ਹੈ ਤੇ ਉਹਨਾਂ ਦੇ ਹਿਰਦੇ ਵਿਚ ਨਿਮ੍ਰਤਾ ਵਸਦੀ ਹੈ। ੨. ਗਿਆਨ ਦੀ ਸਿੱਖਿਆ ਕਰਕੇ ਉਹਨਾਂ ਦੇ ਹਿਰਦਿਆਂ ਵਿਚ ਪ੍ਰਕਾਸ਼ ਹੋ ਗਿਆ ਹੈ ਤੇ ਅਗਿਆਨਤਾ ਤੇ ਭਰਮ ਦਾ ਅੰਧੇਰਾ ਮਿਟ ਗਿਆ ਹੈ। ੩. (ਜਿਹੜਾ ਗੁਰਮੁਖ) ਨਿਮਾਣਾ ਹੋ ਕੇ ਸਤਿਗੁਰਾਂ ਦੇ ਚਰਣਾਂ 'ਤੇ ਢਹਿ ਪੈਂਦਾ ਹੈ, ਉਹ ਪ੍ਰਭੂ ਦੀ ਦਰਗਹ ਵਿਚ ਮਾਣ ਪਾਉਂਦਾ ਹੈ। ੪. ਪ੍ਰਭੂ ਨੂੰ ਉਹੋ ਜੀਵ ਚੰਗਾ ਲੱਗਦਾ ਹੈ, ਜਿਸ ਨੂੰ ਪ੍ਰਭੂ ਦਾ ਭਾਣਾ ਚੰਗਾ ਲੱਗਦਾ ਹੈ। ੫. ਜੇ ਜੀਵ ਪ੍ਰਭੂ ਦਾ ਭਾਣਾ ਮੰਨੇ ਤਾਂ ਹੀ ਉਹ ਮੰਨਿਆਂ ਜਾਂਦਾ ਹੈ, (ਪਰ) ਅਕਾਲ ਪੁਰਖ ਆਪਣਾ ਭਾਣਾ ਆਪ ਹੀ ਮਨਾਉਂਦਾ ਹੈ। ੬. ਦੁਨੀਆਂ ਵਿਚ ਪ੍ਰਾਹੁਣਾ ਬਣ ਕੇ ਰਹੇ ਤੇ ਸਾਰੇ ਦਾਵੇ ਛੱਡ ਕੇ ਬੇਦਾਵਾ ਹੋ ਕੇ ਰਹੇ। ੭. (ਗੁਰਸਿੱਖ) ਸਾਧ ਸੰਗਤ ਵਿਚ ਮਿਲ ਕੇ (ਗੁਰੂ ਦੇ) ਹੁਕਮ ਦੀ ਕਮਾਈ ਕਰੇ ਭਾਵ ਗੁਰੂ ਦੀ ਸਿੱਖਿਆ ਅਨੁਸਾਰ ਆਪਣਾ ਜੀਵਨ ਬਤੀਤ ਕਰੇ॥ ੧੩॥

੧੪. ਗੁਰਮੁਖਾਂ ਦੇ ਕਰਮ

੧. ਗੁਰੁ ਪਰਮੇਸਰੁ ਇਕੁ ਜਾਨਿ ਗੁਰਮੁਖਿ ਦੂਜਾ ਭਾਉ ਮਿਟਾਇਆ।

੨. ਹਉਮੈ ਪਾਲਿ ਢਹਾਇ ਕੈ ਤਾਲ ਨਦੀ ਦਾ ਨੀਰੁ ਮਿਲਾਇਆ।
੩. ਨਦੀ ਕਿਨਾਰੈ ਦੁਹ ਵਲੀ ਇਕ ਦੂ ਪਾਰਾਵਾਰੁ ਨ ਪਾਇਆ।
੪. ਰੁਖਹੁ ਫਲੁ ਤੈ ਫਲਹੁ ਰੁਖੁ ਇਕੁ ਨਾਉ ਫਲੁ ਰੁਖੁ ਸਦਾਇਆ।
੫. ਛਿਅ ਰੁਤੀ ਇਕੁ ਸੁਝ ਹੈ ਸੁਝੈ ਸੁਝੁ ਨ ਹੋਰੁ ਦਿਖਾਇਆ।
੬. ਰਾਤੀਂ ਤਾਰੇ ਚਮਕਦੇ ਦਿਹ ਚੜਿਐ ਕਿਨਿ ਆਖੁ ਲੁਕਾਇਆ।
੭. ਸਾਧਸੰਗਤਿ ਇਕ ਮਨਿ ਇਕੁ ਧਿਆਇਆ॥ ੧੪॥

ਪਦ ਅਰਥ - ਪਾਲਿ=ਕੰਧ। ਸੁਝੁ=ਸੂਰਜ।

ਅਰਥ - ੧. (ਗੁਰਮੁਖਾਂ ਨੇ) ਪ੍ਰਭੂ ਤੇ ਗੁਰੂ ਨੂੰ ਇੱਕ ਰੂਪ ਜਾਣ ਕੇ ਦੂਜੇ ਭਾਵ ਨੂੰ ਨਾਸ ਕਰ ਦਿੱਤਾ ਹੈ। ੨. (ਉਹਨਾਂ ਨੇ) ਹਉਮੈ ਦੀ ਪਾਲ (ਵੱਟ) ਢਾਹ ਕੇ ਸਰੋਵਰ ਤੇ ਨਦੀ ਦੇ ਜਲ ਨੂੰ ਮਿਲਾ ਦਿੱਤਾ ਹੈ (ਭਾਵ ਜੀਵ ਤੇ ਈਸ਼ਵਰ ਦੀ ਏਕਤਾ ਕਰ ਲਈ ਹੈ)। ੩. (ਜਿਸ ਤਰ੍ਹਾਂ) ਨਦੀ ਦੇ ਦੋਹਾਂ ਕੰਢਿਆਂ ਦੇ ਉਰਾਰ ਪਾਰ ਦਾ ਅੰਤ ਨਹੀਂ ਪਾਇਆ ਜਾਂਦਾ, (ਇਸੇ ਤਰ੍ਹਾਂ ਜੀਵ ਤੇ ਈਸ਼ਵਰ ਦੀ ਏਕਤਾ ਹੋਣ ਕਰਕੇ ਕੋਈ ਪਛਾਣ ਨਹੀਂ ਰਹਿੰਦੀ)। ੪. ਬ੍ਰਿਛ ਤੋਂ ਫਲ ਤੇ ਫਲ ਤੋਂ ਬ੍ਰਿਛ ਹੁੰਦਾ ਹੈ, (ਆਦਿ ਕਾਰਣ ਦਾ ਪਤਾ ਨਹੀਂ ਲੱਗਦਾ) ਬ੍ਰਿਛ ਤੇ ਫਲ ਦਾ ਨਾਂ ਇਕੋ ਰਹਿੰਦਾ ਹੈ। ੫. ਛੀਆਂ ਰੁੱਤਾਂ ਵਿਚੋਂ ਇਕ ਸੂਰਜ ਰਹਿੰਦਾ ਹੈ। ਸੂਰਜ ਨੂੰ ਕੋਈ ਹੋਰ ਸੂਰਜ ਪ੍ਰਕਾਸ਼ ਨਹੀਂ ਦਿੰਦਾ। ੬. ਰਾਤ ਨੂੰ ਤਾਰੇ ਚਮਕਦੇ ਹਨ, ਦਿਨ ਚੜ੍ਹਨ ਨਾਲ ਉਹਨਾਂ ਨੂੰ ਕਿਸ ਨੇ ਲੁਕਾ ਦਿੱਤਾ ਹੈ ? (ਭਾਵ ਉਹ ਸੂਰਜ ਦੇ ਪ੍ਰਕਾਸ਼ ਨਾਲ ਆਪੇ ਛਿਪ ਜਾਂਦੇ ਹਨ)। ੭. ਗੁਰਮੁਖਾਂ ਨੇ ਸਾਧ ਸੰਗਤ ਵਿਚ ਇਕਾਗਰ ਮਨ ਹੋ ਕੇ ਇੱਕ ਪ੍ਰਭੂ ਦੀ ਅਰਾਧਨਾ ਕੀਤੀ ਹੈ (ਜਿਸ ਕਰਕੇ ਗੁਰਮੁਖਾਂ ਦੇ ਸੰਸੇ ਨਵਿਰਤ ਹੋ ਗਏ ਹਨ)॥ ੧੪॥

੧੫. ਗੁਰਸਿੱਖਾਂ ਦਾ ਅਸਲੀ ਜੋਗ

੧. ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ।
੨. ਕੰਨੀਂ ਮੁੰਦਰਾਂ ਮੰਤ੍ਰ ਗੁਰ ਸੰਤਾਂ ਧੂੜਿ ਬਿਭੂਤ ਸੁਲਾਸੀ।
੩. ਖਿੰਥਾ ਖਿਮਾ ਹੰਢਾਵਣੀ ਪ੍ਰੇਮ ਪਤ੍ਰ ਭਾਉ ਭੁਗਤਿ ਬਿਲਾਸੀ।
੪. ਸਬਦ ਸੁਰਤਿ ਸਿੰਙੀ ਵਜੈ ਡੰਡਾ ਗਿਆਨੁ ਧਿਆਨੁ ਗੁਰ ਦਾਸੀ।
੫. ਸਾਧਸੰਗਤਿ ਗੁਰ ਗੁਫੈ ਬਹਿ ਸਹਜਿ ਸਮਾਧਿ ਅਗਾਧਿ ਨਿਵਾਸੀ।
੬. ਹਉਮੈ ਰੋਗ ਅਰੋਗ ਹੋਇ ਕਰਿ ਸੰਜੋਗੁ ਵਿਜੋਗ ਖਲਾਸੀ।
੭. ਸਾਧਸੰਗਤਿ ਗੁਰਮਤਿ ਸਾਬਾਸੀ॥ ੧੫॥

ਪਦ ਅਰਥ - ਸੁਲਾਸੀ=ਸ੍ਰੇਸ਼ਟ। ਪ੍ਰੇਮ ਪਤ੍ਰ=ਪ੍ਰੇਮ ਦਾ ਭਾਂਡਾ।

ਅਰਥ- ੧. ਗੁਰੂ ਦੇ ਸਿੱਖ (ਜੋਗੀ) ਸਦਾ ਹੀ ਜਾਗਦੇ ਰਹਿੰਦੇ ਹਨ, ਉਹ ਮਾਇਆ ਵਿਚ ਰਹਿੰਦੇ ਹੋਏ ਵੀ ਮਾਇਆ ਤੋਂ ਉਦਾਸ ਰਹਿੰਦੇ ਹਨ। ੨. (ਉਹਨਾਂ ਗੁਰਸਿੱਖਾਂ ਦੇ) ਕੰਨਾਂ ਵਿਚ ਗੁਰੂ ਦਾ ਉਪਦੇਸ਼ ਮੁੰਦਰਾਂ ਹਨ ਤੇ ਸੰਤਾਂ ਦੇ ਚਰਣਾਂ ਦੀ ਧੂੜੀ ਉਹਨਾਂ ਲਈ ਸ੍ਰੇਸ਼ਟ ਬਿਭੂਤ ਹੈ। ੩. (ਉਹ ਗੁਰਸਿੱਖ) ਖਿਮਾਂ ਦੀ ਖਿੰਥਾ (ਖਫਣੀ) ਹੰਢਾਉਂਦੇ ਹਨ ਤੇ ਪ੍ਰੇਮ ਦੇ ਬਰਤਨ ਵਿਚ ਪ੍ਰਭੂ ਦੇ ਭਾਉ ਦੀ ਭੁਗਤ ਦਾ ਆਨੰਦ ਮਾਣਦੇ ਹਨ। ੪. ਸ਼ਬਦ ਵਿਚ ਸੁਰਤੀ ਨੂੰ ਜੋੜਨਾ ਉਹਨਾਂ ਦੀ ਸਿੰਙੀ ਵੱਜਦੀ ਹੈ। ਗਿਆਨ ਦਾ ਡੰਡਾ ਉਹਨਾਂ ਦੇ ਹੱਥਾਂ ਵਿਚ ਹੁੰਦਾ ਹੈ ਤੇ ਗੁਰਾਂ ਦੀ ਸੇਵਾ ਕਰਨੀ ਉਹਨਾਂ ਦਾ ਧਿਆਨ ਲਾਉਣਾ ਹੈ। ੫. ਸਾਧ ਸੰਗਤ ਰੂਪੀ ਗੁਫਾ ਵਿਚ ਬਹਿ ਕੇ ਉਹ ਅਗਾਧ ਪ੍ਰਭੂ ਵਿਚ ਨਿਵਾਸ ਕਰਨ ਲਈ ਸਹਿਜ ਸਮਾਧੀ ਵਿਚ ਮਸਤ ਰਹਿੰਦੇ ਹਨ। ੬. ਉਹ (ਗੁਰਸਿੱਖ ਹਉਮੈ ਦੇ ਦੀਰਘ) ਰੋਗ ਤੋਂ ਰਹਿਤ ਹੋ ਕੇ ਅਰੋਗ ਹੋ ਗਏ ਤੇ ਸੰਜੋਗ ਵਿਜੋਗ ਦੇ ਕਰਮਾਂ ਵੱਲੋਂ ਛੁਟਕਾਰਾ ਪਾ ਗਏ ਹਨ। ੭. ਸਾਧ ਸੰਗਤ ਵਿਚੋਂ ਗੁਰੂ ਦੀ ਸਿੱਖਿਆ ਲੈ ਕੇ ਤੇ ਉਸ ਦੀ ਕਮਾਈ ਕਰਨ ਕਰਕੇ ਉਹਨਾਂ ਗੁਰਸਿੱਖਾਂ ਨੂੰ ਸ਼ਾਬਾਸ਼ ਮਿਲਦੀ ਹੈ॥ ੧੫॥

੧੬. ਪ੍ਰਭੂ ਦਾ ਨਿਵਾਸ ਸਾਧ ਸੰਗਤ ਵਿਚ ਹੈ

੧. ਲਖ ਬ੍ਰਹਮੇ ਲਖ ਵੇਦ ਪੜਿ ਨੇਤ ਨੇਤ ਕਰਿ ਕਰਿ ਸਭ ਥਕੇ।
੨. ਮਹਾਦੇਵ ਅਵਧੂਤ ਲਖ ਜੋਗ ਧਿਆਨ ਉਣੀਦੈ ਅਕੇ।
੩. ਲਖ ਬਿਸਨ ਅਵਤਾਰ ਲੈ ਗਿਆਨ ਖੜਗੁ ਫੜਿ ਪਹੁਚਿ ਨ ਸਕੇ।
੪. ਲਖ ਲੋਮਸੁ ਚਿਰ ਜੀਵਣੇ ਆਦਿ ਅੰਤਿ ਵਿਚਿ ਧੀਰਕ ਧਕੇ।
੫. ਤਿਨਿ ਲੋਅ ਜੁਗ ਚਾਰਿ ਕਰਿ ਲਖ ਬ੍ਰਹਮੰਡ ਖੰਡ ਕਰ ਢਕੇ।
੬. ਲਖ ਪਰਲਉ ਉਤਪਤਿ ਲਖ ਹਰਹਟ ਮਾਲਾ ਅਖਿ ਫਰਕੇ।
੭. ਸਾਧਸੰਗਤਿ ਆਸਕੁ ਹੋਇ ਤਕੇ॥ ੧੬॥

ਪਦ ਅਰਥ - ਉਣੀਦੈ=ਜਾਗਾ। ਚਿਰਜੀਵਣੇ=ਲੰਮੀ ਉਮਰਾ ਵਾਲੇ। ਢਕੇ=ਅਧੀਨ।

ਅਰਥ - ੧. ਲੱਖਾਂ ਬ੍ਰਹਮਾਂ ਲੱਖਾਂ ਵੇਦ ਪੜ੍ਹ ਪੜ੍ਹ ਕੇ (ਪ੍ਰਭੂ ਨੂੰ) ਨੇਤਿ ਨੇਤਿ ਕਹਿ ਕੇ ਹਾਰ ਗਏ ਹਨ। ੨. ਸ਼ਿਵ ਜੀ ਵਰਗੇ ਲੱਖਾਂ ਅਵਧੂਤ ਜੋਗ ਦੇ ਧਿਆਨ ਵਿਚ ਜਾਗੇ ਕਰ ਕਰਕੇ ਅੱਕ ਗਏ ਹਨ। ੩. ਲੱਖਾਂ ਵਿਸ਼ਨੂੰ ਅਵਤਾਰ ਧਾਰ ਧਾਰ ਕੇ ਤੇ ਗਿਆਨ ਦੀ ਤਲਵਾਰ ਹੱਥ ਵਿਚ ਫੜ ਕੇ ਵੀ ਅਕਾਲ ਪੁਰਖ ਤਕ ਨਹੀਂ ਪਹੁੰਚ ਸਕੇ। ੪. ਲੱਖਾਂ ਲੋਮਸ ਰਿਖੀ ਵਰਗੇ ਲੰਮੀ ਉਮਰ ਵਾਲਿਆਂ ਨੇ ਆਦਿ ਤੋਂ ਅੰਤ ਤਕ ਧੀਰਜ ਧਾਰ ਕੇ ਧੱਕੇ ਹੀ ਖਾਧੇ ਹਨ (ਭਾਵ ਉਹਨਾਂ ਨੂੰ ਵੀ ਪ੍ਰਭੂ ਦਾ ਦਰਸ਼ਨ ਨਹੀਂ ਹੋਇਆ)। ੫. ਉਸ ਪ੍ਰਭੂ ਨੇ ਤਿੰਨ ਲੋਕ, ਚਾਰ ਜੁਗ ਤੇ ਲੱਖਾਂ ਬ੍ਰਹਿਮੰਡ ਬਣਾ ਕੇ ਆਪਣੇ ਅਧੀਨ ਕਰ ਰੱਖੇ ਹਨ। ੬. ਲੱਖਾਂ ਪਰਲੋ ਤੇ ਲੱਖਾਂ ਉਤਪੱਤੀਆਂ ਹਰਟ ਦੀਆਂ ਟਿੰਡਾਂ ਵਾਂਗੂੰ ਉਸ ਦੇ ਅੱਖ ਫਰਕਣ ਜਿੰਨੇ ਸਮੇਂ ਵਿਚ ਹੋ ਰਹੀਆਂ

ਹਨ। ੭. ਜਿਹੜਾ ਗੁਰਸਿੱਖ ਸਾਧ ਸੰਗਤ ਨਾਲ ਪ੍ਰੀਤ ਕਰਦਾ ਹੈ, ਉਹੋ ਹੀ ਐਸੇ ਬੇਅੰਤ ਪ੍ਰਭੂ ਦੇ ਦਰਸ਼ਨ ਕਰ ਸਕਦਾ ਹੈ॥ ੧੬॥

ਭਾਵ—ਸਾਧ ਸੰਗਤ ਵਿਚ ਹੀ ਉਸ ਨਿਰੰਕਾਰ ਦੇ ਦਰਸ਼ਨ ਹਨ, ਕਿਉਂਕਿ "ਵਿਚਿ ਸੰਗਤ ਹਰਿ ਪ੍ਰਭੁ ਵਸੈ ਜੀਉ॥"

੧੭. ਸਾਧ ਸੰਗਤ ਵਿਚੋਂ ਸ਼ੁਭ ਗੁਣ ਪ੍ਰਾਪਤ ਹੁੰਦੇ ਹਨ

੧. ਪਾਰਬ੍ਰਹਮੁ ਪੂਰਨ ਬ੍ਰਹਮੁ ਆਦਿ ਪੁਰਖੁ ਹੈ ਸਤਿਗੁਰੁ ਸੋਈ।
੨. ਜੋਗ ਧਿਆਨੁ ਹੈਰਾਨੁ ਹੋਇ ਵੇਦ ਗਿਆਨ ਪਰਵਾਹ ਨ ਹੋਈ।
੩. ਦੇਵੀ ਦੇਵ ਸਰੇਵਦੇ ਜਲ ਥਲ ਮਹੀਅਲ ਭਵਦੀ ਲੋਈ।
੪. ਹੋਮ ਜਗ ਜਪ ਤਪ ਘਣੇ ਕਰਿ ਕਰਿ ਕਰਮ ਧਰਮ ਦੁਖ ਰੋਈ।
੫. ਵਸਿ ਨ ਆਵੈ ਧਾਂਵਦਾ ਅਠੁ ਖੰਡਿ ਪਾਖੰਡ ਵਿਗੋਈ।
੬. ਗੁਰਮੁਖਿ ਮਨੁ ਜਿਣਿ ਜਗੁ ਜਿਣੈ ਆਪੁ ਗਵਾਇ ਆਪੇ ਸਭ ਕੋਈ।
੭. ਸਾਧਸੰਗਤਿ ਗੁਣ ਹਾਰੁ ਪਰੋਈ॥ ੧੭॥

ਪਦ ਅਰਥ - ਸਰੇਵਦੇ=ਸੇਂਵਦੇ ਹਨ। ਭਵਦੀ ਲੋਈ=ਲੁਕਾਈ ਫਿਰਦੀ ਹੈ। ਵਿਗੋਈ=ਖੱਜਲ ਹੋਣਾ।

ਅਰਥ - ੧. ਉਸ ਆਦਿ ਪੁਰਖ, ਪੂਰਨ ਬ੍ਰਹਮ ਪ੍ਰਭੂ ਦਾ ਸਰਗੁਣ ਸਰੂਪ ਸਤਿਗੁਰੂ ਜੀ ਹਨ। ੨. (ਉਸ ਪ੍ਰਭੂ ਦੀ ਪ੍ਰਾਪਤੀ ਵਾਸਤੇ) ਜੋਗੀ ਧਿਆਨ ਲਾ ਲਾ ਕੇ ਹੈਰਾਨ ਹੋ ਰਹੇ ਹਨ ਤੇ ਵੇਦਾਂ ਦੇ ਗਿਆਨ ਦੀ ਵੀ ਕੋਈ ਪ੍ਰਵਾਹ ਨਹੀਂ (ਭਾਵ ਵੇਦਾਂ ਦੇ ਪੜ੍ਹਨ ਨਾਲ ਵੀ ਉਸ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ)। ੩. ਦੇਵੀਆਂ ਤੇ ਦੇਵਤੇ (ਉਸ ਪ੍ਰਭੂ ਨੂੰ) ਸੇਂਵਦੇ ਹਨ ਤੇ ਜਲਾਂ, ਥਲਾਂ, ਪ੍ਰਿਥਵੀ ਤੇ ਅਕਾਸ਼ ਵਿਚ ਲੱਭਣ ਲਈ ਲੁਕਾਈ ਫਿਰ ਰਹੀ ਹੈ। ੪. ਅਨੇਕਾਂ ਹੋਮ, ਜਗ, ਜਪ ਤੇ ਤਪ ਆਦਿ ਕਰਮ ਧਰਮ ਕਰ ਕਰਕੇ ਲੁਕਾਈ ਦੁਖੀ ਹੋ ਕੇ ਰੋ ਰਹੀ ਹੈ। ੫. ਇਹ ਮਨ ਕਿਸੇ ਦੇ ਵਸ ਵਿਚ ਨਹੀਂ ਆਉਂਦਾ, ਇਸ ਕਰਕੇ ਸੰਸਾਰ ਦੇ ਅੱਠ ਖੰਡ (ਚਾਰ ਵਰਣ ਤੇ ਚਾਰ ਆਸ਼ਰਮ) ਪਾਖੰਡਾਂ ਵਿਚ ਖਰਾਬ ਹੋ ਰਹੇ ਹਨ। (ਕਿਉਂਕਿ ਮਨ ਵਸ ਵਿਚ ਆਏ ਬਿਨਾਂ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ)। ੬. ਗੁਰਮੁਖਾਂ ਨੇ ਮਨ ਨੂੰ ਜਿੱਤ ਕੇ ਸਾਰੇ ਸੰਸਾਰ ਨੂੰ ਜਿੱਤ ਲਿਆ ਹੈ, ਆਪਾ ਭਾਵ ਛੱਡਣ ਨਾਲ ਹਰ ਕੋਈ ਆਪਣਾ ਹੋ ਜਾਂਦਾ ਹੈ। ੭. (ਗੁਰਮੁਖਾਂ ਨੇ) ਸਾਧ ਸੰਗਤ ਵਿਚ ਜਾ ਕੇ ਗੁਣਾਂ ਦਾ ਹਾਰ ਪਰੋਇਆ ਹੈ॥ ੧੭॥

੧੮. ਗੁਰੂ ਮਲਾਹ ਬਣ ਕੇ ਸਿੱਖਾਂ ਨੂੰ ਤਾਰਦਾ ਹੈ

੧. ਅਲਖ ਨਿਰੰਜਨੁ ਆਖੀਐ ਰੂਪ ਨ ਰੇਖ ਅਲੇਖ ਅਪਾਰਾ।
੨. ਅਬਿਗਤਿ ਗਤਿ ਅਬਿਗਤਿ ਘਣੀ ਸਿਮਰਣਿ ਸੇਖ ਨ ਆਵੈ ਵਾਰਾ।

੩. ਅਕਥ ਕਥਾ ਕਿਉ ਜਾਣੀਐ ਕੋਇ ਨ ਆਖਿ ਸੁਣਾਵਣਹਾਰਾ।
੪. ਅਚਰਜੁ ਨੋ ਆਚਰਜੁ ਹੋਇ ਵਿਸਮਾਦੈ ਵਿਸਮਾਦੁ ਸੁਮਾਰਾ।
੫. ਚਾਰਿ ਵਰਨ ਗੁਰੁ ਸਿਖ ਹੋਇ ਘਰ ਬਾਰੀ ਬਹੁ ਵਣਜ ਵਪਾਰਾ।
੬. ਸਾਧਸੰਗਤਿ ਆਰਾਧਿਆ ਭਗਤਿ ਵਛਲੁ ਗੁਰੁ ਰੂਪੁ ਮੁਰਾਰਾ।
੭. ਭਵ ਸਾਗਰੁ ਗੁਰਿ ਸਾਗਰ ਤਾਰਾ॥ ੧੮॥

ਪਦ ਅਰਥ - ਅਲੇਖ=ਲੇਖੇ ਤੋਂ ਰਹਿਤ। ਤਾਰਾ=ਮਲਾਹ।

ਅਰਥ - ੧. ਉਹ ਪ੍ਰਭੂ ਅਲਖ, ਨਿਰੰਜਨ, ਰੂਪ ਤੇ ਰੇਖ ਤੋਂ ਰਹਿਤ ਹੈ, ਤੇ ਉਸ ਨੂੰ ਅਲੇਖ ਤੇ ਅਪਾਰ ਕਿਹਾ ਜਾਂਦਾ ਹੈ। ੨. ਉਸ ਅਬਿਗਤ ਪ੍ਰਭੂ ਦੀ ਗਤੀ ਨੂੰ ਜਾਣਨਾ ਬਹੁਤ ਔਖਾ ਹੈ, ਸ਼ੇਸ਼ਨਾਗ ਹਰ ਸਮੇਂ ਸਿਮਰਨ ਕਰਨ ਨਾਲ ਵੀ ਉਸਦਾ ਅੰਤ ਨਹੀਂ ਪਾ ਸਕਿਆ। ੩. ਉਸ ਦੀ ਅਕਥ ਕਥਾ ਕਿਵੇਂ ਜਾਣੀ ਜਾ ਸਕਦੀ ਹੈ ? (ਕਿਉਂਕਿ) ਕੋਈ ਵੀ ਉਸ ਦੀ ਕਥਾ ਨੂੰ ਕਹਿ ਕੇ ਸੁਣਾਉਣ ਵਾਲਾ ਹੈ ਹੀ ਨਹੀਂ। ੪. ਉਸ ਪ੍ਰਭੂ ਦਾ ਸੁਮਾਰ ਕਰਨ ਲੱਗਿਆਂ ਅਸਚਰਜ ਨੂੰ ਵੀ ਅਸਚਰਜ ਹੁੰਦਾ ਹੈ ਤੇ ਵਿਸਮਾਦ ਵੀ ਵਿਸਮਾਦ ਹੋ ਜਾਂਦਾ ਹੈ। ੫. ਚਾਰ ਵਰਣਾਂ ਦੇ ਲੋਕ ਗੁਰਸਿੱਖ ਗ੍ਰਿਹਸਤੀ ਹੋ ਕੇ ਬਹੁਤੇ ਵਣਜ ਵਪਾਰ ਕਰਦੇ ਹਨ। ੬. (ਉਹ ਗੁਰਸਿੱਖ) ਸਾਧ ਸੰਗਤ ਵਿਚ ਮਿਲ ਕੇ ਉਸ ਭਗਤ ਵਛਲ ਤੇ ਹੰਕਾਰ ਨਾਸ਼ਕ ਪਿਆਰੇ ਗੁਰੂ ਰੂਪ ਦੀ ਅਰਾਧਨਾ ਕਰਦੇ ਹਨ। ੭. ਇਸ ਸੰਸਾਰ ਸਾਗਰ ਤੋਂ ਗੁਰਸਿੱਖਾਂ ਨੂੰ ਗੁਰੂ ਮਲਾਹ ਬਣਕੇ ਤਾਰਦਾ ਹੈ॥ ੧੮॥

੧੯. ਗੁਰਮੁਖ ਨੂੰ ਸਿਰਜਣਹਾਰ ਦੀ ਸੋਝੀ ਹੈ

੧. ਨਿਰੰਕਾਰੁ ਏਕੰਕਾਰੁ ਹੋਇ ਓਅੰਕਾਰਿ ਅਕਾਰੁ ਅਪਾਰਾ।
੨. ਰੋਮ ਰੋਮ ਵਿਚਿ ਰਖਿਓਨੁ ਕਰਿ ਬ੍ਰਹਮੰਡ ਕਰੋੜਿ ਪਸਾਰਾ।
੩. ਕੇਤੜਿਆਂ ਜੁਗ ਵਰਤਿਆ ਅਗਮ ਅਗੋਚਰੁ ਧੁੰਧੂਕਾਰਾ।
੪. ਕੇਤੜਿਆਂ ਜੁਗ ਵਰਤਿਆ ਕਰਿ ਕਰਿ ਕੇਤੜਿਆਂ ਅਵਤਾਰਾ।
੫. ਭਗਤਿ ਵਛਲੁ ਹੋਇ ਆਇਆ ਕਲੀਕਾਲ ਪਰਗਟ ਪਾਹਾਰਾ।
੬. ਸਾਧ ਸੰਗਤ ਵਸਗਤਿ ਹੋਆ ਓਤਿਪੋਤਿ ਕਰਿ ਪਿਰਮ ਪਿਆਰਾ।
੭. ਗੁਰਮੁਖਿ ਸੁਝੈ ਸਿਰਜਣਹਾਰਾ॥ ੧੯॥

ਪਦ ਅਰਥ - ਧੁੰਧੂਕਾਰਾ=ਗੁਬਾਰ। ਪਾਹਾਰਾ=ਪਸਾਰਾ। ਓਤਿਪੋਤਿ=ਤਾਣਾ ਪੇਟਾ।

ਅਰਥ - ੧. ਨਿਰੰਕਾਰ ਪ੍ਰਭੂ ਨੇ ਏਕੰਕਾਰ (ਏਕਾਂਗ) ਦਾ ਰੂਪ ਧਾਰਿਆ ਹੈ, ਫਿਰ ਉਸ ਸਰੂਪ ਤੋਂ ਓਅੰਕਾਰ ਆਕਾਰ ਅਪਾਰ ਰੂਪ ਧਾਰਨ ਕੀਤਾ ਹੈ। ੨. ਉਸ ਨੇ ਕਰੋੜਾਂ ਬ੍ਰਹਿਮੰਡਾਂ ਦਾ ਪਸਾਰਾ ਕਰਕੇ ਉਹਨਾਂ

ਨੂੰ ਆਪਣੇ ਇੱਕ ਇੱਕ ਰੋਮ ਵਿਚ ਰੱਖ ਛੱਡਿਆ ਹੈ। ੩. ਉਹ ਅਗੰਮ ਅਗੋਚਰ ਪ੍ਰਭੂ ਕਈ ਜੁਗਾਂ ਵਿਚ ਧੁੰਧੂਕਾਰ ਹੋ ਕੇ ਵਰਤਦਾ ਰਿਹਾ। ੪. (ਫਿਰ) ਉਹ ਕਈ ਜੁਗਾਂ ਵਿਚ ਕਈ ਅਵਤਾਰ ਧਾਰਨ ਕਰਕੇ ਵਰਤਦਾ ਰਿਹਾ। ੫. ਭਗਤਵਛਲ ਹੋਣ ਕਰਕੇ ਉਹ ਭਗਤਾਂ ਦਾ ਪਿਆਰਾ ਕਲਿਜੁਗ ਵਿਚ ਗੁਰੂ ਰੂਪ ਹੋ ਕੇ ਪ੍ਰਗਟ ਹੋਇਆ ਹੈ। ੬. ਉਹ ਪ੍ਰੇਮੀਆਂ ਦਾ ਪਿਆਰਾ ਹੋਣ ਕਰਕੇ ਤਾਣੇ ਪੇਟੇ ਵਾਂਗੂੰ ਸਾਧ ਸੰਗਤ ਦੇ ਵਸਗਤ (ਅਧੀਨ) ਹੋਇਆ ਹੋਇਆ ਹੈ (ਭਾਵ ਉਹ ਪ੍ਰਭੂ ਗੁਰੂ ਰੂਪ ਹੋ ਕੇ ਸਾਧ ਸੰਗਤ ਵਿਚ ਵਸ ਰਿਹਾ ਹੈ)। ੭. ਉਹ ਸਿਰਜਣਹਾਰ ਪ੍ਰਭੂ ਗੁਰਮੁਖਾਂ ਨੂੰ ਹੀ ਸੁੱਝਦਾ ॥ ੧੯ ॥

੨੦. ਗੁਰਮੁਖਾਂ ਨੂੰ ਗੁਰੂ ਦਾ ਸ਼ਬਦ ਤੇ ਸਾਧ ਸੰਗਤ ਹੀ ਪਿਆਰੀ ਹੈ

੧. ਸਤਿਗੁਰ ਮੂਰਤਿ ਪਰਗਟੀ ਗੁਰਮੁਖਿ ਸੁਖ ਫਲੁ ਸਬਦ ਵਿਚਾਰਾ।
੨. ਇਕਦੂ ਹੋਇ ਸਹਸ ਫਲੁ ਗੁਰ ਸਿਖ ਸਾਧ ਸੰਗਤਿ ਓਅੰਕਾਰਾ।
੩. ਡਿਠਾ ਸੁਣਿਆ ਮੰਨਿਆ ਸਨਮੁਖਿ ਸੇ ਵਿਰਲੇ ਸੈਸਾਰਾ।
੪. ਪਹਿਲੋ ਦੇ ਪਾ ਖਾਕ ਹੋਇ ਪਿਛਹੁ ਜਗੁ ਮੰਗੈ ਪਗ ਛਾਰਾ।
੫. ਗੁਰਮੁਖਿ ਮਾਰਗੁ ਚਲਿਆ ਸਚੁ ਵਣਜੁ ਕਰਿ ਪਾਰਿ ਉਤਾਰਾ।
੬. ਕੀਮਤਿ ਕੋਇ ਨ ਜਾਣਈ ਆਖਣਿ ਸੁਣਨਿ ਨ ਲਿਖਣਿਹਾਰਾ।
੭. ਸਾਧਸੰਗਤਿ ਗੁਰ ਸਬਦੁ ਪਿਆਰਾ ॥ ੨੦ ॥

ਪਦ ਅਰਥ - ਸਹਸ=ਹਜ਼ਾਰਾਂ। ਕੀਮਤਿ=ਮਹਿਮਾ।

ਅਰਥ - ੧. ਜਦੋਂ ਸਤਿਗੁਰੂ ਨਾਨਕ ਦੇਵ ਜੀ ਦੀ ਜੋਤ ਸੰਸਾਰ ਵਿਚ ਪ੍ਰਗਟ ਹੋਈ ਤਦੋਂ ਭਾਈ ਲਹਿਣਾ ਰੂਪ ਗੁਰਮੁਖ ਨੇ ਗੁਰੂ ਦੇ ਸ਼ਬਦ ਦੀ ਵਿਚਾਰ ਕਰਕੇ ਸੁਖ ਫਲ ਪ੍ਰਾਪਤ ਕੀਤਾ। ੨. ਫਿਰ ਉਸ ਇੱਕ ਗੁਰਮੁਖ ਸਿੱਖ ਤੋਂ ਅੱਗੋਂ ਹਜ਼ਾਰਾਂ ਫਲ (ਗੁਰਸਿੱਖ) ਪੈਦਾ ਹੋ ਗਏ, (ਕਿਉਂ ਜੋ) ਗੁਰਮੁਖਾਂ ਦੀ ਸਾਧ ਸੰਗਤ ਵਿਚ ਉਸ ਪ੍ਰਭੂ ਦਾ ਵਾਸਾ ਹੁੰਦਾ ਹੈ। ੩. ਜਿਨ੍ਹਾਂ ਗੁਰੂ ਨਾਨਕ ਦੇਵ ਜੀ ਨੂੰ ਵੇਖਿਆ, ਸੁਣਿਆਂ ਤੇ ਮੰਨਿਆਂ ਹੈ, ਐਸੇ ਸਨਮੁਖ ਸਿੱਖ (ਸੰਸਾਰ ਵਿਚ) ਵਿਰਲੇ ਹੀ ਹਨ। ੪. ਜਿਹੜੇ ਗੁਰਸਿੱਖ ਪਹਿਲਾਂ ਗੁਰੂ ਚਰਣਾਂ ਦੀ ਧੂੜ ਬਣੇ ਹਨ, ਪਿੱਛੋਂ ਸੰਸਾਰ ਉਹਨਾਂ ਦੀ ਚਰਣ ਧੂੜ ਮੰਗਦਾ ਹੈ। ੫. (ਭਾਵ ਜਗਤ ਵਿਚ ਉਹਨਾਂ ਦੀ ਪੂਜਾ ਹੁੰਦੀ ਹੈ)। ੬. ਇਹੋ ਜਿਹੇ ਗੁਰਮੁਖ ਗੁਰਸਿੱਖਾਂ ਦੀ ਕੀਮਤ (ਮਹਿਮਾ) ਨੂੰ ਕੋਈ ਨਹੀਂ ਜਾਣਦਾ। ਉਹਨਾਂ ਦੀ ਵਡਿਆਈ ਨੂੰ ਕਹਿਣ, ਸੁਣਨ ਤੇ ਲਿਖਣ ਵਾਲਾ ਵੀ ਕੋਈ ਨਹੀਂ। ੭. (ਗੁਰਮੁਖਾਂ ਨੂੰ) ਸਾਧ ਸੰਗਤ ਤੇ ਗੁਰੂ ਦਾ ਸ਼ਬਦ ਹੀ ਪਿਆਰਾ ਹੈ॥ ੨੦॥

੨੧. ਗੁਰੂ ਤੇ ਸਿੱਖ ਦਾ ਮਿਲਾਪ

੧. ਸਾਧਸੰਗਤਿ ਗੁਰੁ ਸਬਦ ਲਿਵ ਗੁਰਮੁਖਿ ਸੁਖਫਲੁ ਪਿਰਮੁ ਚਖਾਇਆ।
੨. ਸਭ ਨਿਧਾਨ ਕੁਰਬਾਨ ਕਰਿ ਸਭੇ ਫਲ ਬਲਿਹਾਰ ਕਰਾਇਆ।
੩. ਤ੍ਰਿਸਨਾ ਜਲਣਿ ਬੁਝਾਈਆਂ ਸਾਂਤਿ ਸਹਜ ਸੰਤੋਖੁ ਦਿੜ੍ਹਾਇਆ।
੪. ਸਭੇ ਆਸਾ ਪੂਰੀਆ ਆਸਾ ਵਿਚਿ ਨਿਰਾਸੁ ਵਲਾਇਆ।
੫. ਮਨਸਾ ਮਨਹਿ ਸਮਾਇ ਲੈ ਮਨ ਕਾਮਨ ਨਿਹਕਾਮ ਨ ਧਾਇਆ।
੬. ਕਰਮ ਕਾਲ ਜਮ ਜਾਲ ਕਟਿ ਕਰਮ ਕਰੇ ਨਿਹਕਰਮ ਰਹਾਇਆ।
੭. ਗੁਰ ਉਪਦੇਸੁ ਅਵੇਸੁ ਕਰਿ ਪੈਰੀ ਪੈ ਜਗੁ ਪੈਰੀ ਪਾਇਆ।
੮. ਗੁਰ ਚੇਲੇ ਪਰਚਾ ਪਰਚਾਇਆ॥ ੨੧॥ ੨੯॥

ਪਦ ਅਰਥ - ਲਿਵ=ਤਾਰ। ਚਖਾਇਆ=ਚਖਿਆ। ਤ੍ਰਿਸਨਾ ਜਲਣਿ=ਤ੍ਰਿਸ਼ਨਾ ਦੀ ਅੱਗ। ਵਲਾਇਆ=ਸਮਾਂ ਬਿਤਾਉਣਾ। ਮਨਸਾ=ਵਾਸ਼ਨਾ। ਸਮਾਇ=ਨਾਸ ਕਰਕੇ। ਅਵੇਸੁ=ਪ੍ਰਵੇਸ਼।

ਅਰਥ - ੧. ਸਾਧ ਸੰਗਤ ਤੇ ਗੁਰੂ ਦੇ ਸ਼ਬਦ ਨਾਲ ਲਿਵ ਲਾ ਕੇ ਗੁਰਮੁਖਾਂ ਨੇ ਪ੍ਰੇਮ ਰੂਪ ਸੁਖ ਫਲ ਨੂੰ ਚਖਿਆ ਹੈ। ੨. (ਗੁਰਮੁਖਾਂ ਨੇ) ਉਸ ਰਸ ਤੋਂ ਸਭ ਨਿਧੀਆਂ ਨੂੰ ਕੁਰਬਾਨ ਕਰ ਦਿੱਤਾ ਹੈ ਤੇ ਸਭ ਫਲਾਂ ਨੂੰ ਬਲਿਹਾਰ ਕਰ ਦਿੱਤਾ ਹੈ। ੩. (ਉਹਨਾਂ ਨੇ) ਆਪਣੀ ਤ੍ਰਿਸ਼ਨਾ ਦੀ ਅੱਗ ਨੂੰ ਸ਼ਾਂਤ ਕਰ ਲਿਆ ਹੈ ਤੇ ਸਹਿਜੇ ਹੀ ਸ਼ਾਂਤੀ ਤੇ ਸੰਤੋਖ ਨੂੰ ਦ੍ਰਿੜ੍ਹ ਕਰ ਲਿਆ ਹੈ। ੪. (ਉਹਨਾਂ ਗੁਰਮੁਖਾਂ ਦੀਆਂ) ਸਭ ਆਸਾਂ ਪੂਰਨ ਹੋ ਗਈਆਂ ਹਨ, ਕਿਉਂਕਿ ਉਹ ਆਸਾਂ ਵਿਚ ਰਹਿੰਦਿਆਂ ਉਦਾਸ ਹੋ ਕੇ ਸਮਾਂ ਬਤੀਤ ਕਰਦੇ ਹਨ। ੫. ਉਹਨਾਂ ਨੇ ਆਪਣੇ ਮਨ ਦੀਆਂ ਵਾਸ਼ਨਾਂ ਨੂੰ ਨਾਸ ਕਰ ਲਿਆ ਹੈ ਤੇ ਉਹ ਕਾਮਨਾ ਵੱਲੋਂ ਮਨ ਨੂੰ ਮੋੜ ਕੇ ਨਿਸ਼ਕਾਮ ਹੋ ਗਏ ਹਨ, ੬. ਉਹ ਕਰਮ, ਸਮਾਂ ਤੇ ਜਮ ਦੇ ਬੰਧਨ ਨੂੰ ਕਟ ਕੇ ਕਰਮ ਕਰਦੇ ਹੋਏ ਨਿਹਕਰਮੀ ਹੋ ਕੇ ਰਹਿੰਦੇ ਹਨ। ੭. ਉਹ ਗੁਰੂ ਦੇ ਸ਼ਬਦ ਵਿਚ ਪ੍ਰਵੇਸ਼ ਕਰਕੇ ਆਪ ਸਤਿਗੁਰਾਂ ਦੀ ਚਰਣੀਂ ਲੱਗਦੇ ਹਨ ਤੇ ਫਿਰ ਸੰਸਾਰ ਨੂੰ ਸਤਿਗੁਰਾਂ ਦੇ ਚਰਣਾਂ ਨਾਲ ਜੋੜਦੇ ਹਨ। ੮. ਸਤਿਗੁਰੂ ਨਾਲ ਚੇਲੇ (ਗੁਰਸਿੱਖ) ਨੇ ਪ੍ਰੇਮ ਦਾ ਪਰਚਾ ਪਰਚਾਇਆ ਹੈ॥ ੨੧॥ ੨੯॥

ਵਾਰ ੩੦

ੴ ਸਤਿਗੁਰ ਪ੍ਰਸਾਦਿ॥

੧. ਸੱਚ ਅੱਗੇ ਝੂਠ ਨਹੀਂ ਠਹਿਰਦਾ

੧. ਸਤਿਗੁਰ ਸਚਾ ਪਾਤਿਸਾਹੁ ਗੁਰਮੁਖਿ ਸਚਾ ਪੰਥੁ ਸੁਹੇਲਾ।
੨. ਮਨਮੁਖ ਕਰਮ ਕਮਾਂਵਦੇ ਦੁਰਮਤਿ ਦੂਜਾ ਭਾਉ ਦੁਹੇਲਾ।
੩. ਗੁਰਮੁਖਿ ਸੁਖ ਫਲੁ ਸਾਧ ਸੰਗ ਭਾਇ ਭਗਤਿ ਕਰਿ ਗੁਰਮੁਖਿ ਮੇਲਾ।
੪. ਕੂੜੁ ਕੁਸਤੁ ਅਸਾਧ ਸੰਗੁ ਮਨਮੁਖ ਦੁਖ ਫਲੁ ਹੈ ਵਿਹੁ ਵੇਲਾ।
੫. ਗੁਰਮੁਖਿ ਆਪੁ ਗਵਾਵਣਾ ਪੈਰੀ ਪਉਣਾ ਨੇਹੁ ਨਵੇਲਾ।
੬. ਮਨਮੁਖ ਆਪੁ ਗਵਾਵਣਾ ਗੁਰਮਤਿ ਗੁਰ ਤੇ ਉਕੜੂ ਚੇਲਾ।
੭. ਕੂੜੁ ਸਚੁ ਸੀਹ ਬਕਰ ਖੇਲਾ॥੧॥

ਪਦ ਅਰਥ - ਸੁਹੇਲਾ=ਸੁਖਦਾਈ। ਦੁਹੇਲਾ=ਦੁੱਖਦਾਈ। ਵਿਹੁ ਵੇਲਾ=ਜ਼ਹਿਰ ਦੀ ਵੇਲ। ਨਵੇਲਾ=ਨਵਾਂ। ਉਕੜੂ=ਉਪਰਾਮ।

ਅਰਥ - ੧. ਸਤਿਗੁਰੂ (ਨਾਨਕ ਦੇਵ ਜੀ) ਸੱਚਾ ਪਾਤਸ਼ਾਹ ਹੈ, ਜਿਸ ਨੇ ਸੁਖਦਾਈ ਗੁਰਮੁਖਾਂ ਦਾ ਸੱਚਾ ਪੰਥ ਰਚਿਆ ਹੈ। ੨. ਮਨਮੁਖ ਖੋਟੇ ਕਰਮ ਕਰਦੇ ਹਨ ਤੇ ਦ੍ਵੈਤ ਵਿਚ ਫਸੇ ਦੁਖੀ ਹੁੰਦੇ ਹਨ। ੩. ਗੁਰਮੁਖਾਂ ਨੇ ਗੁਰਮੁਖਾਂ ਦੀ ਸਾਧ ਸੰਗਤ ਵਿਚ ਮਿਲ ਕੇ ਸੁਖ ਫਲ ਪ੍ਰਾਪਤ ਕੀਤਾ ਹੈ। ੪. ਗੁਰਮੁਖ ਕੂੜ ਕੁਸੱਤ ਤੇ ਹਠ ਕਰਕੇ ਖੋਟਿਆਂ ਦੀ ਸੰਗਤ ਕਰਦਾ ਹੈ, ਇਸ ਲਈ ਉਹ ਦੁੱਖ ਫਲ ਤੇ ਜ਼ਹਿਰ ਦੀ ਵੇਲ ਹੈ। ੫. ਗੁਰਮੁਖ ਆਪਾ ਭਾਵ ਨਾਸ ਕਰਕੇ ਪੈਰੀਂ ਪੈਂਦੇ ਹਨ, ਇਸ ਕਰਕੇ ਉਹਨਾਂ ਦਾ ਨੇਹੁੰ (ਪ੍ਰੇਮ) ਨਿੱਤ ਨਵਾਂ ਹੀ ਰਹਿੰਦਾ ਹੈ ੬. ਮਨਮੁਖ ਆਪਣਾ ਜਨਮ ਬੇਅਰਥ ਗੁਆ ਦਿੰਦਾ ਹੈ, ਕਿਉਂਕਿ ਉਹ ਗੁਰੂ ਤੇ ਗੁਰੂ ਦੀ ਸਿੱਖਿਆ ਤੋਂ ਉਪਰਾਮ ਰਹਿੰਦਾ ਹੈ। ੭. ਝੂਠ ਤੇ ਸੱਚ ਦਾ ਸ਼ੇਰ ਤੇ ਬੱਕਰੀ ਵਾਲਾ ਖੇਲ ਹੈ (ਭਾਵ ਸੱਚ ਅੱਗੇ ਝੂਠ ਨਹੀਂ ਠਹਿਰਦਾ)॥੧॥

੨. ਗੁਰਮੁਖ ਸੁਖਾਂ ਦਾ ਫਲ ਰੂਪ ਹੈ

੧. ਗੁਰਮੁਖਿ ਸੁਖ ਫਲੁ ਸਚੁ ਹੈ ਮਨਮੁਖ ਦੁਖ ਫਲੁ ਕੂੜੁ ਕੂੜਾਵਾ।

੨. ਗੁਰਮੁਖਿ ਸਚੁ ਸੰਤੋਖੁ ਰੁਖੁ ਦੁਰਮਤਿ ਦੂਜਾ ਭਾਉ ਪਛਾਵਾ।
੩. ਗੁਰਮੁਖਿ ਸਚੁ ਅਡੋਲੁ ਹੈ ਮਨਮੁਖ ਫੇਰਿ ਫਿਰੰਦੀ ਛਾਵਾਂ।
੪. ਗੁਰਮੁਖਿ ਕੋਇਲ ਅੰਬ ਵਣ ਮਨਮੁਖ ਵਣਿ ਵਣਿ ਹੰਢਨਿ ਕਾਵਾਂ।
੫. ਸਾਧਸੰਗਤਿ ਸਚੁ ਬਾਗ ਹੈ ਸਬਦ ਸੁਰਤਿ ਗੁਰ ਮੰਤੁ ਸਚਾਵਾਂ।
੬. ਵਿਹੁ ਵਣੁ ਵਲਿ ਅਸਾਧ ਸੰਗਿ ਬਹੁਤੁ ਸਿਆਣਪ ਨਿਗੋਸਾਵਾਂ।
੭. ਜਿਉ ਕਰਿ ਵੇਸੁਆ ਵੰਸੁ ਨਿਨਾਵਾਂ ॥ ੨ ॥

ਪਦ ਅਰਥ - ਕੂੜਾਵਾ=ਝੂਠਾ। ਪਛਾਵਾ=ਪਰਛਾਵਾਂ। ਅਸਾਧ ਸੰਗਿ=ਖੋਟੀ ਸੰਗਤ। ਨਿਗੋਸਾਵਾਂ=ਨਿਗੁਰਾ।

ਅਰਥ - ੧. ਗੁਰਮੁਖ ਸੱਚੇ ਸੁਖਾਂ ਦਾ ਫਲ ਰੂਪ ਹੈ ਤੇ ਮਨਮੁਖ ਕੂੜੇ (ਝੂਠੇ) ਦੁੱਖ ਦਾ ਫਲ ਰੂਪ ਹੈ। ੨. ਗੁਰਮੁਖ ਸੱਚ ਤੇ ਸੰਤੋਖ ਦਾ ਬ੍ਰਿਛ ਹੈ ਤੇ ਖੋਟੀ ਮੱਤ ਵਾਲਾ ਮਨਮੁਖ ਦੂਜੇ ਭਾਵ ਵਾਲੇ ਬ੍ਰਿਛ ਦਾ ਪਰਛਾਵਾਂ ਹੈ। ੩. ਗੁਰਮੁਖ ਸੱਚ ਵਿਚ ਅਟਲ (ਦ੍ਰਿੜ੍ਹ) ਹੈ ਤੇ ਮਨਮੁਖ ਛਾਂ ਵਾਂਗੂੰ ਫਿਰਦਾ ਹੈ। ੪. ਗੁਰਮੁਖ ਸਤਿਸੰਗ ਰੂਪ ਅੰਬ ਦੀ ਕੋਇਲ ਵਾਂਗ ਹੈ ਤੇ ਮਨਮੁਖ ਕਾਂ ਵਾਂਗੂੰ ਬ੍ਰਿਛਾਂ 'ਤੇ ਬੈਠਾ ਕਾਂ ਕਾਂ ਕਰਦਾ ਹੈ। ੫. ਸਾਧ ਸੰਗਤ ਸੱਚ ਦਾ ਬਗੀਚਾ ਹੈ ਤੇ ਸ਼ਬਦ ਵਿਚ ਸੁਰਤ ਜੋੜਨੀ ਤੇ ਗੁਰੂ ਦਾ ਮੰਤਰ ਸੱਚੀ ਛਾਂ ਹੈ। ੬. ਖੋਟੀ ਸੰਗਤ ਜ਼ਹਿਰੀਲੀ ਵੇਲ ਦਾ ਬੂਟਾ ਹੈ ਤੇ ਮਨਮੁਖ ਨਿਗੁਰਾ ਹੋਣ ਕਰਕੇ ਬੜੀਆਂ ਸਿਆਣਪਾਂ (ਚਤੁਰਾਈਆਂ) ਕਰਦਾ ਹੈ। ੭. (ਇਸ ਲਈ ਮਨਮੁਖ ਦੀ ਦਸ਼ਾ ਇਸ ਤਰ੍ਹਾਂ ਦੀ ਹੈ) ਜਿਵੇਂ ਵੇਸਵਾ ਦਾ ਪੁੱਤਰ ਨਿਨਾਵਾਂ ਹੁੰਦਾ ਹੈ (ਭਾਵ ਉਸ ਦੇ ਪਿਤਾ ਦਾ ਕੋਈ ਨਾਂ ਨਹੀਂ ਹੁੰਦਾ)॥ ੨ ॥

੩. ਗੁਰਮੁਖ ਹੰਸ ਵਾਂਗੂੰ ਉੱਜਲਾ ਹੁੰਦਾ ਹੈ

੧. ਗੁਰਮੁਖਿ ਹੋਇ ਵੀਆਹੀਐ ਦੁਹੀ ਵਲੀ ਮਿਲਿ ਮੰਗਲ ਚਾਰਾ।
੨. ਦੁਹੁ ਮਿਲਿ ਜੰਮੈ ਜਾਣੀਐ ਪਿਤਾ ਜਾਤਿ ਪਰਵਾਰ ਸਧਾਰਾ।
੩. ਜੰਮਦਿਆਂ ਰੁਣਝੁੰਝਣਾ ਵੰਸਿ ਵਧਾਈ ਰੁਣ ਝੁਣਕਾਰਾ।
੪. ਨਾਨਕ ਦਾਦਕ ਸੋਹਿਲੇ ਵਿਰਤੀਸਰ ਬਹੁ ਦਾਨ ਦਤਾਰਾ।
੫. ਬਹੁ ਮਿਤੀ ਹੋਇ ਵੇਸੁਆ ਨਾ ਪਿਉ ਨਾਉਂ ਨਿਨਾਉਂ ਪੁਕਾਰਾ।
੬. ਗੁਰਮੁਖਿ ਵੰਸੀ ਪਰਮ ਹੰਸ ਮਨਮੁਖਿ ਠਗ ਬਗ ਵੰਸ ਹਤਿਆਰਾ।
੭. ਸਚਿ ਸਚਿਆਰ ਕੂੜਹੁ ਕੂੜਿਆਰਾ ॥ ੩ ॥

ਪਦ ਅਰਥ - ਸਧਾਰਾ=ਵਾਧਾ। ਰੁਣ ਝੁਣਕਾਰਾ=ਆਨੰਦ, ਮੰਗਲਾਚਾਰ। ਵਿਰਤੀਸਰ=ਲਾਗੀ।

ਅਰਥ - ੧. ਗੁਰਮੁਖ ਦਾ ਮੇਲ ਵਿਆਹ ਵਾਂਗੂੰ ਹੁੰਦਾ ਹੈ ਤੇ ਇਸ ਵਿਆਹ ਸਮੇਂ ਦੋਹਾਂ ਪਾਸਿਆਂ ਦੇ ਸੰਬੰਧੀ ਮਿਲ ਕੇ ਮੰਗਲਾਚਾਰ ਕਰਦੇ ਹਨ। ੨. ਫਿਰ ਜਦ ਦੋਹਾਂ (ਪਤੀ ਤੇ ਪਤਨੀ) ਦੇ ਸੰਜੋਗ ਤੋਂ ਪੁੱਤਰ ਹੁੰਦਾ ਹੈ ਤਾਂ ਪਿਤਾ ਦੀ ਜਾਤ ਦਾ ਵਾਧਾ ਵੇਖ ਕੇ ਸਭ ਪਰਿਵਾਰ ਖੁਸ਼ ਹੁੰਦਾ ਹੈ। ੩. (ਪੁੱਤਰ ਦੇ) ਜੰਮਦਿਆਂ ਹੀ ਖੁਸ਼ੀ ਦੇ ਵਾਜੇ ਵੱਜਦੇ ਹਨ ਤੇ ਵੰਸ ਦੇ ਵਾਧੇ ਨੂੰ ਵੇਖ ਕੇ ਸਭ ਪਰਿਵਾਰ ਆਨੰਦ ਮੰਗਲਾਚਾਰ ਮਨਾਉਂਦਾ ਹੈ। ੪. ਨਾਨਕੇ ਤੇ ਦਾਦਕੇ ਖੁਸ਼ੀ ਦੇ ਸੋਹਿਲੇ ਗਾਉਂਦੇ ਹਨ ਤੇ ਲਾਗੀਆਂ ਨੂੰ ਦਾਤਾ ਬਣ ਕੇ ਦਾਨ ਦਿੰਦੇ ਹਨ। ੫. ਮਨਮੁਖਾਂ ਦਾ ਮੇਲ ਇਸ ਤਰ੍ਹਾਂ ਦਾ ਹੈ ਜਿਵੇਂ ਬਹੁਤੇ ਮਿੱਤਰਾਂ ਵਾਲੀ ਵੇਸਵਾ ਹੁੰਦੀ ਹੈ, ਉਸ ਦੇ ਪੁੱਤਰ ਦੇ ਪਿਤਾ ਦਾ ਕੋਈ ਨਾਂ ਨਹੀਂ ਹੁੰਦਾ ਤੇ ਉਸ ਨੂੰ ਨਿਨਾਵਾਂ (ਹਰਾਮ ਦਾ) ਕਹਿ ਕੇ ਸੱਦਿਆ ਜਾਂਦਾ ਹੈ। ੬. ਗੁਰਮੁਖਾਂ ਦੀ ਵੰਸ ਪਰਮਹੰਸਾਂ ਵਰਗੀ (ਉੱਜਲੀ) ਹੁੰਦੀ ਹੈ ਤੇ ਮਨਮੁਖਾਂ ਦੀ ਵੰਸ ਬਗਲੇ ਵਾਂਗੂੰ ਹਤਿਆਰੀ (ਮੱਛੀਆਂ ਮਾਰਨ ਵਾਲੀ) ਹੁੰਦੀ ਹੈ। ੭. ਮਨੁੱਖ ਸੱਚ 'ਤੇ ਚਲਣ ਕਰਕੇ ਸਚਿਆਰ ਤੇ ਮਨਮੁਖ ਝੂਠ 'ਤੇ ਚਲਣ ਕਰਕੇ ਝੂਠਾ ਜਾਪਦਾ ਹੈ॥ ੩॥

੪. ਗੁਰਮੁਖਾਂ ਦੀ ਸੰਪ੍ਰਦਾ ਪਰਮਹੰਸਾਂ ਵਰਗੀ ਉੱਜਲ ਹੈ

੧. ਮਾਨ ਸਰੋਵਰੁ ਸਾਧਸੰਗੁ ਮਾਣਕ ਮੋਤੀ ਰਤਨ ਅਮੋਲਾ।
੨. ਗੁਰਮੁਖਿ ਵੰਸੀ ਪਰਮ ਹੰਸ ਸਬਦ ਸੁਰਤਿ ਗੁਰਮਤਿ ਅਡੋਲਾ।
੩. ਖੀਰਹੁ ਨੀਰ ਨਿਕਾਲਦੇ ਗੁਰਮੁਖਿ ਗਿਆਨੁ ਧਿਆਨੁ ਨਿਰੋਲਾ।
੪. ਗੁਰਮੁਖਿ ਸਚੁ ਸਲਾਹੀਐ ਤੋਲੁ ਨ ਤੋਲਣਹਾਰੁ ਅਤੋਲਾ।
੫. ਮਨਮੁਖ ਬਗੁਲ ਸਮਾਧਿ ਹੈ ਘੁਟਿ ਘੁਟਿ ਜੀਆਂ ਖਾਇ ਅਬੋਲਾ।
੬. ਹੋਇ ਲਖਾਉ ਟਿਕਾਇ ਜਾਇ ਛਪੜਿ ਊਹੁ ਪੜੈ ਮੁਹ ਚੋਲਾ।
੭. ਸਚੁ ਸਾਊ ਕੂੜ ਗਹਿਲਾ ਗੋਲਾ॥ ੪॥

ਪਦ ਅਰਥ - ਗੁਰਮੁਖਿ ਵੰਸੀ=ਗੁਰਮੁਖਾਂ ਦੀ ਸੰਪ੍ਰਦਾ। ਅਬੋਲਾ=ਚੁੱਪ ਚਾਪ। ਲਖਾਉ=ਪਤਾ। ਊਹੁ=ਡਰ, ਹਾਹਾਕਾਰ। ਗਹਿਲਾ ਗੋਲਾ=ਗਾਫਲ ਨੌਕਰ।

ਅਰਥ - ੧. ਸਾਧ ਸੰਗਤ ਰੂਪੀ ਮਾਨਸਰੋਵਰ ਵਿਚ ਸ਼ੁਭ ਗੁਣਾਂ ਰੂਪ ਅਨਮੋਲ ਮਾਣਕ, ਮੋਤੀ ਤੇ ਰਤਨ ਹਨ। ੨. ਗੁਰਮੁਖਾਂ ਦੀ ਸੰਪ੍ਰਦਾ ਪਰਮ ਹੰਸ ਹੋ ਕੇ ਉਥੇ ਨਿਵਾਸ ਕਰਦੀ ਹੈ ਤੇ (ਗੁਰਮੁਖ) ਗੁਰੂ ਦੀ ਸਿੱਖਿਆ ਲੈ ਕੇ ਤੇ ਸ਼ਬਦ ਵਿਚ ਸੁਰਤੀ ਨੂੰ ਜੋੜ ਕੇ ਅਡੋਲ ਹੋ ਕੇ ਉਥੇ ਟਿਕਦੇ ਹਨ। ੩. (ਉਹ ਗੁਰਮੁਖ) ਦੁੱਧ ਵਿਚੋਂ ਪਾਣੀ ਵੱਖ ਕਰਦੇ ਹਨ (ਭਾਵ ਸੱਚ ਤੇ ਝੂਠ ਦਾ ਨਿਤਾਰਾ ਕਰਦੇ ਹਨ)। ਗੁਰਮੁਖਾਂ ਦਾ ਗਿਆਨ ਧਿਆਨ (ਸੰਸਾਰ ਤੋਂ) ਨਿਰਾਲਾ (ਵੱਖਰਾ) ਹੈ। ੪. ਗੁਰਮੁਖ ਸੱਚ ਨੂੰ ਸਲਾਹੁੰਦੇ ਹਨ ਤੇ ਤੋਲਣਹਾਰੇ (ਵਿਚਾਰਵਾਨ) ਹੋ ਕੇ ਉਸ ਅਤੋਲ ਪ੍ਰਭੂ ਦੀ ਵਿਚਾਰ ਕਰਦੇ ਹਨ। ੫. ਮਨਮੁਖ ਬਗਲਿਆਂ ਵਾਂਗੂੰ ਸਮਾਧੀ ਲਾ ਕੇ ਬੈਠਦੇ ਹਨ ਤੇ ਚੁੱਪ ਚਾਪ ਘੁੱਟ ਘੁੱਟ ਕੇ ਜੀਵਾਂ ਨੂੰ ਖਾਂਦੇ ਹਨ। ੬. (ਇਹੋ ਜਿਹੇ ਮਨਮੁਖ ਰੂਪ ਬਗਲੇ ਦੇ) ਮੂੰਹ ਖੋਲ੍ਹਣ ਨਾਲ ਛੱਪੜ ਦਾ ਟਿਕਾਉ ਨਾਸ ਹੋ ਜਾਂਦਾ ਹੈ ਤੇ ਹਾਹਾਕਾਰ ਪੈ ਜਾਂਦੀ ਹੈ। ੭. ਸੱਚ ਸਾਊ (ਸ਼ਰੀਫ) ਹੈ ਤੇ ਕੂੜ (ਝੂਠ) ਗਾਫਲ ਨੌਕਰ ਵਾਂਗ ਹੈ॥ ੪॥

੫. ਗੁਰਮੁਖ ਸ੍ਰੇਸ਼ਟ ਲੱਛਣਾਂ ਵਾਲਾ ਹੁੰਦਾ ਹੈ

੧. ਗੁਰਮੁਖ ਸਚੁ ਸੁਲਖਣਾ ਸਭਿ ਸੁਲਖਣ ਸਚੁ ਸੁਹਾਵਾ।
੨. ਮਨਮੁਖ ਕੂੜੁ ਕੁਲਖਣਾ ਸਭ ਕੁਲਖਣ ਕੂੜੁ ਕੁਦਾਵਾ।
੩. ਸਚੁ ਸੁਇਨਾ ਕੂੜੁ ਕਚੁ ਹੈ ਕਚੁ ਨ ਕੰਚਨ ਮੁਲਿ ਮੁਲਾਵਾ।
੪. ਸਚੁ ਭਾਰਾ ਕੂੜੁ ਹਉਲੜਾ ਪਵੈ ਨ ਰਤਕ ਰਤਨ ਭੁਲਾਵਾ।
੫. ਸਚੁ ਹੀਰਾ ਕੂੜੁ ਫਟਕੁ ਹੈ ਜੜੈ ਜੜਾਵ ਨ ਜੁੜੈ ਜੁੜਾਵਾ।
੬. ਸਚੁ ਦਾਤਾ ਕੂੜੁ ਮੰਗਤਾ ਦਿਹੁ ਰਾਤੀ ਚੋਰ ਸਾਹ ਮਿਲਾਵਾ।
੭. ਸਚੁ ਸਾਬਤੁ ਕੂੜੁ ਫਿਰਦਾ ਫਾਵਾ॥ ੫ ॥

ਪਦ ਅਰਥ- ਸੁਲਖਣਾ=ਚੰਗੇ ਲੱਛਣਾਂ ਵਾਲਾ। ਕੁਲਖਣਾ=ਭੈੜੇ ਲੱਛਣਾਂ ਵਾਲਾ। ਹਉਲੜਾ=ਹੌਲਾ। ਫਟਕੁ=ਕੱਚ। ਫਾਵਾ=ਦੁਖੀ।

ਅਰਥ - ੧. ਗੁਰਮੁਖ ਸਚਿਆਰ ਹੋਣ ਕਰਕੇ ਸ੍ਰੇਸ਼ਟ ਲੱਛਣਾਂ ਵਾਲਾ ਹੁੰਦਾ ਹੈ ਤੇ ਉਸ ਵਿਚ ਸੱਚ ਕਰਕੇ ਸਭ ਸ਼ੁਭ ਲੱਛਣ ਸ਼ੋਭਦੇ ਹਨ। ੨. ਝੂਠ ਬੋਲਣ ਵਾਲਾ ਮਨਮੁਖ ਖੋਟੇ ਲੱਛਣਾਂ ਵਾਲਾ ਹੁੰਦਾ ਹੈ ਤੇ ਝੂਠ ਕਰਕੇ ਉਸ ਦੇ ਸਾਰੇ ਲੱਛਣ ਖੋਟੇ ਦਾਵਾਂ ਵਾਲੇ ਹੁੰਦੇ ਹਨ। ੩. ਸੱਚ ਸੋਨਾ ਹੈ ਤੇ ਝੂਠ ਕੱਚ ਵਾਂਗੂ ਹੈ, ਕੱਚ ਤੇ ਸੋਨੇ ਤੋਂ ਮੁੱਲ ਦਾ ਮੇਲ ਨਹੀਂ ਹੁੰਦਾ। ੪. ਸੱਚ ਭਾਰਾ ਤੇ ਝੂਠ ਹਉਲੜਾ (ਹਲਕਾ) ਹੈ, ਰਤਨ ਤੇ ਰਤੀਆਂ ਦਾ ਭੁਲੇਖਾ ਨਹੀਂ ਪੈਂਦਾ। ੫. ਸੱਚ ਹੀਰਾ ਤੇ ਝੂਠ ਬਲੌਰ ਹੈ, (ਇਸ ਲਈ) ਇਹਨਾਂ ਦੋਹਾਂ ਦਾ ਆਪੋ ਵਿਚ ਜੋੜ ਨਹੀਂ ਜੁੜਦਾ। ੬. ਸੱਚ ਦਾਤਾ ਹੈ ਤੇ ਝੂਠ ਮੰਗਤਾ ਹੈ, (ਇਹਨਾਂ ਦਾ ਮੇਲ) ਦਿਨ ਰਾਤ ਤੇ ਚੋਰ ਤੇ ਸ਼ਾਹ ਵਰਗਾ ਹੁੰਦਾ ਹੈ। ੭. ਸੱਚ (ਹਮੇਸ਼ਾਂ) ਸਾਬਤ ਹੈ ਤੇ ਝੂਠ ਦੁਖੀ ਹੋ ਕੇ ਫਿਰਦਾ ਹੈ॥ ੫॥

੬. ਗੁਰਮੁਖ ਸੱਚੇ ਲਾਲ ਰੰਗ ਵਾਲਾ ਹੁੰਦਾ ਹੈ

੧. ਗੁਰਮੁਖਿ ਸਚੁ ਸੁਰੰਗੁ ਹੈ ਮੂਲੁ ਮਜੀਠ ਨ ਟਲੈ ਟਲੰਦਾ।
੨. ਮਨਮੁਖੁ ਕੂੜੁ ਕੁਰੰਗ ਹੈ ਫੁਲ ਕੁਸੁੰਭੇ ਥਿਰ ਨ ਰਹੰਦਾ।
੩. ਥੋਮ ਕਥੂਰੀ ਵਾਸੁ ਲੈ ਨਕੁ ਮਰੋੜੈ ਮਨਿ ਭਾਵੰਦਾ।
੪. ਕੂੜੁ ਸਚੁ ਅਕ ਅੰਬ ਫਲ ਕਉੜਾ ਮਿਠਾ ਸਾਉ ਲਹੰਦਾ।
੫. ਸਾਹ ਚੋਰ ਸਚੁ ਕੂੜੁ ਹੈ ਸਾਹੁ ਸਵੈ ਚੋਰੁ ਫਿਰੈ ਭਵੰਦਾ।
੬. ਸਾਹ ਫੜੈ ਉਠਿ ਚੋਰ ਨੋ ਤਿਸੁ ਨੁਕਸਾਨੁ ਦੀਬਾਣੁ ਕਰੰਦਾ।
੭. ਸਚੁ ਕੂੜੈ ਲੈ ਨਿਹਣਿ ਬਹੰਦਾ॥ ੬ ॥

ਪਦ ਅਰਥ - ਸੁਰੰਗੁ=ਸੋਹਣਾ (ਲਾਲ) ਰੰਗ। ਕੁਰੰਗ=ਖੋਟਾ ਰੰਗ। ਕਥੂਰੀ=ਕਸਤੂਰੀ। ਸਾਉ=ਸੁਆਦ। ਦੀਬਾਣੁ=ਕਚਹਿਰੀ। ਨਿਹਣਿ=ਕੈਦ।

ਅਰਥ - ੧. ਗੁਰਮੁਖ ਸੱਚੇ ਲਾਲ ਰੰਗ ਵਾਲਾ ਹੈ, ਜਿਵੇਂ ਮਜੀਠ ਦਾ ਰੰਗ ਪੱਕਾ ਹੁੰਦਾ ਹੈ ਤੇ ਧੋਤਿਆਂ ਵੀ ਨਹੀਂ ਉਤਰਦਾ। ੨. ਮਨਮੁਖ ਦਾ ਝੂਠਾ ਖੋਟਾ ਰੰਗ ਹੈ, ਜਿਵੇਂ ਕਸੁੰਭੇ ਦੇ ਫੁੱਲ ਦਾ ਰੰਗ ਠਹਿਰਦਾ ਨਹੀਂ। ੩. (ਜਿਵੇਂ) ਥੋਮ ਦੀ ਵਾਸ਼ਨਾ ਤੋਂ ਨੱਕ ਮਰੋੜੀਦਾ ਹੈ ਤੇ ਕਸਤੂਰੀ ਦੀ ਸੁਗੰਧ ਮਨ ਨੂੰ ਚੰਗੀ ਲੱਗਦੀ ਹੈ। (ਇਸੇ ਤਰ੍ਹਾਂ ਸੱਚ ਕਸਤੂਰੀ ਹੈ ਤੇ ਝੂਠ ਥੋਮ ਵਾਂਗੂੰ ਹੈ)। ੪. ਝੂਠ ਤੇ ਸੱਚ ਅੱਕ ਤੇ ਅੰਬ ਦੇ ਫਲ ਵਰਗੇ ਹਨ, ਅੱਕ ਦਾ ਫਲ ਕੌੜਾ ਹੁੰਦਾ ਹੈ ਤੇ ਅੰਬ ਦੀ ਮਿਠਾਸ ਦਾ ਹਰ ਕੋਈ ਸੁਆਦ ਲੈਂਦਾ ਹੈ। ੫. ਸੱਚ ਸ਼ਾਹ ਦਾ ਰੂਪ ਹੈ, ਝੂਠ ਚੋਰ ਹੈ। ਸ਼ਾਹ (ਰਾਤ ਨੂੰ) ਬੜੇ ਅਰਾਮ ਨਾਲ ਸੌਂਦਾ ਹੈ ਤੇ ਚੋਰ (ਰਾਤ ਨੂੰ) ਭੌਂਦਾ ਫਿਰਦਾ ਹੈ। ੬. ਸ਼ਾਹ ਚੋਰ ਨੂੰ ਫੜ ਲੈਂਦਾ ਹੈ ਤੇ ਉਸ ਨੂੰ ਕਚਹਿਰੀ ਵਿਚ ਲਿਜਾ ਕੇ ਉਸ ਦਾ ਨੁਕਸਾਨ ਕਰਦਾ ਹੈ (ਭਾਵ ਚੋਰ ਨੂੰ ਸਜ਼ਾ ਦਿਵਾਉਂਦਾ ਹੈ)। ੭. ਸੱਚ ਝੂਠ ਨੂੰ ਫੜ ਕੇ ਕੈਦੀ ਬਣਾ ਕੇ ਬੰਨ੍ਹ ਕੇ ਬਿਠਾਂਦਾ ਹੈ॥ ੬॥

੭. ਸੱਚ ਬਲਵਾਨ ਸ਼ੇਰ ਵਾਂਗੂੰ ਹੈ

੧. ਸਚੁ ਸੋਹੈ ਸਿਰ ਪਗ ਜਿਉ ਕੋਝਾ ਕੂੜੁ ਕੁਥਾਇ ਕਛੋਟਾ।
੨. ਸਚੁ ਸਤਾਣਾ ਸਾਰਦੂਲੁ ਕੂੜੁ ਜਿਵੈ ਹੀਣਾ ਹਰਣੋਟਾ।
੩. ਲਾਹਾ ਸਚੁ ਵਣੰਜੀਐ ਕੂੜੁ ਕਿ ਵਣਜਹੁ ਆਵੈ ਤੋਟਾ।
੪. ਸਚੁ ਖਰਾ ਸਾਬਾਸਿ ਹੈ ਕੂੜੁ ਨ ਚਲੈ ਦਮੜਾ ਖੋਟਾ।
੫. ਤਾਰੇ ਲਖ ਅਮਾਵਸੈ ਘੋਰਿ ਅਨੇਰਿ ਚਨਾਇਣੁ ਹੋਟਾ।
੬. ਸੂਰਜ ਇਕੁ ਚੜ੍ਹੰਦਿਆ ਹੋਇ ਅਠ ਖੰਡ ਪਵੈ ਫਲਫੋਟਾ।
੭. ਕੂੜੁ ਸਚੁ ਜਿਉਂ ਵਟੁ ਘੜੋਟਾ॥ ੭॥

ਪਦ ਅਰਥ - ਕੋਝਾ=ਕਰੂਪ। ਕਛੋਟਾ=ਲੰਗੋਟਾ। ਸਤਾਣਾ=ਬਲਵਾਨ। ਸਾਰਦੂਲੁ=ਸ਼ੇਰ। ਹਰਣੋਟਾ= ਹਰਨ। ਦਮੜਾ ਖੋਟਾ=ਖੋਟਾ ਰੁਪਇਆ। ਹੋਟਾ=ਘਾਟਾ। ਫਲਫੋਟਾ=ਫੁਟ ਪੈਂਦਾ ਹੈ।

ਅਰਥ - ੧. ਸੱਚ ਸਿਰ ਦੀ ਪੱਗ ਵਾਂਗੂੰ ਸ਼ੋਭਦਾ ਹੈ ਤੇ ਝੂਠ ਕੋਝੇ ਲੰਗੋਟੇ ਵਾਂਗੂੰ ਗੰਦੀ ਜਗ੍ਹਾ ਜਾ ਲੱਗਦਾ ਹੈ। ੨. ਸੱਚ ਬਲਵਾਨ ਸ਼ੇਰ ਵਾਂਗੂੰ ਹੈ ਤੇ ਝੂਠ ਨਿਤਾਣੇ ਹਰਨ ਦੇ ਬੱਚੇ ਵਰਗਾ ਹੈ। ੩. ਸੱਚ ਦਾ ਵਣਜ ਕਰਨ ਨਾਲ ਲਾਭ ਪ੍ਰਾਪਤ ਹੁੰਦਾ ਹੈ ਤੇ ਝੂਠੇ ਵਪਾਰ ਨਾਲ ਘਾਟਾ ਪੈਂਦਾ ਹੈ । ੪. ਸੱਚ ਖਰਾ ਹੈ, ਜਿਸ ਤੋਂ ਸ਼ਾਬਾਸ਼ ਮਿਲਦੀ ਹੈ, ਤੇ ਝੂਠ ਖੋਟੇ ਰੁਪਏ ਵਾਂਗੂੰ ਹੈ, ਜੋ (ਬਜ਼ਾਰ ਵਿਚ) ਨਹੀਂ ਚਲਦਾ। ੫. ਮਸਿਆ ਦੀ ਰਾਤ ਨੂੰ ਲੱਖਾਂ ਤਾਰੇ ਆਕਾਸ਼ ਵਿਚ ਹੁੰਦੇ ਹਨ, ਪਰ ਘੋਰ ਅੰਨ੍ਹੇਰਾ ਹੋਣ ਕਰਕੇ ਚਾਨਣ ਹਟਿਆ ਰਹਿੰਦਾ ਹੈ (ਭਾਵ ਪ੍ਰਕਾਸ਼ ਨਹੀਂ ਹੁੰਦਾ)। ੬. (ਪਰ) ਇੱਕ ਸੂਰਜ ਦੇ ਚੜ੍ਹਨ ਨਾਲ ਅੰਨ੍ਹੇਰਾ ਅੱਠ ਟੋਟੇ ਹੋ ਕੇ ਫੁਟ

ਪੈਂਦਾ ਹੈ (ਭਾਵ ਦੂਰ ਹੋ ਜਾਂਦਾ ਹੈ, ਇਸੇ ਤਰ੍ਹਾਂ ਸੱਚ ਤੇ ਝੂਠ ਨੂੰ ਜਾਣੋ)। ੭. ਝੂਠ ਤੇ ਸੱਚ ਦਾ ਘੜੇ ਤੇ ਵੱਟੇ ਵਰਗਾ ਵੈਰ ਹੈ॥ ੭॥

੮. ਸੱਚ ਪਹਾੜ ਵਾਂਗੂੰ ਪ੍ਰਗਟ ਹੁੰਦਾ ਹੈ

੧. ਸੁਹਣੇ ਸਾਮਰਤਖ ਜਿਉ ਕੂੜੁ ਸਚੁ ਵਰਤੈ ਵਰਤਾਰਾ।
੨. ਹਰਿ ਚੰਦਉਰੀ ਨਗਰ ਵਾਂਗੁ ਕੂੜੁ ਸਚੁ ਪਰਗਟੁ ਪਾਹਾਰਾ।
੩. ਨਦੀ ਪਛਾਵਾਂ ਮਾਣਸਾ ਸਿਰ ਤਲਵਾਇਆ ਅੰਬਰੁ ਤਾਰਾ।
੪. ਧੂਅਰੁ ਧੁੰਧੂਕਾਰੁ ਹੋਇ ਤੁਲਿ ਨ ਘਣਹਰਿ ਵਰਸਣਹਾਰਾ।
੫. ਸਾਉ ਨ ਸਿਮਰਣਿ ਸੱਕਰੈ ਦੀਪਕ ਬਾਝੁ ਨ ਮਿਟੈ ਅੰਧਾਰਾ।
੬. ਲੜੈ ਨ ਕਾਗਲਿ ਲਿਖਿਆ ਚਿਤੁ ਚਿਤੇਰੇ ਸੈ ਹਥੀਆਰਾ।
੭. ਸਚੁ ਕੂੜੁ ਕਰਤੂਤਿ ਵੀਚਾਰਾ॥ ੮॥

ਪਦ ਅਰਥ - ਸੁਹਣੇ=ਸੁਪਨੇ ਵਿਚ। ਸਾਮਰਤਖ=ਪ੍ਰਤੱਖ। ਪਾਹਾਰਾ=ਪਹਾੜ। ਘਣਹਰਿ=ਬੱਦਲ। ਸੱਕਰੈ=ਸ਼ੱਕਰ।

ਅਰਥ - ੧. ਝੂਠ ਤੇ ਸੱਚ ਦਾ ਵਰਤਾਰਾ ਸੁਪਨੇ ਤੇ ਪ੍ਰਤੱਖ ਦੇ ਵਰਤਾਰੇ ਵਾਂਗੂੰ ਵਰਤਦਾ ਹੈ (ਸੱਚ ਪ੍ਰਤੱਖ ਹੈ ਤੇ ਝੂਠ ਸੁਪਨੇ ਵਾਂਗੂੰ ਹੈ)। ੨. ਝੂਠ ਗੰਧਰਬ ਨਗਰੀ ਵਾਂਗੂੰ ਕੂੜਾ ਹੈ ਤੇ ਸੱਚ ਪਹਾੜ ਵਾਂਗੂੰ ਪ੍ਰਗਟ ਹੈ। ੩. (ਜਿਸ ਤਰ੍ਹਾਂ) ਨਦੀ ਦੇ ਪਾਣੀ ਵਿਚ ਮਨੁੱਖਾਂ, ਬ੍ਰਿਛਾਂ ਤੇ ਅਕਾਸ਼ ਦੇ ਤਾਰਿਆਂ ਦਾ ਪਰਛਾਵਾਂ ਹੁੰਦਾ ਹੈ (ਇਸੇ ਤਰ੍ਹਾਂ ਝੂਠ ਹੈ)। ੪. ਝੂਠ ਧੂੰਏਂ ਕਰਕੇ ਧੁੰਧੂਕਾਰ ਹੋ ਜਾਂਦਾ ਹੈ, ਉਹ ਵਸਣ ਵਾਲੇ ਬੱਦਲ (ਸੱਚ) ਦੀ ਬਰਾਬਰੀ ਨਹੀਂ ਕਰ ਸਕਦਾ। ੫. ਸ਼ੱਕਰ ਨੂੰ ਯਾਦ ਕਰਨ ਨਾਲ (ਮੂੰਹ ਵਿਚ) ਸ਼ੱਕਰ ਦਾ ਸੁਆਦ ਨਹੀਂ ਆਉਂਦਾ ਤੇ ਦੀਵੇ ਤੋਂ ਬਿਨਾਂ ਅੰਨ੍ਹੇਰ ਦੂਰ ਨਹੀਂ ਹੁੰਦਾ। ੬. ਚਿਤ੍ਰਕਾਰ (ਭਾਵੇਂ) ਹਥਿਆਰਾਂ ਨਾਲ ਸਜੇ ਹੋਏ ਸਿਪਾਹੀ ਦੀ ਮੂਰਤ ਬਣਾ ਦੇਵੇ, ਪਰ ਉਹ ਮੈਦਾਨ ਵਿਚ ਜਾ ਕੇ ਲੜ ਨਹੀਂ ਸਕਦਾ। ੭. ਸੱਚ ਤੇ ਝੂਠ ਦੀ ਕਰਤੂਤ ਦਾ ਵੀਚਾਰ ਇਸ ਪ੍ਰਕਾਰ ਹੈ॥ ੮॥

੯. ਸੱਚ ਸਹਾਇਤਾ ਕਰਨ ਵਾਲਾ ਸਾਥੀ ਹੈ

੧. ਸਚੁ ਸਮਾਇਣੁ ਦੁਧ ਵਿਚਿ ਕੂੜੁ ਵਿਗਾੜੁ ਕਾਂਜੀ ਦੀ ਚੁਖੈ।
੨. ਸਚੁ ਭੋਜਨੁ ਮੁਹਿ ਖਾਵਣਾ ਇਕੁ ਦਾਣਾ ਨਕੈ ਵਲਿ ਦੁਖੈ।
੩. ਫਲਹੁ ਰੁਖ ਰੁਖਹੁ ਸੁ ਫਲੁ ਅੰਤਿ ਕਾਲਿ ਖਉ ਲਾਖਹੁ ਰੁਖੈ।
੪. ਸਉ ਵਰਿਆ ਅਗਿ ਰੁਖ ਵਿਚਿ ਭਸਮ ਕਰੈ ਅਗਿ ਬਿੰਦਕੁ ਧੁਖੈ।

੫. ਸਚੁ ਦਾਰੂ ਕੂੜੁ ਰੋਗੁ ਹੈ ਵਿਣੁ ਗੁਰ ਵੈਦ ਵੇਦਨਿ ਮਨਮੁਖੈ।
੬. ਸਚੁ ਸਥੋਈ ਕੂੜ ਠਗੁ ਲਗੈ ਦੂਖੁ ਨ ਗੁਰਮੁਖਿ ਸੁਖੈ।
੭. ਕੂੜੁ ਪਚੈ ਸਚੈ ਦੀ ਭੁਖੈ॥ ੯॥

ਪਦ ਅਰਥ - ਸਮਾਇਣੁ=ਜਾਗ। ਚੁਖੈ=ਬੂੰਦ। ਖਉ=ਨਾਸ। ਬਿੰਦਕੁ=ਥੋੜ੍ਹੀ। ਸਥੋਈ=ਸਾਥੀ।

ਅਰਥ - ੧. ਸੱਚ ਦੁੱਧ ਨੂੰ ਜਮਾਉਣ ਵਾਲੀ ਜਾਗ ਵਾਂਗੂੰ ਹੈ ਤੇ ਝੂਠ ਦੁੱਧ ਨੂੰ ਫਟਾਉਣ ਵਾਲੀ ਕਾਂਜੀ ਦੀ ਬੂੰਦ ਵਰਗਾ ਹੈ। ੨. ਸੱਚ ਮੂੰਹ ਰਸਤੇ ਭੋਜਨ ਖਾਣ ਵਰਗਾ ਸੁਖਦਾਈ ਹੈ ਤੇ ਝੂਠ ਨੱਕ ਵੱਲ ਇਕ ਦਾਣੇ ਦੇ ਜਾਣ ਵਾਂਗੂੰ ਦੁੱਖਦਾਈ ਹੈ। ੩. ਸੱਚ ਫਲ ਤੋਂ ਬ੍ਰਿਛ ਤੇ ਬ੍ਰਿਛ ਤੋਂ ਫਲ ਵਾਂਗੂੰ ਹੈ, ਪਰ ਝੂਠ ਬ੍ਰਿਛ ਨੂੰ ਲਾਖ ਪੈਣ ਵਾਂਗ ਅੰਤ ਨੂੰ ਨਾਸ ਕਰਦਾ ਹੈ। ੪. ਸੈਂਕੜੇ ਵਰ੍ਹੇ ਅੱਗ ਰੁੱਖ ਵਿਚ ਰਹਿੰਦੀ ਹੈ, ਪਰ ਥੋੜ੍ਹੀ ਜਿਹੀ ਧੁੱਖਦੀ ਅੱਗ ਬ੍ਰਿਛ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ। ੫. ਝੂਠ ਰੋਗ ਹੈ ਤੇ ਸੱਚ ਦਾਰੂ (ਔਸ਼ਧੀ) ਹੈ। ਗੁਰੂ ਵੈਦ ਤੋਂ ਬਿਨਾਂ ਮਨਮੁਖਾਂ ਨੂੰ ਵੇਦਨਿ (ਪੀੜਾ) ਬਣੀ ਰਹਿੰਦੀ ਹੈ। ੬. ਸੱਚ ਸਹਾਇਤਾ ਕਰਨ ਵਾਲਾ ਸਾਥੀ ਹੈ ਤੇ ਕੂੜ ਠੱਗ ਹੈ। ਗੁਰਮੁਖਾਂ ਨੂੰ ਝੂਠ ਦਾ ਦੁੱਖ ਨਹੀਂ ਲੱਗਦਾ, ਉਹ ਸਚਿਆਰ ਹੋਣ ਕਰਕੇ ਸੁਖੀ ਰਹਿੰਦੇ ਹਨ। ੭. ਸੱਚ ਦੀ ਭੁੱਖ ਲੱਗਿਆਂ (ਭਾਵ ਸੱਚ ਦੀ ਇੱਛਾ ਕਰਨ ਨਾਲ) ਕੂੜ ਨਾਸ ਹੋ ਜਾਂਦਾ ਹੈ॥ ੯॥

੧੦. ਸੱਚਾ ਪੁਰਸ਼ ਅਰੋਗ ਰਹਿੰਦਾ ਹੈ

੧. ਕੂੜੁ ਕਪਟ ਹਥਿਆਰ ਜਿਉ ਸਚੁ ਰਖਵਾਲਾ ਸਿਲਹ ਸੰਜੋਆ।
੨. ਕੂੜੁ ਵੈਰੀ ਨਿਤ ਜੋਹਦਾ ਸਚੁ ਸੁਮਿਤੁ ਹਿਮਾਇਤਿ ਹੋਆ।
੩. ਸੂਰਵੀਰੁ ਵਰੀਆਮੁ ਸਚੁ ਕੂੜੁ ਕੁੜਾਵਾ ਕਰਦਾ ਢੋਆ।
੪. ਨਿਹਚਲੁ ਸਚੁ ਸੁਥਾਇ ਹੈ ਲਰਜੈ ਕੂੜੁ ਕੁਥਾਇ ਖੜੋਆ।
੫. ਸਚਿ ਫੜਿ ਕੂੜੁ ਪਛਾੜਿਆ ਚਾਿ ਚਕ ਵੇਖਨ ਤ੍ਰੈ ਲੋਆ।
੬. ਕੂੜੁ ਕਪਟੁ ਰੋਗੀ ਸਦਾ ਸਚੁ ਸਦਾ ਹੀ ਨਵਾਂ ਨਿਰੋਆ।
੭. ਸਚੁ ਸਚਾ ਕੂੜੁ ਕੂੜੁ ਵਿਖੋਆ॥ ੧੦॥

ਪਦ ਅਰਥ - ਸਿਲਹ ਸੰਜੋਆ=ਲੋਹੇ ਦੀ ਸੰਜੋਅ। ਢੋਆ=ਮਿਲਾਪ। ਲਰਜੈ=ਕੰਬਦਾ ਹੈ।

ਅਰਥ - ੧. ਝੂਠ ਕਪਟ ਕਰਨ ਵਾਲੇ ਹਥਿਆਰਾਂ ਵਾਂਗੂੰ ਹੈ ਤੇ ਸੱਚ ਸਰੀਰ ਦੀ ਰੱਖਿਆ ਕਰਨ ਵਾਲੀ ਲੋਹੇ ਦੀ ਸੰਜੋਅ ਵਰਗਾ ਹੈ। ੨. ਝੂਠ ਦੁਸ਼ਮਨਾਂ ਵਾਂਗੂੰ ਸਦਾ ਤਾੜਦਾ ਰਹਿੰਦਾ ਹੈ ਤੇ ਸੱਚ ਚੰਗੇ ਮਿੱਤਰਾਂ ਵਾਂਗੂੰ ਸਹਾਇਤਾ ਕਰਦਾ ਹੈ। ੩. ਸੱਚ ਵਰਿਆਮ ਸੂਰਮਾ ਹੈ ਤੇ ਝੂਠ ਝੂਠਾ ਮਿਲਾਪ ਕਰਦਾ ਹੈ। ੪. ਸੱਚ ਅਚਲ ਤੇ ਚੰਗੀ ਥਾਂ 'ਤੇ ਖੜਾ ਹੈ ਤੇ ਝੂਠ ਗੰਦੀ ਜਗ੍ਹਾ 'ਤੇ ਖੜਾ ਕੰਬਦਾ ਹੈ। ੫. ਸੱਚ ਨੇ ਝੂਠ ਨੂੰ ਫੜ

ਕੇ ਮਾਰਿਆ ਹੈ, ਚਾਰੇ ਚੱਕ ਤੇ ਤਿੰਨਾਂ ਲੋਕਾਂ (ਦੇ ਲੋਕ) ਇਹ ਵਰਤਾਰਾ ਵੇਖਦੇ ਹਨ। ੬. ਝੂਠ (ਝੂਠਾ ਪੁਰਸ਼) ਵਲ ਛਲ ਕਰਨ ਕਰਕੇ ਸਦਾ ਰੋਗੀ ਰਹਿੰਦਾ ਹੈ ਤੇ ਸੱਚ (ਸਚਿਆਰ) ਸਦਾ ਨਵਾਂ ਨਿਰੋਆ (ਅਰੋਗ) ਰਹਿੰਦਾ ਹੈ। ੭. ਸੱਚ ਬੋਲਣ ਵਾਲਾ ਸੱਚਾ ਹੈ ਤੇ ਝੂਠ ਬੋਲਣ ਵਾਲਾ ਝੂਠਾ ਦਿਖਾਈ ਦਿੰਦਾ ਹੈ॥ ੧੦॥

੧੧. ਸੱਚ ਸੂਰਜ ਵਾਂਗੂੰ ਪ੍ਰਕਾਸ਼ਵਾਨ ਹੈ

੧. ਸਚੁ ਸੂਰਜੁ ਪਰਗਾਸੁ ਹੈ ਕੂੜਹੁ ਘੁਘੂ ਕੁਝੁ ਨ ਸੁਝੈ।
੨. ਸਚ ਵਣਸਪਤਿ ਬੋਹੀਐ ਕੂੜਹੁ ਵਾਸ ਨ ਚੰਦਨ ਬੁਝੈ।
੩. ਸਚਹੁ ਸਫਲ ਤਰੋਵਰਾ ਸਿੰਮਲੁ ਅਫਲੁ ਵਡਾਈ ਲੁਝੈ।
੪. ਸਾਵਣਿ ਵਣ ਹਰੀਆਵਲੇ ਸੁਕੈ ਅਕੁ ਜਵਾਹਾਂ ਰੁਝੈ।
੫. ਮਾਣਕ ਮੋਤੀ ਮਾਨਸਰਿ ਸੰਖਿ ਨਿਸਖਣ ਹਸਤਨ ਦੁਝੈ।
੬. ਸਚੁ ਗੰਗੋਦਕੁ ਨਿਰਮਲਾ ਕੂੜਿ ਰਲੈ ਮਦ ਪਰਗਟੁ ਗੁਝੈ।
੭. ਸਚੁ ਸਚਾ ਕੂੜੁ ਕੂੜਹੁ ਖੁਝੈ॥ ੧੧॥

ਪਦ ਅਰਥ - ਘੁਘੂ=ਉੱਲੂ। ਲੁਝੈ=ਸੜਦਾ ਹੈ। ਰੁਝੈ=ਰਿਝਦੇ ਹਨ। ਨਿਸਖਣ=ਸਖਣਾ, ਖਾਲੀ।

ਅਰਥ - ੧. ਸੱਚ ਸੂਰਜ ਦੇ ਪ੍ਰਕਾਸ਼ ਵਾਂਗੂੰ ਹੈ ਤੇ ਝੂਠ ਰੂਪ ਉੱਲੂ ਨੂੰ ਦਿਨੇ ਕੁਛ ਵੀ ਦਿਖਾਈ ਨਹੀਂ ਦਿੰਦਾ। ੨. ਸੱਚ ਉਹ ਵਣਾਸਪਤੀ ਹੈ, ਜੋ ਚੰਦਨ ਨਾਲ ਮਿਲ ਕੇ ਸੁਗੰਧਿਤ ਹੋ ਜਾਂਦੀ ਹੈ, ਪਰ ਝੂਠ ਵਾਂਸ ਵਾਂਗੂੰ ਹੈ ਜੋ ਕਦੇ ਚੰਦਨ ਨਹੀਂ ਸਮਝਿਆ ਜਾਂਦਾ। ੩. ਸੱਚ ਤਾਂ ਫਲਾਂ ਵਾਲੇ ਬ੍ਰਿਛ ਵਾਂਗ ਹੈ ਤੇ ਝੂਠ ਹਉਮੈ ਵਿਚ ਸੜਨ ਵਾਲਾ ਅਫਲ ਸਿੰਮਲ ਰੁੱਖ ਵਰਗਾ ਹੈ। ੪. ਸੱਚ ਸਾਵਣ ਵਿਚ ਹਰੇ ਬਨ ਵਰਗਾ ਹੈ, ਪਰ ਝੂਠ ਅੱਕ ਤੇ ਜਵਾਹਾਂ ਵਾਂਗੂੰ (ਕਰੋਧ ਅਗਨੀ) ਵਿਚ ਰਿਝਦਾ ਰਹਿੰਦਾ ਹੈ। ੫. ਸੱਚ ਮਾਨਸਰੋਵਰ ਦੇ ਮਾਣਕ ਤੇ ਮੋਤੀਆਂ ਵਰਗਾ ਹੈ ਤੇ ਝੂਠ ਹੱਥਾਂ ਵਿਚ ਸੱਖਣੇ ਸੰਖ ਵਾਂਗੂੰ ਨਪੀੜਿਆ ਜਾਂਦਾ ਹੈ। ੬. ਸੱਚ ਗੰਗਾ ਜਲ ਵਰਗਾ ਸ਼ੁੱਧ, ਪਵਿੱਤਰ ਤੇ ਨਿਰਮਲ ਹੈ, ਪਰ ਕੂੜ ਦੀ ਸ਼ਰਾਬ ਲੁਕਾ ਕੇ ਰੱਖਿਆਂ ਵੀ ਪ੍ਰਗਟ ਹੋ ਜਾਂਦੀ ਹੈ। ੭. (ਸਿਧਾਂਤ ਇਹ ਹੈ ਕਿ) ਸੱਚ ਹਮੇਸ਼ਾਂ ਸੱਚਾ ਹੀ ਰਹਿੰਦਾ ਹੈ ਤੇ ਝੂਠ ਬੋਲਣ ਵਾਲਾ ਝੂਠਾ ਕਿਹਾ ਜਾਂਦਾ ਹੈ॥ ੧੧॥

੧੨. ਸੱਚੇ ਪੁਰਸ਼ ਨੂੰ ਸਦਾ ਸ਼ਾਬਾਸ਼ ਮਿਲਦੀ ਹੈ

੧. ਸਚੁ ਕੂੜ ਦੁਇ ਝਾਗੜੂ ਝਗੜਾ ਕਰਦੇ ਚਉਤੈ ਆਇਆ।
੨. ਅਗੇ ਸਚਾ ਸਚਿ ਨਿਆਇ ਆਪ ਹਜੂਰਿ ਦੋਵੈ ਝਗੜਾਇਆ।
੩. ਸਚੁ ਸਚਾ ਕੂੜਿ ਕੂੜਿਆਰੁ ਪੰਚਾਂ ਵਿਚਿਦੋ ਕਰਿ ਸਮਝਾਇਆ।

੪. ਸਚਿ ਜਿਤਾ ਕੂੜਿ ਹਾਰਿਆ ਕੂੜੁ ਕੂੜਾ ਕਰਿ ਸਹਰਿ ਫਿਰਾਇਆ।
੫. ਸਚਿਆਰੈ ਸਾਬਾਸਿ ਹੈ ਕੂੜਿਆਰੈ ਫਿਟੁ ਫਿਟੁ ਕਰਾਇਆ।
੬. ਸਚ ਲਹਣਾ ਕੂੜਿ ਦੇਵਣਾ ਖਤੁ ਸਤਾਗਲੁ ਲਿਖਿ ਦੇਵਾਇਆ।
੭. ਆਪ ਠਗਾਇ ਨ ਠਗੀਐ ਠਗਣਹਾਰੈ ਆਪੁ ਠਗਾਇਆ।
੮. ਵਿਰਲਾ ਸਚੁ ਵਿਹਾਝਣ ਆਇਆ॥ ੧੨ ॥

ਪਦ ਅਰਥ - ਚਉਤੈ=ਨਿਆਂ ਕਰਨ ਵਾਲੀ ਜਗ੍ਹਾ। ਵਿਚਿਦੋ=ਵਕੀਲੀ। ਵਿਹਾਝਣ=ਖਰੀਦਣ।

ਅਰਥ - ੧. ਸੱਚ ਤੇ ਝੂਠ ਦੋਵੇਂ ਝਗੜਾ ਕਰਦੇ (ਮੁਦਈ ਤੇ ਮੁਦਾਲੈ ਰੂਪ ਹੋ ਕੇ) ਨਿਆਂ ਕਰਾਉਣ ਲਈ ਨਿਆਇ ਸਭਾ ਵਿਚ ਆਏ। ੨. ਅੱਗੇ ਨਿਆਂ ਕਰਨ ਵਾਲਾ ਹਾਕਮ ਸੱਚਾ ਹੈ, ਉਸ ਨੇ ਆਪਣੇ ਸਾਹਮਣੇ ਦੋਹਾਂ ਨੂੰ ਝਗੜਾਇਆ (ਭਾਵ ਦੋਹਾਂ ਦੇ ਬਿਆਨ ਸੁਣੇ)। ੩. ਪੰਚਾਂ ਨੇ ਵਕੀਲਾਂ ਨਾਲ ਵਿਚਾਰ ਕਰਕੇ ਸੱਚ ਨੂੰ ਸੱਚਾ ਤੇ ਝੂਠ ਨੂੰ ਝੂਠਾ ਕਹਿ ਕੇ ਸਮਝਾਇਆ। ੪. ਸੱਚ ਜਿੱਤ ਗਿਆ ਤੇ ਝੂਠੇ ਨੂੰ ਝੂਠਾ ਕਹਿ ਕੇ ਸ਼ਹਿਰ ਵਿਚ ਨਸ਼ਰ ਕੀਤਾ ਗਿਆ (ਕਿ ਇਸ ਨਾਲ ਕੋਈ ਕਾਰ ਵਿਹਾਰ ਨਾ ਕਰੇ)। ੫. ਸਚਿਆਰ ਪੁਰਸ਼ ਨੂੰ (ਹਰ ਪਾਸਿਓਂ) ਸ਼ਾਬਾਸ਼ ਮਿਲਦੀ ਹੈ ਤੇ ਝੂਠੇ ਨੂੰ ਹਰ ਕੋਈ ਲਾਹਨਤਾਂ ਹੀ ਪਾਉਂਦਾ ਹੈ। ੬. ਸੱਚ ਲਹਿਣੇਦਾਰ ਤੇ ਝੂਠ ਦੇਵਣਹਾਰ ਗਿਣਿਆਂ ਜਾਂਦਾ ਹੈ, ਪੰਚ ਲੋਕ ਸੱਤ ਗਵਾਹੀਆਂ ਪੁਆ ਕੇ ਝੂਠੇ ਕੋਲੋਂ ਇਕ ਲਿਖਤ ਲਿਖਵਾ ਕੇ ਸੱਚ ਨੂੰ ਦੇਂਦੇ ਹਨ। ੭. ਜਿਹੜਾ ਪੁਰਸ਼ ਆਪਣੇ ਆਪ ਨੂੰ ਠਗਾਉਂਦਾ ਹੈ, ਉਹ ਨਹੀਂ ਠਗਿਆ ਜਾਂਦਾ, ਸਗੋਂ ਠੱਗਣਹਾਰਾ ਆਪ ਹੀ ਠਗਿਆ ਜਾਂਦਾ ਹੈ। ੮. ਕੋਈ ਵਿਰਲਾ ਪੁਰਸ਼ ਹੀ ਇਸ ਸੰਸਾਰ ਵਿਚ ਸੱਚ ਖਰੀਦਣ ਲਈ ਆਇਆ ਹੈ॥ ੧੨ ॥

੧੩. ਪ੍ਰਭੂ ਨੂੰ ਸੱਚਾ ਪੁਰਸ਼ ਚੰਗਾ ਲੱਗਦਾ ਹੈ

੧. ਕੂੜੁ ਸੁਤਾ ਸਚੁ ਜਾਗਦਾ ਸਚੁ ਸਾਹਿਬ ਦੇ ਮਨਿ ਭਾਇਆ।
੨. ਸਚੁ ਸਚੈ ਕਰਿ, ਪਾਹਰੂ ਸਚ ਭੰਡਾਰ ਉਤੇ ਬਹਿਲਾਇਆ।
੩. ਸਚੁ ਆਗੂ ਆਨ੍ਹੇਰ ਕੂੜ ਉਝੜਿ ਦੂਜਾ ਭਾਉ ਚਲਾਇਆ।
੪. ਸਚੁ ਸਚੇ ਕਰਿ ਫਉਜਦਾਰੁ ਰਾਹੁ ਚਲਾਵਣੁ ਜੋਗੁ ਪਠਾਇਆ।
੫. ਜਗ ਭਵਜਲੁ ਮਿਲਿ ਸਾਧਸੰਗਿ ਗੁਰ ਬੋਹਿਥੈ ਚਾੜ੍ਹਿ ਤਰਾਇਆ।
੬. ਕਾਮੁ ਕ੍ਰੋਧੁ ਲੋਭੁ ਮੋਹੁ ਫੜਿ ਅਹੰਕਾਰੁ ਗਰਦਨਿ ਮਰਵਾਇਆ।
੭. ਪਾਰਿ ਪਏ ਗੁਰੁ ਪੂਰਾ ਪਾਇਆ॥ ੧੩ ॥

ਪਦ ਅਰਥ - ਪਾਹਰੂ=ਪਹਿਰੇਦਾਰ, ਰਾਖਾ। ਬੋਹਿਥੈ=ਜਹਾਜ਼।

ਅਰਥ - ੧. ਕੂੜ (ਝੂਠ) ਸੁੱਤਾ ਰਹਿੰਦਾ ਹੈ ਤੇ ਸੱਚ ਸਦਾ ਜਾਗਦਾ ਰਹਿੰਦਾ ਹੈ, ਇਸ ਲਈ

ਸੱਚੇ ਸਾਹਿਬ (ਪ੍ਰਭੂ) ਨੂੰ ਸੱਚ ਚੰਗਾ ਲੱਗਦਾ ਹੈ। ੨. ਪ੍ਰਭੂ ਨੇ ਸੱਚ ਨੂੰ ਪਹਿਰੇਦਾਰ ਬਣਾ ਕੇ ਸੱਚ ਦੇ ਖਜ਼ਾਨੇ ਦੀ ਰਾਖੀ ਕਰਨ ਲਈ ਬਿਠਾਇਆ ਹੈ। ੩. ਸੱਚ ਆਗੂ ਹੈ ਤੇ ਝੂਠ ਅੰਨ੍ਹੇਰਾ ਹੈ, ਜੋ ਲੋਕਾਂ ਨੂੰ ਦੂਜੇ ਭਾਵ ਦੀ ਉਜਾੜ ਵਿਚ ਪਾ ਦਿੰਦਾ ਹੈ। ੪. ਪ੍ਰਭੂ ਨੇ ਸੱਚ ਨੂੰ ਫੌਜਦਾਰ ਬਣਾ ਕੇ ਲੋਕਾਂ ਨੂੰ ਸਹੀ ਰਸਤਾ ਦੱਸਣ ਵਾਲਾ ਜਾਣ ਕੇ ਸੰਸਾਰ ਵਿਚ ਭੇਜਿਆ ਹੈ। ੫. ਸੱਚ ਸਰੂਪ ਸੱਚੇ ਗੁਰੂ ਨੇ ਸਾਧ ਸੰਗਤ ਰੂਪ ਜਹਾਜ਼ 'ਤੇ ਜੀਵਾਂ ਨੂੰ ਚਾੜ੍ਹ ਕੇ ਸੰਸਾਰ ਸਾਗਰ ਤੋਂ ਪਾਰ ਕਰ ਦਿੱਤਾ ਹੈ। ੬. ਕਾਮ, ਕਰੋਧ, ਲੋਭ, ਮੋਹ, ਅਹੰਕਾਰ ਆਦਿ ਵੈਰੀਆਂ ਨੂੰ ਧੌਣੋਂ ਫੜ ਕੇ ਮਰਵਾ ਦਿੱਤਾ ਹੈ। ੭. ਜਿਨ੍ਹਾਂ ਜੀਵਾਂ ਨੇ ਪੂਰੇ ਗੁਰੂ ਨੂੰ ਲੱਭ ਲਿਆ ਹੈ, ਉਹ ਇਸ ਸੰਸਾਰ ਸਾਗਰ ਤੋਂ ਪਾਰ ਹੋ ਗਏ ਹਨ (ਭਾਵ ਉਹ ਜਨਮ ਮਰਨ ਦੇ ਗੇੜ ਤੋਂ ਛੁੱਟ ਕੇ ਮੁਕਤ ਹੋ ਗਏ ਹਨ)॥ ੧੩॥

੧੪. ਗੁਰਮੁਖਾਂ ਦਾ ਮਾਰਗ ਪੂਰਨ ਪ੍ਰਤਾਪ ਵਾਲਾ ਹੈ

੧. ਲੂਣੁ ਸਾਹਿਬ ਦਾ ਖਾਇ ਕੈ ਰਣ ਅੰਦਰਿ ਲੜਿ ਮਰੈ ਸੁ ਜਾਪੈ।
੨. ਸਿਰ ਵਢੈ ਹਥੀਆਰੁ ਕਰਿ ਵਰੀਆਮਾ ਵਰਿਆਮੁ ਸਿਞਾਪੈ।
੩. ਤਿਸੁ ਪਿਛੈ ਜੋ ਇਸਤਰੀ ਥਪਿ ਥੇਈ ਦੇ ਵਰੈ ਸਰਾਪੈ।
੪. ਪੋਤੈ ਪੁਤ ਵਡੀਰੀਅਨਿ ਪਰਵਾਰੈ ਸਾਧਾਰੁ ਪਰਾਪੈ।
੫. ਵਖਤੈ ਉਪਰਿ ਲੜਿ ਮਰੈ ਅੰਮ੍ਰਿਤ ਵੇਲੈ ਸਬਦੁ ਅਲਾਪੈ।
੬. ਸਾਧਸੰਗਤਿ ਵਿਚਿ ਜਾਇ ਕੈ ਹਉਮੈ ਮਾਰਿ ਮਰੈ ਆਪੁ ਆਪੈ।
੭. ਲੜਿ ਮਰਣਾ ਤੈ ਸਤੀ ਹੋਣੁ ਗੁਰਮੁਖਿ ਪੰਥੁ ਪੂਰਣ ਪਰਤਾਪੈ।
੮. ਸਚਿ ਸਿਦਕ ਸਚ ਪੀਰੁ ਪਛਾਪੈ॥ ੧੪॥

ਪਦ ਅਰਥ - ਰਣ=ਮੈਦਾਨਿ ਜੰਗ। ਪੀਰੁ=ਗੁਰੂ।

ਅਰਥ - ੧. ਮਾਲਕ ਦਾ ਲੂਣ ਖਾ ਕੇ ਜਿਹੜਾ ਸਿਪਾਹੀ ਮੈਦਾਨ ਵਿਚ ਲੜ ਕੇ ਮਰਦਾ ਹੈ, ਉਹ (ਨਿਮਕ ਹਲਾਲ) ਜਾਪਦਾ ਹੈ। ੨. ਜਿਹੜਾ ਸ਼ਸਤ੍ਰਾਂ ਨਾਲ ਵੈਰੀਆਂ ਦਾ ਸਿਰ ਵਢਦਾ ਹੈ, ਉਹ ਬਹਾਦਰ ਤੋਂ ਬਹਾਦਰ ਜਾਣਿਆਂ ਜਾਂਦਾ ਹੈ। ੩. (ਉਸ ਬਹਾਦਰ ਦੇ ਮਰਨ) ਪਿੱਛੋਂ ਜਿਹੜੀ ਇਸਤ੍ਰੀ ਸਤੀ ਹੋ ਕੇ ਉਸ ਨਾਲ ਮਰਦੀ ਹੈ, ਉਸ ਦੇ ਸੰਬੰਧੀ ਉਸ ਨੂੰ ਵਰ ਤੇ ਸਰਾਪ ਦੇਣ ਵਾਲੀ ਜਾਣ ਕੇ ਉਸ ਦੀ ਥਈ ਰੱਖਦੇ ਹਨ। (ਭਾਵ ਸਤੀ ਦੇ ਸੰਬੰਧੀ ਪਹਿਲਾਂ ਸਤੀ ਦੀ ਭੇਟ ਕਰਕੇ ਪਿੱਛੋਂ ਆਪ ਖਾਣਾ ਖਾਂਦੇ ਹਨ)। ੪. (ਸਤੀ ਦੇ) ਪੁੱਤਰ ਪੋਤਰਿਆਂ ਦੀ ਲੋਕ ਵਡਿਆਈ ਕਰਦੇ ਹਨ ਤੇ ਉਸਦੇ ਪਰਿਵਾਰ ਨੂੰ ਲਾਭ ਪੁੱਜਦਾ ਹੈ। ੫. (ਇਸੇ ਤਰ੍ਹਾਂ ਜਿਹੜਾ ਪੁਰਸ਼) ਕਾਮ ਕਰੋਧ ਆਦਿ ਵੈਰੀਆਂ ਨਾਲ ਲੜਦੇ ਹਨ ਤੇ ਅੰਮ੍ਰਿਤ ਵੇਲੇ ਗੁਰੂ ਦੇ ਸ਼ਬਦ (ਗੁਰਬਾਣੀ) ਦਾ ਜਾਪ ਕਰਦੇ ਹਨ ਤੇ ੬. ਸਾਧ ਸੰਗਤ ਵਿਚ ਜਾ ਕੇ ਆਪਣੀ ਹਉਮੈ ਨੂੰ ਮਾਰ ਕੇ ਅਪਣੱਤ ਖਤਮ ਕਰ ਦਿੰਦੇ ਹਨ (ਉਹ ਅਸਲ ਸੂਰਮੇ ਹਨ)। ੭. (ਜਿਸ ਤਰ੍ਹਾਂ) ਮਾਲਕ ਲਈ

ਲੜ ਕੇ ਮਰਨਾ ਤੇ ਪਤੀ ਨਾਲ ਸਤੀ ਹੋਣਾ ਵਡਿਆਈ ਵਾਲਾ ਕੰਮ ਗਿਣਿਆਂ ਜਾਂਦਾ ਹੈ, (ਇਸੇ ਤਰ੍ਹਾਂ) ਗੁਰਮੁਖਾਂ ਦਾ ਮਾਰਗ ਪੂਰਨ ਪ੍ਰਤਾਪ ਵਾਲਾ ਹੈ। ੮. ਜਿਸ ਵਿਚ ਪ੍ਰਭੂ ਤੇ ਸੱਚਾ ਸਿਦਕ ਹੈ, ਉਹੋ ਸੱਚਾ ਪੀਰ (ਗੁਰੂ) ਪਛਾਣਿਆਂ ਜਾਂਦਾ ਹੈ॥ ੧੪॥

੧੫. ਗੁਰਮੁਖ ਲੋਕ-ਪਰਲੋਕ ਵਿਚ ਸੁਰਖਰੂ ਹਨ

੧. ਨਿਹਚਲੁ ਸਚਾ ਥੇਹੁ ਹੈ ਸਾਧਸੰਗੁ ਪੰਜੇ ਪਰਧਾਨਾ।
੨. ਸਤਿ ਸੰਤੋਖੁ ਦਇਆ ਧਰਮੁ ਅਰਥੁ ਸਮਰਥੁ ਸਭੋ ਬੰਧਾਨਾ।
੩. ਗੁਰ ਉਪਦੇਸੁ ਕਮਾਵਣਾ ਗੁਰਮੁਖਿ ਨਾਮੁ ਦਾਨੁ ਇਸਨਾਨਾ।
੪. ਮਿਠਾ ਬੋਲਣੁ ਨਿਵਿ ਚਲਣੁ ਹਥਹੁ ਦੇਣ ਭਗਤਿ ਗੁਰ ਗਿਆਨਾ।
੫. ਦੁਹੀ ਸਰਾਈ ਸੁਰਖਰੂ ਸਚੁ ਸਬਦੁ ਵਜੈ ਨੀਸਾਨਾ।
੬. ਚਲਣੁ ਜਿੰਨ੍ਹੀ ਜਾਣਿਆ ਜਗ ਅੰਦਰਿ ਵਿਰਲੇ ਮਿਹਮਾਨਾ।
੭. ਆਪ ਗਵਾਏ ਤਿਸੁ ਕੁਰਬਾਨਾ॥ ੧੫॥

ਪਦ ਅਰਥ - ਥੇਹੁ=ਪਿੰਡ। ਬੰਧਾਨਾ=ਪ੍ਰਬੰਧ। ਦੁਹੀ ਸਰਾਈ=ਲੋਕ ਪਰਲੋਕ। ਨੀਸਾਨਾ=ਨਗਾਰਾ। ਮਿਹਮਾਨਾ=ਪ੍ਰਾਹੁਣੇ।

ਅਰਥ - ੧. ਸਾਧ ਸੰਗਤ ਰੂਪੀ ਪਿੰਡ ਅਚਲ ਹੈ, ਤੇ ਇਸ ਵਿਚ ਪੰਜਾਂ ਗੁਣਾਂ ਦੀ ਪ੍ਰਧਾਨਗੀ ਹੈ। ੨. (ਇਥੇ) ਸਤ, ਸੰਤੋਖ, ਦਇਆ, ਧਰਮ ਤੇ ਅਰਥ ਦੇ ਸਾਰੇ ਪ੍ਰਬੰਧ ਸਮਰੱਥ (ਮੁਕੰਮਲ) ਹਨ। ੩. ਗੁਰਮੁਖ ਗੁਰੂ ਦਾ ਉਪਦੇਸ਼ ਲੈ ਕੇ ਨਾਮ, ਦਾਨ ਤੇ ਇਸ਼ਨਾਨ (ਤਿੰਨੇ ਸ਼ੁਭ ਕਰਮਾਂ ਦੀ) ਕਮਾਈ ਕਰਦੇ ਹਨ। ੪. (ਗੁਰੂ ਦੇ ਸਿੱਖ) ਮਿੱਠਾ ਬੋਲਦੇ ਹਨ, ਨਿਉਂਕੇ (ਨਿਮ੍ਰਤਾ ਵਿਚ) ਚਲਦੇ ਹਨ, (ਆਪਣੀ ਧਰਮ ਦੀ ਕਮਾਈ ਵਿਚੋਂ) ਦਾਨ ਕਰਦੇ ਹਨ ਤੇ ਗੁਰੂ ਦੇ ਗਿਆਨ ਦੀ ਭਗਤੀ ਕਰਦੇ ਹਨ। ੫. (ਐਸੇ ਗੁਰਮੁਖ) ਲੋਕ ਤੇ ਪਰਲੋਕ ਵਿਚ ਸੁਰਖਰੂ (ਉੱਜਲ ਮੁਖ) ਹੁੰਦੇ ਹਨ ਤੇ ਉਹਨਾਂ ਲਈ ਸੱਚੇ ਸ਼ਬਦ ਦੇ ਨਗਾਰੇ ਵੱਜਦੇ ਹਨ। ੬. ਜਿਨ੍ਹਾਂ ਨੇ ਇਸ ਸੰਸਾਰ ਵਿਚੋਂ ਚਲੇ ਜਾਣ ਨੂੰ ਸੱਚ ਕਰਕੇ ਜਾਣਿਆਂ ਹੈ, ਐਸੇ ਪ੍ਰਾਹੁਣੇ ਜਗਤ ਵਿਚ ਵਿਰਲੇ ਹਨ। ੭. ਆਪਾ ਭਾਵ (ਹਉਮੈ-ਹੰਗਤਾ) ਨੂੰ ਗੁਆਉਣ ਵਾਲੇ (ਗੁਰਮੁਖਾਂ) ਤੋਂ ਮੈਂ ਕੁਰਬਾਨ ਜਾਂਦਾ ਹਾਂ॥ ੧੫॥

੧੬. ਪਾਪਾਂ ਦਾ ਫਲ ਦੁਖਦਾਈ ਹੁੰਦਾ ਹੈ

੧. ਕੂੜ ਅਹੀਰਾਂ ਪਿੰਡੁ ਹੈ ਪੰਜ ਦੂਤ ਵਸਨਿ ਬੁਰਿਆਰਾ।
੨. ਕਾਮ ਕਰੋਧੁ ਵਿਰੋਧੁ ਨਿਤ ਲੋਭ ਮੋਹ ਧ੍ਰੋਹੁ ਅਹੰਕਾਰਾ।

੩. ਖਿੰਜੋਤਾਣੁ ਅਸਾਧੁ ਸੰਗੁ ਵਰਤੈ ਪਾਪੈ ਦਾ ਵਰਤਾਰਾ।
੪. ਪਰ ਧਨ ਪਰ ਨਿੰਦਾ ਪਿਆਰੁ ਪਰ ਨਾਰੀ ਸਿਉ ਵਡੇ ਵਿਕਾਰਾ।
੫. ਖਲੁਹਲੁ ਮੂਲਿ ਨ ਚੁਕਈ ਰਾਜ ਡੰਡੁ ਜਮ ਡੰਡੁ ਕਰਾਰਾ।
੬. ਦੂਹੀ ਸਰਾਈ ਜਰਦਰੂ ਜੰਮਣ ਮਰਣ ਨਰਕਿ ਅਵਤਾਰਾ।
੭. ਅਗੀ ਫਲ ਹੋਵਨਿ ਅੰਗਿਆਰਾ॥ ੧੬॥

ਪਦ ਅਰਥ - ਅਹੀਰਾਂ ਪਿੰਡੁ=ਸ਼ਿਕਾਰੀਆਂ ਦਾ ਪਿੰਡ। ਵਡੇ ਵਿਕਾਰਾ=ਵੱਡੇ ਪਾਪ। ਖਲੁਹਲੁ=ਭੜਥੂ। ਜਰਦਰੂ=ਸ਼ਰਮਿੰਦਾ।

ਅਰਥ - ੧. ਝੂਠ ਸ਼ਿਕਾਰੀਆਂ (ਲੁਟੇਰਿਆਂ) ਦਾ ਪਿੰਡ ਹੈ, ਜਿਸ ਵਿਚ ਪੰਜੇ ਦੂਤ (ਕਾਮ, ਕ੍ਰੋਧ ਆਦਿ) ਬੁਰਿਆਰ ਵਸਦੇ ਹਨ। ੨. (ਇਥੇ) ਕਾਮ, ਕਰੋਧ ਆਦਿ ਦੇ ਸਦਾ ਹੀ ਝਗੜੇ ਚਲਦੇ ਰਹਿੰਦੇ ਹਨ ਤੇ ਲੋਭ, ਮੋਹ ਤੇ ਹੰਕਾਰ ਆਦਿ ਧਰੋਹੀਆਂ ਦਾ ਵਾਸਾ ਰਹਿੰਦਾ ਹੈ। ੩. (ਇਥੇ) ਖੋਟਿਆਂ ਦੀ ਕੁਸੰਗਤ ਵਿਚ ਪਾਟੋਧਾੜ ਪਈ ਰਹਿੰਦੀ ਹੈ ਤੇ ਪਾਪ ਦਾ ਵਰਤਾਰਾ ਹੀ ਵਰਤਦਾ ਹੈ। ੪. (ਇਥੋਂ ਦੇ ਵਾਸੀ) ਪਰਾਇਆ ਧਨ ਚੁਰਾਉਂਦੇ ਹਨ, ਪਰਾਈ ਨਿੰਦਾ ਕਰਦੇ ਹਨ ਤੇ ਪਰਾਈਆਂ ਇਸਤ੍ਰੀਆਂ ਨਾਲ ਪਿਆਰ ਕਰਨ ਵਰਗੇ ਵੱਡੇ ਵਿਕਾਰ ਕਰਦੇ ਹਨ ਤੇ ੫. ਉਹਨਾਂ ਦੇ ਮਨ ਦਾ ਭੜਥੂ (ਘਬਰਾਹਟ) ਕਦੇ ਵੀ ਨਾਸ ਨਹੀਂ ਹੁੰਦਾ ਤੇ ਉਹ ਕਰੜਾ ਰਾਜ-ਦੰਡ ਤੇ ਜਮ-ਦੰਡ ਸਹਿੰਦੇ ਹਨ। ੬. ਲੋਕ ਪਰਲੋਕ ਵਿਚ ਉਹ ਸ਼ਰਮਿੰਦੇ ਹੁੰਦੇ ਹਨ ਤੇ ਜੰਮਣ ਮਰਨ ਦੇ ਚੱਕਰ ਵਿਚ ਪਏ ਰਹਿੰਦੇ ਹਨ ਤੇ ਨਰਕਾਂ ਦੇ ਦੁੱਖ ਸਹਾਰਦੇ ਹਨ। ੭. ਅੱਗ ਦਾ ਫਲ ਅੰਗਿਆਰ ਹੀ ਹੁੰਦੇ ਹਨ (ਭਾਵ ਪਾਪਾਂ ਦਾ ਫਲ ਦੁਖਦਾਈ ਹੁੰਦਾ ਹੈ)॥ ੧੬॥

੧੭. ਸੱਚ ਵਿਚ ਝੂਠ ਦੀ ਮਿਲਾਵਟ ਨਹੀਂ ਹੋ ਸਕਦੀ

੧. ਸਚੁ ਸਪੂਰਣ ਨਿਰਮਲਾ ਤਿਸੁ ਵਿਚਿ ਕੂੜੁ ਨ ਰਲਦਾ ਰਾਈ।
੨. ਅਖੀ ਕਤੁ ਨ ਸੰਜਰੈ ਤਿਣੁ ਅਉਖਾ ਦੁਖਿ ਰੈਣਿ ਵਿਹਾਈ।
੩. ਭੋਜਣ ਅੰਦਰਿ ਮਖਿ ਜਿਉ ਹੋਇ ਦੁਕੁਧਾ ਫੇਰਿ ਕਢਾਈ।
੪. ਰੂਈ ਅੰਦਰਿ ਚਿਣਗ ਵਾਂਗ ਦਾਹਿ ਭਸਮੰਤੁ ਕਰੇ ਦੁਖਦਾਈ।
੫. ਕਾਂਜੀ ਦੁਧੁ ਕੁਸੁਧ ਹੋਇ ਫਿਟੈ ਸਾਦਹੁ ਵੰਨਹੁ ਜਾਈ।
੬. ਮਹੁਰਾ ਚੁਖਕੁ ਚਖਿਆ ਪਾਤਿਸਾਹਾ ਮਾਰੈ ਸਹਮਾਈ।
੭. ਸਚਿ ਅੰਦਰਿ ਕਿਉ ਕੂੜੁ ਸਮਾਈ॥ ੧੭॥

ਪਦ ਅਰਥ - ਤਿਣੁ=ਤੀਲਾ। ਮਖਿ=ਮੱਖੀ। ਸਹਮਾਈ=ਝਟ ਪਟ।

ਅਰਥ - ੧. ਸੱਚ ਪੂਰਨ ਤੌਰ 'ਤੇ ਨਿਰਮਲ (ਉੱਜਲਾ) ਹੁੰਦਾ ਹੈ, ਉਸ ਵਿਚ ਝੂਠ ਰਾਈ ਮਾਤਰ

ਵੀ ਨਹੀਂ ਰਲ ਸਕਦਾ। ੨. (ਜਿਵੇਂ) ਅੱਖ ਵਿਚ ਜ਼ਰਾ ਜਿੰਨਾ ਤੀਲਾ ਵੀ ਨਹੀਂ ਸਮਾਉਂਦਾ, ਜੇ ਤੀਲਾ ਪੈ ਜਾਵੇ ਤਾਂ ਸਾਰੀ ਰਾਤ ਦੁੱਖ ਵਿਚ ਬੀਤਦੀ ਹੈ। ੩. (ਜਿਵੇਂ) ਖਾਣੇ ਵਿਚ ਮੱਖੀ ਪੈ ਜਾਵੇ ਤਾਂ ਉਹ ਉਤਾੜਾਂ ਕਰਕੇ ਭੋਜਨ ਨੂੰ ਬਾਹਰ ਕਢਾ ਦਿੰਦੀ ਹੈ। ੪. (ਜਿਵੇਂ) ਰੂੰ ਵਿਚ ਅੱਗ ਦੀ ਚਿੰਣਗ ਪੈ ਜਾਵੇ ਤਾਂ ਉਹ ਸਾਰੀ ਰੂੰ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ। ੫. ਜੇ ਦੁੱਧ ਵਿਚ ਕਾਂਜੀ ਦੀ ਛਿਟ ਪੈ ਜਾਵੇ ਤਾਂ ਸਾਰਾ ਦੁੱਧ ਫਿਟ ਜਾਂਦਾ ਹੈ ਤੇ ਉਸ ਦਾ ਸੁਆਦ ਤੇ ਰੰਗ ਵਿਗੜ ਜਾਂਦਾ ਹੈ। ੬. ਥੋੜ੍ਹਾ ਜਿਹਾ ਜ਼ਹਿਰ ਭਾਵੇਂ ਬਾਦਸ਼ਾਹ ਵੀ ਚਖੇ ਤਾਂ ਉਹ ਉਸ ਨੂੰ ਝਟ ਪਟ ਮਾਰ ਦਿੰਦਾ ਹੈ। ੭. (ਇਸੇ ਤਰ੍ਹਾਂ) ਸੱਚ ਅੰਦਰ ਝੂਠ ਦੀ ਸਮਾਈ ਕਿਸ ਤਰ੍ਹਾਂ ਹੋ ਸਕਦੀ ਹੈ? (ਭਾਵ ਕਿਸੇ ਸੂਰਤ ਵਿਚ ਇਹ ਗੱਲ ਨਹੀਂ ਹੋ ਸਕਦੀ॥ ੧੭॥

੧੮. ਕੂੜ ਨਾ ਪੁੱਜੇ ਸੱਚ ਨੂੰ

੧. ਗੁਰਮੁਖਿ ਸਚੁ ਅਲਿਪਤੁ ਹੈ ਕੂੜਹੁ ਲੇਪੁ ਨ ਲਗੈ ਭਾਈ।
੨. ਚੰਦਨ ਸਪੀਂ ਵੇੜਿਆ ਚੜ੍ਹੈ ਨ ਵਿਸੁ ਨ ਵਾਸੁ ਘਟਾਈ।
੩. ਪਾਰਸੁ ਅੰਦਰਿ ਪਥਰਾਂ ਅਸਟ ਧਾਤੁ ਮਿਲਿ ਵਿਗੜਿ ਨ ਜਾਈ।
੪. ਗੰਗ ਸੰਗਿ ਅਪਵਿਤ੍ਰ ਜਲੁ ਕਰਿ ਨ ਸਕੈ ਅਪਵਿਤ੍ਰ ਮਿਲਾਈ।
੫. ਸਾਇਰ ਅਗਿ ਨ ਲਗਈ ਮੇਰੁ ਸੁਮੇਰੁ ਨ ਵਾਉ ਡੁਲਾਈ।
੬. ਬਾਣੁ ਨ ਧੁਰਿ ਅਸਮਾਣਿ ਜਾਇ ਵਾਹੇਂਦੜੁ ਪਿਛੈ ਪਛੁਤਾਈ।
੭. ਓੜਕਿ ਕੂੜੁ ਕੂੜੋ ਹੁਇ ਜਾਈ॥ ੧੮॥

ਪਦ ਅਰਥ - ਅਲਿਪਤੁ=ਨਿਰਲੇਪ। ਸਾਇਰ=ਸਮੁੰਦਰ। ਵਾਹੇਂਦੜੁ=ਮਾਰਨ ਵਾਲਾ।

ਅਰਥ - ੧. ਹੇ ਗੁਰਮੁਖ ਭਾਈ! ਸੱਚ ਸਦਾ ਨਿਰਲੇਪ ਰਹਿੰਦਾ ਹੈ, ਉਸ ਨੂੰ ਝੂਠ ਦਾ ਲੇਪ (ਦੋਸ਼) ਨਹੀਂ ਲੱਗਦਾ। ੨. (ਜਿਵੇਂ) ਚੰਦਨ ਦਾ ਬ੍ਰਿਛ ਸੱਪਾਂ ਨਾਲ ਘਿਰਿਆ ਰਹਿੰਦਾ ਹੈ, ਪਰ ਉਸ ਨੂੰ ਸੱਪਾਂ ਦੀ ਜ਼ਹਿਰ ਨਹੀਂ ਚੜ੍ਹਦੀ ਤੇ ਨਾ ਹੀ ਉਸ ਦੀ ਸੁਗੰਧੀ ਘਟਦੀ ਹੈ। ੩. (ਜਿਵੇਂ) ਪਾਰਸ ਪੱਥਰਾਂ ਅੰਦਰ ਰਹਿੰਦਾ ਹੈ, ਪਰ ਅੱਠਾਂ ਧਾਤਾਂ ਨਾਲ ਮਿਲ ਕੇ ਉਹ ਵਿਗੜਦਾ ਨਹੀਂ। ੪. (ਜਿਵੇਂ) ਗੰਗਾ ਦੇ ਪਵਿੱਤਰ ਜਲ ਨੂੰ ਗੰਦਾ ਪਾਣੀ ਮਿਲ ਕੇ ਅਪਵਿੱਤਰ ਨਹੀਂ ਕਰ ਸਕਦਾ। ੫. (ਜਿਵੇਂ) ਸਮੁੰਦਰ ਨੂੰ ਅੱਗ ਨਹੀਂ ਲੱਗ ਸਕਦੀ ਤੇ ਸੁਮੇਰ ਪਰਬਤ ਨੂੰ ਹਵਾ ਨਹੀਂ ਹਿਲਾ ਸਕਦੀ। ੬. (ਜਿਵੇਂ) ਤੀਰ ਧੁਰ ਆਕਾਸ਼ ਤਕ ਨਹੀਂ ਜਾਂਦਾ ਤੇ ਮਾਰਨ ਵਾਲਾ ਪਿੱਛੋਂ ਪਛੁਤਾਉਂਦਾ ਹੈ। ੭. (ਇਸੇ ਤਰ੍ਹਾਂ) ਝੂਠ ਓੜਕ ਨੂੰ ਝੂਠ ਹੀ ਰਹਿੰਦਾ ਹੈ, (ਉਹ ਸੱਚ ਨਹੀਂ ਹੋ ਸਕਦਾ। "ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ")॥ ੧੮॥

੧੯. ਸੱਚਾ ਪੁਰਸ਼ ਪ੍ਰਭੂ ਦੀ ਹਜ਼ੂਰੀ ਵਿਚ ਸ਼ੋਭਦਾ ਹੈ

੧. ਸਚੁ ਸਚਾਵਾ ਮਾਣੁ ਹੈ ਕੂੜ ਕੂੜਾਵੀ ਮਣੀ ਮਣੂਰੀ।

੨. ਕੂੜੈ ਕੂੜੀ ਪਾਇ ਹੈ ਸਚੁ ਸਚਾਵੀ ਗੁਰਮਤਿ ਪੂਰੀ।
੩. ਕੂੜੈ ਕੂੜਾ ਜੋਰਿ ਹੈ ਸਚਿ ਸਤਾਣੀ ਗਰਬ ਗਰੂਰੀ।
੪. ਕੂੜੁ ਨ ਦਰਗਹ ਮੰਨੀਐ ਸਚੁ ਸੁਹਾਵਾ ਸਦਾ ਹਜੂਰੀ।
੫. ਸੁਕਰਾਨਾ ਹੈ ਸਚੁ ਘਰਿ ਕੂੜੁ ਕੁਫਰ ਘਰਿ ਨਾ ਸਾਬੂਰੀ।
੬. ਹਸਤਿ ਚਾਲ ਹੈ ਸਚ ਦੀ ਕੂੜਿ ਕੁਢੰਗੀ ਚਾਲ ਭੇਡੂਰੀ।
੭. ਮੂਲੀ ਪਾਨ ਡਿਕਾਰ ਜਿਉ ਮੁਲਿ ਨ ਤੁਲਿ ਲਸਣੁ ਕਸਤੂਰੀ॥
੮. ਬੀਜੈ ਵਿਸੁ ਨ ਖਾਵੈ ਚੂਰੀ॥੧੯॥

ਪਦ ਅਰਥ - ਮਣੀ ਮਨੂਰੀ=ਸ਼ੋਭਾ। ਗਰੂਰੀ=ਮਾਣ। ਸਾਬੂਰੀ=ਸਬਰ, ਸੰਤੋਖ। ਹਸਤਿ=ਹਾਥੀ। ਭੇਡੂਰੀ=ਭੇਡਾਂ ਵਾਲੀ।

ਅਰਥ - ੧. ਸੱਚ ਦਾ ਸਦਾ ਹੀ ਸਤਿਕਾਰ ਹੁੰਦਾ ਹੈ ਤੇ ਝੂਠ ਦੀ ਮਨੌਤ ਜਾਂ ਸ਼ੋਭਾ ਝੂਠੀ ਹੀ ਹੁੰਦੀ ਹੈ। ੨. ਝੂਠਿਆਂ ਦੀ ਇਜ਼ਤ ਝੂਠੀ ਹੈ ਅਤੇ ਸੱਚਿਆਂ ਦੀ, ਗੁਰੂ ਦੀ ਸਿੱਖਿਆ ਦੀ ਕਮਾਈ ਕਰਨ ਕਰਕੇ ਸੱਚੀ ਇਜ਼ਤ ਹੁੰਦੀ ਹੈ। ੩. ਝੂਠਿਆਂ ਦਾ ਜ਼ੋਰ ਝੂਠਾ ਹੁੰਦਾ ਹੈ ਤੇ ਸੱਚਿਆਂ ਦਾ ਸ਼ੁੱਧ ਮਾਣ ਗੰਭੀਰਤਾ ਵਾਲਾ ਤੇ ਬਲਵਾਨ ਹੁੰਦਾ ਹੈ। ੪. ਪ੍ਰਭੂ ਦੀ ਸੱਚੀ ਦਰਗਾਹ ਵਿਚ ਕੂੜਿਆਰ ਦੀ ਮਾਨਤਾ ਨਹੀਂ ਹੁੰਦੀ ਤੇ ਸੱਚਾ (ਪੁਰਸ਼) ਹਮੇਸ਼ਾਂ ਪ੍ਰਭੂ ਦੀ ਹਜ਼ੂਰੀ ਵਿਚ ਸ਼ੋਭਦਾ ਹੈ। ੫. ਸਚਿਆਰ ਸਦਾ ਪ੍ਰਭੂ ਦਾ ਸ਼ੁਕਰਾਨਾ (ਧੰਨਵਾਦ) ਕਰਦਾ ਹੈ ਤੇ ਝੂਠੇ ਦੇ ਘਰ ਵਿਚ ਕੁਫਰ ਤੇ ਨਾਸਾਬੂਰੀ ਹੁੰਦੀ ਹੈ। ੬. ਸੱਚ ਦੀ ਚਾਲ ਮਸਤ ਹਾਥੀ ਵਾਂਗੂੰ ਹੈ ਤੇ ਝੂਠੇ ਦੀ ਚਾਲ ਭੇਡਾਂ ਵਰਗੀ ਕੁਢੰਗੀ ਹੁੰਦੀ ਹੈ। ੭. ਮੂਲੀ ਤੇ ਪਾਨ ਦੇ ਡਕਾਰ ਵਾਂਗੂੰ ਥੋਮ ਤੇ ਕਸਤੂਰੀ ਦਾ ਮੁੱਲ ਬਰਾਬਰ ਨਹੀਂ ਹੁੰਦਾ। ੮. ਜ਼ਹਿਰ ਬੀਜ ਕੇ ਕੋਈ ਚੂਰੀ ਨਹੀਂ ਖਾ ਸਕਦਾ (ਭਾਵ ਖੋਟੇ ਕਰਮਾਂ ਤੋਂ ਭਲੇ ਦੀ ਆਸ ਰੱਖਣੀ ਬੇਅਰਥ ਹੈ)॥੧੯॥

੨੦. ਜੈਸਾ ਬੀਜੈ ਸੋ ਲੁਣੈ

੧. ਸਚੁ ਸੁਭਾਉ ਮਜੀਠ ਦਾ ਸਹੈ ਅਵਟਣ ਰੰਗੁ ਚੜ੍ਹਾਏ।
੨. ਸਣ ਜਿਉ ਕੂੜੁ ਸੁਭਾਉ ਹੈ ਖਲ ਕਢਾਇ ਵਟਾਇ ਬਨਾਏ।
੩. ਚੰਨਣ ਪਰਉਪਕਾਰੁ ਕਰਿ ਅਫਲ ਸਫਲ ਵਿਚਿ ਵਾਸੁ ਵਸਾਏ।
੪. ਵਡਾ ਵਿਕਾਰੀ ਵਾਂਸੁ ਹੈ ਹਉਮੈ ਜਲੈ ਗਵਾਂਢੁ ਜਲਾਏ।
੫. ਜਾਣ ਅਮਿਓ ਰਸੁ ਕਾਲਕੂਟੁ ਖਾਧੈ ਮਰੈ ਮੁਏ ਜੀਵਾਏ।
੬. ਦਰਗਹ ਸਚੁ ਕਬੂਲੁ ਹੈ ਕੂੜਹੁ ਦਰਗਹ ਮਿਲੈ ਸਜਾਏ।
੭. ਜੋ ਬੀਜੈ ਸੋਈ ਫਲੁ ਖਾਏ॥੨੦॥੩੦॥

ਪਦ ਅਰਥ - ਅਵਟਣ=ਅੱਗ ਦਾ ਉਬਾਲ। ਅਮਿਓ=ਅੰਮ੍ਰਿਤ। ਕਾਲਕੂਟੁ=ਜ਼ਹਿਰ।

ਅਰਥ - ੧. ਸੱਚ ਦਾ ਸੁਭਾਉ ਮਜੀਠ ਵਾਂਗੂੰ ਹੈ, ਜੋ ਉਬਾਲੇ ਸਹਿ ਕੇ (ਕੱਪੜੇ 'ਤੇ) ਪੱਕਾ ਰੰਗ ਚੜ੍ਹਾਉਂਦੀ ਹੈ। ੨. ਕੂੜ ਦਾ ਸੁਭਾਅ ਸਣ ਵਰਗਾ ਹੈ, ਜੋ ਆਪਣੀ ਖੱਲ ਲੁਹਾ ਕੇ ਵੀ ਲੋਕਾਂ ਦੇ ਬੰਨ੍ਹਣ ਲਈ ਰੱਸੇ ਬਣਾਉਂਦੀ ਹੈ। ੩. ਚੰਦਨ ਦਾ ਬੂਟਾ ਪਰਉਪਕਾਰੀ ਹੁੰਦਾ ਹੈ, ਜੋ ਫਲ-ਹੀਨ ਬਿਛਾਂ ਨੂੰ ਵਾਸ਼ਨਾ ਵਾਲਾ ਕਰਕੇ ਸਫਲ ਕਰ ਦਿੰਦਾ ਹੈ (ਇਸੇ ਤਰ੍ਹਾਂ ਸੱਚਾ ਪੁਰਸ਼ ਪਰਉਪਕਾਰੀ ਹੁੰਦਾ ਹੈ)। ੪. (ਝੂਠਾ ਪੁਰਸ਼) ਵਾਂਸ ਵਾਂਗੂੰ ਵਿਕਾਰੀ (ਨਿਕੰਮਾ) ਹੁੰਦਾ ਹੈ, ਜੋ ਆਪ ਹਉਮੈ ਵਿਚ ਸੜਦਾ ਹੈ ਤੇ ਗੁਆਂਢੀਆਂ ਨੂੰ ਸਾੜਦਾ ਹੈ। ੫. ਅੰਮ੍ਰਿਤ ਰਸ ਦੇ ਚਖਣ ਨਾਲ ਮੋਇਆ ਪੁਰਸ਼ ਜਿਉ ਪੈਂਦਾ ਹੈ ਤੇ ਜ਼ਹਿਰ ਨੂੰ ਖਾ ਕੇ ਜਿਉਂਦਾ ਆਦਮੀ ਮਰ ਜਾਂਦਾ ਹੈ। (ਇਸੇ ਤਰ੍ਹਾਂ ਸੱਚ ਤੇ ਝੂਠ ਨੂੰ ਜਾਣੋ)। ੬. ਪ੍ਰਭੂ ਦਰਗਾਹ ਵਿਚ ਸੱਚ ਪ੍ਰਵਾਨ ਹੁੰਦਾ ਹੈ ਤੇ ਝੂਠੇ ਨੂੰ ਸਜ਼ਾ ਮਿਲਦੀ ਹੈ। ੭. ਜਿਹੋ ਜਿਹਾ ਬੀਜ ਕੋਈ ਬੀਜਦਾ ਹੈ, ਉਹੋ ਜਿਹਾ ਫਲ ਉਹ ਖਾਂਦਾ ਹੈ॥ ੨੦॥ ੩੦॥

ਵਾਰ ੩੧

ੴ ਸਤਿਗੁਰ ਪ੍ਰਸਾਦਿ॥

੧. ਗੁਣਾਂ ਤੇ ਔਗੁਣਾਂ ਦਾ ਵਿਚਾਰ

੧. ਸਾਇਰ ਵਿਚਹੁ ਨਿਕਲੈ ਕਾਲਕੂਟੁ ਤੈ ਅੰਮ੍ਰਿਤ ਵਾਣੀ।
੨. ਉਤ ਖਾਧੈ ਮਰਿ ਮੁਕੀਐ ਉਤੁ ਖਾਧੈ ਹੋਇ ਅਮਰੁ ਪਰਾਣੀ।
੩. ਵਿਸੁ ਵਸੈ ਮੁਹਿ ਸਪ ਦੈ ਗਰੜ ਦੁਗਾਰਿ ਅਮਿਅ ਰਸ ਜਾਣੀ।
੪. ਕਾਉ ਨ ਭਾਵੈ ਬੋਲਿਆ ਕੋਇਲ ਬੋਲੀ ਸਭਨਾਂ ਭਾਣੀ।
੫. ਬੁਰਬੋਲਾ ਨ ਸੁਖਾਵਈ ਮਿਠ ਬੋਲਾ ਜਗਿ ਮਿਤੁ ਵਿਡਾਣੀ।
੬. ਬੁਰਾ ਭਲਾ ਸੈਸਾਰ ਵਿਚਿ ਪਰਉਪਕਾਰ ਵਿਕਾਰ ਨਿਸਾਣੀ।
੭. ਗੁਣ ਅਵਗੁਣ ਗਤਿ ਆਖਿ ਵਖਾਣੀ॥ ੧॥

ਪਦ ਅਰਥ - ਸਾਇਰ=ਸਮੁੰਦਰ। ਕਾਲਕੂਟੁ=ਜ਼ਹਿਰ। ਗਰੜ ਦੁਗਾਰਿ=ਗਰੁੜ ਮੰਤ੍ਰ। ਵਿਡਾਣੀ= ਅਸਚਰਜ।

ਅਰਥ - ੧. ਸਮੁੰਦਰ ਵਿਚੋਂ ਜ਼ਹਿਰ ਤੇ ਅੰਮ੍ਰਿਤ (ਦੋਵੇਂ ਚੀਜ਼ਾਂ) ਨਿਕਲੀਆਂ ਹਨ। ੨. ਉਤ (ਜ਼ਹਿਰ) ਦੇ ਖਾਣ ਨਾਲ ਆਦਮੀ ਮਰ ਜਾਂਦਾ ਹੈ ਤੇ ਅੰਮ੍ਰਿਤ ਦੇ ਵਰਤਣ ਨਾਲ ਜੀਵ ਅਮਰ ਹੋ ਜਾਂਦਾ ਹੈ।

੩. ਸੱਪ ਦੇ ਮੂੰਹ ਵਿਚ ਜ਼ਹਿਰ ਤੇ ਗਰੜ ਦੇ ਮੂੰਹ ਵਿਚ ਅੰਮ੍ਰਿਤ ਰਸ ਦਾ ਨਿਵਾਸ ਹੁੰਦਾ ਹੈ। ੪. ਕਾਂ ਦਾ ਬੋਲ (ਕਾਂ ਕਾਂ) ਕਿਸੇ ਨੂੰ ਵੀ ਚੰਗਾ ਨਹੀਂ ਲੱਗਦਾ, ਪਰ ਕੋਇਲ ਦੀ ਆਵਾਜ਼ ਹਰ ਇੱਕ ਨੂੰ ਚੰਗੀ ਲੱਗਦੀ ਹੈ। ੫. ਬੁਰਾ ਬੋਲਣ ਵਾਲਾ ਕਿਸੇ ਨੂੰ ਵੀ ਚੰਗਾ ਨਹੀਂ ਲੱਗਦਾ, ਪਰ ਮਿੱਠ-ਬੋਲਾ ਹਰ ਇੱਕ ਤੋਂ ਸਤਿਕਾਰ ਲੈਂਦਾ ਹੈ ਤੇ ਉਹ ਸੰਸਾਰ ਦਾ ਅਸਚਰਜ ਮਿੱਤਰ ਬਣ ਜਾਂਦਾ ਹੈ। ੬. ਬੁਰਾ ਪੁਰਸ਼ ਸੰਸਾਰ ਵਿਚ ਬੁਰਿਆਈ ਦੀ ਨਿਸ਼ਾਨੀ ਹੈ ਤੇ ਭਲਾ ਪੁਰਸ਼ ਪਰਉਪਕਾਰ ਦੀ ਨਿਸ਼ਾਨੀ ਹੈ। ੭. (ਅਸਾਂ) ਗੁਣਾਂ ਤੇ ਔਗੁਣਾਂ ਦੀ ਇਹ ਵਿਚਾਰ ਸੁਣਾਈ ਹੈ॥ ੧ ॥

੨. ਗਿਆਨੀ ਖੋਜ ਕਰਕੇ ਸੱਚ ਨੂੰ ਲੱਭ ਲੈਂਦੇ ਹਨ

੧. ਸੁਝਹੁ ਸੁਝਨਿ ਤਿਨਿ ਲੋਅ ਅੰਨ੍ਹੇ ਘੁਘੂ ਸੁਝੁ ਨ ਸੁਝੈ।
੨. ਚਕਵੀ ਸੂਰਜ ਹੇਤੁ ਹੈ ਕੰਤੁ ਮਿਲੈ ਵਿਰਤੰਤੁ ਸੁ ਬੁਝੈ।
੩. ਰਾਤਿ ਅਨ੍ਹੇਰਾ ਪੰਖੀਆਂ ਚਕਵੀ ਚਿਤੁ ਅਨ੍ਹੇਰਿ ਨ ਰੁਝੈ।
੪. ਬਿੰਬ ਅੰਦਰਿ ਪ੍ਰਤਿਬਿੰਬੁ ਦੇਖਿ ਭਰਤਾ ਜਾਣਿ ਸੁਜਾਣਿ ਸਮੁਝੈ।
੫. ਦੇਖਿ ਪਛਾਵਾ ਪਵੈ ਖੂਹਿ ਡੁਬਿ ਮਰੈ ਸੀਹੁ ਲੋਇਨ ਲੁਝੈ।
੬. ਖੋਜੀ ਖੋਜੈ ਖੋਜੁ ਲੈ ਵਾਦੀ ਵਾਦੁ ਕਰੇਂਦੜ ਖੁਝੈ।
੭. ਗੋਰਸੁ ਗਾਈਂ ਹਸਤਿਨਿ ਦੁਝੈ॥ ੨ ॥

ਪਦ ਅਰਥ - ਸੁਝਹੁ=ਸੂਰਜ ਤੋਂ। ਘੁਘੂ=ਉੱਲੂ। ਹੇਤੁ=ਪਿਆਰ। ਬਿੰਬ=ਪਾਣੀ। ਵਾਦੀ=ਝਗੜਾਲੂ। ਗੋਰਸੁ=ਗਾਂ।

ਅਰਥ - ੧. (ਸੰਸਾਰ ਦੇ ਜੀਵਾਂ ਨੂੰ) ਸੂਰਜ ਚੜ੍ਹਨ ਨਾਲ ਤਿੰਨੇ ਲੋਕ ਦਿੱਸਦੇ ਹਨ, ਪਰ ਉੱਲੂ ਨੂੰ ਸੂਰਜ ਹੀ ਨਹੀਂ ਦਿਸਦਾ। ੨. ਚਕਵੀ ਦਾ ਸੂਰਜ ਨਾਲ ਪਿਆਰ ਹੈ, ਉਹ ਦਿਨ ਚੜ੍ਹੇ ਆਪਣੇ ਪਤੀ ਨੂੰ ਮਿਲ ਕੇ ਰਾਤ ਦਾ ਬ੍ਰਿਤਾਂਤ ਪੁੱਛਦੀ ਹੈ। ੩. ਪੰਛੀਆਂ ਦੀਆਂ ਅੱਖਾਂ ਅੱਗੇ ਰਾਤ ਨੂੰ ਅੰਨ੍ਹੇਰਾ ਛਾ ਜਾਂਦਾ ਹੈ, ਪਰ ਚਕਵੀ ਦਾ ਮਨ ਅੰਨ੍ਹੇਰੇ ਕਰਕੇ ਵੀ ਨਹੀਂ ਰੁਕਦਾ। (ਉਹ ਸੂਰਜ ਵੱਲ ਧਿਆਨ ਲਾਈ ਰੱਖਦੀ ਹੈ)। ੪. (ਚਕਵੀ) ਪਾਣੀ ਵਿਚ (ਆਪਣੇ ਪਤੀ) ਦਾ ਪਰਛਾਵਾਂ ਵੇਖ ਕੇ ਉਸ ਨੂੰ ਪਤੀ ਜਾਣ ਕੇ ਭਟਕਦੀ ਹੈ। ੫. ਸ਼ੇਰ ਆਪਣਾ ਪਰਛਾਵਾਂ ਖੂਹ ਵਿਚ ਵੇਖ ਕੇ ਖੂਹ ਵਿਚ ਡੁੱਬ ਮਰਦਾ ਹੈ ਤੇ ਆਪਣੀਆਂ ਅੱਖਾਂ ਨਾਲ ਲੜਦਾ ਹੈ। ੬. ਖੋਜੀ (ਗਿਆਨੀ) ਇਸ ਗੱਲ ਦੀ ਖੋਜ (ਵਿਚਾਰ) ਕਰਕੇ ਅਸਲੀਅਤ ਲੱਭ ਲੈਂਦਾ ਹੈ, ਪਰ ਵਾਦੀ (ਝਗੜਾਲੂ ਪੁਰਸ਼) ਝਗੜਾ ਕਰਦਾ (ਅਸਲੀਅਤ ਤੋਂ) ਖੁੰਝ ਜਾਂਦਾ ਹੈ। ੭. ਗਊ ਦਾ ਦੁੱਧ ਹੱਥਣੀ ਤੋਂ ਨਹੀਂ ਚੋਇਆ ਜਾਂਦਾ॥ ੨ ॥

੩. ਸਤਿਸੰਗ ਤੋਂ ਵਿੱਛੜ ਕੇ ਦੁੱਖ ਮਿਲਦਾ ਹੈ

੧. ਸਾਵਣ ਵਣ ਹਰੀਆਵਲੇ ਵੁਠੇ ਸੁਕੈ ਅਕੁ ਜਵਾਹਾ।

੨. ਚੇਤਿ ਵਣਸਪਤਿ ਮਉਲੀਐ ਅਪਤ ਕਰੀਰ ਨ ਕਰੈ ਉਸਾਹਾ।
੩. ਸੁਫਲ ਫਲੰਦੇ ਬਿਰਖ ਸਭ ਸਿੰਮਲੁ ਅਫਲੁ ਰਹੈ ਅਵਿਸਾਹਾ।
੪. ਚੰਨਣ ਵਾਸੁ ਵਣਾਸਪਤਿ ਵਾਂਸ ਨਿਵਾਸਿ ਨ ਉਭੇ ਸਾਹਾ।
੫. ਸੰਖੁ ਸਮੁੰਦਹੁ ਸਖਣਾ ਦੁਖਿਆਰਾ ਰੋਵੈ ਦੇ ਧਾਹਾ।
੬. ਬਗੁਲ ਸਮਾਧੀ ਗੰਗ ਵਿਚਿ ਝੀਗੇ ਚੁਣਿ ਚੁਣਿ ਖਾਇ ਭਿਛਾਹਾ।
੭. ਸਾਥ ਵਿਛੁੰਨੇ ਮਿਲਦਾ ਫਾਹਾ॥ ੩॥

ਪਦ ਅਰਥ - ਵੁਠੇ=ਮੀਂਹ ਵਰ੍ਹਣਾ। ਅਪਤ=ਪੱਤ੍ਰਾਂ ਤੋਂ ਖਾਲੀ। ਉਸਾਹਾ=ਉਤਸ਼ਾਹ। ਅਵਿਸਾਹਾ=ਬੇਵਿਸਾਹਿਆ। ਉਭੇ ਸਾਹਾ=ਠੰਢੇ ਸਾਹ। ਝੀਗੇ=ਮੱਛੀਆਂ।

ਅਰਥ - ੧. ਸਾਵਣ ਵਿਚ ਮੀਂਹ ਵਸਣ ਨਾਲ ਸਾਰੇ ਬ੍ਰਿਛ ਬੂਟੇ ਹਰੇ ਹੋ ਜਾਂਦੇ ਹਨ, ਪਰ ਅੱਕ ਤੇ ਜਵਾਹਾਂ ਸੁੱਕ ਜਾਂਦੇ ਹਨ। ੨. ਚੇਤਰ (ਬਸੰਤ ਰੁੱਤ) ਵਿਚ ਸਾਰੀ ਬਨਸਪਤੀ ਮੌਲਦੀ ਹੈ, ਪਰ ਕਰੀਰ ਦਾ ਰੁੱਖ ਪੱਤ੍ਰਾਂ ਤੋਂ ਖਾਲੀ ਹੋ ਜਾਂਦਾ ਹੈ, ਉਸ ਵਿਚ ਕੋਈ ਉਤਸ਼ਾਹ ਨਹੀਂ ਹੁੰਦਾ। ੩. ਸਾਰੇ ਬ੍ਰਿਛ ਫਲਾਂ ਨਾਲ ਫਲੀਭੂਤ ਹੁੰਦੇ ਹਨ, ਪਰ ਬੇਵਿਸਾਹਿਆ ਸਿੰਮਲ ਦਾ ਬ੍ਰਿਛ ਫਲਹੀਣ ਹੀ ਰਹਿੰਦਾ ਹੈ। ੪. ਚੰਦਨ ਦੀ ਵਾਸ਼ਨਾ ਨਾਲ ਸਾਰੀ ਬਨਸਪਤੀ ਸੁਗੰਧਿਤ ਹੋ ਜਾਂਦੀ ਹੈ, ਪਰ ਚੰਦਨ ਦੀ ਸੁਗੰਧੀ ਵਾਂਸ ਵਿਚ ਨਿਵਾਸ ਨਹੀਂ ਕਰਦੀ, ਜਿਸ ਕਰਕੇ ਉਹ ਠੰਢੇ ਸਾਹ ਲੈਂਦਾ ਹੈ (ਭਾਵ ਸਾਂ ਸਾਂ ਕਰਦਾ ਹੈ)। ੫. ਸੰਖ ਸਮੁੰਦਰ ਵਿਚੋਂ ਖਾਲੀ ਨਿਕਲ ਦੁਖੀ ਹੋ ਕੇ ਧਾਹਾਂ ਮਾਰ ਮਾਰ ਰੋਂਦਾ ਹੈ। ੬. ਬਗਲੇ ਵਾਂਗੂੰ ਸਮਾਧੀ ਲਾਉਣ ਵਾਲਾ ਪਾਖੰਡੀ ਗੰਗਾ ਆਦਿ ਪਵਿੱਤ੍ਰ ਤੀਰਥਾਂ 'ਤੇ ਜਾ ਕੇ ਵੀ ਭਿੱਛਿਆ ਰੂਪ ਮੱਛੀਆਂ ਖਾਂਦਾ ਹੈ। ੭. ਸਾਥ (ਭਾਵ ਸਤਿਸੰਗ ਤੋਂ ਵਿਛੜਿਆਂ ਨੂੰ ਦੁੱਖ ਹੀ ਮਿਲਦਾ ਹੈ॥ ੩॥

੪. ਜੋ ਜੀਇ ਹੋਇ ਸੁ ਉਗਵੈ

੧. ਆਪਿ ਭਲਾ ਸਭੁ ਜਗੁ ਭਲਾ ਭਲਾ ਭਲਾ ਸਭਨਾ ਕਰਿ ਦੇਖੈ।
੨. ਆਪਿ ਬੁਰਾ ਸਭੁ ਜਗੁ ਬੁਰਾ ਸਭ ਕੋ ਬੁਰਾ ਬੁਰੇ ਦੇ ਲੇਖੈ।
੩. ਕਿਸਨੁ ਸਹਾਈ ਪਾਂਡਵਾ ਭਾਇ ਭਗਤਿ ਕਰਤੂਤਿ ਵਿਸੇਖੈ।
੪. ਵੈਰ ਭਾਉ ਚਿਤਿ ਕੈਰਵਾਂ ਗਣਤੀ ਗਣਨਿ ਅੰਦਰਿ ਕਾਲੇਖੈ।
੫. ਭਲਾ ਬੁਰਾ ਪਰਵੰਨਿਆ ਭਾਲਣ ਗਏ ਨ ਦਿਸਟਿ ਸਰੇਖੈ।
੬. ਬੁਰਾ ਨ ਕੋਈ ਜੁਧਿਸਟਰੈ ਦੁਰਜੋਧਨ ਕੋ ਭਲਾ ਨ ਭੇਖੈ।
੭. ਕਰਵੈ ਹੋਇ ਸੁ ਟੋਟੀ ਰੇਖੈ॥ ੪॥

ਪਦ ਅਰਥ - ਲੇਖੈ=ਭਾਣੇ। ਕਾਲੇਖੈ=ਕਲੰਕ। ਪਰਵੰਨਿਆ=ਪ੍ਰਵਾਨ ਕੀਤਾ। ਕਰਵੈ=ਮਿੱਟੀ ਦਾ ਗੜਵਾ।

ਅਰਥ - ੧. ਜਿਹੜਾ ਪੁਰਸ਼ ਆਪ ਭਲਾ ਹੈ, ਉਸ ਦੇ ਭਾਣੇ ਸਭ ਸੰਸਾਰ ਭਲਾ ਹੈ ਤੇ ਉਹ ਸਭਨਾਂ ਨੂੰ ਭਲਾ ਕਰਕੇ ਹੀ ਵੇਖਦਾ ਹੈ। ੨. ਜਿਹੜਾ ਮਨੁੱਖ ਆਪ ਬੁਰਾ ਹੈ, ਉਹ ਸਾਰੇ ਜਗਤ ਨੂੰ ਬੁਰਾ ਹੀ ਵੇਖਦਾ ਹੈ ਤੇ ਉਸ ਦੇ ਲੇਖੇ ਵਿਚ ਸਭ ਬੁਰੇ ਹੀ ਹਨ। ੩. ਕ੍ਰਿਸ਼ਨ ਜੀ ਨੇ ਪਾਂਡਵਾਂ ਦੀ ਸਹਾਇਤਾ ਕੀਤੀ, (ਕਿਉਂਕਿ) ਉਹਨਾਂ ਵਿਚ (ਕੈਰਵਾਂ ਨਾਲੋਂ) ਪ੍ਰੇਮਾ-ਭਗਤੀ ਦੀ ਕਰਤੂਤ ਬਹੁਤੀ ਸੀ। ੪. ਕੈਰਵਾਂ ਦੇ ਮਨ ਵਿਚ ਵੈਰ ਭਾਵ ਸੀ ਤੇ ਉਹ ਵੈਰ ਭਾਵ ਦੀਆਂ ਗਿਣਤੀਆਂ ਵਿਚ ਹੀ ਰਹਿੰਦੇ ਸਨ। ਅੰਤ ਨੂੰ ਉਨ੍ਹਾਂ ਦੇ ਮੱਥੇ ਤੇ ਕਾਲਖ ਦਾ ਟਿੱਕਾ ਹੀ ਲੱਗਾ। ੫. (ਦੋ ਰਾਜੇ) ਭਲਾ ਤੇ ਬੁਰਾ ਲੱਭਣ ਲਈ ਗਏ ਸਨ, ਪਰ ਦੋਹਾਂ ਦੀ ਦ੍ਰਿਸ਼ਟੀ ਇਕੋ ਜਿਹੀ ਨਹੀਂ ਸੀ। ੬. ਜੁਧਿਸ਼ਟਰ ਨੂੰ ਕੋਈ ਬੁਰਾ ਤੇ ਦੁਰਜੋਧਨ ਨੂੰ ਕੋਈ ਭਲਾ ਦਿਖਾਈ ਨਾ ਦਿੱਤਾ। ੭. ਮਿੱਟੀ ਦੇ ਗੜਵੇ ਵਿਚ ਜੋ ਕੁਛ ਹੁੰਦਾ ਹੈ, ਉਹ ਟੂਟੀ ਦੀ ਧਾਰ ਤੋਂ ਪ੍ਰਤੀਤ ਹੋ ਜਾਂਦਾ ਹੈ॥ ੪॥

੫. ਧਰਮਰਾਜ ਪਾਪੀਆਂ ਨੂੰ ਮਾਰਦਾ ਹੈ

੧. ਸੂਰਜੁ ਘਰਿ ਅਵਤਾਰੁ ਲੈ ਧਰਮ ਵੀਚਾਰਣਿ ਜਾਇ ਬਹਿਠਾ।
੨. ਮੂਰਤਿ ਇਕਾ ਨਾਉ ਦੁਇ ਧਰਮ ਰਾਇ ਜਮ ਦੇਖਿ ਸਰਿਠਾ।
੩. ਧਰਮੀ ਡਿਠਾ ਧਰਮ ਰਾਇ ਪਾਪੁ ਕਮਾਇ ਪਾਪੀ ਜਮ ਡਿਠਾ।
੪. ਪਾਪੀ ਨੋ ਪਛੜਾਇੰਦਾ ਧਰਮੀ ਨਾਲਿ ਬੁਲੇਂਦਾ ਮਿਠਾ।
੫. ਵੈਰੀ ਦੇਖਨਿ ਵੈਰ ਭਾਇ ਮਿਤ੍ਰ ਭਾਇ ਕਰਿ ਦੇਖਨਿ ਇਠਾ।
੬. ਨਰਕ ਸੁਰਗ ਵਿਚਿ ਪੁੰਨ ਪਾਪ ਵਰ ਸਰਾਪ ਜਾਣਨਿ ਅਭਿਰਿਠਾ।
੭. ਦਰਪਣਿ ਰੂਪ ਜਿਵੇਹੀ ਪਿਠਾ॥ ੫॥

ਪਦ ਅਰਥ - ਨਾਉ ਦੁਇ=ਧਰਮਰਾਜ ਤੇ ਜਮਰਾਜ। ਸਰਿਠਾ=ਸ੍ਰਿਸ਼ਟੀ। ਇਠਾ=ਪਿਆਰਾ। ਵਰ ਸਰਾਪ=ਦੁੱਖ ਸੁਖ। ਅਭਿਰਿਠਾ=ਪੱਕਾ। ਦਰਪਣਿ=ਸ਼ੀਸ਼ਾ। ਪਿਠਾ=ਸ਼ਕਲ।

ਅਰਥ - ੧. ਸੂਰਜ ਦੇ ਘਰ ਜਨਮ ਲੈ ਕੇ (ਧਰਮਰਾਜ) ਇਨਸਾਫ ਕਰਨ ਲਈ ਗੱਦੀ ਉਤੇ ਜਾ ਬੈਠਾ। ੨. ਉਸ ਦੀ ਮੂਰਤ ਤਾਂ ਇੱਕ ਹੈ, ਪਰ ਨਾਂ ਦੋ ਹਨ। ਸਾਰੀ ਸ੍ਰਿਸ਼ਟੀ ਨੇ ਧਰਮਰਾਜ ਤੇ ਜਮਰਾਜ ਦੇ ਦੋਹਾਂ ਰੂਪਾਂ ਵਿਚ ਉਸ ਨੂੰ ਵੇਖਿਆ। ੩. ਧਰਮੀਆਂ ਨੇ ਉਸ ਨੂੰ ਧਰਮਰਾਜ ਤੇ ਪਾਪੀਆਂ ਨੇ ਜਮ ਰੂਪ ਕਰਕੇ ਵੇਖਿਆ। ੪. (ਉਹ ਧਰਮਰਾਜ) ਪਾਪੀਆਂ ਨੂੰ ਮਾਰਦਾ ਹੈ ਤੇ ਧਰਮੀਆਂ ਨਾਲ ਮਿੱਠਾ ਬੋਲਦਾ ਹੈ। ੫. ਵੈਰੀ (ਉਸ ਨੂੰ) ਵੈਰ ਭਾਵ ਨਾਲ ਵੇਖਦੇ ਹਨ ਤੇ ਮਿੱਤਰ ਪ੍ਰੇਮ ਭਾਵ ਨਾਲ ਵੇਖਦੇ ਹਨ। ੬. ਪਾਪ ਪੁੰਨ ਦਾ ਫਲ ਨਰਕ ਤੇ ਸੁਰਗ ਵਿਚ ਜਾ ਕੇ ਮਿਲਦਾ ਹੈ ਤੇ (ਧਰਤੀ 'ਤੇ) ਦੁੱਖ ਸੁਖ ਕਰਮਾਂ ਅਨੁਸਾਰ ਦ੍ਰਿੜ੍ਹ ਹੁੰਦਾ ਹੈ। ੭. ਜਿਹੋ ਜਿਹੀ ਸ਼ਕਲ ਹੋਵੇ, ਉਹੋ ਜਿਹੀ ਸ਼ੀਸ਼ੇ ਵਿਚ ਦਿਸਦੀ ਹੈ॥ ੫॥

੬. ਗੁਰਮੁਖਾਂ ਦਾ ਹਿਰਦਾ ਨਿਰਮਲ ਹੁੰਦਾ ਹੈ

੧. ਜਿਉਂ ਕਰਿ ਨਿਰਮਲ ਆਰਸੀ ਸਭਾ ਸੁਧ ਸਭ ਕੋਈ ਦੇਖੈ।
੨. ਗੋਰਾ ਗੋਰੇ ਦਿਸਦਾ ਕਾਲਾ ਕਾਲੇ ਵੰਨੁ ਵਿਸੇਖੈ।
੩. ਹਸਿ ਹਸਿ ਦੇਖੈ ਹਸਤ ਮੁਖ ਰੋਂਦਾ ਰੋਵਣਹਾਰੁ ਸੁਲੇਖੈ।
੪. ਲੇਪੁ ਨ ਲਗੈ ਆਰਸੀ ਛਿਅ ਦਰਸਨੁ ਦਿਸਨਿ ਬਹੁ ਭੇਖੈ।
੫. ਦੁਰਮਤਿ ਦੂਜਾ ਭਾਉ ਹੈ ਵੈਰੁ ਵਿਰੋਧੁ ਕਰੋਧੁ ਕੁਲੇਖੈ।
੬. ਗੁਰਮਤਿ ਨਿਰਮਲੁ ਨਿਰਮਲਾ ਸਮਦਰਸੀ ਸਮਦਰਸ ਸਰੇਖੈ।
੭. ਭਲਾ ਬੁਰਾ ਹੋਇ ਰੂਪੁ ਨ ਰੇਖੈ॥ ੬॥

ਪਦ ਅਰਥ - ਆਰਸੀ=ਸ਼ੀਸ਼ਾ। ਵੰਨੁ=ਰੰਗ। ਰੋਂਦਾ=ਰੋਣ ਵਾਲਾ। ਸਰੇਖੈ=ਸਮਦਰਸ਼ੀ।

ਅਰਥ - ੧. ਜਿਵੇਂ ਸਾਫ ਸ਼ੀਸ਼ੇ ਨੂੰ ਸਭਾ ਵਿਚ ਸਾਰੇ ਸ਼ੁੱਧ (ਨਿਰਮਲ) ਹੀ ਵੇਖਦੇ ਹਨ। ੨. (ਉਸ ਵਿਚੋਂ) ਗੋਰੇ ਦਾ ਮੂੰਹ ਗੋਰਾ ਦਿਸਦਾ ਹੈ ਤੇ ਕਾਲੇ ਨੂੰ ਕਾਲਾ ਰੰਗ ਹੀ ਦਿਖਾਈ ਦਿੰਦਾ ਹੈ। ੩. ਹੱਸ ਹੱਸਕੇ ਵੇਖਣ ਵਾਲਾ ਆਪਣਾ ਮੂੰਹ ਹੱਸਦਾ ਵੇਖਦਾ ਹੈ ਤੇ ਰੋਣ ਵਾਲੇ ਨੂੰ ਆਪਣਾ ਮੂੰਹ ਰੋਂਦਾ ਦਿਖਾਈ ਦਿੰਦਾ ਹੈ। ੪. (ਉਸ) ਸ਼ੀਸ਼ੇ ਨੂੰ ਕੋਈ ਲੇਪ (ਦੋਸ਼) ਨਹੀਂ ਲੱਗਦਾ, ਭਾਵੇਂ ਛੀ ਦਰਸ਼ਨਾਂ ਦੇ ਬਹੁਤ ਸਾਰੇ ਭੇਖ ਉਸ ਵਿਚ ਦਿਸਦੇ ਹਨ। ੫. ਖੋਟੀ ਮੱਤ ਵਾਲਿਆਂ ਦੇ ਮਨ ਵਿਚ ਦ੍ਵੈਤ ਭਾਵ ਹੁੰਦਾ ਹੈ (ਇਸ ਕਰਕੇ) ਉਹ ਵੈਰ ਵਿਰੋਧ ਤੇ ਕ੍ਰੋਧ ਦੇ ਕੁਲੇਖਿਆਂ ਵਿਚ ਪਏ ਰਹਿੰਦੇ ਹਨ। ੬. ਗੁਰਮੱਤੀਆਂ ਦਾ ਮਨ ਨਿਰਮਲ ਹੁੰਦਾ ਹੈ, ਇਸ ਕਰਕੇ ਉਹ ਸਭ ਨੂੰ ਨਿਰਮਲ ਤੇ ਸਮਦਰਸ਼ੀ ਜਾਣਦੇ ਹਨ। ੭. (ਪਰਮੇਸ਼ਰ ਵਿਚ) ਭਲੇ ਬੁਰੇ ਦਾ ਕੋਈ ਰੂਪ ਨਹੀਂ ਰਹਿੰਦਾ॥ ੬॥

੭. ਖੋਟੇ ਪੁਰਸ਼ਾਂ ਨੂੰ ਜਮਾਂ ਦੀ ਮਾਰ ਪੈਂਦੀ ਹੈ

੧. ਇਕਤੁ ਸੂਰਜਿ ਆਥਵੈ ਰਾਤਿ ਅਨੇਰੀ ਚਮਕਨਿ ਤਾਰੇ।
੨. ਸਾਹ ਸਵਨਿ ਘਰਿ ਆਪਣੈ ਚੋਰ ਫਿਰਨਿ ਘਰਿ ਮੁਹਣੈਹਾਰੇ।
੩. ਜਾਗਨਿ ਵਿਰਲੇ ਪਾਹਰੂ ਰੂਆਇਨਿ ਹੁਸੀਆਰ ਬਿਦਾਰੇ।
੪. ਜਾਗਿ ਜਗਾਇਨਿ ਸੁਤਿਆਂ ਸਾਹ ਫੜੰਦੇ ਚੋਰ ਚਗਾਰੇ।
੫. ਜਾਗਦਿਆਂ ਘਰੁ ਰਖਿਆ ਸੁਤੇ ਘਰ ਮੁਸਨਿ ਵੇਚਾਰੇ।
੬. ਸਾਹ ਆਏ ਘਰਿ ਆਪਣੈ ਚੋਰ ਜਾਰਿ ਲੈ ਗਰਦਨਿ ਮਾਰੇ।
੭. ਭਲੇ ਬੁਰੇ ਵਰਤਨਿ ਸੈਸਾਰੇ॥ ੭॥

ਪਦ ਅਰਥ - ਆਥਵੈ=ਡੁੱਬਦਾ। ਮੁਹਣੈਹਾਰੇ=ਚੋਰ। ਪਾਹਰੂ=ਪਹਿਰੇਦਾਰ। ਚਗਾਰੇ=ਉਚੱਕੇ।

ਅਰਥ - ੧. ਸੂਰਜ ਦੇ ਡੁੱਬਣ ਨਾਲ ਰਾਤ ਪੈ ਜਾਂਦੀ ਹੈ ਤੇ ਤਾਰੇ ਚਮਕਣ ਲੱਗ ਜਾਂਦੇ ਹਨ। ੨. ਸ਼ਾਹ ਆਪਣੇਂ ਘਰਾਂ ਵਿਚ (ਆਰਾਮ ਨਾਲ) ਸੌਂਦੇ ਹਨ, ਪਰ ਚੋਰ ਚੋਰੀਆਂ ਕਰਨ ਲਈ (ਰਾਤ ਨੂੰ) ਫਿਰਦੇ ਰਹਿੰਦੇ ਹਨ। ੩. ਕੋਈ ਵਿਰਲਾ ਪਹਿਰੇਦਾਰ ਆਵਾਜ਼ਾਂ ਮਾਰਕੇ ਲੋਕਾਂ ਨੂੰ ਹੁਸ਼ਿਆਰ ਤੇ ਖ਼ਬਰਦਾਰ ਕਰਦਾ ਹੈ। ੪. ਜਾਗਣ ਵਾਲੇ ਸੁੱਤਿਆਂ ਨੂੰ ਜਗਾਉਂਦੇ ਹਨ ਤੇ ਚੋਰਾਂ ਉਚੱਕਿਆਂ ਨੂੰ ਫੜ ਲੈਂਦੇ ਹਨ। ੫. ਜਾਗਦਿਆਂ ਨੇ ਤਾਂ ਆਪਣੇ ਘਰਾਂ ਨੂੰ (ਚੋਰਾਂ ਤੋਂ) ਬਚਾ ਲਿਆ, ਪਰ ਵਿਚਾਰੇ ਸੁੱਤੇ ਹੋਏ ਘਰ ਲੁਟਾ ਬੈਠਦੇ ਹਨ। ੬. ਸ਼ਾਹ (ਭਲੇ ਪੁਰਸ਼) ਤਾਂ ਆਪਣੇ ਘਰ ਨੂੰ ਆ ਜਾਂਦੇ ਹਨ, ਪਰ ਚੋਰਾਂ ਯਾਰਾਂ ਨੂੰ (ਸਿਪਾਹੀ) ਧੌਣੋਂ ਫੜਕੇ ਮਾਰਦੇ ਹਨ। ੭. ਸੰਸਾਰ ਵਿਚ ਭਲੇ ਬੁਰੇ ਇਉਂ ਵਰਤ ਰਹੇ ਹਨ॥ ੭॥

ਭਾਵ—ਗੁਰੂ ਦੀ ਸਿੱਖਿਆ ਲੈ ਕੇ ਜਿਹੜੇ ਮਨੁੱਖ ਜਾਗਦੇ ਹਨ, ਉਹ ਕਾਮ, ਕ੍ਰੋਧ, ਆਦਿ ਵੈਰੀਆਂ ਤੋਂ ਬਚ ਜਾਂਦੇ ਹਨ, ਪਰ ਬੁਰੇ ਕਰਮ ਕਰਨ ਵਾਲੇ ਲੁਟੇ ਜਾਂਦੇ ਹਨ।

੮. ਗੁਰਮੁਖ ਪ੍ਰਭੂ ਦੇ ਭੈ ਵਿਚ ਰਹਿੰਦਾ ਹੈ

੧. ਮਉਲੇ ਅੰਬ ਬਸੰਤ ਰੁਤਿ ਅਉੜੀ ਅਕੁ ਸੁ ਫੁਲੀ ਭਰਿਆ।
੨. ਅੰਬਿ ਨ ਲਗੈ ਖਖੜੀ ਅਕਿ ਨ ਲਗੈ ਅੰਬੁ ਅਫਰਿਆ।
੩. ਕਾਲੀ ਕੋਇਲ ਅੰਬ ਵਣਿ ਅਕਿਤਿਡੁ ਚਿਤੁ ਮਿਤਾਲਾ ਹਰਿਆ।
੪. ਮਨ ਪੰਖੇਰੂ ਬਿਰਖ ਭੇਦੁ ਸੰਗ ਸੁਭਾਉ ਸੋਈ ਫਲੁ ਧਰਿਆ।
੫. ਗੁਰਮਤਿ ਡਰਦਾ ਸਾਧਸੰਗਿ ਦੁਰਮਤਿ ਸੰਗਿ ਅਸਾਧ ਨ ਡਰਿਆ।
੬. ਭਗਤਿ ਵਛਲੁ ਭੀ ਆਖੀਐ ਪਤਿਤ ਉਧਾਰਣਿ ਪਤਿਤ ਉਧਰਿਆ।
੭. ਜੋ ਤਿਸੁ ਭਾਣਾ ਸੋਈ ਤਰਿਆ॥ ੮॥

ਪਦ ਅਰਥ - ਅਉੜੀ=ਸੁੱਕੀ। ਮਿਤਾਲਾ=ਮਿੱਤਰ।

ਅਰਥ - ੧. ਬਸੰਤ ਰੁੱਤ ਵਿਚ ਅੰਬ ਮੌਲਦਾ ਹੈ, ਪਰ ਅੱਕ ਸੁੱਕੀ ਰੁੱਤ ਵਿਚ ਫਲਾਂ ਨਾਲ ਭਰਦਾ ਹੈ। ੨. ਅੰਬ ਨੂੰ ਅੱਕ ਦੀਆਂ ਖਖੜੀਆਂ ਨਹੀਂ ਲੱਗਦੀਆਂ ਤੇ ਅੱਕ ਨਾਲ ਅੰਬਾਂ ਦੇ ਫਲ ਨਹੀਂ ਲੱਗਦੇ। ੩. ਕਾਲੀ ਕੋਇਲ ਅੰਬ ਦੇ ਬ੍ਰਿਛ ਨੂੰ ਪਸੰਦ ਕਰਦੀ ਹੈ ਪਰ ਅੱਕਟਿੱਡੇ ਦਾ ਮਨ ਅੱਕ ਮਿੱਤਰ ਨੂੰ ਮਿਲਕੇ ਹਰਾ ਹੁੰਦਾ ਹੈ। ੪. ਮਨ ਪੰਛੀ ਰੂਪ ਹੈ, ਬ੍ਰਿਛਾਂ ਦੇ ਭੇਦ ਕਰਕੇ ਜਿਹੋ ਜਿਹੀ ਉਹ ਸੰਗਤ ਕਰਦਾ ਹੈ, ਉਹੋ ਜਿਹਾ ਫਲ ਮਿਲਦਾ ਹੈ। ੫. ਗੁਰੂ ਦੀ ਸਿੱਖਿਆ 'ਤੇ ਚਲਣ ਵਾਲਾ ਸਤਸੰਗੀ (ਪ੍ਰਭੂ ਤੋਂ) ਡਰਦਾ ਹੈ, ਪਰ ਖੋਟੀ ਮੱਤ ਵਾਲਾ ਦੁਰਮੱਤੀਆ ਖੋਟਿਆਂ ਦੀ ਸੰਗਤ ਕਰਨ ਕਰਕੇ (ਪ੍ਰਭੂ ਤੋਂ) ਨਹੀਂ ਡਰਦਾ। ੬. ਪ੍ਰਭੂ ਨੂੰ ਭਗਤਾਂ ਦਾ ਪਿਆਰਾ ਵੀ ਕਹੀਦਾ ਹੈ ਤੇ ਪਾਪੀਆਂ ਦਾ ਉਧਾਰ ਕਰਨ ਕਰਕੇ ਉਸ ਨੂੰ ਪਤਿਤ ਉਧਾਰਨ ਵੀ ਕਿਹਾ ਜਾਂਦਾ ਹੈ। ੭. ਜਿਹੜਾ ਪੁਰਸ਼ ਪ੍ਰਭੂ ਨੂੰ ਚੰਗਾ ਲੱਗਦਾ ਹੈ ਉਹ (ਇਸ ਸੰਸਾਰ ਸਾਗਰ ਤੋਂ) ਤਰ ਜਾਂਦਾ ਹੈ॥ ੮॥

੯. ਬੁਰੇ ਕਰਮਾਂ ਤੋਂ ਬਚਣਾ ਚਾਹੀਦਾ ਹੈ

੧. ਜੇ ਕਰਿ ਉਧਰੀ ਪੂਤਨਾ ਵਿਹੁ ਪੀਆਲਣੁ ਕੰਮੁ ਨ ਚੰਗਾ।
੨. ਗਨਿਕਾ ਉਧਰੀ ਆਖੀਐ ਪਰ ਘਰਿ ਜਾਇ ਨ ਲਈਐ ਪੰਗਾ।
੩. ਬਾਲਮੀਕੁ ਨਿਸਤਾਰਿਆ ਮਾਰੈ ਵਾਟ ਨ ਹੋਇ ਨਿਸੰਗਾ।
੪. ਫੰਧਕਿ ਉਧਰੈ ਆਖੀਅਨਿ ਫਾਹੀ ਪਾਇ ਨ ਫੜੀਐ ਟੰਗਾ।
੫. ਜੇ ਕਾਸਾਈ ਉਧਰਿਆ ਜੀਆ ਘਾਇ ਨ ਖਾਈਐ ਭੰਗਾ।
੬. ਪਾਰਿ ਉਤਾਰੈ ਬੋਹਿਥਾ ਸੁਇਨਾ ਲੋਹੁ ਨਾਹੀ ਇਕ ਰੰਗਾ।
੭. ਇਤੁ ਭਰਵਾਸੈ ਰਹਣੁ ਕੁਢੰਗਾ॥ ੯॥

ਪਦ ਅਰਥ - ਪੰਗਾ=ਕਲੰਕ। ਨਿਸੰਗਾ=ਬੇਡਰ। ਕੁਢੰਗਾ=ਮਾੜਾ।

ਅਰਥ - ੧. ਜੇਕਰ ਕ੍ਰਿਸ਼ਨ ਜੀ ਨੂੰ ਜ਼ਹਿਰੀਲਾ ਥਣ ਚੁੰਘਾਉਣ ਵਾਲੀ ਪੂਤਨਾ ਰਾਖਸ਼ਣੀ ਦਾ ਉਧਾਰ ਹੋ ਗਿਆ ਸੀ, ਤਦ ਵੀ ਕਿਸੇ ਨੂੰ ਜ਼ਹਿਰ ਦੇਣਾ ਚੰਗਾ ਕੰਮ ਨਹੀਂ ਹੈ। ੨. ਵੇਸਵਾ ਮੁਕਤ ਹੋਈ ਕਹੀ ਜਾਂਦੀ ਹੈ, ਤਦ ਵੀ ਪਰਾਏ ਘਰ ਜਾਕੇ ਕਲੰਕ ਨਹੀਂ ਲਵਾਉਣਾ ਚਾਹੀਦਾ। ੩. ਜੇਕਰ ਬਾਲਮੀਕ ਤਰਿਆ ਹੈ, ਤਦ ਵੀ ਨਿਸੰਗ ਹੋ ਕੇ ਡਾਕੇ ਨਹੀਂ ਮਾਰਨੇ ਚਾਹੀਦੇ। ੪. ਜੇਕਰ ਫੰਧਕ ਦਾ ਤਰਨਾ ਆਖਿਆ ਜਾਂਦਾ ਹੈ, ਤਦ ਵੀ ਫਾਹੀ ਲਾ ਕੇ ਪੰਛੀਆਂ ਨੂੰ ਟੰਗਾਂ ਤੋਂ ਨਹੀਂ ਫੜਨਾ ਚਾਹੀਦਾ। ੫. ਜੇ ਸਧਨਾ ਕਸਾਈ ਮੁਕਤ ਹੋ ਗਿਆ ਹੈ, ਤਦ ਵੀ ਜੀਆਂ ਨੂੰ ਮਾਰ ਕੇ ਨਹੀਂ ਖਾਣਾ ਚਾਹੀਦਾ। ੬. ਜਹਾਜ਼ ਲੋਹੇ ਅਤੇ ਸੋਨੇ ਦੋਹਾਂ ਨੂੰ ਸਮੁੰਦਰ ਤੋਂ ਪਾਰ ਕਰ ਦਿੰਦਾ ਹੈ ਪਰ ਲੋਹੇ ਤੇ ਸੋਨੇ ਦਾ ਇੱਕ ਰੰਗ ਨਹੀਂ ਹੁੰਦਾ। ੭. ਇਸ ਭਰੋਸੇ 'ਤੇ ਰਹਿਣਾ ਮਾੜਾ ਕੰਮ ਹੈ॥ ੯॥

ਭਾਵ—ਪ੍ਰਭੂ ਨੂੰ ਪਤਿਤ ਉਧਾਰਣ ਜਾਣ ਕੇ ਪਾਪ ਨਹੀਂ ਕਰਨੇ ਚਾਹੀਦੇ, ਸਗੋਂ ਪਾਪਾਂ ਤੋਂ ਬਚਕੇ ਜੀਵਨ ਨੂੰ ਉੱਚਾ ਕਰਨਾ ਚਾਹੀਦਾ ਹੈ।

੧੦. ਭਲੇ ਬੁਰੇ ਕਰਮ ਹੀ ਅੰਤ ਨੂੰ ਸਾਥ ਜਾਂਦੇ ਹਨ

੧. ਪੈ ਖਾਜੂਰੀ ਜੀਵੀਐ ਚੜ੍ਹਿ ਖਾਜੂਰੀ ਝੜਉ ਨ ਕੋਈ।
੨. ਉਝੜਿ ਪਇਆ ਨ ਮਾਰੀਐ ਉਝੜ ਰਾਹੁ ਨ ਚੰਗਾ ਹੋਈ।
੩. ਜੇ ਸਪ ਖਾਧਾ ਉਬਰੇ ਸਪੁ ਨ ਫੜੀਐ ਅੰਤਿ ਵਿਗੋਈ।
੪. ਵਹਣਿ ਵਹੰਦਾ ਨਿਕਲੈ ਵਿਣੁ ਤੁਲਹੇ ਡੁਬਿ ਮਰੈ ਭਲੋਈ।
੫. ਪਤਿਤ ਉਧਾਰਣੁ ਆਖੀਐ ਵਿਰਤੀਹਾਣੁ ਜਾਣੁ ਜਾਣੋਈ।

੬. ਭਾਉ ਭਗਤਿ ਗੁਰਮਤਿ ਹੈ ਦੁਰਮਤਿ ਦਰਗਹ ਲਹੈ ਨ ਢੋਈ।
੭. ਅੰਤਿ ਕਮਾਣਾ ਹੋਇ ਸਥੋਈ॥ ੧੦॥

ਪਦ ਅਰਥ - ਪੈ ਖਾਜੂਰੀ=ਖਜੂਰ ਤੋਂ ਡਿੱਗਕੇ। ਵਿਰਤੀਹਾਣੁ=ਪ੍ਰਸੰਗ।

ਅਰਥ - ੧. ਜੇ ਖਜੂਰ ਤੋਂ ਡਿੱਗਕੇ ਜਿਉਂਦੇ ਰਹਿ ਜਾਈਏ ਤਦ ਵੀ ਖਜੂਰ ਉਤੇ ਚੜ੍ਹਕੇ (ਜਾਣ ਬੁਝਕੇ) ਕੋਈ ਨਾ ਡਿੱਗੇ। ੨. ਜੇ ਉਜਾੜ (ਜੰਗਲ) ਵਿਚੋਂ ਬਚ ਕੇ ਵਾਪਿਸ ਆ ਜਾਈਏ, ਤਦ ਵੀ ਉਜਾੜ ਵਿਚ ਜਾਣਾ ਚੰਗਾ ਕੰਮ ਨਹੀਂ। ੩. ਜੇ ਸੱਪ ਦੇ ਡੰਗਣ ਨਾਲ ਬਚ ਜਾਈਏ, ਤਦ ਵੀ ਸੱਪ ਨੂੰ ਫੜਨਾ ਚੰਗਾ ਨਹੀਂ, ਉਹ ਅੰਤ ਨੂੰ ਖਰਾਬ ਕਰਦਾ ਹੈ। ੪. ਜੇ ਕੋਈ ਦਰਿਆ ਦੇ ਵਹਿਣ ਵਿਚੋਂ ਸਹੀ ਸਲਾਮਤ ਨਿਕਲ ਆਵੇ, ਤਦ ਵੀ ਤੁਲਹੇ ਤੋਂ ਬਿਨਾਂ ਦਰਿਆ ਵਿਚ ਨਹੀਂ ਪੈਣਾ ਚਾਹੀਦਾ, ਤੁਲਹੇ ਤੋਂ ਬਿਨਾਂ ਡੁੱਬਕੇ ਮਰ ਜਾਈਦਾ ਹੈ। ੫. ਪ੍ਰਭੂ ਨੂੰ ਪਾਪੀਆਂ ਦੇ ਉਧਾਰ ਕਰਨ ਵਾਲਾ ਕਿਹਾ ਜਾਂਦਾ ਹੈ, ਇਸ ਪ੍ਰਸੰਗ ਨੂੰ ਜਾਣਨਹਾਰੇ ਜਾਣਦੇ ਹਨ। ੬. ਗੁਰੂ ਦੀ ਸਿੱਖਿਆ ਇਹ ਹੈ ਕਿ ਪ੍ਰਭੂ ਦੀ ਪ੍ਰੇਮ ਨਾਲ ਭਗਤੀ ਕਰੋ, ਕਿਉਂਕਿ ਖੋਟੀ ਮੱਤ ਵਾਲੇ (ਬੁਰੇ ਆਦਮੀ) ਨੂੰ ਪ੍ਰਭੂ ਦੀ ਦਰਗਹ ਵਿਚ ਢੋਈ ਨਹੀਂ ਮਿਲਦੀ। ੭. ਮਨੁੱਖ ਦੇ ਕੀਤੇ (ਭਲੇ ਬੁਰੇ) ਕਰਮ ਹੀ ਅੰਤ ਨੂੰ ਉਸ ਦੇ ਸਾਥੀ ਹੁੰਦੇ ਹਨ॥ ੧੦॥

੧੧. ਮਨਮੁਖ ਟੁੱਟੇ ਭਾਂਡੇ ਵਾਂਗੂੰ ਨਿਕੰਮਾ ਹੁੰਦਾ ਹੈ

੧. ਥੋਮ ਕਥੂਰੀ ਵਾਸੁ ਜਿਉਂ ਕੰਚਨੁ ਲੋਹੁ ਨਹੀਂ ਇਕ ਵੰਨਾ।
੨. ਫਟਕ ਨ ਹੀਰੇ ਤੁਲਿ ਹੈ ਸਮਸਰਿ ਨੜੀ ਨ ਵੁੜੀਐ ਗੰਨਾ।
੩. ਤੁਲਿ ਨ ਰਤਨਾ ਰਤਕਾਂ ਮੁਲਿ ਨ ਕਚੁ ਵਿਕਾਵੈ ਪੰਨਾ।
੪. ਦੁਰਮੱਤਿ ਘੁੰਮਣਵਾਣੀਐ ਗੁਰਮਤਿ ਸੁਕ੍ਰਿਤੁ ਬੋਹਿਥੁ ਬੰਨਾ।
੫. ਨਿੰਦਾ ਹੋਵੈ ਬੁਰੇ ਦੀ ਜੈ ਜੈ ਕਾਰ ਭਲੇ ਧੰਨੁ ਧੰਨਾ।
੬. ਗੁਰਮੁਖਿ ਪਰਗਟੁ ਜਾਣੀਐ ਮਨਮੁਖ ਸਚੁ ਰਹੈ ਪਰਛੰਨਾ।
੭. ਕੰਮਿ ਨ ਆਵੈ ਭਾਂਡਾ ਭੰਨਾ॥ ੧੧॥

ਪਦ ਅਰਥ - ਵੰਨਾ=ਰੰਗ। ਵੁੜੀਐ=ਵਡਿਆਈਦਾ। ਪਰਛੰਨਾ=ਲੁਕਿਆ। ਭੰਨਾ=ਟੁੱਟਾ ਹੋਇਆ।

ਅਰਥ - ੧. (ਜਿਵੇਂ) ਥੋਮ ਤੇ ਕਸਤੂਰੀ ਦੀ ਵਾਸ਼ਨਾ ਇਕੋ ਜਿਹੀ ਨਹੀਂ ਹੁੰਦੀ ਤੇ ਨਾ ਹੀ ਲੋਹੇ ਤੇ ਸੋਨੇ ਦਾ ਰੰਗ ਇਕੋ ਜਿਹਾ ਹੁੰਦਾ ਹੈ। ੨. ਬਿਲੌਰੀ ਪੱਥਰ ਹੀਰੇ ਦੇ ਬਰਾਬਰ ਨਹੀਂ ਹੁੰਦਾ ਤੇ ਨਾ ਹੀ ਨੜੇ ਨੂੰ ਗੰਨੇ ਵਾਂਗੂੰ ਵਡਿਆਇਆ ਜਾਂਦਾ ਹੈ। ੩. ਰਤੀਆਂ ਰਤਨਾਂ ਦੇ ਬਰਾਬਰ ਨਹੀਂ ਹੁੰਦੀਆਂ ਤੇ ਕੱਚ ਪੰਨੇ ਦੇ ਮੁੱਲ ਨਹੀਂ ਵਿਕਦਾ। ੪. (ਇਸੇ ਤਰ੍ਹਾਂ) ਖੋਟੀ ਸਿੱਖਿਆ ਦਰਿਆ ਦੀ ਘੁੰਮਣਵਾਣੀ ਵਾਂਗੂੰ ਹੈ ਤੇ ਗੁਰੂ ਦੀ ਸਿੱਖਿਆ ਸ਼ੁਭ ਕਰਮਾਂ ਦਾ ਜਹਾਜ਼ ਹੈ (ਦੋਵੇਂ ਇਕੋ ਜਿਹੇ ਨਹੀਂ)। ੫. ਬੁਰੇ ਆਦਮੀ ਦੀ ਨਿੰਦਾ ਹੁੰਦੀ ਹੈ ਤੇ ਭਲੇ ਪੁਰਸ਼ ਦੀ ਹਰ ਪਾਸੇ ਜੈ ਜੈ ਕਾਰ ਹੁੰਦੀ ਹੈ ਤੇ ਹਰ ਕੋਈ ਉਸ ਨੂੰ ਧੰਨ ਧੰਨ ਆਖਦਾ

ਹੈ। ੬. ਗੁਰਮੁਖ ਪ੍ਰਗਟ ਰੂਪ ਵਿਚ ਜਾਣਿਆਂ ਜਾਂਦਾ ਹੈ ਤੇ ਮਨਮੁਖ ਸੱਚ ਵੱਲੋਂ ਲੁਕਿਆ ਰਹਿੰਦਾ ਹੈ। ੭. ਮਨਮੁਖ ਭੱਜੇ ਭਾਂਡੇ ਵਾਂਗੂੰ ਕਿਸੇ ਕੰਮ ਨਹੀਂ ਆਉਂਦਾ॥ ੧੧ ॥

੧੨. ਭਲੇ ਪੁਰਸ਼ ਦਾ ਜਸ ਹੁੰਦਾ ਹੈ

੧. ਇਕ ਵੇਚਨਿ ਹਥੀਆਰ ਘੜਿ ਇਕ ਸਵਾਰਨਿ ਸਿਲਾ ਸੰਜੋਆ।
੨. ਰਣ ਵਿਚਿ ਘਾਉ ਬਚਾਉ ਕਰਿ ਦੁਇ ਦਲ ਨਿਤਿ ਉਠਿ ਕਰਦੇ ਢੋਆ।
੩. ਘਾਇਲੁ ਹੋਇ ਨੰਗਾਸਣਾ ਬਖਤਰ ਵਾਲਾ ਨਵਾਂ ਨਿਰੋਆ।
੪. ਕਰਨਿ ਗੁਮਾਨੁ ਕਮਾਨਗਰ ਖਾਨਜਰਾਦੀ ਬਹੁਤੁ ਬਖੋਆ।
੫. ਜਗ ਵਿਚਿ ਸਾਧ ਅਸਾਧ ਸੰਗੁ ਸੰਗ ਸੁਭਾਇ ਜਾਇ ਫਲੁ ਭੋਆ।
੬. ਕਰਮ ਸੁ ਧਰਮ ਅਧਰਮ ਕਰਿ ਸੁਖ ਦੁਖ ਅੰਦਰਿ ਆਇ ਪਰੋਆ।
੭. ਭਲੇ ਬੁਰੇ ਜਸੁ ਅਪਜਸੁ ਹੋਆ॥ ੧੨ ॥

ਪਦ ਅਰਥ - ਸਿਲਾ ਸੰਜੋਆ=ਕਵਚ। ਢੋਆ=ਮੁੱਠ ਭੇੜ। ਨੰਗਾਸਣਾ=ਨੰਗੇ। ਅਪਜਸੁ=ਨਿੰਦਿਆ।

ਅਰਥ - ੧. ਇੱਕ ਸ਼ਸਤ੍ਰ ਬਣਾ ਬਣਾ ਕੇ ਵੇਚਦੇ ਹਨ ਤੇ ਇੱਕ ਸੰਜੋਆਂ ਨੂੰ ਮਾਂਜਣ (ਲਿਸ਼ਕਾਣ) ਵਾਲੇ ਸਿਕਲੀਗਰ ਹਨ। ੨. ਦੋਵੇਂ ਦਲ ਮੈਦਾਨ ਵਿਚ ਨਿੱਤ ਉੱਠ ਕੇ ਲੜਦੇ ਹਨ ਤੇ ਘਾਵਾਂ ਤੋਂ ਆਪਣਾ ਬਚਾ ਕਰਦੇ ਹਨ। ੩. ਸੰਜੋਆਂ ਤੋਂ ਬਿਨਾਂ ਸੂਰਮੇ ਜ਼ਖਮੀ ਹੁੰਦੇ ਹਨ, ਤੇ ਸੰਜੋਆਂ ਵਾਲੇ ਨਵੇਂ ਨਰੋਏ (ਭਾਵ ਬਚੇ) ਰਹਿੰਦੇ ਹਨ। ੪. ਕਮਾਨਗਰ (ਕਮਾਨਾਂ ਬਨਾਉਣ ਵਾਲੇ) ਹੰਕਾਰ ਕਰਦੇ ਹਨ ਕਿ 'ਖਾਨਜਰਾਦੀ' ਕਿਸਮ ਦੀ ਕਮਾਨ ਬਹੁਤ ਚੰਗੀ ਹੈ। ੫. ਸੰਸਾਰ ਵਿਚ ਭਲਿਆਂ ਤੇ ਬੁਰਿਆਂ ਦੀਆਂ ਦੋ ਸੰਗਤਾਂ ਹਨ। ਦੋਹਾਂ ਦੀ ਸੰਗਤ ਵਿਚ ਫਲ ਦਾ ਭੇਦ ਹੈ। ੬. ਭਲੇ ਕਰਮ ਕਰਨ ਵਾਲਾ ਧਰਮੀ ਕਿਹਾ ਜਾਂਦਾ ਹੈ ਤੇ ਉਸ ਨੂੰ ਸੁਖ ਮਿਲਦਾ ਹੈ ਤੇ ਅਧਰਮੀ (ਖੋਟਾ ਪੁਰਸ਼) ਦੁੱਖਾਂ ਵਿਚ ਪਰੋਇਆ ਜਾਂਦਾ ਹੈ। ੭. ਭਲੇ ਪੁਰਸ਼ ਦੀ ਵਡਿਆਈ ਹੁੰਦੀ ਹੈ ਤੇ ਬੁਰੇ ਮਨੁੱਖ ਦੀ ਨਿੰਦਿਆ ਹੁੰਦੀ ਹੈ॥ ੧੨ ॥

੧੩. ਪਰਉਪਕਾਰ ਕਰਨਾ ਸ੍ਰੇਸ਼ਟ ਕਰਮ ਹੈ

੧. ਸਤੁ ਸੰਤੋਖੁ ਦਇਆ ਧਰਮੁ ਅਰਥ ਸੁਗਰਥੁ ਸਾਧਸੰਗਿ ਆਵੈ।
੨. ਕਾਮੁ ਕਰੋਧੁ ਅਸਾਧ ਸੰਗਿ ਲੋਭਿ ਮੋਹੁ ਅਹੰਕਾਰ ਮਚਾਵੈ।
੩. ਦੁਕ੍ਰਿਤੁ ਸੁਕ੍ਰਿਤੁ ਕਰਮ ਕਰਿ ਬੁਰਾ ਭਲਾ ਹੁਇ ਨਾਉਂ ਧਰਾਵੈ।
੪. ਗੋਰਸੁ ਗਾਈਂ ਖਾਇ ਖੜੁ ਇਕੁ ਇਕੁ ਜਣਦੀ ਵਗੁ ਵਧਾਵੈ।
੫. ਦੁਧਿ ਪੀਤੈ ਵਿਹੁ ਦੇਇ ਸਪ ਜਣਿ ਜਣਿ ਬਹਲੇ ਬਚੇ ਖਾਵੈ।

੬. ਸੰਗ ਸੁਭਾਉ ਅਸਾਧ ਸਾਧੁ ਪਾਪੁ ਪੁੰਨੁ ਦੁਖੁ ਸੁਖੁ ਫਲੁ ਪਾਵੈ।
੭. ਪਰਉਪਕਾਰ ਵਿਕਾਰੁ ਕਮਾਵੈ॥ ੧੩ ॥

ਪਦ ਅਰਥ - ਸੁਗਰਥੁ=ਚੰਗੇ ਪਦਾਰਥ। ਖੜੁ=ਘਾਹ।

ਅਰਥ - ੧. ਸਾਧ ਸੰਗਤ ਵਿਚੋਂ ਸਤ, ਸੰਤੋਖ, ਦਇਆ, ਧਰਮ ਤੇ ਅਰਥ ਆਦਿ ਸ੍ਰੇਸ਼ਟ ਪਦਾਰਥ ਪ੍ਰਾਪਤ ਹੁੰਦੇ ਹਨ। ੨. ਅਸਾਧਾਂ (ਬੁਰੇ ਪੁਰਸ਼ਾਂ) ਦੀ ਸੰਗਤ ਕਰਨ ਕਰਕੇ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਆਦਿ ਵਧਦੇ ਹਨ। ੩. ਖੋਟੇ ਕਰਮ ਤੇ ਚੰਗੇ ਕਰਮ ਕਰਨ ਵਾਲਿਆਂ ਦੇ ਦੋ ਅੱਡੋ ਅੱਡ ਨਾਂ ਧਰੇ ਜਾਂਦੇ ਹਨ। ਪਾਪ ਕਰਨ ਵਾਲਾ ਬੁਰਾ ਤੇ ਪੁੰਨ ਕਰਮ ਕਰਨ ਵਾਲਾ ਭਲਾ ਕਿਹਾ ਜਾਂਦਾ ਹੈ। ੪. ਘਾਹ ਖਾ ਕੇ ਗਊ ਦੁੱਧ ਦਿੰਦੀ ਹੈ ਤੇ ਇੱਕ ਇੱਕ ਬੱਚਾ ਜਣ ਕੇ ਵੱਗ ਵਧਾਉਂਦੀ ਹੈ। ੫. ਦੁੱਧ ਪੀ ਕੇ ਸਪਣੀ ਜ਼ਹਿਰ ਦਿੰਦੀ ਹੈ ਤੇ ਬਹੁਤ ਸਾਰੇ ਬੱਚੇ ਜਣ ਕੇ ਉਹਨਾਂ ਨੂੰ ਖਾ ਲੈਂਦੀ ਹੈ। ੬. ਭਲਿਆਂ ਤੇ ਬੁਰਿਆਂ ਦੀ ਸੰਗਤ ਵਿਚ ਪਾਪ ਪੁੰਨ ਦਾ ਫਲ ਦੁੱਖ ਸੁਖ ਮਿਲਦਾ ਹੈ। ੭. ਪਰਉਪਕਾਰ ਸ੍ਰੇਸ਼ਟ ਕਰਮ ਹੈ ਤੇ ਵਿਕਾਰ ਕਰਨਾ ਪਾਪ ਹੈ॥ ੧੩ ॥

੧੪. ਭਲੇ ਤੇ ਬੁਰੇ ਦੇ ਸੁਭਾਅ ਵੱਖੋ ਵੱਖ ਹੁੰਦੇ ਹਨ

੧. ਚੰਨਣੁ ਬਿਰਖੁ ਸੁਬਾਸੁ ਦੇ ਚੰਨਣੁ ਕਰਦਾ ਬਿਰਖ ਸਬਾਏ।
੨. ਖਹਦੇ ਵਾਂਸਹੁ ਅਗਿ ਧੁਖਿ ਆਪਿ ਜਲੈ ਪਰਵਾਰੁ ਜਲਾਏ।
੩. ਮੁਲਹ ਜਿਵੈ ਪੰਖੇਰੂਆ ਫਾਸੈ ਆਪਿ ਕੁਟੰਬ ਫਹਾਏ।
੪. ਅਸਟ ਧਾਤੁ ਹੁਇ ਪਰਬਤਹੁ ਪਾਰਸੁ ਕਰਿ ਕੰਚਨੁ ਦਿਖਲਾਏ।
੫. ਗਣਿਕਾ ਵਾੜੈ ਜਾਇ ਕੈ ਹੋਵਨਿ ਰੋਗੀ ਪਾਪ ਕਮਾਏ।
੬. ਦੁਖੀਏ ਆਵਨਿ ਵੈਦ ਘਰ ਦਾਰੂ ਦੇ ਦੇ ਰੋਗੁ ਮਿਟਾਏ।
੭. ਭਲਾ ਬੁਰਾ ਦੁਇ ਸੰਗ ਸੁਭਾਏ॥ ੧੪ ॥

ਪਦ ਅਰਥ - ਸਬਾਏ=ਸਾਰੇ। ਮੁਲਹ=ਤਿਲੀਅਰ, ਬਟੇਰਾ। ਗਣਿਕਾ=ਵੇਸਵਾ।

ਅਰਥ - ੧. ਚੰਦਨ ਦਾ ਬ੍ਰਿਛ ਆਪਣੀ ਚੰਗੀ ਵਾਸ਼ਨਾ ਦੇ ਕੇ ਆਲੇ ਦੁਆਲੇ ਦੇ ਸਾਰੇ ਬ੍ਰਿਛਾਂ ਨੂੰ ਚੰਦਨ ਬਣਾ ਦਿੰਦਾ ਹੈ। ੨. ਵਾਂਸ ਆਪੋ ਵਿਚ ਖਹਿੰਦੇ ਹਨ ਤੇ ਉਹਨਾਂ ਵਿਚੋਂ ਅੱਗ ਧੁਖਦੀ ਹੈ, ਉਸ ਅੱਗ ਵਿਚ ਉਹ ਆਪ ਵੀ ਸੜਦੇ ਹਨ ਤੇ ਆਪਣਾ ਪਰਿਵਾਰ ਵੀ ਸਾੜ ਬੈਠਦੇ ਹਨ। ੩. ਜਿਵੇਂ ਮੁਲਹ ਪੰਛੀ ਫੰਧਕ ਦੇ ਫੰਧੇ ਵਿਚ ਆਪ ਫਸ ਕੇ ਹੋਰ ਪੰਛੀਆਂ ਨੂੰ ਫਸਾਉਂਦਾ ਹੈ। ੪. ਪਹਾੜਾਂ ਵਿਚ ਅੱਠ ਧਾਤਾਂ ਹੁੰਦੀਆਂ ਹਨ ਪਾਰਸ ਸਾਰੀਆਂ ਧਾਤਾਂ ਨੂੰ ਸੋਨਾ ਬਣਾ ਦਿੰਦਾ ਹੈ। ੫. ਖੋਟੇ ਪੁਰਸ਼ ਵੇਸਵਾ ਦੇ ਘਰ ਜਾ ਕੇ ਪਾਪ-ਕਰਮ ਕਰਦੇ ਹਨ ਤੇ ਰੋਗੀ ਹੋ ਜਾਂਦੇ ਹਨ। ੬. ਦੁਖੀਏ (ਰੋਗੀ ਪੁਰਸ਼) ਵੈਦ ਦੇ ਘਰ ਜਾਂਦੇ ਹਨ। ਵੈਦ ਉਹਨਾਂ ਨੂੰ ਔਸ਼ਧੀ ਦੇ ਕੇ ਰੋਗ ਦੂਰ ਕਰਦਾ ਹੈ। ੭. ਭਲਾ ਤੇ ਬੁਰਾ ਦੋ ਸੰਗਤਾਂ ਹਨ, ਇਹਨਾਂ ਦੋਹਾਂ ਦਾ ਸੁਭਾਅ ਵੱਖੋ ਵੱਖ ਹੈ॥ ੧੪ ॥

੧੫. ਜੋ ਬੀਜੈ ਸੋ ਖਾਵਣਾ

੧. ਭਲਾ ਸੁਭਾਉ ਮਜੀਠ ਦਾ ਸਹੈ ਅਵਟਣੁ ਰੰਗੁ ਚੜ੍ਹਾਏ।
੨. ਗੰਨਾ ਕੋਲੂ ਪੀੜੀਐ ਟਟਰਿ ਪਇਆ ਮਿਠਾਸੁ ਵਧਾਏ।
੩. ਤੁੰਮੇ ਅੰਮ੍ਰਿਤੁ ਸਿੰਜੀਐ ਕਉੜਤਣ ਦੀ ਬਾਣਿ ਨ ਜਾਏ।
੪. ਅਵਗੁਣ ਕੀਤੇ ਗੁਣ ਕਰੈ ਭਲਾ ਨ ਅਵਗੁਣ ਚਿਤਿ ਵਸਾਏ।
੫. ਗੁਣੁ ਕੀਤੇ ਅਉਗੁਣੁ ਕਰੈ ਬੁਰਾ ਨ ਮੰਨ ਅੰਦਰਿ ਗੁਣ ਪਾਏ।
੬. ਜੋ ਬੀਜੈ ਸੋਈ ਫਲੁ ਖਾਏ ॥ ੧੫ ॥

ਪਦ ਅਰਥ - ਅਵਟਣੁ=ਉਬਾਲਾ। ਟਟਰਿ=ਕੜਾਹਾ। ਬਾਣਿ=ਆਦਤ।

ਅਰਥ - ੧. ਮਜੀਠ ਦਾ ਸੁਭਾਅ ਚੰਗਾ ਹੈ, ਜੋ ਅੱਗ ਦਾ ਸੇਕ (ਉਬਾਲਾ) ਸਹਾਰਕੇ ਕਪੜੇ ਨੂੰ ਰੰਗ ਚੜ੍ਹਾਉਂਦੀ ਹੈ। ੨. ਗੰਨੇ ਨੂੰ ਵੇਲਣੇ ਵਿਚ ਪੀੜ ਕੇ ਕੜਾਹੇ ਵਿਚ ਪਾ ਕੇ ਤਪਾਇਆ ਜਾਂਦਾ ਹੈ ਉਹ ਫਿਰ ਵੀ ਮਿਠਾਸ ਵਧਾਉਂਦਾ ਹੈ। ੩. ਤੁੰਮੇ ਨੂੰ ਕਿੰਨਾ ਵੀ ਅੰਮ੍ਰਿਤ ਪਾਈਏ, ਪਰ ਉਸ ਦੀ ਕੁੜੱਤਣ ਵਾਲੀ ਆਦਤ ਨਹੀਂ ਜਾਂਦੀ। ੪. (ਭਲਾ ਪੁਰਸ਼) ਔਗੁਣ ਕਰਨ ਵਾਲੇ ਨਾਲ ਵੀ ਗੁਣ ਹੀ ਕਰਦਾ ਹੈ। ਉਹ ਬੁਰੇ ਪੁਰਸ਼ਾਂ ਦੇ ਔਗੁਣਾਂ ਨੂੰ ਆਪਣੇ ਮਨ ਵਿਚ ਨਹੀਂ ਵਸਾਉਂਦਾ। ੫. ਬੁਰਾ ਪੁਰਸ਼ ਭਲਾ ਕਰਨ ਵਾਲੇ ਨਾਲ ਬੁਰਿਆਈ ਹੀ ਕਰਦਾ ਹੈ। ਉਹ ਆਪਣੇ ਮਨ ਅੰਦਰ ਗੁਣਾਂ ਨੂੰ ਧਾਰਨ ਨਹੀਂ ਕਰਦਾ। ੬. ਜੋ ਕੁਛ ਕੋਈ ਬੀਜਦਾ ਹੈ, ਉਹੋ ਜਿਹਾ ਫਲ ਉਹ ਖਾਏਗਾ ॥ ੧੫ ॥

੧੬. ਭਲੇ ਬੁਰੇ ਦਾ ਸੁਭਾਅ

੧. ਪਾਣੀ ਪਥਰੁ ਲੀਕ ਜਿਉਂ ਭਲਾ ਬੁਰਾ ਪਰਕਿਰਤਿ ਸੁਭਾਏ।
੨. ਵੈਰ ਨ ਟਿਕਦਾ ਭਲੇ ਚਿਤਿ ਹੇਤੁ ਨ ਟਿਕੈ ਬੁਰੈ ਮਨਿ ਆਏ।
੩. ਭਲਾ ਨ ਹੇਤੁ ਵਿਸਾਰਦਾ ਬੁਰਾ ਨ ਵੈਰੁ ਮਨਹੁ ਵਿਸਰਾਏ।
੪. ਆਸ ਨ ਪੁਜੈ ਦੁਹਾਂ ਦੀ ਦੁਰਮਤਿ ਗੁਰਮਤਿ ਅੰਤਿ ਲਖਾਏ।
੫. ਭਲਿਅਹੁ ਬੁਰਾ ਨ ਹੋਵਈ ਬੁਰਿਅਹੁ ਭਲਾ ਨ ਭਲਾ ਮਨਾਏ।
੬. ਵਿਰਤੀਹਾਣੁ ਵਖਾਣਿਆ ਸਈ ਸਿਆਣੀ ਸਿਖ ਸੁਣਾਏ।
੭. ਪਰਉਪਕਾਰੁ ਵਿਕਾਰੁ ਕਮਾਏ ॥ ੧੬ ॥

ਪਦ ਅਰਥ - ਪਰਕਿਰਤਿ=ਸੁਭਾਅ। ਹੇਤੁ=ਹਿੱਤ, ਪਿਆਰ। ਵਿਰਤੀਹਾਣੁ=ਵਰਤਾਰਾ।

ਅਰਥ - ੧. ਪਾਣੀ ਤੇ ਪੱਥਰ ਦੀ ਲੀਕ ਵਾਂਗੂੰ ਭਲੇ ਤੇ ਬੁਰੇ ਦਾ ਸੁਭਾਅ ਹੁੰਦਾ ਹੈ। ੨. ਭਲੇ ਦੇ ਮਨ ਵਿਚ ਪਾਣੀ ਦੀ ਲੀਕ ਵਾਂਗੂੰ ਵੈਰ ਨਹੀਂ ਟਿਕਦਾ ਤੇ ਬੁਰੇ ਦੇ ਮਨ ਵਿਚ ਪੱਥਰ ਦੀ ਲੀਕ ਵਾਂਗੂੰ ਵੈਰ ਪੱਕਾ ਹੁੰਦਾ ਹੈ, ਉਸ ਦੇ ਚਿੱਤ ਵਿਚ ਭਲਿਆਈ ਨਹੀਂ ਆਉਂਦੀ। ੩. ਭਲਾ ਪੁਰਸ਼ ਹੇਤ (ਹਿੱਤ, ਪਿਆਰ) ਨਹੀਂ ਛੱਡਦਾ ਤੇ ਬੁਰਾ ਆਪਣੇ ਮਨ ਵਿਚੋਂ ਵੈਰ ਨਹੀਂ ਵਿਸਾਰਦਾ। ੪. ਦੋਹਾਂ ਦੀ ਆਸ ਪੂਰੀ ਨਹੀਂ ਹੁੰਦੀ, ਬੁਰਾ ਅੰਤ ਤਕ ਬੁਰਿਆਈ ਤੇ ਭਲਾ ਅਖੀਰ ਤਕ ਗੁਰੂ ਦੀ ਸਿੱਖਿਆ ਨੂੰ ਹੀ ਜਾਣਦਾ ਹੈ। ੫. ਭਲੇ ਪੁਰਸ਼ ਕੋਲੋਂ ਕਦੇ ਵੀ ਬੁਰਿਆਈ ਨਹੀਂ ਹੁੰਦੀ ਤੇ ਬੁਰੇ ਪੁਰਸ਼ ਕੋਲੋਂ ਭਲਾ ਨਹੀਂ ਹੁੰਦਾ, ਕਿਉਂਕਿ ਉਹ ਭਲਿਆਈ ਨੂੰ ਮੰਨਦਾ ਹੀ ਨਹੀਂ। ੬. ਇਹ ਵਰਤ ਰਿਹਾ ਵਰਤਾਰਾ ਕਥਨ ਕੀਤਾ ਹੈ, ਕਿਉਂਕਿ ਸੌ ਸਿਆਣਿਆਂ ਦੀ ਇਕੋ ਮਤ ਸੁਣੀਂਦੀ ਹੈ। ੭. (ਭਲਾ ਪੁਰਸ਼ ਸਦਾ) ਪਰਉਪਕਾਰ ਹੀ ਕਰਦਾ ਹੈ ਤੇ (ਬੁਰਾ) ਵਿਕਾਰ ਹੀ ਕਮਾਉਂਦਾ ਹੈ॥ ੧੬॥

੧੭. ਪ੍ਰਭੂ ਦਾ ਨਿਆਂ ਸੱਚਾ ਹੈ

੧. ਵਿਰਤੀਹਾਣੁ ਵਖਾਣਿਆ ਭਲੇ ਬੁਰੇ ਦੀ ਸੁਣੀ ਕਹਾਣੀ।
੨. ਭਲਾ ਬੁਰਾ ਦੁਇ ਚਲੇ ਰਾਹਿ ਉਸ ਥੈ ਤੋਸਾ ਉਸ ਥੈ ਪਾਣੀ।
੩. ਤੋਸਾ ਅਗੈ ਰਖਿਆ ਭਲੇ ਭਲਾਈ ਅੰਦਰਿ ਆਣੀ।
੪. ਬੁਰਾ ਬੁਰਾਈ ਕਰਿ ਗਇਆ ਹਥੀਂ ਕਢਿ ਨ ਦਿਤੋ ਪਾਣੀ।
੫. ਭਲਾ ਭਲਾਈਅਹੁ ਸਿਝਿਆ ਬੁਰੇ ਬੁਰਾਈਅਹੁ ਵੈਰਿ ਵਿਹਾਣੀ।
੬. ਸਚਾ ਸਾਹਿਬੁ ਨਿਆਉ ਸਚੁ ਜੀਆਂ ਦਾ ਜਾਣੋਈ ਜਾਣੀ।
੭. ਕੁਦਰਤਿ ਕਾਦਰ ਨੋ ਕੁਰਬਾਣੀ॥ ੧੭॥

ਪਦ ਅਰਥ - ਵਿਰਤੀਹਾਣੁ=ਵਰਤੀ ਹੋਈ ਗੱਲ। ਤੋਸਾ=ਰੋਟੀ। ਸਿਝਿਆ=ਮੁਕਤ ਹੋਇਆ।

ਅਰਥ - ੧ ਵਰਤੀ ਹੋਈ ਗੱਲ ਸੁਣਾਉਂਦੇ ਹਾਂ, ਜੋ ਭਲੇ ਤੇ ਬੁਰੇ ਦੀ ਕਹਾਣੀ ਹੈ। ੨. ਭਲਾ ਤੇ ਬੁਰਾ ਦੋਵੇਂ ਇੱਕਠੇ ਇਕ ਰਸਤੇ 'ਤੇ ਜਾ ਰਹੇ ਸਨ। ਭਲੇ ਪਾਸ ਰੋਟੀ ਸੀ ਤੇ ਬੁਰੇ ਕੋਲ ਪਾਣੀ। ੩. ਭਲੇ ਦੇ ਮਨ ਅੰਦਰ ਭਲਿਆਈ ਵਸਦੀ ਸੀ, ਇਸ ਲਈ ਉਸ ਰੋਟੀ ਕੱਢ ਕੇ ਬੁਰੇ ਦੇ ਅੱਗੇ ਰੱਖੀ। ੪. (ਪਰ) ਬੁਰਾ ਬੁਰਿਆਈ ਕਰਕੇ ਚਲਾ ਗਿਆ, ਉਸ ਨੇ ਆਪਣੇ ਹਥੀਂ ਭਲੇ ਪੁਰਸ਼ ਨੂੰ ਪਾਣੀ ਨਾ ਦਿੱਤਾ। ੫. ਭਲਾ ਤਾਂ ਭਲਿਆਈ ਕਰਕੇ ਮੁਕਤ ਹੋ ਗਿਆ, ਪਰ ਬੁਰੇ ਦੀ ਉਮਰ ਵੈਰ ਕਮਾਉਂਦਿਆਂ ਹੀ ਬੀਤ ਗਈ (ਤੇ ਅੰਤ ਉਹ ਨਰਕਾਂ ਵਿਚ ਜਾ ਪਿਆ)। ੬. ਸੱਚੇ ਸਾਹਿਬ (ਪ੍ਰਭੂ) ਦਾ ਨਿਆਂ ਸੱਚਾ ਹੈ, ਉਹ ਹਰ ਇਕ ਜੀਅ ਦੇ ਦਿਲ ਦੀ ਜਾਣਨ ਵਾਲਾ ਜਾਣੀ ਜਾਣ ਹੈ। ੭. (ਸੰਸਾਰ ਵਿਚ ਵਰਤ ਰਿਹਾ ਇਹ ਵਰਤਾਰਾ ਵੇਖ ਕੇ) ਮੈਂ ਕਾਦਰ ਦੀ ਕੁਦਰਤ ਤੋਂ ਕੁਰਬਾਨ ਜਾਂਦਾ ਹਾਂ॥ ੧੭॥

੧੮. ਜੋ ਉਪਜਿਓ ਸੋ ਬਿਨਸ ਹੈ

੧. ਭਲਾ ਬੁਰਾ ਸੈਸਾਰ ਵਿਚਿ ਜੋ ਆਇਆ ਤਿਸੁ ਸਰਪਰ ਮਰਣਾ।
੨. ਰਾਵਣ ਤੈ ਰਾਮਚੰਦ ਵਾਂਗਿ ਮਹਾਂ ਬਲੀ ਲੜਿ ਕਾਰਣੁ ਕਰਣਾ।
੩. ਜਰੁ ਜਰਵਾਣਾ ਵਸਿ ਕਰਿ ਅੰਤਿ ਅਧਰਮ ਰਾਵਣਿ ਮਨ ਧਰਣਾ।
੪. ਰਾਮਚੰਦੁ ਨਿਰਮਲੁ ਪੁਰਖੁ ਧਰਮਹੁ ਸਾਇਰ ਪਥਰ ਤਰਣਾ।
੫. ਬੁਰਿਆਈਅਹੁ ਰਾਵਣੁ ਗਇਆ ਕਾਲਾ ਟਿਕਾ ਪਰ ਤ੍ਰਿਅ ਹਰਣਾ।
੬. ਰਾਮਾਇਣੁ ਜੁਗਿ ਜੁਗਿ ਅਟਲੁ ਸੋ ਉਧਰੇ ਜੋ ਆਏ ਸਰਣਾ।
੭. ਜਸ ਅਪਜਸ ਵਿਚਿ ਨਿਡਰ ਡਰਣਾ॥ ੧੮॥

ਪਦ ਅਰਥ - ਜਰੁ=ਬੁਢੇਪਾ। ਜਰਵਾਣਾ=ਕਾਲ। ਨਿਰਮਲੁ=ਉੱਜਲ, ਪਵਿੱਤਰ। ਸਾਇਰ=ਸਮੁੰਦਰ। ਪਰ ਤ੍ਰਿਅ=ਪਰਾਈ ਇਸਤ੍ਰੀ।

ਅਰਥ - ੧. ਭਲਾ ਤੇ ਬੁਰਾ ਪੁਰਸ਼ ਜੋ ਵੀ ਸੰਸਾਰ ਵਿਚ ਆਇਆ ਹੈ, ਉਹ ਅਵੱਸ਼ ਮਰੇਗਾ। ੨. ਰਾਵਣ ਤੇ ਰਾਮ ਚੰਦਰ ਵਾਂਗੂੰ ਮਹਾਨ ਸੂਰਮੇ ਲੜਾਈ ਦਾ ਕਾਰਣ (ਯਤਨ) ਕਰਦੇ ਰਹੇ। ੩. ਜਿਸ ਰਾਵਣ ਨੇ ਬੁਢੇਪੇ ਤੇ ਕਾਲ ਨੂੰ ਆਪਣੇ ਵਸ ਵਿਚ ਕਰ ਰੱਖਿਆ ਸੀ ਅੰਤ ਨੂੰ ਉਸ ਰਾਵਣ ਨੇ ਮਨ ਵਿਚ ਅਧਰਮ ਨੂੰ ਧਾਰਨ ਕੀਤਾ। ੪. ਰਾਮ ਚੰਦਰ ਜੀ ਨਿਰਮਲ (ਉੱਤਮ) ਪੁਰਸ਼ ਸਨ, ਜਿਨ੍ਹਾਂ ਦੇ ਪ੍ਰਤਾਪ ਕਰਕੇ ਸਮੁੰਦਰ ਵਿਚ ਪੱਥਰ ਵੀ ਤਰਨ ਲੱਗ ਪਏ। ੫. ਖੋਟੇ ਕਰਮਾਂ ਕਰਕੇ ਰਾਵਣ ਦਾ ਨਾਸ ਹੋ ਗਿਆ, ਉਸ ਨੇ ਪਰਾਈ ਇਸਤ੍ਰੀ ਹਰ ਕੇ ਆਪਣੇ ਮੱਥੇ 'ਤੇ ਕਲੰਕ ਦਾ ਟਿੱਕਾ ਲਵਾ ਲਿਆ। ੬. ਰਾਮ ਜੀ ਦੀ ਕਥਾ (ਰਾਮਾਇਣ) ਜੁਗਾਂ ਜੁਗਾਂ ਵਿਚ ਅਟੱਲ ਤੁਰੀ ਆ ਰਹੀ ਹੈ। ਉਹ ਪੁਰਸ਼ ਤਰ ਜਾਂਦੇ ਹਨ, ਜੋ ਪ੍ਰਭੂ ਦੀ ਸ਼ਰਣ ਵਿਚ ਜਾਂਦੇ ਹਨ। ੭. (ਪ੍ਰਭੂ ਦਾ) ਡਰ ਮੰਨਣ ਵਾਲਿਆਂ ਦਾ ਸੰਸਾਰ ਵਿਚ ਜਸ ਹੁੰਦਾ ਹੈ ਤੇ ਨਿਡਰ (ਗੁਸਤਾਖ) ਬੰਦਿਆਂ ਦੀ ਨਿੰਦਿਆਂ ਹੁੰਦੀ ਹੈ॥ ੧੮॥

੧੯. ਬੁਰੇ ਪੁਰਸ਼ ਦਾ ਅਪਜਸ ਹੁੰਦਾ ਹੈ

੧. ਸੋਇਨ ਲੰਕਾ ਵਡਾ ਗੜੁ ਖਾਰ ਸਮੁੰਦ ਜਿਵੇਹੀ ਖਾਈ।
੨. ਲਖ ਪੁਤੁ ਪੋਤੇ ਸਵਾ ਲਖੁ ਕੁੰਭਕਰਣੁ ਮਹਿਰਾਵਣੁ ਭਾਈ।
੩. ਪਵਣੁ ਬੁਹਾਰੀ ਦੇਇ ਨਿਤਿ ਇੰਦ੍ਰ ਭਰੈ ਪਾਣੀ ਵਰ੍ਹਿਆਈ।
੪. ਬੈਸੰਤ੍ਰ ਰਸੋਈਆ ਸੂਰਜੁ ਚੰਦੁ ਚਰਾਗ ਦੀਪਾਈ।
੫. ਬਹੁ ਖੂਹਣਿ ਚਤੁਰੰਗ ਦਲ ਦੇਸ ਨ ਵੇਸ ਨ ਕੀਮਤਿ ਪਾਈ।

੬. ਮਹਾਦੇਵ ਦੀ ਸੇਵ ਕਰਿ ਦੇਵ ਦਾਨਵ ਰਹੰਦੇ ਸਰਣਾਈ।
੭. ਅਪਜਸੁ ਲੈ ਦੁਰਮਤਿ ਬੁਰਿਆਈ॥ ੧੯॥

ਪਦ ਅਰਥ - ਗੜੁ=ਕਿਲ੍ਹਾ। ਮਹਿਰਾਵਣੁ=ਰਾਵਣ ਦਾ ਭਰਾ। ਵਰ੍ਹਿਆਈ=ਜ਼ੋਰਾਵਰੀ। ਵੇਸ=ਪੁਸ਼ਾਕ।

ਅਰਥ - ੧. (ਖੋਟੀ ਮੱਤ ਵਾਲੇ ਰਾਵਣ) ਦਾ ਸੋਨੇ ਦਾ ਲੰਕਾ ਗੜ੍ਹ (ਕਿਲ੍ਹਾ) ਸੀ, ਜਿਸ ਦੇ ਚਾਰੇ ਪਾਸੇ ਖਾਰੇ ਸਮੁੰਦਰ ਦੀ ਖਾਈ ਸੀ। ੨. ਉਸ ਦੇ ਇਕ ਲੱਖ ਪੁੱਤਰ ਤੇ ਸਵਾ ਲੱਖ ਪੋਤਰੇ ਸਨ। ਬਲੀ ਕੁੰਭਕਰਨ ਤੇ ਮਹਿਰਾਵਣ ਉਸ ਦੇ ਭਰਾ ਸਨ। ੩. ਉਸ ਦੇ ਘਰ ਪੌਣ ਬੁਹਾਰੀ ਦਿੰਦੀ ਸੀ ਤੇ ਇੰਦਰ ਜ਼ੋਰਾਵਰੀ ਪਾਣੀ ਭਰਦਾ ਸੀ। (ਭਾਵ ਕੁਦਰਤੀ ਤਾਕਤਾਂ ਉਸ ਦੇ ਅਧੀਨ ਸਨ)। ੪. ਬੈਸੰਤਰ (ਅੱਗ) ਉਸ ਦਾ ਰਸੋਈਆ ਸੀ ਤੇ ਸੂਰਜ ਚੰਦਰਮਾਂ ਉਸ ਦੇ ਘਰ ਦੀਵੇ ਬਾਲਦੇ ਸਨ। ੫. ਉਸ ਦੀ ਕਈ ਖੂਹਣੀਆਂ ਚਤੁਰੰਗਨੀ ਫ਼ੌਜ ਸੀ, ਉਸ ਦੇ ਦੇਸਾਂ ਤੇ ਵੇਸਾਂ ਦੀ ਕੋਈ ਕੀਮਤ ਨਹੀਂ ਸੀ ਪਾਈ ਜਾ ਸਕਦੀ। ੬. ਸ਼ਿਵ ਜੀ ਦੀ ਸੇਵਾ ਦੇ ਪ੍ਰਤਾਪ ਕਰਕੇ ਸਭ ਦੇਵਤੇ ਤੇ ਦੈਂਤ ਉਸ ਦੀ ਸ਼ਰਣ ਵਿਚ ਰਹਿੰਦੇ ਸਨ। ੭. (ਇਹੋ ਜਿਹਾ ਮਹਾਨ ਪ੍ਰਤਾਪਵਾਨ ਰਾਵਣ) ਖੋਟੀ ਮੱਤ ਕਰਕੇ ਬੁਰਿਆਈ ਕਾਰਨ ਅਪਜਸ ਹੀ ਲੈ ਕੇ ਗਿਆ॥ ੧੯॥

੨੦. ਧਰਮ ਲਈ ਮਰਨ ਵਾਲਾ ਸੱਚਾ ਸੂਰਮਾ ਹੁੰਦਾ ਹੈ

੧. ਰਾਮਚੰਦੁ ਕਾਰਣ ਕਰਣ ਕਾਰਣ ਵਸਿ ਹੋਆ ਦੇਹਿ ਧਾਰੀ।
੨. ਮੰਨਿ ਮਤੇਈ ਆਗਿਆ ਲੈ ਵਣਵਾਸੁ ਵਡਾਈ ਚਾਰੀ।
੩. ਪਰਸਰਾਮੁ ਦਾ ਬਲੁ ਹਰੈ ਦੀਨ ਦਇਆਲੁ ਗਰਬ ਪਰਹਾਰੀ।
੪. ਸੀਤਾ ਲਖਮਣ ਸੇਵ ਕਰਿ ਜਤੀ ਸਤੀ ਸੇਵਾ ਹਿਤਕਾਰੀ।
੫. ਰਾਮਾਇਣੁ ਵਰਤਾਇਆ ਰਾਮ ਰਾਜੁ ਕਰਿ ਸ੍ਰਿਸਟਿ ਉਧਾਰੀ।
੬. ਮਰਣੁ ਮੁਣਸਾ ਸਚੁ ਹੈ ਸਾਧਸੰਗਤਿ ਮਿਲਿ ਪੈਜ ਸਵਾਰੀ।
੭. ਭਲਿਆਈ ਸਤਿਗੁਰ ਮਤਿ ਸਾਰੀ॥ ੨੦॥ ੩੧॥

ਪਦ ਅਰਥ - ਕਾਰਣ ਕਰਣ=ਕਾਰਣਾਂ ਦੇ ਕਰਨ ਵਾਲਾ। ਹਰੈ=ਨਾਸ ਕੀਤਾ। ਗਰਬ=ਹੰਕਾਰ। ਮੁਣਸਾਂ=ਸੂਰਮਿਆਂ ਦਾ।

ਅਰਥ - ੧. ਕਰਣ ਕਾਰਣ ਰਾਮ ਚੰਦਰ ਜੀ ਨੇ ਕਾਰਣ ਵਸ ਹੋ ਕੇ ਮਨੁੱਖਾ ਦੇਹੀ ਧਾਰਨ ਕੀਤੀ। ੨. ਮਤਰੇਈ ਮਾਂ (ਕੇਕਈ) ਦੀ ਆਗਿਆ ਮੰਨ ਕੇ (ਚੌਦਾਂ ਵਰ੍ਹੇ) ਦਾ ਬਨਬਾਸ ਕੱਟਕੇ ਵਡਿਆਈ ਪ੍ਰਾਪਤ ਕੀਤੀ। ੩. ਦੀਨ ਦਿਆਲ ਰਾਮ ਚੰਦਰ ਜੀ ਨੇ ਪਰਸਰਾਮ ਦਾ ਬਲ (ਜ਼ੋਰ) ਨਾਸ ਕਰਕੇ ਉਸ ਦਾ ਹੰਕਾਰ ਦੂਰ ਕੀਤਾ। ੪. ਸੀਤਾ ਤੇ ਲਛਮਣ ਰਾਮ ਜੀ ਦੀ ਸੇਵਾ ਕਰਕੇ ਜਤੀ ਸਤੀ ਰਹਿੰਦੇ ਹੋਏ ਉਹਨਾਂ ਨਾਲ ਪ੍ਰੇਮ ਕਰਦੇ ਰਹੇ। ੫. ਰਾਮ ਜੀ ਨੇ ਰਾਮ ਰਾਜ (ਧਰਮ ਦਾ ਰਾਜ) ਕਾਇਮ ਕਰਕੇ ਸਾਰੀ ਸ੍ਰਿਸ਼ਟੀ ਦਾ ਉਧਾਰ ਕੀਤਾ ਤੇ ਰਾਮਾਇਣ ਵਰਤਾਇਆ (ਭਾਵ ਨਿਆਇ ਪੂਰਬਕ ਰਾਜ ਕਰਕੇ ਜਸ ਖੱਟਿਆ)। ੬. ਉਹਨਾਂ ਸੂਰਮਿਆਂ

ਦਾ ਮਰਨਾ ਸੱਚਾ ਹੈ, ਜਿਨ੍ਹਾਂ ਨੇ ਸਾਧ ਸੰਗਤ ਵਿਚ ਮਿਲ ਕੇ ਆਪਣੀ ਇਜ਼ਤ ਸਵਾਰੀ ਹੈ। ੭. (ਉਹਨਾਂ ਸੂਰਮਿਆਂ ਨੇ) ਸਤਿਗੁਰੂ ਦੀ ਸੁਭ ਸਿੱਖਿਆ ਲੈ ਕੇ ਸੰਸਾਰ ਵਿਚ ਭਲਿਆਈ ਹੀ ਕੀਤੀ ਹੈ॥ ੨੦॥ ੩੧॥

ਵਾਰ ੩੨

ੴ ਸਤਿਗੁਰ ਪ੍ਰਸਾਦਿ॥

੧. ਗੁਰਮੁਖਾਂ ਦੇ ਲੱਛਣ

੧. ਪਹਿਲਾ ਗੁਰਮੁਖਿ ਜਨਮੁ ਲੈ ਭੈ ਵਿਚਿ ਵਰਤੈ ਹੋਇ ਇਆਣਾ।
੨. ਗੁਰ ਸਿਖ ਲੈ ਗੁਰਸਿਖੁ ਹੋਇ ਭਾਇ ਭਗਤਿ ਵਿਚਿ ਖਰਾ ਸਿਆਣਾ।
੩. ਗੁਰ ਸਿਖ ਸੁਣਿ ਮੰਨੈ ਸਮਝਿ ਮਾਣਿ ਮਹਤਿ ਵਿਚਿ ਰਹੈ ਨਿਮਾਣਾ।
੪. ਗੁਰ ਸਿਖ ਗੁਰਸਿਖੁ ਪੂਜਦਾ ਪੈਰੀ ਪੈ ਰਹਰਾਸਿ ਲੁਭਾਣਾ।
੫. ਗੁਰ ਸਿਖ ਮਨਹੁ ਨ ਵਿਸਰੈ ਚਲਣੁ ਜਾਣਿ ਜੁਗਤਿ ਮਿਹਮਾਣਾ।
੬. ਗੁਰ ਸਿਖ ਮਿਠਾ ਬੋਲਣਾ ਨਿਵਿ ਚਲਣਾ ਗੁਰਸਿਖੁ ਪਰਵਾਣਾ।
੭. ਘਾਲਿ ਖਾਇ ਗੁਰਸਿਖ ਮਿਲਿ ਖਾਣਾ॥ ੧॥

ਪਦ ਅਰਥ - ਮਾਣਿ ਮਹਤਿ=ਵਡਿਆਈ। ਰਹਰਾਸਿ=ਸੱਚਾ ਮਾਰਗ। ਜੁਗਤਿ ਮਿਹਮਾਣਾ=ਪ੍ਰਾਹੁਣੇ ਵਾਂਗੂੰ। ਘਾਲ= ਕਮਾਈ।

ਅਰਥ - ੧ ਗੁਰਮੁਖ ਪਹਿਲਾਂ (ਗੁਰਾਂ ਦੇ ਘਰ) ਜਨਮ ਲੈਂਦਾ ਹੈ ਤੇ ਫਿਰ ਇਆਣਾ ਬਣ ਕੇ ਗੁਰੂ ਦੇ ਭੈ (ਡਰ) ਵਿਚ ਰਹਿੰਦਾ ਹੈ। ੨. ਫਿਰ ਉਹ ਸਤਿਗੁਰੂ ਦੀ ਸਿੱਖਿਆ ਲੈ ਕੇ ਗੁਰਸਿੱਖ ਬਣਦਾ ਹੈ ਤੇ ਪ੍ਰੇਮਾ-ਭਗਤੀ ਕਰਕੇ ਸਿਆਣਾ (ਜਵਾਨ) ਹੁੰਦਾ ਹੈ। ੩. ਫਿਰ ਉਹ ਗੁਰੂ ਦੀ ਸਿੱਖਿਆ ਨੂੰ ਸੁਣਦਾ, ਮੰਨਦਾ ਤੇ ਸਮਝਦਾ ਹੈ ਤੇ ਮਾਣ ਵਡਿਆਈ ਵਿਚ ਨਿਮਾਣਾ ਹੋ ਕੇ ਰਹਿੰਦਾ ਹੈ। ੪. ਗੁਰੂ ਦਾ ਸਿੱਖ ਗੁਰੂ ਦੇ ਸਿੱਖਾਂ ਦੀ ਸੇਵਾ ਕਰਦਾ ਹੈ, ਪੈਰੀਂ ਪੈ ਕੇ ਸੱਚੇ ਮਾਰਗ ਵਿਚ ਮਸਤ ਰਹਿੰਦਾ ਹੈ। ੫. (ਉਹ ਸਿੱਖ) ਗੁਰੂ ਦੀ ਸਿੱਖਿਆ ਨੂੰ ਮਨੋ ਨਹੀਂ ਵਿਸਾਰਦਾ ਤੇ ਉਹ ਇਸ ਸੰਸਾਰ ਵਿਚੋਂ ਪ੍ਰਾਹੁਣੇ ਵਾਂਗੂੰ ਚਲਣ ਨੂੰ ਸਹੀ ਜਾਣਦਾ ਹੈ। ੬. ਗੁਰੂ ਦਾ ਸਿੱਖ ਮਿੱਠਾ ਬੋਲਦਾ ਹੈ ਤੇ ਨਿਉਂਕੇ ਚਲਦਾ ਹੈ। (ਉਹ ਮਨ ਕਰਕੇ) ਗੁਰੂ ਦੀ ਸਿੱਖਿਆ ਨੂੰ ਪ੍ਰਵਾਨ ਕਰਦਾ ਹੈ। ੭. (ਗੁਰਸਿੱਖ ਧਰਮ ਦੀ) ਕਮਾਈ ਕਰਕੇ ਗੁਰਸਿੱਖਾਂ ਨਾਲ ਮਿਲ ਕੇ (ਵੰਡ ਕੇ) ਖਾਂਦਾ ਹੈ॥ ੧॥

੨. ਗੁਰਮੁਖ ਭਾਵ ਹੁੰਦਿਆਂ ਨਿਤਾਣਾ ਹੋ ਕੇ ਰਹਿੰਦਾ ਹੈ

੧. ਦ੍ਰਿਸਟਿ ਦਰਸ ਲਿਵ ਸਾਵਧਾਨੁ ਸਬਦ ਸੁਰਤਿ ਚੇਤੰਨੁ ਸਿਆਣਾ।
੨. ਨਾਮੁ ਦਾਨੁ ਇਸਨਾਨੁ ਦ੍ਰਿੜੁ ਮਨ ਬਚ ਕਰਮ ਕਰੈ ਮੇਲਾਣਾ।
੩. ਗੁਰਸਿਖ ਥੋੜਾ ਬੋਲਣਾ ਥੋੜਾ ਸਉਣਾ ਥੋੜਾ ਖਾਣਾ।
੪. ਪਰ ਤਨ ਪਰ ਧਨ ਪਰਹਰੈ ਪਰ ਨਿੰਦਾ ਸੁਣਿ ਮਨਿ ਸਰਮਾਣਾ।
੫. ਗੁਰ ਮੂਰਤਿ ਸਤਿਗੁਰ ਸਬਦੁ ਸਾਧਸੰਗਤਿ ਸਮਸਰਿ ਪਰਵਾਣਾ।
੬. ਇਕ ਮਨਿ ਇਕ ਅਰਾਧਣਾ ਦੂਤੀਆ ਨਾਸਤਿ ਭਾਵੈ ਭਾਣਾ।
੭. ਗੁਰਮੁਖਿ ਹੋਂਦੈ ਤਾਣਿ ਨਿਤਾਣਾ॥ ੨॥

ਪਦ ਅਰਥ - ਦ੍ਰਿਸਟਿ=ਨਜ਼ਰ। ਮੇਲਾਣਾ=ਮਿਲਾਪ।

ਅਰਥ - ੧ (ਗੁਰਮੁਖ ਨੇ) ਆਪਣੀਆਂ ਅੱਖਾਂ ਸਤਿਗੁਰਾਂ ਦੇ ਦਰਸ਼ਨ ਕਰਨ ਲਈ ਸਾਵਧਾਨ ਕੀਤੀਆਂ ਹਨ ਤੇ ਸ਼ਬਦ ਵਿਚ ਸੁਰਤੀ ਲਾ ਕੇ ਉਹ ਸਿਆਣਾ ਤੇ ਚੇਤੰਨ ਹੋਇਆ ਹੈ। ੨. ਨਾਮ, ਦਾਨ ਤੇ ਇਸ਼ਨਾਨ (ਆਦਿ ਸ਼ੁਭ ਕਰਮਾਂ) ਵਿਚ ਉਹ ਦ੍ਰਿੜ੍ਹ ਹੋਇਆ ਹੈ ਤੇ ਮਨ, ਬਾਣੀ ਤੇ ਸਰੀਰ ਕਰਕੇ ਸਭ ਨਾਲ ਮਿਲਾਪ ਰੱਖਦਾ ਹੈ। ੩. ਗੁਰੂ ਦਾ ਸਿੱਖ ਥੋੜ੍ਹਾ ਬੋਲਦਾ, ਥੋੜ੍ਹਾ ਸੌਂਦਾ ਤੇ ਥੋੜ੍ਹਾ ਖਾਂਦਾ ਹੈ। ੪. ਉਹ ਪਰਾਈ ਇਸਤ੍ਰੀ ਤੇ ਪਰਾਏ ਧਨ ਦੀ ਲਾਲਸਾ ਛੱਡ ਦਿੰਦਾ ਹੈ ਤੇ ਪਰਾਈ ਨਿੰਦਾ ਸੁਣਨ ਜਾਂ ਕਰਨ ਤੋਂ ਮਨ ਵਿਚ ਸ਼ਰਮਾਉਂਦਾ ਹੈ। ੫. ਸਤਿਗੁਰੂ ਦੇ ਸਰੂਪ ਤੇ ਸ਼ਬਦ ਨੂੰ ਤੇ ਸਾਧ ਸੰਗਤ ਨੂੰ ਇਕੋ ਜਿਹਾ ਪਰਵਾਨ ਕਰਦਾ ਹੈ। ੬. ਉਹ ਮਨ ਨੂੰ ਇਕਾਗਰ ਕਰਕੇ ਇਕ ਪ੍ਰਭੂ ਦੀ ਅਰਾਧਨਾ ਕਰਦਾ ਹੈ, ਉਸ ਨੇ ਦ੍ਵੈਤ ਭਾਵ ਨੂੰ ਨਾਸ ਕਰ ਦਿੱਤਾ ਹੈ, ਉਸ ਨੂੰ ਪ੍ਰਭੂ ਦਾ ਭਾਣਾ ਚੰਗਾ ਲੱਗਦਾ ਹੈ। ੭. ਗੁਰਮੁਖ ਤਾਣ (ਜ਼ੋਰ) ਹੁੰਦਿਆਂ ਨਿਤਾਣਾ ਹੋ ਕੇ ਰਹਿੰਦਾ ਹੈ॥ ੨॥

੩. ਵਿਣ ਸੇਵਾ ਧ੍ਰਿਗ ਹੱਥ ਪੈਰ

੧. ਗੁਰਮੁਖਿ ਰੰਗੁ ਨ ਦਿਸਈ ਹੋਂਦੀ ਅਖੀਂ ਅੰਨ੍ਹਾ ਸੋਈ।
੨. ਗੁਰਮੁਖਿ ਸਮਝਿ ਨ ਸਕਈ ਹੋਂਦੀ ਕੰਨੀਂ ਬੋਲਾ ਹੋਈ।
੩ ਗੁਰਮੁਖਿ ਸਬਦੁ ਨ ਗਾਵਈ ਹੋਂਦੀ ਜੀਭੈ ਗੁੰਗਾ ਗੋਈ।
੪. ਚਰਣ ਕਵਲ ਦੀ ਵਾਸ ਵਿਣੁ ਨਕਟਾ ਹੋਂਦੇ ਨਕਿ ਅਲੋਈ।
੫. ਗੁਰਮੁਖਿ ਕਾਰ ਵਿਹੂਣਿਆ ਹੋਂਦੀ ਕਰੀਂ ਲੂੰਜਾ ਦੁਖ ਰੋਈ।

੬. ਗੁਰਮਤਿ ਚਿਤਿ ਨ ਵਸਈ ਸੋ ਮਤਿ ਹੀਣੁ ਨ ਲਹੰਦਾ ਢੋਈ।
੭. ਮੂਰਖ ਨਾਲਿ ਨ ਕੋਇ ਸਥੋਈ ॥ ੩ ॥

ਪਦ ਅਰਥ - ਅਲੋਈ=ਵੇਖਦਾ ਹੈ। ਲੁੰਜਾ=ਟੁੰਡਾ। ਢੋਈ=ਆਸਰਾ। ਸਥੋਈ=ਸਾਥੀ।

ਅਰਥ - ੧. ਜਿਹੜਾ ਪੁਰਸ਼ ਗੁਰਮੁਖਾਂ ਦਾ ਰੂਪ ਨਹੀਂ ਵੇਖਦਾ, ਉਹ ਅੱਖਾਂ ਦੇ ਹੁੰਦਿਆ ਵੀ ਅੰਨ੍ਹਾ ਹੈ। ੨. ਜਿਹੜਾ ਗੁਰਮੁਖਾਂ ਦੇ ਬਚਨਾਂ ਨੂੰ ਸਮਝ ਨਹੀਂ ਸਕਦਾ, ਉਹ ਕੰਨਾਂ ਦੇ ਹੁੰਦਿਆਂ ਵੀ ਬੋਲਾ ਹੈ। ੩. ਗੁਰਮੁਖਾਂ ਦੇ ਸ਼ਬਦ ਨੂੰ ਜਿਹੜਾ ਪੁਰਸ਼ ਗਾਉਂਦਾ ਨਹੀਂ ਉਹ ਜੀਭਾ ਦੇ ਹੁੰਦਿਆਂ ਵੀ ਗੁੰਗਾ ਹੈ। ੪. ਜਿਹੜਾ ਜੀਵ ਗੁਰਮੁਖਾਂ ਦੇ ਚਰਣ ਕਵਲਾਂ ਦੀ ਵਾਸ਼ਨਾ ਤੋਂ ਹੀਣਾ ਹੈ, ਉਹ ਨੱਕ ਹੁੰਦਿਆਂ ਵੀ ਨਕਟਾ (ਨੱਕਹੀਣਾ) ਵੇਖੀਂਦਾ ਹੈ। ੫. ਜਿਹੜਾ ਪੁਰਸ਼ ਹੱਥਾਂ ਕਰਕੇ ਗੁਰਮੁਖਾਂ ਦੀ ਸੇਵਾ ਨਹੀਂ ਕਰਦਾ, ਉਹ ਹੱਥਾਂ ਦੇ ਹੁੰਦਿਆਂ ਵੀ ਲੁੰਜਾ (ਟੁੰਡਾ) ਹੈ ਤੇ ਉਹ ਦੁਖੀ ਹੋ ਕੇ ਰੋਂਦਾ ਹੈ। ੬. ਜਿਸ ਪੁਰਸ਼ ਦੇ ਮਨ ਵਿਚ ਗੁਰੂ ਦੀ ਸਿੱਖਿਆ ਨਹੀਂ ਵਸਦੀ, ਉਹ ਮਤਹੀਣ ਹੈ, ਉਸ ਨੂੰ ਦਰਗਾਹ ਵਿਚ ਢੋਈ ਨਹੀਂ ਮਿਲਦੀ। ੭. ਇਸ ਤਰ੍ਹਾਂ ਦੇ ਮੂਰਖ (ਮਨਮੁਖ) ਦਾ ਕੋਈ ਸਾਥੀ ਨਹੀਂ ਹੁੰਦਾ॥ ੩ ॥

੪. ਮੂਰਖ ਆਪਣਾ ਜਨਮ ਵਿਅਰਥ ਗੁਆ ਲੈਂਦੇ ਹਨ

੧. ਘੁਘੂ ਸੁਝੁ ਨ ਸੁਝਈ ਵਸਦੀ ਛਡਿ ਰਹੈ ਉਜਾੜੀ।
੨. ਇਲਿ ਪੜ੍ਹਾਈ ਨ ਪੜ੍ਹੈ ਚੂਹੇ ਖਾਇ ਉਡੇ ਦੇਹਾੜੀ।
੩. ਵਾਸੁ ਨ ਆਵੈ ਵਾਂਸ ਨੋ ਹਉਮੈ ਅਗਿ ਨ ਚੰਦਨ ਵਾੜੀ।
੪. ਸੰਖੁ ਸਮੁੰਦਹੁ ਸਖਣਾ ਗੁਰਮਤ ਹੀਣਾ ਦੇਹ ਵਿਗਾੜੀ।
੫. ਸਿੰਮਲੁ ਬਿਰਖੁ ਨ ਸਫਲੁ ਹੋਇ ਆਪੁ ਗਣਾਏ ਵਡਾ ਅਨਾੜੀ।
੬. ਮੂਰਖੁ ਫਕੜਿ ਪਵੈ ਰਿਹਾੜੀ॥ ੪ ॥

ਪਦ ਅਰਥ - ਘੁਘੁ=ਉੱਲੂ। ਸੁਝੁ=ਚਾਨਣਾ ਜਾਂ ਸੂਰਜ। ਵਸਦੀ=ਵਸਣ ਦੀ ਥਾਂ। ਚੰਦਨਵਾੜੀ=ਚੰਨਣ ਦੀ ਬਗੀਚੀ। ਅਨਾੜੀ=ਮੂਰਖ। ਰਿਹਾੜੀ=ਜ਼ਿਦ।

ਅਰਥ - ੧. ਉੱਲੂ ਨੂੰ ਸੂਰਜ ਦਾ ਚਾਨਣਾ ਨਹੀਂ ਦਿਸਦਾ, ਉਹ ਵਸਦੀ ਥਾਂ ਨੂੰ ਛੱਡ ਕੇ ਉਜਾੜ ਵਿਚ ਰਹਿੰਦਾ ਹੈ। ੨. ਇੱਲ ਕਿਸੇ ਦੀ ਪੜ੍ਹਾਈ ਨਹੀਂ ਪੜ੍ਹਦੀ, ਉਹ ਚੂਹੇ ਖਾ ਕੇ ਸਾਰੀ ਦਿਹਾੜੀ ਉੱਡਦੀ ਰਹਿੰਦੀ ਹੈ। ੩. ਹਉਮੈ ਕਰਕੇ ਵਾਂਸ ਵਿਚੋਂ ਵਾਸ਼ਨਾ ਨਹੀਂ ਆਉਂਦੀ ਤੇ ਚੰਦਨ ਦੀ ਬਗੀਚੀ ਵਿਚੋਂ ਅੱਗ ਨਹੀਂ ਨਿਕਲਦੀ। ੪. ਸੰਖ ਸਮੁੰਦਰ ਵਿਚੋਂ ਖਾਲੀ ਨਿਕਲਦਾ ਹੈ, ਇਸੇ ਤਰ੍ਹਾਂ ਗੁਰੂ ਦੀ ਸਿੱਖਿਆ ਤੋਂ ਹੀਣਿਆਂ ਨੇ ਆਪਣੀ ਦੇਹ ਵਿਗਾੜ ਲਈ ਹੈ। ੫. ਸਿੰਮਲ ਦਾ ਬ੍ਰਿਛ ਫਲਾਂ ਵਾਲਾ ਨਹੀਂ ਹੁੰਦਾ, ਮੂਰਖ ਆਪਣਾ ਆਪ ਹੰਕਾਰ ਵਿਚ ਗੁਆ ਦਿੰਦਾ ਹੈ। ੬. ਮੂਰਖ ਲੋਕ ਫੱਕੜ ਭਾਵ ਖੱਪੀ ਹੁੰਦੇ ਹਨ ਤੇ ਫਜ਼ੂਲ ਜ਼ਿਦ ਵਿਚ ਪਏ ਰਹਿੰਦੇ ਹਨ॥ ੪ ॥

੫. ਮੂਰਖ ਦੀ ਮੂਰਖਤਾਈ ਲੁਕੀ ਨਹੀਂ ਰਹਿੰਦੀ

੧. ਅੰਨ੍ਹੇ ਅਗੈ ਆਰਸੀ ਨਾਈ ਧਰਿ ਨ ਵਧਾਈ ਪਾਵੈ।
੨. ਬੋਲੈ ਅਗੈ ਗਾਵੀਐ ਸੂਮੁ ਨ ਡੂਮੁ ਕਵਾਇ ਪੈਨ੍ਹਾਵੈ।
੩. ਪੁਛੈ ਮਸਲਤਿ ਗੁੰਗਿਅਹੁ ਵਿਗੜੈ ਕੰਮੁ ਜਵਾਬੁ ਨ ਆਵੈ।
੪. ਫੁਲਵਾੜੀ ਵੜਿ ਗੁਣਗੁਣਾ ਮਾਲੀ ਨੋ ਨ ਇਨਾਮੁ ਦਿਵਾਵੈ।
੫. ਲੂਲੇ ਨਾਲਿ ਵਿਵਾਹੀਐ ਕਿਵ ਗਲਿ ਮਿਲਿ ਕਾਮਣਿ ਗਲਿ ਲਾਵੈ।
੬. ਸਭਨਾ ਚਾਲ ਸੁਹਾਵਣੀ ਲੰਗੜਾ ਕਰੇ ਲਖਾਉ ਲੰਗਾਵੈ।
੭. ਲੁਕੈ ਨ ਮੂਰਖੁ ਆਪੁ ਲਖਾਵੈ ॥ ੫ ॥

ਪਦ ਅਰਥ - ਆਰਸੀ=ਸ਼ੀਸ਼ਾ। ਮਸਲਤਿ=ਸਲਾਹ। ਵੜਿ=ਵੜ ਕੇ। ਗੁਣਗੁਣਾ=ਜਿਸ ਦੇ ਨੱਕ ਵਿਚ ਨੁਕਸ ਹੈ। ਕਾਮਣਿ=ਇਸਤ੍ਰੀ।

ਅਰਥ - ੧. ਜੇ ਨਾਈ ਅੰਨ੍ਹੇ ਆਦਮੀ ਨੂੰ ਸ਼ੀਸ਼ਾ ਵਿਖਾਏ ਤਾਂ ਉਹ ਉਸ ਤੋਂ ਵਧਾਈ ਨਹੀਂ ਪਾਏਗਾ (ਭਾਵ ਉਸ ਨੂੰ ਕੋਈ ਪੈਸਾ ਨਹੀਂ ਮਿਲੇਗਾ)। ੨. ਜੇ ਡੂੰਮ ਬੋਲੇ ਤੇ ਸੂਮ ਅੱਗੇ ਗਾਣਾ ਗਾਵੇ ਤਾਂ ਉਹ ਉਸ ਨੂੰ ਪੁਸ਼ਾਕ ਨਹੀਂ ਪਹਿਨਾਉਂਦੇ। ੩. ਵਿਗੜੇ ਹੋਏ ਕੰਮ ਲਈ ਜੇ ਕੋਈ ਗੁੰਗੇ ਨੂੰ ਸਲਾਹ ਪੁੱਛੇ ਤਾਂ ਉਸ ਵੱਲੋਂ ਅੱਗੋਂ ਕੋਈ ਜਵਾਬ ਨਹੀਂ ਮਿਲਦਾ। ੪. ਜੇਕਰ ਕੋਈ ਗੁਣਗੁਣਾ ਬਗੀਚੀ ਵਿਚ ਜਾਵੇ ਤਾਂ ਉਹ ਖੁਸ਼ ਹੋ ਕੇ ਮਾਲੀ ਨੂੰ ਇਨਾਮ ਨਹੀਂ ਦੇਵੇਗਾ। ੫. ਲੂਲ੍ਹੇ ਨਾਲ ਜੇ ਕੋਈ ਇਸਤ੍ਰੀ ਵਿਆਹੀ ਜਾਏ ਤਾਂ ਉਹ ਕਿਸ ਤਰ੍ਹਾਂ ਉਸ ਨੂੰ ਆਪਣੇ ਗਲ ਨਾਲ ਲਾ ਕੇ ਮਿਲ ਸਕਦਾ ਹੈ। ੬. ਸਭਨਾਂ ਦੀ ਚਾਲ ਸੋਹਣੀ ਹੁੰਦੀ ਹੈ, ਪਰ ਲੰਙਾ ਆਪਣੀ ਚਾਲ ਦਾ ਹੀ ਵਿਖਾਵਾ ਕਰਦਾ ਹੈ। ੭. (ਇਸੇ ਤਰ੍ਹਾਂ) ਮੂਰਖ ਲੁਕਦਾ ਨਹੀਂ। ਉਹ ਆਪਣਾ ਆਪ ਪ੍ਰਗਟ ਕਰ ਦਿੰਦਾ ਹੈ॥ ੫॥

੬. ਮੂਰਖ ਦਾ ਹਿਰਦਾ ਪੱਥਰ ਵਾਂਗੂੰ ਹੁੰਦਾ ਹੈ

੧. ਪਥਰੁ ਮੂਲਿ ਨ ਭਿਜਈ ਸਉ ਵਰ੍ਹਿਆ ਜਲਿ ਅੰਦਰਿ ਵਸੈ।
੨. ਪਥਰ ਖੇਤੁ ਨ ਜੰਮਈ ਚਾਰਿ ਮਹੀਨੇ ਇੰਦ੍ਰੁ ਵਰਸੈ।
੩. ਪਥਰਿ ਚੰਨਣੁ ਰਗੜੀਐ ਚੰਨਣ ਵਾਂਗਿ ਨ ਪਥਰੁ ਘਸੈ।
੪. ਸਿਲ ਵਟੇ ਨਿਤ ਪੀਸਦੇ ਰਸ ਕਸ ਜਾਣੇ ਵਾਸੁ ਨ ਰਸੈ।
੫. ਚਕੀ ਫਿਰੈ ਸਹੰਸ ਵਾਰ ਖਾਇ ਨ ਪੀਐ ਭੁਖ ਨ ਤਸੈ।

੬. ਪਥਰ ਘੜੈ ਵਰਤਣਾ ਹੇਠਿ ਉਤੇ ਹੋਇ ਘੜਾ ਵਿਣਸੈ।
੭. ਮੂਰਖ ਸੁਰਤਿ ਨ ਜਸ ਅਪਜਸੈ ॥ ੬ ॥

ਪਦ ਅਰਥ - ਸਿਲ ਵਟੇ=ਸਿਲਾਂ ਤੇ ਵੱਟੇ। ਵਾਸੁ=ਵਾਸ਼ਨਾ। ਤਸੈ= ਤ੍ਰਿਖਾ। ਘੜਾ ਵਿਣਸੈ=ਘੜੇ ਦਾ ਨਾਸ।

ਅਰਥ - ੧ ਪੱਥਰ ਕਦੇ ਵੀ ਨਹੀਂ ਭਿੱਜਦਾ, ਭਾਵੇਂ ਉਹ ਸੌ ਵਰ੍ਹੇ ਪਾਣੀ ਵਿਚ ਵਸਦਾ ਰਹੇ। ੨. ਪੱਥਰ ਉਤੇ ਖੇਤੀ ਨਹੀਂ ਜੰਮਦੀ, ਭਾਵੇਂ ਲਗਾਤਾਰ ਬਰਸਾਤ ਦੇ ਚਾਰ ਮਹੀਨੇ ਮੀਂਹ ਵਸਦਾ ਰਹੇ। ੩. ਪੱਥਰ ਚੰਦਨ ਨੂੰ ਰਗੜਦਾ ਹੈ, ਪਰ ਚੰਦਨ ਵਾਂਗੂੰ ਆਪ ਨਹੀਂ ਘਸਦਾ। ੪. ਸਿਲ ਤੇ ਵੱਟੇ ਹਰ ਰੋਜ਼ ਰਸਕਸ (ਕਈ ਤਰ੍ਹਾਂ ਦੇ ਮਸਾਲੇ) ਪੀਂਹਦੇ ਹਨ, ਪਰ ਉਹ ਮਸਾਲਿਆਂ ਦੀ ਵਾਸ਼ਨਾ ਤੇ ਸੁਆਦ ਨੂੰ ਨਹੀਂ ਜਾਣਦੇ। ੫. ਚੱਕੀ ਹਜ਼ਾਰਾਂ ਵਾਰ ਫਿਰਦੀ ਹੈ, ਉਹ ਨਾ ਕੁਛ ਖਾਂਦੀ ਹੈ ਤੇ ਨਾ ਹੀ ਕੁਛ ਪੀਂਦੀ ਹੈ, ਉਸ ਨੂੰ ਭੁੱਖ ਤਰੇਹ ਵੀ ਨਹੀਂ ਲੱਗਦੀ। ੬. ਪੱਥਰ ਤੇ ਘੜੇ ਦੀ ਵਰਤਣ ਇਹੋ ਜਿਹੀ ਹੁੰਦੀ ਹੈ ਕਿ ਭਾਵੇਂ ਪੱਥਰ ਹੇਠਾਂ ਹੋਵੇ ਜਾਂ ਉਤੇ ਹੋਵੇ ਉਹ ਘੜੇ ਦਾ ਨਾਸ ਹੀ ਕਰਦਾ ਹੈ। ੭. ਮੂਰਖ ਪੁਰਸ਼ ਨੂੰ ਆਪਣੇ ਜਸ (ਵਡਿਆਈ) ਤੇ ਅਪਜਸ (ਨਿੰਦਿਆ) ਦੀ ਕੋਈ ਸੋਝੀ ਨਹੀਂ ਹੁੰਦੀ॥ ੬ ॥

੭. ਮੂਰਖ ਮੂਰਖਤਾਈ ਕਰਕੇ ਰੋਂਦਾ ਹੈ

੧. ਪਾਰਸ ਪਥਰ ਸੰਗੁ ਹੈ ਪਾਰਸ ਪਰਸਿ ਨ ਕੰਚਨੁ ਹੋਵੈ।
੨. ਹੀਰੇ ਮਾਣਕ ਪਥਰਹੁ ਪਥਰ ਕੋਇ ਨ ਹਾਰਿ ਪਰੋਵੈ।
੩. ਵਟਿ ਜਵਾਹਰੁ ਤੋਲੀਐ ਮੁਲਿ ਨ ਤੁਲਿ ਵਿਕਾਇ ਸਮੋਵੈ।
੪. ਪਥਰ ਅੰਦਰਿ ਅਸਟ ਧਾਤੁ ਪਾਰਸੁ ਪਰਸਿ ਸੁਵੰਨੁ ਅਲੋਵੈ।
੫. ਪਥਰੁ ਫਟਕ ਝਲਕਣਾ ਬਹੁ ਰੰਗੀ ਹੋਇ ਰੰਗੁ ਨ ਗੋਵੈ।
੬. ਪਥਰ ਵਾਸੁ ਨ ਸਾਉ ਹੈ ਮਨ ਕਠੋਰੁ ਹੋਇ ਆਪੁ ਵਿਗੋਵੈ।
੭. ਕਰਿ ਮੂਰਖਾਈ ਮੂਰਖੁ ਰੋਵੈ ॥ ੭ ॥

ਪਦ ਅਰਥ - ਤੁਲਿ=ਬਰਾਬਰ। ਸੁਵੰਨੁ ਅਲੋਵੈ=ਸੋਨਾ ਵੇਖੀਦਾ ਹੈ। ਆਪੁ ਵਿਗੋਵੈ=ਆਪਣਾ ਆਪ ਨਾਸ ਕਰਦਾ ਹੈ।

ਅਰਥ - ੧. ਪਾਰਸ ਤੇ ਪੱਥਰ ਦਾ ਮੇਲ ਮਿਲਾਪ ਹੈ, ਪਰ ਪੱਥਰ ਪਾਰਸ ਨਾਲ ਛੂਹ ਕੇ ਸੋਨਾ ਨਹੀਂ ਹੁੰਦਾ। ੨. ਹੀਰੇ ਤੇ ਮਾਣਕ ਪੱਥਰਾਂ ਵਿਚੋਂ ਹੀ ਨਿਕਲਦੇ ਹਨ, ਪਰ ਹੀਰਿਆਂ ਦੇ ਹਾਰ ਵਾਂਗੂੰ ਪੱਥਰਾਂ ਦਾ ਹਾਰ ਕੋਈ ਨਹੀਂ ਪਰੋਂਦਾ। ੩. ਪੱਥਰਾਂ ਦੇ ਵੱਟਿਆਂ ਨਾਲ ਜਵਾਹਰਾਤ ਤੋਲੇ ਜਾਂਦੇ ਹਨ, ਪਰ ਮੁੱਲ ਵਿਚ ਦੋਹਾਂ ਦੀ ਕੋਈ ਬਰਾਬਰੀ ਨਹੀਂ। ੪. ਪੱਥਰਾਂ ਅੰਦਰ ਹੀ ਅੱਠੇ ਧਾਤਾਂ ਹੁੰਦੀਆਂ ਹਨ, ਜੋ ਪਾਰਸ ਨਾਲ ਛੂਹ ਕੇ ਸੋਨਾ ਹੋਈਆਂ ਵੇਖੀਦੀਆਂ ਹਨ। ੫. ਬਲੌਰੀ ਪੱਥਰ ਚਮਕੀਲਾ ਹੁੰਦਾ ਹੈ, ਉਸ ਦੇ ਕੋਲ ਜਿਹੜਾ ਰੰਗ ਰੱਖੀਏ, ਉਹ ਉਹੋ ਜਿਹੇ

ਰੰਗ ਵਾਲਾ ਦਿਸਦਾ ਹੈ, ਪਰ ਆਪਣਾ ਰੰਗ ਨਹੀਂ ਗੁਆਉਂਦਾ। ੬. ਪੱਥਰ ਵਿਚ ਨਾ ਕੋਈ ਵਾਸ਼ਨਾ ਹੈ ਤੇ ਨਾ ਕੋਈ ਸੁਆਦ। ਉਹ ਮਨ ਦਾ ਕਠੋਰ ਹੋਣ ਕਰਕੇ ਆਪਣਾ ਆਪ ਖਰਾਬ ਕਰਦਾ ਹੈ। ੭. ਮੂਰਖ ਮੂਰਖਤਾਈਆਂ ਕਰਕੇ (ਅੰਤ ਨੂੰ) ਰੋਂਦਾ ਹੈ॥ ੭॥

੮. ਮੂਰਖ ਦੀ ਸੰਗਤ ਨਾ ਕਰੋ

੧. ਜਿਉਂ ਮਣਿ ਕਾਲੇ ਸਪ ਸਿਰਿ ਸਾਰ ਨ ਜਾਣੈ ਵਿਸੁ ਭਰਿਆ।
੨. ਜਾਣੁ ਕਥੂਰੀ ਮਿਰਗ ਤਨਿ ਝਾੜਾਂ ਸਿੰਙਦਾ ਫਿਰੈ ਅਫਰਿਆ।
੩. ਜਿਉਂ ਕਰਿ ਮੋਤੀ ਸਿਪ ਵਿਚਿ ਮਰਮੁ ਨ ਜਾਣੈ ਅੰਦਰਿ ਧਰਿਆ।
੪. ਜਿਉਂ ਗਾਈਂ ਥਣਿ ਚਿਚੁੜੀ ਦੁਧੁ ਨ ਪੀਐ ਲੋਹੂ ਜਰਿਆ।
੫. ਬਗਲਾ ਤਰਣਿ ਨ ਸਿਖਿਓ ਤੀਰਥਿ ਨ੍ਹਾਇ ਨ ਪਥਰੁ ਤਰਿਆ।
੬. ਨਾਲਿ ਸਿਆਣੇ ਭਲੀ ਭਿਖ ਮੂਰਖ ਰਾਜਹੁ ਕਾਜੁ ਨ ਸਰਿਆ।
੭. ਮੇਖੀ ਹੋਇ ਵਿਗਾੜੈ ਖਰਿਆ॥ ੮॥

ਪਦ ਅਰਥ - ਵਿਸੁ=ਜ਼ਹਿਰ। ਕਥੂਰੀ=ਕਸਤੂਰੀ। ਅਫਰਿਆ=ਅਮੋੜ। ਮਰਮੁ=ਭੇਦ। ਜਰਿਆ=ਜੁੜਿਆ ਰਹਿੰਦਾ ਹੈ। ਮੇਖੀ=ਖੋਟਾ ਰੁਪਿਆ ਜਾਂ ਖੋਟਾ ਪੁਰਸ਼।

ਅਰਥ - ੧. ਜਿਸ ਤਰ੍ਹਾਂ ਕਾਲੇ ਸੱਪ ਦੇ ਸਿਰ ਵਿਚ (ਕੀਮਤੀ) ਮਣੀ ਹੁੰਦੀ ਹੈ, ਪਰ ਉਹ ਉਸ ਮਣੀ ਦੀ ਸਾਰ ਨਹੀਂ ਜਾਣਦਾ ਤੇ ਜ਼ਹਿਰ ਨਾਲ ਭਰਿਆ ਰਹਿੰਦਾ ਹੈ। ੨. (ਜਿਵੇਂ) ਹਰਨ ਦੇ ਸਰੀਰ ਵਿਚ ਕਸਤੂਰੀ ਹੁੰਦੀ ਹੈ, (ਪਰ ਹਰਨ ਨੂੰ ਉਸ ਦੀ ਕੋਈ ਸੋਝੀ ਨਹੀਂ ਹੁੰਦੀ), ਉਹ ਝਾੜੀਆਂ ਨੂੰ ਸੁੰਘਦਾ ਅਮੋੜਾਂ ਵਾਂਗੂੰ ਭਟਕਦਾ ਫਿਰਦਾ ਹੈ। ੩. ਜਿਵੇਂ ਸਿੱਪ ਵਿਚ ਮੋਤੀ ਹੁੰਦਾ ਹੈ, ਪਰ ਉਹ ਆਪਣੇ ਅੰਦਰ ਧਰੇ ਹੋਏ ਮੋਤੀ ਦੇ ਭੇਦ ਨੂੰ ਨਹੀਂ ਜਾਣਦਾ। ੪. ਜਿਵੇਂ ਚਿੱਚੜ ਗਊ ਦੇ ਥਣਾਂ ਨਾਲ ਲੱਗਾ ਦੁੱਧ ਨਹੀਂ ਪੀਂਦਾ, ਲਹੂ ਪੀਣ ਵਿਚ ਜਰਿਆ (ਲੱਗਾ) ਰਹਿੰਦਾ ਹੈ। ੫. ਬਗਲੇ ਨੇ ਤਰਨਾ ਨਹੀਂ ਸਿੱਖਿਆ ਤੇ ਪੱਥਰ ਵੀ ਤੀਰਥਾਂ ਵਿਚ ਨ੍ਹਾਕੇ ਨਹੀਂ ਤਰਿਆ। ੬. ਸਿਆਣੇ ਪੁਰਸ਼ ਨਾਲ ਭਿਖਿਆ ਮੰਗ ਕੇ ਖਾ ਲੈਣੀ ਚੰਗੀ, ਪਰ ਮੂਰਖ ਦੀ ਸੰਗਤ ਕਰਕੇ ਰਾਜ ਦੇ ਹੁੰਦਿਆਂ ਵੀ ਕੋਈ ਕੰਮ ਨਹੀਂ ਸੌਰਦਾ। ੭. ਖੋਟਾ ਪੁਰਸ਼ ਖਰਿਆਂ ਨੂੰ ਵੀ ਵਿਗਾੜ ਦਿੰਦਾ ਹੈ॥ ੮॥

੯. ਮੂਰਖ ਤੋਂ ਉਪਰਾਮ ਰਹੋ

੧. ਕਟਣੁ ਚਟਣੁ ਕੁਤਿਆਂ ਕੁਤੈ ਹਲਕ ਤੈ ਮਨੁ ਸੂਗਾਵੈ।
੨. ਠੰਢਾ ਤਤਾ ਕੋਇਲਾ ਕਾਲਾ ਕਰਿ ਕੈ ਹਥੁ ਜਲਾਵੈ।

੩. ਜਿਉ ਚਕਚੂੰਧਰ ਸਪ ਦੀ ਅੰਨ੍ਹਾ ਕੋੜ੍ਹੀ ਕਰਿ ਦਿਖਲਾਵੈ।
੪. ਜਾਣੁ ਗਸਉਲੀ ਦੇਹ ਵਿਚਿ ਵਢੀ ਪੀੜ ਰਖੀ ਸਰਮਾਵੈ।
੫. ਵੰਸਿ ਕਪੂਤੁ ਕੁਲਛਣਾ ਛਡੈ ਬਣੈ ਨ ਵਿਚਿ ਸਮਾਵੈ।
੬. ਮੂਰਖ ਹੇਤੁ ਨ ਲਾਈਐ ਪਰਹਰਿ ਵੈਰੁ ਅਲਿਪਤੁ ਵਲਾਵੈ।
੭. ਦੂਹੀਂ ਪਾਵੜੀਂ ਦੁਖਿ ਵਿਹਾਵੈ ॥ ੯ ॥

ਪਦ ਅਰਥ - ਸੁਗਾਵੈ=ਸੰਗਦਾ ਹੈ। ਹੇਤੁ=ਪਿਆਰ। ਪਾਵੜੀਂ=ਪਾਸਿਆਂ।

ਅਰਥ - ੧. ਕੁੱਤਿਆਂ ਦਾ ਕੰਮ ਕੱਟਣਾ ਤੇ ਚੱਟਣਾ ਹੈ, ਪਰ ਜੇ ਕੁੱਤਾ ਹਲਕਾ ਹੋ ਜਾਏ ਤਾਂ ਉਸ ਦੇ ਚੱਟਣ ਤੋਂ ਵੀ ਮਨ ਸੰਕੋਚ ਕਰਦਾ ਹੈ। ੨. ਜਿਵੇਂ ਠੰਢਾ ਕੋਲਾ ਹੱਥ ਕਾਲੇ ਕਰਦਾ ਹੈ ਤੇ ਤੱਤਾ ਕੋਲਾ ਹੱਥ ਸਾੜ ਦਿੰਦਾ ਹੈ। ੩. ਜਿਵੇਂ ਸੱਪ ਕੋਹੜ ਕਿਰਲੀ ਖਾਧਿਆਂ ਕੋਹੜੀ ਹੋ ਜਾਂਦਾ ਹੈ ਤੇ ਛੱਡਿਆਂ ਅੰਨ੍ਹਾ ਹੁੰਦਾ ਹੈ। ੪. ਜਿਵੇਂ ਸਰੀਰ ਵਿਚ ਰਸੌਲੀ ਹੁੰਦੀ ਹੈ, ਜੇ ਉਸ ਨੂੰ ਵਢੀਏ ਤਾਂ ਪੀੜ ਕਰਦੀ ਹੈ ਤੇ ਜੇ ਉਸ ਨੂੰ ਰੱਖੀਏ ਤਾਂ ਸ਼ਰਮ ਆਉਂਦੀ ਹੈ। (ਕਿਉਂਕਿ ਉਸ ਨਾਲ ਸਰੀਰ ਬਦਸੂਰਤ ਲੱਗਦਾ ਹੈ)। ੫. ਜਿਵੇਂ ਕੁਲ ਵਿਚ ਭੈੜੇ ਲੱਛਣਾਂ ਵਾਲਾ ਕਪੁੱਤ੍ਰ ਹੁੰਦਾ ਹੈ, ਉਸ ਨੂੰ ਨਾ ਤਾਂ ਛੱਡਿਆ ਜਾ ਸਕਦਾ ਹੈ ਤੇ ਨਾ ਹੀ ਉਸ ਦੀ (ਪਰਿਵਾਰ ਵਿਚ) ਸਮਾਈ ਹੁੰਦੀ ਹੈ। ੬. (ਇਸੇ ਤਰ੍ਹਾਂ) ਮੂਰਖ ਨਾਲ ਨਾ ਪਿਆਰ ਕਰੀਏ ਤੇ ਨਾ ਹੀ ਵੈਰ ਵਿਹਾਝੀਏ, ਸਗੋਂ ਅਲੇਪ ਰਹਿ ਕੇ ਸਮਾਂ ਬਤੀਤ ਕਰੀਏ। ੭. (ਨਹੀਂ ਤਾਂ) ਦੋਹਾਂ ਪਾਸਿਆਂ ਤੋਂ ਦੁੱਖ ਹੀ ਮਿਲੇਗਾ। (ਭਾਵ ਮੂਰਖ ਆਦਮੀਆਂ ਨਾਲ ਪਿਆਰ ਕਰਨਾ ਤੇ ਵੈਰ ਕਰਨਾ ਦੋਵੇਂ ਕੰਮ ਮਾੜੇ ਹਨ)॥ ੯ ॥

੧੦. ਮੂਰਖ ਦਾ ਕੋਈ ਅਸੂਲ ਨਹੀਂ ਹੁੰਦਾ

੧. ਜਿਉ ਹਾਥੀ ਦਾ ਨ੍ਹਾਵਣਾ ਬਾਹਰਿ ਨਿਕਲਿ ਖੇਹ ਉਡਾਵੈ।
੨. ਜਿਉ ਊਠੈ ਦਾ ਖਾਵਣਾ ਪਰਹਰਿ ਕਣਕ ਜਵਾਹਾਂ ਖਾਵੈ।
੩. ਕਮਲੇ ਦਾ ਕਛੋਟੜਾ ਕਦੇ ਲਕ ਕਦੇ ਸੀਸਿ ਵਲਾਵੈ।
੪. ਜਿਉਂ ਕਰਿ ਟੂੰਡੇ ਹਥੜਾ ਸੋ ਚੁਤੀਂ ਸੋ ਵਾਤਿ ਵਤਾਵੈ।
੫. ਸੰਨ੍ਹੀ ਜਾਣੁ ਲੁਹਾਰ ਦੀ ਖਿਣੁ ਜਲਿ ਵਿਚਿ ਖਿਨ ਅਗਨਿ ਸਮਾਵੈ।
੬. ਮਖੀ ਬਾਣੁ ਕੁਬਾਣੁ ਹੈ ਲੈ ਦੁਰਗੰਧੁ ਸੁਗੰਧ ਨ ਭਾਵੈ।
੭. ਮੂਰਖ ਦਾ ਕਿਹੁ ਹਥਿ ਨ ਆਵੈ ॥ ੧੦ ॥

ਪਦ ਅਰਥ - ਕਛੋਟੜਾ=ਲੰਗੋਟਾ। ਵਾਤਿ=ਮੂੰਹ। ਚੁਤੀ=ਚਿੱਤੜਾਂ ਵਿਚ। ਕੁਬਾਣੁ=ਖੋਟੀ ਆਦਤ।

ਅਰਥ - ੧. ਜਿਵੇਂ ਹਾਥੀ ਦਾ ਨ੍ਹਾਉਣਾ ਹੈ, ਪਾਣੀ ਤੋਂ ਬਾਹਰ ਨਿਕਲਦਾ ਹੀ ਉਹ ਖੇਹ ਉਡਾ ਕੇ (ਆਪਣੇ ਸਿਰ ਵਿਚ) ਪਾ ਲੈਂਦਾ ਹੈ। ੨. ਜਿਵੇਂ ਊਠ ਦਾ ਖਾਣਾ ਹੈ, ਉਹ ਕਣਕ ਨੂੰ ਛੱਡ ਕੇ ਜਵਾਹਾਂ

(ਕੰਡਿਆਂ ਵਾਲੇ ਬੂਟੇ) ਨੂੰ ਖਾਂਦਾ ਹੈ। ੩. ਜਿਵੇਂ ਕਮਲੇ ਆਦਮੀ ਦਾ ਲੰਗੋਟਾ ਹੁੰਦਾ ਹੈ, ਉਹ ਉਸ ਨੂੰ ਕਦੇ ਲੱਕ ਨਾਲ ਤੇ ਕਦੇ ਸਿਰ ਉਤੇ ਬੰਨ੍ਹਦਾ ਹੈ। ੪. ਜਿਵੇਂ ਟੁੰਡਾ ਉਹੋ ਹੱਥ ਕਦੇ ਚਿਤੜਾਂ ਨੂੰ ਲਾਉਂਦਾ ਹੈ ਤੇ ਕਦੇ ਮੂੰਹ ਵਿਚ ਪਾਉਂਦਾ ਹੈ। ੫. ਜਿਵੇਂ ਲੁਹਾਰ ਦੀ ਸੰਨ੍ਹੀ ਕਦੀ ਪਾਣੀ ਵਿਚ ਤੇ ਕਦੀ ਅੱਗ ਵਿਚ ਰੱਖੀ ਜਾਂਦੀ ਹੈ। ੬. ਜਿਵੇਂ ਮੱਖੀ ਦੀ ਖੋਟੀ ਆਦਤ ਹੈ ਕਿ ਉਹ ਦੁਰਗੰਧੀ 'ਤੇ ਹੀ ਬੈਠਦੀ ਹੈ, ਸੁੰਗਧੀ ਉਸ ਨੂੰ ਚੰਗੀ ਨਹੀਂ ਲੱਗਦੀ। ੭. (ਇਸੇ ਤਰ੍ਹਾਂ) ਮੂਰਖ ਦਾ ਕੁਛ ਥਹੁ ਨਹੀਂ ਲੱਗਦਾ (ਭਾਵ ਮੂਰਖ ਦੀ ਬ੍ਰਿਤੀ ਦਾ ਕੋਈ ਪਤਾ ਨਹੀਂ ਲਗਦਾ, ਕਿਉਂਕਿ ਉਹ ਇਰਾਦੇ ਦਾ ਪੱਕਾ ਨਹੀਂ ਹੁੰਦਾ)॥ ੧੦॥

੧੧. ਮੂਰਖ ਆਪਣੇ ਔਗੁਣਾਂ ਕਰਕੇ ਦੁੱਖ ਭੋਗਦਾ ਹੈ

੧. ਤੋਤਾ ਨਲੀ ਨ ਛਡਈ ਆਪਣ ਹਥੀਂ ਫਾਥਾ ਚੀਕੈ।
੨. ਬਾਂਦਰੁ ਮੁਠਿ ਨ ਛਡਈ ਘਰਿ ਘਰਿ ਨਚੈ ਝੀਕਣੁ ਝੀਕੈ।
੩. ਗਦਹੁ ਅੜੀ ਨ ਛਡਈ ਚੀਘੀ ਪਉਦੀ ਹੀਕਣਿ ਹੀਕੈ।
੪. ਕੁਤੇ ਚਕੀ ਨ ਚਟਣੀ ਪੂਛ ਨ ਸਿਧੀ ਧ੍ਰੀਕਣਿ ਧ੍ਰੀਕੈ।
੫. ਕਰਨਿ ਕੁਫਕੜ ਮੂਰਖਾਂ ਸਪ ਗਏ ਫੜਿ ਫਾਟਨਿ ਲੀਕੈ।
੬. ਪਗ ਲਹਾਇ ਗਣਾਇ ਸਰੀਕੈ॥ ੧੧॥

ਪਦ ਅਰਥ - ਝੀਕਣੁ ਝੀਕੈ=ਨਕਲਾਂ ਲਾਉਣੀਆਂ। ਚੀਘੀ=ਛੱਟ।

ਅਰਥ - ੧. ਤੋਤਾ ਨਲੀ ਨੂੰ ਨਹੀਂ ਛੱਡਦਾ ਤੇ ਆਪਣੇ ਆਪ ਫਸ ਕੇ ਫਿਰ ਚੀਕਦਾ ਹੈ। ੨. ਬਾਂਦਰ ਛੋਲਿਆਂ ਦੀ ਭਰੀ ਮੁੱਠ ਨੂੰ ਕੁੱਜੇ ਵਿਚੋਂ ਨਹੀਂ ਛੱਡਦਾ ਤੇ ਫੜਿਆ ਜਾਂਦਾ ਹੈ, ਫਿਰ ਘਰ ਘਰ ਨੱਚਦਾ ਹੈ, ਨਕਲਾਂ ਲਾਉਂਦਾ ਹੈ ਤੇ ਵਈਆਂ ਲੈਂਦਾ ਹੈ। ੩. ਖੋਤਾ ਆਪਣੀ ਅੜੀ ਨਹੀਂ ਛੱਡਦਾ, ਛੱਟ ਦੇ ਲਦਿਆਂ ਟੀਟਣੇ ਮਾਰਦਾ ਹੈ। ੪. ਕੁੱਤਾ ਚੱਕੀ ਨੂੰ ਹੀ ਚੱਟਦਾ ਹੈ (ਆਟੇ ਵੱਲ ਧਿਆਨ ਹੀ ਨਹੀਂ ਕਰਦਾ), ਉਸ ਦੀ ਪੂਛ ਸਿੱਧੀ ਨਹੀਂ ਹੁੰਦੀ, ਭਾਵੇਂ ਉਸ ਦੀ ਪੂਛ ਨੂੰ ਕਿੰਨਾ ਹੀ ਖਿੱਚੋ। ੫. ਮੂਰਖ ਲੋਕ ਖੋਟੇ ਕੰਮ ਹੀ ਕਰਦੇ ਹਨ, ਸੱਪ ਦੇ ਲੰਘ ਜਾਣ ਪਿੱਛੋਂ ਉਸਦੀ ਲੀਕ ਨੂੰ ਹੀ ਮਾਰਦੇ ਰਹਿੰਦੇ ਹਨ। ੬. (ਮੂਰਖ ਪੁਰਸ਼) ਸਾਰੀ ਉਮਰ ਤਾਂ ਭਾਈਬੰਦਾਂ ਨਾਲ ਵੈਰ ਕਰਦਿਆਂ ਹੀ ਬਿਤਾ ਦਿੰਦੇ ਹਨ ਤੇ ਉਹਨਾਂ ਦੇ ਮਰ ਜਾਣ ਤੋਂ ਬਾਅਦ ਪੱਗ ਲਾਹ ਕੇ ਭਾਈਚਾਰੇ ਵਿਚ ਸ਼ਰੀਕ ਬਣ ਬੈਠਦੇ ਹਨ॥ ੧੧॥

੧੨. ਮੂਰਖ ਬੋਲ ਵਿਗਾੜ ਹੁੰਦਾ ਹੈ

੧. ਅੰਨ੍ਹਾ ਆਖੇ ਲੜਿ ਮਰੈ ਖੁਸੀ ਹੋਵੈ ਸੁਣਿ ਨਾਉ ਸੁਜਾਖਾ।
੨. ਭੋਲਾ ਆਖੇ ਭਲਾ ਮੰਨਿ ਅਹਮਕੁ ਜਾਣਿ ਅਜਾਣਿ ਨ ਭਾਖਾ।
੩. ਧੋਰੀ ਆਖੈ ਹਸਿ ਦੇ ਬਲਦ ਵਖਾਣਿ ਕਰੈ ਮਨਿ ਮਾਖਾ।

੪. ਕਾਉਂ ਸਿਆਣਪ ਜਾਣਦਾ ਵਿਸਟਾ ਖਾਇ ਨ ਭਾਖ ਸੁਭਾਖਾ।
੫. ਨਾਉ ਸੁਰੀਤ ਕੁਰੀਤ ਦਾ ਮੁਸਕ ਬਿਲਾਈ ਗਾਂਡੀ ਸਾਖਾ।
੬. ਹੇਠਿ ਖੜਾ ਥੂ ਥੂ ਕਰੈ ਗਿਦੜ ਹਥਿ ਨ ਆਵੈ ਦਾਖਾ।
੭. ਬੋਲ ਵਿਗਾੜੂ ਮੂਰਖੁ ਭੇਡਾਖਾ ॥ ੧੨ ॥

ਪਦ ਅਰਥ - ਧੋਰੀ=ਧੀਰਜਵਾਨ। ਮਾਖਾ=ਕਰੋਧੀ। ਭੇਡਾਖਾ=ਭੇਡ ਦੀਆਂ ਅੱਖਾਂ ਵਾਲਾ।

ਅਰਥ - ੧. (ਮੂਰਖ) ਅੰਨ੍ਹਾ ਆਖਿਆਂ ਲੜ ਮਰਦਾ ਹੈ ਤੇ ਜੇ ਸੁਜਾਖਾ ਕਹੋ ਤਾਂ ਖੁਸ਼ ਹੁੰਦਾ ਹੈ। ੨. (ਮੂਰਖ) ਨੂੰ ਭੋਲਾ ਕਹੋ ਤਾਂ ਭਲਾ ਮੰਨਦਾ ਹੈ ਤੇ ਜੇ ਅਹਿਮਕ ਆਖੋ ਤਾਂ ਜਾਣ ਬੁਝ ਕੇ ਅਨਜਾਣ ਬਣ ਜਾਂਦਾ ਹੈ ਤੇ ਬੋਲਦਾ ਨਹੀਂ। ੩. ਮੂਰਖ ਨੂੰ ਧੋਰੀ (ਧੀਰਜਵਾਨ) ਆਖੋ ਤਾਂ ਹੱਸਦਾ ਹੈ ਤੇ ਜੇ ਬਲਦ ਆਖੋ ਤਾਂ ਮਨ ਵਿਚ ਕਰੋਧ ਕਰਦਾ ਹੈ। ੪. ਕਾਂ ਸਿਆਣਪ ਜਾਣਦਾ ਹੈ, ਪਰ ਉਹ ਵਿਸ਼ਟਾ ਖਾਂਦਾ ਤੇ ਭੈੜੀ ਬੋਲੀ ਬੋਲਦਾ ਹੈ। ੫. ਕੁਰੀਤ ਦਾ ਨਾਉਂ ਸੁਰੀਤ (ਚੰਗੀ ਰੀਤ) ਧਰਿਆ ਹੈ ਤੇ ਗਾਂਡੀ ਸਾਖਾ (ਬਿੱਲੀ ਦੇ ਵਿਸ਼ਟੇ) ਦਾ ਨਾਂ ਮੁਸ਼ਕ ਬਿਲਾਈ ਆਖਦੇ ਹਨ। ੬. ਗਿੱਦੜ ਦਾ ਦਾਖਾਂ ਤਕ ਹੱਥ ਨਹੀਂ ਪਹੁੰਚਦਾ ਤਾਂ ਉਹ ਹੇਠਾਂ ਖੜੋਤਾ ਹੀ ਥੂ ਥੂ ਕਰੀ ਜਾਂਦਾ ਹੈ। (ਕਿ ਦਾਖਾਂ ਖੱਟੀਆਂ ਹਨ)। ੭. ਮੂਰਖ ਭੈੜਾ ਬੋਲ ਬੋਲ ਕੇ ਵਿਗਾੜ ਪਾ ਲੈਂਦਾ ਹੈ, ਉਹ ਭੇਡਾਖਾ (ਭੇਡ ਦੀਆਂ ਅੱਖਾਂ ਵਾਲਾ) ਹੈ (ਭਾਵ ਉਹ ਆਪਣੀ ਅਕਲ ਤੋਂ ਕੰਮ ਨਹੀਂ ਲੈਂਦਾ ਤੇ ਭੇਡ ਚਾਲ ਵਾਂਗੂੰ ਲਾਈਲੱਗ ਹੋ ਕੇ ਤੁਰਿਆ ਜਾਂਦਾ ਹੈ)॥ ੧੨ ॥

੧੩. ਮੂਰਖ ਬਿਨਾਂ ਗੁਣਾਂ ਤੋਂ ਗਰਬ ਕਰਦਾ ਹੈ

੧. ਰੁਖਾਂ ਵਿਚਿ ਕੁਰਖੁ ਹੈ ਅਰੰਡੁ ਅਵਾਈ ਆਪੁ ਗਣਾਏ।
੨. ਪਿਦਾ ਜਿਉ ਪੰਖੇਰੂਆਂ ਬਹਿ ਬਹਿ ਡਾਲੀ ਬਹੁਤੁ ਦਿਖਾਏ।
੩. ਭੇਡ ਭਿਵਿੰਗਾ ਮੁਹੁ ਕਰੈ ਤਰਣਾਪੈ ਦਿਹਿ ਚਾਰਿ ਵਲਾਏ।
੪. ਮੁਹੁ ਅਖੀ ਨਕੁ ਕੰਨ ਜਿਉਂ ਇੰਦ੍ਰੀਆਂ ਵਿਚਿ ਗਾਂਡਿ ਸਦਾਏ।
੫. ਮੀਆ ਘਰਹੁ ਨਿਕਾਲੀਐ ਤਰਕਸੁ ਦਰਵਾਜੇ ਟੰਗਵਾਏ।
੬. ਮੂਰਖ ਅੰਦਰਿ ਮਾਣਸਾਂ ਵਿਣੁ ਗੁਣ ਗਰਬੁ ਕਰੈ ਆਲਾਏ।
੭. ਮਜਲਸ ਬੈਠਾ ਆਪੁ ਲਖਾਏ ॥ ੧੩ ॥

ਪਦ ਅਰਥ - ਅਵਾਈ=ਵਿਅਰਥ। ਪਿਦਾ=ਨਿੱਕੀ ਚਿੜੀ ਵਰਗਾ ਇਕ ਪੰਛੀ। ਗਾਂਡਿ=ਗੁਦਾ। ਮੀਆ=ਸਿਪਾਹੀ। ਮਜਲਸ=ਸਭਾ।

ਅਰਥ - ੧. (ਜਿਵੇਂ) ਰੁੱਖਾਂ ਵਿਚੋਂ ਖੋਟਾ ਰੁੱਖ ਅਰਿੰਡ ਦਾ ਹੈ, ਜੋ ਫਜ਼ੂਲ ਹੀ ਆਪਣੇ ਆਪ ਨੂੰ ਜਣਾਉਂਦਾ ਹੈ। ੨. (ਜਿਵੇਂ) ਪੰਛੀਆਂ ਵਿਚੋਂ ਪਿੱਦਾ (ਨਿੱਕੀ ਚਿੜੀ ਵਰਗਾ ਪੰਛੀ) ਟਾਹਣੀਆਂ 'ਤੇ ਬਹਿ

ਬਹਿ ਕੇ ਆਪਣਾ ਆਪ ਦਿਖਾਉਂਦਾ ਹੈ। ੩. (ਜਿਵੇਂ) ਭੇਡ ਭੈਂ ਭੈਂ ਕਰਕੇ ਚਾਰ ਦਿਨ ਜਵਾਨੀ ਦੇ ਬਿਤਾਉਂਦੀ ਹੈ (ਅਖੀਰ ਉਹ ਮਾਰੀ ਜਾਂਦੀ ਹੈ)। ੪. ਜਿਵੇਂ ਮੂੰਹ, ਅੱਖਾਂ, ਨੱਕ, ਕੰਨ ਆਦਿ ਗਿਆਨ ਇੰਦਰੀਆਂ ਵਿਚੋਂ ਗਾਂਡ (ਗੁਦਾ) ਵੀ ਗਿਆਨ ਇੰਦ੍ਰਾ ਕਹਾਉਂਦੀ ਹੈ (ਕਿਉਂ ਜੁ ਇਸ ਨੂੰ ਮਿਰਚਾਂ ਦਾ ਗਿਆਨ ਹੁੰਦਾ ਹੈ, ਪਰ ਇਸ ਦਾ ਇਹ ਗੁਮਾਨ ਝੂਠਾ ਹੁੰਦਾ ਹੈ)। ੫. (ਜਿਸ ਤਰ੍ਹਾਂ) ਸਿਪਾਹੀ ਨੂੰ ਘਰੋਂ ਕੱਢ ਦੇਈਏ ਤੇ ਤਰਕਸ਼ ਆਦਿ ਹਥਿਆਰ ਬੂਹੇ 'ਤੇ ਟੰਗ ਦੇਈਏ (ਤਾਂ ਉਸ ਦਾ ਕੋਈ ਲਾਭ ਨਹੀਂ ਹੁੰਦਾ)। ੬. (ਇਸੇ ਤਰ੍ਹਾਂ) ਮਨੁੱਖਾਂ ਵਿਚ ਬੈਠਾ ਮੂਰਖ ਹੰਕਾਰ ਕਰਕੇ ਐਵੇਂ ਹੀ ਆਪਣੇ ਆਪ ਨੂੰ ਵੱਡਾ ਆਖਦਾ ਹੈ। ੭. (ਗੁਣਾਂ ਤੋਂ ਹੀਣਾ ਮੂਰਖ) ਸਭਾ ਵਿਚ ਬੈਠ ਕੇ ਆਪਣਾ ਆਪ ਜਣਾਉਂਦਾ ਹੈ॥ ੧੩ ॥

੧੪. ਮੂਰਖ ਦੇ ਲੱਛਣ

੧. ਮੂਰਖ ਤਿਸ ਨੋ ਆਖੀਐ ਬੋਲੁ ਨ ਸਮਝੈ ਬੋਲਿ ਨ ਜਾਣੈ।
੨. ਹੋਰੋ ਕਿਹੁ ਕਰਿ ਪੁਛੀਐ ਹੋਰੋ ਕਿਹੁ ਕਰਿ ਆਖਿ ਵਖਾਣੈ।
੩. ਸਿਖ ਦੇਇ ਸਮਝਾਈਐ ਅਰਥੁ ਅਨਰਥੁ ਮਨੈ ਵਿਚਿ ਆਣੈ।
੪. ਵਡਾ ਅਸਮਝੁ ਨ ਸਮਝਈ ਸੁਰਤਿ ਵਿਹੂਣਾ ਹੋਇ ਹੈਰਾਣੈ।
੫. ਗੁਰਮਤਿ ਚਿਤਿ ਨ ਆਣਈ ਦੁਰਮਤਿ ਮਿਤ੍ਰੂ ਸਤ੍ਰੂ ਪਰਵਾਣੈ।
੬. ਅਗਨੀ ਸਪਹੁ ਵਰਜੀਐ ਗੁਣ ਵਿਚਿ ਅਵਗੁਣ ਕਰੈ ਧਿਙਾਣੈ।
੭. ਮੂਤੈ ਰੋਵੈ ਮਾ ਨ ਸਿਞਾਣੈ॥ ੧੪ ॥

ਪਦ ਅਰਥ - ਪਰਵਾਣੈ=ਪ੍ਰਵਾਨ ਕਰਦਾ ਹੈ। ਧਿਙਾਣੈ=ਜ਼ਬਰਦਸਤੀ।

ਅਰਥ - ੧. ਮੂਰਖ ਉਸ ਪੁਰਸ਼ ਨੂੰ ਕਿਹਾ ਜਾਂਦਾ ਹੈ, ਜੋ ਨਾ (ਠੀਕ) ਬੋਲ ਨੂੰ ਸਮਝਦਾ ਹੈ ਤੇ ਨਾ (ਠੀਕ ਤਰ੍ਹਾਂ) ਬੋਲਣਾ ਜਾਣਦਾ ਹੈ। ੨. ਉਸ ਨੂੰ ਪੁੱਛੋ ਕੁਛ ਹੋਰ ਤੇ ਉਹ ਅੱਗੋਂ ਜਵਾਬ ਕੁਛ ਹੋਰ ਹੀ ਦਿੰਦਾ ਹੈ। ੩. ਮੂਰਖ ਨੂੰ ਜੇ ਸਿੱਖਿਆ ਦੇ ਕੇ ਕੁਛ ਸਮਝਾਓ ਤਾਂ ਉਹ ਆਪਣੇ ਮਨ ਵਿਚ ਅਰਥ (ਸਿੱਧੀ ਗੱਲ) ਨੂੰ ਅਨਰਥ (ਪੁੱਠੀ) ਕਰਕੇ ਜਾਣਦਾ ਹੈ। ੪. (ਉਹ) ਵੱਡਾ ਬੇਸਮਝ ਹੁੰਦਾ ਹੈ, ਕਿਸੇ ਗੱਲ ਨੂੰ ਸਮਝਦਾ ਨਹੀਂ। ਉਹ ਸੁਰਤ ਵਿਹੂਣਾ ਹੈਰਾਨ ਹੋਇਆ ਰਹਿੰਦਾ ਹੈ। ੫. ਉਸ ਦੇ ਮਨ ਵਿਚ ਗੁਰੂ ਦੀ ਸਿੱਖਿਆ ਨਹੀਂ ਵਸਦੀ, ਉਹ ਖੋਟੀ ਬੁਧੀ ਕਰਕੇ ਵੈਰੀ ਤੇ ਮਿੱਤਰ ਨੂੰ ਇਕੋ ਜਿਹਾ ਜਾਣਦਾ ਹੈ। ੬. ਜੇ ਉਸ ਨੂੰ ਅੱਗ ਜਾਂ ਸੱਪ ਵੱਲੋਂ ਵਰਜੀਏ ਤਾਂ ਉਹ ਗੁਣ ਨੂੰ ਔਗੁਣ ਜਾਣ ਕੇ ਧਿੰਙੋਜ਼ੋਰੀ ਕਰਦਾ ਹੈ। ੭. ਜਿਵੇਂ ਮਾਂ ਪੁੱਤਰ ਨੂੰ ਬਿਸਤਰੇ ਤੋਂ ਚੁੱਕ ਕੇ ਮੁਤਾਉਂਦੀ ਹੈ ਕਿ ਇਹ ਗਿੱਲੇ ਬਿਸਤਰੇ ਕਰਕੇ ਔਖਾ ਨਾ ਹੋਵੇ, ਪਰ ਬਾਲ ਰੋਂਦਾ ਹੈ ਤੇ ਮਾਂ ਦਾ ਉਪਕਾਰ ਨਹੀਂ ਜਾਣਦਾ (ਕਿ ਮਾਂ ਮੇਰਾ ਭਲਾ ਸੋਚ ਰਹੀ ਹੈ)॥ ੧੪ ॥

੧੫. ਮੂਰਖ ਦੀ ਪਛਾਣ

੧. ਰਾਹੁ ਛਡਿ ਉਝੜਿ ਪਵੈ ਆਗੂ ਨੋ ਭੁਲਾ ਕਰਿ ਜਾਣੈ।

੨. ਬੇੜੇ ਵਿਚਿ ਬਹਾਲੀਐ ਕੁਦਿ ਪਵੈ ਵਿਚਿ ਵਹਣ ਧਿਙਾਣੈ।
੩. ਸੁਘੜਾਂ ਵਿਚਿ ਬਹਿਠਿਆਂ ਬੋਲਿਵਿਗਾੜਿ ਉਘਾੜਿ ਵਖਾਣੈ।
੪. ਸੁਘੜਾਂ ਮੂਰਖ ਜਾਣਦਾ ਆਪਿ ਸੁਘੜੁ ਹੋਇ ਵਿਰਤੀਹਾਣੈ।
੫. ਦਿਹ ਨੋ ਰਾਤਿ ਵਖਾਣ ਦਾ ਚਾਮਚੜਿਕ ਜਿਵੇਂ ਟਾਨਾਣੈ।
੬. ਗੁਰਮਤਿ ਮੂਰਖੁ ਚਿਤਿ ਨ ਆਣੈ॥ ੧੫ ॥

ਪਦ ਅਰਥ - ਉਝੜਿ=ਉਜਾੜ। ਆਗੂ=ਰਸਤਾ ਦੱਸਣ ਵਾਲਾ। ਵਹਣ=ਨਦੀ ਦਾ ਵਹਾ। ਸੁਘੜਾਂ=ਸਿਆਣਿਆਂ। ਟਾਨਾਣੈ=ਟਟਹਿਣਾ।

ਅਰਥ - ੧. (ਮੂਰਖ ਸਹੀ) ਰਸਤੇ ਨੂੰ ਛੱਡ ਕੇ ਉੱਝੜ (ਕੁਰਾਹੇ) ਪੈਂਦਾ ਹੈ ਤੇ ਠੀਕ ਰਸਤਾ ਦੱਸਣ ਵਾਲੇ ਨੂੰ ਭੁੱਲਾ ਹੋਇਆ ਸਮਝਦਾ ਹੈ। ੨. (ਜੇ ਮੂਰਖ ਨੂੰ) ਬੇੜੇ ਵਿਚ ਬਹਾਈਏ ਤਾਂ ਉਹ ਬਦੋਬਦੀ ਦਰਿਆ ਦੇ ਵਹਿਣ ਵਿਚ ਛਾਲ ਮਾਰਦਾ ਹੈ। ੩. ਸਿਆਣੇ ਪੁਰਸ਼ਾਂ ਵਿਚ ਬੈਠਾ ਮੂਰਖ ਆਪਣੇ ਖੋਟੇ ਬਚਨਾਂ ਕਰਕੇ ਆਪਣੇ ਆਪ ਨੂੰ ਪ੍ਰਗਟ ਕਰ ਦਿੰਦਾ ਹੈ। ੪. ਉਹ ਸਿਆਣਿਆਂ ਨੂੰ ਮੂਰਖ ਕਰਕੇ ਜਾਣਦਾ ਹੈ ਤੇ ਆਪ ਸਿਆਣਾ ਬਣ ਕੇ ਹੀਣਤਾ ਵਾਲੇ ਕੰਮ ਕਰਦਾ ਹੈ। ੫. (ਉਹ) ਚਾਮਚੜਿੱਕ ਤੇ ਟਟਹਿਣੇ ਵਾਂਗੂੰ ਦਿਨ ਨੂੰ ਰਾਤ ਤੇ ਰਾਤ ਨੂੰ ਦਿਨ ਆਖਦਾ ਹੈ। ੬. ਮੂਰਖ ਆਦਮੀ ਗੁਰੂ ਦੀ ਸਿੱਖਿਆ ਨੂੰ ਆਪਣੇ ਮਨ ਵਿਚ ਨਹੀਂ ਵਸਾਉਂਦਾ॥ ੧੫ ॥

੧੬. ਮੂਰਖ ਪਸ਼ੂ ਵਰਗਾ ਹੁੰਦਾ ਹੈ

੧. ਵੈਦਿ ਚੰਗੇਰੀ ਊਠਣੀ ਲੈ ਸਿਲ ਵਟਾ ਕਚਰਾ ਭੰਨਾ।
੨. ਸੇਵਕਿ ਸਿਖੀ ਵੈਦਗੀ ਮਾਰੀ ਬੁਢੀ ਰੋਵਨਿ ਰੰਨਾ।
੩. ਪਕੜਿ ਚਲਾਇਆ ਰਾਵਲੈ ਪਉਦੀ ਉਘੜਿ ਗਏ ਸੁ ਕੰਨਾ।
੪. ਪੁਛੈ ਆਖਿ ਵਖਾਣਿਓਨੁ ਉਘੜਿ ਗਇਆ ਪਾਜੁ ਪਰਛੰਨਾ।
੫. ਪਾਰਖੂਆ ਚੁਣਿ ਕਢਿਆ ਜਿਉ ਕਚਕੜਾ ਨ ਰਲੈ ਰਤੰਨਾ।
੬. ਮੂਰਖੁ ਅਕਲੀ ਬਾਹਰਾ ਵਾਂਸਹੁ ਮੂਲਿ ਨ ਹੋਵੀ ਗੰਨਾ।
੭. ਮਾਣਸ ਦੇਹੀ ਪਸੂ ਉਪੰਨਾ॥ ੧੬ ॥

ਪਦ ਅਰਥ - ਕਚਰਾ-ਕੱਚਾ ਖਰਬੂਜਾ। ਪਉਦੀ=ਜੁੱਤੀਆਂ ਪੈਣੀਆਂ। ਪਰਛੰਨਾ= ਲੁਕਿਆ ਹੋਇਆ। ਕਚਕੜਾ=ਕੱਚ ਦਾ ਛੱਲਾ। ਉਪੰਨਾ=ਪੈਦਾ ਹੋਇਆ।

ਅਰਥ - ੧. ਇਕ ਵੈਦ ਨੇ ਊਠਣੀ (ਜਿਸ ਦੇ ਸੰਘ ਵਿਚ ਕੱਚਾ ਖਰਬੂਜਾ ਫਸ ਗਿਆ ਸੀ) ਦੇ ਗਲ ਨੂੰ ਸਿਲ 'ਤੇ ਰੱਖ ਕੇ ਵੱਟੇ ਨਾਲ ਕਚਰਾ ਭੰਨ ਕੇ ਉਸ ਨੂੰ ਠੀਕ ਕਰ ਦਿੱਤਾ। ੨. ਉਸ ਵੈਦ ਦਾ

ਇਕ ਚੇਲਾ ਸੀ, ਉਸ ਨੇ ਵੈਦ ਦਾ ਇਹ ਢੰਗ ਵੇਖ ਕੇ ਹਕੀਮੀ ਸਿੱਖ ਲਈ ਤੇ ਇਕ ਬੁੱਢੀ (ਜਿਸ ਦੇ ਗਲ ਵਿਚ ਗਿਲ੍ਹੜ ਸੀ) ਨੂੰ ਇਸੇ ਉਪਾਅ ਨਾਲ ਮਾਰ ਦਿੱਤਾ ਤੇ ਇਸਤ੍ਰੀਆਂ ਬੁੱਢੀ ਨੂੰ ਮਰਿਆ ਵੇਖ ਕੇ ਰੋਣ ਲੱਗ ਪਈਆਂ। ੩. ਲੋਕਾਂ ਨੇ ਉਸ ਨੀਮ ਹਕੀਮ ਨੂੰ ਫੜ ਕੇ ਰਾਜੇ ਦੇ ਪੇਸ਼ ਕੀਤਾ, ਜਦੋਂ ਉਸ ਨੂੰ ਜੁੱਤੀਆਂ ਪਈਆਂ ਤਾਂ ਫਿਰ ਉਸ ਦੇ ਕੰਨ ਖੁੱਲ੍ਹੇ। ੪. ਜਦੋਂ ਉਸ ਨੂੰ ਸਾਰੀ ਹਕੀਕਤ ਪੁੱਛੀ ਗਈ ਤਾਂ ਉਸ ਨੇ ਸਭ ਕੁਛ ਸੱਚੋ ਸੱਚ ਦੱਸ ਦਿੱਤਾ, ਜਿਸ ਕਰਕੇ ਉਸ ਦਾ ਲੁਕਿਆ ਹੋਇਆ ਭੇਦ ਪ੍ਰਗਟ ਹੋ ਗਿਆ। ੫. ਪਾਰਖੂਆਂ ਨੇ ਉਸ (ਨੀਮ ਹਕੀਮ) ਨੂੰ ਚੁਣ ਕੇ ਬਾਹਰ ਕੱਢ ਦਿੱਤਾ, ਜਿਵੇਂ ਕਚਕੜਾ ਰਤਨ ਨਾਲ ਨਹੀਂ ਰਲਦਾ। ੬. ਮੂਰਖ ਅਕਲ ਤੋਂ ਹੀਣਾ ਹੁੰਦਾ ਹੈ, ਜਿਵੇਂ ਵਾਂਸ ਗੰਨਾ ਨਹੀਂ ਹੁੰਦਾ, ੭. ਮੂਰਖ ਦਾ ਸਰੀਰ ਤਾਂ ਭਾਵੇਂ ਮਨੁੱਖ ਦਾ ਹੁੰਦਾ ਹੈ, ਪਰ ਅਸਲ ਵਿਚ ਹੁੰਦਾ ਉਹ ਪਸ਼ੂ ਵਰਗਾ ਹੀ ਹੈ॥ ੧੬॥

ਭਾਵ—ਮੂਰਖ ਆਦਮੀ ਦੀ ਸਾਰੀ ਕਿਰਿਆ ਪਸ਼ੂਆਂ ਵਰਗੀ ਹੁੰਦੀ ਹੈ।

੧੭. ਮੂਰਖ ਕੁਰੁੱਤਾ ਬੀਜ ਬੀਜਦਾ ਹੈ

੧. ਮਹਾ ਦੇਵ ਦੀ ਸੇਵ ਕਰਿ ਵਰੁ ਪਾਇਆ ਸਾਹੈ ਦੈ ਪੁਤੈ।
੨. ਦਰਬੁ ਸਰੂਪ ਸਰੇਵੜੇ ਆਏ ਵੜੇ ਘਰਿ ਅੰਦਰਿ ਉਤੈ।
੩. ਜਿਉ ਹਥਿਆਰੀ ਮਾਰੀਅਨਿ ਤਿਉ ਤਿਉ ਦਰਬ ਹੋਇ ਧੜਧੁਤੈ।
੪. ਬੁਤੀ ਕਰਦੇ ਡਿਠਿਓਨੁ ਨਾਈ ਚੈਨੁ ਨ ਬੈਠੇ ਸੁਤੈ।
੫. ਮਾਰੇ ਆਣਿ ਸਰੇਵੜੇ ਸੁਣਿ ਦੀਬਾਣਿ ਮਸਾਣਿ ਅਛੁਤੈ।
੬. ਮਥੈ ਵਾਲਿ ਪਛਾੜਿਆ ਵਾਲ ਛਡਾਇਅਨਿ ਕਿਸ ਦੈ ਬੁਤੈ।
੭. ਮੂਰਖੁ ਬੀਜੈ ਬੀਉ ਕੁਰੁਤੈ॥ ੧੭॥

ਪਦ ਅਰਥ - ਮਹਾਦੇਵ=ਸ਼ਿਵ ਜੀ। ਧੜਧੁਤੈ=ਢੇਰਾਂ ਦੇ ਢੇਰ। ਕੁਰੁਤੈ=ਖੋਟੀ ਰੁੱਤ।

ਅਰਥ - ੧. ਸ਼ਿਵ ਜੀ ਦੀ ਸੇਵਾ (ਅਰਾਧਨਾ) ਕਰਕੇ ਸ਼ਾਹੂਕਾਰ ਦੇ ਪੁੱਤਰ ਨੇ ਘਰ ਵਿਚ ਬਹੁਤਾ ਧਨ ਹੋਣ ਦਾ ਵਰ ਪ੍ਰਾਪਤ ਕੀਤਾ। ੨. ਉਸ ਦੇ ਘਰ ਵਿਚ ਧਨ ਸਰੇਵੜੇ ਦਾ ਰੂਪ ਧਾਰਨ ਕਰਕੇ ਆ ਗਿਆ। ੩. (ਸ਼ਿਵ ਜੀ ਦੇ ਬਚਨ ਅਨੁਸਾਰ) ਜਿਉਂ ਜਿਉਂ ਸਰੇਵੜੇ ਹਥਿਆਰਾਂ ਨਾਲ ਕੱਟੇ ਜਾਂਦੇ ਸਨ, ਤਿਉਂ ਤਿਉਂ ਹੀ ਧਨ ਦੇ ਢੇਰਾਂ ਦੇ ਢੇਰ ਲੱਗਦੇ ਜਾਂਦੇ ਸਨ। ੪. ਬੁੱਤੀਆਂ ਕਰਦੇ ਇਕ ਨਾਈ ਨੇ ਵੀ ਇਹ ਦ੍ਰਿਸ਼ ਵੇਖ ਲਿਆ, ਉਸ ਨੂੰ ਬੈਠਿਆਂ, ਸੁਤਿਆਂ ਚੈਨ ਨਹੀਂ ਆਉਂਦਾ ਸੀ। ੫. ਉਸ ਨੇ ਘਰ ਆਣ ਕੇ ਸਰੇਵੜਿਆਂ ਨੂੰ ਮਾਰਿਆ, ਇਹ ਗੱਲ ਰਾਜ ਦਰਬਾਰ ਵਿਚ ਪਹੁੰਚ ਗਈ ਕਿ ਨਾਈ ਨੇ ਨਿਰਦੋਸ਼ ਸਰੇਵੜੇ ਮਾਰ ਦਿੱਤੇ ਹਨ। ੬. ਉਸ ਨਾਈ ਨੂੰ ਸਿਰ ਦੇ ਵਾਲਾਂ ਤੋਂ ਫੜ ਕੇ ਧਰਤੀ 'ਤੇ ਪਟਕਾ ਕੇ ਮਾਰ ਦਿੱਤਾ ਗਿਆ। ਉਹ ਕਿਸ ਦੇ ਜ਼ੋਰ ਕਰਕੇ ਵਾਲਾਂ ਨੂੰ ਛੁਡਾਉਂਦਾ। ੭. ਮੂਰਖ ਲੋਕ ਕੁਰੁਤਾ ਬੀਜ ਬੀਜਦੇ ਹਨ॥ ੧੭॥

ਭਾਵ— ਮੂਰਖ ਬਿਨਾਂ ਸੋਚੇ ਸਮਝੇ ਵੇਖਾ ਵੇਖੀ ਖੋਟੇ ਕੰਮ ਕਰਦੇ ਹਨ ਤੇ ਦੁੱਖ ਪਾਉਂਦੇ ਹਨ।

੧੮. ਮੂਰਖ ਤੇ ਪੰਡਿਤ ਵਿਚ ਗਿਆਨ ਦੀ ਵਿਸ਼ੇਸ਼ਤਾ ਹੈ

੧. ਗੋਸਟਿ ਗਾਂਗੇ ਤੇਲੀਐ ਪੰਡਿਤ ਨਾਲਿ ਹੋਵੈ ਜਗੁ ਦੇਖੈ।
੨. ਖੜੀ ਕਰੈ ਇਕ ਅੰਗੁਲੀ ਗਾਂਗਾ ਦੁਇ ਵੇਖਾਲੈ ਰੇਖੈ।
੩. ਫੇਰਿ ਉਚਾਇ ਪੰਜਾਂਗੁਲਾ ਗਾਂਗਾ ਮੁਠਿ ਹਲਾਇ ਅਲੇਖੈ।
੪. ਪੈਰੀਂ ਪੈ ਉਠਿ ਚਲਿਆ ਪੰਡਿਤੁ ਹਾਰਿ ਭੁਲਾਵੈ ਭੇਖੈ।
੫. ਨਿਰਗੁਣੁ ਸਰਗੁਣੁ ਅੰਗ ਦੁਇ ਪਰਮੇਸਰੁ ਪੰਜਿ ਮਿਲਨਿ ਸਰੇਖੈ।
੬. ਅਖੀਂ ਦੋਵੈਂ ਭੰਨਸਾਂ ਮੁਕੀ ਲਾਇ ਹਲਾਇ ਨਿਮੇਖੈ।
੭. ਮੂਰਖ ਪੰਡਿਤੁ ਸੁਰਤਿ ਵਿਸੇਖੈ॥ ੧੮॥

ਅਰਥ - ੧. (ਰਾਜਾ ਭੋਜ ਦੇ ਨਗਰ ਉਜੈਨ ਵਿਚ ਇਕ ਕਾਣਾ ਗਾਂਗਾ ਤੇਲੀ ਰਹਿੰਦਾ ਸੀ, ਉਸ) ਗਾਂਗੇ ਦੀ ਗੋਸ਼ਟ ਇਕ ਪੰਡਿਤ ਨਾਲ ਹੋਈ, ਜਿਸ ਨੂੰ ਵੇਖਣ ਲਈ ਬਹੁਤ ਸਾਰੇ ਲੋਕ ਇਕੱਠੇ ਹੋਏ। ੨. ਪੰਡਿਤ ਨੇ ਇਕ ਉਂਗਲੀ ਖੜੀ ਕਰਕੇ ਇਹ ਜਣਾਇਆ ਕਿ ਇਕੋ ਨਿਰਗੁਣ ਬ੍ਰਹਮ ਹੈ, ਗਾਂਗੇ ਨੇ ਸਮਝਿਆ ਕਿ ਪੰਡਿਤ ਕਹਿੰਦਾ ਹੈ ਕਿ ਮੈਂ ਤੇਰੀ ਇਕ ਅੱਖ ਕੱਢ ਦਿਆਂਗਾ, ਉਸ ਨੇ ਪੰਡਿਤ ਨੂੰ ਦੋ ਉਂਗਲੀਆਂ ਵਿਖਾਈਆਂ, ਕਿ ਮੈਂ ਤੇਰੀਆਂ ਦੋਵੇਂ ਅੱਖਾਂ ਕੱਢ ਦਿਆਂਗਾ। ਪੰਡਿਤ ਨੇ ਸਮਝਿਆ ਕਿ ਇਸ ਦਾ ਭਾਵ ਇਹ ਹੈ ਕਿ ਬ੍ਰਹਮ ਦੇ ਨਿਰਗੁਣ ਤੇ ਸਰਗੁਣ ਦੋ ਰੂਪ ਹਨ। ੩. ਫਿਰ ਪੰਡਿਤ ਨੇ ਪੰਜ ਉਂਗਲਾਂ ਖੜੀਆਂ ਕਰਕੇ ਇਹ ਜਣਾਇਆ ਕਿ ਪੰਜਾਂ ਤੱਤਾਂ ਦੇ ਪਸਾਰੇ ਕਰਕੇ ਦੋ ਰੂਪ ਭਾਸਦੇ ਹਨ, ਵਾਸਤਵ ਵਿਚ ਬ੍ਰਹਮ ਇਕੋ ਹੈ, ਪਰ ਗਾਂਗੇ ਨੇ ਸਮਝਿਆ ਕਿ ਪੰਡਿਤ ਕਹਿੰਦਾ ਹੈ ਕਿ ਅਸੀਂ ਪੰਜ ਜਣੇ ਰਲ ਕੇ ਤੈਨੂੰ ਮਾਰਾਂਗੇ, ਇਸ ਲਈ ਗਾਂਗੇ ਨੇ ਮੁੱਠ ਵਟ ਕੇ ਦਿਖਾਈ ਕਿ ਤੁਸੀਂ ਮੇਰੀ ਇਕ ਮੁੱਠੀ (ਮੁੱਕੀ) ਦੀ ਮਾਰ ਹੋ। ਪੰਡਿਤ ਨੇ ਇਹ ਸਮਝਿਆ ਕਿ ਉਹ ਪੰਜ ਇਕ ਰੂਪ ਇਕੱਠੇ ਹੋਏ ਹਨ ਤਾਂ ਕਰਕੇ ਉਸ ਦੇ ਦੋ ਰੂਪ ਹਨ, ਜੇਕਰ ਉਹ ਅੱਡੋ ਅੱਡ ਰਹਿਣ ਤਾਂ ਉਸਦੀ ਗਿਣਤੀ ਵਿਚ ਨਹੀਂ ਆ ਸਕਦੇ। ੪. ਭੇਖ ਦੇ ਭੁਲਾਵੇ ਵਿਚ ਪੈ ਕੇ ਪੰਡਿਤ ਹਾਰ ਕੇ ਉੱਠ ਗਿਆ। ੫. ਇਸ ਤੁਕ ਵਿਚ ਪੰਡਿਤ ਦੇ ਇਸ਼ਾਰੇ ਹਨ ਕਿ ਬ੍ਰਹਮ ਦਾ ਇਕ ਨਿਰਗੁਣ ਸਰੂਪ ਹੈ ਤੇ ਦੂਜਾ ਅੰਗ ਸਰਗੁਣ ਹੈ, ਪੰਜ ਤੱਤਾਂ ਦੇ ਮਿਲਣ ਨਾਲ ਪਰਮੇਸ਼ਰ ਦਾ ਸਰਗੁਣ ਅੰਗ ਹੈ। ੬. (ਗਾਂਗੇ ਤੇਲੀ ਦੇ ਇਸ਼ਾਰੇ ਇਹ ਹਨ ਕਿ) ਦੋਵੇਂ ਅੱਖਾਂ ਕੱਢ ਦਿਆਂਗਾ ਤੇ ਇਕ ਮੁੱਕੀ ਨਾਲ ਤੈਨੂੰ ਖਤਮ ਕਰ ਦਿਆਂਗਾ। ੭. ਮੂਰਖ ਤੇ ਪੰਡਿਤ ਵਿਚ ਗਿਆਤ (ਸਮਝ) ਦੀ ਵਿਸ਼ੇਸ਼ਤਾ ਹੈ॥ ੧੮॥

ਭਾਵ—ਸਮਝ ਨਾ ਹੋਣ ਕਰਕੇ ਮੂਰਖ ਤੇ ਗੱਲ ਦਾ ਭਾਵ ਸਮਝ ਲੈਣ ਨਾਲ ਪੰਡਿਤ ਜਾਣਿਆਂ ਜਾਂਦਾ ਹੈ।

੧੯. ਮੂਰਖਾਂ ਦੀ ਸੰਗਤ ਵਿਚ ਕਾਵਾਂ ਰੌਲੀ

੧. ਠੰਢੇ ਖੂਹਹੁ ਨ੍ਹਾਇ ਕੈ ਪਗ ਵਿਸਾਰਿ ਆਇਆ ਸਿਰਿ ਨੰਗੈ।

੨. ਘਰ ਵਿਚਿ ਰੰਨਾਂ ਕਮਲੀਆਂ ਧੁਸੀ ਲੀਤੀ ਦੇਖਿ ਕੁਢੰਗੈ।
੩. ਰੰਨਾਂ ਦੇਖਿ ਪਿਟੰਦੀਆਂ ਢਾਹਾਂ ਮਾਰੈਂ ਹੋਇ ਨਿਸੰਗੈ।
੪. ਲੋਕ ਸਿਆਪੇ ਆਇਆ ਰੰਨਾਂ ਪੁਰਸ ਜੁੜੇ ਲੈ ਪੰਗੈ।
੫. ਨਾਇਣ ਪੁਛਦੀ ਪਿਟਦੀਆਂ ਕਿਸ ਦੈ ਨਾਇ ਅਲ੍ਹਾਣੀ ਅੰਗੈ।
੬. ਸਹੁਰੇ ਪੁਛਹੁ ਜਾਇ ਕੈ ਕਉਣ ਮੁਆ ਨੂਹ ਉਤਰੁ ਮੰਗੈ।
੭. ਕਾਵਾਂ ਰੌਲਾ ਮੂਰਖੁ ਸੰਗੈ॥ ੧੯॥

ਪਦ ਅਰਥ - ਧੁਸੀ=ਪਿੱਟਣਾ। ਪੰਗੈ=ਪੰਗਤਾਂ ਲਾ ਕੇ।

ਅਰਥ - ੧. (ਇਕ ਖੱਤ੍ਰੀ) ਖੂਹ 'ਤੇ ਠੰਢੇ ਪਾਣੀ ਨਾਲ ਨ੍ਹਾਤਾ ਤੇ ਪੱਗ ਖੂਹ 'ਤੇ ਛੱਡ ਕੇ ਨੰਗੇ ਸਿਰ ਘਰ ਨੂੰ ਤੁਰ ਪਿਆ। ੨. (ਉਸ ਨੂੰ) ਨੰਗੇ ਸਿਰ ਘਰ ਆਉਂਦਾ ਵੇਖ ਕੇ ਕਮਲੀਆਂ ਰੰਨਾਂ ਨੇ ਅੱਗੇ ਸਿਆਪਾ ਕਰਨਾ ਤੇ ਪਿੱਟਣਾ ਸ਼ੁਰੂ ਕਰ ਦਿੱਤਾ। ੩. ਇਸਤ੍ਰੀਆਂ ਨੂੰ ਰੋਂਦਿਆਂ ਵੇਖ ਕੇ ਘਰ ਦੇ ਸਾਰੇ ਜੀਅ ਧਾਹਾਂ ਮਾਰ ਮਾਰ ਕੇ ਰੋਣ ਲੱਗ ਪਏ। ੪. ਆਂਢ ਗੁਆਂਢ ਦੇ ਲੋਕ ਵੀ ਉਹਨਾਂ ਦਾ ਕੋਈ ਜੀਅ ਮਰਿਆ ਜਾਣ ਕੇ ਉਥੇ ਆ ਗਏ ਤੇ ਇਸਤ੍ਰੀਆਂ ਪੁਰਸ਼ ਪੰਗਤ ਲਾ ਕੇ ਬੈਠ ਗਏ। ੫. (ਇੰਨੇ ਨੂੰ) ਨੈਣ ਨੇ ਰੋਣ ਵਾਲੀਆਂ ਤੋਂ ਪੁੱਛਿਆ ਕਿ ਕਿਸ ਪਿਆਰੇ ਦੇ ਨਾਂ ਦੀ ਅਲਾਹਣੀ ਲਵਾਂ (ਭਾਵ ਕੋਈ ਇਸਤ੍ਰੀ ਮਰੀ ਹੈ ਜਾਂ ਮਰਦ?)। ੬. (ਨੈਣ ਦੀ ਗੱਲ ਸੁਣ ਕੇ ਨੂੰਹ ਨੇ ਆਖਿਆ ਕਿ ਮੇਰੇ) ਸਹੁਰੇ ਤੋਂ ਪੁੱਛੋ, ਜਿਹੜਾ ਨੰਗੇ ਸਿਰ ਘਰ ਆਇਆ ਹੈ, ਉਸ ਨੂੰ ਪਤਾ ਹੈ ਕਿ ਕੌਣ ਮਰਿਆ ਹੈ। (ਇਹ ਸਾਰੀ ਗੱਲ ਸਮਝ ਕੇ ਉਸ ਖੱਤ੍ਰੀ ਨੇ ਆਪਣੀ ਭੁੱਲ ਨੂੰ ਜਾਣਿਆਂ ਤੇ ਖੂਹ ਤੋਂ ਪੱਗ ਲਿਆ ਕੇ ਸਿਰ 'ਤੇ ਬੰਨ੍ਹੀ ਤੇ ਇਹ ਸਾਰੀ ਖੱਪ ਖਤਮ ਹੋਈ)। ੭. ਮੂਰਖਾਂ ਦੀ ਸੰਗਤ ਵਿਚ ਇਸੇ ਤਰ੍ਹਾਂ ਦੀ ਕਾਵਾਂ ਰੌਲੀ ਪੈਂਦੀ ਹੈ॥ ੧੯॥

੨੦. ਮੂਰਖ ਨਾਲ ਚੁੱਪ ਰਹਿਣਾ ਹੀ ਚੰਗਾ ਹੈ

੧. ਜੇ ਮੂਰਖੁ ਸਮਝਾਈਐ ਸਮਝੈ ਨਾਹੀਂ ਛਾਂਵ ਨ ਧੁਪਾ।
੨. ਅਖੀਂ ਪਰਖਿ ਨ ਜਾਣਈ ਪਿਤਲ ਸੁਇਨਾ ਕੈਹਾਂ ਰੁਪਾ।
੩. ਸਾਉ ਨ ਜਾਣੈ ਤੇਲ ਘਿਅ ਧਰਿਆ ਕੋਲਿ ਘੜੋਲਾ ਕੁਪਾ।
੪. ਸੁਰਤਿ ਵਿਹੂਣਾ ਰਾਤਿ ਦਿਹੁ ਚਾਨਣੁ ਤੁਲਿ ਅਨ੍ਹੇਰਾ ਘੁਪਾ।
੫. ਵਾਸੁ ਕਥੂਰੀ ਥੋਮ ਦੀ ਮਿਹਰ ਕੁਲੀ ਅਧਉੜੀ ਤੁਪਾ।
੬. ਵੈਰੀ ਮਿਤ੍ਰੁ ਨ ਸਮਝਈ ਰੰਗੁ ਸੁਰੰਗ ਕੁਰੰਗੁ ਅਛੁਪਾ।
੭. ਮੂਰਖ ਨਾਲਿ ਚੰਗੇਰੀ ਚੁਪਾ॥ ੨੦॥ ੩੨॥

ਪਦ ਅਰਥ - ਛਾਂਵ ਨ ਧੁਪਾ=ਭਲਾ ਬੁਰਾ। ਰੁਪਾ=ਚਾਂਦੀ। ਮਿਹਰਕੁਲੀ=ਮਖਮਲ। ਅਧਉੜੀ=ਚੰਮ।

ਅਰਥ - ੧. ਜੇ ਮੂਰਖ ਨੂੰ ਕੋਈ ਗੱਲ ਸਮਝਾਈਏ ਤਾਂ ਉਹ ਆਪਣੀ ਮੂਰਖਤਾ ਕਰਕੇ ਛਾਂ ਤੇ ਧੁਪ (ਭਾਵ ਭਲੇ ਬੁਰੇ) ਨੂੰ ਨਹੀਂ ਸਮਝਦਾ। ੨. ਉਹ ਆਪਣੀਆਂ ਅੱਖਾਂ ਨਾਲ ਪਿੱਤਲ, ਸੋਨੇ, ਕੈਂਹ ਤੇ ਚਾਂਦੀ ਦੀ ਪਰਖ ਕਰਨੀ ਨਹੀਂ ਜਾਣਦਾ। ੩. ਉਹ ਤੇਲ ਤੇ ਘਿਉ ਦੇ ਸੁਆਦ ਨੂੰ ਨਹੀਂ ਜਾਣਦਾ, ਭਾਵੇਂ ਘਿਉ ਦਾ ਘੜਾ ਤੇ ਤੇਲ ਦਾ ਕੁੱਪਾ ਉਸ ਦੇ ਕੋਲ ਧਰਿਆ ਹੋਵੇ। ੪. ਉਹ ਦਿਨੇ ਰਾਤ ਸੁਰਤ (ਗਿਆਤ) ਤੋਂ ਵਿਹੂਣਾ ਰਹਿੰਦਾ ਹੈ, ਉਹ ਚਾਨਣ ਤੇ ਘੁੱਪ ਅੰਨ੍ਹੇਰੇ ਨੂੰ ਬਰਾਬਰ ਜਾਣਦਾ ਹੈ। ੫. ਉਸ ਲਈ ਕਸਤੂਰੀ ਤੇ ਥੋਮ ਦੀ ਵਾਸ਼ਨਾ ਤੇ ਮਖਮਲ ਤੇ ਚੰਮ ਦਾ ਤੋਪਾ ਇਕੋ ਜਿਹਾ ਹੈ। ੬. ਉਹ ਵੈਰੀ ਤੇ ਮਿੱਤਰ ਨੂੰ ਵੀ ਨਹੀਂ ਜਾਣਦਾ ਤੇ ਚੰਗੇ ਰੰਗ ਤੇ ਖੋਟੇ ਰੰਗ ਵੱਲੋਂ ਵੀ ਅਛੋਪ ਰਹਿੰਦਾ ਹੈ (ਭਾਵ ਉਸ ਨੂੰ ਚੰਗੇ ਮੰਦੇ ਰੰਗ ਦੀ ਕੋਈ ਸੋਝੀ ਨਹੀਂ ਹੁੰਦੀ)। ੭. (ਇਹੋ ਜਿਹੇ) ਮੂਰਖ ਨਾਲ ਗੱਲ ਕਰਨ ਨਾਲੋਂ ਚੁੱਪ ਰਹਿਣਾ ਹੀ ਚੰਗਾ ਹੁੰਦਾ ਹੈ॥ ੨੦॥ ੩੨॥

ਵਾਰ ੩੩

ੴ ਸਤਿਗੁਰ ਪ੍ਰਸਾਦਿ॥

੧. ਮਨਮੁਖ ਅੰਨ੍ਹੇਰੇ ਦਾ ਰੂਪ ਹੁੰਦੇ ਹਨ

੧. ਗੁਰਮੁਖਿ ਮਨਮੁਖਿ ਜਾਣੀਅਨਿ ਸਾਧ ਅਸਾਧ ਜਗਤ ਵਰਤਾਰਾ।
੨. ਦੁਹ ਵਿਚਿ ਦੁਖੀ ਦੁਬਾਜਰੇ ਖਰਬੜ ਹੋਏ ਖੁਦੀ ਖੁਆਰਾ।
੩. ਦੁਹੀਂ ਸਰਾਈਂ ਜਰਦਰੂ ਦਗੇ ਦੁਰਾਹੇ ਚੋਰ ਚੁਗਾਰਾ।
੪. ਨਾ ਉਰਵਾਰੁ ਨ ਪਾਰੁ ਹੈ ਗੋਤੇ ਖਾਨਿ ਭਰਮੁ ਸਿਰਿ ਭਾਰਾ।
੫. ਹਿੰਦੂ ਮੁਸਲਮਾਨ ਵਿਚਿ ਗੁਰਮੁਖਿ ਮਨਮੁਖਿ ਵਿਚ ਗੁਬਾਰਾ।
੬. ਜੰਮਣੁ ਮਰਣੁ ਸਦਾ ਸਿਰਿ ਮਾਰਾ॥ ੧॥

ਪਦ ਅਰਥ - ਦੁਬਾਜਰੇ=ਦੋ ਤਰਫੀਏ। ਖਰਬੜ=ਘਬਰਾਹਟ। ਜਰਦਰੂ=ਪੀਲੇ। ਚੁਗਾਰਾ=ਠੱਗ।

ਅਰਥ - ੧. ਸੰਸਾਰ ਵਿਚ ਭਲੇ ਤੇ ਬੁਰੇ ਵਰਤਾਉ ਤੋਂ ਹੀ ਗੁਰਮੁਖ ਤੇ ਮਨਮੁਖ ਜਾਣੇ ਜਾਂਦੇ ਹਨ। ੨. ਦੋ ਤਰਫੀਏ ਪੁਰਸ਼ (ਕਦੀ ਰੱਬ ਵੱਲ ਤੇ ਕਦੀ ਮਾਇਆ ਵੱਲ ਰਹਿਣ ਵਾਲੇ) ਖੁਦੀ ਦੇ ਖੁਆਰ ਕੀਤੇ ਘਬਰਾਹਟ ਵਿਚ ਹੀ ਦੁੱਖੀ ਹੁੰਦੇ ਹਨ। ੩. (ਉਹਨਾਂ ਮਨੁੱਖਾਂ ਦੇ) ਦੋਹਾਂ ਲੋਕਾਂ (ਲੋਕ ਤੇ ਪਰਲੋਕ) ਵਿਚ ਮੂੰਹ ਪੀਲੇ ਰਹਿੰਦੇ ਹਨ। (ਭਾਵ ਸ਼ਰਮਿੰਦੇ ਹੁੰਦੇ ਹਨ,) ਕਿਉਂਕਿ ਦੋਹਾਂ ਰਸਤਿਆਂ ਵਿਚ ਚੋਰ ਠੱਗ ਆਦਿ ਦਗਾ ਦਿੰਦੇ ਹਨ। ੪. (ਉਹ ਮਨੁੱਖ) ਨਾ ਉਰਵਾਰ ਜੋਗੇ ਰਹਿੰਦੇ ਹਨ ਤੇ ਨਾ ਹੀ ਪਾਰ ਲੱਗਦੇ ਹਨ, ਉਹ

ਭਰਮ ਦਾ ਭਾਰ ਸਿਰ 'ਤੇ ਚੁੱਕ ਕੇ ਸੰਸਾਰ ਸਾਗਰ ਵਿਚ ਗੋਤੇ ਖਾਂਦੇ ਫਿਰਦੇ ਹਨ। ੫. ਹਿੰਦੂ ਜਾਂ ਮੁਸਲਮਾਨ ਕੋਈ ਹੋਵੇ, ਗੁਰਮੁਖਾਂ ਵਿਚ ਮਨਮੁਖ ਅੰਨ੍ਹੇਰੇ ਦਾ ਰੂਪ ਹੁੰਦੇ ਹਨ। ੬. ਮਨਮੁਖਾਂ ਦੇ ਸਿਰ 'ਤੇ ਜਨਮ ਮਰਨ ਦੀ ਸਦਾ ਮਾਰ ਪਈ ਰਹਿੰਦੀ ਹੈ॥ ੧॥

ਭਾਵ— ਗੁਰਮੁਖ ਜਨਮ ਮਰਨ ਤੋਂ ਮੁਕਤ ਹੋ ਜਾਂਦਾ ਹੈ ਤੇ ਮਨਮੁਖ ਇਸ ਚੱਕਰ ਵਿਚ ਪਿਆ ਸਦਾ ਦੁੱਖ ਭੋਗਦਾ ਹੈ।

੨. ਹਿੰਦੂ ਮੁਸਲਮਾਨ ਇਕੋ ਈਸ਼੍ਵਰ ਦੀ ਅੰਸ਼ ਹਨ

੧. ਦੁਹੁ ਮਿਲਿ ਜੰਮੇ ਦੁਇ ਜਣੇ ਦੁਹੁ ਜਣਿਆਂ ਦੁਇ ਰਾਹ ਚਲਾਏ।
੨. ਹਿੰਦੂ ਆਖਨਿ ਰਾਮ ਰਾਮੁ ਮੁਸਲਮਾਣਾਂ ਨਾਉ ਖੁਦਾਏ।
੩. ਹਿੰਦੂ ਪੂਰਬਿ ਸਉਹਿਆਂ ਪਛਮਿ ਮੁਸਲਮਾਣੁ ਨਿਵਾਏ।
੪. ਗੰਗ ਬਨਾਰਸਿ ਹਿੰਦੂਆਂ ਮਕਾ ਮੁਸਲਮਾਣੁ ਮਨਾਏ।
੫. ਵੇਦ ਕਤੇਬਾਂ ਚਾਰਿ ਚਾਰਿ ਚਾਰ ਵਰਨ ਚਾਰਿ ਮਜ਼ਹਬ ਚਲਾਏ।
੬. ਪੰਜ ਤਤ ਦੋਵੈ ਜਣੇ ਪਉਣੁ ਪਾਣੀ ਬੈਸੰਤਰੁ ਛਾਏ।
੭. ਇਕ ਥਾਉਂ ਦੁਇ ਨਾਉਂ ਧਰਾਏ॥ ੨॥

ਪਦ ਅਰਥ - ਦੁਹੁ ਮਿਲਿ=ਮਾਇਆ ਤੇ ਈਸ਼੍ਵਰ। ਦੁਇ ਜਣੇ=ਹਿੰਦੂ ਤੇ ਮੁਸਲਮਾਨ। ਸਉਹਿਆਂ=ਸਾਹਮਣੇ (ਭਾਵ ਪੂਰਬ)।

ਅਰਥ - ੧. ਦੋਹਾਂ (ਮਾਇਆ ਤੇ ਈਸ਼੍ਵਰ) ਨੇ ਮਿਲ ਕੇ ਦੋਹਾਂ (ਹਿੰਦੂਆਂ ਤੇ ਮੁਸਲਮਾਨਾਂ) ਨੂੰ ਉਤਪੰਨ ਕੀਤਾ। ਇਹਨਾਂ ਦੋਹਾਂ ਦੇ ਦੋ ਰਸਤੇ ਤੋਰ ਦਿੱਤੇ। ੨. ਹਿੰਦੂ ਰਾਮ ਰਾਮ ਆਖਦੇ ਹਨ ਤੇ ਮੁਸਲਮਾਨ ਖੁਦਾ ਦਾ ਨਾਮ ਜਪਦੇ ਹਨ। ੩. ਹਿੰਦੂ ਪੂਰਬ ਵੱਲ ਮੂੰਹ ਕਰਕੇ ਪੂਜਾ ਕਰਦੇ ਹਨ ਤੇ ਮੁਸਲਮਾਨ ਪੱਛਮ ਵੱਲ ਖੁਦਾ ਦਾ ਘਰ ਜਾਣ ਕੇ ਸਿਰ ਨਿਵਾਉਂਦੇ ਹਨ। ੪. ਹਿੰਦੂ ਗੰਗਾ ਤੇ ਬਨਾਰਸ ਆਦਿ ਤੀਰਥਾਂ ਨੂੰ ਪਵਿੱਤ੍ਰ ਮੰਨਦੇ ਹਨ ਤੇ ਮੁਸਲਮਾਨ ਮੱਕੇ ਨੂੰ (ਪਵਿੱਤ੍ਰ ਜਾਣ ਕੇ) ਪੂਜਦੇ ਹਨ। ੫. ਹਿੰਦੂਆਂ ਦੇ ਚਾਰ ਵੇਦ ਹਨ, ਮੁਸਲਮਾਨਾਂ ਦੀਆਂ ਚਾਰ ਕਤੇਬਾਂ ਹਨ। ਹਿੰਦੂਆਂ ਨੇ ਚਾਰ ਵਰਣਾਂ ਦੀ ਵੰਡ ਕੀਤੀ ਹੈ ਤੇ ਮੁਸਲਮਾਨਾਂ ਨੇ ਚਾਰ ਮਜ਼ਹਬ ਚਲਾਏ ਹਨ। ੬. (ਪਰ ਅਸਲੀਅਤ ਇਹ ਹੈ ਕਿ) ਦੋਵੇਂ ਜਣੇ (ਹਿੰਦੂ ਤੇ ਮੁਸਲਮਾਨ) ਪੰਜ ਤੱਤਾਂ (ਪੌਣ, ਪਾਣੀ, ਅਗਨੀ, ਆਕਾਸ਼ ਤੇ ਧਰਤੀ) ਦੇ ਮੇਲ ਤੋਂ ਬਣੇ ਹਨ। ੭. ਇਹਨਾਂ ਦੋਹਾਂ ਦੀ ਉਤਪੱਤੀ ਦੀ ਥਾਂ ਇਕੋ (ਈਸ਼੍ਵਰ) ਹੈ, ਪਰ ਇਹਨਾਂ ਨੇ ਨਾਂ ਦੋ ਧਰਾ ਲਏ ਹਨ॥ ੨॥

ਭਾਵ—ਦੂਈ ਦ੍ਵੈਤ ਵਿਚ ਪੈ ਕੇ ਇਕੋ ਈਸ਼੍ਵਰ ਦੀ ਅੰਸ਼ ਤੋਂ ਪੈਦਾ ਹੋਏ। ਹਿੰਦੂ ਤੇ ਮੁਸਲਮਾਨ ਅੱਡੋ ਅੱਡ ਰਸਤਿਆਂ 'ਤੇ ਚਲ ਰਹੇ ਹਨ।

੩. ਗੁਰਮੁਖ ਸੱਚੇ ਪ੍ਰਭੂ ਨੂੰ ਜਾ ਮਿਲਦੇ ਹਨ

੧. ਦੇਖਿ ਦੁਭਿਤੀ ਆਰਸੀ ਮਜਲਸ ਹਥੋ ਹਥੀ ਨਚੈ।
੨. ਦੂਖੋ ਦੂਖੁ ਦੁਬਾਜਰੀ ਘਰਿ ਘਰਿ ਫਿਰੈ ਪਰਾਈ ਖਚੈ।
੩. ਅਗੈ ਹੋਇ ਸੁਹਾਵਣੀ ਮੁਹਿ ਡਿਠੈ ਮਾਣਸ ਚਹਮਚੈ।
੪. ਪਿਛਹੁ ਦੇਖਿ ਡਰਾਵਣੀ ਇਕੋ ਮੁਹੁ ਦੁਹੁ ਜਿਨਸਿ ਵਿਰਚੈ।
੫. ਖੇਹਿ ਪਾਇ ਮੁਹੁ ਮਾਂਜੀਐ ਫਿਰਿ ਫਿਰਿ ਮੈਲੁ ਭਰੈ ਰੰਗਿ ਕਚੈ।
੬. ਧਰਮਰਾਇ ਜਮੁ ਇਕੁ ਹੈ ਧਰਮੁ ਅਧਰਮੁ ਨ ਭਰਮੁ ਪਰਚੈ।
੭. ਗੁਰਮੁਖਿ ਜਾਇ ਮਿਲੈ ਸਚੁ ਸਚੈ॥ ੩ ॥

ਪਦ ਅਰਥ - ਦੁਭਿਤੀ=ਦੋ ਪਾਸਿਆਂ ਵਾਲੀ। ਖਚੈ=ਖਰਾਬ। ਚਹਮਚੈ=ਪ੍ਰਸੰਨ। ਵਿਰਚੈ=ਧਾਰਦਾ ਹੈ। ਕਚੈ=ਝੂਠਾ ਪ੍ਰੇਮ।

ਅਰਥ - ੧. ਦੋ ਸ਼ਕਲਾਂ ਵਾਲਾ ਸ਼ੀਸ਼ਾ ਮਜਲਸ (ਸਭਾ) ਵਿਚ ਹੱਥੋ ਹੱਥ ਨੱਚਦਾ ਹੈ (ਭਾਵ ਕਈ ਹੱਥਾਂ ਵਿਚ ਜਾਂਦਾ ਹੈ)। ੨. ਦੁਤਰਫੀ ਸ਼ੀਸ਼ੇ ਨੂੰ ਦੁੱਖ ਹੁੰਦਾ ਹੈ ਤੇ ਪਰਾਏ ਘਰ ਵਿਚ ਖਰਾਬ ਹੁੰਦਾ ਫਿਰਦਾ ਹੈ। ੩. ਅੱਗੋਂ ਦੇਖਿਆਂ ਉਹ ਸੋਹਣਾ ਲੱਗਦਾ ਹੈ, ਜਿਸ ਵਿਚੋਂ ਮੂੰਹ ਵੇਖ ਕੇ ਲੋਕ ਪ੍ਰਸੰਨ ਹੁੰਦੇ ਹਨ। ੪. ਪਿੱਛਲੇ ਪਾਸਿਓਂ ਵੇਖਿਆਂ ਡਰਾਉਣਾ ਦਿਸਦਾ ਹੈ, ਮੂੰਹ ਇਕੋ ਹੈ, ਪਰ ਸ਼ਕਲਾਂ ਦੋ ਧਾਰਨ ਕਰਦਾ ਹੈ। ੫. ਸ਼ੀਸ਼ੇ ਦੇ ਮੂੰਹ 'ਤੇ ਸੁਆਹ ਪਾ ਕੇ ਉਸ ਨੂੰ ਮਾਂਜਿਆ ਜਾਂਦਾ ਹੈ, ਪਰ ਉਹ ਕੱਚੇ ਰੰਗ ਵਾਲਾ ਫਿਰ ਮੈਲਾ ਹੋ ਜਾਂਦਾ ਹੈ। ੬. ਧਰਮਰਾਜ ਤੇ ਜਮ ਇਕੋ ਹੈ, ਉਹ ਧਰਮ ਕਰਦਾ ਹੈ ਤੇ ਅਧਰਮ ਦੇ ਭਰਮ ਵਿਚ ਨਹੀਂ ਪਰਚਦਾ (ਭਾਵ ਵਿਚਾਰਕੇ ਠੀਕ ਫਲ ਦਿੰਦਾ ਹੈ)। ੭. ਗੁਰਮੁਖ, ਜੋ ਸੱਚ ਵਿਚ ਰੱਤੇ ਰਹਿੰਦੇ ਹਨ, ਸੱਚੇ ਪ੍ਰਭੂ ਨੂੰ ਜਾ ਮਿਲਦੇ ਹਨ, (ਦੁਬਾਜਰਿਆਂ ਵਾਂਗੂ ਜੂਨਾਂ ਵਿਚ ਨਹੀਂ ਭਟਕਦੇ॥ ੩ ॥

੪. ਗੁਰਸਿੱਖੀ ਵਿੱਛੁੜਿਆਂ ਨੂੰ ਮੇਲਦੀ ਹੈ

੧. ਵੁਣੈ ਜੁਲਾਹਾ ਤੰਦੁ ਗੰਢਿ ਇਕੁ ਸੂਤੁ ਕਰਿ ਤਾਣਾ ਵਾਣਾ।
੨. ਦਰਜੀ ਪਾੜਿ ਵਿਗਾੜਦਾ ਪਾਟਾ ਮੁਲ ਨ ਲਹੈ ਵਿਕਾਣਾ।
੩. ਕਤਰਣਿ ਕਤਰੈ ਕਤਰਣੀ ਹੋਇ ਦੁਮੂਹੀ ਚੜ੍ਹਦੀ ਸਾਣਾ।
੪. ਸੂਈ ਸੀਵੈ ਜੋੜਿ ਕੈ ਵਿਛੁੜਿਆਂ ਕਰਿ ਮੇਲਿ ਮਿਲਾਣਾ।
੫. ਸਾਹਿਬੁ ਇਕੋ ਰਾਹਿ ਦੁਇ ਜਗ ਵਿਚਿ ਹਿੰਦੂ ਮੁਸਲਮਾਣਾ।

੬. ਗੁਰਸਿਖੀ ਪਰਧਾਨੁ ਹੈ ਪੀਰ ਮੁਰੀਦੀ ਹੈ ਪਰਵਾਣਾ।
੭. ਦੂਖੀ ਦੁਬਾਜਰਿਆਂ ਹੈਰਾਣਾ ॥ ੪ ॥

ਪਦ ਅਰਥ - ਵੁਣੈ=ਉਣਦਾ। ਤਾਣਾ ਵਾਣਾ=ਤਾਣਾ ਪੇਟਾ। ਕਤਰਣਿ=ਕਾਤਰਾਂ। ਕਤਰਣੀ=ਕੈਂਚੀ।

ਅਰਥ - ੧. ਜੁਲਾਹਾ ਤੰਦ ਤੰਦ ਗੰਢ ਕੇ ਤਾਣੇ ਪੇਟੇ ਦਾ ਸੂਤ ਇਕੋ ਜਿਹਾ ਕਰਕੇ ਤਾਣੀ (ਕੱਪੜਾ) ਉਣਦਾ ਹੈ। ੨. ਦਰਜੀ ਕੱਪੜੇ ਨੂੰ ਪਾੜ ਕੇ ਖਰਾਬ ਕਰ ਦਿੰਦਾ ਹੈ, ਉਹ ਪਾਟਾ ਹੋਇਆ ਕਪੜਾ ਫਿਰ ਕਿਸੇ ਮੁੱਲ ਤੋਂ ਨਹੀਂ ਵਿਕਦਾ। ੩. ਕੈਂਚੀ ਕੱਪੜੇ ਨੂੰ ਕਾਤਰਾਂ ਕਾਤਰਾਂ ਕਰ ਦਿੰਦੀ ਹੈ ਕੈਂਚੀ ਦੋ ਮੂੰਹੀ ਹੋਣ ਕਰਕੇ ਸਾਣ 'ਤੇ ਚੜ੍ਹਦੀ ਹੈ। ੪. ਸੂਈ ਕੱਪੜੇ ਨੂੰ ਜੋੜ ਕੇ ਸੀਊਂ ਦਿੰਦੀ ਹੈ ਤੇ ਵਿਛੁੜਿਆਂ ਦਾ ਮੇਲ ਕਰ ਦਿੰਦੀ ਹੈ। ੫. ਸਾਹਿਬ (ਪਰਮਾਤਮਾ) ਇਕੋ ਹੈ, ਪਰ ਅੱਗੋਂ ਲੋਕਾਂ ਨੇ ਹਿੰਦੂ ਤੇ ਮੁਸਲਮਾਨਾਂ ਦੇ ਦੋ ਰਾਹ ਚਲਾ ਲਏ ਹਨ। ੬. ਗੁਰਸਿੱਖੀ (ਸੂਈ ਵਾਂਗੂੰ) ਪ੍ਰਧਾਨ (ਸ਼੍ਰੋਮਣੀ) ਹੈ, ਜੋ ਵਿਛੁੜਿਆਂ ਨੂੰ ਆਪੋ ਵਿਚ ਮੇਲਦੀ ਹੈ। ਪੀਰ ਦੀ ਮੁਰੀਦੀ ਕਰਨੀ ਹੀ ਪ੍ਰਵਾਨ ਹੁੰਦੀ ਹੈ। ੭. ਦੁਬਾਜਰੇ ਪੁਰਸ਼ (ਕੈਂਚੀ ਵਾਂਗੂੰ) ਦੁਖੀ ਤੇ ਹੈਰਾਨ ਹੋਏ ਰਹਿੰਦੇ ਹਨ (ਉਹਨਾਂ ਦਾ ਪ੍ਰਭੂ ਨਾਲ ਮੇਲ ਨਹੀਂ ਹੁੰਦਾ)॥ ੪॥

੫. ਇਹ ਸੰਸਾਰ ਬ੍ਰਿਛ ਦੀ ਛਾਂ ਵਾਂਗੂੰ ਹੈ

੧. ਜਿਉ ਚਰਖਾ ਅਠਖੰਭੀਆ ਦੁਹਿ ਲਠੀ ਦੇ ਮੰਝਿ ਮੰਝੇਰੂ।
੨. ਦੁਇ ਸਿਰਿ ਧਰਿ ਦੁਹੁ ਖੁੰਢ ਵਿਚਿ ਸਿਰ ਗਿਰਦਾਨ ਫਿਰੈ ਲਖਫੇਰੂ।
੩. ਬਾਇੜੁ ਪਾਇ ਪਲੇਟੀਐ ਮਾਲ੍ਹ ਵਟਾਇ ਪਾਇਆ ਘਟਘੇਰੂ।
੪. ਦੁਹੁ ਚਰਮਖ ਵਿਚਿ ਤ੍ਰਕੁਲਾ ਕਤਨਿ ਕੁੜੀਆਂ ਚਿੜੀਆਂ ਹੇਰੂ।
੫. ਤ੍ਰਿੰਞਣਿ ਬਹਿ ਉਠ ਜਾਂਦੀਆਂ ਜਿਉ ਬਿਰਖਹੁ ਉਡਿ ਜਾਨਿ ਪੰਖੇਰੂ।
੬. ਓੜਿ ਨਿਬਾਹੂ ਨਾ ਥੀਐ ਕਚਾ ਰੰਗੁ ਰੰਗਾਇਆ ਗੇਰੂ।
੭. ਘੁੰਮਿ ਘੁਮੰਦੀ ਛਾਉ ਘੁਵੇਰੂ ॥ ੫ ॥

ਪਦ ਅਰਥ - ਅਠਖੰਭੀਆ=ਅੱਠ ਫੱਟੀਆਂ ਵਾਲਾ। ਮੰਝੇਰੂ=ਚੱਕ। ਬਾਇੜੁ=ਰੱਸੀ। ਘਟਘੇਰੂ=ਘੇਰਾ। ਚਰਮਖ=ਚੰਮੜੀਆਂ। ਘੁਵੇਰੂ=ਘੁੰਮਣ ਵਾਲਾ।

ਅਰਥ - ੧. ਜਿਵੇਂ ਚਰਖਾ ਅੱਠਾਂ ਫੱਟੀਆਂ ਵਾਲਾ ਹੁੰਦਾ ਹੈ ਤੇ ਉਸ ਦਾ ਚੱਕਾ ਦੋਹਾਂ ਮੁੰਨਿਆਂ ਵਿਚ ਹੁੰਦਾ ਹੈ। ੨. ਜਿਸ ਦੀ ਲੱਠ ਦੇ ਦੋਵੇਂ ਸਿਰੇ ਦੋਹਾਂ ਮੁੰਨਿਆਂ ਦੇ ਛੇਕਾਂ ਵਿਚ ਰੱਖੇ ਜਾਂਦੇ ਹਨ ਤੇ ਉਹ ਸਿਰ ਪਰਣੇ ਹੋ ਕੇ ਲੱਖਾਂ ਫੇਰੇ ਦਿੰਦਾ ਹੈ। ੩. ਉਸ ਨੂੰ ਬਾਇੜ ਪਾ ਕੇ ਲਪੇਟੀਦਾ ਹੈ ਤੇ ਧਾਗੇ ਦੀ ਮਾਹਲ ਵੱਟ ਕੇ ਘੇਰਾ ਪਾਈਦਾ ਹੈ। ੪. ਦੋ ਚਮੜੀਆਂ ਵਿਚ ਤਕਲਾ ਹੁੰਦਾ ਹੈ, ਕੁੜੀਆਂ ਚਿੜੀਆਂ ਚਰਖਾ ਕਤਦੀਆਂ ਵੇਖੀਆਂ ਜਾਂਦੀਆਂ ਹਨ। ੫. ਤ੍ਰਿੰਞਣਾਂ ਵਿਚ ਬਹਿ ਕੇ ਕੁੜੀਆਂ ਚਰਖਾ ਕਤਦੀਆਂ ਹਨ, ਫਿਰ (ਪੂਣੀਆਂ ਖਤਮ ਹੋ ਜਾਣ 'ਤੇ) ਉਹ ਇਉਂ ਉੱਠ ਕੇ ਚਲੀਆਂ ਜਾਂਦੀਆਂ ਹਨ, ਜਿਵੇਂ ਬ੍ਰਿਛ ਤੋਂ ਪੰਛੀ ਉੱਡ

ਜਾਂਦੇ ਹਨ। ੬. ਅਖੀਰ ਤਕ ਨਿਭਣ ਵਾਲਾ ਕੋਈ ਨਹੀਂ ਹੁੰਦਾ, ਜਿਵੇਂ ਗੇਰੀ ਦਾ ਰੰਗ ਕੱਚਾ ਹੁੰਦਾ ਹੈ, ਇਸੇ ਤਰ੍ਹਾਂ ਜਗਤ ਦਾ ਪ੍ਰੇਮ ਕੱਚਾ ਹੁੰਦਾ ਹੈ। ੭. ਬ੍ਰਿਛ ਦੀ ਫਿਰਦੀ ਛਾਂ ਵਾਂਗੂੰ ਇਹ ਸੰਸਾਰ ਵੀ ਘੁੰਮਣ ਵਾਲਾ ਹੈ॥ ੫॥

੬. ਮਨਮੁਖ ਦੁਬਿਧਾ ਕਰਕੇ ਦੁਖ ਪਾਉਂਦੇ ਹਨ

੧. ਸਾਹੁਰੁ ਪੀਹਰੁ ਪਲਰੈ ਹੋਇ ਨਿਲਜ ਨਲਜਾ ਧੋਵੈ।
੨. ਰਾਵੈ ਜਾਰੁ ਭਤਾਰੁ ਤਜਿ ਖਿੰਜੋਤਾਣਿ ਖੁਸੀ ਕਿਉ ਹੋਵੈ।
੩. ਸਮਝਾਈ ਨਾ ਸਮਝਈ ਮਰਣੇ ਪਰਣੇ ਲੋਕੁ ਵਿਗੋਵੈ।
੪. ਧਿਰਿ ਧਿਰਿ ਮਿਲਦੇ ਮੇਹਣੇ ਹੁਇ ਸਰਮਿੰਦੀ ਅੰਝੂ ਰੋਵੈ।
੫. ਪਾਪ ਕਮਾਣੇ ਪਕੜੀਐ ਹਾਣਿ ਕਾਣਿ ਦੀਬਾਣਿ ਖੜੋਵੈ।
੬. ਮਰੈ ਨ ਜੀਵੈ ਦੁਖ ਸਹੈ ਰਹੈ ਨ ਘਰਿ ਵਿਚਿ ਪਰ ਘਰ ਜੋਵੈ।
੭. ਦੁਬਿਧਾ ਅਉਗੁਣ ਹਾਰੁ ਪਰੋਵੈ॥ ੬॥

ਪਦ ਅਰਥ - ਸਾਹੁਰੁ ਪੀਹਰੁ=ਸਹੁਰਾ ਪੇਕਾ। ਪਲਰੈ=ਛੱਡ ਦੇਂਦੀ ਹੈ। ਖਿੰਜੋਤਾਣਿ=ਦੁਚਿੱਤੀ। ਧਿਰਿ ਧਿਰਿ=ਥਾਂ ਥਾਂ ਤੋਂ।

ਅਰਥ - ੧. (ਵਿਭਚਾਰਣ ਇਸਤ੍ਰੀ) ਸਹੁਰਿਆਂ ਤੇ ਪੇਕਿਆਂ ਨੂੰ ਛੱਡ ਦੇਂਦੀ ਹੈ ਤੇ ਬੇਸ਼ਰਮ ਹੋ ਕੇ ਸ਼ਰਮ ਨੂੰ ਧੋ ਪੀਂਦੀ ਹੈ। ੨. (ਉਹ ਇਸਤ੍ਰੀ) ਆਪਣੇ ਪਤੀ ਨੂੰ ਛੱਡਕੇ ਯਾਰਾਂ ਨਾਲ ਰੰਗ ਰਲੀਆਂ ਮਾਣਦੀ ਹੈ, ਇਸ ਦੁਚਿੱਤੀ ਵਿਚ ਉਸ ਨੂੰ ਖੁਸ਼ੀ ਕਿਸ ਤਰ੍ਹਾਂ ਹੋ ਸਕਦੀ ਹੈ। (ਭਾਵ ਉਸ ਨੂੰ ਖੁਸ਼ੀ ਨਹੀਂ ਮਿਲਦੀ)। ੩. ਉਹ ਕਿਸੇ ਦੇ ਸਮਝਾਉਣ ਨਾਲ ਸਮਝਦੀ ਵੀ ਨਹੀਂ, ਮਰਣੇ ਪਰਣੇ ਵਿਚ ਜਾ ਕੇ ਲੋਕਾਂ ਨੂੰ ਵਿਗਾੜ ਲੈਂਦੀ ਹੈ। (ਭਾਵ ਉਹ ਕਿਸੇ ਇਕੱਠ ਵਿਚ ਸ਼ਾਮਲ ਨਹੀਂ ਹੋ ਸਕਦੀ)। ੪. ਥਾਂ ਥਾਂ ਤੋਂ ਉਸ ਨੂੰ ਮਿਹਣੇ ਮਿਲਦੇ ਹਨ ਤੇ ਉਹ ਸ਼ਰਮਿੰਦੀ ਹੋ ਕੇ ਰੋਂਦੀ ਹੈ ਤੇ ਹੰਝੂ ਵਗਾਉਂਦੀ ਹੈ। ੫. ਪਾਪ ਕਰਨ ਕਰਕੇ ਜਦੋਂ ਉਹ ਫੜੀ ਜਾਂਦੀ ਹੈ ਤਾਂ ਸ਼ਰਮ ਦੀ ਹਾਨੀ ਕਰਕੇ ਉਹ ਕਚਹਿਰੀ ਵਿਚ ਖੜੋਂਦੀ ਹੈ। ੬. ਫਿਰ ਨਾ ਉਹ ਮਰਦੀ ਹੈ ਤੇ ਨਾ ਉਹ ਜੀਉਂਦੀ ਹੈ, ਉਹ ਦੁੱਖ ਸਹਿੰਦੀ ਹੈ ਤੇ ਪਰਾਏ ਘਰਾਂ ਦਾ (ਆਸਰਾ) ਤੱਕਦੀ ਹੈ। ੭. ਉਹ ਦੁਬਿਧਾ ਵਿਚ ਰਹਿ ਕੇ ਔਗੁਣਾਂ ਦਾ ਹਾਰ ਹੀ ਪਰੋਂਦੀ ਹੈ॥ ੬॥

ਭਾਵ—ਦੁਬਿਧਾ (ਦ੍ਵੈਤ ਭਾਵ) ਵਿਚ ਰਹਿ ਕੇ ਮਨਮੁਖ ਦੁੱਖ ਪਾਉਂਦੇ ਹਨ।

੭. ਦੁਬਿਧਾ ਵਿਚ ਦੁੱਖ ਹੀ ਦੁੱਖ ਹੈ

੧. ਜਿਉ ਬੇਸੀਵੈ ਥੇਹੁ ਕਰਿ ਪਛੋਤਾਵੈ ਸੁਖਿ ਨ ਵਸੈ।
੨. ਚੜਿ ਚੜਿ ਲੜਦੇ ਭੂਮੀਏ ਧਾੜਾ ਪੇੜਾ ਖਸਟ ਖਸੈ।

੩. ਦੂਹ ਨਾਰੀ ਦਾ ਦੂਲਹਾ ਦੁਹੁ ਮੁਣਸਾ ਦੀ ਨਾਰਿ ਵਿਣਸੈ।
੪. ਹੁਇ ਉਜਾੜਾ ਖੇਤੀਐ ਦੁਹਿ ਹਾਕਮ ਦੁਇ ਹੁਕਮੁ ਖੁਣਸੈ।
੫. ਦੁਖ ਦੁਇ ਚਿੰਤਾ ਰਾਤਿ ਦਿਹੁ ਘਰੁ ਛਿਜੈ ਵੈਰਾਇਣੁ ਹਸੈ।
੬. ਦੁਹੁ ਖੁੰਢਾਂ ਵਿਚਿ ਰਖਿ ਸਿਰੁ ਵਸਦੀ ਵਸੈ ਨ ਨਸਦੀ ਨਸੈ।
੭. ਦੂਜਾ ਭਾਉ ਭੁਇਅੰਗਮੁ ਡਸੈ॥ ੭॥

ਪਦ ਅਰਥ - ਬੇਸੀਵੇ=ਦੂਸਰੇ ਦੀ ਹੱਦ। ਭੂਮੀਏ=ਜ਼ਿਮੀਂਦਾਰ। ਧਾੜਾ=ਲੁੱਟ ਮਾਰ। ਦੂਲਹਾ=ਲਾੜਾ (ਪਤੀ)। ਖੁਣਸੈ=ਖੋਹਣਾ। ਵੈਰਾਇਣੁ=ਵੈਰੀ। ਭੁਇਅੰਗਮੁ=ਸੱਪ।

ਅਰਥ - ੧. ਜਿਵੇਂ ਕੋਈ ਦੂਜੇ ਦੀ ਹੱਦ ਵਿਚ ਪਿੰਡ ਵਸਾਵੇ ਤਾਂ ਉਹ ਪਛਤਾਉਂਦਾ ਹੈ ਤੇ ਦੁਖੀ ਹੁੰਦਾ ਹੈ। ੨. (ਕਿਉਂਕਿ) ਜ਼ਿਮੀਂਦਾਰ ਚੜ੍ਹਾਈਆਂ ਕਰਕੇ ਲੁੱਟ ਮਾਰ ਕਰਦੇ ਤੇ ਖੋਹਾ ਖੋਹੀ ਕਰਦੇ ਹਨ। ੩. (ਜਿਵੇਂ) ਦੁਹਾਂ ਇਸਤ੍ਰੀਆਂ ਦਾ ਪਤੀ ਦੁਖੀ ਹੁੰਦਾ ਹੈ ਤੇ ਦੋ ਮਨੁੱਖਾਂ ਦੀ ਇਸਤ੍ਰੀ ਨਾਸ ਹੁੰਦੀ ਹੈ। ੪. (ਜਿਵੇਂ) ਦੋ ਹਾਕਮਾਂ ਦੇ ਹੁਕਮ ਨਾਲ ਖੇਤੀਆਂ ਦਾ ਉਜਾੜਾ ਹੁੰਦਾ ਹੈ। ੫. ਦ੍ਵੈਤ ਵਿਚ ਦਿਨੇ ਰਾਤ ਦੁੱਖ ਹੁੰਦਾ ਹੈ ਤੇ ਚਿੰਤਾ ਹੁੰਦੀ ਹੈ, ਘਰ ਦਾ ਨਾਸ ਹੁੰਦਾ ਹੈ ਤੇ ਵੈਰੀ ਵੇਖ ਕੇ ਹੱਸਦੇ ਹਨ। ੬. ਦੋ ਖੁੰਢਾਂ (ਭਾਵ ਦੋ ਪਤੀਆਂ ਵਿਚ) ਰਹਿਣ ਵਾਲੀ ਇਸਤ੍ਰੀ ਨਾ ਸੁਆਦ ਨਾਲ ਵਸਦੀ ਹੈ ਤੇ ਨਾ ਹੀ ਨੱਸ ਸਕਦੀ ਹੈ। ੭. (ਇਸੇ ਤਰ੍ਹਾਂ) ਦੂਜਾ ਭਾਵ (ਦੁਬਿਧਾ) ਸੱਪ ਵਾਂਗੂੰ ਡੰਗ ਮਾਰਦਾ ਹੈ॥ ੭॥

੮. ਮਨਮੁਖ ਦੋ ਮੂੰਹੇ ਸੱਪ ਵਰਗਾ ਹੁੰਦਾ ਹੈ

੧. ਦੁਖੀਆ ਦੁਸਟੁ ਦੁਬਾਜਰਾ ਸਪੁ ਦੁਮੂਹਾ ਬੁਰਾ ਬੁਰਿਆਈ।
੨. ਸਭ ਦੂੰ ਮੰਦੀ ਸਪ ਜੋਨਿ ਸਪਾਂ ਵਿਚਿ ਕੁਜਾਤਿ ਕੁਭਾਈ।
੩. ਕੋੜੀ ਹੋਆ ਗੋਪਿ ਗੁਰ ਨਿਗੁਰੇ ਤੰਤੁ ਨ ਮੰਤੁ ਸੁਖਾਈ।
੪. ਕੋੜੀ ਹੋਵੈ ਲੜੈ ਜਿਸ ਵਿਗੜ ਰੂਪਿ ਹੋਇ ਮਰਿ ਸਹਮਾਈ।
੫. ਗੁਰਮੁਖਿ ਮਨਮੁਖਿ ਬਾਹਰਾ ਲਾਤੋ ਲਾਵਾ ਲਾਇ ਬੁਝਾਈ।
੬. ਤਿਸੁ ਵਿਹੁ ਵਾਤਿ ਕੁਲਾਤਿ ਮਨਿ ਅੰਦਰਿ ਗਣਤੀ ਤਾਤਿ ਪਰਾਈ।
੭. ਸਿਰ ਚਿਥੈ ਵਿਹੁ ਬਾਣਿ ਨ ਜਾਈ॥ ੮॥

ਪਦ ਅਰਥ - ਕੁਭਾਈ=ਖੋਟੀ। ਗੋਪਿ=ਲੁਕਾ ਕੇ। ਸਹਮਾਈ=ਦੁਖੀ ਹੋ ਕੇ। ਕੁਲਾਤਿ=ਕਲਪਣਾ। ਤਾਤਿ=ਈਰਖਾ।

ਅਰਥ - ੧. ਦੁੱਖ ਦੇਣ ਵਾਲਾ ਦੁਸ਼ਟ ਤੇ ਦੁਬਾਜਰਾ ਪੁਰਸ਼ ਬੁਰਿਆਈ ਕਰਨ ਵਿਚ ਦੋ ਮੂੰਹੇ ਸੱਪ ਵਰਗਾ ਹੈ। ੨. ਸਭ ਤੋਂ ਮੰਦੀ ਸੱਪ ਦੀ ਜੋਨ ਹੈ, ਪਰ ਸੱਪਾਂ ਵਿਚੋਂ ਵੀ ਦੋ ਮੂੰਹਾ ਸੱਪ ਖੋਟੀ ਜਾਤ

ਦਾ ਹੁੰਦਾ ਹੈ। ੩. ਗੁਰੂ ਨੂੰ ਲੁਕਾ ਕੇ ਕੋਹੜਾ ਹੁੰਦਾ ਹੈ ਤੇ ਇਹ ਨਿਗੁਰਾ ਕਿਸੇ ਤੰਤ੍ਰ ਮੰਤ੍ਰ ਨੂੰ ਨਹੀਂ ਮੰਨਦਾ। ੪. ਜਿਸ ਨੂੰ ਇਹ ਲੜਦਾ ਹੈ, ਉਹ ਕੋਹੜੀ ਹੋ ਜਾਂਦਾ ਹੈ ਤੇ ਉਸ ਦਾ ਰੰਗ ਰੂਪ ਵਿਗੜ ਜਾਂਦਾ ਹੈ ਤੇ ਉਹ ਇਸੇ ਸਹਿਮ ਵਿਚ ਮਰ ਜਾਂਦਾ ਹੈ। ੫. (ਇਸੇ ਤਰ੍ਹਾਂ) ਮਨਮੁਖ ਗੁਰਮੁਖਾਂ ਦੀ ਸੰਗਤ ਤੋਂ ਦੂਰ ਰਹਿੰਦਾ ਹੈ ਤੇ ਚੁਆਤੀਆਂ ਲਾਉਂਦਾ ਹੈ। ਗੁਰਮੁਖ ਲੱਗੀਆਂ (ਚੁਆਤੀਆਂ) ਨੂੰ ਬੁਝਾਉਂਦਾ ਹੈ। ੬. (ਮਨਮੁਖ ਦੇ) ਮੂੰਹ ਵਿਚ ਨਿੰਦਾ ਦੀ ਜ਼ਹਿਰ ਰਹਿੰਦੀ ਹੈ ਤੇ ਉਸ ਦੇ ਮਨ ਅੰਦਰ ਕਲਪਣਾ ਤੇ ਪਰਾਈ ਈਰਖਾ ਵਸਦੀ ਹੈ। ੭. (ਮਨਮੁਖ ਦੀ) ਖੋਟੀ ਆਦਤ ਸਿਰ ਚਿੱਥੇ ਬਗੈਰ ਨਹੀਂ ਜਾਂਦੀ॥ ੮॥

੯. ਮਨਮੁਖ ਖੋਟੇ ਰੁਪਏ ਵਰਗਾ ਹੁੰਦਾ ਹੈ

੧. ਜਿਉ ਬਹੁ ਮਿਤੀ ਵੇਸੁਆ ਛਡੈ ਖਸਮੁ ਨਿਖਸਮੀ ਹੋਈ।
੨. ਪੁਤੁ ਜਣੇ ਜੇ ਵੇਸੁਆ ਨਾਨਕ ਦਾਦਕਿ ਨਾਉਂ ਨ ਕੋਈ।
੩. ਨਕਿ ਸਵਾਰਿ ਸੀਗਾਰਿਆ ਰਾਗ ਰੰਗ ਛਲਿ ਛਲੈ ਛਲੋਈ।
੪. ਘੰਡਾਹੇੜੁ ਅਹੇੜੀਆਂ ਮਾਣਸ ਮਿਰਗ ਵਿਣਾਹੁ ਸਥੋਈ।
੫. ਏਥੈ ਮਰੈ ਹਰਾਮ ਹੋਇ ਅਗੈ ਦਰਗਹ ਮਿਲੈ ਨ ਢੋਈ।
੬. ਦੁਖੀਆ ਦੁਸਟੁ ਦੁਬਾਜਰਾ ਜਾਣ ਰੁਪਈਆ ਮੇਖੀ ਸੋਈ।
੭. ਵਿਗੜੈ ਆਪਿ ਵਿਗਾੜੈ ਲੋਈ॥ ੯॥

ਪਦ ਅਰਥ - ਬਹੁ ਮਿਤੀ=ਬਹੁਤੇ ਯਾਰਾਂ ਵਾਲੀ। ਛਲੋਈ=ਛਲਣ ਵਾਲੀ। ਅਹੇੜੀਆਂ=ਸ਼ਿਕਾਰੀਆਂ। ਸਥੋਈ=ਸਾਥੀ।

ਅਰਥ - ੧. ਜਿਵੇਂ ਬਹੁਤੇ ਯਾਰਾਂ ਵਾਲੀ ਵੇਸਵਾ ਆਪਣੇ ਖਸਮ ਨੂੰ ਛੱਡ ਕੇ ਨਿਖਸਮੀ ਹੋ ਜਾਂਦੀ ਹੈ। ੨. (ਉਹ) ਵੇਸਵਾ ਜੇ ਪੁੱਤਰ ਜੰਮਦੀ ਹੈ ਤਾਂ ਉਹਦੇ ਨਾਨਕੇ ਦਾਦਕੇ ਦਾ ਕੋਈ ਨਾਂ ਨਹੀਂ ਹੁੰਦਾ। ੩. (ਉਹ ਵੇਸਵਾ) ਨੱਕ ਨੂੰ (ਨੱਥ ਤੇ ਲੌਂਗ ਪਾ ਕੇ) ਸਵਾਰਦੀ ਤੇ ਸ਼ਿੰਗਾਰਦੀ ਹੈ ਤੇ ਆਪਣੇ ਰਾਗ ਰੰਗਾਂ ਦੇ ਛਲਾਂ ਨਾਲ ਛਲਣੀ ਹੋ ਕੇ ਛਲਦੀ ਹੈ। ੪. ਸ਼ਿਕਾਰੀਆਂ ਦੇ ਘੰਡੇਹੇੜੇ ਵਾਂਗੂੰ ਰਾਗ ਗਾ ਕੇ ਉਹ ਮਨਮੁਖ ਰੂਪੀ ਮਿਰਗਾਂ ਨੂੰ (ਜਿਹੜੇ ਉਸ ਦੇ ਸਾਥੀ ਬਣਦੇ ਹਨ) ਨਾਸ ਕਰਦੀ ਹੈ। ੫. (ਉਹ ਵੇਸਵਾ) ਇਸ ਮਾਤਲੋਕ ਵਿਚ ਹਰਾਮ (ਨਿਸਫਲ) ਹੋ ਕੇ ਮਰਦੀ ਹੈ ਤੇ ਪ੍ਰਭੂ ਦੀ ਦਰਗਾਹ ਵਿਚ ਵੀ ਉਸ ਨੂੰ ਢੋਈ ਨਹੀਂ ਮਿਲਦੀ। ੬. ਦੁਬਾਜਰਾ ਦੁਸ਼ਟ ਪੁਰਸ਼ ਵੀ (ਵੇਸਵਾ ਵਾਂਗੂੰ) ਦੁਖੀ ਰਹਿੰਦਾ ਹੈ, ਮਾਨੋਂ ਉਹ ਖੋਟਾ ਰੁਪਈਆ ਹੈ। ੭. (ਮਨਮੁਖ) ਆਪ ਵਿਗੜਦਾ ਹੈ ਤੇ ਲੋਕਾਂ ਨੂੰ ਵਿਗਾੜਦਾ ਹੈ॥ ੯॥

੧੦. ਦੁਬਾਜਰਾ ਮਨੁੱਖ ਅੜੀਅਲ ਬਲਦ ਵਰਗਾ ਹੁੰਦਾ ਹੈ

੧. ਵਣਿ ਵਣਿ ਕਾਉਂ ਨ ਸੋਹਈ ਖਰਾ ਸਿਆਣਾ ਹੋਇ ਵਿਗੁਤਾ।

੨. ਚੁਤੜਿ ਮਿਟੀ ਜਿਸੁ ਲਗੈ ਜਾਣੈ ਖਸਮ ਕੁਮ੍ਹਾਰਾਂ ਕੁਤਾ।
੩. ਬਾਬਾਣੀਆਂ ਕਹਾਣੀਆਂ ਘਰਿ ਘਰਿ ਬਹਿ ਬਹਿ ਕਰਨਿ ਕੁਪੁਤਾ।
੪. ਆਗੂ ਹੋਇ ਮੁਹਾਇਦਾ ਸਾਥੁ ਛਡਿ ਚਉਰਾਹੇ ਸੁਤਾ।
੫. ਜੰਮੀ ਸਾਖ ਉਜਾੜਦਾ ਗਲਿਆਂ ਸੇਤੀ ਮੇਂਹੁ ਕੁਰੁਤਾ।
੬. ਦੁਖੀਆ ਦੁਸਟੁ ਦੁਬਾਜਰਾ ਖਟਰੁ ਬਲਦੁ ਜਿਵੈ ਹਲਿ ਜੁਤਾ।
੭. ਡਮਿ ਡਮਿ ਸਾਨੁ ਉਜਾੜੀ ਮੁਤਾ ॥ ੧੦ ॥

ਪਦ ਅਰਥ - ਵਿਗੁਤਾ=ਖਰਾਬ ਹੁੰਦਾ ਹੈ। ਬਾਬਾਣੀਆਂ=ਵੱਡਿਆਂ ਦੀਆਂ। ਗਲਿਆਂ=ਗੜਿਆਂ ਨਾਲ। ਖਟਰੁ=ਅੜੀਅਲ।

ਅਰਥ - ੧. (ਆਹਲਣੇ ਤੋਂ ਬਿਨਾਂ) ਕਾਂ ਵਣ ਵਣ ਵਿਚ ਫਿਰਦਾ ਚੰਗਾ ਨਹੀਂ ਲੱਗਦਾ, ਉਹ ਬਹੁਤਾ ਸਿਆਣਾ ਬਣ ਕੇ ਖਰਾਬ ਹੀ ਹੁੰਦਾ ਹੈ। ੨. ਜਿਸ ਕੁੱਤੇ ਦੇ ਚਿੱਤੜਾਂ ਨੂੰ ਮਿੱਟੀ (ਗਾਰਾ) ਲੱਗ ਜਾਏ, ਉਹ (ਹੰਕਾਰ ਨਾਲ) ਆਪਣੇ ਆਪ ਨੂੰ ਘੁਮਿਆਰਾਂ ਦਾ ਕੁੱਤਾ ਮੰਨਦਾ ਹੈ। ੩. ਖੋਟੇ ਪੁੱਤਰ ਆਪਣਿਆਂ ਵੱਡਿਆਂ ਦੀਆਂ ਕਹਾਣੀਆਂ ਘਰ ਘਰ ਬਹਿ ਕੇ ਕਰਦੇ ਹਨ (ਭਾਵ ਵਾਧੂ ਸ਼ੇਖੀਆਂ ਮਾਰਦੇ ਹਨ)। ੪. ਜਿਹੜਾ ਪੁਰਸ਼ ਆਗੂ ਬਣ ਕੇ ਆਪਣੇ ਸਾਥ ਨੂੰ ਛੱਡ ਕੇ ਚੁਰਾਹੇ ਵਿਚ ਸੌਂ ਜਾਂਦਾ ਹੈ, ਉਹ (ਆਪਣੇ ਸਾਥੀਆਂ ਨੂੰ) ਲੁਟਾ ਬੈਠਦਾ ਹੈ। ੫. ਗੜਿਆਂ ਵਾਲਾ ਕੁਰੁੱਤਾ ਮੀਂਹ ਜੰਮੀ (ਉੱਗੀ) ਹੋਈ ਖੇਤੀ ਨੂੰ ਉਜਾੜ ਦੇਂਦਾ ਹੈ। ੬. ਦੁਬਾਜਰਾ ਤੇ ਦੁਸ਼ਟ ਪੁਰਸ਼ ਅੜੀਅਲ ਬਲਦ ਵਾਂਗੂੰ ਹਲ ਵਿਚ ਜੁੱਤਾ ਦੁਖੀ ਹੁੰਦਾ ਹੈ। ੭. (ਉਹ ਬਲਦ) ਅੱਗ ਦਾ ਦਾਗ ਲਾ ਕੇ ਉਜਾੜ ਵਿਚ ਛੱਡਿਆ ਜਾਂਦਾ ਹੈ ॥ ੧੦ ॥

੧੧. ਦੁਬਾਜਰਾ ਮਨੁੱਖ ਦੁਖੀ ਰਹਿੰਦਾ ਹੈ

੧. ਦੁਖੀਆ ਦੁਸਟੁ ਦੁਬਾਜਰਾ ਤਾਮੇ ਰੰਗਹੁ ਕੇਹਾਂ ਹੋਵੈ।
੨. ਬਾਹਰੁ ਦਿਸੈ ਉਜਲਾ ਅੰਦਰਿ ਮਸੁ ਨ ਧੋਪੈ ਧੋਵੈ।
੩. ਸੰਨੀ ਜਾਣੁ ਲੁਹਾਰ ਦੀ ਹੋਇ ਦੁਮੂਹੀਂ ਕੁਸੰਗ ਵਿਗੋਵੈ।
੪. ਖਿਣੁ ਤਤੀ ਆਰਣਿ ਵੜੈ ਖਿਣੁ ਠੰਢੀ ਜਲੁ ਅੰਦਰਿ ਟੋਵੈ।
੫. ਤੁਮਾ ਦਿਸੇ ਸੋਹਣਾ ਚਿਤ੍ਰਮਿਤਾਲਾ ਵਿਸੁ ਵਿਲੋਵੈ।
੬. ਸਾਉ ਨ ਕਉੜਾ ਸਹਿ ਸਕੈ ਜੀਭੈ ਛਾਲੈ ਅੰਝੂ ਰੋਵੈ।
੭. ਕਲੀ ਕਨੇਰ ਨ ਹਾਰਿ ਪਰੋਵੈ ॥ ੧੧ ॥

ਪਦ ਅਰਥ - ਮਸੁ=ਸ਼ਾਹੀ, ਕਾਲਖ। ਵਿਸੁ ਵਿਲੋਵੈ=ਜ਼ਹਿਰ ਕੱਢਦਾ ਹੈ।

ਅਰਥ - ੧. ਦੁਖੀਆ, ਦੁਸ਼ਟ ਤੇ ਦੁਬਾਜਰਾ ਪੁਰਸ਼ ਕੈਂਹ ਦੀ ਧਾਤ ਵਰਗਾ ਹੁੰਦਾ ਹੈ ਜੋ ਤਾਂਬੇ ਤੋਂ ਕੈਂਹ ਬਣ ਜਾਂਦਾ ਹੈ। ੨. ਉਹ ਬਾਹਰੋਂ ਬੜਾ ਸੋਹਣਾ ਤੇ ਉੱਜਲਾ ਦਿਸਦਾ ਹੈ, ਪਰ ਅੰਦਰੋਂ ਉਹ ਕਾਲਾ ਹੁੰਦਾ ਹੈ, ਉਸ ਦੀ ਕਾਲਖ ਧੋਤਿਆਂ ਵੀ ਨਹੀਂ ਲਹਿੰਦੀ। ੩. ਲੁਹਾਰ ਦੀ ਸੰਨੀ ਦੋ ਮੂੰਹਾਂ ਵਾਲੀ ਹੁੰਦੀ ਹੈ, ਉਹ ਕੁਸੰਗਤ ਕਰਕੇ ਖਰਾਬ ਹੁੰਦੀ ਹੈ। ੪. ਉਹ ਖਿਨ ਵਿਚ ਤੱਤੀ ਅੱਗ ਵਿਚ ਵੜਦੀ ਹੈ ਤੇ ਖਿਨ ਵਿਚ ਠੰਢੇ ਪਾਣੀ ਵਿਚ ਪੈ ਕੇ ਠੰਢੀ ਹੁੰਦੀ ਹੈ। ੫. ਤੁੰਮਾ ਚਿਤ੍ਰ ਮਿਤਰੇ ਰੰਗ ਦਾ ਬੜਾ ਸੋਹਣਾ ਦਿਸਦਾ ਹੈ, ਪਰ ਅੰਦਰੋਂ ਉਹ ਜ਼ਹਿਰ ਹੀ ਕੱਢਦਾ ਹੈ। ੬. (ਉਸ ਤੁੰਮੇ ਦੇ) ਸੁਆਦ ਨੂੰ ਕੋਈ ਸਹਿ ਨਹੀਂ ਸਕਦਾ, ਖਾਣ ਵਾਲੇ ਦੀ ਜੀਭ 'ਤੇ ਛਾਲੇ ਪੈ ਜਾਂਦੇ ਹਨ ਤੇ ਉਹ ਅੱਖਾਂ ਵਿਚ ਹੰਝੂ ਭਰ ਕੇ ਰੋਂਦਾ ਹੈ (ਕਿ ਮੈਂ ਇਸ ਕੌੜੇ ਤੁੰਮੇ ਨੂੰ ਕਿਉਂ ਖਾਧਾ)। ੭. ਕਨੇਰ ਦੀਆਂ ਕਲੀਆਂ ਦਾ ਹਾਰ ਬਣਾ ਕੇ ਕੋਈ ਗਲ ਨਹੀਂ ਪਾਉਂਦਾ, (ਕਿਉਂਕਿ ਕਨੇਰ ਦੇ ਫੁੱਲਾਂ ਵਿਚ ਸੁਗੰਧੀ ਨਹੀਂ ਹੁੰਦੀ)॥ ੧੧॥

੧੨. ਦੁਬਿਧਾ ਵਾਲੇ ਪੁਰਸ਼ ਦੁਖੀ ਰਹਿੰਦੇ ਹਨ

੧. ਦੁਖੀਆ ਦੁਸਟੁ ਦੁਬਾਜਰਾ ਸੁਤਰ ਮੁਰਗੁ ਹੋਇ ਕੰਮਿ ਨ ਆਵੈ।
੨. ਉਡਣਿ ਉਡੈ ਨ ਲਦੀਐ ਪੁਰਸੁਸ ਹੋਈ ਆਪੁ ਲਖਾਵੈ।
੩. ਹਸਤੀ ਦੰਦ ਵਖਾਣੀਅਨਿ ਹੋਰੁ ਦਿਖਾਲੈ ਹੋਰਤੁ ਖਾਵੈ।
੪. ਬਕਰੀਆਂ ਨੋ ਚਾਰ ਥਣੁ ਦੁਇ ਗਲ ਵਿਚਿ ਦੁਇ ਲੇਵੈ ਲਾਵੈ।
੫. ਇਕਨੀ ਦੁਧੁ ਸਮਾਵਦਾ ਇਕ ਠਗਾਊ ਠਗਿ ਠਗਾਵੈ।
੬. ਹਰਨਾਂ ਅਖੀ ਚਾਰਿ ਚਾਰਿ ਉਇ ਦੇਖਨਿ ਓਨੀ ਦਿਸਿ ਨ ਆਵੈ।
੭. ਦੂਜਾ ਭਾਉ ਕੁਦਾਉ ਹਰਾਵੈ॥ ੧੨॥

ਪਦ ਅਰਥ - ਸੁਤਰ ਮੁਰਗੁ=ਊਠ ਪੰਛੀ।

ਅਰਥ - ੧. ਦੁੱਖ ਦੇਣ ਵਾਲਾ ਦੁਸ਼ਟ ਤੇ ਦੁਬਾਜਰਾ ਪੁਰਸ਼ ਸ਼ੁਤਰ ਮੁਰਗ ਵਾਂਗੂੰ (ਲੰਮਾ ਤੇ ਉੱਚਾ ਹੋ ਕੇ ਵੀ) ਕਿਸੇ ਕੰਮ ਨਹੀਂ ਆਉਂਦਾ। ੨. ਸ਼ੁਤਰ ਮੁਰਗ ਪੰਛੀਆਂ ਵਾਂਗੂੰ ਉੱਡ ਨਹੀਂ ਸਕਦਾ (ਤੇ ਨਾ ਊਠਾਂ ਵਾਂਗੂੰ ਲਦਿਆ ਜਾਂਦਾ ਹੈ), ਕੋਈ ਗੁਣ ਨਾ ਹੁੰਦਿਆਂ ਹੋਇਆਂ ਵੀ ਉਹ ਆਪਣੇ ਆਪ ਨੂੰ ਵੱਡਾ ਜਣਾਉਂਦਾ ਹੈ। ੩. ਹਾਥੀ ਦੇ ਦੋ ਦੰਦ ਕਹੇ ਜਾਂਦੇ ਹਨ, ਦਿਖਾਣ ਵਾਲੇ ਹੋਰ ਤੇ ਖਾਣ ਵਾਲੇ ਹੋਰ ਹੁੰਦੇ ਹਨ। ੪. ਬਕਰੀਆਂ ਦੇ ਚਾਰ ਥਣ ਹੁੰਦੇ ਹਨ—ਦੋ ਗਲ ਵਿਚ ਤੇ ਦੋ ਹਵਾਨੇ ਨਾਲ ਲੱਗੇ ਹੁੰਦੇ ਹਨ। ੫. ਇਕਨਾਂ ਵਿਚ ਦੁੱਧ ਸਮਾਉਂਦਾ ਹੈ ਤੇ ਦੂਜੇ ਠੱਗ ਹੋ ਕੇ ਲੋਕਾਂ ਨੂੰ ਠੱਗਦੇ ਹਨ। ੬. ਹਰਨ ਦੀਆਂ ਚਾਰ ਅੱਖਾਂ ਹੁੰਦੀਆਂ ਹਨ (ਦੋ ਦੇਖਣ ਵਾਲੀਆਂ ਤੇ ਦੋ ਸਿੰਙਾਂ ਕੋਲ), ਦੋਹਾਂ ਵਿਚੋਂ ਤਾਂ ਉਸ ਨੂੰ ਦਿਖਾਈ ਦੇਂਦਾ ਹੈ ਤੇ ਦੋਹਾਂ ਵਿਚੋਂ ਕੁਛ ਨਹੀਂ ਦਿਸਦਾ। ੭. ਦਵੈਤ ਭਾਵ ਦਾ ਖੋਟਾ ਦਾਅ ਹਮੇਸ਼ਾਂ ਹਾਰ ਹੀ ਦੇਂਦਾ ਹੈ॥ ੧੨॥

ਭਾਵ—ਦੂਜੇ ਭਾਵ ਵਾਲੇ ਪੁਰਸ਼ ਹਮੇਸ਼ਾ ਦੁਖੀ ਰਹਿੰਦੇ ਹਨ।

੧੩. ਦਵੈਤ ਭਾਵ ਵਾਲਾ ਨਰਕਾਂ ਵਿਚ ਪੈਂਦਾ ਹੈ

੧. ਦੰਮਲੁ ਵਜੈ ਦੁਹੁ ਧਿਰੀ ਖਾਇ ਤਮਾਚੇ ਬੰਧਨਿ ਜੜਿਆ।
੨. ਵਜਨਿ ਰਾਗ ਰਬਾਬ ਵਿਚਿ ਕੰਨ ਮਰੋੜੀ ਫਿਰਿ ਫਿਰਿ ਫੜਿਆ।
੩. ਖਾਨ ਮਜੀਰੇ ਟਕਰਾਂ ਸਿਰਿ ਤਨ ਭੰਨਿ ਮਰਦੇ ਕਰਿ ਧੜਿਆ।
੪. ਖਾਲੀ ਵਜੈ ਵੰਝੁਲੀ ਦੇ ਸੂਲਾਕ ਨ ਅੰਦਰਿ ਵੜਿਆ।
੫. ਸੁਇਨੇ ਕਲਸੁ ਸਵਾਰੀਐ ਭੰਨਾ ਘੜਾ ਨ ਜਾਈ ਘੜਿਆ।
੬. ਦੂਜਾ ਭਾਉ ਸੜਾਣੈ ਸੜਿਆ॥ ੧੩॥

ਪਦ ਅਰਥ - ਦੰਮਲੁ=ਢੋਲ। ਮਜੀਰੇ=ਛੈਣੇ। ਕਲਸੁ=ਘੜਾ। ਸੜਾਣੈ=ਅੱਗ, ਨਰਕ।

ਅਰਥ - ੧. ਢੋਲ ਦੋ ਪਾਸਿਆਂ ਤੋਂ ਵੱਜਦਾ ਹੈ, ਬੰਧਨਾਂ ਵਿਚ ਬੱਝਾ ਹੋਇਆ ਉਹ ਤਮਾਚੇ ਖਾਂਦਾ ਹੈ। ੨. ਰਬਾਬ ਵਿਚੋਂ ਰਾਗ ਵਜਦੇ ਹਨ, ਉਸ ਦੇ ਕਿੱਲੀਆਂ ਰੂਪੀ ਕੰਨ ਮਰੋੜੇ ਜਾਂਦੇ ਹਨ। ੩. ਛੈਣੇ ਆਪੋ ਵਿਚ ਟੱਕਰਾਂ ਖਾਂਦੇ ਹਨ ਤੇ ਸਿਰ 'ਤੇ ਤਨ ਨੂੰ ਭੰਨਦੇ ਹੋਏ ਧੜ ਧੜ ਕਰਕੇ ਮਰਦੇ ਹਨ। ੪. ਵੰਝਲੀ (ਬੰਸਲੀ) ਖਾਲੀ ਹੋਵੇ ਤਾਂ ਵਜਦੀ ਹੈ, ਜੇ ਉਸ ਵਿਚ ਕੋਈ ਚੀਜ਼ ਫਸ ਜਾਏ ਤਾਂ ਸਾਫ ਕਰਨ ਲਈ ਉਸ ਵਿਚ ਸਲਾਈ ਫੇਰੀ ਜਾਂਦੀ ਹੈ। ੫. ਸੋਨੇ ਦਾ ਘੜਾ ਭੱਜ ਜਾਏ ਤਾਂ ਉਸ ਨੂੰ ਮੁੜ ਕੇ ਸਵਾਰ ਲਈਦਾ ਹੈ, ਪਰ ਜੇ ਮਿੱਟੀ ਦਾ ਘੜਾ ਭੱਜ ਜਾਏ ਤਾਂ ਉਹ ਫਿਰ ਨਹੀਂ ਘੜਿਆ ਜਾਂਦਾ (ਉਸ ਦੀਆਂ ਠੀਕਰੀਆਂ ਨੂੰ ਰੂੜੀ 'ਤੇ ਸੁਟਿਆ ਜਾਂਦਾ ਹੈ)। ੬. (ਇਸੇ ਤਰ੍ਹਾਂ) ਦਵੈਤ ਭਾਵ ਵਾਲਾ ਪੁਰਸ਼ ਨਰਕਾਂ ਦੀ ਅੱਗ ਵਿਚ ਸੜਦਾ ਹੈ॥ ੧੩॥

੧੪. ਦਵੈਤ ਭਾਵ ਦਾ ਸੁਆਦ ਚੰਗਾ ਨਹੀਂ ਹੁੰਦਾ

੧. ਦੁਖੀਆ ਦੁਸਟੁ ਦੁਬਾਜਰਾ ਬਗੁਲ ਸਮਾਧਿ ਰਹੈ ਇਕ ਟੰਗਾ।
੨. ਬਜਰ ਪਾਪ ਨ ਉਤਰਨਿ ਘੁਟਿ ਘੁਟਿ ਜੀਆਂ ਖਾਇ ਵਿਚਿ ਗੰਗਾ।
੩. ਤੀਰਥ ਨਾਵੈ ਤੂੰਬੜੀ ਤਰਿ ਤਰਿ ਤਨੁ ਧੋਵੈ ਕਰਿ ਨੰਗਾ।
੪. ਮਨ ਵਿਚਿ ਵਸੈ ਕਾਲਕੂਟੁ ਭਰਮੁ ਨ ਉਤਰੈ ਕਰਮੁ ਕੁਢੰਗਾ।
੫. ਵਰਮੀ ਮਾਰੀ ਨਾ ਮਰੈ ਬੈਠਾ ਜਾਇ ਪਤਾਲਿ ਭੁਇਅੰਗਾ।
੬. ਹਸਤੀ ਨੀਰਿ ਨਵਾਲੀਐ ਨਿਕਲਿ ਖੇਹ ਉਡਾਏ ਅੰਗਾ।
੭. ਦੂਜਾ ਭਾਉ ਸੁਆਉ ਨ ਚੰਗਾ॥ ੧੪॥

ਪਦ ਅਰਥ - ਕਾਲਕੂਟੁ=ਜ਼ਹਿਰ। ਭੁਇਅੰਗਾ=ਸੱਪ। ਹਸਤੀ=ਹਾਥੀ। ਸੁਆਉ=ਸੁਆਦ, ਪ੍ਰਯੋਜਨ।

ਅਰਥ - ੧. ਦੁਸ਼ਟ, ਦੁਬਾਜਰਾ ਪੁਰਸ਼ ਬਗਲੇ ਵਾਂਗੂੰ ਇਕ ਟੰਗ ਦੇ ਭਾਰ ਸਮਾਧੀ ਲਾ ਕੇ ਦੁਖੀ ਰਹਿੰਦਾ ਹੈ। ੨. ਗੰਗਾ ਵਰਗੇ ਪਵਿੱਤ੍ਰ ਅਸਥਾਨ 'ਤੇ ਬੈਠ ਬੈਠ ਕੇ ਜੀਵਾਂ ਨੂੰ ਫੜ ਫੜ ਕੇ ਖਾਣ ਦਾ ਬੱਜਰ ਪਾਪ ਉਸ ਦੇ ਸਿਰੋਂ ਨਹੀਂ ਉਤਰਦਾ। ੩. ਤੂੰਬੀ ਜਿਵੇਂ ਤੀਰਥਾਂ 'ਤੇ ਨਹਾਉਂਦੀ ਹੈ ਤੇ ਤਨ ਨੰਗਾ ਕਰਕੇ ਤਰਦੀ ਹੈ, (ਇਸੇ ਤਰ੍ਹਾਂ ਖੋਟਾ ਪੁਰਸ਼ ਮਨ ਵਿਚ ਕਪਟ ਰੱਖ ਕੇ ਤੀਰਥਾਂ 'ਤੇ ਨਹਾਉਂਦਾ ਹੈ)। ੪. (ਪਰ) ਤੂੰਬੀ ਵਾਂਗੂੰ ਦੁਬਾਜਰੇ ਮਨੁੱਖ ਦੇ ਮਨ ਵਿਚ ਪਾਪਾਂ ਦੀ ਜ਼ਹਿਰ ਵਸਦੀ ਹੈ, ਜਿਸ ਕਰਕੇ ਉਸ ਦੀ ਭਰਮ ਤੇ ਖੋਟੇ ਕਰਮਾਂ ਦੀ ਮੈਲ ਨਹੀਂ ਉਤਰਦੀ। ੫. ਵਰਮੀ (ਖੁੱਡ) ਦੇ ਬੰਦ ਕਰਨ ਨਾਲ ਸੱਪ ਨਹੀਂ ਮਰਦਾ, ਉਹ ਪਾਤਾਲ ਵਿਚ ਜਾ ਵਸਦਾ ਹੈ (ਇਸੇ ਤਰ੍ਹਾਂ ਕਪਟੀ ਪੁਰਸ਼ ਦਾ ਮਨ ਵਸ ਵਿਚ ਨਹੀਂ ਆਉਂਦਾ, ਕਿਉਂਕਿ ਉਹ ਭਰਮ ਦੇ ਅੰਨ੍ਹੇਰੇ ਵਿਚ ਵਸਦਾ ਹੈ। ੬. ਹਾਥੀ ਨੂੰ ਪਾਣੀ ਨਾਲ ਕਿੰਨਾ ਨਹਾਓ, ਪਰ ਪਾਣੀ ਤੋਂ ਬਾਹਰ ਨਿਕਲਦਾ ਹੀ ਉਹ ਆਪਣੇ ਸਿਰ ਵਿਚ ਖੇਹ ਪਾ ਲੈਂਦਾ ਹੈ (ਇਸੇ ਤਰ੍ਹਾਂ ਖੋਟਾ ਪੁਰਸ਼ ਸਤਿਸੰਗ ਵਿਚੋਂ ਬਾਹਰ ਆ ਕੇ ਫਿਰ ਵਿਕਾਰਾਂ ਵਿਚ ਲੱਗ ਜਾਂਦਾ ਹੈ)। ੭. ਦੂਜੇ ਭਾਵ ਦਾ ਸੁਆਉ (ਪ੍ਰਯੋਜਨ) ਚੰਗਾ ਨਹੀਂ ਹੁੰਦਾ॥ ੧੪॥

੧੫. ਮਨਮੁਖ ਜਮਾਂ ਦੀਆਂ ਚੋਟਾਂ ਸਹਿੰਦਾ ਹੈ

੧. ਦੂਜਾ ਭਾਉ ਦੁਬਾਜਰਾ ਮਨ ਪਾਟੈ ਖਰਬਾੜੂ ਖੀਰਾ।
੨. ਅਗਹੁ ਮਿਠਾ ਹੋਇ ਮਿਲੈ ਪਿਛਹੁ ਕਉੜਾ ਦੋਖੁ ਸਰੀਰਾ।
੩. ਜਿਉ ਬਹੁ ਮਿਤਾ ਕਵਲ ਫੁਲੁ ਬਹੁ ਰੰਗੀ ਬੰਨ੍ਹਿ ਪਿੰਡੁ ਅਹੀਰਾ।
੪. ਹਰਿਆ ਤਿਲੁ ਬੂਆੜ ਜਿਉ ਕਲੀ ਕਨੇਰ ਦੁਰੰਗ ਨ ਧੀਰਾ।
੫. ਜੇ ਸਉ ਹਥਾ ਨੜੂ ਵਧੈ ਅੰਦਰੁ ਖਾਲੀ ਵਾਜੁ ਨਫੀਰਾ।
੬. ਚੰਨਣ ਵਾਸ ਨ ਬੋਹੀਅਨਿ ਖਹਿ ਖਹਿ ਵਾਂਸ ਜਲਨਿ ਬੇਪੀਰਾ।
੭. ਜਮ ਦਰ ਚੋਟਾ ਸਹਾ ਵਹੀਰਾ॥ ੧੫॥

ਪਦ ਅਰਥ - ਖਰਬਾੜੂ ਖੀਰਾ=ਫਿੱਟਿਆ ਦੁੱਧ। ਬਹੁ ਮਿਤਾ=ਭੌਰਾ। ਪਿੰਡੁ ਅਹੀਰਾ=ਗੋਇਲ ਵਾਸ। ਨੜੂ=ਨੜਾ। ਨਫੀਰਾ=ਤੂਤੀਆਂ।

ਅਰਥ - ੧. ਦੂਜੇ ਭਾਵ ਵਾਲੇ (ਮਨਮੁਖ) ਦਾ ਮਨ ਇਉਂ ਫਟਿਆ ਹੁੰਦਾ ਹੈ, ਜਿਵੇਂ ਫਿਟਿਆ ਹੋਇਆ ਦੁੱਧ ਹੁੰਦਾ ਹੈ। ੨. (ਫਿਟਿਆ ਹੋਇਆ ਦੁੱਧ) ਪਹਿਲੇ ਤਾਂ ਮਿੱਠਾ ਲੱਗਦਾ ਹੈ, ਪਰ (ਖਾਣ ਤੋਂ) ਪਿੱਛੋਂ ਸਰੀਰ ਨੂੰ ਰੋਗੀ ਕਰ ਦਿੰਦਾ ਹੈ (ਇਸੇ ਤਰ੍ਹਾਂ ਮਨਮੁਖ ਦੀ ਦਸ਼ਾ ਹੁੰਦੀ ਹੈ)। ੩. ਜਿਵੇਂ ਭੌਰਾ ਬਹੁਤੇ ਰੰਗਾਂ ਵਾਲੇ ਕੰਵਲ ਫੁੱਲਾਂ ਦੇ ਬਨ ਨੂੰ ਅਹੀਰਾਂ ਦੇ ਪਿੰਡ ਵਾਂਗੂੰ ਪੱਕਾ ਸਮਝ ਲੈਂਦਾ ਹੈ, ਪਰ ਉਹ ਇਹ ਨਹੀਂ ਜਾਣਦਾ ਕਿ ਇਹ ਤਾਂ ਗੋਇਲਵਾਸ ਹੈ। ੪. ਹਰੇ ਬੂਆੜ ਦੇ ਤਿਲਾਂ ਦੇ ਬੂਟੇ ਤੇ ਕਨੇਰ ਦੀ ਕਲੀ ਵਾਂਗੂੰ ਦੁਬਾਜਰਾ ਦੋਰੰਗਾ ਹੁੰਦਾ ਹੈ, ਉਹ ਸਥਿਰ ਨਹੀਂ ਰਹਿੰਦਾ। ੫. ਜੇ ਨੜਾ ਸੌ ਹਥ ਜਿੰਨਾ ਉੱਚਾ ਹੋ ਜਾਵੇ, ਤਦ ਵੀ ਉਹ ਅੰਦਰੋਂ ਖਾਲੀ ਹੁੰਦਾ ਹੈ ਤੇ ਮੁਰਲੀ ਬਣਨ ਦੇ ਯੋਗ ਵੀ ਨਹੀਂ ਹੁੰਦਾ। (ਇਸੇ ਤਰ੍ਹਾਂ

ਦੁਬਾਜਰਾ ਪੁਰਸ਼ ਗੁਣਹੀਨ ਹੋਣ ਕਰਕੇ ਕਿਸੇ ਦਾ ਕੁਛ ਨਹੀਂ ਸੁਆਰਦਾ)। ੬. ਚੰਦਨ ਦੇ ਕੋਲ ਰਹਿੰਦੇ ਹੋਏ ਵਾਂਸ ਸੁਗੰਧਿਤ ਨਹੀਂ ਹੁੰਦੇ, ਉਹ ਬੇਪੀਰੇ (ਨਿਗੁਰੇ) ਆਪੋ ਵਿਚ ਖਹਿ ਖਹਿ ਕੇ ਸੜ ਮਰਦੇ ਹਨ। ੭. (ਮਨਮੁਖ) ਜਮ ਦੇ ਦਰ 'ਤੇ ਪਏ ਚੋਟਾਂ ਸਹਿੰਦੇ ਹਨ॥ ੧੫॥

੧੬. ਮਨਮੁਖ ਦੀ ਨਿਮ੍ਰਤਾ ਵਿਚ ਵੀ ਖੋਟ ਹੁੰਦਾ ਹੈ

੧. ਦੂਜਾ ਭਾਉ ਦੁਬਾਜਰਾ ਬਧਾ ਕਰੈ ਸਲਾਮੁ ਨ ਭਾਵੈ।
੨. ਢੀਂਗ ਜੁਹਾਰੀ ਢੀਂਗੁਲੀ ਗਲਿ ਬਧੇ ਓਹੁ ਸੀਸੁ ਨਿਵਾਵੈ।
੩. ਗਲਿ ਬਧੈ ਜਿਉ ਨਿਕਲੈ ਖੂਹਹੁ ਪਾਣੀ ਉਪਰਿ ਆਵੈ।
੪. ਬਧਾ ਚਟੀ ਜੋ ਭਰੈ ਨਾ ਗੁਣ ਨਾ ਉਪਕਾਰੁ ਚੜ੍ਹਾਵੈ।
੫. ਨਿਵੈ ਕਮਾਣ ਦੁਬਾਜਰੀ ਜਿਹ ਫੜਿਦੇ ਇਕ ਸੀਸ ਸਹਾਵੈ।
੬. ਨਿਵੈ ਅਹੇੜੀ ਮਿਰਗੁ ਦੇਖਿ ਕਰੈ ਵਿਸਾਹ ਧ੍ਰੋਹੁ ਸਰੁ ਲਾਵੈ।
੭. ਅਪਰਾਧੀ ਅਪਰਾਧੁ ਕਮਾਵੈ॥ ੧੬॥

ਪਦ ਅਰਥ - ਜੁਹਾਰੀ=ਨਮਸਕਾਰ। ਅਹੇੜੀ=ਸ਼ਿਕਾਰੀ। ਸਰੁ=ਤੀਰ।

ਅਰਥ - ੧. ਦਵੈਤ ਭਾਵ ਵਾਲਾ ਦੁਬਾਜਰਾ ਪੁਰਸ਼ ਬੱਧੋਗੀਰੀ ਨਾਲ ਸਲਾਮ ਕਰਦਾ ਹੈ, ਇਸ ਕਰਕੇ ਉਹ ਕਿਸੇ ਨੂੰ ਚੰਗਾ ਨਹੀਂ ਲੱਗਦਾ। ੨. ਢੀਂਗਲੀ ਨਾਲ ਡੋਲ ਬੱਝਾ ਹੁੰਦਾ ਹੈ, ਜਦੋਂ ਪਾਣੀ ਕੱਢਣ ਲਈ ਢੀਂਗਲੀ ਨੂੰ ਖੂਹ ਵਿਚ ਲਮਕਾਈਦਾ ਹੈ ਤਾਂ ਉਹ ਨਿਉਂਕੇ ਨਮਸਕਾਰ ਕਰਦੀ ਹੈ। ੩. ਖੂਹ ਵਿਚੋਂ ਪਾਣੀ ਤਾਂ ਬਾਹਰ ਆ ਜਾਂਦਾ ਹੈ, ਪਰ ਉਹ ਗਲ ਬੱਝੀ ਹੀ ਬਾਹਰ ਆਉਂਦੀ ਹੈ। ੪. (ਇਸੇ ਤਰ੍ਹਾਂ) ਜਿਹੜਾ ਮਨੁੱਖ ਬੱਧਾ ਹੋਇਆ ਚੱਟੀ ਭਰਦਾ ਹੈ, ਉਸ ਦਾ ਨਾ ਕੋਈ ਗੁਣ ਹੁੰਦਾ ਹੈ ਤੇ ਨਾ ਹੀ ਕੋਈ ਉਪਕਾਰ। ੫. ਦੁਬਾਜਰੀ ਕਮਾਣ ਨੂੰ ਜਦੋਂ ਖਿੱਚੇ ਤਾਂ ਉਹ ਵੀ ਨਿਉਂਦੀ ਹੈ। ੬. ਸ਼ਿਕਾਰੀ ਵੀ ਹਰਨ ਨੂੰ ਵੇਖ ਕੇ ਨਿਉਂਦਾ ਹੈ, ਪਰ ਉਹ ਵਿਸਾਹਕੇ ਧੋਖੇ ਨਾਲ (ਹਰਨ ਨੂੰ) ਤੀਰ ਮਾਰਦਾ ਹੈ। ੭. (ਇਸੇ ਤਰ੍ਹਾਂ) ਅਪਰਾਧੀ ਹਮੇਸ਼ਾਂ ਅਪਰਾਧ ਹੀ ਕਮਾਉਂਦਾ ਹੈ॥ ੧੬॥

ਭਾਵ—ਮਨਮੁਖ ਦੀ ਨਿਮ੍ਰਤਾ ਵਿਚ ਹੀ ਖੋਟ ਹੁੰਦਾ ਹੈ।

੧੭. ਦੁਬਾਜਰੇ ਵਿਚ ਨਿਮ੍ਰਤਾ ਨਹੀਂ ਹੁੰਦੀ

੧. ਨਿਵੈ ਨ ਤੀਰ ਦੁਬਾਜਰਾ ਗਾਡੀ ਖੰਭ ਮੁਖੀ ਮੁਹਿ ਲਾਏ।
੨. ਨਿਵੈ ਨ ਨੇਜਾ ਦੁਮੁਹਾ ਰਣ ਵਿਚਿ ਉਚਾ ਆਪੁ ਗਣਾਏ।
੩. ਅਸਟ ਧਾਤੁ ਦਾ ਜਬਰ ਜੰਗੁ ਨਿਵੈ ਨ ਫੁਟੈ ਕੋਟ ਢਹਾਏ।

੪. ਨਿਵੈ ਨ ਖੰਡਾ ਸਾਰ ਦਾ ਹੋਇ ਦੁਧਾਰਾ ਖੂਨ ਕਰਾਏ।
੫. ਨਿਵੈ ਨ ਸੂਲੀ ਘੇਰਣੀ ਕਰਿ ਅਸਵਾਰ ਫਾਹੇ ਦਿਵਾਏ।
੬. ਨਿਵਣਿ ਨ ਸੀਖਾਂ ਸਖਤ ਹੋਇ ਮਾਸੁ ਪਰੋਇ ਕਬਾਬੁ ਭੁਨਾਏ।
੭. ਜਿਉਂ ਕਰਿ ਆਰਾ ਰੁਖੁ ਤਛਾਏ ॥ ੧੭ ॥

ਪਦ ਅਰਥ - ਜਬਰ ਜੰਗੁ=ਗੁਰਜ। ਸਾਰ=ਲੋਹਾ। ਘੇਰਣੀ=ਘੇਰਣ ਵਾਲੀ। ਕਬਾਬੁ=ਮਾਸ।

ਅਰਥ - ੧. ਦੁਬਾਜਰਾ ਤੀਰ ਨਿਉਂਦਾ ਨਹੀਂ, ਇਸ ਕਰਕੇ ਉਸ ਦੇ ਮੂੰਹ ਵਿਚ ਖੰਭ ਵਾਂਗੂੰ ਪਤਲੀ ਮੁਖੀ ਲਾਈਦੀ ਹੈ। ੨. ਦੋ ਮੂੰਹਾਂ ਵਾਲਾ ਨੇਜ਼ਾ ਨਿਉਂਦਾ ਨਹੀਂ, ਜੰਗ ਦੇ ਮੈਦਾਨ ਵਿਚ ਉੱਚਾ ਹੋ ਕੇ ਆਪਣੇ ਆਪ ਨੂੰ ਜਣਾਉਂਦਾ ਹੈ। ੩. ਅੱਠਾਂ ਧਾਤਾਂ ਦਾ ਬਣਿਆ ਹੋਇਆ ਗੁਰਜ ਜੰਗ ਵਿਚ ਨਿਉਂਦਾ ਤੇ ਫੁਟਦਾ ਨਹੀਂ, ਉਹ ਕਿਲ੍ਹਿਆਂ ਨੂੰ ਢਾਹੁੰਦਾ ਹੈ। ੪. ਲੋਹੇ ਦਾ ਖੰਡਾ ਵੀ ਨਹੀਂ ਨਿਉਂਦਾ, ਉਹ ਦੁਧਾਰਾ ਹੋ ਕੇ ਖੂਨ ਕਰਦਾ ਹੈ। ੫. ਘੇਰਣ ਵਾਲੀ ਸੂਲੀ ਵੀ ਨਹੀਂ ਨਿਉਂਦੀ, ਕਈਆਂ ਨੂੰ ਆਪਣੇ ਉਪਰ ਅਸਵਾਰ ਕਰਾ ਕੇ ਫਾਹੇ ਦਿਵਾਉਂਦੀ ਹੈ। ੬. (ਲੋਹੇ ਦੀਆਂ) ਸਖਤ ਸੀਖਾਂ ਵੀ ਨਹੀਂ ਨਿਉਂਦੀਆਂ, ਭਾਵੇਂ ਕਈ ਤਰ੍ਹਾਂ ਦੇ ਮਾਸ ਕਬਾਬ ਉਸ ਵਿਚ ਪਰੋ ਕੇ ਭੁੰਨੇ ਜਾਂਦੇ ਹਨ। ੭. ਜਿਸ ਤਰ੍ਹਾਂ ਆਰਾ ਬ੍ਰਿਛ ਨੂੰ ਵਢਦਾ ਹੈ, ਪਰ ਆਪ ਨਹੀਂ ਨਿਉਂਦਾ ॥ ੧੭ ॥

ਭਾਵ—ਉਪਰੋਕਤ ਵਰਣਨ ਕੀਤੇ ਹਥਿਆਰਾਂ ਵਾਂਗੂੰ ਦੁਬਾਜਰਾ ਪੁਰਸ਼ ਨਿਉਂਦਾ ਨਹੀਂ, ਉਹ ਆਪਣੀ ਆਕੜ ਨਾਲ ਲੋਕਾਂ ਨੂੰ ਦੁੱਖ ਦਿੰਦਾ ਹੈ ਤੇ ਆਪ ਦੁੱਖ ਪਾਉਂਦਾ ਹੈ।

੧੮. ਦੁਬਾਜਰਾ ਮਨੁੱਖ ਦੁਖਦਾਈ ਹੁੰਦਾ ਹੈ

੧. ਅਕੁ ਧਤੂਰਾ ਝੰਟੁਲਾ ਨੀਵਾ ਹੋਇ ਨ ਦੁਬਿਧਾ ਖੋਈ।
੨. ਫੁਲਿ ਫੁਲਿ ਫੁਲੇ ਦੁਬਾਜਰੇ ਬਿਖੁ ਫਲ ਫਲਿ ਫਲਿ ਮੰਦੀ ਸੋਈ।
੩. ਪੀਐ ਨ ਕੋਈ ਅਕੁ ਦੁਧੁ ਪੀਤੇ ਮਰੀਐ ਦੁਧੁ ਨ ਹੋਈ।
੪. ਖਖੜੀਆਂ ਵਿਚਿ ਬੁਢੀਆਂ ਫਟਿ ਫਟਿ ਛੁਟਿ ਛੁਟਿ ਉਡਨਿ ਓਈ।
੫. ਚਿਤਮਿਤਾਲਾ ਅਕ ਤਿਡੁ ਮਿਲੈ ਦੁਬਾਜਰਿਆਂ ਕਿਉ ਢੋਈ।
੬. ਖਾਇ ਧਤੂਰਾ ਬਰਲੀਐ ਕਖ ਚੁਣਿੰਦਾ ਵਤੈ ਲੋਈ।
੭. ਕਉੜੀ ਰਤਕ ਜੇਲ ਪਰੋਈ ॥ ੧੮ ॥

ਪਦ ਅਰਥ— ਝੰਟੁਲਾ=ਲਗਰਾਂ ਵਾਲਾ। ਸੋਈ=ਸ਼ੋਭਾ। ਬਰਲੀਐ=ਕਮਲਾ ਹੋਣਾ। ਜੇਲ=ਮੂਰਖ, ਜਾਹਲ।

ਅਰਥ— ੧. ਅੱਕ ਤੇ ਧਤੂਰੇ ਦਾ ਬੂਟਾ ਲਗਰਦਾਰ ਹੁੰਦਾ ਹੈ, ਉਹ ਨੀਵਾਂ ਹੋ ਕੇ ਵੀ ਦਵੈਤ

ਭਾਵ ਨਾਸ ਨਹੀਂ ਕਰਦਾ (ਭਾਵ ਆਪਣਾ ਜ਼ਹਿਰ ਨਹੀਂ ਛੱਡਦਾ)। ੨. ਭਾਵੇਂ ਇਹ ਦੁਬਾਜਰੇ ਬੂਟੇ ਫੁੱਲਾਂ ਫਲਾਂ ਨਾਲ ਫਲਦੇ ਹਨ, ਪਰ ਜ਼ਹਿਰਲੇ ਫਲਾਂ ਦੇ ਲੱਗਣ ਕਰਕੇ ਇਹਨਾਂ ਦੀ ਸ਼ੋਭਾ ਮੰਦੀ ਹੀ ਹੁੰਦੀ ਹੈ। ੩. ਅੱਕ ਦੇ ਦੁੱਧ ਨੂੰ ਕੋਈ ਨਹੀਂ ਪੀਂਦਾ, ਇਸ ਦੇ ਪੀਣ ਨਾਲ ਪ੍ਰਾਣੀ ਮਰ ਜਾਂਦਾ ਹੈ, ਇਸ ਵਿਚ ਦੁੱਧ ਦਾ ਕੋਈ ਗੁਣ ਨਹੀਂ ਹੁੰਦਾ। ੪. ਅੱਕ ਦੀਆਂ ਖਖੜੀਆਂ ਵਿਚੋਂ ਰੂੰ ਦੀਆਂ ਗੋਹੜੀਆਂ ਫੁਟ ਫੁਟ ਕੇ ਨਿਕਲਦੀਆਂ ਹਨ ਤੇ ਉੱਡਦੀਆਂ ਫਿਰਦੀਆਂ ਹਨ (ਕਈਆਂ ਦੀਆਂ ਅੱਖਾਂ ਵਿਚ ਪੈ ਕੇ ਦੁਖੀ ਕਰਦੀਆਂ ਹਨ) ੫. ਚਿੱੜ੍ਹ ਮਿੜ੍ਹੇ ਅੱਕਤਿੱਡੇ ਵਾਂਗੂੰ ਦੁਬਾਜਰਿਆਂ ਨੂੰ ਕਿਤੇ ਵੀ ਢੋਈ ਨਹੀਂ ਮਿਲਦੀ। ੬. ਜੇਕਰ ਕੋਈ ਧਤੂਰਾ ਖਾ ਲਵੇ ਤਾਂ ਉਹ ਕਮਲਾ ਹੋ ਕੇ ਗਲੀਆਂ ਦੇ ਕੱਖ ਚੁਣਦਾ ਫਿਰਦਾ ਹੈ। ੭. ਕੌੜੀਆਂ ਰਤੀਆਂ ਦੇ ਕੋਈ ਮੂਰਖ ਜਾਹਲ ਹਾਰ ਨਹੀਂ ਪਰੋਂਦਾ॥ ੧੮॥

ਭਾਵ—ਅੱਕ ਤੇ ਧਤੂਰੇ ਦੇ ਬੂਟੇ ਵਾਂਗੂੰ ਦੁਬਾਜਰਾ ਪੁਰਸ਼ ਦੁਖਦਾਈ ਹੁੰਦਾ ਹੈ।

੧੯. ਮਨਮੁਖ ਹਉਮੈ ਵਿਚ ਸੜਦੇ ਹਨ

੧. ਵਧੈ ਚੀਲ ਉਜਾੜ ਵਿਚਿ ਉਚੇ ਉਪਰਿ ਉਚੀ ਹੋਈ।
੨. ਗੰਢੀ ਜਲਨਿ ਮੁਸਾਹਰੇ ਪੱਤ ਅਪੱਤ ਨ ਛੁਹਦਾ ਕੋਈ।
੩. ਛਾਂਉ ਨ ਬਹਨਿ ਪੰਧਾਣੂਆਂ ਪਵੈ ਪਛਾਵਾਂ ਟਿਬੀਂ ਟੋਈ।
੪. ਫਿੰਡ ਜਿਵੈ ਫਲੁ ਫਾਟੀਅਨਿ ਘੁੰਘਰਿਆਲੇ ਰੁਲਨਿ ਪਲੋਈ।
੫. ਕਾਠੁ ਕੁਕਾਠੁ ਨ ਸਹਿ ਸਕੈ ਪਾਣੀ ਪਵਨੁ ਨ ਧੁਪ ਨ ਲੋਈ।
੬. ਲਗੀ ਮੂਲਿ ਨ ਵਿਝਵੈ ਜਲਦੀ ਹਉਮੈਂ ਅਗਿ ਖੜੋਈ।
੭. ਵਡਿਆਈ ਕਰਿ ਦਈ ਵਿਗੋਈ॥ ੧੯॥

ਪਦ ਅਰਥ—ਮੁਸਾਹਰੇ=ਮਸਾਲਾਂ ਵਾਂਗੂੰ। ਪੰਧਾਣੂਆਂ=ਮੁਸਾਫਰ। ਫਿੰਡ=ਅੱਕ।

ਅਰਥ—੧. ਚੀਲ ਦਾ ਬ੍ਰਿਛ ਉਜਾੜ ਵਿਚ ਉੱਚੇ ਪਹਾੜਾਂ 'ਤੇ ਉੱਗ ਕੇ ਉੱਚਾ ਹੁੰਦਾ ਹੈ। ੨. ਉਸ ਦੀਆਂ ਗੰਢਾਂ ਮਸਾਲਾਂ ਵਾਂਗੂੰ ਬਲਦੀਆਂ ਹਨ ਤੇ ਉਸਦੇ ਬੇਪੱਤਿਆਂ ਪੱਤਰਾਂ ਨੂੰ (ਸੂਈਆਂ ਵਾਂਗੂੰ ਤਿਖੇ ਹੋਣ ਕਰਕੇ) ਕੋਈ ਛੂੰਹਦਾ ਵੀ ਨਹੀਂ। ੩. ਉਸ ਦੀ ਛਾਂ ਹੇਠਾਂ ਰਾਹੀ ਵੀ ਨਹੀਂ ਬੈਠਦੇ, ਕਿਉਂ ਜੁ ਉਸ ਦੀ ਛਾਂ ਟੋਇਆਂ ਟਿਬਿਆਂ ਵਿਚ ਹੀ ਪੈਂਦੀ ਹੈ। ੪. ਉਸ ਦੇ ਫਲ ਅੱਕ ਦੀ ਖਖੜੀ ਵਾਂਗੂੰ ਫਟਦੇ ਹਨ ਤੇ ਗੋਲ ਗੋਲ ਹੋ ਕੇ ਰੁਲਦੇ ਫਿਰਦੇ ਹਨ। ੫. ਚੀਲ ਦੀ ਲਕੜੀ ਵੀ ਖੋਟੀ ਲਕੜੀ ਹੈ, ਉਹ ਪੌਣ, ਪਾਣੀ, ਤੇ ਧੁੱਪ ਨੂੰ ਨਹੀਂ ਸਹਿ ਸਕਦੀ। ੬. ਚੀਲ ਦੇ ਮੁੱਢ ਨੂੰ ਅੱਗ ਲੱਗ ਜਾਏ ਤਾਂ ਉਹ ਬੁਝਦੀ ਨਹੀਂ, ਹਉਮੈ ਦੀ ਅੱਗ ਕਰਕੇ ਖੜੋਤੀ ਹੀ ਸੜ ਜਾਂਦੀ ਹੈ। ੭. ਵਡਿਆਈ (ਹਉਮੈ) ਕਰਨ ਕਰਕੇ ਪ੍ਰਭੂ ਨੇ ਉਸ ਨੂੰ ਨਾਸ ਕਰ ਦਿੱਤਾ॥ ੧੯॥

ਭਾਵ—ਮਨਮੁਖ ਆਪਣੀ ਹਉਮੈ ਦੀ ਅੱਗ ਵਿਚ ਸੜ ਮਰਦੇ ਹਨ।

੨੦. ਮਨਮੁਖ ਬੰਧਨ ਰੂਪ ਹੁੰਦੇ ਹਨ

੧. ਤਿਲੁ ਕਾਲਾ ਫੁਲੁ ਉਜਲਾ ਹਰਿਆ ਬੂਟਾ ਕਿਆ ਨੀਸਾਣੀ।
੨. ਮੁਢਹੁ ਵਢਿ ਬਣਾਈਐ ਸਿਰ ਤਲਵਾਇਆ ਮਝਿ ਬਿਬਾਣੀ।
੩. ਕਰਿਕਟ ਪਾਈ ਝੰਬੀਐ ਤੇਲੁ ਤਿਲੀਹੂੰ ਪੀੜੇ ਘਾਣੀ।
੪. ਸਣ ਕਪਾਹ ਦੁਇ ਰਾਹ ਕਰਿ ਪਰਉਪਕਾਰ ਵਿਕਾਰ ਵਿਡਾਣੀ।
੫. ਵੇਲਿ ਕਤਾਇ ਵੁਣਾਈਐ ਪੜਦਾ ਕਜਣ ਕਪੜੁ ਪ੍ਰਾਣੀ।
੬. ਖਲ ਕਢਾਇ ਵਟਾਇ ਸਣ ਰਸੇ ਬੰਨ੍ਹਨਿ ਮਨਿ ਸਰਮਾਣੀ।
੭. ਦੁਸਟਾਂ ਦੁਸਟਾਈ ਮਿਹਮਾਣੀ॥ ੨੦॥

ਪਦ ਅਰਥ - ਨੀਸਾਣੀ=ਚਿੰਨ੍ਹ। ਕਰਿਕਟ=ਦੱਥੀਆਂ। ਮਿਹਮਾਣੀ=ਪ੍ਰਾਹੁਣਚਾਰੀ।

ਅਰਥ - ੧. ਤਿਲ ਕਾਲਾ ਤੇ ਫੁੱਲ ਚਿੱਟਾ ਹੁੰਦਾ ਹੈ। ਬੂਟਾ ਹਰਾ ਹੁੰਦਾ ਹੈ। ਤਿਲ ਦੀ ਨਿਸ਼ਾਨੀ ਕੀ ਹੈ ? ੨. ਇਸ ਨੂੰ ਮੁੱਢ ਤੋਂ ਵੱਢ ਕੇ ਦੱਥਾ ਬਣਾਈਦਾ ਹੈ ਤੇ ਉਜਾੜ ਵਿਚ ਸਿਰ ਪਰਨੇ ਰੱਖੀਦਾ ਹੈ। ੩. ਇਸ ਦੀਆਂ ਦੱਥੀਆਂ ਬਣਾ ਕੇ ਝੰਬੀਦਾ ਹੈ, ਤਦ ਇਸ ਵਿਚੋਂ ਤਿਲ ਨਿਕਲਦੇ ਹਨ, ਫਿਰ ਇਹਨਾਂ ਤਿਲਾਂ ਨੂੰ ਪੀੜ ਕੇ ਤੇਲ ਕਢੀਦਾ ਹੈ। ੪. ਸਣ ਤੇ ਕਪਾਹ ਦੇ ਦੋ ਰਾਹ ਹਨ। ਕਪਾਹ ਉਪਕਾਰ ਦੇ ਕੰਮ ਕਰਦੀ ਹੈ ਤੇ ਸਣ ਖੋਟੇ ਕੰਮ ਕਰਦੀ ਹੈ। ੫. ਕਪਾਹ ਨੂੰ ਵੇਲ ਕੇ, ਕਤ ਕੇ ਪੜਦਾ ਕੱਜਣ ਲਈ ਕੱਪੜਾ ਉਣਿਆਂ ਜਾਂਦਾ ਹੈ। ੬. (ਪਰ) ਸਣ ਆਪਣੀ ਖਲ ਕਢਾ ਕੇ ਰੱਸੇ ਵਟਾਉਂਦੀ ਹੈ ਤੇ ਬੰਨ੍ਹਣ ਵਾਲੀ ਹੋ ਕੇ ਮਨ ਵਿਚ ਸ਼ਰਮ ਨਹੀਂ ਕਰਦੀ। ੭. ਦੁਸ਼ਟਾਂ ਕੋਲ ਦੁਸ਼ਟਾਈ ਦੀ ਹੀ ਪ੍ਰਾਹੁਣਾਚਾਰੀ ਹੈ॥ ੨੦॥

ਭਾਵ—ਗੁਰਮੁਖ ਕਪਾਹ ਵਾਂਗੂੰ ਪਰਉਪਕਾਰ ਕਰਦੇ ਹਨ, ਪਰ ਮਨਮੁਖ ਸਣ ਵਾਂਗੂੰ ਲੋਕਾਂ ਲਈ ਬੰਧਨ ਦਾ ਕਾਰਨ ਬਣਦੇ ਹਨ।

੨੧. ਦੂਜਾ ਭਾਉ ਦੁਖਦਾਈ ਹੁੰਦਾ ਹੈ

੧. ਕਿਕਰ ਕੰਡੇ ਧਰੇਕ ਫਲ ਫਲੀਂ ਨ ਫਲਿਆ ਨਿਹਫਲ ਦੇਹੀ।
੨. ਰੰਗ ਬਿਰੰਗੀ ਦੁਹਾਂ ਫਲੁ ਦਾਖ ਨ ਗੁਛਾ ਕਪਟ ਸਨੇਹੀ।
੩. ਚਿਤਮਿਤਾਲਾ ਅਰਿੰਡ ਫਲੁ ਥੋਥੀ ਥੋਹਰਿ ਆਸ ਕਿਨੇਹੀ।
੪. ਰਤਾ ਫੁਲ ਨ ਮੁਲੁ ਅਢੁ ਨਿਹਫਲ ਸਿਮਲ ਛਾਂਵ ਜਿਵੇਹੀ।
੫. ਜਿਉ ਨਲੀਏਰ ਕਠੋਰ ਫਲੁ ਮੁਹੁ ਭੰਨੇ ਦੇ ਗਰੀ ਤਿਵੇਹੀ।

੬. ਸੂਤੁ ਕਪੂਤੁ ਸਪੂਤੁ ਦੂਤ ਕਾਲੇ ਧਉਲੇ ਤੂਤ ਇਵੇਹੀ।
੭. ਦੂਜਾ ਭਾਉ ਕੁਦਾਉ ਧਰੇਹੀ॥ ੨੧॥

ਪਦ ਅਰਥ - ਨਿਹਫਲ=ਵਿਅਰਥ। ਅਢੁ=ਅੱਧੀ ਕੌਡੀ।

ਅਰਥ - ੧. ਕਿੱਕਰਾਂ ਨੂੰ ਕੰਡੇ ਤੇ ਫਲੀਆਂ ਤੇ ਧਰੇਕ ਨੂੰ ਫਲ (ਧ੍ਰਿਕੋਨੇ) ਲੱਗਦੇ ਹਨ, ਪਰ ਦੋਹਾਂ ਦੇ ਫਲ ਫੁੱਲ ਵਿਅਰਥ ਹੀ ਹੁੰਦੇ ਹਨ, ਕਿਉਂਕਿ ਦੋਹਾਂ ਦੀਆਂ ਫਲੀਆਂ ਤੇ ਫਲ ਮਿੱਠੇ ਨਹੀਂ ਹੁੰਦੇ। ੨. ਦੋਹਾਂ ਨੂੰ ਰੰਗ ਬਰੰਗੇ ਫਲ ਲੱਗਦੇ ਹਨ, ਪਰ ਦਾਖ ਦੇ ਗੁੱਛੇ ਵਾਂਗੂੰ ਉਹ ਮਿੱਠੇ ਨਹੀਂ ਹੁੰਦੇ। ੩. ਇਰੰਡ ਦਾ ਫਲ ਵੀ ਚਿੱਤ੍ਰ ਮਿੱਤ੍ਰਾ ਹੁੰਦਾ ਹੈ, ਪਰ ਉਹ ਕੌੜਾ ਹੀ ਰਹਿੰਦਾ ਹੈ। ਖਾਲੀ ਥੋਹਰ ਦੇ ਬੂਟੇ ਤੋਂ ਚੰਗੇ ਫਲ ਦੀ ਆਸ ਕੀ ਕਰਨੀ ਹੈ। ੪. ਸਿੰਮਲ ਦਾ ਫਲ ਲਾਲ ਹੁੰਦਾ ਹੈ, ਪਰ ਉਸ ਦਾ ਮੁੱਲ ਅੱਧੀ ਕੌਡੀ ਵੀ ਨਹੀਂ ਪੈਂਦਾ, ਉਸ ਦੀ ਛਾਂ ਵੀ ਵਿਅਰਥ ਹੈ। ੫. ਜਿਵੇਂ ਨਲੇਰ ਦਾ ਫਲ ਕਠੋਰ ਹੁੰਦਾ ਹੈ, ਪਰ ਉਸ ਦਾ ਮੂੰਹ ਭੰਨੋ ਤਾਂ ਕਰੜੀ ਗਰੀ ਦਿੰਦਾ ਹੈ। ੬. ਜਿਵੇਂ ਤੂਤ ਕਾਲਾ ਤੇ ਚਿੱਟਾ ਹੋਣ ਕਰਕੇ ਦੋ ਸੁਆਦ ਦਿੰਦਾ ਹੈ, ਇਸੇ ਤਰ੍ਹਾਂ ਪੁੱਤਰ ਤੇ ਕਪੁੱਤਰ ਦੋਵੇਂ ਪੁੱਤਰ ਹੁੰਦੇ ਹਨ, ਪਰ ਸਪੁੱਤਰ ਸੁਖ ਦਿੰਦਾ ਹੈ ਤੇ ਕਪੁੱਤਰ ਤੋਂ ਦੁੱਖ ਹੀ ਮਿਲਦਾ ਹੈ। ੭. (ਇਸੇ ਤਰ੍ਹਾਂ ਦੂਜਾ ਭਾਵ ਧੁਰ ਤੋਂ ਹੀ ਕੁਦਾਉ (ਖੋਟਾ ਦਾਅ) ਚਲਿਆ ਆਉਂਦਾ ਹੈ॥ ੨੧॥

੨੨. ਗੁਰਮੁਖ ਜੁਗਤੀ ਨਾਲ ਮਨ ਨੂੰ ਵਸ ਕਰ ਲੈਂਦੇ ਹਨ

੧. ਜਿਉ ਮਣਿ ਕਾਲੇ ਸਪ ਸਿਰਿ ਹਸਿ ਹਸਿ ਰਸਿ ਰਸਿ ਦੇਇ ਨ ਜਾਣੈ।
੨. ਜਾਣੁ ਕਥੂਰੀ ਮਿਰਗ ਤਨਿ ਜੀਵਦਿਆਂ ਕਿਉਂ ਕੋਈ ਆਣੈ।
੩. ਆਰਣਿ ਲੋਹਾ ਤਾਈਐ ਘੜੀਐ ਜਿਉ ਵਗਦੇ ਵਾਦਾਣੈ।
੪. ਸੂਰਣੁ ਮਾਰਣਿ ਸਾਧੀਐ ਖਾਹਿ ਸਲਾਹਿ ਪੁਰਖ ਪਰਵਾਣੈ।
੫. ਪਾਨ ਸੁਪਾਰੀ ਕਥੁ ਮਿਲਿ ਚੂਨੇ ਰੰਗੁ ਸੁਰੰਗੁ ਸਿਞਾਣੈ।
੬. ਅਉਖਧੁ ਹੋਵੈ ਕਾਲਕੂਟੁ ਮਾਰਿ ਜੀਵਾਲਨਿ ਵੈਦ ਸੁਜਾਣੈ।
੭. ਮਨੁ ਪਾਰਾ ਗੁਰਮੁਖਿ ਵਸਿ ਆਣੈ॥ ੨੨॥ ੩੩॥

ਪਦ ਅਰਥ - ਹਸਿ ਹਸਿ=ਪ੍ਰਸੰਨ ਹੋ ਕੇ। ਕਥੂਰੀ=ਕਸਤੂਰੀ। ਆਰਣਿ=ਭੱਠੀ। ਵਾਦਾਣੈ=ਹਥੌੜਾ। ਸੂਰਣੁ=ਜ਼ਿਮੀਂਕੰਦ। ਮਾਰਣਿ=ਮਸਾਲੇ।

ਅਰਥ - ੧. ਜਿਵੇਂ ਕਾਲੇ ਸੱਪ ਦੇ ਸਿਰ ਵਿਚ ਮਣੀ ਹੁੰਦੀ ਹੈ, ਪਰ ਉਹ ਖੁਸ਼ੀ ਨਾਲ ਉਸ ਨੂੰ ਦੇਣਾ ਨਹੀਂ ਜਾਣਦਾ (ਉਸ ਨੂੰ ਮਾਰ ਕੇ ਹੀ ਮਣੀ ਮਿਲਦੀ ਹੈ)। ੨. ਹਰਨ ਦੀ ਨਾਭੀ ਵਿਚ ਕਸਤੂਰੀ ਹੁੰਦੀ ਹੈ, ਪਰ ਉਸ ਨੂੰ ਮਾਰਨ ਤੋਂ ਬਿਨਾਂ ਕੋਈ ਕਸਤੂਰੀ ਕਿਵੇਂ ਲੈ ਸਕਦਾ ਹੈ (ਭਾਵ ਉਹ ਮਰ ਕੇ ਹੀ ਕਸਤੂਰੀ ਦਿੰਦਾ ਹੈ)। ੩. ਲੋਹੇ ਨੂੰ ਭੱਠੀ ਵਿਚ ਤਾਈਦਾ ਹੈ, ਜਿਉਂ ਜਿਉਂ ਉਸ ਨੂੰ ਹਥੌੜੇ ਵਜਦੇ ਹਨ,

ਤਿਉਂ ਤਿਉਂ ਉਹ ਘੜਿਆ ਜਾਂਦਾ ਹੈ। ੪. ਜ਼ਿਮੀਂਕੰਦ ਨੂੰ ਮਸਾਲਿਆਂ ਨਾਲ ਬਣਾਈਦਾ ਹੈ, ਤਦ ਹੀ ਉਸ ਨੂੰ ਖਾਧਾ ਜਾਂਦਾ ਹੈ ਤੇ ਲੋਕ ਉਸ ਨੂੰ ਸਲਾਹੁੰਦੇ ਤੇ ਪ੍ਰਵਾਨ ਕਰਦੇ ਹਨ (ਕੱਚਾ ਸੰਘ ਨੂੰ ਸਾੜਦਾ ਹੈ)। ੫. ਪਾਨ ਦਾ ਪੱਤਾ ਸੁਪਾਰੀ, ਕੱਥਾ ਤੇ ਚੂਨੇ ਦੇ ਮਿਲਣ ਨਾਲ ਸੋਹਣਾ ਲਾਲ ਰੰਗ ਦਾ ਹੋ ਜਾਵੇ ਤਾਂ ਹੀ ਉਸ ਨੂੰ ਅਸਲੀ ਜਾਣੀਦਾ ਹੈ। ੬. ਜ਼ਹਿਰ ਉਂਞ ਤਾਂ ਮਨੁੱਖਾਂ ਨੂੰ ਮਾਰ ਦਿੰਦੀ ਹੈ, ਪਰ ਸਿਆਣੇ ਵੈਦ ਜਦੋਂ ਉਸ ਨੂੰ ਮਾਰ ਕੇ ਦਵਾਈ ਬਣਾ ਲੈਂਦੇ ਹਨ, ਫਿਰ ਉਹ ਮੋਇਆਂ ਨੂੰ ਜਿਵਾਉਣ ਵਾਲੀ ਹੋ ਜਾਂਦੀ ਹੈ। ੭. ਮਨ ਪਾਰੇ ਵਾਂਗੂੰ ਚੰਚਲ ਹੁੰਦਾ ਹੈ, ਪਰ ਗੁਰਮੁਖ ਸ਼ਬਦ ਰੂਪੀ ਬੂਟੀਆਂ ਨਾਲ ਉਸ ਨੂੰ ਮਾਰ ਕੇ ਵਸ ਵਿਚ ਕਰ ਲੈਂਦੇ ਹਨ॥ ੨੨॥ ੩੩॥

ਵਾਰ ੩੪

ੴ ਸਤਿਗੁਰ ਪ੍ਰਸਾਦਿ॥

੧. ਸੱਚੇ ਗੁਰੂ ਦੀ ਵਡਿਆਈ

੧. ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।
੨. ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।
੩. ਜੇਹਾ ਬੀਜੈ ਸੋ ਲੁਣੈ ਫਲੁ ਕਰਮ ਸਮ੍ਹਾਲਾ।
੪. ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।
੫. ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।
੬. ਸੇਵਕੁ ਦਰਗਹ ਸੁਰਖਰੂ ਵੇਮੁਖੁ ਮੁਹੁ ਕਾਲਾ॥ ੧॥

ਪਦ ਅਰਥ - ਅਗੰਮੁ=ਮਨ ਬਾਣੀ ਤੋਂ ਪਰੇ। ਨਿਰਾਲਾ=ਨਿਰਲੇਪ। ਲੁਣੈ=ਵਢਦਾ। ਆਰਸੀ=ਸ਼ੀਸ਼ਾ।

ਅਰਥ - ੧. ਸਤਿਗੁਰੂ ਪੁਰਖ (ਸ੍ਰੀ ਗੁਰੂ ਨਾਨਕ ਦੇਵ ਜੀ) ਅਗੰਮ, ਨਿਰਵੈਰ ਤੇ ਨਿਰਲੇਪ ਹਨ। ੨. ਸਤਿਗੁਰੂ ਦੀ ਬਣਾਈ ਸੱਚੀ ਧਰਮਸਾਲਾ ਨੂੰ ਧਰਮ ਦੀ ਧਰਤੀ ਜਾਣੋ। ੩. ਜਿਹੋ ਜਿਹਾ ਕੋਈ ਬੀਜਦਾ ਹੈ, ਉਹੋ ਜਿਹਾ ਹੀ ਵਢਦਾ ਹੈ, ਕਰਮਾਂ ਅਨੁਸਾਰ ਫਲ ਦੀ ਸੰਭਾਲ ਹੁੰਦੀ ਹੈ। ੪. ਜਿਵੇਂ ਨਿਰਮਲ ਸ਼ੀਸ਼ਾ ਹੁੰਦਾ ਹੈ, ਜਗਤ ਉਸ ਵਿਚ ਆਪਣਾ ਮੂੰਹ ਵੇਖਦਾ ਹੈ। ੫. ਜਿਹੋ ਜਿਹਾ ਕਿਸੇ ਦਾ ਮੂੰਹ ਹੁੰਦਾ ਹੈ, ਉਹੋ ਜਿਹਾ ਹੀ ਸ਼ੀਸ਼ੇ ਵਿਚੋਂ ਦਿਸਦਾ ਹੈ। ੬. ਪ੍ਰਭੂ ਦੀ ਦਰਗਾਹ ਵਿਚ ਸੇਵਕ ਇੱਜ਼ਤ ਪਾਉਂਦਾ ਹੈ ਤੇ ਵੇਮੁਖ (ਮਨਮੁਖ) ਦਾ ਮੂੰਹ ਕਾਲਾ ਹੁੰਦਾ ਹੈ॥ ੧॥

੨. ਗੁਰੂ ਤੋਂ ਬੇਮੁਖ ਨੂੰ ਮੁਕਤੀ ਨਹੀਂ ਮਿਲਦੀ

੧. ਜੋ ਗੁਰ ਗੋਪੈ ਆਪਣਾ ਕਿਉ ਸਿਝੈ ਚੇਲਾ।
੨. ਸੰਗਲੁ ਘਤਿ ਚਲਾਈਐ ਜਮ ਪੰਥਿ ਇਕੇਲਾ।
੩. ਲਹੈ ਸਜਾਈਂ ਨਰਕ ਵਿਚਿ ਉਹੁ ਖਰਾ ਦੁਹੇਲਾ।
੪. ਲਖ ਚਉਰਾਸੀਹ ਭਉਦਿਆਂ ਫਿਰਿ ਹੋਇ ਨ ਮੇਲਾ।
੫. ਜਨਮੁ ਪਦਾਰਥੁ ਹਾਰਿਆ ਜਿਉ ਜੂਏ ਖੇਲਾ।
੬. ਹਥ ਮਰੋੜੈ ਸਿਰੁ ਧੁਨੈ ਉਹੁ ਲਹੈ ਨ ਵੇਲਾ॥ ੨॥

ਪਦ ਅਰਥ - ਗੋਪੈ=ਲੁਕਾਵੇ। ਸਿਝੈ=ਮੁਕਤ ਹੋਣਾ। ਦੁਹੇਲਾ=ਦੁਖੀ।

ਅਰਥ - ੧. ਜਿਹੜਾ ਗੁਰੂ ਦਾ ਸਿੱਖ ਆਪਣੇ ਗੁਰੂ ਨੂੰ ਲੁਕਾਉਂਦਾ ਹੈ ਭਾਵ ਗੁਰੂ ਤੋਂ ਬੇਮੁਖ ਹੋ ਜਾਂਦਾ ਹੈ, ਉਹ ਕਿਸ ਤਰ੍ਹਾਂ ਮੁਕਤ ਹੋ ਸਕਦਾ ਹੈ ? (ਭਾਵ ਉਹ ਮੁਕਤ ਨਹੀਂ ਹੋਵੇਗਾ)। ੨. ਉਸ ਨੂੰ ਗਲ ਵਿਚ ਸੰਗਲ ਪਾਕੇ ਜਮ-ਮਾਰਗ ਵਿਚ ਇਕੱਲਾ ਹੀ ਤੋਰਿਆ ਜਾਵੇਗਾ। ੩. ਉਹ ਨਰਕਾਂ ਵਿਚ ਸਜ਼ਾ ਲੈਂਦਾ ਹੋਇਆ ਬਹੁਤ ਦੁਖੀ ਹੋਵੇਗਾ। ੪. (ਉਹ) ਨਰਕ ਵਿਚੋਂ ਨਿਕਲਕੇ ਫਿਰ ਚੌਰਾਸੀ ਲੱਖ ਜੂਨਾਂ ਦੇ ਚੱਕਰ ਵਿਚ ਪੈ ਜਾਂਦਾ ਹੈ ਤੇ ਉਸ ਦਾ ਗੁਰੂ ਨਾਲ ਮਿਲਾਪ ਨਹੀਂ ਹੁੰਦਾ। ੫. ਉਹ ਇਸ ਅਮੋਲਕ ਜਨਮ ਪਦਾਰਥ ਨੂੰ ਹਾਰ ਬੈਠਦਾ ਹੈ, ਜਿਵੇਂ ਜੁਆਰੀਆ ਜੂਏ ਵਿਚ ਸਭ ਕੁਛ ਹਾਰ ਜਾਂਦਾ ਹੈ। ੬. ਫਿਰ ਉਹ ਹੱਥਾਂ ਨੂੰ ਮਲੇਗਾ, ਸਿਰ ਧੁਣੇਗਾ, ਪਰ ਉਹ ਵੇਲਾ ਉਸ ਦੇ ਹੱਥ ਨਹੀਂ ਆਵੇਗਾ॥ ੨॥

ਭਾਵ— ਗੁਰੂ ਤੋਂ ਬੇਮੁਖ ਹੋਇਆ ਪ੍ਰਾਣੀ ਨਰਕਾਂ ਦੇ ਦੁੱਖ ਸਹੇਗਾ ਤੇ ਚੌਰਾਸੀ ਦੇ ਗੇੜ ਵਿਚ ਪਿਆ ਭਟਕੇਗਾ।

੩. ਬੇਮੁਖ ਲੋਕ-ਪਰਲੋਕ ਵਿਚ ਸ਼ਰਮਿੰਦਾ ਹੁੰਦਾ ਹੈ

੧. ਆਪਿ ਨ ਵੰਞੈ ਸਾਹੁਰੇ ਸਿਖ ਲੋਕ ਸੁਣਾਵੈ।
੨. ਕੰਤ ਨ ਪੁਛੈ ਵਾਤੜੀ ਸੁਹਾਗੁ ਗਣਾਵੈ।
੩. ਚੂਹਾ ਖਡ ਨ ਮਾਵਈ ਲਕਿ ਛਜੁ ਵਲਾਵੈ।
੪. ਮੰਤੁ ਨ ਹੋਇ ਅਠੂਹਿਆਂ ਹਥੁ ਸਪੀਂ ਪਾਵੈ।
੫. ਸਰੁ ਸੰਨ੍ਹੈ ਆਗਾਸ ਨੋ ਫਿਰਿ ਮਥੈ ਆਵੈ।
੬. ਦੂਹੀ ਸਰਾਈਂ ਜਰਦਰੂ ਬੇਮੁਖ ਪਛੁਤਾਵੈ॥ ੩॥

ਪਦ ਅਰਥ - ਨ ਵੰਞੈ=ਨਹੀਂ ਜਾਂਦੀ। ਸਿਖ=ਸਿੱਖਿਆ। ਕੰਤ=ਪਤੀ। ਮੰਤੁ=ਮੰਤ੍ਰ। ਸਰੁ=ਤੀਰ। ਜਰਦਰੂ=ਸ਼ਰਮਿੰਦਾ। ਦੁਹੀ ਸਰਾਈਂ=ਲੋਕ ਤੇ ਪਰਲੋਕ।

ਅਰਥ - ੧. (ਵਹੁਟੀ) ਆਪ ਤਾਂ ਸਹੁਰੇ ਘਰ ਜਾਂਦੀ ਨਹੀਂ ਤੇ ਲੋਕਾਂ ਨੂੰ ਸਿੱਖਿਆ ਸੁਣਾਉਂਦੀ ਹੈ। ੨. (ਇਹੋ ਜਿਹੀ ਪਤਨੀ ਨਾਲ) ਪਤੀ ਤਾਂ ਗੱਲ ਨਹੀਂ ਕਰਦਾ, ਪਰ ਉਹ ਆਪਣੇ ਆਪ ਨੂੰ ਸੁਹਾਗਣ ਗਿਣਦੀ ਹੈ। ੩. ਚੂਹਾ ਖੁੱਡ ਵਿਚ ਆਪ ਤਾਂ ਮਿਉਂਦਾ ਨਹੀਂ, ਪਰ ਲੱਕ ਨਾਲ ਛੱਜ ਬੰਨ੍ਹੀ ਫਿਰਦਾ ਹੈ। ੪. ਮੰਤਰ ਤਾਂ ਬਿਛੂਆਂ ਦਾ ਨਹੀਂ ਜਾਣਦਾ, ਪਰ ਹੱਥ ਸੱਪਾਂ ਨੂੰ ਪਾਉਂਦਾ ਹੈ। ੫. (ਜਿਹੜਾ ਮਨੁੱਖ) ਆਕਾਸ਼ ਨੂੰ ਤੀਰ ਮਾਰਦਾ ਹੈ, ਉਹ ਤੀਰ ਉਸ ਦੇ ਮੱਥੇ ਵੱਲ ਆਉਂਦਾ ਹੈ। ੬. (ਗੁਰੂ ਤੋਂ ਬੇਮੁਖ) ਲੋਕ ਤੇ ਪਰਲੋਕ ਵਿਚ ਸ਼ਰਮਿੰਦਾ ਹੋ ਕੇ ਪਛਤਾਉਂਦਾ ਹੈ॥ ੩॥

ਭਾਵ—ਜਿਹੜਾ ਪੁਰਸ਼ "ਅਵਰ ਉਪਦੇਸੈ ਆਪਿ ਨ ਕਰੈ॥" (ਉਹ) "ਆਵਤ ਜਾਵਤ ਜਨਮੈ ਮਰੈ।"

੪. ਮਨਮੁਖ ਜਮ ਦੀਆਂ ਚੋਟਾਂ ਸਹਿੰਦਾ ਹੈ

੧. ਰਤਨ ਮਣੀ ਗਲਿ ਬਾਂਦਰੈ ਕਿਹੁ ਕੀਮ ਨ ਜਾਣੈ।
੨. ਕੜਛੀ ਸਾਉ ਨ ਸੰਮ੍ਹਲੈ ਭੋਜਨ ਰਸੁ ਖਾਣੈ।
੩. ਡਡੂ ਚਿਕੜਿ ਵਾਸੁ ਹੈ ਕਵਲੈ ਨ ਸਿਵਾਣੈ।
੪. ਨਾਭਿ ਕਥੂਰੀ ਮਿਰਗ ਦੈ ਫਿਰਦਾ ਹੈਰਾਣੈ।
੫. ਗੁਜਰੁ ਗੋਰਸੁ ਵੇਚਿ ਕੈ ਖਲਿ ਸੂੜੀ ਆਣੈ।
੬. ਬੇਮੁਖ ਮੂਲਹੁ ਘੁਥਿਆ ਦੁਖ ਸਹੈ ਜਮਾਣੈ॥ ੪॥

ਪਦ ਅਰਥ - ਕੀਮ=ਕੀਮਤ। ਸਾਉ=ਸੁਆਦ। ਗੋਰਸੁ=ਦੁੱਧ। ਸੂੜੀ=ਛਾਣ ਬੂਰਾ। ਜਮਾਣੈ=ਜਮਾਂ ਦੇ।

ਅਰਥ - ੧. ਬਾਂਦਰ ਦੇ ਗਲ ਵਿਚ ਰਤਨ ਤੇ ਮਣੀਆਂ ਪਾ ਦੇਈਏ ਤਾਂ ਉਹ ਉਹਨਾਂ ਦੇ ਮੁੱਲ ਨੂੰ ਨਹੀਂ ਜਾਣਦਾ। ੨. ਕੜਛੀ (ਖਾਣੇ ਦੇ) ਸੁਆਦ ਨੂੰ ਨਹੀਂ ਜਾਣਦੀ, ਭਾਵੇਂ ਕਈ ਤਰ੍ਹਾਂ ਦੇ ਭੋਜਨਾਂ ਵਿਚ ਉਹ ਫਿਰਦੀ ਹੈ। ੩. ਡੱਡੂ ਦਾ ਚਿੱਕੜ ਵਿਚ ਵਾਸਾ ਹੁੰਦਾ ਹੈ, ਪਰ ਉਹ ਕੌਲ ਫੁੱਲ ਨੂੰ ਨਹੀਂ ਸਿਵਾਣਦਾ। ੪. ਹਰਨ ਦੀ ਨਾਭੀ (ਧੁੰਨੀ) ਵਿਚ ਕਸਤੂਰੀ ਹੁੰਦੀ ਹੈ, ਪਰ ਉਹ ਉਸ ਨੂੰ ਬਾਹਰੋਂ ਲਭਦਾ ਹੈਰਾਨ ਹੋਇਆ ਫਿਰਦਾ ਹੈ। ੫. ਗੁੱਜਰ ਦੁੱਧ ਵੇਚ ਕੇ ਖਲ ਤੇ ਸੂੜੀ (ਛਾਣ ਬੂਰਾ) ਲੈ ਆਉਂਦਾ ਹੈ। ੬. (ਇਸੇ ਤਰ੍ਹਾਂ ਅਗਿਆਨਤਾ ਕਰਕੇ) ਬੇਮੁਖ ਪੁਰਸ਼ ਆਪਣੇ ਅਸਲੇ ਤੋਂ ਖੁੰਝਿਆ ਜਮਾਂ ਦੀਆਂ ਚੋਟਾਂ ਸਹਾਰਦਾ ਹੈ॥ ੪॥

ਭਾਵ—ਮਨਮੁਖ ਜਗਤ ਦੇ ਪਦਾਰਥਾਂ ਨੂੰ ਸਤਿ ਜਾਣ ਕੇ ਇਸ ਵਿਚ ਭਟਕਦਾ ਰਹਿੰਦਾ ਹੈ ਤੇ ਅੰਤ ਨੂੰ ਨਰਕਾਂ ਦੇ ਦੁੱਖ ਸਹਿੰਦਾ ਹੈ।

੫. ਬੇਮੁਖ ਸਦਾ ਦੁਖੀ ਰਹਿੰਦਾ ਹੈ

੧. ਸਾਵਣਿ ਵਣਿ ਹਰੀਆਵਲੇ ਸੁਕੈ ਜਾਵਾਹਾ।
੨. ਸਭ ਕੋ ਸਰਸਾ ਵਰਸਦੈ ਝੂਰੈ ਜੋਲਾਹਾ।
੩. ਸਭਨਾ ਰਾਤਿ ਮਿਲਾਵੜਾ ਚਕਵੀ ਦੋਰਾਹਾ।
੪. ਸੰਖੁ ਸਮੁੰਦਹੁ ਸਖਣਾ ਰੋਵੈ ਦੇ ਧਾਹਾ।
੫. ਰਾਹਹੁ ਉਝੜਿ ਜੋ ਪਵੈ ਮੁਸੈ ਦੇ ਫਾਹਾ।
੬. ਤਿਉਂ ਜਗ ਅੰਦਰਿ ਬੇਮੁਖਾਂ ਨਿਤ ਉਭੇ ਸਾਹਾ॥ ੫॥

ਪਦ ਅਰਥ - ਹਰੀਆਵਲੇ=ਹਰੇ। ਸਰਸਾ=ਖੁਸ਼। ਦੋਰਾਹਾ=ਵਿਛੋੜਾ। ਮੁਸੈ=ਲੁਟਿਆ ਜਾਂਦਾ ਹੈ।

ਅਰਥ - ੧. ਸਾਵਣ ਦੇ ਮਹੀਨੇ ਵਿਚ ਬਾਰਸ਼ ਹੋਣ ਨਾਲ ਸਭ ਬਨਸਪਤੀ ਹਰੀ ਹੁੰਦੀ ਹੈ, ਪਰ ਜਵਾਹਾਂ ਦਾ ਬੂਟਾ ਸੁੱਕ ਜਾਂਦਾ ਹੈ। ੨. ਮੀਂਹ ਵਸਣ ਨਾਲ ਹਰ ਇਕ ਜੀਵ ਖੁਸ਼ ਹੁੰਦਾ ਹੈ, ਪਰ ਜੁਲਾਹਾ (ਆਪਣੀ ਤਾਣੀ ਦੀ ਚਿੰਤਾ ਕਰਕੇ) ਝੂਰਦਾ ਹੈ। ੩. ਰਾਤ ਨੂੰ ਸਭ ਜੀਵਾਂ ਦਾ ਆਪੋ ਆਪਣੇ ਘਰਾਂ ਵਿਚ ਮਿਲਾਪ ਹੁੰਦਾ ਹੈ, ਪਰ ਚਕਵੀ ਨੂੰ ਵਿਛੋੜਾ ਪੈ ਜਾਂਦਾ ਹੈ। ੪. ਸੰਖ ਸਮੁੰਦਰ ਵਿਚੋਂ ਸਖਣਾ (ਖਾਲੀ) ਨਿਕਲਦਾ ਹੈ, ਉਹ ਦੋਵੇਂ ਵੇਲੇ ਧਾਹਾਂ ਮਾਰ ਮਾਰ ਕੇ ਰੋਂਦਾ ਹੈ। ੫. ਸਹੀ ਰਸਤੇ ਨੂੰ ਛੱਡ ਕੇ ਜਿਹੜਾ ਮਨੁੱਖ ਕੁਰਾਹੇ ਪੈਂਦਾ ਹੈ, ਉਸ ਨੂੰ ਚੋਰ ਫੜ ਕੇ ਉਸ ਦੇ ਗਲ ਵਿਚ ਫਾਹੀ ਪਾ ਕੇ ਲੁੱਟ ਲੈਂਦੇ ਹਨ। ੬. ਇਸੇ ਤਰ੍ਹਾਂ ਜਗਤ ਵਿਚ ਬੇਮੁਖ ਸਦਾ ਉਭੇ ਸਾਹ ਲੈਂਦਾ ਹੈ (ਭਾਵ ਹਮੇਸ਼ਾਂ ਦੁਖੀ ਰਹਿੰਦਾ ਹੈ)॥ ੫॥

ਭਾਵ—ਬੇਮੁੱਖ ਨੂੰ ਸੱਚ ਨਹੀਂ ਭਾਉਂਦਾ, ਉਹ ਝੂਠੇ ਵਿਹਾਰਾਂ ਵਿਚ ਪਿਆ ਦੁੱਖ ਸਹਿੰਦਾ ਹੈ।

੬. ਬੇਮੁਖ ਛੁੱਟੜ ਇਸਤ੍ਰੀ ਵਾਂਗੂੰ ਦੁਖੀ ਰਹਿੰਦਾ ਹੈ

੧. ਗਿਦੜ ਦਾਖ ਨ ਅਪੜੈ ਆਖੈ ਥੂਹ ਕਉੜੀ।
੨. ਨਚਣੁ ਨਚਿ ਨ ਜਾਣਈ ਆਖੈ ਭੁਇ ਸਉੜੀ।
੩. ਬੋਲੈ ਅਗੈ ਗਾਵੀਐ ਭੈਰਉ ਸੋ ਗਉੜੀ।
੪. ਹੰਸਾਂ ਨਾਲਿ ਟਟੀਹਰੀ ਕਿਉ ਪਹੁਚੈ ਦਉੜੀ।
੫. ਸਾਵਣਿ ਵਣਿ ਹਰੀਆਵਲੇ ਅਕੁ ਜੰਮੈ ਅਉੜੀ।
੬. ਬੇਮੁਖ ਸੁਖੁ ਨ ਦੇਖਈ ਜਿਉ ਛੁਟੜਿ ਛਉੜੀ॥ ੬॥

ਪਦ ਅਰਥ - ਭੁਇ ਸਉੜੀ=ਥਾਂ ਭੀੜੀ। ਅਉੜੀ=ਔੜ। ਛਉੜੀ=ਛੱਡੀ ਹੋਈ।

ਅਰਥ - ੧. (ਜਦੋਂ) ਗਿੱਦੜ ਦਾ ਦਾਖਾਂ ਦੇ ਗੁੱਛੇ ਤਕ ਹੱਥ ਨਹੀਂ ਪਹੁੰਚਦਾ ਤਾਂ ਉਹ ਥੂ ਥੂ ਕਰਦਾ ਹੈ ਤੇ ਕਹਿੰਦਾ ਹੈ ਕਿ ਇਹ ਦਾਖ ਕੌੜੀ ਹੈ। ੨. ਨੱਚਣ ਵਾਲੀ ਨੱਚਣਾ ਤਾਂ ਜਾਣਦੀ ਨਹੀਂ ਤੇ ਕਹਿੰਦੀ ਹੈ ਕਿ ਇਹ ਜਗ੍ਹਾ ਨੱਚਣ ਲਈ ਸਉੜੀ (ਤੰਗ) ਹੈ। ੩. ਬੋਲੇ ਅੱਗੇ ਜੇ ਰਾਗ ਗਾਈਏ ਤਾਂ ਉਸ ਲਈ ਭੈਰਉ ਤੇ ਗਉੜੀ ਇਕੋ ਜਿਹੇ ਹਨ (ਕਿਉਂਕਿ ਉਹ ਕੁਛ ਸੁਣਦਾ ਤਾਂ ਹੈ ਨਹੀਂ)। ੪. ਹੰਸਾਂ ਨਾਲ ਟਟੀਹਰੀ (ਨਿੱਕੀ ਗੁਟਾਰ) ਦੌੜਕੇ ਕਿਵੇਂ (ਬਰਾਬਰ) ਪਹੁੰਚੇਗੀ। ੫. ਸਾਵਣ ਵਿਚ ਸਾਰੇ ਬ੍ਰਿਛ ਹਰੇ ਹੁੰਦੇ ਹਨ, ਪਰ ਅੱਕ ਔੜ ਵਿਚ ਹੀ ਉੱਗਦਾ ਹੈ। ੬. ਬੇਮੁਖ ਮਨੁੱਖ (ਆਪਣੇ ਕਰਮਾਂ ਕਰਕੇ) ਸੁਖ ਨਹੀਂ ਪਾਉਂਦਾ, ਜਿਵੇਂ ਛੁੱਟੜ ਇਸਤ੍ਰੀ ਦੁਖੀ ਹੁੰਦੀ ਹੈ (ਸੁਖ ਨਹੀਂ ਪਾਉਂਦੀ)॥ ੬॥

ਭਾਵ—ਮਨਮੁਖ ਆਪ ਭੈੜੇ ਹੁੰਦੇ ਹਨ, ਪਰ ਦੋਸ਼ ਭਲੇ ਪੁਰਸ਼ਾਂ ਨੂੰ ਦਿੰਦੇ ਹਨ ਕਿ ਉਹਨਾਂ ਦਾ ਮਾਰਗ ਠੀਕ ਨਹੀਂ।

੭. ਬੇਮੁਖ ਦੇ ਸੰਗ ਨਾਲ ਦੁੱਖ ਮਿਲਦਾ ਹੈ

੧. ਭੇਡੈ ਪੂਛਲਿ ਲਗਿਆਂ ਕਿਉ ਪਾਰਿ ਲੰਘੀਐ।
੨. ਭੂਤੈ ਕੇਰੀ ਦੋਸਤੀ ਨਿਤ ਸਹਸਾ ਜੀਐ।
੩. ਨਦੀ ਕਿਨਾਰੈ ਰੁਖੜਾ ਵੇਸਾਹੁ ਨ ਕੀਐ।
੪. ਮਿਰਤਕ ਨਾਲਿ ਵੀਵਾਹੀਐ ਸੋਹਾਗੁ ਨ ਥੀਐ।
੫. ਵਿਸੁ ਹਲਾਹਲ ਬੀਜਿ ਕੈ ਕਿਉ ਅਮਿਉ ਲਹੀਐ।
੬. ਬੇਮੁਖ ਸੇਤੀ ਪਿਰਹੜੀ ਜਮ ਡੰਡੁ ਸਹੀਐ॥ ੭॥

ਪਦ ਅਰਥ - ਸਹਸਾ=ਸੰਸਾ। ਵੇਸਾਹੁ=ਇਤਬਾਰ। ਮਿਰਤਕ=ਮੁਰਦੇ। ਹਲਾਹਲ=ਜ਼ਹਿਰ। ਅਮਿਉ=ਅੰਮ੍ਰਿਤ। ਪਿਰਹੜੀ=ਪ੍ਰੀਤ।

ਅਰਥ - ੧. ਭੇਡ ਦੀ ਪੂਛ ਫੜ ਕੇ ਕੋਈ ਨਦੀ ਨੂੰ ਕਿਵੇਂ ਪਾਰ ਕਰ ਸਕਦਾ ਹੈ (ਭਾਵ ਕੋਈ ਵੀ ਨਦੀ ਤੋਂ ਪਾਰ ਨਹੀਂ ਹੋ ਸਕਦਾ)। ੨. ਭੂਤ ਦੀ ਦੋਸਤੀ ਨਾਲ ਜੀਅ ਨੂੰ ਸਦਾ ਸੰਸਾ ਹੀ ਲੱਗਾ ਰਹਿੰਦਾ ਹੈ (ਕਿ ਪਤਾ ਨਹੀਂ ਕਦੋਂ ਮਾਰ ਦੇਵੇ)। ੩. ਨਦੀ ਦੇ ਕੰਢੇ ਵਾਲੇ ਬ੍ਰਿਛ ਦਾ ਵੀ ਕੋਈ ਭਰੋਸਾ ਨਹੀਂ ਹੁੰਦਾ (ਕਿ ਕਦੋਂ ਡਿੱਗ ਪਵੇਗਾ)। ੪. ਮੁਰਦੇ ਨਾਲ ਵਿਆਹ ਕਰਨ ਵਾਲੀ ਇਸਤ੍ਰੀ ਸੁਹਾਗਣ ਨਹੀਂ ਹੁੰਦੀ। ੫. ਕੌੜੀ ਜ਼ਹਿਰ ਬੀਜ ਕੇ ਅੰਮ੍ਰਿਤ-ਫਲ ਕਿਵੇਂ ਮਿਲ ਸਕਦੇ ਹਨ (ਭਾਵ ਜ਼ਹਿਰ ਬੀਜਣ ਨਾਲ ਜ਼ਹਿਰ ਹੀ ਮਿਲੇਗਾ)। ੬. ਬੇਮੁਖ (ਮਨਮੁਖ) ਨਾਲ ਪ੍ਰੀਤ ਕੀਤਿਆਂ ਜਮ ਦਾ ਡੰਡ ਹੀ ਸਹੀਦਾ ਹੈ॥ ੭॥

ਭਾਵ—ਬੇਮੁਖ (ਖੋਟੇ ਪੁਰਸ਼) ਦੀ ਸੰਗਤ ਕਰਨ ਨਾਲ ਦੁੱਖ ਹੀ ਪ੍ਰਾਪਤ ਹੁੰਦਾ ਹੈ।

੮. ਬੇਮੁਖ ਇਲਮ (ਗਿਆਨ) ਨਹੀਂ ਸਿੱਖਦਾ

੧. ਕੋਰੜੁ ਮੋਠੁ ਨ ਰਿਝਈ ਕਰਿ ਅਗਨੀ ਜੋਸੁ।

੨. ਸਹਸ ਫਲਹੁ ਇਕੁ ਵਿਗੜੈ ਤਰਵਰ ਕੀ ਦੋਸੁ।
੩. ਟਿਬੈ ਨੀਰੁ ਨ ਠਾਹਰੈ ਘਣਿ ਵਰਸਿ ਗਇਓਸੁ।
੪. ਵਿਣੁ ਸੰਜਮਿ ਰੋਗੀ ਮਰੈ ਚਿਤਿ ਵੈਦ ਨ ਰੋਸੁ।
੫ ਅਵਿਆਵਰ ਨ ਵਿਆਵਈ ਮਸਤਕਿ ਲਿਖਿਓਸੁ।
੬. ਬੇਮੁਖ ਪੜ੍ਹੈ ਨ ਇਲਮ ਜਿਉਂ ਅਵਗੁਣ ਸਭਿ ਓਸੁ॥ ੮॥

ਪਦ ਅਰਥ - ਕੋਰੜੁ=ਕਰੜਾ। ਜੋਸੁ=ਉਬਾਲਾ। ਸਹਸ ਫਲਹੁ=ਹਜ਼ਾਰਾਂ ਫਲਾਂ ਵਿਚੋਂ। ਤਰਵਰ=ਬ੍ਰਿਛ। ਸੰਜਮਿ=ਪ੍ਰਹੇਜ਼। ਅਵਿਆਵਰ=ਬਾਂਝ ਇਸਤਰੀ।

ਅਰਥ - ੧. ਭਾਵੇਂ ਕਿੰਨੀ ਅੱਗ ਬਾਲ ਬਾਲ ਕੇ ਉਬਾਲੇ ਦਿਓ, ਪਰ ਕੋਰੜ (ਕਰੜਾ) ਮੋਠ ਦਾ ਦਾਣਾ ਨਹੀਂ ਰਿੱਝਦਾ। ੨. ਹਜ਼ਾਰਾਂ ਫਲਾਂ ਵਿਚੋਂ ਜੇ ਇਕ ਫਲ ਖਰਾਬ ਹੋ ਜਾਵੇ ਤਾਂ ਇਸ ਵਿਚ ਬ੍ਰਿਛ ਦਾ ਕੀ ਦੋਸ਼ ਹੈ ? ੩. ਭਾਵੇਂ ਕਿੰਨਾ ਮੀਂਹ ਵਸੇ, ਪਰ ਟਿੱਬਿਆਂ (ਉੱਚੀਆਂ ਥਾਵਾਂ) 'ਤੇ ਪਾਣੀ ਨਹੀਂ ਠਹਿਰਦਾ। ੪. ਪੱਥ ਪ੍ਰਹੇਜ਼ ਰੱਖਣ ਤੋਂ ਬਿਨਾਂ ਜੇ ਰੋਗੀ ਮਰ ਜਾਏ ਤਾਂ ਵੈਦ ਤੇ ਗੁੱਸਾ ਨਹੀਂ ਕਰਨਾ ਚਾਹੀਦਾ। ੫. ਬਾਂਝ ਇਸਤ੍ਰੀ ਜੋ ਬਾਲ ਨਹੀਂ ਜੰਮਦੀ (ਤਾਂ ਇਸ ਵਿਚ ਉਸ 'ਦੇ ਪਤੀ ਦਾ ਕੀ ਦੋਸ਼ ਹੈ ?) ਉਸ ਦੇ ਮੱਥੇ ਦੇ ਲੇਖ ਹੀ ਐਸੇ ਲਿਖੇ ਹੁੰਦੇ ਹਨ। ੬. ਬੇਮੁਖ ਮਨੁੱਖ ਇਲਮ (ਗਿਆਨ) ਨਹੀਂ ਪੜ੍ਹਦਾ, ਇਹ ਸਾਰੇ ਔਗੁਣ ਉਸ ਦੇ ਆਪਣੇ ਹੀ ਹੁੰਦੇ ਹਨ (ਇਸ ਵਿਚ ਕਿਸੇ ਹੋਰ ਦਾ ਕੋਈ ਦੋਸ਼ ਨਹੀਂ ਹੁੰਦਾ)॥ ੮॥

੯. ਬੇਮੁਖ ਦੀ ਕਰਨੀ ਖੋਟੀ ਹੁੰਦੀ ਹੈ

੧. ਅੰਨ੍ਹੈ ਚੰਦੁ ਨ ਦਿਸਈ ਜਗਿ ਜੋਤਿ ਸਬਾਈ।
੨. ਬੋਲਾ ਰਾਗੁ ਨ ਸਮਝਈ ਕਿਹੁ ਘਟਿ ਨ ਜਾਈ।
੩. ਵਾਸੁ ਨ ਆਵੈ ਗੁਣਗੁਣੈ ਪਰਮਲੁ ਮਹਿਕਾਈ।
੪. ਗੁੰਗੇ ਜੀਵ ਨ ਉਘੜੈ ਸਭਿ ਸਬਦਿ ਸੁਹਾਈ।
੫. ਸਤਿਗੁਰੁ ਸਾਗਰੁ ਸੇਵਿ ਕੈ ਨਿਧਿ ਸਭਨਾਂ ਪਾਈ।
੬. ਬੇਮੁਖ ਹਥਿ ਘਘੂਟਿਆਂ ਤਿਸੁ ਦੋਸੁ ਕਮਾਈ॥ ੯॥

ਪਦ ਅਰਥ - ਘਟਿ ਨ=ਘਟਦਾ ਨਹੀਂ। ਵਾਸੁ=ਸੁਗੰਧੀ। ਪਰਮਲੁ=ਚੰਦਨ। ਸਭਿ=ਸਭਨਾਂ ਨੂੰ।

ਅਰਥ - ੧. ਚੰਦਰਮਾਂ ਦਾ ਪ੍ਰਕਾਸ਼ ਸਾਰੇ ਸੰਸਾਰ ਵਿਚ ਪਸਰਿਆ ਹੁੰਦਾ ਹੈ, ਪਰ ਅੰਨ੍ਹੇ ਨੂੰ ਚੰਦਰਮਾਂ ਨਜ਼ਰ ਨਹੀਂ ਆਉਂਦਾ। ੨. ਜੇਕਰ ਬੋਲਾ ਰਾਗ ਨੂੰ ਨਹੀਂ (ਸੁਣਦਾ) ਜਾਂ ਸਮਝਦਾ ਤਾਂ ਰਾਗ ਦਾ ਕੁਛ ਘੱਟ ਨਹੀਂ ਜਾਂਦਾ। ੩. ਭਾਵੇਂ ਚੰਦਨ ਦੀ ਵਾਸ਼ਨਾ ਕਿੰਨੀ ਮਹਿਕ ਰਹੀ ਹੋਵੇ, ਪਰ ਗੁਣਗੁਣੇ ਨੂੰ ਵਾਸ਼ਨਾ ਨਹੀਂ ਆਉਂਦੀ। ੪. ਗੁੰਗੇ ਦੀ ਜੀਭ ਨਹੀਂ ਉਘੜਦੀ (ਖੁਲ੍ਹਦੀ), ਭਾਵੇਂ ਸਤਿਗੁਰਾਂ ਦਾ ਸ਼ਬਦ ਸਾਰਿਆਂ ਨੂੰ ਸੁਭਾਇਮਾਨ

ਕਰ ਰਿਹਾ ਹੁੰਦਾ ਹੈ। ੫. ਸ਼ਰਧਾਲੂਆਂ ਨੇ ਸਤਿਗੁਰੂ ਰੂਪ ਸਾਗਰ ਦੀ ਸੇਵਾ ਕਰਕੇ ਸਤ, ਸੰਤੋਖ, ਦਇਆ, ਧਰਮ ਆਦਿ ਸਤਿ ਪਦਾਰਥਾਂ ਦੇ ਖਜ਼ਾਨੇ ਪ੍ਰਾਪਤ ਕਰ ਲਏ ਹਨ। ੬. (ਪਰ) ਬੇਮੁੱਖਾਂ ਦੇ ਹੱਥ ਘੋਘੇ ਹੀ ਆਉਂਦੇ ਹਨ, (ਕਿਉਂਕਿ ਉਹ ਮੰਦੇ ਕਰਮਾਂ ਵਿਚ ਹੀ ਲੱਗੇ ਰਹਿੰਦੇ ਹਨ), ਇਹ ਉਹਨਾਂ ਦੀ (ਮੰਦੀ) ਕਮਾਈ ਦਾ ਦੋਸ਼ ਹੈ॥ ੯॥

ਭਾਵ— ਮਨਮੁਖ ਆਪਣੇ ਮੰਦੇ ਕਰਮਾਂ ਕਰਕੇ ਸਤਿਗੁਰੂ ਦੀ ਮਿਹਰ ਤੋਂ ਖਾਲੀ ਰਹਿੰਦੇ ਹਨ।

੧੦. ਬੇਮੁਖ ਦੇ ਮੱਥੇ ਦਾ ਲੇਖ ਕੋਈ ਨਹੀਂ ਮਿਟਾ ਸਕਦਾ

੧. ਰਤਨ ਉਪੰਨੇ ਸਾਇਰਹੁ ਭੀ ਪਾਣੀ ਖਾਰਾ।
੨. ਸੁਝਹੁ ਸੁਝਨਿ ਤਿਨਿ ਲੋਅ ਅਉਲੰਗੁ ਵਿਚਿਕਾਰਾ।
੩. ਧਰਤੀ ਉਪਜੈ ਅੰਨੁ ਧਨੁ ਵਿਚਿ ਕਲਰੁ ਭਾਰਾ।
੪. ਈਸਰੁ ਤੁਸੈ ਹੋਰਨਾ ਘਰਿ ਖਪਰੁ ਛਾਰਾ।
੫. ਜਿਉਂ ਹਣਵੰਤਿ ਕਛੋਟੜਾ ਕਿਆ ਕਰੈ ਵਿਚਾਰਾ।
੬. ਬੇਮੁਖ ਮਸਤਕਿ ਲਿਖਿਆ ਕਉਣੁ ਮੇਟਣਹਾਰਾ॥ ੧੦॥

ਪਦ ਅਰਥ - ਸਾਇਰਹੁ=ਸਮੁੰਦਰ ਵਿਚੋਂ। ਸੁਝਹੁ=ਚੰਦਰਮਾਂ ਤੋਂ। ਤਿਨਿ ਲੋਅ=ਤਿੰਨ ਲੋਕ। ਅਉਲੰਗੁ=ਕਲੰਕ (ਕਾਲਖ)। ਈਸਰੁ=ਸ਼ਿਵ ਜੀ। ਹਣਵੰਤਿ=ਹਨੂੰਮਾਨ। ਕਛੋਟੜਾ=ਕੱਛ।

ਅਰਥ - ੧. ਸਮੁੰਦਰ ਵਿਚੋਂ ਚੋਦਾਂ ਰਤਨ ਨਿਕਲੇ ਹਨ, ਪਰ ਪਾਣੀ ਉਸ ਦਾ ਖਾਰਾ ਹੀ ਰਿਹਾ। ੨. ਚੰਦਰਮਾਂ ਦੇ ਚੜ੍ਹਨ ਨਾਲ ਤਿੰਨੇ ਲੋਕ (ਸਾਰਾ ਸੰਸਾਰ) ਦਿਸਦੇ ਹਨ, ਪਰ ਉਸ ਨੂੰ ਕਾਲਖ ਦਾ ਕਲੰਕ ਲੱਗਾ ਹੋਇਆ ਹੈ। ੩. ਧਰਤੀ ਵਿਚੋਂ ਬੇਅੰਤ ਅੰਨ ਧਨ ਹੁੰਦਾ ਹੈ, ਪਰ ਉਸ ਵਿਚ ਕੱਲਰ ਵੀ ਬੜਾ ਹੁੰਦਾ ਹੈ। ੪. ਸ਼ਿਵ ਜੀ ਹੋਰਨਾਂ 'ਤੇ ਪ੍ਰਸੰਨ ਹੋ ਕੇ ਵਰ ਬਖਸ਼ਦਾ ਹੈ ਪਰ ਉਸ ਦੇ ਆਪਣੇ ਘਰ ਖੱਪਰ ਤੇ ਸੁਆਹ ਹੀ ਹੁੰਦੀ ਹੈ। ੫. ਜਿਵੇਂ ਹਨੂੰਮਾਨ ਨੇ ਸ੍ਰੀ ਰਾਮ ਚੰਦਰ ਜੀ ਦੇ ਬੜੇ ਵੱਡੇ ਵੱਡੇ ਕੰਮ ਕੀਤੇ, ਪਰ ਬਖਸ਼ਿਸ਼ ਵਿਚ ਉਸ ਨੂੰ ਕੱਛ ਹੀ ਮਿਲੀ। ਉਹ ਵਿਚਾਰਾ ਕੀ ਕਰਦਾ (ਕਿਉਂਕਿ ਉਸ ਦੇ ਕਰਮਾਂ ਵਿਚ ਹੀ ਇਹੋ ਕੁਝ ਲਿਖਿਆ ਹੋਇਆ ਸੀ)। ੬. (ਇਸੇ ਤਰ੍ਹਾਂ) ਬੇਮੁਖ ਦੇ ਮੱਥੇ 'ਤੇ ਜੋ ਮੰਦੇ ਲੇਖ ਲਿਖੇ ਹਨ, ਉਸ ਨੂੰ ਮਿਟਾਉਣ ਵਾਲਾ ਕੌਣ ਹੈ ?॥ ੧੦॥

ਭਾਵ—ਬੇਮੁਖ ਦੇ ਲਿਖੇ ਲੇਖਾਂ ਨੂੰ ਕੋਈ ਨਹੀਂ ਮਿਟਾ ਸਕਦਾ, ਹਾਂ, ਜੇ ਉਹ ਸਤਿਗੁਰੂ ਦੀ ਸ਼ਰਣ ਆਵੇ ਤਾਂ ਉਸ ਦੀ ਕਰਮ ਰੇਖਾ ਮਿਟ ਜਾਂਦੀ ਹੈ। ਹੋਰ ਕੋਈ ਉਪਾਅ ਨਹੀਂ।

੧੧. ਬੇਮੁਖ ਹਰ ਸਮੇਂ ਝੂਠ ਹੀ ਬੋਲਦਾ ਹੈ

੧. ਗਾਂਈ ਘਰਿ ਗੋਸਾਂਈਆ ਮਾਧਾਣੂ ਘੜਾਏ।

੨. ਘੋੜੇ ਸੁਣਿ ਸਉਦਾਗਰਾਂ ਚਾਬਕ ਮੁਲਿ ਆਏ।
੩. ਦੇਖਿ ਪਰਾਏ ਭਾਜਵਾੜ ਘਰਿ ਗਾਹੁ ਘਤਾਏ।
੪. ਸੁਇਨਾ ਹਟਿ ਸਰਾਫ ਦੇ ਸੁਨਿਆਰ ਸਦਾਏ।
੫. ਅੰਦਰਿ ਢੋਈ ਨਾ ਲਹੈ ਬਾਹਰਿ ਬਾਫਾਏ।
੬. ਬੇਮੁਖ ਬਦਲ ਛਾਵ ਹੈ ਕੂੜੋ ਆਲਾਏ॥ ੧੧॥

ਪਦ ਅਰਥ - ਗੋਸਾਂਈਆ=ਗੁੱਜਰਾਂ। ਬਾਫਾਏ=ਖਿਫਰਨਾ, ਗੱਪਾਂ ਮਾਰਨੀਆਂ। ਬਦਲ ਛਾਵ=ਬੱਦਲਾਂ ਦੀ ਛਾਂ ਵਾਂਗੂੰ ਖਿਨ ਭੰਗਰ।

ਅਰਥ - ੧. ਗਾਵਾਂ ਤਾਂ ਗੁੱਜਰਾਂ ਦੇ ਘਰ ਹਨ, ਪਰ (ਮੂਰਖ) ਨੇ ਮਧਾਣੀਆਂ ਘੜਾ ਛੱਡੀਆਂ (ਕਿ ਦੁੱਧ ਰਿੜਕਾਂਗਾ)। ੨. (ਮੂਰਖ ਨੇ) ਸੁਦਾਗਰਾਂ ਕੋਲੋਂ ਘੋੜਿਆਂ ਦਾ ਨਾਂ ਸੁਣ ਕੇ ਚਾਬਕ ਮੁੱਲ ਲੈ ਆਂਦੇ (ਕਿ ਘੋੜਿਆਂ ਦੀ ਸਵਾਰੀ ਕਰਨ ਵੇਲੇ ਚਾਬਕ ਮਾਰਾਂਗਾ)। ੩. ਪਰਾਏ ਖਲਵਾੜੇ ਵੇਖ ਕੇ (ਮੂਰਖ) ਨੇ ਆਪਣੇ ਘਰ ਵਿਚ ਗਾਹ ਘੱਤ ਲਿਆ ਹੈ। ੪. ਸਰਾਫ ਦੇ ਹੱਥ ਵਿਚ ਸੋਨਾ ਵੇਖ ਕੇ (ਮੂਰਖ ਸ਼ੇਖਚਿਲੀ ਨੇ) ਆਪਣੇ ਘਰ ਵਿਚ ਸੁਨਿਆਰੇ ਸੱਦ ਲਏ। ੫. (ਮੂਰਖ ਨੂੰ) ਘਰ ਵਿਚ ਚੱਪਾ ਜਿੰਨੀ ਥਾਂ ਨਹੀਂ ਮਿਲਦੀ, ਪਰ ਬਾਹਰ ਲੋਕਾਂ ਵਿਚ ਵੱਡੀਆਂ ਵੱਡੀਆਂ ਗੱਪਾਂ ਮਾਰਦਾ ਹੈ (ਕਿ ਸਾਰੇ ਘਰ ਵਿਚ ਮੇਰਾ ਹੁਕਮ ਹੀ ਚਲਦਾ ਹੈ)। ੬. ਬੇਮੁਖਾਂ ਦੀ ਦਸ਼ਾ ਬੱਦਲਾਂ ਦੀ ਛਾਂ ਵਾਂਗੂੰ ਖਿਨ ਭੰਗਰ ਹੁੰਦੀ ਹੈ (ਜੋ ਇਕ ਪਲ ਹੁੰਦੀ ਹੈ ਤੇ ਦੂਜੇ ਪਲ ਨਾਸ ਹੋ ਜਾਂਦੀ ਹੈ), ਬੇਮੁਖ ਹਰ ਸਮੇਂ ਝੂਠ ਹੀ ਬੋਲਦਾ ਰਹਿੰਦਾ ਹੈ॥ ੧੧॥

ਭਾਵ—ਬੇਮੁਖ ਦੇ ਸਾਰੇ ਕਰਮ ਝੂਠੇ ਤੇ ਛਲਾਵੇ ਵਾਲੇ ਹੁੰਦੇ ਹਨ।

੧੨. ਬੇਮੁਖ ਨਿਕੰਮਾ ਆਦਮੀ ਹੈ

੧. ਮਖਣੁ ਲਇਆ ਵਿਰੋਲਿ ਕੈ ਛਾਹਿ ਛੁਟੜਿ ਹੋਈ।
੨. ਪੀੜ ਲਈ ਰਸੁ ਗੰਨਿਅਹੁ ਛਿਲੁ ਛੁਹੈ ਨ ਕੋਈ।
੩. ਰੰਗੁ ਮਜੀਠਹੁ ਨਿਕਲੈ ਅਢੁ ਲਹੈ ਨ ਸੋਈ।
੪. ਵਾਸੁ ਲਈ ਫੁਲਵਾੜੀਅਹੁ ਫਿਰਿ ਮਿਲੈ ਨ ਢੋਈ।
੫. ਕਾਇਆ ਹੰਸੁ ਵਿਛੁੰਨਿਆ ਤਿਸੁ ਕੋ ਨ ਸਥੋਈ।
੬. ਬੇਮੁਖ ਸੁਕੇ ਰੁਖ ਜਿਉਂ ਵੇਖੈ ਸਭ ਲੋਈ॥ ੧੨॥

ਪਦ ਅਰਥ - ਵਿਰੋਲਿ ਕੈ=ਰਿੜਕ ਕੇ। ਛਾਹਿ=ਲੱਸੀ। ਅਢੁ=ਅੱਧੀ ਕੋਡੀ। ਢੋਈ=ਆਸਰਾ। ਹੰਸੁ=ਜੀਵਾਤਮਾ। ਸਥੋਈ=ਸਾਥੀ।

ਅਰਥ - ੧. (ਦਹੀਂ) ਨੂੰ ਰਿੜਕ ਕੇ ਮੱਖਣ ਕੱਢ ਲਈਏ ਤਾਂ ਪਿੱਛੋਂ ਲੱਸੀ ਛੁੱਟੜ ਹੋ ਜਾਂਦੀ

ਹੈ (ਭਾਵ ਉਸ ਦੀ ਕਦਰ ਨਹੀਂ ਰਹਿੰਦੀ)। ੨. ਗੰਨੇ ਨੂੰ ਵੇਲਣੇ ਵਿਚ ਪੀੜ ਕੇ ਰਸ (ਰਹੁ) ਕੱਢ ਲਈਏ ਤਾਂ ਉਸ ਦੀ ਛਿੱਲ ਨੂੰ ਕੋਈ ਨਹੀਂ ਛੋਂਹਦਾ (ਫਿਰ ਉਹ ਬਾਲਣ ਦੇ ਕੰਮ ਹੀ ਆਉਂਦੀ ਹੈ)। ੩. ਜਦੋਂ ਮਜੀਠ ਵਿਚੋਂ ਰੰਗ ਕਢ ਲਿਆ ਜਾਂਦਾ ਹੈ ਤਦ ਉਸ ਦੇ ਫੋਗ ਦੀ ਅੱਧੀ ਕੌਡੀ ਕੀਮਤ ਨਹੀਂ ਪੈਂਦੀ। ੪. ਜਦੋਂ ਫੁੱਲਾਂ ਵਿਚੋਂ ਵਾਸ਼ਨਾ ਕੱਢ ਲਈ ਜਾਂਦੀ ਹੈ, ਤਦ ਫੁੱਲਾਂ ਦੇ ਰਹਿੰਦੇ ਫੋਗ ਨੂੰ ਕਿਤੇ ਵੀ ਢੋਈ ਨਹੀਂ ਮਿਲਦੀ। ੫. ਜਦੋਂ ਇਸ ਕਾਇਆਂ (ਸਰੀਰ) ਵਿਚੋਂ ਹੰਸ (ਜੀਵ) ਵਿਛੜ ਜਾਂਦਾ ਹੈ, ਫਿਰ ਉਸ ਮਿਰਤਕ ਸਰੀਰ ਦਾ ਕੌਣ ਸਾਥੀ ਬਣਦਾ ਹੈ (ਭਾਵ ਕੋਈ ਸਾਥੀ ਨਹੀਂ ਹੁੰਦਾ, ਫਿਰ ਉਸ ਮੁਰਦਾ ਸਰੀਰ ਨੂੰ ਸਾੜਿਆ ਜਾਂ ਦਬਿਆ ਜਾਂਦਾ ਹੈ)। ੬. ਬੇਮੁਖ ਨੂੰ ਲੋਕ ਸੁੱਕੇ ਰੁੱਖ ਵਰਗਾ ਵੇਖਦੇ ਹਨ (ਜਿਸ ਨੂੰ ਅੱਗ ਵਿਚ ਝੋਕਿਆ ਜਾਂਦਾ ਹੈ)॥ ੧੨॥

ਭਾਵ—ਬੇਮੁਖ ਮਨੁੱਖ ਵਿਚ ਸ਼ੁਭ ਗੁਣ ਨਾ ਹੋਣ ਕਰਕੇ ਉਸ ਦੀ ਕੋਈ ਕਦਰ ਨਹੀਂ ਕਰਦਾ।

੧੩. ਮੂਰਖਿ ਗੰਢੁ ਪਵੈ ਮੁਹਿ ਮਾਰ

੧. ਜਿਉ ਕਰਿ ਖੂਹਹੁ ਨਿਕਲੈ ਗਲਿ ਬਧੇ ਪਾਣੀ।
੨. ਜਿਉ ਮਣਿ ਕਾਲੇ ਸਪ ਸਿਰਿ ਹਸਿ ਦੇਇ ਨ ਜਾਣੀ।
੩. ਜਾਣ ਕਥੂਰੀ ਮਿਰਗ ਤਨਿ ਮਰਿ ਮੁਕੈ ਆਣੀ।
੪. ਤੇਲ ਤਿਲਹੁ ਕਿਉ ਨਿਕਲੈ ਵਿਣੁ ਪੀੜੇ ਘਾਣੀ।
੫. ਜਿਉ ਮੁਹੁ ਭੰਨੇ ਗਰੀ ਦੇ ਨਲੀਏਰੁ ਨਿਸਾਣੀ।
੬. ਬੇਮੁਖ ਲੋਹਾ ਸਾਧੀਐ ਵਗਦੀ ਵਾਦਾਣੀ॥ ੧੩॥

ਪਦ ਅਰਥ - ਗਲਿ ਬਧੇ=ਗਲ ਬੰਨ੍ਹਣਾ। ਸਾਧੀਐ=ਸਿੱਧਾ ਕਰੀਦਾ ਹੈ। ਵਾਦਾਣੀ=ਹਥੌੜਾ।

ਅਰਥ - ੧. ਜਿਵੇਂ ਖੂਹ ਵਿਚੋਂ ਪਾਣੀ ਤਦ ਨਿਕਲਦਾ ਹੈ, ਜੇ ਘੜੇ ਦਾ ਗਲ ਲੱਜ (ਰੱਸੇ) ਨਾਲ ਬੰਨ੍ਹਿਆ ਜਾਏ। ੨. ਜਿਸ ਤਰ੍ਹਾਂ ਮਣੀ ਕਾਲੇ ਸੱਪ ਦੇ ਸਿਰ ਵਿਚ ਹੁੰਦੀ ਹੈ, ਪਰ ਉਹ ਹੱਸ ਕੇ (ਖੁਸ਼ੀ ਨਾਲ) ਦੇਣੀ ਨਹੀਂ ਜਾਣਦਾ। (ਉਸ ਨੂੰ ਮਾਰ ਕੇ ਹੀ ਮਣੀ ਲਈ ਜਾਂਦੀ ਹੈ)। ੩. ਜਿਵੇਂ ਹਰਨ ਦੀ ਨਾਭੀ (ਧੁੰਨੀ) ਵਿਚ ਕਸਤੂਰੀ ਹੁੰਦੀ ਹੈ, ਪਰ ਜਦੋਂ ਉਹ ਮਰ ਮੁਕਦਾ ਹੈ, ਤਦ ਹੀ ਕਸਤੂਰੀ ਮਿਲਦੀ ਹੈ। ੪. ਤਿਲਾਂ ਨੂੰ ਕੋਹਲੂ ਵਿਚ ਪੀੜੇ ਤੋਂ ਬਿਨਾਂ ਤੇਲ ਕਿਵੇਂ ਨਿਕਲ ਸਕਦਾ ਹੈ ? (ਭਾਵ ਐਵੇਂ ਨਹੀਂ ਨਿਕਲਦਾ)। ੫. ਜਿਸ ਤਰ੍ਹਾਂ ਨਲੀਏਰ ਦੀ ਇਹ ਨਿਸ਼ਾਨੀ ਹੁੰਦੀ ਹੈ ਕਿ ਉਹ ਮੂੰਹ ਭੰਨੇ ਬਿਨਾਂ ਗਰੀ ਨਹੀਂ ਦਿੰਦਾ। ੬. (ਗੁਰੂ ਤੋਂ) ਬੇਮੁਖ ਲੋਹੇ ਦੇ ਸਮਾਨ ਹੈ। ਜਿਵੇਂ ਲੋਹੇ ਨੂੰ ਹਥੌੜੇ ਦੀਆਂ ਸੱਟਾਂ ਪੈਣ ਤਦ ਉਹ ਘੜਿਆ ਜਾਂਦਾ ਹੈ, ਇਸੇ ਤਰ੍ਹਾਂ ਬੇਮੁਖ ਨੂੰ ਚੋਟਾਂ ਪੈਂਦੀਆਂ ਹਨ ਤਦ ਉਹ ਸਿੱਧਾ ਹੁੰਦਾ ਹੈ॥ ੧੩॥

ਭਾਵ—ਮੂਰਖ ਦਾ ਸੁਭਾਅ ਦੱਸਿਆ ਹੈ ਕਿ ਉਹ ਜ਼ੋਰ ਨਾਲ ਹੀ ਸਿੱਧਾ ਹੁੰਦਾ ਹੈ।

੧੪. ਬੇਮੁਖ ਦੇ ਸਾਰੇ ਕੰਮ ਪੁੱਠੇ ਹੁੰਦੇ ਹਨ

੧. ਮਹੁਰਾ ਮਿਠਾ ਆਖੀਐ ਰੁਠੀ ਨੋ ਤੁਠੀ।
੨. ਬੁਝਿਆ ਵਡਾ ਵਖਾਣੀਐ ਸਾਵਾਰੀ ਕੁਠੀ।
੩. ਜਲਿਆ ਠੰਢਾ ਗਈ ਨੋ ਆਈ ਤੇ ਉਠੀ।
੪. ਅਹਮਕੁ ਭੋਲਾ ਆਖੀਐ ਸਭਿ ਗਲਿ ਅਪੁਠੀ।
੫. ਉਜੜੁ ਤਟੀ ਬੇਮੁਖਾਂ ਤਿਸੁ ਆਖਨਿ ਵੁਠੀ।
੬. ਚੋਰੈ ਸੰਦੀ ਮਾਉਂ ਜਿਉਂ ਲੁਕਿ ਰੋਵੈ ਮੁਠੀ॥ ੧੪॥

ਪਦ ਅਰਥ - ਰੁਠੀ=ਰੁੱਸੀ। ਤੁਠੀ=ਪ੍ਰਸੰਨ ਹੋਈ। ਕੁਠੀ=ਕੋਹੀ। ਅਹਮਕੁ=ਮੂਰਖ। ਤਟੀ=ਝੁੱਗੀ। ਵੁਠੀ=ਵਸਦੀ।

ਅਰਥ - ੧. (ਬੇਮੁਖਾਂ ਦੀ ਸਾਰੀ ਗੱਲ ਉਲਟੀ ਹੁੰਦੀ ਹੈ) ਜ਼ਹਿਰ, ਜੋ ਮਨੁੱਖ ਨੂੰ ਮਾਰ ਦਿੰਦਾ ਹੈ, ਉਸ ਨੂੰ ਮਿੱਠਾ ਤੇਲੀਆ ਕਹਿੰਦੇ ਹਨ। ਕਰੋਪਵਾਨ ਹੋਈ ਮਾਤਾ ਸੀਤਲਾ ਨੂੰ ਪ੍ਰਸੰਨ ਹੋਈ ਆਖਦੇ ਹਨ। ੨. ਜੇ ਦੀਵਾ ਬੁੱਝ ਜਾਏ ਤਾਂ ਉਸ ਨੂੰ ਵੱਡਾ ਹੋਇਆ ਕਹਿੰਦੇ ਹਨ। ਕੋਹੀ ਹੋਈ ਬੱਕਰੀ ਨੂੰ ਸਵਾਰੀ ਹੋਈ ਕਿਹਾ ਜਾਂਦਾ ਹੈ। ੩. ਸੜ ਗਏ ਮੁਰਦੇ ਨੂੰ ਠੰਢਾ ਹੋ ਗਿਆ ਕਹਿੰਦੇ ਹਨ। ਗਈ (ਦੁਖਦੀ) ਅੱਖ ਨੂੰ ਆਈ ਆਖਦੇ ਹਨ। ਜੇ ਕੋਈ ਵਿਧਵਾ ਕਿਸੇ ਦੇ ਘਰ ਵਸ ਜਾਵੇ ਤਾਂ ਉਸ ਨੂੰ ਉੱਠੀ ਕਹਿੰਦੇ ਹਨ, (ਭਾਵ ਉਹ ਇਸਤ੍ਰੀ ਉੱਠ ਗਈ ਹੈ)। ੪. ਮੂਰਖ ਨੂੰ ਭੋਲਾ (ਸਿੱਧਾ ਸਾਧਾ) ਆਖਦੇ ਹਨ। ਇਹ ਸਭ ਗੱਲਾਂ ਪੁੱਠੀਆਂ ਹਨ। ੫. ਬੇਮੁਖਾਂ ਦੀ ਤਟੀ (ਝੁੱਗੀ) ਉਜੜਦੀ ਹੈ, ਉਸ ਨੂੰ ਵੱਸੀ ਹੋਈ ਆਖਦੇ ਹਨ। ੬. ਜਿਵੇਂ ਚੋਰ ਦੀ ਮਾਂ ਗੁੱਠਾਂ ਵਿਚ ਲੱਗ ਕੇ ਰੋਂਦੀ ਹੈ, ਇਸੇ ਤਰ੍ਹਾਂ ਬੇਮੁਖ ਦੀ ਦਸ਼ਾ ਹੁੰਦੀ ਹੈ॥ ੧੪॥

ਭਾਵ—ਮਨਮੁਖ (ਬੇਮੁਖ) ਨੂੰ ਵਸਿਆ ਹੋਇਆ ਨਾ ਸਮਝੋ, ਉਸ ਦੀ ਕੁੱਲੀ (ਘਰ) ਉਜੜੀ ਹੁੰਦੀ ਹੈ।

੧੫. ਸਾਕਤ ਸੰਗ ਨਾ ਕੀਜੀਏ

੧. ਵੜੀਐ ਕਜਲ ਕੋਠੜੀ ਮੁਹੁ ਕਾਲਖ ਭਰੀਐ।
੨. ਕਲਰਿ ਖੇਤੀ ਬੀਜੀਐ ਕਿਹੁ ਕਾਜੁ ਨ ਸਰੀਐ।
੩. ਟੁਟੀ ਪੀਂਘੈ ਪੀਂਘੀਐ ਪੈ ਟੋਏ ਮਰੀਐ।
੪. ਕੰਨਾ ਫੜਿ ਮਨਤਾਰੂਆਂ ਕਿਉ ਦੁਤਰੁ ਤਰੀਐ।
੫. ਅਗਿ ਲਾਇ ਮੰਦਰਿ ਸਵੈ ਤਿਸੁ ਨਾਲਿ ਨ ਫਰੀਐ।
੬. ਤਿਉਂ ਠਗ ਸੰਗਤਿ ਬੇਮੁਖਾਂ ਜੀਅ ਜੋਖਹੁ ਡਰੀਐ॥ ੧੫॥

ਪਦ ਅਰਥ - ਕਜਲ=ਕਾਲਖ। ਕੰਨਾ=ਮੋਢਾ। ਮਨਤਾਰੂਆਂ=ਅਣਤਾਰੂਆਂ। ਫਰੀਐ=ਸਹਾਇਤਾ।

ਅਰਥ - ੧. ਜੇ ਕੱਜਲ ਦੀ ਕੋਠੀ ਵਿਚ ਵੜੀਏ ਤਾਂ ਮੂੰਹ ਕਾਲਖ ਨਾਲ ਭਰ ਜਾਂਦਾ ਹੈ। ੨. ਕੱਲਰ ਵਿਚ ਖੇਤੀ ਬੀਜੀਏ ਤਾਂ ਕੋਈ ਕੰਮ ਨਹੀਂ ਸੌਰਦਾ। ੩. ਟੁੱਟੀ ਹੋਈ ਪੀਂਘ ਨੂੰ ਝੂਟੀਏ ਤਾਂ ਟੋਏ ਵਿਚ ਡਿੱਗ ਕੇ ਮਰ ਜਾਈਦਾ ਹੈ। ੪. ਅਣਤਾਰੂਆਂ ਦਾ ਮੋਢਾ ਫੜ ਕੇ ਕਠਿਨ ਦਰਿਆ ਨੂੰ ਕਿਵੇਂ ਪਾਰ ਕਰ ਸਕੀਦਾ ਹੈ ? (ਜਿਹੜਾ ਆਪ ਹੀ ਤਰਨਾ ਨਹੀਂ ਜਾਣਦਾ ਉਹ ਦੂਜੇ ਨੂੰ ਕਿਵੇਂ ਪਾਰ ਕਰ ਸਕਦਾ ਹੈ ?) ੫. ਜਿਹੜਾ ਮਨੁੱਖ ਆਪ ਹੀ ਅੱਗ ਲਾ ਕੇ ਘਰ ਵਿਚ ਸੌਂ ਜਾਂਦਾ ਹੈ, ਉਸ ਦੀ ਸਹਾਇਤਾ ਨਾ ਕਰੋ, (ਕਿਉਂਕਿ ਉਸ ਨੂੰ ਬਚਾਉਣ ਦਾ ਯਤਨ ਕਰਨ ਵਾਲਾ ਆਪ ਹੀ ਸੜ ਮਰੇਗਾ)। ੬. (ਇਸੇ ਤਰ੍ਹਾਂ) ਬੇਮੁਖਾਂ ਦੀ ਸੰਗਤ ਚੋਰਾਂ ਠੱਗਾਂ ਦੀ ਸੰਗਤ ਵਰਗੀ ਖਤਰਨਾਕ ਹੈ। ਦੁਸ਼ਟਾਂ ਦੀ ਸੰਗਤ ਕਰਨ ਤੋਂ ਦਿਲੋਂ ਮਨੋਂ ਡਰਦੇ ਰਹਿਣਾ ਚਾਹੀਦਾ ਹੈ॥ ੧੫॥

੧੬. ਬੇਮੁਖ ਮਹਾਂ ਪਾਪੀ ਹੁੰਦਾ ਹੈ

੧. ਬਾਮ੍ਹਣ ਗਾਂਈ ਵੰਸ ਘਾਤ ਅਪਰਾਧ ਕਰਾਰੇ।
੨. ਮਦੂ ਪੀ ਜੂਏ ਖੇਲਦੇ ਜੋਹਨਿ ਪਰ ਨਾਰੇ।
੩. ਮੁਹਨਿ ਪਰਾਈ ਲਖਿਮੀ ਠਗ ਚੋਰ ਚਗਾਰੇ।
੪. ਵਿਸਾਸ ਧ੍ਰੋਹੀ ਅਕਿਰਤਘਣਿ ਪਾਪੀ ਹਤਿਆਰੇ।
੫. ਲਖ ਕਰੋੜੀ ਜੋੜੀਅਨਿ ਅਣਗਣਤ ਅਪਾਰੇ।
੬. ਇਕਤੁ ਲੂਇ ਨ ਪੁਜਨੀ ਬੇਮੁਖ ਗੁਰਦੁਆਰੇ॥ ੧੬॥

ਪਦ ਅਰਥ - ਕਰਾਰੇ=ਕਰੜੇ, ਸਖਤ। ਮੁਹਨਿ=ਠਗਦੇ। ਚਗਾਰੇ=ਰਾਹਮਾਰ।

ਅਰਥ - ੧. ਬ੍ਰਾਹਮਣ, ਗਾਂ ਤੇ ਵੰਸ (ਕੁਲ) ਦੀ ਹੱਤਿਆ ਕਰਨੀ ਬੜੇ ਸਖਤ ਪਾਪ ਹਨ। ੨. ਸ਼ਰਾਬ ਪੀਣੀ, ਜੂਆ ਖੇਡਣਾ ਤੇ ਬਿਗਾਨੀਆਂ ਇਸਤ੍ਰੀਆਂ ਨੂੰ ਬੁਰੀ ਨਜ਼ਰ ਨਾਲ ਵੇਖਣਾ। ੩. ਠੱਗ, ਚੋਰ ਤੇ ਰਾਹਮਾਰ ਬਣਕੇ ਪਰਾਏ ਧਨ ਨੂੰ ਠੱਗਣਾ। ੪. ਵਿਸ਼ਵਾਸਘਾਤੀ, ਧ੍ਰੋਹ (ਦਗਾ) ਕਰਨ ਵਾਲੇ, ਕੀਤੇ ਨੂੰ ਨਾ ਜਾਣਨ ਵਾਲੇ (ਅਕ੍ਰਿਤਘਣ), ਪਾਪੀ ਤੇ ਹਤਿਆਰੇ। ੫. ਇਹੋ ਜਿਹੇ ਬੁਰੇ ਕੰਮ ਕਰਨ ਵਾਲੇ ਲੱਖਾਂ ਕਰੋੜਾਂ ਤੇ ਬੇਗਿਣਤ ਜੋੜ ਲਈਏ। ੬. ਇਹ ਸਾਰੇ, ਗੁਰੂ ਦੇ ਦਵਾਰੇ ਤੋਂ ਬੇਮੁਖ ਹੋਏ ਮਨੁੱਖ ਦੇ ਇਕ ਰੋਮ ਦੇ ਬਰਾਬਰ ਨਹੀਂ ਹੁੰਦੇ॥ ੧੬॥

ਭਾਵ—ਵੱਡੇ ਵੱਡੇ ਪਾਪੀਆਂ ਨਾਲੋਂ ਬੇਮੁਖ ਵੱਡਾ ਪਾਪੀ ਹੁੰਦਾ ਹੈ, ਉਸ ਦੇ ਪਾਪ ਕਿਤੇ ਵੀ ਨਹੀ ਬਖਸ਼ੇ ਜਾਂਦੇ।

੧੭. ਬੇਮੁਖਤਾਈ ਦੀ ਹੱਤਿਆ ਤੀਰਥ ਨਹੀਂ ਲਾਹ ਸਕਦੇ

੧. ਗੰਗ ਜਮੁਨ ਗੋਦਾਵਰੀ ਕੁਲਖੇਤ ਸਿਧਾਰੇ।

੨. ਮਥੁਰਾ ਮਾਇਆ ਅਜੁਧਿਆ ਕਾਸੀ ਕੇਦਾਰੇ।
੩. ਗਇਆ ਪਿਰਾਗ ਸਰਸੁਤੀ ਗੋਮਤੀ ਦੁਆਰੇ।
੪. ਜਪੁ ਤਪੁ ਸੰਜਮੁ ਹੋਮ ਜਗਿ ਸਭ ਦੇਵ ਜੁਹਾਰੇ।
੫. ਅਖੀ ਪਰਣੈ ਜੇ ਭਵੈ ਤਿਹੁ ਲੋਅ ਮਝਾਰੇ।
੬. ਮੂਲਿ ਨ ਉਤਰੈ ਹਤਿਆ ਬੇਮੁਖ ਗੁਰਦੁਆਰੇ ॥ ੧੭ ॥

ਪਦ ਅਰਥ - ਸਿਧਾਰੇ=ਜਾਵੇ। ਜੁਹਾਰੇ=ਨਮਸਕਾਰਾਂ।

ਅਰਥ - ੧. ਗੰਗਾ, ਜਮਨਾ, ਗੁਦਾਵਰੀ ਤੇ ਕੁਰਖੇਤ੍ਰ ਦੀ ਯਾਤਰਾ ਲਈ ਜਾਵੇ। ੨. ਮਥਰਾ, ਮਾਇਆ, ਅਜੁੱਧਿਆ, ਕਾਂਸ਼ੀ ਤੇ ਕੇਦਾਰਨਾਥ ਦੇ ਦਰਸ਼ਨ ਕਰੇ। ੩. ਗਯਾ, ਪ੍ਰਾਗਰਾਜ, ਸੁਰਸ੍ਵਤੀ ਤੇ ਗੋਮਤੀ ਦੇ ਦੁਆਰੇ ਪਰਸੇ। ੪. ਜਪ ਤਪ, ਸੰਜਮ, ਹੋਮ, ਜਗ ਕਰੇ ਤੇ ਸਭ ਦੇਵਤਿਆਂ ਦੀ ਪੂਜਾ ਕਰੇ ਤੇ ਨਮਸਕਾਰਾਂ ਕਰੇ। ੫. ਅੱਖਾਂ ਦੇ ਭਾਰ ਜੇ ਤਿੰਨਾਂ ਲੋਕਾਂ ਵਿਚ ਭਵੇਂ। ੬. (ਪਰ) ਗੁਰੂ ਦੇ ਦਵਾਰੇ ਤੋਂ ਬੇਮੁਖ ਰਹਿਣ ਦੀ ਹਤਿਆ (ਪਾਪ) ਏਨੇ ਕਰਮਾਂ ਦੇ ਕਰਨ ਨਾਲ ਵੀ ਨਹੀਂ ਉੱਤਰਦੀ॥ ੧੭ ॥

ਭਾਵ—ਸਾਰੇ ਪਾਪਾਂ ਦੀ ਨਵਿਰਤੀ ਗੁਰੂ ਦੀ ਸ਼ਰਣ ਵਿਚ ਜਾਣ ਨਾਲ ਦੂਰ ਹੋ ਜਾਂਦੀ ਹੈ, ਪਰ ਜਿਹੜਾ ਮਨੁੱਖ ਗੁਰੂ ਦੀ ਸੰਗਤ ਤੋਂ ਹੀ ਦੂਰ ਰਹਿੰਦਾ ਹੈ, ਉਸ ਦੇ ਪਾਪ ਕਿਸ ਤਰ੍ਹਾਂ ਨਾਸ ਹੋ ਸਕਦੇ ਹਨ ?

੧੮. ਸਤਿਗੁਰੂ ਤੋਂ ਬਿਨਾਂ ਮੁਕਤੀ ਨਹੀਂ ਮਿਲਦੀ

੧. ਕੋਟੀਂ ਸਾਦੀਂ ਕੇਤੜੇ ਜੰਗਲ ਭੂਪਾਲਾ।
੨. ਥਲੀਂ ਵਰੋਲੇ ਕੇਤੜੇ ਪਰਬਤ ਬੇਤਾਲਾ।
੩. ਨਦੀਆਂ ਨਾਲੇ ਕੇਤੜੇ ਸਰਵਰ ਅਸਰਾਲਾ।
੪. ਅੰਬਰਿ ਤਾਰੇ ਕੇਤੜੇ ਬਿਸੀਅਰੁ ਪਾਤਾਲਾ।
੫. ਭੰਭਲ ਭੂਸੇ ਭੁਲਿਆਂ ਭਵਜਲ ਭਰਨਾਲਾ।
੬. ਇਕਸੁ ਸਤਿਗੁਰ ਬਾਹਰੇ ਸਭਿ ਆਲ ਜੰਜਾਲਾ ॥ ੧੮ ॥

ਪਦ ਅਰਥ - ਕੋਟੀਂ ਸਾਦੀਂ=ਕਰੋੜਾਂ ਸੁਆਦ। ਜੰਗਲ ਭੂਪਾਲਾ=ਬਨਾਂ ਦੇ ਰਾਜੇ। ਬੇਤਾਲਾ=ਭੂਤ। ਸਰਵਰ=ਸਮੁੰਦਰ। ਅਸਰਾਲਾ=ਮਗਰਮੱਛ। ਬਿਸੀਅਰੁ=ਸੱਪ। ਭਰਨਾਲਾ=ਪਰਵਾਹ। ਆਲ=ਵੱਡਾ।

ਅਰਥ - ੧. (ਅਨੇਕਾਂ ਮਨੁੱਖ) ਕਰੋੜਾਂ ਸੁਆਦਾਂ (ਵਿਸ਼ਿਆਂ) ਵਿਚ ਲੱਗੇ ਹੋਏ ਹਨ ਤੇ ਕਿੰਨੇ ਹੀ ਜੰਗਲ ਦੇ ਰਾਜੇ ਬਣੇ ਹੋਏ ਹਨ। (ਭਾਵ ਵਿਸ਼ਿਆਂ ਤੋਂ ਉਪਰਾਮ ਹੋ ਕੇ ਉਜਾੜਾਂ ਵਿਚ ਰਹਿੰਦੇ ਹਨ)। ੨. ਕਈ ਵਰੋਲਿਆਂ ਵਾਂਗੂੰ ਮਾਰੂਥਲਾਂ ਵਿਚ ਭੌਂਦੇ ਹਨ ਤੇ ਕਈ ਭੂਤਨਿਆਂ ਵਾਂਗੂ ਪਹਾੜਾਂ ਦੀਆਂ ਗੁਫਾਂ ਵਿਚ ਰਹਿੰਦੇ ਹਨ। ੩. ਕਈ ਨਦੀਆਂ, ਨਾਲਿਆਂ, ਤੇ ਸਮੁੰਦਰਾਂ ਦੇ ਮਗਰਮੱਛ ਬਣੇ ਰਹਿੰਦੇ ਹਨ (ਭਾਵ

ਹਰ ਸਮੇਂ ਤੀਰਥਾਂ 'ਤੇ ਹੀ ਭੌਂਦੇ ਰਹਿੰਦੇ ਹਨ)। ੪. ਕਿੰਨੇ ਮਨੁੱਖ ਆਕਾਸ਼ ਦੇ ਤਾਰਿਆਂ ਵਾਂਗੂੰ ਪੁੱਠੇ ਲਟਕਦੇ ਹਨ ਤੇ ਕਈ ਸੱਪਾਂ ਵਾਂਗੂੰ ਪਾਤਾਲ (ਜ਼ਮੀਨ) ਵਿਚ ਵਸਦੇ ਹਨ (ਭਾਵ ਜ਼ਮੀਨ ਵਿਚ ਭੋਰੇ ਬਣਾ ਕੇ ਵਸਦੇ ਹਨ)। ੫. ਇਹਨਾਂ ਭੰਬਲ ਭੂਸਿਆਂ ਵਿਚ ਫਸਿਆਂ ਜੀਵਾਂ ਦਾ ਇਸ ਸੰਸਾਰ ਸਮੁੰਦਰ ਵਿਚ ਪਰਵਾਹ ਚਲਦਾ ਰਹਿੰਦਾ ਹੈ (ਭਾਵ ਇਹੋ ਜਿਹੇ ਕਰਮ ਕਾਂਡੀ ਜੀਵ ਜਨਮ ਮਰਨ ਦੇ ਗੇੜ ਵਿਚ ਪਏ ਭੌਂਦੇ ਹਨ)। ੬. ਇਕ ਸੱਚੇ ਸਤਿਗੁਰੂ (ਨਾਨਕ ਦੇਵ ਜੀ) ਦੀ ਸ਼ਰਣ ਤੋਂ ਬਿਨਾਂ ਸਭ ਵੱਡੇ ਵੱਡੇ ਜੰਜਾਲਾਂ ਵਿਚ ਫਸੇ ਹੋਏ ਭਟਕ ਰਹੇ ਹਨ॥ ੧੮॥

ਭਾਵ—ਫੋਕਟ ਕਰਮਾਂ ਨਾਲ ਮੁਕਤੀ ਨਹੀਂ ਮਿਲਦੀ। ਸੱਚੇ ਸਤਿਗੁਰੂ ਦੀ ਚਰਣ ਸ਼ਰਣ ਵਿਚ ਗਿਆਂ ਹੀ ਮੁਕਤੀ ਮਿਲਦੀ ਹੈ।

੧੯. ਬੇਮੁਖ ਦਾ ਕੋਈ ਆਸਰਾ ਨਹੀਂ ਬਣਦਾ

੧. ਬਹੁਤੀਂ ਘਰੀਂ ਪਰਾਹੁਣਾ ਜਿਉ ਰਹੰਦਾ ਭੁਖਾ।
੨. ਸਾਂਝਾ ਬਬੁ ਨ ਰੋਈਐ ਚਿਤਿ ਚਿੰਤ ਨ ਚੁਖਾ।
੩. ਬਾਹਲੀ ਡੂਮੀ ਢਢਿ ਜਿਉ ਓਹੁ ਕਿਸੈ ਨ ਧੁਖਾ।
੪. ਵਣਿ ਵਣਿ ਕਾਉਂ ਨ ਸੋਹਈ ਕਿਉਂ ਮਾਣੈ ਸੁਖਾ।
੫. ਜਿਉ ਬਹੁ ਮਿਤੀ ਵੇਸੁਆ ਤਨਿ ਵੇਦਨਿ ਦੁਖਾ।
੬. ਵਿਣੁ ਗੁਰ ਪੂਜਨਿ ਹੋਰਨਾ ਬਰਨੇ ਬੇਮੁਖਾ॥ ੧੯॥

ਪਦ ਅਰਥ - ਬਬੁ=ਵਸਤੂ। ਢਢਿ=ਢੋਲ। ਧੁਖਾ=ਫਿਕਰ। ਬਰਨੇ ਬੇਮੁਖਾ=ਬੇਮੁਖ ਕਹੀਦੇ ਹਨ।

ਅਰਥ - ੧. ਜਿਵੇਂ ਬਹੁਤੇ ਘਰਾਂ ਦਾ ਪ੍ਰਾਹੁਣਾ ਭੁੱਖਾ ਰਹਿੰਦਾ ਹੈ। ੨. ਜਿਵੇਂ ਸਾਂਝੀ ਵਸਤੂ ਦੇ ਚਲੇ ਜਾਣ ਨਾਲ ਕੋਈ ਨਹੀਂ ਰੋਂਦਾ, ਕਿਸੇ ਦੇ ਚਿੱਤ ਵਿਚ ਉਸਦੀ ਰਤਾ ਜਿੰਨੀ ਚਿੰਤਾ ਨਹੀਂ ਹੁੰਦੀ। ੩. ਜਿਵੇਂ ਬਹੁਤੇ ਡੂੰਮਾਂ ਦੀ ਢੱਡ ਨਹੀਂ ਵਜਦੀ, ਕਿਉਂਕਿ ਉਸ ਦੇ ਟੁੱਟਣ ਭੱਜਣ ਦਾ ਕਿਸੇ ਨੂੰ ਫਿਕਰ ਨਹੀਂ ਹੁੰਦਾ। ੪. ਜਿਵੇਂ ਕਈ ਬਿਛਾਂ 'ਤੇ ਭੌਂਦਾ ਕਾਂ ਚੰਗਾ ਨਹੀਂ ਲੱਗਦਾ ਤੇ ਉਹ ਸੁਖ ਨਹੀਂ ਮਾਣਦਾ। ੫. ਜਿਵੇਂ ਬਹੁਤੇ ਮਿੱਤਰਾਂ ਵਾਲੀ ਵੇਸਵਾ ਸੁਖੀ ਨਹੀਂ ਹੁੰਦੀ ਤੇ ਉਸ ਦੇ ਸਰੀਰ ਨੂੰ ਦੁੱਖ ਤੇ ਪੀੜਾ ਹੀ ਬਣੀ ਰਹਿੰਦੀ ਹੈ (ਕਿਉਂਕਿ ਉਸ ਦੀ ਸੰਭਾਲ ਕੋਈ ਨਹੀਂ ਕਰਦਾ)। ੬. (ਇਸੇ ਤਰ੍ਹਾਂ ਆਪਣੇ ਸੱਚੇ ਸਤਿਗੁਰੂ ਤੋਂ ਬਿਨਾਂ ਜੋ ਹੋਰ ਕਿਸੇ ਨੂੰ ਪੂਜਦੇ ਹਨ, ਉਹਨਾਂ ਨੂੰ ਬੇਮੁਖ ਕਿਹਾ ਜਾਂਦਾ ਹੈ ਤੇ ਉਹਨਾਂ ਨੂੰ ਕਿਤੇ ਢੋਈ ਨਹੀਂ ਮਿਲਦੀ॥ ੧੯॥

ਭਾਵ—ਜਿਹੜਾ ਮਨੁੱਖ ਆਪਣੇ ਸਤਿਗੁਰੂ ਦਾ ਆਸਰਾ ਛੱਡ ਕੇ ਹੋਰ ਦੇਵੀ ਦੇਵਤਿਆਂ ਦੀ ਪੂਜਾ ਕਰਦਾ ਹੈ ਤੇ ਫੋਕਟ ਕਰਮਾਂ ਵਿਚ ਲੱਗਾ ਰਹਿੰਦਾ ਹੈ, ਉਹ ਸੁਖੀ ਨਹੀਂ ਹੁੰਦਾ ਤੇ ਉਸ ਦੀ ਆਸ ਕਿਤੋਂ ਵੀ ਪੂਰੀ ਨਹੀਂ ਹੁੰਦੀ।

੨੦. ਹੰਕਾਰੀ ਬੇਮੁਖ ਭੂਤਨੇ ਵਾਂਗ ਹੁੰਦੇ ਹਨ

੧. ਵਾਇ ਸੁਣਾਏ ਛਾਣਨੀ ਤਿਸੁ ਊਠ ਉਠਾਲੇ।
੨. ਤਾੜੀ ਮਾਰਿ ਡਰਾਇੰਦਾ ਮੈਗਲ ਮਤਵਾਲੇ।
੩. ਬਾਸਕਿ ਨਾਗੈ ਸਾਮ੍ਹਣਾ ਜਿਉਂ ਦੀਵਾ ਬਾਲੇ।
੪. ਸੀਹੁੰ ਸਰਜੈ ਸਹਾ ਜਿਉਂ ਅਖੀਂ ਵੇਖਾਲੇ।
੫. ਸਾਇਰ ਲਹਰਿ ਨ ਪੁਜਨੀ ਪਾਣੀ ਪਰਨਾਲੇ।
੬. ਅਣਹੋਂਦਾ ਆਪੁ ਗਣਾਇੰਦੇ ਬੇਮੁਖ ਬੇਤਾਲੇ॥ ੨੦॥

ਪਦ ਅਰਥ - ਵਾਇ=ਵਜਾ ਕੇ। ਮੈਗਲ=ਹਾਥੀ। ਸਰਜੈ=ਡਾਂਟਨਾ। ਸਾਇਰ=ਸਮੁੰਦਰ। ਪਰਨਾਲੇ=ਗਲੀਆਂ ਦੇ ਪਰਨਾਲੇ। ਬੇਤਾਲੇ=ਭੂਤਨੇ।

ਅਰਥ - ੧. ਊਠ ਨੂੰ ਉਠਾਉਣ ਲਈ ਕੋਈ ਛਾਨਣੀ ਵਜਾ ਕੇ ਸੁਣਾਏ (ਤਾਂ ਊਠ ਉੱਠਦਾ ਨਹੀਂ)। ੨. ਕੋਈ ਤਾੜੀ ਮਾਰ ਕੇ ਮਸਤ ਹਾਥੀ ਨੂੰ ਡਰਾਉਣਾ ਚਾਹੇ (ਤਾਂ ਹਾਥੀ ਡਰਦਾ ਨਹੀਂ)। ੩. ਬਾਸਕ ਨਾਗ ਦੇ ਸਾਹਮਣੇ ਦੀਵਾ ਬਾਲ ਕੇ ਉਸ ਨੂੰ ਨਸਾਉਣਾ ਚਾਹੇ (ਤਾਂ ਉਹ ਨਸਦਾ ਨਹੀਂ)। ੪. ਸਹਿਆ ਜੇ ਅੱਖਾਂ ਕੱਢ ਕੱਢ ਕੇ ਸ਼ੇਰ ਨੂੰ ਡਰਾਵੇ (ਤਾਂ ਉਹ ਡਰਦਾ ਨਹੀਂ) ੫. ਗਲੀਆਂ ਦੇ ਪਰਨਾਲਿਆਂ ਦਾ ਪਾਣੀ ਸਮੁੰਦਰ ਦੀਆਂ ਲਹਿਰਾਂ ਦੀ ਬਰਾਬਰੀ ਨਹੀਂ ਕਰ ਸਕਦਾ। ੬. (ਇਸੇ ਤਰ੍ਹਾਂ) ਜਿਹੜੇ ਮਨੁੱਖ ਗੁਣਹੀਨ ਹੋਣ ਕਰਕੇ ਆਪਣਾ ਆਪ ਜਣਾਉਂਦੇ ਹਨ, ਉਹ ਬੇਮੁਖ ਭੂਤਨੇ ਹਨ॥ ੨੦॥

ਭਾਵ—"ਨਾਨਕ ਤੇ ਨਰ ਅਸਲ ਖਰ ਜਿ ਬਿਨੁ ਗੁਣ ਗਰਬ ਕਰੰਤਿ॥"

੨੧. ਕੂੜ ਨਿਖੁਟੇ ਨਾਨਕਾ ਓੜਕ ਸਚੁ ਰਹੀ

੧. ਨਾਰਿ ਭਤਾਰਹੁ ਬਾਹਰੀ ਸੁਖਿ ਸੇਜ ਨ ਚੜੀਐ।
੨. ਪੁਤੁ ਨ ਮੰਨੈ ਮਾਪਿਆਂ ਕਮਜਾਤੀਂ ਵੜੀਐ।
੩. ਵਣਜਾਰਾ ਸਾਹਹੁੰ ਫਿਰੈ ਵੇਸਾਹੁ ਨ ਜੜੀਐ।
੪. ਸਾਹਿਬੁ ਸਉਹੈ ਆਪਣੇ ਹਥਿਆਰੁ ਨ ਫੜੀਐ।
੫. ਕੂੜੁ ਨ ਪਹੁੰਚੈ ਸਚ ਨੋ ਸਉ ਘਾੜਤ ਘੜੀਐ।
੬. ਮੁੰਦ੍ਹਾਂ ਕੰਨਿ ਜਿਨਾੜੀਆਂ ਤਿਨ ਨਾਲਿ ਨ ਅੜੀਐ॥੨੧॥੩੪॥

ਪਦ ਅਰਥ - ਭਤਾਰਹੁ=ਪਤੀ ਤੋਂ। ਵੜੀਐ=ਗਿਣਿਆਂ ਜਾਂਦਾ ਹੈ। ਵਣਜਾਰਾ=ਵਪਾਰੀ। ਸਾਹਿਬੁ=ਮਾਲਕ। ਘਾੜਤ=ਬਣਾਵਟ।

ਅਰਥ - ੧. ਆਪਣੇ ਪਤੀ ਤੋਂ ਬਿਨਾਂ ਕੋਈ ਇਸਤ੍ਰੀ ਸੁਖਾਂ ਦੀ ਸੇਜਾ 'ਤੇ ਨਹੀਂ ਚੜ੍ਹ ਸਕਦੀ। ੨. ਜਿਹੜਾ ਪੁੱਤਰ ਮਾਪਿਆਂ ਦਾ ਕਿਹਾ ਨਹੀਂ ਮੰਨਦਾ ਉਸ ਨੂੰ ਕਮਜਾਤ ਕਿਹਾ ਜਾਂਦਾ ਹੈ। ੩. ਜਿਹੜਾ ਵਪਾਰੀ ਆਪਣੇ ਸ਼ਾਹ ਤੋਂ ਫਿਰੈ (ਮੁੱਕਰ) ਜਾਂਦਾ ਹੈ, ਉਸ ਦਾ ਇਤਬਾਰ ਨਹੀਂ ਰਹਿੰਦਾ। ੪. ਆਪਣੇ ਮਾਲਕ ਦੇ ਸਾਹਮਣੇ ਕਦੀ ਹਥਿਆਰ ਨਹੀਂ ਫੜਨਾ ਚਾਹੀਦਾ। ੫. ਭਾਵੇਂ ਸੌ ਬਣਾਵਟਾਂ ਬਣਾਈਏ, ਤਦ ਵੀ ਝੂਠ ਸੱਚ ਦੀ ਬਰਾਬਰੀ ਨਹੀਂ ਕਰ ਸਕਦਾ। ੬. ਜਿਨ੍ਹਾਂ ਦੇ ਕੰਨਾਂ ਵਿਚ ਮੁੰਦਰਾਂ ਹੋਣ, ਉਨ੍ਹਾਂ ਨਾਲ ਅੜਨਾ ਨਹੀਂ ਚਾਹੀਦਾ॥ ੨੧॥ ੩੪॥

ਭਾਵ— ਇਸ ਸਾਰੀ ਵਾਰ ਵਿਚ ਬੇਮੁਖ ਮਨੁੱਖਾਂ ਦਾ ਵਰਣਨ ਕੀਤਾ ਗਿਆ ਹੈ। ਕਈ ਤਰ੍ਹਾਂ ਦੇ ਪ੍ਰਮਾਣ ਦੇ ਕੇ ਭਾਈ ਸਾਹਿਬ ਜੀ ਨੇ ਸਿੱਧ ਕੀਤਾ ਹੈ ਕਿ ਬੇਮੁਖ ਪੁਰਸ਼ ਸਭ ਨਾਲੋਂ ਮੰਦਾ ਹੈ। ਉਹ ਗੁਰੂ ਤੋਂ ਬੇਮੁਖ ਹੁੰਦਾ ਹੈ, ਇਸ ਲਈ ਉਸ ਨੂੰ ਕਿਤੇ ਵੀ ਢੋਈ ਨਹੀਂ ਮਿਲਦੀ। ਉਹ ਕਾਂ ਵਾਂਗੂੰ ਵਣ ਵਣ ਫਿਰਦਾ ਹੈ, ਉਸ ਦੀ ਆਸ ਕਿਤੋਂ ਵੀ ਪੂਰੀ ਨਹੀਂ ਹੁੰਦੀ।

ਵਾਰ ੩੫

ੴ ਸਤਿਗੁਰ ਪ੍ਰਸਾਦਿ॥

੧. *ਨਿੰਦਕ ਆਪਣੀ ਜੜ੍ਹ ਆਪ ਹੀ ਪੁੱਟਦਾ ਹੈ*

੧. ਕੁਤਾ ਰਾਜਿ ਬਹਾਲੀਐ ਫਿਰਿ ਚਕੀ ਚਟੈ।
੨. ਸਪੈ ਦੁਧੁ ਪੀਆਲੀਐ ਵਿਹੁ ਮੁਖਹੁ ਸਟੈ।
੩. ਪਥਰੁ ਪਾਣੀ ਰਖੀਐ ਮਨਿ ਹਠੁ ਨ ਘਟੈ।
੪. ਚੋਆ ਚੰਦਨੁ ਪਰਿਹਰੈ ਖਰੁ ਖੇਹ ਪਲਟੈ।
੫. ਤਿਉ ਨਿੰਦਕ ਪਰ ਨਿੰਦਹੁ ਹਠਿ ਮੂਲਿ ਨ ਹਟੈ।
੬. ਆਪਣ ਹਥੀਂ ਆਪਣੀ ਜੜ ਆਪਿ ਉਪਟੈ॥ ੧॥

ਪਦ ਅਰਥ - ਮੁਖਹੁ=ਮੂੰਹ ਤੋਂ। ਹਠੁ=ਕਰੜਾਪਨ। ਪਲਟੈ=ਲੇਟਦਾ ਹੈ। ਉਪਟੈ=ਪੁੱਟਦਾ ਹੈ।

ਅਰਥ - ੧. ਕੁੱਤੇ ਨੂੰ (ਜੇ) ਰਾਜ ਸਿੰਘਾਸਣ 'ਤੇ ਬਿਠਾ ਦੇਈਏ, ਤਦ ਵੀ ਉਹ ਚੱਕੀ ਨੂੰ ਹੀ ਚੱਟੇਗਾ। ੨. ਸੱਪ ਨੂੰ (ਜੇ) ਦੁੱਧ ਵੀ ਪਿਆਓ ਤਦ ਵੀ ਉਹ ਮੂੰਹ ਵਿਚੋਂ ਜ਼ਹਿਰ ਹੀ ਸੁਟੇਗਾ। ੩. ਪੱਥਰ ਨੂੰ ਭਾਵੇਂ ਕਿੰਨਾ ਚਿਰ ਪਾਣੀ ਵਿਚ ਰੱਖੋ, ਉਸ ਦੇ ਮਨ ਦਾ ਕਰੜਾਪਨ ਫਿਰ ਵੀ ਨਹੀਂ ਘਟਦਾ। ੪. ਖੋਤਾ ਚੰਦਨ ਆਦਿ ਸੁਗੰਧੀਆਂ ਨੂੰ ਛੱਡ ਕੇ ਖੇਹ ਵਿਚ ਹੀ ਲੇਟਦਾ ਹੈ। ੫. (ਇਸੇ ਤਰ੍ਹਾਂ) ਨਿੰਦਕ ਪਰਾਈ ਨਿੰਦਾ

ਕਰਨ ਦੇ ਹਠ ਵੱਲੋਂ ਨਹੀਂ ਹਟਦਾ। (ਇਸ ਕੁਕਰਮ ਦਾ ਫਲ ਉਸ ਨੂੰ ਇਹ ਮਿਲਦਾ ਹੈ ਕਿ) ੬. ਉਹ ਆਪਣੇ ਹਥੀਂ ਆਪਣੀ ਜੜ ਆਪ ਹੀ ਪੁੱਟਦਾ ਹੈ॥ ੧॥

ਭਾਵ—ਨਿੰਦਕ ਮਨੁੱਖ ਆਪਣੇ ਕੁਕਰਮਾਂ ਦਾ ਫਲ ਆਪ ਹੀ ਭੋਗਦਾ ਹੈ।

੨. ਨਿੰਦਕ ਅਗਨੀ ਮਾਹਿ ਜਲਾਵੈ॥

੧. ਕਾਉਂ ਕਪੂਰ ਨ ਚਖਈ ਦੁਰਗੰਧਿ ਸੁਖਾਵੈ।
੨. ਹਾਥੀ ਨੀਰਿ ਨੁਵਾਲੀਐ ਸਿਰਿ ਛਾਰੁ ਉਡਾਵੈ।
੩. ਤੁੰਮੇ ਅੰਮ੍ਰਿਤ ਸਿੰਜੀਐ ਕਉੜਤੁ ਨ ਜਾਵੈ।
੪. ਸਿਮਲੁ ਰੁਖੁ ਸਰੇਵੀਐ ਫਲੁ ਹਥਿ ਨ ਆਵੈ।
੫. ਨਿੰਦਕੁ ਨਾਮ ਵਿਹੂਣਿਆ ਸਤਿਸੰਗ ਨ ਭਾਵੈ॥
੬. ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ॥ ੨॥

ਪਦ ਅਰਥ - ਦੁਰਗੰਧਿ=ਬਦਬੂ। ਸੁਖਾਵੈ=ਚੰਗੀ ਲੱਗਦੀ ਹੈ। ਛਾਰੁ=ਮਿੱਟੀ। ਸਰੇਵੀਐ=ਪਾਲੀਏ। ਮੁਹਾਵੈ=ਲੁਟਾਉਂਦਾ ਹੈ।

ਅਰਥ - ੧. ਕਾਂ ਕਪੂਰ ਨੂੰ ਨਹੀਂ ਚੱਖਦਾ, ਉਸ ਨੂੰ (ਵਿਸ਼ਟਾ ਦੀ) ਬਦਬੋ ਹੀ ਚੰਗੀ ਲੱਗਦੀ ਹੈ। ੨. ਹਾਥੀ ਨੂੰ ਪਾਣੀ ਨਾਲ ਨੁਵਾਈਏ ਤਦ ਵੀ ਉਹ ਆਪਣੇ ਸਿਰ ਵਿਚ ਖੇਹ ਹੀ ਪਾਉਂਦਾ ਹੈ। ੩. ਤੁੰਮੇ ਨੂੰ ਅੰਮ੍ਰਿਤ (ਦੁੱਧ) ਨਾਲ ਕਿੰਨਾ ਹੀ ਸਿੰਜੀਏ, ਉਸ ਦਾ ਕਉੜਾਪਨ ਫਿਰ ਵੀ ਨਹੀਂ ਜਾਂਦਾ। ੪. ਸਿੰਮਲ ਦੇ ਰੁਖ ਨੂੰ ਭਾਵੇਂ ਕਿੰਨਾ ਪਾਲੀਏ, ਉਸ ਤੋਂ ਫਲ ਨਹੀਂ ਮਿਲਦਾ। ੫. (ਇਸੇ ਤਰ੍ਹਾਂ) ਨਿੰਦਕ ਨਾਮ ਤੋਂ ਵਿਹੂਣੇ ਹੁੰਦੇ ਹਨ, ਉਹਨਾਂ ਨੂੰ ਸਤਿਸੰਗ ਚੰਗਾ ਨਹੀਂ ਲੱਗਦਾ। ੬. ਜੇਕਰ ਆਗੂ (ਰਾਹ ਦੱਸਣ ਵਾਲਾ) ਅੰਨ੍ਹਾ ਹੋਵੇ, ਤਦ ਉਹ ਸਾਰੇ ਸਾਥ ਨੂੰ ਹੀ ਲੁਟਾ ਬੈਠੇਗਾ॥ ੨॥

ਭਾਵ—ਜਿਹੜਾ ਪੁਰਸ਼ ਨਿੰਦਕ ਮਨੁੱਖ ਦੀ ਸੰਗਤ ਕਰਦਾ ਹੈ, ਨਿੰਦਕ ਆਪਣੇ ਨਾਲ ਉਸ ਨੂੰ ਵੀ ਲੈ ਡੁੱਬਦਾ ਹੈ।

੩. ਮਨਮੁਖ ਗੁੱਝਾ ਨਹੀਂ ਰਹਿੰਦਾ

੧. ਲਸਣੁ ਲੁਕਾਇਆ ਨਾ ਲੁਕੈ ਬਹਿ ਖਾਜੈ ਕੂਣੈ।
੨. ਕਾਲਾ ਕੰਬਲੁ ਉਜਲਾ ਕਿਉਂ ਹੋਇ ਸਬੂਣੈ।
੩. ਡੇਮੂ ਖਖਰ ਜੋ ਛੁਹੈ ਦਿਸੈ ਮੁਹਿ ਸੂਣੈ।
੪. ਕਿਤੈ ਕੰਮਿ ਨ ਆਵਈ ਲਾਵਣੁ ਬਿਨੁ ਲੂਣੈ।

੫. ਨਿੰਦਕਿ ਨਾਮ ਵਿਸਾਰਿਆ ਗੁਰ ਗਿਆਨੁ ਵਿਹੂਣੈ।
੬. ਹਲਤਿ ਪਲਤਿ ਸੁਖੁ ਨਾ ਲਹੈ ਦੁਖੀਆ ਸਿਰੁ ਝੂਣੈ॥ ੩॥

ਪਦ ਅਰਥ - ਲਸਣੁ=ਥੋਮ। ਕੂਣੈ=ਖੂੰਜਾ, ਨੁੱਕਰ। ਸੂਣੈ=ਸੁੱਜਿਆ। ਲਾਵਣੁ=ਭਾਜੀ। ਹਲਤਿ ਪਲਤਿ=ਲੋਕ-ਪਰਲੋਕ।

ਅਰਥ - ੧. ਥੋਮ ਨੂੰ ਭਾਵੇਂ ਕਿਸੇ ਖੂੰਜੇ (ਨੁੱਕਰ) ਵਿਚ ਬਹਿ ਕੇ ਲੁਕ ਕੇ ਖਾਓ, ਉਹ ਲੁਕਦਾ ਨਹੀਂ (ਵਾਸ਼ਨਾ ਤੋਂ ਮਾਲੂਮ ਹੋ ਜਾਂਦਾ ਹੈ)। ੨. ਕਾਲੇ ਕੰਬਲ ਨੂੰ ਭਾਵੇਂ ਕਿੰਨਾ ਸਾਬਨ ਮਲੋ, ਉਹ ਉੱਜਲਾ (ਚਿੱਟਾ) ਕਿਵੇਂ ਹੋ ਸਕਦਾ ਹੈ ? (ਭਾਵ ਉਹ ਚਿੱਟਾ ਨਹੀਂ ਹੁੰਦਾ)। ੩. ਭੂੰਡਾਂ ਦੀ ਖੱਖਰ ਨੂੰ ਜਿਹੜਾ ਛੇੜੇਗਾ, ਉਸ ਦਾ ਮੂੰਹ ਸੁੱਜਿਆ ਹੋਇਆ ਦਿਸੇਗਾ। ੪. ਬਿਨਾਂ ਲੂਣ ਪਾਇਆਂ ਭਾਜੀ ਕਿਸੇ ਕੰਮ ਨਹੀਂ ਆਉਂਦੀ। ੫. (ਇਸੇ ਤਰ੍ਹਾਂ) ਗੁਰੂ ਦੇ ਗਿਆਨ ਤੋਂ ਹੀਣਾ ਮਨਮੁਖ (ਗੁੱਝਾ ਨਹੀਂ ਰਹਿੰਦਾ, ਕਿਉਂਕਿ) ਉਸ ਨੇ ਪ੍ਰਭੂ ਦੇ ਨਾਮ ਨੂੰ ਵਿਸਾਰ ਦਿੱਤਾ ਹੁੰਦਾ ਹੈ। ੬. (ਇਸ ਦਾ ਫਲ ਮਨਮੁਖ ਨੂੰ ਇਹ ਮਿਲਦਾ ਹੈ ਕਿ ਉਹ) ਲੋਕ-ਪਰਲੋਕ ਵਿਚ ਸੁਖ ਨਹੀਂ ਲੈਂਦਾ ਤੇ ਦੁਖੀ ਹੋਇਆ ਸਿਰ ਝੂਣਦਾ ਹੈ॥ ੩॥

੪. ਨਿੰਦਾ ਕਰਨੀ ਖੋਟਾ ਕਰਮ ਹੈ

੧. ਡਾਇਣੁ ਮਾਣਸ ਖਾਵਣੀ ਪੁਤੁ ਬੁਰਾ ਨ ਮੰਗੈ।
੨. ਵਡਾ ਵਿਕਰਮੀ ਆਖੀਐ ਧੀ ਭੈਣਹੁ ਸੰਗੈ।
੩. ਰਾਜੇ ਧ੍ਰੋਹੁ ਕਮਾਂਵਦੇ ਰੈਬਾਰ ਸੁਰੰਗੈ।
੪. ਬਜਰ ਪਾਪ ਨ ਉਤਰਨਿ ਜਾਇ ਕੀਚਨਿ ਗੰਗੈ।
੫. ਥਰਹਰ ਕੰਬੈ ਨਰਕੁ ਜਮੁ ਸੁਣਿ ਨਿੰਦਕ ਢੰਗੈ।
੬. ਨਿੰਦਾ ਭਲੀ ਨ ਕਿਸੈ ਦੀ ਗੁਰ ਨਿੰਦ ਕੁਢੰਗੈ॥ ੪॥

ਪਦ ਅਰਥ - ਖਾਵਣੀ=ਖਾਣ ਵਾਲੀ। ਵਿਕਰਮੀ=ਮੰਦੇ ਕਰਮ ਕਰਨ ਵਾਲਾ। ਰੈਬਾਰ=ਵਿਚੋਲਾ, ਸਫੀਰ। ਸੁਰੰਗੈ=ਰੰਗ ਵਿਚ।

ਅਰਥ - ੧. ਡੈਣ ਮਨੁੱਖਾਂ ਨੂੰ ਖਾਂਦੀ ਹੈ, ਪਰ ਆਪਣੀ ਸੰਤਾਨ (ਧੀ, ਪੁੱਤਰ) ਦਾ ਬੁਰਾ ਨਹੀਂ ਮੰਗਦੀ। ੨. ਜਿਸ ਨੂੰ ਵੱਡਾ ਵਿਕਰਮੀ (ਮੰਦੇ ਕਰਮ ਕਰਨ ਵਾਲਾ) ਆਖਿਆ ਜਾਂਦਾ ਹੈ, ਉਹ ਵੀ ਆਪਣੀ ਧੀ ਭੈਣ ਨਾਲ ਵਿਭਚਾਰ ਕਰਨ ਤੋਂ ਸੰਗਦਾ ਹੈ। ੩. ਰਾਜੇ ਆਪੋ ਵਿਚ ਧਰੋਹ (ਵੈਰ ਵਿਰੋਧ) ਕਰਦੇ ਹਨ, ਪਰ ਵਿਚੋਲਾ (ਸਫੀਰ) ਆਨੰਦ ਵਿਚ ਰਹਿੰਦਾ ਹੈ, (ਉਸ ਨੂੰ ਕੋਈ ਕੁਛ ਨਹੀਂ ਕਹਿੰਦਾ)। ੪. ਜਿਹੜੇ ਪਾਪ ਕਰਮ ਪਵਿੱਤਰ ਤੀਰਥਾਂ 'ਤੇ ਜਾ ਕੇ ਕੀਤੇ ਜਾਂਦੇ ਹਨ, ਉਹ ਵੱਡੇ ਭਾਰੇ ਪਾਪ ਕਿਸੇ ਤਰ੍ਹਾਂ ਵੀ ਨਹੀਂ ਉੱਤਰਦੇ। ੫. ਨਰਕ ਤੇ ਜਮ, ਨਿੰਦਕ ਦਾ ਖੋਟਾ ਢੰਗ ਸੁਣ ਕੇ ਥਰਥਰ ਕੰਬਦੇ ਹਨ (ਕਿ ਅਸੀਂ ਅਧੋਗਤੀ ਨੂੰ ਨਾ ਚਲੇ ਜਾਈਏ)।

੬. ਨਿੰਦਾ ਕਿਸੇ ਦੀ ਵੀ ਕਰਨੀ ਚੰਗੀ ਨਹੀਂ ਹੁੰਦੀ, ਪਰ ਗੁਰੂ ਦੀ ਨਿੰਦਾ ਕਰਨੀ ਤਾਂ ਬੜਾ ਭਾਰੀ ਖੋਟਾ ਕਰਮ ਹੈ॥ ੪॥

ਭਾਵ—"ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥"

੫. ਨਿੰਦਾ ਕਰਕੇ ਵੱਡੇ ਵੱਡੇ ਨਾਸ ਹੋ ਗਏ

੧. ਨਿੰਦਾ ਕਰਿ ਹਰਣਾਖਸੈ ਵੇਖਹੁ ਫਲੁ ਵਟੈ।
੨. ਲੰਕ ਲੁਟਾਈ ਰਾਵਣੈ ਮਸਤਕਿ ਦਸ ਕਟੈ।
੩. ਕੰਸੁ ਗਇਆ ਸਣ ਲਸਕਰੈ ਸਭ ਦੈਤ ਸੰਘਟੈ।
੪. ਵੰਸੁ ਗਵਾਇਆ ਕੈਰਵਾਂ ਖੂਹਣਿ ਲਖ ਫਟੈ।
੫. ਦੰਤ ਬਕਤ੍ਰ ਸਿਸਪਾਲ ਦੇ ਦੰਦ ਹੋਏ ਖਟੈ।
੬. ਨਿੰਦਾ ਕੋਇ ਨ ਸਿਝਿਓ ਇਉ ਵੇਦ ਉਘਟੈ।
੭. ਦੁਰਬਾਸੇ ਨੇ ਸਰਾਪ ਦੇ ਯਾਦਵ ਸਭਿ ਤਟੈ॥ ੫॥

ਪਦ ਅਰਥ - ਫਲੁ ਵਟੈ=ਫਲ ਲੀਤਾ। ਮਸਤਕਿ ਦਸ=ਦਸ ਸਿਰ। ਸੰਘਟੈ=ਨਾਸ ਕੀਤੇ। ਵੇਦ=ਧਰਮ ਗ੍ਰੰਥ। ਉਘਟੈ=ਪ੍ਰਗਟ ਕਰਦੇ ਹਨ। ਤਟੈ=ਨਾਸ ਕਰ ਦਿੱਤੇ।

ਅਰਥ - ੧. ਹਰਨਾਕਸ਼ ਨੇ ਆਪਣੇ ਗੁਰੂ ਨਾਰਦ ਦੀ ਨਿੰਦਾ ਕਰਕੇ ਕੀ ਫਲ ਪਾਇਆ ? (ਭਾਵ ਮਾਰਿਆ ਗਿਆ)। ੨. ਰਾਵਣ ਨੇ ਰਾਮ ਜੀ ਦੀ ਨਿੰਦਾ ਕਰਕੇ ਲੰਕਾ ਖੁਹਾ ਲਈ ਤੇ ਦਸ ਸਿਰ ਕਟਵਾ ਲਏ। ੩. ਕੰਸ (ਵਾਸਦੇਵ, ਕ੍ਰਿਸ਼ਨ ਜੀ ਤੇ ਆਪਣੇ ਪਿਤਾ ਦੀ) ਨਿੰਦਾ ਕਰਕੇ ਆਪਣੀਆਂ ਫੌਜਾਂ ਤੇ ਦੈਂਤਾਂ ਸਮੇਤ ਮਾਰਿਆ ਗਿਆ। ੪. ਕੈਰਵਾਂ ਨੇ ਵੀ ਗੁਰੂ ਦੀ ਨਿੰਦਾ ਕਰਕੇ ਆਪਣੀ ਵੰਸ ਨਾਸ ਕਰਵਾ ਲਈ ਤੇ ਉਹਨਾਂ ਦੀ ਕਈ ਖੂਹਣੀਆਂ ਫ਼ੌਜ ਖਤਮ ਹੋ ਗਈ। ੫. ਸਸਪਾਲ ਤੇ ਦੰਤ ਬਕਤ੍ਰ ਦੇ (ਗੁਰੂ ਦੀ ਨਿੰਦਾ ਕਰਕੇ) ਦੰਦ ਖੱਟੇ ਹੋਏ (ਭਾਵ ਦੁੱਖ ਪਾਇਆ)। ੬. ਧਰਮ ਗ੍ਰੰਥ ਇਹ ਪ੍ਰਗਟ ਕਰਦੇ ਹਨ ਕਿ ਨਿੰਦਾ ਕਰਨ ਨਾਲ ਕੋਈ ਵੀ ਸਫਲ ਨਹੀਂ ਹੋਇਆ। ੭. ਯਾਦਵਾਂ ਨੇ ਦੁਰਵਾਸ਼ਾ ਰਿਸ਼ੀ ਨਾਲ ਮਸ਼ਕਰੀ ਕੀਤੀ (ਭਾਵ ਉਸ ਦੀ ਨਿੰਦਾ ਕੀਤੀ), ਜਿਸ ਕਰਕੇ ਰਿਸ਼ੀ ਦੇ ਸਰਾਪ ਨਾਲ ਯਾਦਵਾਂ ਦੀ ਕੁਲ ਦਾ ਨਾਸ ਹੋ ਗਿਆ॥ ੫॥

ਭਾਵ—ਵੱਡੇ ਵੱਡੇ ਰਾਜੇ ਨਿੰਦਾ ਕਰਨ ਨਾਲ ਨਾਸ ਹੋ ਗਏ।

੬. ਗੁਰੂ ਨਿੰਦਕ ਦੁਖੀ ਰਹਿੰਦਾ ਹੈ

੧. ਸਭਨਾਂ ਦੇ ਸਿਰ ਗੁੰਦੀਅਨਿ ਗੰਜੀ ਗੁਰੜਾਵੈ।
੨. ਕੰਨਿ ਤਨਉੜੇ ਕਾਮਣੀ ਬੂੜੀ ਬਰਿੜਾਵੈ।

੩. ਨਥਾਂ ਨਕਿ ਨਵੇਲੀਆਂ ਨਕਟੀ ਨ ਸੁਖਾਵੈ।
੪. ਕਜਲ ਅਖੀਂ ਹਰਣਾਖੀਆਂ ਕਾਣੀ ਕੁਰਲਾਵੈ।
੫. ਸਭਨਾਂ ਚਾਲ ਸੁਹਾਵਣੀ ਲੰਗੜੀ ਲੰਗੜਾਵੈ।
੬. ਗਣਤ ਗਣੈ ਗੁਰਦੇਵ ਦੀ ਤਿਸੁ ਦੁਖਿ ਵਿਹਾਵੈ॥ ੬॥

ਪਦ ਅਰਥ - ਗੁਰੜਾਵੈ=ਗੁੜ ਗੁੜ ਕਰਨਾ। ਬੂੜੀ=ਬੁੱਚੀ। ਨਕਟੀ=ਨਕਵਢੀ। ਗਣਤ ਗਣੈ= ਨਿੰਦਾ ਕਰੇ।

ਅਰਥ - ੧. ਸਾਰਿਆਂ ਦੇ ਸਿਰ ਗੁੰਦੇ ਹੋਏ ਵੇਖ ਕੇ ਗੰਜੀ ਗੁਰੜਾਉਂਦੀ (ਦੁਖੀ ਹੁੰਦੀ) ਹੈ। ੨. ਹੋਰ ਇਸਤ੍ਰੀਆਂ ਦੇ ਕੰਨਾਂ ਵਿਚ ਤਨਉੜੇ (ਪਿੱਪਲਵੜ੍ਹੇ) ਪਏ ਵੇਖ ਕੇ ਬੂੜੀ (ਬੁੱਚੀ) ਬੁੜਬੁੜ ਕਰਦੀ ਹੈ। ੩. ਨਕਵਢੀ ਨੂੰ ਸਹੇਲੀਆਂ ਦੇ ਨੱਕ ਵਿਚ ਨਥਾਂ ਪਈਆਂ ਨਹੀਂ ਸੁਖਾਉਂਦੀਆਂ। ੪. ਹਰਨ ਵਰਗੀਆਂ ਸੋਹਣੀਆਂ ਅੱਖਾਂ ਵਿਚ ਸੁਰਮਾ ਪਿਆ ਵੇਖ ਕੇ ਕਾਣੀ ਕੁਰਲਾਉਂਦੀ ਹੈ। ੫. ਸਭ ਇਸਤ੍ਰੀਆਂ ਦੀ ਚਾਲ ਸੋਹਣੀ ਹੈ, ਪਰ ਲੰਗੜੀ ਲੰਗੜਾ ਕੇ ਤੁਰਦੀ ਹੈ। ੬. ਜਿਹੜਾ ਪੁਰਸ਼ ਆਪਣੇ ਗੁਰੂ ਦੀ ਨਿੰਦਾ ਕਰਦਾ ਹੈ, ਉਹ ਉਪਰੋਕਤ ਕਥਨ ਕੀਤੇ ਅਪਾਹਜਾਂ ਵਾਂਗੂੰ ਦੁੱਖ ਵਿਚ ਜਿੰਦਗੀ ਨੂੰ ਬਤੀਤ ਕਰਦਾ ਹੈ॥ ੬॥

੭. ਗੁਰੂ-ਨਿੰਦਕ ਦਾ ਜਨਮ ਅਕਾਰਥ ਜਾਂਦਾ ਹੈ

੧. ਅਪਤੁ ਕਰੀਰੁ ਨ ਮਉਲੀਐ ਦੇ ਦੋਸੁ ਬਸੰਤੈ।
੨. ਸੰਢਿ ਸਪੁਤੀ ਨਾ ਥੀਐ ਕਣਤਾਵੈ ਕੰਤੈ।
੩. ਕਲਰਿ ਖੇਤੁ ਨ ਜੰਮਈ ਘਣਹਰੁ ਵਰਸੰਤੈ।
੪. ਪੰਗਾ ਪਿਛੈ ਚੰਗਿਆਂ ਅਵਗੁਣ ਗੁਣਵੰਤੈ।
੫. ਸਾਇਰੁ ਵਿਚਿ ਘੰਘੂਟਿਆਂ ਬਹੁ ਰਤਨ ਅਨੰਤੈ।
੬. ਜਨਮ ਗਵਾਇ ਅਕਾਰਥਾ ਗੁਰੁ ਗਣਤ ਗਣੰਤੈ॥ ੭॥

ਪਦ ਅਰਥ - ਅਪਤੁ=ਪੱਤਰਾਂ ਤੋਂ ਬਿਨਾਂ। ਸੰਢਿ=ਬਾਂਝ ਇਸਤ੍ਰੀ। ਕਣਤਾਵੈ=ਦੋਸ਼। ਪੰਗਾ=ਬੁਰਾ ਮਨੁੱਖ। ਸਾਇਰੁ=ਸਮੁੰਦਰ। ਘੰਘੂਟਿਆਂ=ਘੋਘੇ।

ਅਰਥ - ੧. ਪੱਤਿਆਂ ਤੋਂ ਹੀਣਾ ਕਰੀਰ ਦਾ ਬ੍ਰਿਛ ਆਪ ਤਾਂ ਫਲਦਾ ਨਹੀਂ, ਪਰ ਦੋਸ਼ ਬਸੰਤ ਰੁੱਤ ਨੂੰ ਦਿੰਦਾ ਹੈ। ੨. ਸੰਢਿ (ਬਾਂਝ ਇਸਤ੍ਰੀ) ਆਪ ਤਾਂ ਪੁੱਤਰ ਜੰਮਦੀ ਨਹੀਂ, ਪਰ ਦੋਸ਼ ਪਤੀ ਨੂੰ ਦਿੰਦੀ ਹੈ। ੩. ਕੱਲਰੀ ਖੇਤ ਵਿਚ ਖੇਤੀ ਨਹੀਂ ਉੱਗਦੀ, ਭਾਵੇਂ ਕਿੰਨਾ ਮੀਂਹ ਵਸੇ। ੪. ਬੁਰਾ ਪੁਰਸ਼ ਵੀ ਚੰਗਿਆਂ ਨਾਲ ਲੱਗਣ ਕਰਕੇ ਔਗੁਣਾਂ ਤੋਂ ਗੁਣਾਂ ਵਾਲਾ ਹੋ ਜਾਂਦਾ ਹੈ। ੫. (ਜਿਸ ਤਰ੍ਹਾਂ) ਸਮੁੰਦਰ ਵਿਚ ਘੋਗਿਆਂ ਤੋਂ ਹੀ ਬੇਅੰਤ ਰਤਨ ਪੈਦਾ ਹੋ ਜਾਂਦੇ ਹਨ। ੬. ਗੁਰੂ ਦੇ ਕਰਤਵਾਂ ਦੀ ਗਿਣਤੀ ਕਰਨ ਵਾਲੇ (ਭਾਵ ਨਿੰਦਾ ਕਰਨ ਵਾਲੇ) ਮਨੁੱਖ ਦਾ ਜਨਮ ਵਿਅਰਥ ਜਾਂਦਾ ਹੈ॥ ੭॥

੮. ਧਰਤੀ ਨੂੰ ਅਕਿਰਤਘਣ ਭਾਰੇ ਲੱਗਦੇ ਹਨ

੧. ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ।
੨. ਨਾ ਤਿਸੁ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ।
੩. ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ।
੪. ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।
੫. ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ।
੬. ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ॥ ੮॥

ਪਦ ਅਰਥ - ਖਹੰਦੇ=ਖਹਿਣ ਵਾਲੇ। ਕੋਟ ਗੜ੍ਹ=ਕਿਲ੍ਹੇ। ਸਾਇਰਾਂ=ਸਮੁੰਦਰ। ਭੁਈਂ=ਧਰਤੀ ਨੂੰ। ਅਕਿਰਤਘਣ=ਕੀਤਾ ਨਾ ਜਾਣਨ ਵਾਲਾ ਮਨੁੱਖ।

ਅਰਥ - ੧. ਉਸ ਨੂੰ (ਭਾਵ ਧਰਤੀ ਨੂੰ) ਅਸਮਾਨ ਨਾਲ ਖਹਿੰਦੇ (ਬਹੁਤ ਉੱਚੇ) ਪਹਾੜ ਭਾਰੇ ਨਹੀਂ ਜਾਪਦੇ। ੨. ਬੜੇ ਬੜੇ ਕਿਲ੍ਹੇ ਤੇ ਘਰ ਬਾਰ ਵੀ (ਧਰਤੀ ਨੂੰ) ਭਾਰੇ ਨਹੀਂ ਦਿਸਦੇ। ੩. ਸਮੁੰਦਰ ਤੇ ਨਦੀਆਂ ਦੇ ਵਹਿਣ ਵੀ (ਧਰਤੀ ਨੂੰ) ਭਾਰੇ ਨਹੀਂ ਲੱਗਦੇ। ੪. ਫਲਾਂ ਨਾਲ ਭਰੇ ਬ੍ਰਿਛ ਵੀ (ਧਰਤੀ ਨੂੰ) ਭਾਰੇ ਨਹੀਂ ਜਾਪਦੇ। ੫. ਬੇਅੰਤ ਜੀਵ ਜੰਤੂ ਜੋ ਧਰਤੀ 'ਤੇ ਫਿਰ ਰਹੇ ਹਨ, ਇਹ ਵੀ ਉਸ ਨੂੰ ਭਾਰੇ ਨਹੀਂ ਲੱਗਦੇ। ੬. (ਪਰ) ਧਰਤੀ ਨੂੰ ਅਕਿਰਤਘਣ ਭਾਰੇ ਲੱਗਦੇ ਹਨ, ਕਿਉਂਕਿ ਉਹ ਬੁਰਿਆਂ ਤੋਂ ਬੁਰੇ ਹਨ॥ ੮॥

੯. ਅਕਿਰਤਘਣ ਦੀ ਹਾਲਤ

੧. ਮਦ ਵਿਚਿ ਰਿਧਾ ਪਾਇ ਕੈ ਕੁਤੇ ਦਾ ਮਾਸੁ।
੨. ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ।
੩. ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ।
੪. ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ।
੫. ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ।
੬. ਨਦਰੀ ਪਵੈ ਅਕਿਰਤਘਣੁ ਮਤੁ ਹੋਇ ਵਿਣਾਸੁ॥ ੯॥

ਪਦ ਅਰਥ - ਮਦ=ਸ਼ਰਾਬ। ਮਾਣਸ=ਮਨੁੱਖ। ਮੰਦੀ ਵਾਸੁ=ਖੋਟੀ ਵਾਸ਼ਨਾ। ਰਤੂ=ਲਹੂ। ਕਜਣੁ=ਢੱਕਣ। ਵਿਸਵਾਸੁ=ਸੰਸਾ। ਵਿਣਾਸੁ=ਫਿਟ ਜਾਣਾ, ਨਾਸ ਹੋ ਜਾਣਾ।

ਅਰਥ - ੧. (ਚੂਹੜੀ ਨੇ) ਸ਼ਰਾਬ ਵਿਚ ਕੁੱਤੇ ਦਾ ਮਾਸ ਪਾ ਕੇ ਰਿੰਨ੍ਹਿਆ। ੨. ਉਸ ਰਿੰਨ੍ਹੇ ਹੋਏ

ਮਾਸ ਨੂੰ ਉਸ ਨੇ ਮਨੁੱਖ ਦੀ ਖੋਪਰੀ ਵਿਚ ਪਾ ਕੇ ਰੱਖਿਆ ਹੋਇਆ ਸੀ, ਇਸ ਕਰਕੇ ਉਸ ਵਿਚੋਂ ਭੈੜੀ ਵਾਸ਼ਨਾ ਆ ਰਹੀ ਸੀ। ੩. ਲਹੂ ਦੇ ਭਰੇ ਕਪੜੇ ਨਾਲ ਉਸ ਨੂੰ ਢੱਕਿਆ ਹੋਇਆ ਸੀ। ੪. ਇਸ ਤਰ੍ਹਾਂ ਉਸ ਮਾਸ ਨੂੰ ਢਕ ਕੇ ਚੂਹੜੀ ਭੋਗ ਬਿਲਾਸ ਕਰਨ ਲਈ ਲੈ ਕੇ ਤੁਰੀ ਜਾਂਦੀ ਸੀ। ੫. (ਅੱਗੋਂ ਕਿਸੇ ਨੇ ਪੁੱਛਿਆ ਕਿ ਇਹ ਤੂੰ ਕਿਹੜੀ ਚੀਜ਼ ਢੱਕ ਕੇ ਲਈ ਜਾਂਦੀ ਹੈਂ, ਤਾਂ ਚੂਹੜੀ ਨੇ ਪੁੱਛਣ ਵਾਲੇ ਦਾ) ਸੰਸਾ ਦੂਰ ਕਰਨ ਲਈ ਸਭ ਕੁਛ ਦੱਸ ਦਿੱਤਾ ਤੇ ਕਿਹਾ ਕਿ ੬. ਮੈਂ ਜੋ ਕੁਛ ਲਈ ਜਾਂਦੀ ਹਾਂ, ਇਸ ਨੂੰ ਇਸ ਲਈ ਢੱਕਿਆ ਹੋਇਆ ਹੈ ਕਿ ਕਿਸੇ ਅਕ੍ਰਿਤਘਣ ਮਨੁੱਖ ਦੀ ਨਜ਼ਰ ਪੈ ਗਈ ਤਾਂ ਇਹ ਸਾਰਾ ਕੁਛ ਨਿਕੰਮਾਂ ਹੋ ਜਾਏਗਾ॥ ੯॥

੧੦. ਲੂਣ ਹਰਾਮੀ ਵਾਂਗੂੰ ਗੁਨਾਹਗਾਰ ਨ ਬਣੋ

੧. ਚੋਰੁ ਗਇਆ ਘਰਿ ਸਾਹ ਦੈ ਘਰ ਅੰਦਰਿ ਵੜਿਆ।
੨. ਕੁਛਾ ਕੂਣੈ ਭਾਲਦਾ ਚਉਬਾਰੇ ਚੜ੍ਹਿਆ।
੩. ਸੁਇਨਾ ਰੁਪਾ ਪੰਡ ਬੰਨ੍ਹਿ ਅਗਲਾਈ ਅੜਿਆ।
੪. ਲੋਭ ਲਹਰਿ ਹਲਕਾਇਆ ਲੂਣ ਹਾਂਡਾ ਫੜਿਆ।
੫. ਚੁਖਕੁ ਲੈ ਕੇ ਚਖਿਆ ਤਿਸੁ ਕਖੁ ਨ ਖੜਿਆ।
੬. ਲੂਣ ਹਰਾਮੀ ਗੁਨਹਗਾਰੁ ਧੜੂ ਧੰਮੜ ਧੜਿਆ॥ ੧੦॥

ਪਦ ਅਰਥ - ਕੁਛਾ ਕੂਣੈ=ਹਰ ਪਾਸੇ। ਅਗਲਾਈ=ਬਹੁਤੀ। ਹਾਂਡਾ=ਭਾਂਡਾ। ਚੁਖਕੁ=ਜ਼ਰਾ ਜਿੰਨਾ। ਧੜੂ ਧੰਮੜ=ਧੜ ਧੜ ਕਰਕੇ ਢੋਲ ਵਾਂਗੂੰ ਕੁਟਿਆ ਜਾਂਦਾ ਹੈ।

ਅਰਥ - ੧. ਇਕ ਚੋਰ ਚੋਰੀ ਕਰਨ ਵਾਸਤੇ ਇਕ ਸ਼ਾਹ ਦੇ ਘਰ ਅੰਦਰ ਜਾ ਵੜਿਆ। ੨. ਸਾਰੇ ਪਾਸੇ ਫੋਲਾ ਫਾਲੀ ਕਰਕੇ ਜਦੋਂ ਉਸ ਨੂੰ ਕੁਛ ਨਾ ਮਿਲਿਆ ਤਾਂ ਉਹ ਉਪਰ ਚੁਬਾਰੇ 'ਤੇ ਜਾ ਚੜ੍ਹਿਆ। ੩. ਸੋਨੇ ਚਾਂਦੀ ਆਦਿ ਬਹੁਮੁੱਲੇ ਪਦਾਰਥਾਂ ਦੀ ਪੰਡ ਬੰਨ੍ਹ ਲਈ, ਫਿਰ ਉਹ ਹੋਰ ਮਾਲ ਲੈਣ ਦੇ ਲੋਭ ਵਿਚ ਫਸ ਗਿਆ। ੪. ਲੋਭ-ਲਹਿਰ ਦਾ ਐਸਾ ਹਲਕ ਕੁਦਿਆ ਕਿ ਉਸ ਨੇ ਲੂਣ ਵਾਲਾ ਭਾਂਡਾ ਜਾ ਫੜਿਆ। ੫. ਉਸ ਭਾਂਡੇ ਵਿਚੋਂ ਖੰਡ ਦੇ ਭੁਲੇਖੇ ਉਸ ਨੇ ਥੋੜ੍ਹਾ ਜਿਹਾ ਲੂਣ ਚੱਖਿਆ ਤਾਂ ਸਾਰਾ ਮਾਲ ਉਹ ਉਥੇ ਹੀ ਛੱਡ ਗਿਆ, ਕੁਛ ਵੀ ਨਾਲ ਲੈ ਕੇ ਨਾ ਗਿਆ (ਉਸ ਦੇ ਦਿਲ ਵਿਚ ਇਹ ਵਿਚਾਰ ਆਈ ਕਿ ਮੈਂ ਸ਼ਾਹ ਦਾ ਲੂਣ ਖਾ ਲਿਆ ਹੈ, ਇਸ ਲਈ ਮੈਂ ਲੂਣਹਰਾਮੀ ਨਹੀਂ ਬਣਨਾ ਚਾਹੁੰਦਾ)। ੬. (ਕਿਉਂਕਿ) ਲੂਣਹਰਾਮੀ ਗੁਨਾਹਗਾਰ ਹੁੰਦਾ ਹੈ ਤੇ (ਪ੍ਰਭੂ ਦੀ ਦਰਗਾਹ ਵਿਚ) ਉਹ ਢੋਲ ਵਾਂਗੂੰ ਚੋਬਾਂ ਨਾਲ ਕੁਟਿਆ ਜਾਂਦਾ ਹੈ॥ ੧੦॥

੧੧. ਲੂਣ ਹਰਾਮੀ ਵੱਡਾ ਗੁਨਹਗਾਰ ਹੈ

੧. ਖਾਧੇ ਲੂਣ ਗੁਲਾਮ ਹੋਇ ਪੀਹਿ ਪਾਣੀ ਢੋਵੈ।

੨. ਲੂਣ ਖਾਇ ਕਰਿ ਚਾਕਰੀ ਰਣਿ ਟੂਕ ਟੂਕ ਹੋਵੈ।
੩. ਲੂਣ ਖਾਇ ਧੀ ਪੁਤੁ ਹੋਇ ਸਭ ਲਜਾ ਧੋਵੈ।
੪. ਲੂਣੁ ਵਣੋਟਾ ਖਾਇ ਕੈ ਹਥ ਜੋੜਿ ਖੜੋਵੈ।
੫. ਵਾਟ ਵਟਾਊ ਲੂਣੁ ਖਾਇ ਗੁਣੁ ਕੰਠਿ ਪਰੋਵੈ।
੬. ਲੂਣ ਹਰਾਮੀ ਗੁਨਹਗਾਰ ਮਰਿ ਜਨਮੁ ਵਿਗੋਵੈ॥੧੧॥

ਪਦ ਅਰਥ - ਟੂਕ ਟੂਕ=ਟੁਕੜੇ ਟੁਕੜੇ। ਲਜਾ ਧੋਵੈ=ਪਤ ਉੱਜਲ ਕਰਨੀ। ਵਣੋਟਾ=ਗੁਮਾਸ਼ਤਾ। ਵਾਟ ਵਟਾਊ=ਮੁਸਾਫਿਰ।

ਅਰਥ - ੧. ਲੂਣ ਖਾਣ ਵਾਲਾ (ਨੌਕਰ) ਗੁਲਾਮਾਂ ਵਾਂਗੂੰ ਚੱਕੀ ਪੀਂਹਦਾ ਤੇ ਪਾਣੀ ਢੋਂਹਦਾ ਹੈ। ੨. ਲੂਣ ਖਾਣ ਕਰਕੇ ਚਾਕਰ (ਨੌਕਰ) ਮਾਲਕ ਦੀ ਖਾਤਰ ਜੁੱਧ ਵਿਚ ਟੁਕੜੇ ਟੁਕੜੇ ਹੋ ਕੇ ਮਰਦਾ ਹੈ। ੩. ਮਾਤਾ ਪਿਤਾ ਦਾ ਲੂਣ ਖਾਣ ਕਰਕੇ ਪੁੱਤ੍ਰ ਧੀਆਂ ਕੁਟੰਬ ਦੀਆਂ ਲੱਜਾ ਧੋਂਦੇ ਹਨ (ਭਾਵ ਇੱਜ਼ਤ ਵਧਾਉਂਦੇ ਹਨ)। ੪. ਸ਼ਾਹ ਦਾ ਗੁਮਾਸ਼ਤਾ ਸ਼ਾਹ ਦਾ ਲੂਣ ਖਾ ਕੇ ਉਸ ਅੱਗੇ ਹੱਥ ਜੋੜ ਕੇ ਖੜੋਂਦਾ ਹੈ। ੫. ਰਾਹ ਜਾਂਦਾ ਮੁਸਾਫਿਰ ਜੋ ਕਿਸੇ ਦੇ ਘਰੋਂ ਲੂਣ ਖਾਵੇ ਤਾਂ ਉਹ ਕੰਠ ਵਿਖੇ ਗੁਣਾਂ ਦਾ ਹਾਰ ਪਰੋਂਦਾ ਹੈ (ਭਾਵ ਹਰ ਥਾਂ 'ਤੇ ਉਸ ਦੀ ਵਡਿਆਈ ਕਰਦਾ ਹੈ)। ੬. ਲੂਣ ਖਾ ਕੇ ਜੋ ਹਰਾਮ ਕਰਦਾ ਹੈ, ਉਹ ਪਾਪੀ ਜਨਮ ਮਰਨ ਦੇ ਗੇੜ ਵਿਚ ਪੈ ਕੇ ਆਪਣਾ ਜਨਮ ਖਰਾਬ ਕਰ ਲੈਂਦਾ ਹੈ॥ ੧੧॥

੧੨. *ਸਿੱਖ ਧਰਮਸਾਲ ਦੀ ਝਾਕ ਨਾ ਰੱਖੇ*

੧. ਜਿਉ ਮਿਰਯਾਦਾ ਹਿੰਦੂਆ ਗਊ ਮਾਸੁ ਅਖਾਜੁ।
੨. ਮੁਸਲਮਾਣਾਂ ਸੂਅਰਹੁ ਸਉਗੰਦ ਵਿਆਜੁ।
੩. ਸਹੁਰਾ ਘਰਿ ਜਾਵਾਈਐ ਪਾਣੀ ਮਦਰਾਜੁ।
੪. ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ।
੫. ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ।
੬. ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ॥੧੨॥

ਪਦ ਅਰਥ - ਅਖਾਜੁ=ਹਰਾਮ। ਸਉਗੰਦ=ਸੌਂਹ। ਮਦਰਾਜੁ=ਸ਼ਰਾਬ। ਝਾਕ=ਤੱਕ, ਹਿਰਸ। ਵਿਹੁ ਖੰਡੂ ਪਾਜੁ=ਖੰਡ ਨਾਲ ਗਲੇਫੀ ਹੋਈ ਜ਼ਹਿਰ।

ਅਰਥ - ੧. ਜਿਵੇਂ ਹਿੰਦੂਆਂ ਦੀ ਮਰਿਯਾਦਾ ਹੈ ਕਿ ਉਹਨਾਂ ਲਈ ਗਊ ਦਾ ਮਾਸ ਅਖਾਜੁ (ਹਰਾਮ) ਹੈ। ੨. ਮੁਸਲਮਾਨਾਂ ਲਈ ਸੂਰ ਦੇ ਮਾਸ ਤੇ ਵਿਆਜ ਦੀ ਸੌਂਹ ਹੈ (ਮੁਸਲਮਾਨ ਸੂਰ ਦਾ ਮਾਸ ਤੇ ਵਿਆਜ ਖਾਣ ਨੂੰ ਹਰਾਮ ਸਮਝਦੇ ਹਨ)। ੩. ਜਵਾਈ ਦੇ ਘਰ ਦਾ ਪਾਣੀ ਸੰਹੁਰੇ ਲਈ ਸ਼ਰਾਬ ਦੇ ਬਰਾਬਰ ਹੈ।

੪. ਚੂਹੜਾ ਭਾਵੇਂ ਮਾਇਆ ਦਾ ਕਿੰਨਾ ਲੋੜਵੰਦ ਹੋਵੇ, ਉਹ ਸਹਿਆ ਨਹੀਂ ਖਾਂਦਾ। ੫. ਜਿਵੇਂ ਸ਼ਹਿਦ ਉਤੇ ਮੱਖੀ ਮੋਹਿਤ ਹੁੰਦੀ ਹੈ ਤੇ ਉਸ ਦਾ ਨਾਸ਼ ਹੋ ਜਾਂਦਾ ਹੈ। ੬. (ਇਸੇ ਤਰ੍ਹਾਂ) ਸਿੱਖ ਲਈ ਧਰਮਸਾਲਾ ਦੀ ਝਾਕ ਰੱਖਣੀ ਖੰਡ ਵਿਚ ਗਲੇਫੀ ਜ਼ਹਿਰ ਵਾਂਗੂੰ ਖਤਰਨਾਕ ਹੈ। (ਭਾਵ ਸਿੱਖ ਧਰਮਸਾਲਾ ਦੇ ਪਦਾਰਥਾਂ ਵੱਲ ਨਾ ਵੇਖੇ, ਸਗੋਂ ਧਰਮ ਦੀ ਕਿਰਤ ਕਰਕੇ ਵੰਡ ਕੇ ਛੱਕੇ)॥ ੧੨॥

੧੩. ਧਰਮਸਾਲਾ ਦੀ ਝਾਕ ਰੱਖਣ ਵਾਲਾ ਦੁਖੀ ਹੁੰਦਾ ਹੈ

੧. ਖਰਾ ਦੁਹੇਲਾ ਜਗ ਵਿਚਿ ਜਿਸ ਅੰਦਰਿ ਝਾਕੁ।
੨. ਸੋਇਨੇ ਨੋ ਹਥੁ ਪਾਇਦਾ ਹੁਇ ਵੰਞੈ ਖਾਕੁ।
੩. ਇਠ ਮਿਤ ਪੁਤ ਭਾਇਰਾ ਵਿਹਰਨਿ ਸਭ ਸਾਕੁ।
੪. ਸੋਗੁ ਵਿਜੋਗੁ ਸਰਾਪੁ ਹੈ ਦੁਰਮਤਿ ਨਾਪਾਕੁ।
੫. ਵਤੈ ਮੁਤੜਿ ਰੰਨ ਜਿਉ ਦਰਿ ਮਿਲੈ ਤਲਾਕੁ।
੬. ਦੁਖੁ ਭੁਖੁ ਦਾਲਿਦ ਘਣਾ ਦੋਜਕ ਅਉਤਾਕੁ॥ ੧੩॥

ਪਦ ਅਰਥ - ਦੁਹੇਲਾ=ਦੁਖੀ। ਖਾਕੁ=ਸੁਆਹ। ਇਠ=ਪਿਆਰੇ। ਵਿਹਰਨਿ=ਗੁੱਸੇ ਨਾਲ ਵੇਖਦੇ ਹਨ। ਤਲਾਕੁ=ਛੱਡਦੇ ਹਨ। ਮੁਤੜਿ=ਛੁੱਟੜ। ਅਉਤਾਕੁ=ਘਰ, ਸਰਾਂ।

ਅਰਥ - ੧. ਜਿਸ ਮਨੁੱਖ ਵਿਚ ਆਪਣੀ ਕਮਾਈ ਛੱਡ ਕੇ ਧਰਮਸਾਲਾ ਦੇ ਪਦਾਰਥਾਂ ਦੀ ਝਾਕ ਹੈ, ਉਹ ਸੰਸਾਰ ਵਿਚ ਬਹੁਤ ਦੁਖੀ ਹੁੰਦਾ ਹੈ। ੨. ਜੇਕਰ ਉਹ ਸੋਨੇ ਨੂੰ ਹੱਥ ਪਾਉਂਦਾ ਹੈ ਤਾਂ ਉਹ ਸੁਆਹ ਹੋ ਜਾਂਦਾ ਹੈ। ੩. ਉਸ ਨੂੰ ਪਿਆਰੇ ਮਿੱਤਰ, ਪੁੱਤਰ ਤੇ ਭਰਾ ਆਦਿ ਸੰਬੰਧੀ ਬੜੇ ਗੁੱਸੇ ਨਾਲ ਵੇਖਦੇ ਹਨ ਤੇ ਉਸ ਨੂੰ ਛੱਡ ਦਿੰਦੇ ਹਨ। ੪. ਉਸ ਨੂੰ ਸੋਗ, ਵਿਜੋਗ ਦਾ ਸਰਾਪ ਲੱਗਾ ਰਹੇਗਾ ਤੇ ਉਹ ਖੋਟੀ ਮੱਤ ਕਰਕੇ ਸਦਾ ਅਪਵਿੱਤਰ ਰਹੇਗਾ। ੫. ਉਹ ਛੁੱਟੜ ਇਸਤ੍ਰੀ ਵਾਂਗੂੰ ਪਿਆ ਫਿਰੇਗਾ ਤੇ ਉਸ ਨੂੰ (ਪ੍ਰਭੂ ਦੀ) ਦਰਗਾਹ ਵਿਚੋਂ ਤਲਾਕ (ਧੱਕਾ) ਮਿਲੇਗਾ। ੬. ਇਸ ਸੰਸਾਰ ਵਿਚ ਉਸ ਨੂੰ ਬਹੁਤ ਸਾਰਾ ਦੁੱਖ, ਭੁੱਖ ਤੇ ਦਲਿੱਦਰ ਮਿਲੇਗਾ ਤੇ ਅੱਗੇ ਨਰਕ ਰੂਪੀ ਸਰਾਂ ਵਿਚ ਵਾਸਾ ਮਿਲੇਗਾ॥ ੧੩॥

੧੪. ਪੂਜਾ ਦਾ ਧਾਨ ਮਨੁੱਖ ਨੂੰ ਨਾਸ ਕਰ ਦਿੰਦਾ ਹੈ

੧. ਵਿਗੜੈ ਚਾਟਾ ਦੁਧ ਦਾ ਕਾਂਜੀ ਦੀ ਚੁਖੈ।
੨. ਸਹਸ ਮਣਾ ਰੂਈ ਜਲੈ ਚਿਣਗਾਰੀ ਧੁਖੈ।
੩. ਬੂਰੁ ਵਿਣਾਹੇ ਪਾਣੀਐ ਖਉ ਲਾਖਹੁ ਰੁਖੈ।
੪. ਜਿਉ ਉਦਮਾਦੀ ਅਤੀਸਾਰੁ ਖਈ ਰੋਗੁ ਮਨੁਖੈ।

੫. ਜਿਉ ਜਾਲਿ ਪੰਖੇਰੂ ਫਾਸਦੇ ਚੁਗਣ ਦੀ ਭੁਖੈ।
੬. ਤਿਉ ਅਜਰੁ ਝਾਕ ਭੰਡਾਰ ਦੀ ਵਿਆਪੇ ਵੇਮੁਖੈ॥ ੧੪॥

ਪਦ ਅਰਥ - ਚਾਟਾ=ਮਟਕਾ। ਚੁਖੈ=ਇਕ ਬੂੰਦ। ਧੁਖੈ=ਧੁਖਣ ਨਾਲ। ਵਿਣਾਹੇ=ਨਾਸ ਕਰਦਾ ਹੈ। ਉਦਮਾਦੀ=ਸ਼ੈਦਾਈ।

ਅਰਥ - ੧. ਕਾਂਜੀ ਦੀ ਇਕ ਬੂੰਦ ਪੈਣ ਨਾਲ ਦੁੱਧ ਦਾ ਮਟਕਾ ਖਰਾਬ ਹੋ ਜਾਂਦਾ ਹੈ। ੨. ਹਜ਼ਾਰਾਂ ਮਣ ਰੂੰ ਇਕ ਚਿੰਗਾਰੀ ਨਾਲ ਸੜ ਜਾਂਦੀ ਹੈ। ੩. ਪਾਣੀ ਦੇ ਤਾਲਾਬ ਨੂੰ ਬੂਰ ਖਰਾਬ ਕਰ ਦਿੰਦਾ ਹੈ ਬ੍ਰਿਛ ਨੂੰ ਲਾਖ ਪੈ ਜਾਏ ਤਾਂ ਉਸ ਦਾ ਨਾਸ ਹੋ ਜਾਂਦਾ ਹੈ। ੪. ਜਿਵੇਂ ਸ਼ੈਦਾਈ ਨੂੰ ਅਤੀਸਾਰ ਰੋਗ ਤੇ ਮਨੁੱਖ ਨੂੰ ਖਈ ਰੋਗ ਨਾਸ ਕਰ ਦਿੰਦਾ ਹੈ। ੫. ਜਿਵੇਂ ਦਾਣਾ ਚੁਗਣ ਦੀ ਤ੍ਰਿਸ਼ਨਾ ਨਾਲ ਪੰਛੀ ਜਾਲ ਵਿਚ ਫਸ ਜਾਂਦੇ ਹਨ। ੬. (ਇਸੇ ਤਰ੍ਹਾਂ) ਨਾ ਜਰੀ ਜਾਣ ਵਾਲੀ ਧਰਮਸਾਲਾ ਦੇ ਭੰਡਾਰੇ ਦੀ ਝਾਕ ਜਿਸ ਬੇਮੁਖ ਨੂੰ ਲੱਗ ਜਾਂਦੀ ਹੈ, ਉਸ ਦਾ ਨਾਸ ਕਰ ਦਿੰਦੀ ਹੈ॥ ੧੪॥

ਭਾਵ—ਧਰਮਸਾਲਾ ਦੇ ਭੰਡਾਰਿਆਂ ਦੀ ਝਾਕ ਰੱਖਣ ਵਾਲੇ ਬੇਮੁਖ ਮਨੁੱਖ ਦੀ ਬੁਰੀ ਦਸ਼ਾ ਹੁੰਦੀ ਹੈ। ਇਸ ਲਈ ਗੁਰਮਤਿ ਦੀ ਮਰਿਯਾਦਾ ਅਨੁਸਾਰ ਧਰਮ ਦੀ ਕਮਾਈ ਕਰਕੇ ਗੁਜ਼ਰਾਨ ਕਰਨੀ ਚਾਹੀਦੀ ਹੈ।

੧੫. ਪੂਜਾ ਦੇ ਧਾਨ ਤੋਂ ਗੁਰਸਿੱਖ ਬਚ ਜਾਂਦੇ ਹਨ

੧. ਅਉਚਰੁ ਝਾਕ ਭੰਡਾਰ ਦੀ ਚੁਖੁ ਲਗੈ ਚਖੀ।
੨. ਹੋਇ ਦੁਕੁਧਾ ਨਿਕਲੈ ਭੋਜਨੁ ਮਿਲਿ ਮਖੀ।
੩. ਰਾਤਿ ਸੁਖਾਲਾ ਕਿਉ ਸਵੈ ਤਿਣੁ ਅੰਦਰਿ ਅਖੀ।
੪. ਕਖਾ ਦਬੀ ਅਗਿ ਜਿਉ ਓਹੁ ਰਹੈ ਨ ਰਖੀ।
੫. ਝਾਕ ਝਕਾਈਐ ਝਾਕਵਾਲੁ ਕਰਿ ਭਖ ਅਭਖੀ।
੬. ਗੁਰ ਪਰਸਾਦੀ ਉਬਰੇ ਗੁਰ ਸਿਖਾ ਲਖੀ॥ ੧੫॥

ਪਦ ਅਰਥ - ਅਉਚਰੁ=ਅਭੱਖ, ਅਖਾਜ। ਚੁਖੁ=ਚਾਹ। ਦੁਕੁਧਾ=ਉਲਟੀ। ਤਿਣੁ=ਕੱਖ। ਲਖੀ= ਜਾਣੀ ਹੈ।

ਅਰਥ - ੧. ਧਰਮਸਾਲਾ ਦੇ ਭੰਡਾਰਿਆਂ ਦੀ ਝਾਕ (ਤੱਕ) ਚੰਗੀ ਨਹੀਂ, (ਪਰ ਜਿਸ ਨੂੰ ਇਸ ਦੇ) ਚੱਖਣ ਦੀ ਚਾਹ ਲੱਗ ਜਾਂਦੀ ਹੈ। ੨. ਉਸ ਨੂੰ ਉਲਟੀ ਹੋ ਕੇ ਨਿਕਲ ਜਾਂਦੀ ਹੈ, ਜਿਸ ਤਰ੍ਹਾਂ ਮੱਖੀ ਨਾਲ ਮਿਲਿਆ ਭੋਜਨ ਖਾਧਿਆਂ ਨਿਕਲ ਜਾਂਦਾ ਹੈ। ੩. ਜਿਸਦੀ ਅੱਖ ਵਿਚ ਕੱਖ ਪੈ ਜਾਏ ਉਹ ਰਾਤ ਨੂੰ ਸੌਖਾ ਕਿਵੇਂ ਸੌਂ ਸਕਦਾ ਹੈ ? ੪. ਜਿਵੇਂ ਕੱਖਾਂ ਹੇਠਾਂ ਅੱਗ ਦਬਾ ਕੇ ਰੱਖੀਏ ਤਾਂ ਉਹ ਨਹੀਂ ਰਹਿੰਦੀ। ੫. ਝਾਕ ਵਾਲਾ ਝਾਕ ਨੂੰ ਤਾੜਦਾ ਰਹਿੰਦਾ ਹੈ ਤੇ ਉਹ ਨਾ ਖਾਣ ਵਾਲੇ ਪਦਾਰਥਾਂ ਨੂੰ ਵੀ ਖਾ ਜਾਂਦਾ ਹੈ। ੬. ਜਿਨ੍ਹਾਂ ਗੁਰਸਿੱਖਾਂ ਨੇ ਇਹ ਗੱਲ ਜਾਣ ਲਈ ਹੈ, ਉਹ ਗੁਰੂ ਦੀ ਕ੍ਰਿਪਾ ਨਾਲ ਇਸ ਝਾਕ ਤੋਂ ਬਚ ਗਏ ਹਨ॥ ੧੫॥

੧੬. ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥

੧. ਜਿਉ ਘੁਣ ਖਾਧੀ ਲਕੜੀ ਵਿਣੁ ਤਾਣਿ ਨਿਤਾਣੀ।
੨. ਜਾਣੁ ਡਰਾਵਾ ਖੇਤ ਵਿਚਿ ਨਿਰਜੀਉ ਪਰਾਣੀ।
੩. ਜਿਉ ਧੂਅਰੁ ਝੜੁਵਾਲ ਦੀ ਕਿਉ ਵਰਸੈ ਪਾਣੀ।
੪. ਜਿਉ ਥਣ ਗਲ ਵਿਚਿ ਬਕਰੀ ਦੁਹਿ ਦੁਧੁ ਨ ਆਣੀ।
੫. ਝਾਕੇ ਅੰਦਰਿ ਝਾਕਵਾਲੁ ਤਿਸ ਕਿਆ ਨੀਸਾਣੀ।
੬. ਜਿਉ ਚਮੁ ਚਟੈ ਗਾਇ ਮਹਿ ਉਹ ਭਰਮਿ ਭੁਲਾਣੀ ॥ ੧੬ ॥

ਪਦ ਅਰਥ - ਤਾਣਿ=ਜੋਰ। ਨਿਰਜੀਉ=ਪ੍ਰਾਣ ਰਹਿਤ। ਝੜੁਵਾਲ=ਬੱਦਲ। ਚਮੁ ਚਟੈ=ਚੰਮ ਦਾ ਚੱਟਣਾ।

ਅਰਥ - ੧. ਜਿਵੇਂ ਘੁਣ ਦੀ ਖਾਧੀ ਲੱਕੜ ਜ਼ੋਰ ਤੋਂ ਬਿਨਾਂ ਕਮਜ਼ੋਰ ਹੋ ਜਾਂਦੀ ਹੈ। ੨. ਜਿਸ ਤਰ੍ਹਾਂ ਖੇਤਾਂ ਵਿਚ ਨਕਲੀ ਡਰਾਉਣਾ ਮਨੁੱਖ ਮੁਰਦਾ (ਪ੍ਰਾਣ-ਹੀਣ) ਹੁੰਦਾ ਹੈ ੩. ਜਿਵੇਂ ਧੂੰਏ ਤੋਂ ਬੱਦਲ ਵਾਂਗੂੰ ਬਰਖਾ ਨਹੀਂ ਹੁੰਦੀ। ੪. ਜਿਸ ਤਰ੍ਹਾਂ ਬੱਕਰੀ ਦੇ ਗਲ ਵਾਲੇ ਥਣਾਂ 'ਚੋਂ ਚੋਇਆਂ ਦੁੱਧ ਨਹੀਂ ਨਿਕਲਦਾ। ੫. (ਇਸੇ ਤਰ੍ਹਾਂ) ਧਰਮਸਾਲਾ ਦੀ ਝਾਕ ਰੱਖਣ ਵਾਲਾ ਮਨੁੱਖ ਨਿਸਫਲ ਹੁੰਦਾ ਹੈ। ਉਸ ਦੀ ਨਿਸ਼ਾਨੀ ਕੀ ਹੈ ? ੬. (ਉਸਦੀ ਨਿਸ਼ਾਨੀ ਇਹ ਹੈ ਕਿ) ਜਿਵੇਂ ਗਊਆਂ ਮਹੀਆਂ ਤੂੜੀ ਦੇ ਭਰੇ ਹੋਏ ਚੰਮ ਨੂੰ ਭਰਮ ਵਿਚ ਭੁੱਲੀਆਂ ਹੋਈਆਂ ਚਟਦੀਆਂ ਹਨ, ਇਸੇ ਤਰ੍ਹਾਂ ਧਰਮਸਾਲਾ ਦੀ ਝਾਕ ਰੱਖਣ ਵਾਲਿਆਂ ਦੀ ਬੁਧੀ ਭਰਮ ਵਿਚ ਭੁੱਲੀ ਹੋਈ ਭੱਖ ਅਭੱਖ ਦੀ ਵਿਚਾਰ ਨਹੀਂ ਕਰਦੀ ॥ ੧੬ ॥

੧੭. ਸਾਧ ਤੇ ਅਸਾਧ ਦੇ ਲੱਛਣ

੧. ਗੁਛਾ ਹੋਇ ਧ੍ਰਿਕਾਨੂਆ ਕਿਉ ਵੁੜੀਐ ਦਾਖੈ।
੨. ਅਕੈ ਕੇਰੀ ਖਖੜੀ ਕੋਈ ਅੰਬੁ ਨ ਆਖੈ।
੩. ਗਹਣੇ ਜਿਉ ਜਰਪੋਸ ਦੇ ਨਹੀ ਸੋਇਨਾ ਸਾਖੈ।
੪. ਫਟਕ ਨ ਪੁਜਨਿ ਹੀਰਿਆ ਓਇ ਭਰੇ ਬਿਆਖੈ।
੫. ਧਉਲੇ ਦਿਸਨਿ ਛਾਹਿ ਦੁਧੁ ਸਾਦਹੁ ਗੁਣ ਗਾਖੈ।
੬. ਤਿਉ ਸਾਧ ਅਸਾਧ ਪਰਖੀਅਨਿ ਕਰਤੂਤਿ ਸੁ ਭਾਖੈ ॥ ੧੭ ॥

ਪਦ ਅਰਥ - ਵੁੜੀਐ=ਕਹੀਦਾ ਹੈ। ਜਰਪੋਸ=ਮੁਲੰਮਾ। ਫਟਕ=ਬਿਲੌਰ। ਬਿਆਖੈ=ਬਹੁਤ ਮੁੱਲ ਦੇ। ਧਉਲੇ=ਚਿੱਟੇ। ਛਾਹਿ=ਲੱਸੀ। ਗਾਖੈ=ਜਾਣੇ ਜਾਂਦੇ ਹਨ। ਸੁ ਭਾਖੈ=ਬੋਲਣ ਕਰਕੇ।

ਅਰਥ - ੧. ਧ੍ਰਿਕੋਨਿਆਂ ਦੇ ਗੁੱਛੇ ਨੂੰ ਦਾਖਾਂ ਦਾ ਗੁੱਛਾ ਕਿਸ ਤਰ੍ਹਾਂ ਕਿਹਾ ਜਾਵੇ ? (ਭਾਵ ਨਹੀਂ ਕਿਹਾ ਜਾਂਦਾ)। ੨. ਅੱਕ ਦੀ ਖੱਖੜੀ ਨੂੰ ਕੋਈ ਅੰਬ ਨਹੀਂ ਆਖਦਾ। ੩. ਜਿਸ ਤਰ੍ਹਾਂ ਮੁਲੰਮੇ ਦੇ ਗਹਿਣਿਆਂ ਦੀ ਕੋਈ ਸਾਖ ਨਹੀਂ ਭਰਦਾ ਕਿ ਇਹ ਸੋਨੇ ਦੇ ਗਹਿਣੇ ਹਨ। ੪. ਬਿਲੌਰ ਹੀਰਿਆਂ ਦੇ ਤੁੱਲ ਨਹੀਂ ਪੁੱਜਦਾ, ਕਿਉਂਕਿ ਹੀਰੇ ਬੜੇ ਕੀਮਤੀ ਹੁੰਦੇ ਹਨ। ੫. ਲੱਸੀ ਤੇ ਦੁੱਧ ਦੋਵੇਂ ਚਿੱਟੇ ਰੰਗ ਦੇ ਦਿਸਦੇ ਹਨ, ਪਰ ਗੁਣ ਤੇ ਸੁਆਦ ਤੋਂ ਉਹਨਾਂ ਦਾ ਨਿਰਣਾ ਹੋ ਜਾਂਦਾ ਹੈ। ੬. (ਇਸੇ ਤਰ੍ਹਾਂ) ਸਾਧ ਤੇ ਅਸਾਧ ਕਰਮਾਂ ਤੇ ਬੋਲੀ ਤੋਂ ਪਰਖੇ ਜਾਂਦੇ ਹਨ॥ ੧੭॥

ਭਾਵ—ਸ਼ੁਭ ਕਰਮਾਂ ਤੇ ਮਿੱਠੇ ਬਚਨਾਂ ਵਾਲੇ ਮਨੁੱਖ ਨੂੰ ਸਾਧੂ ਕਿਹਾ ਜਾਂਦਾ ਹੈ। ਕੁਕਰਮੀ ਤੇ ਫਿੱਕਾ ਬੋਲਣ ਵਾਲੇ ਪੁਰਸ਼ ਨੂੰ ਅਸਾਧ ਆਖਿਆ ਜਾਂਦਾ ਹੈ।

੧੮. ਲਾਲੁ ਗੁਲਾਲੁ ਗਹਬਰਾ ਸੱਚਾ ਰੰਗੁ ਚੜਾਉ

੧. ਸਾਵੇ ਪੀਲੇ ਪਾਨ ਹਹਿ ਓਇ ਵੇਲਹੁ ਤੁਟੇ।
੨. ਚਿਤਮਿਤਾਲੇ ਫੋਫਲੇ ਫਲ ਬਿਰਖਹੁੰ ਛੁਟੇ।
੩. ਕਥ ਹੁਰੇਹੀ ਭੂਸਲੀ ਦੇ ਚਾਵਲ ਚੁਟੇ।
੪. ਚੂਨਾ ਦਿਸੈ ਉਜਲਾ ਦਹਿ ਪਥਰੁ ਕੁਟੇ।
੫. ਆਪੁ ਗਵਾਇ ਸਮਾਇ ਮਿਲਿ ਰੰਗੁ ਚੀਚ ਵਹੁਟੇ।
੬. ਤਿਉ ਚਹੁ ਵਰਨਾ ਵਿਚਿ ਸਾਧ ਹਨਿ ਗੁਰਮੁਖਿ ਮੁਹ ਜੁਟੇ ॥੧੮॥

ਪਦ ਅਰਥ - ਚਿਤਮਿਤਾਲੇ=ਰੰਗ ਬਰੰਗੀ। ਫੋਫਲੇ=ਸੁਪਾਰੀਆਂ। ਚੁਟੇ=ਚੁਟਕੀ। ਦਹਿ=ਸਾੜ ਕੇ। ਚੀਚ ਵਹੁਟੇ=ਲਾਲ ਰੰਗ ਦਾ ਕੀੜਾ। ਮੁਹ ਜੁਟੇ=ਮਿਲਕੇ ਬੈਠਦੇ ਹਨ।

ਅਰਥ - ੧. ਪਾਨਾਂ ਦੇ ਪੱਤਰ ਸਾਵੇ ਪੀਲੇ ਹੋ ਕੇ ਵੇਲ ਨਾਲੋਂ ਟੁੱਟਦੇ ਹਨ। ੨. ਸੁਪਾਰੀਆਂ ਰੰਗ ਬਰੰਗੀਆਂ ਹੋ ਕੇ ਬ੍ਰਿਛ ਨਾਲੋਂ ਡਿੱਗਦੀਆਂ ਹਨ। ੩. ਕੱਥ ਹੌਲੀ ਤੇ ਭੂਸਲੇ ਰੰਗ ਦੀ ਹੁੰਦੀ ਹੈ, ਜੋ ਚਾਵਲ ਜਿੰਨੀ ਚੁਟਕੀ ਨਾਲ ਪਾਈਦੀ ਹੈ। ੪. ਚੂਨਾ ਚਿੱਟਾ ਦਿਸਦਾ ਹੈ, ਜੋ ਪੱਥਰ ਸਾੜ ਕੇ ਫਿਰ ਬਰੀਕ ਕਰਨ ਲਈ ਪੱਥਰ 'ਤੇ ਕੁੱਟਿਆ ਜਾਂਦਾ ਹੈ। ੫. ਇਹ ਸਾਰੀਆਂ ਚੀਜ਼ਾਂ (ਪਾਨ, ਸੁਪਾਰੀਆਂ, ਕੱਥਾ ਤੇ ਚੂਨਾ) ਜਦੋਂ ਆਪਣਾ ਆਪ ਗਵਾ ਕੇ ਆਪੋ ਵਿਚ ਮਿਲ ਕੇ ਇਕ ਹੁੰਦੀਆਂ ਹਨ, ਤਾਂ ਇਹਨਾਂ ਵਿਚੋਂ ਚੀਚ ਵਹੁਟੀ ਵਰਗਾ ਲਾਲ ਰੰਗ ਨਿਕਲਦਾ ਹੈ। ੬. ਇਸੇ ਤਰ੍ਹਾਂ ਜਦੋਂ ਚਾਰ ਵਰਣਾਂ ਵਿਚੋਂ ਸਜੇ ਗੁਰਮੁਖ ਪੁਰਸ਼ ਬੈਠਦੇ ਹਨ ਤਾਂ ਉਹ ਸਾਧ (ਸ੍ਰੇਸ਼ਟ) ਹੋ ਜਾਂਦੇ ਹਨ॥ ੧੮॥

੧੯. ਪ੍ਰੀਖਿਆ ਸਮੇਂ ਸੱਚੇ ਸਿੱਖ ਦੀ ਪਛਾਣ ਹੁੰਦੀ ਹੈ

੧. ਚਾਕਰ ਸਭ ਸਦਾਇੰਦੇ ਸਾਹਿਬ ਦਰਬਾਰੇ।

੨. ਨਿਵਿ ਨਿਵਿ ਕਰਨਿ ਜੁਹਾਰੀਆ ਸਭ ਸੈਹਥੀਆਰੇ।
੩. ਮਜਲਸ ਬਹਿ ਬਾਫਾਇੰਦੇ ਬੋਲ ਬੋਲਨਿ ਭਾਰੇ।
੪. ਗਲੀਏ ਤੁਰੇ ਨਚਾਇੰਦੇ ਗਜਗਾਹ ਸਵਾਰੇ।
੫. ਰਣ ਵਿਚਿ ਪਇਆਂ ਜਾਣੀਅਨਿ ਜੋਧ ਭਜਣਹਾਰੇ।
੬. ਤਿਉ ਸਾਂਗਿ ਸਿਞਾਪਨਿ ਸਨਮੁਖਾਂ ਬੇਮੁਖ ਹਤਿਆਰੇ॥ ੧੯॥

ਪਦ ਅਰਥ - ਚਾਕਰ=ਨੌਕਰ। ਸਾਹਿਬ ਦਰਬਾਰੇ=ਪਾਤਸ਼ਾਹ ਦੇ ਦਰਬਾਰ। ਜੁਹਾਰੀਆ=ਬੰਦਗੀਆਂ, ਨਮਸਕਾਰਾਂ। ਮਜਲਸ=ਸਭਾ। ਬਾਫਾਇੰਦੇ=ਦਮ ਮਾਰਨਾ। ਤੁਰੇ=ਘੋੜੇ। ਗਜਗਾਹ=ਹਾਥੀ ਘੋੜਿਆਂ ਦਾ ਇਕ ਗਹਿਣਾ। ਭਜਣਹਾਰੇ=ਕਾਇਰ। ਸਾਂਗਿ=ਸ੍ਵਾਂਗ।

ਅਰਥ - ੧. ਪਾਤਸ਼ਾਹ ਦੇ ਦਰਬਾਰ ਸਾਰੇ ਨੌਕਰ ਸਦਾਉਂਦੇ ਹਨ। ੨. ਸਭ ਹਥਿਆਰਬੰਦ ਨੌਕਰ ਪਾਤਸ਼ਾਹ ਨੂੰ ਨਿਉਂ ਨਿਉਂ ਕੇ ਨਮਸਕਾਰਾਂ ਕਰਦੇ ਹਨ। ੩. (ਉਹ) ਮਜਲਸਾਂ (ਸਭਾ) ਵਿਚ ਬੈਠ ਕੇ ਆਪਣਾ ਆਪ ਜਣਾਉਂਦੇ ਹਨ ਤੇ ਬੜੇ ਭਾਰੇ ਬੋਲ ਬੋਲਦੇ ਹਨ। ੪. (ਉਹ) ਗਲੀਆਂ (ਬਾਜ਼ਾਰਾਂ) ਵਿਚ ਘੋੜੇ ਨਚਾਉਂਦੇ ਹਨ ਤੇ ਗਜਗਾਹਾਂ ਸਵਾਰਦੇ ਹਨ। ੫. (ਪਰ) ਜਦੋਂ ਇਹ ਨੌਕਰ ਜੰਗ ਵਿਚ ਜਾਂਦੇ ਹਨ, ਤਦੋਂ ਪਤਾ ਲੱਗਦਾ ਹੈ ਕਿ ਇਹਨਾਂ ਵਿਚੋਂ ਸੂਰਮਾ ਕੌਣ ਹੈ ਤੇ ਜੰਗ ਵਿਚੋਂ ਭੱਜਣ ਵਾਲਾ ਕਾਇਰ ਕਿਹੜਾ ਹੈ। ੬. (ਇਸੇ ਤਰ੍ਹਾਂ) ਜਿਹੜੇ ਬਮੁਖ ਤੇ ਹਤਿਆਰੇ ਸਨਮੁਖਾਂ (ਗੁਰਮੁਖਾਂ) ਦਾ ਸ੍ਵਾਂਗ ਬਣਾ ਕੇ ਫਿਰਦੇ ਹਨ, ਉਹ ਸਤਿਗੁਰਾਂ ਵੱਲੋਂ ਪ੍ਰੀਖਿਆ ਲੈਣ ਸਮੇਂ ਸਿਞਾਣੇ ਜਾਂਦੇ ਹਨ॥ ੧੯॥

ਭਾਵ—ਜਦੋਂ ਸਤਿਗੁਰੂ ਜੀ ਸਿੱਖ ਦੀ ਪਰਖ ਕਰਦੇ ਹਨ ਤਾਂ ਪਤਾ ਲੱਗਦਾ ਹੈ ਕਿ ਪੂਰਨ ਸਿੱਖ ਕਿਹੜਾ ਹੈ ਤੇ ਭੇਖੀ ਸਿੱਖ ਕਿਹੜਾ ਹੈ।

੨੦. ਸਿੱਖ ਆਪਣੇ ਭਰੋਸੇ ਨੂੰ ਕਾਇਮ ਰੱਖੇ

੧. ਜੇ ਮਾਂ ਹੋਵੈ ਜਾਰਨੀ ਕਿਉ ਪੁਤੁ ਪਤਾਰੇ।
੨. ਗਾਈ ਮਾਣਕੁ ਨਿਗਲਿਆ ਪੇਟੁ ਪਾੜਿ ਨ ਮਾਰੇ।
੩. ਜੇ ਪਿਰੁ ਬਹੁ ਘਰੁ ਹੰਢਣਾ ਸਤੁ ਰਖੈ ਨਾਰੇ।
੪. ਅਮਰੁ ਚਲਾਵੈ ਚੰਮ ਦੇ ਚਾਕਰ ਵੇਚਾਰੇ।
੫. ਜੇ ਮਦੁ ਪੀਤਾ ਬਾਮਣੀ ਲੋਇ ਲੁਝਣਿ ਸਾਰੇ।
੬. ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ॥ ੨੦॥

ਪਦ ਅਰਥ - ਜਾਰਨੀ=ਵਿਭਚਾਰਨੀ। ਪਤਾਰੇ=ਨਿੰਦਾ। ਅਮਰੁ=ਹੁਕਮ।

ਅਰਥ - ੧. ਜੇਕਰ ਮਾਂ ਵਿਭਚਾਰਨੀ ਹੋਵੇ ਤਾਂ ਪੁੱਤਰ ਉਸ ਦੀ ਨਿੰਦਾ ਕਿਵੇਂ ਕਰੇਗਾ ? (ਭਾਵ ਪੁੱਤਰ

ਨਿੰਦਾ ਨਹੀਂ ਕਰੇਗਾ)। ੨. ਜੇਕਰ ਗਾਂ ਮਾਣਕ ਨਿਗਲ ਲਵੇ ਤਾਂ ਉਸ ਦਾ ਢਿੱਡ ਪਾੜ ਕੇ ਨਹੀਂ ਮਾਰੀਦਾ। ੩. ਜੇਕਰ ਪਤੀ ਬਹੁਤੇ ਘਰਾਂ ਵਿਚ ਫਿਰਨ ਵਾਲਾ ਹੋਵੇ (ਭਾਵ ਵਿਭਚਾਰੀ ਹੋਵੇ), ਤਦ ਉਸ ਦੀ ਪਤਨੀ ਆਪਣੇ ਸਤ ਧਰਮ ਨੂੰ ਕਾਇਮ ਰੱਖਦੀ ਹੈ (ਉਹ ਵਿਭਚਾਰ ਨਹੀਂ ਕਰਦੀ)। ੪. ਜੇਕਰ ਬਾਦਸ਼ਾਹ ਆਪਣੇ ਹੁਕਮ ਨਾਲ ਚੰਮ ਦੇ ਦੰਮ ਚਲਾਵੇ ਤਾਂ ਵਿਚਾਰੇ ਨੌਕਰਾਂ ਦਾ ਕੀ ਚਾਰਾ ਹੈ (ਉਹ ਬਾਦਸ਼ਾਹ ਦੇ ਹਰ ਹੁਕਮ ਨੂੰ ਮੰਨਦੇ ਹਨ)। ੫. ਜੇ ਕੋਈ ਬ੍ਰਾਹਮਣੀ ਸ਼ਰਾਬ ਪੀ ਲਵੇ ਤਾਂ ਲੋਕ ਉਸ ਨੂੰ ਵੇਖ ਕੇ ਕ੍ਰਿਝਦੇ ਹਨ (ਪਰ ਉਸ ਬ੍ਰਾਹਮਣੀ ਨੂੰ ਮਾਰਦਾ ਕੋਈ ਨਹੀਂ)। ੬. (ਸਿੱਖ ਦੀ ਪ੍ਰੀਖਿਆ ਲੈਣ ਲਈ) ਜੇ ਗੁਰੂ ਕੋਈ ਸ੍ਵਾਂਗ ਵਰਤਦਾ ਹੈ ਤਾਂ ਸਿੱਖ ਆਪਣਾ ਭਰੋਸਾ ਨਹੀਂ ਹਾਰਦਾ॥ ੨੦॥

ਜਦੋਂ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਗੁਰਦਾਸ ਜੀ ਦੀ ਇਹ ਪਉੜੀ ਸੁਣੀ ਤਾਂ ਸਤਿਗੁਰੂ ਜੀ ਨੇ ਜਾਣਿਆਂ ਕਿ ਭਾਈ ਸਾਹਿਬ ਨੂੰ ਕੁਛ ਹੰਕਾਰ ਹੋ ਗਿਆ ਹੈ। ਸਤਿਗੁਰੂ ਜੀ ਨੇ ਭਾਈ ਸਾਹਿਬ ਦਾ ਹੰਕਾਰ ਦੂਰ ਕਰਨ ਲਈ ਆਪ ਨੂੰ ਕਾਬਲ ਵਿਚ ਘੋੜੇ ਖਰੀਦਣ ਲਈ ਭੇਜਿਆ ਤੇ ਉਥੇ ਸਤਿਗੁਰੂ ਜੀ ਦਾ ਵਰਤਾਇਆ ਸ੍ਵਾਂਗ ਭਾਈ ਸਾਹਿਬ ਨਾ ਜਾਣ ਸਕੇ ਤੇ ਆਪਣਾ ਸਿਦਕ ਭਰੋਸਾ ਤਿਆਗ ਕੇ ਉਥੋਂ ਨੱਠ ਉੱਠੇ ਤੇ ਕਾਂਸ਼ੀ ਵਿਚ ਜਾ ਟਿਕੇ। ਕੁਛ ਸਮੇਂ ਪਿੱਛੋਂ ਭਾਈ ਸਾਹਿਬ ਨੂੰ ਆਪਣੀ ਭੁੱਲ ਦਾ ਗਿਆਨ ਹੋਇਆ ਤਾਂ ਆਪ ਨੇ ਸਤਿਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਅਗਲੀ ਪਉੜੀ ਰਚਕੇ ਸੁਣਾਈ ਤੇ ਆਪਣੀ ਭੁੱਲ ਦਾ ਪਸ਼ਚਾਤਾਪ ਕੀਤਾ।

੨੧. ਭਰੋਸੇ ਵਾਲੇ ਗੁਰਸਿੱਖ ਵਿਰਲੇ ਹੁੰਦੇ ਹਨ

੧. ਧਰਤੀ ਉਪਰਿ ਕੋਟ ਗੜ ਭੁਇਚਾਲ ਕਮੰਦੇ।
੨. ਝਖੜਿ ਆਏ ਤਰੁਵਰਾ ਸਰਬਤ ਹਲੰਦੇ।
੩. ਡਵਿ ਲਗੈ ਉਜਾੜਿ ਵਿਚਿ ਸਭ ਘਾਹ ਜਲੰਦੇ।
੪. ਹੜ ਆਏ ਕਿਨਿ ਥੰਮੀਅਨਿ ਦਰੀਆਉ ਵਹੰਦੇ।
੫. ਅੰਬਰਿ ਪਾਟੇ ਥਿਗਲੀ ਕੂੜਿਆਰ ਕਰੰਦੇ।
੬. ਸਾਂਗੈ ਅੰਦਰਿ ਸਾਬਤੇ ਸੇ ਵਿਰਲੇ ਬੰਦੇ॥ ੨੧॥

ਪਦ ਅਰਥ - ਕਮੰਦੇ=ਕੰਬਦੇ ਹਨ। ਤਰੁਵਰਾ=ਬ੍ਰਿਛ। ਡਵਿ=ਬਨ ਦੀ ਅੱਗ। ਅੰਬਰਿ=ਆਕਾਸ਼। ਥਿਗਲੀ=ਟਾਕੀ। ਬੰਦੇ=ਦਾਸ।

ਅਰਥ - ੧. ਧਰਤੀ 'ਤੇ ਜੋ ਕਰੋੜਾਂ ਕਿਲ੍ਹੇ ਹਨ, ਉਹ ਭੁਚਾਲ ਦੇ ਆਇਆਂ ਕੰਬ ਉੱਠਦੇ ਹਨ। ੨. ਝਖੜ (ਹਨੇਰੀ) ਦੇ ਵਗਣ ਨਾਲ ਸਭ ਬ੍ਰਿਛ ਹਿਲਣ ਲੱਗ ਪੈਂਦੇ ਹਨ। ੩. ਜਦੋਂ ਜੰਗਲ ਵਿਚ ਅੱਗ ਲੱਗਦੀ ਹੈ, ਤਦੋਂ ਸਾਰੇ ਘਾਹ ਤੇ ਬੂਟੇ ਸੜ ਜਾਂਦੇ ਹਨ। ੪. ਦਰਿਆ ਵਿਚ ਹੜ੍ਹ ਆਏ ਨੂੰ ਕੌਣ ਥੰਮ੍ਹ ਸਕਦਾ ਹੈ ? (ਭਾਵ ਕੋਈ ਨਹੀਂ ਰੋਕ ਸਕਦਾ)। ੫. ਜੇ ਆਕਾਸ਼ ਪਾਟ ਜਾਏ ਤਾਂ ਉਸ ਨੂੰ ਟਾਕੀ ਲਾਉਣੀ ਝੂਠੇ ਲੋਕਾਂ ਦਾ ਕੰਮ ਹੈ। (ਭਾਵ ਇਹ ਕੰਮ ਕੋਈ ਨਹੀਂ ਕਰ ਸਕਦਾ)। ੬. (ਹੇ ਸਤਿਗੁਰੂ ਜੀ!) ਆਪ

ਦੇ ਵਰਤਾਏ ਸ੍ਵਾਂਗ ਵਿਚ ਕੋਈ ਵਿਰਲਾ ਸੇਵਕ ਹੀ ਸਾਬਤ ਰਹਿੰਦਾ ਹੈ॥ ੨੧॥

ਇਹ ਪਉੜੀ ਸੁਣ ਕੇ ਸਤਿਗੁਰੂ ਜੀ ਨੇ ਕਿਹਾ ਕਿ ਭਾਈ ਸਾਹਿਬ ! ਅਸੀਂ ਆਪ ਦਾ ਹੰਕਾਰ ਦੂਰ ਕਰਨ ਲਈ ਇਹ ਸ੍ਵਾਂਗ ਰਚਿਆ ਸੀ। ਤੁਸੀਂ ਇਸ ਪ੍ਰੀਖਿਆ ਵਿਚ ਪੂਰੇ ਨਹੀਂ ਉੱਤਰੇ।

ਸਤਿਗੁਰੂ ਜੀ ਦੇ ਇਹ ਬਚਨ ਸੁਣ ਕੇ ਭਾਈ ਸਾਹਿਬ ਜੀ ਨੇ ਬੜੇ ਪ੍ਰੇਮ ਤੇ ਨਿਮ੍ਰਤਾ ਨਾਲ ਅਗਲੀ ਪਉੜੀ ਸੁਣਾਈ।

੨੨. ਗੁਰੂ ਦੇ ਭਾਣੇ ਅੱਗੇ ਸਿੱਖ ਬੇਵਸ ਹੁੰਦਾ ਹੈ

੧. ਜੇ ਮਾਉ ਪੁਤੈ ਵਿਸੁ ਦੇ ਤਿਸ ਤੇ ਕਿਸੁ ਪਿਆਰਾ।
੨. ਜੇ ਘਰੁ ਭੰਨੈ ਪਾਹਰੂ ਕਉਣੁ ਰਖਣਹਾਰਾ।
੩. ਬੇੜਾ ਡੋਬੈ ਪਾਤਣੀ ਕਿਉ ਪਾਰਿ ਉਤਾਰਾ।
੪. ਆਗੂ ਲੈ ਉਝੜਿ ਪਵੈ ਕਿਸੁ ਕਰੈ ਪੁਕਾਰਾ।
੫. ਜੇ ਕਰਿ ਖੇਤੈ ਖਾਇ ਵਾੜਿ ਕੋ ਲਹੈ ਨ ਸਾਰਾ।
੬. ਜੇ ਗੁਰ ਭਰਮਾਏ ਸਾਂਗੁ ਕਰਿ ਕਿਆ ਸਿਖੁ ਵਿਚਾਰਾ॥ ੨੨॥

ਪਦ ਅਰਥ - ਪਾਹਰੂ=ਪਹਿਰੇਦਾਰ। ਪਾਤਣੀ=ਮਲਾਹ।

ਅਰਥ - ੧. ਜੇਕਰ ਮਾਂ ਹੀ ਆਪਣੇ ਪੁੱਤਰ ਨੂੰ ਜ਼ਹਿਰ ਦੇਵੇ ਤਾਂ ਉਸ ਤੋਂ ਪਿਆਰਾ ਹੋਰ ਕੌਣ ਹੈ ਜੋ ਪੁੱਤਰ ਨੂੰ ਬਚਾਏਗਾ ? (ਭਾਵ ਕੋਈ ਨਹੀਂ ਬਚਾ ਸਕਦਾ)। ੨. ਜੇਕਰ ਪਹਿਰੇਦਾਰ ਹੀ ਘਰ ਨੂੰ ਭੰਨੇ (ਭਾਵ ਚੋਰੀ ਕਰੇ) ਤਾਂ ਘਰ ਦੀ ਰਾਖੀ ਕਰਨ ਵਾਲਾ ਹੋਰ ਕੌਣ ਹੈ (ਭਾਵ ਹੋਰ ਕੋਈ ਨਹੀਂ)। ੩. ਜੇ ਮਲਾਹ ਹੀ ਬੇੜੀ ਨੂੰ ਡੋਬੇ ਤਾਂ ਉਸ ਬੇੜੀ ਦਾ ਕਿਵੇਂ ਪਾਰ ਉਤਾਰਾ ਹੋ ਸਕਦਾ ਹੈ? ੪. ਜੇ ਆਗੂ ਹੀ ਆਪਣੇ ਸਾਥੀਆਂ ਨੂੰ ਕੁਰਾਹੇ ਲੈ ਤੁਰੇ ਤਾਂ ਸਾਥ ਕਿਸੇ ਅੱਗੇ ਪੁਕਾਰ ਕਰੇਗਾ। ੫. ਜੇਕਰ ਵਾੜ ਹੀ ਖੇਤ ਨੂੰ ਖਾਣ ਲੱਗ ਪਵੇ ਤਾਂ ਫਿਰ ਕੋਈ ਸਾਰ ਨਹੀਂ ਲੈਂਦਾ। ੬. ਜੇ ਗੁਰੂ ਹੀ ਕੋਈ ਸ੍ਵਾਂਗ ਕਰਕੇ ਸਿੱਖ ਨੂੰ ਭਰਮਾਵੇ ਤਾਂ ਸਿੱਖ ਵਿਚਾਰਾ ਕੀ ਕਰ ਸਕਦਾ ਹੈ ?॥ ੨੨॥

ਸਤਿਗੁਰੂ ਜੀ ਦੀ ਪ੍ਰੀਖਿਆ ਵਿਚ ਕੌਣ ਪੂਰਾ ਉੱਤਰ ਸਕਦਾ ਹੈ, ਇਸ ਦਾ ਵਰਣਨ ਭਾਈ ਸਾਹਿਬ ਅਗਲੀ ਪਉੜੀ ਵਿਚ ਕਰਦੇ ਹਨ।

੨੩. ਗੁਰੂ ਦੀ ਕਿਰਪਾ ਨਾਲ ਸਿੱਖ ਡੋਲਣ ਤੋਂ ਬਚ ਜਾਂਦਾ ਹੈ

੧. ਜਲ ਵਿਚਿ ਕਾਗਦ ਲੂਣ ਜਿਉ ਘਿਅ ਚੋਪੜਿ ਪਾਏ।
੨. ਦੀਵੇ ਵਟੀ ਤੇਲੁ ਦੇ ਸਭ ਰਾਤਿ ਜਲਾਏ।

੩. ਵਾਇ ਮੰਡਲ ਜਿਉ ਡੋਰ ਫੜਿ ਗੁਡੀ ਓਡਾਏ।
੪. ਮੁਹ ਵਿਚਿ ਗਰੜ ਦੁਗਾਰੁ ਪਾਇ ਜਿਉ ਸਪੁ ਲੜਾਏ।
੫. ਰਾਜਾ ਫਿਰੈ ਫਕੀਰੁ ਹੋਇ ਸੁਣਿ ਦੁਖਿ ਮਿਟਾਏ।
੬. ਸਾਂਗੈ ਅੰਦਰਿ ਸਾਬਤਾ ਜਿਸੁ ਗੁਰੂ ਰਹਾਏ॥ ੨੩॥ ੩੫॥

ਪਦ ਅਰਥ - ਵਾਇ ਮੰਡਲ=ਆਕਾਸ਼।

ਅਰਥ - ੧. ਜਿਵੇਂ ਕਾਗਜ਼ ਤੇ ਲੂਣ ਨੂੰ ਘਿਉ ਨਾਲ ਚੋਪੜ ਕੇ ਪਾਣੀ ਵਿਚ ਰੱਖੀਏ ਤਾਂ ਉਹ ਘੱਟ ਗਲਦੇ ਹਨ। ੨. ਦੀਵੇ ਦੀ ਵੱਟੀ ਤੇਲ ਦੇ ਆਸਰੇ ਸਾਰੀ ਰਾਤ ਬਲਦੀ ਰਹਿੰਦੀ ਹੈ। ੩. ਡੋਰ ਦੇ ਆਸਰੇ ਆਕਾਸ਼ ਵਿਚ ਗੁੱਡੀ ਉਡਾਈ ਜਾਂਦੀ ਹੈ। ੪. ਜਿਵੇਂ ਮੂੰਹ ਵਿਚ ਗਾਰੜੂ ਬੂਟੀ ਰੱਖ ਕੇ ਸਰੀਰ ਨੂੰ ਸੱਪ ਲੜਾਇਆ ਜਾਏ ਤਾਂ ਸੱਪ ਦਾ ਜ਼ਹਿਰ ਨਹੀਂ ਚੜ੍ਹਦਾ। ੫. ਰਾਜਾ ਫਕੀਰ ਹੋ ਕੇ ਫਿਰਦਾ ਹੈ ਤਾਂ ਪਰਜਾ ਦੇ ਦੁੱਖ ਵੇਖ ਕੇ ਉਸ ਨੂੰ ਦੂਰ ਕਰਦਾ ਹੈ। ੬. (ਇਸੇ ਤਰ੍ਹਾਂ) ਜਿਸ ਸਿੱਖ 'ਤੇ ਸਤਿਗੁਰੂ ਜੀ ਆਪਣੀ ਕਿਰਪਾ ਕਰਨ, ਉਹ ਸਤਿਗੁਰੂ ਜੀ ਦੀ ਪ੍ਰੀਖਿਆ ਵਿਚ ਪੂਰਾ ਉੱਤਰਦਾ ਹੈ, (ਡੋਲਦਾ ਨਹੀਂ)॥ ੨੩॥ ੩੫॥

ਭਾਈ ਸਾਹਿਬ ਜੀ ਦੀ ਉਪਰੋਕਤ ਪਉੜੀ ਵਿਚ ਵਰਣਨ ਕੀਤੀ ਨਿਮ੍ਰਤਾ ਤੇ ਸਿਦਕ ਨੂੰ ਵੇਖ ਕੇ ਸਤਿਗੁਰੂ ਜੀ ਨੇ ਆਪ ਨੂੰ ਗਲ ਨਾਲ ਲਾ ਲਿਆ ਤੇ ਬਚਨ ਕੀਤਾ ਕਿ "ਭਾਈ ਸਾਹਿਬ ! ਆਪ ਦੀ ਬਾਣੀ ਸਿੱਖ ਦਾ ਹੰਕਾਰ ਨਾਸ ਕਰਨ ਵਾਲੀ ਹੈ।"

ਵਾਰ ੩੬

ੴ ਸਤਿਗੁਰ ਪ੍ਰਸਾਦਿ॥

੧. ਮੀਣੇ ਦਾ ਮੂੰਹ ਕਾਲਾ

੧. ਤੀਰਥ ਮੰਝਿ ਨਿਵਾਸੁ ਹੈ ਬਗੁਲਾ ਅਪਤੀਣਾ।
੨. ਲਵੈ ਬਬੀਹਾ ਵਰਸਦੈ ਜਲ ਜਾਇ ਨ ਪੀਣਾ।
੩. ਵਾਂਸੁ ਸੁਗੰਧਿ ਨ ਹੋਵਈ ਪਰਮਲ ਸੰਗਿ ਲੀਣਾ।
੪. ਘੁਘੂ ਸੁਝੁ ਨ ਸੁਝਈ ਕਰਮਾ ਦਾ ਹੀਣਾ।
੫. ਨਾਭਿ ਕਥੂਰੀ ਮਿਰਗ ਦੇ ਵਤੈ ਓਡੀਣਾ।
੬. ਸਤਿਗੁਰ ਸਚਾ ਪਾਤਿਸਾਹੁ ਮੁਹੁ ਕਾਲੈ ਮੀਣਾ॥ ੧॥

ਪਦ ਅਰਥ - ਅਪਤੀਣਾ=ਬੇਪ੍ਰਤੀਤਾ। ਲਵੈ=ਬੋਲਦਾ। ਪਰਮਲ=ਚੰਦਨ। ਘੁਘੂ=ਉੱਲੂ। ਸੁਝੁ=ਸੂਰਜ। ਓਡੀਣਾ=ਉਦਾਸੀਨ। ਮੀਣਾ=ਦੱਖਣੀ ਪੰਜਾਬ ਵੱਲ ਇਕ ਜੁਰਾਇਮ ਪੇਸ਼ਾ ਕੌਮ ਹੈ, ਜਿਸ ਦਾ ਨਾਂ ਮੀਣਾ ਹੈ। ਇਹ ਲੋਕ ਕਈ ਢੰਗਾਂ ਨਾਲ ਮੁਸਾਫਿਰਾਂ ਨੂੰ ਲੁੱਟਦੇ ਸਨ। ਇਹਨਾਂ ਲੋਕਾਂ ਦੇ ਬੁਰੇ ਕਰਮਾਂ ਨੂੰ ਵੇਖਕੇ ਬੁਰੇ ਆਦਮੀ ਨੂੰ 'ਮੀਣਾ' ਕਿਹਾ ਜਾਣ ਲੱਗ ਪਿਆ। ਕਪਟੀ ਤੇ ਛਲੀਆ ਪੁਰਸ਼ ਮੀਣਾ ਨਾਂ ਨਾਲ ਪ੍ਰਸਿੱਧ ਹੋ ਗਿਆ। ਸ੍ਰੀ ਗੁਰੂ ਰਾਮਦਾਸ ਜੀ ਆਪਣੇ ਵੱਡੇ ਪੁੱਤਰ ਪ੍ਰਿਥੀ ਚੰਦ ਨੂੰ ਕਪਟੀ ਤੇ ਛਲੀਆ ਹੋਣ ਕਰਕੇ 'ਮੀਣਾ' ਕਹਿੰਦੇ ਸਨ। ਇਸ ਦਾ ਅਰਥ ਬੇਮੁਖ ਵੀ ਲਿਆ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਪ੍ਰਿਥੀ ਚੰਦ ਨੂੰ ਗੁਰੂ ਘਰ ਨਾਲ ਵਿਰੋਧ ਕਰਦਿਆਂ ਵੇਖਕੇ ਇਹ ਵਾਰ ਉਸ ਦੀਆਂ ਚਾਲਾਂ ਨੂੰ ਪ੍ਰਗਟ ਕਰਨ ਲਈ ਉਚਾਰੀ ਹੈ। ਇਸ ਵਿਚ ਪ੍ਰਿਥੀ ਚੰਦ ਲਈ 'ਮੀਣਾ' ਸ਼ਬਦ ਵਰਤਿਆ ਹੈ।

ਅਰਥ - ੧. ਬਗਲਾ ਤੀਰਥਾਂ 'ਤੇ ਰਹਿੰਦਾ ਹੈ, ਪਰ ਤੀਰਥਾਂ 'ਤੇ ਵਿਸ਼ਵਾਸ ਨਹੀਂ ਕਰਦਾ (ਕਿ ਇਹ ਪਵਿੱਤਰ ਅਸਥਾਨ ਹਨ ਤੇ ਇਥੇ ਪਾਪ ਕਰਨੇ ਚੰਗੇ ਨਹੀਂ)। ੨. ਵਸਦੇ ਮੀਂਹ ਵਿਚ ਵੀ ਬਬੀਹਾ (ਚਾਤ੍ਰਿਕ) ਬੋਲਦਾ ਰਹਿੰਦਾ ਹੈ, ਉਹ ਜਲ ਨੂੰ ਪੀਂਦਾ ਨਹੀਂ। ੩. ਵਾਂਸ ਸੁਗੰਧਤ ਨਹੀਂ ਹੁੰਦਾ, ਭਾਵੇਂ ਉਹ ਚੰਦਨ ਦੇ ਕੋਲ ਹੀ ਵਸਦਾ ਹੋਵੇ। ੪. ਕਰਮ-ਹੀਣ ਉੱਲੂ ਨੂੰ ਸੂਰਜ ਦਾ ਚਾਨਣ ਨਹੀਂ ਦਿਸਦਾ। ੫. ਮਿਰਗ (ਹਰਨ) ਦੀ ਨਾਭੀ (ਧੁੰਨੀ) ਵਿਚ ਕਸਤੂਰੀ ਹੁੰਦੀ ਹੈ, ਪਰ ਉਹ ਉਦਾਸ ਹੋ ਕੇ ਝਾੜੀਆਂ ਨੂੰ ਸੁੰਘਦਾ ਫਿਰਦਾ ਹੈ। ੬. ਸਤਿਗੁਰੂ ਤਾਂ ਸੱਚਾ ਪਾਤਸ਼ਾਹ ਹੈ, ਪਰ ਬੇਮੁਖ ਮੀਣੇ ਦਾ ਮੂੰਹ ਕਾਲਾ ਹੁੰਦਾ ਹੈ (ਕਿਉਂਕਿ ਉਹ ਸਤਿਗੁਰੂ ਦੀ ਮਹਿਮਾ ਨੂੰ ਨਹੀਂ ਜਾਣਦਾ)॥ ੧॥

੨. ਮੀਣੇ ਨੂੰ ਦਰਗਾਹ ਵਿਚ ਮਾਰ ਪੈਂਦੀ ਹੈ

੧. ਨੀਲਾਰੀ ਦੇ ਮਟ ਵਿਚਿ ਪੈ ਗਿਦੜੁ ਰਤਾ।
੨. ਜੰਗਲ ਅੰਦਰਿ ਜਾਇ ਕੈ ਪਾਖੰਡੁ ਕਮਤਾ।
੩. ਦਰਿ ਸੇਵੈ ਮਿਰਗਾਵਲੀ ਹੋਇ ਬਹੈ ਅਵਤਾ।
੪. ਕਰੈ ਹਕੂਮਤਿ ਅਗਲੀ ਕੂੜੈ ਮਦਿ ਮਤਾ।
੫. ਬੋਲਣਿ ਪਾਜ ਉਘਾੜਿਆ ਜਿਉ ਮੂਲੀ ਬਤਾ।
੬. ਤਿਉ ਦਰਗਹਿ ਮੀਣਾ ਮਾਰੀਐ ਕਰਿ ਕੂੜੁ ਕੁਪਤਾ॥ ੨॥

ਪਦ ਅਰਥ - ਰਤਾ=ਰੰਗਿਆ ਗਿਆ। ਕਮਤਾ=ਕਮਾਇਆ। ਅਵਤਾ=ਆਕੜਕੇ। ਮਤਾ=ਮਸਤ ਹੋਇਆ। ਬਤਾ=ਡਕਾਰ।

ਅਰਥ - ੧. ਇਕ ਗਿੱਦੜ ਲਿਲਾਰੀ ਦੇ ਰੰਗ ਵਾਲੇ ਮੱਟ ਵਿਚ ਪੈ ਕੇ ਰੰਗਿਆ ਗਿਆ। ੨. ਉਸ ਨੇ ਜੰਗਲ ਵਿਚ ਜਾ ਕੇ ਇਹ ਪਾਖੰਡ ਸ਼ੁਰੂ ਕਰ ਦਿੱਤਾ ਕਿ ਮੈਂ ਜੰਗਲ ਦਾ ਰਾਜਾ ਹਾਂ। ੩. ਹਰਨਾਂ ਦੀ ਡਾਰ (ਤੇ ਹੋਰ ਜੰਗਲੀ ਜੀਵ) ਉਸ ਦੇ ਦਰ 'ਤੇ ਸੇਵਾ ਲਈ ਹਾਜ਼ਰ ਰਹਿਣ ਲੱਗੇ ਤੇ ਉਹ ਬੜੀ ਆਕੜ ਨਾਲ ਤਖ਼ਤ 'ਤੇ ਬੈਠਣ ਲੱਗਾ। ੪. ਉਹ ਝੂਠ ਦੀ ਸ਼ਰਾਬ ਵਿਚ ਮਸਤ ਹੋਇਆ ਸਭ 'ਤੇ ਹਕੂਮਤ

ਕਰਨ ਲੱਗ ਪਿਆ। ੫. (ਪਰ) ਇਕ ਦਿਨ ਆਪਣੇ ਸਾਥੀ ਗਿੱਦੜਾਂ ਦੀ ਆਵਾਜ਼ ਸੁਣ ਕੇ ਉਹ ਵੀ ਬੋਲ ਪਿਆ, ਜਿਸ ਕਰਕੇ ਉਸ ਦਾ ਪਾਜ ਉਘੜ ਗਿਆ, ਜਿਵੇਂ ਮੂਲੀ ਦਾ ਡਕਾਰ ਪਾਜ ਖੋਲ੍ਹ ਦਿੰਦਾ ਹੈ। (ਸਾਰੇ ਜੰਗਲੀ ਜੀਵਾਂ ਨੇ ਉਸ ਦੀ ਅਸਲੀਅਤ ਜਾਣ ਕੇ ਉਸ ਨੂੰ ਮਾਰ ਮਾਰ ਕੇ ਭਜਾ ਦਿੱਤਾ)। ੬. ਇਸੇ ਤਰ੍ਹਾਂ ਪ੍ਰਭੂ ਦੀ ਦਰਗਾਹ ਵਿਚ ਪਾਖੰਡੀ ਮੀਣੇ ਨੂੰ ਝੂਠਾ ਤੇ ਕੁਪੱਤਾ ਹੋਣ ਕਰਕੇ ਮਾਰ ਪੈਂਦੀ ਹੈ॥ ੨॥

੩. ਪਾਪੀ ਦਾ ਉਧਾਰ ਨਹੀਂ ਹੁੰਦਾ

੧. ਚੋਰੁ ਕਰੈ ਨਿਤ ਚੋਰੀਆ ਓੜਕਿ ਦੁਖ ਭਾਰੀ।
੨. ਨਕੁ ਕੰਨੁ ਫੜਿ ਵਢੀਐ ਰਾਵੈ ਪਰ ਨਾਰੀ।
੩. ਅਉਘਟ ਰੁਧੇ ਮਿਰਗ ਜਿਉ ਵਿਤੁ ਹਾਰਿ ਜੁਆਰੀ।
੪. ਲੰਡੀ ਕੁਹਲਿ ਨ ਆਵਈ ਪਰ ਵੇਲਿ ਪਿਆਰੀ।
੫. ਵਗ ਨ ਹੋਵਨਿ ਕੁਤੀਆ ਮੀਣੇ ਮੁਰਦਾਰੀ।
੬. ਪਾਪਹੁ ਮੂਲਿ ਨ ਤਰੀਐ ਹੋਇ ਅੰਤਿ ਖੁਆਰੀ॥ ੩॥

ਪਦ ਅਰਥ - ਓੜਕਿ=ਅਖੀਰ ਨੂੰ। ਰਾਵੈ=ਭੋਗਦਾ ਹੈ। ਅਉਘਟ ਰੁਧੇ=ਜਾਲ ਵਿਚ ਫਸਿਆ। ਵਿਤੁ=ਧਨ। ਕੁਹਲਿ=ਚੰਗੀ ਚਾਲ। ਪਰ ਵੇਲਿ=ਪਰਾਈ ਇਸਤ੍ਰੀ।

ਅਰਥ - ੧. ਚੋਰ ਸਦਾ ਚੋਰੀਆਂ ਹੀ ਕਰਦਾ ਹੈ, ਪਰ ਅੰਤ ਇਕ ਦਿਨ ਉਹ ਫੜਿਆ ਜਾਂਦਾ ਹੈ ਤੇ ਬੜਾ ਦੁੱਖ ਪਾਉਂਦਾ ਹੈ। ੨. ਜਿਹੜਾ ਮਨੁੱਖ ਪਰਾਈਆਂ ਇਸਤ੍ਰੀਆਂ ਨੂੰ ਭੋਗਦਾ ਹੈ, ਉਸ ਦੇ ਨੱਕ ਤੇ ਕੰਨ ਵੱਢ ਦਿੱਤੇ ਜਾਂਦੇ ਹਨ*। ੩. ਜਿਵੇਂ ਜਾਲ ਵਿਚ ਫਸਿਆ ਹਰਨ ਦੁਖੀ ਹੁੰਦਾ ਹੈ ਤੇ ਜੁਆਰੀਆ ਧਨ ਹਾਰਕੇ ਦੁਖੀ ਹੁੰਦਾ ਹੈ। ੪. ਲੰਡੀ ਨੂੰ ਸੋਹਣੀ ਚਾਲ ਨਹੀਂ ਆਉਂਦੀ, ਪਰ ਵਿਭਚਾਰੀ ਨੂੰ ਫਿਰ ਵੀ ਪਰਾਈ ਇਸਤ੍ਰੀ ਚੰਗੀ ਲੱਗਦੀ ਹੈ। ੫. ਕੁੱਤੀਆਂ ਦੇ ਵੱਗ ਨਹੀਂ ਹੁੰਦੇ (ਵੱਗ ਗਊਆਂ ਦੇ ਹੁੰਦੇ ਹਨ), ਮੀਣੇ ਮੁਰਦੇ ਖਾਣੇ ਹਨ। ("ਕੂੜੁ ਬੋਲਿ ਮੁਰਦਾਰੁ ਖਾਇ॥") ੬. ਪਾਪ ਕਰਨ ਨਾਲ ਕਦੇ ਪਾਰ ਉਤਾਰਾ ਨਹੀਂ ਹੁੰਦਾ, ਅੰਤ ਨੂੰ ਖੇਹ ਖਰਾਬੀ ਹੀ ਹੁੰਦੀ ਹੈ॥ ੩॥

ਭਾਵ—ਜਿਵੇਂ ਕੁੱਤਿਆਂ ਦੇ ਵੱਗ ਨਹੀਂ ਹੁੰਦੇ, ਇਸੇ ਤਰ੍ਹਾਂ ਮੀਣੇ ਬੇਮੁਖਾਂ ਨਾਲ ਸੰਗਤ ਨਹੀਂ ਜੁੜਦੀ।

੪. ਮੀਣਾ ਜਮਪੁਰੀ ਨੂੰ ਜਾਏਗਾ

੧. ਚਾਨਣਿ ਚੰਦ ਨ ਪੁਜਈ ਚਮਕੈ ਟਾਨਾਣਾ।
੨. ਸਾਇਰ ਬੂੰਦ ਬਰਾਬਰੀ ਕਿਉ ਆਖਿ ਵਖਾਣਾ।

*ਮੁਸਲਮਾਨਾਂ ਦੇ ਰਾਜ ਵਿਚ ਵਿਭਚਾਰੀ ਪੁਰਸ਼ ਨੂੰ ਇਹ ਸਜ਼ਾ ਦਿੱਤੀ ਜਾਂਦੀ ਸੀ।

੩. ਕੀੜੀ ਇਭ ਨ ਅਪੜੈ ਕੂੜਾ ਤਿਸੁ ਮਾਣਾ।
੪. ਨਾਨੇਹਾਲੁ ਵਖਾਣਦਾ ਮਾ ਪਾਸਿ ਇਆਣਾ।
੫. ਜਿਨਿ ਤੂੰ ਸਾਜਿ ਨਿਵਾਜਿਆ ਦੇ ਪਿੰਡੁ ਪਰਾਣਾ।
੬. ਮੁਢਹੁ ਘੁਥਹੁ ਮੀਣਿਆ ਤੁਧੁ ਜਮ ਪੁਰਿ ਜਾਣਾ॥ ੪॥

ਪਦ ਅਰਥ - ਟਾਨਾਣਾ=ਟਟਹਿਣਾ। ਸਾਇਰ=ਸਮੁੰਦਰ। ਇਭ=ਹਾਥੀ। ਨਾਨੇਹਾਲੁ=ਨਾਨਕਿਆਂ ਦੀ ਵਡਿਆਈ ਕਰਦਾ ਹੈ।

ਅਰਥ - ੧. ਟਟਹਿਣਾ ਰਾਤ ਨੂੰ ਭਾਵੇਂ ਕਿੰਨਾ ਚਮਕੇ, ਪਰ ਉਹ ਚੰਦ੍ਰਮਾਂ ਦੀ ਚਾਨਣੀ ਦੀ ਬਰਾਬਰੀ ਨਹੀਂ ਕਰ ਸਕਦਾ। ੨. ਪਾਣੀ ਦੀ ਇਕ ਬੂੰਦ ਨੂੰ ਸਮੁੰਦਰ ਦੇ ਬਰਾਬਰ ਕਿਵੇਂ ਕਿਹਾ ਜਾ ਸਕਦਾ ਹੈ ? ੩. ਕੀੜੀ ਹਾਥੀ ਦੀ ਬਰਾਬਰੀ ਕਰੇ ਤਾਂ ਉਸ ਦਾ ਇਹ ਮਾਣ ਝੂਠਾ ਹੈ। ੪. ਨਿਆਣਾ ਨਾਨਕਿਆਂ ਦੀ ਵਡਿਆਈ ਮਾਂ ਅੱਗੇ ਕਰਦਾ ਹੈ (ਉਹ ਮਾਂ ਨਾਲੋਂ ਨਾਨਕਿਆਂ ਦਾ ਹਾਲ ਵਧੇਰੇ ਨਹੀਂ ਜਾਣਦਾ, ਇਸ ਲਈ ਉਸ ਦਾ ਹਾਲ ਸੁਨਾਉਣਾ ਝੂਠਾ ਹੈ)। ੫. (ਹੇ ਮੀਣੇ ਪ੍ਰਿਥੀ ਚੰਦ !) ਜਿਸ ਨੇ ਤੈਨੂੰ ਸਾਜ ਕੇ ਵਡਿਆਈ ਦਿੱਤੀ ਹੈ ਤਾਂ ਸਰੀਰ ਤੇ ਪ੍ਰਾਣ ਦਿੱਤੇ ਹਨ। (ਤੂੰ ਉਸ ਦੇ ਗੁਣਾਂ ਦੀ ਕਦਰ ਨਹੀਂ ਕਰਦਾ)। ੬. ਹੇ ਮੁੱਢ ਤੋਂ ਘੁਥੇ ਹੋਏ ਮੀਣੇ ! ਤੂੰ ਆਪਣੀਆਂ ਕਰਤੂਤਾਂ ਕਰਕੇ ਜਮਪੁਰੀ ਨੂੰ ਜਾਏਂਗਾ॥ ੪॥

੫. ਮੀਣਿਆਂ ਦੀ ਸੰਗਤ ਦੁਖਦਾਈ ਹੁੰਦੀ ਹੈ

੧. ਕੈਹਾ ਦਿਸੈ ਉਜਲਾ ਮਸੁ ਅੰਦਰਿ ਚਿਤੈ।
੨. ਹਰਿਆ ਤਿਲੁ ਬੂਆੜ ਜਿਉ ਫਲੁ ਕੰਮੁ ਨ ਕਿਤੈ।
੩. ਜੇਹੀ ਕਲੀ ਕਨੇਰ ਦੀ ਮਨਿ ਤਨਿ ਦੂਹੁ ਭਿਤੈ।
੪. ਪੇਂਝੂ ਦਿਸਨਿ ਰੰਗੁਲੇ ਮਰੀਐ ਅਗਲਿਤੈ।
੫. ਖਰੀ ਸੁਆਲਿਓ ਵੇਸੁਆ ਜੀਅ ਬਝਾ ਇਤੈ।
੬. ਖੋਟੀ ਸੰਗਤਿ ਮੀਣਿਆ ਦੁਖ ਦੇਂਦੀ ਮਿਤੈ॥ ੫॥

ਪਦ ਅਰਥ - ਉਜਲਾ=ਚਿੱਟਾ। ਮਸੁ=ਕਾਲਖ, ਸਿਆਹੀ। ਦੂਹੁ ਭਿਤੈ=ਦੁਭਾਤੀਆ। ਪੇਂਝੂ=ਕਰੀਰ ਦਾ ਫਲ। ਅਗਲਿਤੈ=ਬਹੁਤੇ। ਸੁਆਲਿਓ=ਸੋਹਣੀ।

ਅਰਥ - ੧. ਕੈਂਹ ਬਾਹਰੋਂ ਬੜਾ ਸੋਹਣਾ ਤੇ ਉੱਜਲ ਦਿਸਦਾ ਹੈ, ਪਰ ਅੰਦਰ ਉਹਦੇ ਕਾਲਖ ਹੁੰਦੀ ਹੈ। ੨. ਜਿਵੇਂ ਹਰਿਆ ਬੂਆੜ ਦਾ ਬੂਟਾ ਤਿਲਾਂ ਦੇ ਖੇਤ ਵਿਚ ਹੁੰਦਾ ਹੈ, ਪਰ ਉਸ ਦਾ ਫਲ ਕਿਸੇ ਕੰਮ ਨਹੀਂ ਆਉਂਦਾ। ੩. ਕਨੇਰ ਦੀ ਕਲੀ ਮਨੋਂ ਤਨੋਂ ਦੋ ਤਰ੍ਹਾਂ ਦੀ ਹੁੰਦੀ ਹੈ (ਵੇਖਣ ਨੂੰ ਬੜੀ ਸੋਹਣੀ, ਪਰ ਅੰਦਰੋਂ ਜ਼ਹਿਰੀਲੀ ਹੁੰਦੀ ਹੈ)। ੪. (ਕਰੀਰ ਦੇ ਫਲ) ਪੇਂਝੂ ਬੜੇ ਸੋਹਣੇ ਲਾਲ ਦਿਸਦੇ ਹਨ, ਪਰ

ਬਹੁਤੇ ਖਾਣ ਨਾਲ ਮਰ ਜਾਈਦਾ ਹੈ। ੫. ਵੇਸਵਾ ਬਹੁਤ ਸੋਹਣੀ ਦਿਸਦੀ ਹੈ (ਪਰ) ਇਸਦੇ ਪਿਆਰ ਵਿਚ ਬੱਝਾ ਮਨੁੱਖ (ਅੰਤ ਨੂੰ ਖਵਾਰ ਹੁੰਦਾ ਹੈ)। ੬. (ਇਸੇ ਤਰ੍ਹਾਂ) ਮੀਣਿਆਂ ਦੀ ਸੰਗਤ ਕਰਨੀ ਖੋਟੀ ਹੈ, ਉਹ ਮਿੱਤਰਾਂ ਨੂੰ ਦੁੱਖ ਦਿੰਦੀ ਹੈ॥ ੫॥

ਭਾਵ—ਬੇਮੁਖਾਂ ਦੀ ਸੰਗਤ ਸਦਾ ਦੁਖਦਾਈ ਹੁੰਦੀ ਹੈ।

੬. ਮੀਣਾ ਨਰਕਾਂ ਵਿਚ ਲਿਜਾਂਦਾ ਹੈ

੧. ਬਧਿਕੁ ਨਾਦੁ ਸੁਣਾਇ ਕੈ ਜਿਉ ਮਿਰਗੁ ਵਿਣਾਹੈ।
੨. ਝੀਵਰੁ ਕੁੰਡੀ ਮਾਸੁ ਲਾਇ ਜਿਉ ਮਛੀ ਫਾਹੈ।
੩. ਕਵਲੁ ਦਿਖਾਲੈ ਮੁਹੁ ਖਿੜਾਇ ਭਵਰੈ ਵੇਸਾਹੈ।
੪. ਦੀਪਕ ਜੋਤਿ ਪਤੰਗ ਨੋ ਦੁਰਜਨ ਜਿਉ ਦਾਹੈ।
੫. ਕਲਾ ਰੂਪ ਹੋਇ ਹਸਤਨੀ ਮੈਗਲੁ ਓਮਾਹੈ।
੬. ਤਿਉ ਨਕਟ ਪੰਥੁ ਹੈ ਮੀਣਿਆ ਮਿਲਿ ਨਰਕਿ ਨਿਬਾਹੈ॥ ੬॥

ਪਦ ਅਰਥ - ਵਿਣਾਹੈ=ਮਾਰਦਾ ਹੈ। ਮੈਗਲੁ=ਹਾਥੀ। ਨਕਟ ਪੰਥੁ=ਖੋਟਾ ਪੰਥ।

ਅਰਥ - ੧. ਜਿਵੇਂ ਸ਼ਿਕਾਰੀ (ਘੰਡੇ ਹੇੜੇ ਦਾ) ਨਾਦ ਸੁਣਾ ਕੇ ਹਰਨ ਨੂੰ ਮਾਰਦਾ ਹੈ। ੨. ਜਿਵੇਂ ਝੀਉਰ ਕੁੰਡੀ ਨੂੰ ਮਾਸ ਲਾ ਕੇ ਮੱਛੀ ਨੂੰ ਫਸਾਉਂਦਾ ਹੈ। ੩. ਜਿਵੇਂ ਕੌਲ ਫੁੱਲ ਆਪਣਾ ਖਿੜਿਆ ਮੂੰਹ ਭੌਰੇ ਨੂੰ ਦਿਖਾਉਂਦਾ ਹੈ ਤੇ ਉਹ ਉਸ ਦੇ ਉਤੇ ਵਿਸਾਹਿਆ ਜਾਂਦਾ ਹੈ ਤੇ ਉਸ ਵਿਚ ਰਾਤ ਨੂੰ ਫਸ ਕੇ ਮਰ ਜਾਂਦਾ ਹੈ। ੪. ਜਿਵੇਂ ਦੀਵੇ ਦੀ ਲਾਟ ਦੁਸ਼ਮਨ ਵਾਂਗੂੰ ਪਤੰਗੇ ਨੂੰ ਸਾੜ ਦਿੰਦੀ ਹੈ। ੫. (ਜਿਵੇਂ) ਕਲਬੂਤੀ ਹਥਣੀ ਦੇ ਉਤਸ਼ਾਹ ਵਿਚ ਆਇਆ ਹਾਥੀ ਕੈਦ ਹੋ ਜਾਂਦਾ ਹੈ। ੬. ਇਸੇ ਤਰ੍ਹਾਂ ਮੀਣਿਆਂ ਦਾ ਨਕਟ ਪੰਥੁ (ਭਾਵ ਬੇਪੱਤਾ ਪੰਥ) ਹੈ, ਜਿਹੜਾ ਇਹਨਾਂ ਦੀ ਸੰਗਤ ਕਰਦਾ ਹੈ, ਉਹ ਨਰਕਾਂ ਨੂੰ ਜਾਂਦਾ ਹੈ॥ ੬॥

ਭਾਵ—ਬੇਮੁਖਾਂ (ਮੀਣਿਆਂ) ਦੇ ਮਗਰ ਲੱਗਣ ਵਾਲੇ ਮੁਕਤੀ ਪ੍ਰਾਪਤ ਨਹੀਂ ਕਰਦੇ, ਸਗੋਂ ਨਰਕਾਂ ਨੂੰ ਜਾਂਦੇ ਹਨ।

੭. ਮੀਣਿਆਂ ਦੀ ਸੰਗਤ ਕਰਨ ਨਾਲ ਨਿਰਾਸਤਾ ਮਿਲਦੀ ਹੈ

੧. ਹਰਿ ਚੰਦਉਰੀ ਦੇਖਿ ਕੈ ਕਰਦੇ ਭਰਵਾਸਾ।
੨. ਥਲ ਵਿਚ ਤਪਨਿ ਭਠੀਆ ਕਿਉ ਲਹੈ ਪਿਆਸਾ।
੩. ਸੁਹਣੇ ਰਾਜੁ ਕਮਾਈਐ ਕਰਿ ਭੋਗ ਬਿਲਾਸਾ।
੪. ਛਾਇਆ ਬਿਰਖੁ ਨ ਰਹੈ ਥਿਰੁ ਪੁਜੈ ਕਿਉ ਆਸਾ।

੫. ਬਾਜੀਗਰ ਦੀ ਖੇਡ ਜਿਉ ਸਭੁ ਕੂੜੁ ਤਮਾਸਾ।
੬. ਰਲੈ ਜੁ ਸੰਗਤਿ ਮੀਣਿਆ ਉਠਿ ਚਲੈ ਨਿਰਾਸਾ ॥ ੭ ॥

ਪਦ ਅਰਥ - ਹਰਿਚੰਦਉਰੀ=ਹਰੀ ਚੰਦ ਦੀ ਨਗਰੀ (ਗੰਧਰਬ ਨਗਰੀ)। ਤਪਨਿ ਭਠੀਆ=ਮ੍ਰਿਗ ਤ੍ਰਿਸ਼ਨਾ। ਸੁਹਣੇ=ਸੁਪਨੇ।

ਅਰਥ - ੧. ਜਿਹੜਾ ਕੋਈ ਹਰੀਚੰਦ ਦੀ ਨਗਰੀ (ਭਾਵ ਗੰਧਰਬ ਨਗਰੀ) ਵੇਖ ਕੇ ਭਰਵਾਸਾ ਕਰਦਾ ਹੈ, (ਉਹ ਨਿਰਾਸ ਹੁੰਦਾ ਹੈ)। ੨. (ਜਿਵੇਂ) ਮਾਰੂ ਥਲ ਵਿਚ ਕਹਿਰ ਦੀ ਧੁੱਪ ਨਾਲ ਭੱਠੀਆਂ ਤਪਦੀਆਂ ਹਨ ਤੇ ਜਲ ਦਾ ਭੁਲੇਖਾ ਪੈਂਦਾ ਹੈ, ਪਰ ਉਸ ਭ੍ਰਾਤਿਕ ਜਲ ਨਾਲ ਤ੍ਰੇਹ ਕਿਵੇਂ ਹਟੇਗੀ ? (ਭਾਵ ਮ੍ਰਿਗ ਤ੍ਰਿਸ਼ਨਾ ਦਾ ਜਲ ਸੱਚਮੁਚ ਦਾ ਜਲ ਨਹੀਂ ਹੋ ਸਕਦਾ)। ੩. ਸੁਪਨੇ ਵਿਚ ਰਾਜ ਕਮਾਈਏ ਤੇ ਭੋਗ ਬਿਲਾਸ ਕਰੀਏ, (ਪਰ ਜਾਗਣ ਨਾਲ ਨਿਰਾਸਤਾ ਹੀ ਹੁੰਦੀ ਹੈ)। ੪. ਬ੍ਰਿਛ ਦੀ ਛਾਂ ਇਕ ਥਾਂ ਟਿਕੀ ਨਹੀਂ ਰਹਿੰਦੀ, ਫਿਰ ਉਸ ਤੋਂ ਕੋਈ ਆਸ ਕਿਵੇਂ ਪੂਰੀ ਹੋਵੇਗੀ ? ੫. ਜਿਸ ਤਰ੍ਹਾਂ ਬਾਜੀਗਰ ਦੀ ਸਾਰੀ ਖੇਡ ਦਾ ਤਮਾਸ਼ਾ ਝੂਠਾ ਹੁੰਦਾ ਹੈ। ੬. (ਇਸੇ ਤਰ੍ਹਾਂ) ਜਿਹੜਾ ਕੋਈ ਮੀਣਿਆਂ (ਬੇਮੁਖਾਂ) ਦੀ ਸੰਗਤ ਵਿਚ ਰਲ ਕੇ ਬੈਠਦਾ ਹੈ, ਉਹ (ਅੰਤ ਨੂੰ) ਨਿਰਾਸ ਹੋ ਕੇ ਉੱਠ ਤੁਰਦਾ ਹੈ॥ ੭॥

ਭਾਵ— ਬੇਮੁਖਾਂ ਦੀ ਸੰਗਤ ਕਰਨ ਨਾਲ ਕੋਈ ਆਸ ਪੂਰੀ ਨਹੀਂ ਹੁੰਦੀ।

੮. ਬੇਮੁਖਾਂ ਨੂੰ ਜੁੱਤੀਆਂ ਪੈਂਦੀਆਂ ਹਨ

੧. ਕੋਇਲ ਕਾਉਂ ਰਲਾਈਅਨਿ ਕਿਉ ਹੋਵਨਿ ਇਕੈ।
੨. ਤਿਉ ਨਿੰਦਕ ਜਗ ਜਾਣੀਅਨਿ ਬੋਲਿ ਬੋਲਣਿ ਫਿਕੈ।
੩. ਬਗੁਲੇ ਹੰਸੁ ਬਰਾਬਰੀ ਕਿਉ ਮਿਕਨਿ ਮਿਕੈ।
੪. ਤਿਉ ਬੇਮੁਖ ਚੁਣਿ ਕਢੀਅਨਿ ਮੁਹਿ ਕਾਲੇ ਟਿਕੈ।
੫. ਕਿਆ ਨੀਸਾਣੀ ਮੀਣਿਆ ਖੋਟੁ ਸਾਲੀ ਸਿਕੈ।
੬. ਸਿਰਿ ਸਿਰਿ ਪਾਹਣੀ ਮਾਰੀਅਨਿ ਓਇ ਪੀਰ ਫਿਟਿਕੈ ॥ ੮ ॥

ਪਦ ਅਰਥ - ਫਿਕੈ=ਕੌੜੇ। ਮਿਕਨਿ ਮਿਕੈ=ਮਿਲੌਣੀ ਵਿਚ ਮਿਲਣਾ। ਖੋਟੁ ਸਾਲੀ=ਖੋਟੀ ਟਕਸਾਲ। ਪਾਹਣੀ=ਜੁੱਤੀ।

ਅਰਥ - ੧. ਕੋਇਲ ਤੇ ਕਾਂ ਨੂੰ ਰਲਾਈਏ ਤਾਂ ਉਹ ਇਕ ਕਿਵੇਂ ਹੋਣਗੇ ? ਕਿਉਂਕਿ ਕਾਂ ਫਿੱਕਾ ਬੋਲਦਾ ਹੈ ਤੇ ਕੋਇਲ ਮਿੱਠੀ ਬਾਣੀ ਬੋਲਦੀ ਹੈ)। ੨. ਇਸੇ ਤਰ੍ਹਾਂ ਨਿੰਦਕ ਪੁਰਸ਼ ਸੰਸਾਰ ਵਿਚ ਜਾਣੇ ਜਾਂਦੇ ਹਨ, ਕਿਉਂਕਿ ਉਹ ਫੱਕੇ (ਕੌੜੇ) ਬੋਲ ਬੋਲਦੇ ਹਨ। ੩. ਬਗਲਾ ਹੰਸ ਦੀ ਬਰਾਬਰੀ ਕਰਕੇ ਹੰਸ ਦੀ ਮਿਲੌਣੀ ਵਿਚ ਕਿਵੇਂ ਮਿਲ ਸਕਦਾ ਹੈ ? (ਭਾਵ ਕਿਸੇ ਤਰ੍ਹਾਂ ਨਹੀਂ ਮਿਲ ਸਕਦਾ)। ੪. ਇਸੇ ਤਰ੍ਹਾਂ ਬੇਮੁਖ ਪ੍ਰਭੂ ਦੀ ਦਰਗਾਹ ਵਿਚੋਂ ਚੁਣ ਕੇ ਬਾਹਰ ਕੱਢ ਦਿੱਤੇ ਜਾਂਦੇ ਹਨ ਤੇ ਉਹਨਾਂ ਦੇ ਮੂੰਹ 'ਤੇ ਕਾਲਖ ਦੇ ਟਿੱਕੇ

ਲਾਏ ਜਾਂਦੇ ਹਨ। ੫. ਮੀਣਿਆਂ (ਬੇਮੁਖਾਂ) ਦੀ ਨਿਸ਼ਾਨੀ ਕੀ ਹੈ ? (ਉਹਨਾਂ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ) ਉਹ ਖੋਟੀ ਟਕਸਾਲ ਦੇ ਰੁਪਿਆਂ ਵਾਂਗੂੰ ਖੋਟੇ ਹੁੰਦੇ ਹਨ ਤੇ ਉਹਨਾਂ ਦਾ ਕੋਈ ਮੁੱਲ ਨਹੀਂ ਪੈਂਦਾ। ੬. ਉਹਨਾਂ ਬੇਮੁਖਾਂ ਨੂੰ ਸਿਰੋ ਸਿਰ ਜੁੱਤੀਆਂ ਪੈਂਦੀਆਂ ਹਨ, (ਕਿਉਂਕਿ) ਉਹ ਗੁਰੂ ਪੀਰ ਵੱਲੋਂ ਫਿਟਕੇ (ਧ੍ਰਿਕਾਰੇ) ਹੋਏ ਹਨ॥ ੮॥

ਭਾਵ—ਬੇਮੁਖਾਂ ਨੂੰ ਕੋਈ ਮੂੰਹ ਨਹੀਂ ਲਾਉਂਦਾ। ਹਰ ਪਾਸਿਓਂ ਉਹਨਾਂ ਨੂੰ ਲਾਹਨਤਾਂ ਹੀ ਪੈਂਦੀਆਂ ਹਨ।

੯. ਗੁਣਹੀਨ ਗੁਰੂ ਆਲਸੀ ਢੱਗੇ ਹਨ

੧. ਰਾਤੀ ਨੀਂਗਰ ਖੇਲਦੇ ਸਭ ਹੋਇ ਇਕਠੇ।
੨. ਰਾਜਾ ਪਰਜਾ ਹੋਵਦੇ ਕਰਿ ਸਾਂਗ ਉਪਠੇ।
੩. ਇਕਿ ਲਸਕਰ ਲੈ ਧਾਵਦੇ ਇਕਿ ਫਿਰਦੇ ਨਠੇ।
੪. ਠੀਕਰੀਆਂ ਹਾਲੇ ਭਰਨਿ ਉਇ ਖਰੇ ਅਸਠੇ।
੫. ਖਿਨ ਵਿਚਿ ਖੇਡ ਉਜਾੜਿਦੇ ਘਰੁ ਘਰੁ ਨੂੰ ਤ੍ਰਠੇ।
੬. ਵਿਣੁ ਗੁਣੁ ਗੁਰੂ ਸਦਾਇਦੇ ਓਇ ਖੋਟੇ ਮਠੇ॥ ੯॥

ਪਦ ਅਰਥ - ਨੀਂਗਰ=ਬਾਲਕ। ਹਾਲੇ=ਮਾਮਲੇ। ਅਸਠੇ=ਸਿਆਣੇ। ਤ੍ਰਠੇ=ਭੱਜ ਜਾਂਦੇ। ਮਠੇ=ਆਲਸੀ ਢੱਗੇ।

ਅਰਥ - ੧. ਰਾਤ ਨੂੰ ਸਭ ਬਾਲਕ ਇਕੱਠੇ ਹੋ ਕੇ ਖੇਡਦੇ ਹਨ। ੨. (ਉਹ) ਰਾਜਾ ਤੇ ਪਰਜਾ ਬਣ ਕੇ ਕਈ ਤਰ੍ਹਾਂ ਦੇ ਉਲਟੇ ਪੁਲਟੇ ਸਾਂਗ ਬਣਾ ਲੈਂਦੇ ਹਨ। ੩. ਇਕ ਫ਼ੌਜਾਂ ਬਣਾ ਕੇ ਚੜ੍ਹਾਈ ਕਰਦੇ ਹਨ ਤੇ ਇਕ ਉਹਨਾਂ ਦੇ ਅੱਗੇ ਨੱਠੇ ਫਿਰਦੇ ਹਨ। ੪. ਇਕ ਠੀਕਰੀਆਂ ਦੇ ਰੁਪਏ ਬਣਾ ਕੇ ਮਾਮਲੇ ਤਾਰਦੇ ਹਨ ਤੇ ਇਕ ਬੜੇ ਸਿਆਣੇ ਬਣ ਕੇ ਮਾਮਲਾ ਲੈਣ ਲਈ ਬੈਠਦੇ ਹਨ। ੫. ਫਿਰ ਥੋੜ੍ਹੇ ਚਿਰ ਪਿੱਛੋਂ ਉਹ ਬਾਲਕ ਸਾਰੀ ਖੇਡ ਨੂੰ ਉਜਾੜ ਕੇ ਆਪੋ ਆਪਣੇ ਘਰਾਂ ਨੂੰ ਭੱਜ ਜਾਂਦੇ ਹਨ। ੬. (ਇਸੇ ਤਰ੍ਹਾਂ ਬਾਲਾਂ ਦੀ ਝੂਠੀ ਖੇਡ ਵਾਂਗੂੰ) ਬਿਨਾਂ ਗੁਣਾਂ ਤੋਂ ਜੋ ਆਪਣੇ ਆਪ ਨੂੰ ਗੁਰੂ ਸਦਵਾਉਂਦੇ ਹਨ, ਉਹ (ਮਨ ਦੇ) ਖੋਟੇ ਤੇ ਆਲਸੀ ਢੱਗੇ ਹਨ॥ ੯॥

ਭਾਵ—"ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ॥"

੧੦. ਪਾਖੰਡੀ ਗੁਰੂ ਦੇ ਚੇਲੇ ਖਾਲੀ ਰਹਿੰਦੇ ਹਨ

੧. ਉਚਾ ਲੰਮਾ ਝੰਟੁਲਾ ਵਿਚਿ ਬਾਗ ਦਿਸੰਦਾ।
੨. ਮੋਟਾ ਮੁਢੁ ਪਤਾਲ ਜੜਿ ਬਹੁ ਗਰਬ ਕਰੰਦਾ।

੩. ਪਤ ਸੁਪਤਰ ਸੋਹਣੇ ਵਿਸਥਾਰੁ ਬਣੰਦਾ।
੪. ਫੁਲ ਰਤੇ ਫਲ ਬਕਬਕੇ ਹੋਇ ਅਫਲ ਫਲੰਦਾ।
੫. ਸਾਵਾ ਤੋਤਾ ਚੁਹਚੁਹਾ ਤਿਸੁ ਦੇਖਿ ਭੁਲੰਦਾ।
੬. ਪਿਛੋ ਦੇ ਪਛੁਤਾਇਦਾ ਓਹੁ ਫਲੁ ਨ ਲਹੰਦਾ॥ ੧੦॥

ਪਦ ਅਰਥ - ਝੰਟੁਲਾ=ਸੰਘਣਾ। ਸੁਪਤਰ=ਹਰੇ। ਚੁਹਚੁਹਾ=ਸੋਹਣਾ।

ਅਰਥ - ੧. (ਸਿੰਮਲ ਦਾ) ਉੱਚਾ, ਲੰਮਾ ਤੇ ਸੰਘਣਾ ਬ੍ਰਿਛ ਬਾਗ ਵਿਚ ਦਿਸਦਾ ਹੈ। ੨. (ਉਸ ਦਾ) ਮੁੱਢ ਮੋਟਾ ਹੁੰਦਾ ਹੈ ਤੇ ਪਾਤਾਲ ਤਕ ਉਸ ਦੀਆਂ ਡੂੰਘੀਆਂ ਜੜ੍ਹਾਂ ਹੁੰਦੀਆਂ ਹਨ (ਤੇ ਉਹ) ਬੜਾ ਹੰਕਾਰ ਕਰਦਾ ਹੈ (ਕਿ ਮੇਰੇ ਵਰਗਾ ਵੱਡਾ ਬ੍ਰਿਛ ਕੋਈ ਨਹੀਂ)। ੩. ਉਸ ਦੇ ਪੱਤਰ ਬੜੇ ਸੋਹਣੇ ਤੇ ਹਰੇ ਹੁੰਦੇ ਹਨ ਤੇ ਉਹ ਬੜੇ ਫੈਲਾਉ ਵਿਚ ਪਸਰਿਆ ਹੁੰਦਾ ਹੈ। ੪. ਉਸ ਦੇ ਫੁੱਲ ਬੜੇ ਲਾਲ ਰੰਗ ਦੇ ਹੁੰਦੇ ਹਨ (ਪਰ) ਫਲ ਬਕਬਕੇ ਹੁੰਦੇ ਹਨ। ਉਹ ਫਲਦਾ ਹੋਇਆ ਵੀ ਅਫਲ ਹੈ। ੫. (ਕਿਉਂਕਿ) ਉਸ ਸਿੰਬਲ ਦੇ ਰੁਖ ਨੂੰ ਸੋਹਣਾ ਤੇ ਸਾਵਾ ਤੋਤਾ ਵੇਖ ਕੇ ਭੁੱਲ ਜਾਂਦਾ ਹੈ। ੬. (ਉਹ ਤੋਤਾ) ਪਿੱਛੋਂ ਪਛਤਾਉਂਦਾ ਹੋਇਆ ਖਾਲੀ ਮੁੜ ਜਾਂਦਾ ਹੈ, ਕਿਉਂਕਿ ਉਸ ਨੂੰ ਉਸ ਬ੍ਰਿਛ ਤੋਂ ਖਾਣ ਲਈ ਕੋਈ ਫਲ ਨਹੀਂ ਮਿਲਦਾ॥ ੧੦॥

ਭਾਵ—ਪਾਖੰਡੀ ਗੁਰੂ ਸਿੰਮਲ ਦੇ ਰੁਖ ਵਾਂਗੂੰ ਗੁਣਹੀਨ ਹੁੰਦਾ ਹੈ, ਉਸ ਦੀ ਸੰਗਤ ਕਰਨ ਨਾਲ ਜਗਿਆਸੂ ਨੂੰ ਕੋਈ ਲਾਭ ਨਹੀਂ ਹੁੰਦਾ। ਉਸ ਦੀ ਸੇਵਾ ਵਿਅਰਥ ਹੁੰਦੀ ਹੈ।

੧੧. ਗੁਣਹੀਣ ਗੁਰੂ ਨਿਕੰਮਾ ਹੈ

੧. ਪਹਿਨੈ ਪੰਜੇ ਕਪੜੇ ਪੁਰਸਾਵਾਂ ਵੇਸੁ।
੨. ਮੁਛਾਂ ਦਾੜ੍ਹੀ ਸੋਹਣੀ ਬਹੁ ਦੂਰਲਭ ਵੇਸੁ।
੩. ਸੈ ਹਥਿਆਰੀ ਸੂਰਮਾ ਪੰਚੀਂ ਪਰਵੇਸੁ।
੪. ਮਾਹਰੁ ਦੜ ਦੀਬਾਣ ਵਿਚਿ ਜਾਣੈ ਸਭੁ ਦੇਸੁ।
੫. ਪੂਰਨ ਗੁਣ ਪੁਰਖਤੁ ਵਿਣੁ ਕਾਮਣਿ ਕਿ ਕਰੇਸੁ।
੬. ਵਿਣੁ ਗੁਰ ਗੁਰੂ ਸਦਾਇਦੇ ਕਉਣ ਕਰੈ ਅਦੇਸੁ॥ ੧੧॥

ਪਦ ਅਰਥ - ਪੰਜੇ ਕਪੜੇ=ਚੱਦਰ, ਪੱਗ, ਅੰਗਰੱਖਾ, ਅੰਗੋਛਾ ਤੇ ਦੁਪੱਟਾ। ਪੁਰਸਾਵਾਂ=ਪੁਰਸ਼ਾਂ ਵਾਲਾ। ਦੂਰਲਭ=ਬਾਂਕਾ। ਵੇਸੁ=ਲਿਬਾਸ। ਪੰਚੀਂ ਪਰਵੇਸੁ=ਚੌਧਰੀਆਂ ਵਿਚ ਸ਼ਾਮਲ। ਮਾਹਰੁ=ਚੌਧਰੀ। ਪੁਰਖਤੁ ਵਿਣੁ=ਹੀਜੜਾ। ਅਦੇਸੁ=ਨਮਸਕਾਰ।

ਅਰਥ - ੧. ਜੇ ਕੋਈ ਮਨੁੱਖ ਪੰਜੇ ਕੱਪੜੇ ਪਹਿਨ ਕੇ ਆਦਮੀਆਂ ਵਾਲਾ ਵੇਸ ਕਰੇ। ੨. ਉਸ ਦੀਆਂ ਮੁੱਛਾਂ ਤੇ ਦਾਹੜੀ ਵੀ ਸੋਹਣੀ ਹੋਵੇ ਤਾਂ ਬੜਾ ਸੋਹਣਾ ਸਰੂਪ ਹੋਵੇ। ੩. ਉਹ ਸਾਰੇ ਹਥਿਆਰ ਲਾਉਣ ਵਾਲਾ

ਸੂਰਮਾ ਹੋਵੇ ਤੇ ਪੈਚਾਂ ਵਿਚ ਵੀ ਉਹ ਸ਼ਾਮਲ ਹੋਵੇ। ੪. ਦਰਬਾਰ, ਸਭਾ ਆਦਿ ਵਿਚ ਉਹ ਮੁਖੀਆ ਹੋਵੇ ਤੇ ਸਾਰਾ ਦੇਸ ਉਸ ਨੂੰ ਜਾਣਦਾ ਹੋਵੇ। ੫. (ਪਰ) ਜੇ ਉਹ ਏਨੇ ਗੁਣਾਂ ਦੇ ਹੁੰਦਿਆਂ ਇਕ ਪੁਰਖੱਤ (ਪੁਰਖਪੁਣੇ) ਤੋਂ ਬਾਂਝ (ਹੀਜੜਾ) ਹੋਵੇ ਤਾਂ ਉਸ ਨੂੰ ਮਰਦ ਨਹੀਂ ਗਿਣਿਆ ਜਾਂਦਾ, ਉਸਦੀ ਇਸਤ੍ਰੀ ਉਸ ਨੂੰ ਕੀ ਕਰੇਗੀ ? ੬. (ਇਸੇ ਤਰ੍ਹਾਂ) ਗੁਣਾਂ ਤੋਂ ਹੀਨਾ ਮਨੁੱਖ, ਜੋ ਗੁਰੂ ਸਦਾਉਂਦਾ ਹੈ, ਉਸ ਨੂੰ ਕੌਣ ਨਮਸਕਾਰ ਕਰੇਗਾ ॥ ੧੧ ॥

ਭਾਵ—ਪਾਖੰਡੀ ਆਦਮੀ ਗੁਰੂ ਬਣ ਬੈਠੇ ਤਾਂ ਉਸ ਨੂੰ ਪੂਰਨ ਗੁਰੂ ਦਾ ਦਰਜਾ ਨਹੀਂ ਮਿਲਦਾ।

੧੨. ਸੇਵਾ ਨਾਲ ਹੀ ਸ਼ਹੁ ਮਿਲਦਾ ਹੈ

੧. ਗਲੀਂ ਜੇ ਸਹੁ ਪਾਈਐ ਤੋਤਾ ਕਿਉ ਫਾਸੈ।
੨. ਮਿਲੈ ਨ ਬਹੁਤੁ ਸਿਆਣਪੈ ਕਾਉ ਗੂਹੁ ਗਿਰਾਸੈ।
੩. ਜੋਰਾਵਰੀ ਨ ਜਿਪਈ ਸ਼ੀਹ ਸਹਾ ਵਿਣਾਸੈ।
੪. ਗੀਤ ਕਵਿਤੁ ਨ ਭਿਜਈ ਭਟ ਭੇਖ ਉਦਾਸੈ।
੫. ਜੋਬਨ ਰੂਪੁ ਨ ਮੋਹੀਐ ਰੰਗੁ ਕੁਸੁੰਭ ਦੁਰਾਸੈ।
੬. ਵਿਣੁ ਸੇਵਾ ਦੋਹਾਗਣੀ ਪਿਰੁ ਮਿਲੈ ਨ ਹਾਸੈ॥ ੧੨ ॥

ਪਦ ਅਰਥ - ਗਲੀਂ=ਗੱਲਾਂ ਨਾਲ। ਸਿਆਣਪੈ=ਚਤੁਰਾਈਆਂ ਨਾਲ। ਦੁਰਾਸੈ=ਵਿਣਾਸ। ਹਾਸੈ=ਹਾਸਿਆਂ ਨਾਲ।

ਅਰਥ - ੧. ਜੇ ਨਿਰੀਆਂ ਗੱਲਾਂ ਕਰਨ ਨਾਲ ਹੀ ਪਤੀ ਮਿਲ ਸਕਦਾ ਹੋਵੇ ਤਾਂ ਬਹੁਤੀਆਂ ਗੱਲਾਂ ਕਰਨ ਵਾਲਾ ਤੋਤਾ ਕਿਉਂ ਫਸੇ ? ੨. ਜੇ ਬਹੁਤੀਆਂ ਸਿਆਣਪਾਂ (ਚਤੁਰਾਈਆਂ) ਨਾਲ ਪਿਆਰਾ ਮਿਲਦਾ ਹੋਵੇ ਤਾਂ ਕਾਂ ਗੰਦਗੀ ਕਿਉਂ ਖਾਵੇ ? ੩. ਜੇ ਜ਼ੋਰਾਵਰੀ ਨਾਲ ਮਿਲਦਾ ਹੋਵੇ ਤਾਂ ਸਹਿਆ ਸ਼ੇਰ ਨੂੰ ਕਿਉਂ ਮਾਰ ਲੈਂਦਾ। ੪. ਗੀਤਾਂ ਕਬਿੱਤਾਂ ਦੇ ਗਾਉਣ ਨਾਲ ਵੀ (ਪਤੀ) ਨਹੀਂ ਰੀਝਦਾ, ਜੇ ਰੀਝਦਾ ਹੋਵੇ ਤਾਂ ਭੱਟ ਕਿਉਂ ਉਦਾਸੀ ਭੇਖ ਵਿਚ ਫਿਰਨ। ੫. ਜਵਾਨੀ ਤੇ ਸੋਹਣੇ ਰੂਪ ਨਾਲ ਵੀ ਸ਼ਹੁ ਨਹੀਂ ਮੋਹਿਆ ਜਾਂਦਾ (ਕਿਉਂਕਿ) ਕਸੁੰਭੇ ਦਾ ਰੰਗ ਐਵੇਂ ਹੀ ਨਾਸ ਹੋ ਜਾਂਦਾ ਹੈ। ੬. ਹੇ ਦੁਹਾਗਣੀ! ਬਿਨਾਂ ਸੇਵਾ ਕਰਨ ਤੋਂ ਪਤੀ ਐਵੇਂ ਹਾਸਿਆਂ ਨਾਲ ਨਹੀਂ ਮਿਲਦਾ॥ ੧੨ ॥

ਭਾਵ—ਸੇਵਾ ਕਰਨ ਨਾਲ ਹੀ ਪਿਆਰੇ ਦੀ ਪ੍ਰਾਪਤੀ ਹੁੰਦੀ ਹੈ, ਐਵੇਂ ਗੱਲਾਂ ਕਰਨ ਨਾਲ ਕੁਛ ਹੱਥ ਨਹੀਂ ਆਉਂਦਾ।

"ਟਹਲ ਮਹਲ ਤਾ ਕਉ ਮਿਲੈ ਜਾ ਕਉ ਸਾਧ ਕ੍ਰਿਪਾਲ॥"

੧੩. ਫੋਕਟ ਕਰਮਾਂ ਨਾਲ ਮੁਕਤੀ ਨਹੀਂ ਮਿਲਦੀ

੧. ਸਿਰ ਤਲਵਾਏ ਪਾਈਐ ਚਮਗਿਦੜ ਜੂਹੇ।

੨. ਮੜੀ ਮਸਾਣੀ ਜੇ ਮਿਲੈ ਵਿਚਿ ਖੁਡਾਂ ਚੂਹੇ।
੩. ਮਿਲੈ ਨ ਵਡੀ ਆਰਜਾ ਬਿਸੀਅਰੁ ਵਿਹੁ ਲੂਹੇ।
੪. ਹੋਇ ਕੁਚੀਲੁ ਵਰਤੀਐ ਖਰ ਸੂਰ ਭਸੂਹੇ।
੫. ਕੰਦ ਮੂਲ ਚਿਤੁ ਲਾਈਐ ਅਈਅੜ ਵਣੁ ਧੂਹੇ।
੬. ਵਿਣੁ ਗੁਰ ਮੁਕਤਿ ਨ ਹੋਵਈ ਜਿਉਂ ਘਰੁ ਵਿਣੁ ਬੂਹੇ॥ ੧੩॥

ਪਦ ਅਰਥ - ਸਿਰ ਤਲਵਾਏ=ਮੂਧਾ ਸਿਰ ਕਰਨ ਨਾਲ। ਜੂਹੇ=ਬਨਾਂ ਵਿਚ। ਆਰਜਾ=ਉਮਰ। ਬਿਸੀਅਰੁ=ਸੱਪ। ਭਸੂਹੇ=ਖੇਹ ਵਿਚ ਰੁਲਣਾ। ਬੂਹੇ=ਤਖਤੇ।

ਅਰਥ - ੧. ਜੇ ਪੁੱਠੇ ਲਟਕ ਕੇ ਤਪ ਕੀਤਿਆਂ (ਮੁਕਤੀ) ਮਿਲਦੀ ਹੋਵੇ ਤਾਂ ਉਜਾੜਾਂ ਵਿਚ ਚਮਗਿੱਦੜ ਪੁੱਠੇ ਲਟਕਦੇ ਹਨ, (ਉਹ ਮੁਕਤ ਹੋ ਜਾਂਦੇ)। ੨. ਜੇ ਮੜ੍ਹੀਆਂ ਮਸਾਣਾਂ ਵਿਚ ਰਹਿਕੇ (ਮੁਕਤੀ ਮਿਲਦੀ) ਤਾਂ ਚੂਹਿਆਂ ਨੂੰ ਖੁੱਡਾਂ ਵਿਚ ਮਿਲ ਜਾਂਦੀ। ੩. ਲੰਮੀ ਉਮਰ ਨਾਲ ਵੀ ਮੁਕਤੀ ਨਹੀਂ ਮਿਲਦੀ, ਵੱਡੀ ਉਮਰ ਵਾਲੇ ਸੱਪ ਵਿਹੁ ਵਿਚ ਹੀ ਲੂੰਹਦੇ ਰਹਿੰਦੇ ਹਨ। ੪. ਜੇਕਰ ਕੁਚੀਲ (ਗੰਦੇ) ਰਿਹਾਂ ਮੁਕਤੀ ਮਿਲਦੀ ਹੋਵੇ ਤਾਂ ਖੋਤੇ ਤੇ ਸੂਰ ਖੇਹ ਵਿਚ ਹੀ ਰੁਲਦੇ ਰਹਿੰਦੇ ਹਨ। (ਉਹ ਮੁਕਤ ਕਿਉਂ ਨਹੀਂ ਹੁੰਦੇ)। ੫. ਜੇਕਰ ਕੰਦਮੂਲ ਖਾਧਿਆਂ (ਮੁਕਤੀ) ਮਿਲਦੀ ਹੋਵੇ ਤਾਂ ਬੱਕਰੀਆਂ ਦਾ ਇੱਜੜ ਦਰਖਤਾਂ ਨੂੰ ਹੀ ਧੂਹ ਧੂਹ ਕੇ ਖਾਂਦਾ ਰਹਿੰਦਾ ਹੈ। ੬. ਬਿਨਾਂ ਪੂਰਨ ਗੁਰੂ ਤੋਂ ਮੁਕਤੀ ਨਹੀਂ ਮਿਲਦੀ, ਜਿਵੇਂ ਬੂਹਿਆਂ ਨੂੰ ਲੰਘੇ ਬਿਨਾਂ ਘਰ ਵਿਚ ਨਹੀਂ ਜਾ ਸਕੀਦਾ॥ ੧੩॥

ਭਾਵ— ਫੋਕਟ ਕਰਮਾਂ ਕਾਂਡਾਂ ਦੇ ਕਰਨ ਨਾਲ ਮੁਕਤੀ ਨਹੀਂ ਮਿਲਦੀ। ਪੂਰੇ ਗੁਰੂ ਦੀ ਸੰਗਤ ਤੇ ਉਪਦੇਸ਼ ਦੀ ਕਮਾਈ ਕਰਨ ਨਾਲ ਮਨੁੱਖ ਮੁਕਤ ਹੁੰਦਾ ਹੈ।

੧੪. ਪੂਰਨ ਗੁਰੂ ਤੋਂ ਬਿਨਾਂ ਮੁਕਤੀ ਨਹੀਂ ਮਿਲਦੀ

੧. ਮਿਲੈ ਜਿ ਤੀਰਥਿ ਨਾਤਿਆਂ ਡਡਾਂ ਜਲ ਵਾਸੀ।
੨. ਵਾਲ ਵਧਾਇਆਂ ਪਾਈਐ ਬੜ ਜਟਾਂ ਪਲਾਸੀ।
੩. ਨੰਗੇ ਰਹਿਆਂ ਜੇ ਮਿਲੈ ਵਣਿ ਮਿਰਗ ਉਦਾਸੀ।
੪. ਭਸਮ ਲਾਇ ਜੇ ਪਾਈਐ ਖਰੁ ਖੇਹ ਨਿਵਾਸੀ।
੫. ਜੇ ਪਾਈਐ ਚੁਪ ਕੀਤਿਆਂ ਪਸੂਆਂ ਜੜ ਹਾਸੀ।
੬. ਵਿਣੁ ਗੁਰ ਮੁਕਤਿ ਨ ਹੋਵਈ ਗੁਰ ਮਿਲੈ ਖਲਾਸੀ॥ ੧੪॥

ਪਦ ਅਰਥ - ਡਡਾਂ=ਡੱਡੂ। ਬੜ=ਬੋਹੜ। ਖਰੁ=ਖੋਤਾ। ਖਲਾਸੀ=ਮੁਕਤੀ, ਛੁਟਕਾਰਾ।

ਅਰਥ - ੧. ਜੇ ਤੀਰਥਾਂ ਦੇ ਪਾਣੀਆਂ ਵਿਚ ਨਹਾਉਣ ਨਾਲ ਮੁਕਤੀ ਮਿਲਦੀ ਹੋਵੇ ਤਾਂ ਡੱਡੂ

ਆਦਿ ਹਰ ਸਮੇਂ ਪਾਣੀ ਵਿਚ ਹੀ ਵਸਦੇ ਹਨ। ੨. ਜੇ ਜਟਾਂ ਵਧਾਉਣ ਨਾਲ ਮੁਕਤੀ ਪ੍ਰਾਪਤ ਹੁੰਦੀ ਹੋਵੇ ਤਾਂ ਬੋਹੜ ਦੀਆਂ ਜੜ੍ਹਾਵਾਂ ਪਾਲੋ ਪਾਲ ਲਮਕੀਆਂ ਹਨ। ੩. ਜੇ ਨੰਗੇ ਰਹਿਣ ਨਾਲ ਮੁਕਤੀ ਮਿਲਦੀ ਹੈ ਤਾਂ ਬਨਾਂ ਵਿਚ ਹਰਨ ਆਦਿ ਪਸ਼ੂ ਨੰਗੇ ਫਿਰਦੇ ਰਹਿੰਦੇ ਹਨ। ੪. ਜੇ ਭਸਮ (ਬਿਭੂਤ) ਲਾਇਆਂ ਮੁਕਤੀ ਮਿਲਦੀ ਹੋਵੇ ਤਾਂ ਖੋਤਾ ਖੇਹ ਵਿਚ ਹੀ ਲੇਟਦਾ ਰਹਿੰਦਾ ਹੈ। ੫. ਜੇ ਚੁੱਪ (ਮੋਨ) ਰਿਹਾਂ ਮੁਕਤੀ ਪ੍ਰਾਪਤ ਹੁੰਦੀ ਹੋਵੇ ਤਾਂ ਸਾਰੇ ਪਸ਼ੂ ਚੁੱਪ ਹੀ ਰਹਿੰਦੇ ਹਨ। ੬. (ਸਿਧਾਂਤ ਦੀ ਗੱਲ ਇਹ ਹੈ ਕਿ) ਪੂਰਨ ਗੁਰੂ ਤੋਂ ਬਿਨਾਂ ਮੁਕਤੀ ਨਹੀਂ ਮਿਲਦੀ। ਗੁਰੂ ਮਿਲੇ ਤਾਂ ਹੀ ਇਸ ਜਨਮ ਮਰਨ (ਆਵ ਗਵਨ) ਦੇ ਚੱਕਰ ਤੋਂ ਛੁਟਕਾਰਾ ਮਿਲਦਾ ਹੈ॥ ੧੪ ॥

੧੫. ਮੁਕਤੀ ਦੀ ਦਾਤ ਪੂਰਨ ਗੁਰੂ ਤੋਂ ਮਿਲਦੀ ਹੈ

੧. ਜੜੀ ਬੂਟੀ ਜੇ ਜੀਵੀਐ ਕਿਉ ਮਰੈ ਧਨੰਤਰੁ।
੨. ਤੰਤੁ ਮੰਤੁ ਬਾਜੀਗਰਾਂ ਓਇ ਭਵਹਿ ਦਿਸੰਤਰੁ।
੩. ਰੁਖੀਂ ਬਿਰਖੀਂ ਪਾਈਐ ਕਾਸਟ ਬੈਸੰਤਰੁ।
੪. ਮਿਲੈ ਨ ਵੀਰਾਰਾਧੁ ਕਰਿ ਠਗ ਚੋਰ ਨ ਅੰਤਰੁ।
੫. ਮਿਲੈ ਨ ਰਾਤੀ ਜਾਗਿਆਂ ਅਪਰਾਧ ਭਵੰਤਰੁ।
੬. ਵਿਣੁ ਗੁਰ ਮੁਕਤਿ ਨ ਹੋਵਈ ਗੁਰਮੁਖਿ ਅਮਰੰਤਰੁ॥ ੧੫॥

ਪਦ ਅਰਥ - ਧਨੰਤਰੁ=ਪ੍ਰਸਿੱਧ ਵੈਦ। ਵੀਰਾਰਾਧੁ=ਭੂਤਾਂ ਦੀ ਸੇਵਾ।

ਅਰਥ - ੧. ਜੇਕਰ ਜੜੀ ਬੂਟੀਆਂ (ਔਸ਼ਧੀਆਂ) ਨਾਲ ਅਮਰ ਜੀਵਨ (ਜੀਵਨ ਮੁਕਤੀ) ਮਿਲਦੀ ਹੁੰਦੀ ਤਾਂ ਧਨੰਤਰੁ ਵੈਦ ਕਿਉਂ ਮਰਦਾ ? ੨. ਜੇਕਰ ਜੰਤਰਾਂ, ਮੰਤਰਾਂ ਤੇ ਤੰਤਰਾਂ ਨਾਲ ਅਮਰਤਾ ਮਿਲਦੀ ਹੋਵੇ ਤਾਂ ਬਾਜੀਗਰ ਦੇਸ ਦੇਸਾਂਤਰਾਂ ਵਿਚ ਕਿਉਂ ਭੌਂਦੇ ਫਿਰਨ। ੩. ਜੇਕਰ ਰੁੱਖਾਂ ਬ੍ਰਿਛਾਂ ਨੂੰ ਪੂਜਿਆਂ ਮੁਕਤੀ ਮਿਲਦੀ ਹੋਵੇ ਤਾਂ ਬ੍ਰਿਛਾਂ ਨੂੰ ਅੱਗ ਕਿਉਂ ਵਿਆਪਦੀ ? (ਭਾਵ ਬ੍ਰਿਛ ਆਪ ਕਲੇਸ਼ ਤੋਂ ਮੁਕਤ ਨਹੀਂ ਹੁੰਦੇ)। ੪. ਭੂਤਾਂ ਦੀ ਅਰਾਧਨਾ ਕਰਨ ਨਾਲ ਵੀ ਮੁਕਤੀ ਨਹੀਂ ਮਿਲਦੀ, ਕਿਉਂਕਿ ਭੂਤਾਂ ਦੀ ਅਰਾਧਨਾ ਕਰਨ ਵਾਲਿਆਂ ਤੇ ਠੱਗਾਂ ਚੋਰਾਂ ਵਿਚ ਕੋਈ ਫਰਕ ਨਹੀਂ ਹੁੰਦਾ। ੫. ਰਾਤ ਜਾਗਿਆਂ ਵੀ ਮੁਕਤੀ ਨਹੀਂ ਮਿਲਦੀ, ਜੇ ਮਿਲਦੀ ਹੋਵੇ ਤਾਂ ਚੋਰ ਡਾਕੂ ਆਦਿ ਅਪਰਾਧੀ ਸਾਰੀ ਰਾਤ ਜਾਗ ਕੇ ਭੌਂਦੇ ਰਹਿੰਦੇ ਹਨ। ੬. (ਮੁਕਦੀ ਗੱਲ ਇਹ ਹੈ ਕਿ) ਬਿਨਾਂ ਗੁਰੂ ਤੋਂ ਮੁਕਤੀ ਨਹੀਂ ਮਿਲਦੀ ਗੁਰੂ ਆਪ ਅਮਰ (ਮੁਕਤ) ਹਨ ਤੇ ਆਪਣੇ ਸਤਿਸੰਗੀਆਂ ਨੂੰ ਮੁਕਤ ਕਰਦੇ ਹਨ॥ ੧੫ ॥

੧੬. ਪੂਰਨ ਗੁਰੂ ਤੋਂ ਬਿਨਾਂ ਮੁਕਤੀ ਨਹੀਂ ਮਿਲਦੀ

੧. ਘੰਟੁ ਘੜਾਇਆ ਚੂਹਿਆਂ ਗਲਿ ਬਿਲੀ ਪਾਈਐ।

੨. ਮਤਾ ਮਤਾਇਆ ਮਖੀਆਂ ਘਿਅ ਅੰਦਰਿ ਨਾਈਐ।
੩. ਸੂਤਕੁ ਲਹੈ ਨ ਕੀੜਿਆਂ ਕਿਉ ਝਥੁ ਲੰਘਾਈਐ।
੪. ਸਾਵਣਿ ਰਹਿਣ ਭੰਬੀਰੀਆਂ ਜੇ ਪਾਰਿ ਵਸਾਈਐ।
੫. ਕੂੰਜੜੀਆਂ ਵੈਸਾਖ ਵਿਚਿ ਜਿਉ ਜੂਹ ਪਰਾਈਐ।
੬. ਵਿਣੁ ਗੁਰ ਮੁਕਤਿ ਨ ਹੋਵਈ ਫਿਰਿ ਆਈਐ ਜਾਈਐ॥ ੧੬॥

ਪਦ ਅਰਥ - ਘੰਟੁ=ਘੜਿਆਲ। ਮਤਾ=ਸਲਾਹ। ਪਾਰਿ ਵਸਾਈਐ=ਜਤਨ ਕਰੀਏ। ਜੂਹ=ਉਜਾੜ।

ਅਰਥ - ੧. ਚੂਹਿਆਂ ਨੇ ਘੜਿਆਲ ਬਣਾਇਆ ਕਿ ਬਿੱਲੀ ਦੇ ਗਲ ਵਿਚ ਪਾ ਦੇਈਏ, (ਤਾਂਕਿ ਉਸ ਦੇ ਆਉਣ ਦਾ ਸਾਨੂੰ ਪਤਾ ਲੱਗ ਜਾਇਆ ਕਰੇ, ਪਰ ਉਹ ਇਹ ਗੱਲ ਕਰ ਨਹੀਂ ਸਕਦੇ)। ੨. ਮੱਖੀਆਂ ਨੇ ਸਲਾਹ ਕੀਤੀ ਕਿ ਘਿਉ ਵਿਚ ਨਹਾਈਏ, (ਪਰ ਉਹ ਅਜਿਹਾ ਨਹੀਂ ਕਰ ਸਕਦੀਆਂ)। ੩. ਕੀੜਿਆਂ ਨੇ ਸਲਾਹ ਕੀਤੀ ਕਿ ਆਪਣਾ ਸੂਤਕ ਲਾਹੀਏ ਤੇ ਆਪਣਾ ਸਮਾਂ ਬਿਤਾਈਏ (ਪਰ ਉਹਨਾਂ ਦਾ ਸੂਤਕ ਨਹੀਂ ਲਹਿੰਦਾ, ਕਿਉਂਕਿ ਉਹ ਪਲ ਪਲ ਪਿੱਛੋਂ ਮਰਦੇ ਹਨ)। ੪. ਭਾਵੇਂ ਕਿੰਨਾ ਜਤਨ ਕਰੀਏ ਕਿ ਸਾਵਣ ਦੇ ਭੰਬਟ ਭਬੀਰੀਆਂ ਜੀਊਂਦੇ ਰਹਿ ਸਕਣ, (ਪਰ ਉਹ ਜੀਊਂਦੇ ਨਹੀਂ ਰਹਿ ਸਕਦੇ)। ੫. ਜਿਵੇਂ ਵਿਸਾਖ ਦੇ ਮਹੀਨੇ ਵਿਚ ਕੂੰਜਾਂ ਪਰਾਈ ਉਜਾੜ ਵਿਚ ਚਲੀਆਂ ਜਾਂਦੀਆਂ ਹਨ (ਸਦਾ ਇਕ ਜਗ੍ਹਾ 'ਤੇ ਨਹੀਂ ਰਹਿੰਦੀਆਂ)। ੬. (ਇਸੇ ਤਰ੍ਹਾਂ) ਪੂਰਨ ਗੁਰੂ ਤੋਂ ਬਿਨਾਂ ਮੁਕਤੀ ਹੋਣੀ ਅਸੰਭਵ ਹੈ। ਮੁੜ ਮੁੜ ਆਈ ਜਾਈਦਾ ਹੈ॥ ੧੬॥

ਭਾਵ— ਮੁਕਤੀ ਸੱਚੇ ਸਤਿਗੁਰੂ ਤੋਂ ਹੀ ਮਿਲਦੀ ਹੈ। ਉਸੇ ਦੀ ਸ਼ਰਣ ਵਿਚ ਰਹਿ ਕੇ ਸੇਵਾ ਤੇ ਸਿਮਰਨ ਕਰਨਾ ਚਾਹੀਦਾ ਹੈ।

੧੭. ਝੂਠ ਕਦੇ ਸੱਚ ਨਹੀਂ ਬਣਦਾ

੧. ਜੇ ਖੁਥੀ ਬਿੰਡਾ ਬਹੈ ਕਿਉ ਹੋਇ ਬਜਾਜੁ।
੨. ਕੁਤੇ ਦੇ ਗਲ ਵਾਸਣੀ ਨ ਸਰਾਫੀ ਸਾਜੁ।
੩. ਰਤਨ ਮਣੀ ਗਲਿ ਬਾਂਦਰੈ ਜਉਹਰੀ ਨਹਿ ਕਾਜੁ।
੪. ਗਦਹੁੰ ਚੰਦਨ ਲਦੀਐ ਨਹਿੰ ਗਾਂਧੀ ਗਾਜੁ।
੫. ਜੇ ਮਖੀ ਮੁਹਿ ਮਕੜੀ ਕਿਉ ਹੋਵੈ ਬਾਜੁ।
੬. ਸਚੁ ਸਚਾਵਾਂ ਕਾਂਢੀਐ ਕੂੜਿ ਕੂੜਾ ਪਾਜੁ॥ ੧੭॥

ਪਦ ਅਰਥ - ਖੁਥੀ=ਥੇਵੀ, ਥਾਨਾਂ ਦੀ ਗੰਢ। ਗਾਜੁ=ਕਹੀਦਾ। ਕਾਂਢੀਐ=ਕਹੀਦਾ।

ਅਰਥ - ੧. ਜੇ ਬੀਂਡਾ ਥੇਕੀ (ਥਾਨਾਂ ਦੀ ਗੰਢ) ਉਤੇ ਬਹਿ ਜਾਵੇ ਤਾਂ ਉਹ ਬਜਾਜ ਕਿਸ ਤਰ੍ਹਾਂ

ਬਣ ਜਾਏਗਾ ? ੨. ਜੇ ਕੁੱਤੇ ਦੇ ਗਲ ਵਿਚ ਰੁਪਿਆਂ ਦੀ ਵਾਂਸਲੀ ਬੰਨ੍ਹ ਦਿੱਤੀ ਜਾਏ ਤਾਂ ਉਸ ਦਾ ਸਰਾਫਾਂ ਨਾਲ ਸਾਜ ਨਹੀਂ ਹੋ ਸਕਦਾ। ੩. ਬਾਂਦਰ ਦੇ ਗਲ ਵਿਚ ਰਤਨ ਤੇ ਮਣੀਆਂ ਬੰਨ੍ਹ ਦੇਈਏ ਤਾਂ ਉਹ ਜੌਹਰੀ ਦਾ ਕੰਮ ਨਹੀਂ ਕਰ ਸਕਦਾ। ੪. ਜੇ ਖੋਤੇ ਉਤੇ ਚੰਦਨ ਲੱਦ ਦੇਈਏ ਤਾਂ ਉਹ ਗਾਂਧੀ (ਅਤਰ ਵੇਚਣ ਵਾਲਾ) ਨਹੀਂ ਕਿਹਾ ਜਾਂਦਾ। ੫. ਜੇ ਮੱਕੜੀ ਦੇ ਮੂੰਹ ਵਿਚ ਮੱਖੀ ਆ ਜਾਵੇ ਤਾਂ ਉਹ ਬਾਜ ਕਿਵੇਂ ਹੋ ਸਕਦੀ ਹੈ ? ੬. (ਇਸੇ ਤਰ੍ਹਾਂ) ਸੱਚੇ ਨੂੰ ਹੀ ਸੱਚਾ ਕਿਹਾ ਜਾਂਦਾ ਹੈ, ਝੂਠੇ ਦਾ ਪਾਖੰਡ ਝੂਠਾ ਹੀ ਹੁੰਦਾ ਹੈ॥ ੧੭॥

੧੮. ਬਿਨਾਂ ਗੁਣਾਂ ਤੋਂ ਮਾਣ ਕਰਨਾ ਮੂਰਖਤਾ ਹੈ

੧. ਅੰਙਣਿ ਪੁਤੁ ਗਵਾਂਢਣੀ ਕੂੜਾਵਾ ਮਾਣੁ।
੨. ਪਾਲੀ ਚਉਣਾ ਚਾਰਦਾ ਘਰ ਵਿਤੁ ਨ ਜਾਣੁ।
੩. ਬਦਰਾ ਸਿਰਿ ਵੇਗਾਰੀਐ ਨਿਰਧਨੁ ਹੈਰਾਣੁ।
੪. ਜਿਉ ਕਰਿ ਰਾਖਾ ਖੇਤ ਵਿਚਿ ਨਾਹੀ ਕਿਰਸਾਣੁ।
੫. ਪਰ ਘਰੁ ਜਾਣੈ ਆਪਣਾ ਮੂਰਖੁ ਮਿਹਮਾਣੁ।
੬. ਅਣਹੋਂਦਾ ਆਪੁ ਗਣਾਇੰਦਾ ਓਹੁ ਵਡਾ ਅਜਾਣੁ॥ ੧੮॥

ਪਦ ਅਰਥ - ਅੰਙਣਿ=ਵੇਹੜਾ। ਪਾਲੀ=ਵਾਗੀ। ਚਉਣਾ=ਵੱਗ। ਬਦਰਾ=(ਰੁਪਿਆਂ ਦੀ) ਥੈਲੀ।

ਅਰਥ - ੧. ਜੇ ਕਿਸੇ ਗੁਆਂਢਣ ਦਾ ਪੁੱਤਰ ਆਪਣੇ ਵਿਹੜੇ ਵਿਚ ਆ ਜਾਵੇ ਤਾਂ ਉਸ ਨੂੰ ਆਪਣਾ ਜਾਣ ਕੇ ਮਾਣ ਕਰਨਾ ਝੂਠਾ ਹੈ। ੨. ਵਾਗੀ ਵੱਗ ਨੂੰ ਚਾਰਦਾ ਹੈ, ਪਰ ਉਹ ਵੱਗ ਨੂੰ ਆਪਣੇ ਘਰ ਦਾ ਮਾਲ ਨਹੀਂ ਜਾਣ ਸਕਦਾ। ੩. ਰੁਪਿਆਂ ਦੀ ਥੈਲੀ ਕਿਸੇ ਵੇਗਾਰੀ ਦੇ ਸਿਰ 'ਤੇ ਹੁੰਦਿਆਂ ਵੀ ਉਹ ਨਿਰਧਨ ਤੇ ਹੈਰਾਨ (ਦੁਖੀ) ਰਹਿੰਦਾ ਹੈ। ੪. ਜਿਵੇਂ ਰਾਖਾ ਖੇਤ ਦੀ ਰਾਖੀ ਕਰਦਾ ਹੈ ਪਰ ਉਹ ਜਿਮੀਂਦਾਰ (ਖੇਤ ਦਾ ਮਾਲਕ) ਨਹੀਂ ਹੋ ਜਾਂਦਾ। ੫. ਉਹ ਪ੍ਰਾਹੁਣਾ ਮੂਰਖ ਹੁੰਦਾ ਹੈ ਜਿਹੜਾ ਬਿਗਾਨੇ ਘਰ ਨੂੰ ਆਪਣਾ ਜਾਣਦਾ ਹੈ। ੬. (ਇਸੇ ਤਰ੍ਹਾਂ) ਜਿਹੜਾ ਮਨੁੱਖ ਅਣਹੋਂਦਾ ਹੀ ਆਪਣੇ ਆਪ ਨੂੰ ਜਣਾਉਂਦਾ ਹੈ, ਉਹ ਵੱਡਾ ਮੂਰਖ ਹੈ॥ ੧੮॥

੧੯. ਬਿਨਾਂ ਗੁਣਾਂ ਤੋਂ ਮਾਣ ਕਰਨ ਵਾਲਾ ਮੂਰਖ ਹੁੰਦਾ ਹੈ

੧. ਕੀੜੀ ਵਾਕ ਨ ਥੰਮੀਐ ਹਸਤੀ ਦਾ ਭਾਰੁ।
੨. ਹਥ ਮਰੋੜੇ ਮਖੁ ਕਿਉ ਹੋਵੈ ਸੀਂਹ ਮਾਰੁ।
੩. ਮਛਰੁ ਡੰਗੁ ਨ ਪੁਜਈ ਬਿਸੀਅਰੁ ਬੁਰਿਆਰੁ।

੪. ਚਿਤ੍ਰੇ ਲਖ ਮਕਉੜਿਆਂ ਕਿਉ ਹੋਇ ਸਿਕਾਰੁ।
੫. ਜੇ ਜੂਹ ਸਉੜੀ ਸੰਜਰੀ ਰਾਜਾ ਨ ਭਤਾਰੁ।
੬. ਅਣਹੋਦਾ ਆਪੁ ਗਣਾਇੰਦਾ ਉਹੁ ਵਡਾ ਗਵਾਰੁ॥ ੧੯॥

ਪਦ ਅਰਥ - ਕੀੜੀ ਵਾਕ=ਕੀੜੀ ਪਾਸੋਂ। ਹਸਤੀ=ਹਾਥੀ। ਬਿਸੀਅਰੁ=ਸੱਪ। ਬੁਰਿਆਰੁ= ਜ਼ਹਿਰੀਲਾ। ਜੂਹ=ਜੂੰਆਂ। ਸਉੜੀ=ਰਜਾਈ।

ਅਰਥ - ੧. ਕੀੜੀ ਪਾਸੋਂ ਹਾਥੀ ਦਾ ਭਾਰ ਨਹੀਂ ਥੰਮ੍ਹਿਆ ਜਾਂਦਾ। ੨. ਮੱਖ ਕਿੰਨਾਂ ਹੱਥਾਂ ਨੂੰ ਮਰੋੜੇ, ਉਹ ਸ਼ੇਰ-ਮਾਰ ਕਿਵੇਂ ਬਣ ਜਾਏਗਾ ? ੩. ਮੱਛਰ ਦਾ ਡੰਗ ਜ਼ਹਿਰੀਲੇ ਸੱਪ ਦੇ ਜ਼ਹਿਰ ਬਰਾਬਰ ਨਹੀਂ ਹੋ ਸਕਦਾ। ੪. ਲੱਖਾਂ ਮਕੌੜੇ ਮਾਰ ਕੇ ਕੋਈ ਚਿੱਤਰੇ ਦਾ ਸ਼ਿਕਾਰੀ ਨਹੀਂ ਬਣ ਜਾਂਦਾ। ੫. ਜੇਕਰ ਕਿਸੇ ਮਨੁੱਖ ਦੀ ਰਜਾਈ ਵਿਚ ਬਹੁਤੀਆਂ ਜੂੰਆਂ ਇਕੱਠੀਆਂ ਹੋ ਜਾਣ ਤਾਂ ਉਸ ਰਜਾਈ ਦਾ ਮਾਲਕ ਰਾਜਾ ਨਹੀਂ ਬਣ ਜਾਂਦਾ। ੬. (ਇਸੇ ਤਰ੍ਹਾਂ) ਜਿਹੜਾ ਮਨੁੱਖ ਗੁਣਹੀਨ ਹੁੰਦਾ ਹੋਇਆ ਆਪਣੇ ਆਪ ਨੂੰ ਜਣਾਉਂਦਾ ਹੈ, ਉਹ ਵੱਡਾ ਮੂਰਖ ਹੈ॥ ੧੯॥

੨੦. ਗੁਰੂ ਦਾ ਪ੍ਰੇਮੀ ਪ੍ਰਗਟ ਹੋ ਜਾਂਦਾ ਹੈ

੧. ਪੁਤੁ ਜਣੈ ਵੜਿ ਕੋਠੜੀ ਬਾਹਰਿ ਜਗੁ ਜਾਣੈ।
੨. ਧਨੁ ਧਰਤੀ ਵਿਚਿ ਦਬੀਐ ਮਸਤਕਿ ਪਰਵਾਣੈ।
੩. ਵਾਟ ਵਟਾਊ ਆਖਦੇ ਵੂਠੈ ਇੰਦ੍ਰਾਣੈ।
੪. ਸਭੁ ਕੋ ਸੀਸੁ ਨਿਵਾਇਦਾ ਚੜ੍ਹਿਐ ਚੰਦ੍ਰਾਣੈ।
੫. ਗੋਰਖ ਦੇ ਗਲਿ ਗੋਦੜੀ ਜਗੁ ਨਾਥੁ ਵਖਾਣੈ।
੬. ਗੁਰ ਪਰਚੈ ਗੁਰੁ ਆਖੀਐ ਸਚਿ ਸਚੁ ਸਿਵਾਣੈ॥ ੨੦॥

ਪਦ ਅਰਥ - ਜਣੈ=ਜੰਮਦੀ ਹੈ। ਮਸਤਕਿ=ਮੱਥੇ ਵਿਚੋਂ। ਪਰਵਾਣੈ=ਪ੍ਰਤੀਤ ਹੁੰਦਾ ਹੈ। ਵੂਠੈ=ਮੀਂਹ ਵਰਸਨਾ। ਚੰਦ੍ਰਾਣੈ=(ਦੂਜ ਦਾ) ਚੰਦ੍ਰਮਾਂ। ਗੁਰ ਪਰਚੈ=ਗੁਰੂ ਨਾਲ ਪ੍ਰੇਮ ਕਰਨਾ।

ਅਰਥ - ੧. (ਇਸਤ੍ਰੀ) ਕੋਠੜੀ ਅੰਦਰ ਪੁੱਤਰ ਜੰਮਦੀ ਹੈ, ਪਰ ਬਾਹਰ ਸੰਸਾਰ ਦੇ ਲੋਕਾਂ ਨੂੰ ਪਤਾ ਲੱਗ ਜਾਂਦਾ ਹੈ। ੨. ਧਨ ਧਰਤੀ ਵਿਚ ਵੀ ਦਬਿਆ ਹੋਵੇ, ਤਾਂ ਵੀ ਲੋਕ ਮੱਥੇ ਦੀ ਚਮਕ ਦਮਕ ਵੇਖ ਕੇ ਜਾਣ ਲੈਂਦੇ ਹਨ ਕਿ ਇਸ ਕੋਲ ਧਨ ਹੈ। ੩. ਰਸਤੇ ਦੇ ਰਾਹੀ ਵੀ ਆਖਦੇ ਹਨ ਕਿ ਮੀਂਹ ਵਰ੍ਹਿਆ ਹੈ (ਭਾਵ ਮੀਂਹ ਵਰ੍ਹਿਆ ਗੁੱਝਾ ਨਹੀਂ ਰਹਿੰਦਾ)। ੪. ਦੂਜ ਦਾ ਚੰਦਰਮਾਂ ਚੜ੍ਹਿਆਂ ਹਰ ਕੋਈ ਸਿਰ ਨਿਵਾਉਂਦਾ ਹੈ। ੫. ਗੋਰਖ ਦੇ ਗਲ ਵਿਚ ਗੋਦੜੀ ਪਈ ਹੋਵੇ ਤਾਂ ਹਰ ਕੋਈ ਉਸ ਨੂੰ ਜਗਨਨਾਥ (ਜਗਤ ਦਾ ਮਾਲਕ) ਆਖਦਾ ਹੈ। ੬. ਜਿਹੜਾ ਕੋਈ ਗੁਰੂ ਨਾਲ ਪ੍ਰੇਮ ਕਰਦਾ ਹੈ, ਉਸ ਨੂੰ ਗੁਰੂ ਕਹੀਦਾ ਹੈ, ਸੱਚ ਨੂੰ ਸੱਚ ਸਿਵਾਣਦਾ ਹੈ॥ ੨੦॥

ਭਾਵ—ਸੱਚਾ ਪੁਰਸ਼ ਛੁਪਿਆ ਨਹੀਂ ਰਹਿੰਦਾ—"ਲਾਖ ਜਤਨ ਕਰਿ ਹਿਰਦੈ ਰਾਖਿਆ ਰਤਨ ਨ ਛਪੈ ਛਪਾਇਆ॥"

੨੧. ਬਖਸ਼ਣਹਾਰ ਸਤਿਗੁਰੂ ਦਾ ਸਿਮਰਨ ਕਰੋ

੧. ਹਉ ਅਪਰਾਧੀ ਗੁਨਹਗਾਰ ਹਉ ਬੇਮੁਖ ਮੰਦਾ।
੨. ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ।
੩. ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।
੪. ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰੁ ਕਰੰਦਾ।
੫. ਬਿਸਾਸਘਾਤੀ ਅਕਿਰਤਘਣ ਮੈ ਕੋ ਨ ਰਖੰਦਾ॥
੬. ਸਿਮਰਿ ਮੁਰੀਦਾ ਢਾਢੀਆ ਸਤਿਗੁਰ ਬਖਸੰਦਾ॥ ੨੧॥ ੩੬॥

ਪਦ ਅਰਥ - ਗੁਨਹਗਾਰ=ਦੋਸ਼ੀ। ਜੋਹੰਦਾ=ਵੇਖਣ ਵਾਲਾ। ਠਗੰਦਾ=ਠੱਗਣ ਵਾਲਾ। ਸਿਮਰਿ=ਯਾਦ ਕਰ।

ਅਰਥ - ੧. ਮੈਂ ਅਪਰਾਧੀ, ਦੋਸ਼ੀ, ਬੇਮੁਖ ਤੇ (ਮੰਦਾ) ਬੁਰਾ ਹਾਂ। ੨. (ਮੈਂ) ਚੋਰ, ਯਾਰ, ਜੁਆਰੀਆ ਤੇ ਪਰਾਏ ਘਰਾਂ ਨੂੰ ਤਾੜਨ ਵਾਲਾ ਹਾਂ। ੩. (ਮੈਂ) ਨਿੰਦਕ, ਦੁਸ਼ਟ, ਹਰਾਮਖੋਰ ਤੇ ਲੋਕਾਂ ਨੂੰ ਠੱਗਣ ਵਾਲਾ ਠੱਗ ਹਾਂ। ੪. (ਮੈਂ) ਕਾਮ, ਕ੍ਰੋਧ, ਮਦ, ਲੋਭ, ਮੋਹ ਤੇ ਅਹੰਕਾਰ ਕਰਨ ਵਾਲਾ ਹਾਂ। ੫. (ਮੈਂ) ਵਿਸ਼ਵਾਸਘਾਤੀ ਤੇ ਅਕਿਰਤਘਣ ਹਾਂ। ਮੇਰੀ ਰੱਖਿਆ ਕਰਨ ਵਾਲਾ ਕੋਈ ਨਹੀਂ। ੬. ਹੇ ਸਤਿਗੁਰੂ ਦੇ ਮੁਰੀਦ ਢਾਢੀ ! ਸਤਿਗੁਰੂ ਜੀ ਦਾ ਸਿਮਰਨ ਕਰ। ਉਹ ਬਖਸ਼ਨਹਾਰ ਹਨ ਤੇ ਤੈਨੂੰ ਬਖਸ਼ ਦੇਣਗੇ॥ ੨੧॥ ੩੬॥

ਭਾਵ—ਭਾਈ ਸਾਹਿਬ ਉਪਰੋਕਤ ਪਉੜੀ ਵਿਚ ਆਪਣੀ ਅਤਿ ਦੀ ਨਿਮ੍ਰਤਾ ਪ੍ਰਗਟ ਕਰਦੇ ਹਨ ਤੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅਰਦਾਸ ਕਰਦੇ ਹਨ ਕਿ ਹੇ ਸਤਿਗੁਰੂ ਜੀ! ਮੇਰੇ ਵਿਚ ਅਨੇਕਾਂ ਔਗੁਣ ਹਨ, ਆਪ ਕਿਰਪਾ ਕਰਕੇ ਮੈਨੂੰ ਬਖਸ਼ ਲਵੋ।

ਵਾਰ ੩੭

ੴ ਸਤਿਗੁਰ ਪ੍ਰਸਾਦਿ॥

੧. ਮੰਗਲਾਚਰਣ—ਪ੍ਰਭੂ ਦੇ ਅਸਚਰਜ ਕੌਤਕ

੧. ਇਕੁ ਕਵਾਉ ਪਸਾਉ ਕਰਿ ਓਅੰਕਾਰਿ ਅਕਾਰੁ ਬਣਾਇਆ।
੨. ਅੰਬਰਿ ਧਰਤਿ ਵਿਛੋੜਿ ਕੈ ਵਿਣੁ ਥੰਮਾਂ ਆਗਾਸੁ ਰਹਾਇਆ।
੩. ਜਲ ਵਿਚਿ ਧਰਤੀ ਰਖੀਅਨਿ ਧਰਤੀ ਅੰਦਰਿ ਨੀਰੁ ਧਰਾਇਆ।
੪. ਕਾਠੈ ਅੰਦਰਿ ਅਗਿ ਧਰਿ ਅਗੀ ਹੋਂਦੀ ਸੁਫਲੁ ਫਲਾਇਆ।
੫. ਪਉਣ ਪਾਣੀ ਬੈਸੰਤਰੋ ਤਿੰਨੇ ਵੈਰੀ ਮੇਲਿ ਮਿਲਾਇਆ।
੬. ਰਾਜਸ ਸਾਤਕ ਤਾਮਸੋ ਬ੍ਰਹਮਾ ਬਿਸਨੁ ਮਹੇਸੁ ਉਪਾਇਆ।
੭. ਚੋਜ਼ ਵਿਡਾਣੁ ਚਲਿਤੁ ਵਰਤਾਇਆ॥੧॥

ਪਦ ਅਰਥ - ਕਵਾਉ=ਵਾਕ। ਚੋਜ ਵਿਡਾਣੁ=ਅਸਚਰਜ ਕੌਤਕ।

ਅਰਥ - ੧. ਅਕਾਲ ਪੁਰਖ ਨੇ ਇਕ ਵਾਕ ਤੋਂ ਸਾਰਾ ਪਸਾਰਾ ਕਰਕੇ ਜਗਤ ਦਾ ਅਕਾਰ (ਸਰੂਪ) ਬਣਾਇਆ ਹੈ। ੨. ਆਕਾਸ਼ ਤੇ ਧਰਤੀ ਨੂੰ ਵਿਛੋੜ ਕੇ ਬਿਨਾਂ ਥੰਮ੍ਹਾਂ ਤੋਂ ਆਕਾਸ਼ ਨੂੰ ਰੱਖਿਆ ਹੈ। ੩. ਪਾਣੀ ਵਿਚ ਧਰਤੀ ਨੂੰ ਰੱਖਿਆ ਹੈ ਤੇ ਧਰਤੀ ਦੇ ਅੰਦਰ ਪਾਣੀ ਧਰਿਆ ਹੈ। ੪. ਕਾਠ (ਭਾਵ ਬ੍ਰਿਛਾਂ) ਅੰਦਰ ਅੱਗ ਨੂੰ ਧਰਿਆ ਹੈ ਤੇ ਬ੍ਰਿਛਾਂ ਅੰਦਰ ਅੱਗ ਦੇ ਹੁੰਦਿਆਂ ਵੀ ਉਹਨਾਂ ਨੂੰ ਫਲਾਂ ਨਾਲ ਫਲੀਭੂਤ ਕੀਤਾ ਹੈ। ੫. ਪੌਣ, ਪਾਣੀ ਤੇ ਅੱਗ ਆਪੋ ਵਿਚ ਵਿਰੋਧੀ ਸੁਭਾਅ ਰੱਖਦੇ ਹਨ, ਪਰ ਕਾਦਰ ਨੇ ਇਹਨਾਂ ਤਿੰਨਾਂ ਦਾ ਮੇਲ ਮਿਲਾ ਕੇ ਇਕ ਜਗ੍ਹਾ ਰੱਖਿਆ ਹੈ। ੬. (ਪ੍ਰਭੂ ਨੇ) ਰਜੋ, ਸਤੋ ਤੇ ਤਮੋ ਗੁਣਾਂ ਵਾਲੇ ਵੱਖੋ ਵੱਖ ਤਿੰਨ ਦੇਵਤੇ—ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਨੂੰ ਉਤਪੰਨ ਕੀਤਾ ਹੈ। ੭. (ਕਰਤਾਰ ਨੇ) ਇਹ ਅਸਚਰਜ ਕੌਤਕ ਵਾਲਾ ਚਲਿੱਤਰ ਵਰਤਾਇਆ ਹੈ॥੧॥

ਭਾਵ—ਪ੍ਰਭੂ ਨੇ ਇਸ ਸੰਸਾਰ ਦੀ ਅਸਚਰਜ ਰਚਨਾ ਕੀਤੀ ਹੈ, ਜਿਸ ਨੂੰ ਵੇਖ ਵੇਖ ਕੇ ਮਨੁੱਖ ਦੀ ਅਕਲ ਹੈਰਾਨ ਹੁੰਦੀ ਹੈ।

੨. ਈਸ਼੍ਵਰ ਸ਼ਕਤੀ ਅਪਾਰ ਹੈ

੧. ਸਿਵ ਸਕਤੀ ਦਾ ਰੂਪ ਕਰਿ ਸੂਰਜੁ ਚੰਦੁ ਚਰਾਗੁ ਬਲਾਇਆ।
੨. ਰਾਤੀ ਤਾਰੇ ਚਮਕਦੇ ਘਰਿ ਘਰਿ ਦੀਪਕ ਜੋਤਿ ਜਗਾਇਆ।
੩. ਸੂਰਜੁ ਏਕੰਕਾਰੁ ਦਿਹਿ ਤਾਰੇ ਦੀਪਕ ਰੂਪੁ ਲੁਕਾਇਆ।
੪. ਲਖ ਦਰੀਆਉ ਕਵਾਉ ਵਿਚਿ ਤੋਲਿ ਅਤੋਲੁ ਨ ਤੋਲਿ ਤੁਲਾਇਆ।
੫. ਓਅੰਕਾਰੁ ਅਕਾਰੁ ਜਿਸਿ ਪਰਵਦਗਾਰੁ ਅਪਾਰੁ ਅਲਾਇਆ।
੬. ਅਬਿਗਤਿ ਗਤਿ ਅਤਿ ਅਗਮ ਹੈ ਅਕਥ ਕਥਾ ਨਹਿ ਅਲਖੁ ਲਖਾਇਆ।
੭. ਸੁਣਿ ਸੁਣਿ ਆਖਣੁ ਆਖਿ ਸੁਣਾਇਆ ॥ ੨ ॥

ਪਦ ਅਰਥ - ਸਿਵ=ਚੇਤਨ ਸੱਤਾ। ਸਕਤੀ=ਪ੍ਰਕ੍ਰਿਤੀ (ਮਾਇਆ)। ਅਕਾਰੁ=ਸਰੂਪ। ਪਰਵਦਗਾਰੁ=ਪਾਲਣਾ ਕਰਨ ਵਾਲਾ।

ਅਰਥ - ੧. (ਪ੍ਰਭੂ ਨੇ) ਚੇਤਨ ਤੇ ਮਾਇਆ ਦਾ ਰੂਪ ਸੰਸਾਰ ਪੈਦਾ ਕਰਕੇ ਸੂਰਜ ਤੇ ਚੰਦਰਮਾਂ ਦੇ ਦੀਵੇ ਬਾਲੇ ਹਨ। ੨. ਰਾਤ ਨੂੰ ਤਾਰੇ ਵੀ ਚਮਕਦੇ ਹਨ ਤੇ ਘਰ ਘਰ ਵਿਚ ਦੀਵਿਆਂ ਦੀ ਜੋਤੀ ਵੀ ਜਗਾਈ ਜਾਂਦੀ ਹੈ। ੩. ਦਿਨ ਨੂੰ ਏਕੰਕਾਰ (ਇਕ ਆਕਾਰ) ਦਾ ਰੂਪ ਸੂਰਜ ਚੜ੍ਹਦਾ ਹੈ ਤਾਂ ਤਾਰੇ ਤੇ ਦੀਵਿਆਂ ਦੇ ਰੂਪ ਲੁਕ ਜਾਂਦੇ ਹਨ। ੪. ਜਿਸ ਦੇ ਇਕ ਵਾਕ ਵਿਚ ਲੱਖਾਂ ਦਰਿਆ ਹਨ, ਉਹ ਤੋਲ ਤੋਂ ਰਹਿਤ ਹੈ ਤੇ ਉਸ ਦਾ ਤੋਲ ਕੋਈ ਨਹੀਂ ਕਰ ਸਕਦਾ। ੫. ਜਿਸ ਪ੍ਰਭੂ ਨੇ ਇਸ ਸੰਸਾਰ ਦਾ ਆਕਾਰ (ਸਰੂਪ) ਬਣਾਇਆ ਹੈ, ਉਹ ਪਾਲਣਾ ਕਰਨ ਵਾਲਾ ਤੇ ਬੇਅੰਤ ਕਿਹਾ ਜਾਂਦਾ ਹੈ। ੬. ਉਸ ਗਤੀ ਰਹਿਤ (ਪਰਮੇਸ਼ਰ ਦੀ) ਮਰਯਾਦਾ ਪਹੁੰਚ ਤੋਂ ਪਰ੍ਹੇ ਹੈ, ਉਸ ਕਥਨ ਰਹਿਤ ਤੇ ਅਲਖ (ਪ੍ਰਭੂ ਨੇ) ਆਪਣਾ ਆਪ ਨਹੀਂ ਜਣਾਇਆ। ੭. ਸਭ ਉਸ ਦੇ ਪ੍ਰਸੰਗਾਂ (ਕੌਤਕਾਂ) ਨੂੰ ਇਕ ਦੂਜੇ ਕੋਲੋਂ ਸੁਣ ਕੇ ਹੀ ਵਰਣਨ ਕਰਦੇ ਹਨ (ਉਸ ਨੂੰ ਵੇਖ ਕੇ ਕਿਸੇ ਨੇ ਕੁਛ ਵਰਣਨ ਨਹੀਂ ਕੀਤਾ) ॥ ੨ ॥

ਭਾਵ—ਪਰਮਾਤਮਾ ਬੇਅੰਤ ਹੈ, ਉਸ ਦੇ ਕੌਤਕਾਂ ਦਾ ਵਰਣਨ ਕਰਨਾ ਕਠਿਨ ਹੈ। ਉਸ ਦੀ ਰਚਨਾ ਅਸਚਰਜਤਾ ਭਰੀ ਹੈ।

੩. ਪ੍ਰਭੂ ਦੀ ਵਚਿੱਤ੍ਰ ਰਚਨਾ

੧. ਖਾਣੀ ਬਾਣੀ ਚਾਰਿ ਜੁਗ ਜਲ ਥਲ ਤਰੁਵਰੁ ਪਰਬਤ ਸਾਜੇ।
੨. ਤਿੰਨ ਲੋਅ ਚਉਦਹ ਭਵਣ ਕਰਿ ਇਕੀਹ ਬ੍ਰਹਮੰਡ ਨਿਵਾਜੇ।
੩. ਚਾਰੇ ਕੁੰਡਾ ਦੀਪ ਸਤ ਨਉ ਖੰਡ ਦਹ ਦਿਸਿ ਵਜਣਿ ਵਾਜੇ।

੪. ਇਕਸ ਇਕਸ ਖਾਣਿ ਵਿਚਿ ਇਕੀ ਇਕੀ ਲਖ ਜੋਨਿ ਉਪਾਜੇ।
੫. ਇਕਤ ਇਕਤ ਜੂਨਿ ਵਿਚਿ ਜੀਅ ਜੰਤੁ ਅਣਗਣਤ ਬਿਰਾਜੇ।
੬. ਰੂਪ ਅਨੂਪ ਸਰੂਪ ਕਰਿ ਰੰਗ ਬਿਰੰਗ ਤਰੰਗ ਅਗਾਜੇ।
੭. ਪਉਣੁ ਪਾਣੀ ਘਰੁ ਨਉ ਦਰਵਾਜੇ॥ ੩॥

ਪਦ ਅਰਥ - ਇਕੀਹ=ਈਸ਼੍ਵਰ ਨੇ। ਵਾਜੇ=ਬਾਣੀਆਂ ਦੇ। ਤਰੰਗ=ਕੌਤਕ, ਲਹਿਰਾਂ। ਅਗਾਜੇ=ਪ੍ਰਗਟ। ਘਰੁ=ਸਰੀਰ। ਨਉ ਦਰਵਾਜੇ=ਨੌਂ ਗੋਲਕਾਂ।

ਅਰਥ - ੧. ਈਸ਼੍ਵਰ ਨੇ ਚਾਰ ਖਾਣੀਆਂ, ਚਾਰ ਬਾਣੀਆਂ, ਚਾਰ ਜੁਗ, ਜਲ, ਥਲ ਬ੍ਰਿਛ ਤੇ ਪਹਾੜ ਬਣਾਏ ਹਨ। ੨. ਪ੍ਰਭੂ ਨੇ ਤਿੰਨ ਲੋਕ, ਚੌਦਾਂ ਭਵਨ ਪੈਦਾ ਕਰਕੇ ਫਿਰ ਇਕੀ ਬ੍ਰਹਿਮੰਡ ਪੂਰੇ ਕੀਤੇ ਹਨ (ਭਾਵ ਇਕ ਇਕ ਲੋਕ ਵਿਚ ਸੱਤ ਸੱਤ ਬ੍ਰਹਿਮੰਡ ਰਚੇ ਹਨ)। ੩. ਚਾਰ ਕੂੰਟਾਂ (ਕੋਨੇ), ਸੱਤ ਦੀਪ, ਨੌਂ ਖੰਡ (ਹਿੱਸੇ) ਤੇ ਦਸ ਦਿਸ਼ਾਂ ਵਿਚ ਜੀਵਾਂ ਰੂਪੀ ਵਾਜੇ ਵਜ ਰਹੇ ਹਨ। ੪. ਇਕ ਇਕ ਖਾਣੀ ਵਿਚ ਇਕੀ ਇਕੀ ਲੱਖ ਜੂਨਾਂ ਪੈਦਾ ਕੀਤੀਆਂ ਹਨ। ੫. ਇਕ ਇਕ ਜੂਨ ਵਿਚ ਬੇਸ਼ੁਮਾਰ ਜੀਵ ਜੰਤ ਰਚੇ ਹਨ। ੬. ਤਰ੍ਹਾਂ ਤਰ੍ਹਾਂ ਦੇ ਸੋਹਣੇ ਰੂਪਾਂ ਵਾਲੇ ਜੀਵ ਬਣਾਏ ਹਨ ਤੇ ਰੰਗ ਬਰੰਗੇ ਤਰੰਗ ਪ੍ਰਗਟ ਕੀਤੇ ਹਨ। ੭. ਪੌਣ ਪਾਣੀ ਆਦਿ ਪੰਜਾਂ ਤੱਤਾਂ ਤੋਂ ਸਰੀਰ ਰੂਪ ਘਰ ਬਣਾ ਕੇ ਨੌਂ ਗੋਲਕਾਂ ਰੂਪ ਦਰਵਾਜ਼ੇ ਬਣਾਏ ਹਨ॥ ੩॥

ਭਾਵ—ਪ੍ਰਭੂ ਨੇ ਆਪਣੀ ਸ਼ਕਤੀ (ਮਾਇਆ) ਨਾਲ ਬੇਅੰਤ ਰਚਨਾ ਰਚੀ ਹੈ।

੪. ਈਸ਼੍ਵਰੀ ਰਚਨਾ ਦੀ ਵਚਿੱਤ੍ਰਤਾ

੧. ਕਾਲਾ ਧਉਲਾ ਰਤੜਾ ਨੀਲਾ ਪੀਲਾ ਹਰਿਆ ਸਾਜੇ।
੨. ਰਸੁ ਕਸੁ ਕਰਿ ਵਿਸਮਾਦੁ ਸਾਦੁ ਜੀਭਹੁੰ ਜਾਪ ਨ ਖਾਜ ਅਖਾਜੇ।
੩. ਮਿਠਾ ਕਉੜਾ ਖਟੁ ਤੁਰਸੁ ਫਿਕਾ ਸਾਉ ਸਲੂਣਾ ਛਾਜੇ।
੪. ਗੰਧ ਸੁਗੰਧਿ ਅਵੇਸੁ ਕਰਿ ਚੋਆ ਚੰਦਨੁ ਕੇਸਰੁ ਕਾਜੇ।
੫. ਮੇਦੁ ਕਥੂਰੀ ਪਾਨ ਫੁਲੁ ਅੰਬਰੁ ਚੂਰ ਕਪੂਰ ਅੰਦਾਜੇ।
੬. ਰਾਗ ਨਾਦ ਸੰਬਾਦ ਬਹੁ ਚਉਦਹ ਵਿਦਿਆ ਅਨਹਦ ਗਾਜੇ।
੭. ਲਖ ਦਰੀਆਉ ਕਰੋੜ ਜਹਾਜੇ॥ ੪॥

ਪਦ ਅਰਥ - ਸਾਉ=ਸੁਆਦ। ਛਾਜੇ=ਸਜ ਰਹੇ। ਅੰਬਰੁ ਚੂਰ=ਮੁਸ਼ੱਬਰ। ਗਾਜੇ=ਵਜਦੇ ਹਨ।

ਅਰਥ - ੧. (ਪ੍ਰਭੂ ਨੇ) ਕਾਲਾ, ਚਿੱਟਾ, ਲਾਲ, ਨੀਲਾ, ਪੀਲਾ ਤੇ ਹਰਾ (ਆਦਿ ਰੰਗ) ਬਣਾਏ ਹਨ। ੨. ਰਸਾਂ ਕਸਾਂ ਦੇ ਭੇਦ ਕਰਕੇ ਅਸਚਰਜ ਸੁਆਦ ਬਣਾਏ ਹਨ, ਜੋ ਖਾਣ ਵਾਲੇ ਤੇ ਨਾ ਖਾਣ ਵਾਲੇ ਜੀਵ ਦਵਾਰਾ ਜਾਣੇ ਜਾਂਦੇ ਹਨ। ੩. ਮਿੱਠਾ, ਕੌੜਾ, ਖੱਟਾ, ਤੁਰਸ਼ (ਖਟ ਮਿੱਠਾ), ਫਿੱਕਾ ਤੇ ਸਲੂਣਾ ਸੁਆਦ ਬਣਾਇਆ

ਹੈ। ੪. ਕਈ ਤਰ੍ਹਾਂ ਦੀਆਂ ਗੰਧਾਂ ਸੁਗੰਧਾਂ ਦਾ ਮਿਲਾਪ ਕਰਕੇ ਚੋਆ ਚੰਦਨ ਤੇ ਕੇਸਰ ਆਦਿ ਜੀਵਾਂ ਦੇ ਵਰਤਣ ਲਈ ਬਣਾਏ ਹਨ। ੫. ਮੁਸ਼ਕਬਿਲਾਈ, ਕਸਤੂਰੀ, ਪਾਨ, ਫੁੱਲ, ਅੰਬਰ ਚੂਰ ਤੇ ਕਪੂਰ ਆਦਿ ਦਾ ਅੰਦਾਜ਼ਾ (ਵਜ਼ਨ) ਕੀਤਾ ਹੈ। ੬. ਰਾਗਾਂ ਨਾਦਾਂ ਦੇ ਸੰਬਾਦ (ਫੈਲਾਉ) ਤੇ ਚੌਦਾਂ ਵਿਦਿਆ ਦੇ ਅਨਹਦ ਵਾਜੇ ਵਜਾਏ ਹਨ। ੭. ਲੱਖਾਂ ਦਰਿਆ ਤੇ ਕਰੋੜਾਂ ਜਹਾਜ਼ ਬਣਾਏ ਹਨ॥ ੪ ॥

੫. ਮਨੁੱਖ ਦੇਹੀ ਵਿਚ ਹੀ ਜੀਵ ਮੁਕਤ ਹੋ ਸਕਦਾ ਹੈ

੧. ਸਤ ਸਮੁੰਦ ਅਥਾਹ ਕਰਿ ਰਤਨ ਪਦਾਰਥ ਭਰੇ ਭੰਡਾਰਾ।
੨. ਮਹੀਅਲ ਖੇਤੀ ਅਉਖਧੀ ਛਾਦਨ ਭੋਜਨ ਬਹੁ ਬਿਸਥਾਰਾ।
੩. ਤਰੁਵਰ ਛਾਇਆ ਫੁਲ ਫਲ ਸਾਖਾ ਪਤ ਮੂਲ ਬਹੁ ਭਾਰਾ।
੪. ਪਰਬਤ ਅੰਦਰਿ ਅਸਟ ਧਾਤੁ ਲਾਲੁ ਜਵਾਹਰੁ ਪਾਰਸਿ ਪਾਰਾ।
੫. ਚਉਰਾਸੀਹ ਲਖ ਜੋਨਿ ਵਿਚਿ ਮਿਲਿ ਮਿਲਿ ਵਿਛੁੜੇ ਵਡਪਰਵਾਰਾ।
੬. ਜੰਮਣੁ ਜੀਵਣੁ ਮਰਣ ਵਿਚਿ ਭਵਜਲ ਪੂਰ ਭਰਾਇ ਹਜਾਰਾ।
੭. ਮਾਣਸ ਦੇਹੀ ਪਾਰਿ ਉਤਾਰਾ॥ ੫ ॥

ਪਦ ਅਰਥ - ਅਥਾਹ=ਡੂੰਘੇ। ਮਹੀਅਲ=ਧਰਤੀ। ਅਉਖਧੀ=ਦਵਾ।

ਅਰਥ - ੧. (ਪਰਮਾਤਮਾ ਨੇ) ਸੱਤ ਅਥਾਹ ਸਮੁੰਦਰ ਰਚ ਕੇ ਰਤਨ ਪਦਾਰਥਾਂ ਦੇ ਭੰਡਾਰੇ ਭਰ ਦਿੱਤੇ ਹਨ। ੨. ਧਰਤੀ ਰਚ ਕੇ ਖੇਤੀਆਂ ਤੇ ਔਸ਼ਧੀਆਂ (ਦਵਾਵਾਂ) ਨਾਲ ਪਰੀਪੂਰਨ ਕਰ ਦਿੱਤੀ ਹੈ, (ਉਨ੍ਹਾਂ ਤੋਂ) ਕੱਪੜੇ ਤੇ ਭੋਜਨਾਂ ਦੇ ਬਹੁਤੇ ਵਿਸਥਾਰ ਹੁੰਦੇ ਹਨ। ੩. ਬ੍ਰਿਛਾਂ ਦੀ ਛਾਇਆ, ਫੁੱਲ, ਫੱਲ, ਟਹਿਣੀਆਂ ਤੇ ਪੱਤਰਾਂ ਦੇ ਬੜੇ ਭਾਰ ਲੱਗੇ ਹਨ। ੪. ਪਹਾੜਾਂ ਵਿਚ ਅੱਠ ਧਾਤਾਂ, ਲਾਲ, ਜਵਾਹਰ, ਪਾਰਸ ਤੇ ਪਾਰਾ ਪੈਦਾ ਕੀਤਾ ਹੈ। ੫. ਚੁਰਾਸੀ ਲੱਖ ਜੂਨਾਂ ਵਿਚ ਜੀਵਾਂ ਦੇ ਵੱਡੇ ਵੱਡੇ ਪਰਿਵਾਰ ਮਿਲ ਮਿਲ ਕੇ ਫਿਰ ਵਿਛੜ ਜਾਂਦੇ ਹਨ। ੬. ਜੰਮਣ ਜੀਉਣ ਤੇ ਮਰਨ ਦੇ ਚੱਕਰ ਵਿਚ ਸੰਸਾਰ ਦੇ ਜੀਵਾਂ ਦੇਹਜ਼ਾਰਾਂ ਪੂਰ ਭਰੀਦੇ ਹਨ। ੭. ਇਸ ਮਨੁੱਖਾ ਦੇਹੀ ਵਿਚ ਹੀ ਇਸ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਹੁੰਦਾ ਹੈ॥ ੫ ॥

ਭਾਵ—ਸਭ ਜੂਨਾਂ ਵਿਚੋਂ ਮਾਨਸ ਦੇਹੀ ਉੱਤਮ ਹੈ, ਜਿਸ ਵਿਚ ਸਿਮਰਨ ਕਰਕੇ ਮਨੁੱਖ ਚੁਰਾਸੀ ਲੱਖ ਜੂਨਾਂ ਵਿਚੋਂ ਛੁਟਕਾਰਾ ਪਾ ਸਕਦਾ ਹੈ।

੬. ਮਾਣਸ ਜਨਮ ਦੁਲੰਭ ਹੈ

੧. ਮਾਣਸ ਜਨਮ ਦੁਲੰਭੁ ਹੈ ਛਿਣ ਭੰਗਰੁ ਛਲ ਦੇਹੀ ਛਾਰਾ।
੨. ਪਾਣੀ ਦਾ ਕਰਿ ਪੁਤਲਾ ਉਡੈ ਨ ਪਉਣੁ ਖੁਲੇ ਨਉਂ ਦੁਆਰਾ।

੩. ਅਗਨਿ ਕੁੰਡ ਵਿਚਿ ਰਖਿਅਨਿ ਨਰਕ ਘੋਰ ਮਹਿੰ ਉਦਰੁ ਮੰਝਾਰਾ।
੪. ਕਰੈ ਉਰਧ ਤਪੁ ਗਰਭ ਵਿਚਿ ਚਸਾ ਨਾ ਵਿਸਰੈ ਸਿਰਜਣਹਾਰਾ।
੫. ਦਸੀ ਮਹੀਨੀਂ ਜੰਮਿਆਂ ਸਿਮਰਣ ਕਰੀ ਕਰੇ ਨਿਸਤਾਰਾ।
੬. ਜੰਮਦੋ ਮਾਇਆ ਮੋਹਿਆ ਨਦਰਿ ਨ ਆਵੈ ਰਖਣਹਾਰਾ।
੭. ਸਾਹੋਂ ਵਿਛੁੜਿਆ ਵਣਜਾਰਾ॥ ੬॥

ਪਦ ਅਰਥ - ਛਾਰਾ=ਸੁਆਹ। ਨਿਸਤਾਰਾ=ਖਲਾਸੀ। ਸਾਹੋਂ=ਸ਼ਾਹ (ਪ੍ਰਭੂ) ਤੋਂ। ਵਣਜਾਰਾ=ਵਪਾਰੀ (ਜੀਵ)।

ਅਰਥ - ੧. ਇਹ ਮਨੁੱਖਾ ਜਨਮ ਬੜਾ ਦੁਰਲੱਭ ਹੈ, (ਪਰ) ਛਲ ਰੂਪ ਇਹ ਮਿੱਟੀ ਦਾ ਸਰੀਰ ਖਿਨ ਵਿਚ ਸੁਆਹ ਹੋ ਜਾਣ ਵਾਲਾ ਹੈ। ੨. ਪਿਤਾ ਦੇ ਵੀਰਜ ਤੇ ਮਾਤਾ ਦੇ ਰਕਤ ਰੂਪ ਪਾਣੀ ਤੋਂ ਇਹ (ਮਨੁੱਖੀ) ਪੁਤਲਾ ਬਣਿਆ ਹੈ, ਇਸ (ਸਰੀਰ ਦੇ) ਨੌਂ ਦਰਵਾਜ਼ੇ ਖੁਲ੍ਹੇ ਹਨ, ਪਰ ਸਵਾਸਾਂ ਦੀ ਪੌਣ ਉੱਡਦੀ ਨਹੀਂ। ੩. (ਪ੍ਰਭੂ ਨੇ) ਮਾਤਾ ਦੇ ਉਦਰ (ਪੇਟ) ਰੂਪੀ ਘੋਰ ਅਗਨ ਕੁੰਡ ਵਿਚ ਇਸ ਦੀ ਰੱਖਿਆ ਕੀਤੀ ਹੈ। ੪. ਇਹ ਜੀਵ (ਮਾਤਾ ਦੇ ਗਰਭ ਵਿਚ) ਉਲਟਾ ਹੋ ਕੇ ਪ੍ਰਭੂ ਦਾ ਸਿਮਰਨ ਕਰਦਾ ਸੀ ਤੇ ਇਕ ਪਲ ਵੀ ਉਸ ਸਿਰਜਨਹਾਰ ਨੂੰ ਨਹੀਂ ਸੀ ਵਿਸਾਰਦਾ। ੫. ਇਸ ਸਿਮਰਨ ਕਰਦੇ ਜੀਵ ਨੂੰ ਦਸਾਂ ਮਹੀਨਿਆਂ ਪਿੱਛੋਂ ਪ੍ਰਭੂ ਨੇ ਖਲਾਸੀ ਦਿੱਤੀ। ੬. ਜੰਮਦਿਆਂ ਸਾਰ ਹੀ ਇਸ ਜੀਵ ਨੂੰ ਮਾਇਆ ਨੇ ਐਸਾ ਮੋਹਿਤ ਕੀਤਾ ਕਿ ਇਸ ਨੂੰ ਮਾਤਾ ਦੇ ਗਰਭ ਵਿਚ ਰੱਖਣਹਾਰਾ ਪ੍ਰਭੂ ਹੁਣ ਨਜ਼ਰ ਹੀ ਨਹੀਂ ਆਉਂਦਾ। ੭. ਅਕਾਲ ਪੁਰਖ ਰੂਪੀ ਸ਼ਾਹ ਤੋਂ ਇਹ ਵਣਜਾਰਾ (ਜੀਵ) ਵਿਛੜ ਗਿਆ ਹੈ॥ ੬॥

੭. ਮਨੁੱਖ ਮਾਇਆ ਦੇ ਜਾਲ ਵਿਚ ਫਸਿਆ ਪਿਆ ਹੈ

੧. ਰੋਵੈ ਰਤਨੁ ਗਵਾਇ ਕੈ ਮਾਇਆ ਮੋਹੁ ਅਨੇਰੁ ਗੁਬਾਰਾ।
੨. ਓਹੁ ਰੋਵੈ ਦੁਖੁ ਆਪਣਾ ਹਸਿ ਹਸਿ ਗਾਵੈ ਸਭ ਪਰਵਾਰਾ।
੩. ਸਭਨਾਂ ਮਨਿ ਵਾਧਾਈਆਂ ਰੁਣ ਝੁਣਨੜਾ ਰੁਣ ਝੁਣਕਾਰਾ।
੪. ਨਾਨਕੁ ਦਾਦਕੁ ਸੋਹਲੇ ਦੇਨਿ ਅਸੀਸਾਂ ਬਾਲੁ ਪਿਆਰਾ।
੫. ਚੁਖਹੁ ਬਿੰਦਕ ਬਿੰਦੁ ਕਰਿ ਬਿੰਦਹੁੰ ਕੀਤਾ ਪਰਬਤ ਭਾਰਾ।
੬. ਸਤਿ ਸੰਤੋਖ ਦਇਆ ਧਰਮੁ ਅਰਥੁ ਸੁਗਰਥ ਵਿਸਾਰਿ ਵਿਸਾਰਾ।
੭. ਕਾਮ ਕਰੋਧੁ ਵਿਰੋਧੁ ਵਿਚਿ ਲੋਭੁ ਮੋਹੁ ਧਰੋਹੁ ਅਹੰਕਾਰਾ।
੮. ਮਹਾਂ ਜਾਲ ਫਾਥਾ ਵੇਚਾਰਾ॥ ੭॥

ਪਦ ਅਰਥ - ਰੁਣ ਝੁੰਝਨੜਾ=ਮੰਗਲਾਚਾਰ। ਰੁਣ ਝੁਣਕਾਰਾ=ਢੋਲ ਢਮੱਕੇ। ਬਿੰਦਕ=ਵੀਰਜ। ਬਿੰਦੁ=ਬੁਦਬੁਦਾ। ਪਰਬਤ=ਸਰੀਰ। ਸੁਗਰਥ=ਉੱਤਮ। ਮਹਾਂ ਜਾਲ=ਵੱਡਾ ਜਾਲ। ਫਾਥਾ=ਫਸਿਆ।

ਅਰਥ - ੧. ਮਾਇਆ ਦੇ ਮੋਹ ਰੂਪੀ ਘੋਰ ਅੰਨ੍ਹੇਰੇ ਵਿਚ (ਪ੍ਰਭੂ ਰੂਪੀ ਅਮੋਲਕ) ਰਤਨ ਨੂੰ ਗੁਆ ਕੇ ਬਾਲਕ ਜਨਮ ਲੈ ਕੇ ਰੋਂਦਾ ਹੈ। ੨. (ਉਹ ਬਾਲਕ ਆਪਣੇ ਵਿਛੋੜੇ ਦੇ) ਦੁੱਖ ਨੂੰ ਯਾਦ ਕਰ ਕਰਕੇ ਰੋਂਦਾ ਹੈ, ਪਰ ਸਾਰਾ ਪਰਿਵਾਰ ਹੱਸ ਹੱਸ ਕੇ ਖੁਸ਼ੀ ਦੇ ਗੀਤ ਗਾਉਂਦਾ ਹੈ। ੩. ਸਭ ਜੀਆਂ ਦੇ ਮਨ ਵਿਚ ਮੰਗਲਾਚਾਰ ਤੇ ਵਾਧਾਈਆਂ ਹੁੰਦੀਆਂ ਹਨ ਤੇ ਉਹ ਢੋਲ ਢਮੱਕੇ ਵਜਾ ਵਜਾ ਕੇ ਖੁਸ਼ੀਆਂ ਮਨਾਉਂਦੇ ਹਨ। ੪. ਨਾਨਕੇ ਤੇ ਦਾਦਕੇ ਖੁਸ਼ੀ ਦੇ ਸੋਹਲੇ ਗਾਉਂਦੇ ਹਨ ਤੇ ਬਾਲਕ ਨੂੰ ਅਸੀਸਾਂ ਤੇ ਪਿਆਰ ਦੇਂਦੇ ਹਨ। ੫. (ਪ੍ਰਭੂ ਨੇ) ਵੀਰਜ ਦੀ ਜ਼ਰਾ ਜਿੰਨੀ ਬੂੰਦ ਤੋਂ ਇਹ ਬੁਦਬੁਦਾ ਰਚਿਆ ਤੇ ਫਿਰ ਇਸ ਬੁਦਬੁਦੇ ਤੋਂ ਸਰੀਰ ਰੂਪੀ ਪਹਾੜ ਬਣਾ ਦਿੱਤਾ। ੬. (ਪਰ) ਜੀਵ ਨੇ ਜਨਮ ਲੈ ਕੇ ਸਤ, ਸੰਤੋਖ, ਦਇਆ, ਧਰਮ ਨੂੰ ਵਿਸਾਰ ਕੇ ਸ੍ਰੇਸ਼ਟ ਅਰਥ (ਆਤਮ ਵਿਚਾਰ) ਨੂੰ ਵੀ ਵਿਸਾਰ ਦਿੱਤਾ। ੭. (ਇਹ ਜੀਵ) ਕਾਮ, ਕ੍ਰੋਧ, ਲੋਭ, ਮੋਹ ਤੇ ਵਲ ਛਲ ਵਿਚ ਲੱਗ ਕੇ ਅਹੰਕਾਰੀ ਹੋਇਆ ਫਿਰਦਾ ਹੈ। ੮. ਇਹ ਵਿਚਾਰਾ ਜੀਵ ਮਾਇਆ ਦੇ ਜਾਲ ਵਿਚ ਫਸਿਆ ਹੋਇਆ ਹੈ॥ ੭॥

੮. ਅਚੇਤ ਬੁੱਧੀ ਵਾਲੇ ਬਾਲਕ ਦੀ ਦਸ਼ਾ

੧. ਹੋਇ ਸੁਚੇਤ ਅਚੇਤ ਇਵ ਅਖੀਂ ਹੋਂਦੀ ਅੰਨ੍ਹਾ ਹੋਆ।
੨. ਵੈਰੀ ਮਿਤੁ ਨ ਜਾਣਦਾ ਡਾਇਣੁ ਮਾਉ ਸੁਭਾਉ ਸਮੋਆ।
੩. ਬੋਲਾ ਕੰਨੀਂ ਹੋਂਵਦੀ ਜਸੁ ਅਪਜਸੁ ਮੋਹੁ ਧੋਹੁ ਨ ਸੋਆ।
੪. ਗੁੰਗਾ ਜੀਭੈ ਹੁੰਦਿਐ ਦੁਧੁ ਵਿਚਿ ਵਿਸੁ ਘੋਲਿ ਮੁਹਿ ਚੋਆ।
੫. ਵਿਹੁ ਅੰਮ੍ਰਿਤ ਸਮਸਰ ਪੀਐ ਮਰਨ ਜੀਵਨ ਆਸ ਤ੍ਰਾਸ ਨ ਢੋਆ।
੬. ਸਰਪੁ ਅਗਨਿ ਵਲਿ ਹਥੁ ਪਾਇ ਕਰੈ ਮਨੋਰਥ ਪਕੜਿ ਖਲੋਆ।
੭. ਸਮਝੈ ਨਾਹੀ ਟਿਬਾ ਟੋਆ॥ ੮॥

ਪਦ ਅਰਥ - ਸੁਚੇਤ=ਸਮਝਦਾਰ। ਡਾਇਣੁ ਮਾਉ=ਡੈਣ ਤੇ ਮਾਂ। ਸੋਆ=ਕਨਸੋ। ਢੋਆ=ਢੰਗ। ਮਨੋਰਥ=ਸੰਕਲਪ।

ਅਰਥ - ੧. (ਇਹ ਬਾਲਕ) ਸਮਝਦਾਰ ਹੁੰਦਾ ਹੋਇਆ ਬੇਸਮਝ ਹੈ ਤੇ ਅੱਖਾਂ ਦੇ ਹੁੰਦਿਆਂ ਅੰਨ੍ਹਾ ਹੋ ਰਿਹਾ ਹੈ। ੨. (ਬੇਸਮਝੀ ਕਰਕੇ ਇਹ) ਵੈਰੀ ਤੇ ਮਿੱਤਰ ਨੂੰ ਨਹੀਂ ਜਾਣਦਾ ਤੇ ਡੈਣ ਤੇ ਮਾਂ ਦੇ ਸੁਭਾਅ ਨੂੰ ਇਕੋ ਜਿਹਾ ਜਾਣਦਾ ਹੈ। ੩. ਕੰਨਾਂ ਦੇ ਹੁੰਦਿਆਂ ਬੋਲਾ ਹੋਇਆ ਫਿਰਦਾ ਹੈ, ਜਸ ਤੇ ਅਪਜਸ, ਪਿਆਰ ਤੇ ਵੈਰ ਦੀ ਕਨਸੋ ਨੂੰ ਨਹੀਂ ਪਰਖਦਾ। ੪. ਜੀਭ ਦੇ ਹੁੰਦਿਆਂ ਗੁੰਗਾ ਹੈ, ਜੇ ਕੋਈ ਦੁੱਧ ਵਿਚ ਜ਼ਹਿਰ ਘੋਲ ਕੇ ਮੂੰਹ ਵਿਚ ਪਾ ਦੇਵੇ ਤਾਂ ਪੀ ਜਾਂਦਾ ਹੈ। ੫. ਜ਼ਹਿਰ ਤੇ ਅੰਮ੍ਰਿਤ ਨੂੰ ਇਕੋ ਜਿਹਾ ਜਾਣ ਕੇ ਪੀ ਜਾਂਦਾ ਹੈ ਤੇ ਇਸ ਨੂੰ ਜੀਉਣ ਦੀ ਆਸ ਤੇ ਮਰਨ ਦੇ ਡਰ ਦਾ ਕੋਈ ਢੰਗ (ਸੰਸਾ) ਨਹੀਂ। ੬. ਸੱਪ

ਤੇ ਅੱਗ ਨੂੰ ਫੜਨ ਦੇ ਮਨੋਰਥ ਨਾਲ ਹੱਥ ਵਧਾ ਕੇ ਉੱਠ ਖੜ੍ਹੋਂਦਾ ਹੈ। ੭. ਅੱਗੇ ਆਏ ਟਿੱਬੇ ਟੋਏ ਨੂੰ ਨਹੀਂ ਸਮਝਦਾ (ਪਛਾਣਦਾ)॥ ੮॥

੯. ਵਿਚਾਰਹੀਨ ਬਾਲ-ਅਵਸਥਾ

੧. ਲੂਲਾ ਪੈਰੀ ਹੋਂਵਦੀ ਟੰਗਾਂ ਮਾਰਿ ਨ ਉਠਿ ਖਲੋਆ।
੨. ਹਥੋ ਹਥੁ ਨਚਾਈਐ ਆਸਾ ਬੰਧੀ ਹਾਰੁ ਪਰੋਆ।
੩. ਉਦਮ ਉਕਤਿ ਨ ਆਵਈ ਦੇਹਿ ਬਿਦੇਹਿ ਨ ਨਵਾਂ ਨਿਰੋਆ।
੪. ਹਗਣ ਮੂਤਣ ਛਡਣਾ ਰੋਗੁ ਸੋਗੁ ਵਿਚਿ ਦੁਖੀਆ ਰੋਆ।
੫. ਘੁਟੀ ਪੀਐ ਨ ਖੁਸੀ ਹੋਇ ਸਪਹੁ ਰਖਿਅੜਾ ਅਣਖੋਆ।
੬. ਗੁਣੁ ਅਵਗੁਣ ਨ ਵਿਚਾਰਦਾ ਨ ਉਪਕਾਰੁ ਵਿਕਾਰੁ ਅਲੋਆ।
੭. ਸਮਸਰਿ ਤਿਸੁ ਹਥਿਆਰੁ ਸੰਜੋਆ॥ ੯॥

ਪਦ ਅਰਥ - ਆਸਾ ਬੰਧੀ=ਆਸਾ ਵਿਚ ਬੱਝੀਆਂ ਹੋਈਆਂ। ਉਕਤਿ=ਬੁੱਧੀ।

ਅਰਥ - ੧. (ਬਾਲਕ) ਪੈਰਾਂ ਦੇ ਹੁੰਦਿਆਂ ਲੂਲ੍ਹਿਆਂ ਵਾਂਗੂੰ ਲੱਤਾਂ ਮਾਰਦਾ ਹੈ ਤੇ ਉੱਠ ਕੇ ਖੜਾ ਨਹੀਂ ਹੋ ਸਕਦਾ। ੨. (ਮਾਂ ਤੇ ਭੈਣਾਂ) ਉਸ ਨੂੰ ਹਥੋ ਹੱਥ ਨਚਾਉਂਦੀਆਂ ਹਨ ਤੇ ਆਸਾ ਦੀਆਂ ਬੱਝੀਆਂ ਹਾਰ ਵਾਂਗੂੰ ਗਲ ਨਾਲ ਲਾਈ ਫਿਰਦੀਆਂ ਹਨ। ੩. (ਬਾਲਕ ਨੂੰ) ਉੱਦਮ ਤੇ ਬੁੱਧੀ ਨਹੀਂ ਹੁੰਦੀ ਤੇ ਉਹ ਦੇਹ ਤੋਂ ਬਿਦੇਹ ਹੋ ਕੇ ਨਵਾਂ ਨਿਰੋਆ (ਅਰੋਗ) ਨਹੀਂ ਰਹਿੰਦਾ। ੪. ਹੱਗਣ, ਮੂਤਣ ਆਦਿ ਕਿਰਿਆ ਕਰਨ ਵੇਲੇ ਤੇ ਰੋਗ ਸੋਗ ਵਿਚ ਦੁਖੀ ਹੋ ਕੇ ਰੋਂਦਾ ਹੈ। ੫. ਘੁਟੀ (ਗੁੜਤੀ) ਪੀਣ ਲੱਗਿਆਂ ਖੁਸ਼ ਨਹੀਂ ਹੁੰਦਾ ਤੇ ਜਦੋਂ ਮਾਂ ਸੱਪ ਨੂੰ ਫੜਨ ਲੱਗਿਆਂ ਰੋਕਦੀ ਹੈ ਤਾਂ ਗੁੱਸੇ ਹੋ ਕੇ ਰੋਂਦਾ ਹੈ। ੬. (ਉਹ) ਗੁਣ ਤੇ ਔਗੁਣ ਨੂੰ ਨਹੀਂ ਵਿਚਾਰਦਾ ਤੇ ਨਾ ਹੀ ਉਸ ਨੂੰ ਉਪਕਾਰ ਤੇ ਵਿਕਾਰ (ਭਲੇ ਬੁਰੇ) ਦੀ ਸੋਝੀ ਹੁੰਦੀ ਹੈ। ੭. (ਉਸ ਨੂੰ) ਹਥਿਆਰ ਤੇ ਸੰਜਅ ਇਕੋ ਜਿਹੇ ਭਾਸਦੇ ਹਨ॥ ੯॥

ਭਾਵ—ਉਪਰੋਕਤ ਦੋਹਾਂ ਪਉੜੀਆਂ ਵਿਚ ਬਾਲ-ਅਵਸਥਾ ਦੇ ਦੁੱਖਾਂ ਤੇ ਬੇਸਮਝੀਆਂ ਦਾ ਵਰਣਨ ਕੀਤਾ ਹੈ ਤੇ ਦੱਸਿਆ ਹੈ ਕਿ ਅਨਜਾਣ ਬਾਲਕ ਲਈ ਵੈਰੀ ਤੇ ਮਿੱਤਰ, ਅੰਮ੍ਰਿਤ ਤੇ ਜ਼ਹਿਰ, ਦੁੱਖ ਤੇ ਸੁਖ ਇਕ ਸਮਾਨ ਹੁੰਦੇ ਹਨ।

੧੦. ਬੱਚਿਆਂ ਦੀ ਪਾਲਣਾ ਕਰਕੇ ਮਾਪੇ ਸੁਰਖਰੂ ਹੁੰਦੇ ਹਨ

੧. ਮਾਤ ਪਿਤਾ ਮਿਲਿ ਨਿੰਮਿਆ ਆਸਾਵੰਤੀ ਉਦਰੁ ਮਝਾਰੇ।
੨. ਰਸ ਕਸ ਖਾਇ ਨਿਲਜ ਹੋਇ ਛੂਹ ਛੂਹ ਧਰਣਿ ਧਰੈ ਪਗ ਧਾਰੇ।

੩. ਪੇਟ ਵਿਚਿ ਦਸ ਮਾਹ ਰਖਿ ਪੀੜਾ ਖਾਇ ਜਣੈ ਪੁਤੁ ਪਿਆਰੇ।
੪. ਜਣ ਕੈ ਪਾਲੈ ਕਸਟ ਕਰਿ ਖਾਨ ਪਾਨ ਵਿਚਿ ਸੰਜਮ ਸਾਰੇ।
੫. ਗੁੜ੍ਹਤੀ ਦੇਇ ਪਿਆਲਿ ਦੁਧੁ ਘੁਟੀ ਵਟੀ ਦੇਇ ਨਿਹਾਰੇ।
੬. ਛਾਦਨੁ ਭੋਜਨੁ ਪੋਖਿਆ ਭਦਣਿ ਮੰਗਣਿ ਪੜ੍ਹਨਿ ਚਿਤਾਰੇ।
੭. ਪਾਂਧੇ ਪਾਸਿ ਪੜ੍ਹਾਇਆ ਖਟਿ ਲੁਟਾਇ ਹੋਇ ਸੁਚਿਆਰੇ।
੮. ਉਰਿਣਤ ਹੋਏ ਭਾਰੁ ਉਤਾਰੇ॥ ੧੦॥

ਪਦ ਅਰਥ - ਨਿੰਮਿਆ=ਟਿਕਿਆ। ਛੁਹ ਛੁਹ=ਹੌਲੀ ਹੌਲੀ। ਗੁੜ੍ਹਤੀ=ਘੁੱਟੀ, ਸ਼ਹਿਦ ਆਦਿ। ਉਰਿਣਤ=ਸੁਰਖਰੂ।

ਅਰਥ - ੧. ਜਦੋਂ ਮਾਤਾ ਪਿਤਾ ਦੇ ਮਿਲਾਪ ਤੋਂ ਇਹ ਜੀਵ ਮਾਤਾ ਦੇ ਗਰਭ ਵਿਚ ਟਿਕਿਆ ਤਾਂ ਮਾਂ ਆਸਾਵੰਤੀ ਹੁੰਦੀ ਹੈ। ੨. ਮਾਤਾ ਸ਼ੰਕਾਵਾਨ ਹੋ ਕੇ ਰਸ ਕਸ (ਖੱਟਾ ਮਿੱਠਾ) ਨਹੀਂ ਖਾਂਦੀ ਤੇ ਹੌਲੀ ਹੌਲੀ ਧਰਤੀ 'ਤੇ ਪੈਰ ਰੱਖਦੀ ਹੈ। ੩. ਦਸ ਮਹੀਨੇ ਆਪਣੇ ਪੇਟ ਵਿਚ ਰੱਖ ਕੇ ਮਾਂ ਬੜੀਆਂ ਪੀੜਾਂ ਸਹਿ ਕੇ ਪਿਆਰੇ ਪੁੱਤਰ ਨੂੰ ਜਣਦੀ ਹੈ। ੪. ਪੁੱਤਰ ਜੰਮ ਕੇ ਮਾਂ ਬੜੇ ਕਸ਼ਟਾਂ ਨਾਲ ਉਸ ਨੂੰ ਪਾਲਦੀ ਹੈ ਤੇ ਸੰਜਮ ਨਾਲ ਖਾਣ ਪਾਨ ਕਰਦੀ ਹੈ। ੫. (ਮਾਤਾ ਪੁੱਤਰ ਨੂੰ) ਗੁੜ੍ਹਤੀ ਦਿੰਦੀ ਹੈ ਤੇ ਦੁੱਧ ਪਿਆਉਂਦੀ ਹੈ। ਦੁੱਖ ਤਕਲੀਫ ਹੋਵੇ ਤਾਂ ਘੁੱਟੀ ਤੇ ਵੱਟੀ ਦਿੰਦੀ ਹੈ। ੬. ਸੋਹਣੇ ਸੋਹਣੇ ਕੱਪੜੇ ਪਾਉਂਦੀ ਹੈ ਤੇ ਚੰਗੇ ਭੋਜਨਾਂ ਨਾਲ ਪੁੱਤਰ ਨੂੰ ਪਾਲਦੀ ਹੈ। ਝੰਡਾਂ ਕਰਨੀਆਂ, ਪੜ੍ਹਨੇ ਪਾਉਣਾ ਤੇ ਮੰਗਣੀ ਕਰਨੀ ਚਿਤਾਰਦੀ ਹੈ। ੭. ਫਿਰ ਪਾਂਧੇ ਪਾਸ ਬਹਾਇਆ ਜਾਂਦਾ ਹੈ ਤੇ ਆਪਣਾ ਕਮਾਇਆ ਧਨ ਲੁਟਾ ਕੇ ਮਾਪੇ ਸਚਿਆਰੇ ਹੁੰਦੇ ਹਨ। ੮. ਇਸ ਤਰ੍ਹਾਂ ਮਾਪੇ ਆਪਣੇ ਸਿਰ ਤੋਂ ਕਰਜ਼ ਦਾ ਭਾਰ ਉਤਾਰ ਕੇ ਸੁਰਖਰੂ ਹੋ ਜਾਂਦੇ ਹਨ॥ ੧੦॥

ਭਾਵ— ਇਸ ਪਉੜੀ ਵਿਚ ਭਾਈ ਸਾਹਿਬ ਆਮ ਸੰਸਾਰਕ ਰਸਮਾਂ ਰਿਵਾਜਾਂ ਦਾ ਵਰਣਨ ਕਰਦੇ ਹਨ। ਕੋਈ ਧਰਮ ਸ਼ਾਸਤ੍ਰ ਨਹੀਂ ਲਿਖ ਰਹੇ।

੧੧. ਕਪੁਤ੍ਰ ਮਾਪਿਆਂ ਨਾਲ ਝਗੜੇ ਕਰਦਾ ਹੈ

੧. ਮਾਤਾ ਪਿਤਾ ਅਨੰਦ ਵਿਚਿ ਪੁਤੈ ਦੀ ਕੁੜਮਾਈ ਹੋਈ।
੨. ਰਹਸੀ ਅੰਗ ਨ ਮਾਵਈ ਗਾਵੈ ਸੋਹਿਲੜੇ ਸੁਖ ਸੋਈ।
੩. ਵਿਗਸੀ ਪੁਤ ਵਿਆਹਿਐ ਘੋੜੀ ਲਾਵਾਂ ਗਾਵ ਭਲੋਈ।
੪. ਸੁਖਾਂ ਸੁਖੈ ਮਾਵੜੀ ਪੁਤੁ ਨੂੰਹ ਦਾ ਮੇਲ ਅਲੋਈ।
੫. ਨੁਹੁ ਨਿਤ ਕੰਤ ਕੁਮੰਤੁ ਦੇਇ ਵਿਹਰੇ ਹੋਵਨ ਸਸੁ ਵਿਗੋਈ।

੬. ਲਖ ਉਪਕਾਰੁ ਵਿਸਾਰਿ ਕੈ ਪੁਤ ਕੁਪੁਤਿ ਚਕੀ ਉਠਿ ਝੋਈ।
੭. ਹੋਵੈ ਸਰਵਣ ਵਿਰਲਾ ਕੋਈ॥ ੧੧॥

ਪਦ ਅਰਥ - ਰਹਸੀ=ਖੁਸ਼ੀ ਵਿਚ। ਵਿਗਸੀ=ਖਿੜੀ, ਪ੍ਰਸੰਨ ਹੋਈ। ਮਾਵੜੀ=ਮਾਂ। ਅਲੋਈ=ਵੇਖਦੇ। ਕੁਮੰਤੁ=ਖੋਟੀ ਮੱਤ।

ਅਰਥ - ੧. ਜਦੋਂ ਪੁੱਤਰ ਦੀ ਕੁੜਮਾਈ ਹੋਈ ਤਦੋਂ ਮਾਤਾ ਪਿਤਾ ਖੁਸ਼ੀ ਵਿਚ (ਮਸਤ ਹੋਏ ਫਿਰਦੇ ਹਨ)। ੨. ਇਸ ਖੁਸ਼ੀ ਵਿਚ ਮਾਤਾ ਮਿਉਂਦੀ ਨਹੀਂ ਤੇ ਸੋਹਲੇ ਗਾਉਂਦੀ ਹੋਈ ਸੁਖ ਵਿਚ ਸੌਂਦੀ ਹੈ। ੩. ਜਦੋਂ ਪੁੱਤਰ ਦਾ ਵਿਆਹ ਹੁੰਦਾ ਹੈ ਤਾਂ ਮਾਂ ਪ੍ਰਸੰਨ ਹੋ ਕੇ ਘੋੜੀਆਂ ਤੇ ਲਾਵਾਂ ਗਾਉਂਦੀ ਹੈ। ੪. ਨੂੰਹ ਪੁੱਤਰ ਦਾ ਮਿਲਾਪ ਵੇਖ ਕੇ ਮਾਤਾ ਸੁੱਖਣਾ ਸੁੱਖਦੀ ਹੈ (ਕਿ ਇਹ ਜੋੜੀ ਸੁਖ ਮਾਣੇ ਤੇ ਹਰੀ ਭਰੀ ਰਹੇ)। ੫. (ਪਰ) ਨੂੰਹ ਹਰ ਰੋਜ਼ ਆਪਣੇ ਪਤੀ ਨੂੰ ਖੋਟੀ ਮੱਤ ਹੀ ਦਿੰਦੀ ਹੈ, ਜਿਸ ਕਰਕੇ ਦੋਵੇਂ ਜੀਅ (ਨੂੰਹ ਤੇ ਪੁੱਤਰ) ਆਕੀ ਹੋ ਖੜੋਂਦੇ ਹਨ ਤੇ ਮਾਤਾ ਦੁਖੀ ਹੁੰਦੀ ਹੈ। ੬. ਮਾਤਾ ਪਿਤਾ ਦੇ ਲੱਖਾਂ ਉਪਕਾਰਾਂ ਨੂੰ ਵਿਸਾਰ ਕੇ ਕਪੁੱਤ੍ਰ ਪੁੱਤ੍ਰ ਨੇ ਮਾਪਿਆਂ ਨਾਲ ਲੜਾਈ ਦੀ ਚੱਕੀ ਝੋਈ ਹੈ (ਭਾਵ ਮਾਪਿਆਂ ਨਾਲ ਝਗੜੇ ਕਰਦਾ ਹੈ)। ੭. (ਇਸ ਸੰਸਾਰ ਵਿਚ) ਕੋਈ ਵਿਰਲਾ ਹੀ ਸਰਵਣ ਵਰਗਾ ਪੁੱਤਰ ਮਾਪਿਆਂ ਦੀ ਸੇਵਾ ਕਰਦਾ ਹੈ॥ ੧੧॥

ਭਾਵ—ਵਿਆਹ ਹੋ ਜਾਣ ਤੋਂ ਪਿੱਛੋਂ ਕੋਈ ਵਿਰਲਾ ਪੁੱਤਰ ਹੀ ਮਾਪਿਆਂ ਦੀ ਸੇਵਾ ਕਰਦਾ ਹੈ।

੧੨. ਮਾਪਿਆਂ ਦੇ ਉਪਕਾਰਾਂ ਨੂੰ ਭੁੱਲਣਾ ਖੋਟਾ ਕਰਮ ਹੈ

੧. ਕਾਮਣਿ ਕਾਮਣਿਆਰੀਐ ਕੀਤੋ ਕਾਮਣੁ ਕੰਤ ਪਿਆਰੇ।
੨. ਜੰਮੇ ਸਾਈਂ ਵਿਸਾਰਿਆ ਵੀਵਾਹਿਆਂ ਮਾਂ ਪਿਅ ਵਿਸਾਰੇ।
੩. ਸੁਖਾਂ ਸੁਖਿ ਵਿਵਾਹਿਆ ਸਉਣੁ ਸੰਜੋਗੁ ਵਿਚਾਰਿ ਵਿਚਾਰੇ।
੪. ਪੁਤ ਨੂੰਹੈਂ ਦਾ ਮੇਲੁ ਵੇਖਿ ਅੰਗ ਨ ਮਾਵਨਿ ਮਾਂ ਪਿਉ ਵਾਰੇ।
੫. ਨੂੰਹ ਨਿਤ ਮੰਤ ਕੁਮੰਤ ਦੇਇ ਮਾਂ ਪਿਉ ਛਡਿ ਵਡੇ ਹਤਿਆਰੇ।
੬. ਵਖ ਹੋਵੈ ਪੁਤੁ ਰੰਨਿ ਲੈ ਮਾਂ ਪਿਉ ਦੇ ਉਪਕਾਰੁ ਵਿਸਾਰੇ।
੭. ਲੋਕਾਚਾਰਿ ਹੁਇ ਵਡੇ ਕੁਚਾਰੇ॥ ੧੨॥

ਪਦ ਅਰਥ - ਕਾਮਣਿ=ਇਸਤ੍ਰੀ। ਕਾਮਣਿਆਰੀਐ=ਟੂਣੇ ਕਰਨ ਵਾਲੀ। ਕਾਮਣੁ=ਟੂਣਾ। ਸਾਈਂ=ਪ੍ਰਭੂ। ਸਉਣੁ=ਸ਼ਗਨ। ਹਤਿਆਰੇ=ਪਾਪੀ। ਲੋਕਾਚਾਰਿ=ਲੋਕਾਂ ਦੇ ਕੰਮ।

ਅਰਥ - ੧. ਟੂਣੇ ਕਰਨ ਵਾਲੀ ਇਸਤ੍ਰੀ ਨੇ ਆਪਣੇ ਪਿਆਰੇ ਪਤੀ 'ਤੇ ਐਸਾ ਜਾਦੂ ਪਾ ਦਿੱਤਾ, ੨. ਕਿ ਜਨਮ ਲੈਣ ਤੋਂ ਪਿੱਛੋਂ ਉਸ ਨੇ ਆਪਣੇ ਸਾਈਂ (ਮਾਲਕ ਪ੍ਰਭੂ) ਨੂੰ ਭੁਲਾ ਦਿੱਤਾ ਤੇ ਵਿਆਹ ਹੋ ਜਾਣ ਬਾਅਦ ਮਾਪਿਆਂ ਨੂੰ ਵਿਸਾਰ ਦਿੱਤਾ। ੩. (ਮਾਪਿਆਂ ਨੇ) ਸੁੱਖਾਂ ਸੁੱਖ ਕੇ ਤੇ ਕਈ ਤਰ੍ਹਾਂ ਦੇ ਸ਼ਗਨ ਆਦਿ ਵਿਚਾਰ ਕੇ ਪੁੱਤਰ ਦਾ ਵਿਆਹ ਕੀਤਾ। ੪. ਨੂੰਹ ਤੇ ਪੁੱਤਰ ਦਾ ਮਿਲਾਪ ਵੇਖ ਕੇ ਮਾਪੇ ਅੰਗਾਂ ਵਿਚ

ਨਹੀਂ ਮਿਉਂਦੇ ਤੇ ਵਾਰਨੇ ਜਾਂਦੇ ਹਨ। ੫. (ਪਰ) ਨੂੰਹ ਆਪਣੇ ਪਤੀ ਨੂੰ ਨਿੱਤ ਖੋਟੀ ਮੱਤ ਦਿੰਦੀ ਹੈ, ਜਿਸ ਕਰਕੇ ਪੁੱਤਰ ਮਾਪਿਆਂ ਨੂੰ ਛੱਡ ਕੇ ਵੱਡੇ ਹਤਿਆਰਿਆਂ (ਪਾਪੀਆਂ) ਵਾਲਾ ਕੰਮ ਕਰਦਾ ਹੈ। ੬. (ਇਸ ਹਰ ਰੋਜ਼ ਖੋਟੀ ਮੱਤ ਦਾ ਅਸਰ ਇਹ ਹੁੰਦਾ ਹੈ ਕਿ) ਪੁੱਤਰ ਵਹੁਟੀ ਨੂੰ ਲੈ ਕੇ ਵੱਖ ਹੋ ਜਾਂਦਾ ਹੈ ਅਤੇ ਮਾਪਿਆਂ ਦੇ ਸਾਰੇ ਉਪਕਾਰ ਭੁਲਾ ਦਿੰਦਾ ਹੈ। ੭. (ਪੁੱਤਰ ਦਾ ਇਹ ਕਰਮ) ਲੋਕਾਚਾਰੀ ਵੱਲੋਂ ਬੜਾ ਖੋਟੀ ਚਾਲ ਵਾਲਾ ਹੁੰਦਾ ਹੈ॥ ੧੨॥

੧੩. ਮਾਪਿਆਂ ਨੂੰ ਤਿਆਗ ਕੇ ਕੀਤੇ ਕਰਮ ਵਿਅਰਥ ਹੁੰਦੇ ਹਨ

੧. ਮਾਂ ਪਿਉ ਪਰਹਰਿ ਸੁਣੈ ਵੇਦੁ ਭੇਦੁ ਨ ਜਾਣੈ ਕਥਾ ਕਹਾਣੀ।
੨. ਮਾਂ ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ।
੩. ਮਾਂ ਪਿਉ ਪਰਹਰਿ ਕਰੈ ਪੂਜੁ ਦੇਵੀ ਦੇਵ ਨ ਸੇਵ ਕਮਾਣੀ।
੪. ਮਾਂ ਪਿਉ ਪਰਹਰਿ ਨ੍ਹਾਵਣਾ ਅਠਸਠਿ ਤੀਰਥ ਘੁੰਮਣਵਾਣੀ।
੫. ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ।
੬. ਮਾਂ ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮਿ ਭੁਲਾਣੀ।
੭. ਗੁਰੁ ਪਰਮੇਸਰੁ ਸਾਰੁ ਨ ਜਾਣੀ॥ ੧੩॥

ਪਦ ਅਰਥ - ਪਰਹਰਿ=ਤਿਆਗ ਕੇ। ਬਿਬਾਣੀ=ਜੰਗਲਾਂ ਵਿਚ। ਘੁੰਮਣਵਾਣੀ=ਘੁੰਮਣਘੇਰੀ। ਸਾਰੁ=ਖਬਰ।

ਅਰਥ - ੧. (ਜਿਹੜਾ ਪੁੱਤਰ) ਮਾਪਿਆਂ ਨੂੰ ਤਿਆਗ ਕੇ ਵੇਦ ਸੁਣਦਾ ਹੈ, ਉਹ ਵੇਦਾਂ ਦੀਆਂ ਕਥਾ ਕਹਾਣੀਆਂ ਦਾ ਭੇਦ ਨਹੀਂ ਜਾਣ ਸਕਦਾ। ੨. (ਜਿਹੜਾ ਪੁੱਤਰ) ਮਾਤਾ ਪਿਤਾ ਨੂੰ ਤਿਆਗ ਕੇ ਬਨਾਂ ਵਿਚ ਜਾ ਕੇ ਤਪ ਕਰਦਾ ਹੈ, ਉਹ ਜੰਗਲਾਂ ਵਿਚ ਭੁੱਲਾ ਫਿਰਦਾ ਹੈ। ੩. (ਜਿਹੜਾ ਪੁੱਤਰ) ਮਾਪਿਆਂ ਨੂੰ ਛੱਡ ਕੇ ਦੇਵੀ ਦੇਵਤਿਆਂ ਦੀ ਪੂਜਾ ਕਰਦਾ ਹੈ, ਉਸ ਦੀ ਪੂਜਾ ਨੂੰ ਦੇਵੀ ਦੇਵਤੇ ਪ੍ਰਵਾਨ ਨਹੀਂ ਕਰਦੇ। ੪. ਮਾਤਾ ਪਿਤਾ ਨੂੰ ਵਿਸਾਰਕੇ (ਜਿਹੜਾ ਪੁੱਤਰ) ਅਠਾਹਠ ਤੀਰਥਾਂ 'ਤੇ ਇਸ਼ਨਾਨ ਕਰਦਾ ਫਿਰਦਾ ਹੈ, ਉਹ ਘੁੰਮਣਘੇਰੀ ਵਿਚ ਗੋਤੇ ਖਾਂਦਾ ਹੈ। ੫. ਮਾਪਿਆਂ ਦਾ ਤਿਆਗ ਕਰਕੇ (ਜਿਹੜਾ ਪੁੱਤਰ) ਦਾਨ ਕਰਦਾ ਹੈ, ਉਹ ਪੁੱਤਰ ਅਗਿਆਨੀ ਤੇ ਬੇਈਮਾਨ ਹੈ। ੬. ਮਾਤਾ ਪਿਤਾ ਦਾ ਤਿਆਗ ਕਰਕੇ (ਜਿਹੜਾ ਪੁੱਤਰ) ਵਰਤ ਹੋਮ ਆਦਿ ਕਰਮ ਕਰਦਾ ਹੈ, ਉਹ ਚੁਰਾਸੀ ਲੱਖ ਜੂਨਾਂ ਦੇ ਚੱਕਰ ਵਿਚ ਭਰਮਦਾ ਭੁੱਲਾ ਹੋਇਆ ਫਿਰਦਾ ਹੈ। ੭. (ਇਹੋ ਜਿਹੇ ਖੋਟੇ ਪੁੱਤਰ ਨੇ) ਗੁਰੂ ਤੇ ਪਰਮੇਸ਼ਰ ਦੀ ਸਾਰ ਨਹੀਂ ਜਾਣੀ॥ ੧੩॥

ਭਾਵ— ਜਿਹੜਾ ਪੁੱਤਰ ਮਾਪਿਆਂ ਦੀ ਸੇਵਾ ਨਹੀਂ ਕਰਦਾ, ਉਸ ਦੇ ਹੋਰ ਕਰਮ ਕੀਤੇ ਸਭ ਨਿਸਫਲ ਹੁੰਦੇ ਹਨ ਤੇ ਉਸ 'ਤੇ ਪ੍ਰਭੂ ਪ੍ਰਸੰਨ ਨਹੀਂ ਹੁੰਦਾ।

੧੪. ਉਪਕਾਰੀ ਪ੍ਰਭੂ ਨੂੰ ਸਦਾ ਯਾਦ ਰਖੋ

੧. ਕਾਦਰੁ ਮਨਹੁ ਵਿਸਾਰਿਆ ਕੁਦਰਤਿ ਅੰਦਰਿ ਕਾਦਰੁ ਦਿਸੈ।
੨. ਜੀਉ ਪਿੰਡ ਦੇ ਸਾਜਿਆ ਸਾਸ ਮਾਸ ਦੇ ਜਿਸੈ ਕਿਸੈ।
੩. ਅਖੀ ਮੁਹੁ ਨਕੁ ਕੰਨੁ ਦੇਇ ਹਥੁ ਪੈਰੁ ਸਭਿ ਦਾਤ ਸੁ ਤਿਸੈ।
੪. ਅਖੀਂ ਦੇਖੈ ਰੂਪ ਰੰਗੁ ਸਬਦ ਸੁਰਤਿ ਮੁਹਿ ਕੰਨ ਸਰਿਸੈ।
੫. ਨਕਿ ਵਾਸੁ ਹਥੀਂ ਕਿਰਤਿ ਪੈਰੀ ਚਲਣ ਪਲ ਪਲ ਖਿਸੈ।
੬. ਵਾਲ ਦੰਦ ਮੂੰਹ ਰੋਮ ਰੋਮ ਸਾਸਿ ਗਿਰਾਸਿ ਸਮਾਲਿ ਸਲਿਸੈ।
੭. ਸਾਦੀ ਲਬੈ ਸਾਹਿਬੋ ਤਿਸ ਤੂੰ ਸੰਮਲ ਸੌਵੇਂ ਹਿਸੈ।
੮. ਲੂਣੁ ਪਾਇ ਕਰਿ ਆਟੈ ਮਿਸੈ॥ ੧੪॥

ਪਦ ਅਰਥ - ਸਰਿਸੈ=ਵਿਸ਼ੇਸ਼। ਸਲਿਸੈ=ਪਿਆਰ ਨਾਲ। ਸਾਦੀ ਲਬੈ=ਸੁਆਦਾਂ ਦੇ ਲਾਲਚ ਨਾਲ।

ਅਰਥ - ੧. (ਸੰਸਾਰ ਦੇ ਲੋਕਾਂ ਨੇ) ਕਾਦਰ (ਪ੍ਰਭੂ) ਨੂੰ ਵਿਸਾਰ ਦਿੱਤਾ ਹੈ (ਪਰ) ਉਹ ਪਰਮਾਤਮਾ ਆਪਣੀ ਕੁਦਰਤ ਵਿਚ (ਪਰਤੱਖ) ਦਿਸਦਾ ਹੈ। ੨. (ਪ੍ਰਭੂ ਨੇ) ਜੀਉ, ਸਰੀਰ, ਮਾਸ ਤੇ ਸ੍ਵਾਸ ਆਦਿ ਬਣਾ ਕੇ ਸਭ ਜੀਵਾਂ ਦੀ ਰਚਨਾ ਕੀਤੀ ਹੈ। ੩. ਅੱਖਾਂ, ਮੂੰਹ, ਨੱਕ, ਕੰਨ, ਦੋਵੇਂ ਹੱਥ ਤੇ ਪੈਰ ਸਭ ਉਸ ਪ੍ਰਭੂ ਦੀਆਂ ਬਖਸ਼ੀਆਂ ਹੋਈਆਂ ਦਾਤਾਂ ਹਨ। ੪. ਅੱਖਾਂ ਰੂਪ ਰੰਗ ਵੇਖਦੀਆਂ ਹਨ, ਮੂੰਹੋਂ ਬੋਲਣ ਤੇ ਕੰਨਾਂ ਵਿਚ ਸੁਣਨ ਦੀ ਵਿਸ਼ੇਸ਼ ਸੁਰਤੀ ਦਿੱਤੀ ਹੈ। ੫. ਨੱਕ ਵਾਸ਼ਨਾ ਲੈਂਦਾ ਹੈ, ਹੱਥਾਂ ਨਾਲ ਕਾਰ ਵਿਹਾਰ ਹੁੰਦਾ ਹੈ ਤੇ ਪੈਰਾਂ ਨਾਲ ਪਲ ਪਲ ਚਲਣਾ ਹੁੰਦਾ ਹੈ। ੬. ਸਿਰ 'ਤੇ ਵਾਲ ਦਿੱਤੇ ਹਨ ਤੇ ਮੂੰਹ ਵਿੱਚ ਦੰਦ ਲਾਏ ਹਨ। ਹੇ ਭਾਈ ! ਐਸੇ ਪ੍ਰਭੂ ਨੂੰ ਰੋਮ ਰੋਮ ਤੇ ਸ੍ਵਾਸ ਸ੍ਵਾਸ ਵਿਚ ਪ੍ਰੀਤ ਨਾਲ ਯਾਦ ਕਰ। (ਜੇ ਕੋਈ ਸ਼ੰਕਾ ਕਰੇ ਕਿ ਹਰ ਸਮੇਂ ਪ੍ਰਭੂ ਦਾ ਸਿਮਰਨ ਨਹੀਂ ਹੋ ਸਕਦਾ, ਕਿਉਂਕਿ ਜਗਤ ਦੇ ਕਾਰ ਵਿਹਾਰ ਵੀ ਕਰਨੇ ਹੁੰਦੇ ਹਨ ਤਾਂ ਇਸ ਦਾ ਉੱਤਰ ਇਹ ਦਿੰਦੇ ਹਨ ਕਿ) ੭. ਸੁਆਦਾਂ ਦੇ ਲਾਲਚ ਕਰਕੇ ਤੂੰ ਸਾਹਿਬ (ਮਾਲਕ) ਦੀ ਸੇਵਾ ਕਰਦਾ ਹੈਂ। ਉਸ ਤੋਂ ਸੌਵਾਂ ਹਿੱਸਾ ਉਸ ਪ੍ਰਭੂ ਦਾ ਸਿਮਰਨ ਕਰ ਤੇ ੮. ਇਸ ਸਵਾਸਾਂ ਰੂਪੀ ਆਟੇ ਵਿਚ ਸਿਮਰਨ ਰੂਪੀ ਲੂਣ ਪਾ ਕੇ ਇਸ ਨੂੰ ਮਿੱਸਾ ਕਰ॥ ੧੪॥

ਭਾਵ—ਜਿਵੇਂ ਆਟੇ ਵਿਚ ਥੋੜ੍ਹਾ ਜਿਹਾ ਲੂਣ ਪਾ ਕੇ ਆਟੇ ਨੂੰ ਸੁਆਦਲਾ ਬਣਾ ਲਿਆ ਜਾਂਦਾ ਹੈ, ਇਸੇ ਤਰ੍ਹਾਂ ਪ੍ਰਭੂ ਦੀ ਯਾਦ ਨਾਲ ਇਹ ਜੀਵਨ ਸਫਲਾ ਹੋ ਜਾਂਦਾ ਹੈ।

੧੫. ਮਨੁੱਖ ਸੰਸਾਰਕ ਧੰਧਿਆਂ ਤੋਂ ਨਹੀਂ ਛੁੱਟਦਾ

੧. ਦੇਹੀ ਵਿਚਿ ਨ ਜਾਪਈ ਨੀਂਦ ਭੁਖੁ ਤੇਹ ਕਿਥੈ ਵਸੈ।

੨. ਹਸਣੁ ਰੋਵਣੁ ਗਾਵਣਾ ਛਿਕ ਡਿਕਾਰੁ ਖੰਗੂਰਣੁ ਦਸੈ।
੩. ਆਲਕ ਤੇ ਅੰਗਵਾੜੀਆਂ ਹਿਡਕੀ ਖੁਰਕਣੁ ਪਰਸ ਪਰਸੈ।
੪. ਉਭੇ ਸਾਹ ਉਬਾਸੀਆਂ ਚੁਟਕਾਰੀ ਤਾਣੀ ਸੁਣਿ ਕਿਸੈ।
੫. ਆਸਾ ਮਨਸਾ ਹਰਖੁ ਸੋਗੁ ਜੋਗੁ ਭੋਗੁ ਦੁਖੁ ਸੁਣਿ ਨ ਵਿਗਸੈ।
੬. ਜਾਗਦਿਆਂ ਲਖੁ ਚਿਤਵਣੀ ਸੁਤਾ ਸੁਹਣੇ ਅੰਦਰਿ ਧਸੈ।
੭. ਸੁਤਾ ਹੀ ਬਰੜਾਂਵਦਾ ਕਿਰਤਿ ਵਿਰਤਿ ਵਿਚਿ ਜਸ ਅਪਜਸੈ।
੮. ਤਿਸਨਾ ਅੰਦਰਿ ਘਣਾ ਤਰਸੈ ॥ ੧੫ ॥

ਪਦ ਅਰਥ - ਆਲਕ=ਆਲਸ। ਅੰਗਵਾੜੀਆਂ=ਆਕੜਾਂ। ਪਰਸ ਪਰਸੈ=ਆਪੋ ਵਿਚੀ। ਚੁਟਕਾਰੀ=ਚੁਟਕੀਆਂ। ਸੁਣਿ ਕਿਸੈ=ਕਹਾਣੀਆਂ ਸੁਣ ਕੇ। ਸੁਹਣੇ=ਸੁਪਨੇ।

ਅਰਥ - ੧. ਇਹ ਪਤਾ ਨਹੀਂ ਲੱਗਦਾ ਕਿ (ਇਸ ਮਨੁੱਖਾ) ਦੇਹੀ ਵਿਚ ਨੀਂਦਰ, ਭੁੱਖ ਤੇ ਤਰੇਹ ਕਿਥੇ ਵਸਦੀਆਂ ਹਨ। ੨. ਹੱਸਣਾ, ਰੋਣਾ, ਗਾਉਣਾ, ਨਿੱਛਾਂ, ਡਕਾਰਨਾ ਤੇ ਖੰਘੂਰਨਾ ਬਾਰੇ (ਕੋਈ) ਦੱਸੇ। ੩. ਆਲਸ, ਆਕੜਾਂ ਭੰਨਣੀਆਂ, ਹਿੜਕੀ ਤੇ ਆਪੋ ਵਿਚ ਇਕ ਦੂਜੇ ਨੂੰ ਖੁਰਕਣਾ। ੪. ਉਭੇ ਸਾਹ ਲੈਣੇ, ਉਬਾਸੀਆਂ ਲੈਣੀਆਂ, ਚੁਟਕੀਆਂ ਮਾਰਨੀਆਂ, ਕਿੱਸੇ ਕਹਾਣੀਆਂ ਸੁਣ ਕੇ ਖੁਸ਼ੀ ਨਾਲ ਤਾੜੀਆਂ ਮਾਰਨੀਆਂ। ੫. ਆਸਾ, ਮਨਸਾ, ਖੁਸ਼ੀ, ਗਮੀ, ਕਦੀ ਭੋਗ, ਕਦੀ ਜੋਗ, ਦੁੱਖ ਦੀਆਂ ਗੱਲਾਂ ਸੁਣ ਕੇ ਪ੍ਰਸੰਨ ਨਾ ਹੋਣਾ। ੬. ਜਾਗਦਿਆਂ (ਮਨੁੱਖ) ਇਹੋ ਜਿਹੀਆਂ ਲੱਖਾਂ ਚਿਤਵਨੀਆਂ ਕਰਦਾ ਹੈ ਤੇ ਸੁੱਤਾ ਹੋਇਆ ਸੁਪਨਿਆਂ ਵਿਚ ਜਾ ਵੜਦਾ ਹੈ। ੭. ਸੁੱਤਾ ਪਿਆ ਮਨੁੱਖ ਬਰੜਾਉਂਦਾ ਹੈ ਕਿਰਤ ਵਿਹਾਰ ਦੇ ਜਸ ਅਪਜਸ ਨੂੰ ਲੈਂਦਾ ਹੈ (ਭਾਵ ਸੁਪਨੇ ਵਿਚ ਵੀ ਉਹੋ ਕੁਛ ਵੇਖਦਾ ਹੈ)। ੮. (ਮਨੁੱਖ) ਤ੍ਰਿਸ਼ਨਾ ਵਿਚ ਫਸਿਆ ਹੋਇਆ (ਸੁਪਨੇ ਵਿਚ ਵੀ) ਬਹੁਤ ਤਰਸਦਾ (ਦੁਖੀ ਹੁੰਦਾ) ਹੈ॥ ੧੫ ॥

ਭਾਵ—ਮਨੁੱਖ ਨੂੰ ਜਾਗਦਿਆਂ ਤੇ ਸੁੱਤਿਆਂ ਸੰਸਾਰਕ ਧੰਧਿਆਂ ਦੀ ਚਿੰਤਾ ਨਹੀਂ ਛੱਡਦੀ।

੧੬. *ਪਾਪੀ ਮਨੁੱਖ ਗੁਣਾਂ 'ਤੇ ਪ੍ਰਸੰਨ ਨਹੀਂ ਹੁੰਦਾ*

੧. ਗੁਰਮਤਿ ਦੁਰਮਤਿ ਵਰਤਣਾ ਸਾਧੁ ਅਸਾਧੁ ਸੰਗਤਿ ਵਿਚਿ ਵਸੈ।
੨. ਤਿੰਨ ਵੇਸ ਜਮਵਾਰ ਵਿਚਿ ਹੋਇ ਸੰਜੋਗੁ ਵਿਜੋਗੁ ਮੁਣਸੈ।
੩. ਸਹਸ ਕੁਬਾਣ ਨ ਵਿਸਰੈ ਸਿਰਜਣਹਾਰੁ ਵਿਸਾਰਿ ਵਿਗਸੈ।
੪. ਪਰ ਨਾਰੀ ਪਰ ਦਰਬੁ ਹੇਤੁ ਪਰ ਨਿੰਦਾ ਪਰਪੰਚ ਰਹਸੈ।
੫. ਨਾਮ ਦਾਨ ਇਸਨਾਨੁ ਤਜਿ ਕੀਰਤਨ ਕਥਾ ਨ ਸਾਧੁ ਪਰਸੈ।

੬. ਕੁਤਾ ਚਉਕ ਚੜ੍ਹਾਈਐ ਚਕੀ ਚਟਣਿ ਕਾਰਣ ਨਸੈ।
੭. ਅਵਗੁਣਿਆਰਾ ਗੁਣ ਨ ਸਰਸੈ ॥ ੧੬ ॥

ਪਦ ਅਰਥ - ਜਮਵਾਰ=ਜਨਮ ਵਿਚ। ਮੁਣਸੈ=ਮਨੁੱਖ। ਰਹਸੈ=ਖੁਸ਼ ਹੋਣਾ। ਪਰਸੈ=ਮਿਲਣਾ, ਪਰਸਣਾ। ਚਉਕ=ਤਖਤ। ਸਰਸੈ=ਪ੍ਰਸੰਨ।

ਅਰਥ - ੧. ਖੋਟੀ ਮੱਤ ਵਾਲਾ ਮਨੁੱਖ ਸਾਧਾਂ ਦੀ ਸੰਗਤ ਕਰਦਾ ਹੋਇਆ ਵੀ ਖੋਟਿਆਂ ਦੀ ਸੰਗਤ ਵਿਚ ਵਸਦਾ ਹੈ। ੨. ਮਨੁੱਖ ਨੂੰ ਜਨਮ ਵਿਚ ਤਿੰਨ ਵੇਸਾਂ (ਬਾਲਪਨ, ਜੁਆਨੀ ਤੇ ਬੁਢੇਪਾ) ਦਾ ਸੰਜੋਗ ਵਿਜੋਗ ਹੋਈ ਜਾਂਦਾ ਹੈ। ੩. (ਤਿੰਨ ਅਵਸਥਾ ਵਿਚ ਮਨੁੱਖ ਨੂੰ) ਖੋਟੀਆਂ ਵਾਦੀਆਂ ਨਹੀਂ ਵਿਸਰਦੀਆਂ ਤੇ ਸਿਰਜਨਹਾਰ ਪ੍ਰਭੂ ਨੂੰ ਵਿਸਾਰ ਕੇ ਖੁਸ਼ ਹੁੰਦਾ ਹੈ। ੪. (ਖੋਟਾ ਪੁਰਸ਼) ਪਰਾਈ ਇਸਤ੍ਰੀ, ਪਰਾਇਆ ਧਨ ਤੇ ਪਰਾਈ ਨਿੰਦਾ ਕਰਕੇ ਵਲਾਂ ਛਲਾਂ ਵਿਚ ਖੁਸ਼ੀ ਹੁੰਦਾ ਹੈ। ੫. ਮੰਦੇ ਕਰਮਾਂ ਵਿਚ ਲੱਗਾ ਮਨੁੱਖ ਨਾਮ, ਦਾਨ ਤੇ ਇਸ਼ਨਾਨ (ਆਦਿ ਸ਼ੁਭ ਕਰਮਾਂ) ਨੂੰ ਤਿਆਗ ਦਿੰਦਾ ਹੈ ਤੇ ਕਥਾ ਕੀਰਤਨ ਤੇ ਸਤਿਸੰਗਤ ਵੀ ਨਹੀਂ ਕਰਦਾ। ੬. (ਜਿਸ ਤਰ੍ਹਾਂ) ਕੁੱਤੇ ਨੂੰ ਤਖਤ 'ਤੇ ਬਿਠਾ ਦੇਈਏ ਤਦ ਵੀ ਉਹ ਚੱਕੀ ਚੱਟਣ ਲਈ ਨੱਸਦਾ ਹੈ। ੭. (ਇਸੇ ਤਰ੍ਹਾਂ) ਅਵਗੁਣਿਆਰਾ ਮਨੁੱਖ ਗੁਣਾਂ 'ਤੇ ਪ੍ਰਸੰਨ ਨਹੀਂ ਹੁੰਦਾ॥ ੧੬ ॥

ਭਾਵ—ਖੋਟਾ ਪੁਰਸ਼ ਭਲਿਆਂ ਪੁਰਸ਼ਾਂ ਦੀ ਸੰਗਤ ਤਿਆਗ ਕੇ ਬੁਰਿਆਂ ਕਰਮਾਂ ਵੱਲ ਹੀ ਦੌੜਦਾ ਹੈ।

੧੭. ਵਿਆਪਕ ਪ੍ਰਭੂ ਦਾ ਸਿਮਰਨ ਕਰੋ

੧. ਜਿਉ ਬਹੁ ਵਰਨ ਵਣਾਸਪਤਿ ਮੂਲ ਪਤ੍ਰ ਫਲੁ ਫੁਲੁ ਘਨੇਰੇ।
੨. ਇਕ ਵਰਨੁ ਬੈਸੰਤਰੈ ਸਭਨਾ ਅੰਦਰਿ ਕਰਦਾ ਡੇਰੇ।
੩. ਰੂਪੁ ਅਨੂਪੁ ਅਨੇਕ ਹੋਇ ਰੰਗੁ ਸੁਰੰਗੁ ਸੁ ਵਾਸੁ ਚੰਗੇਰੇ।
੪. ਵਾਂਸਹੁ ਉਠਿ ਉਪਠਿ ਕਰਿ ਜਾਲਿ ਕਰੰਦਾ ਭਸਮੈ ਢੇਰੇ।
੫. ਰੰਗ ਬਿਰੰਗੀ ਗਊ ਵੰਸ ਅੰਗੁ ਅੰਗੁ ਧਰਿ ਨਾਉ ਲਵੇਰੇ।
੬. ਸੱਦੀ ਆਵੈ ਨਾਉ ਸੁਣਿ ਪਾਲੀ ਚਾਰੈ ਮੇਰੇ ਤੇਰੇ।
੭. ਸਭਨਾ ਦਾ ਇਕੁ ਰੰਗੁ ਦੁਧੁ ਘਿਅ ਪਟ ਭਾਂਡੈ ਦੋਖ ਨ ਹੇਰੇ।
੮. ਚਿਤੈ ਅੰਦਰਿ ਚੇਤੁ ਚਿਤੇਰੇ ॥ ੧੭ ॥

ਪਦ ਅਰਥ - ਵਰਨ=ਰੰਗ। ਉਠਿ=ਉੱਠ ਕੇ। ਲਵੇਰੇ=ਲਵੇਰੀਆਂ। ਪਾਲੀ=ਵਾਗੀ। ਚਿਤੇਰੇ=ਚਿੱਤ੍ਰਕਾਰ।

ਅਰਥ - ੧. ਜਿਸ ਤਰ੍ਹਾਂ ਬਣਸਪਤੀ ਦੇ ਅਨੇਕਾਂ ਰੰਗ ਰੂਪ ਹਨ ਤੇ ਮੂਲ, ਪੱਤ੍ਰ, ਫਲ ਤੇ ਫੁੱਲ ਬਹੁਤੇ ਹੁੰਦੇ ਹਨ। ੨. (ਪਰ) ਸਾਰੀ ਬਣਸਪਤੀ ਵਿਚ ਅੱਗ ਇਕੋ ਰੰਗ ਦੀ ਵਸਦੀ ਹੈ। ੩. ਬੜੇ ਬੜੇ

ਸੋਹਣੇ ਰੰਗ ਰੂਪ ਵਾਲੇ ਅਨੇਕਾਂ ਤਰ੍ਹਾਂ ਦੇ ਵਾਂਸ ਹੁੰਦੇ ਹਨ। ੪. (ਪਰ) ਵਾਸਾਂ ਤੋਂ ਹੀ ਅੱਗ ਉੱਠ ਕੇ ਪੁੱਠੇ ਕੰਮ ਕਰਕੇ ਸਾਰਿਆਂ ਵਾਂਸਾਂ ਨੂੰ ਸਾੜ ਕੇ ਸੁਆਹ ਕਰ ਦਿੰਦੀ ਹੈ। ੫. ਗਊਆਂ ਦੀ ਰੰਗ ਬਿਰੰਗੀ ਵੰਸ ਹੁੰਦੀ ਹੈ, ਉਹਨਾਂ ਲਵੇਰੀਆਂ ਦੇ ਨਾਂ ਅੱਡੋ ਅੱਡ ਰੱਖ ਦਿੱਤੇ ਜਾਂਦੇ ਹਨ। ੬. ਪਾਲੀ (ਵਾਗੀ) ਸਭਨਾਂ ਨੂੰ ਚਾਰਦਾ ਹੈ ਤੇ ਜਿਸ ਗਾਂ ਦਾ ਨਾਂ ਲੈ ਕੇ ਆਵਾਜ਼ ਮਾਰਦਾ ਹੈ, ਉਹੋ ਹੀ ਨੱਠੀ ਆਉਂਦੀ ਹੈ। ੭. (ਪਰ) ਸਾਰੀਆਂ ਗਊਆਂ ਦਾ ਦੁੱਧ ਇਕੋ ਰੰਗ ਦਾ ਹੁੰਦਾ ਹੈ, ਘਿਉ ਤੇ ਰੇਸ਼ਮ ਦੇ ਭਾਂਡੇ ਦਾ ਦੋਸ਼ ਨਹੀਂ ਵੇਖੀਦਾ (ਅਰਥਾਤ ਭਗਤ ਜਨ ਕਿਸੇ ਜਾਤ ਦੇ ਹੋਣ, ਉਹਨਾਂ ਨੂੰ ਘਿਉ ਤੇ ਰੇਸ਼ਮ ਵਾਂਗੂੰ ਪਵਿੱਤ੍ਰ ਜਾਣੋ)। ੮. ਸਾਰੀ ਰਚਨਾ ਵਿਚ ਪ੍ਰਭੂ ਆਪ ਵਸ ਰਿਹਾ ਹੈ, ਇਸ ਲਈ) ਇਸ ਸੰਸਾਰ ਦੀ ਚਿੱਤ੍ਰਕਾਰੀ ਕਰਨ ਵਾਲੇ ਚਿੱਤ੍ਰਕਾਰ (ਅਕਾਲ ਪੁਰਖ) ਦਾ ਚਿੱਤ ਵਿਚ ਸਿਮਰਨ ਕਰੋ॥ ੧੭॥

ਭਾਵ—ਜਾਤੀ ਅਭਿਮਾਨ ਛੱਡ ਕੇ ਸਭ ਜੀਵਾਂ ਵਿਚ ਉਸ ਪ੍ਰਭੂ ਦੀ ਜੋਤ ਵੇਖੋ ਤੇ ਹਰ ਇਕ ਨਾਲ ਪਿਆਰ ਕਰੋ।

੧੮. ਦਾਤ ਪਿਆਰੀ ਵਿਸਰਿਆ ਦਾਤਾਰਾ

੧. ਧਰਤੀ ਪਾਣੀ ਵਾਸੁ ਹੈ ਫੁਲੀ ਵਾਸੁ ਨਿਵਾਸੁ ਚੰਗੇਰੀ।
੨. ਤਿਲ ਫੁਲਾਂ ਦੇ ਸੰਗਿ ਮਿਲਿ ਪਤਿਤੁ ਪੁਨੀਤੁ ਫੁਲੇਲੁ ਘਵੇਰੀ।
੩. ਅਖੀ ਦੇਖਿ ਅਨ੍ਹੇਰੁ ਕਰਿ ਮਨਿ ਅੰਧੇ ਤਨਿ ਅੰਧੁ ਅੰਧੇਰੀ।
੪. ਛਿਅ ਰੁਤ ਬਾਰਹ ਮਾਹ ਵਿਚਿ ਸੂਰਜੁ ਇਕੁ ਨ ਘੁਘੂ ਹੇਰੀ।
੫. ਸਿਮਰਣਿ ਕੂੰਜ ਧਿਆਨੁ ਕਛੂ ਪਥਰ ਕੀੜੇ ਰਿਜਕੁ ਸਵੇਰੀ।
੬. ਕਰਤੇ ਨੋ ਕੀਤਾ ਨ ਚਿਤੇਰੀ॥ ੧੮॥

ਪਦ ਅਰਥ - ਘਵੇਰੀ=ਵਾਸ਼ਨਾ, ਸੁਗੰਧੀ। ਸਵੇਰੀ=ਹਰ ਰੋਜ਼। ਨ ਚਿਤੇਰੀ=ਯਾਦ ਨਹੀਂ ਕਰਦਾ।

ਅਰਥ - ੧. ਧਰਤੀ ਤੇ ਪਾਣੀ ਵਿਚ ਵਸਣ ਕਰਕੇ ਫੁੱਲਾਂ ਵਿਚ ਸੋਹਣੀ ਵਾਸ਼ਨਾ ਦਾ ਨਿਵਾਸ ਹੁੰਦਾ ਹੈ। ੨. ਤਿਲ ਫੁਲਾਂ ਨਾਲ ਮਿਲ ਕੇ ਪਾਪੀ ਤੋਂ ਪਵਿੱਤ੍ਰ ਫੁਲੇਲ ਵਾਲੀ ਸੁਗੰਧੀ ਦਿੰਦੇ ਹਨ। ੩. ਅੱਖਾਂ ਨਾਲ ਦੇਖਦਾ ਹੋਇਆ ਵੀ ਹਨੇਰ ਮਾਰਦਾ ਹੈ, ਮਨ ਦੇ ਅੰਨ੍ਹੇ ਨੂੰ ਤਨ ਵੱਲੋਂ ਵੀ ਅੰਧ ਅੰਧੇਰ ਹੀ ਦਿਸਦਾ ਹੈ। ੪. (ਜਿਵੇਂ) ਛੇ ਰੁੱਤਾਂ ਤੇ ਬਾਰਾਂ ਮਹੀਨਿਆਂ ਵਿਚ ਸੂਰਜ ਇਕੋ ਹੁੰਦਾ ਹੈ, ਪਰ ਉੱਲੂ ਨੂੰ ਸੂਰਜ ਨਹੀਂ ਦਿਸਦਾ। ੫. ਸਿਮਰਣ ਕਰਨ ਨਾਲ ਕੂੰਜ ਦੇ ਬੱਚੇ ਤੇ ਧਿਆਨ ਕਰਨ ਨਾਲ ਕੱਛੂ ਦੇ ਬੱਚੇ ਪਲਦੇ ਹਨ, ਪੱਥਰ ਦੇ ਕੀੜਿਆਂ ਨੂੰ ਵੀ ਹਰ ਰੋਜ਼ ਪ੍ਰਭੂ ਰਿਜ਼ਕ ਦਿੰਦਾ ਹੈ। ੬. (ਸੰਸਾਰ) ਸਿਰਜਨਹਾਰ ਨੂੰ ਇਹ ਪ੍ਰਭੂ ਦਾ ਬਣਾਇਆ ਜੀਵ ਯਾਦ ਨਹੀਂ ਕਰਦਾ॥ ੧੮॥

ਭਾਵ—ਇਹ ਭੁੱਲੜ ਜੀਵ ਆਪਣੇ ਰਚਨਹਾਰ ਪਰਮਾਤਮਾ ਨੂੰ ਵਿਸਾਰ ਕੇ ਪ੍ਰਭੂ ਦੀਆਂ ਬਖਸ਼ੀਆਂ ਦਾਤਾਂ ਨੂੰ ਹੀ ਪਿਆਰ ਕਰਦਾ ਹੈ।

੧੯. ਪਾਪੀਆਂ ਨੂੰ ਛੁਟਕਾਰਾ ਨਹੀਂ ਮਿਲਦਾ

੧. ਘੁਘੂ ਚਾਮਚੜਿਕ ਨੋ ਦੇਹੁੰ ਨ ਸੁਝੈ ਚਾਨਣ ਹੋਂਦੇ।
੨. ਰਾਤਿ ਅਨ੍ਹੇਰੀ ਦੇਖਦੇ ਬੋਲੁ ਕੁਬੋਲ ਅਬੋਲੁ ਖਲੋਂਦੇ।
੩. ਮਨਮੁਖ ਅੰਨ੍ਹੇ ਰਾਤਿ ਦਿਹੁੰ ਸੁਰਤਿ ਵਿਹੂਣੇ ਚਕੀ ਝੋਂਦੇ।
੪. ਅਉਗੁਣ ਚੁਣਿ ਚੁਣਿ ਛਡਿ ਗੁਣ ਪਰਹਰਿ ਹੀਰੇ ਫਟਕ ਪਰੋਂਦੇ।
੫. ਨਾਉ ਸੁਜਾਖੇ ਅੰਨ੍ਹਿਆਂ ਮਾਇਆ ਮਦ ਮਤਵਾਲੇ ਰੋਂਦੇ।
੬. ਕਾਮ ਕਰੋਧ ਵਿਰੋਧ ਵਿਚਿ ਚਾਰੇ ਪਲੇ ਭਰਿ ਭਰਿ ਧੋਂਦੇ।
੭. ਪਥਰ ਪਾਪ ਨ ਛੁਟਹਿ ਢੋਂਦੇ ॥੧੯॥

ਪਦ ਅਰਥ - ਦੇਹੁੰ=ਦਿਨੇ। ਅਬੋਲੁ=ਚੁੱਪ। ਚਕੀ ਝੋਂਦੇ=ਲੜਾਈ ਕਰਦੇ। ਫਟਕ=ਕੱਚ ਦੇ ਮਣਕੇ। ਚਾਰੇ ਪਲੇ=ਚਾਰੇ ਅੰਤਹਕਰਣ।

ਅਰਥ - ੧. ਉੱਲੂ ਤੇ ਚਾਮਚੜਿੱਕ ਨੂੰ ਚਾਨਣ ਹੁੰਦਿਆਂ ਦਿਨੇ ਕੁਝ ਨਹੀਂ ਸੁਝਦਾ (ਦਿਸਦਾ)। ੨. (ਪਰ) ਉਹ ਅੰਨ੍ਹੇਰੀ ਰਾਤ ਵਿਚ ਸਭ ਕੁਝ ਵੇਖਦੇ ਹਨ ਤੇ ਆਪਣੇ ਭੈੜੇ ਬੋਲਾਂ ਤੋਂ ਚੁੱਪ ਹੋ ਕੇ ਖੜੋਂਦੇ ਹਨ। ੩. ਅੰਨ੍ਹੇ ਅਗਿਆਨੀ ਮਨਮੁਖ ਗਿਆਨ ਤੋਂ ਬਿਨਾਂ ਝਗੜਿਆਂ ਦੀ ਚੱਕੀ ਝੋਈ ਰੱਖਦੇ ਹਨ (ਭਾਵ ਹਰ ਸਮੇਂ ਕੁਛ ਨਾ ਕੁਛ ਬੋਲਦੇ ਰਹਿੰਦੇ ਹਨ, ਕਦੇ ਵੀ ਚੁੱਪ ਨਹੀਂ ਹੁੰਦੇ)। ੪. ਉਹ ਮਨਮੁਖ ਗੁਣਾਂ ਨੂੰ ਛੱਡ ਕੇ ਐਗੁਣਾਂ ਨੂੰ ਚੁਣ ਚੁਣ ਕੇ ਇਕੱਠੇ ਕਰਦੇ ਰਹਿੰਦੇ ਹਨ, ਮਾਨੋ ਹੀਰਿਆਂ ਨੂੰ ਛੱਡ ਕੇ ਕੱਚ ਦੇ ਮਣਕਿਆਂ ਦੇ ਹਾਰ ਪਰੋਂਦੇ ਹਨ। ੫. ਮਨਮੁਖ ਹੈਨ ਤਾਂ ਅੰਨ੍ਹੇ, ਪਰ ਨਾਂ ਉਹਨਾਂ ਨੇ ਸੁਜਾਖੇ ਰੱਖਿਆ ਹੋਇਆ ਹੈ, ਉਹ ਮਾਇਆ ਮਦ ਵਿਚ ਮਤਵਾਲੇ ਹੋਏ ਰੋਂਦੇ ਹਨ, ੬. ਕਾਮ, ਕ੍ਰੋਧ ਆਦਿ ਵਿਸ਼ਿਆਂ ਤੇ ਵਿਰੋਧ ਵਿਚ ਚਾਰੇ ਅੰਤਹਕਰਣ ਰੂਪੀ ਪੱਲੇ ਭਰ ਭਰ ਕੇ ਧੋਂਦੇ ਹਨ (ਭਾਵ ਦੁਨੀਆਂ ਸਾਹਮਣੇ ਸਚਿਆਰ ਬਣਨ ਲਈ ਕੋਈ ਨਾ ਕੋਈ ਕਰਮ ਧਰਮ ਕਰਦੇ ਰਹਿੰਦੇ ਹਨ)। ੭. ਉਹ ਪਾਪਾਂ ਦੇ ਪੱਥਰ ਢੋਂਦੇ ਹੋਏ ਨਰਕਾਂ ਤੋਂ ਛੁਟਦੇ ਨਹੀਂ ॥ ੧੯ ॥

੨੦. ਮਨਮੁਖ ਗੁਣਾਂ ਨੂੰ ਅਵਗੁਣ ਕਰ ਦਿੰਦਾ ਹੈ

੧. ਥਲਾਂ ਅੰਦਰਿ ਅਕੁ ਉਗਵਨਿ ਵੁਠੇ ਮੀਂਹ ਪਵੈ ਮੁਹਿ ਮੋਆ।
੨. ਪਤਿ ਟੁਟੈ ਦੁਧੁ ਵਹਿ ਚਲੈ ਪੀਤੈ ਕਾਲਕੂਟੁ ਓਹੁ ਹੋਆ।
੩. ਅਕਹੁੰ ਫਲ ਹੋਇ ਖਖੜੀ ਨਿਹਫਲੁ ਸੋ ਫਲੁ ਅਕਤਿਡੁ ਭੋਆ।
੪. ਵਿਹੁ ਨਸੈ ਅਕ ਦੁਧ ਤੇ ਸਪੁ ਖਾਧਾ ਖਾਇ ਅਕ ਨਰੋਆ।

੫. ਸੋ ਅਕ ਚਰਿ ਕੈ ਬਕਰੀ ਦੇਇ ਦੁਧੁ ਅੰਮ੍ਰਿਤ ਮੋਹਿ ਚੋਆ।
੬. ਸਪੈ ਦੁਧੁ ਪੀਆਲੀਐ ਵਿਸੁ ਉਗਾਲੈ ਪਾਸਿ ਖੜੋਆ।
੭. ਗੁਣ ਕੀਤੇ ਅਵਗੁਣੁ ਕਰਿ ਢੋਆ॥੨੦॥

ਪਦ ਅਰਥ - ਥਲ=ਰੇਤਲੇ ਮੈਦਾਨ। ਕਾਲਕੂਟੁ=ਜ਼ਹਿਰ। ਭੋਆ=ਭਾਉਂਦਾ ਹੈ।

ਅਰਥ - ੧. ਰੇਤਲੇ ਮੈਦਾਨਾਂ ਵਿਚ ਅੱਕ ਦੇ ਬੂਟੇ ਉੱਗਦੇ ਹਨ, ਜੋ ਮੀਂਹ ਦੇ ਵੱਸਣ ਨਾਲ ਮੂਧੇ ਮੂੰਹ ਡਿੱਗ ਪੈਂਦੇ ਹਨ (ਉਹਨਾਂ ਲਈ ਮੀਂਹ ਦਾ ਪਾਣੀ ਜ਼ਹਿਰ ਵਾਂਗੂੰ ਹੁੰਦਾ ਹੈ)। ੨. (ਉਸ ਅੱਕ ਦੇ) ਪੱਤਰ ਟੁੱਟਦੇ ਹਨ ਤਾਂ ਉਹਨਾਂ ਵਿਚੋਂ ਦੁੱਧ ਵਹਿ ਤੁਰਦਾ ਹੈ, ਉਸ ਦੁੱਧ ਦੇ ਪੀਣ ਨਾਲ ਜ਼ਹਿਰ ਦਾ ਅਸਰ ਹੁੰਦਾ ਹੈ। ੩. ਅੱਕ ਤੋਂ ਖੱਖੜੀ ਦਾ ਨਿਕੰਮਾ ਫਲ ਪੈਦਾ ਹੁੰਦਾ ਹੈ, ਜੋ ਅਕਤਿੱਡੇ ਨੂੰ ਹੀ ਚੰਗਾ ਲੱਗਦਾ ਹੈ। ੪. ਅੱਕ ਦਾ ਦੁੱਧ ਵਰਤਣ ਨਾਲ ਜ਼ਹਿਰ ਦੂਰ ਹੁੰਦੀ ਹੈ, ਸੱਪ ਦਾ ਡੰਗਿਆ ਮਨੁੱਖ ਅੱਕ ਦੇ ਖਾਣ ਨਾਲ ਰਾਜ਼ੀ ਹੋ ਜਾਂਦਾ ਹੈ। ੫. ਉਹੋ ਅੱਕ ਬੱਕਰੀ ਚਰ ਕੇ ਅੰਮ੍ਰਿਤ ਵਰਗਾ ਦੁੱਧ ਦਿੰਦੀ ਹੈ, ਜਿਸ ਨੂੰ (ਬਾਲਾਂ ਦੇ) ਮੂੰਹ ਵਿਚ ਚੋਇਆ ਜਾਂਦਾ ਹੈ। ੬. ਜੇ ਸੱਪ ਨੂੰ ਦੁੱਧ ਪਿਆਈਏ ਤਾਂ ਉਹ ਕੋਲ ਖੜੋਤਾ ਹੋਇਆ ਜ਼ਹਿਰ ਉੱਗਲਦਾ ਹੈ। ੭. (ਇਸ ਤਰ੍ਹਾਂ ਮਨਮੁਖ) ਗੁਣ ਕੀਤੇ ਨੂੰ ਵੀ ਅਵਗੁਣ ਕਰ ਦਿੰਦਾ ਹੈ॥੨੦॥

ਭਾਵ—ਗੁਰਮੁਖ ਅਵਗੁਣਾਂ ਦਾ ਗੁਣ ਕਰ ਦਿੰਦਾ ਹੈ ਤੇ ਮਨਮਖੁ ਗੁਣਾਂ ਨੂੰ ਵੀ ਅਵਗੁਣ ਬਣਾ ਦਿੰਦਾ ਹੈ।

੨੧. ਮਨਮੁਖ ਭਲੇ ਬੁਰੇ ਨੂੰ ਨਹੀਂ ਪਛਾਣਦਾ

੧. ਕੁਹੈ ਕਸਾਈ ਬਕਰੀ ਲਾਇ ਲੂਣ ਸੀਖ ਮਾਸੁ ਪਰੋਆ।
੨. ਹਸਿ ਹਸਿ ਬੋਲੈ ਕੁਹੀਂਦੀ ਖਾਧੇ ਅਕਿ ਹਾਲੁ ਇਹੁ ਹੋਆ।
੩. ਮਾਸ ਖਾਨਿ ਗਲਿ ਛੁਰੀ ਦੇ ਹਾਲੁ ਤਿਨਾੜਾ ਕਉਣੁ ਅਲੋਆ।
੪. ਜੀਭੈ ਹੰਦਾ ਫੇੜਿਆ ਖਉ ਦੰਦਾਂ ਮੁਹੁ ਭੰਨਿ ਵਿਗੋਆ।
੫. ਪਰ ਤਨ ਪਰ ਧਨ ਨਿੰਦ ਕਰਿ ਹੋਇ ਦੁਜੀਭਾ ਬਿਸੀਅਰੁ ਭੋਆ।
੬. ਵਸਿ ਆਵੈ ਗੁਰਮੰਤ ਸਪੁ ਨਿਗੁਰਾ ਮਨਮੁਖੁ ਸੁਣੈ ਨ ਸੋਆ।
੭. ਵੇਖਿ ਨ ਚਲੈ ਅਗੈ ਟੋਆ॥੨੧॥

ਪਦ ਅਰਥ - ਅਲੋਆ=ਵੇਖਣਾ। ਦੁਜੀਭਾ ਬਿਸੀਅਰੁ=ਦੋ ਜੀਭਾ ਸੱਪ। ਸੋਆ=ਕਨਸੋਅ।

ਅਰਥ - ੧. ਕਸਾਈ ਬੱਕਰੀ ਨੂੰ ਮਾਰਦਾ ਹੈ ਲੂਣ ਲਾ ਕੇ ਮਾਸ ਨੂੰ ਸੀਖ ਉਤੇ ਪਰੋਂਦਾ ਹੈ। ੨. (ਉਹ ਬੱਕਰੀ) ਮਰੀਂਦੀ ਹੋਈ ਹੱਸ ਹੱਸ ਕੇ ਕਹਿੰਦੀ ਹੈ ਕਿ ਅੱਕ ਦੇ ਖਾਣ ਨਾਲ ਮੇਰਾ ਇਹ ਹਾਲ ਹੋਇਆ ਹੈ। ੩. (ਜਿਹੜੇ ਮਨੁੱਖ) ਮੇਰੇ ਗਲ ਵਿਚ ਛੁਰੀ ਫੇਰ ਕੇ ਮੇਰਾ ਮਾਸ ਖਾਂਦੇ ਹਨ, ਉਹਨਾਂ ਦਾ ਕੀ

ਹਾਲ ਹੋਵੇਗਾ ? ੪. ਜੀਭ ਦਾ ਵਿਗੜਿਆ ਹੋਇਆ ਦੰਦਾਂ ਦਾ ਖਉ ਤੇ ਮੂੰਹ ਨੂੰ ਨਾਸ ਕਰਦਾ ਹੈ। ੫. ਪਰ ਇਸਤ੍ਰੀ ਗਮਨ ਕਰਨ ਵਾਲਾ, ਪਰਾਏ ਧਨ ਨੂੰ ਲੈਣ ਵਾਲਾ ਤੇ ਪਰਾਈ ਨਿੰਦਾ ਕਰਨ ਵਾਲਾ ਮਨੁੱਖ ਦੋ ਜੀਭਾ ਸੱਪ ਬਣਦਾ ਹੈ। ੬. ਦੋ ਜੀਭਾ ਸੱਪ ਤਾਂ ਗੁਰਾਂ ਦਾ ਮੰਤਰ ਸੁਣ ਕੇ ਵਸ ਵਿਚ ਆ ਜਾਂਦਾ ਹੈ, ਪਰ ਮਨਮੁਖ ਗੁਰੂ ਦੇ ਉਪਦੇਸ਼ ਦੀ ਕਨਸੋਅ ਵੀ ਨਹੀਂ ਸੁਣਦਾ। ੭. (ਉਹ ਮਨਮੁਖ ਅਗਿਆਨ ਵਿਚ ਅੰਨ੍ਹਾ ਹੋਇਆ) ਟੋਆ ਟਿੱਬਾ ਵੇਖਕੇ ਨਹੀਂ ਚਲਦਾ॥ ੨੧॥

ਭਾਵ—ਮਨਮੁਖ ਭਲੇ ਬੁਰੇ ਦੀ ਪਛਾਣ ਕਰਕੇ ਨਹੀਂ ਚਲਦਾ।

੨੨. "ਇਨਿ ਦੁਬਿਧਾ ਘਰ ਬਹੁਤੇ ਗਾਲੇ॥'

੧. ਆਪਿ ਨ ਵੰਞੈ ਸਾਹੁਰੈ ਲੋਕਾ ਮਤੀ ਦੇ ਸਮਝਾਏ।
੨. ਚਾਨਣੁ ਘਰ ਵਿਚਿ ਦੀਵਿਅਹੁ ਹੇਠ ਅੰਨੇਰੁ ਨ ਸਕੈ ਮਿਟਾਏ।
੩. ਹਥੁ ਦੀਵਾ ਫੜਿ ਆਖੁੜੈ ਹੁਇ ਚਕਚਉਧੀ ਪੈਰੁ ਖਿੜਾਏ।
੪. ਹਥ ਕੰਙਣੁ ਲੈ ਆਰਸੀ ਅਉਖਾ ਹੋਵੈ ਦੇਖਿ ਦਿਖਾਏ।
੫. ਦੀਵਾ ਇਕਤੁ ਹਥੁ ਲੈ ਆਰਸੀ ਦੂਜੈ ਹਥਿ ਫੜਾਏ।
੬. ਹੁੰਦੇ ਦੀਵੇ ਆਰਸੀ ਆਖੁੜਿ ਟੋਏ ਪਾਉਂਦਾ ਜਾਏ।
੭. ਦੂਜਾ ਭਾਉ ਕੁਦਾਉ ਹਰਾਏ॥ ੨੨॥

ਪਦ ਅਰਥ - ਆਖੁੜੈ = ਠੁੱਡੇ ਖਾਂਦਾ ਹੈ। ਚਕਚਉਧੀ = ਚੱਕ੍ਰਤ। ਆਰਸੀ = ਸ਼ੀਸ਼ਾ। ਕੁਦਾਉ= ਖੋਟਾ ਦਾਅ।

ਅਰਥ - ੧. (ਛੁੱਟੜ ਇਸਤ੍ਰੀ) ਆਪ ਤਾਂ ਸਹੁਰੇ ਘਰ ਜਾ ਕੇ ਵਸਦੀ ਨਹੀਂ, ਪਰ ਲੋਕਾਂ ਨੂੰ ਮੱਤਾਂ ਦੇ ਕੇ ਸਮਝਾਉਂਦੀ ਹੈ (ਕਿ ਸਹੁਰੇ ਘਰ ਵਸਣਾ ਚੰਗਾ ਹੁੰਦਾ ਹੈ)। ੨. ਦੀਵੇ ਦੇ ਜਗਣ ਨਾਲ ਘਰ ਵਿਚ ਚਾਨਣ ਹੁੰਦਾ ਹੈ, ਪਰ ਦੀਵਾ ਆਪਣੇ ਹੇਠਲਾ ਅੰਨ੍ਹੇਰਾ ਦੂਰ ਨਹੀਂ ਕਰ ਸਕਦਾ। ੩. ਹੱਥ ਵਿਚ ਦੀਵਾ ਫੜ ਕੇ ਤੁਰਨ ਵਾਲਾ ਠੇਡੇ ਖਾਂਦਾ ਹੈ ਤੇ ਚਕ੍ਰਤ ਹੋਏ ਦੇ ਪੈਰ ਥਿੜਕਦੇ ਹਨ। ੪. ਜਿਹੜਾ ਮਨੁੱਖ ਹੱਥ ਦੇ ਕੰਙਣ ਨੂੰ ਸ਼ੀਸ਼ਾ ਲੈ ਕੇ ਵੇਖਦਾ ਹੈ, ਉਹ ਵੇਖਣ ਵਿਖਾਉਣ ਵਿਚ ਔਖਾ ਹੋਵੇਗਾ। ੫. (ਜੇਹੜਾ ਮਨੁੱਖ) ਇਕ ਹੱਥ ਵਿਚ ਦੀਵਾ ਤੇ ਦੂਜੇ ਹੱਥ ਵਿਚ ਸ਼ੀਸ਼ਾ ਫੜਦਾ ਹੈ। ੬. ਉਹ ਦੀਵੇ ਤੇ ਸ਼ੀਸ਼ੇ ਦੇ ਹੁੰਦਿਆਂ ਠੇਡਾ ਖਾ ਕੇ ਟੋਏ ਵਿਚ ਜਾ ਪਏਗਾ। ੭. ਦੂਜੇ ਭਾਵ ਦਾ ਖੋਟਾ ਦਾਅ ਹਾਰ ਹੀ ਦਿੰਦਾ ਹੈ॥ ੨੨॥

ਭਾਵ—ਦ੍ਵੈਤ ਭਾਵ ਵਾਲੇ ਮਨੁੱਖ ਇਸ ਅਮੋਲਕ ਮਨੁੱਖਾ ਜਨਮ ਦੀ ਬਾਜ਼ੀ ਹਾਰ ਦਿੰਦੇ ਹਨ।

੨੩. ਮਨਮੁਖ ਵੱਡਾ ਅਕ੍ਰਿਤਘਣ ਹੁੰਦਾ ਹੈ

੧. ਅਮਿਅ ਸਰੋਵਰਿ ਮਰੈ ਡੁਬਿ ਤਰੈ ਨ ਮਨਤਾਰੂ ਸੁ ਅਵਾਈ।

੨. ਪਾਰਸੁ ਪਰਸਿ ਨ ਪਥਰਹੁ ਕੰਚਨੁ ਹੋਇ ਨ ਅਘੜੁ ਘੜਾਈ।
੩. ਬਿਸੀਅਰੁ ਵਿਸੁ ਨ ਪਰਹਰੈ ਅਠ ਪਹਰ ਚੰਨਣਿ ਲਪਟਾਈ।
੪. ਸੰਖ ਸਮੁੰਦਹੁ ਸਖਣਾ ਰੋਵੈ ਧਾਹਾਂ ਮਾਰਿ ਸੁਣਾਈ।
੫. ਘੁਘੂ ਸੁਝੁ ਨ ਸੁਝਈ ਸੂਰਜੁ ਜੋਤਿ ਨ ਲੁਕੈ ਲੁਕਾਈ।
੬. ਮਨਮੁਖ ਵਡਾ ਅਕ੍ਰਿਤਘਣੁ ਦੂਜੈ ਭਾਇ ਸੁਆਇ ਲੁਭਾਈ।
੭. ਸਿਰਜਨਹਾਰ ਨ ਚਿਤਿ ਵਸਾਈ॥੨੩॥

ਪਦ ਅਰਥ - ਮਨਤਾਰੂ=ਅਣਤਾਰੂ। ਅਵਾਈ=ਅਮੋੜ।

ਅਰਥ - ੧. ਅੰਮ੍ਰਿਤ ਦੇ ਸਰੋਵਰ ਵਿਚ ਅਮੋੜ ਅਣਤਾਰੂ ਡੁੱਬ ਮਰਦਾ ਹੈ, ਤਰਦਾ ਨਹੀਂ। ੨. ਪਾਰਸ ਨੂੰ ਛੂਹ ਕੇ ਪੱਥਰ ਸੋਨਾ ਨਹੀਂ ਹੁੰਦਾ ਤੇ ਨਾ ਹੀ ਉਹ ਅਘੜ ਪੱਥਰ ਸੋਨੇ ਵਾਂਗੂੰ ਘੜਿਆ ਜਾਂਦਾ ਹੈ। ੩. ਸੱਪ ਅੱਠੇ ਪਹਿਰ ਚੰਦਨ ਦੇ ਬ੍ਰਿਛ ਨਾਲ ਲਪੇਟੇ ਰਹਿਣ 'ਤੇ ਵੀ ਆਪਣੀ ਜ਼ਹਿਰ ਨਹੀਂ ਛੱਡਦਾ। ੪. ਸੰਖ ਸਮੁੰਦਰ ਵਿਚੋਂ ਖਾਲੀ ਨਿਕਲਦਾ ਹੈ ਤੇ ਧਾਹਾਂ ਮਾਰ ਮਾਰ ਕੇ ਲੋਕਾਂ ਨੂੰ ਸੁਣਾਉਂਦਾ ਹੈ। ੫. ਉੱਲੂ ਨੂੰ ਸੂਰਜ ਚੜ੍ਹਿਆ ਨਹੀਂ ਦਿਸਦਾ, ਸੂਰਜ ਦਾ ਪ੍ਰਕਾਸ਼ ਲੋਕਾਂ ਤੋਂ ਲੁਕਿਆ ਨਹੀਂ ਰਹਿੰਦਾ। ੬. ਮਨਮੁਖ ਵੱਡਾ ਅਕ੍ਰਿਤਘਨ ਹੈ, ਜੋ ਦੂਜੇ ਭਾਵ ਦੇ ਸੁਆਦਾਂ ਵਿਚ ਲੁਭਾਇਮਾਨ ਹੋ ਰਿਹਾ ਹੈ। ੭. ਇਹੋ ਜਿਹਾ ਮਨਮੁਖ ਸਿਰਜਨਹਾਰ (ਅਕਾਲ ਪੁਰਖ) ਨੂੰ ਆਪਣੇ ਚਿੱਤ ਵਿਚ ਨਹੀਂ ਵਸਾਉਂਦਾ॥ ੨੩॥

ਭਾਵ — ਮਨਮੁਖ ਮੰਦੇ ਕਰਮਾਂ ਵਿਚ ਲੱਗ ਕੇ ਆਪਣਾ ਅਮੋਲਕ ਜਨਮ ਵਿਅਰਥ ਗੁਆ ਲੈਂਦਾ ਹੈ।

੨੪. ਨਿਗੁਰੇ ਵਰਗਾ ਨੀਚ ਹੋਰ ਕੋਈ ਨਹੀਂ

੧. ਮਾਂ ਗਭਣਿ ਜੀਅ ਜਾਣਦੀ ਪੁਤੁ ਸਪੁਤੁ ਹੋਵੈ ਸੁਖਦਾਈ।
੨. ਕੁਪੁਤਹੁ ਧੀ ਚੰਗੇਰੜੀ ਪਰ ਘਰ ਜਾਇ ਵਸਾਇ ਨ ਆਈ।
੩. ਧੀਅਹੁ ਸਪ ਸਕਾਰਥਾ ਜਾਉ ਜਣੇਂਦੀ ਜਣਿ ਜਣਿ ਖਾਈ।
੪. ਮਾਂ ਡਾਇਣ ਧੰਨੁ ਧੰਨੁ ਹੈ ਕਪਟੀ ਪੁਤੈ ਖਾਇ ਅਘਾਈ।
੫. ਬਾਮ੍ਹਣ ਗਾਈ ਖਾਇ ਸਪੁ ਫੜਿ ਗੁਰ ਮੰਤ੍ਰ ਪਵਾਇ ਪਿੜਾਈ।
੬. ਨਿਗੁਰੇ ਤੁਲਿ ਨ ਹੋਰੁ ਕੋ ਸਿਰਜਣਹਾਰੈ ਸਿਰਠਿ ਉਪਾਈ।
੭. ਮਾਤਾ ਪਿਤਾ ਨ ਗੁਰੁ ਸਰਣਾਈ॥੨੪॥

ਪਦ ਅਰਥ - ਗਭਣਿ=ਗਰਭਵਤੀ। ਸਕਾਰਥਾ=ਚੰਗਾ। ਜਾਉ=ਬੱਚੇ। ਪਿੜਾਈ=ਪਟਾਰੀ। ਸਿਰਠਿ=ਸ੍ਰਿਸ਼ਟੀ।

ਅਰਥ - ੧. ਗਰਭਵਤੀ ਹੋ ਕੇ ਮਾਂ ਆਪਣੇ ਮਨ ਵਿਚ ਇਹ ਜਾਣਦੀ ਹੈ ਕਿ ਮੇਰਾ ਪੁੱਤਰ ਸਪੁੱਤਰ ਹੋ ਕੇ ਮੈਨੂੰ ਸੁਖ ਦੇਵੇਗਾ। ੨. (ਪਰ) ਖੋਟੇ ਪੁੱਤਰ ਨਾਲੋਂ ਧੀ ਚੰਗੀ ਹੈ, ਜੋ ਪਰਾਏ ਘਰ ਨੂੰ ਜਾ ਕੇ ਵਸਾਏਗੀ ਤੇ ਮੁੜ ਕੇ ਨਹੀਂ ਆਵੇਗੀ। ੩. ਖੋਟੀ ਧੀ ਨਾਲੋਂ ਸੱਪਣੀ ਚੰਗੀ ਹੈ, ਜੋ ਆਪਣੇ ਜਣੇ ਬੱਚਿਆਂ ਨੂੰ ਆਪ ਹੀ ਖਾ ਲੈਂਦੀ ਹੈ। ੪. (ਸੱਪਣੀ ਨਾਲੋਂ) ਡੈਣ ਮਾਂ ਵੀ ਧੰਨ ਹੈ, ਜੋ ਆਪਣੇ ਕਪਟੀ ਪੁੱਤਰ ਨੂੰ ਖਾ ਕੇ ਰੱਜਦੀ ਹੈ। ੫. ਭਾਵੇਂ ਸੱਪ, ਬ੍ਰਾਹਮਣ ਤੇ ਗਊ ਨੂੰ ਖਾ ਲੈਂਦਾ ਹੈ, ਪਰ ਉਹ ਫਿਰ ਵੀ ਚੰਗਾ ਹੈ, ਕਿਉਂਕਿ ਉਹ ਗੁਰੂ ਦੇ ਮੰਤਰ ਨੂੰ ਸੁਣ ਕੇ ਪਟਾਰੀ ਵਿਚ ਪੈ ਜਾਂਦਾ ਹੈ। ੬. ਸਿਰਜਨਹਾਰ ਨੇ ਏਨੀ ਸ੍ਰਿਸ਼ਟੀ ਪੈਦਾ ਕੀਤੀ ਹੈ, ਪਰ ਨਿਗੁਰੇ ਵਰਗੀ ਬੁਰੀ ਚੀਜ਼ ਹੋਰ ਕੋਈ ਨਹੀਂ ਰਚੀ। ੭. (ਨਿਗੁਰੇ ਦੇ ਲੱਛਣ ਇਹ ਹੁੰਦੇ ਹਨ ਕਿ ਉਹ) ਮਾਤਾ ਪਿਤਾ ਤੇ ਗੁਰੂ ਦੀ ਸ਼ਰਣ ਵਿਚ ਨਹੀਂ ਜਾਂਦਾ॥ ੨੪॥

ਭਾਵ— "ਨਿਗੁਰੇ ਕਉ ਗਤਿ ਕਾਈ ਨਾਹੀ॥ ਅਵਗੁਣਿ ਮੁਠੇ ਚੋਟਾ ਖਾਹੀ॥"

੨੫. ਨਿਗੁਰੇ ਦਾ ਦਰਸ਼ਨ ਨਾ ਕਰੋ

੧. ਨਿਗੁਰੇ ਲਖ ਨ ਤੁਲ ਤਿਸ ਨਿਗੁਰੇ ਸਤਿਗੁਰ ਸਰਣਿ ਨ ਆਏ।
੨. ਜੋ ਗੁਰ ਗੋਪੈ ਆਪਣਾ ਤਿਸੁ ਡਿਠੇ ਨਿਗੁਰੇ ਸਰਮਾਏ।
੩. ਸੀਂਹ ਸਉਹਾਂ ਜਾਣਾ ਭਲਾ ਨਾ ਤਿਸੁ ਬੇਮੁਖ ਸਉਹਾਂ ਜਾਏ।
੪. ਸਤਿਗੁਰੁ ਤੇ ਜੋ ਮੁਹੁ ਫਿਰੈ ਤਿਸੁ ਮੁਹਿ ਲਗਣੁ ਵਡੀ ਬਲਾਏ।
੫. ਜੋ ਤਿਸੁ ਮਾਰੈ ਧਰਮ ਹੈ ਮਾਰਿ ਨ ਹੰਘੈ ਆਪੁ ਹਟਾਏ।
੬. ਸੁਆਮਿ ਧ੍ਰੋਹੀ ਅਕਿਰਤਘਣੁ ਬਾਮਣ ਗਊ ਵਿਸਾਹਿ ਮਰਾਏ।
੭. ਬੇਮੁਖ ਲੂੰਅ ਨ ਤੁਲਿ ਤੁਲਾਏ॥ ੨੫॥

ਪਦ ਅਰਥ - ਗੋਪੈ=ਛੁਪਾਵੈ। ਸਉਹਾਂ=ਸਾਹਮਣੇ। ਬਲਾਏ= ਉਪੱਦ੍ਰਵ। ਹੰਘੈ=ਸਕੇ। ਸੁਆਮਿ ਧ੍ਰੋਹੀ=ਮਾਲਕ ਨੂੰ ਮਾਰਨ ਵਾਲਾ। ਵਿਸਾਹਿ=ਭਰੋਸਾ।

ਅਰਥ - ੧. ਲੱਖਾਂ ਨਿਗੁਰੇ ਉਸ ਨਿਗੁਰੇ ਦੇ ਬਰਾਬਰ ਨਹੀਂ, ਜਿਹੜਾ ਨਿਗੁਰਾ ਸਤਿਗੁਰੂ ਦੀ ਸ਼ਰਣ ਵਿਚ ਨਹੀਂ ਆਉਂਦਾ। ੨. ਜਿਹੜਾ ਨਿਗੁਰਾ ਆਪਣੇ ਗੁਰੂ ਨੂੰ ਛੁਪਾਉਂਦਾ ਹੈ (ਭਾਵ ਗੁਰੂ ਤੋਂ ਬੇਮੁਖ ਹੁੰਦਾ ਹੈ) ਉਸ ਨੂੰ ਵੇਖਕੇ ਨਿਗੁਰੇ ਵੀ ਸ਼ਰਮਾਉਂਦੇ ਹਨ। ੩. ਸ਼ੇਰ ਦੇ ਸਾਹਮਣੇ ਜਾਣਾ ਚੰਗਾ ਹੈ, ਪਰ ਗੁਰੂ ਤੋਂ ਬੇਮੁਖ ਦੇ ਸਾਹਮਣੇ ਨਹੀਂ ਜਾਣਾ ਚਾਹੀਦਾ। ੪. ਜਿਹੜਾ ਮਨੁੱਖ ਆਪਣੇ ਗੁਰੂ ਤੋਂ ਮੂੰਹ ਫੇਰ ਲੈਂਦਾ ਹੈ। (ਭਾਵ ਬੇਮੁਖ ਹੋ ਜਾਂਦਾ ਹੈ) ਉਸ ਦੇ ਮੂੰਹ ਲੱਗਣ ਨਾਲ ਵੱਡੇ ਉਪਦ੍ਰਵ ਵਿਆਪਦੇ ਹਨ। ੫. ਉਸ ਦੇ ਇਸ ਬੇਮੁਖ ਸੁਭਾਵ ਨੂੰ ਮਾਰਨਾ ਧਰਮ ਦਾ ਕੰਮ ਹੈ, ਜੋ ਕੋਈ ਐਸਾ ਨਹੀਂ ਕਰ ਸਕਦਾ ਤਾਂ ਉਸਦੀ ਸੰਗਤ ਤੋਂ ਆਪਣੇ ਆਪ ਨੂੰ ਦੂਰ ਰੱਖੇ। ੬. ਮਾਲਕ ਨੂੰ ਮਾਰਨ ਵਾਲੇ, ਕੀਤੇ ਨੂੰ ਨਾ ਜਾਣਨ ਵਾਲੇ, ਬ੍ਰਾਹਮਣ ਤੇ

ਗਊ ਨੂੰ ਮਾਰਨ ਵਾਲੇ ਤੇ ਵਿਸ਼ਵਾਸਘਾਤੀ ਆਦਿ ਪਾਪੀ। ੭. ਬੇਮੁਖ ਦੇ ਇਕ ਰੋਮ ਦੇ ਬਰਾਬਰ ਵੀ ਨਹੀਂ ਪੁੱਜਦੇ॥ ੨੫॥

ਭਾਵ— ਬੇਮੁਖ ਵੱਡੇ ਵੱਡੇ ਪਾਪੀਆਂ ਤੋਂ ਵੀ ਮੰਦਾ ਹੈ ਤੇ ਉਸਦਾ ਕੋਈ ਭਰੋਸਾ ਨਹੀਂ।

੨੬. ਮਾਨਸ ਜਨਮ ਦੁਲੰਭ ਹੈ

੧. ਮਾਣਸ ਦੇਹਿ ਦੁਲੰਭੁ ਹੈ ਜੁਗਹ ਜੁਗੰਤਰਿ ਆਵੈ ਵਾਰੀ।
੨. ਉਤਮੁ ਜਨਮੁ ਦੁਲੰਭੁ ਹੈ ਇਕ ਵਾਕੀ ਕੋੜਮਾ ਵੀਚਾਰੀ।
੩. ਦੇਹਿ ਅਰੋਗ ਦੁਲੰਭੁ ਹੈ ਭਾਗਠੁ ਮਾਤ ਪਿਤਾ ਹਿਤਕਾਰੀ।
੪. ਸਾਧੂ ਸੰਗਿ ਦੁਲੰਭੁ ਹੈ ਗੁਰਮੁਖਿ ਸੁਖ ਫਲੁ ਭਗਤਿ ਪਿਆਰੀ।
੫. ਫਾਥਾ ਮਾਇਆ ਮਹਾਂ ਜਾਲਿ ਪੰਜਿ ਦੂਤ ਜਮਕਾਲੁ ਸੁ ਭਾਰੀ।
੬. ਜਿਉ ਕਰਿ ਸਹਾ ਵਹੀਰ ਵਿਚਿ ਪਰ ਹਥਿ ਪਾਸਾ ਪਉਛਕਿ ਸਾਰੀ।
੭. ਦੂਜੈ ਭਾਇ ਕੁਦਾਇਅੜਿ ਜਮ ਜੰਦਾਰੁ ਸਾਰ ਸਿਰਿ ਮਾਰੀ।
੮. ਆਵੈ ਜਾਇ ਭਵਾਈਐ ਭਵਜਲੁ ਅੰਦਰਿ ਹੋਇ ਖੁਆਰੀ।
੯. ਹਾਰੈ ਜਨਮੁ ਅਮੋਲੁ ਜੁਆਰੀ॥ ੨੬॥

ਪਦ ਅਰਥ - ਇਕ ਵਾਕੀ=ਸੱਚ ਬੋਲਣ ਵਾਲਾ। ਭਾਗਠੁ=ਧਨਵਾਨ। ਸਹਾ=ਸਹਿਆ। ਵਹੀਰ=ਭੀੜ। ਪਉਛਕਿ=ਪੁੱਠੀ।

ਅਰਥ - ੧. ਇਹ ਮਨੁੱਖਾ ਦੇਹ ਦੁਰਲੱਭ ਹੈ, ਕਿਉਂਕਿ ਕਈ ਜੁਗਾਂ ਪਿੱਛੋਂ ਇਸ ਦੀ ਵਾਰੀ ਆਉਂਦੀ ਹੈ। ੨. ਸੱਚ ਬੋਲਣ ਵਾਲੇ (ਭਾਵ ਚੰਗੇ) ਪਰਿਵਾਰ ਵਿਚ ਜਨਮ ਹੋਣਾ ਹੋਰ ਵੀ ਉੱਤਮ ਤੇ ਦੁਰਲੱਭ ਹੈ। ੩. ਦੇਹ ਦਾ ਅਰੋਗ ਹੋਣਾ ਵੀ ਦੁਰਲੱਭ ਹੈ ਤੇ ਮਾਤਾ ਪਿਤਾ ਦਾ ਧਨਵਾਨ ਤੇ ਹਿੱਤਕਾਰੀ ਹੋਣਾ ਵੀ ਦੁਰਲੱਭ ਹੈ। ੪. ਸਾਧਸੰਗਤ ਦਾ ਮੇਲ ਹੋਣਾ ਵੀ ਦੁਰਲੱਭ ਹੈ, ਗੁਰਮੁਖ ਸੱਜਣ ਸੁਖ ਫਲ ਦਾਤੀ ਭਗਤੀ ਨੂੰ ਪਿਆਰੀ ਜਾਣਦੇ ਹਨ। ੫. (ਪਰ ਆਮ ਮਨੁੱਖ ਦੀ ਦਸ਼ਾ ਇਹ ਹੈ ਕਿ ਉਹ) ਮਾਇਆ ਦੇ ਜਾਲ ਤੇ ਕਾਮ ਕ੍ਰੋਧ ਆਦਿ ਪੰਜਾਂ ਦੂਤਾਂ ਵਿਚ ਫਸਿਆ ਜਨਮ ਮਰਨ ਦੇ ਕਸ਼ਟ ਸਹਿੰਦਾ ਹੈ। ੬. ਜਿਵੇਂ ਸਹਿਆ ਸ਼ਿਕਾਰੀਆਂ ਦੇ ਵਹੀਰ ਵਿਚ ਫਸਿਆ ਦੁਖੀ ਹੁੰਦਾ ਹੈ ਜਾਂ ਬਾਜ਼ੀ ਪੁੱਠੀ ਪੈ ਜਾਂਦੀ ਹੈ। ੭. ਦੂਜੇ ਭਾਉ ਦੇ ਕੁਦਾਉ ਵਿਚ ਫਸ ਕੇ ਜਮ ਦਾ ਡੰਡਾ ਸਿਰ 'ਤੇ ਵੱਜਦਾ ਹੈ। ੮. ਦ੍ਵੈਤ ਭਾਵਨਾ ਵਿਚ ਫਸਦੇ ਤੇ ਜਨਮ ਮਰਨ ਦੇ ਚੱਕਰ ਵਿਚ ਮਨਮੁਖ ਨੂੰ ਭੁਆਇਆ ਜਾਂਦਾ ਹੈ ਤੇ ਇਸ ਸੰਸਾਰ ਵਿਚ ਜੀਵ ਦੀ ਖੁਆਰੀ ਹੁੰਦੀ ਹੈ। ੯. (ਕਈ ਜੁਗਾਂ ਪਿੱਛੋਂ ਮਿਲੀ ਇਹ) ਅਮੋਲਕ ਜਨਮ ਦੀ ਬਾਜ਼ੀ ਮਨਮੁਖ ਜੁਆਰੀਆਂ ਵਾਂਗੂੰ ਹਾਰ ਬੈਠਦਾ ਹੈ॥ ੨੬॥

੨੭. ਗੁਰਮੁਖ ਜੀਵਨ-ਬਾਜੀ ਜਿੱਤ ਕੇ ਜਾਂਦੇ ਹਨ

੧. ਇਹੁ ਜਗੁ ਚਉਪੜਿ ਖੇਲੁ ਹੈ ਆਵਾ ਗਉਣ ਭਉਜਲ ਸੈਂਸਾਰੇ।
੨. ਗੁਰਮੁਖਿ ਜੋੜਾ ਸਾਧਸੰਗਿ ਪੂਰਾ ਸਤਿਗੁਰੁ ਪਾਰਿ ਉਤਾਰੇ।
੩. ਲਗਿ ਜਾਇ ਸੋ ਪੁਗਿ ਜਾਇ ਗੁਰ ਪਰਸਾਦੀ ਪੰਜਿ ਨਿਵਾਰੇ।
੪. ਗੁਰਮੁਖਿ ਸਹਜਿ ਸੁਭਾਉ ਹੈ ਆਪਹੁੰ ਬੁਰਾ ਨ ਕਿਸੈ ਵਿਚਾਰੇ।
੫. ਸਬਦ ਸੁਰਤਿ ਲਿਵ ਸਾਵਧਾਨ ਗੁਰਮੁਖਿ ਪੰਥ ਚਲੈ ਪਗੁ ਧਾਰੇ।
੬. ਲੋਕ ਵੇਦ ਗੁਰੁ ਗਿਆਨ ਮਤਿ ਭਾਇ ਭਗਤਿ ਗੁਰੁ ਸਿਖ ਪਿਆਰੇ।
੭. ਨਿਜ ਘਰਿ ਜਾਇ ਵਸੈ ਗੁਰੁ ਦੁਆਰੇ॥੨੭॥

ਪਦ ਅਰਥ - ਲਗਿ ਜਾਇ=ਦਾਅ ਲੱਗਣਾ। ਪੁਗਿ=ਪੁੱਗ ਜਾਣਾ।

ਅਰਥ - ੧. ਇਹ ਸੰਸਾਰ ਚਉਪੜ ਦੀ ਖੇਡ ਵਾਂਗੂੰ ਹੈ। ਸੰਸਾਰ ਸਮੁੰਦਰ ਵਿਚ ਆਵਾਗਵਨ ਦੀ ਬਾਜ਼ੀ ਵਿਛੀ ਹੋਈ ਹੈ ਤੇ (ਜੀਵ ਚੁਰਾਸੀ ਲੱਖ ਜੂਨਾਂ ਵਿਚ ਨਰਦਾਂ ਵਾਂਗੂੰ ਫਿਰ ਰਹੇ ਹਨ)। ੨. ਜਿਹੜਾ ਗੁਰਮੁਖ ਸਾਧ ਸੰਗਤ ਨਾਲ ਮਿਲ ਕੇ ਜੋੜਾ ਹੋਇਆ ਹੈ, ਪੂਰਾ ਸਤਿਗੁਰੂ ਉਸ ਦਾ ਪਾਰ ਉਤਾਰਾ ਕਰ ਦਿੰਦਾ ਹੈ। ੩. ਜਿਹੜਾ ਜੀਵ ਸਤਿਗੁਰਾਂ ਦੀ ਚਰਣੀਂ ਜਾ ਲਗਦਾ ਹੈ, ਉਹ ਪੁੱਗ ਜਾਂਦਾ ਹੈ (ਭਾਵ ਪੂਰਨ ਹੋ ਜਾਂਦਾ ਹੈ), ਸਤਿਗੁਰਾਂ ਦੀ ਕਿਰਪਾ ਨਾਲ ਉਸ ਦੇ ਪੰਜੇ ਦੂਤ (ਕਾਮ, ਕ੍ਰੋਧ ਆਦਿ) ਨਾਸ ਹੋ ਜਾਂਦੇ ਹਨ। ੪. ਗੁਰਮੁਖ ਦਾ ਸੁਭਾਉ ਸ਼ਾਂਤੀ ਵਾਲਾ ਹੋ ਜਾਂਦਾ ਹੈ ਤੇ ਉਹ ਆਪਣੇ ਤੋਂ ਬੁਰਾ ਕਿਸੇ ਨੂੰ ਨਹੀਂ ਜਾਣਦਾ। ੫. (ਉਹ ਗੁਰਮੁਖ) ਸ਼ਬਦ ਦੀ ਤਾਰ ਵਿਚ ਸਾਵਧਾਨ ਹੋ ਕੇ ਗੁਰਮੁਖਾਂ ਦੇ ਮਾਰਗ ਉਤੇ ਬੁੱਧੀ ਰੂਪੀ ਪੈਰ ਟਿਕਾ ਕੇ ਚਲਦਾ ਹੈ। ੬. (ਉਹ) ਲੋਕ, ਧਰਮ ਗ੍ਰੰਥ, ਗੁਰੂ ਦੀ ਮੱਤ ਅਨੁਸਾਰ ਗੁਰਸਿੱਖਾਂ ਨਾਲ ਮਿਲ ਕੇ ਪ੍ਰੇਮਾ-ਭਗਤੀ ਕਰਦਾ ਹੈ। ੭. (ਇਸ ਤਰ੍ਹਾਂ) ਉਹ ਗੁਰਸਿੱਖ ਗੁਰੂ ਦੇ ਵਸੀਲੇ ਨਾਲ ਆਪਣੇ ਨਿੱਜ ਸਰੂਪ ਵਿਚ ਜਾ ਵਸਦਾ ਹੈ॥੨੭॥

ਭਾਵ—ਜਿਸ ਤਰ੍ਹਾਂ ਚਉਪੜ ਦੀ ਖੇਡ ਵਿਚ ਜੋੜਾ ਹੋਈ ਨਰਦ ਨੂੰ ਕੋਈ ਨਹੀਂ ਮਾਰ ਸਕਦਾ, ਇਸੇ ਤਰ੍ਹਾਂ ਜਿਹੜਾ ਸਿੱਖ ਸਤਿਗੁਰੂ ਨਾਲ ਮਿਲ ਗਿਆ ਹੈ, ਉਹ ਜਮਾਂ ਦੀ ਮਾਰ ਨਹੀਂ ਖਾਂਦਾ ਤੇ ਇਸ ਜਨਮ ਰੂਪੀ ਬਾਜ਼ੀ ਨੂੰ ਜਿੱਤ ਕੇ ਜਾਂਦਾ ਹੈ।

੨੮. ਅੰਨ੍ਹਾ ਆਗੂ ਸਾਰੇ ਸਾਥ ਨੂੰ ਲੁਟਾਉਂਦਾ ਹੈ

੧. ਵਾਸ ਸੁਗੰਧਿ ਨ ਹੋਵਈ ਚਰਣੋਦਕ ਬਾਵਨ ਬੋਹਾਇ।
੨. ਕਚਹੁ ਕੰਚਨ ਨ ਥੀਐ ਕਚਹੁੰ ਕੰਚਨ ਪਾਰਸ ਲਾਇ।

੩. ਨਿਹਫਲੁ ਸਿੰਮਲੁ ਜਾਣੀਐ ਅਫਲੁ ਸਫਲੁ ਕਰਿ ਸਭ ਫਲੁ ਪਾਏ।
੪. ਕਾਉਂ ਨ ਹੋਵਨਿ ਉਜਲੇ ਕਾਲੀ ਹੂੰ ਧਉਲੇ ਸਿਰਿ ਆਏ।
੫. ਕਾਗਹੁ ਹੰਸ ਹੁਇ ਪਰਮ ਹੰਸੁ ਨਿਰਮੋਲਕੁ ਮੋਤੀ ਚੁਣਿ ਖਾਏ।
੬. ਪਸੂ ਪਰੇਤਹੁੰ ਦੇਵ ਕਰਿ ਸਾਧ ਸੰਗਤਿ ਗੁਰੁ ਸਬਦਿ ਕਮਾਏ।
੭. ਤਿਸ ਗੁਰੁ ਸਾਰ ਨ ਜਾਤੀਆ ਦੁਰਮਤਿ ਦੂਜਾ ਭਾਇ ਭੁਲਾਏ।
੮. ਅੰਨਾ ਆਗੂ ਸਾਥੁ ਮੁਹਾਏ ॥੨੮॥

ਪਦ ਅਰਥ - ਬਾਵਨ=ਉੱਤਮ ਚੰਦਨ। ਬੋਹਾਏ=ਸੁਗੰਧੀ ਵਾਲਾ ਕਰ ਦਿੰਦਾ ਹੈ। ਸਾਰ=ਖਬਰ। ਮੁਹਾਏ=ਲੁਟਾਉਂਦਾ ਹੈ।

ਅਰਥ - ੧. ਵਾਂਸ ਵਿਚ ਸੁਗੰਧੀ ਨਹੀਂ ਹੁੰਦੀ (ਪਰ) ਸਤਿਗੁਰੂ ਦੇ ਚਰਣਾਂ ਦਾ ਜਲ ਰੂਪੀ ਬਾਵਨ ਚੰਦਨ ਵਾਂਸ ਰੂਪੀ ਸਾਕਤਾਂ ਅੰਦਰ ਭਗਤੀ ਰੂਪੀ ਸੁਗੰਧੀ ਮਹਿਕਾ ਦਿੰਦਾ ਹੈ। ੨. ਕੱਚ ਤੋਂ ਸੋਨਾ ਨਹੀਂ ਬਣਦਾ, (ਪਰ) ਸਤਿਗੁਰੂ ਪਾਰਸ ਨਾਲ ਛੁਹਿਆਂ ਕੱਚ ਰੂਪੀ ਸਾਕਤ ਵੀ ਸੋਨਾ (ਗੁਰਮੁਖ) ਹੋ ਜਾਂਦਾ ਹੈ। ੩. ਸਿੰਮਲ ਦਾ ਬ੍ਰਿਛ ਨਿਹਫਲ ਹੁੰਦਾ ਹੈ, ਪਰ ਸਤਿਗੁਰੂ ਰੂਪੀ ਚੰਦਨ ਨਾਲ ਮਿਲ ਕੇ ਉਹ ਅਫਲੋਂ ਫਲ ਵਾਲਾ ਹੋ ਜਾਂਦਾ ਹੈ ਤੇ ਸਾਰੇ ਫਲ (ਧਰਮ, ਅਰਥ, ਕਾਮ, ਮੋਖ) ਪ੍ਰਾਪਤ ਕਰ ਲੈਂਦਾ ਹੈ। ੪. ਕਾਉਂ ਕਾਲਿਆਂ ਤੋਂ ਕਦੇ ਚਿੱਟੇ ਨਹੀਂ ਹੁੰਦੇ, ਭਾਵੇਂ ਕਾਲਿਆਂ ਵਾਲਾਂ ਤੋਂ ਧਉਲੇ ਆ ਜਾਣ। ੫. (ਪਰ) ਸਤਿਗੁਰਾਂ ਨੂੰ ਮਿਲ ਕੇ ਕਾਵਾਂ ਵਰਗੇ ਸਾਕਤ ਪੁਰਸ਼ ਵੀ ਪਰਮ ਹੰਸ ਹੋ ਜਾਂਦੇ ਹਨ ਤੇ ਸਤਿਸੰਗ ਰੂਪੀ ਮਾਨ ਸਰੋਵਰ ਦੇ ਸ਼ੁਭ ਗੁਣਾਂ ਰੂਪੀ ਮੋਤੀ ਚੁਣ ਚੁਣ ਕੇ ਖਾਂਦੇ ਹਨ। ੬. ਸਤਿਗੁਰੂ ਪਸ਼ੂਆਂ ਤੇ ਪ੍ਰੇਤਾਂ ਨੂੰ ਦੇਵਤੇ ਬਣਾ ਦਿੰਦੇ ਹਨ ਤੇ ਉਹ ਫਿਰ ਸਤਿਸੰਗਤ ਵਿਚ ਮਿਲ ਕੇ ਗੁਰੂ ਦੇ ਉਪਦੇਸ਼ ਦਾ ਅਭਿਆਸ ਕਰਦੇ ਹਨ। ੭. (ਹੇ ਮਨਮੁਖ!) ਤੂੰ ਐਸੇ ਮਹਾਨ ਸਤਿਗੁਰੂ ਦੀ ਸਾਰ ਨਹੀਂ ਜਾਣੀ ਤੇ ਖੋਟੀ ਮੱਤ ਕਰਕੇ ਦੂਜੇ ਭਾਵ ਵਿਚ ਭੁੱਲ ਰਿਹਾ ਹੈ। ੮. (ਤੇਰੇ ਵਰਗਾ) ਅੰਨ੍ਹਾ ਆਗੂ ਸਾਰੇ ਸਾਥ ਨੂੰ ਹੀ ਲੁਟਾ ਦਿੰਦਾ ਹੈ॥ ੨੮॥

੨੯. ਨਿਮ੍ਰਤਾ ਵਾਲਾ ਉਪਦੇਸ਼

੧. ਮੈ ਜੇਹਾ ਨ ਅਕਿਰਤਿਘਣੁ ਹੈ ਭਿ ਨ ਹੋਆ ਹੋਵਣਿਹਾਰਾ।
੨. ਮੈ ਜੇਹਾ ਨ ਹਰਾਮਖੋਰੁ ਹੋਰੁ ਨ ਕੋਈ ਅਵਗੁਣਿਆਰਾ।
੩. ਮੈ ਜੇਹਾ ਨਿੰਦਕੁ ਨ ਕੋਇ ਗੁਰੁ ਨਿੰਦਾ ਸਿਰਿ ਬਜਰੁ ਭਾਰਾ।
੪. ਮੈ ਜੇਹਾ ਬੇਮੁਖੁ ਨ ਕੋਇ ਸਤਿਗੁਰੁ ਤੇ ਬੇਮੁਖ ਹਤਿਆਰਾ।
੫. ਮੈ ਜੇਹਾ ਕੋ ਦੁਸਟ ਨਾਹਿ ਨਿਰਵੈਰੈ ਸਿਉ ਵੈਰ ਵਿਕਾਰਾ।
੬. ਮੈ ਜੇਹਾ ਨ ਵਿਸਾਹੁ ਧ੍ਰੋਹੁ ਬਗਲ ਸਮਾਧੀ ਮੀਨ ਅਹਾਰਾ।

੭. ਬਜਰੁ ਲੇਪੁ ਨ ਉਤਰੈ ਪਿੰਡੁ ਅਪਰਚੇ ਅਉਚਰਿ ਚਾਰਾ।
੮. ਮੈ ਜੇਹਾ ਨ ਦੁਬਾਜਰਾ ਤਜਿ ਗੁਰਮਤਿ ਦੁਰਮਤਿ ਹਿਤਕਾਰਾ।
੯. ਨਾਉ ਮੁਰੀਦ ਨ ਸਬਦਿ ਵੀਚਾਰਾ॥ ੨੯॥

ਪਦ ਅਰਥ - ਹਰਾਮਖੋਰੁ=ਹਰਾਮ ਖਾਣ ਵਾਲਾ। ਵਿਸਾਹੁ ਧ੍ਰੋਹੁ=ਵਿਸ਼ਵਾਸਘਾਤੀ। ਮੀਨ ਅਹਾਰਾ=ਮੱਛੀਆਂ ਖਾਣ ਵਾਲਾ ਬਗਲਾ। ਪਿੰਡੁ=ਦੇਹ। ਅਪਰਚੇ=ਪ੍ਰੇਮ ਤੋਂ ਬਿਨਾਂ।

(ਅਗਲੀਆਂ ਦੋ ਪਉੜੀਆਂ ਵਿਚ ਭਾਈ ਸਾਹਿਬ ਆਪਣੀ ਨਿਮ੍ਰਤਾ ਦੱਸਦੇ ਹਨ:—)

ਅਰਥ - ੧. ਮੈਂ ਇਹੋ ਜਿਹਾ ਅਕ੍ਰਿਤਘਣ ਹਾਂ, ਜਿਸ ਵਰਗਾ ਅੱਗੇ ਨਾ ਕੋਈ ਹੋਇਆ ਹੈ, ਨਾ ਹੈ ਤੇ ਨਾ ਕੋਈ ਅੱਗੋਂ ਹੋਵੇਗਾ। ੨. ਮੇਰੇ ਜਿਹਾ ਨਾ ਕੋਈ ਹਰਾਮਖੋਰ ਹੈ ਤੇ ਨਾ ਹੀ ਮੇਰੇ ਵਰਗਾ ਕੋਈ ਔਗੁਣਹਾਰਾ ਹੈ। ੩. ਮੇਰੇ ਜਿਹਾ ਨਿੰਦਕ ਵੀ ਕੋਈ ਨਹੀਂ, ਜਿਸ ਨੇ ਗੁਰੂ ਦੀ ਨਿੰਦਾ ਦਾ ਭਾਰੀ ਭਾਰ ਆਪਣੇ ਸਿਰ 'ਤੇ ਚੁੱਕਿਆ ਹੋਇਆ ਹੈ। ੪. ਮੇਰੇ ਵਰਗਾ ਬੇਮੁਖ ਵੀ ਕੋਈ ਨਹੀਂ, ਜੋ ਸਤਿਗੁਰੂ ਤੋਂ ਬੇਮੁਖ ਤੇ ਹਤਿਆਰਾ ਹੈ। ੫. ਮੇਰੇ ਜਿਹਾ ਦੁਸ਼ਟ ਵੀ ਕੋਈ ਨਹੀਂ, ਕਿਉਂਕਿ ਮੈਂ ਨਿਰਵੈਰਾਂ ਨਾਲ ਵੈਰ ਵਿਰੋਧ ਕਰਦਾ ਹਾਂ। ੬. ਮੇਰੇ ਵਰਗਾ ਵਿਸ਼ਵਾਸਘਾਤੀ ਵੀ ਕੋਈ ਨਹੀਂ ਕਿਉਂਕਿ ਮੈਂ ਬਗਲੇ ਵਾਂਗੂੰ ਸਮਾਧੀਆਂ ਲਾ ਕੇ ਮੱਛੀਆਂ ਖਾਣ ਵਾਲਾ ਹਾਂ। ੭. ਮੇਰੇ ਸਿਰ ਤੋਂ ਭਾਰੀ ਪਾਪਾਂ ਦਾ ਭਾਰ ਨਹੀਂ ਉਤਰੇਗਾ, ਕਿਉਂਕਿ ਮੈਂ ਪ੍ਰੇਮ-ਹੀਣ ਤੇ ਪੂਜਾ ਦਾ ਧਨ ਖਾਣ ਵਾਲੇ ਮਨੁੱਖਾਂ ਨਾਲ ਖਾਣ ਪੀਣ ਕਰਦਾ ਰਹਿੰਦਾ ਹਾਂ। ੮. ਮੇਰੇ ਜਿਹਾ ਦੁਬਾਜਰਾ ਵੀ ਕੋਈ ਨਹੀਂ, ਕਿਉਂਕਿ ਮੈਂ ਗੁਰੂ ਦੀ ਸਿੱਖਿਆ ਤਿਆਗਕੇ ਦੁਰਮਤਿ (ਖੋਟੀ ਮਤ) ਨਾਲ ਹਿੱਤ ਕਰਦਾ ਹਾਂ। ੯. ਨਾਮ ਕਰਕੇ ਤਾਂ ਮੈਂ ਗੁਰੂ ਦਾ ਸਿੱਖ ਹਾਂ, ਪਰ ਗੁਰੂ ਦੇ ਸ਼ਬਦ ਦੀ ਵਿਚਾਰ ਮੈਂ ਕਦੀ ਵੀ ਨਹੀਂ ਕਰਦਾ॥ ੨੯॥

੩੦. ਸੰਸਾਰ ਵਿਚ ਮੇਰੇ ਵਰਗਾ ਬੁਰਾ ਕੋਈ ਨਹੀਂ

੧. ਬੇਮੁਖ ਹੋਵਨਿ ਬੇਮੁਖਾਂ ਮੈ ਜੇਹੇ ਬੇਮੁਖਿ ਮੁਖਿ ਡਿਠੇ।
੨. ਬਜਰ ਪਾਪਾਂ ਬਜਰ ਪਾਪ ਮੈ ਜੇਹੇ ਕਰਿ ਵੈਰੀ ਇਠੇ।
੩. ਕਰਿ ਕਰਿ ਸਿਠਾਂ ਬੇਮੁਖਾਂ ਆਪਹੁੰ ਬੁਰੇ ਜਾਨਿ ਕੈ ਸਿਠੇ।
੪. ਲਿਖ ਨ ਸਕਨਿ ਚਿਤ੍ਰ ਗੁਪਤਿ ਸਤ ਸਮੁੰਦ ਸਮਾਵਨਿ ਚਿਠੇ।
੫. ਚਿਠੀ ਹੂੰ ਤੂਮਾਰ ਲਿਖਿ ਲਖ ਲਖ ਇਕਦੂੰ ਇਕ ਦੁਪਿਠੇ।
੬. ਕਰਿ ਕਰਿ ਸਾਂਗ ਹੁਰੇਹਿਆਂ ਹੁਇ ਮਸਕਰਾ ਸਭਾ ਸਭਿ ਰਿਠੇ।
੭. ਮੈਥਹੁ ਬੁਰਾ ਨ ਕੋਇ ਸਰਿਠੇ॥ ੩੦॥

ਪਦ ਅਰਥ - ਇਠੇ=ਪਿਆਰੇ। ਸਿਠਾਂ=ਸਿੱਠਣੀਆਂ। ਸਿਠੇ=ਨਿੰਦੇ। ਤੂਮਾਰ=ਲੰਮੀ ਕਹਾਣੀ। ਦੁਪਿਠੇ=ਦੂਣੇ। ਸਰਿਠੇ=ਸੰਸਾਰ ਵਿਚ।

ਅਰਥ - ੧. ਮੇਰੇ ਵਰਗੇ ਬੇਮੁਖ ਦਾ ਮੂੰਹ ਵੇਖਣ ਵੱਲੋਂ ਬੇਮੁਖ ਵੀ ਬੇਮੁਖ ਹੁੰਦੇ ਹਨ (ਭਾਵ ਵੱਡੇ ਪਾਪੀ ਵੀ ਮੈਨੂੰ ਵੇਖਣਾ ਨਹੀਂ ਚਾਹੁੰਦੇ)। ੨. ਵੱਡੇ ਤੋਂ ਵੱਡੇ ਪਾਪਾਂ ਨੂੰ ਮੇਰੇ ਵਰਗੇ ਪਾਪੀਆਂ ਨੇ ਪਿਆਰੇ ਕਰਕੇ ਜਾਣਿਆਂ ਹੈ। ੩. ਮੈਂ ਬੇਮੁਖਾਂ ਦੀ ਸਿਠਾਂ (ਨਿੰਦਿਆ) ਕਰਕੇ ਖੁਸ਼ ਹੁੰਦਾ ਹਾਂ ਤੇ ਆਪਣੇ ਨਾਲੋਂ ਬੁਰੇ ਜਾਣ ਕੇ ਉਹਨਾਂ ਦੀ ਨਿੰਦਾ ਕਰਦਾ ਹਾਂ। ੪. (ਮੇਰੇ ਪਾਪਾਂ ਦੇ ਲੇਖੇ ਨੂੰ) ਚਿਤ੍ਰ ਗੁਪਤ ਵੀ ਨਹੀਂ ਲਿਖ ਸਕਦੇ। ਮੇਰੇ ਹਿਸਾਬ ਦੇ ਚਿੱਠੇ ਵਿਚ ਸੱਤ ਸਮੁੰਦਰ ਸਮਾ ਜਾਂਦੇ ਹਨ। ੫. ਇਕ ਚਿੱਠੀ ਲਿਖਣ ਦੀ ਜਗ੍ਹਾ ਲੰਮੀ ਕਹਾਣੀ ਹੋ ਜਾਂਦੀ ਹੈ। ਫਿਰ ਇਕ ਤੋਂ ਵਧ ਕੇ ਲੱਖਾਂ ਤਕ ਲੇਖਾ ਬਣ ਜਾਂਦਾ ਹੈ (ਮੇਰੇ ਲੇਖਾਂ ਦਾ ਫਿਰ ਵੀ ਅੰਤ ਨਹੀਂ ਆਉਂਦਾ)। ੬. ਮੈਂ ਬੇਮੁਖਾਂ ਦਾ ਸਾਂਗ ਧਾਰ ਧਾਰ ਕੇ ਮਸਖਰਾ ਹੋ ਕੇ ਉਹਨਾਂ ਨੂੰ ਸਾਰੀਆਂ ਸਭਾਵਾਂ ਵਿਚ ਠਿੱਠ ਕਰਦਾ ਰਿਹਾ ਹਾਂ। ੭. (ਇਸ ਲਈ) ਇਸ ਸੰਸਾਰ ਵਿਚ ਮੇਰੇ ਜਿਹਾ ਬੁਰਾ ਕੋਈ ਨਹੀਂ॥ ੩੦॥

ਭਾਵ—ਭਾਈ ਸਾਹਿਬ ਜੀ ਨੇ ਇਹਨਾਂ ਪਉੜੀਆਂ ਵਿਚ ਗੁਰਸਿੱਖਾਂ ਨੂੰ ਨਿਮ੍ਰਤਾ ਦਾ ਉਪਦੇਸ਼ ਦਿੱਤਾ ਹੈ ਤੇ ਦੱਸਿਆ ਹੈ ਕਿ ਨਿਮ੍ਰਤਾ ਵਾਲਾ ਸਿੱਖ ਹੀ ਆਪਣੀ ਅਸਲੀ ਮੰਜ਼ਲ 'ਤੇ ਪੁੱਜਦਾ ਹੈ।

ਨੋਟ—ਇਕ ਵਾਰੀ ਕਾਂਸ਼ੀ ਦੇ ਪੰਡਿਤਾਂ ਨੇ ਭਾਈ ਗੁਰਦਾਸ ਜੀ ਨੂੰ ਮਿਹਣਾ ਮਾਰ ਕੇ ਕਿਹਾ ਸੀ ਕਿ ਤੁਹਾਡੀ ਸਿੱਖ ਸੰਪ੍ਰਦਾਇ ਵਿਚ ਕੁੱਤੇ ਮਿਰਾਸੀਆਂ ਨੂੰ ਕੋਲ ਬਿਠਾਕੇ ਸਿੱਖ ਅਰਦਾਸਾਂ ਦਿੰਦੇ ਹਨ। ਕੀ ਇਹ ਚੰਗੀ ਗੱਲ ਹੈ ? ਭਾਈ ਸਾਹਿਬ ਜੀ ਨੇ ਅਗਲੀ ਪਉੜੀ ਵਿਚ ਇਸ ਦਾ ਉੱਤਰ ਦਿੱਤਾ ਹੈ:—

੩੧. ਸਤਿਗੁਰੂ ਜੀ ਪਤਿਤਾਂ ਨੂੰ ਤਾਰਦੇ ਹਨ

੧. ਲੈਲੀ ਦੀ ਦਰਗਾਹ ਦਾ ਕੁਤਾ ਮਜਨੂੰ ਦੇਖਿ ਲੁਭਾਣਾ।
੨. ਕੁਤੇ ਦੀ ਪੈਰੀ ਪਵੈ ਹੜਿ ਹੜਿ ਹਸੈ ਲੋਕ ਵਿਡਾਣਾ।
੩. ਮੀਰਾਸੀ ਮੀਰਾਸੀਆਂ ਨਾਮ ਧਰੀਕੁ ਮੁਰੀਦੁ ਬਿਬਾਣਾ।
੪. ਕੁਤਾ ਡੂਮ ਵਖਾਣੀਐ ਕੁਤਾ ਵਿਚਿ ਕੁਤਿਆਂ ਨਿਮਾਣਾ।
੫. ਗੁਰਸਿਖ ਆਸਕੁ ਸਬਦ ਦੇ ਕੁਤੇ ਦਾ ਪੜਕੁਤਾ ਭਾਣਾ।
੬. ਕਟਣੁ ਚਟਣੁ ਕੁਤਿਆਂ ਮੋਹੁ ਨ ਧੋਹੁ ਧ੍ਰਿਗਸਟੁ ਕਮਾਣਾ।
੭. ਅਵਗੁਣਿਆਰੇ ਗੁਣੁ ਕਰਨਿ ਗੁਰਮੁਖਿ ਸਾਧਸੰਗਤਿ ਕੁਰਬਾਣਾ।
੮. ਪਤਿਤ ਉਧਾਰਣੁ ਬਿਰਦੁ ਵਖਾਣਾ॥ ੩੧॥ ੩੭॥

ਪਦ ਅਰਥ - ਦਰਗਾਹ=ਕਚਹਿਰੀ। ਲੁਭਾਣਾ=ਖੁਸ਼ ਹੋਇਆ। ਹੜਿ ਹੜਿ=ਖਿੜ ਖਿੜ। ਨਾਮ ਧਰੀਕੁ=ਨਾਮ ਮਾਤ੍ਰ। ਬਿਬਾਣਾ=ਬਾਬੇ ਦਾ। ਪੜਕੁਤਾ=ਨੀਵਾਂ ਕੁੱਤਾ।

ਅਰਥ - ੧. ਲੈਲੀ ਦੀ ਦਰਗਾਹ ਦਾ ਕੁੱਤਾ ਵੇਖਕੇ ਮਜਨੂੰ ਬੜਾ ਪ੍ਰਸੰਨ ਹੋਇਆ। ੨. ਉਹ ਕੁੱਤੇ ਦੀ ਪੈਰੀਂ ਪਿਆ (ਤੇ ਪਿਆਰ ਕੀਤਾ) ਲੋਕ ਉਸ ਦਾ ਇਹ ਕਰਤੱਵ ਵੇਖ ਕੇ ਅਸਚਰਜ ਹੋ ਕੇ ਖਿੜ

ਖਿੜ ਕੇ ਹੱਸੇ। ੩. ਮਿਰਾਸੀਆਂ ਵਿਚੋਂ (ਮਰਦਾਨਾ) ਮਿਰਾਸੀ ਬਾਬੇ (ਨਾਨਕ) ਜੀ ਦਾ ਨਾਮਧ੍ਰੀਕ ਮੁਰੀਦ ਸੀ। ੪. ਲੋਕ (ਮਰਦਾਨੇ) ਨੂੰ ਕੁੱਤਾ ਡੂੰਮ ਆਖਦੇ ਸਨ। ਉਹ ਕੁੱਤਿਆਂ ਵਿਚ ਵੀ ਨਿਮਾਣਾ ਕੁੱਤਾ ਬਣ ਕੇ ਰਹਿੰਦਾ ਸੀ, ਕਿਉਂਕਿ ਉਸ ਦੀ ਬਿਰਾਦਰੀ ਵਾਲਿਆਂ ਨੇ ਉਸ ਨੂੰ ਆਪਣੇ ਵਿਚੋਂ ਛੇਕ ਦਿੱਤਾ ਸੀ ਤੇ ਉਸ ਨੂੰ ਕਾਫਰ ਕਹਿੰਦੇ ਸਨ। ੫. (ਪਰ) ਗੁਰੂ ਦੇ ਸਿੱਖ ਗੁਰੂ ਦੇ ਸ਼ਬਦ ਦੇ ਪ੍ਰੇਮੀ ਸਨ। ਉਹਨਾਂ ਨੂੰ ਕੁੱਤਿਆਂ ਦਾ ਪੜਕੁੱਤਾ (ਨੀਵਾਂ ਕੁੱਤਾ) ਹੀ ਚੰਗਾ ਲੱਗਾ। (ਗੁਰੂ ਦੇ ਸਿੱਖ ਭਾਈ ਮਰਦਾਨੇ ਦਾ ਸਤਿਕਾਰ ਕਰਦੇ ਸਨ, ਕਿਉਂਕਿ ਉਹ ਗੁਰੂ ਦੇ ਦਰਬਾਰ ਦਾ ਰਬਾਬੀ ਸੀ)। ੬. ਕੱਟਣਾ ਤੇ ਚੱਟਣਾ ਕੁੱਤਿਆਂ ਦਾ ਕੰਮ ਹੁੰਦਾ ਹੈ। (ਗੁੱਸੇ ਵਿਚ ਆਕੇ ਕੁੱਤੇ ਕੱਟਦੇ ਹਨ ਤੇ ਮੋਹ ਵਿਚ ਆਏ ਚੱਟਦੇ ਹਨ)। ਇਸ ਲਈ ਕੁੱਤਿਆਂ ਦਾ ਕੰਮ ਧ੍ਰਿਗ ਹੈ। (ਸਤਿਗੁਰੂ ਜੀ ਧੰਨ ਹਨ, ਜੋ ਇਹਨਾਂ ਕੁੱਤਿਆਂ ਨੂੰ ਭੀ ਤਾਰਦੇ ਹਨ)। ੭. (ਸਤਿਗੁਰੂ ਜੀ) ਨਿਰਗੁਣਿਆਂ 'ਤੇ ਉਪਕਾਰ ਕਰਦੇ ਹਨ। ਮੈਂ ਗੁਰਮੁਖਾਂ ਦੀ ਸਾਧ ਸੰਗਤ ਤੋਂ ਕੁਰਬਾਨ ਹਾਂ। ੮. ਸਾਧ ਸੰਗਤ ਦਾ ਬਿਰਦ ਪਤਿਤ ਉਧਾਰਨ ਕਿਹਾ ਜਾਂਦਾ ਹੈ॥ ੩੧॥ ੩੭॥

ਭਾਵ— ਜਿਸ (ਮਰਦਾਨੇ) ਨੂੰ ਮੂਰਖ ਲੋਕ ਕੁੱਤਾ ਆਖਦੇ ਸਨ, ਉਸ ਨਾਲ ਸਤਿਗੁਰੂ ਜੀ ਦੇ ਸਿੱਖ ਪਿਆਰ ਕਰਦੇ ਸਨ ਤੇ ਗੁਰੂ ਘਰ ਦਾ ਕੀਰਤਨੀਆਂ ਹੋਣ ਕਰਕੇ ਉਸ ਦਾ ਸਤਿਕਾਰ ਕਰਦੇ ਸਨ। ਧੁਨੀ ਇਹ ਹੈ ਕਿ ਜਿਸ ਤਰ੍ਹਾਂ ਨੀਚ ਮਿਰਾਸੀ ਨੂੰ ਸਤਿਗੁਰੂ ਜੀ ਨੇ ਆਪਣੀ ਸੰਗਤ ਵਿਚ ਮੇਲ ਕੇ ਤਾਰ ਦਿੱਤਾ ਸੀ, ਇਸੇ ਤਰ੍ਹਾਂ ਮੇਰੇ 'ਤੇ ਵੀ ਕਿਰਪਾ ਕਰਕੇ ਮੇਰਾ ਉਧਾਰ ਕਰਨਗੇ।

ਵਾਰ ੩੮

ੴ ਸਤਿਗੁਰ ਪ੍ਰਸਾਦਿ॥

੧. ਗੁਰਸਿੱਖਾਂ ਨੂੰ ਕੋਈ ਵਿਕਾਰ ਨਹੀਂ ਪੋਂਹਦਾ

੧. ਕਾਮ ਲਖ ਕਰਿ ਕਾਮਨਾ ਬਹੁ ਰੂਪੀ ਸੋਹੈ।
੨. ਲਖ ਕਰੋਧ ਕਰੋਧ ਕਰਿ ਦੁਸਮਨ ਹੋਇ ਜੋਹੈ।
੩. ਲਖ ਲੋਭ ਲਖ ਲਖਮੀ ਹੋਇ ਧੋਹਣ ਧੋਹੈ।
੪. ਮਾਇਆ ਮੋਹਿ ਕਰੋੜ ਮਿਲਿ ਹੋਇ ਬਹੁ ਗੁਣ ਸੋਹੈ।
੫. ਅਸੁਰ ਸੰਘਾਰਿ ਹੰਕਾਰ ਲਖ ਹਉਮੈ ਕਰਿ ਛੋਹੈ॥
੬. ਸਾਧਸੰਗਤਿ ਗੁਰੁ ਸਿਖ ਸੁਣਿ ਗੁਰੁ ਸਿਖ ਨ ਪੋਹੈ॥ ੧॥

ਪਦ ਅਰਥ - ਜੋਹੈ=ਵੇਖਦੇ ਹਨ। ਧੋਹਣ=ਠੱਗ। ਛੋਹੈ=ਕ੍ਰੋਧ। ਪੋਹੈ=ਅਸਰ ਕਰਨਾ।

ਅਰਥ - ੧. ਬਹੁਰੂਪੀਆ ਕਾਮ, ਕਾਮਨਾ ਆਦਿਕ ਲੱਖਾਂ ਹੀ ਰੂਪ ਕਰਕੇ ਦਿਖਾਲੀ ਦਿੰਦਾ ਹੈ।

੨. ਲੱਖਾਂ ਕ੍ਰੋਧੀ ਕ੍ਰੋਧ ਕਰਕੇ ਵੈਰੀ ਹੋ ਕੇ ਵੇਖਦੇ ਹਨ। ੩. ਲੱਖਾਂ ਲੋਭ, ਲੱਖਾਂ ਲੱਖਮੀਆਂ ਦਾ ਰੂਪ ਧਾਰ ਕੇ ਠੱਗੀਆਂ ਕਰ ਕਰਕੇ ਠੱਗ ਰਹੇ ਹਨ। ੪. ਮਾਇਆ ਦੇ ਮੋਹ ਕਰੋੜਾਂ ਮਿਲ ਕੇ ਬਹੁਤੇ ਗੁਣਾਂ ਵਾਲੇ ਹੋ ਕੇ ਸ਼ੋਭਦੇ ਹਨ। ੫. ਅਸੁਰਾਂ (ਰਾਖਸ਼ਾਂ) ਦੇ ਸੰਘਾਰ ਦਾ ਕਾਰਨ ਹੰਕਾਰ, ਹੰਗਤਾ ਮਮਤਾ ਕਰਕੇ ਬੜੇ ਕ੍ਰੋਧ ਨਾਲ ਜੀਵਾਂ ਨੂੰ ਛੋਂਹਦਾ ਹੈ। ੬. (ਪਰ) ਸਾਧ ਸੰਗਤ ਵਿਚ ਮਿਲ ਕੇ ਜਿਹੜਾ ਗੁਰਸਿੱਖ ਗੁਰੂ ਦੇ ਸ਼ਬਦ ਨੂੰ ਸੁਣਦਾ ਹੈ, ਉਸ ਨੂੰ ਇਹ ਕਾਮ, ਕ੍ਰੋਧ ਆਦਿ ਵਿਕਾਰ ਨਹੀਂ ਪੋਂਹਦੇ॥ ੧॥

ਭਾਵ—ਗੁਰੂ ਦੇ ਸਿੱਖ ਦੀ ਸੁਰਤੀ ਗੁਰੂ ਦੇ ਸ਼ਬਦ ਨਾਲ ਜੁੜਕੇ ਏਨੀ ਉੱਚੀ ਹੋ ਜਾਂਦੀ ਹੈ ਕਿ ਉਸ 'ਤੇ ਕੋਈ ਵਿਕਾਰ ਅਸਰ ਨਹੀਂ ਕਰ ਸਕਦਾ।

੨. ਗੁਰਸਿੱਖ ਨੂੰ ਕਾਮ ਨਹੀਂ ਡੁਲਾ ਸਕਦਾ

੧. ਲਖ ਕਾਮਣਿ ਲਖ ਕਾਮ ਰੂਪ ਲਖ ਕਾਮਣਿਆਰੀ।
੨. ਸੰਗਲਦੀਪਹੁੰ ਪਦਮਣੀ ਬਹੁ ਰੂਪਿ ਸੀਗਾਰੀ।
੩. ਮੋਹਣੀਆਂ ਇੰਦ੍ਰਾ ਪੁਰੀ ਅਪਛਰਾ ਸੁਚਾਰੀ।
੪. ਹੂਰਾਂ ਪਰੀਆਂ ਲਖ ਲਖ ਬਹਿਸਤ ਸਵਾਰੀ।
੫. ਲਖ ਕਉਲਾਂ ਨਵ ਜੋਬਨੀ ਲਖ ਕਾਮ ਕਰਾਰੀ।
੬. ਗੁਰਮੁਖਿ ਪੋਹਿ ਨ ਸਕਨੀ ਸਾਧਸੰਗਤਿ ਭਾਰੀ॥ ੨॥

ਪਦ ਅਰਥ - ਕਾਮਣਿ=ਇਸਤ੍ਰੀਆਂ। ਕਾਮਰੂਪ=ਦੇਸ਼ ਦਾ ਨਾਂ ਹੈ। ਸੁਚਾਰੀ=ਚੰਗੇ ਆਚਾਰ ਵਾਲੀਆਂ। ਬਹਿਸਤ ਸਵਾਰੀ=ਸੁਰਗ ਦੀਆਂ ਸਵਾਰੀਆਂ ਹੋਈਆਂ।

ਅਰਥ - ੧. (ਜਾਦੂ ਵਾਂਙ ਮੋਹਣ ਵਾਲੀਆਂ) ਲੱਖਾਂ ਇਸਤ੍ਰੀਆਂ ਕਾਮਰੂਪ ਦੇਸ਼ ਦੀਆਂ ਟੂਣੇ ਕਰਕੇ ਵਸ ਵਿਚ ਕਰ ਲੈਣੀਆਂ ਇਸਤ੍ਰੀਆਂ ਜੋ ਲੱਖਾਂ (ਇਸਤ੍ਰੀਆਂ) ਹਨ। ੨. ਸੰਗਲਾਦੀਪ ਦੀਆਂ ਬਹੁਤੇ ਸ਼ਿੰਗਾਰਾਂ ਨਾਲ ਸ਼ਿੰਗਾਰੀਆਂ ਹੋਈਆਂ ਜੋ ਪਦਮਨੀਆਂ ਇਸਤ੍ਰੀਆਂ ਹਨ। ੩. ਇੰਦ੍ਰਪੁਰੀ (ਸੁਰਗ) ਦੀਆਂ ਮਨ ਨੂੰ ਮੋਹਣ ਵਾਲੀਆਂ ਚੰਗੇ ਆਚਾਰ ਵਾਲੀਆਂ ਜੋ ਅਪੱਛਰਾਂ ਹਨ। ੪. ਬਹਿਸ਼ਤ ਦੀਆਂ ਸਵਾਰੀਆਂ ਜੋ ਲੱਖਾਂ ਹੂਰਾਂ ਤੇ ਲੱਖਾਂ ਪਰੀਆਂ ਹਨ। ੫. ਨਵੀਂ ਜੁਆਨੀ ਵਾਲੀਆਂ ਜੋ ਲੱਖਾਂ ਕਾਮ ਕਲਾ ਯੁਕਤ ਲਛਮੀਆਂ ਹਨ। ੬. (ਇਹ ਉਪਰੋਕਤ ਸਾਰੀਆਂ ਸੁੰਦਰ ਤੇ ਮਨਮੋਹਣੀਆਂ ਇਸਤ੍ਰੀਆਂ) ਗੁਰਸਿੱਖ ਨੂੰ ਛੁਹ ਵੀ ਨਹੀਂ ਸਕਦੀਆਂ, ਕਿਉਂਕਿ ਗੁਰਸਿੱਖ ਦੇ ਚਾਰ ਚੁਫੇਰੇ ਸਾਧ ਸੰਗਤ ਰੂਪੀ ਬੜੀ ਭਾਰੀ ਵਾੜ ਹੈ॥ ੨॥

ਭਾਵ—ਸਾਧ ਸੰਗਤ ਦੀ ਕਿਰਪਾ ਨਾਲ ਗੁਰਸਿੱਖ ਕਾਮ ਤੋਂ ਬਚਿਆ ਰਹਿੰਦਾ ਹੈ ਤੇ ਉਸ ਨੂੰ ਸੁੰਦਰ ਤੋਂ ਸੁੰਦਰ ਇਸਤ੍ਰੀਆਂ ਵੀ ਡੁਲਾਇਮਾਨ ਨਹੀਂ ਕਰ ਸਕਦੀਆਂ।

੩. ਗੁਰਸਿੱਖ ਹੰਕਾਰੀ ਨਹੀਂ ਹੁੰਦਾ

੧. ਲਖ ਦੁਰਯੋਧਨ ਕੰਸ ਲਖ ਲਖ ਦੈਤ ਲੜੰਦੇ।

੨. ਲਖ ਰਾਵਣ ਕੁੰਭਕਰਣ ਲਖ ਲਖ ਰਾਕਸ ਮੰਦੇ।
੩. ਪਰਸਰਾਮ ਲਖ ਸਹੰਸਬਾਹੁ ਕਰਿ ਖੁਦੀ ਖਹੰਦੇ।
੪. ਹਰਨਾਕਸ ਬਹੁ ਹਰਣਾਕਸਾ ਨਰਸਿੰਘ ਬੁਕੰਦੇ।
੫. ਲਖ ਕਰੋਧ ਵਿਰੋਧ ਲਖ ਲਖ ਵੈਰੁ ਕਰੰਦੇ।
੬. ਗੁਰੁ ਸਿਖ ਪੋਹਿ ਨ ਸਕਈ ਸਾਧਸੰਗਿ ਮਿਲੰਦੇ॥ ੩॥

ਪਦ ਅਰਥ - ਲੜੰਦੇ = ਲੜਦੇ ਹਨ। ਖੁਦੀ = ਹੰਕਾਰ। ਖਹੰਦੇ = ਭਿੜਦੇ ਹਨ। ਬੁਕੰਦੇ= ਗਰਜਦੇ ਹਨ।

ਅਰਥ - ੧. ਲੱਖਾਂ ਦੁਰਯੋਧਨ, ਲੱਖਾਂ ਕੰਸ ਤੇ ਲੱਖਾਂ ਹੋਰ ਰਾਖਸ਼ਾਂ ਵਾਂਗੂੰ ਲੜਨ ਵਾਲੇ। ੨. ਲੱਖਾਂ ਰਾਵਣ ਤੇ ਕੁੰਭਕਰਣ ਤੇ ਲੱਖਾਂ ਮੰਦੇ ਕਰਮ ਕਰਨ ਵਾਲੇ ਰਾਕਸ਼। ੩. ਲੱਖਾਂ ਪਰਸਰਾਮ ਤੇ ਸਹੰਸ੍ਰਬਾਹੂ ਵਰਗੇ ਹੰਕਾਰ ਵਿਚ ਖਹਿ ਖਹਿ ਮਰਨ ਵਾਲੇ ਰਾਜੇ। ੪. ਹਿਰਣਕਸਜਪ, ਹਰਣਾਖਸ਼ ਤੇ ਨਰਸਿੰਘ ਗਜਣ ਵਾਲੇ। ੫. ਲੱਖਾਂ ਕ੍ਰੋਧ, ਲੱਖਾਂ ਵਿਰੋਧ ਤੇ ਲਖਾਂ ਵੈਰ ਕਰਨ ਵਾਲੇ। ੬. (ਇਹ ਸਾਰੇ) ਗੁਰਸਿੱਖਾਂ ਨੂੰ ਨਹੀਂ ਪੋਹ ਸਕਦੇ, ਕਿਉਂਕਿ ਗੁਰਸਿੱਖ ਸਾਧ ਸੰਗਤ ਵਿਚ ਮਿਲਕੇ ਬੈਠਦੇ ਹਨ॥ ੩॥

ਭਾਵ—ਗੁਰਸਿੱਖ ਹੰਕਾਰ ਤੋਂ ਬਚਿਆ ਰਹਿੰਦਾ ਹੈ। ਉਹ ਹੰਕਾਰ ਵਿਚ ਆ ਕੇ ਕਿਸੇ 'ਤੇ ਧੱਕਾ ਨਹੀਂ ਕਰਦਾ।

੪. ਗੁਰਸਿੱਖ ਲੋਭੀ ਨਹੀਂ ਹੁੰਦਾ

੧. ਸੋਇਨਾ ਰੁਪਾ ਲਖ ਮਣਾ ਲਖ ਭਰੇ ਭੰਡਾਰਾ।
੨. ਮੋਤੀ ਮਾਣਿਕ ਹੀਰਿਆਂ ਬਹੁ ਮੋਲ ਅਪਾਰਾ।
੩. ਦੇਸ ਵੇਸ ਲਖ ਰਾਜ ਭਾਗ ਪਰਗਣੇ ਹਜਾਰਾ।
੪. ਰਿਧੀ ਸਿਧੀ ਜੋਗ ਭੋਗ ਅਭਰਣ ਸੀਗਾਰਾ।
੫. ਕਾਮਧੇਨੁ ਲਖ ਪਾਰਿਜਾਤਿ ਚਿੰਤਾਮਣਿ ਪਾਰਾ।
੬. ਚਾਰ ਪਦਾਰਥ ਸਗਲ ਫਲ ਲਖ ਲੋਭ ਉਭਾਰਾ।
੭. ਗੁਰ ਸਿਖ ਪੋਹ ਨ ਹੰਘਨੀ ਸਾਧਸੰਗਿ ਉਧਾਰਾ॥ ੪॥

ਪਦ ਅਰਥ - ਰੁਪਾ=ਚਾਂਦੀ। ਵੇਸ=ਪੁਸ਼ਾਕਾਂ। ਪਰਗਣੇ=ਇਲਾਕੇ। ਅਭਰਣ=ਗਹਿਣੇ।

ਅਰਥ - ੧. ਸੋਨੇ ਚਾਂਦੀ ਦੇ ਲੱਖਾਂ ਮਣਾਂ ਮੂੰਹੀਂ ਖਜ਼ਾਨੇ ਭਰੇ ਪਏ ਹੋਣ। ੨. ਮੋਤੀ, ਮਾਣਕ ਤੇ ਹੀਰੇ ਬੇਅੰਤ ਮੁੱਲ ਵਾਲੇ ਹੋਣ। ੩. ਲੱਖਾਂ ਦੇਸ਼, ਲੱਖਾਂ ਸੋਹਣੀਆਂ ਪੁਸ਼ਾਕਾਂ, ਰਾਜ ਭਾਗ ਤੇ ਹਜ਼ਾਰਾਂ ਇਲਾਕੇ

ਹੋਣ। ੪. ਰਿੱਧੀਆਂ, ਸਿੱਧੀਆਂ, ਜੋਗ, ਭੋਗ ਤੇਂ ਗਹਿਣਿਆਂ ਦੇ ਸ਼ਿੰਗਾਰ ਹੋਣ। ੫. ਲੱਖਾਂ ਕਾਮਧੇਨ ਗਊਆਂ, ਕਲਪ ਬ੍ਰਿਛ ਤੇ ਬੇਸ਼ੁਮਾਰ ਚਿੰਤਾਮਨੀਆਂ ਹੋਣ। ੬. ਚਾਰ ਪਦਾਰਥ, ਸਾਰੇ ਰਲ ਕੇ ਲੱਖਾਂ ਲੋਭ ਉਦੇ ਹੋਣ। ੭. ਇਹ ਸਾਰੀ ਸੰਪਤੀ ਤੇ ਸਾਰੇ ਪਦਾਰਥ ਗੁਰੂ ਦੇ ਸਿੱਖ ਨੂੰ ਨਹੀਂ ਪੋਹ ਸਕਦੇ, ਕਿਉਂਕਿ ਉਸ ਦਾ ਸਾਧ ਸੰਗਤ ਵਿਚ ਉਧਾਰ ਹੋਇਆ ਹੈ॥ ੪॥

ਭਾਵ—ਦੁਨੀਆਂ ਦੇ ਪਦਾਰਥਾਂ ਦਾ ਲੋਭ ਸਿੱਖ ਨੂੰ ਨਹੀਂ ਡੁਲਾ ਸਕਦਾ, ਕਿਉਂਕਿ ਉਸ ਦੇ ਸਿਰ 'ਤੇ ਗੁਰੂ ਦਾ ਹੱਥ ਹੁੰਦਾ ਹੈ ਤੇ ਉਸਨੂੰ ਸਾਧ ਸੰਗਤ ਦੀ ਟੇਕ ਹੁੰਦੀ ਹੈ।

੫. ਗੁਰੂ ਕਾ ਸਿੱਖ ਮੋਹ ਰਹਿਤ ਹੁੰਦਾ ਹੈ

੧. ਪਿਉ ਪੁਤੁ ਮਾਵੜ ਧੀਅੜੀ ਹੋਇ ਭੈਣ ਭਿਰਾਵਾ।
੨. ਨਾਰਿ ਭਤਾਰੁ ਪਿਆਰ ਲਖ ਮਨ ਮੇਲਿ ਮਿਲਾਵਾ।
੩. ਸੁੰਦਰ ਮੰਦਰ ਚਿਤ੍ਰਸਾਲ ਬਾਗ ਫੁਲ ਸੁਹਾਵਾ।
੪. ਰਾਗ ਰੰਗ ਰਸ ਰੂਪ ਲਖ ਬਹੁ ਭੋਗ ਭੁਲਾਵਾ।
੫. ਲਖ ਮਾਇਆ ਲਖ ਮੋਹਿ ਮਿਲਿ ਹੋਇ ਮੁਦਈ ਦਾਵਾ।
੬. ਗੁਰ ਸਿਖ ਪੋਹਿ ਨ ਹੰਘਨੀ ਸਾਧਸੰਗੁ ਸੁਹਾਵਾ॥ ੫॥

ਪਦ ਅਰਥ - ਮਾਵੜ=ਮਾਤਾ। ਭਤਾਰੁ=ਪਤੀ। ਚਿਤ੍ਰਸਾਲ=ਬਾਰਾਂਦਰੀਆਂ। ਮੁਦਈ ਦਾਵਾ=ਮੁਦਈ ਹੋਏ ਦਾਵਾ ਬੰਨ੍ਹਣਾ।

ਅਰਥ - ੧. ਪਿਉ, ਪੁੱਤਰ, ਮਾਂ, ਧੀ, ਭੈਣ ਤੇ ਭਰਾ ਦਾ ਮੋਹ ਹੁੰਦਾ ਹੈ। ੨. ਇਸਤ੍ਰੀ ਤੇ ਪਤੀ ਦਾ ਪਿਆਰ ਤੇ ਲੱਖਾਂ ਮਨ ਮੇਲੀਆਂ ਦਾ ਮਿਲਾਪ ਹੁੰਦਾ ਹੈ। ੩. ਬੜੇ ਸੁੰਦਰ ਮੰਦਰ, ਬਾਰਾਂਦਰੀਆਂ ਤੇ ਬਾਗਾਂ ਵਿਚ ਫੁੱਲ ਸ਼ੋਭਦੇ ਹਨ। ੪. ਲੱਖਾਂ ਰਾਗ, ਰੰਗ ਰਸ, ਰੂਪ ਤੇ ਬਹੁਤੇ ਭੋਗਾਂ ਦੇ ਭੁਲਾਵੇ ਹੁੰਦੇ ਹਨ। ੫. ਲੱਖਾਂ ਮਾਇਆਧਾਰੀ ਮਾਇਆ ਦੇ ਮੋਹ ਵਿਚ ਮਿਲੇ ਹੋਏ ਦਾਵੇਗੀਰ ਹੋ ਕੇ ਦਾਵੇ ਬੰਨ੍ਹਦੇ ਹਨ। ੬. (ਸੰਸਾਰ ਦੇ ਇਹ ਸਾਰੇ ਸੰਬੰਧੀ ਤੇ ਪਦਾਰਥ) ਗੁਰਸਿੱਖ ਨੂੰ ਨਹੀਂ ਪੋਂਹਦੇ, ਕਿਉਂਕਿ ਗੁਰਸਿੱਖ ਸਾਧ ਸੰਗਤ ਵਿਚ ਹੀ ਸ਼ੋਭਦੇ ਹਨ॥ ੫॥

ਭਾਵ—ਸਾਧ ਸੰਗਤ ਵਿਚ ਵਸਣ ਵਾਲੇ ਗੁਰਸਿੱਖ ਨੂੰ ਦੁਨਿਆਵੀ ਰਿਸ਼ਤੇ, ਸੋਹਣੇ ਮੰਦਰ ਤੇ ਬਾਗ਼ ਆਦਿ ਦਾ ਮੋਹ ਆਪਣੇ ਜਾਲ ਵਿਚ ਨਹੀਂ ਫਸਾ ਸਕਦਾ।

੬. ਗੁਰਸਿੱਖ ਹੰਕਾਰੀ ਨਹੀਂ ਹੁੰਦਾ

੧. ਵਰਨਾ ਵਰਨ ਨ ਭਾਵਨੀ ਕਰਿ ਖੁਦੀ ਖਹੰਦੇ।
੨. ਜੰਗਲ ਅੰਦਰਿ ਸੀਂਹ ਦੁਇ ਬਲਵੰਤਿ ਬੁਕੰਦੇ।

੩. ਹਾਥੀ ਹਥਿਆਈ ਕਰਨਿ ਮਤਵਾਲੇ ਹੁਇ ਅੜੀ ਅੜੰਦੇ।
੪. ਰਾਜ ਭੂਪ ਰਾਜੇ ਵਡੇ ਮਲ ਦੇਸ ਲੜੰਦੇ।
੫. ਮੁਲਕ ਅੰਦਰਿ ਪਾਤਿਸਾਹ ਦੁਇ ਜਾਇ ਜੰਗ ਜੁੜੰਦੇ।
੬. ਹਉਮੈ ਕਰਿ ਹੰਕਾਰ ਲਖ ਮਲ ਮਲ ਘੁਲੰਦੇ।
੭. ਗੁਰੁ ਸਿਖ ਪੋਹਿ ਨ ਸਕਨੀ ਸਾਧੁ ਸੰਗਿ ਵਸੰਦੇ॥ ੬॥

ਪਦ ਅਰਥ - ਵਰਨਾ=ਵਰਣਾਂ ਨੂੰ। ਨ ਭਾਵਨੀ=ਚੰਗੇ ਨਹੀਂ ਲੱਗਦੇ। ਖੁਦੀ=ਹੰਕਾਰ। ਬਲਵੰਤਿ=ਬਲ ਵਾਲੇ। ਹਥਿਆਈ=ਹਾਥੀਪੁਣਾ। ਮਲ=ਪਹਿਲਵਾਨ।

ਅਰਥ - ੧. ਇਕ ਵਰਣ ਨੂੰ ਦੂਜਾ ਵਰਨ ਚੰਗਾ ਨਹੀਂ ਲੱਗਦਾ, (ਇਸ ਲਈ) ਹੰਕਾਰ ਕਰਕੇ ਇਕ ਦੂਜੇ ਨਾਲ ਖਹਿੰਦੇ ਹਨ। ੨. (ਜਿਵੇਂ) ਜੰਗਲ ਵਿਚ ਦੋ ਬਲਵਾਨ ਸ਼ੇਰ ਗਰਜਦੇ ਹਨ ਤੇ ੩. (ਜਿਸ ਤਰ੍ਹਾਂ) ਮਸਤ ਹੋਏ ਦੋ ਹਾਥੀ ਆਪੋ ਵਿਚ ਅੜ ਖੜੋਂਦੇ ਹਨ। ੪. ਵੱਡੇ ਛੋਟੇ ਰਾਜੇ ਦੇਸਾਂ ਨੂੰ ਮੱਲਣ ਵਾਸਤੇ ਇਕ ਦੂਜੇ ਨਾਲ ਲੜਾਈਆਂ ਲੜਦੇ ਹਨ। ੫. ਇਕ ਦੇਸ਼ ਵਿਚ ਦੋ ਬਾਦਸ਼ਾਹ ਨਹੀਂ ਰਹਿ ਸਕਦੇ, ਉਹ (ਹਰ ਸਮੇਂ) ਜੰਗ ਵਿਚ ਹੀ ਜੁੱਟੇ ਰਹਿੰਦੇ ਹਨ। ੬. ਹਉਮੈ ਤੇ ਹੰਕਾਰ ਕਰਕੇ ਲੱਖਾਂ ਪਹਿਲਵਾਨ ਆਪਸ ਵਿਚ ਕੁਸ਼ਤੀਆਂ ਕਰਦੇ ਹਨ। ੭. (ਹਉਮੈ ਦੇ ਇਹ ਦੋਸ਼) ਗੁਰਸਿੱਖ ਨੂੰ ਨਹੀਂ ਪੋਂਹਦੇ, ਕਿਉਂਕਿ ਉਹ ਸਾਧ ਸੰਗਤ ਵਿਚ ਨਿਵਾਸ ਕਰਦੇ ਹਨ॥ ੬॥

ਭਾਵ—ਗੁਰਸਿੱਖ ਹੰਕਾਰ ਨੂੰ ਤਿਆਗ ਕੇ ਨਿਮ੍ਰਤਾ ਨਾਲ ਰਹਿੰਦੇ ਹਨ।

੭. ਗੁਰਸਿੱਖ ਹੰਕਾਰ ਰਹਿਤ ਜਤੀ ਹਨ

੧. ਗੋਰਖ ਜਤੀ ਸਦਾਇੰਦਾ ਤਿਸੁ ਗੁਰੁ ਘਰਿਬਾਰੀ।
੨. ਸੁਕਰ ਕਾਣਾ ਹੋਇਆ ਮੰਤੀ ਅਵਿਚਾਰੀ।
੩. ਲਖਮਣ ਸਾਧੀ ਭੁਖ ਤੇਹ ਹਉਮੈ ਅਹੰਕਾਰੀ।
੪. ਹਨੂੰਮਾਨ ਬਲਵੰਤ ਆਖੀਐ ਚੰਚਲ ਮਤਿ ਖਾਰੀ।
੫. ਭੈਰਉ ਭੂਤ ਕੁਸੂਤ ਸੰਗਿ ਦੁਰਮਤਿ ਉਰਧਾਰੀ।
੬. ਗੁਰਸਿਖ ਜਤੀ ਸਲਾਹੀਅਨਿ ਜਿਨਿ ਹਉਮੈ ਮਾਰੀ॥ ੭॥

ਪਦ ਅਰਥ - ਘਰਿਬਾਰੀ=ਗ੍ਰਿਹਸਥੀ। ਦੁਰਮਤਿ=ਖੋਟੀ ਸਲਾਹ। ਕੁਸੂਤ=ਖੋਟੀ ਮਰਯਾਦਾ।

ਅਰਥ - ੧. ਗੋਰਖ ਜਤੀ ਕਿਹਾ ਜਾਂਦਾ ਹੈ, ਪਰ ਉਸ ਦਾ ਗੁਰੂ ਮਛਿੰਦ੍ਰ ਨਾਥ ਕਾਮ ਦੇ ਅਧੀਨ ਹੋ ਕੇ ਗ੍ਰਿਹਸਥ ਦੇ ਚੱਕਰ ਵਿਚ ਫਸ ਕੇ ਕਲੰਕੀ ਹੋ ਗਿਆ ਸੀ। ੨. ਅਗਜਾਤ ਸਲਾਹ ਵਿਚਾਰਨ ਕਰ ਕੇ ਸ਼ੁੱਕਰ ਕਾਣਾ ਹੋ ਗਿਆ ਸੀ। ੩. ਲਛਮਣ ਨੇ ਭੁੱਖ ਤੇ ਤ੍ਰੇਹ ਨੂੰ ਸਾਧਿਆ ਸੀ, (ਭਾਵ ਰਾਮ ਜੀ ਨਾਲ

ਬਨ ਵਿਚ ਰਹਿ ਕੇ ਉਹ ਫਲਹਾਰੀ ਰਿਹਾ) ਪਰ ਹਉਮੈ ਕਰਕੇ ਉਹ ਹੰਕਾਰੀ ਰਿਹਾ। ੪. ਹਨੂਮਾਨ ਬੜਾ ਬਲੀ ਹੋਇਆ ਹੈ, ਪਰ ਉਸ ਦੀ ਬੁੱਧੀ ਬੜੀ ਚੰਚਲ ਸੀ। ੫. ਭੈਰਉ ਦੀ ਮਰਯਾਦਾ ਭੂਤਾਂ ਦੇ ਸੰਗ ਕਰਕੇ ਖੋਟੀ ਸੀ, ਉਸ ਨੇ ਵੀ ਮਨ ਵਿਚ ਦੁਰਮੱਤ ਨੂੰ ਧਾਰੀ ਰੱਖਿਆ। ੬. (ਇਸ ਲਈ) ਗੁਰੂ ਦੇ ਸਿੱਖ ਹੀ ਸ਼ਲਾਘਾਯੋਗ ਹਨ, ਜਿਨ੍ਹਾਂ ਨੇ (ਆਪਣੇ ਅੰਦਰੋਂ) ਹਉਮੈ ਨੂੰ ਮਾਰ ਦਿੱਤਾ ਹੈ॥ ੭॥

ਭਾਵ—ਵੱਡੇ ਵੱਡੇ ਜਤੀਆਂ ਸਤੀਆਂ ਵਿਚੋਂ ਹਉਮੈ ਦਾ ਨਾਸ ਨਹੀਂ ਹੋਇਆ, ਪਰ ਗੁਰਸਿੱਖਾਂ ਨੇ ਗੁਰੂ ਦੀ ਕਿਰਪਾ ਨਾਲ ਹਉਮੈ ਨੂੰ ਮਾਰ ਲਿਆ ਹੈ, ਇਸ ਲਈ ਉਹ ਸਭ ਤੋਂ ਸ੍ਰੇਸ਼ਟ ਹਨ।

੮. *ਨਿਰਮਾਣ ਹੋਣ ਕਰਕੇ ਸਿੱਖ ਸਭ ਤੋਂ ਉੱਚੇ ਹਨ*

੧. ਹਰੀ ਚੰਦ ਸਤਿ ਰਖਿਆ ਜਾਇ ਨਿਖਾਸ ਵਿਕਾਣਾ।
੨. ਬਲ ਛਲਿਆ ਸਤੁ ਪਾਲਦਾ ਪਾਤਾਲਿ ਸਿਧਾਣਾ।
੩. ਕਰਨੁ ਸੁ ਕੰਚਨ ਦਾਨ ਕਰਿ ਅੰਤੁ ਪਛੋਤਾਣਾ।
੪. ਸਤਿਵਾਦੀ ਹੁਇ ਧਰਮ ਪੁਤੁ ਕੂੜ ਜਮਪੁਰਿ ਜਾਣਾ।
੫. ਜਤੀ ਸਤੀ ਸੰਤੋਖੀਆ ਹਉਮੈ ਗਰਬਾਣਾ।
੬. ਗੁਰਸਿਖ ਰੋਮ ਨ ਪੁਜਨੀ ਬਹੁ ਮਾਣੁ ਨਿਮਾਣਾ॥ ੮॥

ਪਦ ਅਰਥ - ਨਿਖਾਸ=ਮੰਡੀ। ਕੰਚਨ=ਸੋਨਾ। ਸਤਿਵਾਦੀ=ਸੱਚ ਬੋਲਣ ਵਾਲਾ। ਧਰਮ ਪੁਤੁ=ਯੁਧਿਸ਼ਟਰ।

ਅਰਥ - ੧. ਹਰੀ ਚੰਦ ਰਾਜੇ ਨੇ ਆਪਣਾ ਸਤ ਕਾਇਮ ਰੱਖਿਆ ਤੇ ਮੰਡੀ ਵਿਚ ਜਾ ਕੇ ਵਿਕਿਆ। ੨. ਬਲਿ ਰਾਜਾ ਸਤ ਪਾਲਦਾ ਹੋਇਆ ਛਲਿਆ ਗਿਆ ਤੇ ਪਾਤਾਲ ਵਿਚ ਗਿਆ। ੩. ਕਰਨ ਸੋਨੇ ਦਾ ਦਾਨ ਕਰਦਾ ਸੀ, ਪਰ ਅੰਤ ਨੂੰ ਉਹ ਵੀ ਪਛਤਾਇਆ ਕਿ ਮੈਂ ਅੰਨ ਦਾਨ ਕਿਉਂ ਨਾ ਕੀਤਾ। ੪. ਧਰਮਪੁੱਤਰ (ਯੁਧਿਸ਼ਟਰ) ਵੱਡਾ ਸਤਵਾਦੀ ਸੀ, ਪਰ ਇਕ ਝੂਠ ਬੋਲਣ ਕਰਕੇ ਉਹ ਵੀ ਜਮਪੁਰੀ ਨੂੰ ਗਿਆ। ੫. (ਇਸ ਸੰਸਾਰ ਵਿਚ) ਜਤੀ, ਸਤੀ ਤੇ ਸੰਤੋਖੀ ਅਨੇਕਾਂ ਹੋਏ ਹਨ, ਪਰ ਸਾਰੇ ਹਉਮੈ ਵਿਚ ਹੀ ਗ੍ਰਸੇ ਰਹੇ। ੬. (ਇਹ ਸਾਰੇ) ਗੁਰੂ ਦੇ ਸਿੱਖ ਦੇ ਇਕ ਰੋਮ ਦੀ ਬਰਾਬਰੀ ਵੀ ਨਹੀਂ ਕਰ ਸਕਦੇ, ਕਿਉਂਕਿ ਗੁਰਸਿੱਖ ਮਾਣ ਹੁੰਦਿਆਂ ਨਿਮਾਣੇ ਹੁੰਦੇ ਹਨ॥ ੮॥

ਭਾਵ—ਗੁਰਸਿੱਖ ਮਾਣ ਹੁੰਦਿਆਂ ਵੀ ਨਿਮਾਣੇ ਹੋ ਕੇ ਚਲਦੇ ਹਨ। ਇਹਨਾਂ ਗੁਣਾਂ ਕਰਕੇ ਉਹ ਸਭ ਤੋਂ ਉੱਚੇ ਹਨ।

੯. *ਹਿੰਦੂ ਮੁਸਲਮਾਨ ਗੁਰਸਿੱਖ ਦੀ ਬਰਾਬਰੀ ਨਹੀਂ ਕਰ ਸਕਦੇ*

੧. ਮੁਸਲਮਾਣਾ ਹਿੰਦੂਆਂ ਦੁਇ ਰਾਹ ਚਲਾਏ।

੨. ਮਜਹਬ ਵਰਣ ਗਣਾਇੰਦੇ ਗੁਰੁ ਪੀਰੁ ਸਦਾਏ।
੩. ਸਿਖ ਮੁਰੀਦ ਪਖੰਡ ਕਰਿ ਉਪਦੇਸ ਦ੍ਰਿੜਾਏ।
੪. ਰਾਮ ਰਹੀਮ ਧਿਆਇੰਦੇ ਹਉਮੈ ਗਰਬਾਏ।
੫. ਮਕਾ ਗੰਗ ਬਨਾਰਸੀ ਪੂਜ ਜਾਰਤ ਆਏ।
੬. ਰੋਜੇ ਵਰਤ ਨਮਾਜ ਕਰਿ ਡੰਡਉਤਿ ਕਰਾਏ।
੭. ਗੁਰੁ ਸਿਖ ਰੋਮ ਨ ਪੁਜਨੀ ਜੋ ਆਪੁ ਗਵਾਏ॥ ੯॥

ਪਦ ਅਰਥ - ਰਾਹ=ਪੰਥ। ਜਾਰਤ=ਜ਼ਿਆਰਤ, ਯਾਤ੍ਰਾ। ਰੋਮ=ਵਾਲ।

ਅਰਥ - ੧. ਮੁਸਲਮਾਨਾਂ ਤੇ ਹਿੰਦੂਆਂ ਨੇ ਦੋ ਰਾਹ (ਪੰਥ) ਚਲਾਏ ਹਨ। ੨. ਮੁਸਲਮਾਨ ਆਪਣੇ ਪੰਥ ਨੂੰ ਮਜ਼ਹਬ ਤੇ ਹਿੰਦੂ ਵਰਣ ਕਹਿੰਦੇ ਹਨ, ਹਿੰਦੂ ਗੁਰੂ ਤੇ ਮੁਸਲਮਾਨ ਪੀਰ ਸਦਾਉਂਦੇ ਹਨ। ੩. ਹਿੰਦੂ ਚੇਲੇ ਤੇ ਮੁਸਲਮਾਨ ਮੁਰੀਦ ਪਾਖੰਡ ਕਰ ਕਰਕੇ ਉਪਦੇਸ਼ ਦਿੰਦੇ ਹਨ। ੪. ਹਿੰਦੂ ਰਾਮ ਰਾਮ ਤੇ ਮੁਸਲਮਾਨ ਰਹੀਮ ਨੂੰ ਧਿਆਉਂਦੇ ਹੋਏ ਹੰਕਾਰ ਤੇ ਗਰਬ ਕਰਦੇ ਹਨ। ੫. ਮੁਸਲਮਾਨ ਮੱਕੇ ਦੇ ਹੱਜ (ਜਾਤਰਾ) ਲਈ ਜਾਂਦੇ ਹਨ ਤੇ ਹਿੰਦੂ ਗੰਗਾ ਤੇ ਬਨਾਰਸ (ਕਾਂਸ਼ੀ) ਦੀ ਪੂਜਾ ਕਰਦੇ ਹਨ। ੬. ਮੁਸਲਮਾਨ ਰੋਜ਼ੇ ਤੇ ਹਿੰਦੂ ਵਰਤ ਰੱਖਦੇ ਹਨ ਤੇ ਨਿਮਾਜ਼ਾਂ ਤੇ ਡੰਡਉਤਾਂ ਕਰਦੇ ਹਨ। ੭. (ਪਰ ਇਹ ਦੋਵੇਂ—ਹਿੰਦੂ ਤੇ ਮੁਸਲਮਾਨ) ਗੁਰਸਿੱਖ ਦੇ ਰੋਮ ਦੇ ਬਰਾਬਰ ਨਹੀਂ ਪੁੱਜਦੇ, ਕਿਉਂਕਿ ਗੁਰਸਿੱਖ ਆਪਾ ਭਾਵ ਨੂੰ ਗੁਆਉਂਦਾ ਹੈ॥ ੯॥

ਭਾਵ—ਗੁਰਸਿੱਖ ਗੁਰੂ ਦੇ ਉਪਦੇਸ਼ 'ਤੇ ਚਲਦਾ ਹੋਇਆ ਆਪਣੇ ਅੰਦਰੋਂ ਹਉਮੈ ਦਾ ਨਾਸ ਕਰ ਦੇਂਦਾ ਹੈ, ਇਸ ਲਈ ਉਹ ਸਭ ਮਤ ਮਤਾਤ੍ਰਾਂ ਵਾਲਿਆਂ ਤੋਂ ਉੱਚਾ ਹੈ।

੧੦. ਗੁਰਸਿੱਖ ਮਜ਼ਹਬੀ ਝਗੜਿਆਂ ਵਿਚ ਨਹੀਂ ਫਸਦਾ

੧. ਛਿਅ ਦਰਸਨ ਵਰਤਾਇਆ ਚਉਦਹ ਖਨਵਾਦੇ।
੨. ਘਰੈ ਘੁੰਮਿ ਘਰਬਾਰੀਆ ਅਸਵਾਰ ਪਿਆਦੇ।
੩. ਸੰਨਿਆਸੀ ਦਸ ਨਾਮ ਧਰਿ ਕਰਿ ਵਾਦ ਕਵਾਦੇ।
੪. ਰਾਵਲ ਬਾਰਹ ਪੰਥ ਕਰਿ ਫਿਰਦੇ ਉਦਮਾਦੇ।
੫. ਜੈਨੀ ਜੂਠ ਨ ਉਤਰੈ ਜੂਠੇ ਪਰਸਾਦੇ।
੬. ਗੁਰੁ ਸਿਖ ਰੋਮ ਨ ਪੁਜਨੀ ਧੁਰਿ ਆਦਿ ਜੁਗਾਦੇ॥ ੧੦॥

ਪਦ ਅਰਥ - ਚਉਦਹ ਖਨਵਾਦੇ=ਚੌਦਾਂ ਵਿਦਿਆਂ ਵਿਚ ਝਗੜਦੇ ਹਨ। ਵਾਦ ਕਵਾਦੇ=ਉੱਤਰ, ਪ੍ਰਸ਼ਨ। ਰਾਵਲ=ਜੋਗੀ। ਉਦਮਾਦੇ=ਮਸਤ।

ਅਰਥ - ੧. ਛੇ ਦਰਸ਼ਨ (ਮਤ) ਚੌਦਾਂ ਵਿਦਿਆਂ ਦੇ ਝਗੜਿਆਂ ਵਿਚ ਵਰਤਦੇ ਹਨ। ੨. ਗ੍ਰਿਹਸਥੀ ਲੋਕ ਵੀ ਅਸਵਾਰ ਪਿਆਦੇ (ਨੌਕਰੀ ਚਾਕਰੀ) ਦੀ ਘੁੰਮਣਘੇਰੀ ਵਿਚ ਘਿਰੇ ਹੋਏ ਹਨ। ੩. ਸੰਨਿਆਸੀ ਆਪਣੇ ਫਿਰਕਿਆਂ ਦੇ ਦਸ ਨਾਂ ਧਰਕੇ ਉੱਤਰ ਪ੍ਰਸ਼ਨਾਂ ਦੇ ਝਗੜੇ ਕਰਦੇ ਹਨ। ੪. ਜੋਗੀ ਆਪਣੇ ਬਾਰਾਂ ਪੰਥ ਬਣਾ ਕੇ ਉਹਨਾਂ ਵਿਚ ਮਸਤ ਹੋ ਕੇ ਫਿਰਦੇ ਹਨ। ੫. ਜੈਨੀਆਂ ਦੀ ਜੂਠ ਨਹੀਂ ਉਤਰਦੀ, ਕਿਉਂਕਿ ਉਹ ਜੂਠੀਆਂ ਰੋਟੀਆਂ ਤੇ ਜੂਠਾ ਪਾਣੀ ਵਰਤਦੇ ਹਨ। ੬. (ਇਹ ਸਾਰੇ) ਗੁਰਸਿੱਖ ਦੇ ਰੋਮ ਦੇ ਬਰਾਬਰ ਵੀ ਨਹੀਂ ਪੁੱਜਦੇ, ਕਿਉਂਕਿ ਗੁਰਸਿੱਖ ਧੁਰ ਤੋਂ ਹੀ ਆਦਿ ਜੁਗਾਦਿ ਰੂਪ (ਅਕਾਲ ਪੁਰਖ) 'ਤੇ ਟੇਕ ਰੱਖਦੇ ਹਨ॥ ੧੦॥

ਭਾਵ—ਸੰਸਾਰ ਦੇ ਸਾਰੇ ਮਤ ਆਪੋ ਆਪਣੇ ਫਿਰਕਿਆਂ ਦੀ ਧੜੇਬੰਦੀ ਵਿਚ ਫਸੇ ਹੋਏ ਝਗੜੇ ਕਰਦੇ ਹਨ। ਗੁਰਸਿੱਖ ਇਹਨਾਂ ਝਗੜਿਆਂ ਤੋਂ ਬਾਹਰ ਰਹਿੰਦੇ ਹਨ, ਇਸ ਲਈ ਉਹ ਸਭ ਤੋਂ ਉੱਚੇ ਹਨ।

੧੧. ਗੁਰਸਿੱਖ ਧਾਰਮਿਕ ਹੰਕਾਰ ਤੋਂ ਰਹਿਤ ਹੁੰਦਾ ਹੈ

੧. ਬਹੁ ਸੁੰਨੀ ਸ਼ੀਅ ਰਾਫਜ਼ੀ ਮਜ਼ਹਬ ਮਨਿ ਭਾਣੇ।
੨. ਮੁਲਹਿਦ ਹੋਇ ਮੁਨਾਫ਼ਕਾ ਸਭ ਭਰਮਿ ਭੁਲਾਣੇ।
੩. ਈਸਾਈ ਮੂਸਾਈਆਂ ਹਉਮੈ ਹੈਰਾਣੇ।
੪. ਹੋਇ ਫਿਰੰਗੀ ਅਰਮਨੀ ਰੂਮੀ ਗਰਬਾਣੇ।
੫. ਕਾਲੀ ਪੋਸ ਕਲੰਦਰਾਂ ਦਰਵੇਸ ਦੁਗਾਣੇ।
੬. ਗੁਰੁ ਸਿਖ ਰੋਮ ਨ ਪੁਜਨੀ ਗੁਰ ਹਟਿ ਵਿਕਾਣੇ॥ ੧੧॥

ਪਦ ਅਰਥ - ਸੁੰਨੀ, ਸ਼ੀਆ ਤੇ ਰਾਫਜ਼ੀ=ਮੁਸਲਮਾਨਾਂ ਦੇ ਫਿਰਕੇ ਹਨ। ਦੁਗਾਣੇ=ਖੋਟੇ।

ਅਰਥ - ੧. ਸੁੰਨੀ, ਸ਼ੀਆ ਤੇ ਰਾਫਜ਼ੀ ਆਦਿ ਬਹੁਤੇ ਸਾਰੇ ਫਿਰਕੇ ਮੁਸਲਮਾਨਾਂ ਦੇ ਮਨ ਨੂੰ ਚੰਗੇ ਲੱਗਦੇ ਹਨ। ੨. ਮੁਲਹਿਦ ਤੇ ਮੁਨਾਫਕ ਸਭ ਭਰਮ ਵਿਚ ਭੁੱਲੇ ਫਿਰਦੇ ਹਨ। ੩. (ਈਸਾ ਨੂੰ ਮੰਨਣ ਵਾਲੇ) ਈਸਾਈ ਤੇ (ਮੂਸਾ ਨੂੰ ਮੰਨਣ ਵਾਲੇ) ਮੂਸਾਈ ਹਉਮੈ ਵਿਚ ਹੈਰਾਨ ਹੋਏ ਫਿਰਦੇ ਹਨ। ੪. ਫਿਰੰਗੀ, ਇਰਮਨੀ ਤੇ ਰੂਮੀ ਹੰਕਾਰ ਵਿਚ ਮਸਤ ਹੋਏ ਹਨ। ੫. ਕਾਲੀ ਪੋਸ਼, ਕਲੰਦਰ ਤੇ ਦਰਵੇਸ਼ ਵੀ ਦੋ ਕੌਡਾਂ ਦੇ ਮੁੱਲ ਵਾਲੇ ਹਨ (ਕਿਉਂਕਿ ਉਹ ਵੀ ਹੰਕਾਰ ਵਿਚ ਫਿਰਦੇ ਹਨ)। ੬. ਇਹ ਸਾਰੇ ਗੁਰੂ ਦੇ ਸਿੱਖ ਦੇ ਰੋਮ ਦੇ ਬਰਾਬਰ ਨਹੀਂ, ਕਿਉਂਕਿ ਗੁਰੂ ਦਾ ਸਿੱਖ ਗੁਰੂ ਦੀ ਹੱਟੀ 'ਤੇ ਆਪਣਾ ਆਪ ਵੇਚ ਚੁੱਕਾ ਹੈ॥ ੧੧॥

ਭਾਵ—ਗੁਰਸਿੱਖ ਮੁੱਲ ਖਰੀਦੀ ਲਾਲੇ ਗੋਲੇ ਹੁੰਦੇ ਹਨ। ਉਹ ਇਕ ਪ੍ਰਭੂ 'ਤੇ ਟੇਕ ਰੱਖਣ ਕਰਕੇ ਸਭ ਮਤਾਂ ਨਾਲੋਂ ਉੱਚੇ ਹੁੰਦੇ ਹਨ।

੧੨. ਗੁਰਸਿੱਖ ਸਭ ਕਰਮਾਂ ਧਰਮਾਂ ਤੋਂ ਉੱਚਾ ਹੈ

੧. ਜਪ ਤਪ ਸੰਜਮ ਸਾਧਨਾ ਹਠ ਨਿਗ੍ਰਹ ਕਰਣੇ।
੨. ਵਰਤ ਨੇਮ ਤੀਰਥ ਘਣੇ ਅਧਿਆਤਮ ਧਰਣੇ।
੩. ਦੇਵੀ ਦੇਵਾ ਦੇਹੁਰੇ ਪੂਜਾ ਪਰਵਰਣੇ।
੪. ਹੋਮ ਜਗ ਬਹੁ ਦਾਨ ਕਰਿ ਮੁਖ ਵੇਦ ਉਚਰਣੇ।
੫. ਕਰਮ ਧਰਮ ਭੈ ਭਰਮ ਵਿਚਿ ਬਹੁ ਜੰਮਣ ਮਰਣੇ।
੬. ਗੁਰਮੁਖਿ ਸੁਖ ਫਲ ਸਾਧਸੰਗਿ ਮਿਲਿ ਦੁਤਰੁ ਤਰਣੇ॥ ੧੨॥

ਪਦ ਅਰਥ - ਅਧਿਆਤਮ=ਆਤਮ ਵਿਚਾਰ। ਪੂਜਾ ਪਰਵਰਣੇ=ਪੂਜਾ ਵਿਚ ਪ੍ਰਵਿਰਤ।

ਅਰਥ - ੧. ਜਪ, ਤਪ ਤੇ ਸੰਜਮ (ਇੰਦਰੇ ਰੋਕਣ) ਦੇ ਸਾਧਨ ਹਠ ਧਾਰ ਕੇ ਕਰਨੇ। ੨. ਵਰਤ, ਨੇਮ, ਬਹੁਤੇ ਤੀਰਥਾਂ ਦੇ ਇਸ਼ਨਾਨ ਤੇ ਆਤਮ ਵਿਚਾਰ ਕਰਨੀ। ੩. ਦੇਵੀ, ਦੇਵਤਿਆਂ ਤੇ ਸ਼ਿਵਾਲਿਆਂ ਦੀ ਪੂਜਾ ਵਿਚ ਲੱਗੇ ਰਹਿਣਾ। ੪. ਹੋਮ, ਜਗ ਬਹੁਤੇ ਦਾਨ ਕਰਨੇ ਤੇ ਮੂੰਹੋਂ ਵੇਦਾਂ ਦੇ ਪਾਠ ਕਰਨੇ। ੫. ਇਹਨਾਂ ਕਰਮਾਂ ਧਰਮਾਂ ਦੇ ਭੈ ਭਰਮ ਵਿਚ ਲੱਗੇ ਅਨੇਕਾਂ ਲੋਕ ਜੰਮਦੇ ਮਰਦੇ ਹਨ। ੬. ਜਿਹੜੇ ਪੁਰਸ਼ ਗੁਰਮੁਖਾਂ ਦੁਆਰਾ ਸਾਧ ਸੰਗਤ ਵਿਚ ਮਿਲੇ ਹਨ, ਉਹ ਇਸ ਦੁਤਰ (ਨਾ ਤਰੇ ਜਾਣ ਵਾਲੇ) ਸੰਸਾਰ ਸਮੁੰਦਰ ਤੋਂ ਤਰ ਜਾਂਦੇ ਹਨ॥ ੧੨॥

ਭਾਵ—ਗੁਰਮੁਖਾਂ ਦੀ ਸੰਗਤ ਕਰਨ ਵਾਲੇ ਪੁਰਸ਼ ਗੁਰੂ ਦੇ ਉਪਦੇਸ਼ ਦੀ ਕਮਾਈ ਕਰਕੇ ਮੁਕਤ ਹੋ ਜਾਂਦੇ ਹਨ।

੧੩. ਗੁਰਮੁਖ ਸਭ ਭਲਿਆਂ ਤੋਂ ਭਲੇ ਹਨ

੧. ਉਦੇ ਅਸਤਿ ਵਿਚਿ ਰਾਜ ਕਰਿ ਚਕ੍ਰਵਰਤਿ ਘਨੇਰੇ।
੨. ਅਰਬ ਖਰਬ ਲੈ ਦਰਬ ਨਿਧਿ ਰਸ ਭੋਗਿ ਚੰਗੇਰੇ।
੩. ਨਰਪਤਿ ਸੁਰਪਤਿ ਛਤ੍ਰਪਤਿ ਹਉਮੈ ਵਿਚਿ ਘੇਰੇ।
੪. ਸਿਵ ਲੋਕਹੁੰ ਚੜ੍ਹਿ ਬ੍ਰਹਮ ਲੋਕ ਬੈਕੁੰਠ ਵਸੇਰੇ।
੫. ਚਿਰ ਜੀਵਣੁ ਬਹੁ ਹੰਢਣਾ ਹੋਹਿ ਵਡੇ ਵਡੇਰੇ।
੬. ਗੁਰਮੁਖਿ ਸੁਖ ਫਲੁ ਅਗਮੁ ਹੈ ਹੋਇ ਭਲੇ ਭਲੇਰੇ॥ ੧੩॥

ਪਦ ਅਰਥ - ਨਰਪਤਿ=ਰਾਜੇ। ਸੁਰਪਤਿ=ਇੰਦਰ। ਭਲੇ ਭਲੇਰੇ=ਭਲਿਆਂ ਨਾਲੋਂ ਭਲੇ।

ਅਰਥ - ੧. ਚੜ੍ਹਦੇ ਤੋਂ ਲਹਿੰਦੇ ਤਕ ਰਾਜ ਕਰਨ ਵਾਲੇ ਅਨੇਕਾਂ ਚੱਕਰਵਰਤੀ ਰਾਜੇ ਹੋਏ ਹਨ। ੨. ਅਰਬਾਂ ਖਰਬਾਂ ਪਦਾਰਥਾਂ ਦੇ ਖਜ਼ਾਨੇ ਤੇ ਚੰਗੇ ਰਸਾਂ ਦੇ ਭੋਗ ਭੋਗਦੇ ਹਨ। ੩. ਨਰਾਂ ਦੇ ਰਾਜੇ, ਇੰਦਰ ਤੇ ਹੋਰ ਛਤਰਪਤੀ (ਰਾਜੇ) ਹਉਮੈ ਵਿਚ ਹੀ ਘਿਰੇ ਰਹਿੰਦੇ ਹਨ। ੪. ਸ਼ਿਵ ਲੋਕ ਤੋਂ ਚੜ੍ਹ ਕੇ ਬ੍ਰਹਮ ਲੋਕ ਤੇ ਕਈ ਬੈਕੁੰਠ ਦੇ ਵਾਸੀ ਹੋਏ ਹਨ। ੫. ਕਈ ਚਿਰਜੀਵੀ ਤੇ ਕਈ ਬਹੁਤੀਆਂ ਉਮਰਾਂ ਭੋਗਣ ਵਾਲੇ ਵੱਡਿਆਂ ਤੋਂ ਵੱਡੇ ਹੋਏ ਹਨ। ੬. (ਪਰ) ਗੁਰਮੁਖਾਂ ਦਾ ਸੁਖ ਫਲ ਇਹਨਾਂ ਸਾਰਿਆਂ ਦੀ ਪਹੁੰਚ ਤੋਂ ਪਰੇ ਹੈ, ਇਸ ਲਈ ਗੁਰਮੁਖ ਸਭ ਭਲਿਆਂ ਤੋਂ ਭਲੇ ਹਨ॥ ੧੩॥

੧੪. ਗੁਰਮੁਖਾਂ ਦਾ ਮਿਲਾਪ ਸਭ ਪਦਾਰਥਾਂ ਤੋਂ ਉੱਤਮ ਹੈ

੧. ਰੂਪੁ ਅਨੂਪ ਸਰੂਪ ਲਖ ਹੋਇ ਰੰਗ ਬਿਰੰਗੀ।
੨. ਰਾਗ ਨਾਦ ਸੰਬਾਦ ਲਖ ਸੰਗੀਤ ਅਭੰਗੀ।
੩. ਗੰਧ ਸੁਗੰਧਿ ਮਿਲਾਪ ਲਖ ਅਰਗਜੇ ਅਦੰਗੀ।
੪. ਛਤੀਹ ਭੋਜਨ ਪਾਕਸਾਲ ਰਸ ਭੋਗ ਸੁਢੰਗੀ।
੫. ਪਾਟ ਪਟੰਬਰ ਗਹਿਣਿਆਂ ਸੋਹਹਿੰ ਸਰਬੰਗੀ।
੬. ਗੁਰਮੁਖਿ ਸੁਖ ਫਲੁ ਅਗੰਮੁ ਹੈ ਗੁਰੁ ਸਿਖ ਸਹਲੰਗੀ॥ ੧੪॥

ਪਦ ਅਰਥ - ਰੰਗ ਬਿਰੰਗੀ=ਰਲੇ ਮਿਲੇ ਰੰਗ। ਅਦੰਗੀ=ਦਾਗ ਤੋਂ ਰਹਿਤ। ਪਾਕਸਾਲ=ਰਸੋਈ। ਸਹਲੰਗੀ=ਸੰਬੰਧੀ, ਮੇਲੀ।

ਅਰਥ - ੧. ਲੱਖਾਂ ਸੁੰਦਰ ਤੋਂ ਸੁੰਦਰ ਰੰਗ ਬਰੰਗੇ ਸਰੂਪ ਹੋਣ। ੨. ਨਾਸ ਰਹਿਤ ਰਾਗਾਂ ਨਾਦਾਂ ਦੇ ਲੱਖਾਂ ਹੀ ਸੰਵਾਦ ਸੰਗਤ ਵਿਚ ਹੋਣ। ੩. ਦਾਗ ਰਹਿਤ ਲੱਖਾਂ ਸੁਗੰਧੀਆਂ ਤੋਂ ਸ੍ਰੇਸ਼ਟ ਸੁਗੰਧੀਆਂ ਦੇ ਅਰਗਜੇ (ਬਹੁਤੀਆਂ ਸੁਗੰਧੀਆਂ ਵਾਲੇ ਤੇਲ) ਹੋਣ। ੪. ਰਸੋਈ ਵਿਚ ਛੱਤੀ ਪ੍ਰਕਾਰ ਦੇ ਭੋਜਨ ਤੇ ਹੋਰ ਰਸਾਂ ਦੇ ਭੋਗ ਚੰਗੇ ਢੰਗ ਵਾਲੇ ਹੋਣ। ੫. ਰੇਸ਼ਮੀ ਕੱਪੜੇ ਤੇ ਸਾਰੇ ਅੰਗਾਂ 'ਤੇ ਪਹਿਨਣ ਵਾਲੇ (ਸੁੰਦਰ) ਗਹਿਣੇ ਹੋਣ। ੬. (ਪਰ) ਗੁਰਮੁਖਾਂ ਦਾ ਸੁਖ ਫਲ (ਗਿਆਨ) ਇਹਨਾਂ ਸਾਰੇ ਸੁੰਦਰ ਪਦਾਰਥਾਂ ਤੋਂ ਉਪਰ ਹੈ, ਗੁਰਮੁਖਾਂ ਦਾ ਮਿਲਾਪ ਹੀ ਇਸ ਸੁਖ-ਫਲ ਨੂੰ ਜਾਣਦਾ ਹੈ॥ ੧੪॥

੧੫. ਗੁਰਸਿੱਖ ਮਨ ਬੁੱਧੀ ਦੇ ਸੁਖਾਂ ਤੋਂ ਉੱਚੇ ਹੁੰਦੇ ਹਨ

੧. ਲਖ ਮਤਿ ਬੁਧਿ ਸੁਧਿ ਉਕਤਿ ਲਖ ਲਖ ਲਖ ਚਤੁਰਾਈ।
੨. ਲਖ ਬਲ ਬਚਨ ਬਿਬੇਕ ਲਖ ਪਰਕਿਰਤਿ ਕਮਾਈ।
੩. ਲਖ ਸਿਆਣਪ ਸੁਰਤਿ ਲਖ ਲਖ ਸੁਰਤਿ ਘੜਾਈ।

੪. ਗਿਆਨ ਧਿਆਨ ਸਿਮਰਣਿ ਸਹੰਸ ਲਖ ਪਤਿ ਵਡਿਆਈ।
੫. ਹਉਮੈ ਅੰਦਰਿ ਵਰਤਣਾ ਦਰਿ ਥਾਇ ਨ ਪਾਈ।
੬. ਗੁਰਮੁਖਿ ਸੁਖ ਫਲ ਅਗਮ ਹੈ ਸਤਿਗੁਰ ਸਰਣਾਈ॥ ੧੫॥

ਪਦ ਅਰਥ - ਪਰਕਿਰਤਿ ਕਮਾਈ=ਮਾਇਆ ਪ੍ਰਾਪਤੀ ਲਈ ਕਮਾਈ। ਸਹੰਸ=ਹਜ਼ਾਰਾਂ।

ਅਰਥ - ੧. ਲੱਖਾਂ ਮਤ ਤੇ ਲੱਖਾਂ ਬੁੱਧੀਆਂ, ਲੱਖਾਂ ਉਕਤੀਆਂ ਜੁਗਤੀਆਂ ਦੀ ਸੋਝੀ ਤੇ ਲੱਖਾਂ ਚਤੁਰਾਈਆਂ ਹੋਣ। ੨. ਲੱਖਾਂ (ਸਰੀਰਕ) ਬਲ, ਲੱਖਾਂ ਬਿਬੇਕ ਵਾਲੇ ਬਚਨ ਤੇ ਲੱਖਾਂ ਮਾਇਆਵੀ ਪ੍ਰਾਪਤੀ ਵਾਲੀਆਂ ਕਮਾਈਆਂ ਹੋਣ। ੩. ਲੱਖ ਸਿਆਣਪਾਂ, ਲੱਖਾਂ ਸੁਰਤੀਆਂ (ਸੋਝੀਆਂ) ਤੇ ਲੱਖਾਂ ਘੜਾਈਆਂ ਘੜਨ ਦੀ ਗਿਆਤ ਹੋਵੇ (ਭਾਵ ਰਾਜਗੀਰੀ ਆਦਿ ਚੰਗੇ ਕੰਮਾਂ ਦਾ ਜਾਣੂ ਹੋਵੇ)। ੪. ਹਜ਼ਾਰਾਂ ਗਿਆਨ, ਧਿਆਨ, ਸਿਮਰਨ ਤੇ ਲੱਖਾਂ ਇੱਜ਼ਤਾਂ ਤੇ ਵਡਿਆਈਆਂ ਹੋਣ। ੫. (ਇਹਨਾਂ ਸਭ ਕੁਛ ਦੇ ਹੁੰਦਿਆਂ) ਜੋ ਪੁਰਸ਼ ਹਉਮੈ ਵਿਚ ਵਰਤਦਾ ਹੈ, ਉਹ ਦਰਗਾਹ ਵਿਚ ਪ੍ਰਵਾਨ ਨਹੀਂ ਹੁੰਦਾ। ੬. ਗੁਰਮੁਖਾਂ ਦਾ ਸੁਖ ਫਲ (ਗਿਆਨ) ਸਭ ਤੋਂ ਸ੍ਰੇਸ਼ਟ ਹੈ, (ਕਿਉਂ ਜੋ) ਗੁਰਮੁਖ ਸਤਿਗੁਰੂ ਦੀ ਸ਼ਰਣੀਂ ਪਏ ਹਨ॥ ੧੫॥

੧੬. ਗੁਰਸਿੱਖ ਸਤੋਗੁਣੀ ਸੁਖਾਂ ਤੋਂ ਉੱਚਾ ਹੁੰਦਾ ਹੈ

੧. ਸਤਿ ਸੰਤੋਖ ਦਇਆ ਧਰਮੁ ਲਖ ਅਰਥ ਮਿਲਾਹੀ।
੨. ਧਰਤਿ ਅਗਾਸ ਪਾਣੀ ਪਵਣ ਲਖ ਤੇਜ ਤਪਾਹੀ।
੩. ਖਿਮਾਂ ਧੀਰਜ ਲਖ ਲਖ ਮਿਲਿ ਸੋਭਾ ਸਰਮਾਹੀ।
੪. ਸਾਂਤਿ ਸਹਜ ਸੁਖ ਸੁਕ੍ਰਿਤਾ ਭਾਉ ਭਗਤਿ ਕਰਾਹੀ।
੫. ਸਗਲ ਪਦਾਰਥ ਸਗਲ ਫਲ ਆਨੰਦ ਵਧਾਹੀ।
੬. ਗੁਰਮੁਖਿ ਸੁਖ ਫਲ ਪਿਰਮ ਰਸੁ ਇਕੁ ਤਿਲੁ ਨ ਪੁਜਾਹੀ॥ ੧੬॥

ਪਦ ਅਰਥ - ਸਰਮਾਹੀ=ਵੈਰਾਗ ਧਾਰਨਾ। ਸੁਕ੍ਰਿਤਾ=ਪੁੰਨ ਕਰਕੇ।

ਅਰਥ - ੧. ਸਤ, ਸੰਤੋਖ, ਦਇਆ, ਧਰਮ ਤੇ ਲੱਖਾਂ ਅਰਥਾਂ ਦਾ ਮਿਲਾਪ ਹੋਣਾ। ੨. ਲੱਖਾਂ ਧਰਤੀਆਂ ਆਕਾਸ਼, ਪਾਣੀ, ਪੌਣ ਤੇ ਲੱਖਾਂ ਅੱਗਾਂ ਤਪਣੀਆਂ (ਭਾਵ ਪੰਜਾਂ ਤੱਤਾਂ ਦੀ ਰਹਿਤ ਧਾਰਨ ਕਰਨੀ)। ੩. ਲੱਖ ਖਿਮਾਂ ਤੇ ਧੀਰਜ ਧਾਰ ਕੇ ਸ਼ੋਭਾ ਖੱਟਣੀ। ੪. ਸ਼ਾਂਤੀ ਧਾਰਨੀ, ਸਹਿਜ ਦਾ ਸੁਖ, ਪੁੰਨ ਕਰਕੇ ਤੇ ਭਾਉ ਭਗਤੀ ਕਰਨੀ। ੫. ਸਾਰੇ (ਸੰਸਾਰਕ) ਪਦਾਰਥ ਤੇ ਸਾਰੇ ਰਲ ਮਿਲ ਕੇ ਖੁਸ਼ੀ ਵਧਾਉਂਦੇ ਹੋਣ। ੬. (ਪਰ ਇਹ ਸਾਰੇ ਉਪਰੋਕਤ ਸੁਖ) ਗੁਰਮੁਖਾਂ ਦੇ ਗਿਆਨ ਤੇ ਪ੍ਰੇਮ ਰਸ ਦੇ ਮੁਕਾਬਲੇ ਇਕ ਤਿਲ ਦੇ ਬਰਾਬਰ ਵੀ ਨਹੀਂ ਪੁੱਜ ਸਕਦੇ॥ ੧੬॥

੧੭. ਗੁਰਸਿੱਖ ਆਤਮ ਸੁਖਾਂ ਤੋਂ ਉੱਚਾ ਹੁੰਦਾ ਹੈ

੧. ਲਖ ਲਖ ਜੋਗ ਧਿਆਨ ਮਿਲਿ ਧਰਿ ਧਿਆਨੁ ਬਹੰਦੇ।
੨. ਲਖ ਲਖ ਸੁੰਨ ਸਮਾਧਿ ਸਾਧਿ ਨਿਜ ਆਸਣ ਸੰਦੇ।
੩. ਲਖ ਸੇਖ ਸਿਮਰਣਿ ਕਰਹਿ ਗੁਣ ਗਿਆਨ ਗਣੰਦੇ।
੪. ਮਹਿਮਾਂ ਲਖ ਮਹਾਤਮਾਂ ਜੈਕਾਰ ਕਰੰਦੇ।
੫. ਉਸਤਤਿ ਉਪਮਾਂ ਲਖ ਲਖ ਲਖ ਭਗਤਿ ਜਪੰਦੇ।
੬. ਗੁਰਮੁਖਿ ਸੁਖ ਫਲੁ ਪਿਰਮ ਰਸੁ ਇਕ ਪਲੁ ਨ ਲਹੰਦੇ॥ ੧੭॥

ਪਦ ਅਰਥ - ਸੁੰਨ ਸਮਾਧਿ=ਅਫੁਰ ਸਮਾਧੀ। ਗਣੰਦੇ=ਗਿਣਦੇ ਹਨ।

ਅਰਥ - ੧. ਲੱਖਾਂ ਜੋਗੀ ਤੇ ਲੱਖਾਂ ਧਿਆਨੀ ਮਿਲ ਕੇ ਧਿਆਨ ਧਾਰ ਕੇ ਬੈਠਦੇ ਹਨ। ੨. ਲੱਖਾਂ ਅਫੁਰ ਸਮਾਧੀਆਂ ਲਾ ਕੇ ਬੈਠਦੇ ਹਨ ਤੇ ਲੱਖਾਂ ਆਪਣੇ ਸਰੂਪ ਦੀ ਪ੍ਰਾਪਤੀ ਵਾਸਤੇ ਕਰਮ ਕਰਦੇ ਹਨ। ੩. ਲੱਖਾਂ ਸ਼ੇਸ਼ਨਾਗ ਸਿਮਰਨ ਕਰਦੇ ਹਨ ਤੇ ਪ੍ਰਭੂ ਦੇ ਗੁਣ ਤੇ ਗਿਆਨ ਦੀ ਗਣਨਾ ਕਰਦੇ ਹਨ। ੪. ਲੱਖਾਂ ਮਹਾਤਮਾਂ (ਪ੍ਰਭੂ ਦੀ) ਮਹਿਮਾ ਤੇ ਜੈ ਜੈਕਾਰ ਕਰਦੇ ਹਨ। ੫. ਲੱਖਾਂ ਭਗਤ (ਅਕਾਲ ਪੁਰਖ) ਦੀ ਉਸਤਤੀ ਕਰਦੇ ਤੇ ਜਪਦੇ ਹਨ। ੬. (ਪਰ ਇਹ ਸਾਰੇ) ਗੁਰਮੁਖਾਂ ਦੇ ਪ੍ਰੇਮ ਰਸ ਦੇ ਸੁਖ ਫਲ ਨੂੰ ਇਕ ਪਲ ਭਰ ਵੀ ਨਹੀਂ ਲੈ ਸਕਦੇ॥ ੧੭॥

ਭਾਵ—ਜੋਗੀ, ਜਤੀ ਤੇ ਤਪੀ ਆਦਿਕ ਆਪਣੀਆਂ ਘਾਲਣਾ ਨਾਲ ਕੁਛ ਆਨੰਦ ਪ੍ਰਾਪਤ ਕਰਦੇ ਹਨ, ਪਰ ਗੁਰਸਿੱਖ ਪ੍ਰਭੂ ਦਾ ਸਿਮਰਨ ਕਰਕੇ ਉਸ ਨਾਲ ਅਭੇਦ ਹੋ ਕੇ ਪਰਮ ਰਸ ਦੀ ਪ੍ਰਾਪਤੀ ਕਰਦਾ ਹੈ, ਜਿਸ ਕਰਕੇ ਗੁਰਸਿੱਖ ਦੀ ਪਦਵੀ ਸਭ ਤੋਂ ਉੱਚੀ ਹੁੰਦੀ ਹੈ।

੧੮. ਗੁਰਸਿੱਖਾਂ ਦਾ ਪ੍ਰੇਮ-ਰਸ ਸਭ ਤੋਂ ਉੱਚਾ ਹੈ

੧. ਅਚਰਜ ਨੋ ਆਚਰਜੁ ਹੈ ਆਚਰਜੁ ਹੋਵੰਦਾ।
੨. ਵਿਸਮਾਦੈ ਵਿਸਮਾਦੁ ਹੈ ਵਿਸਮਾਦੁ ਰਹੰਦਾ।
੩. ਹੈਰਾਣੈ ਹੈਰਾਣੁ ਹੈ ਹੈਰਾਣੁ ਕਰੰਦਾ।
੪. ਅਬਿਗਤਹੁ ਅਬਿਗਤੁ ਹੈ ਨਹਿੰ ਅਲਖੁ ਲਖੰਦਾ।
੫. ਅਕਥਹੁ ਅਕਥ ਅਲੇਖੁ ਹੈ ਨੇਤਿ ਨੇਤਿ ਸੁਣੰਦਾ।
੬. ਗੁਰਮੁਖਿ ਸੁਖ ਫਲੁ ਪਿਰਮ ਰਸੁ ਵਾਹੁ ਵਾਹੁ ਚਵੰਦਾ॥ ੧੮॥

ਪਦ ਅਰਥ - ਅਬਿਗਤੁ=ਜਿਸ ਦੀ ਗਤੀ ਨਾ ਜਾਣੀ ਜਾ ਸਕੇ। ਚਵੰਦਾ=ਕਹਿੰਦਾ ਹੈ।

ਅਰਥ - ੧. (ਗੁਰਮੁਖਾਂ ਦੇ) ਅਸਚਰਜ (ਰੂਪ ਪ੍ਰੇਮ ਰਸ) ਨੂੰ ਵੇਖ ਕੇ ਅਸਚਰਜ ਵੀ ਅਸਚਰਜ ਹੁੰਦਾ ਹੈ। ੨. ਵਿਸਮਾਦ ਤੋਂ ਵੱਡਾ ਵਿਸਮਾਦ ਵੀ ਵਿਸਮਾਦ ਰਹਿੰਦਾ ਹੈ। ੩. ਹੈਰਾਣਾਂ ਵਿਚੋਂ ਜੋ ਵੱਡਾ ਹੈਰਾਣ ਹੈ, ਉਸ ਨੂੰ ਵੀ ਹੈਰਾਣ ਕਰਦਾ ਹੈ। ੪. ਅਬਿਗਤ ਤੋਂ ਵੱਡੀ ਜਿਹੜੀ ਅਬਿਗਤੀ ਹੈ, ਉਹ ਵੀ ਉਸ ਅਲਖ ਨੂੰ ਨਹੀਂ ਜਾਣ ਸਕਦੀ। ੫. ਅਕਥ ਤੋਂ ਅਕਥ ਹੈ, ਅਲੇਖ ਵੀ ਉਸ ਦਾ ਸਦਾ ਨੇਤਿ ਨੇਤਿ ਕਰਕੇ ਸੁਣਾਉਂਦਾ ਹੈ। ੬. ਗੁਰਮੁਖਾਂ ਨੂੰ ਜਿਹੜਾ ਪ੍ਰੇਮ ਰਸ ਦਾ ਸੁਖ ਫਲ ਪ੍ਰਾਪਤ ਹੁੰਦਾ ਹੈ, ਉਸਨੂੰ ਗੁਰਮੁਖ ਵਾਹੁ ਵਾਹੁ ਕਹਿ ਕੇ ਪ੍ਰਗਟ ਕਰਦੇ ਹਨ॥ ੧੮॥

ਭਾਵ—ਗੁਰਮੁਖਾਂ ਨੂੰ ਜਿਹੜਾ ਪ੍ਰੇਮ ਰਸ ਪ੍ਰਾਪਤ ਹੁੰਦਾ ਹੈ, ਉਸ ਦਾ ਵਰਣਨ ਉਹ ਨਹੀਂ ਕਰ ਸਕਦੇ, ਕੇਵਲ ਵਾਹੁ ਵਾਹੁ (ਧੰਨ ਧੰਨ) ਕਹਿ ਕੇ ਹੀ ਉਹ ਆਪਣੇ ਆਨੰਦ ਨੂੰ ਪ੍ਰਗਟ ਕਰਦੇ ਹਨ।

੧੯. ਸਾਧ ਸੰਗਤ ਹੀ ਸੱਚਖੰਡ ਹੈ

੧. ਇਕੁ ਕਵਾਉ ਪਸਾਉ ਕਰਿ ਬ੍ਰਹਮੰਡ ਪਸਾਰੇ।
੨. ਕਰਿ ਬ੍ਰਹਮੰਡ ਕਰੋੜ ਲਖ ਰੋਮ ਰੋਮ ਸੰਜਾਰੇ।
੩. ਪਾਰਬ੍ਰਹਮ ਪੂਰਣ ਬ੍ਰਹਮ ਗੁਰੁ ਰੂਪੁ ਮੁਰਾਰੇ।
੪. ਗੁਰੁ ਚੇਲਾ ਚੇਲਾ ਗੁਰੂ ਗੁਰ ਸਬਦੁ ਵੀਚਾਰੇ।
੫. ਸਾਧਸੰਗਤਿ ਸਚੁ ਖੰਡ ਹੈ ਵਾਸਾ ਨਿਰੰਕਾਰੇ।
੬. ਗੁਰਮੁਖਿ ਸੁਖ ਫਲੁ ਪਿਰਮ ਰਸੁ ਦੇ ਹਉਮੈ ਮਾਰੇ॥ ੧੯॥

ਪਦ ਅਰਥ - ਕਵਾਉ=ਵਾਕ। ਸੰਜਾਰੇ=ਸਾਜੇ। ਮੁਰਾਰੇ=ਹੰਕਾਰ ਨਾਸ਼ਕ।

ਅਰਥ - ੧. (ਪ੍ਰਭੂ ਨੇ ਆਪਣੇ) ਇਕ ਵਾਕ ਤੋਂ ਹੀ ਪਸਾਰਾ ਕਰਕੇ ਬੇਅੰਤ ਬ੍ਰਹਿਮੰਡਾਂ ਦੀ ਰਚਨਾ ਕਰ ਦਿੱਤੀ ਹੈ। ੨. ਕਰੋੜਾਂ ਬ੍ਰਹਿਮੰਡ ਰਚ ਕੇ ਆਪਣੇ ਇਕ ਇਕ ਰੋਮ ਵਿਚ ਲੱਖਾਂ ਬ੍ਰਹਿਮੰਡ ਮਿਲਾ ਰੱਖੇ ਹਨ। ੩. ਉਸ ਨਿਰਗੁਣ ਸਰੂਪ ਮੁਰਾਰੀ ਨੇ ਹੀ ਆਪਣਾ ਸਰਗੁਣ ਗੁਰੂ ਰੂਪ ਧਾਰਨ ਕੀਤਾ ਹੈ। ੪. ਉਸ ਗੁਰੂ ਦੇ ਉਪਦੇਸ਼ ਦੀ ਕਮਾਈ ਕਰਕੇ ਚੇਲਾ ਗੁਰੂ ਹੋ ਗਿਆ ਤੇ ਗੁਰੂ ਚੇਲਾ ਬਣ ਗਿਆ। ੫. ਸਾਧ ਸੰਗਤ ਹੀ ਸੱਚਖੰਡ ਹੈ, ਜਿਥੇ ਨਿਰੰਕਾਰ ਦਾ ਨਿਵਾਸ ਹੈ। ੬. ਗੁਰਮੁਖਾਂ ਨੇ ਆਪਣੀ ਦੇਹ ਦੀ ਹੰਗਤਾ (ਹਉਮੈ) ਮਾਰ ਦਿੱਤੀ ਹੈ, ਜਿਸ ਕਰਕੇ ਉਹਨਾਂ ਨੂੰ ਪ੍ਰੇਮ ਰਸ ਦੇ ਸੁਖ ਫਲ ਦੀ ਪ੍ਰਾਪਤੀ ਹੋਈ ਹੈ॥ ੧੯॥

ਭਾਵ—ਸਤਿਸੰਗਤ ਵਿਚ ਅਕਾਲ ਪੁਰਖ ਦਾ ਜਸ ਹੁੰਦਾ ਹੈ, ਇਸ ਕਰਕੇ ਪ੍ਰਭੂ ਦਾ ਨਿਵਾਸ ਸਤਿਸੰਗਤ ਵਿਚ ਹੁੰਦਾ ਹੈ।

੨੦. ਛੇਆਂ ਗੁਰਾਂ ਦੀ ਏਕਤਾ ਤੇ ਉਸਤਤੀ

੧. ਸਤਿਗੁਰੁ ਨਾਨਕ ਦੇਉ ਹੈ ਪਰਮੇਸਰੁ ਸੋਈ।
੨. ਗੁਰੁ ਅੰਗਦੁ ਗੁਰੁ ਅੰਗ ਤੇ ਜੋਤੀ ਜੋਤਿ ਸਮੋਈ।
੩. ਅਮਰਾਪਦੁ ਗੁਰੁ ਅੰਗਦਹੁ ਹੁਇ ਜਾਣੁ ਜਣੋਈ।
੪. ਗੁਰੁ ਅਮਰਹੁ ਗੁਰੁ ਰਾਮਦਾਸ ਅੰਮ੍ਰਿਤ ਰਸੁ ਭੋਈ।
੫. ਰਾਮਦਾਸਹੁ ਅਰਜਨੁ ਗੁਰੂ ਗੁਰੁ ਸਬਦ ਸਥੋਈ।
੬. ਹਰਿਗੋਵਿੰਦ ਗੁਰੁ ਅਰਜਨਹੁ ਗੁਰੁ ਗੋਵਿੰਦੁ ਹੋਈ।
੭. ਗੁਰਮੁਖਿ ਸੁਖ ਫਲ ਪਿਰਮ ਰਸੁ ਸਤਿਸੰਗ ਅਲੋਈ।
੮. ਗੁਰੁ ਗੋਵਿੰਦਹੁ ਬਾਹਿਰਾ ਦੂਜਾ ਨਹੀ ਕੋਈ॥ ੨੦॥ ੩੮॥

ਪਦ ਅਰਥ - ਅੰਗ ਤੇ=ਸਰੀਰ ਤੋਂ। ਜਣੋਈ=ਗਿਆਨਵਾਨ। ਭੋਈ=ਭਿੱਜ ਗਏ। ਸਥੋਈ=ਧਾਰਨ ਕਰਨ ਵਾਲੇ। ਅਲੋਈ=ਵੇਖਣਾ।

ਅਰਥ - ੧. ਸਤਿਗੁਰੂ ਨਾਨਕ ਦੇਵ ਜੀ ਪ੍ਰਕਾਸ਼ਵਾਨ ਪਰਮੇਸ਼ਰ ਦਾ ਸਰੂਪ ਹਨ। ੨. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰੀਰ ਤੋਂ ਗੁਰੂ ਅੰਗਦ ਜੀ ਪ੍ਰਗਟ ਹੋਏ, ਗੁਰੂ ਨਾਨਕ ਦੇਵ ਜੀ ਨੇ ਆਪਣੀ ਜੋਤ ਉਹਨਾਂ ਵਿਚ ਸਮੋਈ (ਪਾਈ) ਹੈ। ੩. ਗੁਰੂ ਅੰਗਦ ਦੇਵ ਜੀ ਤੋਂ ਜਾਣੀ ਜਾਣ ਅਮਰ ਪਦਵੀ ਵਾਲੇ (ਗੁਰੂ ਅਮਰਦਾਸ ਜੀ) ਹੋਏ ਹਨ। ੪. ਗੁਰੂ ਅਮਰਦਾਸ ਜੀ ਤੋਂ ਨਾਮ ਦੇ ਅੰਮ੍ਰਿਤ ਰਸ ਵਿਚ ਭਿੱਜੇ ਹੋਏ ਗੁਰੂ ਰਾਮਦਾਸ ਜੀ ਹੋਏ ਹਨ। ੫. ਗੁਰੂ ਰਾਮਦਾਸ ਜੀ ਤੋਂ ਗੁਰੂ ਦੇ ਸ਼ਬਦ ਨੂੰ ਧਾਰਨ ਕਰਨ ਵਾਲੇ ਰੂਪ ਗੁਰੂ ਅਰਜਨ ਦੇਵ ਜੀ ਪ੍ਰਗਟ ਹੋਏ ਹਨ। ੬. ਗੁਰੂ ਅਰਜਨ ਦੇਵ ਜੀ ਤੋਂ ਗੋਬਿੰਦ ਰੂਪ ਗੁਰੂ ਹਰਿਗੋਬਿੰਦ ਜੀ ਹੋਏ ਹਨ। ੭. ਇਹਨਾਂ ਦੀ ਸੰਗਤ ਕਰਨ ਵਾਲੇ ਗੁਰਮੁਖ ਸੁਖਦਾਈ ਫਲ ਪ੍ਰੇਮ ਰਸ ਨੂੰ ਵੇਖਦੇ ਹਨ। ੮. (ਇਸ ਸਮੇਂ) ਸ੍ਰੀ ਗੁਰੂ ਹਰਿਗੋਬਿੰਦ ਜੀ ਤੋਂ ਬਿਨਾਂ ਹੋਰ ਕੋਈ ਦੂਜਾ ਗੁਰੂ ਨਹੀਂ ਹੈ॥ ੨੦॥ ੩੮॥

ਭਾਵ— ਇਸ ਵਾਰ ਦੀ ਇਸ ਅੰਤਲੀ ਪਉੜੀ ਵਿਚ ਭਾਈ ਸਾਹਿਬ ਜੀ ਛੇਆਂ ਸਤਿਗੁਰਾਂ ਦੀ ਉਸਤਤੀ ਕਰਕੇ ਸਿੱਖਾਂ ਨੂੰ ਇਹ ਦ੍ਰਿੜ੍ਹ ਕਰਾਉਂਦੇ ਹਨ ਕਿ ਸੰਸਾਰ ਦੀ ਕਲਿਆਣ ਲਈ ਪ੍ਰਭੂ ਨੇ ਗੁਰੂ ਦਾ ਸਰੂਪ ਧਾਰਨ ਕੀਤਾ ਹੈ ਤੇ ਸਤਿਸੰਗਤ ਦਾ ਸੱਚਾ ਮਾਰਗ ਚਲਾਇਆ ਹੈ। ਸੋ ਸਤਿਸੰਗਤ ਵਿਚੋਂ ਮੁਕਤੀ ਪ੍ਰਾਪਤ ਕਰੋ।

ਵਾਰ ੩੯

ੴ ਸਤਿਗੁਰ ਪ੍ਰਸਾਦਿ॥

੧. ਮੂਲ-ਮੰਤ੍ਰ ਦਾ ਵਰਣਨ

੧. ਏਕੰਕਾਰੁ ਇਕਾਂਗ ਲਿਖਿ ਊੜਾ ਓਅੰਕਾਰੁ ਲਿਖਾਇਆ।
੨. ਸਤਿਨਾਮੁ ਕਰਤਾ ਪੁਰਖੁ ਨਿਰਭਉ ਹੋਇ ਨਿਰਵੈਰੁ ਸਦਾਇਆ।
੩. ਅਕਾਲ ਮੂਰਤਿ ਪਰਤਖਿ ਹੋਇ ਨਾਉ ਅਜੂਨੀ ਸੈਭੰ ਭਾਇਆ।
੪. ਗੁਰਪਰਸਾਦਿ ਸੁ ਆਦਿ ਸਚੁ ਜੁਗਹ ਜੁਗੰਤਰਿ ਹੋਂਦਾ ਆਇਆ।
੫. ਹੈਭੀ ਹੋਸੀ ਸਚੁ ਨਾਉ ਸਚੁ ਦਰਸਣੁ ਸਤਿਗੁਰੂ ਦਿਖਾਇਆ।
੬. ਸਬਦੁ ਸੁਰਤਿ ਲਿਵਲੀਣੁ ਹੋਇ ਗੁਰੁ ਚੇਲਾ ਪਰਚਾ ਪਰਚਾਇਆ।
੭. ਗੁਰੁ ਚੇਲਾ ਰਹਰਾਸਿ ਕਰਿ ਵੀਹ ਇਕੀਹ ਚੜ੍ਹਾਉ ਚੜ੍ਹਾਇਆ।
੮. ਗੁਰਮੁਖਿ ਸੁਖ ਫਲੁ ਅਲਖੁ ਲਖਾਇਆ॥ ੧ ॥

ਅਰਥ - ੧. (ਸਤਿਗੁਰੂ ਜੀ ਨੇ ਮੂਲਮੰਤ੍ਰ ਦੇ ਆਰੰਭ ਵਿਚ) ਇਕ ਦਾ ਸਰੂਪ ਏਕਾ (੧) ਲਿਖ ਕੇ ਊੜੇ (ੳ) ਤੋਂ ਓਅੰਕਾਰ ਦਾ ਰੂਪ ਲਖਾਇਆ ਹੈ। ੨. (ਉਸ ਪ੍ਰਭੂ ਦਾ ਨਾਮ ਸੱਚਾ ਹੈ, ਉਹ ਸਿਰਜਨਹਾਰ ਵਿਆਪਕ ਹੈ, ਉਸ ਨੇ ਨਿਰਭਉ ਤੇ ਨਿਰਵੈਰ ਸਦਵਾਇਆ ਹੈ। ੩. ਫਿਰ ਪ੍ਰਤੱਖ ਹੋਣ ਕਰਕੇ ਪ੍ਰਭੂ ਦਾ ਨਾਮ ਅਕਾਲ ਮੂਰਤਿ ਅਜੂਨੀ ਤੇ ਸੈਭੰ (ਸਤਿਗੁਰਾਂ) ਨੂੰ ਭਾਇਆ ਹੈ। ੪. ਉਸ ਪ੍ਰਭੂ ਨੂੰ ਗੁਰੂ ਦੀ ਕਿਰਪਾ ਨਾਲ ਜਾਣਿਆਂ ਜਾਂਦਾ ਹੈ। ਉਹ ਪ੍ਰਭੂ ਆਦਿ ਵਿਚ ਵੀ ਸੱਚ ਸੀ ਤੇ ਜੁਗਾਂ ਜੁਗਾਂ ਵਿਚ ਵੀ ਸੱਚ ਹੁੰਦਾ ਆਇਆ ਹੈ। ੫. ਉਹ ਪਰਮੇਸ਼ਰ ਸੱਚ ਹੈ ਤੇ ਅੱਗੋਂ ਵੀ ਉਸ ਦਾ ਨਾਮ ਸੱਚਾ ਹੋਵੇਗਾ। ਇਹ ਸੱਚਾ ਮਤ ਸਤਿਗੁਰੂ ਜੀ ਨੇ (ਆਪਣੇ ਸਿੱਖਾਂ ਨੂੰ) ਦਿਖਾਇਆ ਹੈ। ੬. ਜਿਹੜਾ ਚੇਲਾ ਸ਼ਬਦ ਸੁਰਤ ਵਿਚ ਲਿਵਲੀਣ ਹੋਇਆ ਹੈ ਤੇ ਜਿਸ ਨੇ ਸ਼ਬਦ ਨਾਲ ਆਪਣੇ ਮਨ ਨੂੰ ਪਰਚਾਇਆ ਹੈ ਤੇ ੭. ਜਿਸ ਨੇ ਗੁਰੂ ਤੇ ਚੇਲੇ ਦੀ ਰਹੁਰੀਤ (ਮਰਯਾਦਾ) ਕਰਕੇ ਵੀਹ ਤੋਂ ਇਕੀਹਵੀਂ ਭੂਮਿਕਾ ਦਾ ਚੜ੍ਹਾਉ ਚੜ੍ਹਾਇਆ ਹੈ। ੮. ਉਸ ਗੁਰਸਿੱਖ ਨੂੰ ਸਤਿਗੁਰਾਂ ਨੇ ਅਲਖ (ਨਾ ਜਾਣੇ ਜਾਣ ਵਾਲਾ) ਸੁਖ ਫਲ ਲਖਾ ਦਿੱਤਾ ਹੈ॥ ੧॥

੨. ਪੰਜੇ ਸਤਿਗੁਰੂ ਪ੍ਰਭੂ ਦਾ ਸਰੂਪ ਹਨ

੧. ਨਿਰੰਕਾਰੁ ਅਕਾਰੁ ਕਰਿ ਏਕੰਕਾਰੁ ਅਪਾਰ ਸਦਾਇਆ।
੨. ਓਅੰਕਾਰੁ ਅਕਾਰੁ ਕਰਿ ਇਕੁ ਕਵਾਉ ਪਸਾਉ ਕਰਾਇਆ।
੩. ਪੰਜ ਤਤ ਪਰਵਾਣੁ ਕਰਿ ਪੰਜ ਮਿਤ੍ਰ ਪੰਜ ਸਤ੍ਰ ਮਿਲਾਇਆ।
੪. ਪੰਜੇ ਤਿਨਿ ਅਸਾਧ ਸਾਧਿ ਸਾਧੁ ਸਦਾਇ ਸਾਧੁ ਬਿਰਦਾਇਆ।
੫. ਪੰਜੇ ਏਕੰਕਾਰ ਲਿਖਿ ਅਗੋਂ ਪਿਛੀਂ ਸਹਸ ਫਲਾਇਆ।
੬. ਪੰਜੇ ਅਖਰ ਪਰਧਾਨ ਕਰਿ ਪਰਮੇਸਰੁ ਹੋਇ ਨਾਉ ਧਰਾਇਆ।
੭. ਸਤਿਗੁਰੁ ਨਾਨਕ ਦੇਉ ਹੈ ਗੁਰੁ ਅੰਗਦੁ ਅੰਗਹੁੰ ਉਪਜਾਇਆ।
੮. ਅੰਗਦ ਤੇ ਗੁਰੁ ਅਮਰਪਦ ਅੰਮ੍ਰਿਤ ਰਾਮ ਨਾਮੁ ਗੁਰੁ ਭਾਇਆ।
੯. ਰਾਮਦਾਸ ਗੁਰੁ ਅਰਜਨ ਛਾਇਆ॥ ੨ ॥

ਪਦ ਅਰਥ - ਪਰਵਾਣੁ=ਵਜੂਦ ਵਾਲੇ। ਪੰਜ ਮਿਤ੍ਰ=ਸਤ ਸੰਤੋਖ ਆਦਿ ਸ਼ੁਭ ਗੁਣ। ਪੰਜ ਸਤ੍ਰ=ਕਾਮ, ਕ੍ਰੋਧ ਆਦਿ ਵੈਰੀ।

ਅਰਥ - ੧. ਨਿਰੰਕਾਰ ਨੇ ਹੀ ਸਰਗੁਣ ਰੂਪ ਧਾਰਨ ਕਰ ਕੇ (ਆਪਣਾ ਨਾਮ) ਏਕੰਕਾਰ ਤੇ ਅਪਾਰ ਸਦਾਇਆ ਹੈ। ੨. ਉਸ ਓਅੰਕਾਰ (ਪ੍ਰਭੂ) ਨੇ ਆਪਣੇ ਇਕ ਵਾਕ ਨਾਲ (ਬੇਅੰਤ ਬ੍ਰਹਿਮੰਡਾਂ ਦਾ) ਪਸਾਰਾ ਪਸਾਰਿਆ ਹੈ। ੩. ਪੰਜਾਂ ਤੱਤਾਂ ਦਾ ਵਜੂਦ ਰਚ ਕੇ (ਰਚਨਾ ਕਰਕੇ) ਪੰਜ ਸਤ ਸੰਤੋਖ ਆਦਿ ਸ਼ੁਭ ਗੁਣਾਂ ਰੂਪੀ ਮਿੱਤ੍ਰ ਤੇ ਕਾਮ ਕ੍ਰੋਧ ਆਦਿ ਵੈਰੀਆਂ ਨੂੰ ਪਰਸਪਰ ਮਿਲਾਇਆ ਹੈ। ੪. (ਜਿਸ ਨੇ) ਪੰਜੇ ਕਾਮ ਕ੍ਰੋਧ ਆਦਿ ਵੈਰੀਆਂ ਨੂੰ ਤੇ ਤਿੰਨਾਂ ਗੁਣਾਂ ਨੂੰ, ਜੋ ਅਸਾਧ ਸਨ, ਸਾਧ ਲਿਆ ਹੈ, ਉਸ (ਗੁਰੂ) ਨੇ ਸਾਧ ਸਦਾ ਕੇ ਸਾਧੂਆਂ ਵਾਲਾ ਬਿਰਦ (ਧਰਮ) ਪੂਰਾ ਕੀਤਾ ਹੈ। ੫. ਪੰਜੇ ਸਤਿਗੁਰਾਂ ਨੇ ਏਕੰਕਾਰ ਦਾ ਨਾਮ ਲਿਖ ਕੇ (ਈਸ਼੍ਵਰੀ ਬਾਣੀ ਰਚਕੇ) ਵਧਾ ਘਟਾ ਰੂਪ ਸੰਸਾਰ ਵਿਚ ਹਜ਼ਾਰ ਗੁਣਾਂ ਫਲਵਾਨ ਕੀਤਾ ਹੈ। ੬. ਪੰਜੇ ਗੁਰੂ ਪਧਾਰਨ ਕਰਕੇ ਪ੍ਰਭੂ ਨੇ ਆਪਣਾ ਨਾਮ ਹੀ ਰਖਾਇਆ ਹੈ। ੭. (ਜਿਵੇਂ) ਸਤਿਗੁਰੂ ਨਾਨਕ ਦੇਵ ਜੀ ਹੋਏ ਹਨ, ਫਿਰ ਇਹਨਾਂ ਦੇ ਅੰਗ (ਸਰੀਰ) ਤੋਂ ਗੁਰੂ ਅੰਗਦ ਦੇਵ ਜੀ ਪ੍ਰਗਟ ਹੋਏ। ੮. ਫਿਰ ਗੁਰੂ ਅੰਗਦ ਦੇਵ ਜੀ ਤੋਂ ਅਮਰ ਪਦਵੀ ਵਾਲੇ ਗੁਰੂ ਅਮਰਦਾਸ ਜੀ ਹੋਏ ਤੇ ਫਿਰ ਇਹਨਾਂ ਤੋਂ ਗੁਰੂ ਰਾਮਦਾਸ ਜੀ ਪ੍ਰਗਟ ਹੋਏ। ੯. ਗੁਰੂ ਰਾਮਦਾਸ ਜੀ ਤੋਂ ਗੁਰੂ ਅਰਜਨ ਦੇਵ ਜੀ (ਗੁਰ-ਗੱਦੀ 'ਤੇ) ਬਿਰਾਜਮਾਨ ਹੋਏ ਹਨ॥ ੨ ॥

ਭਾਵ—ਪੰਜੇ ਸਤਿਗੁਰੂ ਜੀ ਅਕਾਲ ਪੁਰਖ ਦਾ ਰੂਪ ਹਨ ਤੇ ਇਹਨਾਂ ਪੰਜਾਂ ਵਿਚ ਇਕੋ ਜੋਤ ਹੈ।

੩. ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਮਹਿਮਾ

੧. ਦਸਤਗੀਰ ਹੁਇ ਪੰਜ ਪੀਰ ਹਰਿ ਗੁਰੁ ਹਰਿ ਗੋਬਿੰਦੁ ਅਤੋਲਾ।
੨. ਦੀਨ ਦੁਨੀ ਦਾ ਪਾਤਿਸਾਹੁ ਪਾਤਿਸਾਹਾਂ ਪਾਤਿਸਾਹੁ ਅਡੋਲਾ।
੩. ਪੰਜ ਪਿਆਲੇ ਅਜਰੁ ਜਰਿ ਹੋਇ ਮਸਤਾਨ ਸੁਜਾਣ ਵਿਚੋਲਾ।
੪. ਤੁਰੀਆ ਚੜ੍ਹਿ ਜਿਣਿ ਪਰਮਤਤੁ ਛਿਅ ਵਰਤਾਰੇ ਕੋਲੋ ਕੋਲਾ।
੫. ਛਿਅ ਦਰਸਣੁ ਛਿਅ ਪੀੜ੍ਹੀਆਂ ਇਕਸੁ ਦਰਸਣੁ ਅੰਦਰਿ ਗੋਲਾ।
੬. ਜਤੀ ਸਤੀ ਸੰਤੋਖੀਆਂ ਸਿਧ ਨਾਥ ਅਵਤਾਰ ਵਿਰੋਲਾ।
੭. ਗਿਆਰਹ ਰੁਦ੍ਰ ਸਮੁੰਦ੍ਰ ਵਿਚਿ ਮਰਿ ਜੀਵੈ ਤਿਸੁ ਰਤਨੁ ਅਮੋਲਾ।
੮. ਬਾਰਹ ਸੋਲਾਂ ਮੇਲ ਕਰਿ ਵੀਹ ਇਕੀਹ ਚੜ੍ਹਾਉ ਹਿੰਡੋਲਾ।
੯. ਅੰਤਰਜਾਮੀ ਬਾਲਾ ਭੋਲਾ॥ ੩ ॥

ਪਦ ਅਰਥ - ਦਸਤਗੀਰ=ਹੱਥ ਫੜਨ ਵਾਲੇ। ਵਿਚੋਲਾ=ਵਕੀਲ। ਕੋਲੋ ਕੋਲਾ=ਆਸ ਪਾਸ। ਵਿਰੋਲਾ=ਰਿੜਕ ਕੇ।

ਅਰਥ - ੧. ਪੰਜ ਪੀਰ (ਪੰਜੇ ਗੁਰੂ) ਸਿੱਖ ਦਾ ਹੱਥ ਫੜਨ ਵਾਲੇ ਹੋਏ ਹਨ ਤੇ ਹਰੀ ਰੂਪ ਹਰਿਗੋਬਿੰਦ ਜੀ ਅਤੋਲ ਹਨ। ੨. (ਛੇਵੇਂ ਗੁਰੂ) ਪਾਤਸ਼ਾਹਾਂ ਦੇ ਪਾਤਸ਼ਾਹ ਹਨ ਤੇ ਅਚੱਲ ਮੂਰਤੀ ਹਨ। ੩. ਪੰਜ ਅਜਰ ਪਿਆਲੇ (ਸਤ ਸੰਤੋਖ ਆਦਿ) ਇਹਨਾਂ ਨੇ ਜਰ ਲੀਤੇ ਹਨ ਤੇ ਮਸਤ ਹੋ ਕੇ ਵੱਡੇ ਸੁਜਾਨ ਪ੍ਰਭੂ ਨਾਲ ਮੇਲਣਹਾਰ (ਵਿਚੋਲੇ) ਬਣੇ ਹਨ। ੪. ਇਹਨਾਂ ਨੇ ਤੁਰੀਆ ਪਦ ਵਿਚ ਚੜ੍ਹ ਕੇ ਪਰਮ ਤੱਤ ਨੂੰ ਪ੍ਰਾਪਤ ਕੀਤਾ ਹੈ ਤੇ ਛੇ ਦਰਸ਼ਨ (ਮਤ) ਇਹਨਾਂ ਦੇ ਆਸ ਪਾਸ ਵਰਤਦੇ ਹਨ। ੫. ਛੇ ਦਰਸ਼ਨਾਂ ਦੀਆਂ ਛੇ ਸੰਪ੍ਰਦਾਵਾਂ ਇਕ ਦਰਸ਼ਨ (ਭਾਵ ਗੁਰੂ ਘਰ) ਵਿਚ ਦਾਸ ਹੋ ਕੇ ਵਰਤਦੀਆਂ ਹਨ। ੬. ਜਤੀਆਂ, ਸਤੀਆਂ, ਸੰਤੋਖੀਆਂ, ਸਿੱਧਾਂ, ਨਾਥਾਂ ਤੇ ਅਵਤਾਰਾਂ ਦਾ ਸਿਧਾਂਤ ਸਿੱਖ ਪੰਥ ਨੇ ਵਿਰੋਲ ਲਿਆ ਹੈ (ਭਾਵ ਸਭ ਦਾ ਸਾਰ ਗ੍ਰਹਿਣ ਕਰਕੇ ਬਾਕੀ ਫੋਗ ਨੂੰ ਤਿਆਗ ਦਿੱਤਾ ਹੈ)। ੭. ਗਿਆਰਾਂ ਰੁਦਰ (ਸਤਿਗੁਰੂ ਜੀ ਦੇ ਹਿਰਦੇ ਰੂਪ) ਸਮੁੰਦਰ ਵਿਚ ਹਨ, ਜਿਹੜੇ ਸਿੱਖ ਆਪਾ ਭਾਵ ਮਾਰ ਕੇ ਮਰਜੀਵੇ ਬਣਦੇ ਹਨ, ਉਹਨਾਂ ਨੂੰ ਅਮੋਲਕ ਰਤਨ ਪ੍ਰਾਪਤ ਹੁੰਦੇ ਹਨ। ੮. ਬਾਰਾਂ ਰਾਸਾਂ ਵਾਲਾ ਸੂਰਜ, ਸੋਲਾਂ ਕਲਾਂ ਵਾਲਾ ਚੰਦਰਮਾਂ ਮਿਲਕੇ ਜੀਵ ਈਸ਼੍ਵਰ ਦੇ ਮਿਲਾਪ ਦਾ ਝੂਲਣਾ ਝੂਲਦੇ ਹਨ। ੯. ਸਤਿਗੁਰੂ ਜੀ ਅੰਤਰਜਾਮੀ ਹੁੰਦੇ ਹੋਏ ਵੀ ਬਾਲੇ ਭੋਲੇ ਬਣੇ ਰਹਿੰਦੇ ਹਨ (ਭਾਵ ਆਪਣਾ ਆਪ ਕਿਸੇ ਨੂੰ ਜਣਾਉਂਦੇ ਨਹੀਂ)॥ ੩ ॥

੪. ਸਤਿਗੁਰੂ ਜੀ ਦੇ ਚਰਣਾਂਮ੍ਰਿਤ ਦੀ ਮਹਿਮਾ

੧. ਗੁਰ ਗੋਵਿੰਦੁ ਖੁਦਾਇ ਪੀਰ ਗੁਰੁ ਚੇਲਾ ਚੇਲਾ ਗੁਰੁ ਹੋਆ।
੨. ਨਿਰੰਕਾਰ ਆਕਾਰੁ ਕਰਿ ਏਕੰਕਾਰੁ ਅਕਾਰੁ ਪਛੋਆ।
੩. ਓਅੰਕਾਰਿ ਅਕਾਰਿ ਲਖ ਲਖ ਦਰੀਆਉ ਕਰੇਂਦੇ ਢੋਆ।
੪. ਲਖ ਦਰੀਆਉ ਸਮੁੰਦ੍ਰ ਵਿਚਿ ਸਤ ਸਮੁੰਦ੍ਰ ਗੜਾੜਿ ਸਮੋਆ।
੫. ਲਖ ਗੜਾੜਿ ਕੜਾਹ ਵਿਚਿ ਤ੍ਰਿਸਨਾ ਦਝਹਿ ਸੀਖ ਪਰੋਆ।
੬. ਬਾਵਨ ਚੰਦਨ ਬੂੰਦ ਇਕੁ ਠੰਢੇ ਤਤੇ ਹੋਇ ਖਲੋਆ।
੭. ਬਾਵਨ ਚੰਦਨ ਲਖ ਲਖ ਚਰਣ ਕਵਲ ਚਰਣੋਦਕੁ ਹੋਆ।
੮. ਪਾਰਬ੍ਰਹਮੁ ਪੂਰਨ ਬ੍ਰਹਮੁ ਆਦਿ ਪੁਰਖੁ ਆਦੇਸੁ ਅਲੋਆ।
੯. ਹਰਿਗੋਵਿੰਦ ਗੁਰ ਛਤ੍ਰ ਚੰਦੋਆ ॥ ੪ ॥

ਪਦ ਅਰਥ - ਪਛੋਆ=ਪਿੱਛੇ ਹੈ। ਗੜਾੜਿ=ਮਹਾਂ ਸਾਗਰ। ਸੀਖ ਪਰੋਆ=ਸੀਖ ਵਿਚ ਪਰੋਏ ਹੋਏ।

ਅਰਥ - ੧. ਸ੍ਰੀ ਗੁਰੂ ਹਰਿਗੋਬਿੰਦ ਪੀਰ ਖੁਦਾ ਦਾ ਰੂਪ ਹੈ, ਕਿਉਂਕਿ ਉਹ ਗੁਰੂ ਅਰਜਨ ਦੇਵ ਜੀ ਦਾ ਚੇਲਾ ਬਣ ਕੇ ਗੁਰੂ ਬਣਿਆ ਹੈ। ੨. ਨਿਰੰਕਾਰ ਨੇ ਪਹਿਲੇ ਇਕਾਂਗ ਰਚ ਕੇ ਪਿੱਛੋਂ ਗੁਰੂ ਦਾ ਅਕਾਰ ਬਣਾਇਆ। ੩. ਓਅੰਕਾਰ ਦੇ ਅਕਾਰ ਤੋਂ ਹੀ ਲੱਖਾਂ ਦਰਿਆ ਨਿਕਲੇ ਹਨ। ੪. ਲੱਖਾਂ ਦਰਿਆ ਸਮੁੰਦਰ ਵਿਚ ਜਾ ਮਿਲਦੇ ਹਨ, ਫਿਰ ਸੱਤ ਸਮੁੰਦਰ ਮਹਾਂ ਸਾਗਰ ਵਿਚ ਸਮਾਉਂਦੇ ਹਨ। ੫. ਤ੍ਰਿਸ਼ਨਾ ਰੂਪੀ ਕੜਾਹ (ਅਗਨੀ) ਵਿਚ ਲੱਖਾਂ ਮਹਾਂ ਸਾਗਰ ਸੀਖ ਵਿਚ ਪਰੋਤੇ ਮਾਸ ਵਾਂਗੂੰ ਸੜਦੇ ਹਨ। ੬. ਇਹ ਸਾਰੇ ਸੜਨਹਾਰੇ ਬਾਵਨ ਚੰਦਨ ਦੀ ਇਕ ਬੂੰਦ ਨਾਲ ਤੱਤੇ ਤੋਂ ਠੰਢੇ ਹੋ ਖੜੋਂਦੇ ਹਨ। (ਉਹ ਬਾਵਨ ਚੰਦਨ ਕਿਹੜਾ ਹੈ?) ੭. (ਉਹ) ਲੱਖਾਂ ਤੋਂ ਲੱਖਾਂ ਬਾਵਨ ਚੰਦਨ ਸਤਿਗੁਰੂ ਹਰਿਗੋਬਿੰਦ ਜੀ ਦੇ ਚਰਣ ਕਵਲਾਂ ਦੇ ਚਰਣੋਦਕ ਤੋਂ ਹੋਏ ਹਨ। ੮. ਆਦਿ ਪੁਰਖ ਪੂਰਨ ਬ੍ਰਹਮ ਹੀ ਸਰਗੁਣ ਰੂਪ ਗੁਰੂ ਹੋ ਕੇ ਸਭ ਦੇਸਾਂ ਵਿਚ ਆਇਆ ਵੇਖੀਦਾ ਹੈ। ੯. ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਜਸੁ ਦਾ ਛਤ੍ਰ ਤੇ ਚੰਦੋਆ ਚੰਦ੍ਰਮਾਂ ਵਾਂਗੂੰ ਹਰ ਪਾਸੇ ਤਣਿਆਂ ਹੋਇਆ ਹੈ॥ ੪ ॥

ਭਾਵ—ਤ੍ਰਿਸ਼ਨਾ ਦੀ ਅੱਗ ਸਤਿਗੁਰੂ ਜੀ ਦੇ ਚਰਣਾਂਮ੍ਰਿਤ ਪੀਣ ਨਾਲ ਸ਼ਾਂਤ ਹੋ ਜਾਂਦੀ ਹੈ।

੫. ਸੰਤਾਂ ਦਾ ਦੇਸ ਧਨ ਨਾਲ ਨਹੀਂ ਮਿਲਦਾ

੧. ਸੂਰਜ ਦੈ ਘਰਿ ਚੰਦ੍ਰਮਾ ਵੈਰੁ ਵਿਰੋਧੁ ਉਠਾਵੈ ਕੇਤੈ।
੨. ਸੂਰਜ ਆਵੈ ਚੰਦ੍ਰਿ ਘਰਿ ਵੈਰੁ ਵਿਸਾਰਿ ਸਮਾਲੈ ਹੇਤੈ।

੩. ਜੋਤੀ ਜੋਤਿ ਸਮਾਇ ਕੈ ਪੂਰਨ ਪਰਮ ਜੋਤਿ ਚਿਤਿ ਚੇਤੈ।
੪. ਲੋਕ ਭੇਦ ਗੁਣੁ ਗਿਆਨੁ ਮਿਲਿ ਪਿਰਮ ਪਿਆਲਾ ਮਜਲਸ ਭੇਤੈ।
੫. ਛਿਅ ਰੁਤੀ ਛਿਅ ਦਰਸਨਾਂ ਇਕੁ ਸੂਰਜੁ ਗੁਰ ਗਿਆਨੁ ਸਮੇਤੈ।
੬. ਮਜਹਬ ਵਰਨ ਸਪਰਸੁ ਕਰਿ ਅਸਟਧਾਤੁ ਇਕੁ ਧਾਤੁ ਸੁਖੇਤੈ।
੭. ਨਉ ਘਰ ਥਾਪੇ ਨਵੈ ਅੰਗ ਦਸਮਾਂ ਸੁੰਨ ਲੰਘਾਇ ਅਗੇਤੈ।
੮. ਨੀਲ ਅਨੀਲ ਅਨਾਹਦੋ ਨਿਝਰੁ ਧਾਰਿ ਅਪਾਰ ਸਨੇਤੈ।
੯. ਵੀਹ ਇਕੀਹ ਅਲੇਖ ਲੇਖ ਸੰਖ ਅਸੰਖ ਨ ਸਤਿਜੁਗੁ ਤ੍ਰੇਤੈ।
੧੦. ਚਾਰਿ ਵਰਨ ਤੰਬੋਲ ਰਸ ਦੇਵ ਕਰੇਂਦਾ ਪਸੂ ਪਰੇਤੈ।
੧੧. ਫਕਰ ਦੇਸ ਕਿਉਂ ਮਿਲੈ ਦਮੇਤੈ॥ ੫॥

ਪਦ ਅਰਥ - ਹੇਤੈ=ਹਿਤ। ਚਿਤਿ ਚੇਤੈ=ਚਿੱਤ ਵਿਚ ਚੇਤਦੇ ਹਨ। ਸਮੇਤੈ=ਸਮਾਨ। ਸੁਖੇਤੈ=ਸੌਖੇ ਹੀ। ਅਗੇਤੈ=ਅੱਗੇ। ਦਮੇਤੈ=ਦਮੜਿਆਂ ਨਾਲ।

ਅਰਥ - ੧. (ਜਿਸ ਤਰ੍ਹਾਂ) ਸੂਰਜ ਦੇ ਘਰ ਵਿਚ ਚੰਦਰਮਾਂ ਆਵੇ ਤਾਂ ਕਈ ਵੈਰ ਵਿਰੋਧ ਉੱਠਦੇ ਹਨ, (ਇਸੇ ਤਰ੍ਹਾਂ ਮਾਇਆ ਦੇ ਘਰ ਵਿਚ ਗੁਰਮੁਖ ਆਵੇ ਤਾਂ ਕਈ ਉਪੱਦ੍ਰਵ ਪੈਦਾ ਹੁੰਦੇ ਹਨ। ੨. ਜੇ ਚੰਦ ਦੇ ਘਰ ਸੂਰਜ ਪਵੇ ਤਾਂ ਵੈਰ ਵਿਸਾਰ ਕੇ ਪ੍ਰੇਮ ਵਧਦਾ ਹੈ। (ਇਸ ਤਰ੍ਹਾਂ ਸੰਤਾਂ ਦੇ ਘਰ ਮਾਇਆ ਆਵੇ ਤਾਂ ਸੰਸਾਰ ਦੇ ਸੁਖ ਲਈ ਵਰਤੀ ਜਾਂਦੀ ਹੈ)। ੩. ਗੁਰਮੁਖ ਜੋਤੀ ਵਿਚ ਆਪਣੀ ਜੋਤ ਨੂੰ ਮਿਲਾ ਕੇ ਪਰਮਾਤਮਾ ਦੀ ਪਰਮ ਜੋਤ ਨੂੰ ਆਪਣੇ ਚਿੱਤ ਵਿਚ ਚੇਤਦੇ ਹਨ। ੪. ਸੰਤਾਂ ਦੀ ਮਜਲਸ ਵਿਚ ਲੋਕ ਪ੍ਰੇਮ ਦਾ ਪਿਆਲਾ ਮਿਲ ਕੇ ਪੀਂਦੇ ਹਨ ਤੇ ਗੁਣ ਤੇ ਗਿਆਨ ਦੇ ਸਾਰੇ ਭੇਤ ਜਾਣਦੇ ਹਨ। ੫. (ਜਿਸ ਤਰ੍ਹਾਂ) ਇਕ ਸੂਰਜ ਤੋਂ ਛੇਆਂ ਰੁਤਾਂ ਦਾ ਗਿਆਨ ਹੁੰਦਾ ਹੈ। (ਇਸੇ ਤਰ੍ਹਾਂ) ਇਕ ਗੁਰੂ ਦੇ ਗਿਆਨ ਤੋਂ ਛੇਆਂ ਦਰਸ਼ਨਾਂ (ਸੰਤਾਂ) ਦਾ ਭੇਦ ਪ੍ਰਗਟ ਹੁੰਦਾ ਹੈ। ੬. ਜਿਸ ਤਰ੍ਹਾਂ ਅੱਠੇ ਧਾਤਾਂ ਪਾਰਸ ਨੂੰ ਪਰਸ ਕੇ ਸੋਨਾ ਹੋ ਜਾਂਦੀਆਂ ਹਨ, ਇਸੇ ਤਰ੍ਹਾਂ ਚਾਰੇ ਮਜ਼ਹਬ ਤੇ ਚਾਰ ਵਰਨ ਗੁਰੂ ਪਾਰਸ ਨਾਲ ਮਿਲ ਕੇ ਇਕ ਵਰਣ (ਸੋਨਾ) ਹੋ ਜਾਂਦੇ ਹਨ। ੭. ਨੌਂ ਅੰਗਾਂ ਰੂਪ ਨੌਂ ਘਰ ਥਾਪੇ ਹਨ। ਦਸਵਾਂ ਘਰ ਬਿੰਦੀ ਰੂਪ ਅਗਾਂਹ ਲੰਘਾਉਂਦਾ ਹੈ। ਜਿਵੇਂ ਨਵਾਂ ਅੰਗਾਂ ਦਾ ਮੁੱਲ ਬਿੰਦੀ ਲਾਉਣ ਨਾਲ ਦਸ ਗੁਣਾਂ ਵੱਧ ਜਾਂਦਾ ਹੈ, ਤਿਵੇਂ ਨਵਾਂ ਗੋਲਕਾਂ ਦੀ ਸੁਰਤ ਜਦ ਦਸਮ ਦੁਆਰ ਨਾਲ ਮਿਲਦੀ ਹੈ, ਤਦ ਉਹ ਸੁਰਤ ਪ੍ਰਭੂ ਦੇ ਚਰਣਾਂ ਵਿਚ ਜਾ ਸਮਾਉਂਦੀ ਹੈ। ੮. ਗਿਣਤੀ ਤੋਂ ਪਾਰ ਹੋ ਕੇ ਅਨਹਦ ਰੂਪ ਨਾਮ ਦੀ ਧਾਰ ਚੋਂਦੀ ਹੈ। ੯. ਗੁਰਮੁਖ ਵੀਹ ਇਕੀਹ ਦੇ ਲੇਖਿਆਂ ਤੋਂ ਪਾਰ ਹੋ ਕੇ ਤੁਰੀਆ ਪਦ ਵਿਚ ਲੇਖੇ ਤੋਂ ਅਲੇਖ ਤੇ ਸੰਖ ਤੋਂ ਅਸੰਖ ਹੋ ਜਾਂਦਾ ਹੈ ਤੇ ਫਿਰ ਸਤਿਜੁਗ ਤੇ ਤਰੇਤੇ ਆਦਿ ਜੁਗਾਂ ਵਿਚ ਨਹੀਂ ਜਾਂਦਾ। ੧੦. (ਜਿਸ ਤਰ੍ਹਾਂ) ਚਾਰ ਰੰਗਾਂ ਵਾਲੇ ਪਾਨ ਦੇ ਬੀੜੇ ਦਾ ਇਕ ਰੰਗ ਹੁੰਦਾ ਹੈ, (ਇਸੇ ਤਰ੍ਹਾਂ) ਗੁਰਮੁਖ ਪਸ਼ੂ ਤੇ ਪਰੇਤ ਤੋਂ ਦੇਵਤਾ ਬਣਾ ਦਿੰਦਾ ਹੈ। ੧੧ ਸੰਤਾਂ ਦੇ ਦੇਸ ਦਾ ਵਾਸਾ ਦਮੜਿਆਂ ਨਾਲ ਕਿਸ ਤਰ੍ਹਾਂ ਮਿਲ ਸਕਦਾ ਹੈ ? (ਭਾਵ ਕਿਸੇ ਤਰ੍ਹਾਂ ਨਹੀਂ ਮਿਲਦਾ)॥ ੫॥

੬. ਸੱਚਾ ਜੀਵਨ ਹੀ ਸਭ ਤੋਂ ਉੱਚਾ ਹੈ

੧. ਚਾਰਿ ਚਾਰਿ ਮਜਹਬ ਵਰਨ ਛਿਅ ਦਰਸਨ ਵਰਤੈ ਵਰਤਾਰਾ।
੨. ਸਿਵ ਸਕਤੀ ਵਿਚ ਵਣਜ ਕਰਿ ਚਉਦਹ ਹਟ ਸਾਹੁ ਵਣਜਾਰਾ।
੩. ਸਚੁ ਵਣਜੁ ਗੁਰੁ ਹਟੀਐ ਸਾਧਸੰਗਤਿ ਕੀਰਤਿ ਕਰਤਾਰਾ।
੪. ਗਿਆਨ ਧਿਆਨ ਸਿਮਰਨ ਸਦਾ ਭਾਉ ਭਗਤਿ ਭਉ ਸਬਦਿ ਬਿਚਾਰਾ।
੫. ਨਾਮੁ ਦਾਨੁ ਇਸਨਾਨੁ ਦ੍ਰਿੜ ਗੁਰਮੁਖਿ ਪੰਥੁ ਰਤਨ ਵਾਪਾਰਾ।
੬. ਪਰਉਪਕਾਰੀ ਸਤਿਗੁਰੂ ਸਚ ਖੰਡਿ ਵਾਸਾ ਨਿਰੰਕਾਰਾ।
੭. ਚਉਦਹ ਵਿਦਿਆ ਸੋਧਿ ਕੈ ਗੁਰਮੁਖਿ ਸੁਖ ਫਲੁ ਸਚੁ ਪਿਆਰਾ।
੮. 'ਸਚਹੁ ਓਰੈ ਸਭ ਕਿਹੁ' ਉਪਰਿ ਗੁਰਮੁਖਿ ਸਚੁ ਆਚਾਰਾ।
੯. ਚੰਦਨ ਵਾਸੁ ਵਣਾਸਪਤਿ ਗੁਰੁ ਉਪਦੇਸੁ ਤਰੈ ਸੈਸਾਰਾ।
੧੦. ਅਪਿਉ ਪੀਐ ਗੁਰਮਤਿ ਹੁਸੀਆਰਾ ॥ ੬ ॥

ਪਦ ਅਰਥ - ਵਰਤਾਰਾ=ਕੌਤਕ। ਸਿਵ ਸਕਤੀ=ਸਤੋ ਤੇ ਤਮੋ। ਵਣਜ=ਵਪਾਰ।

ਅਰਥ - ੧. (ਸੰਸਾਰ ਵਿਚ) ਚਾਰ ਮਜ਼ਹਬਾਂ, ਚਾਰ ਵਰਣਾਂ ਤੇ ਛੇ ਦਰਸ਼ਨਾਂ ਦਾ ਵਰਤਾਰਾ (ਕੌਤਕ) ਵਰਤ ਰਿਹਾ ਹੈ। ੨. ਚੌਦਾਂ ਹੱਟੀਆਂ ਦੇ ਸ਼ਾਹ ਦੇ ਵਣਜਾਰੇ ਸਤੋ, ਤਮੋ ਤੇ ਰਜੋ ਗੁਣ ਦਾ ਵਣਜ ਵਪਾਰ ਕਰਦੇ ਹਨ। ੩. ਸਾਧ ਸੰਗਤ ਰੂਪੀ ਸਤਿਗੁਰਾਂ ਦੀ ਹੱਟੀ 'ਤੇ ਪ੍ਰਭੂ ਦਾ ਕੀਰਤਨ ਰੂਪ ਸੱਚਾ ਵਣਜ ਹੁੰਦਾ ਹੈ। ੪. (ਉਥੇ) ਗਿਆਨ, ਧਿਆਨ, ਪ੍ਰਭੂ ਦਾ ਸਿਮਰਨ, ਪ੍ਰੇਮਾ-ਭਗਤੀ ਤੇ ਸ਼ਬਦ ਦਾ ਵਿਚਾਰ ਹੁੰਦਾ ਹੈ। ੫. (ਗੁਰਮੁਖਾਂ ਦੇ ਪੰਥ ਵਿਚ) ਨਾਮ, ਦਾਨ ਤੇ ਇਸ਼ਨਾਨ ਦੀ ਸਿੱਖਿਆ ਦ੍ਰਿੜ੍ਹ ਕਰਾਈ ਜਾਂਦੀ ਹੈ ਤੇ ਵੈਰਾਗ ਆਦਿ ਸ਼ੁਭ ਗੁਣਾਂ ਰੂਪੀ ਰਤਨਾਂ ਦਾ ਵਪਾਰ ਹੁੰਦਾ ਹੈ। ੬. ਸਤਿਗੁਰੂ ਪਰਉਪਕਾਰੀ ਹਨ, ਜੋ ਨਿਰੰਕਾਰ ਦੇ ਸੱਚਖੰਡ ਵਿਚ ਵਸਦੇ ਹਨ। ੭. (ਸਤਿਗੁਰੂ ਜੀ ਦੇ ਸਿੱਖਾਂ ਨੇ) ਚੌਦਾਂ ਵਿਦਿਆ ਨੂੰ ਵਿਚਾਰ ਕੇ ਸੱਚ ਨਾਲ ਪਿਆਰ ਕਰਨਾ ਹੀ ਸੁਖ ਫਲ ਜਾਣਿਆਂ ਹੈ। ੮. ਸਭ ਸਾਧਨ ਸੱਚ ਤੋਂ ਉਰੇ ਹਨ, ਸਿਰਫ ਗੁਰਮੁਖਾਂ ਦਾ ਸੱਚਾ ਆਚਾਰ (ਕਰਤਬ) ਹੀ ਸੱਚ ਤੋਂ ਉੱਚਾ ਹੈ। ੯. (ਜਿਸ ਤਰ੍ਹਾਂ) ਚੰਦਨ ਦੀ ਵਾਸ਼ਨਾ ਨਾਲ ਸਾਰੀ ਬਨਸਪਤੀ ਸੁਗੰਧਤ ਹੋ ਜਾਂਦੀ ਹੈ, (ਇਸੇ ਤਰ੍ਹਾਂ) ਗੁਰੂ ਦੇ ਉਪਦੇਸ਼ ਨਾਲ ਸਾਰਾ ਸੰਸਾਰ ਤਰ ਜਾਂਦਾ ਹੈ। ੧੦. ਜਿਸ ਜੀਵ ਨੇ ਸਤਿਗੁਰਾਂ ਦੀ ਸਿੱਖਿਆ ਰੂਪ ਅੰਮ੍ਰਿਤ ਪੀਤਾ ਹੈ, (ਉਹ ਬਦਮਸਤ ਨਹੀਂ ਹੁੰਦਾ), ਉਹ ਕਾਮ ਕ੍ਰੋਧ ਆਦਿ ਵੈਰੀਆਂ ਤੋਂ ਹੁਸ਼ਿਆਰ ਰਹਿੰਦਾ ਹੈ॥ ੬॥

ਇਸ ਪਉੜੀ ਵਿਚ "ਸਚਹੁ ਓਰੈ ਸਭ ਕਿਹੁ ਉਪਰਿ ਸਚ ਅਚਾਰ" ਦਾ ਭਾਵ ਪ੍ਰਗਟਾਇਆ ਗਿਆ ਹੈ।

੭. ਗੁਰਸਿੱਖ ਵਿਚ ਗੁਰੂ ਵਸਦਾ ਹੈ

੧. ਅਮਲੀ ਸੋਫੀ ਚਾਕਰਾਂ ਆਪੁ ਆਪਣੇ ਲਾਗੇ ਬੰਨੈ।
੨. ਮਹਰਮ ਹੋਇ ਵਜੀਰ ਸੋ ਮੰਤ੍ਰ ਪਿਆਲਾ ਮੂਲਿ ਨ ਮੰਨੈ।
੩. ਨਾ ਮਹਰਮ ਹੁਸਿਆਰ ਮਸਤ ਮਰਦਾਨੀ ਮਜਲਸ ਕਰਿ ਭੰਨੈ।
੪. ਤਕਰੀਰੀ ਤਹਰੀਰ ਵਿਚਿ ਪੀਰ ਪਰਸਤ ਮੁਰੀਦ ਉਪੰਨੈ।
੫. ਗੁਰਮਤਿ ਅਲਖੁ ਨ ਲਖੀਐ ਅਮਲੀ ਸੂਫੀ ਲਗਨਿ ਕੰਨੈ।
੬. ਅਮਲੀ ਜਾਣਨਿ ਅਮਲੀਆਂ ਸੋਫੀ ਜਾਣਨਿ ਸੋਫੀ ਵੰਨੈ।
੭. ਹੇਤੁ ਵਜੀਰੈ ਪਾਤਿਸਾਹ ਦੁਇ ਖੋੜੀ ਇਕੁ ਜੀਉ ਸਿਧੰਨੈ।
੮. ਜਿਉ ਸਮਸੇਰ ਮਿਆਨ ਵਿਚਿ ਇਕਤੁ ਥੇਕੁ ਰਹਨਿ ਦੁਇ ਖੰਨੈ।
੯. ਵੀਹ ਇਕੀਹ ਜਿਵੈਂ ਰਸੁ ਗੰਨੈ॥ ੭॥

ਪਦ ਅਰਥ - ਬੰਨੈ=ਕੰਮ। ਮੰਤ੍ਰ=ਸਲਾਹ। ਤਕਰੀਰੀ=ਗੱਲਾਂ। ਤਹਰੀਰ=ਲਿਖਤ। ਪੀਰ ਪਰਸਤ=ਗੁਰੂ ਪੂਜਕ। ਕੰਨੈ=ਪਾਸ। ਖੋੜੀ=ਦੇਹ। ਸਿਧੰਨੈ=ਸਿੱਧ ਹੁੰਦਾ ਹੈ।

ਅਰਥ - ੧. ਅਮਲੀ ਤੇ ਸੋਫੀ (ਅਮਲ ਨਾ ਵਰਤਣ ਵਾਲੇ) ਦੋਵੇਂ ਨੌਕਰ ਹੋ ਕੇ ਆਪੋ ਆਪਣੇ ਕੰਮਾਂ ਵਿਚ ਲੱਗਦੇ ਹਨ। ੨. ਜਿਹੜਾ ਵਜ਼ੀਰ ਪਾਤਸ਼ਾਹ ਦਾ ਭੇਤੀ ਹੁੰਦਾ ਹੈ, ਉਸ ਨੂੰ ਸਲਾਹ ਦਾ ਪਿਆਲਾ ਕਦਾਚਿਤ ਮਨ੍ਹਾਂ ਨਹੀਂ ਹੁੰਦਾ। ੩. (ਅਤੇ) ਜੋ ਭੇਤੀ ਨਹੀਂ ਹੁੰਦਾ, ਉਹ ਚਾਹੇ ਹੁਸ਼ਿਆਰ ਹੋਵੇ ਜਾਂ ਸੁਸਤ, ਉਸ ਨੂੰ ਮਰਦਾਨੀ ਮਜਲਸ ਤੋਂ ਦੂਰ ਕੀਤਾ ਜਾਂਦਾ ਹੈ। ੪. ਜੋ ਬਾਣੀ ਤੇ ਲਿਖਤ ਵਿਚ ਗੁਰੂ ਦੀ ਪੂਜਾ ਕਰਨ ਵਾਲੇ ਮੁਰੀਦ ਹੋਏ ਹਨ (ਉਹਨਾਂ ਨੂੰ ਵਜ਼ੀਰੀ ਦੀ ਪਦਵੀ ਮਿਲਦੀ ਹੈ)। ੫. ਜਿਨ੍ਹਾਂ ਨੇ ਗੁਰੂ ਦੀ ਸਿੱਖਿਆ ਲੈ ਕੇ ਅਲਖ ਨੂੰ ਨਹੀਂ ਲਖਿਆ, ਉਹ ਅਮਲੀ ਸੋਫੀਆਂ ਦੇ ਕੋਲ ਨਹੀਂ ਬੈਠ ਸਕਦੇ (ਭਾਵ ਵਿਕਾਰੀ ਆਦਮੀ ਸੰਤਾਂ ਦੀ ਮਜਲਸ ਵਿਚ ਨਹੀਂ ਬੈਠ ਸਕਦਾ)। ੬. ਅਮਲੀ ਅਮਲੀਆਂ ਨੂੰ ਜਾਣਦੇ ਹਨ ਤੇ ਸੋਫੀ ਸੋਫੀਆਂ ਦੇ ਰੂਪ ਨੂੰ ਜਾਣਦੇ ਹਨ। ੭. ਵਜ਼ੀਰ ਤੇ ਪਾਤਸ਼ਾਹ ਦਾ ਆਪੋ ਵਿਚ ਪ੍ਰੇਮ ਹੁੰਦਾ ਹੈ, ਦੋਹਾਂ ਦੀ ਦੇਹ ਦਾ ਇਕੋ ਜੀਵ ਹੁੰਦਾ ਹੈ। ੮. ਜਿਵੇਂ ਦੋ ਤਲਵਾਰਾਂ ਦੋ ਮਿਆਨਾਂ ਵਿਚ ਇਕੋ ਇਕ ਹੁੰਦੀ ਹੈ, ਪਰ ਇਕ ਖਾਨੇ (ਮਿਆਨ) ਵਿਚ ਵਸਤੂ ਇਕੋ ਹੁੰਦੀ ਹੈ (ਇਸੇ ਤਰ੍ਹਾਂ ਵਜ਼ੀਰ ਤੇ ਪਾਤਸ਼ਾਹ ਦੀਆਂ ਦੇਹਾਂ ਵਿਚ ਜੀਵ ਇਕੋ ਹੁੰਦਾ ਹੈ)। ੯. ਅਨੇਕਾਂ ਗੰਨਿਆਂ ਵਿਚ ਰਸ ਇਕੋ ਤਰ੍ਹਾਂ ਦਾ ਹੁੰਦਾ ਹੈ॥ ੭॥

ਭਾਵ—ਜਿਨ੍ਹਾਂ ਗੁਰਸਿੱਖਾਂ ਵਿਚ ਗੁਰੂ ਵਸਦਾ ਹੈ, ਉਹ ਗੁਰਮੁਖ ਹਨ। ਫੋਕੀਆਂ ਗੱਲਾਂ ਕਰਨ ਵਾਲੇ ਗਿਆਨੀ ਗੁਰਮੁਖ ਨਹੀਂ ਕਹੇ ਜਾਂਦੇ।

੮. ਪ੍ਰੇਮ-ਰਸ ਪੀਣ ਵਾਲੇ ਤਰ ਜਾਂਦੇ ਹਨ

੧. ਚਾਕਰ ਅਮਲੀ ਸੋਫੀਆਂ ਪਾਤਿਸਾਹ ਦੀ ਚਉਕੀ ਆਏ।
੨. ਹਾਜਰ ਹਾਜਰਾਂ ਲਿਖੀਅਨਿ ਗੈਰ ਹਾਜਰ ਗੈਰ-ਹਾਜਰ ਲਾਏ।
੩. ਲਾਇਕ ਦੇ ਵੀਚਾਰਿ ਕੈ ਵਿਰਲੈ ਮਜਲਸ ਵਿਚਿ ਸਦਾਏ।
੪. ਪਾਤਿਸਾਹੁ ਹੁਸਿਆਰ ਮਸਤ ਖੁਸ਼ ਫਹਿਮੀ ਦੋਵੈ ਪਰਚਾਏ।
੫. ਦੇਨਿ ਪਿਆਲੇ ਅਮਲੀਆਂ ਸੋਫੀ ਸਭਿ ਪੀਆਵਣ ਲਾਏ।
੬. ਮਤਵਾਲੇ ਅਮਲੀ ਹੋਏ ਪੀ ਪੀ ਚੜ੍ਹੇ ਸਹਜਿ ਘਰਿ ਆਏ।
੭. ਸੂਫੀ ਮਾਰਨਿ ਟਕਰਾਂ ਪੂਜ ਨਿਵਾਜੇ ਸੀਸ ਨਿਵਾਏ।
੮. ਵੇਦ ਕਤੇਬ ਅਜਾਬ ਵਿਚਿ ਕਰਿ ਕਰਿ ਖੁਦੀ ਬਹਸ ਬਹਸਾਏ।
੯. ਗੁਰਮੁਖਿ ਸੁਖ ਫਲੁ ਵਿਰਲਾ ਪਾਏ॥ ੮॥

ਪਦ ਅਰਥ - ਅਮਲੀ=ਪ੍ਰੇਮ ਰਸੀਏ। ਸੋਫੀ=ਗਿਆਨ ਹੀਨ। ਖੁਸ਼ ਫਹਿਮੀ=ਸਮਝਦਾਰ।

ਅਰਥ - ੧. ਅਮਲੀ (ਪ੍ਰੇਮ ਰਸੀਏ) ਤੇ ਸੋਫੀ (ਪ੍ਰੇਮ ਤੋਂ ਹੀਨੇ) ਦੋਵੇਂ ਨੌਕਰ ਪਾਤਸ਼ਾਹ ਦੀ ਹਜ਼ੂਰੀ ਵਿਚ ਆਏ। ੨. ਜੋ ਹਾਜ਼ਰ ਸਨ, ਉਹਨਾਂ ਨੂੰ ਹਾਜਰ ਲਿਖਿਆ ਗਿਆ ਤੇ ਗੈਰਹਾਜ਼ਰਾਂ ਦੀ ਗੈਰ ਹਾਜ਼ਰੀ ਲਾਈ ਗਈ (ਸਨਮੁਖ ਹਾਜ਼ਰ ਤੇ ਬੇਮੁਖ ਗੈਰ ਹਾਜ਼ਰ ਜਾਣੇ ਗਏ)। ੩. ਉਹਨਾਂ ਵਿਚੋਂ ਜਿਹੜੇ ਲਾਇਕ ਸਨ ਉਹਨਾਂ ਨੂੰ ਚੋਣਵੇਂ ਜਾਣ ਕੇ ਮਜਲਸ ਵਿਚ ਸੱਦਿਆ ਗਿਆ। ੪. ਪਾਤਸ਼ਾਹ ਹੁਸ਼ਿਆਰ ਹੈ, ਉਸ ਨੇ ਮਸਤ ਤੇ ਅਕਲਮੰਦ ਦੋਹਾਂ ਨੂੰ ਪਰਚਾਇਆ ਹੋਇਆ ਹੈ (ਭਾਵ ਦੋਹਾਂ ਨੂੰ ਪ੍ਰੇਮ ਪਿਆਲਾ ਦਿੱਤਾ ਹੈ)। ੫. ਅਮਲੀਆਂ ਨੂੰ ਪ੍ਰੇਮ ਪਿਆਲੇ ਪਿਆਉਣ ਲਈ ਸਭ ਸੋਫੀਆਂ ਨੂੰ ਲਾਇਆ ਹੈ (ਭਾਵ ਕਥਾ ਵਾਚਕ ਪ੍ਰੇਮੀਆਂ ਨੂੰ ਪ੍ਰਭੂ ਦੀ ਕਥਾ ਤੇ ਕੀਰਤਨ ਸੁਣਾਉਂਦੇ ਹਨ)। ੬. ਮੱਤਵਾਲੇ ਅਮਲੀ ਇਹ ਪ੍ਰੇਮ ਪਿਆਲੇ ਪੀ ਪੀ ਕੇ ਮਸਤ ਹੋਏ ਹਨ ਤੇ ਉਹ ਸਹਿਜ ਅਵਸਥਾ (ਆਤਮ ਘਰ) ਵਿਚ ਜਾ ਵਸੇ ਹਨ। ੭. ਸੂਫੀ (ਪ੍ਰੇਮ ਹੀਨ) ਟਕਰਾਂ ਮਾਰਦੇ ਖਾਲੀ ਰਹਿ ਗਏ ਤੇ ਪੂਜਾ ਨਿਮਾਜ਼ਾਂ ਤੇ ਸੀਸ ਨਿਵਾਉਣ ਵਿਚ ਹੀ ਲੱਗੇ ਰਹੇ। ੮. ਉਹ ਵੇਦਾਂ ਕਤੇਬਾਂ ਦੇ ਦੱਸੇ ਕਰਮ ਕਾਂਡਾਂ ਵਿਚ ਦੁਖੀ ਹੋਏ ਫਿਰਦੇ ਰਹੇ ਤੇ ਹੰਕਾਰ ਵਿਚ ਆਏ ਆਪੋ ਵਿਚ ਝਗੜੇ ਝਗੜਦੇ ਰਹੇ। ੯. ਕੋਈ ਵਿਰਲਾ ਗੁਰਮੁਖ ਹੀ (ਪ੍ਰੇਮ ਰਸ) ਦਾ ਸੁਖ ਫਲ ਪ੍ਰਾਪਤ ਕਰਦਾ ਹੈ॥ ੯॥

ਭਾਵ—ਕਥਾ ਵਾਰਤਾ ਤੇ ਕੀਰਤਨ ਕਰਨ ਵਾਲੇ ਖਾਲੀ ਰਹਿ ਜਾਂਦੇ ਹਨ ਤੇ ਪ੍ਰੇਮੀ ਸਰੋਤੇ ਸੁਣ ਸੁਣ ਕੇ ਤਰ ਜਾਂਦੇ ਹਨ।

੯. ਪ੍ਰੇਮ-ਰਸ ਨੂੰ ਕੋਈ ਵਿਰਲਾ ਹੀ ਪੀਂਦਾ ਹੈ

੧. ਬਹੈ ਝਰੋਖੇ ਪਾਤਿਸਾਹ ਖਿੜਕੀ ਖੋਲ੍ਹਿ ਦੀਵਾਨ ਲਗਾਵੈ।
੨. ਅੰਦਰਿ ਚਉਕੀ ਮਹਲ ਦੀ ਬਾਹਰਿ ਮਰਦਾਨਾ ਮਿਲਿ ਆਵੈ।
੩. ਪੀਐ ਪਿਆਲਾ ਪਾਤਿਸਾਹੁ ਅੰਦਰਿ ਖਾਸਾਂ ਮਹਲਿ ਪੀਲਾਵੈ।
੪. ਦੇਵਨਿ ਅਮਲੀ ਸੂਫੀਆਂ ਅਵਲਿ ਦੋਮ ਦੇਖਿ ਦਿਖਲਾਵੈ।
੫. ਕਰੇ ਮਨਾਹ ਸ਼ਰਾਬ ਦੀ ਪੀਐ ਆਪੁ ਨ ਹੋਰੁ ਸੁਖਾਵੈ।
੬. ਉਲਸ ਪਿਆਲਾ ਮਿਹਰ ਕਰਿ ਵਿਰਲੇ ਦੇਇ ਨ ਪਛੋਤਾਵੈ।
੭. ਕਿਹੁ ਨ ਵਸਾਵੈ ਕਿਹੈ ਦਾ ਗੁਨਹ ਕਰਾਇ ਹੁਕਮੁ ਬਖਸਾਵੈ।
੮. ਹੋਰੁ ਨ ਜਾਣੈ ਪਿਰਮ ਰਸੁ ਜਾਣੈ ਆਪ ਕੈ ਜਿਸੁ ਜਣਾਵੈ।
੯. ਵਿਰਲੇ ਗੁਰਮੁਖਿ ਅਲਖੁ ਲਖਾਵੈ ॥ ੯ ॥

ਪਦ ਅਰਥ - ਝਰੋਖੇ=ਸਤਿਸੰਗ ਵਿਚ। ਦੀਵਾਨ=ਸਭਾ। ਚਉਕੀ ਮਹਲ ਦੀ=ਅੰਤ੍ਰਿੰਗ ਸਭਾ। ਬਾਹਰਿ ਮਰਦਾਨਾ=ਆਮ ਲੋਕ। ਉਲਸ=ਸੀਤ ਪ੍ਰਸ਼ਾਦਿ।

ਅਰਥ - ੧. ਸਤਿਗੁਰੂ ਸੱਚਾ ਪਾਤਸ਼ਾਹ ਸਤਿਸੰਗ ਦੇ ਝਰੋਖੇ ਵਿਚ ਬੈਠ ਕੇ ਆਪਣੀ ਜੀਭਾ ਰੂਪੀ ਖਿੜਕੀ ਖੋਲ੍ਹ ਕੇ ਦੀਵਾਨ ਲਗਾਉਂਦੇ ਹਨ। ੨. ਅੰਦਰ ਗੁਰਮੁਖਾਂ ਦੀ ਅੰਤ੍ਰਿੰਗ ਸਭਾ ਬੈਠਦੀ ਹੈ ਤੇ ਬਾਹਰ ਆਮ ਲੋਕ ਦਰਸ਼ਨਾਂ ਲਈ ਆਉਂਦੇ ਹਨ। ੩. (ਉਥੇ) ਸਤਿਗੁਰੂ ਸੱਚਾ ਪਾਤਸ਼ਾਹ ਆਪ ਪ੍ਰੇਮ-ਪਿਆਲਾ ਪੀਂਦਾ ਹੈ ਤੇ ਖਾਸ ਸੇਵਕਾਂ (ਗੁਰਮਖਾਂ) ਨੂੰ ਪਿਲਾਉਂਦਾ ਹੈ। ੪. (ਫਿਰ) ਅਮਲੀ (ਗੁਰਮੁਖ ਪਹਿਲੇ, ਦੂਜੇ ਦਰਜੇ ਦੇ ਸੋਫੀਆਂ ਨੂੰ ਵੇਖ ਕੇ ਪੀਣ ਲਈ ਪਿਆਲਾ ਦਿੰਦੇ ਹਨ। ੫. ਪਰ ਉਹ ਸੋਫੀ (ਪ੍ਰੇਮ ਰੂਪੀ) ਸ਼ਰਾਬ ਦੀ ਮਨਾਹੀ ਕਰਦੇ ਹਨ, ਨਾ ਉਹ ਆਪ ਪੀਂਦੇ ਹਨ ਤੇ ਨਾ ਕਿਸੇ ਹੋਰ ਨੂੰ ਪੀਂਦਾ ਵੇਖ ਕੇ ਸੁਖੀ ਹੁੰਦੇ ਹਨ। ੬. (ਪਰ) ਸਤਿਗੁਰੂ ਜੀ ਆਪਣੇ ਸੀਤ ਪ੍ਰਸਾਦਿ ਦਾ ਪਿਆਲਾ ਕਿਸੇ ਵਿਰਲੇ ਨੂੰ ਦਿੰਦੇ ਹਨ। ਜੇ ਕੋਈ ਨਾ ਲਵੇ ਤਾਂ ਉਹ ਪਛਤਾਉਂਦੇ ਨਹੀਂ। ੭. (ਕਿਉਂਕਿ ਸਤਿਗੁਰੂ ਜੀ ਜਾਣਦੇ ਹਨ ਕਿ) ਇਹ ਕਿਸੇ ਦੇ ਆਪਣੇ ਵੱਸ ਦੀ ਗੱਲ ਨਹੀਂ, ਕਿਸੇ ਦਾ ਗੁਨਾਹ (ਦੋਸ਼) ਹੀ ਨਾਂਹ ਕਰਾਉਂਦਾ ਹੈ। ਪ੍ਰਭੂ ਦਾ ਹੁਕਮ ਹੀ ਇਸ ਗੁਨਾਹ ਨੂੰ ਬਖਸ਼ ਸਕਦਾ ਹੈ। ੮. ਪ੍ਰੇਮ-ਰਸ ਨੂੰ ਹੋਰ ਕੋਈ ਨਹੀਂ ਜਾਣਦਾ ਜਾਂ ਸਤਿਗੁਰੂ ਜੀ ਜਾਣਦੇ ਹਨ ਜਾਂ ਜਿਨ੍ਹਾਂ ਨੂੰ ਉਹ ਜਣਾਉਂਦੇ ਹਨ, ਉਹ ਜਾਣਦਾ ਹੈ। ੯. ਕੋਈ ਵਿਰਲਾ ਗੁਰਮੁਖ ਹੀ ਉਸ ਅਲਖ ਪ੍ਰਭੂ ਨੂੰ ਲਖਦਾ ਹੈ॥ ੯॥

੧੦. ਹਿੰਦੂ ਤੇ ਮੁਸਲਮਾਨ ਦੋਵੇਂ ਪ੍ਰੇਮ ਤੋਂ ਖਾਲੀ ਹਨ

੧. ਵੇਦ ਕਤੇਬ ਵਖਾਣਦੇ ਸੂਫੀ ਹਿੰਦੂ ਮੁਸਲਮਾਣਾ।
੨. ਮੁਸਲਮਾਣ ਖੁਦਾਇ ਦੇ ਹਿੰਦੂ ਹਰਿ ਪਰਮੇਸੁਰੁ ਭਾਣਾ।
੩. ਕਲਮਾਂ ਸੁੰਨਤ ਸਿਦਕ ਧਰਿ ਪਾਇ ਜਨੇਊ ਤਿਲਕੁ ਸੁਖਾਣਾ।
੪. ਮਕਾ ਮੁਸਲਮਾਨ ਦਾ ਗੰਗ ਬਨਾਰਸ ਦਾ ਹਿੰਦੂਵਾਣਾ।
੫. ਰੋਜ਼ੇ ਰਖਿ ਨਿਮਾਜ਼ ਕਰਿ ਪੂਜਾ ਵਰਤ ਅੰਦਰਿ ਹੈਰਾਣਾ।
੬. ਚਾਰਿ ਚਾਰਿ ਮਜਹਬ ਵਰਨ ਛਿਅ ਘਰਿ ਗੁਰੁ ਉਪਦੇਸੁ ਵਖਾਣਾ।
੭. ਮੁਸਲਮਾਨ ਮੁਰੀਦ ਪੀਰ ਗੁਰੁ ਸਿਖੀ ਹਿੰਦੂ ਲੋਭਾਣਾ।
੮. ਹਿੰਦੂ ਦਸ ਅਵਤਾਰ ਕਰਿ ਮੁਸਲਮਾਣ ਇਕੋ ਰਹਿਮਾਣਾ।
੯. ਖਿੰਜੋਤਾਣੁ ਕਰੇਨਿ ਧਿਙਾਣਾ॥ ੧੦॥

ਪਦ ਅਰਥ - ਘਰਿ=ਮਤ। ਰਹਿਮਾਣਾ=ਖੁਦਾ। ਖਿੰਜੋਤਾਣੁ=ਖਿਚੋਤਾਣ, ਖਿੱਚਾ ਖਿੱਚੀ।

ਅਰਥ - ੧. ਹਿੰਦੂ ਵੇਦ ਤੇ ਮੁਸਲਮਾਨ ਕਤੇਬ ਪੜ੍ਹਦੇ ਹਨ, ਪਰ ਦੋਵੇਂ ਸੋਫੀ ਹਨ (ਭਾਵ ਪ੍ਰੇਮ ਤੋਂ ਹੀਣੇ ਹਨ)। ੨. ਮੁਸਲਮਾਨ ਖੁਦਾ ਖੁਦਾ ਆਖਦੇ ਹਨ ਤੇ ਹਿੰਦੂਆਂ ਨੂੰ ਪ੍ਰਭੂ ਦਾ ਹਰੀ ਨਾਮ ਚੰਗਾ ਲੱਗਦਾ ਹੈ। ੩. ਮੁਸਲਮਾਨਾਂ ਨੇ ਕਲਮਾਂ ਪੜ੍ਹਨ ਤੇ ਸੁੰਨਤ ਕਰਾਉਣ ਵਿਚ ਹੀ ਭਰੋਸਾ ਰੱਖਿਆ ਹੈ ਤੇ ਹਿੰਦੂਆਂ ਨੂੰ ਜਨੇਊ ਤੇ ਤਿਲਕ ਲਾਉਣਾ ਹੀ ਸੁਖਾਉਂਦਾ ਹੈ। ੪. ਮੁਸਲਮਾਨਾਂ ਨੇ ਮੱਕੇ ਨੂੰ ਪਵਿੱਤਰ ਅਸਥਾਨ ਮੰਨਿਆ ਹੈ ਤੇ ਹਿੰਦੂਆਂ ਨੇ ਗੰਗਾ ਤੇ ਬਨਾਰਸ ਨੂੰ ਮਹਾਨ ਤੀਰਥ ਜਾਣਿਆਂ ਹੈ। ੫. ਮੁਸਲਮਾਨ ਰੋਜ਼ੇ ਰੱਖਣ ਤੇ ਨਿਮਾਜ਼ਾਂ ਪੜ੍ਹਨ ਤੇ ਹਿੰਦੂ ਪੂਜਾ ਤੇ ਵਰਤਾਂ ਵਿਚ ਹੈਰਾਨ ਹੋਏ ਫਿਰਦੇ ਹਨ। ੬. ਮੁਸਲਮਾਨਾਂ ਦੇ ਚਾਰ ਮਜ਼ਹਬ, ਹਿੰਦੂਆਂ ਦੇ ਚਾਰ ਵਰਣ, ਛੇ ਸ਼ਾਸਤ੍ਰਾਂ ਦੇ ਛੇ ਮਤ ਤੇ ਛੇ ਗੁਰੂ ਵੱਖੋ ਵੱਖਰੇ ਉਪਦੇਸ਼ ਦੇ ਰਹੇ ਹਨ। ੭. ਮੁਸਲਮਾਨ ਪੀਰੀ ਮੁਰੀਦੀ ਤੇ ਹਿੰਦੂ ਗੁਰੂ ਚੇਲੇ ਦੀ ਪਧਤਾ ਪੁਰ ਲੁਭਾਇਮਾਨ ਹੋ ਰਹੇ ਹਨ। ੮. ਹਿੰਦੂ ਦਸਾਂ ਅਵਤਾਰਾਂ ਨੂੰ ਮੰਨਦੇ ਹਨ ਤੇ ਮੁਸਲਮਾਨ ਇਕ ਖੁਦਾ 'ਤੇ ਭਰੋਸਾ ਰੱਖਦੇ ਹਨ। ੯. (ਸਾਰੇ ਆਪੋ ਆਪਣੇ ਮਤ ਵੱਲ) ਧਿੰਙਾਜ਼ੋਰੀ ਨਾਲ ਖਿੱਚਾ ਖਿੱਚੀ ਕਰ ਰਹੇ ਹਨ॥ ੧੦॥

ਭਾਵ—ਸਭ ਮਤਾਂ ਵਾਲੇ ਖਿੱਚੋਤਾਣ ਕਰਨ ਵਾਲੇ ਰੁਝੇ ਹੋਏ ਹਨ, ਇਸ ਲਈ ਪ੍ਰਭੂ ਦੇ ਪ੍ਰੇਮ ਤੋਂ ਸਾਰੇ ਹੀ ਖਾਲੀ ਹਨ।

੧੧. ਪ੍ਰੇਮ-ਰਸੀਆਂ ਦੀ ਦਸ਼ਾ

੧. ਅਮਲੀ ਖਾਸੇ ਮਜਲਸੀ ਪਿਰਮੁ ਪਿਆਲਾ ਅਲਖੁ ਲਖਾਇਆ।

੨. ਮਾਲਾ ਤਸਬੀ ਤੋੜਿ ਕੈ ਜਿਉ ਸਉ ਤਿਵੈ ਅਠੋਤਰੁ ਲਾਇਆ।
੩. ਮੇਰੁ ਇਮਾਮੁ ਰਲਾਇ ਕੈ ਰਾਮੁ ਰਹੀਮੁ ਨ ਨਾਉਂ ਗਣਾਇਆ।
੪. ਦੁਇ ਮਿਲਿ ਇਕੁ ਵਜੂਦੁ ਹੁਇ ਚਉਪੜ ਸਾਰੀ ਜੋੜਿ ਜੁੜਾਇਆ।
੫. ਸਿਵ ਸਕਤੀ ਨੋ ਲੰਘਿ ਕੈ ਪਿਰਮ ਪਿਆਲੇ ਨਿਜ ਘਰਿ ਆਇਆ।
੬. ਰਾਜਸੁ ਤਾਮਸੁ ਸਾਤਕੋ ਤੀਨੋ ਲੰਘਿ ਚਉਥਾ ਪਦੁ ਪਾਇਆ।
੭. ਗੁਰ ਗੋਵਿੰਦ ਖੁਦਾਇ ਪੀਰੁ ਗੁਰਸਿਖ ਪੀਰੁ ਮੁਰੀਦੁ ਲਖਾਇਆ।
੮. ਸਚੁ ਸਬਦ ਪਰਗਾਸੁ ਕਰਿ ਸਬਦੁ ਸੁਰਤਿ ਸਚੁ ਸਚਿ ਮਿਲਾਇਆ।
੯. ਸਚਾ ਪਾਤਿਸਾਹੁ ਸਚੁ ਭਾਇਆ ॥ ੧੧ ॥

ਪਦ ਅਰਥ - ਮੇਰੁ=ਮਾਲਾ ਦੇ ਸਿਰੇ ਦਾ ਮਣਕਾ। ਇਮਾਮੁ=ਤਸਬੀ ਦੇ ਸਿਰੇ ਦਾ ਮਣਕਾ। ਇਕੁ ਵਜੂਦੁ=ਇਕ ਰੂਪ। ਦੁਇ=ਦਵੈਤ।

ਅਰਥ - ੧. ਅਕਾਲ ਪੁਰਖ ਦੀ ਸਤਿਸੰਗਤ ਦੇ ਅਮਲੀਆਂ ਨੇ ਪ੍ਰੇਮ ਪਿਆਲਾ ਪੀ ਕੇ ਅਲਖ ਪ੍ਰਭੂ ਨੂੰ ਲਖ ਲਿਆ (ਭਾਵ ਜਾਣ) ਲਿਆ ਹੈ। ੨. ਉਹਨਾਂ ਨੇ ਹਿੰਦੂਆਂ ਦੀ ਮਾਲਾ ਤੇ ਮੁਸਲਮਾਨਾਂ ਦੀ ਤਸਬੀ ਤੋੜ ਕੇ ਜਿਵੇਂ ਮੁਸਲਮਾਨਾਂ ਦੀ ਤਸਬੀ ਨੂੰ ਛੱਡਿਆ ਸੀ, ਤਿਵੇਂ ਹਿੰਦੂਆਂ ਦੀ ਅਠੋਤਰੀ (ਮਾਲਾ) ਨੂੰ ਆਪਣੇ ਮਨ ਤੋਂ ਲਾਹ ਦਿੱਤਾ ਹੈ। ੩. ਉਹਨਾਂ ਨੇ ਮਾਲਾ ਦੇ ਸਿਰੇ ਦੇ ਮਣਕੇ ਤੇ ਇਮਾਮ ਨੂੰ ਇਕੋ ਜਿਹਾ ਜਾਣਿਆਂ ਹੈ ਤੇ ਰਹੀਮ ਦੇ ਨਾਉਂ ਨੂੰ ਅੱਡ ਅੱਡ ਨਹੀਂ ਗਿਣਿਆਂ। ੪. ਉਹਨਾਂ ਨੇ ਰਾਮ ਤੇ ਰਹੀਮ ਨੂੰ ਇਕੋ ਰੂਪ ਸਮਝ ਕੇ ਸਾਰੇ ਸੰਸਾਰ ਨੂੰ ਚਉਪੜ ਦੀ ਬਾਜ਼ੀ ਦਾ ਜੋੜ ਜਾਣਿਆਂ ਹੈ। ੫. ਉਹ ਈਸ਼ੁਰ ਤੇ ਮਾਇਆ ਤੋਂ ਲੰਘ ਕੇ ਪ੍ਰੇਮ ਦਾ ਪਿਆਲਾ ਪੀ ਕੇ ਆਪਣੇ ਸਰੂਪ ਵਿਚ ਆਉਂਦੇ ਹਨ। ੬. ਉਹ ਰਜੋ, ਤਮੋ ਤੇ ਸਤੋ ਤਿੰਨ ਗੁਣਾਂ ਨੂੰ ਲੰਘ ਕੇ ਚੌਥੇ ਪਦ (ਤੁਰੀਆ ਅਵਸਥਾ) ਵਿਚ ਸਥਿਰ, ਰਹਿੰਦੇ ਹਨ। ੭. ਉਹ ਗੋਬਿੰਦ ਨੂੰ ਗੁਰੂ ਤੇ ਖੁਦਾ ਨੂੰ ਪੀਰ ਜਾਣਦੇ ਹਨ ਤੇ ਗੁਰੂ ਸਿੱਖ ਤੇ ਪੀਰ ਮੁਰੀਦ ਦੀ ਪਧਤੀ ਨੂੰ ਇਕੋ ਜਿਹਾ ਸਮਝਦੇ ਹਨ। ੮. ਉਹ ਸੱਚੇ ਸ਼ਬਦ ਦਾ ਪ੍ਰਕਾਸ਼ ਕਰਕੇ, ਸ਼ਬਦ ਵਿਚ ਸੁਰਤੀ ਜੋੜਕੇ, ਸੱਚ ਵਿਚ ਸੱਚ ਰੂਪ ਹੋ ਕੇ ਮਿਲ ਜਾਂਦੇ ਹਨ। ੯. ਉਹ ਇਕ ਪ੍ਰਭੂ ਨੂੰ ਸੱਚਾ ਪਾਤਸ਼ਾਹ ਜਾਣਦੇ ਹਨ ਤੇ ਸੱਚ ਨਾਲ ਪ੍ਰੀਤ ਰੱਖਦੇ ਹਨ ॥ ੧੧ ॥

ਭਾਵ—ਪ੍ਰਭੂ ਦੇ ਪ੍ਰੇਮ-ਰਸ ਵਿਚ ਮਗਨ ਹੋਇਆ ਪ੍ਰੇਮੀ ਸੱਚ ਨੂੰ ਖੋਜਦਾ ਹੈ ਤੇ ਸੰਸਾਰਕ ਮਤ ਮਤਾਤਰਾਂ ਦੇ ਮਗਰ ਨਹੀਂ ਲੱਗਦਾ।

੧੨. ਸਤਿਗੁਰੂ ਸਤਿਸੰਗ ਵਿਚ ਵਸਦਾ ਹੈ

੧. ਪਾਰਬ੍ਰਹਮੁ ਪੂਰਨ ਬ੍ਰਹਮੁ ਸਤਿਗੁਰੁ ਸਾਧਸੰਗਤਿ ਵਿਚਿ ਵਸੈ।

੨. ਸਬਦਿ ਸੁਰਤਿ ਅਰਾਧੀਐ ਭਾਇ ਭਗਤਿ ਭੈ ਸਹਜਿ ਵਿਗਸੈ।
੩. ਨਾ ਓਹੁ ਮਰੈ ਨ ਸੋਗੁ ਹੋਇ ਦੇਂਦਾ ਰਹੈ ਨ ਭੋਗੁ ਵਿਣਸੈ।
੪. ਗੁਰੂ ਸਮਾਣਾ ਆਖੀਐ ਸਾਧ ਸੰਗਤਿ ਅਬਿਨਾਸੀ ਹਸੈ।
੫. ਛੇਵੀਂ ਪੀੜ੍ਹੀ ਗੁਰੂ ਦੀ ਗੁਰ ਸਿਖਾ ਪੀੜ੍ਹੀ ਕੋ ਦਸੈ।
੬. ਸਚੁ ਨਾਉਂ ਸਚੁ ਦਰਸਨੋ ਸਚਖੰਡ ਸਤਿਸੰਗੁ ਸਰਸੈ।
੭. ਪਿਰਮ ਪਿਆਲਾ ਸਾਧਸੰਗਿ ਭਗਤਿ ਵਛਲੁ ਪਾਰਸੁ ਪਰਸੈ।
੮. ਨਿਰੰਕਾਰੁ ਆਕਾਰੁ ਕਰਿ ਹੋਇ ਅਕਾਲ ਅਜੋਨੀ ਜਸੈ।
੯. ਸਚਾ ਸਚੁ ਕਸੌਟੀ ਕਸੈ ॥੧੨॥

ਪਦ ਅਰਥ - ਵਿਗਸੈ=ਪ੍ਰਕਾਸ਼ਦਾ ਹੈ। ਵਿਣਸੈ= ਨਾਸ ਨਾ ਹੋਣ ਵਾਲਾ।

ਅਰਥ - ੧. ਨਿਰਗੁਣ ਪ੍ਰਭੂ ਸਰਗੁਣ ਸਰੂਪ ਹੋ ਕੇ ਸਤਿਗੁਰੂ ਦੇ ਰੂਪ ਵਿਚ ਸਤਿਸੰਗਤ ਵਿਚ ਵਸਦਾ ਹੈ। ੨. ਗੁਰੂ ਦੇ ਸ਼ਬਦ (ਉਪਦੇਸ਼) ਵਿਚ ਸੁਰਤੀ ਲਾ ਕੇ ਪ੍ਰੇਮਾ-ਭਗਤੀ ਤੇ ਭੈ ਵਿਚ ਰਹਿ ਕੇ ਸਿਮਰਨ ਕਰੀਏ ਤਾਂ ਉਹ ਸਹਿਜੇ ਹੀ ਰਿਦੇ ਵਿਚ ਪ੍ਰਕਾਸ਼ਦਾ ਹੈ। ੩. ਉਹ ਨਾ ਕਦੇ ਮਰਦਾ ਹੈ ਤੇ ਨਾ ਹੀ ਉਸ ਨੂੰ ਸੋਗ ਹੁੰਦਾ ਹੈ, ਉਹ ਸਦਾ ਦਾਤਾਂ ਦਿੰਦਾ ਰਹਿੰਦਾ ਹੈ ਤੇ ਉਸ ਦੇ ਦਿੱਤੇ ਹੋਏ ਭੋਗ (ਪਦਾਰਥ) ਨਾਸ ਨਹੀਂ ਹੁੰਦੇ। ੪. ਲੋਕ ਕਹਿੰਦੇ ਹਨ ਕਿ ਗੁਰੂ ਜੋਤੀ ਜੋਤ ਸਮਾ ਗਿਆ ਹੈ, ਪਰ ਉਹ ਅਬਿਨਾਸ਼ੀ ਗੁਰੂ ਸਾਧ ਸੰਗਤ ਵਿਚ ਬੈਠਾ ਆਨੰਦ ਕਰ ਰਿਹਾ ਹੈ। ੫. ਛੇਵੀਂ ਪੀੜ੍ਹੀ ਸ਼੍ਰੀ ਗੁਰੂ ਹਰਿਗੋਬਿੰਦ ਜੀ ਦੀ ਹੈ। ਗੁਰਸਿੱਖਾਂ ਦੀ ਪੀੜ੍ਹੀ ਕਿਹੜੀ ਦੱਸਦੇ ਹਨ? ਕਿਉਂਕਿ ਸਿੱਖੀ ਬੇਅੰਤ ਹੈ। ੬. (ਉੱਤਰ:—) ਸੱਚੇ ਨਾਉਂ ਸੱਚੇ ਦਰਸ਼ਨ ਤੇ ਸਤਿਸੰਗ (ਸੱਚਖੰਡ) ਰੂਪੀ ਪੀੜ੍ਹੀ ਵਿਚ ਗੁਰਸਿੱਖ ਸ਼ੋਭਨੀਕ ਹਨ। ੭. ਸਾਧ ਸੰਗਤ ਵਿਚੋਂ ਪ੍ਰੇਮ ਪਿਆਲਾ ਪੀਣ ਵਾਲੇ ਨੂੰ ਭਗਤਾਂ ਦਾ ਪਿਆਰਾ ਪ੍ਰਭੂ ਪਾਰਸ ਰੂਪ ਹੋ ਕੇ ਪਰਸਦਾ ਹੈ। ੮. ਨਿਰੰਕਾਰ ਪ੍ਰਭੂ ਆਕਾਰ ਵਾਲਾ ਸਤਿਗੁਰੂ ਰੂਪ ਹੋ ਕੇ ਅਕਾਲ ਤੇ ਅਜੂਨੀ ਪਰਮਾਤਮਾ ਦਾ ਜਸ ਕਰ ਰਿਹਾ ਹੈ। ੯. ਸੱਚਾ ਗੁਰੂ ਸਿੱਖ ਨੂੰ ਸੱਚ ਦੀ ਕਸੌਟੀ 'ਤੇ ਕੱਸ ਲਾਉਂਦਾ ਹੈ (ਭਾਵ ਸੱਚ ਦੀ ਕਸੌਟੀ 'ਤੇ ਲਾ ਕੇ ਪਰਖਦਾ ਹੈ)॥੧੨॥

੧੩. ਗੁਰ ਗੋਬਿੰਦ, ਗੋਬਿੰਦ ਗੁਰੂ ਹੈ

੧. ਓਅੰਕਾਰ ਅਕਾਰੁ ਕਰਿ ਤ੍ਰੈ ਗੁਣ ਪੰਜ ਤਤ ਉਪਜਾਇਆ।
੨. ਬ੍ਰਹਮਾ ਬਿਸਨੁ ਮਹੇਸੁ ਸਾਜਿ ਦਸ ਅਵਤਾਰ ਚਲਿਤ ਵਰਤਾਇਆ।
੩. ਛਿਅ ਰੁਤਿ ਬਾਰਹ ਮਾਹ ਕਰਿ ਸਤਿ ਵਾਰ ਸੈਂਸਾਰ ਉਪਾਇਆ।
੪. ਜਨਮ ਮਰਨ ਦੇ ਲੇਖ ਲਿਖਿ ਸਾਸਤ੍ਰ ਵੇਦ ਪੁਰਾਣ ਸੁਣਾਇਆ।

੫. ਸਾਧਸੰਗਤਿ ਦਾ ਆਦਿ ਅੰਤੁ ਥਿਤ ਨ ਵਾਰੁ ਨ ਮਾਹੁ ਲਿਖਾਇਆ।
੬. ਸਾਧਸੰਗਤਿ ਸਚੁ ਖੰਡੁ ਹੈ ਨਿਰੰਕਾਰੁ ਗੁਰੁ ਸਬਦੁ ਵਸਾਇਆ।
੭. ਬਿਰਖਹੁੰ ਫਲੁ ਫਲ ਤੇ ਬਿਰਖੁ ਅਕਲਕਲਾ ਕਰਿ ਅਲਖੁ ਲਖਾਇਆ।
੮. ਆਦਿ ਪੁਰਖੁ ਆਦੇਸੁ ਕਰਿ ਆਦਿ ਪੁਰਖੁ ਆਦੇਸੁ ਕਰਾਇਆ।
੯. ਪੁਰਖੁ ਪੁਰਾਤਨੁ ਸਤਿਗੁਰੂ ਓਤਪੋਤਿ ਇਕੁ ਸੂਤ੍ਰ ਬਣਾਇਆ।
੧੦. ਵਿਸਮਾਦੈ ਵਿਸਮਾਦੁ ਮਿਲਾਇਆ॥ ੧੩॥

ਪਦ ਅਰਥ - ਆਦਿ ਪੁਰਖੁ=ਪ੍ਰਭੂ। ਪੁਰਖੁ ਪੁਰਾਤਨੁ=ਅਕਾਲ ਪੁਰਖ।

ਅਰਥ - ੧. ਓਅੰਕਾਰ (ਅਕਾਲ ਪੁਰਖ) ਨੇ ਤਿੰਨਾਂ ਗੁਣਾਂ ਦਾ ਅਕਾਰ ਕਰਕੇ ਪੰਜਾਂ ਤੱਤਾਂ ਨੂੰ ਪੈਦਾ ਕੀਤਾ। ੨. ਫਿਰ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਬਣਾ ਕੇ ਦਸ ਅਵਤਾਰਾਂ ਦਾ ਕੌਤਕ ਵਰਤਾਇਆ। ੩. ਛੇ ਰੁੱਤਾਂ, ਬਾਰਾਂ ਮਹੀਨੇ ਤੇ ਸੱਤ ਵਾਰ ਸੰਸਾਰ (ਦੇ ਕਾਰ ਵਿਹਾਰ ਲਈ) ਬਣਾਏ। ੪. ਸ਼ਾਸਤ੍ਰਾਂ ਵੇਦਾਂ ਦੇ ਲਿਖਾਰੀਆਂ ਨੇ ਜਨਮ ਮਰਨ ਦੇ ਲੇਖ ਲਿਖ ਕੇ ਲੋਕਾਂ ਨੂੰ ਸੁਣਾਏ। ੫. (ਪੰਡਿਤਾਂ ਨੇ ਲੋਕਾਂ ਦੇ ਲੇਖ ਤਾਂ ਲਿਖ ਦਿੱਤੇ, ਪਰ) ਸਾਧ ਸੰਗਤ ਦੇ ਆਦਿ ਅੰਤ ਤੇ ਥਿੱਤ ਵਾਰ ਬਾਰੇ ਕੁਛ ਨਾ ਲਿਖਿਆ (ਕਿ ਇਹ ਕਦੋਂ ਪ੍ਰਗਟ ਹੋਈ)। ੬. (ਸਾਧ ਸੰਗਤ ਬਾਰੇ ਉਹ ਇਸ ਲਈ ਨਹੀਂ ਲਿਖ ਸਕੇ ਕਿ) ਸਾਧਸੰਗਤ ਸੱਚਖੰਡ ਹੈ, ਅਤੇ ਨਿਰੰਕਾਰ ਰੂਪ ਸਤਿਗੁਰੂ ਨੇ ਆਪਣੇ ਸ਼ਬਦ ਨਾਲ ਇਸ ਨੂੰ ਆਪ ਵਸਾਇਆ ਹੈ। ੭. ਜਿਵੇਂ ਬ੍ਰਿਛ ਤੋਂ ਫਲ ਤੇ ਫਲ ਤੋਂ ਬ੍ਰਿਛ ਹੁੰਦਾ ਹੈ, ਇਸੇ ਤਰ੍ਹਾਂ ਅਕਾਲ (ਪ੍ਰਭੂ) ਨੇ ਆਪਣੀ ਕਲਾ (ਸ਼ਕਤੀ) ਦੁਆਰਾ ਅਲਖ ਵਸਤੂ (ਸਾਧ ਸੰਗਤ) ਨੂੰ ਲਖਾਇਆ ਹੈ। ੮. ਸਤਿਗੁਰੂ ਜੀ ਨੇ ਆਦਿ ਪੁਰਖ (ਵਾਹਿਗੁਰੂ) ਨੂੰ ਆਪ ਨਮਸਕਾਰ ਕੀਤੀ ਹੈ ਤੇ ਪ੍ਰਭੂ ਨੇ ਸੰਸਾਰੀ ਜੀਵਾਂ ਕੋਲੋਂ ਸਤਿਗੁਰੂ ਨੂੰ ਨਮਸਕਾਰ ਕਰਵਾਈ ਹੈ। ੯. ਜਿਵੇਂ ਇਕ ਸੂਤ੍ਰ ਤੋਂ ਤਾਣਾ ਤੇ ਪੇਟਾ ਬਣਦਾ ਹੈ, ਇਸੇ ਤਰ੍ਹਾਂ ਪ੍ਰਭੂ ਨੇ ਆਪਣੇ ਸਰੂਪ ਤੋਂ ਸਤਿਗੁਰੂ ਦਾ ਸਰੂਪ ਬਣਾਇਆ ਹੈ (ਭਾਵ ਪ੍ਰਭੂ ਤੇ ਸਤਿਗੁਰੂ ਵਿਚ ਕੋਈ ਭਿੰਨਤਾ ਨਹੀਂ)। ੧੦. ਅਸਚਰਜ ਰੂਪ ਪ੍ਰਭੂ ਵਿਚ ਅਸਚਰਜ ਰੂਪ ਸਤਿਗੁਰੂ ਦਾ ਮੇਲ ਹੋਇਆ ਹੈ॥ ੧੩॥

੧੪. ਬ੍ਰਹਮਾ ਦੇ ਕਰਮ

੧. ਬ੍ਰਹਮੇ ਦਿਤੇ ਵੇਦ ਚਾਰਿ ਚਾਰਿ ਵਰਨ ਆਸਰਮ ਉਪਜਾਏ।
੨. ਛਿਅ ਦਰਸਨ ਛਿਅ ਸਾਸਤਾ ਛਿਅ ਉਪਦੇਸ ਭੇਸ ਵਰਤਾਏ।
੩. ਚਾਰੇ ਕੁੰਡਾਂ ਦੀਪ ਸਤ ਨਉ ਖੰਡ ਦਹ ਦਿਸਿ ਵੰਡ ਵੰਡਾਏ।
੪. ਜਲ ਥਲ ਵਣ ਖੰਡ ਪਰਬਤਾਂ ਤੀਰਥ ਦੇਵ ਸਥਾਨ ਬਣਾਏ।
੫. ਜਪ ਤਪ ਸੰਜਮ ਹੋਮ ਜਗ ਕਰਮ ਧਰਮ ਕਰਿ ਦਾਨ ਕਰਾਏ।

੬. ਨਿਰੰਕਾਰੁ ਨ ਪਛਾਣਿਆ ਸਾਧਸੰਗਤਿ ਦਸੈ ਨ ਦਸਾਏ।
੭. ਸੁਣਿ ਸੁਣਿ ਆਖਣੁ ਆਖਿ ਸੁਣਾਏ ॥ ੧੪ ॥

ਪਦ ਅਰਥ - ਦਸੈ ਨ ਦਸਾਏ=ਦੱਸਣ ਵਾਲੇ ਤੋਂ ਪੁੱਛਦਾ ਨਹੀਂ। ਆਖਣੁ=ਪ੍ਰਸੰਗ।

ਅਰਥ - ੧. ਬ੍ਰਹਮਾ ਨੇ ਚਾਰ ਵੇਦ ਰਚ ਕੇ (ਸੰਸਾਰ ਨੂੰ) ਦਿੱਤੇ ਤੇ ਚਾਰ ਵਰਣ ਤੇ ਚਾਰ ਆਸ਼ਰਮ ਪੈਦਾ ਕੀਤੇ। ੨. ਛਿਅ ਦਰਸ਼ਨਾਂ ਤੇ ਛਿਅ ਸ਼ਾਸਤਰਾਂ ਦੇ ਉਪਦੇਸ਼ਾਂ ਅਨੁਸਾਰ ਅੱਡੋ ਅੱਡ ਭੇਸ ਵਰਤਾਏ। ੩. ਚਾਰ ਕੂੰਟਾਂ, ਸੱਤ ਦੀਪ, ਨੌਂ ਖੰਡ ਤੇ ਦਸ ਦਿਸ਼ਾਂ ਦੀ ਵੰਡ ਕਰ ਦਿੱਤੀ। ੪. ਜਲ, ਥਲ, ਬਣਖੰਡ ਤੇ ਪਹਾੜਾਂ ਵਿਚ ਤੀਰਥ ਤੇ ਦੇਵ ਅਸਥਾਨ ਬਣਾ ਦਿੱਤੇ। ੫. (ਲੋਕ) ਜਪ, ਤਪ, ਸੰਜਮ, ਹੋਮ, ਜਗ ਆਦਿ ਕਰਮ ਧਰਮ ਕਰਕੇ ਦਾਨ ਕਰਦੇ ਹਨ। ੬. (ਪਰ) ਨਿਰੰਕਾਰ ਨੂੰ ਕਿਸੇ ਵੀ ਨਹੀਂ ਪਛਾਣਿਆਂ, ਨਿਰੰਕਾਰ ਬਾਰੇ ਸਾਧ ਸੰਗਤ ਹੀ ਦੱਸਦੀ ਹੈ, ਪਰ ਸਾਧ ਸੰਗਤ ਕੋਲੋਂ ਕੋਈ ਜੀਵ ਪੁੱਛਦਾ ਹੀ ਨਹੀਂ। ੭. ਸਭ ਸੁਣੇ ਸੁਣਾਏ ਪ੍ਰਸੰਗਾਂ ਨੂੰ ਹੀ ਅੱਗੇਂ ਲੋਕਾਂ ਨੂੰ ਆਖਕੇ ਸੁਣਾਉਂਦੇ ਹਨ॥ ੧੪ ॥

੧੫. ਵਿਸ਼ਨੂੰ ਦੇ ਕਰਮ

੧. ਦਸ ਅਵਤਾਰੀ ਬਿਸਨੁ ਹੋਇ ਵੈਰ ਵਿਰੋਧ ਜੋਧ ਲੜਵਾਏ।
੨. ਦੇਵ ਦਾਨਵ ਕਰਿ ਦੁਇ ਧੜੇ ਦੈਤ ਹਰਾਏ ਦੇਵ ਜਿਤਾਏ।
੩. ਮਛ ਕਛ ਵੈਰਾਹ ਰੂਪ ਨਰ ਸਿੰਘ ਬਾਵਨ ਬੌਧ ਉਪਾਏ।
੪. ਪਰਸਰਾਮੁ ਰਾਮ ਕ੍ਰਿਸਨੁ ਹੋਇ ਕਿਲਕ ਕਲੰਕੀ ਨਾਉ ਗਣਾਏ।
੫. ਚੰਚਲ ਚਲਿਤ ਪਖੰਡ ਬਹੁ ਵਲ ਛਲ ਕਰਿ ਪਰਪੰਚ ਵਧਾਏ।
੬. ਪਾਰਬ੍ਰਹਮੁ ਪੂਰਨ ਬ੍ਰਹਮੁ ਨਿਰਭਉ ਨਿਰੰਕਾਰੁ ਨ ਦਿਖਾਏ।
੭. ਖਤ੍ਰੀ ਮਾਰਿ ਸੰਘਾਰੁ ਕਰਿ ਰਾਮਾਯਣ ਮਹਾਭਾਰਤ ਭਾਏ।
੮. ਕਾਮ ਕਰੋਧੁ ਨ ਮਾਰਿਓ ਲੋਭੁ ਮੋਹੁ ਅਹੰਕਾਰੁ ਨ ਜਾਏ।
੯. ਸਾਧ ਸੰਗਤਿ ਵਿਣੁ ਜਨਮੁ ਗਵਾਏ ॥ ੧੫ ॥

ਪਦ ਅਰਥ - ਜੋਧ=ਸੂਰਮੇ। ਨਰ ਸਿੰਘ=ਨਰ ਨਾਰਾਇਣ। ਕਿਲਕ=ਦੇਸ਼ ਦਾ ਨਾਂ ਹੈ। ਪਰਪੰਚ=ਪਸਾਰਾ।

ਅਰਥ - ੧. ਵਿਸ਼ਨੂੰ ਨੇ ਦਸ ਅਵਤਾਰ ਧਾਰ ਕੇ ਵੈਰ ਵਿਰੋਧ ਵਧਾ ਕੇ ਸੂਰਮਿਆਂ ਨੂੰ ਆਪੋ ਵਿਚ ਲੜਵਾਇਆ। ੨. ਦੇਵਤੇ ਤੇ ਦੈਂਤਾਂ ਦੇ ਦੋ ਧੜੇ ਬਣਾ ਦਿੱਤੇ, ਦੈਂਤਾਂ ਨੂੰ ਹਰਾ ਕੇ ਦੇਵਤਿਆਂ ਨੂੰ ਜਤਾਇਆ। ੩. (ਦਸ ਅਵਤਾਰ ਇਹ ਹਨ :—) ੧. ਮੱਛ, ੨. ਕੱਛ, ੩. ਸ਼ੂਕਰਾਵਤਾਰ, ੪. ਨਰ ਨਾਰਾਇਣ, ੫. ਬਾਵਨ, ੬. ਬੋਧ ਉਤਪੰਨ ਕੀਤੇ। ੪. ੭. ਪਰਸਰਾਮ, ੮. ਰਾਮਚੰਦ੍ਰ, ੯. ਕ੍ਰਿਸ਼ਨ ਤੇ ੧੦. ਕਿਲਕ ਦੇਸ਼ ਵਿਚ ਕਲਕੀ

ਅਵਤਾਰ, ਇਹ ਦਸ ਨਾਂ ਗਿਣਾਏ। ੫. ਚੰਚਲਤਾਈ ਦੇ ਕੌਤਕ, ਪਾਖੰਡ ਤੇ ਵਲਛਲ ਕਰਕੇ ਬਹੁਤ ਪਸਾਰੇ ਵਧਾਏ। ੬. ਪਾਰਬ੍ਰਹਮ, ਪੂਰਨ ਬ੍ਰਹਮ ਤੇ ਨਿਰਭਉ ਨਿਰੰਕਾਰ ਨੂੰ ਕਿਸੇ ਨੇ ਵੀ ਨਾ ਦਿਖਾਇਆ (ਸਭ ਨੇ ਆਪੋ ਆਪਣਾ ਨਾਂ ਹੀ ਜਪਾਇਆ)। ੭. (ਪਰਸਰਾਮ ਨੇ ਇੱਕੀ ਵੇਰਾਂ) ਖੱਤਰੀਆਂ ਦਾ ਨਾਸ ਕੀਤਾ, ਰਾਮਾਇਣ ਤੇ ਮਹਾਂਭਾਰਤ ਆਦਿ ਜੰਗਾਂ ਜੁੱਧਾਂ ਦੇ ਗ੍ਰੰਥ ਹੀ ਲੋਕਾਂ ਨੂੰ ਚੰਗੇ ਲੱਗੇ। ੮. ਕਿਸੇ ਅਵਤਾਰ ਨੇ ਕਾਮ, ਕ੍ਰੋਧ, ਆਦਿ ਵੈਰੀਆਂ ਦਾ ਨਾਸ ਨਾ ਕੀਤਾ ਤੇ ਲੋਭ, ਮੋਹ ਤੇ ਹੰਕਾਰ ਵੀ ਨਾਸ ਨਾ ਹੋਇਆ। ੯. ਸਾਧ ਸੰਗਤ ਤੋਂ ਬਿਨਾਂ ਸਭ ਨੇ ਆਪਣਾ ਜਨਮ ਵਿਅਰਥ ਹੀ ਗੁਆ ਦਿੱਤਾ॥ ੧੫॥

੧੬. *ਸ਼ਿਵਜੀ ਦੇ ਕਰਮ*

੧. ਇਕਦੂੰ ਗਿਆਰਹ ਰੁਦ੍ਰ ਹੋਇ ਘਰਬਾਰੀ ਅਉਧੂਤੁ ਸਦਾਇਆ।
੨. ਜਤੀ ਸਤੀ ਸੰਤੋਖੀਆਂ ਸਿਧ ਨਾਥ ਕਰਿ ਪਰਚਾ ਲਾਇਆ।
੩. ਸੰਨਿਆਸੀ ਦਸ ਨਾਂਵ ਧਰਿ ਜੋਗੀ ਬਾਰਹ ਪੰਥ ਚਲਾਇਆ।
੪. ਰਿਧਿ ਸਿਧਿ ਨਿਧਿ ਰਸਾਇਣਾਂ ਤੰਤ ਮੰਤ ਚੇਟਕ ਵਰਤਾਇਆ।
੫. ਮੇਲਾ ਕਰਿ ਸਿਵਰਾਤ ਦਾ ਕਰਾਮਾਤ ਵਿਚਿ ਵਾਦੁ ਵਧਾਇਆ।
੬. ਪੋਸਤ ਭੰਗ ਸਰਾਬ ਦਾ ਚਲੈ ਪਿਆਲਾ ਭੁਗਤ ਭੁੰਚਾਇਆ।
੭. ਵਜਨਿ ਬੁਰਗੂ ਸਿੰਙੀਆਂ ਸੰਖ ਨਾਦ ਰਹਰਾਸਿ ਕਰਾਇਆ।
੮. ਆਦਿ ਪੁਰਖੁ ਆਦੇਸੁ ਕਰਿ ਅਲਖੁ ਜਗਾਇਨ ਅਲਖੁ ਲਖਾਇਆ।
੯. ਸਾਧਸੰਗਤਿ ਵਿਣੁ ਭਰਮਿ ਭੁਲਾਇਆ॥ ੧੬॥

ਪਦ ਅਰਥ - ਘਰਬਾਰੀ=ਗ੍ਰਿਹਸਥੀ। ਪਰਚਾ=ਸ਼ਕਤੀਆਂ। ਭੁਗਤ=ਪਦਾਰਥ। ਬੁਰਗੂ=ਰਣਸਿੰਗੇ।

ਅਰਥ - ੧. ਸ਼ਿਵ ਜੀ ਇਕ ਤੋਂ ਯਾਰਾਂ ਰੂਪ ਹੋ ਕੇ ਤੇ ਗ੍ਰਿਹਸਥੀ ਹੋ ਕੇ ਵੀ ਅਵਧੂਤ ਸਦਵਾਇਆ। ੨. ਜਤੀਆਂ, ਸਤੀਆਂ, ਸੰਤੋਖੀਆਂ, ਸਿੱਧਾਂ, ਨਾਥਾਂ ਨੇ ਪ੍ਰਵਿਰਤੀ ਕਰਨ ਵਿਚ ਹੀ ਸਮਾਂ ਬਤੀਤ ਕੀਤਾ। (ਭਾਵ ਸ਼ਕਤੀਆਂ ਪ੍ਰਾਪਤ ਕਰਨ ਵਿਚ ਹੀ ਲੱਗੇ ਰਹੇ)। ੩. ਸੰਨਿਆਸੀਆਂ ਨੇ ਆਪਣੇ ਦਸ ਨਾਂ ਰੱਖ ਲਏ (ਤੇ ਦਸ ਫਿਰਕੇ ਚਲਾ ਲਏ), ਜੋਗੀਆਂ ਨੇ ਬਾਰਾਂ ਪੰਥ ਚਲਾ ਦਿੱਤੇ। ੪. ਇਹਨਾਂ ਨੇ ਰਿੱਧੀਆਂ, ਸਿੱਧੀਆਂ, ਨਿਧੀਆਂ ਰਸਾਇਣਾਂ, ਤੰਤ੍ਰਾਂ ਤੇ ਮੰਤ੍ਰਾਂ ਦਾ ਚੇਟਕ ਵਰਤਾਇਆ। ੫. (ਸਿੱਧਾਂ ਨੇ) ਸ਼ਿਵਰਾਤ੍ਰੀ ਦਾ ਮੇਲਾ (ਵਟਾਲੇ ਵਿਚ) ਕਰਕੇ ਕਰਾਮਾਤ ਦਿਖਾਉਣ ਦੇ ਝਗੜੇ ਵਧਾਏ। ੬. (ਉਸ ਮੇਲੇ ਵਿਚ) ਪੋਸਤ, ਭੰਗ, ਸ਼ਰਾਬ ਦੇ ਦੌਰ ਚਲਾਏ ਤੇ ਕਈ ਤਰ੍ਹਾਂ ਦੇ ਪਦਾਰਥ ਖਾਣ ਲੱਗੇ। ੭. ਉਹ ਰਣਸਿੰਗੇ, ਸਿੰਙੀਆਂ ਤੇ ਸੰਖ ਆਦਿ ਵਜਾ ਕੇ ਮਰਿਯਾਦਾ ਪੂਰੀ ਕਰਦੇ ਹਨ। ੮. ਆਦਿ ਪੁਰਖ ਨੂੰ ਆਦੇਸ ਕਰਕੇ 'ਆਲੱਖ' 'ਆਲੱਖ' ਕਹਿੰਦੇ ਫਿਰਦੇ ਹਨ, ਪਰ ਅਲਖ (ਪ੍ਰਭੂ) ਨੂੰ ਕਿਸੇ ਨਹੀਂ ਲਖਿਆ (ਜਾਣਿਆਂ)। ੯. (ਉਪ੍ਰੋਕਤ, ਜਤੀ, ਸਤੀ, ਸਿੱਧ, ਨਾਥ, ਸੰਨਿਆਸੀ ਆਦਿ) ਸਾਧ ਸੰਗਤ ਤੋਂ ਬਿਨਾਂ ਭਰਮ ਵਿਚ ਹੀ ਭੁੱਲੇ ਫਿਰਦੇ ਹਨ॥ ੧੬॥

੧੭. ਸਾਧ ਸੰਗਤਿ ਦੇ ਮੇਲ ਤੋਂ ਮੁਕਤੀ ਮਿਲਦੀ ਹੈ

੧. ਨਿਰੰਕਾਰੁ ਆਕਾਰੁ ਕਰਿ ਸਤਿਗੁਰੁ ਗੁਰਾਂ ਗੁਰੂ ਅਬਿਨਾਸੀ।
੨. ਪੀਰਾਂ ਪੀਰੁ ਵਖਾਣੀਐ ਨਾਥਾਂ ਨਾਥੁ ਸਾਧਸੰਗਿ ਵਾਸੀ।
੩. ਗੁਰਮੁਖਿ ਪੰਥੁ ਚਲਾਇਆ ਗੁਰਸਿਖੁ ਮਾਇਆ ਵਿਚਿ ਉਦਾਸੀ।
੪. ਸਨਮੁਖਿ ਮਿਲਿ ਪੰਚ ਆਖੀਅਨਿ ਬਿਰਦੁ ਪੰਚ ਪਰਮੇਸੁਰੁ ਪਾਸੀ।
੫. ਗੁਰਮੁਖਿ ਮਿਲਿ ਪਰਵਾਣ ਪੰਚ ਸਾਧਸੰਗਤਿ ਸਚ ਖੰਡ ਬਿਲਾਸੀ।
੬. ਗੁਰ ਦਰਸਨ ਗੁਰਸਬਦ ਹੈ ਨਿਜ ਘਰਿ ਭਾਇ ਭਗਤਿ ਰਹਰਾਸੀ।
੭. ਮਿਠਾ ਬੋਲਣੁ ਨਿਵ ਚਲਣੁ ਖਟਿ ਖਵਾਲਣੁ ਆਸ ਨਿਰਾਸੀ।
੮. ਸਦਾ ਸਹਜੁ ਬੈਰਾਗੁ ਹੈ ਕਲੀ ਕਾਲ ਅੰਦਰਿ ਪਰਗਾਸੀ।
੯. ਸਾਧਸੰਗਤਿ ਮਿਲਿ ਬੰਦ ਖਲਾਸੀ॥੧੭॥

ਪਦ ਅਰਥ - ਸਤਿਗੁਰੁ=ਸ੍ਰੀ ਗੁਰੂ ਨਾਨਕ ਦੇਵ। ਪੰਚ=ਸੰਤ, ਭਗਤ। ਬਿਲਾਸੀ=ਆਨੰਦ।

ਅਰਥ - ੧. ਅਕਾਲ ਪੁਰਖ ਅਬਿਨਾਸ਼ੀ ਨੇ ਆਪ ਹੀ ਗੁਰੂਆਂ ਦੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਰੂਪ ਧਾਰਨ ਕੀਤਾ ਹੈ। ੨. ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੀਰਾਂ ਦੇ ਪੀਰ ਤੇ ਨਾਥਾਂ ਦੇ ਨਾਥ ਕਿਹਾ ਜਾਂਦਾ ਹੈ ਤੇ ਉਹ ਸਾਧ ਸੰਗਤ ਵਿਚ ਵਸਦੇ ਹਨ। ੩. ਉਹਨਾਂ ਨੇ ਗੁਰਮੁਖਾਂ ਦਾ ਪੰਥ (ਮਾਰਗ) ਚਲਾਇਆ ਹੈ, ਉਹ ਗੁਰਮੁਖ (ਗੁਰਸਿੱਖ) ਮਾਇਆ ਵਿਚ ਰਹਿੰਦੇ ਹੋਏ ਵੀ ਉਦਾਸ ਰਹਿੰਦੇ ਹਨ। ੪. ਜਿਹੜੇ ਪੁਰਸ਼ ਸਤਿਗੁਰਾਂ ਨੂੰ ਸਨਮੁਖ ਹੋ ਕੇ ਮਿਲਦੇ ਹਨ, ਉਹਨਾਂ ਨੂੰ ਪੰਚ (ਸੰਤ) ਕਿਹਾ ਜਾਂਦਾ ਹੈ। ਜਿਨ੍ਹਾਂ ਨੇ ਸੰਤਾਂ ਦਾ ਧਰਮ ਕੀਤਾ ਹੈ, ਉਹ ਪ੍ਰਭੂ ਦੇ ਪਾਸ ਰਹਿੰਦੇ ਹਨ। ੫. ਗੁਰਮੁਖਾਂ ਦਾ ਮੇਲ ਹੀ ਪੰਚ ਪਰਵਾਣ ਹੈ, ਸੰਤਾਂ ਦਾ ਮੇਲੀ ਸਤਿਸੰਗ ਰੂਪੀ ਸੱਚਖੰਡ ਵਿਚ ਆਨੰਦ ਮਾਣਦਾ ਹੈ। ੬. ਸਤਿਗੁਰਾਂ ਦਾ ਉਪਦੇਸ਼ ਸੁਣਨਾ ਹੀ ਸਤਿਗੁਰਾਂ ਦਾ ਦਰਸ਼ਨ ਹੈ। ਪ੍ਰੇਮਾ-ਭਗਤੀ ਨਾਲ ਗੁਰੂ ਦੇ ਉਪਦੇਸ਼ ਦੀ ਕਮਾਈ ਕਰਕੇ ਸਹਿਜ-ਅਵਸਥਾ ਵਿਚ ਪਹੁੰਚਣ ਦੀ ਮਰਯਾਦਾ ਵਾਲੇ ਹੋਈਦਾ ਹੈ। ੭. (ਸਤਿਗੁਰਾਂ ਦੀ ਦੱਸੀ ਮਰਯਾਦਾ ਇਹ ਹੈ :—) ਮਿੱਠਾ ਬੋਲਣਾ, ਨਿਉਂਕੇ ਚਲਣਾ, ਧਰਮ ਦੀ ਕਮਾਈ ਕਰਕੇ ਆਪ ਖਾਣਾ ਤੇ ਹੋਰ ਲੋੜਵੰਦਾਂ ਨੂੰ ਖੁਆਉਣਾ ਤੇ ਆਸਾ ਵਿਚ ਨਿਰਾਸ ਰਹਿਣਾ। ੮. ਹਮੇਸ਼ਾਂ ਸਹਿਜ ਅਵਸਥਾ ਵਿਚ ਵੈਰਾਗੀ ਹੋ ਕੇ ਰਹਿਣਾ। ਕਲਿਜੁਗ ਅੰਦਰ (ਸ੍ਰੀ ਗੁਰੂ ਨਾਨਕ ਦੇਵ ਜੀ ਨੇ) ਇਹ ਮਰਯਾਦਾ ਪ੍ਰਚਲਤ ਕੀਤੀ ਹੈ। ੯. ਸਾਧ ਸੰਗਤ ਵਿਚ ਮਿਲ ਕੇ ਇਸ ਮਰਯਾਦਾ ਦੀ ਸਿਖਿਆ ਲੈ ਕੇ ਬੰਦ ਖਲਾਸੀ ਹੁੰਦੀ ਹੈ (ਭਾਵ ਮੁਕਤੀ ਮਿਲਦੀ ਹੈ)॥੧੭॥

੧੮. ਸਾਧ ਸੰਗਤਿ ਵਿਟਹੁ ਬਲਿਹਾਰੀ

੧. ਨਾਰੀ ਪੁਰਖੁ ਪਿਆਰੁ ਹੈ ਪੁਰਖੁ ਪਿਆਰ ਕਰੇਂਦਾ ਨਾਰੀ।
੨. ਨਾਰਿ ਭਤਾਰੁ ਸੰਜੋਗ ਮਿਲਿ ਪੁਤ ਸਪੁਤੁ ਕੁਪੁਤੁ ਸੈਂਸਾਰੀ।
੩. ਪੁਰਖਾਂ ਪੁਰਖਾਂ ਜੋ ਰਚਨਿ ਤੇ ਵਿਰਲੇ ਨਿਰਮਲ ਨਿਰੰਕਾਰੀ।
੪. ਪੁਰਖਹੁ ਪੁਰਖਾ ਉਪਜਦਾ ਗੁਰੁ ਤੇ ਚੇਲਾ ਸਬਦ ਵੀਚਾਰੀ।
੫. ਪਾਰਸ ਹੋਆ ਪਾਰਸਹੁ ਗੁਰੁ ਚੇਲਾ ਚੇਲਾ ਗੁਣਕਾਰੀ।
੬. ਗੁਰਮੁਖਿ ਵੰਸੀ ਪਰਮਹੰਸ ਗੁਰਸਿਖ ਸਾਧ ਸੇ ਪਰਉਪਕਾਰੀ।
੭. ਗੁਰਭਾਈ ਗੁਰਭਾਈਆਂ ਸਾਕ ਸਚਾ ਗੁਰ ਵਾਕ ਜੁਹਾਰੀ।
੮. ਪਰ ਤਨੁ ਪਰ ਧਨੁ ਪਰਹਰੇ ਪਰ ਨਿੰਦਾ ਹਉਮੈ ਪਰਹਾਰੀ।
੯. ਸਾਧ ਸੰਗਤਿ ਵਿਟਹੁ ਬਲਿਹਾਰੀ॥੧੮॥

ਪਦ ਅਰਥ - ਪੁਰਖੁ=ਪਤੀ। ਉਪਜਦਾ=ਪੈਦਾ ਹੁੰਦਾ ਹੈ। ਸਾਧ=ਉੱਤਮ, ਸ੍ਰੇਸ਼ਟ।

ਅਰਥ - ੧. ਇਸਤ੍ਰੀ ਦਾ (ਆਪਣੇ) ਪਤੀ ਨਾਲ ਪਿਆਰ ਹੁੰਦਾ ਹੈ ਤੇ ਪਤੀ ਆਪਣੀ ਇਸਤ੍ਰੀ ਨਾਲ ਪਿਆਰ ਕਰਦਾ ਹੈ। ੨. ਪਤੀ ਪਤਨੀ ਦੇ ਸੰਜੋਗ ਤੋਂ ਸੰਸਾਰ ਵਿਚ ਪੁੱਤਰ, ਸਪੁੱਤਰ ਤੇ ਕਪੁੱਤਰ ਪੈਦਾ ਹੁੰਦੇ ਹਨ। ੩. ਜਿਹੜੇ ਨਿਰਮਲ ਨਿਰੰਕਾਰ ਨਾਲ ਰਚਦੇ ਹਨ (ਭਾਵ ਪ੍ਰੇਮ ਕਰਦੇ ਹਨ) ਉਹ ਪੁਰਸ਼ ਜਗ ਵਿਚ ਵਿਰਲੇ ਹਨ। ੪. ਪੁਰਖ ਤੋਂ ਪੁਰਖ ਪੈਦਾ ਹੁੰਦਾ ਹੈ, ਗੁਰੂ ਤੋਂ ਚੇਲਾ ਸ਼ਬਦ (ਬ੍ਰਹਮ) ਦੇ ਵਿਚਾਰ ਨਾਲ (ਪੈਦਾ) ਹੁੰਦਾ ਹੈ। ੫. ਪਾਰਸ ਦੇ ਸਪਰਸ਼ ਕਰਨ ਨਾਲ ਪਾਰਸ ਹੋਇਆ ਹੈ, ਕਿਉਂਕਿ ਗੁਰੂ ਚੇਲਾ ਤੇ ਚੇਲਾ ਗੁਰੂ ਹੋਇਆ ਹੈ। ੬. ਗੁਰੂ ਨੂੰ ਪਰਸਕੇ ਗੁਰਮੁਖਾਂ ਦੀ ਵੰਸ ਚਲੀ ਹੈ, ਉਹ ਗੁਰੂ ਦੇ ਸਿੱਖ ਪਰਉਪਕਾਰੀ ਹੁੰਦੇ ਹਨ। ੭. ਗੁਰਭਾਈ ਦਾ ਗੁਰਭਾਈ ਨਾਲ ਸਕਾ ਸਾਕ ਹੁੰਦਾ ਹੈ, ਗੁਰਸਿੱਖ ਗੁਰਵਾਕ ਅਨੁਸਾਰ ਆਪੋ ਵਿਚ ਨਮਸਕਾਰ ਕਰਦੇ ਹਨ (ਭਾਵ ਇਕ ਦੂਜੇ ਨੂੰ ਮੱਥਾ ਟੇਕਦੇ ਹਨ)। ੮. (ਗੁਰਸਿੱਖਾਂ) ਨੇ ਪਰਾਈ ਇਸਤ੍ਰੀ, ਪਰਾਇਆ ਧਨ, ਪਰਾਈ ਨਿੰਦਾ ਤੇ ਹਉਮੈ ਨੂੰ ਤਿਆਗ ਦਿੱਤਾ ਹੈ। ੯. (ਇਹੋ ਜਿਹੀ ਸ੍ਰੇਸ਼ਟ ਸਿੱਖਿਆ ਦੇਣ ਵਾਲੀ) ਸਾਧ ਸੰਗਤ ਤੋਂ ਮੈਂ ਬਲਿਹਾਰ ਜਾਂਦਾ ਹੈ॥ ੧੮॥

੧੯. ਸਾਧ ਸੰਗਤ ਦਾ ਸਾਕ ਸੱਚਾ ਸਾਕ ਹੈ

੧. ਪਿਉ ਦਾਦਾ ਪੜਦਾਦਿਅਹੁ ਪੁਤ ਪੋਤਾ ਪੜਪੋਤਾ ਨਤਾ।
੨. ਮਾਂ ਦਾਦੀ ਪੜਦਾਦੀਅਹੁ ਫੁਫੀ ਭੈਣ ਧੀਅ ਸਣਖਤਾ।
੩. ਨਾਨਾ ਨਾਨੀ ਆਖੀਐ ਪੜਨਾਨਾ ਪੜਨਾਨੀ ਪਤਾ।

੪. ਤਾਇਆ ਚਾਚਾ ਜਾਣੀਐ ਤਾਈ ਚਾਚੀ ਮਾਇਆ ਮਤਾ।
੫. ਮਾਮੇ ਤੈ ਮਾਮਾਣੀਆਂ ਮਾਸੀ ਮਾਸੜ ਦੈ ਰੰਗ ਰਤਾ।
੬. ਮਾਸੜ ਫੁਫੜ ਸਾਕ ਸਭ ਸਹੁਰਾ ਸਸ ਸਾਲੀ ਸਾਲਤਾ।
੭. ਤਾਏਰ ਪਿਤੀਏਰ ਮੇਲੁ ਮਿਲਿ ਮਉਲੇਰ ਫੁਫੇਰ ਅਵਤਾ।
੮. ਸਾਢੂ ਕੁੜਮੁ ਕੁਟੰਬ ਸਭ ਨਦੀ ਨਾਵ ਸੰਜੋਗ ਨਿਸਤਾ।
੯. ਸਚਾ ਸਾਕ ਨ ਵਿਛੜੈ ਸਾਧਸੰਗਤਿ ਗੁਰ ਭਾਈ ਭਤਾ।
੧੦. ਭੋਗ ਭੁਗਤਿ ਵਿਚਿ ਜੋਗ ਜੁਗਤਾ॥ ੧੯॥

ਪਦ ਅਰਥ - ਸਣਖਤਾ=ਸ੍ਰੇਸ਼ਟ। ਪਤਾ=ਪਤਾ ਦਿੰਦੇ ਹਨ। ਮਤਾ=ਮਸਤ। ਸਾਲਤਾ=ਸਾਲੇ ਦਾ ਪੁੱਤਰ। ਅਵਤਾ=ਆਕੜਦਾ ਹੈ। ਨਿਸਤਾ=ਝੂਠ।

ਅਰਥ - ੧. ਪਿਉ ਤੇ ਪੁੱਤਰ, ਦਾਦੇ ਤੋਂ ਪੋਤਰਾ, ਪੜਦਾਦਿਓਂ ਪੜਪੋਤਰਾ ਤੇ ਪੜਪੋਤਰੇ ਦਾ ਪੁੱਤਰ ਨੱਤਾ ਕਿਹਾ ਜਾਂਦਾ ਹੈ। ੨. ਮਾਂ, ਦਾਦੀ, ਪੜਦਾਦੀ, ਭੂਆ, ਭੈਣ, ਧੀ ਤੇ ਨੂੰਹ ਦਾ ਸਾਕ ਹੁੰਦਾ ਹੈ। ੩. ਨਾਨਾ ਤੇ ਨਾਨੀ, ਪੜਨਾਨਾ ਤੇ ਪੜਨਾਨੀ ਦੇ ਸਾਕ ਦੇ ਪਤੇ ਮਿਲਦੇ ਹਨ। ੪. ਤਾਇਆ, ਚਾਚਾ, ਤਾਈ ਤੇ ਚਾਚੀ ਆਦਿ ਦਾ ਸਾਕ ਮਾਇਆ ਵਿਚ ਮਸਤ ਰਹਿੰਦੇ ਹਨ। ੫. ਮਾਮੇ, ਮਾਮੀਆਂ, ਮਾਸੀ, ਮਾਸੜ ਦੇ ਪ੍ਰੇਮ ਵਿਚ ਜੀਵ ਰੱਤਾ ਰਹਿੰਦਾ ਹੈ। ੬. ਮਾਸੜ, ਫੁੱਫੜ, ਸਹੁਰਾ, ਸੱਸ, ਸਾਲੀ ਤੇ ਸਾਲੇ ਦਾ ਪੁੱਤਰ ਆਦਿ ਸਾਕ ਕਹੇ ਜਾਂਦੇ ਹਨ। ੭. (ਕੋਈ) ਤਾਏ ਦੇ ਪੁੱਤਰਾਂ, ਚਾਚੇ ਦੇ ਪੁੱਤਰਾਂ, ਮਾਮੇ ਦੇ ਪੁੱਤਰਾਂ ਤੇ ਭੂਆ ਦੇ ਪੁੱਤਰਾਂ ਦੀ ਆਕੜ ਵਿਚ ਪਿਆ ਫਿਰਦਾ ਹੈ। ੮. ਸਾਂਢੂ, ਕੁੜਮ ਤੇ ਹੋਰ ਕੁਟੰਬੀ ਨਦੀ ਉਤੇ ਬੇੜੀ ਦੇ ਪੂਰ ਵਾਂਗੂੰ ਇਕੱਠੇ ਹੋਏ ਹਨ। (ਇਹ ਮੇਲ ਝੂਠਾ ਹੈ)। ੯. ਸੱਚਾ ਸਾਕ ਸਾਧ ਸੰਗਤ ਹੈ, ਜੋ ਕਦੀ ਵੀ ਨਹੀਂ ਵਿਛੜਦਾ। ਸਭ ਸਤਿਸੰਗੀ ਗੁਰਭਾਈਆਂ ਵਾਂਗ ਮਿਲਦੇ ਹਨ। ੧੦. ਗੁਰਸਿੱਖ ਸੰਸਾਰਕ ਪਦਾਰਥਾਂ ਦੇ ਭੋਗ ਭੋਗਦੇ ਹੋਏ ਵੀ ਜੋਗ ਵਿਚ ਜੁੜੇ ਰਹਿੰਦੇ ਹਨ॥ ੧੯॥

੨੦. ਸਤਿਗੁਰਾਂ ਵਰਗਾ ਕੋਈ ਕ੍ਰਿਪਾਲੂ ਨਹੀਂ

੧. ਪਿਉ ਦੇ ਨਾਹ ਪਿਆਰ ਤੁਲਿ ਨਾ ਫੁਫੀ ਨਾ ਪਿਤੀਏ ਤਾਏ।
੨. ਮਾਊ ਹੇਤੁ ਨ ਪੁਜਨੀ ਹੇਤੁ ਨ ਮਾਮੇ ਮਾਸੀ ਜਾਏ।
੩. ਅੰਬਾਂ ਸਧਰ ਨਾ ਉਤਰੈ ਆਣਿ ਅੰਬਾਕੜੀਆਂ ਜੇ ਖਾਏ।
੪. ਮੂਲੀ ਪਾਨ ਪਟੰਤਰਾ ਵਾਸੁ ਡਕਾਰੁ ਪਰਗਟੀਆਏ।
੫. ਸੂਰਜ ਚੰਦ ਨ ਪੁਜਨੀ ਦੀਵੇ ਲਖ ਤਾਰੇ ਚਮਕਾਏ।
੬. ਰੰਗ ਮਜੀਠ ਕੁਸੁੰਭ ਦਾ ਸਦਾ ਸਥੋਈ ਵੇਸੁ ਵਟਾਏ।

੭. ਸਤਿਗੁਰੁ ਤੁਲਿ ਨ ਮਿਹਰਵਾਨ ਮਾਤ ਪਿਤਾ ਨ ਦੇਵ ਸਬਾਏ।
੮. ਡਿਠੇ ਸਭੇ ਠੋਕਿ ਵਜਾਏ॥੨੦॥

ਪਦ ਅਰਥ - ਅੰਬਾਕੜੀਆਂ=ਅੰਬੀਆਂ ਦੇ ਸੁੱਕੇ ਛਿੱਲ। ਪਟੰਤਰਾ=ਬਰਾਬਰੀ। ਸਥੋਈ=ਸਾਥੀ। ਠੋਕਿ ਵਜਾਏ=ਪਰਖ ਕੇ।

ਅਰਥ - ੧. ਪਿਤਾ ਦੇ ਪਿਆਰ ਦੇ ਬਰਾਬਰ ਭੂਆ, ਚਾਚੇ ਤੇ ਤਾਏ ਦਾ ਪਿਆਰ ਨਹੀਂ ਹੋ ਸਕਦਾ (ਕਿਉਂਕਿ ਪਿਤਾ ਦਾ ਮੋਹ ਕੁਦਰਤੀ ਹੁੰਦਾ ਹੈ)। ੨. ਮਾਵਾਂ ਦੇ ਪਿਆਰ ਦੇ ਬਰਾਬਰ ਮਾਮੇ ਤੇ ਮਾਸੀਆਂ ਦਾ ਪਿਆਰ ਨਹੀਂ ਪੁੱਜਦਾ। ੩. ਅੰਬਾਂ ਦੀ ਸੱਧਰ (ਭੁੱਖ) ਅੰਬਾਕੜੀਆਂ ਦੇ ਖਾਣ ਨਾਲ ਨਹੀਂ ਲਹਿੰਦੀ। ੪. ਮੂਲੀ ਤੇ ਪਾਨ ਦੀ ਵਾਸ਼ਨਾ ਦਾ ਫਰਕ ਡਕਾਰ ਤੋਂ ਪ੍ਰਗਟ ਹੁੰਦਾ ਹੈ। ੫. ਭਾਵੇਂ ਲੱਖਾਂ ਦੀਵੇ ਜਗਦੇ ਹੋਣ ਤੇ ਲੱਖਾਂ ਤਾਰੇ ਚਮਕਦੇ ਹੋਣ, ਉਹ ਸੂਰਜ ਤੇ ਚੰਦਰਮਾਂ ਦੇ ਬਰਾਬਰ ਨਹੀਂ ਪੁੱਜ ਸਕਦੇ। ੬. ਮਜੀਠ ਤੇ ਕਸੁੰਭੇ ਦਾ ਰੰਗ ਸਦਾ ਸਾਥੀ ਨਹੀਂ ਹੁੰਦੇ, ਕਿਉਂਕਿ ਕਸੁੰਭੇ ਦਾ ਰੰਗ ਵੇਸ ਵਟਾ ਲੈਂਦਾ ਹੈ (ਭਾਵ ਫਿੱਕਾ ਪੈ ਜਾਂਦਾ ਹੈ) ਤੇ ਮਜੀਠ ਦਾ ਰੰਗ ਪੱਕਾ ਰਹਿੰਦਾ ਹੈ। ੭. (ਇਸੇ ਤਰ੍ਹਾਂ) ਮਾਤਾ ਪਿਤਾ ਆਦਿ ਸਾਰੇ ਸੰਬੰਧੀ ਤੇ ਸਾਰੇ ਦੇਵਤੇ ਸਤਿਗੁਰਾਂ ਦੇ ਤੁੱਲ ਮਿਹਰਵਾਨ ਨਹੀਂ ਹੁੰਦੇ। ੮. ਅਸਾਂ ਸਭ ਨੂੰ ਪਰਖ ਕੇ ਵੇਖ ਲਿਆ ਹੈ॥੨੦॥

ਭਾਵ—ਦੁਨੀਆਂ ਦੇ ਸਾਰੇ ਸਾਕ ਮਾਇਆ ਦੇ ਬੰਧਨਾਂ ਵਿਚ ਬੰਨ੍ਹਦੇ ਹਨ। ਸਤਿਗੁਰੂ ਤੇ ਸਾਧ ਸੰਗਤ ਦਾ ਸਾਕ ਐਸਾ ਹੈ, ਜੋ ਬੰਧਨਾਂ ਨੂੰ ਤੋੜ ਕੇ ਮੁਕਤ ਕਰ ਦਿੰਦਾ ਹੈ।

੨੧. *ਸਤਿਗੁਰਾਂ ਦੀ ਵਡਿਆਈ ਸਭ ਤੋਂ ਵੱਡੀ ਹੈ*

੧. ਮਾਪੇ ਹੇਤੁ ਨ ਪੁਜਨੀ ਸਤਿਗੁਰ ਹੇਤੁ ਸੁਚੇਤ ਸਹਾਈ।
੨. ਸਾਹ ਵਿਸਾਹ ਨ ਪੁਜਨੀ ਸਤਿਗੁਰ ਸਾਹੁ ਅਥਾਹੁ ਸਮਾਈ।
੩. ਸਾਹਿਬ ਤੁਲਿ ਨ ਸਾਹਿਬੀ ਸਤਿਗੁਰ ਸਾਹਿਬ ਸਚਾ ਸਾਈਂ।
੪. ਦਾਤੇ ਦਾਤਿ ਨ ਪੁਜਨੀ ਸਤਿਗੁਰ ਦਾਤਾ ਸਚੁ ਦ੍ਰਿੜਾਈ।
੫. ਵੈਦ ਨ ਪੁਜਨਿ ਵੈਦਗੀ ਸਤਿਗੁਰ ਹਉਮੈ ਰੋਗ ਮਿਟਾਈ।
੬. ਦੇਵੀ ਦੇਵ ਨ ਸੇਵ ਤੁਲਿ ਸਤਿਗੁਰ ਸੇਵ ਸਦਾ ਸੁਖਦਾਈ।
੭. ਸਾਇਰ ਰਤਨ ਨ ਪੁਜਨੀ ਸਾਧਸੰਗਤਿ ਗੁਰਿ ਸਬਦੁ ਸੁਭਾਈ।
੮. ਅਕਥ ਕਥਾ ਵਡੀ ਵਡਿਆਈ॥੨੧॥੩੯॥

ਪਦ ਅਰਥ - ਮਾਪੇ ਹੇਤੁ=ਮਾਪਿਆਂ ਦਾ ਪਿਆਰ। ਸਾਹਿਬ ਤੁਲਿ=ਰਾਜੇ ਦੇ ਬਰਾਬਰ। ਸਾਇਰ=ਸਮੁੰਦਰ।

ਅਰਥ - ੧. ਮਾਤਾ ਪਿਤਾ ਦਾ ਪਿਆਰ ਸਤਿਗੁਰਾਂ ਦੇ ਪਿਆਰ ਦੇ ਬਰਾਬਰ ਨਹੀਂ ਪੁੱਜਦਾ, ਕਿਉਂਕਿ ਸਤਿਗੁਰਾਂ ਦਾ ਪਿਆਰ ਸੁਚੇਤ ਕਰਨ ਵਾਲਾ ਤੇ ਅੰਤ ਨੂੰ ਸਹਾਇਤਾ ਕਰਨ ਵਾਲਾ ਹੁੰਦਾ ਹੈ। ੨. (ਦੁਨੀਆਂ ਦੇ) ਸ਼ਾਹ ਵੀ ਸਤਿਗੁਰਾਂ ਦੀ ਬਰਾਬਰੀ ਨਹੀਂ ਕਰ ਸਕਦੇ, ਕਿਉਂਕਿ ਸਤਿਗੁਰੂ ਸ਼ਾਹ ਅਥਾਹ ਹਨ ਤੇ ਹਰ ਇਕ ਦੀ ਸਮਾਈ ਕਰ ਸਕਦੇ ਹਨ। ੩. ਕਿਸੇ ਸਾਹਿਬ (ਰਾਜੇ) ਦੀ ਸਾਹਿਬੀ (ਵਡੱਤਣ) ਵੀ ਸਤਿਗੁਰੂ ਦੀ ਬਰਾਬਰੀ ਨਹੀਂ ਕਰ ਸਕਦੀ, ਕਿਉਂਕਿ ਸਤਿਗੁਰੂ ਸਾਹਿਬ ਸੱਚਾ ਸੁਆਮੀ ਹੈ। ੪. ਕਿਸੇ ਦਾਤੇ ਦੀ ਦਾਤ ਵੀ ਸਤਿਗੁਰੂ ਦੀ ਬਖਸ਼ੀ ਦਾਤ ਦੇ ਬਰਾਬਰ ਨਹੀਂ ਹੁੰਦੀ, ਕਿਉਂਕਿ ਸਤਿਗੁਰੂ ਦਾਤਾ ਸੱਚ ਦਾ ਉਪਦੇਸ਼ ਦ੍ਰਿੜ੍ਹ ਕਰਾਉਂਦਾ ਹੈ। ੫. ਸਤਿਗੁਰਾਂ ਦੀ ਵੈਦਗੀ ਦੇ ਬਰਾਬਰ ਕਿਸੇ ਵੈਦ ਦੀ ਵੈਦਗੀ ਨਹੀਂ ਪੁੱਜਦੀ, ਕਿਉਂਕਿ ਸਤਿਗੁਰੂ ਜੀ ਗੁਰਸਿੱਖ ਦੇ ਅੰਦਰੋਂ ਹਉਮੈ ਦਾ ਰੋਗ ਨਾਸ ਕਰ ਦਿੰਦੇ ਹਨ। ੬. ਦੇਵੀਆਂ ਤੇ ਦੇਵਤਿਆਂ ਦੀ ਕੀਤੀ ਸੇਵਾ ਵੀ ਗੁਰੂ ਦੀ ਬਰਾਬਰੀ ਨਹੀਂ ਕਰ ਸਕਦੀ, ਕਿਉਂਕਿ ਸਤਿਗੁਰੂ ਜੀ ਦੀ ਕੀਤੀ ਸੇਵਾ ਸਦੀਵੀ ਸੁਖਾਂ ਦੇ ਦੇਣ ਵਾਲੀ ਹੁੰਦੀ ਹੈ। ੭. ਸਮੁੰਦਰ ਵਿਚੋਂ ਨਿਕਲੇ ਰਤਨ ਵੀ ਗੁਰੂ-ਉਪਦੇਸ਼ ਦੀ ਬਰਾਬਰੀ ਨਹੀਂ ਕਰ ਸਕਦੇ, ਕਿਉਂਕਿ ਸਤਿਗੁਰਾਂ ਦੀ ਸਾਧ ਸੰਗਤ ਵਿਚ ਗੁਰੂ-ਉਪਦੇਸ਼ ਰੂਪੀ ਅਮਲੋਕ ਰਤਨ ਪ੍ਰਕਾਸ਼ਦੇ ਹਨ। ੮. ਸਤਿਗੁਰਾਂ ਦੀ ਕਥਾ ਅਕਥ (ਕਥਨ ਤੋਂ ਬਾਹਰ) ਹੈ ਤੇ ਵਡਿਆਈ ਵਡੀ ਹੈ॥ ੨੧॥ ੩੯॥

ਵਾਰ ੪੦

ੴ ਸਤਿਗੁਰ ਪ੍ਰਸਾਦਿ॥

੧. *ਸਤਿਗੁਰਾਂ ਦਾ ਮੰਗਲਾਚਰਣ*

੧. ਸਉਦਾ ਇਕਤੁ ਹਟਿ ਹੈ ਪੀਰਾਂ ਪੀਰੁ ਗੁਰਾਂ ਗੁਰੁ ਪੂਰਾ।
੨. ਪਤਿਤ ਉਧਾਰਣੁ ਦੁਖ ਹਰਣੁ ਅਸਰਣੁ ਸਰਣਿ ਵਚਨ ਦਾ ਸੂਰਾ।
੩. ਅਉਗੁਣ ਲੈ ਗੁਣ ਵਿਕਣੈ ਸੁਖ ਸਾਗਰੁ ਵਿਸਰਾਇ ਵਿਸੂਰਾ।
੪. ਕਟਿ ਵਿਕਾਰ ਹਜਾਰ ਲਖ ਪਰਉਪਕਾਰੀ ਸਦਾ ਹਜੂਰਾ।
੫. ਸਤਿ ਨਾਮੁ ਕਰਤਾ ਪੁਰਖੁ ਸਤਿ ਸਰੂਪੁ ਨ ਕਦਹੀ ਊਰਾ।
੬. ਸਾਧਸੰਗਤਿ ਸਚ ਖੰਡ ਵਸਿ ਅਨਹਦ ਸਬਦ ਵਜਾਏ ਤੂਰਾ।
੭. ਦੂਜਾ ਭਾਉ ਕਰੇ ਚਕਚੂਰਾ॥ ੧॥

ਪਦ ਅਰਥ - ਵਿਸਰਾਇ=ਦੂਰ ਕਰਨਾ। ਵਿਸੂਰਾ=ਝੂਰੇ। ਊਰਾ=ਘੱਟ। ਤੂਰਾ=ਵਾਜੇ। ਚਕਚੂਰਾ=ਨਾਸ।

ਅਰਥ - ੧. ਨਾਮ ਦਾ ਸਉਦਾ ਇਕੋ ਹੱਟੀ 'ਚੋਂ ਹੀ ਮਿਲਦਾ ਹੈ। ਪੀਰਾਂ ਦਾ ਪੀਰ ਤੇ ਗੁਰੂਆਂ ਦਾ ਗੁਰੂ (ਨਾਨਕ ਦੇਵ) ਹੀ ਇਹ ਪੂਰਾ ਹੱਟ ਹੈ। ੨. ਜੋ ਪਾਪੀਆਂ ਨੂੰ ਤਾਰਨ ਵਾਲਾ, ਦੁਖੀਆਂ ਦੇ ਦੁੱਖ

ਦੂਰ ਕਰਨ ਵਾਲਾ, ਅਸ਼ਰਣਾਂ ਦੀ ਸ਼ਰਣ ਅਰ ਬਚਨ ਦਾ ਸੂਰਮਾ ਹੈ। ੩. ਸਤਿਗੁਰੂ ਜੀ ਸਿੱਖਾਂ ਦੇ ਅਵਗਣ ਲੈ ਕੇ (ਭਾਵ ਦੂਰ ਕਰਕੇ) ਗੁਣ ਦਿੰਦੇ ਹਨ, ਉਹ ਸੁਖਾਂ ਦੇ ਸਮੁੰਦਰ ਹੋਣ ਕਰਕੇ ਝੋਰੇ (ਦੁੱਖ) ਦੂਰ ਕਰਦੇ ਹਨ। ੪. ਸਿੱਖਾਂ ਦੇ ਲੱਖਾਂ ਹਜ਼ਾਰਾਂ ਵਿਕਾਰਾਂ ਨੂੰ ਸਤਿਗੁਰੂ ਜੀ ਕੱਟਦੇ ਹਨ, ਆਪ ਪਰਉਪਕਾਰੀ ਹਨ ਤੇ ਸਦਾ ਪ੍ਰਭੂ ਦੀ ਹਜ਼ੂਰੀ ਵਿਚ ਰਹਿੰਦੇ ਹਨ। ੫. ਸਤਿਗੁਰੂ ਜੀ ਸਿੱਖਾਂ ਨੂੰ ਸਤਿਨਾਮ ਕਰਤਾ ਪੁਰਖ ਦਾ ਸਿਮਰਨ ਬਖ਼ਸ਼ਕੇ ਸਤਿ ਸਰੂਪ ਕਰਦੇ ਹਨ, ਫਿਰ ਸਿੱਖ ਕਦੇ ਵੀ ਊਣਾ (ਘੱਟ) ਨਹੀਂ ਹੁੰਦਾ। ੬. ਸਤਿਗੁਰੂ ਜੀ ਸਤਿਸੰਗਤ ਦੇ ਸੱਚਖੰਡ ਵਿਚ ਨਿਵਾਸ ਕਰਦੇ ਹਨ ਤੇ ਉਹਨਾਂ ਦੇ ਉਪਦੇਸ਼ ਰੂਪੀ ਅਨਹਦ ਵਾਜੇ ਸਦਾ ਵੱਜਦੇ ਰਹਿੰਦੇ ਹਨ। ੭. ਸਤਿਗੁਰੂ ਜੀ ਸਿੱਖਾਂ ਦਾ ਦ੍ਵੈਤ ਭਾਵ (ਅਗਿਆਨ) ਨਾਸ ਕਰਦੇ ਹਨ॥ ੧॥

੨. ਸਤਿਸੰਗਤ ਦੀ ਮਹਿਮਾ

੧. ਪਾਰਸ ਪਰਉਪਕਾਰ ਕਰਿ ਜਾਤ ਨ ਅਸਟ ਧਾਤੁ ਵੀਚਾਰੈ।
੨. ਬਾਵਨ ਚੰਦਨ ਬੋਹਿੰਦਾ ਅਫਲ ਸਫਲੁ ਨ ਜੁਗਤਿ ਉਰ ਧਾਰੈ।
੩. ਸਭ ਤੇ ਇੰਦਰ ਵਰਸਦਾ ਥਾਉਂ ਕੁਥਾਉਂ ਨ ਅੰਮ੍ਰਿਤ ਧਾਰੈ।
੪. ਸੂਰਜ ਜੋਤਿ ਉਦੋਤ ਕਰਿ ਓਤਪੋਤਿ ਹੋ ਕਿਰਣ ਪਸਾਰੈ।
੫. ਧਰਤੀ ਅੰਦਰਿ ਸਹਨ ਸੀਲ ਪਰ ਮਲ ਹਰੈ ਅਵਗੁਣ ਨ ਚਿਤਾਰੈ।
੬. ਲਾਲ ਜਵਾਹਰ ਮਣਿ ਲੋਹਾ ਸੁਇਨਾ ਪਾਰਸ ਜਾਤਿ ਬਿਚਾਰੈ।
੭. ਸਾਧਸੰਗਤਿ ਕਾ ਅੰਤੁ ਨ ਪਾਰੈ॥ ੨॥

ਪਦ ਅਰਥ - ਜੁਗਤਿ=ਰੀਤੀ। ਥਾਉਂ ਕੁਥਾਉਂ=ਚੰਗੀ ਮੰਦੀ ਥਾਂ। ਅੰਮ੍ਰਿਤ=ਪਾਣੀ। ਓਤਪੋਤਿ= ਹਰ ਥਾਂ।

ਅਰਥ - ੧. ਪਾਰਸ ਪਰਉਪਕਾਰ ਕਰਕੇ ਅੱਠਾਂ ਧਾਤਾਂ ਨੂੰ ਸੋਨਾ ਕਰ ਦਿੰਦਾ ਹੈ, ਉਹ ਅੱਠਾਂ ਧਾਤਾਂ ਦੀਆਂ ਜਾਤਾਂ (ਕਿਸਮਾਂ) ਨੂੰ ਨਹੀਂ ਵਿਚਾਰਦਾ। ੨. ਬਾਵਨ ਚੰਦਨ ਫਲਾਂ ਵਾਲੇ ਤੇ ਫਲਹੀਣੇ ਬ੍ਰਿਛਾਂ ਨੂੰ ਸੁਗੰਧਤ ਕਰ ਦਿੰਦਾ ਹੈ, ਉਹ ਇਸ ਜੁਗਤਿ (ਰੀਤੀ) ਦਾ ਮਾਣ ਆਪਣੇ ਹਿਰਦੇ ਵਿਚ ਨਹੀਂ ਕਰਦਾ। ੩. ਇੰਦਰ ਸਭ ਥਾਂ ਇਕੋ ਜਿਹਾ ਵਰਸਦਾ ਹੈ ਤੇ ਚੰਗੀ ਮੰਦੀ ਥਾਂ ਵੇਖ ਕੇ ਘੱਟ ਵੱਧ ਨਹੀਂ ਵਰਸਦਾ। ੪. ਸੂਰਜ ਆਪਣੇ ਪ੍ਰਕਾਸ਼ ਨੂੰ ਉਦੇ ਕਰਕੇ ਹਰ ਥਾਂ ਆਪਣੀਆਂ ਕਿਰਨਾਂ ਨਾਲ ਪ੍ਰਕਾਸ਼ ਕਰਦਾ ਹੈ। ੫. ਧਰਤੀ ਅੰਦਰ ਬੜੀ ਸਹਿਨਸ਼ੀਲਤਾ ਹੈ, ਉਹ ਪਰਾਈ ਮੈਲ ਨਾਸ ਕਰਦੀ ਹੈ ਤੇ ਕਿਸੇ ਦੇ ਅਵਗੁਣਾਂ ਨੂੰ ਨਹੀਂ ਚਿਤਾਰਦੀ। ੬. ਲਾਲ, ਜਵਾਹਰ, ਮਣੀ ਤੇ ਪਾਰਸ ਨਾਲ ਛੁਹ ਕੇ ਲੋਹੇ ਤੋਂ ਬਣੇ ਸੋਨੇ ਵਿਚ ਜਾਤੀ ਅਭਿਮਾਨ ਹੁੰਦਾ ਹੈ। ੭. ਸਾਧ ਸੰਗਤ ਦੇ ਪਾਰ ਉਰਾਰ ਦਾ ਕੋਈ ਅੰਤ ਨਹੀਂ। ਜਿਥੇ ਜਾਤੀ ਅਭਿਮਾਨ ਵੀ ਨਾਸ ਹੋ ਜਾਂਦਾ ਹੈ॥ ੨॥

ਭਾਵ—ਸਤਿਸੰਗਤ ਹੀ ਇਕ ਐਸੀ ਥਾਂ ਹੈ, ਜਿਥੇ ਊਚ ਨੀਚ ਨੂੰ ਨਹੀਂ ਵਿਚਾਰਿਆ ਜਾਂਦਾ, ਸਭ ਨਾਲ ਇਕ ਸਮਾਨ ਵਰਤਾਉ ਹੁੰਦਾ ਹੈ।

੩. ਸਤਿਗੁਰੂ ਜੀ ਦੀ ਸੇਵਾ ਦੀ ਵਡਿਆਈ

੧. ਪਾਰਸ ਧਾਤਿ ਕੰਚਨੁ ਕਰੈ ਹੋਇ ਮਨੂਰ ਨ ਕੰਚਨ ਝੂਰੈ।
੨. ਬਾਵਨ ਬੋਹੈ ਬਨਾਸਪਤਿ ਬਾਂਸੁ ਨਿਗੰਧ ਨ ਬੁਹੈ ਹਜੂਰੈ।
੩. ਖੇਤੀ ਜੰਮੈ ਸਹੰਸ ਗੁਣ ਕਲਰ ਖੇਤਿ ਨ ਬੀਜ ਉਗੂਰੈ।
੪. ਉਲੂ ਸੁਝ ਨ ਸੁਝਈ ਸਤਿਗੁਰੁ ਸੁਝ ਸੁਝਾਇ ਹਜੂਰੈ।
੫. ਧਰਤੀ ਬੀਜੈ ਸੁ ਲੁਣੈ ਸਤਿਗੁਰੁ ਸੇਵਾ ਸਭ ਫਲ ਚੂਰੈ।
੬. ਬੋਹਿਥ ਪਵੈ ਸੋ ਨਿਕਲੈ ਸਤਿਗੁਰੁ ਸਾਧੁ ਅਸਾਧੁ ਨ ਦੂਰੈ।
੭. ਪਸੂ ਪਰੇਤਹੁ ਦੇਵ ਵਿਚੂਰੈ ॥ ੩ ॥

ਪਦ ਅਰਥ - ਮਨੂਰ=ਲੋਹੇ ਦੀ ਮੈਲ। ਨਿਗੰਧ=ਸੁਗੰਧੀ ਤੋਂ ਹੀਣਾ। ਉਗੂਰੈ=ਉੱਗਦਾ। ਸੁਝ=ਸੂਰਜ। ਚੂਰੈ=ਪ੍ਰਾਪਤ। ਬੋਹਿਥ=ਜਹਾਜ਼। ਵਿਚੂਰੈ=ਵਿਚਾਰਦੇ।

ਅਰਥ - ੧. ਪਾਰਸ ਹਰ ਇਕ ਧਾਤ ਨੂੰ ਤਾਂ ਸੋਨਾ ਬਣਾ ਦਿੰਦਾ ਹੈ, ਪਰ ਮਨੂਰ (ਲੋਹੇ ਦੀ ਮੈਲ) ਸੋਨਾ ਨਹੀਂ ਬਣਦਾ, ਇਸ ਲਈ ਝੂਰਦਾ ਹੈ। ੨. ਬਾਵਨ ਚੰਦਨ ਜਲ ਬਾਂਸ ਸੁਗੰਧਤ ਨਹੀਂ ਹੁੰਦਾ। ੩. ਮੀਂਹ ਵਸਿਆਂ ਖੇਤੀ ਹਜ਼ਾਰ ਗੁਣਾਂ ਜੰਮਦੀ ਹੈ, ਪਰ ਕੱਲਰੀ ਖੇਤ ਵਿਚ ਪਾਇਆ ਬੀਜ ਨਹੀਂ ਉੱਗਦਾ। ੪. ਉਲੂ ਨੂੰ ਸੂਰਜ ਚੜ੍ਹਿਆ ਨਹੀਂ ਦਿੱਸਦਾ, ਪਰ ਸਤਿਗੁਰੂ ਸੂਰਜ ਪ੍ਰਭੂ ਦੇ ਪ੍ਰਤੱਖ ਦਰਸ਼ਨ ਕਰਾਉਂਦੇ ਹਨ। ੫. ਧਰਤੀ ਵਿਚ ਜੋ ਵਸਤੂ ਬੀਜੀਏ, ਉਹੋ ਵਢੀਦੀ ਹੈ, ਪਰ ਸਤਿਗੁਰੂ ਦੀ ਸੇਵਾ ਤੋਂ ਸਾਰੇ ਫਲ ਪ੍ਰਾਪਤ ਹੁੰਦੇ ਹਨ। ੬. ਜਹਾਜ਼ ਵਿਚ ਜਿਹੜਾ ਚੜ੍ਹੇਗਾ, ਉਹੋ ਸਮੁੰਦਰ ਤੋਂ ਪਾਰ ਹੋਵੇਗਾ, ਪਰ ਸਤਿਗੁਰੂ ਜੀ ਸ਼ਰਣ ਆਏ ਹਰ ਇਕ ਪ੍ਰਾਣੀ ਦਾ ਉਧਾਰ ਕਰਦੇ ਹਨ, (ਉਹ ਭਲੇ ਬੁਰੇ ਦੀ ਵਿਚਾਰ ਨਹੀਂ ਕਰਦੇ)। ੭. ਸਤਿਗੁਰੂ ਜੀ ਸ਼ਰਣ ਆਏ ਪਸ਼ੂ ਪ੍ਰੇਤ ਨੂੰ ਵੀ ਦੇਵਤਾ ਬਣਾ ਦਿੰਦੇ ਹਨ। (ਕਿਸੇ ਦੇ ਅਵਗਣਾਂ ਨੂੰ ਨਹੀਂ ਵਿਚਾਰਦੇ) ॥ ੩ ॥

੪. ਸਤਿਗੁਰੂ ਜੀ ਸ਼ੁਭ ਗੁਣਾਂ ਦੇ ਭੰਡਾਰ ਹਨ

੧. ਕੰਚਨੁ ਹੋਵੈ ਪਾਰਸਹੁ ਕੰਚਨ ਕਰੈ ਨ ਕੰਚਨ ਹੋਰੀ।
੨. ਚੰਦਨ ਬਾਵਨ ਚੰਦਨਹੁ ਓਦੂੰ ਹੋਰੁ ਨ ਪਵੈ ਕਰੋਰੀ।
੩. ਵੁਠੈ ਜੰਮੈ ਬੀਜਿਆ ਸਤਿਗੁਰੁ ਮਤਿ ਚਿਤਵੈ ਫਲ ਭੋਰੀ।
੪. ਰਾਤਿ ਪਵੈ ਦਿਹੁ ਆਥਵੈ ਸਤਿਗੁਰੁ ਗੁਰੁ ਪੂਰਣ ਧੁਰ ਧੋਰੀ।
੫. ਬੋਹਿਥ ਪਰਬਤ ਨਾ ਚੜ੍ਹੈ ਸਤਿਗੁਰੁ ਹਠ ਨਿਗ੍ਰਹੁ ਨ ਲਹੋਰੀ।

੬. ਧਰਤੀ ਨੋ ਭੂੰਚਾਲ ਡਰ ਗੁਰਮਤਿ ਨਿਹਚਲ ਚਲੈ ਨ ਚੋਰੀ।
੭. ਸਤਿਗੁਰ ਰਤਨ ਪਦਾਰਥ ਬੋਰੀ॥ ੪ ॥

ਪਦ ਅਰਥ - ਕੰਚਨੁ=ਸੋਨਾ। ਕਰੋਰੀ=ਵਾਸ਼ਨਾ। ਭੋਰੀ=ਛੇਤੀ। ਦਿਹੁ=ਸੂਰਜ। ਧੁਰ ਧੋਰੀ=ਮਰਯਾਦਾ ਧਾਰਨ ਵਾਲੇ।

ਅਰਥ - ੧. ਪਾਰਸ ਤੋਂ ਸਭ ਧਾਤਾਂ ਸੋਨਾ ਹੋ ਜਾਂਦੀਆਂ ਹਨ, ਪਰ ਉਹ ਸੋਨਾ ਕਿਸੇ ਹੋਰ ਨੂੰ ਸੋਨਾ ਨਹੀਂ ਕਰ ਸਕਦਾ। ੨. ਬਾਵਨ ਚੰਦਨ ਤੋਂ ਚੰਦਨ ਹੁੰਦਾ ਹੈ, ਪਰ ਉਸ ਚੰਦਨ ਤੋਂ ਕਿਸੇ ਹੋਰ ਬ੍ਰਿਛ ਵਿਚ ਵਾਸ਼ਨਾ ਨਹੀਂ ਪੈਂਦੀ। ੩. ਮੀਂਹ ਦੇ ਵਸਿਆਂ ਜੋ ਕੁਛ ਬੀਜਿਆ ਹੁੰਦਾ ਹੈ, ਉਹੋ ਉੱਗਦਾ ਹੈ, ਪਰ ਸਤਿਗੁਰੂ ਦੀ ਸਿੱਖਿਆ ਦੇ ਚਿਤਵਨ ਨਾਲ ਹੀ ਛੇਤੀ ਫਲ ਮਿਲਦਾ ਹੈ। ੪. ਰਾਤ ਪੈਣ ਨਾਲ ਸੂਰਜ ਅਸਤ ਹੋ ਜਾਂਦਾ ਹੈ, ਪਰ ਸਤਿਗੁਰੂ ਜੀ ਪੂਰਨ ਮਰਯਾਦਾ ਦੇ ਧਾਰਨ ਵਾਲੇ ਹਨ (ਉਹ ਸਦਾ ਇਕਰਸ ਰਹਿੰਦੇ ਹਨ) ੫. ਜਹਾਜ਼ ਪਹਾੜ 'ਤੇ ਨਹੀਂ ਚੜ੍ਹਦਾ, ਪਰ ਸਤਿਗੁਰੂ ਜੀ ਪਹਾੜ ਵਰਗੇ ਹਠੀ ਸੁਭਾਆਂ ਵਾਲਿਆਂ ਨੂੰ ਵੀ ਤਾਰਦੇ ਹਨ। ੬. ਧਰਤੀ ਨੂੰ ਭੁਚਾਲ ਦਾ ਡਰ ਹੈ, ਪਰ ਸਤਿਗੁਰੂ ਦੀ ਸਿੱਖਿਆ ਅਚਲ ਹੈ, ਉਹ ਸਿੱਖ ਨੂੰ ਮਾੜਿਆਂ ਕੰਮਾਂ ਵਿਚ ਨਹੀਂ ਪੈਣ ਦਿੰਦੀ। ੭. ਸਤਿਗੁਰੂ ਜੀ ਸ਼ੁਭ ਗੁਣਾਂ ਰੂਪੀ ਰਤਨਾਂ ਦੀ ਬੋਰੀ (ਗੰਢ) ਹੈ॥ ੪ ॥

੫. ਸਾਧ ਸੰਗਤ ਦੀ ਵਡਿਆਈ

੧. ਸੂਰਜ ਚੜ੍ਹਿਐ ਲੁਕ ਜਾਨਿ ਉਲੂ ਅੰਧ ਕੰਧ ਜਗਿ ਮਾਹੀ।
੨. ਬੁਕੇ ਸਿੰਘ ਉਦਿਆਨ ਮਹਿ ਜੰਬੁਕ ਮਿਰਗ ਨ ਖੋਜੇ ਪਾਹੀ।
੩. ਚੜ੍ਹਿਆ ਚੰਦ ਅਕਾਸ ਤੇ ਵਿਚਿ ਕੁਨਾਲੀ ਲੁਕੈ ਨਾਹੀ।
੪. ਪੰਖੀ ਜੇਤੇ ਬਨ ਬਿਖੈ ਡਿਠੇ ਬਾਜ ਨ ਠਉਰਿ ਰਹਾਹੀ।
੫. ਚੋਰ ਜਾਰ ਹਰਾਮਖੋਰ ਦਿਹੁ ਚੜ੍ਹਿਆ ਕੋ ਦਿਸੈ ਨਾਹੀ।
੬. ਸਾਧਸੰਗਤਿ ਵਿਟਹੁੰ ਬਲਿ ਜਾਹੀ॥ ੫ ॥

ਪਦ ਅਰਥ - ਅੰਧ ਕੰਧ=ਕੰਧ ਵਾਂਗੂੰ ਅੰਨ੍ਹੇ। ਸਿੰਘ=ਸ਼ੇਰ। ਜੰਬੁਕ=ਗਿੱਦੜ। ਕੁਨਾਲੀ=ਕੁਨਾਲੀ। ਵਿਟਹੁ=ਉਪਰੋਂ।

ਅਰਥ - ੧. ਸੂਰਜ ਦੇ ਚੜ੍ਹਨ ਨਾਲ ਕੰਧ ਵਾਂਗੂ ਅੰਨ੍ਹੇ ਉੱਲੂ (ਬ੍ਰਿਛਾਂ ਵਿਚ) ਲੁਕ ਜਾਂਦੇ ਹਨ। ੨. ਜਦੋਂ ਸ਼ੇਰ ਜੰਗਲ ਵਿਚ ਬੁੱਕਦਾ (ਗਰਜਦਾ) ਹੈ, ਤਦੋਂ ਗਿੱਦੜ ਤੇ ਹਰਨਾਂ ਦਾ ਖੁਰਾ ਨਹੀਂ ਲੱਭਦਾ। ੩. ਆਕਾਸ਼ ਵਿਚ ਚੜ੍ਹਿਆ ਚੰਦਰਮਾਂ ਕੁਨਾਲੀ ਨਾਲ ਲੁਕਾਇਆ ਲੁਕਦਾ ਨਹੀਂ। ੪. ਜੰਗਲ ਵਿਚ ਜਿੰਨੇ ਪੰਛੀ ਹੁੰਦੇ ਹਨ, ਉਹ ਬਾਜ ਨੂੰ ਵੇਖ ਕੇ ਆਪਣੇ ਟਿਕਾਣੇ 'ਤੇ ਨਹੀਂ ਰਹਿੰਦੇ। ੫. ਚੋਰ, ਯਾਰ ਤੇ ਹਰਾਮਖੋਰ (ਲੁਟੇਰੇ ਤੇ ਧਾੜਵੀ) ਦਿਨ ਚੜ੍ਹਨ ਨਾਲ ਕਿਤੇ ਵੀ ਨਹੀਂ ਦਿਸਦੇ। ੬. ਸਾਧ ਸੰਗਤ ਉਪਰੋਂ ਅਸੀਂ ਕੁਰਬਾਨ ਜਾਂਦੇ ਹਾਂ (ਜਿਸ ਦੇ ਪ੍ਰਤਾਪ ਕਰਕੇ ਗੁਰਸਿੱਖਾਂ ਦੇ ਕਾਮ, ਕ੍ਰੋਧ, ਆਦਿ ਵਿਕਾਰ ਨਾਸ ਹੋ ਜਾਂਦੇ ਹਨ)॥ ੬ ॥

੬. ਸਤਸੰਗਤਿ ਮਿਲੈ ਸੁ ਤਰਿਆ

੧. ਰਾਤਿ ਹਨੇਰੀ ਚਮਕਦੇ ਲਖ ਕਰੋੜੀ ਅੰਬਰਿ ਤਾਰੇ।
੨. ਚੜ੍ਹਿਐ ਚੰਦ ਮਲੀਣ ਹੋਣਿ ਕੋ ਲੁਕੈ ਕੋ ਬੁਕੈ ਬਬਾਰੇ।
੩. ਸੂਰਜ ਜੋਤਿ ਉਦੋਤਿ ਕਰਿ ਤਾਰੇ ਚੰਦ ਨ ਰੈਣਿ ਅੰਧਾਰੇ।
੪. ਦੇਵੀ ਦੇਵ ਨ ਸ਼ੈਵਕਾਂ ਤੰਤ ਨ ਮੰਤ ਨ ਫੁਰਨਿ ਵਿਚਾਰੇ।
੫. ਵੇਦ ਕਤੇਬ ਅਸਟ ਧਾਤੁ ਪੂਰੇ ਸਤਿਗੁਰੁ ਸਬਦ ਸਵਾਰੇ।
੬. ਗੁਰਮੁਖਿ ਪੰਥ ਸੁਹਾਵੜਾ ਧੰਨ ਗੁਰੂ ਧੰਨੁ ਗੁਰੂ ਪਿਆਰੇ।
੭. ਸਾਧਸੰਗਤਿ ਪਰਗਟੁ ਸੰਸਾਰੇ ॥ ੬ ॥

ਪਦ ਅਰਥ - ਅੰਬਰਿ=ਆਕਾਸ਼। ਮਲੀਣ=ਮੈਲੇ, ਮੰਦ। ਬਬਾਰੇ=ਬੁੜ ਬੁੜ। ਸ਼ੈਵਕਾਂ=ਸ਼ਿਵਾਂ ਦੇ ਉਪਾਸ਼ਕ।

ਅਰਥ - ੧. ਅਨ੍ਹੇਰੀ ਰਾਤ ਨੂੰ ਆਕਾਸ਼ ਵਿਚ ਲੱਖਾਂ ਕਰੋੜਾਂ ਤਾਰੇ ਚਮਕਦੇ ਹਨ। ੨. ਚੰਦ੍ਰਮਾਂ ਦੇ ਚੜ੍ਹਨ ਨਾਲ ਤਾਰੇ ਮਲੀਨ (ਮੰਦ) ਹੋ ਜਾਂਦੇ ਹਨ, ਕੋਈ ਲੁਕਦਾ ਹੈ ਤੇ ਕੋਈ ਬੁੜ ਬੁੜ ਕਰਕੇ ਬੋਲਦਾ ਹੈ (ਭਾਵ ਥੋੜ੍ਹਾ ਥੋੜ੍ਹਾ ਟਿਮ ਟਿਮਾਉਂਦਾ ਹੈ)। ੩. (ਪਰ ਜਦੋਂ) ਸੂਰਜ ਆਪਣੀ ਜੋਤ ਦਾ ਉਜਾਲਾ ਕਰਦਾ ਹੈ, ਤਾਂ ਤਾਰੇ, ਚੰਦ੍ਰਮਾਂ ਤੇ ਅਨ੍ਹੇਰੀ ਰਾਤ ਤਿੰਨੇ ਨਹੀਂ ਰਹਿੰਦੇ। ੪. (ਇਸੇ ਤਰ੍ਹਾਂ) ਗੁਰਮਤਿ ਦੇ ਸੂਰਜ ਚੜ੍ਹਿਆਂ ਦੇਵੀਆਂ, ਦੇਵਤੇ, ਸ਼ਿਵਾਂ ਦੇ ਉਪਾਸ਼ਕ ਤੇ ਤੰਤ੍ਰ, ਮੰਤ੍ਰ ਵਿਚਾਰੇ ਵੀ ਨਹੀਂ ਫੁਰਦੇ (ਭਾਵ ਗੁਰੂ ਸ਼ਬਦ ਅੱਗੇ ਸਭ ਮਾਤ ਪੈ ਜਾਂਦੇ ਹਨ)। ੫. ਵੇਦ, ਕਤੇਬ ਤੇ ਅੱਠ ਧਾਤਾਂ (ਚਾਰ ਵਰਣ ਤੇ ਚਾਰ ਆਸ਼ਰਮ) ਪੂਰੇ ਸਤਿਗੁਰੂ ਦੇ ਸ਼ਬਦ ਕਰਕੇ ਸੰਵਰ ਜਾਂਦੇ ਹਨ। ੬. ਗੁਰਮੁਖਾਂ ਦਾ ਪੰਥ ਸੁਭਾਇਮਾਨ ਹੈ, ਇਸ ਲਈ ਸਤਿਗੁਰੂ ਜੀ ਧੰਨ ਹਨ ਤੇ ਗੁਰੂ ਦੇ ਪਿਆਰੇ ਸਿੱਖ ਵੀ ਧੰਨ ਹਨ। ੭. ਸਾਧ ਸੰਗਤ ਸੰਸਾਰ ਵਿਚ ਪ੍ਰਗਟ ਹੈ (ਜਿਸ ਦੀ ਕਿਰਪਾ ਨਾਲ ਸਭ ਜੀਵਾਂ ਦਾ ਉਧਾਰ ਹੋ ਜਾਂਦਾ ਹੈ)॥ ੬॥

੭. ਸਭ ਲੋਕ ਸਤਿਗੁਰ ਦੇ ਗਾਹਕ ਹਨ

੧. ਚਾਰਿ ਵਰਨਿ ਚਾਰਿ ਮਜ਼ਹਬਾਂ ਛਿਅ ਦਰਸਨ ਵਰਤਨਿ ਵਰਤਾਰੇ।
੨. ਦਸ ਅਵਤਾਰ ਹਜਾਰ ਨਾਵ ਥਾਨ ਮੁਕਾਮ ਸਚੇ ਵਣਜਾਰੇ।
੩. ਇਕਤੁ ਹਟਹੁ ਵਣਜ ਲੈ ਦੇਸ ਦਿਸੰਤਰਿ ਕਰਨਿ ਪਸਾਰੇ।
੪. ਸਤਿਗੁਰੁ ਪੂਰਾ ਸਾਹੁ ਹੈ ਬੇਪਰਵਾਹੁ ਅਥਾਹੁ ਭੰਡਾਰੇ।
੫. ਲੈ ਲੈ ਮੁਕਰਿ ਪਾਨਿ ਸਭ ਸਤਿਗੁਰੁ ਦੇਇ ਨ ਦੇਂਦਾ ਹਾਰੇ।

੬. ਇਕੁ ਕਵਾਉ ਪਸਾਉ ਕਰਿ ਓਅੰਕਾਰਿ ਅਕਾਰ ਸਵਾਰੇ।
੭. ਪਾਰਬ੍ਰਹਮ ਸਤਿਗੁਰ ਬਲਿਹਾਰੇ॥ ੭॥

ਪਦ ਅਰਥ - ਥਾਨ ਮੁਕਾਮ=ਪੱਕੇ ਥਾਵਾਂ ਵਾਲੇ। ਵਣਜਾਰੇ=ਗਾਹਕ।

ਅਰਥ - ੧. ਚਾਰੇ ਵਰਣ, ਚਾਰੇ ਮਜ਼ਹਬ ਤੇ ਛੇ ਦਰਸ਼ਨਾਂ ਦੇ ਜਿੰਨੇ ਵਰਤਾਰੇ ਵਰਤ ਰਹੇ ਹਨ ਤੇ ੨. ਦਸ ਅਵਤਾਰ ਤੇ ਹੋਰ ਹਜ਼ਾਰਾਂ ਨਾਵਾਂ ਵਾਲੇ; ਜੋ ਮੁਕਾਮੀ ਥਾਵਾਂ ਵਾਲੇ ਹਨ, ਇਹ ਸਾਰੇ ਸੱਚੇ ਗੁਰੂ ਦੇ ਹੀ ਵਣਜਾਰੇ (ਗਾਹਕ, ਖਰੀਦਾਰ) ਹਨ। ੩. ਇਹ ਇਕੋ ਹੱਟੀ ਤੋਂ ਸੌਦਾ ਲੈ ਕੇ ਪ੍ਰਦੇਸ਼ਾਂ ਵਿਚ ਆਪੋ ਆਪਣਾ ਫੈਲਾਉ ਕਰਦੇ ਹਨ। ੪. ਸਤਿਗੁਰੂ ਪੂਰਾ ਸ਼ਾਹ ਹੈ, ਜਿਸ ਬੇਪਰਵਾਹ ਦੇ ਬੇਅੰਤ (ਨਾਮ ਦੇ) ਭੰਡਾਰੇ ਭਰੇ ਹੋਏ ਹਨ। ੫. ਸਾਰੇ ਸਤਿਗੁਰੂ ਤੋਂ ਦਾਤਾਂ ਲੈ ਕੇ ਮੁਕਰ ਜਾਂਦੇ ਹਨ, ਪਰ ਸਤਿਗੁਰੂ ਦਾਤਾਂ ਦੇਂਦਾ ਜਾਂਦਾ ਹੈ, ਉਹ ਹਾਰਦਾ ਨਹੀਂ। ੬. ਇਕ ਵਾਕ ਤੋਂ ਹੀ ਓਅੰਕਾਰ (ਪ੍ਰਭੂ) ਨੇ ਪਸਾਰਾ ਕਰਕੇ ਆਪਣਾ ਸਰੂਪ (ਸਤਿਗੁਰੂ) ਧਾਰਨ ਕੀਤਾ ਹੈ। ੭. ਮੈਂ ਉਸ ਪਾਰਬ੍ਰਹਮ ਸਰੂਪ ਸਤਿਗੁਰੂ ਤੋਂ ਕੁਰਬਾਨ ਜਾਂਦਾ ਹਾਂ॥ ੭॥

੮. ਸਤਿਗੁਰ ਬਾਝਹੁੰ ਮੁਕਤ ਨ ਕੋਈ

੧. ਪੀਰ ਪੈਕੰਬਰ ਔਲੀਏ ਗੌਸ ਕੁਤਬ ਉਲਮਾਉ ਘਨੇਰੇ।
੨. ਸੇਖ ਮਸਾਇਕ ਸਾਦਕਾ ਸੁਹਦੇ ਔਰ ਸਹੀਦ ਬਹੁਤੇਰੇ।
੩. ਕਾਜੀ ਮੁਲਾਂ ਮਉਲਵੀ ਮੁਫਤੀ ਦਾਨਸਵੰਦ ਬੰਦੇਰੇ।
੪. ਰਿਖੀ ਮੁਨੀ ਦਿਗੰਬਰਾਂ ਕਾਲਖ ਕਰਾਮਾਤ ਅਗਲੇਰੇ।
੫. ਸਾਧਿਕ ਸਿਧਿ ਅਗਣਤ ਹੈਨਿ ਆਪ ਜਣਾਇਨਿ ਵਡੇ ਵਡੇਰੇ।
੬. ਬਿਨੁ ਗੁਰ ਕੋਇ ਨ ਸਿਝਈ ਹਉਮੈਂ ਵਧਦੀ ਜਾਇ ਵਧੇਰੇ।
੭. ਸਾਧਸੰਗਤਿ ਬਿਨੁ ਹਉਮੈ ਹੇਰੇ॥ ੮॥

ਪਦ ਅਰਥ - ਸਾਦਕਾ=ਸਿਦਕੀ। ਸੁਹਦੇ=ਗਰੀਬ। ਦਾਨਸਵੰਦ=ਸਿਆਣੇ। ਬੰਦੇਰੇ=ਦਾਸ।

ਅਰਥ - ੧. ਬਹੁਤ ਸਾਰੇ ਪੀਰ, ਪੈਕੰਬਰ, ਔਲੀਏ, ਗੌਸ, ਕੁਤਬ ਤੇ ਆਲਮ (ਵਿਦਵਾਨ) ਹੋ ਗੁਜ਼ਰੇ ਹਨ। ੨. ਸ਼ੇਖ ਮਸਾਇਕ, ਸਿਦਕੀ, ਗਰੀਬ ਤੇ ਬੇਅੰਤ ਸ਼ਹੀਦ ਹੋਏ ਹਨ। ੩. ਕਾਜ਼ੀ, ਮੁੱਲਾਂ, ਮੌਲਵੀ, ਮੁਫਤੀ ਤੇ ਸਿਆਣੇ ਬੰਦੇ ਵੀ ਅਨੇਕਾਂ ਹੋਏ ਹਨ। ੪. ਬਹੁਤੇ ਰਿਖੀ, ਮੁਨੀ, ਨਾਂਗੇ ਕਰਾਮਾਤ ਦੀ ਕਾਲਖ ਵਿਚ ਲੱਗੇ ਹੋਏ ਹਨ। ੫. ਬੇਅੰਤ ਸਾਧਕ ਤੇ ਸਿੱਧ ਹਨ, ਜੋ ਆਪਣੇ ਆਪ ਨੂੰ ਵੱਡੇ ਤੋਂ ਵੱਡਾ ਜਣਾਉਂਦੇ ਹਨ। ੬. (ਪਰ) ਗੁਰੂ ਤੋਂ ਬਿਨਾਂ ਕੋਈ ਵੀ ਮੁਕਤ ਨਹੀਂ ਹੋ ਸਕਦਾ, (ਸਗੋਂ) ਹਉਮੈ ਬਹੁਤੀ ਵਧਦੀ ਜਾਂਦੀ ਹੈ। ੭. ਸਾਧ ਸੰਗਤ ਤੋਂ ਬਿਨਾਂ ਸਭ ਹਉਮੈ ਵਿਚ ਗ੍ਰਸੇ ਵੇਖੀਦੇ ਹਨ॥ ੮॥

ਭਾਵ—ਸਤਿਗੁਰੂ ਦੀ ਸੰਗਤ ਤੋਂ ਬਿਨਾਂ ਸਭ ਵੱਡੇ ਵਡੇਰੇ ਹਉਮੈ ਦੀ ਫਾਹੀ ਵਿਚ ਫਸੇ ਹੋਏ ਹਨ। ਸਤਿਗੁਰੂ ਦਾ ਉਪਦੇਸ਼ ਹੀ ਹਉਮੈ ਦੀ ਨਵਿਰਤੀ ਕਰਦਾ ਹੈ।

੯. ਸਭ ਦਾਤਾਂ ਪਰਮਾਤਮਾ ਬਖਸ਼ਦਾ ਹੈ

੧. ਕਿਸੈ ਰਿਧਿ ਸਿਧਿ ਕਿਸੈ ਦੇਇ ਕਿਸੈ ਨਿਧਿ ਕਰਾਮਾਤ ਸੁ ਕਿਸੈ।
੨. ਕਿਸੈ ਰਸਾਇਣ ਕਿਸੈ ਮਣਿ ਕਿਸੈ ਪਾਰਸ ਕਿਸੈ ਅੰਮ੍ਰਿਤ ਰਿਸੈ।
੩. ਤੰਤੁ ਮੰਤੁ ਪਾਖੰਡ ਕਿਸੈ ਵੀਰਾਰਾਧ ਦਿਸੰਤਰੁ ਦਿਸੈ।
੪. ਕਿਸੈ ਕਾਮਧੇਨੁ ਪਾਰਿਜਾਤ ਕਿਸੈ ਲਖਮੀ ਦੇਵੈ ਜਿਸੈ।
੫. ਨਾਟਕ ਚੇਟਕ ਆਸਣਾ ਨਿਵਲੀ ਕਰਮ ਭਰਮ ਭਉ ਮਿਸੈ।
੬. ਜੋਗੀ ਭੋਗੀ ਜੋਗੁ ਭੋਗੁ ਸਦਾ ਸੰਜੋਗੁ ਵਿਜੋਗੁ ਸਲਿਸੈ।
੭. ਓਅੰਕਾਰਿ ਅਕਾਰ ਸੁ ਤਿਸੈ ॥ ੯ ॥

ਪਦ ਅਰਥ - ਰਿਸੈ = ਮਿਲਿਆ। ਵੀਰਾਰਾਧ = ਮਸਾਣ ਜਗਾਣੇ। ਮਿਸੈ = ਮਿਲਿਆ। ਸਲਿਸੈ= ਵਿਸ਼ੇਸ਼ ਮਿਲੇ ਹੋਏ।

ਅਰਥ - ੧. (ਪਰਮਾਤਮਾ ਨੇ) ਕਿਸੇ ਨੂੰ ਰਿੱਧੀਆਂ, ਕਿਸੇ ਨੂੰ ਸਿੱਧੀਆਂ, ਕਿਸੇ ਨੂੰ ਨਿਧੀਆਂ ਤੇ ਕਿਸੇ ਨੂੰ ਕਰਾਮਾਤਾਂ ਦਿੱਤੀਆਂ ਹਨ। ੨. ਕਿਸੇ ਨੂੰ ਰਸਾਇਣ, ਕਿਸੇ ਨੂੰ ਮਣੀ, ਕਿਸੇ ਨੂੰ ਪਾਰਸ ਤੇ ਕਿਸੇ ਨੂੰ ਅੰਮ੍ਰਿਤ ਮਿਲਿਆ ਹੈ। ੩. ਕਿਸੇ ਨੂੰ ਤੰਤ੍ਰਾਂ ਮੰਤ੍ਰਾਂ ਦਾ ਪਾਖੰਡ, ਕਿਸੇ ਨੂੰ ਮਸਾਣ ਜਗਾਉਣ (ਮੁਰਦੇ ਦੀ ਰੂਹ ਸੇਵਨੀ) ਤੇ ਕਿਸੇ ਨੂੰ ਦੇਸਾਂ ਦੇਸ਼ਾਂਤਰਾਂ ਵਿਚ ਭਟਕਣਾ ਹੀ ਦਿੱਤਾ ਹੈ। ੪. ਕਿਸੇ ਨੂੰ ਕਾਮਧੇਨ ਗਊ, ਕਿਸੇ ਨੂੰ ਪਾਰਜਾਤ (ਕਲਪ ਬ੍ਰਿਛ) ਤੇ ਕਿਸੇ ਨੂੰ ਲਛੱਮੀ ਦਿੱਤੀ ਹੋਈ ਹੈ (ਤੇ ਉਹ ਰਾਜੇ ਬਣੇ ਹੋਏ ਹਨ)। ੫. ਕਈ ਨਾਟਕਾਂ, ਚੇਟਕਾਂ, ਆਸਣਾਂ, ਨਿਉਲੀ ਕਰਮ ਦੇ ਭਰਮਾਂ ਵਿਚ (ਮਿਸੈ) ਮਿਲੇ ਹੋਏ ਹਨ। ੬. ਕੋਈ ਜੋਗੀ ਜੋਗ ਤੋਂ ਵਿਛੜ ਕੇ ਭੋਗੀ ਬਣਿਆ ਹੋਇਆ ਹੈ ਤੇ ਕੋਈ ਭੋਗੀ ਭੋਗ ਤੋਂ ਵਿਛੜ ਕੇ ਜੋਗੀ ਬਣਿਆ ਫਿਰਦਾ ਹੈ, ਜੋਗੀ ਤੇ ਭੋਗੀ ਇਸ ਸੰਜੋਗ ਵਿਜੋਗ ਵਿਚ ਵਿਸ਼ੇਸ਼ ਤੌਰ 'ਤੇ ਮਿਲੇ ਹੋਏ ਹਨ। ੭. ਇਹ ਸਭ ਆਕਾਰ (ਪਾਸਾਰਾ) ਉਸ ਇਕੋ ਓਅੰਕਾਰ (ਪ੍ਰਭੂ) ਤੋਂ ਬਣਿਆ ਹੋਇਆ ਹੈ॥ ੯ ॥

ਭਾਵ—ਸਭ ਦਾਤਾਂ ਦਾ ਦਾਤਾ ਅਕਾਲ ਪੁਰਖ ਹੈ, ਭੁੱਲੜ ਜੀਵ ਉਸ ਦੀਆਂ ਬਖਸ਼ੀਆਂ ਦਾਤਾਂ ਵਿਚ ਫਸਿਆ ਪ੍ਰਭੂ ਤੋਂ ਬੇਮੁਖ ਹੋਇਆ ਫਿਰਦਾ ਹੈ।

੧੦. ਗੁਰੂ ਦੇ ਸ਼ਬਦ ਦੀ ਵਡਿਆਈ ਵੱਡੀ ਹੈ

੧. ਖਾਣੀ ਬਾਣੀ ਜੁਗਿ ਚਾਰਿ ਲਖ ਚਉਰਾਸੀਹ ਜੂਨਿ ਉਪਾਈ।
੨. ਉਤਮ ਜੂਨਿ ਵਖਾਣੀਐ ਮਾਣਸਿ ਜੂਨਿ ਦੁਲੰਭ ਦਿਖਾਈ।
੩. ਸਭਿ ਜੂਨੀ ਕਰਿ ਵਸਿ ਤਿਸੁ ਮਾਣਸਿ ਨੋ ਦਿਤੀ ਵਡਿਆਈ।

੪. ਬਹੁਤੇ ਮਾਣਸ ਜਗਤ ਵਿਚਿ ਪਰਾਧੀਨ ਕਿਛੁ ਸਮਝਿ ਨ ਪਾਈ।
੫. ਤਿਨ ਮੈ ਸੋ ਆਧੀਨ ਕੋ ਮੰਦੀ ਕੰਮੀਂ ਜਨਮੁ ਗਵਾਈ।
੬. ਸਾਧਸੰਗਤਿ ਦੇ ਵੁਠਿਆਂ ਲਖ ਚਉਰਾਸੀਹ ਫੇਰਿ ਮਿਟਾਈ।
੭. ਗੁਰੁ ਸਬਦੀ ਵਡੀ ਵਡਿਆਈ॥ ੧੦॥

ਪਦ ਅਰਥ - ਦੁਲੰਭ=ਦੁਰਲੱਭ। ਪਰਾਧੀਨ=ਗੁਲਾਮ।

ਅਰਥ - ੧. ਚਾਰ ਖਾਣੀਆਂ, ਚਾਰ ਬਾਣੀਆਂ, ਚਾਰ ਜੁਗ ਤੇ ਚੌਰਾਸੀ ਲੱਖ ਜੂਨ (ਅਕਾਲ ਪੁਰਖ ਨੇ) ਉਤਪੱਤ ਕੀਤੀ ਹੈ। ੨. ਮਨੁੱਖ ਦੀ ਜੂਨ ਸਭ ਤੋਂ ਉੱਤਮ ਤੇ ਦੁਰਲੱਭ ਦੱਸੀ ਜਾਂਦੀ ਹੈ। ੩. ਸਭ ਜੂਨੀਆਂ ਨੂੰ ਮਨੁੱਖ ਦੇ ਅਧੀਨ ਕਰਕੇ ਇਸ ਨੂੰ ਸਭ ਤੋਂ ਸ਼੍ਰੋਮਣੀ ਹੋਣ ਦੀ ਵਡਿਆਈ ਦਿੱਤੀ ਹੈ। ੪. ਬਹੁਤੇ ਮਨੁੱਖ ਇਸ ਸੰਸਾਰ ਵਿਚ ਇਕ ਦੂਜੇ ਦੇ ਗੁਲਾਮ ਹੋ ਕੇ ਰਹਿੰਦੇ ਹਨ, ਇਸ ਗੱਲ ਦੀ ਕੋਈ ਸਮਝ ਨਹੀਂ ਪੈਂਦੀ। ੫. ਮਨੁੱਖਾਂ ਵਿਚੋਂ ਬਹੁਤੇ ਲੋਕ ਪਰਾਧੀਨ ਉਹ ਗਿਣੇ ਜਾਂਦੇ ਹਨ, ਜਿਹੜੇ ਮੰਦੇ ਕੰਮਾਂ ਵਿਚ ਲੱਗ ਕੇ ਇਸ ਅਮੋਲਕ ਮਨੁੱਖ ਜਨਮ ਨੂੰ ਬੇਅਰਥ ਗੁਆ ਦੇਂਦੇ ਹਨ। ੬. ਸਾਧ ਸੰਗਤ ਦੇ (ਵੁਠਿਆਂ) ਵਰਖਾ ਕੀਤਿਆਂ (ਭਾਵ ਪ੍ਰਸੰਨ ਹੋਇਆਂ) ਚੁਰਾਸੀ ਲੱਖ ਜੂਨਾਂ ਦਾ ਫੇਰਾ ਨਾਸ ਹੋ ਜਾਂਦਾ ਹੈ। ੭. ਗੁਰੂ ਦੇ ਸ਼ਬਦ (ਉਪਦੇਸ਼) ਦੀ ਵਡਿਆਈ ਵੱਡੀ ਹੈ॥ ੧੦॥

ਭਾਵ—ਸਾਧ ਸੰਗਤ ਦੀ ਕਿਰਪਾ ਨਾਲ ਚੌਰਾਸੀ ਲੱਖ ਜੂਨਾਂ ਦਾ ਚੱਕਰ (ਆਵਾਗਵਨ) ਮਿਟ ਜਾਂਦਾ ਹੈ।

੧੧. ਗੁਰਸਿੱਖ ਦੀ ਨਿੱਤ-ਕਿਰਿਆ

੧. ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ।
੨. ਗੁਰ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ।
੩. ਸਾਧਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੇ ਪ੍ਰੀਤਿ ਸੁਣੰਦਾ।
੪. ਸੰਕਾ ਮਨਹੁ ਮਿਟਾਇ ਕੈ ਗੁਰੁ ਸਿਖਾਂ ਦੀ ਸੇਵ ਕਰੰਦਾ।
੫. ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ।
੬. ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪੁ ਖਵੰਦਾ।
੭. ਕਲੀ ਕਾਲ ਪਰਗਾਸ ਕਰਿ ਗੁਰੁ ਚੇਲਾ ਚੇਲਾ ਗੁਰੁ ਸੰਦਾ।
੮. ਗੁਰਮੁਖ ਗਾਡੀ ਰਾਹੁ ਚਲੰਦਾ॥ ੧੧॥

ਇਸ ਪਉੜੀ ਵਿਚ ਗੁਰਸਿੱਖਾਂ ਦੀ ਨਿਤ ਕਿਰਿਆ ਦਾ ਵਰਣਨ ਕੀਤਾ ਗਿਆ ਹੈ :—

ਪਦ ਅਰਥ - ਭਲਕੇ=ਹਰ ਰੋਜ਼। ਸਰੁ=ਤਾਲਾਬ, ਖੂਹ, ਬਉਲੀ ਆਦਿ। ਸੁਰਤਿ=ਪ੍ਰੀਤ। ਪਰਸਾਦ=ਕੜਾਹ ਪ੍ਰਸ਼ਾਦ।

ਅਰਥ - ੧. ਗੁਰੂ ਦਾ ਸਿੱਖ ਹਰ ਰੋਜ਼ ਸਵੇਰੇ ਉੱਠ ਕੇ ਅੰਮ੍ਰਿਤ ਵੇਲੇ ਤਾਲਾਬ, ਖੂਹ ਜਾਂ ਬਉਲੀ ਆਦਿ 'ਤੇ ਇਸ਼ਨਾਨ ਕਰਦਾ ਹੈ। ੨. ਫਿਰ ਉਹ ਗੁਰੂ ਦੇ ਬਚਨ (ਗੁਰਬਾਣੀ) ਪੜ੍ਹਕੇ ਧਰਮਸਾਲ ਜਾਣ ਦੀ ਸੁਰਤ (ਸੰਭਾਲ) ਕਰਦਾ ਹੈ। ੩. ਸਾਧ ਸੰਗਤ ਵਿਚ ਜਾ ਕੇ ਉਹ ਗੁਰਬਾਣੀ ਦਾ ਕੀਰਤਨ ਬੜੇ ਪ੍ਰੇਮ ਨਾਲ ਸੁਣਦਾ ਹੈ। ੪. ਮਨ ਦੇ ਸਾਰੇ ਸੰਸੇ ਨਵਿਰਤ ਕਰਕੇ ਉਹ ਗੁਰਸਿੱਖਾਂ ਦੀ ਸੇਵਾ ਕਰਦਾ ਹੈ। ੫. ਧਰਮ ਦੀ ਕਮਾਈ (ਦਸਾਂ ਨੌਹਾਂ ਦੀ ਕਿਰਤ) ਕਰਕੇ ਉਹ ਆਪਣੀ ਉਪਜੀਵਕਾ ਤੋਰਦਾ ਹੈ ਤੇ ਉਸ ਕਾਮਈ ਵਿਚੋਂ ਕੜਾਹ ਪ੍ਰਸ਼ਾਦ ਲਿਆ ਕੇ ਸਾਧ ਸੰਗਤ ਵਿਚ ਵਰਤਾਉਂਦਾ ਹੈ। ੬. ਪਹਿਲਾਂ ਉਹ ਕੜਾਹ ਪ੍ਰਸ਼ਾਦ ਗੁਰਸਿੱਖਾਂ ਨੂੰ ਦਿੰਦਾ ਹੈ ਤੇ ਪਿੱਛੋਂ ਜੋ ਬਚ ਰਹੇ ਉਹ ਆਪ ਖਾਂਦਾ ਹੈ। ੭. ਕਲਿਜੁਗ ਵਿਚ ਇਸ ਤਰ੍ਹਾਂ ਦੀ ਕਿਰਿਆ ਕਰਦਾ ਹੋਇਆ ਗੁਰੂ ਚੇਲਾ ਤੇ ਚੇਲਾ ਗੁਰੂ ਰੂਪ ਹੋ ਜਾਂਦਾ ਹੈ। ੮. ਗੁਰਮੁਖ ਗੁਰੂ ਜੀ ਦੇ ਚਲਾਏ ਹੋਏ ਗਾਡੀ ਰਾਹੁ 'ਤੇ ਚਲਦਾ ਹੈ॥ ੧੧॥

ਇਸ ਪਉੜੀ ਵਿਚ ਭਾਈ ਸਾਹਿਬ ਜੀ ਨੇ ਸ਼੍ਰੀ ਗੁਰੂ ਰਾਮਦਾਸ ਜੀ ਦੇ ਗਉੜੀ ਰਾਗ ਵਿਚ ਉਚਾਰਨ ਕੀਤੇ ਇਸ ਸ਼ਬਦ ਦਾ ਭਾਵ ਪ੍ਰਗਟ ਕੀਤਾ ਹੈ :—

"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ॥ ......"

੧੨. ਗੁਰੂ ਦਾ ਆਗਿਆਕਾਰੀ ਸਿੱਖ ਹੀ ਗੁਰੂ ਨਾਲ ਮਿਲਦਾ ਹੈ

੧. ਓਅੰਕਾਰ ਅਕਾਰੁ ਜਿਸੁ ਸਤਿਗੁਰੁ ਪੁਰਖੁ ਸਿਰੰਦਾ ਸੋਈ।
੨. ਇਕੁ ਕਵਾਉ ਪਸਾਉ ਜਿਸ ਸਬਦ ਸੁਰਤਿ ਸਤਿਸੰਗ ਵਿਲੋਈ।
੩. ਬ੍ਰਹਮਾ ਬਿਸਨੁ ਮਹੇਸੁ ਮਿਲਿ ਦਸ ਅਵਤਾਰ ਵੀਚਾਰ ਨ ਹੋਈ।
੪. ਭੇਦ ਨ ਬੇਦ ਕਤੇਬ ਨੋ ਹਿੰਦੂ ਮੁਸਲਮਾਣ ਜਣੋਈ।
੫. ਉਤਮ ਜਨਮੁ ਸਕਾਰਥਾ ਚਰਣਿ ਸਰਣਿ ਸਤਿਗੁਰੁ ਵਿਰਲੋਈ।
੬. ਗੁਰੁ ਸਿਖ ਸੁਣਿ ਗੁਰੁ ਸਿਖ ਹੋਇ ਮੁਰਦਾ ਹੋਇ ਮੁਰੀਦ ਸੁ ਕੋਈ।
੭. ਸਤਿਗੁਰੁ ਗੋਰਿਸਤਾਨ ਸਮੋਈ॥ ੧੨॥

ਪਦ ਅਰਥ - ਸਿਰੰਦਾ=ਸਿਰਜਨਹਾਰ। ਕਵਾਉ=ਵਾਕ। ਗੋਰਿਸਤਾਨ ਸਮੋਈ=ਗੁਰੂ ਰੂਪ ਕਬਰ ਵਿਚ ਸਮਾਵੇ।

ਅਰਥ - ੧. ਓਅੰਕਾਰ ਹੀ ਜਿਸ ਦਾ ਆਕਾਰ ਹੈ, ਉਹੋ ਸਿਰਜਨਹਾਰ ਸਤਿਗੁਰੂ ਪੁਰਖ ਹੈ। ੨. ਜਿਸ ਨੇ ਇਕੋ ਵਾਕ ਤੋਂ ਹੀ ਇਹ ਸਾਰਾ ਪਸਾਰਾ ਪਸਾਰਿਆ ਹੈ, ਉਸ ਨੇ ਹੀ ਸਤਿਸੰਗ ਵਿਚ ਸ਼ਬਦ ਸੁਰਤ ਨੂੰ ਰਿੜਕਿਆ ਹੈ। ੩. ਬ੍ਰਹਮਾ, ਵਿਸ਼ਨੂੰ, ਸ਼ਿਵਜੀ ਤੇ ਦਸਾਂ ਅਵਤਾਰਾਂ ਦੇ ਮੇਲ ਵਿਚ ਵੀ ਉਸ ਦੀ

ਵਿਚਾਰ ਨਹੀਂ ਹੋ ਸਕੀ। ੪. ਵੇਦ, ਕਤੇਬ ਵੀ ਉਸ ਦੇ ਭੇਦ ਨੂੰ ਨਹੀਂ ਜਾਣ ਸਕੇ ਤੇ ਹਿੰਦੂ ਮੁਸਲਮਾਨ ਵੀ ਉਸ ਦਾ ਅੰਤ ਨਹੀਂ ਪਾ ਸਕੇ। ੫. ਉਸ ਵਿਰਲੇ ਮਨੁੱਖ ਦਾ ਇਹ ਉੱਤਮ ਜਨਮ ਸਫਲ ਹੋਇਆ ਹੈ, ਜਿਹੜਾ ਸਤਿਗੁਰੂ ਦੀ ਚਰਣ ਸ਼ਰਣ ਵਿਚ ਗਿਆ ਹੈ। ੬. ਸਤਿਗੁਰੂ ਦੀ ਸਿੱਖਿਆ ਸੁਣ ਕੇ ਜਿਹੜਾ ਸਿੱਖ ਹੋ ਕੇ ਮੁਰਦੇ ਵਾਂਗੂੰ ਮੁਰੀਦ ਹੋਵੇ, ਐਸਾ ਕੋਈ ਵਿਰਲਾ ਹੈ। ੭. ਉਹ ਸਿੱਖ ਗੁਰੂ ਰੂਪੀ ਕਬਰ ਵਿਚ ਸਮਾਉਂਦਾ ਹੈ (ਭਾਵ ਗੁਰੂ ਨਾਲ ਅਭੇਦ ਹੋ ਜਾਂਦਾ ਹੈ)॥ ੧੨॥

ਭਾਵ—ਅਕਾਲ ਪੁਰਖ ਦਾ ਸਰੂਪ ਸਤਿਗੁਰੂ ਹੈ। ਜਿਹੜਾ ਸਿੱਖ ਸਤਿਗੁਰੂ ਦੀ ਆਗਿਆ ਵਿਚ ਚਲਦਾ ਹੈ, ਉਹ ਸਿੱਖ ਗੁਰੂ ਦਾ ਰੂਪ ਹੋ ਜਾਂਦਾ ਹੈ।

੧੩. ਗੁਰਸਿੱਖ ਹੀ ਸਭ ਤੋਂ ਸ੍ਰੇਸ਼ਟ ਤੇ ਵੱਡੇ ਹਨ

੧. ਜਪ ਤਪ ਹਠਿ ਨਿਗ੍ਰਹ ਘਣੇ ਚਉਦਹ ਵਿਦਿਆ ਵੇਦ ਵਖਾਣੇ।
੨. ਸੇਖ ਨਾਗ ਸਨਕਾਦਿਕਾ ਲੋਮਸ ਅੰਤੁ ਅਨੰਤ ਨ ਜਾਣੇ।
੩. ਜਤੀ ਸਤੀ ਸੰਤੋਖੀਆਂ ਸਿਧ ਨਾਥ ਹੋਇ ਨਾਥ ਭੁਲਾਣੇ।
੪. ਪੀਰ ਪੈਕੰਬਰ ਅਉਲੀਏ ਬੁਜ਼ਰਕਵਾਰ ਹਜ਼ਾਰ ਹੈਰਾਣੇ।
੫. ਜੋਗ ਭੋਗ ਲਖ ਰੋਗ ਸੋਗ ਲਖ ਸੰਜੋਗ ਵਿਜੋਗ ਵਿਡਾਣੇ।
੬. ਦਸ ਨਾਉਂ ਸੰਨਿਆਸੀਆਂ ਭੰਭਲ ਭੂਸੇ ਖਾਇ ਭੁਲਾਣੇ।
੭. ਗੁਰੁ ਸਿਖ ਜੋਗੀ ਜਾਗਦੇ ਹੋਰ ਸਭੇ ਬਨਵਾਸੁ ਲੁਕਾਣੇ।
੮. ਸਾਧਸੰਗਤਿ ਮਿਲਿ ਨਾਮੁ ਵਖਾਣੇ॥ ੧੩॥

ਪਦ ਅਰਥ - ਭੁਲਾਣੇ=ਭੁੱਲ ਰਹੇ। ਬੁਜ਼ਰਕਵਾਰ=ਬਜ਼ੁਰਗੀ ਵਾਲੇ।

ਅਰਥ - ੧. ਕਈ ਜਪ, ਤਪ ਤੇ ਹਠ ਧਾਰ ਕੇ ਇੰਦਰੇ ਰੋਕਦੇ ਹਨ ਤੇ ਕਈ ਚੌਦਾਂ ਵਿਦਿਆ ਸਿੱਖਦੇ ਤੇ ਵੇਦਾਂ ਦਾ ਵਖਿਆਣ ਕਰਦੇ ਹਨ। ੨. ਸ਼ੇਸ਼ਨਾਗ, ਸਨਕ ਸਨੰਦਨ ਆਦਿ ਤੇ ਲੋਮਸ ਰਿਖੀ ਵਰਗੇ ਉਸ ਅਨੰਤ ਦੇ ਅੰਤ ਨੂੰ ਨਹੀਂ ਜਾਣਦੇ। ੩. ਜਤੀ, ਸਤੀ, ਸੰਤੋਖੀ, ਸਿੱਧ ਤੇ ਨਾਥ ਆਦਿ ਆਪਣੇ ਆਪ ਨੂੰ ਨਾਥ (ਸੁਆਮੀ) ਮੰਨ ਕੇ ਭਰਮ ਵਿਚ ਭੁੱਲੇ ਫਿਰਦੇ ਹਨ। ੪. ਪੀਰ, ਪੈਗੰਬਰ, ਔਲੀਏ ਤੇ ਹਜ਼ਾਰਾਂ ਬਜ਼ੁਰਗੀ ਵਾਲੇ ਹੈਰਾਨ ਹੋਏ ਫਿਰਦੇ ਹਨ। ੫. ਲੱਖਾਂ ਜੋਗ ਭੋਗ ਵਿਚ, ਲੱਖਾਂ ਰੋਗ ਸੋਗ ਵਿਚ ਤੇ ਲੱਖਾਂ ਸੰਜੋਗ ਵਿਜੋਗ ਵਿਚ ਹੱਕੇ ਬੱਕੇ ਹੋ ਰਹੇ ਹਨ। ੬. ਸੰਨਿਆਸੀਆਂ ਦੇ ਦਸ ਪੰਥ ਡੱਕੋ ਡੋਲੇ ਖਾਂਦੇ ਭੁੱਲੇ ਫਿਰਦੇ ਹਨ। ੭. ਗੁਰੂ ਦੇ ਸਿੱਖ ਜੋਗੀ ਹੋ ਕੇ ਸਾਵਧਾਨ ਰਹਿੰਦੇ ਹਨ। ਹੋਰ ਸਾਰੇ ਜੰਗਲਾਂ ਬਨਾਂ ਵਿਚ ਲੁਕੇ ਰਹਿੰਦੇ ਹਨ। ੮. (ਕਿਉਂਕਿ) ਗੁਰਸਿੱਖ ਸਾਧ ਸੰਗਤ ਵਿਚ ਮਿਲ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਦੇ ਹਨ (ਇਸ ਲਈ ਉਹ ਸਭ ਤੋਂ ਉੱਚੇ ਤੇ ਸ੍ਰੇਸ਼ਟ ਹਨ)॥ ੧੩॥

ਭਾਵ—ਸਭ ਮਤ ਮਤਾਂਤ੍ਰਾਂ ਵਾਲੇ ਪ੍ਰਭੂ ਦੇ ਨਾਮ ਨੂੰ ਭੁਲਾ ਕੇ ਹਉਮੈ ਵਿਚ ਭਟਕ ਰਹੇ ਹਨ। ਕੇਵਲ ਗੁਰੂ ਕੇ ਸਿੱਖ ਸ਼ਬਦ ਦੀ ਕਮਾਈ ਕਰਕੇ ਮੁਕਤ ਹੋ ਜਾਂਦੇ ਹਨ।

੧੪. ਗੁਰ-ਸਿੱਖਿਆ ਦੇ ਪ੍ਰਕਾਸ਼ ਦੀ ਵਡਿਆਈ

੧. ਚੰਦ ਸੂਰਜ ਲਖ ਚਾਨਣੇ ਤਿਲ ਨ ਪੁਜਨਿ ਸਤਿਗੁਰੁ ਮਤੀ।
੨. ਲਖ ਪਾਤਾਲ ਅਕਾਸ ਲਖ ਉਚੀ ਨੀਵੀਂ ਕਿਰਣਿ ਨ ਰਤੀ।
੩. ਲਖ ਪਾਣੀ ਲਖ ਪਉਣ ਮਿਲਿ ਰੰਗ ਬਿਰੰਗ ਤਰੰਗਨ ਵਤੀ।
੪. ਆਦਿ ਨ ਅੰਤੁ ਨ ਮਧ ਪਲੁ ਲਖ ਪਰਲਉ ਲਖ ਲਖ ਉਤਪਤੀ।
੫. ਧੀਰਜ ਧਰਮ ਨ ਪੁਜਨੀ ਲਖ ਲਖ ਪਰਬਤ ਲਖ ਧਰਤੀ।
੬. ਲਖ ਗਿਆਨ ਧਿਆਨ ਲਖ ਤੁਲਿ ਨ ਤੁਲੀਐ ਤਿਲ ਗੁਰਮਤੀ।
੭. ਸਿਮਰਣ ਕਿਰਣਿ ਘਣੀ ਘੋਲ ਘਤੀ ॥ ੧੪ ॥

ਪਦ ਅਰਥ - ਸਤਿਗੁਰੁ ਮਤੀ=ਸਤਿਗੁਰੂ ਦੀ ਸਿੱਖਿਆ। ਤਰੰਗਨ ਵਤੀ=ਤਰੰਗਾਂ ਵਾਲੇ।

ਅਰਥ - ੧. ਲੱਖਾਂ ਚੰਦ੍ਰਮਾਂ ਤੇ ਸੂਰਜਾਂ ਦਾ ਚਾਨਣਾ ਸਤਿਗੁਰੂ ਦੀ ਸਿੱਖਿਆ ਦੇ ਪ੍ਰਕਾਸ਼ ਦੇ ਮੁਕਾਬਲੇ ਇਕ ਤਿਲ ਜਿੰਨਾ ਵੀ ਨਹੀਂ ਪੁੱਜਦਾ। ੨. ਲੱਖਾਂ ਪਾਤਾਲਾਂ ਤੇ ਲੱਖਾਂ ਆਕਾਸ਼ਾਂ ਵਿਚ (ਸਤਿਗੁਰੂ ਦੀ ਕਿਰਪਾ ਦ੍ਰਿਸ਼ਟੀ ਦੀ) ਕਿਰਣ ਰੱਤੀ ਭਰ ਵੀ ਉੱਚੀ ਨੀਵੀਂ ਨਹੀਂ ਪੈਂਦੀ। ੩. ਲੱਖਾਂ ਪਾਣੀ (ਦਰਿਆ) ਲੱਖ ਪੌਣਾਂ ਨਾਲ ਮਿਲ ਕੇ ਰੰਗ ਬਰੰਗੇ ਤਰੰਗਾਂ ਵਾਲੇ ਹੋ ਜਾਂਦੇ ਹਨ, (ਪਰ ਉਹ ਗੁਰ-ਸਿੱਖਿਆ ਦੇ ਤਰੰਗਾਂ ਦੀ ਬਰਾਬਰੀ ਫਿਰ ਵੀ ਨਹੀਂ ਕਰ ਸਕਦੇ)। ੪. ਆਦਿ ਵਿਚ ਉਤਪੱਤੀ, ਅੰਤ ਵਿਚ ਪਰਲੋ ਤੇ ਮੱਧ ਕਾਲ ਵਿਚ ਜੋ ਲੱਖਾਂ ਉਤਪੱਤੀਆਂ ਹੋ ਰਹੀਆਂ ਹਨ, ਇਹ ਸਭ ਸਤਿਗੁਰੂ ਜੀ ਦੀ ਸਿੱਖਿਆ ਅੱਗੇ ਤੁੱਛ ਹਨ। ੫. ਲੱਖਾਂ ਪਰਬਤਾਂ ਦਾ ਧੀਰਜ ਤੇ ਲੱਖਾਂ ਧਰਤੀਆਂ ਦਾ ਧਰਮ ਸਤਿਗੁਰਾਂ ਦੇ ਧੀਰਜ ਤੇ ਧਰਮ ਦੇ ਬਰਾਬਰ ਨਹੀਂ ਪੁੱਜਦਾ। ੬. ਲੱਖਾਂ ਗਿਆਨ ਤੇ ਲੱਖਾਂ ਧਿਆਨ ਗੁਰੂ ਦੀ ਸਿੱਖਿਆ ਦੇ ਇਕ ਤਿਲ ਸਮਾਨ ਨਹੀਂ ਹੁੰਦੇ। ੭. (ਇਸ ਲਈ) ਮੈਂ ਗੁਰੂ ਦੀ ਸਿੱਖਿਆ ਦੀ ਇਕ ਕਿਰਣ ਤੋਂ ਅਨੇਕਾਂ ਵਾਰੀ ਵਾਰਨੇ ਜਾਂਦਾ ਹਾਂ ॥ ੧੪ ॥

ਭਾਵ—ਚੰਦ੍ਰਮਾਂ ਤੇ ਸੂਰਜ ਬਾਹਰਲਾ ਅੰਧਕਾਰ ਨਾਸ ਕਰਦੇ ਹਨ, ਪਰ ਸਤਿਗੁਰੂ ਦੀ ਸਿੱਖਿਆ ਦਾ ਪ੍ਰਕਾਸ਼ ਅੰਦਰਲਾ ਅਨ੍ਹੇਰਾ (ਅਗਿਆਨ) ਨਾਸ ਕਰਦਾ ਹੈ।

੧੫. ਤੇਰਾ ਜਨ ਏਕੁ ਆਧ ਕੋਈ

੧. ਲਖ ਦਰੀਆਉ ਕਵਾਉ ਵਿਚਿ ਲਖ ਲਖ ਲਹਰਿ ਤਰੰਗ ਉਠੰਦੇ।
੨. ਇਕਸ ਲਹਰਿ ਤਰੰਗ ਵਿਚਿ ਲਖ ਲਖ ਦਰੀਆਉ ਵਹੰਦੇ।
੩. ਇਕਸ ਇਕਸ ਦਰੀਆਉ ਵਿਚਿ ਲਖ ਅਵਤਾਰ ਅਕਾਰ ਫਿਰੰਦੇ।
੪. ਮਛ ਕਛ ਮਰਜੀਵੜੇ ਅਗਮ ਅਥਾਹ ਨ ਥਾਹ ਲਹੰਦੇ।

੫. ਪਰਵਦਗਾਰ ਅਪਾਰੁ ਹੈ ਪਾਰਾਵਾਰ ਨ ਲਹਰਿ ਤਰੰਦੇ।
੬. ਅਜਰਾਵਰੁ ਸਤਿਗੁਰੁ ਪੁਰਖੁ ਗੁਰਮਤਿ ਗੁਰੁ ਸਿਖ ਅਜਰੁ ਜਰੰਦੇ।
੭. ਕਰਨਿ ਬੰਦਗੀ ਵਿਰਲੇ ਬੰਦੇ॥ ੧੫॥

ਪਦ ਅਰਥ - ਦਰੀਆਉ=ਸ਼ਕਤੀਆਂ। ਦਰੀਆਉ=ਬ੍ਰਹਿਮੰਡ। ਮਰਜੀਵੜੇ=ਅਵਤਾਰ।

ਅਰਥ - ੧. ਅਕਾਲ ਪੁਰਖ ਦੇ ਇਕ ਵਾਕ (ਫੁਰਨੇ) ਵਿਚ ਲੱਖਾਂ ਸ਼ਕਤੀਆਂ ਹਨ, ਜਿਨ੍ਹਾਂ ਤੋਂ ਲੱਖਾਂ ਲਹਿਰਾਂ ਤੇ ਤਰੰਗ ਉੱਠਦੇ ਹਨ। ੨. ਇਕ ਮਾਇਆ ਰੂਪੀ ਲਹਿਰ ਦੇ ਤਰੰਗ ਵਿਚੋਂ ਲੱਖਾਂ ਦਰਿਆ (ਬ੍ਰਹਿਮੰਡ) ਵਗਦੇ ਹਨ। ੩. ਇਕ ਇਕ ਬ੍ਰਹਿਮੰਡ ਵਿਚ ਲੱਖਾਂ ਅਵਤਾਰ ਸਰੀਰ ਧਾਰ ਕੇ ਫਿਰਦੇ ਹਨ। ੪. ਮੱਛ ਕੱਛ ਆਦਿ. ਅਵਤਾਰ ਅਗੰਮ ਤੇ ਅਥਾਹ (ਪਰਮਾਤਮਾ) ਦਾ ਅੰਤ ਨਹੀਂ ਲੈ ਸਕਦੇ। ੫. ਸਭ ਦੀ ਪਾਲਣਾ ਕਰਨ ਵਾਲਾ ਪ੍ਰਭੂ ਅਪਾਰ ਹੈ, ਉਸ ਦੀ ਲਹਿਰ (ਮਾਇਆ) ਦਾ ਪਾਰਾਵਾਰ ਵੀ ਕੋਈ ਨਹੀਂ ਪਾ ਸਕਦਾ। ੬. ਸਤਿਗੁਰੂ (ਨਾਨਕ ਦੇਵ ਜੀ) ਅਜਰ ਤੇ ਅਮਰ ਹਨ, ਗੁਰਸਿੱਖ ਸਤਿਗੁਰੂ ਦੀ ਸਿੱਖਿਆ ਲੈ ਕੇ ਅਜਰ ਵਸਤੂ ਨਾਮ ਨੂੰ ਜਰਦੇ ਹਨ (ਭਾਵ ਨਾਮ ਦੀ ਦਾਤ ਪ੍ਰਾਪਤ ਕਰਕੇ ਕਿਸੇ ਨੂੰ ਜਣਾਉਂਦੇ ਨਹੀਂ)। ੭. ਇਹੋ ਜਿਹੀ ਬੰਦਗੀ (ਭਗਤੀ) ਕਰਨ ਵਾਲੇ ਵਿਰਲੇ ਬੰਦੇ ਹਨ॥ ੧੫॥

ਭਾਵ—ਅਕਾਲ ਪੁਰਖ ਦੀ ਰਚਨਾ ਬੇਅੰਤ ਹੈ, ਉਸ ਦਾ ਅੰਤ ਕੋਈ ਨਹੀਂ ਪਾ ਸਕਦਾ।

੧੬. ਆਦਿ ਪੁਰਖ (ਪ੍ਰਭੂ) ਨੂੰ ਨਮਸਕਾਰ ਹੈ

੧. ਇਕ ਕਵਾਉ ਅਮਾਉ ਜਿਸੁ ਕੇਵਡੁ ਵਡੇ ਦੀ ਵਡਿਆਈ।
੨. ਓਅੰਕਾਰ ਅਕਾਰ ਜਿਸੁ ਤਿਸੁ ਦਾ ਅੰਤੁ ਨ ਕੋਊ ਪਾਈ।
੩. ਅਧਾ ਸਾਹੁ ਅਥਾਹੁ ਜਿਸੁ ਵਡੀ ਆਰਜਾ ਗਣਤ ਨ ਆਈ।
੪. ਕੁਦਰਤਿ ਕੀਮ ਨ ਜਾਣੀਐ ਕਾਦਰੁ ਅਲਖੁ ਨ ਲਖਿਆ ਜਾਈ।
੫. ਦਾਤਿ ਨ ਕੀਮ ਨ ਰਾਤਿ ਦਿਹੁ ਬੇਸੁਮਾਰੁ ਦਾਤਾਰੁ ਖੁਦਾਈ।
੬. ਅਬਿਗਤਿ ਗਤਿ ਅਨਾਥ ਨਾਥ ਅਕਥ ਕਥਾ ਨੇਤਿ ਨੇਤਿ ਅਲਾਈ।
੭. ਆਦਿ ਪੁਰਖੁ ਆਦੇਸੁ ਕਰਾਈ॥ ੧੬॥

ਪਦ ਅਰਥ - ਕਵਾਉ=ਵਾਕ। ਅਮਾਉ=ਮਿਣਤੀ ਤੋਂ ਬਾਹਰ। ਖੁਦਾਈ=ਪਾਤਸ਼ਾਹੀ। ਆਦੇਸੁ=ਨਮਸਕਾਰ।

ਅਰਥ - ੧. ਜਿਸ ਦਾ ਇਕ ਵਾਕ ਹੀ ਮਿਣਤੀ ਤੋਂ ਬਾਹਰ ਹੈ, ਉਸ ਵੱਡੇ ਦੀ ਵਡਿਆਈ ਕਿੰਨੀ ਕੁ ਵੱਡੀ ਆਖੀਏ ? ੨. ਜਿਸ ਦਾ ਰੂਪ ਓਅੰਕਾਰ ਹੈ, ਉਸ ਦਾ ਅੰਤ ਕੋਈ ਨਹੀਂ ਪਾ ਸਕਦਾ। ੩. ਜਿਸ ਦਾ ਅੱਧਾ ਸਾਹ (ਸੁਆਸ) ਹੀ ਅਥਾਹ ਹੈ, ਉਸ ਦੀ ਵੱਡੀ ਉਮਰ ਦੀ ਗਿਣਤੀ ਨਹੀਂ ਆ ਸਕਦੀ।

੪. ਉਸ ਦੀ ਕੁਦਰਤ (ਮਾਇਆ) ਦੀ ਕੀਮਤ ਨਹੀਂ ਜਾਣੀ ਜਾਂਦੀ, ਉਹ ਕਾਦਰ (ਕਰਤਾਰ) ਅਲਖ ਹੈ, ਲਖਿਆ ਨਹੀਂ ਜਾਂਦਾ। ੫. ਉਸ ਦੀਆਂ ਬਖਸ਼ੀਆਂ ਦਾਤਾਂ ਦੀ ਕੀਮਤ ਨਹੀਂ ਪੈ ਸਕਦੀ, ਰਾਤ ਤੇ ਦਿਨ ਦਾ ਵੀ ਅੰਤ ਨਹੀਂ ਆਉਂਦਾ, ਉਸ ਦਾਤਾਰ ਦੀ ਪਾਤਸ਼ਾਹੀ ਬੇਸ਼ੁਮਾਰ ਹੈ। ੬. ਉਸ ਪ੍ਰਭੂ ਦੀ ਗਤੀ ਨਾਸ ਤੋਂ ਰਹਿਤ ਹੈ, ਉਹ ਅਨਾਥਾਂ ਦਾ ਨਾਥ ਹੈ, ਸਭ ਉਸ ਦੀ ਅਕਥ ਕਥਾ ਨੂੰ ਨੇਤਿ ਨੇਤਿ (ਬੇਅੰਤ ਬੇਅੰਤ) ਆਖਦੇ ਹਨ। ੭. ਮੈਂ ਉਸ ਆਦਿ ਪੁਰਖ (ਅਕਾਲ ਪੁਰਖ) ਨੂੰ ਨਮਸਕਾਰ ਕਰਦਾ ਹਾਂ॥ ੧੬॥

੧੭. ਪੂਰਨ ਸੁਖ ਸਤਿਗੁਰੂ ਦੀ ਸ਼ਰਣ ਵਿਚ ਹੈ

੧. ਸਿਰੁ ਕਲਵਤੁ ਲੈ ਲਖ ਵਾਰ ਹੋਮੇ ਕਟਿ ਕਟਿ ਤਿਲੁ ਤਿਲੁ ਦੇਹੀ।
੨. ਗਲੈ ਹਿਮਾਚਲ ਲਖ ਵਾਰਿ ਕਰੈ ਉਰਧ ਤਪ ਜੁਗਤਿ ਸਨੇਹੀ।
੩. ਜਲ ਤਪੁ ਸਾਧੇ ਅਗਨਿ ਤਪੁ ਅਰਧ ਤਾਪੁ ਕਰਿ ਹੋਇ ਵਿਦੇਹੀ।
੪. ਵਰਤ ਨੇਮ ਸੰਜਮ ਘਣੇ ਦੇਵੀ ਦੇਵ ਅਸਥਾਨ ਭਵੇਹੀ।
੫. ਪੁੰਨ ਦਾਨ ਚੰਗਿਆਈਆਂ ਸਿਧਾਸਣ ਸਿੰਘਾਸਣ ਥੇ ਏਹੀ।
੬. ਨਿਵਲੀ ਕਰਮ ਭੁਇਅੰਗਮਾ ਪੂਰਕ ਕੁੰਭਕ ਰੇਚ ਕਰੇਹੀ।
੭. ਗੁਰਮੁਖਿ ਸੁਖ ਫਲ ਸਰਨਿ ਸਭੇਹੀ॥ ੧੭॥

ਪਦ ਅਰਥ - ਕਲਵਤੁ=ਕਲਵਤ੍ਰ ਆਰਾ। ਹਿਮਾਚਲ=ਹਿਮਾਲੀਆ।

ਅਰਥ - ੧. (ਕਾਂਸ਼ੀ ਵਿਚ ਜਾਕੇ) ਭਾਵੇਂ ਲੱਖਾਂ ਵਾਰੀ ਸਿਰ 'ਤੇ ਕਲਵਤ੍ਰ ਲਵੇ ਤੇ ਦੇਹੀ ਨੂੰ ਤਿਲ ਤਿਲ ਜਿੰਨੀ ਕੱਟ ਕੇ ਹਵਨ ਕਰੇ। ੨. ਹਿਮਾਲੀਆ ਪਹਾੜ ਦੀਆਂ ਬਰਫਾਂ ਵਿਚ ਲੱਖ ਵਾਰੀ ਜਾ ਕੇ ਗਲੇ, ਬਾਹਾਂ ਉੱਚੀਆਂ ਕਰਕੇ ਉਰਧ ਤਪ ਕਰਨ ਦੀ ਜੁਗਤੀ ਵਿਚ ਪ੍ਰੇਮ ਰੱਖੇ। ੩. (ਸਰਦੀਆਂ ਵਿਚ) ਜਲਧਾਰਾ ਲਵੇ, ਗਰਮੀਆਂ ਵਿਚ (ਪੰਜ ਧੂਣੀਆਂ ਦੀ) ਅਗਨ ਤਪੇ ਤੇ ਜਨਕ ਵਾਂਗੂੰ ਵਿਦੇਹੀ ਹੋ ਕੇ ਅਰਧ ਤਪ ਕਰੇ। ੪. ਬਹੁਤੇ ਵਰਤ ਨੇਮ ਤੇ ਸੰਜਮ ਆਦਿ ਕਰੇ ਤੇ ਦੇਵੀ ਦੇਵਤਿਆਂ ਦੇ ਮੰਦਰਾਂ ਦੀ ਯਾਤਰਾ ਕਰੇ। ੫. ਪੁੰਨ ਦਾਨ ਆਦਿ ਨੇਕੀਆਂ ਕਰੇ, ਸਿੱਧਾਂ ਵਾਲੇ ਆਸਣ ਕਰਕੇ ਸਿੰਘਾਸਣਾਂ ਉਤੇ ਬੈਠੇ। ੬. ਨਿਉਲੀ ਕਰਮ ਕਰੇ, ਭੁਅੰਗਮਾ ਨਾੜੀ ਦਾ ਸਾਧਨ (ਪ੍ਰਾਣਾਯਾਮ) ਕਰੇ ਤੇ ਪੂਰਕ, ਕੁੰਭਕ, ਰੇਚਕ ਆਦਿ ਕਰਮ ਕਰੇ। ੭. ਇਹ ਸਾਰੇ ਕਰਮ ਗੁਰਮੁਖਾਂ ਦੇ ਸੁਖ ਫਲ ਦੇ ਬਰਾਬਰ ਨਹੀਂ ਪੁੱਜਦੇ॥ ੧੭॥

ਭਾਵ—ਜਪਾਂ, ਤਪਾਂ, ਹਠਾਂ ਆਦਿ ਕਰਮਾਂ ਨਾਲ ਪੂਰਨ ਸੁਖ ਨਹੀਂ ਮਿਲਦਾ। ਪੂਰਨ ਸੁਖ ਸੱਚੇ ਸਤਿਗੁਰਾਂ ਦੇ ਸ਼ਬਦ (ਉਪਦੇਸ਼) ਨਾਲ ਪ੍ਰਾਪਤ ਹੁੰਦਾ ਹੈ।

੧੮. ਗੁਰਮੁਖਾਂ ਦੇ ਸੁਖ ਫਲ ਦੀ ਵਡਿਆਈ ਵੱਡੀ ਹੈ

੧. ਸਹਸ ਸਿਆਣੇ ਸਾਪੁਰਸ ਸਹਸ ਸਿਆਣਪ ਲਇਆ ਨ ਜਾਈ।

੨. ਸਹਸ ਸੁਘੜ ਸੁਘੜਾਈਆਂ ਤੁਲਿ ਨ ਸਹਸ ਚਤੁਰ ਚਤੁਰਾਈ।
੩. ਲਖ ਹਕੀਮ ਲਖ ਹਿਕਮਤੀ ਦੁਨੀਆਦਾਰ ਵਡੇ ਦੁਨਿਆਈ।
੪. ਲਖ ਸਾਹ ਪਾਤਿਸਾਹ ਲਖ ਲਖ ਵਜ਼ੀਰ ਨ ਮਸਲਤ ਕਾਈ।
੫. ਜਤੀ ਸਤੀ ਸੰਤੋਖੀਆਂ ਸਿਧ ਨਾਥ ਮਿਲਿ ਹਾਥ ਨ ਪਾਈ।
੬. ਚਾਰ ਵਰਨ ਚਾਰ ਮਜਹਬਾਂ ਛਿਅ ਦਰਸਨ ਨਹਿਂ ਅਲਖੁ ਲਖਾਈ।
੭. ਗੁਰਮੁਖਿ ਸੁਖ ਫਲ ਵਡੀ ਵਡਿਆਈ॥ ੧੮ ॥

ਪਦ ਅਰਥ - ਸਾਪੁਰਸ=ਉੱਦਮ। ਸੁਘੜਾਈਆਂ=ਸੁਘੜਤਾਈਆਂ, ਸਿਆਣਪਾਂ। ਦੁਨਿਆਈ=ਧਨਵਾਨ। ਮਸਲਤ=ਸਲਾਹ।

ਅਰਥ - ੧. (ਗੁਰਮੁਖਾਂ ਦੇ ਸੁਖ ਫਲ ਨੂੰ) ਹਜ਼ਾਰਾਂ ਸਿਆਣਿਆਂ ਦੇ ਉੱਦਮ ਤੇ ਹਜ਼ਾਰਾਂ ਸਿਆਣਪਾਂ ਨਾਲ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ੨. ਹਜ਼ਾਰਾਂ ਕਾਰੀਗਰਾਂ ਦੀਆਂ ਕਾਰਾਗਰੀਆਂ ਤੇ ਹਜ਼ਾਰਾਂ ਚਤੁਰਾਂ ਦੀਆਂ ਚਤੁਰਾਈਆਂ ਵੀ ਉਸ ਦੀ ਬਰਾਬਰੀ ਨਹੀਂ ਕਰ ਸਕਦੀਆਂ। ੩. ਲੱਖਾਂ ਹਕੀਮ ਆਪਣੀਆਂ ਹਿਕਮਤਾਂ ਕਰਦੇ ਹਨ ਤੇ ਦੁਨੀਆਂਦਾਰ ਆਪਣੀ ਦੌਲਤ ਨਾਲ ਯਤਨ ਕਰਦੇ ਹਨ, (ਪਰ ਉਹ ਵੀ ਸੁਖ ਫਲ ਤਕ ਨਹੀਂ ਪੁੱਜਦੇ)। ੪. ਉਥੇ ਲੱਖਾਂ ਸ਼ਾਹੂਕਾਰਾਂ, ਲੱਖਾਂ ਪਾਤਸ਼ਾਹਾਂ ਤੇ ਲੱਖਾਂ ਵਜ਼ੀਰਾਂ ਦੀ ਕੋਈ ਸਲਾਹ ਕੰਮ ਨਹੀਂ ਕਰਦੀ। ੫. ਜਤੀ, ਸਤੀ, ਸੰਤੋਖੀ, ਸਿੱਧ ਤੇ ਨਾਥ ਮਿਲ ਕੇ ਵੀ ਸੁਖ ਫਲ ਦੀ ਥਾਹ ਨਹੀਂ ਪਾ ਸਕਦੇ। ੬. ਚਾਰ ਵਰਣ, ਚਾਰ ਮਜ਼ਹਬ ਤੇ ਛੇ ਦਰਸ਼ਨ ਵੀ ਉਸ ਅਲਖ ਨੂੰ ਨਹੀਂ ਜਾਣ ਸਕਦੇ। ੭. ਗੁਰਮੁਖਾਂ ਦੇ ਸੁਖ ਫਲ (ਪਰਮ ਆਨੰਦ) ਦੀ ਵਡਿਆਈ ਵੱਡੀ ਹੈ॥ ੧੮॥

ਭਾਵ—ਗੁਰਮੁਖਾਂ ਦਾ ਸੁਖ ਫਲ (ਪਰਮ ਆਨੰਦ) ਦੁਨਿਆਵੀ ਚਤੁਰਾਈਆਂ ਨਾਲ ਨਹੀਂ ਮਿਲਦਾ। (ਇਹ ਆਨੰਦ ਸਤਿਗੁਰ ਦੀ ਸ਼ਰਣ ਪਿਆਂ ਹੀ ਪ੍ਰਾਪਤ ਹੁੰਦਾ ਹੈ।

੧੯. ਗੁਰਸਿੱਖੀ ਦਾ ਮਾਰਗ ਕਠਿਨ ਹੈ

੧. ਪੀਰ ਮੁਰੀਦੀ ਗਾਖੜੀ ਪੀਰਾਂ ਪੀਰੁ ਗੁਰਾਂ ਗੁਰੁ ਜਾਣੈ।
੨. ਸਤਿਗੁਰੁ ਦਾ ਉਪਦੇਸੁ ਲੈ ਵੀਹ ਇਕੀਹ ਉਲੰਘਿ ਸਿਵਾਣੈ।
੩. ਮੁਰਦਾ ਹੋਇ ਮੁਰੀਦ ਸੋ ਗੁਰੁ ਸਿਖ ਜਾਇ ਸਮਾਇ ਬਬਾਣੈ।
੪. ਪੈਰੀਂ ਪੈ ਪਾ ਖਾਕ ਹੋਇ ਤਿਸੁ ਪਾ ਖਾਕ ਪਾਕੁ ਪਤੀਆਣੈ।
੫. ਗੁਰਮੁਖਿ ਪੰਥੁ ਅਗੰਮੁ ਹੈ ਮਰਿ ਮਰਿ ਜੀਵੈ ਜਾਇ ਪਛਾਣੈ।
੬. ਗੁਰ ਉਪਦੇਸੁ ਅਵੇਸੁ ਕਰਿ ਕੀੜੀ ਭ੍ਰਿੰਗੀ ਵਾਂਗ ਵਿਡਾਣੈ।
੭. ਅਕਥ ਕਥਾ ਕਉਣ ਆਖਿ ਵਖਾਣੈ॥ ੧੯ ॥

ਪਦ ਅਰਥ - ਪੀਰ ਮੁਰੀਦੀ=ਗੁਰੂ ਦੀ ਸਿੱਖੀ। ਗਾਖੜੀ=ਕਠਿਨ। ਬਬਾਣੈ=ਬਾਬੇ ਦਾ ਘਰ। ਅਵੇਸੁ=ਘਰ।

ਅਰਥ - ੧. ਪੀਰ (ਗੁਰੂ) ਦੀ ਮੁਰੀਦੀ (ਸਿਖੀ) ਬੜੀ ਕਠਿਨ ਹੈ, ਇਸ ਨੂੰ ਪੀਰਾਂ ਦਾ ਪੀਰ ਤੇ ਗੁਰੂਆਂ ਦਾ ਗੁਰੂ ਹੀ ਜਾਣਦਾ ਹੈ। ੨. ਸਿੱਖ ਸਤਿਗੁਰੂ ਦਾ ਉਪਦੇਸ਼ ਲੈ ਕੇ ਵੀਹਾਂ ਦੀ ਗਿਣਤੀ ਤੋਂ ਲੰਘ ਕੇ ਇਕੀਹ (ਆਤਮਾ) ਨੂੰ ਸਿਆਣੇਗਾ। ੩. ਜਿਹੜਾ ਸਿੱਖ ਮੁਰਦਾ (ਹਉਮੈ ਰਹਿਤ) ਹੋਵੇਗਾ, ਉਹੋ ਹੀ ਬਾਬੇ (ਸਤਿਗੁਰੂ ਨਾਨਕ ਦੇਵ ਜੀ) ਦੇ ਘਰ ਵਿਚ ਆਵੇਗਾ। ੪. ਜਿਹੜਾ ਸਿੱਖ ਪੈਰੀਂ ਪੈ ਕੇ ਪੈਰਾਂ ਦੀ ਖਾਕ ਬਣੇਗਾ, ਉਸਦੇ ਪੈਰਾਂ ਦੀ ਪਵਿੱਤ੍ਰ ਖਾਕ ਤੋਂ ਅਨੇਕਾਂ ਦੀ ਕਲਿਆਣ ਹੋਵੇਗੀ। ੫. ਗੁਰਮੁਖਾਂ ਦਾ ਪੰਥ ਅਗੰਮ (ਪਹੁੰਚ ਤੋਂ ਬਾਹਰ) ਹੈ, ਜਿਹੜਾ ਸਿੱਖ ਮਰ ਮਰ ਕੇ ਜੀਵੇਗਾ, ਉਹੋ ਹੀ ਇਸ ਨੂੰ ਪਛਾਣ ਸਕੇਗਾ। ੬. ਜਿਹੜਾ ਸਿੱਖ ਗੁਰੂ ਦੇ ਉਪਦੇਸ਼ ਵਿਚ ਘਰ (ਵਾਸਾ) ਕਰਦਾ ਹੈ, ਉਹ ਕੀੜੀ ਤੋਂ ਭ੍ਰਿੰਗੀ ਹੋ ਜਾਣ ਵਾਂਗੂੰ ਅਸਚਰਜ ਰੂਪ ਹੋ ਜਾਂਦਾ ਹੈ। ੭. ਗੁਰਮੁਖਾਂ ਦੀ ਕਥਾ ਅਕਥ ਹੈ, ਇਸ ਨੂੰ ਕੌਣ ਕਹਿ ਸਕਦਾ ਹੈ?॥੧੯॥

ਭਾਵ—ਗੁਰਮੁਖਾਂ ਦੇ ਸੁਖ ਫਲ (ਪਰਮ ਆਨੰਦ) ਨੂੰ ਕੋਈ ਨਹੀਂ ਦੱਸ ਸਕਦਾ। ਇਸ ਰਸ ਦਾ ਆਨੰਦ ਮਾਨਣ ਵਾਲਾ ਹੀ ਜਾਣ ਸਕਦਾ ਹੈ।

੨੦. ਗੁਰਮੁਖਾਂ ਦੇ ਸੁਖਫਲ ਦਾ ਅਸਚਰਜ ਕੌਤਕ ਹੈ

੧. ਚਾਰਿ ਵਰਨਿ ਮਿਲਿ ਸਾਧਸੰਗਿ ਚਾਰ ਚਵਕਾ ਸੋਲਹਿ ਜਾਣੈ।
੨. ਪੰਜ ਸਬਦ ਗੁਰ ਸਬਦ ਲਿਵ ਪੰਜੂ ਪੰਜੇ ਪੰਜੀਹ ਲਾਣੈ।
੩. ਛਿਅ ਦਰਸਣ ਇਕ ਦਰਸਣੋ ਛਿਅ ਛਕੇ ਛਤੀਹ ਸਮਾਣੈ।
੪. ਸਤ ਦੀਪ ਇਕ ਦੀਪਕੋ ਸਤ ਸਤੇ ਉਣਵੰਜਹਿ ਭਾਣੈ।
੫. ਅਸਟ ਧਾਤੁ ਇਕੁ ਧਾਤ ਕਰਿ ਅਠੂ ਅਠੇ ਚਉਹਠ ਮਾਣੈ।
੬. ਨਉਂ ਨਾਥ ਇਕ ਨਾਥ ਹੈ ਨਉਂ ਨਾਏਂ ਏਕਾਸੀਹ ਦਾਣੈ।
੭. ਦਸ ਦੁਆਰ ਨਿਰਧਾਰ ਕਰਿ ਦਾਹੋ ਦਾਹੇ ਸਉ ਪਰਵਾਣੈ।
੮. ਗੁਰਮੁਖਿ ਸੁਖ ਫਲ ਚੋਜ ਵਿਡਾਣੈ॥੨੦॥

ਪਦ ਅਰਥ - ਸੋਲਹਿ=ਸੋਲਾਂ ਕਲਾਂ=੧੦ ਇੰਦ੍ਰੀਆਂ, ੫ ਪ੍ਰਾਣ ਤੇ ੧ ਅੰਤਹਕਰਣ। ਪੰਜੀਹ=੨੫ ਪਰਕਿਰਤਾਂ। ਛਤੀਹ=੩੬ ਆਸਣ ਜਾਂ ੩੬ ਪਾਖੰਡ। ਉਣਵੰਜਹਿ=੪੯ ਪੌਣਾਂ।

ਅਰਥ - ੧. ਚਾਰੇ ਵਰਣ (ਖੱਤ੍ਰੀ, ਬ੍ਰਾਹਮਣ, ਸ਼ੂਦ੍ਰ, ਵੈਸ਼) ਸਾਧ ਸੰਗਤ ਵਿਚ ਮਿਲ ਕੇ ਚਾਰ ਚੌਕੇ ਸੋਲਾਂ ਕਲਾਂ ਸੰਪੂਰਨ ਹੋ ਗਏ ਹਨ ਅਥਵਾ ਉਹਨਾਂ ਨੇ ੧੦ ਇੰਦ੍ਰੀਆਂ, ੫ ਪ੍ਰਾਣ ੧ ਮਨ ਜਿੱਤ ਲੀਤੇ ਹਨ। ੨. ਪੰਜਾਂ ਸ਼ਬਦਾਂ ਦੀ ਥਾਂ ਗੁਰੂ ਦੇ ਸ਼ਬਦ ਵਿਚ ਲਿਵ ਲਾ ਕੇ ਉਹ ਪੰਜਾਂ ਪਾਂਜੇ ਪੰਝੀ ਪਰਕਿਰਤਾਂ ਵਾਲੇ ਸਰੀਰ ਨੂੰ ਜਿੱਤ ਲੈਂਦੇ ਹਨ। ੩. ਛੇ ਦਰਸ਼ਨਾਂ ਦੀ ਥਾਂ ਗੁਰੂ ਜੀ ਦਾ ਇਕ ਦਰਸ਼ਨ ਕਬੂਲ ਕਰਕੇ ਛੀ

ਛੀਕੇ ਛੱਤੀ ਪਾਖੰਡਾਂ ਨੂੰ ਉਨ੍ਹਾਂ ਨੇ ਨਾਸ ਕਰ ਦਿੱਤਾ ਹੈ। ੪. ਸੱਤਾਂ ਦੀਪਾਂ ਵਿਚ ਜੋ ਅਕਾਲ ਪੁਰਖ ਦੀ ਇਕ ਜੋਤ ਵਰਤੀ ਹੋਈ ਸਮਝਦੇ ਹਨ। ਸੱਤ ਸਾਤੇ ਉਣੰਜਾ ਪੌਣਾਂ ਉਹਨਾਂ ਦੇ ਭਾਣੇ ਵਿਚ ਚਲਦੀਆਂ ਹਨ। ੫. ਅੱਠਾਂ ਧਾਤਾਂ ਦੀ ਜਿਸ ਨੇ ਇਕ ਧਾਤ ਕੀਤੀ ਹੈ ਅਰਥਾਤ ਗੁਰੂ ਨਾਲ ਮਿਲ ਕੇ ਅਭੇਦ ਹੋਇਆ ਹੈ, ਉਹ ਅੱਠੂ ਆਠੇ ਚੌਂਹਠ ਵਿਦਿਆ ਦੇ ਆਨੰਦ ਨੂੰ ਮਾਣਦਾ ਹੈ। ੬. ਜਿਹੜਾ ਸਿੱਖ ਨੌਂ ਨਾਥਾਂ ਦਾ ਇਕੋ ਨਾਥ ਪ੍ਰਭੂ ਨੂੰ ਮੰਨਦਾ ਹੈ, ਉਹ ਨੌਂ ਨਾਏਂ ਇਕਾਸੀ ਖੰਡਾਂ ਦਾ ਨਾਥ ਬਣਦਾ ਹੈ। ੭. ਦਸ ਇੰਦ੍ਰੀਆਂ ਜਿਨ੍ਹਾਂ ਨੇ ਵਸ ਕਰ ਲਈਆਂ ਹਨ। ਉਹ ਦਸ ਦਾਹੇ ਸੌ ਦੀ ਗਿਣਤੀ ਵਿਚ ਆਏ ਹਨ ਭਾਵ ਪਤੀ ਪਰਮੇਸ਼ਰ ਦੀ ਦਰਗਾਹ ਵਿਚ ਉਹ ਪ੍ਰਵਾਨ ਹੋ ਗਏ ਹਨ। ੮. ਗੁਰਮੁਖਾਂ ਦੇ ਸੁਖ ਫਲ ਦਾ ਕੌਤਕ ਅਸਚਰਜ ਰੂਪ ਵਾਲਾ ਹੈ॥ ੨੦॥

ਭਾਵ—ਗੁਰਮੁਖਾਂ ਦੇ ਸੁਖ ਫਲ ਦਾ ਆਨੰਦ ਗੁਰਮੁਖ ਹੀ ਜਾਣਦੇ ਹਨ।

੨੧. ਸਤਿਗੁਰੂ ਜੀ ਦੀ ਮਹਿਮਾ

੧. ਸਉ ਵਿਚ ਵਰਤੈ ਸਿਖ ਸੰਤ ਇਕੋਤਰ ਸੌ ਸਤਿਗੁਰ ਅਬਿਨਾਸੀ।
੨. ਸਦਾ ਸਦੀਵ ਦੀਬਾਣ ਜਿਸੁ ਅਸਥਿਰ ਸਦਾ ਨ ਆਵੈ ਜਾਸੀ।
੩. ਇਕ ਮਨ ਜਿਨ੍ਹੇਂ ਧਿਆਇਆ ਕਾਟੀ ਗਲਹੁ ਤਿਸੈ ਜਮ ਫਾਸੀ।
੪. ਇਕੋ ਇਕ ਵਰਤਦਾ ਸਬਦ ਸੁਰਤਿ ਸਤਿਗੁਰੂ ਜਣਾਸੀ।
੫. ਬਿਨੁ ਦਰਸਨੁ ਗੁਰ ਮੂਰਤੋ ਭ੍ਰਮਤਾ ਫਿਰੇ ਲਖ ਜੂਨਿ ਚਉਰਾਸੀ।
੬. ਬਿਨੁ ਦੀਖਿਆ ਗੁਰਦੇਵ ਦੀ ਮਰਿ ਜਨਮੇ ਵਿਚਿ ਨਰਕ ਪਵਾਸੀ।
੭. ਨਿਰਗੁਣ ਸਰਗੁਣ ਸਤਿਗੁਰੂ ਵਿਰਲਾ ਕੋ ਗੁਰ ਸਬਦ ਸਮਾਸੀ।
੮. ਬਿਨੁ ਗੁਰੁ ਓਟ ਨ ਹੋਰੁ ਕੋ ਸਚੀ ਓਟ ਨ ਕਦੇ ਬਿਨਾਸੀ।
੯. ਗੁਰਾਂ ਗੁਰੂ ਸਤਿਗੁਰੁ ਪੁਰਖੁ ਆਦਿ ਅੰਤਿ ਥਿਰੁ ਗੁਰੂ ਰਹਾਸੀ।
੧੦. ਕੋ ਵਿਰਲਾ ਗੁਰਮੁਖਿ ਸਹਜਿ ਸਮਾਸੀ॥ ੨੧॥

ਅਰਥ - ੧. ਸਿੱਖ ਸੰਤ ਸਾਰੇ ਸੌ ਵਿਚ ਵਰਤਦੇ ਹਨ, ਪਰ ਸਤਿਗੁਰੂ ਜੀ ਅਬਿਨਾਸ਼ੀ (ਅਟੱਲ) ਹੋਣ ਕਰਕੇ ਇਕੋਤਰ ਸੌ (ਇਕ ਉਪਰ ਸੌ) ਵਿਚ ਰਹਿੰਦੇ ਹਨ। ੨. ਉਸ ਸਤਿਗੁਰੂ ਜੀ ਦਾ ਦਰਬਾਰ ਸਦਾ ਸਥਿਰ ਹੈ ਤੇ ਉਹ ਆਉਂਦਾ ਜਾਂਦਾ ਨਹੀਂ। ੩. ਜਿਸ ਸਿੱਖ ਨੇ ਇਕ ਮਨ ਹੋ ਕੇ ਸਤਿਗੁਰੂ ਜੀ ਨੂੰ ਧਿਆਇਆ ਹੈ, ਉਸ ਦੇ ਗਲ ਵਿਚੋਂ ਜਮਾਂ ਦੀ ਫਾਹੀ ਕੱਟੀ ਜਾਂਦੀ ਹੈ। ੪. ਸਤਿਗੁਰੂ ਜੀ ਦੇ ਸ਼ਬਦ ਵਿਚ ਸੁਰਤ ਲਾਉਣ ਨਾਲ ਇਹ ਗੱਲ ਜਾਣੀ ਜਾਂਦੀ ਹੈ ਕਿ ਇਕੋ ਪ੍ਰਭੂ ਦੀ ਜੋਤ ਹੀ ਸਭ ਵਿਚ ਪ੍ਰਕਾਸ਼ ਰਹੀ ਹੈ। ੫. ਜੋ ਸਤਿਗੁਰੂ ਜੀ ਦੀ ਮੂਰਤ (ਸਰੂਪ) ਦੇ ਦਰਸ਼ਨ ਤੋਂ ਬਿਨਾਂ ਹੈ, ਉਹ ਚੌਰਾਸੀ ਲੱਖ ਜੂਨਾਂ ਦੇ ਚੱਕਰ ਵਿਚ ਭੌਂਦਾ

ਫਿਰਦਾ ਹੈ। ੬. ਜਿਹੜਾ ਸਤਿਗੁਰਾਂ ਦੀ ਸਿੱਖਿਆ (ਉਪਦੇਸ਼) ਤੋਂ ਬਿਨਾਂ ਹੈ, ਉਹ ਮਰਦਾ ਜੰਮਦਾ ਰਹਿੰਦਾ ਹੈ ਤੇ ਨਰਕਾਂ ਵਿਚ ਪੈਂਦਾ ਹੈ। ੭. ਨਿਰਗੁਣ ਦਾ ਸਰਗੁਣ ਸਰੂਪ ਸਤਿਗੁਰੂ ਹੈ, ਪਰ ਕੋਈ ਵਿਰਲਾ ਹੀ ਇਹ ਜਾਣ ਕੇ ਗੁਰਾਂ ਦੇ ਉਪਦੇਸ਼ ਵਿਚ ਸਮਾਉਂਦਾ ਹੈ। ੮. ਸਤਿਗੁਰੂ ਤੋਂ ਬਿਨਾਂ ਹੋਰ ਕੋਈ ਓਟ (ਆਸਰਾ) ਨਹੀਂ, ਇਹ ਸੱਚੀ ਓਟ ਕਦੇ ਨਾਸ ਨਹੀਂ ਹੁੰਦੀ। ੯. ਗੁਰੂਆਂ ਦਾ ਗੁਰੂ ਸਤਿਗੁਰੂ ਪੁਰਖ ਹੈ, ਉਹ ਗੁਰੂ ਆਦਿ ਅੰਤ ਵਿਚ ਸਦਾ ਥਿਰ ਰਹਿੰਦਾ ਹੈ। ੧੦. ਕੋਈ ਵਿਰਲਾ ਪੁਰਸ਼ ਗੁਰਮੁਖ ਬਣ ਕੇ ਸਹਿਜ ਵਿਚ ਸਮਾਉਂਦਾ ਹੈ॥ ੨੧॥

੨੨. ਗੁਰੂ ਦੇ ਉਪਦੇਸ਼ ਤੋਂ ਬਿਨਾਂ ਮੁਕਤੀ ਨਹੀਂ ਮਿਲਦੀ

੧. ਧਿਆਨ ਮੂਲ ਮੂਰਤਿ ਗੁਰੂ ਪੂਜਾ ਮੂਲ ਗੁਰੁ ਚਰਣ ਪੁਜਾਏ।
੨. ਮੰਤ੍ਰੁ ਮੂਲੁ ਗੁਰੁ ਵਾਕ ਹੈ ਸਚੁ ਸਬਦੁ ਸਤਿਗੁਰੂ ਸੁਣਾਏ।
੩. ਚਰਣੋਦਕੁ ਪਵਿਤ੍ਰ ਹੈ ਚਰਣ ਕਮਲ ਗੁਰੁ ਸਿਖ ਧੁਆਏ।
੪. ਚਰਣਾਮ੍ਰਿਤ ਕਸਮਲ ਕਟੇ ਗੁਰੁ ਧੂਰੀ ਬੁਰੇ ਲੇਖ ਮਿਟਾਏ।
੫. ਸਤਿ ਨਾਮੁ ਕਰਤਾ ਪੁਰਖੁ ਵਾਹਿਗੁਰੂ ਵਿਚਿ ਰਿਦੈ ਸਮਾਏ।
੬. ਬਾਰਹ ਤਿਲਕ ਮਿਟਾਇਕੇ ਗੁਰਮੁਖਿ ਤਿਲਕ ਨੀਸਾਣ ਚੜ੍ਹਾਏ।
੭. ਰਹੁਰਾਸੀ ਰਹੁਰਾਸਿ ਏਹੁ ਇਕੋ ਜਪੀਐ ਹੋਰੁ ਤਜਾਏ।
੮. ਬਿਨੁ ਗੁਰ ਦਰਸਣੁ ਦੇਖਣਾ ਭ੍ਰਮਤਾ ਫਿਰੈ ਠਉੜਿ ਨਹੀਂ ਪਾਏ।
੯. ਬਿਨੁ ਗੁਰੁ ਪੂਰੇ ਆਏ ਜਾਏ॥ ੨੨॥ ੪੦॥

ਅਰਥ - ੧. ਸਾਰੇ ਧਿਆਨਾਂ ਦਾ ਮੁੱਢ ਗੁਰਾਂ ਦਾ ਸਰੂਪ ਹੈ ਤੇ ਸਾਰੀਆਂ ਪੂਜਾਂ ਦਾ ਮੂਲ ਗੁਰਾਂ ਦੇ ਚਰਣਾਂ ਦੀ ਪੂਜਾ ਹੈ। ੨. ਸਾਰੇ ਮੰਤਰਾਂ ਦਾ ਮੁਢ ਗੁਰੂ ਜੀ ਦੇ ਬਚਨ ਹਨ, ਕਿਉਂਕਿ ਸੱਚਾ ਸਤਿਗੁਰੂ ਸੱਚੇ ਸ਼ਬਦ (ਉਪਦੇਸ਼) ਸੁਣਾਉਂਦਾ ਹੈ। ੩. ਗੁਰੂ ਜੀ ਦੇ ਚਰਣ ਧੋ ਕੇ ਜਿਹੜੇ ਸਿੱਖ ਚਰਣਾਂਮ੍ਰਿਤ ਲੈਂਦੇ ਹਨ, ਉਹ ਚਰਣੋਦਕ ਪਵਿੱਤਰ ਹੈ। ੪. ਸਤਿਗੁਰੂ ਜੀ ਦਾ ਚਰਣੋਦਕ ਸਾਰੇ ਪਾਪਾਂ ਨੂੰ ਕੱਟ ਦਿੰਦਾ ਹੈ ਤੇ ਗੁਰਾਂ ਦੇ ਚਰਣਾਂ ਦੀ ਧੂੜੀ ਮੱਥੇ 'ਤੇ ਲਿਖੇ ਹੋਏ ਬੁਰੇ ਲੇਖਾਂ ਨੂੰ ਨਾਸ ਕਰ ਦਿੰਦੀ ਹੈ। ੫. ਸਤਿਗੁਰੂ ਜੀ ਦਾ ਸਤਿਨਾਮ ਕਰਤਾ ਪੁਰਖ ਦਾ ਉਪਦੇਸ਼ ਜਪਦਿਆਂ ਵਾਹਿਗੁਰੂ ਹਿਰਦੇ ਵਿਚ ਆ ਸਮਾਉਂਦਾ ਹੈ। ੬. ਬੈਰਾਗੀਆਂ ਦੇ ਬਾਰਾਂ ਤਿਲਕਾਂ ਨੂੰ ਮਿਟਾ ਕੇ ਗੁਰਸਿੱਖ ਗੁਰੂ ਦੇ ਉਪਦੇਸ਼ ਦਾ ਤਿਲਕ ਮੱਥੇ ਉਤੇ ਧਾਰਨ ਕਰਦਾ ਹੈ। ੭. ਗੁਰਸਿੱਖ ਇਸ ਮਰਯਾਦਾ ਦੇ ਧਾਰਨੀ ਹੋਏ ਹਨ ਕਿ ਇਕੋ ਦਾ ਜਾਪ ਕਰੀਏ ਤੇ ਹੋਰ ਜਾਪ ਤਿਆਗ ਦੇਈਏ। ੮. ਗੁਰੂ ਜੀ ਦੇ ਦਰਸ਼ਨ ਤੋਂ ਬਿਨਾਂ ਜਿਹੜਾ ਹੋਰਨਾਂ ਦੇ ਦਰਸ਼ਨ ਕਰਦਾ ਹੈ, ਉਹ ਭਟਕਦਾ ਫਿਰਦਾ ਹੈ ਤੇ ਕਿਧਰੇ ਵੀ ਟਿਕਦਾ ਨਹੀਂ। ੯. ਪੂਰੇ ਗੁਰੂ ਦੇ ਉਪਦੇਸ਼ ਤੋਂ ਬਿਨਾਂ ਮਨੁੱਖ ਚੁਰਾਸੀ ਲੱਖ ਜੂਨਾਂ ਵਿਚ ਆਉਂਦਾ ਜਾਂਦਾ ਰਹਿੰਦਾ ਹੈ, (ਭਾਵ ਮੁਕਤ ਨਹੀਂ ਹੁੰਦਾ)॥ ੨੨॥ ੪੦॥

ਭਾਵ—ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀ ਇਹ ਅੰਤਲੀ ਪਉੜੀ ਹੈ। ਇਸ ਵਿਚ ਆਪ ਇਹ ਸਿਧਾਂਤ ਪੇਸ਼ ਕਰਦੇ ਹਨ ਕਿ ਜਿਹੜਾ ਸਿੱਖ ਸਤਿਗੁਰਾਂ ਦਾ ਉਪਦੇਸ਼ ਲੈਂਦਾ ਹੈ, ਉਸ ਦੇ ਹਿਰਦੇ ਵਿਚ ਅਕਾਲ ਪੁਰਖ ਦਾ ਵਾਸਾ ਹੁੰਦਾ ਹੈ ਤੇ ਉਹ ਮੁਕਤ ਹੋ ਜਾਂਦਾ ਹੈ।

ਵਾਰ ੪੧*

ੴ ਸਤਿਗੁਰ ਪ੍ਰਸਾਦਿ॥

ਵਾਰ ਸ੍ਰੀ ਭਗਉਤੀ ਜੀ ਕੀ ਪਾਤਿਸਾਹੀ ਦਸਵੀਂ ਕੀ॥

ਅਰਥ - ਸ੍ਰੀ ਭਗਉਤੀ (ਤਲਵਾਰ) ਦੀ ਸ਼ੋਭਾ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਹਿਮਾ ਦੀ ਇਹ ਵਾਰ (ਭਾਈ ਗੁਰਦਾਸ ਸਿੰਘ ਨੇ ਉਚਾਰਨ ਕੀਤੀ ਹੈ)।

੧. ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।
੨. ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾਂ ਖੇਲਾ।
੩. ਗੁਰੁ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ।
੪. ਪੀਓ ਪਾਹੁਲ ਖੰਡੇਧਾਰ ਹੋਇ ਜਨਮ ਸੁਹੇਲਾ।
੫. ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।
੬. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੧॥

ਪਦ ਅਰਥ - ਕਾਲਕਾ=ਕਾਲਕਾ ਤੋਂ ਮੁਰਾਦ ਵਾਹਿਗੁਰੂ ਜੀ ਦੀ ਹੈ, ਕਿਉਂਕਿ ਵਾਹਿਗੁਰੂ ਨੂੰ ਅਲਿੰਗ ਮੰਨਿਆ ਗਿਆ ਹੈ। ਖੰਡੇ ਕੀ ਵੇਲਾ=ਅੰਮ੍ਰਿਤ ਛਕਾਉਣ ਸਮੇਂ। ਖੰਡੇਧਾਰ=ਖੰਡੇ ਦਾ ਅੰਮ੍ਰਿਤ। ਸੁਹੇਲਾ=ਸੁਖੀ, ਸਫਲਾ। ਦੁਹੇਲਾ=ਦੁਖੀ। ਗੁਰੁ ਚੇਲਾ=ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ 'ਗੁਰ ਚੇਲਾ' ਇਸ ਲਈ ਕਿਹਾ ਜਾਂਦਾ

---

*ਇਸ ੪੧ਵੀਂ ਵਾਰ ਤੋਂ ਪਹਿਲੀਆਂ ੪੦ ਵਾਰਾਂ ਭਾਈ ਗੁਰਦਾਸ ਜੀ ਭੱਲਾ ਦੀ ਰਚਨਾ ਹਨ। ਇਹ ਭਾਈ ਗੁਰਦਾਸ ਜੀ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਦਰਬਾਰ ਦੇ ਹਜ਼ੂਰੀ ਤੇ ਮਹਾਨ ਵਿਦਵਾਨ ਸਿੱਖ ਹਨ।

ਇਹ ੪੧ਵੀਂ ਵਾਰ ਇਕ ਹੋਰ ਭਾਈ ਗੁਰਦਾਸ ਸਿੰਘ ਨਾਮੀ ਕਵੀ ਜੀ ਦੀ ਰਚਨਾ ਹੈ, ਜੋ ਸ੍ਰੀ ਦਸਮੇਸ਼ ਜੀ ਤੋਂ ਬਹੁਤ ਪਿੱਛੋਂ ਹੋਏ ਹਨ। ਇਹ ਵਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਿੱਛੋਂ ਸੰਮਤ ੧੭੮੦ ਜਾਂ ੧੭੮੫ ਬਿਕ੍ਰਮੀ ਦੇ ਲਗਪਗ ਦੀ ਰਚਨਾ ਮੰਨੀ ਜਾਂਦੀ ਹੈ। ਇਹ ਵਾਰ 'ਸਰਬ ਲੋਹ' ਗ੍ਰੰਥ ਵਿਚ ਦਰਜ ਹੈ।

ਇਸ ਵਾਰ ਵਿਚ ਦਸਾਂ ਸਤਿਗੁਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਖਾਲਸਾ ਪੰਥ ਦੀ ਮਹਿਮਾ ਕੀਤੀ ਗਈ ਹੈ ਤੇ ਸਿੰਘਾਂ ਦੀ ਚੜ੍ਹਦੀ ਕਲਾ ਤੇ ਸੱਚੇ ਧਰਮ ਦਾ ਵਰਨਣ ਕੀਤਾ ਗਿਆ ਹੈ। ਕਵੀ ਜੀ ਨੇ ਸਤਿਗੁਰਾਂ ਤੇ ਖਾਲਸਾ ਪੰਥ ਦੀ ਵਡਿਆਈ ਬੜੀ ਸ਼ਰਧਾ ਤੇ ਪ੍ਰੇਮ ਭਰੀ ਪੰਜਾਬੀ ਕਵਿਤਾ ਵਿਚ ਕੀਤੀ ਹੈ। ਗੁਰਸਿੱਖ ਇਸ ਵਾਰ ਦਾ ਪਾਠ ਬੜੇ ਪ੍ਰੇਮ ਤੇ ਸ਼ਰਧਾ ਨਾਲ ਕਰਦੇ ਹਨ।

ਹੈ ਕਿ ਪਹਿਲਾਂ ਆਪ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਤੇ ਫਿਰ ਆਪ ਉਹਨਾਂ ਤੋਂ ਅੰਮ੍ਰਿਤ ਛਕਿਆ ਸੀ।

ਅਰਥ - ੧. ਸੱਚੇ ਹਰੀ ਨੇ ਸਤਿਸੰਗਤ ਦਾ ਮੇਲਾ ਹੀ ਆਪਣਾ (ਸੱਚਾ) ਤਖਤ ਰਚਿਆ ਹੈ। ੨. ਨਿਰਭਉ ਪ੍ਰਭੂ ਤੇ ਨਿਰਾਕਾਰ ਦੇ ਸਰੂਪ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਸਿੱਧਾਂ, ਨਾਥਾਂ ਤੇ ਜੋਗੀਆਂ ਵਿਚ (ਸ਼੍ਰੋਮਣੀ) ਮੰਨਿਆਂ ਗਿਆ। ੩. ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਦਸਵੇਂ ਸਰੂਪ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਅੰਮ੍ਰਿਤ ਛਕਾਉਣ ਸਮੇਂ ਅਕਾਲ ਪੁਰਖ ਦੀ ਅਰਾਧਨਾ ਕੀਤੀ। ੪. ਹੇ ਗੁਰਸਿੱਖੋ ! ਸਤਿਗੁਰੂ ਜੀ ਦਾ ਤਿਆਰ ਕੀਤਾ ਖੰਡੇ ਦੀ ਧਾਰ ਦਾ ਅੰਮ੍ਰਿਤ ਛਕੋ। ਇਸ ਅੰਮ੍ਰਿਤ ਦੇ ਛਕਣ ਨਾਲ ਆਪ ਦਾ ਜਨਮ ਸਫਲਾ ਹੋਵੇਗਾ। ੫. ਸਤਿਗੁਰੂ ਜੀ ਨੇ ਖਾਲਸਾ ਪੰਥ ਸਾਜ ਕੇ ਉਸ ਨੂੰ ਆਪਣੀ ਸੰਗਤ ਵਿਚ ਰੱਖਿਆ ਹੈ। ਇਸ ਸੰਗਤ (ਪੰਥ) ਤੋਂ ਜਿਹੜੇ ਬੇਮੁਖ (ਮਨਮੁਖ) ਹੁੰਦੇ ਹਨ, ਉਹ ਦੁਖੀ ਹੁੰਦੇ ਹਨ। ੬. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ॥ ੧॥

੨. ਗੁਰਸਿਖਾਂ ਦੇ ਮੂੰਹ ਉੱਜਲੇ ਹੁੰਦੇ ਹਨ

੧. ਸਚਾ ਅਮਰ ਗੋਬਿੰਦ ਕਾ ਸੁਣ ਗੁਰੂ ਪਿਆਰੇ।
੨. ਸਤਿ ਸੰਗਤਿ ਮੇਲਾਪ ਕਰਿ ਪੰਚ ਦੂਤ ਸੰਘਾਰੇ।
੩. ਵਿਚਿ ਸੰਗਤਿ ਢੋਈ ਨਾ ਲਹਨਿ ਜੋ ਖਸਮੁ ਵਿਸਾਰੇ।
੪. ਗੁਰਮੁਖਿ ਮਥੇ ਉਜਲੇ ਸਚੇ ਦਰਬਾਰੇ।
੫. ਹਰਿ ਗੁਰੁ ਗੋਬਿੰਦ ਧਿਆਈਐ ਸਚਿ ਅੰਮ੍ਰਿਤ ਵੇਲਾ।
੬. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੨॥

ਪਦ ਅਰਥ - ਅਮਰ=ਹੁਕਮ। ਪੰਚ ਦੂਤ= ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ। ਸੰਘਾਰੇ=ਨਾਸ ਕੀਤੇ। ਢੋਈ=ਆਸਰਾ।

ਅਰਥ - ੧. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ (ਫੁਰਮਾਨ) ਸੱਚਾ ਹੈ, ਇਸ ਲਈ ਹੇ ਗੁਰੂ ਦੇ ਪਿਆਰੇ ਸਿੱਖ ! ਸਤਿਗੁਰੂ ਦੇ ਹੁਕਮ ਨੂੰ (ਪ੍ਰੇਮ ਨਾਲ) ਸੁਣ ਤੇ ੨. ਸਤਿਸੰਗਤ ਨਾਲ ਮੇਲ ਕਰਕੇ ਪੰਜ ਦੂਤਾਂ (ਕਾਮ, ਕ੍ਰੋਧ ਆਦਿ) ਨੂੰ ਨਾਸ ਕਰ। ੩. ਜਿਨ੍ਹਾਂ ਨੇ ਖਸਮ (ਪ੍ਰਭੂ) ਨੂੰ ਭੁਲਾ ਛੱਡਿਆ ਹੈ, ਉਹਨਾਂ ਨੂੰ ਸਤਿਸੰਗਤ ਵਿਚ ਢੋਈ (ਆਸਰਾ) ਨਹੀਂ ਮਿਲਦੀ। ੪. ਸਤਿਗੁਰੂ ਜੀ ਦੇ ਸੱਚੇ ਦਰਬਾਰ ਵਿਚ ਗੁਰਮੁਖਾਂ (ਗੁਰਸਿੱਖਾਂ) ਦੇ ਮੂੰਹ ਉੱਜਲੇ ਹੁੰਦੇ ਹਨ। ੫. ਹਰ ਰੋਜ਼ ਅੰਮ੍ਰਿਤ ਵੇਲੇ ਹਰੀ ਰੂਪ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਧਿਆਉਣਾ ਚਾਹੀਦਾ ਹੈ। ੬. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ॥ ੨॥

੩. ਸਭ ਸ੍ਰਿਸ਼ਟੀ ਪ੍ਰਭੂ ਦੇ ਹੁਕਮ ਵਿਚ ਹੈ

੧. ਹੁਕਮੈ ਅੰਦਰਿ ਵਰਤਦੀ ਸਭ ਸ੍ਰਿਸਟਿ ਸਬਾਈ।
੨. ਇਕਿ ਆਪੇ ਗੁਰਮੁਖਿ ਕੀਤੀਅਨੁ ਜਿਨਿ ਹੁਕਮ ਮਨਾਈ।
੩. ਇਕਿ ਆਪੇ ਭਰਮ ਭੁਲਾਇਅਨੁ ਦੂਜੈ ਚਿਤੁ ਲਾਈ।
੪. ਇਕਨਾ ਨੋ ਨਾਮੁ ਬਖਸਿਅਨੁ ਹੋਇ ਆਪਿ ਸਹਾਈ।
੫. ਗੁਰਮੁਖਿ ਜਨਮੁ ਸਕਾਰਥਾ ਮਨਮੁਖੀ ਦੁਹੇਲਾ।
੬. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੩॥

ਪਦ ਅਰਥ - ਹੁਕਮੈ=ਹੁਕਮ। ਸਬਾਈ=ਸਾਰੀ। ਸਕਾਰਥਾ=ਸਫਲਾ।

ਅਰਥ - ੧. ਸਾਰੀ ਸ੍ਰਿਸ਼ਟੀ ਪ੍ਰਭੂ ਦੇ ਹੁਕਮ ਵਿਚ ਹੀ ਵਰਤਦੀ (ਚਲਦੀ) ਹੈ। ੨. ਜਿਨ੍ਹਾਂ ਨੇ ਪ੍ਰਭੂ ਨੂੰ ਆਪਣਾ ਹੁਕਮ ਮਨਾਇਆ ਹੈ, ਉਹਨਾਂ ਨੂੰ ਆਪ ਹੀ ਗੁਰਮੁਖ ਕੀਤਾ ਹੈ। ੩. ਕਈਆਂ ਨੂੰ ਆਪ ਹੀ ਭਰਮ ਵਿਚ ਭੁਲਾਇਆ ਹੈ ਤੇ ਉਹਨਾਂ ਨੇ ਦੂਈ ਦ੍ਵੈਤ ਵਿਚ ਮਨ ਲਾਇਆ ਹੋਇਆ ਹੈ। ੪. ਕਈਆਂ ਨੂੰ ਆਪ ਹੀ ਸਹਾਇਕ ਹੋ ਕੇ ਆਪਣੇ ਨਾਮ ਦੀ ਦਾਤ ਬਖਸ਼ੀ ਹੈ। ੫. (ਨਾਮ ਜਪਣ ਕਰਕੇ) ਗੁਰਮੁਖਾਂ ਦਾ ਜਨਮ ਸਫਲਾ ਹੋ ਜਾਂਦਾ ਹੈ ਤੇ ਮਨਮੁਖ ਸਦਾ ਦੁਖੀ ਰਹਿੰਦੇ ਹਨ। ੬. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ॥ ੩॥

੪. ਗੁਰਮੁਖਾਂ ਦਾ ਮੇਲ ਪ੍ਰਭੂ ਨਾਲ ਹੁੰਦਾ ਹੈ

੧. ਗੁਰ ਬਾਣੀ ਤਿਨਿ ਭਾਈਆ ਜਿਨਿ ਮਸਤਕਿ ਭਾਗ।
੨. ਮਨਮੁਖਿ ਛੁਟੜਿ ਕਾਮਣੀ ਗੁਰਮੁਖਿ ਸੋਹਾਗ।
੩. ਗੁਰਮੁਖਿ ਊਜਲ ਹੰਸੁ ਹੈ ਮਨੁਮਖ ਹੈ ਕਾਗ।
੪. ਮਨਮੁਖਿ ਊਂਧੈ ਕਵਲੁ ਹੈਂ ਗੁਰਮੁਖਿ ਸੋ ਜਾਗ।
੫. ਮਨਮੁਖਿ ਜੋਨਿ ਭਵਾਈਅਨਿ ਗੁਰਮੁਖਿ ਹਰਿ ਮੇਲਾ।
੬. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥ ੪॥

ਪਦ ਅਰਥ - ਭਾਈਆ=ਚੰਗੀ ਲੱਗਦੀ ਹੈ। ਕਾਮਣੀ=ਇਸਤ੍ਰੀ। ਊਂਧੈ=ਉਲਟੇ।

ਅਰਥ - ੧. ਜਿਨ੍ਹਾਂ ਪੁਰਸ਼ਾਂ ਦੇ ਮੱਥੇ 'ਤੇ ਉੱਤਮ ਭਾਗ ਲਿਖੇ ਹੁੰਦੇ ਹਨ, ਉਹਨਾਂ ਨੂੰ ਗੁਰਬਾਣੀ ਚੰਗੀ

ਲੱਗਦੀ ਹੈ। ੨. ਗੁਰੂ ਤੋਂ ਬੇਮੁਖ (ਮਨਮੁਖ) ਛੁਟੜ ਇਸਤ੍ਰੀ ਵਾਂਗੂੰ (ਦੁਖੀ ਰਹਿੰਦੇ) ਹਨ ਤੇ ਗੁਰਮੁਖ ਸੁਹਾਗਣ ਇਸਤ੍ਰੀ ਵਾਂਗੂੰ (ਸੁਖੀ ਰਹਿੰਦੇ) ਹਨ। ੩. ਗੁਰਮੁਖ ਉੱਜਲਾ (ਪਵਿੱਤ੍ਰ) ਹੰਸ ਹੈ ਤੇ ਮਨਮੁਖ ਕਾਲਾ ਕਾਂ ਹੈ। ੪. ਮਨਮੁਖ ਮੀਟੇ ਹੋਏ ਕੰਵਲ ਫੁੱਲ ਵਾਂਗੂੰ ਹੈ ਤੇ ਗੁਰਮੁਖ ਖਿੜੇ ਹੋਏ ਕੰਵਲ ਫੁੱਲ ਵਰਗਾ ਹੈ। ੫. ਮਨਮੁਖ ਚੋਰਾਸੀ ਲੱਖ ਜੂਨਾਂ ਵਿਚ ਭੁਆਏ ਜਾਂਦੇ ਹਨ ਤੇ ਗੁਰਮੁਖਾਂ ਦਾ ਪ੍ਰਭੂ ਨਾਲ ਮੇਲ ਹੁੰਦਾ ਹੈ। ੬. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ॥ ੪॥

੫. ਮਨਮੁਖ ਦਰਗਾਹ ਵਿੱਚ ਦੁੱਖ ਪਾਉਂਦੇ ਹਨ

੧. ਸਚਾ ਸਾਹਿਬੁ ਅਮਰ ਸਚੁ ਸਚੀ ਗੁਰੁ ਬਾਣੀ।
੨. ਸਚੇ ਸੇਤੀ ਰਤਿਆ ਸੁਖ ਦਰਗਹ ਮਾਣੀ।
੩. ਜਿਨਿ ਸਤਿਗੁਰੁ ਸਚੁ ਧਿਆਇਆ ਤਿਨਿ ਸੁਖ ਵਿਹਾਣੀ।
੪. ਮਨਮੁਖਿ ਦਰਗਹਿ ਮਾਰੀਅਨਿ ਤਿਲ ਪੀੜੈ ਘਾਣੀ।
੫. ਗੁਰਮੁਖਿ ਜਨਮ ਸਦਾ ਸੁਖੀ ਮਨਮੁਖੀ ਦੁਹੇਲਾ।
੬. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੫॥

ਪਦ ਅਰਥ - ਅਮਰ=ਹੁਕਮ।

ਅਰਥ - ੧. ਸਾਹਿਬ (ਪ੍ਰਭੂ) ਵੀ ਸੱਚਾ ਹੈ, ਉਸ ਦਾ ਹੁਕਮ ਵੀ ਸੱਚਾ ਹੈ ਤੇ ਗੁਰਬਾਣੀ ਵੀ ਸੱਚੀ ਹੈ। ੨. ਸੱਚੇ ਸਤਿਗੁਰੂ ਨਾਲ ਪਿਆਰ ਕਰਨ ਵਾਲਾ (ਗੁਰਮੁਖ) ਸੱਚੀ ਦਰਗਾਹ ਵਿਚ ਸੁਖ ਮਾਣਦਾ ਹੈ। ੩. ਜਿਨ੍ਹਾਂ (ਗੁਰਮੁਖਾਂ) ਨੇ ਸੱਚੇ ਸਤਿਗੁਰੂ ਨੂੰ ਸਿਮਰਿਆ ਹੈ ਤੇ ਸੇਵਾ ਕੀਤੀ ਹੈ, ਉਹਨਾਂ ਦਾ ਜੀਵਨ ਸੁਖਮਈ ਬੀਤਦਾ ਹੈ। ੪. ਮਨਮੁਖ ਸੱਚੀ ਦਰਗਾਹ ਵਿਚ ਆਪਣੇ ਮੰਦੇ ਕਰਮਾਂ ਕਰਕੇ ਇਸ ਤਰ੍ਹਾਂ ਮਾਰੇ ਜਾਂਦੇ ਹਨ, ਜਿਵੇਂ ਤਿਲਾਂ ਨੂੰ ਘਾਣੀ ਵਿਚ ਪੀੜਿਆ ਜਾਂਦਾ ਹੈ। ੫. ਗੁਰਮੁਖਾਂ ਦਾ ਜੀਵਨ ਸਦਾ ਸੁਖੀ ਬਤੀਤ ਹੁੰਦਾ ਹੈ ਤੇ ਮਨਮੁਖ ਸਦਾ ਦੁਖੀ ਰਹਿੰਦੇ ਹਨ। ੬. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ॥ ੫॥

੬. ਪ੍ਰਭੂ ਦਾ ਨਾਮ ਅਮੋਲਕ ਧਨ ਹੈ

੧. ਸਚਾ ਨਾਮੁ ਅਮੋਲ ਹੈ ਵਡਭਾਗੀ ਸੁਣੀਐ।
੨. ਸਤਿਸੰਗਤਿ ਵਿਚਿ ਪਾਈਐ ਨਿਤ ਹਰਿ ਗੁਣ ਗੁਣੀਐ।
੩. ਧਰਮ ਖੇਤ ਕਲਿਜੁਗ ਸਰੀਰ ਬੋਈਐ ਸੋ ਲੁਣੀਐ।
੪. ਸਚਾ ਸਾਹਿਬ ਸਚੁ ਨਿਆਇ ਪਾਣੀ ਜਿਉਂ ਪੁਣੀਐ।

੫. ਵਿਚਿ ਸੰਗਤਿ ਸਚੁ ਵਰਤਦਾ ਨਿਤ ਨੇਹੁ ਨਵੇਲਾ।
੬. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੬॥

ਪਦ ਅਰਥ - ਲੁਣੀਐ=ਵਢੀਦਾ ਹੈ। ਨਵੇਲਾ=ਨਵਾਂ।

ਅਰਥ - ੧. ਪ੍ਰਭੂ ਦਾ ਸੱਚਾ ਨਾਮ ਅਮੋਲਕ ਧਨ ਹੈ, ਜਿਸ ਨੂੰ ਵੱਡੇ ਭਾਗਾਂ ਨਾਲ ਸੁਣੀਦਾ ਹੈ। ੨. ਇਹ ਅਮੋਲਕ ਧਨ (ਨਾਮ) ਸਤਿਸੰਗਤ ਵਿਚੋਂ ਪ੍ਰਾਪਤ ਕਰੀਏ ਤਾਂ ਸਦਾ ਹੀ ਹਰੀ ਦੇ ਗੁਣ ਗਾਇਨ ਕਰੀਦੇ ਹਨ। ੩. ਇਸ ਕਲਿਜੁਗ ਦੇ ਸਮੇਂ ਵਿਚ ਇਸ ਸਰੀਰ ਰੂਪੀ ਖੇਤ ਵਿਚ ਜਿਹੋ ਜਿਹਾ ਧਰਮ ਅਧਰਮ ਦਾ ਬੀਜ ਅਸੀਂ ਬੀਜਾਂਗੇ, ਉਹੋ ਜਿਹਾ ਫਲ ਪ੍ਰਾਪਤ ਕਰਾਂਗੇ। ੪. ਸੱਚੇ ਪ੍ਰਭੂ ਦਾ ਨਿਆਂ ਸਦਾ ਸੱਚਾ ਹੁੰਦਾ ਹੈ, ਜਿਵੇਂ ਹੰਸ ਦੁੱਧ ਤੇ ਪਾਣੀ ਨੂੰ ਵਖੋ ਵੱਖ ਕਰਦਾ ਹੈ। ੫. ਉਹ ਸੱਚਾ ਪਰਮਾਤਮਾ ਸਤਿਸੰਗਤ ਵਿਚ ਵਸਦਾ ਹੈ ਤੇ ਸਤਿਸੰਗਤ ਨਾਲ ਉਸ ਦਾ ਪ੍ਰੇਮ ਸਦਾ ਨਵਾਂ ਹੀ ਰਹਿੰਦਾ ਹੈ। ੬. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ॥ ੬॥

੭. ਸਤਿਗੁਰ ਦੀ ਸੇਵਾ ਦੁੱਖਾਂ ਦੀ ਨਵਿਰਤੀ ਕਰਦੀ ਹੈ

੧. ਓਅੰਕਾਰ ਅਕਾਰ ਆਪਿ ਹੈ ਹੋਸੀ ਭੀ ਆਪੈ।
੨. ਓਹੀ ਉਪਾਵਨਹਾਰੁ ਹੈ ਗੁਰ ਸਬਦੀ ਜਾਪੈ।
੩. ਖਿਨ ਮਹਿੰ ਢਾਹਿ ਉਸਾਰਦਾ ਤਿਸੁ ਭਉ ਨ ਬਿਆਪੈ।
੪. ਕਲੀ ਕਾਲ ਗੁਰੁ ਸੇਵੀਐ ਨਹੀਂ ਦੁਖ ਸੰਤਾਪੈ।
੫. ਸਭ ਜਗੁ ਤੇਰਾ ਖੇਲੁ ਹੈ ਤੂੰ ਗੁਣੀ ਗਹੇਲਾ।
੬. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੭॥

ਪਦ ਅਰਥ - ਅਕਾਰ=ਸਰੂਪ। ਉਪਾਵਨਹਾਰੁ=ਪੈਦਾ ਕਰਨ ਵਾਲਾ। ਜਾਪੈ=ਜਾਣੀਦਾ ਹੈ। ਸੰਤਾਪੈ=ਦੁੱਖ ਕਸ਼ਟ ਨਹੀਂ ਦੇਂਦਾ। ਗਹੇਲਾ=ਸਮੁੰਦਰ।

ਅਰਥ - ੧. ਉਹ ਨਿਰਾਕਾਰ ਪ੍ਰਭੂ ਸਰਗੁਣ ਸਰੂਪ ਹੋ ਕੇ ਹੁਣ ਵੀ ਆਪ ਹੀ ਹੈ ਤੇ ਅੱਗੇ ਨੂੰ ਵੀ ਆਪ ਹੀ ਹੋਵੇਗਾ। ੨. ਉਹ ਸਭ ਸੰਸਾਰ ਨੂੰ ਉਤਪੱਤ ਕਰਨ ਵਾਲਾ ਹੈ, ਉਸ ਨੂੰ ਗੁਰੂ ਦੇ ਸ਼ਬਦ (ਉਪਦੇਸ਼) ਦਵਾਰਾ ਜਾਣਿਆਂ ਜਾਂਦਾ ਹੈ। ੩. ਉਹ ਆਪਣੀ ਰਚਨਾ ਨੂੰ ਇਕ ਖਿਨ ਵਿਚ ਢਾਹੁੰਦਾ ਤੇ ਉਸਾਰਦਾ ਹੈ, ਉਸ ਨੂੰ ਕਿਸੇ ਦਾ ਡਰ ਨਹੀਂ ਵਿਆਪਦਾ (ਭਾਵ ਉਹ ਨਿਰਭਉ ਹੈ)। ੪. ਇਸ ਕਲਿਜੁਗ ਦੇ ਸਮੇਂ ਵਿਚ ਸਤਿਗੁਰੂ ਦੀ ਸੇਵਾ ਕਰੀਏ ਤਾਂ ਕੋਈ ਦੁੱਖ ਕਸ਼ਟ ਨਹੀਂ ਹੁੰਦਾ। ੫. ਹੇ ਪ੍ਰਭੂ ! ਇਹ ਸੰਸਾਰ ਤੇਰਾ ਖੇਲ (ਤਮਾਸ਼ਾ) ਹੈ ਤੇ ਤੂੰ ਸ਼ੁਭ ਗੁਣਾਂ ਦਾ ਸਮੁੰਦਰ ਹੈ। ੬. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ॥ ੭॥

੮. ਪ੍ਰਭੂ ਤੇ ਗੁਰੂ ਇਕ ਰੂਪ ਹਨ

੧. ਆਦਿ ਪੁਰਖ ਅਨਭੈ ਅਨੰਤ ਗੁਰੁ ਅੰਤ ਨ ਪਾਈਐ।
੨. ਅਪਰ ਅਪਾਰ ਅਗੰਮ ਆਦਿ ਜਿਸੁ ਲਖਿਆ ਨ ਜਾਈਐ।
੩. ਅਮਰ ਅਜਾਚੀ ਸਤਿ ਨਾਮੁ ਤਿਸੁ ਸਦਾ ਧਿਆਈਐ।
੪. ਸਚਾ ਸਤਿਗੁਰੁ ਸੇਵੀਐ ਨਿਰਭੈ ਪਦ ਪਾਈਐ।
੫. ਅਨਿਕ ਰੂਪ ਧਰਿ ਪ੍ਰਗਟਿਆ ਹੈ ਏਕ ਅਕੇਲਾ।
੬. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੮॥

ਪਦ ਅਰਥ - ਅਨੰਤ=ਜਿਸ ਦਾ ਅੰਤ ਨਾ ਪਾਇਆ ਜਾ ਸਕੇ। ਅਮਰ=ਜੋ ਨਾ ਮਰੇ। ਅਜਾਚੀ=ਜਿਸ ਤੋਂ ਮੰਗਣ ਦੀ ਲੋੜ ਨਾ ਪਵੇ, ਸਗੋਂ ਆਪ ਦੇਵੇ।

ਅਰਥ - ੧. ਜੋ ਆਦਿ ਪੁਰਖ ਪ੍ਰਭੂ ਅਨਭੈ ਤੇ ਅੰਤ ਰਹਿਤ ਹੈ, ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ। ੨. ਜੋ ਪਰੇ ਤੋਂ ਪਰੇ ਗੰਮਤਾ ਤੋਂ ਰਹਿਤ ਹੈ, ਤੇ ਜਿਸ ਨੂੰ ਜਾਣਿਆਂ ਨਹੀਂ ਜਾ ਸਕਦਾ। ੩. ਜੋ ਅਮਰ (ਮਰਨ ਤੋਂ ਰਹਿਤ) ਹੈ, ਜੋ ਆਪਣੀਆਂ ਦਾਤਾਂ ਬਿਨਾਂ ਮੰਗਿਆਂ ਦਿੰਦਾ ਹੈ, ਐਸੇ ਸੱਚੇ ਨਾਮ ਵਾਲੇ ਪ੍ਰਭੂ ਨੂੰ ਸਦਾ ਸਿਮਰੋ। ੪. ਸੱਚੇ ਸਤਿਗੁਰੂ ਦੀ ਸੇਵਾ ਕਰਨ ਨਾਲ ਨਿਰਭੈ ਪਦਵੀ ਪ੍ਰਾਪਤ ਹੁੰਦੀ ਹੈ। ੫. ਉਹ ਇਕ ਇਕੱਲਾ ਆਪ ਹੀ ਅਨੇਕ ਰੂਪ ਧਾਰ ਕੇ ਪ੍ਰਗਟ ਹੋਇਆ ਹੈ। ੬. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ॥ ੮॥

੯. ਗੁਰਮੁਖ ਪ੍ਰਭੂ ਦੇ ਸਿਮਰਨ ਨਾਲ ਤਰ ਜਾਂਦੇ ਹਨ

੧. ਅਬਿਨਾਸੀ ਅਨੰਤ ਹੈ ਘਟਿ ਘਟਿ ਦਿਸਟਾਇਆ।
੨. ਅਘ ਨਾਸੀ ਆਤਮ ਅਭੁਲ ਨਹੀਂ ਭੁਲੈ ਭੁਲਾਇਆ।
੩. ਅਲਖ ਅਕਾਲ ਅਡੋਲ ਹੈ ਗੁਰੁ ਸਬਦਿ ਲਖਾਇਆ।
੪. ਸਰਬ ਬਿਆਪੀ ਹੈ ਅਲੇਪ ਜਿਸੁ ਲਗੈ ਨ ਮਾਇਆ।
੫. ਹਰਿ ਗੁਰਮੁਖਿ ਨਾਮ ਧਿਆਈਐ ਜਿਤੁ ਲੰਘੈ ਵਹੇਲਾ।
੬. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥ ੯॥

ਪਦ ਅਰਥ - ਅਬਿਨਾਸੀ=ਜੋ ਨਾਸ ਨਾ ਹੋਵੇ। ਘਟਿ ਘਟਿ=ਹਰ ਹਿਰਦੇ ਵਿਚ। ਅਘ ਨਾਸੀ=ਪਾਪ ਨਾਸਕ। ਅਲਖ=ਜੋ ਲਖਿਆ ਨਾ ਜਾ ਸਕੇ। ਅਲੇਪ=ਜੋ ਲਿਪਾਇਮਾਨ ਨਾ ਹੋਵੇ। ਵਹੇਲਾ=ਛੇਤੀ।

ਅਰਥ - ੧. ਨਾਸ ਰਹਿਤ ਤੇ ਅੰਤ ਰਹਿਤ ਪ੍ਰਭੂ ਹਰ ਇਕ ਦੇ ਹਿਰਦੇ ਵਿਚ ਵਸਿਆ ਦਿਸਦਾ ਹੈ। ੨. ਉਹ ਪਾਪ ਨਾਸਕ ਪ੍ਰਭੂ ਅਭੁੱਲ ਹੈ, ਕਿਸੇ ਦਾ ਭੁਲਾਇਆ ਉਹ ਭੁੱਲਦਾ ਨਹੀਂ। ੩. ਉਹ ਨਾ ਜਾਣੇ ਜਾਣ ਵਾਲਾ ਤੇ ਕਾਲ ਰਹਿਤ ਪਰਮਾਤਮਾ ਅਡੋਲ ਹੈ। ਗੁਰਾਂ ਦੇ ਸ਼ਬਦ (ਉਪਦੇਸ਼) ਦਵਾਰਾ ਉਸ ਨੂੰ ਜਾਣਿਆਂ ਜਾਂਦਾ ਹੈ। ੪. ਉਹ ਵਾਹਿਗੁਰੂ ਸਰਬ ਵਿਆਪਕ ਹੁੰਦਾ ਹੋਇਆ ਵੀ ਨਿਰਲੇਪ ਹੈ, ਉਸ ਨੂੰ ਮਾਇਆ ਨਹੀਂ ਵਿਆਪਦੀ। ੫. ਜਿਸ ਗੁਰਮੁਖ ਨੇ ਉਸ ਹਰੀ ਦੇ ਨਾਮ ਨੂੰ ਸਿਮਰਿਆ ਹੈ, ਉਹ ਇਸ ਸੰਸਾਰ ਸਮੁੰਦਰ ਤੋਂ ਸੌਖਾ ਤੇ ਛੇਤੀ ਪਾਰ ਹੋ ਜਾਂਦਾ ਹੈ। ੬. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ॥ ੯॥

੧੦. ਹਰੀ ਦਾ ਸਿਮਰਨ ਸੁਖਾਂ ਦਾ ਦਾਤਾ ਹੈ

੧. ਨਿਰੰਕਾਰੁ ਨਰਹਰਿ ਨਿਧਾਨ ਨਿਰਵੈਰੁ ਧਿਆਈਐ।
੨. ਨਾਰਾਇਣ ਨਿਰਬਾਣ ਨਾਥ ਮਨ ਅਨਦਿਨ ਗਾਈਐ।
੩. ਨਰਕ ਨਿਵਾਰਣ ਦੁਖ ਦਲਣ ਜਪਿ ਨਰਕਿ ਨ ਜਾਈਐ।
੪. ਦੇਣਹਾਰ ਦਇਆਲ ਨਾਥ ਜੋ ਦੇਇ ਸੁ ਪਾਈਐ।
੫. ਦੁਖ ਭੰਜਨ ਸੁਖ ਹਰਿ ਧਿਆਨ ਮਾਇਆ ਵਿਚਿ ਖੇਲਾ।
੬. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੧੦॥

ਪਦ ਅਰਥ - ਨਰਹਰਿ=ਨਰਾਂ ਦਾ ਸੁਆਮੀ। ਨਿਧਾਨ=ਖਜ਼ਾਨਾ। ਨਿਰਬਾਣ=ਬਾਣ ਤੋਂ ਰਹਿਤ। ਮਾਇਆ ਤੋਂ ਅਤੀਤ, ਸ਼ੁਧ। ਅਨਦਿਨ=ਰਾਤ ਦਿਨ।

ਅਰਥ - ੧. ਨਿਰੰਕਾਰ, ਨਰਾਂ ਦੇ ਸੁਆਮੀ, (ਸੁਖਾਂ ਦੇ) ਖਜਾਨੇ ਤੇ ਨਿਰਵੈਰ ਪ੍ਰਭੂ ਦਾ ਸਿਮਰਨ ਕਰੋ। ੨. ਉਸ ਨਰਾਇਣ ਤੇ ਮਾਇਆ ਤੋਂ ਅਤੀਤ ਸੁਆਮੀ ਨੂੰ ਮਨ ਇਕਾਗਰ ਕਰ ਕੇ ਰਾਤ ਦਿਨ ਗਾਓ। ੩. ਉਸ ਨਰਕ ਨੂੰ ਨਾਸ ਕਰਨ ਵਾਲੇ ਤੇ ਦੁੱਖਾਂ ਨੂੰ ਨਵਿਰਤ ਕਰਨ ਵਾਲੇ ਪਰਮਾਤਮਾ ਨੂੰ ਜਪ ਕੇ ਨਰਕ ਵਿਚ ਨਹੀਂ ਜਾਈਦਾ। ੪. ਉਹ ਦਾਤਾ ਸਭ ਦਾਤਾਂ ਦੇ ਦੇਣ ਵਾਲਾ ਹੈ, ਦਿਆਲੂ ਤੇ ਸੁਆਮੀ ਹੈ, ਉਹ ਜੋ ਕੁਛ ਆਪਣੀ ਖੁਸ਼ੀ ਨਾਲ ਦੇਂਦਾ ਹੈ, ਉਹ ਪ੍ਰਸੰਨਤਾ ਨਾਲ ਲਵੋ। ੫. ਉਹ ਦੁੱਖਭੰਜਨ (ਦੁੱਖਾਂ ਨੂੰ ਨਾਸ ਕਰਨ ਵਾਲਾ) ਹੈ ਤੇ ਸੁਖਾਂ ਦਾ ਦਾਤਾ ਹੈ, ਉਸ ਹਰੀ ਦਾ ਧਿਆਨ ਧਰੋ, ਜੋ ਆਪਣੀ ਰਚੀ ਮਾਇਆ ਵਿਚ ਹੀ ਖੇਡ (ਵਰਤ) ਰਿਹਾ ਹੈ। ੬. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ॥ ੧੦॥

੧੧. ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

੧. ਪਾਰਬ੍ਰਹਮ ਪੂਰਨ ਪੁਰਖ ਪਰਮੇਸੁਰ ਦਾਤਾ।

੨. ਪਤਿਤ ਪਾਵਨ ਪਰਮਾਤਮਾ ਸਰਬ ਅੰਤਰਿ ਜਾਤਾ।
੩. ਹਰਿ ਦਾਨਾ ਬੀਨਾ ਬੇਸੁਮਾਰ ਬੇਅੰਤ ਬਿਧਾਤਾ।
੪. ਬਨਵਾਰੀ ਬਖਸਿੰਦ ਆਪੁ ਆਪੇ ਪਿਤ ਮਾਤਾ।
੫. ਇਹ ਮਾਨਸ ਜਨਮ ਅਮੋਲ ਹੈ ਮਿਲਨੇ ਕੀ ਵੇਲਾ।
੬. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੧੧॥

ਪਦ ਅਰਥ - ਪਤਿਤ ਪਾਵਨ=ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲਾ। ਜਾਤਾ=ਸਭ ਦੇ ਅੰਦਰ ਦੀ ਜਾਣਨ ਵਾਲਾ, ਅੰਤਰਜਾਮੀ। ਬਿਧਾਤਾ=ਰਚਣਹਾਰ।

ਅਰਥ - ੧. ਪਾਰਬ੍ਰਹਮ, ਪੂਰਨ ਪੁਰਖ ਪ੍ਰਭੂ ਹੀ ਸਭ ਦਾਤਾਂ ਦੇ ਦੇਣ ਵਾਲਾ ਹੈ। ੨. ਉਹ ਪਾਪੀਆਂ ਨੂੰ ਪਵਿੱਤ੍ਰ ਕਰਨ ਵਾਲਾ ਪਰਮਾਤਮਾ ਸਾਰਿਆਂ ਦੇ ਅੰਦਰ ਦੀ ਜਾਣਨ ਵਾਲਾ ਹੈ। ੩. ਉਹ ਹਰੀ ਜਾਣਨ ਤੇ ਵੇਖਣ ਵਾਲਾ (ਅੰਤਰਜਾਮੀ) ਬੇਸ਼ੁਮਾਰ, ਬੇਅੰਤ ਤੇ ਸਭ ਸ੍ਰਿਸ਼ਟੀ ਦਾ ਰਚਣਹਾਰ ਹੈ। ੪. ਉਹ ਪ੍ਰਭੂ ਇਸ ਸੰਸਾਰ ਰੂਪ ਬਨ ਦਾ ਮਾਲਕ ਹੈ ਤੇ ਬਖਸ਼ਣਹਾਰ ਹੈ। ਉਹ ਸਭਨਾਂ ਦਾ ਮਾਤਾ ਤੇ ਪਿਤਾ ਹੈ। ੫. ਇਹ ਮਨੁੱਖਾ ਜਨਮ ਬੜਾ ਅਨਮੋਲ ਹੈ, ਇਹ ਪ੍ਰਭੂ ਨੂੰ ਮਿਲਣ ਦਾ ਵੇਲਾ (ਮੌਕਾ) ਹੈ। ੬. ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ॥ ੧੧॥

੧੨. ਆਪੇ ਹਰਿ ਇਕ ਰੰਗ ਹੈ ਆਪੇ ਬਹੁਰੰਗੀ

੧. ਭੈ ਭੰਜਨ ਭਗਵਾਨ ਭਜੋ ਭੈ ਨਾਸਨ ਭੋਗੀ।
੨. ਭਗਤਿ ਵਛਲ ਭੈ ਭੰਜਨੋ ਜਪਿ ਸਦਾ ਅਰੋਗੀ।
੩. ਮਨਮੋਹਨ ਮੂਰਤਿ ਮੁਕੰਦ ਪ੍ਰਭੁ ਜੋਗ ਸੰਜੋਗੀ।
੪. ਰਸੀਆ ਰਖਵਾਲਾ ਰਚਨਹਾਰ ਜੋ ਕਰੇ ਸੁ ਹੋਗੀ।
੫. ਮਧੁਸੂਦਨ ਮਾਧੋ ਮੁਰਾਰਿ ਬਹੁ ਰੰਗੀ ਖੇਲਾ।
੬. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੧੨॥

ਪਦ ਅਰਥ - ਭਗਤਿ ਵਛਲ=ਭਗਤਾਂ ਦਾ ਪਿਆਰਾ। ਮੁਕੰਦ=ਮੁਕਤੀ ਦਾਤਾ। ਮਧੁਸੂਦਨ= ਹੰਕਾਰ ਨਾਸਕ।

ਅਰਥ - ੧. ਡਰ ਨਾਸ ਕਰਨ ਵਾਲੇ ਪ੍ਰਭੂ ਦਾ ਸਿਮਰਨ ਹੀ ਭੋਗਾਂ ਦਾ ਭੈ ਨਾਸ ਕਰਨ ਵਾਲਾ ਹੈ। ੨. ਉਸ ਭਗਤਾਂ ਦੇ ਪਿਆਰੇ ਤੇ ਦੁੱਖਾਂ ਦੇ ਨਾਸ ਕਰਨ ਵਾਲੇ ਪਰਮਾਤਮਾ ਨੂੰ ਸਿਮਰਨ ਵਾਲਾ ਸਦਾ ਅਰੋਗ ਰਹਿੰਦਾ ਹੈ। ੩. ਉਸ ਮਨਮੋਹਨ ਮੂਰਤੀ ਤੇ ਮੁਕਤੀ ਦਾਤੇ ਪਰਮੇਸ਼ਰ ਨਾਲ ਸਤਿਗੁਰੂ ਹੀ ਸੰਜੋਗ ਜੋੜਦਾ ਹੈ। ੪. ਉਹ ਸਭ ਰਸਾਂ ਦਾ ਰਸੀਆ ਹੈ, ਰੱਖਿਆ ਕਰਨ ਵਾਲਾ ਤੇ ਸਭ ਦਾ ਰਚਣਹਾਰ ਹੈ, ਉਹ

ਜੋ ਕਰਦਾ ਹੈ, ਉਹੋ ਹੁੰਦਾ ਹੈ। ੫. ਉਹ ਹੰਕਾਰ ਨਾਸ ਕਰਨ ਵਾਲਾ, ਮਾਇਆ ਦਾ ਆਸਰਾ ਤੇ ਅਗਿਆਨ ਦੂਰ ਕਰਨ ਵਾਲਾ ਪ੍ਰਭੂ ਅਨੇਕਾਂ ਰੰਗਾਂ ਵਿਚ ਖੇਡਦਾ ਹੈ। ੬. ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ॥ ੧੨ ॥

੧੩. ਪ੍ਰਭੂ ਸਭ ਦੀਆਂ ਕਾਮਨਾ ਪੂਰੀਆਂ ਕਰਦਾ ਹੈ

੧. ਲੋਚਾ ਪੂਰਨ ਲਿਖਨਹਾਰੁ ਹੈ ਲੇਖ ਲਿਖਾਰੀ।
੨. ਹਰਿ ਲਾਲਨ ਲਾਲ ਗੁਲਾਲ ਸਚੁ ਸਚਾ ਵਾਪਾਰੀ।
੩. ਰਾਵਨਹਾਰੁ ਰਹੀਮੁ ਰਾਮ ਆਪੇ ਨਰ ਨਾਰੀ।
੪. ਰਿਖੀਕੇਸ ਰਘੁਨਾਥ ਰਾਇ ਜਪੀਐ ਬਨਵਾਰੀ।
੫. ਪਰਮਹੰਸ ਭੈ ਤ੍ਰਾਸ ਨਾਸ ਜਪਿ ਰਿਦੈ ਸੁਹੇਲਾ।
੬. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੧੩ ॥

ਪਦ ਅਰਥ - ਲੋਚਾ ਪੂਰਨ=ਕਾਮਨਾ ਪੂਰਨ ਕਰਨਹਾਰਾ। ਲਾਲਨ=ਪਿਆਰਾ। ਲਾਲ ਗੁਲਾਲ=ਰੰਗ ਰਸ ਰੱਤਾ ਪਿਆਰਾ। ਰਿਖੀਕੇਸ=ਇੰਦ੍ਰੀਆਂ ਦਾ ਪਤੀ। ਰਘੁਨਾਥ=ਪ੍ਰਕਾਸ਼ ਰੂਪ ਸੁਆਮੀ। ਪਰਮਹੰਸ=ਪਰਮਾਤਮਾ।

ਅਰਥ - ੧. ਉਹ ਪ੍ਰਭੂ ਸਭ ਦੀਆਂ ਕਾਮਨਾਂ ਪੂਰਨ ਕਰਨ ਵਾਲਾ ਹੈ ਤੇ ਸਭ ਦੇ ਮੱਥੇ ਦੇ ਲੇਖਾਂ ਦਾ ਲਿਖਣਹਾਰ ਹੈ। ੨. ਉਹ ਹਰੀ ਸਭ ਦਾ ਪਿਆਰਾ ਤੇ ਰੰਗ ਰਸ ਰੱਤਾ ਹੈ। ਉਹ ਸੱਚਾ ਸੱਚ ਦਾ ਹੀ ਵਪਾਰੀ ਹੈ। ੩. ਉਹ ਸਭ ਰਸਾਂ ਦਾ ਭੋਗਣ ਵਾਲਾ ਤੇ ਕ੍ਰਿਪਾਲੂ ਹੈ। ਉਹ ਆਪ ਹੀ ਪੁਰਸ਼ ਤੇ ਆਪ ਹੀ ਇਸਤ੍ਰੀ ਹੈ। ੪. ਉਸ ਇੰਦ੍ਰੀਆਂ ਦੇ ਮਾਲਕ, ਪ੍ਰਕਾਸ਼ ਰੂਪ ਸੁਆਮੀ ਤੇ ਸੰਸਾਰ ਰੂਪ ਬਨ ਦੇ ਵਾਲੀ ਨੂੰ ਜਪਣਾ ਚਾਹੀਦਾ ਹੈ। ੫. ਜਿਸ ਨੇ ਉਸ ਭੈ-ਨਾਸਕ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਸਿਮਰਿਆ ਹੈ, ਉਹ ਸੁਖੀ ਹੋਇਆ ਹੈ। ੬. ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ॥ ੧੩ ॥

੧੪. ਸਤਿਗੁਰੂ ਅਕਾਲ ਪੁਰਖ ਦਾ ਰੂਪ ਹੈ

੧. ਪ੍ਰਾਨ ਮੀਤ ਪਰਮਾਤਮਾ ਪੁਰਖੋਤਮ ਪੂਰਾ।
੨. ਪੇਖਨਹਾਰਾ ਪਾਤਿਸਾਹ ਹੈ ਪ੍ਰਤਿਪਾਲਨ ਊਰਾ।
੩. ਵਹ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰ ਗੋਬਿੰਦ ਸੂਰਾ।
੪. ਵਹ ਅਨਦ ਬਿਨੋਦੀ ਚੋਜੀਆ ਸਤਿਗੁਰ ਭਰਪੂਰਾ।

੫. ਵਹ ਨਿਸਦਿਨ ਹਰਿ ਗੁਣ ਗਾਈਐ ਸਚ ਸਚੀ ਵੇਲਾ।
੬. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੧੪॥

ਪਦ ਅਰਥ - ਪੇਖਨਹਾਰਾ=ਵੇਖਣ ਵਾਲਾ। ਊਰਾ=ਘਟ।

ਅਰਥ - ੧. ਪ੍ਰਾਣਾਂ ਦਾ ਮਿੱਤਰ ਪ੍ਰਭੂ ਪੂਰਾ ਤੇ ਉੱਤਮ ਪੁਰਖ ਹੈ। ੨. ਉਹ (ਹਰ ਕਿਸੇ ਨੂੰ) ਵੇਖਣ ਵਾਲਾ ਤੇ (ਹਰ ਇਕ ਦੀ) ਪਾਲਣਾ ਕਰਨ ਵਾਲਾ ਪਾਤਸ਼ਾਹ (ਪ੍ਰਭੂ) ਕਿਸੇ ਗੱਲੋਂ ਵੀ ਘੱਟ ਨਹੀਂ। ੩. ਉਹ ਆਪ ਪਰਮਾਤਮਾ ਪੁਰਖ ਰੂਪ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੂਰਮਾ ਪ੍ਰਗਟ ਹੋਇਆ ਹੈ। ੪. ਉਹ ਆਨੰਦ ਰੂਪ, ਬਿਨੋਦੀ ਤੇ ਕੌਤਕ ਕਰਨ ਵਾਲਾ ਪ੍ਰਭੂ ਸਤਿਗੁਰੂ ਵਿਚ ਭਰਪੂਰ ਹੈ। ੫. ਉਸ ਪ੍ਰਭੂ ਦੇ ਗੁਣਾਂ ਨੂੰ ਰਾਤ ਦਿਨ ਗਾਇਨ ਕਰੀਏ, ਕਿਉਂਕਿ ਇਸ ਮਨੁੱਖਾ ਜਨਮ ਦੀ ਮਿਲੀ ਸੱਚੀ ਵਾਰੀ ਵਿਚ ਹੀ ਉਹ ਸੱਚਾ ਪ੍ਰਭੂ ਮਿਲ ਸਕਦਾ ਹੈ। ੬. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ॥ ੧੪॥

੧੫. ਗੁਰੂ ਦਾ ਤੇਜ ਕੋਈ ਨਹੀਂ ਝੱਲ ਸਕਦਾ

੧. ਉਹੁ ਗੁਰੁ ਗੋਬਿੰਦ ਹੋਇ ਪ੍ਰਗਟਿਓ ਦਸਵਾਂ ਅਵਤਾਰਾ।
੨. ਜਿਨ ਅਲਖ ਅਪਾਰ ਨਿਰੰਜਨਾ ਜਪਿਓ ਕਰਤਾਰਾ।
੩. ਨਿਜ ਪੰਥ ਚਲਾਇਓ ਖਾਲਸਾ ਧਰਿ ਤੇਜ ਕਰਾਰਾ।
੪. ਸਿਰ ਕੇਸ ਧਾਰਿ ਗਹਿ ਖੜਗ ਕੋ ਸਭ ਦੁਸਟ ਪਛਾਰਾ।
੫. ਸੀਲ ਜਤ ਕੀ ਕਛ ਪਹਰਿ ਪਕੜੋ ਹਥਿਆਰਾ।
੬. ਸਚ ਫਤੇ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ।
੭. ਸਭ ਦੈਤ ਅਰਿਨਿ ਕੋ ਘੇਰ ਕਰਿ ਕੀਚੈ ਪ੍ਰਹਾਰਾ।
੮. ਤਬ ਸਹਿਜੇ ਪ੍ਰਗਟਿਓ ਜਗਤ ਮੈ ਗੁਰੁ ਜਾਪ ਅਪਾਰਾ।
੯. ਇਉਂ ਉਪਜੇ ਸਿੰਘ ਭੁਜੰਗੀਏ ਨੀਲ ਅੰਬਰ ਧਾਰਾ।
੧੦. ਤੁਰਕ ਦੁਸਟ ਸਭਿ ਛੈ ਕੀਏ ਹਰਿ ਨਾਮ ਉਚਾਰਾ।
੧੧. ਤਿਨ ਆਗੈ ਕੋਇ ਨ ਠਹਿਰਿਓ ਭਾਗੇ ਸਿਰਦਾਰਾ।
੧੨. ਜਹ ਰਾਜੇ ਸਾਹ ਅਮੀਰੜੇ ਹੋਏ ਸਭ ਛਾਰਾ।
੧੩. ਫਿਰ ਸੁਨ ਕਰਿ ਐਸੀ ਧਮਕ ਕਉ ਕਾਂਪੈ ਗਿਰਿ ਭਾਰਾ।

੧੪. ਤਬ ਸਭ ਧਰਤੀ ਹਲਚਲ ਭਈ ਛਾਡੇ ਘਰ ਬਾਰਾ।
੧੫. ਇਉਂ ਐਸੇ ਦੂੰਦ ਕਲੇਸ ਮਹਿ ਖਪਿਓ ਸੰਸਾਰਾ।
੧੬. ਤਿਹਿ ਬਿਨੁ ਸਤਿਗੁਰ ਕੋਈ ਹੈ ਨਹੀ ਭੈ ਕਾਟਨਹਾਰਾ।
੧੭. ਗਹਿ ਐਸੇ ਖੜਗ ਦਿਖਾਈਐ ਕੋ ਸਕੈ ਨ ਝੇਲਾ।
੧੮. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੧੫॥

ਪਦ ਅਰਥ - ਧਰਿ=ਧਾਰਨ ਕਰਕੇ। ਗਹਿ=ਫੜ ਕੇ। ਅਰਿਨਿ=ਸਾਰੇ ਦੈਂਤ ਰੂਪੀ ਵੈਰੀਆਂ। ਪ੍ਰਹਾਰਾ=ਨਾਸ। ਭੁਜੰਗੀਏ=ਸੂਰਮੇ, ਜੋਧੇ। ਨੀਲ ਅੰਬਰ ਧਾਰਾ=ਨੀਲੇ ਬਸਤ੍ਰ ਪਹਿਨਕੇ। ਛੈ=ਨਾਸ। ਛਾਰਾ=ਖੇਹ, ਨਾਸ। ਗਿਰਿ=ਪਹਾੜ। ਦੂੰਦ=ਦੁੱਖ, ਹਲਚਲੀ। ਝੇਲਾ=ਕੋਈ ਝੱਲ ਨਾ ਸਕਿਆ।

ਅਰਥ - ੧. ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਵਾਂ ਅਵਤਾਰ ਧਾਰ ਕੇ ਪ੍ਰਗਟ ਹੋਇਆ ਹੈ। ੨. ਜਿਸ ਨੇ ਨਾ ਜਾਣੇ ਜਾਣ ਵਾਲੇ, ਮਰਨ ਤੋਂ ਰਹਿਤ ਤੇ ਮਾਇਆ ਤੋਂ ਅਤੀਤ ਪ੍ਰਭੂ ਦਾ ਜਾਪ ਜਪਾਇਆ ਹੈ। ੩. ਜਿਸ ਨੇ ਬੜੇ ਤੇਜ ਪ੍ਰਤਾਪ ਧਾਰਨ ਕਰਨ ਵਾਲੇ ਖਾਲਸਾ ਪੰਥ ਨੂੰ ਚਲਾਇਆ ਹੈ। ੪. (ਜਿਸ ਖਾਲਸਾ ਪੰਥ ਨੇ) ਸਿਰ 'ਤੇ ਕੇਸ ਧਾਰਨ ਕਰਕੇ ਤੇ ਹੱਥ ਵਿਚ ਤਲਵਾਰ ਫੜ ਕੇ ਸਭ ਦੁਸ਼ਟਾਂ ਦਾ ਨਾਸ ਕੀਤਾ ਹੈ। ੫. ਸੀਲ ਤੇ ਜਤ ਦੀ ਨਿਸ਼ਾਨੀ ਕੱਛ ਪਾ ਕੇ ਖਾਲਸਾ ਪੰਥ ਨੇ ਸ਼ਸਤ੍ਰਾਂ ਨੂੰ ਫੜਿਆ ਹੈ। ੬. ਸੱਚੇ ਗੁਰੂ ਦੀ ਸੱਚੀ ਫ਼ਤਹਿ ਬੁਲਾ ਕੇ ਖਾਲਸੇ ਨੇ ਬੜੇ ਬੜੇ ਜੰਗਾਂ ਵਿਚ ਜਿੱਤ ਪ੍ਰਾਪਤ ਕੀਤੀ ਹੈ। ੭. ਖਾਲਸੇ ਨੇ ਸਭ ਦੈਂਤ ਰੂਪ ਵੈਰੀਆਂ ਨੂੰ ਘੇਰ ਘੇਰ ਕੇ ਨਾਸ ਕਰ ਦਿੱਤਾ ਹੈ। ੮. ਤਦੋਂ ਸਤਿਗੁਰੂ ਦਾ ਜਾਪ (ਜਸ) ਸਹਿਜ ਸੁਭਾਵ ਹੀ ਸਾਰੇ ਸੰਸਾਰ ਵਿਚ ਪ੍ਰਗਟ ਹੋ ਗਿਆ। ੯. ਇਉਂ ਨੀਲੇ ਬਸਤਰ ਪਹਿਨ ਕੇ ਸੂਰਮੇ ਸਿੰਘ ਪੈਦਾ ਹੋ ਗਏ। ੧੦. ਪ੍ਰਭੂ ਦਾ ਸਿਮਰਨ ਕਰਨ ਵਾਲੇ ਉਹਨਾਂ ਬਹਾਦਰ ਸਿੰਘਾਂ ਨੇ ਸਭ ਤੁਰਕਾਂ ਨੂੰ ਨਾਸ ਕਰ ਦਿੱਤਾ। ੧੧. ਉਹਨਾਂ ਜੋਧਿਆਂ ਅੱਗੇ ਕੋਈ ਨਹੀਂ ਸੀ ਠਹਿਰਦਾ, ਵੱਡੇ ਵੱਡੇ ਸਰਦਾਰ ਡਰ ਦੇ ਮਾਰੇ ਭੱਜ ਜਾਂਦੇ ਸਨ। ੧੨. ਉਹਨਾਂ ਸੂਰਮਿਆਂ ਦੇ ਹੱਥੋਂ ਸਭ ਜ਼ੁਲਮੀ ਰਾਜੇ, ਸ਼ਾਹੂਕਾਰ ਤੇ ਅਮੀਰ ਨਾਸ ਹੋ ਗਏ। ੧੩. ਉਹਨਾਂ ਬਹਾਦਰਾਂ ਦੀ ਗਰਜਨਾ ਸੁਣ ਕੇ ਬੜੇ ਬੜੇ ਪਹਾੜੀ (ਰਾਜੇ) ਵੀ ਕੰਬਦੇ ਸਨ। ੧੪. ਸਾਰੇ ਸੰਸਾਰ ਵਿਚ ਹਫੜਾ ਦਫੜੀ ਪੈ ਗਈ ਤੇ ਸਭ ਘਰ ਬਾਰ ਛੱਡ ਕੇ ਨਸ ਉੱਠੇ। ੧੫. ਇਸ ਤਰ੍ਹਾਂ ਦੀ ਹਲਚਲੀ ਵਿਚ ਸਾਰੇ ਸੰਸਾਰੀ ਦੁਖੀ ਹੋ ਰਹੇ ਸਨ। ੧੬. ਉਸ ਸੱਚੇ ਸਤਿਗੁਰੂ ਤੋਂ ਬਿਨਾਂ ਕੋਈ ਵੀ ਇਸ ਡਰ ਨੂੰ ਦੂਰ ਕਰਨ ਵਾਲਾ ਨਹੀਂ ਸੀ। ੧੭. (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ) ਤਲਵਾਰ ਫੜ ਕੇ ਇਹੋ ਜਿਹੇ ਜੌਹਰ ਦਿਖਾਏ, ਜਿਨ੍ਹਾਂ ਦੀ ਝਾਲ ਨੂੰ ਕੋਈ ਨਾ ਝੱਲ ਸਕਿਆ। ੧੮. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ॥ ੧੫॥

੧੬. ਅਕਾਲ ਪੁਰਖ ਦੇ ਹੁਕਮ ਨਾਲ ਖਾਲਸਾ ਪੰਥ ਪ੍ਰਗਟ ਹੋਇਆ ਹੈ

੧. ਗੁਰਬਰ ਅਕਾਲ ਕੇ ਹੁਕਮ ਸਿਉਂ ਉਪਜਿਓ ਬਿਗਿਆਨਾ।

੨. ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ।
੩. ਇਉਂ ਉਠੇ ਸਿੰਘ ਭਭਕਾਰਿ ਕੈ ਸਭ ਜਗ ਡਰਪਾਨਾ।
੪. ਮੜੀ ਦੇਵਲ ਗੋਰ ਮਸੀਤ ਢਾਹਿ ਕੀਏ ਮੈਦਾਨਾ।
੫. ਬੇਦ ਪੁਰਾਨ ਖਟ ਸਾਸਤ੍ਰਾ ਫੁਨ ਮਿਟੇ ਕੁਰਾਨਾ।
੬. ਬਾਂਗ ਸਲਾਤ ਹਟਾਇ ਕਰਿ ਮਾਰੇ ਸੁਲਤਾਨਾ।
੭. ਮੀਰ ਪੀਰ ਸਭ ਛਪਿ ਗਏ ਸਭ ਮਜਹਬ ਉਲਟਾਨਾ।
੮. ਮਲਵਾਨੇ ਕਾਜੀ ਪੜਿ ਥਕੇ ਕਛੁ ਮਰਮੁ ਨ ਜਾਨਾ।
੯. ਲਖ ਪੰਡਿਤ ਬ੍ਰਹਮਨ ਜੋਤਕੀ ਬਿਖ ਰਸ ਉਰਝਾਨਾ।
੧੦. ਫੁਨ ਪਾਥਰ ਦੇਵਲ ਪੂਜਿ ਕੈ ਅਤਿ ਹੀ ਭਰਮਾਨਾ।
੧੧. ਇਉਂ ਦੋਨੋ ਫਿਰਕੇ ਕਪਟ ਮੋਂ ਰਚ ਰਹੇ ਨਿਦਾਨਾ।
੧੨. ਇਉਂ ਤੀਸਰ ਮਜਹਬ ਖਾਲਸਾ ਉਪਜਿਓ ਪਰਧਾਨਾ।
੧੩. ਜਿਨਿ ਗੁਰੁ ਗੋਬਿੰਦ ਕੇ ਹੁਕਮ ਸਿਉ ਗਹਿ ਖੜਗ ਦਿਖਾਨਾ।
੧੪. ਤਿਹ ਸਭ ਦੁਸਟਨ ਕਉ ਛੇਦਿ ਕੈ ਅਕਾਲ ਜਪਾਨਾ।
੧੫. ਫਿਰ ਐਸਾ ਹੁਕਮ ਅਕਾਲ ਕਾ ਜਗ ਮੈ ਪ੍ਰਗਟਾਨਾ।
੧੬. ਤਬ ਸੁੰਨਤ ਕੋਇ ਨ ਕਰਿ ਸਕੈ ਕਾਂਪਤਿ ਤੁਰਕਾਨਾ।
੧੭. ਇਉਂ ਉਮਤ ਸਭ ਮੁਹੰਮਦੀ ਖਪਿ ਗਈ ਨਿਦਾਨਾ।
੧੮. ਤਬ ਫਤੇ ਡੰਕ ਜਗ ਮੋ ਘੁਰੇ ਦੁਖ ਦੁੰਦ ਮਿਟਾਨਾ।
੧੯. ਇਉਂ ਤੀਸਰ ਪੰਥ ਰਚਾਇਅਨੁ ਵਡ ਸੂਰ ਗਹੇਲਾ।
੨੦. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥ ੧੬॥

ਪਦ ਅਰਥ - ਬਿਗਿਆਨਾ=ਆਤਮ ਗਿਆਨ। ਭਭਕਾਰਿਕੈ=ਗੱਜ ਕੇ। ਦੇਵਲ=ਦੇਵਾਲਯ, ਦੇਵੀ ਦਾ ਮੰਦਰ। ਗੋਰ=ਕਬਰਾਂ। ਬਾਂਗ ਸਲਾਤ=ਬਾਂਗ ਦਰੂਦ ਆਦਿ। ਮਰਮੁ=ਭੇਦ। ਬਿਖ ਰਸ=ਵਿਸ਼ਿਆਂ ਦੇ ਰਸਾਂ ਵਿਚ। ਉਰਝਾਨਾ=ਫਸ ਗਏ। ਭਰਮਾਨਾ=ਭਰਮਾਂ ਵਿਚ ਪੈ ਗਏ। ਨਿਦਾਨਾ=ਬਹੁਤ ਜ਼ਿਆਦਾ। (ਅ) ਮੂਰਖ ਹੋ ਕੇ। ਪਰਧਾਨਾ=ਸ਼੍ਰੋਮਣੀ। ਨਿਦਾਨਾ=ਅੰਤ ਨੂੰ। ਘੁਰੇ=ਵੱਜੇ।

ਅਰਥ - ੧. ਸ੍ਰੇਸ਼ਟ ਅਕਾਲ ਪੁਰਖ ਦੇ ਹੁਕਮ ਨਾਲ ਪ੍ਰਭੂ ਦਾ ਆਤਮ ਗਿਆਨ ਉਤਪੰਨ ਹੋਇਆ।

੨. ਤਦੋਂ ਸਹਿਜੇ ਹੀ ਖਾਲਸੇ ਦਾ ਸਾਬਤ ਸਰੂਪ ਰਚਿਆ ਗਿਆ। ੩. ਸਿੰਘ ਇਸ ਤਰ੍ਹਾਂ ਗਰਜ ਕੇ ਉੱਠੇ ਕਿ ਜਿਸ ਨੂੰ ਸੁਣ ਕੇ ਸਾਰਾ ਸੰਸਾਰ ਡਰ ਗਿਆ। ੪. ਖਾਲਸੇ ਨੇ ਮੜ੍ਹੀਆਂ, ਕਬਰਾਂ, ਸ਼ਿਵਾਲੇ ਤੇ ਮੰਦਰ ਢਾਹ ਕੇ ਮੈਦਾਨ ਕਰ ਦਿੱਤੇ (ਭਾਵ ਇਹਨਾਂ ਦੀ ਪੂਜਾ ਲੋਕਾਂ ਦੇ ਮਨਾਂ ਵਿਚੋਂ ਖਤਮ ਕਰ ਦਿੱਤੀ)। ੫. ਬੇਦਾਂ, ਪੁਰਾਣਾ, ਛੇ ਸ਼ਾਸਤਰਾਂ ਤੇ ਕੁਰਾਨ ਦਾ ਪੜ੍ਹਨਾ ਵੀ ਬੰਦ ਕਰ ਦਿੱਤਾ। (ਭਾਵ ਇਹਨਾਂ ਦੀ ਜਗ੍ਹਾ ਕੇਵਲ ਗੁਰਬਾਣੀ ਦਾ ਉਚਾਰਨ ਹੀ ਹੋਣ ਲੱਗਾ)। ੬. ਬਾਂਗ ਤੇ ਦਰੂਦ ਨੂੰ ਖਤਮ ਕਰਕੇ ਵੱਡੇ ਵੱਡੇ ਬਾਦਸ਼ਾਹਾਂ ਨੂੰ ਖਾਲਸੇ ਨੇ ਨਾਸ ਕਰ ਦਿੱਤਾ। ੭. ਪਾਤਸ਼ਾਹ ਤੇ ਪੀਰ ਆਦਿ ਸਭ ਡਰਦੇ ਮਾਰੇ ਲੁਕ ਗਏ ਤੇ ਸਾਰੇ ਮਜ਼ਹਬਾਂ ਨੂੰ ਉਲਟਾ ਦਿੱਤਾ। ੮. ਮੁਲਾਣੇ ਤੇ ਕਾਜੀ ਪੜ੍ਹ ਪੜ੍ਹ ਕੇ ਥੱਕ ਗਏ, ਉਹ ਵੀ ਇਹਨਾਂ ਦੇ ਭੇਦ ਨੂੰ ਨਹੀਂ ਜਾਣ ਸਕੇ। ੯. ਲੱਖਾਂ ਪੰਡਿਤ, ਬ੍ਰਾਹਮਣ ਤੇ ਜੋਤਸ਼ੀ ਵੀ ਵਿਸ਼ਿਆਂ ਦੇ ਰਸਾਂ ਵਿਚ ਫਸੇ ਹੋਏ ਹਨ। ੧੦. ਉਹ ਪੱਥਰਾਂ (ਬੁੱਤਾਂ) ਦੀ ਪੂਜਾ ਕਰਕੇ ਭਰਮ ਵਿਚ ਫਸੇ ਹੋਏ ਹਨ। ੧੧. ਇਸ ਤਰ੍ਹਾਂ ਦੋਨੋਂ ਫਿਰਕੇ (ਹਿੰਦੂ ਤੇ ਮੁਸਲਮਾਨ) ਕਪਟ ਤੇ ਵਲਛਲ ਵਿਚ ਫਸ ਕੇ ਨਾਸ ਹੋ ਰਹੇ ਹਨ। ੧੨. ਇਹ ਤੀਸਰਾ ਖਾਲਸਾ ਪੰਥ ਸਭ ਤੋਂ ਸ਼੍ਰੋਮਣੀ ਰੂਪ ਹੋ ਕੇ ਸੰਸਾਰ ਵਿਚ ਪੈਦਾ ਹੋਇਆ ਹੈ। ੧੩. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਲ ਜਿਸ ਖਾਲਸਾ ਪੰਥ ਨੇ ਤਲਵਾਰ ਫੜ ਕੇ ਜੁੱਧ ਕਰਕੇ ਦਿਖਾਏ ਹਨ। ੧੪. ਉਹਨਾਂ ਨੇ ਸਭ ਦੁਸ਼ਟਾਂ ਦੋਖੀਆਂ ਨੂੰ ਨਾਸ ਕਰਕੇ ਇਕ ਅਕਾਲ ਪੁਰਖ ਦਾ ਸਿਮਰਨ ਆਪ ਕੀਤਾ ਹੈ ਤੇ ਸੰਸਾਰ ਨੂੰ ਪ੍ਰਭੂ ਦਾ ਨਾਮ ਜਪਾਇਆ ਹੈ। ੧੫. ਫਿਰ ਉਹਨਾਂ ਨੇ ਇਸ ਢੰਗ ਨਾਲ ਸੰਸਾਰ ਵਿਚ ਅਕਾਲ ਪੁਰਖ ਦਾ ਹੁਕਮ ਪ੍ਰਗਟ ਕੀਤਾ ਹੈ। ੧੬. ਤਦੋਂ ਖਾਲਸੇ ਤੋਂ ਸਭ ਤੁਰਕ ਕੰਬਦੇ ਸਨ ਤੇ ਕੋਈ ਸੁੰਨਤ ਵੀ ਨਹੀਂ ਸੀ ਕਰ ਸਕਦਾ। ੧੭. ਇਸ ਤਰ੍ਹਾਂ ਸਭ ਮੁਗਲਾਂ ਦੀ ਫੌਜ ਅੰਤ ਨੂੰ ਨਾਸ ਹੋ ਗਈ। ੧੮. ਤਦੋਂ ਸੰਸਾਰ ਵਿਚ ਖਾਲਸੇ ਦੀ ਫ਼ਤਹਿ ਦੇ ਧੌਂਸੇ ਵੱਜੇ ਤੇ ਸਭ ਦੁੱਖ ਕਲੇਸ਼ ਮਿਟ ਗਏ। ੧੯. ਸ੍ਰੀ ਗੁਰੂ ਜੀ ਨੇ ਇਸ ਤਰ੍ਹਾਂ ਬੜੇ ਬਹਾਦਰ ਤੀਸਰੇ (ਖਾਲਸਾ) ਪੰਥ ਨੂੰ ਸੰਸਾਰ ਵਿਚ ਚਲਾਇਆ। ੨੦. ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ॥ ੧੬॥

੧੭. ਸਤਿਗੁਰੂ ਜੀ ਨੇ ਧਰਮ ਦਾ ਰਾਜ ਪ੍ਰਚਲਤ ਕੀਤਾ

੧. ਜਾਗੇ ਸਿੰਘ ਬਲਵੰਤ ਬੀਰ ਸਭ ਦੁਸਟ ਖਪਾਏ।
੨. ਦੀਨ ਮੁਹੰਮਦੀ ਉਠ ਗਇਓ ਹਿੰਦਕ ਠਹਿਰਾਏ।
੩. ਤਹਿ ਕਲਮਾ ਕੋਇ ਨ ਪੜ੍ਹ ਸਕੈ ਨਹੀਂ ਜਿਕਰੁ ਅਲਾਏ।
੪. ਨਿਵਾਜ਼ ਦਰੂਦ ਨ ਫਾਤਿਹਾ ਨਹ ਲੰਡ ਕਟਾਏ।
੫. ਯਹ ਰਾਹੁ ਸ਼ਰੀਅਤ ਮੇਟ ਕਰਿ ਮੁਸਲਮ ਭਰਮਾਏ।
੬. ਗੁਰੁ ਫਤੇ ਬੁਲਾਈ ਸਭਨ ਕਉ ਸਚ ਖੇਲ ਰਚਾਏ।
੭. ਨਿਜ ਸੂਰੇ ਸਿੰਘ ਵਰਿਆਮੜੇ ਬਹੁ ਲਾਖ ਜਗਾਏ।
੮. ਸਭ ਜਗ ਤਿਨਹੂੰ ਲੂਟ ਕਰਿ ਤੁਰਕਾਂ ਚੁਣਿ ਖਾਏ।

੯. ਫਿਰ ਸੁਖ ਉਪਜਾਇਓ ਜਗਤ ਮੈ ਸਭ ਦੂਖ ਬਿਸਰਾਏ।
੧੦. ਨਿਜ ਦੋਹੀ ਫਿਰੀ ਗੋਬਿੰਦ ਕੀ ਅਕਾਲ ਜਪਾਏ।
੧੧. ਤਿਹ ਨਿਰਭਉ ਰਾਜ ਕਮਾਇਅਨੁ ਸਚ ਅਦਲ ਚਲਾਏ।
੧੨. ਇਉਂ ਕਲਿਜੁਗ ਮੈ ਅਵਤਾਰ ਧਾਰਿ ਸਤਿਜੁਗ ਵਰਤਾਏ।
੧੩. ਸਭ ਤੁਰਕ ਮਲੇਛ ਖਪਾਇ ਕਰਿ ਸਚ ਬਣਤ ਬਨਾਏ।
੧੪. ਤਬ ਸਕਲ ਜਗਤ ਕਉ ਸੁਖ ਦੀਏ ਦੂਖ ਮਾਰਿ ਹਟਾਏ।
੧੫. ਇਉਂ ਹੁਕਮ ਭਇਓ ਕਰਤਾਰ ਕਾ ਸਭ ਦੂੰਦ ਮਿਟਾਏ।
੧੬. ਤਬ ਸਹਿਜੇ ਧਰਮ ਪ੍ਰਗਾਸਿਆ ਹਰਿ ਹਰਿ ਜਸ ਗਾਏ।
੧੭. ਵਹ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ।
੧੮. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੧੭॥

ਪਦ ਅਰਥ - ਹਿੰਦਕ=ਹਿੰਦੂ ਧਰਮ ਵਾਲੇ । ਦੋਹੀ=ਦੁਹਾਈ। ਅਗੰਮੜਾ=ਅਗੰਮ, ਜਿਸ ਦਾ ਕੋਈ ਅੰਤ ਨਾ ਪਾ ਸਕੇ। ਵਰੀਆਮ=ਮਹਾਨ ਸੂਰਮਾ।

ਅਰਥ - ੧. (ਸੰਸਾਰ ਵਿਚ) ਬੜੇ ਬਲ ਵਾਲੇ ਸਿੰਘ ਸੂਰਮੇ ਜਾਗੇ (ਪ੍ਰਗਟ ਹੋਏ) ਹਨ, ਜਿਨ੍ਹਾਂ ਨੇ ਸਭ ਦੁਸ਼ਟਾਂ ਨੂੰ ਨਾਸ ਕਰ ਦਿੱਤਾ ਹੈ। ੨. ਮੁਸਲਮਾਨਾਂ ਦੇ ਮਜ਼ਹਬ ਦਾ ਜ਼ੋਰ ਖਤਮ ਹੋ ਗਿਆ ਹੈ ਤੇ ਹਿੰਦੂਆਂ ਦਾ ਧਰਮ ਟਿਕ ਗਿਆ ਹੈ। ੩. (ਖਾਲਸੇ ਦੇ ਪ੍ਰਤਾਪ ਕਰਕੇ) ਨਾ ਕੋਈ ਕਲਮਾਂ ਪੜ੍ਹਦਾ ਸੀ ਤੇ ਨਾ ਹੀ ਕੋਈ ਕਲਮੇ ਦਾ ਜ਼ਿਕਰ ਕਰਦਾ ਸੀ ਤੇ ੪. ਨਾ ਕੋਈ ਨਮਾਜ਼ ਪੜ੍ਹਦਾ ਸੀ, ਨਾ ਕੋਈ ਦਰੂਦ ਦੇਂਦਾ ਸੀ। ਨਾ ਕੋਈ ਫਾਤਿਹਾ ਪੜ੍ਹਦਾ ਸੀ ਤੇ ਨਾ ਕੋਈ ਸੁੰਨਤ ਕਰਾਉਂਦਾ ਸੀ। ੫. ਇਹ ਸ਼ਰ੍ਹਾ ਦਾ ਰਾਹ ਖਤਮ ਕਰਕੇ ਸਭ ਮੁਸਲਮਾਨਾਂ ਨੂੰ ਭਰਮਾਇਆ ਹੈ। ੬. ਸਭਨਾਂ ਨੂੰ ਵਾਹਿਗੁਰੂ ਜੀ ਦੀ ਫ਼ਤਹਿ ਬੁਲਾਉਣ ਦਾ ਸੱਚਾ ਖੇਲ ਰਚਾਇਆ ਹੈ। ੭. (ਸਤਿਗੁਰੂ ਜੀ ਨੇ) ਲੱਖਾਂ ਬਹਾਦਰ ਸਿੰਘ ਪੈਦਾ ਕਰ ਦਿੱਤੇ। ੮. ਉਹਨਾਂ ਸਿੰਘਾਂ ਨੇ ਸਾਰੇ ਸੰਸਾਰ ਦੇ (ਜ਼ੁਲਮਾਂ ਨੂੰ) ਲੁਟ ਕੇ ਤਬਾਹ ਕਰ ਦਿੱਤਾ ਤੇ ਜ਼ਾਲਮ ਤੁਰਕਾਂ ਨੂੰ ਚੁਣ ਚੁਣ ਕੇ ਖਤਮ ਕਰ ਦਿੱਤਾ। ੯. ਫਿਰ (ਸਿੰਘਾਂ ਨੇ) ਸੰਸਾਰ ਵਿਚ ਸੁਖ ਪੈਦਾ ਕੀਤਾ, ਜਿਸ ਨਾਲ ਸਾਰੇ ਦੁੱਖ ਕਲੇਸ਼ ਨਾਸ ਹੋ ਗਏ। ੧੦. ਸਤਿਗੁਰੂ ਜੀ ਨੇ ਪ੍ਰਭੂ ਦੇ ਨਾਮ ਦੀ ਦੋਹੀ (ਦੁਹਾਈ) ਫੇਰ ਦਿੱਤੀ ਤੇ ਇਕ ਅਕਾਲ ਪੁਰਖ ਦਾ ਜਾਪ ਸਭ ਨੂੰ ਜਪਾਇਆ। ੧੧. ਉਹਨਾਂ ਨੇ ਸੰਸਾਰ ਵਿਚ ਨਿਰਭੈਤਾ ਦਾ ਰਾਜ ਚਲਾਇਆ ਤੇ ਸੱਚੇ ਨਿਆਂ ਦੀ ਮਰਯਾਦਾ ਤੋਰੀ। ੧੨. ਕਲਿਜੁਗ ਵਿਚ ਅਵਤਾਰ ਧਾਰ ਕੇ ਸਤਿਗੁਰੂ ਜੀ ਨੇ ਸਤਿਜੁਗ ਵਰਤਾਇਆ ਹੈ। ੧੩. ਸਭ ਮਲੇਛ ਤੁਰਕਾਂ ਦਾ ਨਾਸ ਕਰਕੇ ਸੱਚੀ ਬਣਤ ਬਣਾਈ ਹੈ ਤੇ ੧੪. ਸਾਰੇ ਸੰਸਾਰ ਦੇ ਜੀਵਾਂ ਵਿਚ ਸੁਖ ਵਰਤਾਇਆ ਹੈ ਤੇ ਦੁੱਖਾਂ ਨੂੰ ਨਾਸ ਕੀਤਾ ਹੈ। ੧੫. ਇਸ ਤਰ੍ਹਾਂ ਪ੍ਰਭੂ ਦਾ ਹੁਕਮ ਪ੍ਰਚਲਤ ਹੋਇਆ ਤੇ ਸਾਰੇ ਫਤੂਰ ਮਿਟ ਗਏ। ੧੬. ਤਦੋਂ ਸਹਿਜੇ ਹੀ ਸੱਚੇ ਧਰਮ ਦਾ ਪ੍ਰਕਾਸ਼ ਹੋਇਆ ਤੇ ਸਭ ਜੀਵ ਹਰੀ ਦਾ ਜਸ ਗਾਇਨ ਕਰਨ ਲੱਗ ਪਏ। ੧੭. ਉਹ ਅਗੰਮ ਪੁਰਖ (ਪ੍ਰਭੂ) ਮਹਾਨ ਯੋਧਾ ਗੁਰੂ

ਰੂਪ ਹੋ ਕੇ ਪ੍ਰਗਟ ਹੋਇਆ ਹੈ। ੧੮. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ॥ ੧੭॥

੧੮. ਸਿੰਘ ਸਜ ਕੇ ਆਪਣਾ ਜਨਮ ਸਫਲਾ ਕਰੋ

੧. ਨਿਜ ਫ਼ਤੇ ਬੁਲਾਈ ਸਤਿਗੁਰੂ ਕੀਨੋ ਉਜੀਆਰਾ।
੨. ਝੂਠ ਕਪਟ ਸਭ ਛਪਿ ਗਏ ਸਚ ਸਚ ਵਰਤਾਰਾ।
੩. ਫਿਰ ਜਗ ਹੋਮ ਠਹਿਰਾਇ ਕੈ ਨਿਜ ਧਰਮ ਸਵਾਰਾ।
੪. ਤੁਰਕ ਦੂੰਦ ਸਭ ਉਠ ਗਇਓ ਰਚਿਓ ਜੈਕਾਰਾ।
੫. ਜਹ ਉਪਜੇ ਸਿੰਘ ਮਹਾਂ ਬਲੀ ਖਾਲਸ ਨਿਰਧਾਰਾ।
੬. ਸਭ ਜਗ ਤਿਨਹੂੰ ਬਸ ਕੀਓ ਜਪ ਅਲਖ ਅਪਾਰਾ।
੭. ਗੁਰ ਧਰਮ ਸਿਮਰਿ ਜਗ ਚਮਕਿਓ ਮਿਟਿਓ ਅੰਧਿਆਰਾ।
੮. ਤਬ ਕੁਸਲ ਖੇਮੰ ਆਨੰਦ ਸਿਉਂ ਬਸਿਓ ਸੰਸਾਰਾ।
੯. ਹਰਿ ਵਾਹਿਗੁਰੂ ਮੰਤਰ ਅਗੰਮ ਜਗ ਤਾਰਨਹਾਰਾ।
੧੦. ਜੋ ਸਿਮਰਹਿ ਨਰ ਪ੍ਰੇਮ ਸਿਉ ਪਹੁੰਚੈ ਦਰਬਾਰਾ।
੧੧. ਸਭ ਪਕੜੋ ਚਰਨ ਗੋਬਿੰਦ ਕੇ ਛਾਡੋ ਜੰਜਾਰਾ।
੧੨. ਨਾਤਰੁ ਦਰਗਹ ਕੁਟੀਅਨੁ ਮਨਮੁਖਿ ਕੂੜਿਆਰਾ।
੧੩. ਤਹ ਛੁਟੈ ਸੋਈ ਜੁ ਹਰਿ ਭਜੈ ਸਭ ਤਜੈ ਬਿਕਾਰਾ।
੧੪. ਇਸ ਮਨ ਚੰਚਲ ਕਉ ਘੇਰ ਕਰਿ ਸਿਮਰੈ ਕਰਤਾਰਾ।
੧੫. ਤਬ ਪਹੁੰਚੈ ਹਰਿ ਹੁਕਮ ਸਿਉਂ ਨਿਜ ਦਸਵੈਂ ਦੁਆਰਾ।
੧੬. ਫਿਰ ਇਉਂ ਸਹਿਜੇ ਭੇਟੈ ਗਗਨ ਮੈ ਆਤਮ ਨਿਰਧਾਰਾ।
੧੭. ਤਬ ਵੈ ਨਿਰਖੈਂ ਸੁਰਗ ਮਹਿ ਆਨੰਦ ਸੁਹੇਲਾ।
੧੮. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥ ੧੮॥

ਪਦ ਅਰਥ - ਗਗਨ ਮੈ=ਆਕਾਸ਼ ਵਿਚ, (ਅ) ਦਸਮ ਦੁਆਰ ਵਿਚ, ਨਿਜ ਸਰੂਪ ਵਿਚ।

ਅਰਥ - ੧. ਸਤਿਗੁਰੂ ਜੀ ਨੇ ਆਪ ਹੀ ਵਾਹਿਗੁਰੂ ਜੀ ਕੀ ਫ਼ਤਹਿ ਬੁਲਾ ਕੇ ਸੰਸਾਰ ਵਿਚ ਪ੍ਰਕਾਸ਼

ਕੀਤਾ ਹੈ। ੨. ਸਾਰੇ ਕੂੜਿਆਰ ਤੇ ਕਪਟੀ ਲੁਕ ਗਏ ਹਨ ਤੇ ਹਰ ਪਾਸੇ ਸੱਚ ਦਾ ਵਰਤਾਰਾ ਹੀ ਵਰਤਦਾ ਹੈ। ੩. ਸਤਿਗੁਰੂ ਜੀ ਨੇ ਜਗ ਤੇ ਹੋਮ ਆਦਿਕਾਂ ਨੂੰ ਰੋਕ ਕੇ ਆਪਣੇ ਸੱਚੇ ਧਰਮ ਨੂੰ ਪ੍ਰਚਲਤ ਕੀਤਾ ਹੈ। ੪. ਤੁਰਕਾਂ ਦੇ ਜ਼ੁਲਮ ਸਭ ਨਾਸ ਹੋ ਗਏ ਹਨ ਤੇ ਖਾਲਸੇ ਦੀ ਜੈਜੈਕਾਰ ਹੋ ਰਹੀ ਹੈ। ੫. ਜਦੋਂ ਤੋਂ ਨਿਰੋਲ ਤੇ ਸ਼ੁਧ ਸਿੰਘ ਸੂਰਮੇ ਪੈਦਾ ਹੋਏ ਹਨ। ੬. ਓਦੋਂ ਤੋਂ ਹੀ ਉਹਨਾਂ ਨੇ ਸਭ ਨੂੰ ਇਕ ਅਕਾਲ ਪੁਰਖ ਦਾ ਜਾਪ ਜਪਾ ਕੇ ਆਪਣੇ ਵਸ ਵਿਚ ਕਰ ਲਿਆ ਹੈ। ੭. ਸਤਿਗੁਰੂ ਦੇ ਸੱਚੇ ਧਰਮ ਨੂੰ ਸਿਮਰ ਕੇ (ਗ੍ਰਹਿਣ ਕਰਕੇ) ਜਗਤ ਪ੍ਰਕਾਸ਼ਮਈ ਹੋ ਗਿਆ ਹੈ ਤੇ ਅਗਿਆਨ ਦਾ ਹਨੇਰਾ ਨਾਸ ਹੋ ਗਿਆ ਹੈ। ੮. ਤਦ ਤੋਂ ਸਾਰਾ ਸੰਸਾਰ ਬੜੀ ਪ੍ਰਸੰਨਤਾ ਤੇ ਆਨੰਦ ਨਾਲ ਵਸ ਰਿਹਾ ਹੈ। ੯. ਹਰੀ ਵਾਹਿਗੁਰੂ ਦਾ ਅਗੰਮ ਮੰਤ੍ਰ ਜਗਤ ਨੂੰ ਤਾਰਨ ਵਾਲਾ ਹੈ। ੧੦. ਜੇਹੜਾ ਪੁਰਸ਼ ਇਸ ਵਾਹਿਗੁਰੂ ਮੰਤ੍ਰ ਨੂੰ ਪ੍ਰੇਮ ਨਾਲ ਸਿਮਰਦਾ ਹੈ, ਉਹ ਪ੍ਰਭੂ ਦੇ ਸੱਚੇ ਦਰਬਾਰ ਵਿਚ ਪਹੁੰਚਦਾ ਹੈ। ੧੧. (ਇਸ ਲਈ) ਹੇ ਪਿਆਰਿਓ ! ਤੁਸੀਂ ਸਾਰੇ ਹੀ ਗੋਬਿੰਦ ਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਣ ਫੜੋ ਤੇ ਸੰਸਾਰ ਦੇ ਜੰਜਾਲਾਂ ਨੂੰ ਤਿਆਗ ਦਿਓ। ੧੨. ਮਨਮੁਖ ਕੂੜਿਆਰਾਂ ਨੂੰ ਪ੍ਰਭੂ ਦੀ ਦਰਗਾਹ ਵਿਚ ਸਦਾ ਮਾਰ ਪੈਂਦੀ ਹੈ। ੧੩. ਉਥੇ (ਪ੍ਰਭੂ ਦੀ ਸੱਚੀ ਦਰਗਾਹ ਵਿਚ) ਉਹੋ ਜੀਵ ਪਹੁੰਚਦਾ ਹੈ, ਜੋ ਵਾਹਿਗੁਰੂ (ਮੰਤ੍ਰ) ਦਾ ਸਿਮਰਨ ਕਰਦਾ ਹੈ ਤੇ ਵਿਸ਼ੇ ਵਿਕਾਰਾਂ ਨੂੰ ਤਿਆਗਦਾ ਹੈ। ੧੪. ਇਸ ਚੰਚਲ ਮਨ ਨੂੰ ਘੇਰ ਕੇ (ਵਸ ਕਰਕੇ) ਕਰਤਾ ਪੁਰਖ ਦਾ ਸਿਮਰਨ ਕਰਦਾ ਹੈ। ੧੫. ਫਿਰ ਉਹ ਪੁਰਸ਼ ਹਰੀ ਦੇ ਹੁਕਮ ਨਾਲ ਦਸਵੇਂ ਦੁਆਰ ਵਿਚ ਜਾ ਪਹੁੰਚਦਾ ਹੈ। ੧੬. ਫਿਰ ਉਹ ਸਹਿਜੇ ਹੀ ਹਿਰਦੇ ਰੂਪੀ ਆਕਾਸ਼, ਭਾਵ ਆਪਣੇ ਨਿੱਜ ਸਰੂਪ ਵਿਚ ਜਾ ਮਿਲਦਾ ਹੈ। ੧੭. ਫਿਰ ਉਹ ਸੁਰਗ ਵਿਚ ਆਨੰਦਮਈ ਸੁਖਾਂ ਨੂੰ ਵੇਖਦਾ ਹੈ (ਭਾਵ ਸੁਰਗ ਦੇ ਸੁਖ ਭੋਗਦਾ ਹੈ)। ੧੮. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇਂ ਆਪ ਹੀ ਚੇਲਾ ਰੂਪ ਹੋਏ ਹਨ॥ ੧੮॥

ਭਾਵ—ਗੋਬਿੰਦ ਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਣੀਂ ਲੱਗਕੇ, ਅੰਮ੍ਰਿਤ ਛਕ ਕੇ, ਸਿੰਘ ਸੂਰਮੇ ਬਣ ਕੇ ਆਪਣਾ ਜਨਮ ਸਫਲਾ ਕਰੋ।

੧੯. *ਸਿੰਘਾਂ ਨੇ ਜ਼ਾਲਮ ਹਾਕਮਾਂ ਦਾ ਨਾਸ ਕਰ ਦਿੱਤਾ ਹੈ*

੧. ਵਹਿ ਉਪਜਿਓ ਚੇਲਾ ਮਰਦ ਕਾ ਮਰਦਾਨ ਸਦਾਏ।
੨. ਜਿਨਿ ਸਭ ਪ੍ਰਿਥਵੀ ਕਉ ਜੀਤ ਕਰਿ ਨੀਸਾਨ ਝੁਲਾਏ।
੩. ਤਬ ਸਿੰਘਨ ਕਉ ਬਖਸ ਕਰਿ ਬਹੁ ਸੁਖ ਦਿਖਲਾਏ।
੪. ਫਿਰ ਸਭ ਪ੍ਰਿਥਵੀ ਕੇ ਊਪਰੇ ਹਾਕਮ ਠਹਿਰਾਏ।
੫. ਤਿਨਹੂ ਜਗਤ ਸੰਭਾਲ ਕਰਿ ਆਨੰਦ ਰਚਾਏ।
੬. ਤਹ ਸਿਮਰਿ ਸਿਮਰਿ ਅਕਾਲ ਕਉ ਹਰਿ ਹਰਿ ਗੁਨ ਗਾਏ।
੭. ਵਾਹ ਗੁਰੁ ਗੋਬਿੰਦ ਗਾਜੀ ਸਬਲ ਜਿਨਿ ਸਿੰਘ ਜਗਾਏ।

੮. ਤਬ ਭਇਓ ਜਗਤ ਸਭ ਖਾਲਸਾ ਮਨਮੁਖ ਭਰਮਾਏ।
੯. ਇਉਂ ਉਠਿ ਭਬਕੇ ਬਲ ਬੀਰ ਸਿੰਘ ਸਸਤ੍ਰ ਚਮਕਾਏ।
੧੦. ਤਬ ਸਭ ਤੁਰਕਨ ਕੋ ਛੇਦ ਕਰਿ ਅਕਾਲ ਜਪਾਏ।
੧੧. ਸਭ ਛਤ੍ਰਪਤੀ ਚੁਨਿ ਚੁਨਿ ਹਤੇ ਕਹੂੰ ਟਿਕਨਿ ਨ ਪਾਏ।
੧੨. ਤਬ ਜਗ ਮੈਂ ਧਰਮ ਪਰਗਾਸਿਓ ਸਚੁ ਹੁਕਮ ਚਲਾਏ।
੧੩. ਯਹ ਬਾਰਹ ਸਦੀ ਨਿਬੇੜ ਕਰਿ ਗੁਰ ਫਤੇ ਬੁਲਾਏ।
੧੪. ਤਬ ਦੁਸਟ ਮਲੇਛ ਸਹਿਜੇ ਖਪੇ ਛਲ ਕਪਟ ਉਡਾਏ।
੧੫. ਇਉਂ ਹਰਿ ਅਕਾਲ ਕੇ ਹੁਕਮ ਸੋਂ ਰਣ ਜੁਧ ਮਚਾਏ।
੧੬. ਤਬ ਕੁਦੇ ਸਿੰਘ ਭੁਜੰਗੀਏ ਦਲ ਕਟਕ ਉਡਾਏ।
੧੭. ਇਉਂ ਫਤੇ ਭਈ ਜਗ ਜੀਤ ਕਰਿ ਸਚੁ ਤਖਤ ਰਚਾਏ।
੧੮. ਬਹੁ ਦੀਓ ਦਿਲਾਸਾ ਜਗਤ ਕੋ ਹਰਿ ਭਗਤਿ ਦ੍ਰਿੜਾਏ।
੧੯. ਤਬ ਸਭ ਪ੍ਰਿਥਵੀ ਸੁਖੀਆ ਭਈ ਦੁਖ ਦਰਦ ਗਵਾਏ।
੨੦. ਫਿਰ ਸੁਖ ਨਿਹਚਲ ਬਖਸਿਓ ਜਗਤ ਭੈ ਤ੍ਰਾਸ ਚੁਕਾਏ।
੨੧. ਗੁਰਦਾਸ ਖੜਾ ਦਰ ਪਕੜਿ ਕੈ ਇਉਂ ਉਚਰਿ ਸੁਣਾਏ।
੨੨. ਹੇ ਸਤਿਗੁਰ ਜਮ ਤ੍ਰਾਸ ਸੋਂ ਮੁਹਿ ਲੇਹੁ ਛੁਡਾਏ।
੨੩. ਜਬ ਹਉਂ ਦਾਸਨ ਕੋ ਦਾਸਰਾ ਗੁਰ ਟਹਿਲ ਕਮਾਏ।
੨੪. ਤਬ ਛੂਟੈ ਬੰਧਨ ਸਕਲ ਮੋਹਿ ਫੁਨ ਨਰਕਿ ਨ ਜਾਏ।
੨੫. ਹਰਿ ਦਾਸਾਂ ਚਿੰਦਿਆ ਸਦ ਸਦਾ ਦਾਸਾਂ ਗੁਰ ਮੇਲਾ।
੨੬. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ ੧੯॥

ਪਦ ਅਰਥ - ਨੀਸਾਨ=ਝੰਡੇ। ਗਾਜੀ=ਧਰਮ ਖਾਤਰ ਸ਼ਹੀਦ ਹੋਣ ਵਾਲਾ। ਸਬਲ=ਬਲਵਾਨ। ਛਤ੍ਰਪਤੀ=ਰਾਜੇ ਜਾਂ ਨਵਾਬ ਆਦਿ। ਦਾਸਨ ਕੋ ਦਾਸਰਾ=ਦਾਸਾਂ ਦਾ ਦਾਸ। ਚਿੰਦਿਆ=ਚਾਹਿਆ।

ਅਰਥ - ੧. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਰਮਿੜੇ ਮਰਦ ਦਾ ਚੇਲਾ ਖਾਲਸਾ ਪੰਥ ਪੈਦਾ ਹੋਇਆ ਹੈ, ਜੋ ਸੂਰਮਾ ਸਦਾਉਂਦਾ ਹੈ। ੨. ਜਿਸ ਨੇ ਸਾਰੀ ਪ੍ਰਿਥਵੀ ਨੂੰ ਜਿੱਤ ਕੇ ਧਰਮ ਦੇ ਝੰਡੇ ਝੁਲਾਏ ਹਨ। ੩. ਤਦੋਂ ਹੀ ਸਤਿਗੁਰੂ ਜੀ ਸਿੰਘਾਂ ਨੂੰ ਬਖਸ਼ਿਸ਼ਾਂ ਕਰਕੇ ਅਨੇਕਾਂ ਸੁਖ ਦਿੰਦੇ ਰਹੇ ਹਨ। ੪. ਫਿਰ ਸਤਿਗੁਰੂ

ਨੇ ਆਪਣੇ ਸਿੰਘਾਂ ਨੂੰ ਸੰਸਾਰ ਵਿਚ ਹਾਕਮ ਬਣਾਇਆ (ਭਾਵ ਰਾਜ ਭਾਗ ਬਖਸ਼ਿਆ)। ੫. ਉਹਨਾਂ ਸਿੰਘਾਂ ਹਾਕਮਾਂ ਨੇ ਪਰਜਾ ਦੀ ਸੰਭਾਲ ਕਰਕੇ ਉਹਨਾਂ ਨੂੰ ਸੁਖ ਦਿੱਤਾ। ੬. ਉਹਨਾਂ (ਸਿੰਘਾਂ) ਨੇ ਇਕ ਅਕਾਲ ਪੁਰਖ ਦੀ ਅਰਾਧਨਾ ਕਰਕੇ ਹਰੀ ਦੇ ਗੁਣ ਗਾਏ। ੭. ਧਰਮ ਦੀ ਖਾਤਰ ਸ਼ਹੀਦ ਹੋਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਹਨ, ਜਿਨ੍ਹਾਂ ਨੇ ਬਲਵਾਨ ਸਿੰਘਾਂ ਨੂੰ ਬਣਾਇਆ ਹੈ। ੮. ਤਦ ਤੋਂ ਸਾਰਾ ਸੰਸਾਰ ਖਾਲਸਾ ਹੋ ਗਿਆ ਹੈ ਤੇ ਮਨਮੁਖ ਭਰਮ ਵਿਚ ਪਏ ਭਟਕ ਰਹੇ ਹਨ। ੯. ਇਸ ਤਰ੍ਹਾਂ ਸ਼ਸਤ੍ਰਾਂ ਨੂੰ ਚਮਕਾਉਂਦੇ ਹੋਏ ਬਲਵਾਨ ਸਿੰਘ ਸੂਰਮੇ ਗਰਜਣ ਲੱਗੇ। ੧੦. ਉਹਨਾਂ ਨੇ ਸਭ ਜ਼ਾਲਮ ਤੁਰਕਾਂ ਨੂੰ ਨਾਸ ਕਰ ਕੇ ਇਕ ਅਕਾਲ ਪੁਰਖ ਦਾ ਜਾਪ ਲੋਕਾਂ ਨੂੰ ਜਪਾਇਆ ਹੈ। ੧੧. ਸਿੰਘਾਂ ਨੇ ਸਭ (ਜ਼ਾਲਮ) ਰਾਜਿਆਂ ਤੇ ਨਵਾਬਾਂ ਨੂੰ ਚੁਣ ਚੁਣ ਕੇ ਖਤਮ ਕਰ ਦਿੱਤਾ ਹੈ ਤੇ ਹੁਣ ਉਹਨਾਂ ਜ਼ਾਲਮਾਂ ਨੂੰ ਟਿਕਣ ਲਈ ਕੋਈ ਥਾਂ ਨਹੀਂ ਲੱਭਦੀ। ੧੨. ਤਦ ਤੋਂ ਸੰਸਾਰ ਵਿਚ ਸੱਚੇ ਧਰਮ ਦਾ ਪ੍ਰਕਾਸ਼ ਹੋਇਆ ਹੈ ਤੇ ਸੱਚੇ ਪ੍ਰਭੂ ਦਾ ਹੁਕਮ ਚਲ ਰਿਹਾ ਹੈ। ੧੩. ਸਿੰਘਾਂ ਨੇ ਬਾਰਾਂ ਸੌ ਵਰ੍ਹਿਆਂ ਦੀ ਬਣੀ ਇਸਲਾਮੀ ਹਕੂਮਤ ਨੂੰ ਖਤਮ ਕਰਕੇ ਗੁਰਾਂ ਦੀ ਫ਼ਤਹਿ ਬੁਲਾਈ ਹੈ। ੧੪. ਦੁਸ਼ਟ ਤੇ ਮਲੇਛ ਸਹਿਜੇ ਹੀ ਨਾਸ ਹੋ ਗਏ ਹਨ ਤੇ ਛਲ ਕਪਟ ਉੱਡ ਗਿਆ ਹੈ। ੧੫. ਇਸ ਤਰ੍ਹਾਂ ਹਰੀ ਅਕਾਲ ਦੇ ਹੁਕਮ ਨਾਲ ਜੰਗ ਦੇ ਮੈਦਾਨ ਵਿਚ ਯੁੱਧ ਮਚਾਏ ਹਨ। ੧੬. ਤਦ (ਮੈਦਾਨ ਵਿਚ) ਕੁਦੇ ਭੁਜੰਗੀ ਸਿੰਘਾਂ ਨੇ ਫ਼ੌਜਾਂ ਦੇ ਦਲਾਂ ਦੇ ਦਲ ਉਡਾ ਦਿਤੇ ਹਨ। ੧੭. ਇਸ ਤਰ੍ਹਾਂ ਜਗਤ ਨੂੰ ਜਿੱਤਣ ਨਾਲ ਖਾਲਸੇ ਦੀ ਫ਼ਤਹਿ ਹੋਈ ਹੈ ਤੇ ਉਹਨਾਂ ਨੇ ਸੱਚੇ ਤਖਤ ਦੀ ਰਚਨਾ ਕੀਤੀ। ੧੮. ਸਿੰਘਾਂ ਨੇ ਜਗਤ ਦੇ ਜੀਵਾਂ ਨੂੰ ਦਿਲਾਸਾ (ਹੌਂਸਲਾ) ਦਿੱਤਾ ਹੈ ਤੇ ਪ੍ਰਭੂ ਦੀ ਭਗਤੀ ਨੂੰ ਦ੍ਰਿੜ੍ਹ ਕਰਾਇਆ ਹੈ। ੧੯. ਤਦ ਤੋਂ ਸਾਰੀ ਪ੍ਰਿਥਵੀ ਸੁਖੀ ਹੋਈ ਹੈ ਤੇ ਦੁੱਖ ਦਰਦ ਨਾਸ ਹੋ ਗਏ। ੨੦. ਸਤਿਗੁਰੂ ਨੇ ਸੰਸਾਰ ਦੇ ਜੀਵਾਂ ਨੂੰ ਅਚਲਤਾ ਬਖਸ਼ੀ ਹੈ ਤੇ ਸਭ ਤਰ੍ਹਾਂ ਦੇ ਡਰ ਨਾਸ ਕਰ ਦਿੱਤੇ ਹਨ। ੨੧. ਮੈਂ ਗੁਰਦਾਸ ਵੀ ਸਤਿਗੁਰਾਂ ਦਾ ਦਰ ਫੜ ਕੇ ਖੜਾ ਹਾਂ ਤੇ ਇਸ ਤਰ੍ਹਾਂ ਦੇ ਬਚਨ ਕਰ ਰਿਹਾ ਹਾਂ ਕਿ ੨੨. ਹੇ ਸੱਚੇ ਸਤਿਗੁਰੂ ਜੀ ! ਮੈਨੂੰ ਜਮਾਂ ਦੇ ਡਰ ਤੋਂ ਬਚਾ ਲਓ। ੨੩. ਮੈਂ ਆਪ ਦੇ ਦਾਸਾਂ ਦਾ ਦਾਸ ਹਾਂ ਤੇ ਉਹਨਾਂ ਦੀ ਸੇਵਾ ਕਰਦਾ ਹਾਂ। ੨੪. (ਆਪ ਦੇ ਦਾਸਾਂ ਦੀ ਸੇਵਾ ਕਰਨ ਨਾਲ) ਮੇਰੇ ਸਾਰੇ ਬੰਧਨ ਕੱਟੇ ਜਾਣਗੇ ਤੇ ਮੈਂ ਨਰਕਾਂ ਵਿਚ ਨਹੀਂ ਜਾਵਾਂਗਾ। ੨੫. ਹਰੀ ਦੇ ਦਾਸ ਸਦਾ ਪ੍ਰਭੂ ਨੂੰ ਚਿਤਵਦੇ ਹਨ ਤੇ ਉਹਨਾਂ ਹਰੀ ਦੇ ਦਾਸਾਂ ਦਾ ਸਤਿਗੁਰੂ ਨਾਲ ਮੇਲ ਹੁੰਦਾ ਹੈ। ੨੬. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ॥ ੧੯॥

੨੦. ਇਸ ਵਾਰ ਦੇ ਪੜ੍ਹਨ ਦਾ ਫਲ

੧. ਸੰਤ ਭਗਤ ਗੁਰ ਸਿਖ ਹਹਿ ਜਗ ਤਾਰਨ ਆਏ।
੨. ਸੇ ਪਰਉਪਕਾਰੀ ਜਗ ਮੋ ਗੁਰੁ ਮੰਤ੍ਰ ਜਪਾਏ।
੩. ਜਪ ਤਪ ਸੰਜਮ ਸਾਧ ਕਰਿ ਹਰਿ ਭਗਤਿ ਕਮਾਏ।
੪. ਤਹਿ ਸੇਵਕ ਸੋ ਪਰਵਾਨ ਹੈ ਹਰਿ ਨਾਮ ਦ੍ਰਿੜਾਏ।
੫. ਕਾਮ ਕਰੋਧ ਫੁਨ ਲੋਭ ਮੋਹ ਅਹੰਕਾਰ ਚੁਕਾਏ।

੬. ਜੋਗ ਜੁਗਤਿ ਘਟਿ ਸਾਧ ਕਰਿ ਪਵਣਾ ਠਹਿਰਾਏ।
੭. ਤਬ ਖਟ ਚਕਰਾ ਸਹਿਜੇ ਘੁਰੇ ਗਗਨਾ ਘਰਿ ਛਾਏ।
੮. ਨਿਜ ਸੁੰਨ ਸਮਾਧਿ ਲਗਾਇ ਕੈ ਅਨਹਦ ਲਿਵ ਲਾਏ।
੯. ਤਬ ਦਰਗਹ ਮੁਖ ਉਜਲੇ ਪਤਿ ਸਿਉਂ ਘਰਿ ਜਾਏ।
੧੦. ਕਲੀ ਕਾਲ ਮਰਦਾਨ ਮਰਦ ਨਾਨਕ ਗੁਨ ਗਾਏ।
੧੧. ਯਹ 'ਵਾਰ ਭਗਉਤੀ' ਜੋ ਪੜ੍ਹੈ ਅਮਰਾ ਪਦ ਪਾਏ।
੧੨. ਤਿਹ ਦੂਖ ਸੰਤਾਪ ਨ ਕਛੁ ਲਗੈ ਆਨੰਦ ਵਰਤਾਏ।
੧੩. ਫਿਰ ਜੋ ਚਿਤਵੈ ਸੋਈ ਲਹੈ ਘਟਿ ਅਲਖ ਲਖਾਏ।
੧੪. ਤਬ ਨਿਸ ਦਿਨ ਇਸ ਵਾਰ ਸੋਂ ਮੁਖ ਪਾਠ ਸੁਨਾਏ।
੧੫. ਸੋ ਲਹੈ ਪਦਾਰਥ ਮੁਕਤਿ ਪਦ ਚੜ੍ਹਿ ਗਗਨ ਸਮਾਏ।
੧੬. ਤਬ ਕਛੂ ਨ ਪੂਛੇ ਜਮ ਧਰਮ ਸਭ ਪਾਪ ਮਿਟਾਏ।
੧੭. ਤਬ ਲਗੈ ਨ ਤਿਸੁ ਜਮ ਡੰਡ ਦੁਖ ਨਹਿੰ ਹੋਇ ਦੁਹੇਲਾ।
੧੮. ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥ ੨੦॥

ਪਦ ਅਰਥ - ਅਮਰਾ ਪਦ=ਮੁਕਤੀ। ਜਮ ਧਰਮ=ਜਮਦੂਤ ਤੇ ਧਰਮਰਾਜ।

ਅਰਥ - ੧. ਜਿਹੜੇ ਪੁਰਸ਼ ਸੰਸਾਰ ਨੂੰ ਤਾਰਨ ਆਏ ਹਨ, ਉਹ ਸੰਤ, ਭਗਤ ਤੇ ਗੁਰੂ ਦੇ ਸਿੱਖ ਹਨ। ੨. ਉਹ ਪਰਉਪਕਾਰੀ (ਸੰਤ) ਸੰਸਾਰ ਦੇ ਜੀਵਾਂ ਨੂੰ ਪ੍ਰਭੂ ਦਾ ਨਾਮ ਜਪਾਉਂਦੇ ਹਨ। ੩. ਉਹ ਜਪ, ਤਪ ਤੇ ਸੰਜਮ ਕਰਕੇ ਹਰੀ ਦੀ ਭਗਤੀ ਕਰਦਾ ਹੈ। ੪. ਉਹ ਸੇਵਕ (ਦਾਸ) ਪ੍ਰਵਾਨ ਹੈ, ਜੋ ਹਰੀ ਨਾਮ ਨੂੰ ਸਿਮਰਦਾ ਹੈ। ੫. ਉਹ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਨੂੰ ਨਾਸ ਕਰ ਦਿੰਦਾ ਹੈ। ੬. ਉਹ ਜੋਗ ਦੀ ਜੁਗਤੀ ਨਾਲ ਹਿਰਦੇ ਨੂੰ ਸ਼ੁਧ ਕਰਕੇ ਪੌਣ ਵਾਂਗੂੰ ਉੱਡਦੇ ਮਨ ਨੂੰ ਰੋਕ ਲੈਂਦਾ ਹੈ। ੭. (ਉਸ ਭਗਤ ਦੇ) ਸਹਿਜੇ ਹੀ ਛੇ ਘੁਰੇ (ਚੱਕਰ) ਖੁਲ੍ਹ ਜਾਂਦੇ ਹਨ ਤੇ ਉਹ ਆਕਾਸ਼ ਮੰਡਲ (ਦਸਮ ਦੁਆਰ) ਵਿਚ ਜਾ ਟਿਕਦਾ ਹੈ। ੮. ਉਹ ਅਫੁਰ ਸਮਾਧੀ ਲਾ ਕੇ ਅਨਹਦ ਵਿਚ ਲਿਵ ਲਾਉਂਦਾ ਹੈ। ੯. ਫਿਰ ਉਸ ਦਾ ਮੂੰਹ ਪ੍ਰਭੂ ਦੀ ਸੱਚੀ ਦਰਗਾਹ ਵਿਚ ਉੱਜਲਾ ਹੁੰਦਾ ਹੈ ਤੇ ਉਹ ਬੜੀ ਇਜ਼ਤ ਨਾਲ ਆਪਣੇ ਨਿੱਜ ਸਰੂਪ ਵਿਚ ਜਾਂਦਾ ਹੈ। ੧੦. ਇਸ ਕਲਿਜੁਗ ਦੇ ਸਮੇਂ ਵਿਚ ਉਹ ਬਹਾਦਰਾਂ ਤੋਂ ਵੀ ਬਹਾਦਰ ਹੈ, ਜੋ ਸਤਿਗੁਰੂ ਨਾਨਕ ਦੇਵ ਜੀ ਦੇ ਗੁਣ ਗਾਉਂਦਾ ਹੈ। ੧੧. ਜਿਹੜਾ ਪੁਰਸ਼ ਇਸ ਭਗਉਤੀ ਦੀ ਵਾਰ ਦਾ ਪਾਠ ਕਰੇਗਾ, ਉਹ ਅਮਰ ਪਦਵੀ (ਮੁਕਤੀ) ਪ੍ਰਾਪਤ ਕਰੇਗਾ। ੧੨. ਉਸ ਨੂੰ ਕੋਈ ਦੁੱਖ ਤੇ ਕਲੇਸ਼ ਨਹੀਂ ਵਿਆਪੇਗਾ ਤੇ ਉਹ ਆਨੰਦ ਵਿਚ ਹੀ ਰਹੇਗਾ। ੧੩. ਫਿਰ ਉਹ ਪੁਰਸ਼ ਆਪਦੇ ਮਨ ਵਿਚ ਜੋ ਚਿਤਵੇਗਾ, ਉਸ ਨੂੰ ਉਹੋ ਕੁਛ ਮਿਲੇਗਾ ਤੇ ਉਹ ਉਸ ਅਲਖ ਪ੍ਰਭੂ ਨੂੰ ਲਖ ਲਵੇਗਾ। ੧੪. ਫਿਰ ਉਹ ਦਿਨ ਰਾਤ ਇਸ

ਵਾਰ ਦਾ ਪਾਠ ਆਪਣੇ ਮੂੰਹੋਂ ਸੁਣਾਏਗਾ। ੧੫. (ਇਸ ਲਈ) ਉਹ ਮੁਕਤੀ ਦਾ ਪਦਾਰਥ ਪ੍ਰਾਪਤ ਕਰ ਲਏਗਾ ਤੇ ਮਨ ਰੂਪੀ ਘੋੜੇ ਉਤੇ ਸਵਾਰ ਹੋ ਕੇ ਗਗਨ (ਪ੍ਰਭੂ ਦੇ ਦੇਸ ਵਿਚ) ਜਾ ਸਮਾਏਗਾ। ੧੬. ਉਸ ਨੂੰ ਧਰਮ ਰਾਜ ਤੇ ਜਮਦੂਤ ਕੋਈ ਲੇਖਾ ਨਹੀਂ ਪੁੱਛਣਗੇ ਤੇ ਉਸ ਦੇ ਸਾਰੇ ਪਾਪ ਨਾਸ ਹੋ ਜਾਣਗੇ। ੧੭. ਉਸ ਨੂੰ ਜਮਾਂ ਦਾ ਡੰਡ ਵੀ ਨਹੀਂ ਲੱਗੇਗਾ ਤੇ ਨਾ ਹੀ ਉਸ ਨੂੰ ਮੁੜ ਕੇ ਕੋਈ ਦੁੱਖ ਹੋਵੇਗਾ। ੧੮. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਧੰਨ ਧੰਨ ਹਨ, ਜੋ ਆਪ ਹੀ ਗੁਰੂ ਤੇ ਆਪ ਹੀ ਚੇਲਾ ਰੂਪ ਹੋਏ ਹਨ॥ ੨੦॥

੨੧. ਦਸਾਂ ਸਤਿਗੁਰਾਂ ਦੀ ਮਹਿਮਾ

੧. ਹਰਿ ਸਤਿਗੁਰ ਨਾਨਕ ਖੇਲ ਰਚਾਇਆ।
੨. ਅੰਗਦ ਕਉ ਪ੍ਰਭੁ ਅਲਖ ਲਖਾਇਆ।
੩. ਪ੍ਰਿਥਮ ਮਹਲ ਹਰ ਨਾਮੁ ਜਪਾਇਓ।
੪. ਦੁਤੀਏ ਅੰਗਦ ਹਰਿ ਗੁਣ ਗਾਇਓ।
੫. ਤੀਸਰ ਮਹਲ ਅਮਰ ਪਰਧਾਨਾ।
੬. ਜਿਨ ਘਟ ਮਹਿ ਨਿਰਖੇ ਹਰਿ ਭਗਵਾਨਾ।
੭. ਜਲ ਭਰਿਓ ਸਤਿਗੁਰੁ ਕੇ ਦੁਆਰੇ।
੮. ਤਬ਼ ਇਹ ਪਾਇਓ ਮਹਲ ਅਪਾਰੇ।
੯. ਗੁਰੁ ਰਾਮਦਾਸ ਚਉਥੇ ਪਰਗਾਸਾ।
੧੦. ਜਿਨਿ ਰਟੇ ਨਿਰੰਜਨ ਪ੍ਰਭੁ ਅਬਿਨਾਸਾ।
੧੧. ਗੁਰੂ ਅਰਜਨ ਪੰਚਮ ਠਹਿਰਾਇਓ।
੧੨. ਜਿਨ ਸਬਦ ਸੁਧਾਰ ਗਰੰਥ ਬਣਾਇਓ।
੧੩. ਗ੍ਰੰਥ ਬਣਾਇ ਉਚਾਰ ਸੁਨਾਇਓ।
੧੪. ਤਬ ਸਰਬ ਜਗਤ ਮੈ ਪਾਠ ਰਚਾਇਓ।
੧੫. ਕਰਿ ਪਾਠ ਗ੍ਰੰਥ ਜਗਤ ਸਭ ਤਰਿਓ।
੧੬. ਜਿਹ ਨਿਸ ਬਾਸੁਰ ਹਰਿ ਨਾਮ ਉਚਰਿਓ।
੧੭. ਗੁਰ ਹਰਿ ਗੋਬਿੰਦ ਖਸਟਮ ਅਵਤਾਰੇ।

੧੮. ਜਿਨਿ ਪਕੜਿ ਤੇਗ ਬਹੁ ਦੁਸਟ ਪਛਾਰੇ।
੧੯. ਇਉਂ ਸਭ ਮੁਗਲਨ ਕਾ ਮਨ ਬਉਰਾਨਾ।
੨੦. ਤਬ ਹਰਿ ਭਗਤਨ ਸੋਂ ਦੁੰਦ ਰਚਾਨਾ।
੨੧. ਇਉਂ ਕਰਿ ਹੈ ਗੁਰਦਾਸ ਪੁਕਾਰਾ।
੨੨. ਹੇ ਸਤਿਗੁਰੁ ਮੁਹਿ ਲੇਹੁ ਉਬਾਰਾ॥ ੨੧॥

ਪਦ ਅਰਥ - ਨਿਰਖੇ=ਦੇਖੇ। ਮਹਲ=ਰੁਤਬਾ, ਮਰਤਬਾ, ਦਰਜਾ।

ਅਰਥ - ੧. ਅਕਾਲ ਪੁਰਖ ਦੇ ਸਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਇਹ ਸਾਰੀ ਖੇਡ (ਰਚਨਾ) ਰਚੀ ਹੈ। ੨. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਸਿੱਖ ਬਣਾ ਕੇ ਤੇ ਉਪਦੇਸ਼ ਦੇ ਕੇ ਉਸ ਅਲਖ ਪ੍ਰਭੂ ਨੂੰ ਲਖਾਇਆ ਹੈ। ੩. ਪਹਿਲੇ ਸਰੂਪ ਵਿਚ ਹੋ ਕੇ ਸਤਿਗੁਰੂ ਨਾਨਕ ਦੇਵ ਜੀ ਨੇ ਆਪ ਹਰੀ ਦੇ ਨਾਮ ਨੂੰ ਸਿਮਰਿਆ ਹੈ। ੪. ਦੂਜੇ ਸਰੂਪ, ਸ੍ਰੀ ਗੁਰੂ ਅੰਗਦ ਦੇਵ ਜੀ ਹੋ ਕੇ ਹਰੀ ਦੇ ਗੁਣਾਂ ਨੂੰ ਗਾਇਨ ਕੀਤਾ ਹੈ। ੫. ਤੀਸਰੇ ਸਰੂਪ, ਸ੍ਰੀ ਗੁਰੂ ਅਮਰਦਾਸ ਜੀ ਨੇ ਅਮਰ (ਪ੍ਰਭੂ) ਦਾ ਧਿਆਨ ਧਰਿਆ ਹੈ। ੬. ਉਹਨਾਂ ਨੇ ਆਪਣੇ ਹਿਰਦੇ ਵਿਚ ਹਰੀ ਦੇ ਦਰਸ਼ਨ ਕੀਤੇ ਹਨ। ੭. ਤੇ ੮. ਇਹ ਅਮਰ ਪਦਵੀ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਦਾ ਜਲ ਢੋ ਕੇ ਤੇ ਹੋਰ ਸੇਵਾ ਕਰਕੇ ਪ੍ਰਾਪਤ ਕੀਤੀ ਹੈ। ੯. ਚੌਥੇ ਸਰੂਪ ਸ੍ਰੀ ਗੁਰੂ ਰਾਮਦਾਸ ਜੀ ਦਾ ਸੰਸਾਰ ਵਿਚ ਪ੍ਰਕਾਸ਼ ਹੋਇਆ ਹੈ। ੧੦. ਜਿਨ੍ਹਾਂ ਨੇ ਮਾਇਆ ਤੋਂ ਰਹਿਤ ਤੇ ਅਬਨਾਸੀ ਪ੍ਰਭੂ ਦਾ ਨਾਮ ਜਪਿਆ ਹੈ। ੧੧. ਉਹਨਾਂ ਨੇ ਆਪਣੀ ਗੱਦੀ 'ਤੇ ਪੰਜਵੇਂ ਸਤਿਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਿਠਾਇਆ। ੧੨. ਜਿਨ੍ਹਾਂ ਨੇ ਪਹਿਲੇ ਸਤਿਗੁਰਾਂ ਦੇ ਸ਼ਬਦਾਂ ਨੂੰ ਇਕੱਤ੍ਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਕੀਤੀ। ੧੩. ਪਵਿੱਤ੍ਰ ਗ੍ਰੰਥ ਨੂੰ ਉਚਾਰ ਕੇ ਸੁਣਾਇਆ ਤੇ ੧੪. ਸਾਰੇ ਸੰਸਾਰ ਵਿਚ ਗੁਰਬਾਣੀ ਦਾ ਪਾਠ ਪ੍ਰਚਲਤ ਕੀਤਾ। ੧੫. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਕੇ ਸਾਰਾ ਸੰਸਾਰ ਤਰ ਗਿਆ ਹੈ। ੧੬. ਉਹ ਪੁਰਸ਼ ਤਰ ਗਿਆ ਹੈ, ਜਿਸ ਨੇ ਦਿਨ ਰਾਤ ਪ੍ਰਭੂ ਦੇ ਨਾਮ ਨੂੰ ਸਿਮਰਿਆ ਹੈ। ੧੭. ਫਿਰ ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਵਤਾਰ ਹੋਇਆ। ੧੮. ਜਿਨ੍ਹਾਂ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਜ਼ਾਲਮਾਂ ਦਾ ਨਾਸ ਕੀਤਾ। ੧੯. ਇਸ ਤਰ੍ਹਾਂ ਸਾਰੇ (ਜ਼ਾਲਮ) ਮੁਗਲਾਂ ਦੇ ਮਨਾਂ ਨੂੰ ਪਾਗਲਾਂ ਵਾਂਗੂੰ ਕਰ ਦਿੱਤਾ। ੨੦. ਉਹਨਾਂ (ਦੁਸ਼ਟ) ਮੁਗਲਾਂ ਨੇ ਹਰੀ ਦੇ ਭਗਤਾਂ ਨੂੰ ਬਹੁਤ ਦੁਖੀ ਕੀਤਾ ਹੋਇਆ ਸੀ। ੨੧. ਮੈਂ ਗੁਰਦਾਸ ਸਤਿਗੁਰੂ ਜੀ ਅੱਗੇ ਇਉਂ ਪੁਕਾਰ (ਬੇਨਤੀ) ਕਰਦਾ ਹਾਂ ਕਿ ੨੨. ਹੇ ਸਤਿਗੁਰੂ ਜੀ ! ਮੈਨੂੰ (ਜਗਤ ਦੇ ਦੁੱਖਾਂ ਕਲੇਸ਼ਾਂ ਤੋਂ) ਬਚਾ ਲਵੋ॥ ੨੧॥

੨੨. ਦਸਾਂ ਗੁਰਾਂ ਦੀ ਉਪਮਾ

੧. ਸਪਤਮ ਮਹਿਲ ਅਗਮ ਹਰਿ ਰਾਇਆ।
੨. ਜਿਨ ਸੁੰਨ ਧਿਆਨ ਕਰਿ ਜੋਗ ਕਮਾਇਆ।

੩. ਚੜ੍ਹਿ ਗਗਨ ਗੁਫਾ ਮਹਿ ਰਹਿਓ ਸਮਾਈ।
੪. ਜਹਾ ਬੈਠ ਅਡੋਲ ਸਮਾਧਿ ਲਗਾਈ।
੫. ਸਭ ਕਲਾ ਖੈਂਚ ਕਰਿ ਗੁਪਤ ਰਹਾਯੰ।
੬. ਤਹਿ ਅਪਨ ਰੂਪ ਕੋ ਨਹਿੰ ਦਿਖਲਾਯੰ।
੭. ਇਉਂ ਇਸ ਪਰਕਾਰ ਗੁਬਾਰ ਮਚਾਇਓ।
੮. ਤਹ ਦੇਵ ਅੰਸ ਕੋ ਬਹੁ ਚਮਕਾਇਓ।
੯. ਹਰਿਕਿਸਨ ਭਯੋ ਅਸਟਮ ਬਲਬੀਰਾ।
੧੦. ਜਿਨ ਪਹੁੰਚਿ ਦੇਹਲੀ ਤਜਿਓ ਸਰੀਰਾ।
੧੧. ਬਾਲ ਰੂਪ ਧਰਿ ਸ੍ਵਾਂਗ ਰਚਾਇਓ।
੧੨. ਤਬ ਸਹਿਜੇ ਤਨ ਕੋ ਛੋਡਿ ਸਿਧਾਇਓ।
੧੩. ਇਉ ਮੁਗਲਨਿ ਸੀਸ ਪਰੀ ਬਹੁ ਛਾਰਾ।
੧੪. ਵੈ ਖੁਦ ਪਤਿ ਸੋ ਪਹੁੰਚੇ ਦਰਬਾਰਾ।
੧੫. ਔਰੰਗੇ ਇਹ ਬਾਦ ਰਚਾਇਓ।
੧੬. ਤਿਹ ਅਪਨਾ ਕੁਲ ਸਭ ਨਾਸ ਕਰਾਇਓ।
੧੭. ਇਉ ਠਹਕਿ ਠਹਕਿ ਮੁਗਲਨਿ ਸਿਰਿ ਝਾਰੀ।
੧੮. ਫੁਨ ਹੋਇ ਪਾਪੀ ਵਹ ਨਰਕ ਸਿਧਾਰੀ।
੧੯. ਇਉਂ ਕਰਿ ਹੈ ਗੁਰਦਾਸ ਪੁਕਾਰਾ।
੨੦. ਹੇ ਸਤਿਗੁਰ ਮੁਹਿ ਲੇਹੁ ਉਬਾਰਾ॥ ੨੨॥

ਪਦ ਅਰਥ - ਦੇਹਲੀ=ਦਿੱਲੀ। ਪਤਿ ਸਿਉਂ=ਸਤਿਕਾਰ ਨਾਲ। ਬਾਦ=ਝਗੜਾ।

ਅਰਥ - ੧. ਅਗੰਮ (ਅਕਾਲ ਪੁਰਖ) ਸੱਤਵੇਂ ਸਰੂਪ ਵਿਚ ਸ੍ਰੀ ਹਰਿਰਾਇ ਜੀ ਹੋ ਕੇ ਪ੍ਰਗਟ ਹੋਏ। ੨. ਜਿਨ੍ਹਾਂ ਨੇ ਅਫੁਰ ਅਵਸਥਾ ਵਿਚ ਰਹਿ ਕੇ ਜੋਗ ਕਮਾਇਆ ਸੀ। ੩. ਆਕਾਸ਼ ਵਾਂਗੂੰ ਵਿਆਪਕ ਪ੍ਰਭੂ ਦੇ ਉੱਚੇ ਮੰਡਲਾਂ ਵਿਚ ਚੜ੍ਹ ਕੇ ਉਹਨਾਂ ਦੀ ਬਿਰਤੀ ਗੁਫਾ ਵਿਚ ਸਮਾਧੀ ਵਾਂਗੂੰ ਲੱਗੀ ਰਹਿੰਦੀ ਸੀ। ੪. ਆਪ ਜਿਥੇ ਬੈਠਦੇ ਸਨ, ਉਥੇ ਹੀ ਅਡੋਲ ਸਮਾਧੀ ਵਿਚ ਸਥਿਤ ਰਹਿੰਦੇ ਸਨ। ੫. ਕੁਦਰਤ ਦੀਆਂ ਸਭ ਸ਼ਕਤੀਆਂ ਨੂੰ ਆਪਣੇ ਵਸ ਵਿਚ ਕਰਕੇ ਆਪ ਗੁਪਤ ਹੋ ਕੇ ਰਹਿੰਦੇ ਸਨ। ੬. ਉਹ ਆਪਣੇ ਅਸਲ ਸਰੂਪ ਨੂੰ ਕਿਸੇ ਅੱਗੇ ਪ੍ਰਗਟ ਨਹੀਂ ਸਨ ਕਰਦੇ। ੭. ਮੁਗਲਾਂ ਨੇ ਆਪ ਦੀ ਇਹ ਅਵਸਥਾ ਵੇਖ ਕੇ ਫਤੂਰ

(ਜ਼ੁਲਮ) ਦਾ ਹਨੇਰਾ ਫੈਲਾ ਦਿੱਤਾ (ਭਾਵ ਮੁਗਲਾਂ ਨੇ ਆਪਣੇ ਜ਼ੁਲਮਾਂ ਨੂੰ ਤੇਜ਼ ਕਰ ਦਿੱਤਾ)। ੮. ਤਦ ਪ੍ਰਭੂ ਦੀ ਅੰਸ ਬੜੇ ਤੇਜ਼ ਨਾਲ ਚਮਕੀ। ੯. ਫਿਰ ਪ੍ਰਭੂ ਬੜੇ ਬਲਵਾਨ ਸਰੂਪ ਵਿਚ ਅੱਠਵੇਂ ਸਤਿਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਸਰੂਪ ਵਿਚ ਪ੍ਰਗਟ ਹੋਏ। ੧੦. ਜਿਨ੍ਹਾਂ ਨੇ ਦਿੱਲੀ ਪਹੁੰਚ ਕੇ ਆਪਣੇ ਸਰੀਰ ਨੂੰ ਤਿਆਗਿਆ। ੧੧. ਬਾਲਕ ਰੂਪ ਧਾਰ ਕੇ ਅਠਵੇਂ ਸਤਿਗੁਰਾਂ ਨੇ ਕਈ ਕੌਤਕ ਕੀਤੇ। ੧੨. ਆਪ ਸਹਿਜੇ ਹੀ ਆਪਣੇ ਸਰੀਰ ਨੂੰ ਤਿਆਗ ਕੇ ਆਪਣੇ ਸਰੂਪ ਵਿਚ ਲੀਨ ਹੋ ਗਏ। ੧੩. ਇਸ ਤਰ੍ਹਾਂ ਉਹਨਾਂ ਦੇ ਸਰੀਰ ਤਿਆਗਣ ਨਾਲ ਮੁਗਲਾਂ ਦੇ ਸਿਰ ਉਤੇ ਬਹੁਤ ਸਾਰੀ ਛਾਰਾ (ਸੁਆਹ) ਪਈ ਤੇ ੧੪. ਆਪ ਸਤਿਗੁਰੂ ਜੀ ਬੜੀ ਇੱਜ਼ਤ ਨਾਲ ਪ੍ਰਭੂ ਦੇ ਦਰਬਾਰ ਵਿਚ ਪਹੁੰਚ ਗਏ। ੧੫. ਅੱਠਵੇਂ ਗੁਰੂ ਜੀ ਦੇ ਸਮਾਉਣ ਤੋਂ ਬਾਅਦ ਬਾਦਸ਼ਾਹ ਔਰੰਗਜ਼ੇਬ ਨੇ ਕਈ ਝਗੜੇ ਖੜੇ ਕਰ ਦਿੱਤੇ। ੧੬. ਬਾਦਸ਼ਾਹ ਨੇ ਆਪਣੇ ਜ਼ੁਲਮਾਂ ਨਾਲ ਪਹਿਲਾਂ ਆਪਣੀ ਕੁਲ ਨੂੰ ਨਾਸ ਕੀਤਾ (ਭਾਵ ਆਪਣੇ ਪਿਤਾ ਤੇ ਹੋਰ ਭਲੇ ਪੁਰਸ਼ਾਂ ਨੂੰ ਦੁਖੀ ਕਰਕੇ ਖਤਮ ਕਰ ਦਿੱਤਾ)। ੧੭. ਇਸ ਤਰ੍ਹਾਂ ਆਪੋ ਵਿਚ ਲੜ ਲੜ ਕੇ ਮੁਗਲਾਂ ਦੇ ਸਿਰ ਵਢੇ ਗਏ। ੧੮. ਫਿਰ ਪਾਪੀ ਹੋ ਕੇ ਸਾਰੇ ਨਰਕਾਂ ਵਿਚ ਚਲੇ ਗਏ। ੧੯. ਮੈਂ ਗੁਰਦਾਸ ਇਸ ਤਰ੍ਹਾਂ ਸਤਿਗੁਰੂ ਜੀ ਅੱਗੇ ਪੁਕਾਰ (ਬੇਨਤੀ) ਕਰਦਾ ਹਾਂ ਕਿ ੨੦. ਹੇ ਸਤਿਗੁਰੂ ਜੀ ! ਮੈਨੂੰ (ਸੰਸਾਰ ਦੇ ਦੁੱਖਾਂ ਕਲੇਸ਼ਾਂ ਤੋਂ ਆਪਣੀ ਮਿਹਰ ਕਰਕੇ) ਬਚਾ ਲਵੋ॥ ੨੨ ॥

੨੩. ਦਸਾਂ ਸਤਿਗੁਰਾਂ ਦੀ ਵਡਿਆਈ

੧. ਗੁਰੂ ਨਾਨਕ ਸਭ ਕੇ ਸਿਰ ਤਾਜਾ।
੨. ਜਿਹ ਕਉ ਸਿਮਰਿ ਸਰੇ ਸਭ ਕਾਜਾ।
੩. ਗੁਰ ਤੇਗ ਬਹਾਦਰ ਸ੍ਵਾਂਗ ਰਚਾਯੰ।
੪. ਜਿਹ ਅਪਨ ਸੀਸ ਦੇ ਜਗ ਠਹਰਾਯੰ।
੫. ਇਸ ਬਿਧਿ ਮੁਗਲਨ ਕੋ ਭਰਮਾਇਓ।
੬. ਤਬ ਸਤਿਗੁਰੁ ਅਪਨਾ ਬਲ ਨ ਜਨਾਇਓ।
੭. ਪ੍ਰਭੁ ਹੁਕਮ ਬੂਝਿ ਪਹੁੰਚੇ ਦਰਬਾਰਾ।
੮. ਤਬ ਸਤਿਗੁਰੁ ਕੀਨੀ ਮਿਹਰ ਅਪਾਰਾ।
੯. ਇਉਂ ਮੁਗਲਨਿ ਕੋ ਦੋਖ ਲਗਾਨਾ।
੧੦. ਹੋਇ ਖਰਾਬ ਖਪਿ ਗਏ ਨਿਦਾਨਾ।
੧੧. ਇਉਂ ਨਉਂ ਮਹਿਲੋਂ ਕੀ ਜੁਗਤਿ ਸੁਨਾਈ।
੧੨. ਜਿਹ ਕਰਿ ਸਿਮਰਨ ਹਰਿ ਭਗਤਿ ਰਚਾਈ।
੧੩. ਹਰਿ ਭਗਤਿ ਰਚਾਇ ਨਾਮ ਨਿਸਤਾਰੇ।

੧੪. ਤਬ ਸਭ ਜਗ ਮੈ ਪ੍ਰਗਟਿਓ ਜੈਕਾਰੇ।
੧੫. ਇਉਂ ਕਰਿ ਹੈ ਗੁਰਦਾਸ ਪੁਕਾਰਾ।
੧੬. ਹੇ ਸਤਿਗੁਰੁ ਮੁਹਿ ਲੇਹੁ ਉਬਾਰਾ॥ ੨੩॥

ਅਰਥ - ੧. ਸ੍ਰੀ ਗੁਰੂ ਨਾਨਕ ਦੇਵ ਜੀ ਸਾਰਿਆਂ ਦੇ ਸਿਰਤਾਜ (ਸ਼੍ਰੋਮਣੀ) ਹਨ। ੨. ਜਿਨ੍ਹਾਂ ਦੇ ਸਿਮਰਨ ਕਰਨ ਨਾਲ (ਸੰਸਾਰ ਦੇ) ਸਾਰੇ ਕਾਰਜ ਸੌਰਦੇ ਹਨ। ੩. (ਫਿਰ) ਸ੍ਰੀ ਤੇਗ ਬਹਾਦਰ ਜੀ ਨੇ ਕੌਤਕ ਰਚਾਇਆ ਤੇ ੪. ਆਪਣੇ ਸੀਸ ਦਾ ਬਲੀਦਾਨ ਦੇ ਕੇ ਸੰਸਾਰ ਨੂੰ ਬਚਾ ਲਿਆ। ੫. (ਸਤਿਗੁਰਾਂ ਨੇ) ਇਸ ਤਰ੍ਹਾਂ ਮੁਗਲਾਂ ਨੂੰ ਭੁਲਾ ਦਿੱਤਾ ਤੇ ੬. ਆਪਣਾ ਬਲ ਮੁਗਲਾਂ ਅੱਗੇ ਪ੍ਰਗਟ ਨਾ ਕੀਤਾ। ੭. ਪ੍ਰਭੂ ਦਾ ਹੁਕਮ ਮੰਨ ਕੇ ਸਤਿਗੁਰੂ ਜੀ (ਔਰੰਗਜ਼ੇਬ ਦੇ) ਦਰਬਾਰ ਵਿਚ ਪਹੁੰਚੇ। ੮. ਉਹਨਾਂ ਸਤਿਗੁਰਾਂ ਨੇ ਬੜੀ ਕ੍ਰਿਪਾਲਤਾ ਕੀਤੀ। ੯. ਇਸ ਤਰ੍ਹਾਂ ਮੁਗਲਾਂ ਦੇ ਸਿਰ (ਆਪਣੀ ਸ਼ਹੀਦੀ ਦਾ) ਦੋਸ਼ ਲਗਾਇਆ। ੧੦. ਮੁਗਲ ਅੰਤ ਨੂੰ ਖਵਾਰ ਹੋ ਕੇ ਨਾਸ ਹੋ ਗਏ। ੧੧. ਇਸ ਤਰ੍ਹਾਂ ਨੌਵਾਂ ਸਤਿਗੁਰਾਂ ਦੀ ਜੁਗਤਿ (ਮਰਯਾਦਾ) ਸੁਣਾਈ ਹੈ। ੧੨. ਜਿਨ੍ਹਾਂ ਨੇ ਪ੍ਰਭੂ ਦਾ ਸਿਮਰਨ ਕਰਕੇ ਹਰੀ ਦੀ ਭਗਤੀ ਪ੍ਰਚਲਤ ਕੀਤੀ। ੧੩. (ਸਤਿਗੁਰਾਂ ਨੇ) ਜਗਤ ਦੇ ਜੀਵਾਂ ਨੂੰ ਪ੍ਰਭੂ ਦੀ ਭਗਤੀ ਵਿਚ ਲਾ ਕੇ ਤਾਰਿਆ ਹੈ। ੧੪. ਇਸੇ ਕਰਕੇ ਹੀ ਸਾਰੇ ਸੰਸਾਰ ਵਿਚ ਸਤਿਗੁਰਾਂ ਦੀ ਜੈਜੈਕਾਰ ਹੋਈ ਹੈ। ੧੫. ਮੈਂ ਗੁਰਦਾਸ ਸਤਿਗੁਰਾਂ ਦੇ ਚਰਣਾਂ ਵਿਚ ਇਹ ਪੁਕਾਰ (ਬੇਨਤੀ) ਕਰਦਾ ਹਾਂ ਕਿ ੧੬. ਹੇ ਸਤਿਗੁਰੂ ਜੀ ! ਮੈਨੂੰ (ਜਨਮ ਮਰਨ ਦੇ ਸੰਕਟ ਤੋਂ) ਬਚਾ ਲਓ॥ ੨੩॥

੨੪. ਦਸਮੇਸ਼ ਜੀ ਦੀ ਉਪਮਾ

੧. ਗੁਰੁ ਗੋਬਿੰਦ ਦਸਵਾਂ ਅਵਤਾਰਾ।
੨. ਜਿਨ ਖਾਲਸਾ ਪੰਥ ਅਜੀਤ ਸੁਧਾਰਾ।
੩. ਤੁਰਕ ਦੁਸਟ ਸਭ ਮਾਰਿ ਬਿਦਾਰੇ।
੪. ਸਭ ਪ੍ਰਿਥਵੀ ਕੀਨੀ ਗੁਲਜਾਰੇ।
੫. ਇਉਂ ਪ੍ਰਗਟੇ ਸਿੰਘ ਮਹਾਂ ਬਲਬੀਰਾ।
੬. ਤਿਨ ਆਗੇ ਕੋ ਧਰੈ ਨ ਧੀਰਾ।
੭. ਫਤੇ ਭਈ ਦੁਖ ਦੁੰਦ ਮਿਟਾਏ।
੮. ਤਹ ਹਰਿ ਅਕਾਲ ਕਾ ਜਾਪ ਜਪਾਏ।
੯. ਪ੍ਰਿਥਮ ਮਹਲ ਜਪਿਓ ਕਰਤਾਰਾ।
੧੦. ਤਿਨ ਸਭ ਪ੍ਰਿਥਵੀ ਕੋ ਲੀਓ ਉਬਾਰਾ।

੧੧. ਹਰਿ ਭਗਤਿ ਦ੍ਰਿੜਾਇ ਨਰੂ ਸਭ ਤਾਰੇ।
੧੨. ਜਬ ਆਗਿਆ ਕੀਨੀ ਅਲਖ ਅਪਾਰੇ।
੧੩. ਇਉਂ ਸਤਿਸੰਗਤਿ ਕਾ ਮੇਲ ਮਿਲਾਯੰ।
੧੪. ਜਹ ਨਿਸ ਬਾਸੁਰ ਹਰਿ ਹਰਿ ਗੁਨ ਗਾਯੰ।
੧੫. ਇਉਂ ਕਰਿ ਹੈ ਗੁਰਦਾਸ ਪੁਕਾਰਾ।
੧੬. ਹੇ ਸਤਿਗੁਰੁ ਮੁਹਿ ਲੇਹੁ ਉਬਾਰਾ॥ ੨੪॥

ਪਦ ਅਰਥ - ਅਜੀਤ=ਨਾ ਜਿਤੇ ਜਾਣ ਵਾਲਾ। ਗੁਲਜਾਰੇ=ਬਹਾਰ, ਖੇੜਾ। ਪ੍ਰਿਥਮ=ਪਹਿਲੇ।

ਅਰਥ - ੧. ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਸਵੇਂ ਅਵਤਾਰ ਪ੍ਰਗਟ ਹੋਏ ਹਨ। ੨. ਜਿਨ੍ਹਾਂ ਨੇ ਅਜੀਤ (ਨਾ ਜਿੱਤੇ ਜਾਣ ਵਾਲੇ) ਖਾਲਸਾ ਪੰਥ ਦੀ ਸਾਜਨਾ ਕੀਤੀ। ੩. ਸਭ (ਜ਼ਾਲਮ) ਤੁਰਕਾਂ ਨੂੰ ਮਾਰ ਕੇ ਖਤਮ ਕਰ ਦਿੱਤਾ ਤੇ ੪. ਸਾਰੇ ਜਗਤ ਨੂੰ ਫੁਲਾਂ ਵਾਂਗੂੰ ਖਿੜਾ ਦਿੱਤਾ। ੫. ਮਹਾਂ ਸੂਰਬੀਰ ਸਿੰਘ ਪ੍ਰਗਟ ਹੋਏ। ੬. ਉਹਨਾਂ ਦੇ ਅੱਗੇ ਕੋਈ (ਵੱਡੇ ਤੋਂ ਵੱਡਾ ਸੂਰਮਾ) ਵੀ ਨਹੀਂ ਸੀ ਠਹਿਰਦਾ। ੭. (ਸਤਿਗੁਰਾਂ ਦੀ) ਫ਼ਤਹਿ ਹੋਈ ਹੈ ਤੇ ਸਭ ਦੁੱਖ ਕਲੇਸ਼ ਮਿਟ ਗਏ ਹਨ। ੮. (ਸਤਿਗੁਰੂ ਜੀ ਨੇ) ਸਭ ਨੂੰ ਅਕਾਲ ਪੁਰਖ ਦਾ ਜਾਪ ਜਪਾਇਆ ਹੈ। ੯. ਪਹਿਲਾਂ ਸਤਿਗੁਰਾਂ ਨੇ ਆਪ ਅਕਾਲ ਪੁਰਖ ਦਾ ਸਿਮਰਨ ਕੀਤਾ ਹੈ ਫਿਰ ੧੦. ਸੰਸਾਰ ਦੇ ਜੀਵਾਂ ਨੂੰ ਨਾਮ ਦੀ ਦਾਤ ਦੇ ਕੇ ਤਾਰਿਆ ਹੈ। ੧੧. (ਸਤਿਗੁਰਾਂ ਨੇ) ਪ੍ਰਭੂ ਦੀ ਭਗਤੀ ਦ੍ਰਿੜ੍ਹ ਕਰਾ ਕੇ ਸਭ ਜੀਵਾਂ ਦਾ ਉਧਾਰ ਕੀਤਾ ਹੈ। ੧੨. ਜਦੋਂ ਅਲਖ ਤੇ ਅਪਾਰ ਪ੍ਰਭੂ ਨੇ ਆਗਿਆ ਕੀਤੀ। ੧੩. ਤਦੋਂ ਸਤਿਸੰਗਤ ਦਾ ਮੇਲਾ (ਮਿਲਾਪ) ਹੋਇਆ ਹੈ ਤੇ ੧੪. ਦਿਨ ਰਾਤ ਪ੍ਰਭੂ ਦੇ ਗੁਣਾਂ ਦਾ ਗਾਇਨ ਕੀਤਾ ਹੈ। ੧੫. ਮੈਂ ਗੁਰਦਾਸ ਸਤਿਗੁਰਾਂ ਦੇ ਚਰਣਾਂ ਵਿਚ ਇਹ ਪੁਕਾਰ (ਅਰਦਾਸ) ਕਰਦਾ ਹਾਂ ਕਿ ੧੬. ਹੇ ਸਤਿਗੁਰੂ ਜੀ ! ਮੈਨੂੰ (ਆਪਣੇ ਚਰਣਾਂ ਨਾਲ ਜੋੜ ਕੇ ਇਸ ਸੰਸਾਰ ਸਮੁੰਦਰ ਤੋਂ) ਤਾਰ ਦਿਓ॥ ੨੪॥

੨੫. ਸਤਿਗੁਰਾਂ ਅੱਗੇ ਬੇਨਤੀ

੧. ਤੂੰ ਅਲਖ ਅਪਾਰ ਨਿਰੰਜਨ ਦੇਵਾ।
੨. ਜਿਹ ਬ੍ਰਹਮਾ ਬਿਸਨੁ ਸਿਵ ਲਖੈ ਨ ਭੇਵਾ।
੩. ਤੁਮ ਨਾਥ ਨਿਰੰਜਨ ਗਹਰ ਗੰਭੀਰੇ।
੪. ਤੁਮ ਚਰਨਨਿ ਸੋਂ ਬਾਂਧੇ ਧੀਰੇ।
੫. ਅਬ ਗਹਿ ਪਕਰਿਓ ਤੁਮਰਾ ਦਰਬਾਰਾ।
੬. ਜਿਉਂ ਜਾਨਹੁ ਤਿਉਂ ਲੇਹੁ ਉਬਾਰਾ।

੭. ਹਮ ਕਾਮੀ ਕ੍ਰੋਧੀ ਅਤਿ ਕੂੜਿਆਰੇ।
੮. ਤੁਮ ਹੀ ਠਾਕੁਰ ਬਖਸਨਹਾਰੇ।
੯. ਨਹੀਂ ਕੋਈ ਤੁਮ ਬਿਨੁ ਅਵਰੁ ਹਮਾਰਾ।
੧੦. ਜੋ ਕਰਿ ਹੈ ਹਮਰੀ ਪ੍ਰਤਿਪਾਰਾ।
੧੧. ਤੁਮ ਅਗਮ ਅਡੋਲ ਅਤੋਲ ਨਿਰਾਲੇ।
੧੨. ਸਭ ਜਗ ਕੀ ਕਰਿਹੋ ਪ੍ਰਤਿਪਾਲੇ।
੧੩. ਜਲ ਥਲ ਮਹੀਅਲ ਹੁਕਮ ਤੁਮਾਰਾ।
੧੪. ਤੁਮ ਕਉ ਸਿਮਰਿ ਤਰਿਓ ਸੰਸਾਰਾ।
੧੫. ਇਉਂ ਕਰਿ ਹੈ ਗੁਰਦਾਸ ਪੁਕਾਰਾ।
੧੬. ਹੇ ਸਤਿਗੁਰੁ ਮੁਹਿ ਲੇਹੁ ਉਬਾਰਾ॥ ੨੫॥

ਅਰਥ - ੧ (ਹੇ ਸਤਿਗੁਰੂ ਜੀ!) ਤੁਸੀਂ ਅਲਖ (ਨਾ ਜਾਣੇ ਜਾਣ ਵਾਲੇ), ਪਾਰ ਤੋਂ ਰਹਿਤ, ਮਾਇਆ ਤੋਂ ਅਤੀਤ ਤੇ ਪ੍ਰਕਾਸ਼ ਰੂਪ ਹੋ। ੨. ਬ੍ਰਹਮਾ, ਵਿਸ਼ਨੂ ਤੇ ਸ਼ਿਵ ਜੀ ਵੀ ਤੁਹਾਡੇ ਭੇਦ ਨੂੰ ਨਹੀਂ ਜਾਣ ਸਕਦੇ। ੩. ਹੇ ਮਾਇਆ ਤੋਂ ਰਹਿਤ ਤੇ ਗਹਿਰ ਗੰਭੀਰ ਸਤਿਗੁਰੂ ਜੀ ! ਤੁਸੀਂ ਸਭ ਜਗਤ ਦੇ ਮਾਲਕ ਹੋ। ੪. ਆਪ ਦੇ ਚਰਣਾਂ ਨਾਲ ਲੱਗਿਆਂ ਮੇਰਾ ਮਨ ਧੀਰਜ ਧਰਦਾ ਹੈ। ੫. ਮੈਂ ਤੁਹਾਡੇ ਸੱਚੇ ਦਰਬਾਰ ਨੂੰ ਗ੍ਰਹਿਣ ਕੀਤਾ ਹੈ। ੬. ਜਿਵੇਂ ਠੀਕ ਜਾਣੋ, ਤਿਵੇਂ ਮੇਰਾ ਨਿਸਤਾਰਾ ਕਰੋ। ੭. ਅਸੀਂ ਕਾਮੀ, ਕ੍ਰੋਧੀ ਤੇ ਕੂੜਿਆਰ ਝੂਠੇ ਹਾਂ। ੮. ਤੁਸੀਂ ਬਖਸ਼ਣਹਾਰ ਸੁਆਮੀ ਹੋ। ੯. ਆਪ ਤੋਂ ਬਿਨਾਂ ਸਾਡਾ ਹੋਰ ਕੋਈ (ਆਸਰਾ) ਨਹੀਂ। ੧੦. ਜਿਹੜਾ ਸਾਡੀ ਪ੍ਰਤਿਪਾਲਣਾ ਕਰੇ। ੧੧. ਤੁਸੀਂ ਅਗੰਮ (ਗੰਮਤਾ ਤੋਂ ਰਹਿਤ), ਅਡੋਲ (ਡੋਲਣ ਤੋਂ ਰਹਿਤ), ਅਤੋਲ ਤੇ ਸਭ ਤੋਂ ਨਿਰਾਲੇ ਹੋ। ੧੨. ਤੁਸੀਂ ਹੀ ਸਾਰੇ ਸੰਸਾਰ ਦੀ ਪਾਲਣਾ ਕਰਦੇ ਹੋ। ੧੩. ਜਲ, ਥਲ, ਧਰਤੀ ਆਕਾਸ਼ ਵਿਚ ਆਪ ਦਾ ਹੀ ਹੁਕਮ ਚਲਦਾ ਹੈ। ੧੪. ਆਪ ਦੀ ਅਰਾਧਨਾ ਕਰਕੇ ਸਾਰਾ ਸੰਸਾਰ ਤਰਿਆ ਹੈ। ੧੫. ਮੈਂ ਗੁਰਦਾਸ ਆਪ ਦੇ ਦਰ 'ਤੇ ਇਹ ਪੁਕਾਰ (ਬੇਨਤੀ) ਕਰਦਾ ਹਾਂ ਕਿ ੧੬. ਹੇ ਸਤਿਗੁਰੂ ਜੀ ! (ਆਪਣਾ ਮਿਹਰ ਭਰਿਆ ਹੱਥ ਦਾਸ ਦੇ ਸਿਰ ਤੇ ਰੱਖ ਕੇ) ਮੈਨੂੰ ਤਾਰ ਲਵੋ॥ ੨੫॥

੨੬. ਸੱਚੇ ਸਤਿਗੁਰਾਂ ਅੱਗੇ ਅਰਦਾਸ

੧. ਤੁਮ ਅਛਲ ਅਛੇਦ ਅਭੇਦ ਕਹਾਯੰ।
੨. ਜਹਾ ਬੈਠਿ ਤਖਤ ਪਰ ਹੁਕਮ ਚਲਾਯੰ।
੩. ਤੁਝ ਬਿਨੁ ਦੂਸਰਿ ਅਵਰ ਨ ਕੋਈ।

੪. ਤੁਮ ਏਕੋ ਏਕੁ ਨਿਰੰਜਨ ਸੋਈ।
੫. ਓਅੰਕਾਰ ਧਰਿ ਖੇਲ ਰਚਾਯੰ।
੬. ਤੁਮ ਆਪ ਅਗੋਚਰ ਗੁਪਤ ਰਹਾਯੰ।
੭. ਪ੍ਰਭ ਤੁਮਰਾ ਖੇਲ ਅਗਮ ਨਿਰਧਾਰੇ।
੮. ਤੁਮ ਸਭ ਘਟ ਭੀਤਰ ਸਭ ਤੇ ਨਿਆਰੇ।
੯. ਤੁਮ ਐਸਾ ਅਚਰਜ ਖੇਲ ਬਨਾਇਓ।
੧੦. ਜਿਹ ਲਖ ਬ੍ਰਹਮੰਡ ਕੋ ਧਾਰਿ ਖਪਾਇਓ।
੧੧. ਬਿਨੁ ਸਿਮਰਨ ਤੇ ਛੁਟੈ ਨ ਕੋਈ।
੧੨. ਤੁਮ ਕੋ ਭਜੈ ਸੋ ਮੁਕਤਾ ਹੋਈ।
੧੩. ਗੁਰਦਾਸ ਗਰੀਬ ਤੁਮਨ ਕਾ ਚੇਲਾ।
੧੪. ਜਪਿ ਤਪਿ ਤੁਮ ਕਉ ਭਇਓ ਸੁਹੇਲਾ।
੧੫. ਇਹ ਭੂਲ ਚੂਕ ਸਭ ਬਖਸ਼ ਕਰੀਜੈ।
੧੬. ਗੁਰਦਾਸ ਗੁਲਾਮ ਅਪਨਾ ਕਰਿ ਲੀਜੈ।
੧੭. ਇਉਂ ਕਰਿ ਹੈ ਗੁਰਦਾਸ ਪੁਕਾਰਾ।
੧੮. ਹੇ ਸਤਿਗੁਰੁ ਮੁਹਿ ਲੇਹੁ ਉਬਾਰਾ॥ ੨੬॥

ਪਦ ਅਰਥ - ਅਛਲ=ਨਾ ਛਲੇ ਜਾਣ ਵਾਲੇ। ਅਛੇਦ=ਜਿਸ ਨੂੰ ਕੋਈ ਸ਼ਸਤ੍ਰ ਨਾ ਕੱਟ ਸਕੇ। ਅਭੇਦ=ਭੇਦ ਰਹਿਤ, ਬੇਅੰਤ। ਅਗੋਚਰ=ਜਿਸ ਦੀ ਗਜਾਨ ਇੰਦ੍ਰਯ ਵਿਚਾਰ ਨਾ ਕਰ ਸਕਦੇ ਹੋਣ। ਨਿਰਧਾਰੇ= ਨਿਰਨੇ ਕੀਤਾ। ਗੁਲਾਮ=ਦਾਸ।

ਅਰਥ - ੧. (ਹੇ ਸਤਿਗੁਰੂ ਜੀ ! ਤੁਸੀਂ ਨਾ ਛਲੇ ਜਾਣ ਵਾਲੇ, ਨਾ ਕੱਟੇ ਜਾਣ ਵਾਲੇ ਤੇ ਭੇਦ ਤੋਂ ਰਹਿਤ ਕਹਾਉਂਦੇ ਹੋ। ੨. ਤੁਸੀਂ (ਸੱਚੇ) ਤਖਤ 'ਤੇ ਬੈਠ ਕੇ (ਸਭ ਜੀਵਾਂ 'ਤੇ) ਹੁਕਮ ਚਲਾਉਂਦੇ ਹੋ। ੩. ਆਪ ਤੋਂ ਬਿਨਾਂ (ਇਸ ਸੰਸਾਰ ਨੂੰ ਚਲਾਉਣ ਵਾਲਾ) ਹੋਰ ਕੋਈ ਨਹੀਂ। ੪. ਤੁਸੀਂ ਇਕੋ ਇਕ ਮਾਇਆ ਤੋਂ ਰਹਿਤ ਪ੍ਰਭੂ ਦਾ ਰੂਪ ਹੋ। ੫. ਤੁਸਾਂ ਆਪਣੇ ਫੁਰਨੇ ਨਾਲ ਇਸ ਸੰਸਾਰ ਦੀ ਖੇਡ ਨੂੰ ਰਚਿਆ ਹੈ ਤੇ ੬. ਤੁਸੀਂ ਆਪ ਅਗੋਚਰ (ਇੰਦ੍ਰੀਆਂ ਦੀ ਪਹੁੰਚ ਤੋਂ ਪਰੇ) ਤੇ ਗੁਪਤ ਹੋ ਕੇ (ਆਪਣੀ ਰਚਨਾ ਵਿਚ) ਰਹਿੰਦੇ ਹੋ। ੭. ਹੇ ਸਤਿਗੁਰੂ ਜੀ ! ਆਪ ਦੇ ਕੌਤਕਾਂ ਨੂੰ ਅਸੀਂ ਬੇਅੰਤ ਨਿਰਨੇ ਕੀਤਾ ਹੈ। ੮. ਤੁਸੀਂ ਸਭ ਜੀਵਾਂ ਦੇ ਹਿਰਦਿਆਂ ਵਿਚ ਵਿਆਪਕ ਹੁੰਦੇ ਹੋਏ ਵੀ ਸਭ ਤੋਂ ਨਿਆਰੇ (ਵੱਖਰੇ) ਰਹਿੰਦੇ ਹੋ। ੯. ਤੁਸਾਂ (ਆਪਣੀ ਰਚਨਾ ਦਾ) ਇਕ ਇਹੋ ਜਿਹਾ ਅਸਚਰਜ ਖੇਲ ਬਣਾਇਆ ਹੈ ਕਿ ੧੦. ਜਿਸ ਦੀ ਧਾਰ ਵਿਚ ਤੁਸੀਂ ਲੱਖਾਂ

ਬ੍ਰਹਿਮੰਡਾਂ ਨੂੰ ਖਪਾ ਦੇਂਦੇ ਹੋ। ੧੧. ਆਪ ਦੇ ਸਿਮਰਨ ਤੋਂ ਬਿਨਾਂ (ਕਾਲ ਦੀ ਧਾਰ ਤੋਂ) ਕੋਈ ਨਹੀਂ ਛੁੱਟ ਸਕਦਾ। ੧੨. ਜਿਹੜਾ ਪੁਰਸ਼ ਆਪ ਦਾ ਸਿਮਰਨ ਕਰਦਾ ਹੈ, ਉਹ ਮੁਕਤ ਹੋ ਜਾਂਦਾ ਹੈ। ੧੩. (ਹੇ ਸਤਿਗੁਰੂ ਜੀ !) ਮੈਂ ਗਰੀਬ ਗੁਰਦਾਸ ਆਪ ਦਾ ਚੇਲਾ (ਸਿੱਖ) ਹਾਂ। ੧੪. ਮੈਂ ਆਪ ਦਾ ਸਿਮਰਨ ਕਰ ਕੇ ਸੁਖੀ ਹੋਇਆ ਹਾਂ। ੧੫. (ਹੇ ਬਖਸ਼ਣਹਾਰ ਸਤਿਗੁਰੂ ਜੀ!) ਮੇਰੀਆਂ ਸਭ ਭੁੱਲਾਂ ਚੁੱਕਾਂ ਬਖਸ਼ ਦਿਓ ਅਤੇ ੧੬. ਮੈਨੂੰ ਗੁਰਦਾਸ ਨੂੰ ਆਪਣਾ ਦਾਸ ਕਰ ਲਵੋ। ੧੭. ਮੈਂ ਗੁਰਦਾਸ ਆਪ ਦੇ ਚਰਣਾਂ ਵਿਚ ਇਹ ਬੇਨਤੀ ਕਰਦਾ ਹਾਂ ਕਿ ੧੮. ਹੇ ਸਤਿਗੁਰੂ ਜੀ ! ਮੈਨੂੰ (ਕਾਮ, ਕ੍ਰੋਧ ਆਦਿ ਵੈਰੀਆਂ ਤੋਂ ਆਪਣੀ ਮਿਹਰ ਕਰ ਕੇ) ਬਚਾ ਲਵੋ॥ ੨੬॥

੨੭. ਅੰਤਮ ਬੇਨਤੀ

੧. ਇਹ ਕਵਨ ਕੀਟ ਗੁਰਦਾਸ ਬਿਚਾਰਾ।
੨. ਜੋ ਅਗਮ ਨਿਗਮ ਕੀ ਲਖੈ ਸੁਮਾਰਾ।
੩. ਜਬ ਕਰਿ ਕਿਰਪਾ ਗੁਰ ਬੂਝ ਬੁਝਾਈ।
੪. ਤਬ ਇਹ ਕਥਾ ਉਚਾਰਿ ਸੁਨਾਈ।
੫. ਜਿਹ ਬਿਨ ਹੁਕਮ ਇਕ ਝੁਲੈ ਨ ਪਾਤਾ।
੬. ਫੁਨਿ ਹੋਇ ਸੋਈ ਜੋ ਕਰੈ ਬਿਧਾਤਾ।
੭. ਹੁਕਮੈ ਅੰਦਰਿ ਸਗਲ ਅਕਾਰੇ।
੮. ਬੁਝੈ ਹੁਕਮੁ ਸੁ ਉਤਰੈ ਪਾਰੇ।
੯. ਹੁਕਮੈ ਅੰਦਰਿ ਬ੍ਰਹਮ ਮਹੇਸਾ।
੧੦. ਹੁਕਮੈ ਅੰਦਰਿ ਸੁਰ ਨਰ ਸੇਸਾ।
੧੧. ਹੁਕਮੈ ਅੰਦਰਿ ਬਿਸਨੁ ਬਨਾਯੰ।
੧੨. ਜਿਨ ਹੁਕਮ ਪਾਇ ਦੀਵਾਨ ਲਗਾਯੰ।
੧੩. ਹੁਕਮੈ ਅੰਦਰਿ ਧਰਮ ਰਚਾਯੰ।
੧੪. ਹੁਕਮੈ ਅੰਦਰਿ ਇੰਦਰ ਉਪਾਯੰ।
੧੫. ਹੁਕਮੈ ਅੰਦਰਿ ਸਸਿ ਅਰੁ ਸੂਰੇ।
੧੬. ਸਭਿ ਹਰਿ ਚਰਣ ਕੀ ਬਾਂਛਹਿ ਧੂਰੇ।

१੭. ਹੁਕਮੈ ਅੰਦਰਿ ਧਰਨਿ ਅਕਾਸਾ।
१੮. ਹੁਕਮੈ ਅੰਦਰਿ ਸਾਸਿ ਗਿਰਾਸਾ।
१੯. ਜਿਹ ਬਿਨਾ ਹੁਕਮ ਕੋਈ ਮਰੈ ਨ ਜੀਵੈ।
੨੦. ਬੂਝੈ ਹੁਕਮ ਸੋ ਨਿਹਚਲ ਥੀਵੈ।
੨੧. ਇਉਂ ਕਰਿ ਹੈ ਗੁਰਦਾਸ ਪੁਕਾਰਾ।
੨੨. ਹੇ ਸਤਿਗੁਰੁ ਮੁਹਿ ਲੇਹੁ ਉਬਾਰਾ॥ ੨੭॥

ਪਦ ਅਰਥ - ਕੀਟ=ਕੀੜਾ। ਅਗਮ=ਜਿਥੇ ਕਿਸੇ ਦੀ ਪਹੁੰਚ ਨਹੀਂ। ਬੂਝ ਬੁਝਾਈ=ਸਮਝ ਬਖਸ਼ੀ। ਸਸਿਅਰ=ਚੰਦ੍ਰਮਾਂ। ਸੂਰੇ=ਸੂਰਜ। ਨਿਹਚਲ=ਅਚਲ।

ਅਰਥ - ੧. ਇਹ ਮੈਂ ਗੁਰਦਾਸ ਵਿਚਾਰਾ ਕੌਣ ਕੀੜਾ ਹਾਂ। ੨. ਜੋ ਅਗੰਮ ਤੇ ਵੇਦਾਂ ਸ਼ਾਸਤ੍ਰਾਂ ਕਰਕੇ ਨਾ ਜਾਣੇ ਜਾਣ ਵਾਲੇ ਸਤਿਗੁਰਾਂ ਦੇ ਕੌਤਕਾਂ ਦੀ ਗਿਣਤੀ ਕਰ ਸਕਾਂ। ੩. ਜਦੋਂ ਸਤਿਗੁਰਾਂ ਨੇ ਆਪਣੀ ਅਪਾਰ ਕਿਰਪਾ ਕਰਕੇ ਮੈਨੂੰ ਸਮਝ ਬਖਸ਼ੀ। ੪. ਤਦੋਂ ਹੀ ਮੈਂ ਇਹ ਸਤਿਗੁਰਾਂ ਦੀ ਕਥਾ (ਵਡਿਆਈ) ਉਚਾਰ ਕੇ ਸੁਣਾਈ ਹੈ। ੫. ਸਤਿਗੁਰਾਂ ਦੇ ਹੁਕਮ ਤੋਂ ਬਿਨਾਂ ਇਕ ਪੱਤਾ ਵੀ ਨਹੀਂ ਹਿਲਦਾ। ੬. ਹੁੰਦਾ ਉਹ ਹੈ, ਜੋ ਸਿਰਜਣਹਾਰ ਕਰਦਾ ਹੈ। ੭. (ਵਾਹਿਗੁਰੂ ਦੇ) ਹੁਕਮ ਅੰਦਰ ਹੀ ਸਾਰੇ ਜੀਵ ਹਨ। ੮. ਜਿਹੜਾ ਜੀਵ ਪ੍ਰਭੂ ਦੇ ਹੁਕਮ ਨੂੰ ਜਾਣ ਲੈਂਦਾ ਹੈ, ਉਹੋ ਪਾਰ ਉਤਰਦਾ ਹੈ। ੯. ਹੁਕਮ ਵਿਚ ਹੀ ਬ੍ਰਹਮਾ ਤੇ ਸ਼ਿਵ ਜੀ ਹਨ। ੧੦. (ਪ੍ਰਭੂ ਦੇ) ਹੁਕਮ ਵਿਚ ਹੀ ਦੇਵਤੇ, ਮਨੁੱਖ ਤੇ ਸ਼ੇਸ਼ਨਾਗ ਆਦਿ ਚਲਦੇ ਹਨ। ੧੧. ਅਕਾਲ ਪੁਰਖ ਦੇ ਹੁਕਮ ਨੇ ਹੀ ਵਿਸ਼ਨੂੰ ਨੂੰ ਬਣਾਇਆ ਹੈ। ੧੨. ਉਸ ਪ੍ਰਭੂ ਦੇ ਹੁਕਮ ਅੰਦਰ ਹੀ ਇਹ ਸਭ ਦੇਵੀ ਦੇਵਤੇ ਆਪਣੇ ਦਰਬਾਰ ਲਗਾਉਂਦੇ ਹਨ। ੧੩. ਵਾਹਿਗੁਰੂ ਦੇ ਹੁਕਮ ਕਰਕੇ ਧਰਮਰਾਜ ਦੀ ਰਚਨਾ ਹੋਈ ਹੈ। ੧੪. ਹੁਕਮ ਵਿਚ ਹੀ ਇੰਦਰ ਦੀ ਉਤਪੱਤੀ ਹੋਈ ਹੈ। ੧੫. ਪਰਮਾਤਮਾ ਦੇ ਹੁਕਮ ਵਿਚ ਹੀ ਚੰਦਰਮਾਂ ਤੇ ਸੂਰਜ ਚਲਦੇ ਹਨ। ੧੬. ਸਭ (ਵੱਡੇ ਵੱਡੇ ਦੇਵੀ ਦੇਵਤੇ, ਬ੍ਰਹਮਾ, ਬਿਸ਼ਨ ਮਹੇਸ਼, ਸ਼ੇਸ਼ਨਾਗ ਆਦਿ) ਪ੍ਰਭੂ ਦੇ ਚਰਣਾਂ ਦੀ ਧੂੜੀ ਨੂੰ ਲੋਚਦੇ ਹਨ। ੧੭. ਹੁਕਮੀ (ਪ੍ਰਭੂ) ਦੇ ਅੰਦਰ ਹੀ ਧਰਤੀ ਤੇ ਆਕਾਸ਼ ਹੈ। ੧੮. ਹੁਕਮ ਅੰਦਰ ਹੀ ਸਾਸ ਗਿਰਾਸ ਹਨ। ੧੯. ਹੁਕਮ ਤੋਂ ਬਿਨਾਂ ਨਾ ਕੋਈ ਮਰਦਾ ਹੈ ਤੇ ਨਾ ਕੋਈ ਜਿਊਂਦਾ ਹੈ। ੨੦. ਜਿਹੜਾ ਪੁਰਸ਼ ਪ੍ਰਭੂ ਦੇ ਹੁਕਮ ਨੂੰ ਬੁਝ ਲੈਂਦਾ ਹੈ, ਉਹ ਨਿਹਚਲ (ਅਚਲ) ਹੋ ਜਾਂਦਾ ਹੈ। ੨੧. ਮੈਂ ਗੁਰਦਾਸ ਆਪ ਜੀ ਦੇ ਚਰਣ ਕਵਲਾਂ ਵਿਚ ਇਹ ਪੁਕਾਰ (ਬੇਨਤੀ) ਕਰਦਾ ਹਾਂ ਕਿ ੨੨. ਹੇ ਸਤਿਗੁਰੂ ਜੀ ! ਆਪਣੀ ਮਿਹਰ ਕਰਕੇ ਮੈਨੂੰ (ਕਾਮ, ਕ੍ਰੋਧ ਆਦਿ ਸ਼ਤਰੂਆਂ ਤੋਂ) ਬਚਾ ਲਵੋ॥ ੨੭॥

੨੯. ਵਾਰ ਸਮਾਪਤੀ ਦੀ ਬੇਨਤੀ ਤੇ ਵਾਰ ਦੇ ਪਾਠ ਦਾ ਮਹਾਤਮ (ਫਲ)

੧. ਇਹ 'ਵਾਰ ਭਗਉਤੀ' ਮਹਾਂ ਪੁਨੀਤੇ।
੨. ਜਿਸ ਉਚਰਤਿ ਉਪਜਤਿ ਪਰਤੀਤੇ।
੩. ਜੋ ਇਸ ਵਾਰ ਸੌਂ ਪ੍ਰੇਮ ਲਗਾਵੈ।
੪. ਸੋਈ ਮਨ ਬਾਂਛਿਤ ਫਲ ਪਾਵੈ।
੫. ਮਿਟਹਿੰ ਸਗਲ ਦੂਖ ਦੁੰਦ ਕਲੇਸਾ।
੬. ਫੁਨ ਪ੍ਰਗਟੈਂ ਬਹੁ ਸੁਖ ਪਰਵੇਸਾ।
੭. ਜੋ ਨਿਸ ਬਾਸੁਰ ਰਟਹਿੰ ਇਹ ਵਾਰੇ।
੮. ਸੋ ਪਹੁੰਚੇ ਧੁਰ ਹਰਿ ਦਰਬਾਰੇ।
੯. ਇਹ ਵਾਰ ਭਗਉਤੀ ਸਮਾਪਤਿ ਕੀਨੀ।
੧੦. ਤਬ ਘਟ ਬਿਦਿਆ ਕੀ ਸਭ ਬਿਧਿ ਚੀਨੀ।
੧੧. ਇਉ ਸਤਿਗੁਰੁ ਸਾਹਿਬ ਭਏ ਦਿਆਲਾ।
੧੨. ਤਬ ਛੂਟ ਗਏ ਸਭ ਹੀ ਜੰਜਾਲਾ।
੧੩. ਕਰਿ ਕਿਰਪਾ ਪ੍ਰਭ ਹਰਿ ਗਿਰਧਾਰੇ।
੧੪. ਤਹਿ ਪਕੜਿ ਬਾਂਹ ਭਉਜਲ ਸੌਂ ਤਾਰੇ।
੧੫. ਇਉਂ ਕਰਿ ਹੈ ਗੁਰਦਾਸ ਪੁਕਾਰਾ।
੧੬. ਹੇ ਸਤਿਗੁਰੁ ਮੁਹਿ ਲੇਹੁ ਉਬਾਰਾ॥੨੯॥੧॥੪੧॥

ਪਦ ਅਰਥ - ਮਹਾਂ ਪੁਨੀਤੇ=ਅਤਿ ਪਵਿੱਤ੍ਰ। ਪਰਤੀਤੇ=ਭਰੋਸਾ, ਸਿਦਕ। ਗਿਰਧਾਰੇ=ਬਾਣੀ ਦੇ ਸੁਆਮੀ (ਪ੍ਰਭੂ)। ਭਉਜਲ=ਸੰਸਾਰ ਸਾਗਰ।

ਅਰਥ - ੧. ਇਹ ਭਗਉਤੀ ਦੀ ਵਾਰ ਬੜੀ ਪਵਿੱਤ੍ਰ ਹੈ। ੨. ਜਿਸ ਦੇ ਪਾਠ ਕਰਨ ਨਾਲ ਪੁਰਸ਼ ਦੇ ਮਨ ਵਿਚ ਸਤਿਗੁਰਾਂ ਦਾ ਭਰੋਸਾ ਤੇ ਸਿਦਕ ਉਪਜਦਾ ਹੈ। ੩. ਜਿਹੜਾ ਜੀਵ ਇਸ ਵਾਰ ਨਾਲ ਪ੍ਰੇਮ ਕਰੇਗਾ। ੪. ਉਹ ਮਨਇੱਛਤ ਫਲ ਪ੍ਰਾਪਤ ਕਰੇਗਾ। ੫. ਉਸ ਦੇ ਸਭ ਦੁੱਖ ਦਰਦ ਤੇ ਕਲੇਸ਼ ਨਾਸ ਹੋ ਜਾਣਗੇ ਤੇ ੬. ਉਸ ਨੂੰ ਬੇਅੰਤ ਸੁੱਖਾਂ ਦੀ ਪ੍ਰਾਪਤੀ ਹੋਵੇਗੀ। ੭. ਜਿਹੜਾ ਪੁਰਸ਼ ਦਿਨ ਰਾਤ ਇਸ ਵਾਰ

ਦਾ ਪਾਠ ਕਰੇਗਾ। ੮. ਉਹ ਪ੍ਰਭੂ ਦੇ ਸੱਚੇ ਦਰਬਾਰ ਵਿਚ ਪਹੁੰਚੇਗਾ। ੯. ਮੈਂ ਇਹ ਭਗਉਤੀ ਦੀ ਵਾਰ ਸਮਾਪਤ ਕੀਤੀ ਹੈ। ੧੦. ਇਸ ਵਿਚੋਂ ਹਿਰਦੇ ਦੀ ਸਾਰੀ ਵਿਦਿਆ ਜਾਣੀ ਜਾਂਦੀ ਹੈ। ੧੧. (ਜਦੋਂ) ਸੱਚੇ ਸਤਿਗੁਰੂ ਜੀ ਦਿਆਲੂ ਹੋਏ। ੧੨. (ਤਦੋਂ ਮੇਰੇ) ਸਭ ਜੰਜਾਲ (ਬੰਧਨ) ਖਤਮ ਹੋ ਗਏ। ੧੩. ਹੇ ਗਿਰਧਾਰੇ! (ਬਾਣੀ ਦੇ ਸੁਆਮੀ ਪ੍ਰਭੂ !) ਮੇਰੇ 'ਤੇ ਆਪਣੀ ਕਿਰਪਾ ਕਰੋ ਤੇ ੧੪. ਮੇਰੀ ਬਾਂਹ ਫੜ ਕੇ ਇਸ ਸੰਸਾਰ ਸਾਗਰ ਤੋਂ ਮੈਨੂੰ ਪਾਰ ਕਰ ਦਿਓ। ੧੫. ਮੈਂ ਗੁਰਦਾਸ ਆਪ ਦੇ ਅੱਗੇ ਇਹ ਪੁਕਾਰ (ਅਰਦਾਸ) ਕਰਦਾ ਹਾਂ ਕਿ ੧੬. ਹੇ ਸਤਿਗੁਰੂ ਜੀ ! ਮੇਰੇ 'ਤੇ ਅਪਾਰ ਕਿਰਪਾ ਕਰਕੇ ਮੈਨੂੰ ਸੰਸਾਰਕ ਕਸ਼ਟਾਂ ਤੋਂ ਬਚਾ ਲਵੋ॥ ੨੮॥ ੧॥ ੪੧॥

ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਟੀਕਾ ਸਮਾਪਤ ਹੋਇਆ।

ੴ

ISBN 81-7601-078-2